# ਸ੍ਰੀ ਗੁਰੂ ਨਾਨਕ ਚਮਤਕਾਰ

ਪੂਰਬਾਰਧ

ਭਾਈ ਸਾਹਿਬ ਭਾਈ ਵੀਰ ਸਿੰਘ



ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸ੍ਰੀ ਗੁਰੂ ਨਾਨਕ ਚਮਤਕਾਰ

ਪੂਰਬਾਰਧ (ਪਹਿਲਾ ਅੱਧ)

ਅਰਥਾਤ

(ਜੀਵਨ ਚਰਿਤ੍ਰ)

## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

-: ਜਿਵੇਂ :-

ਉਨ੍ਹਾਂ ਦੇ ਚਰਨਾਂ ਨੂੰ ਪ੍ਰਾਪਤ ਪੁਰਖਾਂ ਦੇ ਪ੍ਰਸੰਗਾਂ ਤੋਂ ਵਿਦਿਤ ਹੁੰਦਾ ਹੈ ।

**ਭਾਈ ਸਾਹਿਬ ਭਾਈ ਵੀਰ ਸਿੰਘ**

**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ - 110 001

**Sri Guru Nanak Chamatkar (Vol. I)**
*Bhai Sahib Bhai Vir Singh*

ISBN # 978-93-80854-28-1
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
23ਵੀਂ ਵਾਰ, ਅਪ੍ਰੈਲ 2012

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Shabani Printers
MSC-104, Street Yogmaya, Multani Dhanda
Paharganj, New Delhi-110055

ਮੁੱਲ 290/- ਰੁਪਏ

## ਸ੍ਰੀ ਗੁਰੂ ਨਾਨਕ ਚਮਤਕਾਰ (ਪੂਰਬਾਰਧ)
### ਛਪਾਈ ਦਾ ਵੇਰਵਾ


| | | | |
|---|---|---|---|
| ਪਹਿਲੀ | ਵਾਰ | ਸਤੰਬਰ | 1928 |
| ਦੂਜੀ | ਵਾਰ | ਜੁਲਾਈ | 1932 |
| ਤੀਜੀ | ਵਾਰ | ਅਕਤੂਬਰ | 1937 |
| ਚਉਥੀ | ਵਾਰ | ਅਪ੍ਰੈਲ | 1945 |
| ਪੰਜਵੀਂ | ਵਾਰ | ਸਤੰਬਰ | 1949 |
| ਛੇਵੀਂ | ਵਾਰ | ਅਕਤੂਬਰ | 1955 |
| ਸਤਵੀਂ | ਵਾਰ | ਫਰਵਰੀ | 1960 |
| ਅੱਠਵੀਂ | ਵਾਰ | ਸਤੰਬਰ | 1964 |
| ਨੌਂਵੀ | ਵਾਰ | ਜੂਨ | 1968 |
| ਦਸਵੀਂ | ਵਾਰ | ਅਪ੍ਰੈਲ | 1972 |
| ਗਿਆਰ੍ਹਵੀਂ | ਵਾਰ | ਜੁਲਾਈ | 1978 |
| ਬਾਰ੍ਹਵੀਂ | ਵਾਰ | ਨਵੰਬਰ | 1984 |
| ਤੇਰ੍ਹਵੀਂ | ਵਾਰ | ਮਈ | 1989 |
| ਚੌਧਵੀਂ | ਵਾਰ | — | 1992 |
| ਪੰਦ੍ਰਵੀਂ | ਵਾਰ | — | — |
| ਸੋਲ੍ਹਵੀਂ | ਵਾਰ | — | 2001 |
| ਸਤਾਰ੍ਹਵੀਂ | ਵਾਰ | ਅਕਤੂਬਰ | 2003 |
| ਅਠਾਰ੍ਹਵੀਂ | ਵਾਰ | ਮਾਰਚ | 2006 |
| ਉੱਨੀਵੀਂ | ਵਾਰ | ਮਈ | 2007 |
| ਵੀਹਵੀਂ | ਵਾਰ | ਸਤੰਬਰ | 2008 |
| ਇੱਕੀਵੀਂ | ਵਾਰ | ਮਈ | 2010 |
| ਬਾਈਵੀਂ | ਵਾਰ | ਜੂਨ | 2011 |
| ਤੇਈਵੀਂ | ਵਾਰ | ਅਪ੍ਰੈਲ | 2012 |

# ਸੂਚੀ ਪੱਤ੍ਰ


| ਗਿਣਤੀ | ਪ੍ਰਸੰਗ | ਪੰਨਾ | ਗਿਣਤੀ | ਪ੍ਰਸੰਗ | ਪੰਨਾ |
|---|---|---|---|---|---|
| | **੧. ਅਰਸ਼ਾਂ ਤੋਂ ਤਿਲਵੰਡੀ** | | | **੨. ਤਿਲਵੰਡੀਓਂ ਸੁਲ-ਤਾਨ ਪੁਰ ਨਿਵਾਸ** | |
| ੧. | ਉੱਚੇ ਖੰਡਾਂ ਦੇ ਕਉਤਕ। | ੨ | ੫. | ਅਰਸ਼ੀ ਨੂਰ ਸੁਲਤਾਨ ਪੁਰੇ। | ੭੪ |
| ਗੀਤ | ਸ੍ਵਾਗਤ ਸਿਹਰਾ। | ੨੬ | ੬. | ਭਾਈ ਭਗੀਰਥ । | ੭੮ |
| ੨. | ਪਿਆਰੇ ਦੇ ਬਾਲ ਚੋਜ। | ੨੭ | ੭. | ਸੁਲਤਾਨ ਪੁਰੋਂ ਤਜਾਰੀਆਂ | ੯੨ |
| ੩. | ਪਿਆਰੇ ਦੇ ਕੁਮਾਰ ਚੋਜ। | ੪੮ | ਗੀਤ | ਬੇਬੇ ਨਾਨਕੀ ਦੀ ਪ੍ਰੇਮ ਸੱਦ। | ੧੦੬ |
| ੪. | ਖਰਾ ਸੌਦਾ। | ੫੬ | ੩੩ | ਵੱਸਦੇ ਰਹੋ, ਉੱਜੜ ਜਾਓ। | ੨੪੯ |
| ਗੀਤ | ਮਾਤਾ ਸੁਲੱਖਣੀ ਦਾ ਬਿਰਹਾ। | ੧੦੬ | ੩੪ | ਗੋਸ਼ਟ ਸ਼ੇਖ ਬ੍ਰਹਮ ਪਹਿਲੀ। | ੨੫੧ |
| ਗੀਤ | ਸੰਗਤ ਦਾ ਬਿਰਹਾ। | ੧੦੬ | ਗੀਤ | ਕਿਥੇ ਨੀ ਗੁਰ ਨਾਨਕ ਵੱਸਦਾ | ੨੬੧ |
| ਗੀਤ | ਆਕਾਸ਼ ਬਾਣੀ। | ੧੦੬ | ਗੀਤ | ਦੁਆਰੇ ਤੇਰੇ ਆ ਗਿਆ। | ੨੬੧ |
| | **੩. ਉਦਾਸੀ ਦੀਆਂ ਤਿਆਰੀਆਂ** | | ੩੫ | ਭਾਈ ਝੰਡਾ ਜੀਓ। | ੨੬੨ |
| | | | ੩੬ | ਜਗਨ ਨਾਥ ਫੇਰੀ। | ੨੮੭ |
| | | | ੩੭ | ਕਟਕ ਫੇਰੀ | ੩੦੫ |
| ੮. | ਮਲਕ ਭਾਗੋ ਤੇ ਭਾਈ ਲਾਲੋ। | ੧੦੯ | ੩੮ | ਮਰਦਾਨਾ ਨਿਹਾਲ। | ੩੦੬ |
| ੯. | ਮੁੜ ਤਿਲਵੰਡੀ। ਤੁਲਸਾਂ। | ੧੧੭ | ੩੯ | ਮਾਈ ਜੱਸੀ। | ੩੦੭ |
| ੧੦. | ਸੱਜਣ ਠੱਗ। | ੧੨੦ | ੪੦ | ਰੁਹੇਲ ਖੰਡ ਦੇ ਕੌਤਕ | ੩੨੬ |
| ਗੀਤ | ਬੁੱਝੋ ਕਿਸਦੇ ਨੈਣ ? | ੧੩੫ | ੪੧ | ਦੇਸ਼ ਆਗਮ। | ੩੪੨ |
| ੧੧. | ਗੁਰੂ ਬਾਬੇ ਦਾ ਟਿੱਬਾ। | ੧੩੮ | ੪੨ | ਮਰਦਾਨੇ ਦੀ ਗਲ ਬਾਤ (ਕ:) | ੩੫੬ |
| ੧੨. | ਹਰਿਦ੍ਵਾਰ ਫੇਰੀ। | ੧੪੧ | | **੫. ਸ੍ਵਦੇਸ਼ ਵਿਚ ਸਤਿਨਾਮ ਦਾ ਚੱਕ੍ਰ** | |
| ੧੩. | ਗੰਗਾ ਯਾਤ੍ਰਾ (ਕਵਿਤਾ) | ੧੪੫ | | | |
| ੧੪. | ਕੁਰਛੇਤ੍ਰ ਸੂਰਜ ਗ੍ਰਹਣ। | ੧੪੭ | | | |
| ੧੫. | ਮਨਸੁਖ ਤੇ ਸ਼ਿਵਨਾਭ। | ੧੫੧ | ੪੩ | ਪਿਆਰੇ ਦਾ ਪਿਆਰਾ। | ੩੫੮ |
| ੧੬. | ਪਾਣੀ ਪਤ। | ੧੫੩ | ਗੀਤ | ਦਰਸ਼ਨ ਦੀ ਦਾਤ। | ੩੯੩ |
| ੧੭. | ਦਿੱਲੀ। | ੧੫੭ | ੪੪ | ਗੋਸ਼ਟ ਸ਼ੇਖ ਬ੍ਰਹਮ ਦੂਜੀ। | ੩੯੩ |
| | **੪. ਪਹਿਲੀ ਉਦਾਸੀ** | | ਗੀਤ | ਗੁਰ ਹੋਕੇ ਅਜ ਆਈਂ। | ੪੦੨ |
| ੧੮. | ਸ਼ੇਖ ਬਜੀਦ ਸੱਯਦ। | ੧੬੨ | ੪੫ | ਅਰਸ਼ੀ ਪਰਉਪਕਾਰੀ। | ੪੦੨ |
| ਗੀਤ | ਸ਼ੇਖ ਬਜੀਦ ਸੱਯਦ (ਕਵਿਤਾ) | ੧੬੪ | ਗੀਤ | ਕਰ ਮਨ ਸ਼ੁਕਰ ਸ਼ੁਕਰ ਸ਼ੁਕਰਾਨਾ | ੪੨੦ |
| ੧੯. | ਸ੍ਰੀ ਨਾਨਕ ਮਤਾ। | ੧੬੫ | ੪੬ | ਬੁੱਢਣ ਸ਼ਾਹ। | ੪੨੦ |
| ਗੀਤ | ਅਰਸ਼ੀਆਂ ਦਾ ਸੰਦੇਸ਼। | ੧੭੭ | ੪੭ | ਹਮਜ਼ਾ ਗੌਂਸ। | ੪੩੩ |

| | | | | | |
|---|---|---|---|---|---|
| ਗੀਤ | ਦਿਖਾਦੇ ੩ ਪਿਆਰਿਆ। | ੧੭੭ | ਗੀਤ | ਹੀਰਾ ਜਨਮ। | ੪੪੫ |
| ੨੦. | ਬਨਾਰਸ-ਚਤੁਰ ਦਾਸ। | ੧੭੮ | ੪੮ | ਗੋਸ਼ਟ ਮੀਆਂ ਮਿੱਠਾ। | ੪੪੬ |
| ੨੧. | ਪਟਨਾ-ਸਾਲਸ ਰਾਇ। | ੧੮੧ | ੪੯ | ਸ਼ੁਹ ਸੁਹਾਗਣ (ਕਵਿਤਾ)। | ੪੬੧ |
| ੨੨. | ਗਯਾ। | ੧੮੭ | ੫੦ | ਦੁਨੀ ਚੰਦ ਧੁੱਪੜ ਨਿਸਤਾਰਾ। | ੪੬੭ |
| ੨੩. | ਬੁਧ ਗਯਾ, ਦੇਵਗਿਰਿ। | ੧੮੮ | ਗੀਤ | ਆ ਗਈ ਬਾਦੇ ਸਬਾ...। | ੪੯੧ |
| ੨੪. | ਰਾਜੌਲੀ। | ੧੯੧ | ੫੧ | ਪਜਾਰੇ ਦੀ ਵਰ੍ਹੇ ਗੰਢ। | ੪੯੭ |
| ੨੫. | ਮੁਹਰਾਂ ਦੇ ਕੋਲੇ, ਸੂਲੀ ਦੀ ਸੂਲ। | ੧੯੩ | ਗੀਤ | ਬੇਬੇ ਜੀ ਦਾ ਵੀਰ-ਆਗਮ। | ੫੦੭ |
| ੨੬. | ਮਾਲਦਾ। | ੧੯੮ | ਗੀਤ | ਰਾਇ ਦਾ ਗੁਰ ਨਾਨਕ-ਆਗਮ | ੫੦੮ |
| ੨੭. | ਧੰਨ ਹੈ ਪਾਉ, ਠੱਗ ਨਿਸਤਾਰਾ। | ੧੯੯ | ਗੀਤ | ਮਾਤਾ ਜੀ ਦੀ ਭੇਟ। | ੫੦੮ |
| ੨੮. | ਸੂਜਾ। | ੨੧੦ | ੫੨ | ਮਾਤਾ ਪਿਤਾ ਨਿਸਤਾਰਣ। | ੫੧੦ |
| ੨੯. | ਰਾਮ ਦਾਸ। | ੨੧੧ | ਗੀਤਾ | ਗੁਰੂ ਜੀ ਦੀ ਨਜ਼ਰ ਫੁੱਲ। | ੫੧੭ |
| ੩੦. | ਨੂਰ ਸ਼ਾਹ ਨਿਸਤਾਰਾ। | ੨੧੩ | ਗੀਤ | ਬੁਲਬੁਲਾਂ ਦੀ ਅਭਿਲਾਖ। | ੫੧੭ |
| ੩੧. | ਭਾਈ ਭੂਮੀਆਂ। | ੨੩੬ | ੫੩ | ਬ੍ਰਹਮਚਾਰੀ ਬ੍ਰਹਮਨ। | ੫੧੮ |
| ਗੀਤ | ਕਲੀਆਂ ਦੀ ਸੁਗੰਧਿ ਸਦੱਕੜੇ। | ੨੪੭ | ਗੀਤ | ਕੋਇਲ ਦੀ ਅਰਜ਼ੋਈ। | ੫੧੯ |
| ਗੀਤ | ਨੁਸ਼ਾਵਰ-ਤ੍ਰੇਲ। | ੨੪੭ | ੫੪ | ਭਾਈ ਤਾਰੂ ਪੋਪਟ। | ੫੧੯ |
| ੩੨. | ਕਲਜੁਗ ਦੀ ਸਾਖੀ। | ੨੪੮ | | | |

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਭੂਮਿਕਾ

**ਗੁਰਸਿੱਖੀ** ਦੀ ਰਹੁ ਰੀਤਿ ਅਤੇ ਉੱਚੀ ਹਿੰਮਤ, ਉੱਚੇ ਆਸ਼ੇ, ਉੱਚੇ ਦਿਲ-ਟਿਕਾਣੇ, ਸਾਂਈਆਂ ਜੀ ਨਾਲ ਮੇਲ ਤੇ ਇਨ੍ਹਾਂ ਦੇ ਸਾਧਨ, ਬਾਣੀ ਦਾ ਪਾਠ ਤੇ ਕੀਰਤਨ, ਨਾਮ ਦਾ ਅੱਭਯਾਸ, ਵਾਹਿਗੁਰੂ ਵਜੂਦ ਨਾਲ ਪ੍ਰੇਮ, ਸਤਿਸੰਗ, ਸਿਦਕ ਤੇ ਭਰੋਸਾ, ਅੰਮ੍ਰਿਤ, ਰਹਿਣੀ, ਕਹਿਣੀ, ਬਹਿਣੀ ਦੀ ਸ੍ਰੇਛਤਾ, ਆਚਰਣ ਦੀ ਸ਼ੁੱਧੀ, ਇਹ ਉਚ ਜੀਵਨ ਹੈ ਜੋ ਦਸਾਂ ਸਤਿਗੁਰੂ ਸਾਹਿਬਾਂ ਨੇ ਜਗਤ ਨੂੰ ਦਿੱਤਾ । ਨਿਰਾ ਸਿਖਾਇਆ ਹੀ ਨਹੀਂ, ਇਹ ਆਪ ਕਰਕੇ, ਵਰਤਕੇ ਦੱਸਿਆ ਅਤੇ ਦੂਜਿਆਂ ਨੂੰ ਇਸ ਵਿਚ ਪਲਟਾ ਦੇਕੇ ਓਹੋ ਜਿਹਾ ਬਣਾਕੇ ਦਿਖਾਇਆ[1]। ਇਸ ਤੋਂ ਵਧਕੇ, ਜਿਨਾਂ ਦੇ ਜੀਵਨ ਐਸੇ ਬਣਾਏ, ਉਹਨਾਂ ਵਿਚ ਅਗੋਂ ਐਸੇ ਜੀਵਨ ਬਣਾ ਲੈਣ ਦੀ ਸਮਰੱਥਾ ਤੇ ਪ੍ਰਬੀਨਤਾ ਪਾਈ[2]। ਇਸੇ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਲਾਹੀ ਇਲਹਾਮ ਨੂੰ ਸਰੀਰ ਧਾਰੀ ਕਰ ਦਿਤਾ ਤੇ ਸ੍ਰੀ ਦਰਬਾਰ ਸਾਹਿਬ ਹਰਿ ਜਪਣ ਤੇ ਹਰਿ ਕੀਰਤਨ ਲਈ ਸਾਜ ਦਿਤਾ[3]। ਪਰ ਸਮੇਂ ਦੇ ਫੇਰਾਂ, ਰਾਜਸੀ ਮੁਸ਼ਕਲਾਂ ਵਿਚ ਮਿਹਨਤਾਂ ਤੇ ਤਸੀਹਿਆਂ ਦੇ ਸਾਹਮਣੇ ਫੇਰ ਰਾਜਮਦ ਤੇ ਉਸ ਵਿਚ ਕੁਸੰਗ ਦੇ ਪ੍ਰਵੇਸ਼ ਨੇ, ਤੇ ਫੇਰ ਐਸ਼੍ਵਰਜ ਵਿਨਾਸ਼ ਨੇ ਐਸੀ ਨੀਂਦਰੇ ਸੁਆਲਿਆ ਕਿ ਅੱਜ ਤੋਂ ਤ੍ਰੀਹ ਚਾਲੀ (ਤਕ੍ਰੀਬਨ ੧੮੯੯ ਤੋਂ ੧੮੯੯ ਦਾ ਸਮਾਂ) ਵਰ੍ਹੇ ਪਹਿਲੇ ਮੇਲਿਆਂ ਪਰ ਗੁਰਧਾਮਾਂ ਤੇ ਗਿਆਂ ਸਿੱਖੀ ਦੇ ਗਿਰਾਉ ਦੀ ਤਸਵੀਰ ਅੱਖਾਂ ਅੱਗੇ ਆਪੇ ਆ ਜਾਂਦੀ ਹੁੰਦੀ ਸੀ । ਉੱਚ ਜੀਵਨ ਘਟ ਗਏ ਸਨ ਤੇ ਪ੍ਰਚਾਰ ਉੱਕਾ ਬੰਦ ਹੋ ਗਿਆ ਸੀ। ਉੱਚ ਜੀਵਨ ਦਾ ਪ੍ਰਚਾਰ ਤਾਂ ਹੁੰਦਾ ਹੈ ਜੇ ਧਰਮ ਅਸਥਾਨਾਂ ਤੇ ਟਿਕਾਣਿਆਂ ਤੇ ਉੱਚ ਜੀਵਨ ਵਾਲੇ ਗੁਰਮੁਖ ਬੈਠੇ ਹੋਣ ਤੇ ਪ੍ਰਚਾਰ ਕਰਨ, ਉਹਨਾਂ ਦੇ ਉਪਦੇਸ਼ ਤੇ ਅਮਲ ਤੋਂ ਉੱਚ ਜੀਵਨ ਦੇ ਨਕਸ਼ੇ ਅੱਖਾਂ ਅੱਗੇ ਆਉਣ ਤੇ ਕਰਨੀ ਤੇ ਕਣੀਂ ਵਾਲੇ ਗੁਰਸਿੱਖਾਂ ਦਾ ਸੰਗ ਸਹਿਲ ਪ੍ਰਾਪਤ ਹੋਵੇ। ਹਾਂ, ਉੱਚੇ ਜੀਵਨ ਲਈ ਉਚੇ ਜੀਵਨ ਹੀ ਅੱਖਾਂ ਅਗੇ ਆਉਣ ਤਾਂ ਲਾਭ ਹੁੰਦਾ ਹੈ; ਪਰ ਜੇ ਇਹ ਕੁਛ ਘਟੇ ਤਾਂ ਫੇਰ ਉਚੇ ਜੀਵਨ ਜੀਕੂੰ ਬਸਰ ਹੋਏ ਹੂ-ਬ-ਹੂ ਉਹਨਾਂ ਦੀਆਂ ਮਾਨੋਂ ਜੀਉਂਦੀਆਂ ਤਸਵੀਰਾਂ ਅੱਖਾਂ ਅੱਗੇ ਆ ਜਾਣ, ਤਾਂ ਬੀ ਲਾਭ ਹੁੰਦਾ ਹੈ । ਨਿਰੇ ਸੰਮਤ, ਤ੍ਰੀਕਾਂ ਤੇ ਵਾਕਿਆਤ ਦੀਆਂ ਸੂਚੀ ਪੱਤ੍ਰਾਂ ਨਾਲ ਲੇਖਾ ਪੱਤਾ ਤਾਂ ਲੱਭਦਾ ਹੈ, ਹੋਰ ਲਾਭ ਭੀ ਹੁੰਦੇ ਹਨ, ਪਰ ਜੀਵਨ ਰੁਮਕੋ ਰੌਆਂ ਨਹੀਂ ਮਾਰ ਉਠਦੇ। ਹਾਂ, 'ਜੀਵਨ ਲਹਿਰਾ' ਤਾਂ ਵਲਵਲੇ ਵਿਚ ਆਉਂਦਾ ਹੈ ਜੇ ਜ਼ਿੰਦਗੀਆਂ ਜੀਕੂੰ ਬਸਰ ਹੋਈਆਂ ਤਿਵੇਂ ਹੂ-ਬ-ਹੂ ਹਿਲਦੀਆਂ, ਜੁਲਦੀਆਂ, ਕੰਮ ਕਰਦੀਆਂ, ਸੁਖੀ ਦੁਖੀ ਹੁੰਦੀਆ, ਚੜ੍ਹਦੀਆਂ, ਫਿਸਲਦੀਆਂ, ਉਠਦੀਆਂ, ਹੰਭਲੇ ਮਾਰਦੀਆਂ, ਕਾਮਯਾਬ ਹੁੰਦੀਆਂ, ਉੱਚੇ ਭਾਵਾਂ ਨਾਲ ਕੰਬਦੀਆਂ, ਥਰਰਾਉਂਦੀਆਂ, ਰਸਲੀਨ ਹੁੰਦੀਆਂ ਅੱਖਾਂ ਅੱਗੇ ਆਉਣ; ਉਹਨਾਂ ਉਤੇ ਵੱਸਦੇ ਮਿਹਰ ਦੇ ਚੋਜ ਨੈਣਾਂ ਦੇ ਸਾਹਮਣੇ ਫਿਰ ਜਾਣ, ਜਿਨ੍ਹਾਂ ਤੋਂ ਆਦਮੀ ਮੁਅੱਸਰ ਹੋਵੇ, ਆਪਣੇ ਦਿਲ ਦੇ ਛੌੜ ਕੱਟੇ ਜਾਣ, ਮਨ ਕੁਛ ਵਿਰਾਗ ਵਿਚ ਆਵੇ, ਆਪਣਾ ਆਪ ਉਸ ਚਾਨਣ ਉਸ-ਨਿਰਮਲਤਾ-ਵਿਚ ਦਿੱਸੇ ਜੋ ਐਉਂ ਆਉਂਦੀ ਹੈ, ਤੇ ਆਪੇ ਵਿਚ ਉੱਚੇ ਹੋਣ ਦਾ ਪ੍ਰੇਮ ਜਾਗ ਉਠੇ । ਹਾਂ, ਫੇਰ ਉਥੋਂ ਹੀ ਉੱਚ ਜੀਵਨ ਲਈ ਰਸਤਾ ਲੱਭ ਪਵੇ ਤੇ ਉਥੋਂ ਹੀ ਉਸ ਰਸਤੇ ਤੇ ਟੁਰਣ ਦੀ ਸਿੱਖਯਾ ਤੇ ਤ੍ਰੀਕਾ ਮਿਲ ਪਵੇ ਅਰ ਉਹ ਪੜ੍ਹਿਆ ਜੀਵਨ ਹੀ ਮਾਨੋਂ ਇਕ ਤਰ੍ਹਾਂ ਦਾ ਕੁਛ ਰਹਿਬਰ ਹੋ ਖਲੋਵੇ ਤੇ ਬੰਦਾ ਭਲਿਆਈ, ਉੱਦਮ, ਬਾਣੀ, ਕੀਰਤਨ ਤੇ ਉਪਕਾਰ ਵਿਚ ਲੱਗ ਪਵੇ ਅਤੇ ਨਾਮ ਦੇ ਰੰਗ-ਰਸ ਲਈ ਗੁਰਸਿੱਖ, ਗੁਰਮੁਖ ਦਾਤੇ ਕਹਿਣੀ ਰਹਿਣੀ ਵਾਲੇ ਸੁੱਚੇ ਸਤਿਸੰਗ ਦਾ ਚਾਉ ਉਪਜੇ। ਉਹ ਸਤਿਸੰਗ, ਜਿਸ ਦੀ ਮਹਿਮਾ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਉਸ ਦਾ ਲਾਭ ਤੇ ਵਜੂਦ ਕਾਇਮ ਰਹੇ ਤੇ ਇਸ ਤੋਂ

---

੧ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

੨ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

੩ ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥

ਜਗਜਾਸੂ ਪਿਆਰੇ ਤ੍ਰਿਪਤ ਹੋਕੇ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਹੁੰਦੇ ਰਹਿਣ। ਇਸ ਤਰ੍ਹਾਂ ਇਹ ਪੁਸਤਕ ਨਿਰਾ ਇਤਿਹਾਸ ਨਹੀਂ ਪਰ ਇਤਿਹਾਸ ਦੀ ਬੋਲੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਹੈ, ਜੋ ਭਾਵ, ਉਪਦੇਸ਼, ਉੱਚ ਜੀਵਨ ਦੇ ਆਦਰਸ਼ ਉਸ ਇਲਾਹੀ ਇਲਹਾਮ (ਪੋਥੀ ਪਰਮੇਸ਼ਰ ਕਾ ਥਾਨੁ) ਵਿਚ ਹੈਨ, ਉਹ ਇਸ ਪੁਸਤਕ ਵਿਚ ਐਉਂ ਆਏ ਹਨ ਕਿ ਉਹਨਾਂ ਤੇ ਅਮਲ ਕਰਨ ਦੀਆਂ ਮਾਨੋਂ ਤਸਵੀਰਾਂ ਹਨ, ਅਮਲੀ ਜੀਵਨ ਬਸਰ ਕਰਨ ਲਈ ਪੂਰਨੇ ਹਨ, ਜਿਸ ਤੋਂ ਸਮਝੇ ਪੈਣ ਵਿਚ ਹੋਰ ਸੁਖੈਨਤਾ ਹੋ ਗਈ ਹੈ।

ਪਿਛਲੇ ਪੰਝੀ ਤ੍ਰੀਹ ਵਰ੍ਹੇ (ਯਾਨੀ ਤਕ੍ਰੀਬਨ ੧੯੦੦ ਤੋਂ ਅਗੇ) ਗੁਰਪੁਰਬਾਂ ਤੇ ਹੋਰ ਮੌਕਿਆਂ ਤੇ ਐਸੇ ਪ੍ਰਸੰਗ ਤੇ ਜੀਵਨ ਲਿਖੇ ਜਾਣ ਦਾ ਅਵਸਰ ਬਣਦਾ ਰਿਹਾ ਹੈ, ਜਿਨ੍ਹਾਂ ਵਿਚ ਇਹ ਕਾਰਜ ਹੁੰਦਾ ਰਿਹਾ ਹੈ। ਏਹ ਜੀਵਨ ਸਮਾਚਾਰ ਸਮੇਂ ਸਮੇਂ ਸਿਰ ਲਿਖੀਂਦੇ ਤੇ ਸੰਗਤਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਦੇ ਰਹੇ ਹਨ। ਨਿੱਕੇ ਨਿੱਕੇ ਹੋਣ ਕਰਕੇ ਏਹ ਸਾਂਭੇ ਘੱਟ ਗਏ ਤੇ ਅੱਗੋਂ ਇਹ ਮਿਲਨੋਂ ਘਟਦੇ ਗਏ ਤੇ ਉਹ ਹਿੱਸਾ ਜੋ ਖਾਲਸਾ ਟ੍ਰੈਕਟ ਸੁਸਾਇਟੀ ਨੇ ਛਾਪਿਆ ਸੀ, ਉਹ ਬੀ ਛੇਤੀ ਛੇਤੀ ਨਾ ਛਪਣ ਕਰਕੇ ਗੁੰਮ ਹੁੰਦਾ ਗਿਆ। ਆਖ਼ਰ ਇਹ ਮੰਗ ਪੈਦਾ ਹੋਈ ਕਿ ਇਹ ਸਾਹਿੱਤਜ, ਜੋ ਹੁਣ ਗੁੰਮ ਹੋ ਚਲਿਆ ਹੈ, ਸੰਭਾਲਿਆ ਜਾਵੇ ਤੇ ਇਕ ਸੰਚੇ ਵਿਚ ਕੱਠਿਆਂ ਕਰ ਦਿਤਾ ਜਾਵੇ, ਜੋ ਇਹ ਸਾਹਿੱਤ ਗੁੰਮ ਨਾ ਹੋ ਜਾਵੇ। ਸੋ ਪਿਛਲੇ ਪੰਝੀ ਤ੍ਰੀਹ ਸਾਲਾਂ ਦੇ ਲਿਖੇ ਲੇਖ ਜੋ ਟ੍ਰੈਕਟ, ਅਖਬਾਰ ਵਿਚ ਯਾ ਹੋਰਵੇਂ ਛਪੇ ਸਨ, ਲਗ ਪਗ ਸਾਰਿਆਂ ਨੂੰ ਇਸ ਸੰਚਯ ਵਿਚ ਇਕੱਠਾ ਕੀਤਾ ਗਿਆ ਹੈ ਅਤੇ ਕਈ ਪ੍ਰਸੰਗ ਜੋ ਅੱਗੇ ਨਹੀਂ ਛਪੇ ਸਨ, ਨਵੇਂ ਲਿਖਕੇ ਪਾਏ ਗਏ ਹਨ।

ਪਰੰਤੂ ਇਕੱਠੇ ਕਰਨ ਵਿਚ ਇਹਨਾ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਿਲਸਿਲੇ ਵਿਚ ਕ੍ਰਮ ਵਾਰ ਕਰਕੇ ਮਾਨੋਂ ਉਹਨਾਂ ਦੇ ਜੀਵਨ ਦੀ ਪ੍ਰਸੰਗਲੀ ਵਿਚ ਪੁਰੋ ਦਿੱਤਾ ਹੈ ਅਰ ਵਿਚ ਵਿਚ ਜਿਥੇ ਜਿਥੇ ਪ੍ਰਸੰਗ ਨਹੀਂ ਹਨ ਸੰਖੇਪ ਸੂਚਨਾ ਪਾ ਦਿਤੀਆਂ ਹਨ। ਹੁਣ ਮਾਨੋਂ ਇਸ ਦਾ ਪਾਠ ਸ੍ਰੀ ਗੁਰੂ ਜੀ ਦੇ ਜੀਵਨ ਚਰਿੱਤ੍ਰ ਦਾ ਹੀ ਪਾਠ ਹੈ । ਉਂਵ ਇਹ ਉਹਨਾ ਦਾ ਸਿਧਾ ਜੀਵਨ ਚਰਿੱਤ੍ਰ ਤਾਂ ਨਹੀਂ, ਪਰ ਪ੍ਰਸੰਗ ਉਹਨਾਂ ਦੇ ਹੀ ਸਿੱਖਾਂ ਦੇ ਹਨ ਤੇ ਕ੍ਰਮ ਗੁਰੂ ਸਾਹਿਬ ਜੀ ਦੇ ਜੀਵਨ ਦਾ ਹੈ, ਇਸ ਨੁਕਤੇ ਤੋਂ ਇਹ ਉਹਨਾਂ ਦਾ ਆਪਣਾ ਜੀਵਨ ਚਰਿੱਤ੍ਰ ਬੀ ਬਣ ਗਿਆ ਹੈ। ਇਸ ਪੁਸਤਕ ਦੇ ਬਾਰਾਂ ਖੰਡ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਪੰਜ ਧਿਆਇ ਇਸ ਪਹਿਲੇ ਭਾਗ ਵਿਚ ਆਏ ਹਨ ਤੇ ਬਾਕੀ ੭ ਧਿਆਇ ਦੂਸਰੇ ਭਾਗ ਵਿਚ ਹਨ। ਤੀਸਰੀ ਸ਼ੈ ਜੋ ਉਹਨਾਂ ਸੰਬੰਧੀ ਕਵਿਤਾਵਾਂ ਦੀ ਹੈ, ਓਹ ਕੁਛ ਤਾਂ ਪ੍ਰਸੰਗਾਂ ਵਿਚ ਆਈਆਂ ਹਨ, ਕੁਝਕੁ ਗੀਤ ਇਸ ਵਿਚ ਥਾਂ ਪਰ ਥਾਂ ਛਪੇ ਹਨ ਜਿਨ੍ਹਾਂ ਦਾ ਤਤਕਰੇ ਵਿਚ ਨਿਸ਼ਾਨ ਬੀ ਦਿਤਾ ਹੈ। ਬਾਕੀ ਦਸਾਂ ਹੀ ਸਤਿਗੁਰਾਂ ਸੰਬੰਧੀ ਗੀਤਾਂ ਦੀ ਪੋਥੀ ਅਲੱਗ ਸੰਚਯ ਹੋ ਰਹੀ ਹੈ ਜੋ ਸਮੇਂ ਸਿਰ ਛਪੇਗੀ[੧]।

ਨੋਟ-ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਛਪ ਚੁਕੇ ਟ੍ਰੈਕਟ, ਜੋ ਇਸ ਸੰਚਯ ਵਿਚ ਆਏ ਹਨ, ਓਹ ਸਾਰੇ ਬੀ ਕਰਤਾ ਦੀ ਆਪਣੀ ਕ੍ਰਿੱਤ ਹਨ ! ਇਸ ਸੰਚਯ ਵਿਚ ਉਹ ਆਗਜ਼ਾ ਅਨੁਸਾਰ (ਧੰਨਵਾਦ ਸਹਿਤ) ਵਰਤੇ ਗਏ ਹਨ।

ਗੁਲਮਰਗ, ਅੱਸੂ ੪੫੯ ਗੁ: ਨਾ: ਸਾ: ਸਤੰਬਰ ੧੯੨੮}

---

੧. ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਕਲਗੀਧਰ ਜੀ ਸੰਬੰਧੀ ਗੀਤਾਂ ਦੀ ਪੋਥੀ ਛਪ ਗਈ ਹੈ ਤੇ ਨਾਮ ਹੈ 'ਕੰਬਦੀ ਕਲਾਈ' ਜੋ ਭਾਈ ਵੀਰ ਸਿੰਘ ਸਾਹਿਤਜ ਸਦਨ, ਨਵੀਂ ਦਿੱਲੀ ਤੋਂ ਮਿਲ ਸਕਦੀ ਹੈ।

# ਤੀਜੀ ਐਡੀਸ਼ਨ।

'ਸ੍ਰੀ ਗੁਰੂ ਨਾਨਕ ਚਮਤਕਾਰ' ਦਾ ਪੂਰਬਾਰਧ ਅੱਗੇ ਦੋ ਵਾਰ ਛਪ ਚੁੱਕਾ ਹੈ ਤੇ ਹੁਣ ਤੀਜੀ ਵਾਰ ਛਪ ਰਿਹਾ ਹੈ, ਤੇ ਉਤਰਾਰਧ ਇਕ ਵਾਰ ਹੀ ਅੱਗੇ ਛਪਿਆ ਹੈ। ਪੂਰਬਾਰਧ ਵਿਚ ਪਹਿਲੀ ਐਡੀਸ਼ਨ ਨਾਲੋਂ ਦੂਜੀ ਐਡੀਸ਼ਨ ਵਿਚ (ਜੁਲਾਈ ੧੯੩੨ ਨੂੰ) ਤ੍ਰੈ ਪ੍ਰਸੰਗ ਵੱਧ ਪਾਏ ਗਏ ਸਨ ਤੇ ਹੁਣ ਤੀਜੀ ਐਡੀਸ਼ਨ ਵਿਚ ਅੱਠ ਪ੍ਰਸੰਗ ਤੇ ਦਸ ਗੀਤ ਵਧਾਏ ਗਏ ਹਨ। ਏਹ ਪ੍ਰਸੰਗ ਓਹ ਹਨ ਜੋ ਇਹਨਾਂ ਬਰਸਾਂ ਵਿਚ ਹੀ ਲਿਖੇ ਜਾਂਦੇ ਰਹੇ ਹਨ। ਜੋ ਪ੍ਰਸੰਗ ਉਤਰਾਰਧ ਵਿਚ ਵਧੇ ਹਨ ਓਹ ਉਤਰਾਰਧ ਦੇ ਮੁੱਢ ਵਿਚ ਦੱਸੇ ਗਏ ਹਨ।

(ਅੰਮ੍ਰਿਤਸਰ ਅਕਤੂਬਰ, ੧੯੩੭) ਕਰਤਾ

# ਚੌਥੀ ਐਡੀਸ਼ਨ।

ਹੁਣ ਇਹ ਪੋਥੀ ਚੌਥੀ ਵਾਰ ਛਪੀ ਹੈ। ਇਸ ਵਿਚ ੧੬ ਪ੍ਰਸੰਗ ਤੇ ੭ ਗੀਤ ਵਧਾਏ ਗਏ ਹਨ ਜੋ ਪਿਛਲੇ ਸੱਤਾਂ ਸਾਲਾਂ ਵਿਚ ਸਮੇਂ ਸਮੇਂ ਸਿਰ ਛਪਦੇ ਰਹੇ ਹਨ।

ਇਸ ਭਯਾਨਕ ਜੰਗ ਦੇ ਸਮੇਂ ਕਾਗਜ਼ ਦੀ ਥੁੜ ਤੇ ਅਤਿ ਮਹਿੰਗਾਈ, ਛਪਾਈ ਤੇ ਖਰਚਾਂ ਦੇ ਹਦ ਬੰਨੇ ਟੱਪਵਾਂ ਵਧਾਉ ਤੇ ਜਿਲਦ ਬੰਦੀ ਦੇ ਨਿਰਖਾਂ ਦਾ ਚੜ੍ਹਾਉ, ਤਿਸ ਪਰ ਪ੍ਰੈਸਾਂ ਵਲੋਂ ਕਈ ਇਕ ਤੰਗੀਆਂ ਨੇ ਇਹ ੫੦੦ ਜਿਲਦ ਬੜੀ ਹੀ ਕਠਨਤਾ ਨਾਲ ਸਿਰੇ ਚੜ੍ਹਨ ਵਿਚ ਕਾਮਯਾਬੀ ਹੋਣ ਦਿਤੀ ਹੈ। ਇਸੇ ਹੀ ਕਰਕੇ ਕੀਮਤ ਵਿਚ ਵਾਧਾ ਮਜਬੂਰਨ ਕਰਨਾ ਪਿਆ ਹੈ ।

ਜੋ ਪ੍ਰਸੰਗ ਇਸ ਐਡੀਸ਼ਨ ਵਿਚ ਵਧੇ ਹਨ, ਏਹ ਹਨ:-

(ਪੁਰਬਾਰਧ) ੧. ਗੁਰੂ ਬਾਬੇ ਦਾ ਟਿੱਬਾ।੨. ਸ਼ੇਖ ਬਜੀਦ ਸੱਯਦ। ੩. ਭਾਈ ਸੂਜਾ। ੪. ਰਾਮਦਾਸ। ੫. ਬੁਧ ਗਯਾ-ਦੇਵਗਿਰਿ। ੬. ਰਾਜੌਲੀ। ੭. ਮਾਲਦਾ। (ਉਤਰਾਰਧ) ੮. ਪ੍ਰਿਥੀ ਮਲ ਸਹਿਗਲ, ਰਾਮਾ ਡਿਡੀ। ੯. ਕਾਲੂ ਖੱਤ੍ਰੀ। ੧੦. ਭਗਤਾ ਓਹਰੀ ਜਾਪੂ ਵੰਸੀ। ੧੧. ਫਿਰਣਾ ਖਹਿਰਾ, ਜੋਧ। ੧੨. ਗੋਸ਼ਟ ਮਛੰਦਰ ਨਾਥ। ੧੩. ਵੀਰ ਮਲ੍ਹਾਰ। ੧੪. ਮੱਕਾ। ੧੫. ਪਠਾਣ ਸਿਕਦਾਰ। ੧੬. ਭਗਤਾਂ ਨਾਲ ਗੋਸ਼ਟ।

(ਅੰਮ੍ਰਿਤਸਰ ਅਪ੍ਰੈਲ, ੧੯੪੫) ਕਰਤਾ

# ਪੰਜਵੀਂ ਤੋਂ ਸਤਾਰ੍ਹਵੀਂ ਐਡੀਸ਼ਨ।

ਪੰਜਵੀਂ ਐਡੀਸ਼ਨ ਤੇ ਇਸ ਤੋਂ ਅਗਲੀਆਂ ਸਾਰੀਆਂ ਐਡੀਸ਼ਨਾਂ ਚੌਥੀ ਐਡੀਸ਼ਨ ਦੀ ਹੀ ਨਕਲ ਹਨ। ਇਹ ਹਥਲੀ ਸਤਾਰ੍ਹਵੀਂ ਐਡੀਸ਼ਨ ਕੰਪਿਊਟ੍ਰਾਈਜ਼ (Computerised) ਹੈ। ਪੁਰਾਣੀਆਂ ਐਡੀਸ਼ਨਾਂ ਵਿਚੋਂ ਲੱਭਕੇ ਇਕ ਤਸਵੀਰ ਲਗਾ ਦਿਤੀ ਹੈ। ਸਨਿਮਰ ਬੇਨਤੀ ਹੈ ਕਿ ਕੋਈ ਤ੍ਰੁਟੀ ਨਜ਼ਰ ਆਵੇ ਤਾਂ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਨੂੰ ਸੂਚਿਤ ਕੀਤਾ ਜਾਵੇ।

(ਸੰਮਤ ਗੁ: ਨਾ: ਸਾਹਿਬ ੫੩੪, ਅਕਤੂਬਰ ੨੦੦੩ ਈ:, ਸੰਮਤ ਬਿਕ੍ਰਮੀ ੨੦੫੯) ਸੰਪਾਦਕ

# ੧. ਅਰਸ਼ਾਂ ਤੋਂ ਤਿਲਵੰਡੀ

# ਤੇ /

# ਤਿਲਵੰਡੀ ਨਿਵਾਸ।

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ੧. ਉੱਚੇ ਖੰਡਾਂ ਦੇ ਕੌਤਕ [੧]।

### ੧. {ਪਹਿਲੀ ਬੇਨਤੀ}

ਜੋ ਕੁਛ ਪਸਾਰਾ ਸਾਡੇ ਨੈਣ ਚਾਰ ਚੁਫੇਰੇ ਵੇਖਦੇ ਹਨ ਇਹ ਏਤਨਾ ਹੀ ਨਹੀਂ ਤੇ ਨਾ ਇਹ ਏਥੇ ਹੀ ਬੱਸ ਹੈ, ਇਸਦੇ ਅੰਤਰਭੂਤ ਕੁਛ ਹੋਰ ਹੈ ਤੇ ਇਸ ਤੋਂ ਪਰੇ ਕੁਛ ਹੋਰ ਹੈ। ਜਿਨ੍ਹਾਂ ਕੁ ਸਾਨੂੰ ਦਿੱਸਦਾ ਹੈ ਇਹ 'ਇੰਨਾ ਬੀ ਏਦਾਂ ਦਾ ਹੈ ਜਿੱਦਾਂ ਦਾ ਅਸੀਂ ਵੇਖਦੇ ਹਾਂ ਕਿ ਹੋਰਵੇਂ ਹੈ?' ਇਸਦਾ ਬੀ ਪਤਾ ਨਹੀਂ। ਸਾਡਾ ਅੰਦਰਲਾ, ਜੋ ਸਾਨੂੰ ਇਸ ਦਾ ਇਹ ਰੂਪ ਦਿਖਾਲਦਾ ਹੈ, ਉਸਦਾ ਇਸ ਵਿਚ, ਅਰਥਾਤ ਸਾਡੇ ਮਨ, ਬੁੱਧਿ ਦਾ ਕੁਛ ਅਪਨਾ ਹਿੱਸਾ ਬੀ ਹੈ, ਤਾਂਤੇ ਇਸ ਨੂੰ ਇਹ ਸਮਝਣਾ ਕਿ ਜਿਵੇਂ ਮੈਂ ਵੇਖਦਾ ਹਾਂ ਤਿਵੇਂ ਹੀ ਹੈ ਤੇ ਏਥੇ ਹੀ ਬੱਸ ਹੈ, ਇਹ ਭੁੱਲ ਹੈ। ਹੋਰ ਹੈ ਤੇ ਹੋਰਵੇਂ ਬੀ ਹੈ ਤੇ ਬੱਸ ਕਿਤੇ ਨਹੀਂ। ਸੋ ਇਹ ਜੋ ਅਸੀਂ ਅੱਖਾਂ ਨਾਲ ਵੇਖਦੇ ਹਾਂ ਜਗਤ, ਇੰਨਾਂ ਹੀ ਹੈ ਜਾਂ ਇਸ ਤੋਂ ਅੱਗੇ, ਜਾਂ ਇਸ ਦੇ ਅੰਤਰਭੂਤ ਕੁਛ ਹੋਰ ਬੀ ਹੈ, ਇਸ ਦੀ ਪੜਤਾਲ ਕਰਨੀ ਚਾਹੀਏ। ਐਵੇਂ ਨਾਂਹ ਨਾਂਹ ਕੀਤਿਆਂ ਤੇ ਸਿਰ ਫੇਰਿਆਂ ਇਹ 'ਨਾਂਹ' ਨਹੀਂ ਹੋ ਜਾਂਦਾ[੨]।

ਪਤੀ ਪਰਦੇਸ਼ ਹੈ, ਘਰ ਕੋਈ ਚਿੱਠੀ ਪੱਤ੍ਰ ਨਹੀਂ ਆਈ, ਨਾਰਿ ਬਾਰੀ ਵਿਚ ਬੈਠੀ ਹੈ, ਨੈਣ ਮੁੰਦਕੇ ਇਕ ਨੀਂਦਰ ਦਾ ਝੂਟਾ ਲੈਂਦੀ ਹੈ, ਕੀ ਦੇਖਦੀ ਹੈ, ਪਤੀ ਆ ਰਿਹਾ ਹੈ, ਘੜੀ ਵੱਲ ਤੱਕਦੀ ਹੈ ੧੨ ਵਜੇ ਹਨ। ਫੇਰ ਅੱਖ ਖੁੱਲਦੀ ਹੈ, ਘੜੀ ਵਿਚ ਅਜੇ ਅੱਠ ਵਜੇ ਹਨ। ਸਮਝਦੀ ਹੈ ੧੨ ਵਜੇ ਪਤੀ ਆਵੇਗਾ। ਉਡੀਕ ਵਿਚ ਬੈਠਦੀ ਹੈ, ੧੨ ਵਜਦੇ ਹਨ, ਉਹ ਠੀਕ ਬਾਰਾਂ ਵਜੇ ਆ ਜਾਂਦਾ ਹੈ। ਇਹ ਗ੍ਯਾਨ, ਜੋ ਨਾਰਿ ਨੂੰ ਮਿਲਿਆ ਕਿ ਪਤੀ ੧੨ ਵਜੇ ਆਵੇਗਾ, ਉਸ ਤਰ੍ਹਾਂ ਦਾ ਨਹੀਂ ਜੋ ਤਾਰ ਜਾਂ ਚਿੱਠੀ ਤੋਂ ਮਿਲਣਾ ਸੀ। ਇਸ ਪ੍ਰਕਾਰ ਦੇ ਅਨੇਕਾਂ ਕ੍ਰਿਸ਼ਮੇ ਵਰਤਦੇ ਹਨ ਜੋ ਇਹ ਗੱਲ ਦੱਸਦੇ ਹਨ, ਕਿ ਸਾਡੇ ਜਾਣੇ ਹੋਏ ਤ੍ਰੀਕਿਆਂ ਤੋਂ ਪਰੇ ਤੇ ਅਗੇ ਕੁਛ ਹੋਰਵੇਂ ਬੀ ਹੈ। ਅਸਾਂ ਜੋ ਆਪਣੇ 'ਇੰਦ੍ਰਿਆਂ ਦੇ ਜਾਣਨ ਦੀ ਹੱਦ' ਨੂੰ 'ਗ੍ਯਾਨ ਦੀ ਹੱਦ' ਮੰਨ ਲਿਆ ਹੈ ਗ਼ਲਤ ਹੈ। ਇਹ ਹੱਦ ਤਾਂ ਹੈ, ਪਰ ਇਹ 'ਸਾਡੇ ਇੰਦ੍ਰੇ ਗ੍ਯਾਨ ਦੀ ਹੱਦ' ਹੈ। ਜੋ ਕੁਛ ਸੱਚੀ ਮੁੱਚੀ ਹੈ, ਚਾਹੋ ਅੱਗੇ ਯਾ ਪਰੇ ਯਾ ਅੰਤਰਗਤਿ ਕਿਤੇ ਹੈ ਇਹ ਹੱਦ ਉਸਦੀ ਹੱਦ ਨਹੀਂ। ਉਸ ਹਾਲਤ ਦਾ, ਉਸ ਦੇਸ਼[੩] ਦਾ, ਯਾ ਉਸ ਟਿਕਾਣੇ ਦਾ ਵੇਰਵਾ ਹੋਰਵੇਂ ਹੈ ਤੇ ਸਾਡੇ ਮਨ ਦੀ ਮੌਜੂਦਾ ਤੇ ਸਾਧਾਰਣ ਦਸ਼ਾ ਉਸ ਵਿਚ ਗੰਮਤਾ ਨਹੀਂ ਰੱਖਦੀ, ਪਰ ਕਦੇ ਕਿਸੇ ਵੇਲੇ ਏਕਾਗ੍ਰਤਾ ਦਾ ਕੋਈ ਝਲਕਾ ਯਾ ਅੰਦਰਲੇ ਭਾਵਾਂ ਦਾ ਕੋਈ ਆਪੇ ਤੋਂ ਭੁਲਾ ਦੇਣ ਵਾਲਾ ਉਛਾਲ ਯਾ ਡੋਬ ਸਾਨੂੰ ਉਥੇ ਲੈ ਜਾਂਦਾ ਤੇ ਕੁਛ ਉਸ ਦੇ ਸੰਸਕਾਰ ਲੈ ਲੈਂਦਾ ਹੈ। ਓਥੇ ਸਮਾਂ ਤ੍ਰੈ ਪਹਿਲੂ (ਭੂਤ, ਭਵਿੱਖਤ, ਵਰਤਮਾਨ) ਨਹੀਂ ਰੱਖਦਾ। ਦੇਸ਼ ਪਤਾ ਨਹੀਂ ਕਿਤਨੇ ਪਹਿਲੂ ਦਰ ਪਹਿਲੂ ਰੱਖਦਾ ਤੇ ਅੰਤ ਅਪਹਿਲੂਆ ਅਤੇ ਅਦੇਸ਼ ਹੋ ਜਾਂਦਾ ਹੈ। ਅਦੇਸ਼ ਅਕਾਲ ਤੋਂ ਉਰੇ ਤਬਕੇ ਦਰ ਤਬਕੇ ਹਨ; ਪਰਦੇ ਪਿਛੇ ਪਰਦਾ ਹੈ; ਜੋ 'ਹੈ' ਇਸ ਤੋਂ ਅੱਗੇ ਅਜੇ ਹੋਰ ਬਾਕੀ ਰਹਿੰਦਾ ਹੈ; ਓਥੋਂ ਦੇ ਨੀਵੇਂ ਤੋਂ ਨੀਵੇਂ ਟਿਕਾਣੇ, ਰੰਗ ਰੂਪ ਤੇ ਸਾਮਾਨ ਹੋਰਵੇਂ ਹਨ। ਸਾਡੀ ਬੋਲੀ ਵਿਚ ਪਦ ਨਹੀਂ ਸਾਡੇ ਮਨ ਵਿਚ ਉਨ੍ਹਾਂ ਦੇ

---

[੧] ਇਹ ਰਚਨਾ ਸੰਮਤ ਗੁਰੂ ਨਾਨਕ ਸਾਹਿਬ ੪੩੧ (੧੯੦੦ ਈ:) ਵਿਚ 'ਸਚ ਖੰਡ ਯਾਤਰਾ' ਦੇ ਨਾਮ ਹੇਠਾਂ ਪ੍ਰਕਾਸ਼ਤ ਹੋ ਕੇ ਸੰਗਤਾਂ ਵਿਚ ਪ੍ਰਚਾਰ ਹੋਈ ਸੀ।

[੨] ਨਾ ਨਾ ਕਰਤ ਨ ਛੂਟੀਐ ਵਿਣੁ ਗੁਣ ਜਮਪੁਰਿ ਜਾਹਿ ॥ {ਦ: ਓਅੰਕਾਰ}।

[੩] ਦੇਸ਼=Space

ਖਯਾਲ ਤੇ ਰੂਪ ਨਹੀਂ, ਇਸ ਕਰਕੇ 'ਜਿਵੇਂ ਜੋ ਕੁਛ ਉਥੇ ਹੈ' ਨਹੀਂ ਕਿਹਾ ਜਾ ਸਕਦਾ। ਜਦ ਬੀ ਓਥੋਂ ਦਾ ਕੁਛ ਕਿਹਾ ਜਾਊ ਉਹ ਮਾਨੁੱਖੀ ਬੋਲੀ ਵਿਚ ਮਾਨੁੱਖੀ ਪਦਾਂ ਵਿਚ ਤੇ ਮਾਨੁੱਖੀ ਖਿਆਲਾਂ ਦੀ ਉਡਾਰੀ ਤੱਕ ਹੋਊ। ਇਸ ਲਈ ਜੋ ਕੁਛ ਕਿਹਾ ਜਾਵੇ ਉਸ ਦਾ ਭਾਵ ਸੂਖਮ ਅਵਸਥਾ ਵਿਚ ਕੋਈ ਬਹੁੰ ਉੱਚਾ ਤੇ ਸੂਖਮ ਮੰਨ ਲਿਆ ਜਾਵੇ ਤਾਂ ਹੀ ਠੀਕ ਹੈ। ਅੱਖਰੀ ਅਰਥਾਂ ਵਿਚ ਅਰਥ ਲੈਣਾ ਭੁੱਲ ਵਿਚ ਪੈਣਾ ਹੁੰਦਾ ਹੈ; ਉਹ ਤਾਂ ਉਥੋਂ ਦੇ ਰੂਪ ਰੰਗ ਸਾਮਾਨ ਦਾ ਸਾਡੇ ਖਿਆਲਾਂ ਤੇ ਬੋਲੀ ਵਿਚ ਤਰਜੁਮਾ ਹੈ।

ਅਗਲੇ ਸਫਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੱਚ ਖੰਡ ਵਾਸੀ ਹੋਣਾ ਫੇਰ ਕਿਸੇ ਪ੍ਰੇਮ ਤੇ ਭਗਤੀ ਦੇ ਵਲਵਲੇ ਵਿਚ ਹੋਣਾ, ਅਦੇਸ਼ ਅਕਾਲ ਅਨੰਤ ਵਿਚ ਹੋਣਾ, ਫੇਰ ਕਿਸੇ ਉੱਚੇ ਉਪਕਾਰ ਦੇ ਭਾਵ ਨੇ ਮਾਤ ਲੋਕ ਵਿਚ ਲੈ ਆਉਣਾ ਆਦਿ ਕੌਤਕ ਲਿਖੇ ਹਨ; ਓਹ ਸਭ ਮਾਨੁੱਖੀ ਬੋਲੀ ਵਿਚ ਮਾਨੁੱਖੀ ਸਮਝ ਗੋਚਰਾ ਕਰਨੇ ਲਈ ਮਾਨੁੱਖੀ ਖਿਆਲਾਂ ਦੇ ਰੂਪ ਵਿਚ ਵਰਣਨ ਕੀਤੇ ਹਨ। ਇਹ ਇਕ ਯਤਨ ਹੈ ਅਕੱਥ ਨੂੰ ਕਥਨ ਦਾ ਤੇ ਜੋ ਖਿਆਲ ਸਾਡੇ ਪਾਸ ਨਹੀ ਹਨ ਉਹਨਾਂ ਖਿਆਲਾਂ ਨੂੰ ਅਪਣੀ ਬੋਲੀ ਵਿਚ ਰੂਪਵਾਨ ਕਰਨ ਦਾ।

## ੨. {ਉੱਚੀ-ਉਡਾਰੀ}

**ਕੀਰਤਨ**-ਵਾਹਿਗੁਰੂ ਦਾ ਕੀਰਤਨ, ਹਾਂ, ਸੁਰ ਤਾਰ, ਸਾਜ਼, ਸੁੰਦਰ ਸੁਰੀਲੇ ਗਲੇ ਤੇ ਪਿਆਰ ਨਾਲ ਭਿੱਜੇ ਮਨ ਦਾ ਕੀਰਤਨ-ਇਕ ਜਾਦੂ ਹੈ ਜੋ ਮਨ ਨੂੰ ਮਨ ਤੋਂ ਚੁੱਕਕੇ ਰਸਰੰਗ ਵਿਚ ਭਿਉਂ ਦੇਂਦਾ ਤੇ ਲਿਵ ਦੇ ਮੰਡਲਾਂ ਵਿਚ ਉਡਾਰੀ ਲੁਆ ਦੇਂਦਾ ਹੈ। ਕੀਰਤਨ ਹੋ ਰਿਹਾ ਹੈ, ਉਸ ਬਾਣੀ ਦਾ ਕੀਰਤਨ ਜੋ ਅਰਸ਼ਾਂ ਤੋਂ ਆਈ, ਸੁਹਣੇ ਸੁੱਚੇ ਤੇ ਸਾਫ ਦਿਲਾਂ ਤੇ ਉਤਰੀ। ਅੰਮ੍ਰਿਤ ਵੇਲਾ ਹੈ, ਕੁਦਰਤ ਟਿਕੀ ਹੋਈ ਹੈ ਤੇ ਟਿਕਾਉ ਚਾਰ ਚੁਫੇਰੇ ਹੈ। ਇਸ ਸਮੇਂ ਏਸ ਰੱਬੀ ਬਾਣੀ ਦਾ ਕੀਰਤਨ ਅਸਚਰਜ ਅਸਰ ਕਰ ਰਿਹਾ ਸੀ ਕਿ ਕੀਰਤਨ ਸੁਣਦਿਆਂ ਬਾਹਰ ਦਾ ਪਸਾਰਾ ਭੁੱਲਾ, ਮਨ ਆਪੇ ਵਿਚ ਆਯਾ, ਆਪੇ ਤੋਂ ਉੱਚਾ ਹੋਇਆ, ਰਸ ਵਿਚ ਡੁੱਬਿਆ[1] 'ਧੰਨ ਗੁਰ ਨਾਨਕ ! ਧੰਨ ਗੁਰ ਨਾਨਕ! ਧੰਨ ਗੁਰ ਨਾਨਕ !' ਦਾ ਅੰਦਰ ਲਹਿਰਾ ਵੱਜਾ ਤੇ ਇਕ ਮਿੱਠਾ ਮਿੱਠਾ ਕਾਂਬਾ ਆਇਆ। ਉਧਰੋਂ ਮਿੱਠੇ ਮਿੱਠੇ ਗਲਿਆਂ ਤੇ ਰਸਭਿੰਨੇ ਸਾਜ਼ਾਂ ਤੋਂ ਕੀਰਤਨ ਕੰਨੀਂ ਪਵੇ, ਇਧਰ ਮਨ ਦੀਆਂ ਤਰਬਾਂ, 'ਧੰਨ ਗੁਰ ਨਾਨਕ, ਦੀ ਮਿੱਠੀ ਝਰਨਾਟ ਵਿਚ ਕੰਬ ਕੰਬ ਉੱਠਣ:-

ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥
ਗੁਰ ਨਾਨਕ ਜਪਿ ਜਪਿ ਸਦ ਜੀਵਾ ॥
[ਭੈਰਉ ਮਹਲਾ ੫-੫੬}

ਹਾਂ ਜੀ, ਧੰਨ ਗੁਰ ਨਾਨਕ ਧੰਨ ਗੁਰ ਨਾਨਕ, ਧੰਨ ਗੁਰ ਨਾਨਕ ਦੀ ਪਿਆਰੀ ਥ੍ਰਾਟ ਜੀਭ, ਮਨ ਤੇ ਸਾਰੇ ਸਰੀਰ ਵਿਚ ਫਿਰ ਨਿਕਲੀ, ਮਨ ਜੁੜਿਆ, ਰਸਿਆ, ਉਲਟਿਆ। ਖਬਰੇ ਕੀ ਹੋ ਗਿਆ, ਪਰ ਰੰਗ ਹੈ ਤੇ ਰਸ ਹੈ। ਫੇਰ ਦਰਸ਼ਨ-ਅਸਚਰਜ ਜੇਹੇ ਦਰਸ਼ਨ-ਹੋਏ। ਪਹਿਲਾਂ ਤਾਂ ਮਗਨਤਾ ਸੀ, ਪਰ ਹੁਣ ਕੁਛ ਦਿੱਸਦਾ ਹੈ। ਹਾ, ਹੁਣ ਜੋ ਦਿੱਸਦਾ ਹੈ ਉਹ ਸੁੰਦਰਤਾ ਹੈ, ਸੁਹਾਉ ਹੈ, ਭਿੰਨੀ ਭਿੰਨੀ ਸੁਗੰਧਿ ਹੈ ਜਿਸ ਵਿਚ ਆਪਾ ਰਸ ਰੂਪ ਹੋ ਉਮਗਦਾ ਹੈ ਤੇ ਕੁਛ ਪਿਆਰ ਪਿਆਰ ਉੱਠਦਾ ਹੈ। ਕਿਸ ਨਾਲ? ਇਹ ਪਤਾ ਨਹੀਂ, ਪਰ ਪਿਆਰ ਪਿਆਰ ਭਾਸਦਾ ਹੈ। ਅੰਦਰ ਪਿਆਰ ਹੈ ਕਿ ਪਿਆਰ ਦੀ ਫੁਹਾਰ ਹੈ ਕਿ ਇਹ ਮੰਡਲ ਹੀ ਪਿਆਰ ਦਾ ਹੈ ? ਪਤਾ ਨਹੀਂ, ਪਰ ਪਿਆਰ ਪਿਆਰ, ਰਸ ਰਸ, ਸੁਆਦ ਸੁਆਦ ਆ ਮੁਹਾਰਾ ਪਿਆ ਉਮਗਦਾ ਹੈ। ਫਿਰ ਕਿਸੇ ਵੇਲੇ ਬਾਹਰ ਵਲ ਧਿਆਨ ਪਵੇ ਤਾਂ ਜਾਪੇ ਜਿਵੇਂ ਸੈ ਅਸਮਾਨਾਂ ਨੂੰ ਲੰਘ ਕੇ ਉਚੇ ਆ ਗਏ ਹਾਂ[2]।

ਹੁਣ ਚੁਫੇਰੇ ਨਜ਼ਰ ਦੌੜੀ। ਖੰਡ, ਮੰਡਲ, ਸੂਰਜ ਚੰਦ, ਗ੍ਰੈਹ ਐਉਂ ਦਿੱਸਣ ਜਿਵੇਂ ਵਿਸਤਰਿਤ ਮਹੱਲਾ ਹੈ, ਪਰ ਹੈ ਅਤਿ ਅਤਿ ਵੱਡਾ। ਬੇਅੰਤ

---

੧ ਮੇਰੇ ਮਨ ਮਨ ਹੀ ਉਲਟਿ ਸਮਾਨਾ॥ ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ॥ {ਗਉੜੀ ਕਬੀਰ, ੩-੪੭}

੨ ਨਿਰਾਲੰਬੁ ਨਿਰਬਾਣੁ ਬਾਣੁ ਚਲਾਇਆ ॥ ਉਡੈ ਹੰਸ ਉਚਾਣ ਕਿਨਿ ਪਹੁਚਾਇਆ ॥ {ਵਾ: ਭਾ: ਗੁ: ੨੨-੨}

ਊਡਾਂ ਊਡਿ ਚੜਾਂ ਅਸਮਾਨਿ ॥ ਸਾਹਿਬ ਸੰਮ੍ਰਿਥ ਤੇਰੈ ਤਾਣਿ ॥ {ਮਲਾਰ ਮ: ੧-੯}

ਸ੍ਰਿਸ਼ਟੀਆਂ, ਅਣਗਿਣਤ ਸੂਰਜ-ਜਿਨ੍ਹਾਂ ਦੇ ਆਸਰੇ ਗ੍ਰੈਹ, ਉਪਗ੍ਰੈਹ ਤੇ ਬੋਦੀਆਂ ਵਾਲੇ ਤਾਰੇ, ਸ਼੍ਰੇਣੀ ਕ੍ਰਮ ਤੇ ਬੰਧਾਨਾ ਅਨੁਸਾਰ ਚੱਲ ਰਹੇ ਸਨ-ਐਉਂ ਦਿੱਸਣ ਜਿਵੇਂ ਅੱਖਾਂ ਅੱਗੇ ਸਾਮਰਤੱਖ ਹੋ ਰਹੇ ਹਨ! ਸਮਝ ਕੀਹ ਕਰੇ?[੧] ਅਕਲ ਹਾਰਕੇ ਇਹੋ ਕਹੇ :-

ਭੈ ਵਿਚ ਸੂਰਜ ਭੈ ਵਿਚ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥

{ਆਸਾ ਵਾਰ ਮ: ੧}

ਇਸ ਵੇਲੇ ਅਕਲ ਉਨ੍ਹਾਂ ਸ੍ਰਿਸ਼ਟੀਆਂ ਨੂੰ ਸਮਝਣੇ ਦਾ ਜਤਨ ਕਰਦੀ ਕਰਦੀ ਰਸਮਗਨਤਾ ਦੇ ਹੁਲਾਰਿਆਂ ਤੇ ਅਰਸ਼ੀ ਗੀਤਾਂ ਦੇ ਸੁਆਦਾਂ ਵਿਚ ਲਹਿਰਦੀ ਲਹਿਰਦੀ ਐਉਂ ਪ੍ਰਤੀਤ ਕਰੇ ਕਿ ਮਾਨੋ ਇਹ ਅਵਾਜ਼ ਆਈ ਹੈ :-

ਆਪਿ ਸਤਿ ਕੀਆ ਸਭੁ ਸਤਿ ॥ ਆਪੇ ਜਾਨੈ ਅਪਨੀ ਮਿਤਿ ਗਤਿ ॥ ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ ਅਵਰ ਨ ਬੂਝਿ ਕਰਤ ਬੀਚਾਰੁ॥ ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ॥੭॥

{ਸੁਖ: ਮ: ੫-੧੬}

ਕੁਝ ਚਿਰ ਮਗਰੋਂ ਇਹ ਸ਼ਬਦ ਬੀ ਸੁਣਨੋਂ ਰਹਿ ਗਿਆ। ਇਕ ਚੁਪ ਚਾਨ ਛਾ ਗਈ। ਹੁਣ ਸਾਰੇ ਸੰਸਾਰ ਦੇ ਪਦਾਰਥ ਪੁਰੀਆਂ ਆਦਿ ਅੱਖਾਂ ਅੱਗੇ ਲਗੇ ਮਾਨੋਂ ਹਾਜ਼ਰ ਹੋਣ। ਇੰਦ੍ਰ ਪੁਰੀ, ਸ਼ਿਵ ਪੁਰੀ, ਬ੍ਰਹਮ ਪੁਰੀ, ਜਿੰਨ੍ਹਾਂ ਲੋਕਾਂ ਦਾ ਨਾਉਂ ਰਖਿਆ ਹੋਇਆ ਹੈ ਤੇ ਜਿਨਾਂ ਸੁੰਦਰ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਉਨ੍ਹਾਂ ਨਾਲੋਂ ਵੀ ਵਧੀਕ ਮਨਮੋਹਨ ਪੁਰੀਆਂ ਹਾਜ਼ਰ ਦਿੱਸੀਆਂ। ਇਕ ਪਾਸੇ ਬੜੇ ਸੂਰਮੇ ਤਪੱਸ੍ਵੀ ਲੋਕ ਖੜੇ ਹਨ, ਦੂਜੇ ਪਾਸੇ ਹਰ ਪ੍ਰਕਾਰ ਦੀਆਂ ਸ਼ਕਤੀਆਂ ਖੜੀਆਂ ਹਨ। ਸਾਰੀ ਦੁਨੀਆਂ ਦੇ ਸੁੰਦਰ ਦਰਬ ਪੈਰਾਂ ਹੇਠ ਪਏ ਹਨ। ਇਕ ਸਿੰਘਾਸਨ ਮਾਨੋ ਹੀਰਿਆਂ ਦੀ ਜੜਤ ਦਾ ਪਿਆ ਹੈ, ਰਾਗ ਰਾਗਣੀਆਂ ਰਾਗ ਅਲਾਪ ਕੇ ਮਨ ਨੂੰ ਖਿੱਚ ਰਹੀਆਂ ਹਨ, ਅਠਾਰਾਂ ਸਿੱਧੀਆਂ ਨੌ ਨਿਧੀਆਂ ਤੇ ਸਭ ਰਿਧੀਆਂ ਖੜੀਆਂ ਹਨ ਅਰ ਸਾਰੇ ਸੁਰ ਲੋਕ ਹਾਜ਼ਰ ਹਨ।

'ਇਹ ਰਿਧੀਆਂ ਸਿਧੀਆਂ ਦਾ ਦੇਸ਼ ਹੈ। ਸਤਿਗੁਰਾਂ ਨੇ ਸਿੱਧੀਆਂ ਤੋਂ ਮਨ੍ਹੇ ਕੀਤਾ ਹੈ[੧], ਤਾਂ ਤੇ ਸਾਰ ਵਸਤੂ ਦੇ ਦਾਤੇ ਗੁਰਮੁਖ ਸੰਤ ਦੀ ਟੋਲ ਹੀ ਲੋੜੀਂਦੀ ਗਲ ਹੈ। ਸਤਿਨਾਮ ਹੀ ਰਿਧਿ ਸਿਧਿ ਨੌ ਨਿਧਿ ਹੈ ਤੇ ਹੋਰ ਸਭ ਸਿੱਧੀ ਆਦਿਕ ਦਿਲ ਦੀ ਪਕੜੋਂ ਪਰੇ ਰੱਖਣ ਦੇ ਜੋਗ ਹੈ।' ਇਹ ਫੁਰਨਾ ਫੁਰਦੇ ਸਾਰ ਦਿੱਸਦੇ ਸਾਮਾਨ ਉਦਾਸ ਹੋ ਗਏ, ਸੁੰਦਰਤਾ ਦਾ ਪ੍ਰਭਾਵ ਉੱਡਣ ਲਗ ਗਿਆ ਅਰ ਕਿਤੋਂ ਦੂਰੋਂ ਅਵਾਜ਼ ਆਈ :-

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥ ੧ ॥ ਕਿਆ ਮਾਂਗਉ ਕਿਛੁ ਥਿਰੁ ਨਾਹੀ ॥ ਰਾਮ ਨਾਮ ਰਖੁ ਮਨ ਮਾਹੀ ॥ ੧ ॥ ਰਹਾਉ ॥ ਸੋਭਾ ਰਾਜ ਬਿਭੈ ਬਡਿਆਈ ॥ ਅੰਤਿ ਨ ਕਾਹੂ ਸੰਗ ਸਹਾਈ ॥੨॥ {ਧਨਾਸਰੀ ਕਬੀਰ ਜੀ}

---

੧ ਓਇ ਜੁ ਦੀਸਹਿ ਅੰਬਰਿ ਤਾਰੇ ॥ ਕਿਨਿ ਓਇ ਚੀਤੇ ਚੀਤਨਹਾਰੇ ॥ ੧ ॥ ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥ ਬੂਝੈ ਬੂਝਨਹਾਰੁ ਸਭਾਗਾ ॥ ੧ ॥ ਰਹਾਉ ॥ ਸੂਰਜ ਚੰਦੁ ਕਰਹਿ ਉਜੀਆਰਾ ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥ ੨ ॥ ਕਹੁ ਕਬੀਰ ਜਾਨੈਗਾ ਸੋਇ ॥ ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥੨੯॥

{ਗਉੜੀ ਕਬੀਰ ਜੀ}

---

੧ ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ {ਵਡ: ਵਾ: ਮ:੩-੧੯}

ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥ ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥ ੨ ॥ ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥ ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ ॥੩॥੪॥

{ਮਲਾਰ ਮ: ੫, ਚਉ: ਘਰੁ ੧}

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥ ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥ ੧ ॥ ਅਬ ਮੋਹਿ ਆਇ ਪਰਿਓ ਸਰਨਾਇ ॥ ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋਕਉ ਸਤਿਗੁਰਿ ਦੀਓ ਹੈ ਬਤਾਇ ॥੧॥ ਰਹਾਉ ॥ ਸਿਧ ਸਾਧਿਕ ਅਰ ਜਖ੍ਹ ਕਿੰਨਰ ਨਰ ਰਹੀ ਕੰਠਿ ਉਰਝਾਇ॥ ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾਕੈ ਕੋਟਿ ਐਸੀ ਦਾਸਾਇ॥੨॥੧੨॥੨੧॥

{ਗੁਜਰੀ ਮ:੫}

ਇਸ ਸ਼ਬਦ ਦੇ ਉਚਾਰਨ ਹੁੰਦੇ ਹੀ ਉਹ ਝਾਕੀ ਲੋਪ ਹੋ ਗਈ। ਹੁਣ ਇਕ ਦਿੱਬ ਜੋਤਿ ਗੁਰਮੁਖ ਦਿੱਸੇ[1] ਜੋ ਅਪਣੇ ਨੂਰ ਝਟੀਂਦੇ ਚਿਹਰੇ ਥੀਂ ਕੋਈ ਬੜੇ ਕਰਨੀ ਵਾਲੇ ਸਿੰਘ ਮਲੂਮ ਹੁੰਦੇ ਸੀ। ਜਲ ਪੂਰਤ ਅੱਖਾਂ ਨਾਲ ਸੀਸ ਨਿਵਾਇਆ ਤਾਂ ਆਪ ਬੋਲੇ [2] :-

> ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥ ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥
>
> {ਸ਼ਲੋਕ ਫਰੀਦ}

ਉਸ ਸੱਚੇ ਦੀ ਮੌਜ ਦਾ ਅੰਤ ਨਹੀਂ। ਸ਼ੁਕਰ ਕਰੋ, ਸ਼ੁਕਰ ਕਰੋ। ਸਭ ਕੁਝ ਭੁੱਲ ਜਾਏ ਪਰ ਸ਼ੁਕਰ ਨਾ ਭੁੱਲੇ। ਕੋਈ ਸੇਵਾ ਨਾ ਕਰੇ, ਕੋਈ ਕਰਨੀ ਨਾ ਸਰ ਆਵੇ, ਸ਼ੁਕਰ ਕਰੇ। ਸੱਚਾ ਵੇਪਰਵਾਹ ਸ਼ੁਕਰ ਪੁਰ ਬੜਾ ਰੀਝਦਾ ਹੈ। ਸ਼ੁਕਰ ਕਰੋ, ਸ਼ੁਕਰ ਕਰੋ, ਕਹੋ ਮੁਖੋਂ-ਵਾਹਿਗੁਰੂ ਵਾਹਿਗੁਰੂ ਵਾਹਿਗਰੂ" ॥

ਧੁਨਿ ਆਈ :-

> ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ[3] ॥੩॥੮॥

ਫੇਰਿ ਧੁਨਿ ਉਠੀ :-

> ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥ ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ॥ ਗਾਵਹਿ ਇੰਦ੍ਰਾਦਿ ਭਗੰਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥ ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੨॥ {ਸਵ: ਮ: ੧ ਕੇ}

ਇਹ ਉਸਤਤਿ ਗਾਉਂਦੇ ਆਪ ਹੁਰੀਂ ਮਿਲੇ। ਮਿਲੇ ਪਰ ਮਿਲਦੇ ਮਿਲਦੇ ਮਾਨੋਂ ਲੀਨ ਕਿ ਲੋਪ ਹੁੰਦੇ ਗਏ ਤੇ ਚਾਰ ਚੁਫੇਰੇ ਇਹ ਧੁਨਿ ਭਰਦੀ ਗਈ-

> 'ਧੰਨ ਸ੍ਰੀ ਨਾਨਕ !'
> 'ਧੰਨ ਗੁਰੂ ਨਾਨਕ !'
> 'ਧੰਨ ਗੁਰੂ ਨਾਨਕ ਦੇਵ !'

ਹੁਣ ਸਭ ਕੁਝ ਜੋ ਕਿਹਾ ਜਾ ਸਕੇ ਕਿ 'ਹੈ' ਮਾਨੋਂ ਗੁੰਮ ਜੇਹਾ ਹੋਣ ਲੱਗਾ।

> ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥ ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥੧॥ ਸਹਜ ਕੀ ਅਕਥ ਕਥਾ ਹੈ ਨਿਰਾਰੀ॥ ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥੧॥ ਰਹਾਉ॥ ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥ ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥੨॥ {ਗਉੜੀ ਕਬੀਰ ਜੀ}

ਇਸ ਅਕਹਿ ਅਵਸਥਾ ਤੋਂ ਫੇਰ ਹਾਲਤ ਬਦਲੀ, ਫੇਰ ਨਜ਼ਰ ਖੋਲ੍ਹੀ, ਬਾਹਰਲੇ ਦ੍ਰਿਸ਼ਜ ਮੁੜ ਦਿੱਸ ਪਏ, ਮਾਨੋ ਸਾਰੇ ਬ੍ਰਹਮੰਡ ਦਿੱਸਣ ਲੱਗ ਪਏ[1] ਅਰ ਨਿਜ ਕਰਕੇ ਹਿੰਦੁਸਤਾਨ ਵਲ ਦ੍ਰਿਸ਼ਟੀ ਨੂੰ ਵਧੀਕ ਖਿੱਚ ਪੈਣ ਲਗ ਪਈ।

ਕੀ ਦੇਖਦੇ ਹਾਂ ਜਿੱਕੁਰ ਰੇਲ ਦੀ ਕਲਾ ਮਰੋੜ ਦੇਈਏ ਤਾਂ ਪੁੱਠੇ ਪੈਰੀਂ ਮੁੜ ਪੈਂਦੀ ਹੈ ਤਿਵੇਂ ਬ੍ਰਹਮੰਡ ਦਾ ਮਾਨੋਂ ਕਾਲ-ਚੱਕਰ[2] ਉਲਟ ਪਿਆ ਹੈ।

ਅੱਜ ਤੋਂ ਪਿੱਛੇ ਨੂੰ ਚੱਕਰ ਫਿਰਿਆ। ਅੱਸੀ ਨੱਬੇ ਵਰ੍ਹੇ ਦਾ ਹਾਲ ਮੂਰਤਾਂ ਵਾਂਙ ਦਿੱਸਿਆ। ਫਿਰ ਮਹਾਰਾਜੇ ਰਣਜੀਤ ਸਿੰਘ ਦੇ ਅੰਤਮ ਸਮੇਂ ਦਾ ਨਕਸ਼ਾ ਦਿੱਸਿਆ। ਫਿਰ ਮਹਾਰਾਜੇ ਰਣਜੀਤ ਸਿੰਘ ਦਾ

---

[1] ਗੁਰਮੁਖਿ ਹਰਿ ਦਰਿ ਸੋਭਾ ਪਾਏ॥ {ਮਾਝ ਮ:੩}

[2] ਆਪੇ ਮੇਲੇ ਆਪਿ ਮਿਲਾਏ ॥ ਆਪਣਾ ਪਿਆਰੁ ਆਪੇ ਲਾਏ ॥ ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥ {ਮਾਰੂ ਮ: ੩ ਘਰੁ ੫ ਅਸਟ-੧}

[3] ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥ ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥ ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥ ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭਹੂ ਕਉ ਤਦ ਕਾ ॥ ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥੧॥੧੧॥ { ਸਵ: ਮ: ੪ ਕੇ}

---

[1] ਬਾਜੀਗਰਿ ਇਕ ਬਾਜੀ ਪਾਈ ॥ ਪੂਰੇ ਗੁਰ ਤੇ ਨਦਰੀ ਆਈ ॥ {ਮਾਰੂ ਸੋਲਹੇ ਮ: ੩-੧੯, ੩}

[2] ਸਮਾ ਮਾਨੋ ਭੂਤਕਾਲ ਦਿਖਾਉਣ ਲਗ ਪਿਆ।

ਰਾਜ ਦਿੱਸਿਆ ਅਰ ਚਾਲੀ ਕੁ ਵਰ੍ਹੇ ਦੇ ਸਮਾਚਾਰ ਐਉਂ ਅੱਖਾਂ ਅਗੋਂ ਲੰਘ ਗਏ ਜਿਕੁਰ ਸੈਰਬੀਨ ਵਿਚੋਂ ਮੂਰਤਾਂ। ਫੇਰ ਹਿੰਦੁਸਤਾਨ ਦੀ ਘਬਰਾਹਟ, ਸਿੱਖਾਂ ਦੇ ਜੁੱਧ, ਤੁਰਕਾਂ ਦੇ ਜ਼ੁਲਮ, ਮਰਹੱਟਿਆਂ ਦੇ ਟਾਕਰੇ, ਤੁਰਕਾਂ ਪਠਾਣਾਂ ਦੇ ਘੋਲ ਤੇ ਫਸਾਦ ਦਿੱਸੇ। ਫੇਰ ਔਰੰਗਜ਼ੇਬ ਤੀਊੜੀ ਪਾਏ ਤਖਤ ਤੇ ਬੈਠਾ ਹੋਇਆ ਦਿੱਸਿਆ। ਜਗਤ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖੇਦ, ਜਗਤ ਦਾ ਉਨ੍ਹਾਂ ਨੂੰ ਮਨੁੱਖ ਜਾਣਨਾ, ਪ੍ਰੇਮੀਆਂ ਦਾ ਮਨ ਤਨ ਵਾਰਨਾ ਤੇ ਗੁਪਤ ਸੰਤਾਂ ਦਾ ਆਨੰਦ ਹੋਣਾ, ਹੂਬਹੂ ਦਿੱਸਿਆ। ਫੇਰ ਮੁਗ਼ਲਾਂ ਦੇ ਸਾਰੇ ਪਾਤਸ਼ਾਹ, ਸ਼ਾਹਜਹਾਨ, ਜਹਾਂਗੀਰ, ਅਕਬਰ, ਹਮਾਯੂੰ ਤੇ ਬਾਬਰ ਦਿੱਸੇ। ਉਨ੍ਹਾਂ ਦੇ ਰਾਜ ਸੱਚੀਂ ਮੁੱਚੀਂ ਦੀਆਂ ਮੂਰਤਾਂ ਵਾਂਗ ਅੱਖਾਂ ਅਗੋਂ ਲੰਘ ਗਏ। ਨਵਾਂ ਗੁਰੂ ਸਾਹਿਬਾਂ ਦਾ ਸਮਾਂ ਦਿਸਿਆ। ਗੁਰੂ ਨਾਨਕ ਦੇਵ ਜੀ ਦਾ ਸ੍ਰਿਸ਼ਟੀ ਲਈ ਉਪਕਾਰ ਕਰਨਾ ਤੇ ਦੇਸ਼ ਬਦੇਸ਼ ਫਿਰਨਾ ਸਭ ਕੁਝ ਲੰਘਿਆ। ਫੇਰ ਪਠਾਣਾਂ ਦਾ ਸਮਾਂ, ਲੋਧੀ, ਖ਼ਿਲਜੀ ਤੇ ਗ਼ੁਲਾਮ ਆਦਿ ਪਾਤਸ਼ਾਹਾਂ ਦੇ ਰਾਜ ਦਿੱਸੇ। ਫੇਰ ਜ਼ਾਲਮ ਮਹਿਮੂਦ ਦਾ ਅਨਾਥਾਂ ਦਾ ਨਸ਼ਟ ਕਰਨ ਲਈ ਗ਼ਜ਼ਨੀਓਂ ਤੁਰਨਾ ਤੇ ਹਿੰਦੁਸਤਾਨ ਨੂੰ ਇਕ ਜਿੰਦ ਉਸ ਦੇ ਟਾਕਰੇ ਲਈ ਤਿਆਰ ਹੁੰਦਾ ਅਰ ਤੀਵੀਆਂ ਗਹਿਣੇ ਵੇਚ ਵੇਚ ਤੇ ਪ੍ਰਹਰਿਆਂ ਕਰ ਕਰ ਰੁਪਏ ਕੱਠੇ ਕਰਕੇ ਰਾਜਿਆਂ ਨੂੰ ਦੇਂਦੀਆਂ ਦਿੱਸੀਆਂ ਕਿ ਦੇਸ਼ ਰਖਯਾ ਕਰੋ। ਫੇਰ ਹਿੰਦੂ ਹੀ ਹਿੰਦੂ ਦਿੱਸਣ ਲਗੇ। ਫੇਰ ਹਿੰਦੂਆਂ ਤੇ ਬੋਧੀਆਂ ਦੀ ਕਸ਼ਮਕਸ਼ ਦਿੱਸੀ। ਜਹਾਜ਼ਾਂ ਦੇ ਜਹਾਜ਼ ਬੋਧੀਆਂ ਦੇ ਭਰਕੇ ਹਿੰਦੂਆਂ ਵਲੋਂ ਡੁੱਬਦੇ ਦਿਸੇ ਫੇਰ ਬੋਧੀਆਂ ਦਾ ਰਾਜ, ਹਰਸ਼ ਦਾ ਰਾਜ, ਅਸ਼ੋਕ ਦਾ ਦਇਆਲੂ ਰਾਜ, ਚੰਦ੍ਰ ਗੁਪਤ ਦਾ ਪ੍ਰਤਾਪ ਤੇ ਫੇਰ ਸ਼ਾਸਤ੍ਰਕਾਰਾਂ ਦਾ ਸਮਾਂ ਦਿਸਿਆ। ਫੇਰ ਵੇਦ ਮਤਾਂ ਦੇ ਉਪਾਸ਼ਕ ਰਿਖੀ ਤੇ ਮੁਨੀ ਦਿਸੇ, ਹਿੰਦੁਸਤਾਨ ਦੀ ਸੁਤੰਤ੍ਰਤਾ, ਬਹਾਦੁਰੀ, ਸਚਾਈ, ਧਰਮ ਅੱਖਾਂ ਅਗੇ ਆਇਆ ਤੇ ਰਾਜ ਪ੍ਰਤਾਪ ਨਜ਼ਰੀਂ ਆਏ। ਫੇਰ ਸਨਾਤਨ ਵਡਿਆਂ ਦੇ ਗੁਆਲ ਜੀਵਨ[1] ਦਿਸੇ। ਸਭ ਲੋਕ ਦੇਉਤਿਆਂ ਦੇ ਗੀਤ ਗਾਉਂਦੇ, ਸੁਤੰਤ੍ਰ ਵਸਦੇ ਤੇ ਗਊਆਂ ਦੇ ਵੱਗਾਂ ਨੂੰ ਪਾਲਦੇ ਦਿਸੇ। ਹਾਂ, ਨਾ ਰਾਜਾ ਨਾ ਪਰਜਾ, ਘਰ ਦਾ ਵਡੇਰਾ ਕੁਲ ਦਾ ਗੁਰੂ ਤੇ ਰਾਜਾ। ਭਾਰੀ ਕੰਮਾਂ ਦੇ ਪਿਆਂ ਪੰਚੈਤ ਜੋੜਕੇ ਫੈਸਲੇ ਕਰ ਲੈਣੇ, ਕਾਰਜ ਸੋਧ ਲੈਣੇ। ਇਸ ਤੋਂ ਮਗਰੋਂ ਕਿਸੇ ਹੋਰਸ ਟਿਕਾਣਿਓਂ ਲੋਕਾਂ ਦਾ ਟੋਲਿਆਂ ਵਿਚ ਤੁਰਨਾ ਤੇ ਹਿੰਦੁਸਤਾਨ ਵਿਚ ਆਉਣਾ ਦਿਸਿਆ। ਫੇਰ ਸਾਰੇ ਮਨੁੱਖਾਂ ਦੀ ਸਾਰੀ ਧਰਤੀ ਉਤੇ ਜੰਗਲੀ ਦਸ਼ਾ, ਨਾ ਵਿਆਹ ਨਾ ਸ਼ਾਦੀ, ਨਾ ਘਰ ਨਾ ਬਾਰ, ਸ਼ਿਕਾਰ ਮਾਰਿਆ ਤੇ ਖਾ ਛਡਿਆ ਆਦਿ ਕੌਤਕ ਨਜ਼ਰੀਂ ਪਏ।

ਇਸ ਤੋਂ ਉਪ੍ਰਾਂਤ ਸੁੰਞ ਜਿਹੀ ਦਿੱਸੀ। ਫੇਰ ਸਾਰੀ ਧਰਤੀ ਗਰਮ ਚਿੱਕੜ ਵਰਗੀ ਭਾਸੀ; ਪਰ ਭੂਤਾਂ ਵਾਂਗ ਵਡੇ ਵਡੇ ਕੱਦਾਂ ਵਾਲੇ ਅਰ ਵਡੇ ਵਡੇ ਜਨੌਰ ਦਿਸੇ। ਇਸ ਦੇ ਪਿਛੋਂ ਹੋਰ ਵਡੀ ਸ੍ਰਿਸ਼ਟੀ ਬਿਕਰਾਲ ਰੂਪ ਤੇ ਗਰਮੀ ਦੀ ਤੀਖਣਤਾ ਅੱਖਾਂ ਅਗੋਂ ਲੰਘੀ। ਫੇਰ ਦਿਸਿਆ ਧਰਤੀ ਲਾਲ ਅੰਗਾਰਾ ਹੈ, ਜਿਕੁਰ ਅਜ ਕਲ ਸੂਰਜ ਹੈ ਅਰ ਸਾਰੇ ਗ੍ਰੈਹ ਅੱਗ ਵਾਂਙ ਭਖਦੇ ਹਨ; ਕੋਈ ਵਡੇ ਟੁਕੜਿਆਂ ਤੋਂ ਅੱਡ ਹੋ ਰਹੇ ਹਨ, ਕੋਈ ਕਿਸੇ ਖਿੱਚ ਵਿਚ ਹੈ, ਕੋਈ ਕਿਸੇ ਵਿਚ। ਇਸ ਤੋਂ ਅੱਗੇ ਕੀ ਦਿਸਿਆ ਕਿ ਸਭ ਅੱਗ ਦੇ ਪਿੰਡਾਕਾਰ ਰੂਪ ਹਨ। ਫੇਰ ਘਮਸਾਣ ਰੌਲੇ ਵਾਂਙ ਸਾਰੇ ਪਦਾਰਥ ਕਿਣਕਿਆਂ ਦੀ ਡੌਲ ਵਿਚ ਪਸਰ ਰਹੇ ਹਨ। ਫੇਰ ਸਾਰੇ ਪਦਾਰਥ ਵਾਯੂ ਰੂਪ ਵਿਚ ਆ ਗਏ। ਫੇਰ ਵਾਯੂ ਬੀ ਨਾ ਰਹੀ। ਇਕ ਪ੍ਰਕਾਰ ਦਾ ਧੁੰਦੂਕਾਰ ਛਾ ਗਿਆ; ਚਾਰ ਚੁਫੇਰੇ ਕੁਝ ਨਾ ਦਿੱਸੇ ਅਤੇ ਇਹ ਪਤਾ ਨਾ ਲਗੇ ਕਿ ਐਨਾ ਕੁਝ ਕਿਧਰ ਗਿਆ; ਪਰ ਦਮ ਮਾਰਨੇ ਦੀ ਥਾਂ ਨਹੀਂ; ਕੌਣ ਸੋਚੇ; ਕੌਣ ਕਹੇ ਤੇ ਕਿਸ ਨੂੰ ਕਹੇ ? ਇਹ ਧੁੰਦੂਕਾਰ ਐਨਾ ਚਿਰ ਰਿਹਾ ਕਿ ਜਿਸ ਨੂੰ ਖ਼ਬਰੇ ਸਾਡੀ ਮੋਟੀ ਸਮਝ ਗੋਚਰਾ ਕਰਨੇ ਲਈ ਸਤਿਗੁਰਾਂ ਨੇ ਛੱਤੀ ਜੁਗ ਕਰਕੇ ਲਿਖਿਆ ਹੈ। ਯਥਾ:-

> ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥ ੧ ॥ (ਮਾਰੂ ਸੋਲਹੇ ਮ: ੩-੧੮)

ਪੁਨਾ :-ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ

---

੧ ਜਦ ਲੋਕੀਂ ਭੇਡਾਂ, ਬੱਕਰੀਆਂ, ਗਊਆਂ, ਮਹੀਆਂ ਆਦਿ ਨੂੰ ਪਾਲਦੇ ਤੇ ਉਨ੍ਹਾਂ ਦੇ ਦੁੱਧ ਪੁਰ ਗੁਜ਼ਾਰਾ ਕਰਦੇ ਸੀ, ਉਸ ਜੀਵਨ ਦਾ ਨਾਉਂ ਹੈ 'ਗੁਆਲ ਜੀਵਨ'।

ਅਪਰ ਅਪਾਰੈ ॥ ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥ ੧ ॥ ਜੁਗ ਛਤੀਹ ਤਿਨੈ ਵਰਤਾਏ ॥ ਜਿਉ ਤਿਸੁ ਭਾਣਾ ਤਿਵੈ ਚਲਾਏ ॥ ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ ॥ ੨ ॥

{ਮਾਰੂ ਸੋ: ਮ: ੧-੭}

ਪੁਨਾ:-'ਜੁਗ ਛਤੀਹ ਗੁਬਾਰੁ ਤਿਸਹੀ ਭਾਇਆ॥'

{ਵਾਰ ਮਲਾਰ ਮਹਲਾ ੧-੯}

ਇਸ ਦਸ਼ਾ ਦਾ ਵਰਣਨ ਕਰਨਾ ਕਠਨ ਹੈ। ਜੇ ਕੋਈ ਪੁੱਛੇ ਕਿ ਕੀਹ ਸੀ ? ਤਾਂ ਨਹੀਂ ਕਿਹਾ ਜਾ ਸਕਦਾ ਕਿ ਕੀਹ ਸੀ, ਕਿਉਂਕਿ ਸਭ ਕੁਛ ਮਾਨੋਂ ਕੁਝ ਨ ਸੀ-

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥ ੧ ॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥ ੨ ॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥ ੩ ॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥ ੪ ॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥ ੫ ॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥ ੬ ॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋੁਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥ ੭ ॥ ਕਰਮ ਧਰਮ ਨਹੀ ਮਾਇਆ ਮਾਖੀ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥ ੮ ॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥ ੯ ॥ ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥ ੧੦ ॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥ ੧੧ ॥ ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ॥੧੨॥ਬੇਦ ਕਤੇਬ ਨ ਸਿੰਮ੍ਰਿਤਿ ਸਾਸਤ॥ਪਾਠ ਪੁਰਾਣ ਉਦੈ ਨਹੀ ਆਸਤ॥ ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥ ੧੩ ॥

{ਮਾਰੂ ਸੋ: ਮਹਲਾ ੧-੧੫}

### ੩. {ਅਨਾਦ, ਆਦਿ। ਗੁਰੂ ਨਾਨਕ }

**ਜਦ** ਏਹ ਧੁੰਦੂਕਾਰ ਦੀ ਮੂਰਤ ਲੰਘ ਹਟੀ ਤਦ ਮੱਧਮ, ਪਰ ਸੁਹਾਉਣਾ ਪ੍ਰਕਾਸ਼ ਆ ਗਿਆ। ਇਸ ਵੇਲੇ ਧੁੰਦੂਕਾਰ ਬੀ ਨਾ ਰਿਹਾ, ਹੋਰ ਕਿਸੇ ਪਦਾਰਥ ਦਾ ਤਾਂ ਕੀ ਕਹਿਣਾ ਹੈ? ਇਹ ਪ੍ਰਕਾਸ਼ ਬੜਾ ਸੁੰਦਰ ਅਰ ਬੜਾ ਪਿਆਰਾ ਸੀ, ਭਾਵੇਂ ਮੱਧਮ ਜਾਪਦਾ ਸੀ ਪਰ ਐਸ ਤਰ੍ਹਾਂ ਦਾ ਮੱਧਮ ਸੀ ਜੀਕੁਰ ਸੁਤਿਆਂ ਪਿਆਂ ਸੁਪਨੇ ਵਿਚ ਡਿੱਠੀ ਹੋਈ ਬਿਜਲੀ ਜਾਗਿਆਂ ਧੁਪੇ ਖਲੋ ਕੇ ਯਾਦ ਕਰੀਏ ਤਾਂ ਮੱਧਮ ਮੱਧਮ ਜੇਹੀ ਖਿਆਲ ਪੈਂਦੀ ਹੈ। ਅਸਲ ਵਿਚ ਪ੍ਰਕਾਸ਼ ਤਾਂ ਅਤਿ ਤੇਜਮਈ ਸੀ ਪਰ ਜੋ 'ਪਿਆਰ' ਤੇ 'ਆਨੰਦ, ਉਸ ਵਿਚ ਸੀ ਉਹ ਉਸ ਨੂੰ ਮੱਧਮ ਤੇ ਮਿੱਠਾ ਮਿੱਠਾ ਕਰਕੇ ਭਾਨ ਕਰਾਉਂਦਾ ਸੀ। ਇਹ ਪ੍ਰਕਾਸ਼ ਇਕ ਮਾਨੋਂ ਹੋਂਦ ਸੀ।

ਇਕ ਅਕਹਿ ਅਡੋਲਤਾ ਸੀ, ਸੀ ਤਾਂ ਉਹ 'ਹੈ' ਪਰ ਦ੍ਰਿਸ਼ਟਮਾਨ ਦਾ ਉਸ ਵਿਚੋਂ ਮਾਨੋਂ ਅਭਾਵ ਸੀ, ਅਰ ਉਸ ਮਾਨੋਂ ਅਭਾਵ ਦੀ ਦਸ਼ਾ ਵਿਚ ਇਕ ਹੋਂਦ-ਸੁਹਣੀ ਹੋਂਦ, ਚੇਤਨ ਹੋਂਦ, ਵਜਾਪਕ ਹੋਂਦ, ਰਸ ਭਰੀ, ਸੁਆਦ ਭਰੀ, ਪਜਾਰ ਭਰੀ ਹੋਂਦ-ਐਉਂ ਜਾਪੇ ਜੀਕੂੰ ਹੈ, ਸਚਮੁਚ ਹੈ ਤੇ ਨਿਰਸੰਸੇ ਹੈ। ਇਸ ਹੋਂਦ ਦੀ ਪ੍ਰਤੀਤੀ ਦਾ ਢੰਗ ਅਕਹਿ, ਅਕੱਥ, ਅਚਰਜ, ਤੋਂ ਅਚਰਜ ਸੀ, ਪਰ 'ਹੈ' ਇਹ ਗਲ ਨਿਰਸੰਸੇ ਤੇ ਪ੍ਰਤੱਖ ਭਾਸਦੀ ਦਿੱਸਦੀ ਤੇ ਵਾਪਰ ਰਹੀ

ਸੀ[1], ਇਸ ਲਈ ਪਤਾ ਨਹੀਂ ਰਿਹਾ ਕਿ ਕੀ ਸੀ ? ਪੂਰਨ ਬੇਖ਼ੁਦੀ ਸੀ ਤਾਂ ਏਥੇ, ਬੇਖ਼ਬਰੀ ਸੀ ਤਾਂ ਏਥੇ ਪਰ ਫੇਰ ਅਚੰਭਾ ਇਹ ਕਿ ਚੇਤਨਤਾ ਅਰ ਅਨੰਦ ਸਨ ਤਾਂ ਏਥੇ, ਰਸਭਿੰਨੜੇ ਸੁਆਦ ਕੋਈ ਹੋਰਵੇਂ ਜੇਹੇ ਰਸ ਸਨ ਤਾਂ ਏਥੇ, ਜੋ ਨਾ ਕਦੇ ਜਾਣੇ ਤੇ ਨਾ ਸੁਣੇ ਸੇ। ਇਸ ਦਸ਼ਾ ਨੂੰ ਮੁੱਦਤਾਂ ਬੀਤ ਗਈਆਂ। ਮੁੱਦਤਾਂ ਕੀ ? ਸਮਾਂ ਤਾਂ ਭਾਸਦਾ ਹੀ ਨਹੀਂ ਸੀ। ਸੀ ਮਾਨੋਂ ਕੌਮੀ 'ਏਕਤਾ'। ਕਹਿਣਾ ਤੇ ਸੋਚਣਾ ਬੀ ਨਹੀਂ ਸੀ, ਜੋ ਸੀ ਸੋ ਸੀ ਅਕੱਥ। ਤਾਂ ਤੇ ਕਹੀਏ ਕੀ ? ਕਹਿਣ ਦੀ ਗੱਲ ਨਹੀਂ[2]। .....

ਹੁਣ ਅਚਰਜ ਰੰਗ ਵਰਤਿਆ। ਉਸ ਹੋਂਦ ਵਿਚੋਂ ਹਾਂ, ਉਸ ਸਤਿ ਸੁੰਦਰ, ਚੇਤਨ ਤੇ ਅਨੰਦ ਰੂਪ[3] ਪ੍ਰਕਾਸ਼ (ਕਹੋ ਜਾ ਕੁਝ ਹੋਰ ਕਹੋ) ਵਿਚੋਂ ਇਕ ਕੌਤਕ ਉਠਿਆ। ਉਸਦਾ ਰੂਪ ਰੰਗ ਰੇਖ ਕੁਛ ਨਾ ਸੀ, ਪਰ ਐਉਂ ਜਾਪੇ ਜਿਵੇਂ ਕੋਈ ਉਸੇ ਦੀ ਲਹਿਰ ਹੈ, ਖ਼ਯਾਲ ਹੈ, ਹੁਕਮ ਹੈ ਯਾ ਰਜ਼ਾ ਹੈ, ਪਰ ਉਸਤੋਂ ਵੱਖਰਾ ਕੁਛ ਨਹੀਂ। ਉਹੋ ਹੀ ਹੈ, ਪਰ ਮਾਨੋਂ ਉਸੇ ਚੇਤਨਤਾ ਦਾ ਉਸ ਅਕਹਿ ਦਸ਼ਾ ਵਿਚ ਕੋਈ ਲਹਿਰਾਉ ਹੈ[1] ! ਕੁਛ ਹੈ, ਉਹੋ ਜਿਹਾ, ਉਹੋ ਰੂਪ ਉਸਦੇ ਉਠਣ ਨਾਲ ਉਸ ਵਿਚ ਕੋਈ ਫਰਕ ਨਹੀ ਪੈਂਦਾ, ਉਹੋ ਸਦਾ ਅਬਦਲਤਾ ਹੈ, ਜਿਵੇਂ ਸਮੁੰਦਰ ਵਿਚ ਵਹਿੰਦੇ ਸਮੁੰਦਰ ਦਾ ਰੌ ਯਾ ਦਰਯਾ ਸਮੁੰਦਰ ਰੂਪ-ਜਲ ਹੀ ਜਲ ਰੂਪ-ਹਨ[2]।

ਹੁਣ ਇਕ ਸ਼ਬਦ ਉਠਿਆ, ਕੈਸਾ ਸ਼ਬਦ ਸੀ? ਕੋਈ ਉਪਮਾ ਨਹੀਂ ਲੱਭਦੀ, ਕੋਈ ਪਦ ਨਹੀਂ ਲੱਭਦੇ। ਮਨੁੱਖੀ ਸਮਝ ਮਾਨੁਖੀ ਬੋਲੀ ਦੇ ਕੋਈ ਨਾਮ ਰੱਖਕੇ ਕੁਛ ਜਾਣ ਸਕਦੀ ਹੈ, ਸੋ ਜੇ ਨਾਮ ਧਰੀਏ ਤਾਂ ਸਾਰਾ ਦਰਸ਼ਨ ਐਉਂ ਕਹਿ ਸਕੀਦਾ ਹੈ-

ਪਹਿਲੇ ਇਕ ਅਕਹਿ ਸੀ, ਇਸ ਦਾ ਨਾਮ ਧਰ ਲਓ 'ਨਿਰੰਕਾਰ'। ਫੇਰ ਇਕ ਅਵਸਥਾ ਆਈ ਸੀ ਉਸ ਦਾ ਨਾਮ ਧਰ ਲਓ 'ਏਕੰਕਾਰ'। ਫੇਰ ਇਕ ਇਹ ਅਵਸਥਾ ਆਈ 'ਸ਼ਬਦ' ਦੀ, ਇਸ ਦਾ ਨਾਮ ਧਰ ਲਓ 'ਓਅੰਕਾਰ'[3], ਇਸ ਨੂੰ ਨਾਦ ਕਹੋ, ਸ਼ਬਦ ਕਹੋ, ਬਾਣੀ ਕਹੋ, ਉਹ ਸਾਰਾ ਕਿਹਾ ਨਹੀਂ ਜਾ ਸਕਦਾ। ਇਹ ਉਹ ਸ਼ਬਦ ਸੀ ਕਿ ਜਿਸ ਬਾਬਤ ਲਿਖਿਆ ਹੈ :-

ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ

---

[1] ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥ ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ ॥ ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ ॥ ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ ॥ ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ॥ ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੧ ॥ {ਸਵ: ਸ੍ਰੀ ਮੁਖ: ਮ: ੫-੧}

[2] ਸੋਈ ਜਾਣੈ ਕਰਣੈਹਾਰਾ ਕੀਤਾ ਕਿਆ ਬੇਚਾਰਾ ॥ ਆਪਣੀ ਗਤਿ ਮਿਤਿ ਆਪੇ ਜਾਣੈ ਹਰਿ ਆਪੇ ਪੂਰ ਭੰਡਾਰਾ ॥੩॥ {ਰਾਮ: ਮ: ੫-੪}

[3] ਸਤਿ ਸੁਹਾਣੁ ਸਦਾ ਮਨਿ ਚਾਉ॥ = ਸਤਿ, ਚਿਤ, ਆਨੰਦ

[1] ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ {ਵਾਰ ਆਸਾ ਮ: ੧}

[2] ਸਮੁੰਦਰਾਂ ਵਿਚ ਬੀ ਬੜੇ ਧਰਤੀ ਦੇ ਦਰਿਆਵਾਂ ਵਾਂਗ ਚਲਦੇ ਰੌ ਵਗਦੇ ਹਨ ਤੇ ਆਪਣਾ ਆਪ ਵੱਖਰਾ ਦੱਸਦੇ ਹੋਏ ਫਿਰ ਸਮੁੰਦਰ ਵਿਚ ਅਭੇਦ ਜਲ ਰੂਪ ਹਨ

[3] ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ ॥ ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰ ਬਣਾਇਆ ॥ {ਵਾ: ਭਾ: ਗੁ: ੨੬-੨}

ਪੁਨਾ: ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ॥ ਹੋਆ ਏਕੰਕਾਰੁ ਆਪੁ ਉਪਾਇਆ॥ ਓਅੰਕਾਰ ਅਕਾਰ ਚਲਿਤੁ ਰਚਾਇਆ ॥ ਸਚੁ ਨਾਉ ਕਰਤਾਰ ਬਿਰਦੁ ਸਦਾਇਆ ॥ {ਵਾ: ਭਾ: ਗੁ: ੨੨-੧}

ਪੁਨਾ:-ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ ॥ {ਵਾ: ਭਾ: ਗੁ: ੩੯-੧}

ਸਚੈ ਸਚਾ ਤਖਤੁ ਰਚਾਇਆ॥ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥ {ਮਾਰੂ ਸੋ: ਮ: ੩, ੭-੧}

ਸਭਿ ਹੋਆ ॥ {ਮਾਰੂ ਮਹਲਾ ੫}

ਪੁਨਾ:-ਕੀਤਾ ਪਸਾਉ ਏਕੋ ਕਵਾਉ ॥ {ਜਪੁਜੀ}

ਨਾਨਕ ਸਬਦੁ ਅਪਾਰੁ ਤਿਨਿ ਸਭ ਕਿਛੁ ਸਾਰਿਆ ॥ {ਵਾਰ ਗੁਓ: ਮਹਲਾ ੫}

ਨਿਰਮਲ ਸਬਦੁ ਨਿਰਮਲ ਹੈ ਬਾਣੀ ॥
ਨਿਰਮਲ ਜੋਤਿ ਸਭ ਮਾਹਿ ਸਮਾਣੀ ॥
{ਮਾਝ ਅ: ਮ: ੩-੬੦}

ਏਸ ਸ਼ਬਦ ਦੀ ਮਧੁਰ ਸੁਰ ਹੋਈ, ਜਿਸ ਨਾਲ ਉਸ ਵੇਲੇ ਕੁਝ ਐਦਾਂ ਪ੍ਰਤੀਤ ਹੋਇਆ ਜਿੱਦਾਂ ਧੁੱਪ ਵਿਚ ਆਤਸ਼ੀ ਸ਼ੀਸ਼ੇ ਦਾ ਲਿਸ਼ਕਾਰ ਉਸੇ ਧੁਪ ਨੂੰ ਲੈਕੇ ਉਸ ਧੁੱਪ ਵਿਚ ਉਸ ਧੁੱਪ ਨਾਲੋਂ ਇਕ ਬਿੰਬ ਵਧੀਕ ਜਜੋਤੀਮਯ ਦੱਸਦਾ ਹੈ। ਉਧਰ ਨਜ਼ਰ ਕੀਤੀ ਤਾਂ ਕੀ ਦੇਖਦੇ ਹਾਂ ਜੋ ਸਾਡੀ ਸਮਝ ਗੋਚਰਾ ਕਰਨੇ ਲਈ ਅਸਥੂਲ ਬਾਣੀ ਦੁਆਰਾ ਐਉਂ ਕਿਹਾ ਜਾ ਸਕਦਾ ਹੈ ਕਿ ਇਕ ਅਤਿ ਪ੍ਰਕਾਸ਼ਮਾਨ ਤਖਤ[1] ਹੈ, ਜਿਸਦੇ ਅੱਗੇ ਸੰਸਾਰ ਦੇ ਸਾਰੇ ਜਜੋਤੀਮਯ ਪਦਾਰਥਾਂ ਦਾ ਉਜਾਲਾ ਕੱਠਾ ਕਰਕੇ ਰੱਖ ਦੇਈਏ ਤਾਂ ਮਾਤ ਭਾਸੇ, ਕਿਉਂਕਿ ਉਹ ਨੂਰ ਹੈ, ਹੋਰ ਨੂਰ ਉਸੇ ਦਾ ਮਾਇਆ ਵਿਚ ਪਰਛਾਵਾਂ ਹਨ।

ਫੇਰ ਕੀ ਦਿੱਸਿਆ ਕਿ ਇਸ ਤਖਤ ਦੇ ਪ੍ਰਕਾਸ਼ ਨਾਲੋਂ ਕ੍ਰੋੜਾਂ ਗੁਣਾਂ ਵਧੀਕ ਪ੍ਰਕਾਸ਼ਾਂ ਦਾ ਇਕ ਪੁੰਜ ਪ੍ਰਕਾਸ਼ ਆਨੰਦਸਰੂਪ ਹੈ ਤੇ ਪ੍ਰੇਮਸਰੂਪ ਤਖਤ ਦੇ ਉਤੇ ਬਿਰਾਜਮਾਨ ਹੈ। ਅਰ ਇਕ ਹੋਰ ਐਸਾ ਰੂਪ[2] ਜੋ ਬੀ ਪ੍ਰਕਾਸ਼ ਸਰੂਪ ਹੈ[3] ਇਸ ਪਹਿਲੇ ਰੂਪ ਤੋਂ ਭਿੰਨ ਹੋਕੇ ਐਉਂ ਸਾਮ੍ਹਣੇ ਸ਼ਰਧਾ ਤੇ ਪ੍ਰੇਮਾ ਭਗਤੀ ਵਿਚ ਖੜਾ ਹੈ ਜਿੱਕੁਰ ਪਿਤਾ ਤੋਂ ਹੋਇਆ ਪੁਤ੍ਰ ਪਿਤਾ ਦਾ ਹੀ ਸਰੂਪ ਅਦਬ ਨਾਲ ਪਿਤਾ ਦੇ ਪਾਸ ਖੜਾ ਪਿਤਾ ਤੋਂ ਭਿੰਨ ਭਾਸਦਾ ਹੈ। ਯਾ ਜਿੱਕੁਰ ਚੰਦ ਦਾ ਪ੍ਰਤਿਬਿੰਬ ਜਲ ਵਿਚ ਚੰਦ ਦਾ ਹੀ ਸਰੂਪ ਹੈ, ਪਰ ਉਸ ਤੋਂ ਭਿੰਨ ਭਾਸਦਾ ਹੈ[4]। ਫਰਕ ਇੰਨਾ ਹੈ ਕਿ ਇਥੇ ਜਲ ਦੀ ਸਹਾਇਤਾ ਹੈ ਤੇ ਉਥੇ ਇਹ ਗੱਲ ਨਹੀਂ, ਓਥੇ ਬਿਨਾ ਕਿਸੇ ਹੋਰ ਪਦਾਰਥ ਦੀ ਸਹਾਇਤਾ ਦੇ ਕੌਤਕ ਵਰਤ ਜਾਂਦਾ ਨਜ਼ਰ ਪੈਂਦਾ ਸੀ[1]। ਇਸ ਵੇਲੇ ਦੀ ਸ਼ੋਭਾ ਦੁਹਾਂ ਸਰੂਪਾਂ ਦੇ ਸੁਹਾਉ ਅਰ ਪ੍ਰੇਮ ਦੇ ਮਿਲਾਉ ਦੀ ਕੌਣ ਕਹਿ ਸਕੇ। ਕੋਈ ਅਗੰਮੀ ਰਾਗ ਮਾਨੋਂ ਇਹ ਕੁਛ ਗਾਉਂਕੇ ਦੱਸਣ ਲਗਾ :-

ਪਾਤਿਸਾਹਾ ਪਾਤਿਸਾਹੁ ਸਤਿ ਸੁਹਾਣੀਐ ॥
ਵਡਾ ਬੇਪਾਰਵਾਹ ਅੰਤੁ ਨਾ ਜਾਣੀਐ ॥
ਲਉਬਾਲੀ ਦਰਗਾਹ ਆਖਿ ਵਖਾਣੀਐ ॥
ਕੁਦਰਤਿ ਅਗਮੁ ਅਥਾਹੁ ਚੋਜ ਵਿਡਾਣੀਐ ॥
ਸਚੀ ਸਿਫਤਿ ਸਲਾਹ ਅਕਥ ਕਹਾਣੀਐ[2] ॥
ਸਤਿਗੁਰ ਸਚੇ ਵਾਹ ਸਦ ਕੁਰਬਾਣੀਐ[3]॥
{ਵਾ: ਭਾ: ਗੁਰ: ੨੧-੧}

ਇਸ ਵੇਲੇ ਦੇਖਣੇ ਯੋਗ ਅਚਰਜ ਕੌਤਕ ਇਹ ਸੀ ਕਿ ਸਾਮ੍ਹਣੇ ਖੜੇ ਦਿੱਬ ਸਰੂਪ ਜੀ ਤਾਂ ਅਤਿ ਪ੍ਰੇਮ; ਸ਼ਰਧਾ ਤੇ ਅਧੀਨਗੀ ਨਾਲ ਪੂਰਤ ਹੋਏ ਪ੍ਰੇਮਾ-ਭਗਤੀ ਸਰੂਪ ਬਣੇ ਖੜੇ ਹਨ ਤੇ ਜਾਣੋ ਇਹ ਕਹਿ ਰਹੇ ਹਨ:-

ਬਲਿ ਤਿਸੁ ਬਾਪੈ ਜਿਨਿ ਹਉ ਜਾਇਆ
{ਆਸਾ ਕਬੀਰ, ੩-੨}

ਤੇ ਉੱਧਰ ਪਰਮ ਪੁਰਖ, ਦੇਵਾਧਿਦੇਵ, ਤਖਤ ਪੁਰ ਬਿਰਾਜਮਾਨ ਪ੍ਰਕਾਸ਼ ਪੁੰਜ, ਪ੍ਰਕਾਸ਼ਾਂ ਦੇ ਜਨਕ, ਸ੍ਰਿਸ਼ਟੀ ਦੇ ਮਾਲਕ ਆਪਣੀ ਮਿਹਰ ਤੇ ਬਖਸ਼ਿਸ਼ ਦੇ ਰੰਗ ਨਾਲ ਉਹਨਾਂ ਨੂੰ ਰੰਗ ਰਹੇ ਹਨ[4]।

ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥
{ਵਾਰ ਮਾਝ ਮਹਲਾ ੧-੨੭}

ਪੁਨਾ-ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ

---

[1] ਸੱਚੇ ਤਖਤਿ ਨਿਵਾਸੁ ਹੈ ਸਾਧ ਸੰਗਤਿ ਸਚਖੰਡ ਵਸੰਦਾ॥ {ਵਾ: ਭਾ: ਗੁ: ੨੯-੧}

[2] ਗੁਰ ਨਾਨਕ ਦੇਵ ਗੋਵਿੰਦ ਰੂਪ॥ {ਬਸੰ: ੫, ੧-੮}

[3] ਅਵਲਿ ਅਲਹ ਨੂਰ ਉਪਾਇਆ॥ {ਪ੍ਰਭਾਤੀ ਕਬੀ:੩-੧}

[4] ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥ {ਮਾਰੂ ਵਾਰ ਡਖਣੇ ਮ: ੫-੧੪}

---

[1] ਗੁਰਮੁਖਿ ਏਕੰਕਾਰੁ ਆਪਿ ਉਪਾਇਆ ॥ ਓਅੰਕਾਰ ਅਕਾਰੁ ਪਰਗਟੀ ਆਇਆ ॥ {ਵਾਰ ਭਾ: ਗੁ: ੧੯-੧}

ਇਸ ਤੁਕ ਵਿਚ ਗੁਰਮੁਖ ਦਾ ਭਾਵ ਗੁਰੂ ਨਾਨਕ ਦੇਵ ਜੀ ਤੋਂ ਹੈ। ਯਥਾ :-ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ ॥ {ਵਾ: ਭਾ: ਗੁ: ੨੪-੨੫}

[2] ਪੰਜਾਂ ਤੁਕਾਂ ਵਿਚ ਅਕਾਲ ਪੁਰਖ ਦੀ ਵਡਿਆਈ ਹੈ।

[3] ਛੇਵੀਂ ਤੁਕ ਵਿਚ ਗੁਰੂ ਨਾਨਕ ਦੇਵ ਜੀ ਦੀ ਉਪਮਾ ਹੈ।

[4] ਪਹਿਲਾ ਬਾਬੇ ਪਾਯਾ ਬਖਸੁ ਦਰਿ। {ਵਾਰਾਂ ਭਾ: ਗੁ:, ੧-੨੪}

ਇਹ ਮਨੁ ਹਰਿ ਰੰਗਿ ਰੰਗੇ ॥

{ਗੁਜਰੀ ਮਹਲਾ ੫, ੩-੪}

ਇਸ ਬਖਸਿਸ਼ ਨੂੰ ਪਾਕੇ ਸ੍ਰੀ ਭਗਤੀ ਦੇ ਪੁੰਜ ਮਹਾਂ ਸਰੂਪ ਜੀ ਆਪਣੀ ਭਗਤੀ ਦੇ ਰੰਗ ਵਿਚ ਡੁੱਲ੍ਹ ਡੁੱਲ੍ਹ ਪੈ ਰਹੇ ਸ਼ੁਕਰ ਦਾ ਸਰੂਪ ਹੋ ਗਏ[1], ਜਿਸ ਦਾ ਅਨੁਵਾਦ ਮਾਨੁੱਖੀ ਬੋਲੀ ਵਿਚ ਇਹ ਹੋ ਸਕਦਾ ਹੈ-

> ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ ਹਉ ਨਾਹੀ ਤੂ ਹੋਵਹਿ ॥ ਆਪੇ ਸਕਤਾ ਆਪੇ ਸੁਰਤਾ ਸਕਤੀ ਜਗਤੁ ਪਰੋਵਹਿ ॥ ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ ॥ ਨਾਨਕ ਸਚਾ ਸਚੀ ਨਾਂਈ ਸਚੁ ਪਵੈ ਧੁਰਿ ਲੇਖੈ ॥ ੨ ॥

{ਵਾਰ ਸਾਰੰਗ ਮ: ੧-੧੩}

ਇਹ ਕੌਤਕ ਜੋ ਅਕਾਲ ਰੰਗ ਦਾ ਕੌਤਕ ਸੀ, ਜੇ 'ਸਮੇਂ' ਵਿਚ ਵਰਣਨ ਕੀਤਾ ਜਾਏ ਤਾਂ ਐਉਂ ਹੈ ਕਿ-ਭਗਤੀ ਪਜਾਰ ਦੇ ਪੁੰਜ ਸਰੂਪ ਮਹਾਂ ਪੁਰਖ ਜੀ ਵਰ ਦਾਨ ਲੈਕੇ ਵਿਦਾ ਹੋਏ, ਪਰ ਫੇਰ ਮਾਨੋਂ ਘਾਲ[2] ਕਮਾਉਣ ਲਈ ਟੁਰ ਪਏ। ਆਪ ਤਾਂ ਕਿਤੇ ਮਾਨੋਂ ਦੂਰ ਚਲੇ ਗਏ, ਨਜ਼ਰੋਂ ਓਹਲੇ ਹੋ ਗਏ ਤੇ ਇਧਰ ਨਜ਼ਰ ਅੱਗੇ ਹੋਰ ਕੌਤਕ ਦਿਖਾਈ ਦੇਣ ਲੱਗ ਪਿਆ। ਜੋ ਚੱਕਰ ਮਾਨੋ ਸਾਡੀ ਸਮਝ ਮੁਜਬ ਉਲਟਾ ਚਲ ਰਿਹਾ ਸੀ, ਜੋ ਸਾਨੂੰ ਸਮੇਂ ਦੇ ਪਿਛਲੇ ਪਾਸੇ ਅਸਮੇਂ ਤੇ ਅਸੀਮਾ[1] ਵਿਚ ਲੈ ਗਿਆ ਸੀ ਉਹ ਮਾਨੋਂ ਮੁੜ ਪਿਆ ਹੈ ਤੇ ਅਸੀਂ ਫੇਰ ਮੋੜਵਾਂ ਦਰਸ਼ਨ ਦੇਖਣ ਲੱਗੇ ਕਿ ਮਾਨੋਂ ਹੁਣ ਸਾਰੀ ਰਚਨਾ ਦਾ ਕੌਤਕ ਹੋਣ ਲੱਗਾ ਹੈ:

ਫੇਰ ਮਾਨੋਂ ਸੁੰਨ ਆਈ ਸੁੰਨ ਤੋਂ ਲੰਘਕੇ ਅਸੀਂ ਕਿਸੇ ਅਟੱਲ ਹੋਂਦ ਪ੍ਰਕਾਸ਼ ਸਰੂਪ ਅਨੰਦ ਹੀ ਆਨੰਦ ਸਰੂਪ ਵਿਚ ਗਏ ਸਾਂ। ਹੁਣ ਉਸ ਦੇ ਹੁਕਮ ਤੋਂ ਹੋਈ ਉਹ ਅਕਹਿ ਅਵਸਥਾ[2] ਤਾਂ ਗੁਜ਼ਰ ਚੁਕੀ, ਸ਼ਬਦ ਉਤਪਤ ਹੁੰਦੇ ਹੀ ਹੋਰ ਕੌਤਕ ਹੋ ਗਿਆ ਸੀ, ਪਰ ਹੁਣ ਕੀ ਦਿੱਸਿਆ ਕਿ ਸੁੰਨ ਦੀ ਦਸ਼ਾ ਫੈਲ ਰਹੀ ਹੈ। ਫੇਰ ਮੁੜਕੇ ਉਸ ਸਾਜੀ ਗਈ ਪਹਿਲੀ ਅਵਸਥਾ 'ਸੁੰਨ' ਵਿਚ ਅਸੀਂ ਆ ਗਏ-ਉਸ ਸੁੰਨ ਵਿਚ ਜਿਸ ਨੂੰ ਸੁੰਨ ਅਸੁੰਨ ਕਰਤਾਰ ਨੇ ਰਚਿਆ ਸੀ :-

> ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ

---

[1] ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥ {ਮ:੧ ਬਸੰ: ਹਿੰ:}

ਗੁਰ ਨਾਨਕ ਦੇਵ ਗੋਵਿੰਦਰੂਪ' ਪੰਚਮ ਸਤਿਗੁਰਾਂ ਦਾ ਵਾਕ ਹੈ

ਵਾਹਿਗੁਰੂ ਦੇ ਤ੍ਰੈ ਸਰੂਪ ਬਿਰਦ ਹਨ-

ਰਚਣਹਾਰ, ਪਾਲਣਹਾਰ ਤੇ ਗੁਰੂ। ਪਰੇਮ ਸਰੂਪ ਹੋਣ ਕਰਕੇ ਸ੍ਰਿਸ਼ਟੀ ਰਚਦਾ ਹੈ, ਰਚਣ ਕਰਕੇ ਉਸ ਦਾ ਬਿਰਦ ਹੈ ਪਾਲਣਾ, ਸੋ ਪਾਲਦਾ ਹੈ। ਰਚਣ ਤੇ ਪਾਲਣ ਕਰਕੇ ਉਸ ਦਾ ਬਿਰਦ ਹੈ ਗੁਰੂ ਹੋਣਾ, ਅਰਥਾਤ ਸਿਖਜਾ ਦੇਣੀ, ਬੁੱਧੀ ਤੇ ਬੁੱਧੀ ਵਿਚ ਗਜਾਨ ਦੇਣਾ; ਤਾਰਨਾ, ਉਬਾਰਨਾ, ਜੀਅਦਾਨ ਦੇਣਾ ਆਦਿ। ਇਹ ਜੋ ਉਸ ਦੀ ਗੁਰੂ ਸਰੂਪਤਾ ਹੈ, ਇਹ ਗੁਰੂ ਨਾਨਕ ਦੇਵ ਗੋਵਿੰਦ ਰੂਪ ਹੋਕੇ ਪ੍ਰਗਟੀ ਹੈ ਜਗਤ ਦੇ ਉਧਾਰ ਲਈ। ਇਹ ਮਤਲਬ ਨਹੀਂ ਕਿ ਰਬ ਦਾ ਵਜੂਦ ਜੂਨਿ ਵਿਚ ਪੈਂਦਾ ਹੈ, ਪਰ ਉਸ ਦਾ 'ਗੁਰੂ ਸਰੂਪ' 'ਗੁਰੂ ਵਜਕਤੀ' ਵਿਚ ਪ੍ਰਕਾਸ਼ ਪਾਕੇ ਜਗਤ ਨੂੰ ਸਾਮਰਤੱਖ ਹੋਕੇ ਜੋ ਤਾਰਦਾ ਹੈ ਸੋ ਹੈ ਗੁਰੂ ਨਾਨਕ ਦੇਵ-ਗੋਵਿੰਦ ਰੂਪ।

[2] ਪਿਛੋਂ ਦੇ ਫਿਰਿ ਘਾਲ ਕਮਾਈ ॥

{ਵਾ: ਭਾ ਗੁ:, ੧-੨੪}

---

[1] ਅਸਮਾ=ਕਾਲ ਰਹਿਤ। ਅਸੀਮਾ=ਹੱਦ ਰਹਿਤ।

[2] ਇਹ ਦਸ਼ਾ ਉਹ ਹੈ ਜਿਥੇ ਕੋਈ ਅਕਲ, ਕੋਈ ਸਮਝ ਨਹੀਂ ਪਹੁੰਚਦੀ, ਜਿਥੇ ਜਾਕੇ ਭਗਤ ਜਨ ਕਹਿੰਦੇ ਹਨ ਕਿ ਅਸਾਂ ਇਹ ਜਾਣਿਆ ਹੈ ਕਿ ਸਾਨੂੰ ਕੁਝ ਪਤਾ ਨਹੀਂ ਲਗਦਾ। ਕਈ ਲੋਕ ਇਸ ਦਸ਼ਾ ਨੂੰ ਸੁੰਨ ਦਸਾ ਨਾਲ ਰਲਾ ਪਾਕੇ ਇਕੋ ਸਮਝਦੇ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੱਸਦੇ ਹਨ ਕਿ ਇਹ ਸੁੰਨ ਤੋਂ ਬੀ ਪਰੇ ਹੈ, ਯਥਾ:-

ਸੁੰਨ ਸਮਾਧਿ ਦੋਊ ਤਹ ਨਾਹੀ॥' {ਗ: ਕਬੀਰ}

ਫੇਰ ਕਿਹਾ ਹੈ : ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨ ਉਪਾਇਦਾ ॥' {ਮਾਰੂ ਸੋ: ਮ: ੧, ੧੭-੧}

ਭਾਵ ਇਹ ਹੈ ਕਿ ਉਹ ਨਿਰਵਿਕਾਰ ਅਕਾਲ ਪੁਰਖ ਸੁੰਨ ਦਾ ਬੀ ਰਚਣਹਾਰਾ ਹੈ। ਆਪ ਸਭ ਤੇ ਨਿਹਕੇਵਲ ਰਹਿੰਦਾ ਹੈ।

ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥ ੨ ॥

{ਮਾਰੂ ਸੋਲਹੇ ਮ: ੧-੧੭}

ਇਸ ਸੁੰਨ ਦੇ ਮਗਰੋਂ ਫੇਰ ਧੁੰਦੂਕਾਰ ਆਇਆ[1]।

ਇਹ ਧੁੰਦੂਕਾਰ ਦਸ਼ਾ ਐਸੀ ਸੀ ਮਾਨੋਂ ਸ੍ਰਿਸ਼ਟੀ

---

[1] ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥

{ਮਾਰੂ ਸੋਲਹੇ ਮਹਲਾ ੧, ੧੫-੧}

ਪਹਿਲੀ ਜੋ ਅਵਸਥਾ ਨਿਰੰਕਾਰ ਤੇ ਨਿਰਾਕਾਰ ਹੈ ਅਤੇ ਕਥਨ ਤੋਂ ਪਰੇ ਹੈ, ਸੁੰਨ ਅਵਸਥਾ ਵਿਖੇ ਬਦਲ ਨਹੀਂ ਗਈ, ਉਹ ਅਕਾਲ ਪੁਰਖ ਦਾ ਵਜੂਦ ਯਾ ਦਸ਼ਾ-ਯਾ ਯਥਾਰਥ, (ਜਾਂ ਜੋ ਕੁਛ ਕਹਿ ਲਓ) ਅਡੋਲ, ਸਦੀਵ ਇਕ ਰਸ ਰਹਿੰਦੀ ਹੈ। ਸੁੰਨ ਵਿਚ ਬੀ ਉਸ ਵਿਚ ਹੇਰ ਫੇਰ ਨਹੀਂ ਹੋਇਆ ਅਰ ਨਾ ਧੁੰਦੂਕਾਰ ਵਿਖੇ ਉਸ ਵਿਚ ਕੁਝ ਵਧਾ ਘਟਾ ਜਾਂ ਵਟਾ ਸਟਾ ਬਣਿਆ। ਉਹ ਸਦਾ ਇਕ ਰਸ ਹੈ। ਇਹ ਜੋ ਸੁੰਨ ਅਰ ਧੁੰਦੂਕਾਰ ਅਵਸਥਾ ਹਨ ਇਕੁਰ ਸਮਝੋ ਕਿ ਉਸ ਸਿਰਜਣਹਾਰ ਨੇ ਸ੍ਰਿਸ਼ਟੀ ਰਚਣ ਦਾ ਸੰਕਲਪ ਕੀਤਾ, ਤਦ ਏਕੰਕਾਰ ਦੇ ਭਾਵ ਨੂੰ ਮਾਨੋਂ ਰਚਿਆ, (ਆਪੀਨੈ ਆਪਿ ਸਾਜਿਆ) ਆਪਣੇ ਪ੍ਰਕਾਸ਼ ਸਰੂਪ ਤੋਂ ਗੁਰੂ ਨਾਨਕ ਦੇਵ ਜੀ ਨੂੰ ਰਚਿਆ, ਫੇਰ ਸੁੰਨ ਤੋਂ ਧੁੰਦੂਕਾਰ ਅਰ ਧੁੰਦੂਕਾਰ ਅਗੋਂ ਫੇਰ ਸ੍ਰਿਸ਼ਟੀ। ਆਪ ਹਰ ਹਾਲ ਵਿਚ ਉਹ ਅਤੀਤ ਤੇ ਇਕ ਰਸ ਹੈ:- ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥ (ਮਾਰੂ ਸੋਲਹੇ ਮ:੧, ੨-੧)। ਸੁੰਨ, ਧੁੰਦੂਕਾਰ ਤੋਂ ਪਹਿਲਾਂ ਹੋਈ, ਇਸ ਗੁਰੂ ਨਾਨਕ ਵਾਕ ਤੋਂ ਸਿਧ ਹੁੰਦਾ ਹੈ:-ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥

{ਮਾਰੂ ਸੋ: ਮ: ੧-੧੫}

ਇਸ ਸਾਰੀ ਗੱਲ ਨੂੰ ਦ੍ਰਿਸ਼ਟਾਂਤ ਮਾਤ੍ਰ ਐਉਂ ਬੀ ਕਹਿ ਸਕੀਦਾ ਹੈ ਕਿ ਦਿਨ ਵੇਲੇ ਸੂਰਜ ਦਾ ਪ੍ਰਕਾਸ਼ ਤਾਂ ਨਿਰਾਕਾਰ ਦਸ਼ਾ ਸਮਝੋ, ਲੌਢੇ ਵੇਲੇ ਜਦ ਚਾਨਣਾ ਹੁੰਦਾ ਹੈ, ਪਰ ਧੁੱਪ ਨਹੀਂ ਹੁੰਦੀ ਇਸ ਨੂੰ ਸੁੰਨ ਸਮਝੋ, ਸੰਧਯਾ

{ਬਾਕੀ ਟੂਕ ਦੇਖੋ ਦੂਜੇ ਅੱਧ ਹੇਠ}

{ਪਹਿਲੇ ਅੱਧ ਦੀ ਬਾਕੀ ਟੂਕ}

ਵੇਲੇ ਦੇ ਹਨੇਰੇ ਨੂੰ ਧੁੰਦੂਕਾਰ ਸਮਝੋ ਅਰ ਚਾਂਦਨੀ ਰਾਤ ਨੂੰ-ਨਾਨਾ ਪ੍ਰਕਾਰ ਦੇ ਤਾਰਿਆਂ ਦੀ ਰਚਨਾਂ ਨਾਲ ਸਜੀ ਹੋਈ ਨੂੰ-ਸ੍ਰਿਸ਼ਟੀ ਦੀ ਬਨਾਵਟ, ਅਰਥਾਤ ਪੂਰੇ ਨਿਯਮਾਂ ਤੇ ਅਸੂਲਾਂ ਦੇ ਵਿੱਚ ਬਣੀ ਹੋਈ 'ਸ੍ਰਿਸ਼ਟੀ-ਦਸ਼ਾ' ਸਮਝ ਲਵੋ। ਸੂਰਜ ਹਰ ਹਾਲ ਵਿਚ ਅਟੰਕ ਹੈ, ਪਰ ਉਸੇ ਦੇ ਆਸਰੇ ਸਭ ਕੁਝ ਹੋਇਆ ਹੈ, ਨਾ ਹੀ ਤਾਂ ਉਹ ਲਿਪਾਇਮਾਨ ਹੈ ਅਰ ਨਾ ਹੀ ਉਸ ਦਾ ਅਭਾਵ ਹੈ। ਸਾਰੇ ਕੌਤਕ ਦਾ ਆਪ ਕਾਰਣ ਹੈ, ਵਿਚ ਵਿਆਪਕ ਹੈ ਅਰ ਫੇਰ ਭਿੰਨ ਹੈ। ਇਸ ਉਦਾਹਰਣ ਵਿਚ ਸੂਰਜ ਦਾ ਉਹਲੇ ਹੋ ਜਾਣਾ ਇਕ ਪ੍ਰਕਾਰ ਦੀ ਭਿੰਨਤਾ ਹੈ: ਪਰ ਉਸ ਉਪਮੇਯ ਵਿਚ ਤਾਂ ਇੰਨੀ ਸੋਚ ਦੀ ਬੀ ਜਗਾ ਨਹੀਂ ਹੈ, ਉਹ ਪਰੇ ਤਕ ਬੀ ਨਹੀਂ ਹੁੰਦਾ। ਪਰੇ ਕੀ ਹੋਵੇ ? ਹੋਇਆ ਤਾਂ ਸਾਰੇ ਪਰੀ ਪੂਰਨ ਯਥਾ :

ਬਲਿਹਾਰੀ ਕੁਦਰਤਿ ਵਸਿਆ ॥

ਪੁਨਾ:-ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ {ਵਾਰ ਆਸਾ}

ਬੀਜ ਵਿਖੇ ਸਾਰਾ ਬ੍ਰਿਛ ਹੁੰਦਾ ਹੈ, ਪਰ ਉਹ ਦਸ਼ਾ ਉਸ ਦੀ ਬ੍ਰਿਛ ਨਾਲ ਕਿਸੇ ਤਰ੍ਹਾਂ ਨਹੀਂ ਮਿਲਦੀ ਜਦ ਜਲ ਮਿਲਦਾ ਹੈ, ਤਦ ਬੀਜ ਫੁਲਦਾ ਹੈ। ਇਹ ਫੇਰ ਪੁੰਗਰਦਾ ਹੈ, ਫੇਰ ਬਾਹਰ ਨਿਕਲਦਾ ਤੇ ਇਕ ਜਾਂ ਦੋ ਜਾਂ ਤ੍ਰੈ ਪੱਤੇ ਜਿਹੇ ਦਿਖਾਲਦਾ ਹੈ, ਫੇਰ ਬ੍ਰਿੱਛ ਡਾਲੀਆਂ, ਪੱਤਿਆਂ, ਫਲਾਂ, ਫੁੱਲਾਂ ਆਦਿ ਨਾਲ ਮੇਲ ਮੇਲਕੇ ਪੂਰਨ ਹੋ ਜਾਂਦਾ ਹੈ। ਦਾਰਸ਼ਟਾਂਤ ਵਿਚ ਬੀਜ ਵਿਚ ਅੰਕੁਰ ਦਾ ਸਮਾਧਿ ਸਥਿਤ ਹੋਣਾ ਮਾਨੋਂ ਨਿਰੰਕਾਰ ਦਸ਼ਾ ਹੈ, ਪਾਣੀ ਮਿਲਕੇ ਬੀਜ ਦਾ ਫੁਲ ਜਾਣਾ ਸੁੰਨ ਹੈ, ਬੀਜ ਦਾ ਅੰਕੁਰ ਫੁੱਟਕੇ ਬੀਜ ਤੋਂ ਬਾਹਰ ਆਉਣਾ, ਪਰ ਅਜੇ ਧਰਤੀ ਵਿਚ ਹੋਣਾ ਧੁੰਦੂਕਾਰ ਹੈ, ਫਿਰ ਬਾਹਰ ਆਕੇ ਬ੍ਰਿਛ ਬਣਕੇ ਫਲਨਾ ਫੁਲਨਾ 'ਸ੍ਰਿਸ਼ਟੀ ਦਸ਼ਾ' ਹੈ।

ਸੁੰਨ ਤੋਂ ਸ੍ਰਿਸ਼ਟੀ ਬਣਨ ਦਾ ਪ੍ਰਕਾਰ ਐਉਂ ਜਾਪਦਾ ਹੈ। ਸੁੰਨ ਤੋਂ ਫੇਰ ਵਾਯੂ {'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ ਜਲ ਤੇ ਤ੍ਰਿਭਵਨ ਸਾਜਿਆ ਘਟ ਘਟ

{ਬਾਕੀ ਟੂਕ ਦੇਖੋ ਅਗਲੇ ਪੰਨੇ ਪਰ}

{ਪਿਛਲੇ ਪੰਨੇ ਦੀ ਬਾਕੀ ਟੂਕ}

ਜੋਤਿ ਸਮੋਇ॥'

ਸਾਚੇ ਦਾ ਅਰਥ ਪਰਮੇਸ਼ੁਰ ਹੈ। ਇਥੇ ਪਰਮੇਸ਼ਰ ਤੋਂ ਪੌਣ, ਪੌਣ ਤੋਂ ਜਲ ਅਰ ਜਲ ਤੋਂ ਸ੍ਰਿਸ਼ਟੀ ਰਚਨਾ ਦੱਸੀ ਹੈ। ਸੁੰਨ ਅਰ ਧੁੰਦੂਕਾਰ ਅਵਸਥਾ ਅਤਿ ਸੂਖਮ ਹੁੰਦੀਆਂ ਹਨ, ਇਸ ਲਈ ਉਹਨਾਂ ਦਾ ਵਰਣਨ ਇਥੇ ਨਹੀਂ ਕੀਤਾ, ਕਿਉਂਕਿ ਔਖੀ ਹੋਣੇ ਕਰਕੇ ਗੁਰੂ ਜੀ ਨੇ ਉਹਨਾਂ ਲਈ ਸੋਲਾਂ ਅਥਵਾ ਸਤਾਰਾ ਪਉੜੀਆਂ ਦੇ ਵੱਖਰੇ ਸ਼ਬਦ ਰਚੇ ਹਨ। ਇਸ ਲਈ 'ਸਾਚੇ' ਅਤੇ ਪਵਨਾ ਦੇ ਵਿਚਕਾਰ ਸੁੰਨ ਤੇ ਧੁੰਦੂਕਾਰ ਦਾ ਅਧਜਾਰੋਪ ਕੀਤਾ ਜਾਂਦਾ ਹੈ।} ਸੋ ਵਾਯੂ ਵਾਂਗੂ ਸੂਖਮ ਅਵਸਥਾ ਬਣਦੀ ਹੈ। ਹਰ ਪਦਾਰਥ ਇਸ ਵਾਯੂ ਰੂਪ ਵਿਚ ਹੁੰਦਾ ਹੈ, ਉਸ ਤੋਂ ਫੇਰ ਦ੍ਰੱਵ ਅਵਸਥਾ ਆਉਂਦੀ ਹੈ, ਅਰਥਾਤ ਜਲ ਵਰਗੀ ਵਹਾਉ ਸ਼ਕਲ ਹੁੰਦੀ ਹੈ। ਇਸ ਤੋਂ ਅਗੇ ਫੇਰ ਨਿੱਗਰ ਪਿੰਡਾਕਾਰ ਪਦਾਰਥ ਬਣਦੇ ਹਨ, ਪਰ ਵਾਯੂ ਰੂਪ ਅਰ ਦ੍ਰਵਜ ਰੂਪ ਗੁੰਮ ਨਹੀਂ ਹੋ ਜਾਂਦੇ, ਦਸ਼ਾ ਬਦਲ ਠੰਢੇ ਅਰ ਗੁਣਦਾਇਕ ਹੋ ਜਾਂਦੇ ਹਨ। ਤੱਤਾਂ ਦੇ ਤਿੰਨ ਸੂਰਪ ਨਿੱਗਰ, ਦ੍ਰਵਜ ਤੇ ਵਾਯੂ ਹੋ ਜਾਂਦੇ ਹਨ। ਇਨ੍ਹਾਂ ਦੇ ਅੱਡ ਅੱਡ ਮੇਲ ਤੋਂ ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਰਚੀ ਜਾਂਦੀ ਹੈ। ਉੱਪਰਲੇ ਦ੍ਰਿਸ਼ਟਾਂਤ ਦਾ ਕੇਵਲ ਇਕ ਅੰਗ ਲੈਣਾ ਹੈ ਕਿ ਪਰਮਾਤਮਾ ਨੂੰ ਬੀਜ ਵਾਂਙ ਗਲਦਾ ਤੇ ਫੇਰ ਬ੍ਰਿਛ ਦੇ ਹੋ ਪਿਆਂ ਅਭਾਵ ਹੋ ਜਾਂਦਾ ਨਾ ਸਮਝ ਲੈਣਾ, ਕਿਉਂਕਿ ਬੀਜ ਤਾਂ ਕਰਤਾ ਨਹੀਂ ਹੈ, ਪਰ ਉਹ ਸਿਰਜਣਹਾਰ ਕਰਤਾ ਹੈ। ਇਹ ਉਦਾਹਰਣ ਕੇਵਲ ਇਕ ਅੰਗ (ਸੁੰਨ ਆਦਿ ਅਵਸਥਾ ਦੇ) ਸਮਝਾਉਣ ਵਾਸਤੇ ਸੀ। ਉਹ ਆਪ ਤਾਂ ਸਦਾ ਹੀ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਹੈ॥ {ਜਪੁਜੀ-੧}

ਆਦਿ ਵਿਖੇ ਬੀ ਅਕਾਲ ਪੁਰਖ ਸੱਚ ਸੀ, ਭਾਵ ਇਹ ਹੈ ਕਿ ਜਿਸ ਅਵਸਥਾ ਨੂੰ ਉਸ ਦਾ ਸਰੂਪ ਹੀ ਕੇਵਲ ਜਾਣ ਸਕਦਾ ਹੈ ਓਦੋਂ ਬੀ ਉਹ ਸੱਚ ਸੀ, ਅਰਥਾਤ ਦੇਸ਼ ਕਾਲ ਤੋਂ ਪਰੇ ਯਾ ਪਹਿਲਾਂ ਜੋ ਕੁਛ ਸੀ, ਜਿਸ ਦਾ ਕੋਈ

{ਬਾਕੀ ਦੂਜੇ ਅੱਧ ਹੇਠ} ☞

ਵਤ ਆਪਣੇ ਤੋਂ ਭਿੰਨ ਕਰ ਦਿਖਾਈ ਹੈ [1]। ਆਪ ਕਰਤਾ ਅਲੱਗ ਬੈਠਾ ਹੈ ਅਰ ਆਪਣੀ ਕੀਤੀ ਹੋਈ ਨੂੰ ਵੱਖ ਵਿਖਾਉਂਦਾ ਹੋਇਆ ਉਸ ਦੇ ਅੰਗ ਅੰਗ ਵਿਚ ਸਮਾ ਰਿਹਾ ਹੈ, ਭਿੰਨ ਹੈ [2] ਅਰ ਫੇਰ ਵਿਆਪਕ ਹੈ। ਆਪ ਤ੍ਰਿਗੁਣਾਤੀਤ ਹੈ, ਪਰ ਉਸ ਰਚੀ ਹੋਈ ਵਿਚ ਤਿੰਨ ਗੁਣ ਪਾਏ ਹਨ [3]।

## ੪. {ਜਗਤ ਉਤਪਤੀ}

ਹੁਣ ਕੀ ਦੇਖਦੇ ਹਾਂ ਕਿ ਧੁੰਦੂਕਾਰ ਸ਼ਕਲ ਵਟਾਉਂਦਾ ਵਟਾਉਂਦਾ ਅਤਿ ਗਰਮ ਪ੍ਰਕਾਸ਼ਤ ਰੂਪ ਵਿਚ ਪਰਤ ਗਿਆ। ਇਸ ਦੀ ਸਥੂਲਤਾ ਵਾਯੂ ਸਮਾਨ ਹੋ ਗਈ। ਗਰਮ ਅਰ ਲਾਲ ਜਿਹੀ ਵਾਯੂ, ਸੂਰਜ ਦੀਆਂ ਕਿਰਨਾਂ ਨਾਲ ਪਕਾਸ਼ਤ ਕੁਹੀੜ ਵਾਂਗ ਸਾਰੇ ਦਿੱਸਣ ਲਗੀ। ਸਹਿਜੇ ਸਹਿਜੇ ਗਰਮੀ

[1] ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨ ਮਾਇਆ ॥ ਨਾ ਤਿਸੁ ਭੈਣ ਨ ਭਰਾਉ ਕਮਾਇਆ ॥ ਨਾ ਤਿਸੁ ਓਪਤਿ ਖਪਤਿ ਕੁਲ ਜਾਤੀ ਓਹੁ ਅਜਰਾਵਰੁ ਮਨਿ ਭਾਇਆ ॥ ੨ ॥
{ਮਾਰੂ ਸੋਲ: ਮਹਲਾ ੧-੧੯}

[2] ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ ॥ ੩ ॥
{ਮਾਰੂ ਸੋ: ਮ: ੧-੧੯}

[3] ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥ ਕਾਲ ਬਿਕਾਲ ਕੀਏ ਇਕ ਗ੍ਰਾਸਾ ॥ ਨਿਰਮਲ ਜੋਤਿ ਸਰਬ ਜਗਜੀਵਨੁ ਗੁਰਿ ਅਨਹਦ ਸਬਦਿ ਦਿਖਾਇਆ ॥ ੪ ॥
{ਮਾਰੂ ਸੋ: ਮ: ੧-੧੯}

ਪੁਨਾ:-ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ {ਵਾਰ ਆਸਾ}

ਪੁਨਾ:-ਬਲਿਹਾਰੀ ਕੁਦਰਤਿ ਵਸਿਆ {ਵਾਰ ਆਸਾ}

☞ {ਪਹਿਲੇ ਅੱਧ ਦੀ ਬਾਕੀ ਟੂਕ}

ਨਾਮ ਨਹੀਂ ਓਦੋਂ ਬੀ ਉਹ ਸੱਚ ਸੀ। ਫੇਰ ਜਦ ਸੁੰਨ ਵਰਤੀ (ਤਦ ਜੁਗ ਤੁਰੇ) ਜੁਗਾਦਿ ਸਚੁ=ਤਦੋਂ ਬੀ ਸੱਚ ਸੀ, ਹੁਣ ਸੱਚ ਹੈ ਅਰ ਸਦੀਵ ਸੱਚ ਹੋਵੇਗਾ। ਕਰਤੇ ਦਾ ਰੂਪ ਸਤਿ ਹੈ, ਸਦਾ ਇਕ ਰਸ ਸਤਿ ਹੈ, ਜਦ ਕੁਝ ਨਾ ਹੋਵੇ, ਸੁੰਨ ਤਕ ਬੀ ਨਾ ਹੋਵੇ, ਉਹ ਓਦੋਂ ਬੀ ਸਤਿ ਹੈ। ਉਹ ਕਦੇ ਨਹੀਂ ਸਤਿ ਤੋਂ ਛੁਟ ਕੁਝ ਹੋਰ ਬਣਦਾ।

ਘਟਣ ਲਈ ਅਰ ਪੰਘਰੇ ਹੋਏ ਸੋਨੇ ਵਾਂਙ ਵਿਚ ਵਿਚ ਪਿੰਡਾਕਾਰ ਦਿੱਸਣ ਲਗੇ। ਇਨ੍ਹਾਂ ਵਿਚ ਸੌ ਜਾਂ ਇਸ ਤੋਂ ਵਧੀਕ[1] ਤਰ੍ਹਾਂ ਦੇ ਅੱਡ ਅੱਡ ਰੰਗ ਭਾਸਣ ਲਗੇ। ਕੋਈ ਤਾਂ ਇਕੱਲੇ ਨਿੱਗਰ ਹੋ ਗਏ, ਕੋਈ ਰਲ ਮਿਲ ਕੇ ਨਿੱਗਰ ਹੋ ਗਏ, ਕੋਈ ਵਾਯੂ ਰੂਪ ਹੀ ਰਹਿ ਗਏ, ਕੋਈ ਦ੍ਰਵਜ ਰੂਪ[2] ਰਹਿ ਗਏ, ਗਲ ਕੀ ਅਚਰਜ ਪ੍ਰਕਾਰ ਦੀ ਹਿਚਲ ਪਿਚਲ ਹੋ ਗਈ। ਕੁਝ ਚਿਰ ਮਗਰੋਂ ਸਥੂਲਤਾ ਹੋਰ ਵਧੀ ਅਰ ਕਈ ਨਿੱਗਰ, ਪਰ ਅਤਿ ਗਰਮ ਪਿੰਡ ਬੜੇ ਬੜੇ ਵਿਸਥਾਰ ਵਾਲੇ ਬਣ ਗਏ। ਇਸ ਵੇਲੇ ਤਿੰਨ ਤਰ੍ਹਾਂ ਦੇ ਪਦਾਰਥ ਦਿੱਸਦੇ ਸਨ-ਨਿੱਗਰ, ਦ੍ਰਵਜ ਅਰ ਵਾਯੂ ਰੂਪ। ਪਰ ਗਰਮੀ ਅਤਿ ਤੀਖਣ ਸੀ। ਹੁਣ ਪੈਰੋ ਪੈਰ ਠੰਢ ਵਧਣ ਲਗੀ, ਬਹੁਤ ਸਾਰੇ ਪਿੰਡਾਕਾਰ ਗੋਲੇ ਤਾਂ ਠੰਢੇ ਹੋ ਗਏ[3]। ਕਈ ਟੁਟ ਕੇ ਦੋ ਦੋ ਹੋ ਕੇ ਠਰ ਗਏ। ਕਿਸੇ ਠਰੇ ਹੋਏ ਉਤੇ ਪਾਣੀ ਰੂਪ ਧਾਰਕੇ ਭਰ ਗਿਆ[4] ਤੇ ਵਾਯੂਹਵਾ ਬਣਕੇ ਦੁਆਲੇ ਲਿਪਟ ਗਈ। ਅਨੇਕਾਂ ਅਨੇਕ ਪਿੰਡਾਕਾਰ ਲੋਕ ਬਣ ਗਏ, ਜਿਸ ਪ੍ਰਕਾਰ ਦੀ ਸਾਡੀ ਧਰਤੀ ਹੈ, ਜੋ ਗ੍ਰੈਹ ਕਰਕੇ ਸਦੀਂਦੇ ਹਨ। ਇਹੋ ਜਿਹੇ ਗ੍ਰੈਹਾਂ ਦੇ ਦੁਆਲੇ ਛੋਟੇ ਛੋਟੇ ਹੋਰ ਗੋਲੇ ਬਣੇ, ਜਿਕੁਰ ਦਾ ਸਾਡਾ ਚੰਦ ਹੈ ਜਿਨ੍ਹਾਂ ਨੂੰ ਉਪਗ੍ਰੈਹ ਸੱਦਦੇ ਹਨ। ਗਲ ਇਹ ਸੀ ਕਿ ਪੰਜਾਂ ਪੰਜਾਂ, ਦਸਾਂ ਦਸਾਂ ਯਾ ਵੱਧ ਘੱਟ ਗ੍ਰੈਹਾਂ ਦੇ ਵਿਚਕਾਰ ਇਕ ਇਕ ਪ੍ਰਕਾਸ਼ਮਈ ਪਿੰਡਾਕਾਰ ਗੋਲਾ, ਉਨ੍ਹਾਂ ਦੇ ਰੂਪ ਨਾਲੋਂ ਕਈ ਲਖ ਗੁਣਾਂ ਵੱਡਾ, ਅਪਣੇ ਅਗਨੀ ਰੂਪ ਵਿਚ ਹੀ ਪਿਆ ਦਿੱਸੇ, ਮਾਨੋਂ ਇਸ ਤੋਂ ਹੀ ਟੁੱਟ ਕੇ ਓਹ ਠੰਢੇ ਗੋਲੇ ਬਣੇ

[1] ਭੂਤ ਬਣ ਗਏ। ਭੂਤ=ਓਹ ਪਦਾਰਥ ਜੋ ਤੋੜ ਕੇ ਅੱਡ ਅੱਡ ਪਦਾਰਥਾਂ ਵਿਚ ਵੰਡੇ ਨਾ ਜਾ ਸਕਣ, ਆਪਣੇ ਆਪ ਵਿਚ (ਮੁਫ਼ਰਦ) ਇਕ ਹੋਣ।

[2] ਵਹਿਣ ਵਾਲੇ, ਜੈਸੇ ਪਾਣੀ।

[4] ਇਸ ਦਾ ਸਬੂਤ ਇਸ ਤੋਂ ਮਿਲਦਾ ਹੈ ਕਿ ਧਰਤੀ ਦੇ ਅੰਦਰ ਕੇਂਦਰ ਉਦਾਲੇ ਅਜੇ ਤੀਕ ਅਗਨੀ ਹੈ ਜੋ ਜਵਾਲਾ ਮੁਖੀ ਪਰਬਤਾਂ ਥਾਣੀਂ ਨਿਕਲਦੀ ਰਹਿੰਦੀ ਹੈ ਅਰ ਕਈ ਥਾਈਂ ਗਰਮ ਜਲ ਦੇ ਸੋਮੇਂ ਫੁਟਦੇ ਹਨ, ਐਥੋਂ ਤੀਕ ਕਿ ਸਮੁੰਦਰ ਦੇ ਵਿਚ ਵੀ ਜਵਾਲਾ ਮੁਖੀ ਨਿਕਲ ਪੈਂਦੇ ਹਨ।

[3] ਪਵਨੈ ਤੇ ਜਲ ਹੋਇ ॥

{ਸਿਰੀ ਰਾਗੁ ਮ:੧}

ਸਨ। ਇਸ ਦੀ ਰਚਨਾ ਭਾਵੇਂ ਧੁੰਦੂਕਾਰ ਤੋਂ ਹੋਈ ਹੋਈ ਸੀ, ਪਰ ਕੁਝ ਐਸੇ ਖੇਲ ਵਿਚ ਖਿਡਾਇਆ ਗਿਆ ਕਿ ਇਨ੍ਹਾਂ ਦੀ ਗਰਮੀ ਅਰ ਤੇਜ ਬਹੁਤ ਵੱਡਾ ਕੀਤਾ ਗਿਆ; ਜਿਨ੍ਹਾਂ ਨੂੰ ਹੁਣ ਸੂਰਜ ਕਹਿੰਦੇ ਹਨ। ਇਨ੍ਹਾਂ ਨੂੰ ਕੇਂਦ੍ਰ ਦੀ ਥਾਂ ਰੱਖਕੇ ਗ੍ਰੈਹਾਂ ਨੂੰ ਅੱਡੋ ਅੱਡ ਵਿੱਥਾਂ ਪੁਰ ਕਰਕੇ ਇਨ੍ਹਾਂ ਦੇ ਉਦਾਲੇ ਭੌਣ ਦੀ ਸ਼ਕਤੀ ਮਿਲੀ। ਸੂਰਜ ਬਹੁਤ ਵੱਡੇ ਹੋਣ ਕਰਕੇ ਬੜੀ ਭਾਰੀ ਆਕਰਖਣ ਸ਼ਕਤੀ ਵਾਲੇ ਹੋਣ ਤੇ ਗ੍ਰੈਹਾਂ ਨੂੰ ਆਪਣੀ ਵਲ ਖਿੱਚਣ ਲੱਗੇ ਅਰ ਗ੍ਰੈਹ ਭਾਰੇ ਹੋਣੇ ਤੇ ਡਿੱਗਣ ਨੂੰ ਪੈਣ ਲਗੇ, ਇਸ ਖਿੱਚਮ-ਖਿੱਚੀ ਵਿਚ ਗ੍ਰੈਹ ਆਪਣੇ ਉਦਾਲੇ ਬੀ ਅਰ ਸੂਰਜਾਂ ਦੇ ਉਦਾਲੇ ਭੀ ਭੌਣ ਲੱਗੇ। ਇਸੇ ਤਰ੍ਹਾਂ ਗ੍ਰੈਹ ਉਪਗ੍ਰੈਹਾਂ ਨੂੰ ਖਿੱਚਣ ਲਗੇ ਅਰ ਇਸੇ ਤਰ੍ਹਾਂ ਦੀ ਖਿੱਚਮ ਖਿੱਚੀ ਵਿਚ ਉਪਗਰੈਹ ਗ੍ਰੈਹਾਂ ਦੀਆਂ ਪ੍ਰਕਰਮਾ ਕਰਨ ਲੱਗੇ।

ਇਸ ਵੇਲੇ ਵੱਡੇ ਤਮਾਸ਼ੇ ਦੀ ਗੱਲ ਇਹ ਹੋਈ ਕਿ ਅਨਗਿਣਤ ਸੂਰਜਾਂ ਦੇ ਵਿਚਕਾਰ ਬੜੇ ਬੜੇ ਸਮਝ ਤੋਂ ਪਰੇ ਆਕਾਰ ਦੇ ਸੂਰਜ (ਕਹੋ ਜਾਂ ਕੁਝ ਹੋਰ ਨਾਉਂ ਧਰੋ) ਜਿਨ੍ਹਾਂ ਦੀ ਖਿੱਚ ਦੇ ਮਾਰੇ ਉਹਨਾਂ ਦੇ ਦੁਆਲੇ ਦੇ ਸੂਰਜ ਗ੍ਰੈਹਾਂ ਤੇ ਉਪਗ੍ਰੈਹਾਂ ਸਮੇਤ ਪਰਦੱਖਣਾਂ ਲੈਣ ਲਗੇ।

ਇਨ੍ਹਾਂ ਤੋਂ ਬਾਝ ਕਈ ਪਿੰਡ ਗਰਮ ਵਾਯੂ ਰੂਪ ਵਿਚ ਹੀ ਰਹੇ ਅਰ ਉਹਨਾਂ ਦੀ ਚਾਲ ਗ੍ਰੈਹਾਂ ਉਪਗ੍ਰੈਹਾਂ ਨਾਲੋਂ ਵਿਲੱਖਣ ਬਣੀ, ਉਹ ਬਹੁਤ ਲੰਬੀ ਆਂਡੇ ਵਾਂਙੂ ਗੋਲਾਈ ਦਰਸ਼ਕ ਚਾਲ ਵਿਚ ਪੈਕੇ ਸੂਰਜਾਂ ਦੇ ਉਦਾਲੇ ਉਹਨਾਂ ਨੂੰ ਇਕ ਕੇਂਦ੍ਰ ਤੇ ਨਹੀਂ, ਸਗੋਂ 'ਦੁਕਨ ਕੇਂਦਰ' ਪਰ ਛੱਡਕੇ ਭੌਣ ਲੱਗੇ। ਇਨ੍ਹਾਂ ਵਿਚੋਂ ਕਈ ਕਈ ਤਾਂ ਆਪਣੇ ਦੁਕਨ-ਕੇਂਦਰ[1] ਤੋਂ ਐਡੀ ਦੂਰ ਨਿਕਲ ਜਾਣ ਕਿ ਹੋਰ ਸੂਰਜ ਦੀ ਖਿੱਚ ਵਿਚ ਆ ਜਾਣ ਤੇ ਉਸ ਦੇ ਦੁਆਲੇ ਹੋ ਤੁਰਨ ਅਰ ਪਹਿਲੇ ਨੂੰ ਛੱਡ ਜਾਣ। ਇਸ ਪ੍ਰਕਾਰ ਕਈ ਤਰ੍ਹਾਂ ਦੇ ਨਿੱਕੇ ਤੋਂ ਨਿੱਕੇ ਗੋਲਾਕਾਰ ਪਿੰਡਾਂ ਤੋਂ ਲੈਕੇ ਲੱਖਾਂ ਕ੍ਰੋੜਾਂ ਮੀਲਾਂ ਦੇ ਬ੍ਰਿਤ ਵਾਲੇ ਗੋਲਾਕਾਰ[2] ਸੈਂਕੜੇ ਹਜ਼ਾਰਾਂ

[1] ਅੰਡਾਕਾਰ ਸ਼ਕਲ ਦੇ ਦੋ ਕੇਂਦਰ ਸਥਾਨੀ ਬਿੰਦੂ ਦੁਕਨ-ਕੇਂਦਰ ਕਹੀਦੇ ਹਨ।

[2] ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ {ਆਸਾ ਵਾ: ਮ: ੧, ੨-੧}

ਲਖਾਂ ਕ੍ਰੋੜਾਂ ਅਰ ਗਿਣਤੀ ਤੋਂ ਰਹਿਤ ਵਿੱਥਾਂ ਪੁਰ ਹੋਕੇ ਹੁਕਮ ਦੇ ਬੱਧੇ[1] ਗੇੜੇ ਮਾਰਕੇ ਸਿਰਜਣਹਾਰ ਦੇ ਸਦਾਨੰਦ ਰਹਿਣ ਵਾਲੇ ਸਰੂਪ ਵਿਚੋਂ ਆਨੰਦ ਪ੍ਰਾਪਤ ਕਰ ਕਰਕੇ ਆਨੰਦ ਤੇ ਤਮਾਸ਼ੇ ਕਰਨ ਲਗੇ ਅਰ ਕਰਤਾਰ ਦੇ ਹੁਕਮ ਨਾਲ ਅਕਾਸ਼ ਪੁਲਾੜ ਰੂਪ ਹੋਕੇ ਇਸ ਤਮਾਸ਼ੇ ਲਈ ਤਮਾਸ਼ਾ ਘਰ ਬਣਿਆਂ[2]।

ਇਸ ਸਾਰੀ ਰਚਨਾ ਦੇ ਵਿਚਕਾਰ ਰਚਣਹਾਰ ਆਪ ਬੈਠਕੇ ਆਪਣੀ ਸੱਤਾ ਨਾਲ ਸਾਰੇ ਰਚੇ ਹੋਏ ਨੂੰ ਮਾਨੋ ਤੋਰਦਾ ਜਾਪੇ, ਜਿਵੇਂ ਮਹਿਲ ਬਣਾਕੇ ਵਿਚ ਮਾਲਕ ਬਣਕੇ ਬਿਰਾਜ ਗਿਆ ਹੈ[3]। ਕੋਈ ਇਹ ਨਾ ਸਮਝੇ ਕਿ ਆਪ ਬੀ ਕੋਈ ਸੂਰਜ ਬਣਕੇ ਨਾਮ ਰੂਪ ਵਾਲਾ ਹੋਕੇ ਵਿਚ ਆ ਬੈਠਾ ਹੈ, ਨਹੀਂ, ਉਸਦੀ ਕਲਾ, ਉਸਦੀ ਸੱਤਾ ਦਾ ਸਾਰੀ ਸ੍ਰਿਸ਼ਟੀ ਦੇ ਸਿਰ ਤੇ ਕੁੰਡਾ ਵਤ ਰੱਖਿਆ ਗਿਆ ਤੇ ਆਪ ਵਿਚ ਵਜ਼ਾਪਕ ਰੂਪ ਵਿਚ ਵਿਦਮਾਨ ਹੈ ਤੇ ਦੇਖਣਹਾਰ ਹੈ[4]।

ਆਪ ਨਿਰਵਿਕਾਰ, ਵੱਖਰਾ, ਜਿਹਾ ਰਚਣ ਤੋਂ ਪਹਿਲੇ ਸੀ ਤਿਹਾ ਰਚਣ ਵੇਲੇ[5] ਤੇ ਤਿਹਾ ਹੀ ਰਚਕੇ

---

[1] ਭੈ ਵਿਚਿ ਸੂਰਜ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ {ਆਸਾ ਵਾਰ ਮ: ੧, ੪-੧}

[2] ਭੈ ਵਿਚਿ ਆਡਾਣੇ ਆਕਾਸ ॥ {ਆਸਾ ਵਾਰ}

[3] ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥ {ਆ: ਵਾ: ਮ: ੨, ੨-੩}

[4] ਦੂਯੀ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ ॥ {ਵਾਰ ਆਸਾ ਮ:੧, ੧-੪}

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥ {ਆਸਾ ਵ: ਮ:੧, ੩-੨}

ਦਯੁ ਬੈਠਾ ਵੇਖੈ ਆਪਿ ਜੀਉ ॥
ਪੁਨਾ: ਬੈਠਾ ਵੇਖੈ ਵਖਿ ਇਕੇਲਾ ॥ {ਤਿਲੰਗ ਮ:੧, ੫-੩}

[5] ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ {ਆਸਾ ਵਾ: ਮ: ੧, ੩-੨}

ਭਾਵ ਕਾਦਰ ਤੇ ਕਰਤਾ ਹੋਕੇ ਫੇਰ ਨਿਰਲੇਪ ਹੈ।

ਪੁਨਾ: ਜਹ ਦੇਖਾ ਤਹ ਦੀਨ ਦਇਆਲਾ ॥ ਆਇ ਨ ਜਾਈ ਪ੍ਰਭੁ ਕਿਰਪਾਲਾ ॥ ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ ॥੧॥ {ਮਾਰੂ ਸੋ: ਮ: ੧}

ਸੰਭਾਲਣ ਵੇਲੇ ਸਤਿ ਚਿਤਿ ਅਨੰਦ, ਘਟ ਘਟ ਦਾ ਪ੍ਰਕਾਸੀ ਅਕਾਲ ਪੁਰਖ ਪਿਆ ਲਿਸ਼ਕਾਂ ਮਾਰੇ।

> ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ
> ਵਖਿ ਇਕੇਲਾ[1] ॥ {ਤਿਲੰਗ ਮਹਲਾ ੧, ੫-੩}

ਹੁਣ ਪੌਣ ਪਾਣੀ ਅਗਨੀ ਪ੍ਰਿਥਵੀ ਆਦਿ ਦੇ ਕੌਤਕਾਂ ਨਾਲ ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਬਣਨ ਲਗੀ। ਹੋਰਨਾਂ ਧਰਤੀਆਂ ਤੇ ਗ੍ਰੈਹਾਂ ਨਾਲੋਂ ਕੁਛ ਆਪਣੀ ਧਰਤੀ ਦਾ ਹਾਲ ਐਉਂ ਦਾ ਦਿੱਸਿਆ :-ਪਹਿਲੇ ਜਦ ਧਰਤੀ ਅਜੇਹੀ ਚੰਗੀ ਠਰੀ ਨਹੀਂ ਸੀ, ਗਰਮ ਚਿੱਕੜ ਅਰ ਤਪਤ ਵਾਯੂ ਚਲਦੀ ਸੀ, ਤਦ ਅਸਚਰਜ ਪ੍ਰਕਾਰ ਦੀ ਸ੍ਰਿਸ਼ਟੀ ਦਿੱਸੀ ਅਰ ਅਦਭੁਤ ਤਰ੍ਹਾਂ ਦੀ ਬਨਸਪਤਿ ਦਿੱਸਦੀ ਸੀ ਜਿਸ ਦਾ ਹੁਣ ਕਿਤੇ ਪਤਾ ਨਹੀਂ ਲਗਦਾ[2]। ਜੀਵ ਸ੍ਰਿਸ਼ਟੀ ਬੀ ਬੜੀ ਅਨੋਖੀ, ਬੜੀ ਬੜੀ ਡੀਲ ਦੀ ਤੇ ਬੜੇ ਬੜੇ ਡਰਾਉਣੇ ਕੱਦਾਂ ਦੇ ਜਾਨਵਰ[3] ਦਿੱਸੇ। ਜਾਂ ਸਰਦੀ ਵਧੀ ਤਾਂ ਇਹ ਸਭ ਸ੍ਰਿਸ਼ਟੀ ਲੋਪ ਹੋ ਗਈ। ਧਰਤੀ ਦਾ ਰੂਪ ਪਹਾੜਾਂ ਮੈਦਾਨਾਂ ਤੇ ਟੋਇਆਂ ਵਾਲਾ, ਜਿਹਾ ਕਿ ਅਜ ਕਲ ਹੈ, ਨਿਕਲ ਆਇਆ। ਟੋਏ ਜਲ ਨਾਲ ਭਰਕੇ ਸਮੁੰਦਰ ਬਣ ਗਏ, ਅਰ ਸੁਹਾਉਣੀ ਪੌਣ ਵਗਣ ਲੱਗੀ। ਸਾਰੇ ਪੱਥਰ ਸੈਲ ਆਦਿ ਰੂਪ ਵਿਚ ਖਾਣੀ ਸ੍ਰਿਸ਼ਟੀ ਹੀ ਦਿੱਸਣ ਲੱਗੀ[4]। ਫੇਰ ਇਸ ਵਿਚ ਅਸਚਰਜ ਕੌਤਕ ਹੋਏ। ਸੂਰਜ ਦੀਆਂ ਕਿਰਨਾਂ ਅਰ ਜਲ ਪੌਣ ਦੇ ਅਸਰਾਂ ਨਾਲ ਪ੍ਰਕ੍ਰਿਤੀ ਵਿਚ ਕਿਤੇ ਕਿਤੇ ਐਸੀ ਲਟਕ ਆਈ ਮਾਨੋਂ ਉਸ ਵਿਚ ਜੀਵਣ ਕਣੀ ਆ ਢੱਠੀ ਹੈ, ਹਾਂ ਉਸ ਵਿਚ ਅਗੰਮੋਂ ਜਾਨ ਪੈ ਗਈ ਹੈ। ਇਕ ਨਵੀਂ ਸ੍ਰਿਸ਼ਟੀ ਉਪਜੀ (ਉਹ ਬਨਾਸਪਤੀ ਸੀ) ਕਈ

---

[1] ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ {ਵਾਰ ਆਸਾ ਮ: ੧, ੧-੪}

[2] ਤਦੋਂ ਦੀ ਦੱਬੀ ਹੋਈ ਬਨਸਪਤੀ ਪੱਥਰ ਦੇ ਕੋਲੇ ਦੇ ਰੂਪ ਵਿਚ ਅੱਜ ਤੱਕ ਜ਼ਿਮੀਂ ਵਿਚੋਂ ਨਿਕਲਦੀ ਹੈ।

[3] ਜਿਨ੍ਹਾਂ ਦੇ ਪਿੰਜਰ ਦਬੇ ਹੋਏ ਜ਼ਿਮੀਆਂ ਵਿਚ ਯਾ ਬਰਫਾਂ ਹੇਠੋਂ ਕਦੇ ਕਦੇ ਅੱਜ ਤੀਕ ਲੱਭਦੇ ਹਨ।

[4] ਕਈ ਜਨਮ ਸੈਲ ਗਿਰਿ ਕਰਿਆ ॥ {ਗਉੜੀ ਮ: ੫-੭੨}

ਪ੍ਰਕਾਰ ਦੀਆਂ ਉੱਲੀਆਂ ਤੇ ਨਜੁਨ ਭਾਂਤ ਦੇ ਪੌਦੇ ਬਣੇ, ਬੂਟੇ, ਪੌਦੇ, ਬ੍ਰਿਛ ਆਦ ਬਣੇ[੧] ਤੇ ਇਕ ਦੂਜੀ ਭਾਂਤ ਨਾਲੋਂ ਕੋਈ ਨਾ ਕੋਈ ਵਿਸ਼ੇਸ਼ਤਾ ਲੈਕੇ ਧਰਤੀ ਨੂੰ ਸੁਹਣਿਆਂ ਕਰਨ ਲਗੇ। ਹਰ ਬਨਾਸਪਤੀ ਵਿਚ ਖਾਸ ਗੁਣ ਹੁੰਦੇ, ਉੱਲੀ ਆਦ ਤੋਂ ਲੈਕੇ ਐਥੋਂ ਤੀਕ ਦੇ ਬੂਟੇ ਹੋਏ ਕਿ ਜੋ ਪ੍ਰਕਾਸ਼ ਦਾ ਅਸਰ ਮਲੂਮ ਕਰਨ ਤੋਂ ਛੁਟ ਤ੍ਵਚਾ ਗਿਆਨ ਵਾਲੇ ਬੀ ਹੋਏ ਅਰ ਕਈ ਕੁਝ ਜੀਵਾਂ ਦੀ ਡੌਲ ਪਰ ਅਰ ਬਨਾਸਪਤੀ ਤੋਂ ਨਿਰਾਲੇ ਢੰਗ ਪੁਰ ਮਾਨੋਂ ਖਾਣਾ ਖਾਣ ਲਗੇ[੨]। ਫਿਰ ਦੇਖੋ ਇਕ ਹੋਰ ਅਚਰਜ ਜੀਵ ਸ੍ਰਿਸ਼ਟੀ ਤੁਰੀ ਅਰ ਗੰਡੋਏ ਕੀੜੇ ਪਤੰਗੇ ਆਦਿਕ ਬਣੇ[੩] ਫੇਰ ਸਰਪ ਤੇ ਪੰਛੀ ਆਦਿ ਬਣ ਗਏ[੪]। ਫੇਰ ਮੱਛੀਆਂ, ਫੇਰ ਕਈ ਪ੍ਰਕਾਰ ਦੇ ਵਡੇ ਵਡੇ ਚੁਪਾਏ[੫] ਆਦਿ ਜਨੌਰਾਂ ਦੀਆਂ ਦੇਹਾਂ ਦਿੱਸਣ ਲੱਗ ਪਈਆਂ। ਤਰ੍ਹਾਂ ਤਰ੍ਹਾਂ ਦੇ ਬੰਦਰ ਤੇ ਬਨਮਾਣਸ ਹੋ ਪਏ। ਹੁਣ ਜੀਵਨ ਦਾ ਕਿਣਕਾ ਸ੍ਰਿਸ਼ਟੀ ਵਿਚ ਰਹਿਕੇ ਅਰ ਲੱਖਾਂ ਤਰ੍ਹਾਂ ਦੀਆਂ ਜੂਨਾਂ ਵਿਚ ਫਿਰ ਫਿਰ/ਕੇ ਪਰਮਾਤਮਾ ਦੀ ਪਰਮ ਕ੍ਰਿਪਾਲਤਾ ਕਰਕੇ ਪ੍ਰਕ੍ਰਿਤੀ ਦੇ ਸਾਰੇ ਘਰਾਂ ਵਿਚ ਸਫਰ ਕਰ ਕਰਕੇ ਸਾਰੇ ਗੁਣਾਂ ਦਾ ਪੁੰਜ ਬਣ ਗਿਆ, ਮਾਨੋਂ ਜੋ ਜੋ ਗੁਣ ਜੀਵ ਸ੍ਰਿਸ਼ਟੀ ਵਿਚ ਹਨ, ਸਾਰੇ ਸੂਛ ਬਿਵਸਥਾ ਵਿਚ ਕੱਠੇ ਹੁੰਦੇ ਹੁੰਦੇ ਅਰ ਅਕਾਲ ਪੁਰਖ ਦੀ ਪਰੇਰਨਾ ਨਾਲ ਮਿਲ ਮਿਲਕੇ ਅਕਲ ਨਾਲ ਗੁਨ੍ਹੀਜ ਕੇ ਮਾਨੁਖ[੬] ਦਾ ਪੁਤਲਾ ਸਿਰੇ ਚੜ੍ਹਿਆ[੧]। ਜੋ ਸਮਿਆਂ ਵਿਚ ਅਕਲੀਆ ਤੇ ਚਾਤੁਰ ਹੋ ਗਿਆ। ਇਸ ਮਾਨੁਖ ਸ੍ਰਿਸ਼ਟੀ ਦੀ ਫੇਰ ਉਹੋ ਦਸ਼ਾ ਹੋਈ ਜੋ ਪੁੱਠੇ ਚਕ੍ਰ ਚਲਦੇ ਵੇਲੇ ਪਹਿਲਾਂ ਵੇਖੀ ਸੀ[੨]। ਐਉਂ ਜਾਪੇ ਜਿਵੇਂ ਓਨਾਂ ਸਮਾਂ ਫੇਰ ਬਿਤੀਤ ਹੋਇਆ ਹੈ।

ਇਸ ਵੇਲੇ ਇਕ ਸੁੰਦਰ ਇਸਤ੍ਰੀ ਨੇ, ਜੋ ਪੌਣ ਵਿਚ ਉਡਦੀ ਸੀ, ਸਿਰ ਫੜਕੇ ਜ਼ੋਰ ਨਾਲ ਫੇਰਿਆ ਅਰ ਚੱਕਰ ਦੇਕੇ ਇਕ ਐਸੀ ਥਾਂ ਤੇ ਸਿੱਟਿਆ ਕਿ ਜਿੱਥੇ ਇਕ ਬੜਾ ਰਮਣੀਕ ਬਨ ਸੀ। ਕਰੜੇ ਰੋੜਾਂ[੩] ਤੇ ਕੰਕਰਾਂ ਦਾ ਇਕ ਥੜਾ ਜਿਹਾ ਬਣਿਆ ਹੋਇਆ ਸੀ, ਓਥੇ ਇਕ ਅਤਿ ਸੁੰਦਰ ਪੁਰਖ, ਜਿਸ ਜੈਸਾ ਸੁਹਣਾ ਅਰ ਪ੍ਰਕਾਸ਼ ਵਾਲਾ ਨਾ ਕਦੇ ਡਿੱਠਾ ਨਾ ਸੁਣਿਆ ਹੋਵੇ, ਸਮਾਧਿ ਲਈ ਉਤੇ ਬੈਠਾ ਸੀ। ਇਨ੍ਹਾਂ ਦਾ ਰੂਪ ਦੇਖਕੇ ਮਨ ਅਤਿ ਆਨੰਦ ਹੋਇਆ ਅਰ ਨੈਣ ਦਰਸ਼ਨਾਂ ਵਿਚ ਜੁੜ ਗਏ। ਇੰਨੇ ਚਿਰ ਨੂੰ ਇਕ ਹੋਰ ਪਤਲੇਰੇ ਤੇ ਲੰਮੇਰੇ ਸਰੀਰ ਵਾਲੇ, ਜੋ ਦਿਲ ਦੀ ਗ਼ਰੀਬੀ ਅਰ ਭੋਲੇਪਨ ਦੇ ਅਵਤਾਰ ਜਾਪਦੇ ਸਨ, ਅੱਕਾਂ ਦੀਆਂ ਕਰੁੰਬਲੀਆਂ ਤੇ ਫੁਲ ਲੈ ਕੇ ਆਏ ਤੇ ਇਕ ਪਾਸੇ ਧਰਕੇ ਪਰੇ ਜਾ ਕੇ ਸਮਾਧੀ ਵਿਚ ਲੀਨ ਹੋ ਆਪ ਬੀ ਟਿਕ ਗਏ। ਕੁਛ ਕਾਲ ਮਗਰੋਂ ਇਹ ਦੂਸਰੇ ਸਜਣ ਜੀ ਉਠੇ ਤੇ ਇਧਰ ਤੱਕ ਕੇ ਬੋਲੇ :-

"ਏਹ ਆਪ ਜੀ ਹਨ, ਖ਼ੁਦ ਆਪ। ਆਪਾ ਆਪ ਦੇ ਬਖਸ਼ੇ ਹੋਏ ਆਪ। ਆਪੇ ਦੀ ਮਿਹਰ ਦੇ ਸਾਜੇ ਹੋਏ ਆਪ ॥ ਆਪੇ ਦੇ ਰੰਗ ਵਿਚ ਘਾਲ ਕਰ ਰਹੇ ਆਪ। ਛੱਤੀ ਜੁਗਾਂ[੪] ਤੋਂ ਘਾਲ ਕਰ ਰਹੇ ਆਪ। ਜਫਰ ਜਾਲਦੇ ਹਨ, ਪਰ ਆਪੇ ਵਿਚ ਆਪੇ ਦੀ ਯਾਦ ਵਿਚ ਆਪ ਹਨ, ਜੁਗ ਪਲਟੇ ਪਰ ਆਪ ਨੇ

---

[੧] ਕਈ ਜਨਮ ਸਾਖ ਕਰਿ ਉਪਾਇਆ ॥
{ਗਉ: ਮ: ੫-੭੨}

[੨] ਕਈ ਜਨਮ ਹੈਵਰ ਬ੍ਰਿਖ ਜੋਇਓ ॥
{ਗਉੜੀ ਮ: ੫-੭੨}

ਹੈਵਰ ਜਿੰਦ ਵਾਲੇ ਨੂੰ ਕਹਿੰਦੇ ਹਨ, ਹੈਵਰ-ਬ੍ਰਿਖ ਉਹ ਬੂਟੇ ਜੋ ਜੀਵਾਂ ਵਾਂਙ ਕੁਝ ਕੁਝ ਹੋ ਗਏ ਸਨ। ਇਸ ਪ੍ਰਕਾਰ ਦੇ ਕਈ ਜੀਵ ਬੂਟੇ ਸਮੁੰਦਰੀ ਚਟਾਨਾ ਨਾਲ ਹੁੰਦੇ ਹਨ।

[੩] ਕਈ ਜਨਮ ਭਏ ਕੀਟ ਪਤੰਗਾ ॥
{ਗਉੜੀ, ਮ: ੫}

[੪] ਕਈ ਜਨਮ ਪੰਖੀ ਸਰਪ ਹੋਇਓ ॥
{ਗਉੜੀ ਮ: ੫-੭੨}

[੫] ਕਈ ਜਨਮ ਗਜ ਮੀਨ ਕੁਰੰਗਾ ॥ {ਗਉ:ਮ: ੫}

[੬] ਚਿਰੰਕਾਲ ਇਹ ਦੇਹ ਸੰਜਰੀਆ ॥
{ਗਉੜੀ ਮ: ੫}

---

[੧] ਇਸੁ ਪਾਨੀ ਤੇ ਜਿਨਿ ਤੂ ਘਰਿਆ ॥ ਮਾਟੀ ਕਾ ਲੈ ਦੇਹੁਰਾ ਕਰਿਆ ॥ ਉਕਤ ਜੋਤਿ ਲੈ ਸੁਰਤਿ ਪਰੀਖਿਆ ॥ ਮਾਤ ਗਰਭ ਮਹਿ ਜਿਨਿ ਤੂ ਰਾਖਿਆ ॥
{ਰਾਮ: ਅਸ਼ਟ: ਮਾ ੫, ੨-੧}

[੨] ਇਹ ਪਿਛੇ ਆ ਚੁਕੀ ਹੈ।

[੩] ਰੋੜਾਂ ਕੀ ਗੁਰ ਕ਼ਰੀ ਵਿਛਾਈ ॥
{ਵਾਰ ਭਾ: ਗੁਰ: ੧-੨੪}

[੪] ਹੁਕਮੇ ਜੁਗ ਛਤੀਹ ਗੁਦਾਰੇ ॥
{ਮਾਰੂ ਸੋ: ਮ: ੧ ੧੬-੧੪}

ਪਜਾਰੇ ਨੂੰ ਨਹੀਂ ਭੁਲਾਇਆ। ਏਥੇ ਜਦ ਦੇ ਬੈਠੇ ਹਨ ਅੱਕ ਖਾਂਦੇ[1] ਤੇ ਪਾਣੀ ਪੀਂਦੇ ਹਨ। ਧੁੱਪ ਇਨ੍ਹਾਂ ਨੂੰ ਨਹੀਂ ਪੋਹਦੀ, ਠੰਢ ਇਨ੍ਹਾਂ ਨੂੰ ਨਹੀਂ ਲਗਦੀ। ਸਮੁੰਦਰ ਦੀਆਂ ਠਾਠਾਂ ਇਨ੍ਹਾਂ ਦਾ ਕੁਝ ਨਹੀਂ ਵਿਗਾੜਦੀਆਂ। ਸੱਪ ਸ਼ੇਰ ਇਨ੍ਹਾਂ ਨੂੰ ਕੁਝ ਨਹੀਂ ਕਹਿੰਦੇ। ਨੀਂਦ ਭੁੱਖ ਇਨ੍ਹਾਂ ਨੂੰ ਨਹੀਂ ਅਕਾਉਂਦੀਆਂ। ਬਸ ਇਕ ਰਸ ਪ੍ਰੇਮ ਮਗਨ ਹਨ[2]।

ਪ. {ਮਾਤ ਲੋਕ ਤੋਂ ਸੱਚ ਖੰਡ}

**ਇਹ** ਗੱਲਾਂ ਸੁਣਕੇ ਦਿਲ ਦਿਲਗੀਰੀ ਫੜਦਾ ਸੀ ਕਿ ਰਚਨਾਂ ਦੇ ਕੌਤਕ ਤੱਕ ਕੇ ਕੀ ਲੈਣਾ ਸੀ, ਛੱਤੀ ਜੁਗ ਅੱਖ ਫਰੱਕੇ ਵਿਚ ਬੀਤ ਗਏ, ਕੌਤਕ ਕੋਡ ਤਮਾਸ਼ਿਆਂ ਵੇਖਣ ਵਿਚ। ਕਾਸ਼ ! ਇਹ ਸਮਾਂ ਇਸ ਪ੍ਰੇਮ ਮੂਰਤੀ ਦੇ ਦਰਸ਼ਨਾਂ ਵਿਚ ਲੰਘਦਾ। ਦਰਸ਼ਨ ਤਾਂ 'ਆਦਿ' ਵਿਚ ਹੋਏ ਸਨ। ਉਹੋ ਹਨ ਜੋ ਧੁਰੋਂ ਗੁਰੂ ਸਰੂਪ ਹੋਕੇ ਦਿੱਸੇ ਸਨ। ਉਹੋ ਹਨ। ਆਹ, ਮਨ ! ਜੇ ਤੂੰ ਮਨ ਨਾ ਹੁੰਦਾ ਤਾਂ ਪ੍ਰੇਮ ਮੂਰਤੀ ਦੇ ਦਰਸ਼ਨਾਂ ਵਿਚ ਰਹਿੰਦਾ। ਵਾਹ ਵਾਹ ! ਸ਼ੁਕਰ ਕਰ ਕਿ ਫੇਰ ਦਰਸ਼ਨ ਤਾਂ ਹੋ ਗਿਆ।

ਇੰਨੇ ਨੂੰ ਇਕ ਅਗੰਮੀ ਆਵਾਜ਼ ਆਈ :-

ਪਹਿਲਾ ਰੂਪ-ਨਾਨਕ-ਸਦੀਵੇਗਾ।

ਦੂਜਾ ਰੂਪ-ਅੰਗਦ-ਸਦੀਵੇਗਾ।

'ਨਾਨਕ' ਤੇ 'ਅੰਗਦ' ਸੁਣਕੇ ਲੂੰ ਲੂੰ ਵਿਚ ਹੋਰ ਵਧੇਰੀ ਠੰਡ ਤੇ ਮਿਠਾਸ ਪੈ ਗਈ। ਨਾਮ ਦੀ ਮਿਠਾਸ ਕੇਡੀ ਪਿਆਰੀ ਹੈ।

ਧੰਨ ਗੁਰੂ ਨਾਨਕ !

ਧੰਨ ਗੁਰੂ ਅੰਗਦ !

ਫੇਰ ਕਿੰਨਾ ਕਾਲ ਉਸ ਸੁਹਾਵੇ ਦਿਲ-ਖਿੱਚ ਦਰਸ਼ਨ ਵਿਚ ਲੰਘ ਗਿਆ, ਕੁਝ ਪਤਾ ਨਹੀਂ ਲੱਗਾ। ਅਚਾਨਕ ਇਕ ਦਿਨ ਮੀਂਹ ਹਨੇਰੀ, ਬੱਦਲ, ਬਿਜਲੀ, ਗੜੇ, ਬਰਫ, ਭੁਚਾਲ ਤੇ ਸਮੁੰਦਰ ਦਾ ਹੜ੍ਹ ਆਇਆ ਮਾਨੋਂ ਸਾਰੇ ਉਪੱਦ੍ਰਵਾਂ ਦੀ ਕਾਂਗ ਆ ਗਈ, ਪਰ ਆਪ ਜੀ ਨਹੀਂ ਡੋਲੇ, ਹਿੱਲੇ ਤਕ ਨਹੀਂ, ਸਗੋਂ, ਆਪ ਦੇ ਲੂੰ ਲੂੰ ਵਿਚੋਂ ਇਕ ਬੜੀ ਪਿਆਰੀ ਖੁਸ਼ਬੂ ਅਰ ਇਕ ਸੁਰੀਲੀ ਸੁਰ ਨਿਕਲਦੀ ਸੀ :-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥ {ਜਪੁਜੀ}

ਫੇਰ ਵਾਜੇ ਵੱਜਣ ਲਗ ਗਏ ਅਰ ਏਹ ਅਵਾਜ਼ ਆਈ :-

ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ {ਜਪੁਜੀ}

ਹੁਣ ਰੋੜਾਂ ਦੇ ਬਿਸਤਰੇ ਦਾ ਰੰਗ ਮਖ਼ਮਲ ਦਾ ਹੋ ਗਿਆ। ਫੇਰ ਸਿੰਘਾਸਨ ਬਣ ਗਿਆ, ਅਰ ਸਿੰਘਾਸਨ ਉਠਿਆ। ਉਹ ਮੂਰਤੀ, ਜੋ ਸੇਵਾ ਕਰਦੀ ਸੀ, ਜੋ 'ਅੰਗਦ' ਜੀ ਕਰਕੇ ਦੱਸੀ ਗਈ ਸੀ, ਦੌੜ ਕੇ ਚਰਨਾਂ ਪੁਰ ਨਮਸਕਾਰ ਵਿਚ ਹੀ ਪੈ ਗਈ ਅਰ ਉਹਨਾਂ ਦੇ ਚਰਨਾਂ ਵਿਚ ਹੀ ਗੁੰਮ ਹੋ ਗਈ, ਜਿਕੁਰ ਨਿਰਮਲ ਹਿਰਦੇ ਵਿਚ ਗ਼ਰੀਬੀ ਸਮਾ ਜਾਂਦੀ ਹੈ, ਜਿਵੇਂ ਜਲ ਕੁੰਡ ਵਿਚ ਜਲ ਜਿਵੇਂ ਧੁੱਪ ਵਿਚ ਚੰਦ ਦੀ ਲੋ। ਹੁਣ ਉਹ ਤਖਤ ਬਿਜਲੀ ਵਾਂਙ ਚਮਕਣ ਲਗ ਗਿਆ, ਤੱਤਾਂ ਦਾ ਜੁੱਧ ਦੂਰ ਹੋਇਆ ਅਰ ਬਾਹਰਲੀ ਅੱਖ ਨੂੰ ਐਉਂ ਜਾਪੇ ਮਾਨੋਂ ਸੀਤਲ ਪੌਣ ਦੇ ਮੋਢਿਆਂ ਤੇ ਚੱਕਿਆ ਗਿਆ ਹੈ। ਤਖਤ ਉਪਰ ਉਪਰ ਉੱਡਦਾ ਗਿਆ। ਇਸ ਵੇਲੇ ਅਚਰਜ ਸ਼ਬਦ ਹੁੰਦੇ ਸਨ, ਅਰ ਖੁਸ਼ੀ ਦੇ ਅਵਾਜੇ ਸੁਣਾਈ ਦੇਂਦੇ ਸਨ ਕਿ ਜਿਸ ਦਾ ਵਰਣਨ ਕਰਨਾ ਕਠਨ ਹੈ, ਇਹ ਜਾਪਦਾ ਸੀ ਕਿ ਅਕਾਸ਼ ਨੂੰ ਜੀਭ ਲਗ ਗਈ ਹੈ। ਕੋਈ ਗਾਉਂਦੇ ਹਨ ਅਰ ਕਹਿੰਦੇ ਹੈਨ :-

'ਸਚਖੰਡਿ ਵਸੈ ਨਿਰੰਕਾਰੁ ॥'

ਉੱਪਰ ਉਡਦਾ ਤਖਤ ਐਸੇ ਥਾਂ ਤੇ ਪਹੁੰਚਾ ਜੋ ਸਾਰੇ ਬ੍ਰਹਮੰਡ ਦਾ ਕੇਂਦਰ ਕਿਹਾ ਜਾਵੇ ਤਾਂ ਠੀਕ ਹੈ, ਜਿੱਥੋਂ ਸਭ ਲੋਕ ਤੇ ਖੰਡ ਦਿੱਸਦੇ ਸਨ। ਇਥੋਂ ਦੀ ਗਤੀ ਬੜੀ ਨਿਰਾਲੀ ਸੀ। ਪੌਣ ਨਹੀਂ, ਪਾਣੀ ਨਹੀਂ, ਮਾਇਕ ਪਦਾਰਥ ਕੋਈ ਨਹੀਂ, ਲੋਕ ਨਹੀਂ, ਬ੍ਰਹਮੰਡ ਨਹੀਂ ਪਰ ਸਾਰੇ ਬ੍ਰਹਮੰਡ ਅਨੇਕ ਸ੍ਰਿਸ਼ਟੀਆਂ, ਦੇਸ਼ ਕਾਲ ਦੇ ਅਨੇਕ ਰੰਗ, ਇਕ ਦੂਸਰੇ ਦੇ ਅੰਤਰਗਤ ਅਤੇ ਅਨੇਕ ਅਭੌਤਕ ਪਦਾਰਥ ਦਿੱਸਦੇ ਤੇ ਭਾਸਦੇ ਹਨ[1]। ਫੇਰ ਇਕ ਅਤਿ ਸੂਖਮ ਅਰ ਤਰਲ ਵਸਤੂ ਹੈ ਜੋ ਅੰਦਰ ਬਾਹਰ ਫਿਰਦੀ ਅਰ ਆਨੰਦ ਦੇ ਰਹੀ ਹੈ। ਜਦ ਇੱਥੇ ਪਹੁੰਚੇ ਤਾਂ ਬੜਾ

---

[1] ਰੇਤੁ ਅੱਕੁ ਆਹਾਰੁ ਕਰਿ, ਰੋੜਾ ਦੀ ਗੁਰ ਕਰੀ ਵਿਛਾਈ {ਵਾਰ ਭਾਈ ਗੁਰਦਾਸ, ੧-੨੪}

[2] ਭਾਰੀ ਕਰੀ ਤਪੱਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ ॥ {ਵਾਰ ਭਾਈ ਗੁਰਦਾਸ, ੧-੨੪}

[1] ਤਿਥੈ ਖੰਡ ਮੰਡਲ ਵਰਭੰਡ ॥ {ਜਪੁਜੀ}

ਭਾਰਾ ਅਭੌਤਿਕ ਸ਼ਹਿਰ ਆ ਗਿਆ, ਜਿਸ ਦੀ ਸੁੰਦਰਤਾ ਨੂੰ ਸੁੰਦਰਤਾ ਕਹਿਣਾ ਚਾਹੀਏ ਅਰ ਸ੍ਰਿਸ਼ਟੀ ਦੀ ਸਾਰੀ ਸੁੰਦਰਤਾ ਨੂੰ ਉਸ ਦਾ ਧੋਣ ਆਖਣਾ ਲੋੜੀਏ। ਹੁਣ ਦਰਵੱਜੇ ਦੇ ਨੇੜੇ ਪਹੁੰਚੇ, ਕੀ ਦੇਖਦੇ ਹਾਂ: ਬਾਹਰ ਵਾਰ ਦੋਹੀਂ ਦਾਈਂ ਕਤਾਰਾਂ ਬੱਧੀ ਬੜੇ ਸੁੰਦਰ ਸਰੂਪਾਂ ਵਾਲੇ ਇਸਤ੍ਰੀ ਪੁਰਖ ਖੜੇ ਹਨ। ਇਨ੍ਹਾਂ ਦੇ ਸਰੀਰ ਨਹੀਂ ਜਾਪਦੇ, ਪਰ ਏਹ ਹੈਨ ਤੇ ਇਨ੍ਹਾਂ ਦੇ ਨਾਮ ਬੀ ਹੈਨ। ਪੁਸ਼ਾਕੇ ਤੇ ਰੰਗ ਅਤਿ ਅਨੂਪਮ ਹੈਨ, ਹੈਨ ਅਰੂਪ, ਫਿਰ ਰੂਪਵਾਨ ਹਨ। ਰੰਗ ਐਸੇ ਹਨ ਕਿ ਨਾ ਲਲਾਰੀ ਦੇ ਹੁਨਰ ਵਿਚ, ਨਾ ਆਕਾਸ਼ੀ ਪੀਂਘ ਵਿਚ, ਨਾ ਸੂਰਜ ਉਦੇ ਅਸਤ ਦੇ ਬੱਦਲਾਂ ਪਰ ਪੈਂਦੇ ਅਕਸ਼ਾਂ ਵਿਚ ਕਦੇ ਦੇਖੇ ਗਏ ਹਨ, ਪਰ ਕਬੀਰ ਜੀ ਦਾ ਸ਼ਬਦ ਇਨ੍ਹਾਂ ਦੀ ਸੰਖੇਪ ਬਿਵਸਥਾ ਨੂੰ ਇੱਕੁਰ ਦੱਸਦਾ ਹੈ :-

> ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ॥ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥ ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥੧॥ਰਹਾਉ॥ ਕੋਟਿ ਚੰਦ੍ਰਮੇ ਕਰਹਿ ਚਰਾਕ॥ ਸੁਰ ਤੇਤੀਸਉ ਜੇਵਹਿ ਪਾਕ॥ ਨਵ ਗ੍ਰਹ ਕੋਟਿ ਠਾਢੇ ਦਰਬਾਰ॥ ਧਰਮ ਕੋਟਿ ਜਾ ਕੈ ਪ੍ਰਤਿਹਾਰ॥੨॥ਪਵਨ ਕੋਟਿ ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ॥ਸਮੁੰਦ ਕੋਟਿ ਜਾ ਕੇ ਪਾਨੀਹਾਰ॥ ਰੋਮਾਵਲਿ ਕੋਟਿ ਅਠਾਰਹ ਭਾਰ॥੩॥ਕੋਟਿ ਕਮੇਰ ਭਰਹਿ ਭੰਡਾਰ ॥ ਕੋਟਿਕ ਲਖਿਮੀ ਕਰੈ ਸੀਗਾਰ ॥ ਕੋਟਿਕ ਪਾਪ ਪੁੰਨ ਬਹੁ ਹਿਰਹਿ ॥ ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ॥੪॥ ਛਪਨ ਕੋਟਿ ਜਾ ਕੈ ਪ੍ਰਤਿਹਾਰ॥ ਨਗਰੀ ਨਗਰੀ ਖਿਅਤ ਅਪਾਰ॥ਲਟ ਛੂਟੀ ਵਰਤੈ ਬਿਕਰਾਲ॥ ਕੋਟਿ ਕਲਾ ਖੇਲੈ ਗੋਪਾਲ ॥੫॥ ਕੋਟਿ ਜਗ ਜਾ ਕੈ ਦਰਬਾਰ॥ ਗੰਧ੍ਰਬ ਕੋਟਿ ਕਰਹਿ ਜੈਕਾਰ ॥ ਬਿਦਿਆ ਕੋਟਿ ਸਭੈ ਗੁਨ ਕਹੈ॥ਤਊ ਪਾਰਬ੍ਰਹਮ ਕਾ ਅੰਤੁ ਨ ਲਹੈ॥੬॥ ਬਾਵਨ ਕੋਟਿ ਜਾ ਕੈ ਰੋਮਾਵਲੀ ॥ ਰਾਵਨ ਸੈਨਾ ਜਹ ਤੇ ਛਲੀ ॥ ਸਹਸ ਕੋਟਿ ਬਹੁ ਕਹਤ ਪੁਰਾਨ॥ਦੁਰਜੋਧਨ ਕਾ ਮਥਿਆ ਮਾਨੁ॥੭॥ ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ॥ਅੰਤਰਿ ਮਨਸਾ ਹਰਹਿ॥ਕਹਿ ਕਬੀਰ ਸੁਨਿ ਸਾਰਿਗਪਾਨ॥ਦੇਹਿ ਅਭੈ ਪਦੁ ਮਾਂਗਉ ਦਾਨ॥੮॥ {ਭੈ:ਕਬੀਰ ਜੀਉ ਅਸਟ: ੨, ੧੮, ੨੦}

ਪੁਨਾ: ਸਤਰਿ ਸੈਇ ਸਲਾਰ ਹੈ ਜਾ ਕੇ ॥ ਸਵਾ ਲਾਖੁ ਪੈਕਾਬਰ ਤਾ ਕੇ॥ ਸੇਖ ਜੁ ਕਹੀਅਹਿ ਕੋਟਿ ਅਠਾਸੀ॥ ਛਪਨ ਕੋਟਿ ਜਾ ਕੇ ਖੇਲ ਖਾਸੀ ॥੧॥ ਮੋ ਗਰੀਬ ਕੀ ਕੋ ਗੁਜਰਾਵੈ॥ ਮਜਲਸਿ ਦੂਰਿ ਮਹਲੁ ਕੋ ਪਾਵੈ ॥੧॥ ਰਹਾਉ॥ ਤੇਤੀਸ ਕਰੋੜੀ ਹੈ ਖੇਲ ਖਾਨਾ॥ ਚਉਰਾਸੀ ਲਖ ਫਿਰੈ ਦਿਵਾਨਾਂ ॥

{ਭੈਰਉ ਕਬੀਰ, ੧੫}

ਏਹ ਅਰ ਹੋਰ ਕਈ ਕਈ ਭਾਂਤਿ ਦੇ ਜੀਵ ਕਹੋ ਯਾ ਰੂਹਾਂ ਕਹੋ ਜੋ ਅਨੇਕਾਂ ਗ੍ਰੈਹਾਂ ਤੋਂ ਆਤਮ ਤ੍ਰੱਕੀਆਂ ਕਰ ਕਰਕੇ ਉਥੇ ਪਹੁੰਚੇ ਹੋਏ ਸਨ, ਸਫ਼ਾਂ ਬੱਧੀ ਐਉਂ ਕੋਈ ਅਰੂਪ ਵਾਜੇ ਵਜਾਉਂਦੇ ਖੜੇ ਸਨ, ਜਿੱਕੁਰ ਕਿਸੇ ਰਾਜੇ ਦੇ ਆਇਆਂ ਸਾਡੇ ਸ਼ਹਿਰਾਂ ਵਿਚ ਰਾਗ ਰੰਗ ਹੁੰਦੇ ਹਨ।

ਜਾਂ ਤਖ਼ਤ ਇਨ੍ਹਾਂ ਦੇ ਵਿਚ ਪਹੁੰਚਾ ਤਾਂ ਸਾਰੇ ਜਣੇ ਇਸ ਤਰ੍ਹਾਂ ਦੇ ਜਸ ਗਾਉਂਦੇ ਹੋਏ :-

> ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੨ ॥

{ਸਵ: ਮ: ੧ ਕੇ}

ਡੰਡੌਤਾਂ ਕਰ ਰਹੇ ਸਨ। ਇਨ੍ਹਾਂ ਦੇ ਵਿਚ ਦੀ ਜਦ ਲੰਘ ਗਏ, ਤਦ ਇਕ ਸ਼ਹਿਰ ਦੀ ਮਾਨੋਂ ਰਚਨਾਂ ਡਿੱਠੀ, ਬੜੀ ਅਦਭੁਤ, ਬੜੀ ਅਸਚਰਜ। ਜਿੱਕੁਰ ਸਾਡੇ ਅਸਥੂਲ ਜੀਵਾਂ ਦੇ ਅਸਥੂਲ ਘਰ ਤਿਵੇਂ ਉਹਨਾਂ ਸੂਖਮ ਲੋਕਾਂ ਦੇ ਸੂਖਮ ਮਕਾਨ ਸਨ, ਜੋ ਗਜਾਨੇਂਦ੍ਰਿਆਂ ਦਵਾਰਾ ਤਾਂ ਪ੍ਰਤੀਤ ਨਹੀਂ ਸਨ ਹੁੰਦੇ ਪਰ ਕੋਈ ਸੂਖਮ ਸੋਝੀ ਉਹਨਾਂ ਦੀ ਹੋਂਦ ਨੂੰ ਸੁਝਾਉਂਦੀ ਸੀ।

ਉਸ ਸ਼ਹਿਰ ਦੇ ਨੇੜੇ ਜਾਕੇ ਇਕ ਐਸੀ ਚੀਜ਼ ਆਕੇ 'ਪ੍ਰਵੇਸ਼ ਕਰਦੀ ਹੈ ਕਿ ਸੰਸਾਰਕ ਅਕਲ ਮਨ ਆਦਿ ਸਭ ਬਦਾਮ ਦੇ ਛਿੱਲੜ ਵਾਂਗ ਝੜ ਜਾਂਦੇ ਹਨ, ਅਰ ਇਕ ਹੋਰ ਬੁੱਧੀ ਪੈਦਾ ਹੁੰਦੀ ਹੈ[੧]। ਉਹ ਬੜੀ ਵਿਲੱਖਣ ਚੀਜ਼ ਹੈ। ਜਿਨ੍ਹਾਂ ਗਲਾਂ ਦਾ ਵਰਣਨ ਉਤੇ ਹੋ ਚੁਕਾ ਹੈ ਇਸ ਬੁੱਧੀ ਕਰਕੇ ਪ੍ਰਤੀਤ

[੧] ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥ {ਗਉੜੀ ਕਬੀਰ ਜੀ-੭੭}

ਹੁੰਦੀਆਂ ਹਨ, ਨਹੀਂ ਤਾਂ ਅਰੂਪ ਰੂਪ ਨੂੰ ਦੇਖਣਾ ਤੇ ਸਮਝਣਾ ਤਾਂ ਕਿਤੇ ਰਿਹਾ, ਖਿਆਲ ਹੀ ਉਰੇ ਰਹਿ ਜਾਂਦਾ ਹੈ। ਉਸ ਸ਼ਹਿਰ ਦੀ ਰਚਨਾ ਦਾ ਪਤਾ ਲਾਉਣ ਲਈ ਪੰਜਵੇਂ ਸਾਹਿਬਾਂ ਦਾ ਇਹ ਸ਼ਬਦ ਹੈ:

> ਸੰਤ ਮੰਡਲ ਮਹਿ ਹਰਿ ਮਨਿ ਵਸੈ ॥ ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥ ਸੰਤ ਮੰਡਲ ਮਹਿ ਨਿਰਮਲ ਰੀਤਿ ॥ ਸੰਤਸੰਗਿ ਹੋਇ ਏਕ ਪਰੀਤਿ ॥ ੧ ॥ ਸੰਤ ਮੰਡਲੁ ਤਹਾ ਕਾ ਨਾਉ॥ ਪਾਰਬ੍ਰਹਮ ਕੇਵਲ ਗੁਣ ਗਾਉ ॥ ੧ ॥ ਰਹਾਉ ॥ ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥ ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥ ਸੰਤ ਸੰਗਿ ਹੋਇ ਨਿਰਮਲ ਬਾਣੀ ॥ ਸੰਤ ਮੰਡਲ ਮਹਿ ਨਾਮੁ ਵਖਾਣੀ ॥ ੨ ॥ ਸੰਤ ਮੰਡਲ ਕਾ ਨਿਹਚਲ ਆਸਨੁ ॥ ਸੰਤ ਮੰਡਲ ਮਹਿ ਪਾਪ ਬਿਨਾਸਨੁ ॥ ਸੰਤ ਮੰਡਲ ਮਹਿ ਨਿਰਮਲ ਕਥਾ ॥ ਸੰਤਸੰਗਿ ਹਉਮੈ ਦੁਖ ਨਸਾ ॥ ੩ ॥ ਸੰਤ ਮੰਡਲ ਕਾ ਨਹੀ ਬਿਨਾਸੁ ॥ ਸੰਤ ਮੰਡਲ ਮਹਿ ਹਰਿ ਗੁਣਤਾਸੁ ॥ ਸੰਤ ਮੰਡਲ ਠਾਕੁਰ ਬਿਸ੍ਰਾਮੁ ॥ ਨਾਨਕ ਓਤਿ ਪੋਤਿ ਭਗਵਾਨੁ ॥੪॥ {ਭੈਰਉ ਮ: ੫-੩੭}

ਇਸ ਸ਼ਹਿਰ ਦੇ ਮਾਨੋ ਮੱਧ ਵਿਚ ਇਕ ਬੜਾ ਸੁੰਦਰ ਮਹਿਲ ਆਇਆ। ਇਸ ਦੀ ਰਚਨਾਂ ਸਾਰੇ ਸ਼ਹਿਰ ਨਾਲੋਂ ਸੁੰਦਰ ਹੈ। ਇਸ ਦੀ ਸਾਰੀ ਇਮਾਰਤ ਪਾਰਦਰਸ਼ਕ ਅਰ ਅਭੌਤਕ ਤੇ ਬਿਜਲੀ ਤੋਂ ਕ੍ਰੋੜਹਾ ਕ੍ਰੋੜ ਗੁਣਾਂ ਵਧੀਕ ਤਰਲ ਹੈ। ਪ੍ਰਕਾਸ਼ ਇਸ ਦਾ ਅਕਹਿ, ਸ਼ਕਤੀ ਇਸ ਦੀ ਮਹਾਨ ਹੈ। ਜਿਕੁਰ ਡੋਰ ਨਾਲ ਗੁੱਡੀ ਹੁੰਦੀ ਹੈ, ਤਿੱਕੁਰ ਇਸ ਦੀ ਅਦ੍ਰਿਸ਼ਜ ਸ਼ਕਤੀ ਨਾਲ ਸਾਰੇ ਬ੍ਰਹਮੰਡ ਸਹਾਰੇ ਪਾਏ ਆਪਣੇ ਮਾਰਗਾਂ ਵਿਚ ਘੁੰਮ ਰਹੇ ਹਨ। ਉਹ ਸਾਰੇ ਅੱਖਾਂ ਦਾ ਵਿਸ਼ਾ ਹਨ, ਪਰ ਇਹ ਅੱਖਾਂ ਦਾ ਵਿਸ਼ਾ ਨਹੀਂ :-

> ਅਗਮ ਦ੍ਰਗਮ ਗੜਿ ਰਚਿਓ ਬਾਸ॥ ਜਾ ਮਹਿ ਜੋਤਿ ਕਰੇ ਪਰਗਾਸ॥ਬਿਜੁਲੀ ਚਮਕੈ ਹੋਇ ਅਨੰਦੁ॥ਜਿਹ ਪਉੜ੍ਹੇ ਪ੍ਰਭ ਬਾਲ ਗੋਬਿੰਦ ॥੧॥ {ਭੈਰਉ ਕਬੀਰ ਅਸਟ: ੧}

ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਮਹਿਲ ਦੇ ਅੰਦਰ ਗਏ, ਬੂਹਾ ਬੰਦ ਹੋ ਗਿਆ।

ਪਰ ਫਿਰ ਦਰਵਾਜ਼ੇ ਖੁੱਲੇ[1] । ਅੰਦਰ ਵੜਦਿਆਂ ਸਾਡੀ ਉਸ ਅਦਭੁਤ ਅਕਲ ਨੇ ਬੀ ਜੋ ਹੁਣ ਤਕ ਸਮਝ ਤੇ ਗਿਆਨ ਦਿੰਦੀ ਰਹੀ ਸੀ, ਚੱਕਰ ਖਾਧਾ। ਓਥੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਉਹ ਪ੍ਰਕਾਸ਼ ਐਸਾ ਸੀ ਤੇ ਤੇਜ ਐਤਨਾ ਸੀ ਕਿ ਕੀ ਕਿਹਾ ਜਾਵੇ। ਅਕਹਿ ਹੈ, ਅਕਹਿ ਹੈ। ਕਹਿਣ ਵਿਚ ਹੱਦਬੰਦੀ ਹੁੰਦੀ ਹੈ, ਓਹ ਬੇਹੱਦ ਦੀ ਵਲੈਤ ਹੈ। ਥੋੜੇ ਚਿਰ ਮਗਰੋਂ ਕੀ ਦਿੱਸਣ ਲਗਾ? ਚਿਰ ਤਾਂ ਓਥੇ ਹੋਇਆ ਹੀ ਨਾ। ਬੱਸ ਇਸ ਤਰ੍ਹਾਂ ਲੱਗਾ ਕਿ ਇਕ ਸੁੰਦਰ ਤਖਤ ਪੁਰ, ਜਿਸਦਾ ਪਿੱਛੇ ਵਰਣਨ ਹੋ ਚੁਕਾ ਹੈ, ਜਜੋਤੀਮਯ ਪਰਮਾਤਮਾ ਸਰਬ ਸ਼ਕਤੀਆਂ ਦੇ ਅਧਿਸ਼ਟਾਨ ਅਕਾਲ ਪੁਰਖ ਜੀ ਬਿਰਾਜਮਾਨ ਹਨ[2]। ਤਿਨ੍ਹਾਂ ਦੇ ਸਾਹਮਣੇ, ਪ੍ਰਕਾਸ਼ ਸਰੂਪ ਸ੍ਰੀ ਗੁਰੂ ਨਾਨਕ ਦੇਵ ਬੜੇ ਪ੍ਰੇਮ, ਸ਼ਰਧਾ, ਭਗਤੀ, ਅਹੰਤਾ ਦੇ ਅਭਾਵ ਅਰ ਹਰ ਗਲ ਦੀ ਜੋ 'ਹਉ' ਕਹਾ ਸਕੇ ਨਿਰਬ੍ਰਿਤੀ ਕੀਤੇ ਹੋਏ, ਸਤਿ ਸਰੂਪ ਬਣੇ ਖੜੇ ਹਨ। ਦੋਹਾਂ ਦੇ ਵਿਚਕਾਰ ਪ੍ਰੇਮ ਦਾ ਐਸਾਂ ਮੇਲਵਾਂ ਪਰਵਾਹ ਖੜਾ ਹੈ ਕਿ ਦੋਹਾਂ ਨੂੰ ਏਕਤਾ ਵਿਚ ਲੀਨ ਕਰਦਾ ਹੋਇਆ ਭਗਤੀ ਦੀ ਪ੍ਰੇਮ ਵਾਲੀ ਭਿੰਨਤਾ ਦਿਖਾ ਰਿਹਾ ਹੈ। ਇਸ ਦਸ਼ਾ ਦਾ ਵਰਣਨ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪ੍ਰਕਾਰ ਕਥਨ ਕਰਦੇ ਹਨ :-

> ਆਗੈ ਦਯੁ ਪਾਛੈ ਨਾਰਾਇਣ ॥ ਮਧਿ ਭਾਗਿ ਹਰਿ ਪ੍ਰੇਮ ਰਸਾਇਣ[3] ॥੧॥ {ਭੈਰਉ ਮ: ੫, ੭-੧}

ਆਪ ਦੇ ਪਿਛੇ ਵਾਰ ਦੁਹੀਂ ਪਾਸੀਂ ਨਾਮ ਦੇਵ, ਕਬੀਰ, ਤ੍ਰਿਲੋਚਨ ਆਦਿ ਭਗਤ ਅਰ ਹੋਰ ਬੜੇ ਬੜੇ ਸੰਤ, ਅਵਤਾਰ, ਪੈਗੰਬਰ ਕਈ ਥਾਵਾਂ ਤੋਂ ਅਰ ਕਈ ਬ੍ਰਹਮੰਡਾਂ ਤੋਂ ਪ੍ਰੇਮਾ ਭਗਤੀ ਕਰ ਸੱਚੇ ਮਹਿਲ ਵਿਚ ਸੱਦੇ ਹੋਏ ਅਦਬ ਨਾਲ ਹਥ ਜੋੜੇ ਖੜੇ

---

[1] ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ ॥ ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥ {ਵਾਰ ਸਾਰੰਗ: ਮ:੪-੨੮ ਪੌੜੀ}

[2] ਮਹਲ ਮਹਿ ਬੈਠੇ ਅਗਮ ਅਪਾਰ ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥ {ਮਲਾਰ ਮ: ੧, ੫-੧}

[3] ਜਿਸ ਨੇ ਨਰਾਂ ਵਿਚ ਘਰ ਕੀਤਾ ਹੋਵੇ ਸੋ ਨਾਰਾਇਣ, ਸੋ ਗੁਰੂ ਨਾਨਕ ਦੇਵ ਜੀ ਹਨ। ਅਗੇ ਰੱਬ, ਸਾਮ੍ਹਣੇ ਗੁਰੂ ਜੀ ਤੇ ਵਿਚਕਾਰ ਉਸਦਾ ਪ੍ਰੇਮ।

ਸਨ[1] ਅਰ ਬੜੀ ਸ਼ਰਧਾ ਤੇ ਪ੍ਰੇਮ ਨਾਲ ਗੁਰੂ ਨਾਨਕ ਜੀ ਵਲ ਐਉਂ ਅਨੰਦ ਭਰੇ ਦੇਖਦੇ ਸਨ, ਜਿੱਕੁਰ ਕਿਸੇ ਰਾਜਾ ਦੇ ਦਰਬਾਰ ਵਿਚ ਵਜ਼ੀਰ, ਅਮੀਰ, ਯੁਵਰਾਜ ਟਿੱਕਾ ਜੀ ਵਲ ਪ੍ਰੇਮ ਨਾਲ ਦੇਖਦੇ ਹੋਣ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਦਸ਼ਾ ਨੂੰ ਐਉਂ ਵਰਣਨ ਕਰਦੇ ਹਨ:-

> ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥ {ਬਸੰਤ ਮ: ੫, ਅਸਟ-੧}

ਇਸ ਵੇਲੇ ਭਗਤਾਂ[2] ਨੇ ਇਹ ਉਸਤੁਤੀ ਗਾਵੀਂ:-

> ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਰਤੰ ॥ ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ ॥੧॥ ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ॥ ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ॥ {ਗੁਜਰੀ ਜੈਦੇਵ ਜੀਉ-੧}

ਇਸ ਅਦਭੁਤ ਅਦੁਤੀ ਆਨੰਦਮਯ ਸਮੇਂ ਗੁਰੂ ਨਾਨਕ ਦੇਵ ਜੀ ਦੇ ਦੈਵੀ ਚਿਹਰੇ ਤੇ ਐਸੀ ਉਸਤਤਿ ਦੀ ਸੁਗੰਧਿ ਨਿਕਲ ਰਹੀ ਸੀ; ਮਾਨੋਂ ਏਹ ਕਹਿ ਰਹੇ ਹਨ:-

> ਵਡੇ ਮੇਰੇ ਸਾਹਿਬਾ ਅਲਖ ਅਪਾਰਾ ॥ ਕਿਉ ਕਰਿ ਕਰਉ ਬੇਨੰਤੀ ਹਉ ਆਖਿ ਨ ਜਾਣਾ ॥ ਨਦਰਿ ਕਰਹਿ ਤਾ ਸਾਚੁ ਪਛਾਣਾ ॥ {ਵਡਹੰਸ ਮ; ੧, ਛੰਤ ੨, ੬}

ਉਧਰ ਸ੍ਰੀ ਅਕਾਲ ਪੁਰਖ ਜੀ ਪਰਮ ਆਨੰਦ ਸਰੂਪ ਜੀ ਦੇ ਕੌਤਕ ਦੇਖਿਆਂ ਇਹੋ ਪਤਾ ਲਗਦਾ ਸੀ ਕਿ ਸ੍ਰੀ ਗੁਰੂ ਜੀ ਨੂੰ ਵਰ ਦੇ ਦੇ ਕੇ ਬੜੀ ਵਡਿਆਈ ਬਖਸ਼ ਰਹੇ ਹਨ[3] ਉਸ ਦਸ਼ਾ ਦਾ ਅਨੁਵਾਦ ਪੰਜਵੇਂ ਸਾਹਿਬਾਂ ਨੇ ਇਸ ਸ਼ਬਦ ਵਿਖੇ ਕੀਤਾ ਹੈ :-

> [1] ਗੁਨ ਨਾਦ ਧੁਨਿ ਅਨੰਦ ਬੇਦ ॥ ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥ ੧ ॥ ਰਹਾਉ ॥ ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥ ੧ ॥ ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ ॥ ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥੨॥ {ਕਲਿਆਣ ਮ: ੫-੫}

ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਨੰਦ ਅਰ ਸੁਕਰ ਗੁਜ਼ਰੀ ਦਾ ਉਹ ਅਚਰਜ ਕੌਤਕ ਦਿਖਾਇਆ ਕਿ ਜੋ ਇਸ ਸ਼ਬਦ ਤੋਂ ਪ੍ਰਤੀਤ ਹੁੰਦਾ ਹੈ :-

> ਕਰਤਾ ਤੂ ਮੈ ਮਾਣੁ ਨਿਮਾਣੇ ॥ ਮਾਣੁ ਮਹਤੁ ਨਾਮੁ ਧਨੁ ਪਲੈ ਸਾਚੈ ਸਬਦਿ ਸਮਾਣੇ ॥ ਰਹਾਉ ॥ ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥ ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥ ੨ ॥ {ਸੋਰ: ਮ੧, ੧-੫}

ਹੁਣ ਪ੍ਰਭੂ ਦੇ ਜਯੋਤਿ ਸਰੂਪ ਚਿਹਰੇ ਪੁਰੋਂ ਪਰਮ ਪ੍ਰਸੰਨਤਾ ਨੇ ਗੁਰੂ ਨਾਨਕ ਜੀ ਨੂੰ ਕਿਹਾ-

'ਹੇ ਨਾਨਕ ਮੇਰੀ ਉਸਤਤ ਕਰ'।

ਪਰ ਸ੍ਰੀ ਸਤਿਗੁਰ ਸਿਰ ਨੀਵਾਂ ਪਾਕੇ ਚੁਪ ਮਾਨੋ ਇਸ ਭਾਵ ਨੂੰ ਪ੍ਰਗਟ ਕਰਦੇ ਹਨ ਜੋ ਇਸ ਤੁਕ

---

[1] ਕੋਟਿ ਭਗਤ ਬਸਤ ਹਰਿ ਸੰਗਿ ॥ {ਭੈਰਉ ਮ: ੫}

[2] ਭਗਤ ਤੇਰੇ ਮਨਿ ਭਾਵਦੇ
ਦਰਿ ਸੋਹਨਿ ਕੀਰਤਿ ਗਾਵਦੇ{ਵਾਰ ਆਸਾ ਮ:੧,੯}

[3] ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥ ੨ ॥ {ਆਸਾ ਮ: ੧ ੧-੨੧}

[1] ਅਰਥ ਅੰਤਲੀ ਤੁਕ ਤੋਂ ਚਲਦਾ ਹੈ। ਹੇ ਨਾਨਕ (ਤੇਰੀ ਜੋਤ ਮੇਰੀ) ਜੋਤ ਦਾ ਪਰਸਪਰ ਮੇਲ ਹੋਣੇ ਤੇ (ਸੰਸਾਰ ਦਾ ਦੁਖ ਡੰਡ ਨਹੀਂ ਰਿਹਾ, ਭਾਵ) ਦੁਖ ਅਰ ਡੰਡ ਦਾ ਨਾਸ਼ ਹੋਇਆ ਹੈ, ਜੋ ਤੇਰੇ ਤੋਂ ਗੁਣਾਂ ਦਾ ਨਾਦ ਸੁਣਦੇ ਹਨ ਗਿਆਨ ਤੇ ਅਨੰਦ ਦੀ ਧੁਨੀ ਨੂੰ ਪਹੁੰਚਦੇ ਹਨ, ਮੁਨੀ ਜਨ ਤੇ ਸੰਤਾਂ ਦੀਆਂ ਮੰਡਲੀਆਂ (ਫੇਰ ਉਸ ਤੈਥੋਂ ਸੁਣੇ ਨੂੰ) ਕਹਿੰਦੇ ਅਰ ਸੁਣਦੇ ਹਨ। ਗਿਆਨ ਧਿਆਨ ਆਦਿ ਰਸਿਕ ਰਸਨਾ ਮਿਲਕੇ ਜਿਥੇ ਉਹ ਗੁਣ ਗਾਉਣ (ਨਾਮ ਜਪਣ ਉਥੇ) ਪਾਪ ਦਾ ਖੰਡਨ ਹੁੰਦਾ ਹੈ। (ਤੇਰੇ ਕਰਕੇ ਬਣੇ ਹੋਏ) ਸੁਰਤ ਸਬਦ ਤਤਬੇਤੇ ਜੋਗ ਜੁਗਤ ਗਿਆਨ ਜਪ ਤਪ ਆਦਿ ਨੂੰ ਪਾਕੇ (ਅਖੰਡਲੀ) ਖੰਡਨ ਤੋਂ ਰਹਿਤ ਹੋ ਜਾਂਦੇ ਹਨ, ਅਥਵਾ, ਲਗਾਤਾਰ ਲਗੇ ਰਹਿੰਦੇ ਹਨ।

ਵਿਚ ਸਫੁਟ ਹੈ :-

ਤੇਰੀ ਉਪਮਾ ਤੋਹਿ ਬਨਿ ਆਵੈ ॥੧॥

{ਸਵ: ਮ: ੩ ਕੇ}

ਕੁਝ ਚਿਰ ਉਸੇ ਤਰ੍ਹਾਂ ਅਦਬ ਨਿੰਮ੍ਰਤਾ ਨਾਲ ਸਿਰ ਨਿਵਾਈ ਖੜੇ ਚੁਪ-ਨਾਦ ਵਿਚ ਕੀਰਤੀ ਗਾਉਂਦੇ ਰਹੇ :-

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ ੨੭ ॥ {ਜਪੁਜੀ}

ਤਦ ਉਸ ਜਗਤ ਆਧਾਰ ਦੇ ਦੈਵੀ ਸ਼ਬਦ ਨੇ ਗੂੰਜ ਕੇ ਕਿਹਾ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ਜਪੁ॥

ਹੇ ਨਾਨਕ ! ਇਹ ਮੇਰਾ ਸਰੂਪ ਹੈ, ਇਸ ਦਾ ਸਿਮਰਨ ਕਰੋ। ਤਦ ਸ੍ਰੀ ਗੁਰੂ ਨਾਨਕ ਜੀ ਬੋਲੇ :-

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

ਇਹ ਸੁਣ ਪਰਮ ਕ੍ਰਿਪਾਲੂ ਪ੍ਰਭੂ ਐਸੇ ਪ੍ਰਸੰਨ ਹੋਏ ਕਿ ਹੁਣ ਦੋਹਾਂ ਦੀਆਂ ਜੋਤਾਂ ਦੇ ਪ੍ਰੇਮ ਦਾ ਸੰਬੰਧ ਜਲ ਦੁਧ ਵਾਂਗ ਰਲ ਮਿਲ ਗਿਆ। ਤਿੰਨਾ ਚੀਜ਼ਾਂ ਦੀ ਥਾਂ ਇਕੋ ਰੰਗ ਛਾਇਆ ਤੇ ਇਕੋ ਪ੍ਰੇਮ ਦੁਆਲੇ ਆ ਗਿਆ। ਇਥੇ ਕੋਈ ਦ੍ਰਿਸ਼ਟੀ ਬੀ ਕੰਮ ਨਹੀਂ ਕਰਦੀ। ਇਹ ਪ੍ਰੇਮ ਦੇ ਪਰਦੇ ਅੰਦਰ ਕੀ ਹੈ? ਉਹੋ ਜਾਣੇ ਜਿਸਨੇ ਇਹ ਦਸ਼ਾ ਮਾਣੀ ਹੈ[1]। ਸਾਰੇ ਅਵਤਾਰ, ਪਿਕੰਬਰ, ਸਾਰੇ ਭਗਤ ਸੰਤ ਇਸ ਵੇਲੇ ਦੇ ਤੇਜ ਦੇ ਅਨੰਦ ਵਿਚ ਆਕੇ ਡੰਡੌਤਾਂ ਵਿਚ ਪੈ ਗਏ[2] ਅਰ 'ਏਕ ਤੁੰਹੀਂ' 'ਏਕ ਤੁੰਹੀਂ' ਦੇ ਰੰਗ ਵਿਚ ਗੁੰਮ ਹੋ ਗਏ। ਹੁਣ ਇਕ ਐਸਾ ਕੌਤਕ ਵਰਤਿਆ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਹੋਏ ਇਸ ਸ਼ਬਦ ਦੁਆਰਾ ਹੀ ਪ੍ਰਗਟ ਹੁੰਦਾ ਹੈ :-

ਪਿਤਾ ਹਮਾਰੇ ਪ੍ਰਗਟੇ ਮਾਝ ॥ ਪਿਤਾ ਪੂਤ ਰਲਿ ਕੀਨੀ ਸਾਂਝ ॥ ਕਹੁ ਨਾਨਕ ਜਉ ਪਿਤਾ ਪਤੀਨੇ ॥ ਪਿਤਾ ਪੂਤ ਏਕੈ ਰੰਗਿ ਲੀਨੇ ॥

{ਭੈਰਉ ਮ: ੫-੨੨}

ਫੇਰ:-

| | |
|---|---|
| ਅਕਾਲ ਪੁਰਖ ਦਾ ਸਿੰਘਾਸਣ ਦਿੱਸਣ ਲਗ ਪਿਆ। | ਬਾਪੁ ਹਮਾਰਾ ਸਦ ਚਰੰਜੀਵੀ ॥ |

[1] ਅਣਡੀਠਾ ਕਿਛੁ ਕਹਣੁ ਨ ਜਾਇ॥ ਕਿਆ ਕਰਿ ਆਖਿ ਵਖਾਣੀਐ ਮਾਇ ॥੧॥ਰਹਾਉ॥{ਮਲਾਰ ਮਹਲਾ ੧,੬-੧}

[2] ਬਿਸਮ ਬਿਸਮੈ ਬਿਸਮ ਭਈ ॥ ਅਘ ਕੋਟਿ ਹਰਤੇ ਨਾਮ ਲਈ ॥ ਗੁਰ ਚਰਨ ਮਸਤਕੁ ਡਾਰਿ ਪਹੀ ॥ ਪ੍ਰਭ ਏਕ ਤੂੰਹੀ ਏਕ ਤੁਹੀ ॥ {ਮਲਾਰ ਮਹਲਾ ੫, ੨੯-੧}

| | |
|---|---|
| ਦਰਗਹ ਦੇ ਭਗਤ ਤੇ ਸੰਤ ਉਸੇ ਤਰ੍ਹਾਂ ਖੜੇ ਦਿੱਸ ਪਏ।<br>ਹੁਣ ਤਾਂ ਮਹਲੋਂ ਬਾਹਰਲੇ ਲੋਕ ਬੀ ਦਿੱਸ ਪਏ। | ਭਾਈ ਹਮਾਰੇ ਸਦ ਹੀ ਜੀਵੀ ॥ ਮੀਤ ਹਮਾਰੇ ਸਦਾ ਅਬਿਨਾਸੀ ॥ ਕੁਟੰਬੁ ਹਮਾਰਾ ਨਿਜ ਘਰਿ ਵਾਸੀ ॥ ੧ ॥ ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ ॥ ਗੁਰਿ ਪੂਰੈ ਪਿਤਾ ਸੰਗਿ ਮੇਲੇ ॥ ੧ ॥ ਰਹਾਉ ॥ |
| ਹੁਣ ਸ਼ਹਿਰ ਦਿੱਸਣ ਲਗ ਪਿਆ, ਫੇਰ ਸਾਰੇ ਬ੍ਰਹਮੰਡ ਦਿੱਸੇ। | ਮੰਦਰ ਮੇਰੇ ਸਭ ਤੇ ਊਚੇ॥ ਦੇਸ ਮੇਰੇ ਬੇਅੰਤ ਅਪੂਛੇ॥ |
| ਗੁਪਤ ਪ੍ਰਗਟ ਸਭ ਫ਼ਕੀਰਾਂ ਤੇ ਸੰਤਾਂ ਨੂੰ ਅਨੁਭਵ ਹੋਇਆ ਕਿ ਆਤਮਕ ਦੁਨੀਆਂ ਦਾ ਰਾਜ ਗੁਰੂ ਨਾਨਕ ਜੀ ਦੇ ਨਾਮ ਤੇ ਹੈ ਅਰ ਸਭ ਆਪੋ ਆਪਣੀ ਥਾਂ ਤੇ ਬੈਠੇ ਜਸ ਗਾਉਣ ਲਗ ਗਏ। | ਰਾਜੁ ਹਮਾਰਾ ਸਦ ਹੀ ਨਿਹਚਲੁ॥ ਮਾਲੁ ਹਮਾਰਾ ਅਖੂਟੁ ਅਬੇਚਲੁ ॥੨॥ ਸੋਭਾ ਮੇਰੀ ਸਭ ਜੁਗ ਅੰਤਰਿ ॥ ਬਾਜ ਹਮਾਰੀ ਥਾਨ ਥਨੰਤਰਿ॥ ਕੀਰਤਿ ਹਮਰੀ ਘਰਿ ਘਰਿ ਹੋਈ ॥ ਭਗਤਿ ਹਮਾਰੀ ਸਭਨੀ ਲੋਈ[੧] ॥੩॥ {ਭੈਰਉ ਮ: ੫-੨੨} |

ਹੁਣ ਫੇਰ ਪਹਿਲੇ ਵਾਂਙ ਹੀ ਸਭ ਕੁਝ ਦਿੱਸਣ ਲਗ ਪਿਆ ਸੀ। ਪ੍ਰਭੂ ਕ੍ਰਿਪਾਲ ਪ੍ਰੇਮ ਨਾਲ ਕੁਝ ਕਹਿ ਰਹੇ ਸਨ ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਐਉਂ ਲਿਖਿਆ ਹੈ :-

> ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥
>
> {ਬਿਲਾ: ਰਵਿ:੨}

ਹੁਣ ਅੱਗੋਂ ਦਾ ਹਾਲ ਇਹ ਹੈ ਕਿ ਜਿਸ ਨੂੰ ਅਸੀਂ ਆਪਣੀ ਬੋਲੀ ਵਿਚ ਐਦਾਂ ਸਮਝ ਸਕਦੇ ਹਾਂ ਕਿ ਗੁਰੂ ਸਾਹਿਬ ਮਾਨੋਂ ਓਥੇ ਰਹਿਣ ਲਗ ਪਏ, ਸਾਰੇ ਬ੍ਰਹਮੰਡ ਦਾ ਰਾਜ ਭਾਗ ਉਨ੍ਹਾਂ ਦੇ ਹੱਥ, ਕੁੱਲ ਪੀਰ ਪੈਕੰਬਰ, ਅਵਤਾਰ, ਫਕੀਰ, ਸੰਤ ਉਹਨਾਂ ਦੇ ਹੁਕਮ ਵਿਚ ਅਰ ਉਹ ਪਿਤਾ[੧] ਦੇ ਨਿਵਾਜੇ ਹੋਏ ਪੁਤ੍ਰ ਸਭ ਦਾ ਬਾਨ੍ਹਣੂ ਬੰਨ੍ਹਦੇ ਹੋਏ ਇਸ ਧੁਨਿ ਵਿਚ ਮਗਨ[੨]:-

> ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥ ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥ {ਸੂਹੀ ਮ: ੧, ਸੁਚਜੀ}

ਇਹ ਇਕ ਮਹਾਂ ਅਨੰਦ ਦੀ ਦਸ਼ਾ ਸੀ, ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪਿਤਾ ਦੇ ਪਾਸ ਮਾਣ ਰਹੇ ਸਨ, ਜੋ ਕਹਿਣ ਸੁਣਨ ਤੋਂ ਬਾਹਰ ਹੈ[੩]।

## ੬. {ਸਚਖੰਡ ਤੋਂ ਮਾਤ ਲੋਕ}

ਸ੍ਰੀ ਗੁਰੂ ਨਾਨਕ ਦੇਵ ਜੀ ਅਪਣੇ ਡਾਵੇ ਦਿਆਲੂ ਸੁਭਾਵ ਵਿਚ ਬੈਠੇ ਹੋਏ ਕੀ ਦੇਖਦੇ ਹਨ[੪]।

> ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ ॥ ਵਰਤਿਆ ਪਾਪੁ ਜਗਤ੍ਰ ਤੇ ਧਉਲ[੫] ਉਡੀਣਾ ਨਿਸਿਦਿਨ ਰੋਆ ॥ ਬਾਝੁ ਦਇਆ ਬਲਹੀਨ ਹੋਇ ਨਿਘਰ ਚਲੇ ਰਸਾਤਲ ਟੋਆ ॥ ਖੜਾ ਇਕਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ ॥ ਥੰਮੇ ਕੋਇ ਨਾ ਸਾਧੁ ਬਿਨ ਸਾਧੁ ਨ ਦਿਸੈ ਜਗ ਵਿਚ ਕੋਆ ॥ ਧਰਮ ਧਉਲ ਪੁਕਾਰੈ ਤਲੈ ਖੜੋਆ ॥੨੨॥
>
> {ਵਾ: ਭਾ: ਗੁ. ੧}

ਪਰਜਾ ਨੂੰ ਇਸ ਤਰ੍ਹਾਂ ਤੜਫਦਾ ਦੇਖਕੇ ਦਇਆ ਦੀ ਖਾਣ ਤੇ ਕਰੁਣਾ ਦੀ ਨਿਧੀ ਗੁਰੂ ਨਾਨਕ ਦੇਵ ਜੀ ਸਹਾਰ ਨ ਸਕੇ, ਇਕ ਦਮ ਜੀ ਨੇ ਕਿਹਾ ਕਿ

---

[੧] ਬਾਬਾ ਪੈਧਾ ਸੱਚਖੰਡਿ ਨੌ ਨਿਧਿ ਨਾਮ ਗਰੀਬੀ ਪਾਈ॥ {ਵਾ: ਭਾ: ਗੁ: ੧-੨੪}

[੧] ਪਿਤਾ ਤੋਂ ਭਾਵ ਅਤਿ ਪ੍ਰੇਮ ਦੇ ਸਨਬੰਧ ਦਾ ਹੈ।

[੨] ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ ॥ ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ॥੧੧॥ {ਚਉਬੋ ਮ:੫}

[੩] ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥ {ਭੈਰਉ ਮਹਲਾ ੧-੩, ੪}

[੪] ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਮੀ ਦਿਸਿ ਆਈ ॥ ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥ {ਵਾਰ ਭਾ: ਗੁ: ੧-੨੪}

[੫] ਧੌਲ ਧਰਮ ਦਇਆ ਕਾ ਪੂਤੁ ॥ {ਜਪੁਜੀ-੧੬}

'ਆਪਣੇ ਸੁਖ ਦਾ ਕੀਹ ਹੈ ਦੁਖੀਆਂ ਨੂੰ ਸੁਖ ਦੇਣਾ ਚਾਹੀਏ।' ਇਕ ਦਿਨ ਸੈਲੇ ਕਰਦੇ ਸਤਿਗੁਰੂ ਜੀ ਨੇ ਜਗਤ ਤੋਂ ਪਾਪਾਂ ਨਾਲ ਲਿਬੜ ਕੇ ਪਰਲੋਕਾਂ ਵਿਚ ਆਏ ਹੋਏ ਜੀਵਾਂ ਨੂੰ ਦੁੱਖ ਪਾਉਂਦੇ ਡਿੱਠਾ। ਚਿਤ ਨੇ ਕਿਹਾ, 'ਧਰਤੀ ਤੇ ਚੱਲਕੇ ਮੱਤ ਦੇਈਏ, ਪਾਪਾਂ ਦਾ ਨਾਸ਼ ਕਰੀਏ, ਜੀਅਦਾਨ ਲਾਈਏ ਜੋ ਲੋਕੀਂ ਓਥੇ ਆਪਣਾ ਸਮਾਂ ਪਾਪਾਂ ਵਿਚ, ਮਾਲ ਧਨ ਇੱਜ਼ਤਾਂ ਦੇ ਬਖੇੜਿਆਂ ਵਿਚ, ਗੁਆ ਕੇ ਦੁਆਲੀਏ ਹੋਕੇ ਪਰਲੋਕ ਵਿਚ ਆਕੇ ਦੁਖ ਨਾ ਪਾਉਣ।'

ਇਨ੍ਹਾਂ ਸੰਕਲਪਾਂ ਵਿਚ ਸਨ ਕਿ ਕੀ ਦੇਖਦੇ ਹਨ, ਜਗਤਾਰ ਜੀ ਕਿਸੇ ਮਿਹਰ ਦੇ ਰੰਗ ਵਿਚ ਹਨ। ਆਪ ਨੇ ਬੜੇ ਅਦਬ ਨਾਲ ਪਿਤਾ ਜੀ ਪਾਸ ਦਿਲ ਦੀ ਬੇਨਤੀ ਕੀਤੀ।

ਅਕਾਲ ਪੁਰਖ ਜੀ ਇਸ ਸੰਕਲਪ ਨੂੰ ਦੇਖਕੇ ਆਨੰਦ ਹੋਏ। ਆਨੰਦ ਕੀ ਹੋਏ ਆਨੰਦ ਤਾਂ ਸਰੂਪ ਹੀ ਉਸੇ ਦਾ ਹੈ। ਜੋ ਉਸ ਵੇਲੇ ਅਭਾਵੀ ਭਾਵ ਮੰਡਲ ਵਿਚ ਸਾਂਈਂ ਤੇ ਸਤਿਗੁਰ ਦੇ ਹੋਏ ਅੰਕਿਤ ਹੋ ਨਹੀਂ ਸਕਦੇ, ਪਰ ਫੇਰ ਬੀ ਸਾਡੀ ਸਮਝ ਜੋ ਇਸ ਤਰ੍ਹਾਂ ਦੀ ਹੋਈ ਸੋ ਸਾਡੀ ਸਮਝੇ ਪੈਣ ਵਾਲੀ ਵਿਉਂਤ ਵਿਚ ਕੁਝ ਕਹਿਣਾ ਹੀ ਬਣਦਾ ਹੈ। ਐਉਂ ਸਮਝੋ : ਅਕਾਲ ਪੁਰਖ ਜੀ ਮਾਨੋ ਗੁਰੂ ਜੀ ਨੂੰ ਕਹਿਣ ਲਗੇ :-

ਨਾਨਕ ! ਦੁਨੀਆ ਕੈਸੀ ਹੋਈ ॥

ਗੁਰੂ ਜੀ-ਸਾਲਕੁ ਮਿਤੁ ਨ ਰਹਿਓ ਕੋਈ ॥

ਭਾਈ ਬੰਧੀ ਹੇਤੁ ਚੁਕਾਇਆ॥
ਦੁਨੀਆਂ ਕਾਰਣਿ ਦੀਨੁ ਗਵਾਇਆ॥
{ਸਲੋਕ ਮ: ੧ ਵਾ: ਤੇ ਵ: ੫}

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ[1]॥ {ਸਾਰੰ: ਵਾ:ਮ:੧-੧੪}

ਅਕਾਲ ਪੁਰਖ ਜੀ-

ਕਹੁ ਨਾਨਕ ! ਕਿਨਿ ਬਿਧਿ ਗਤਿ ਹੋਈ ?

[1] ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ। ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਅਲਾਈ ॥ ਚੇਲੇ ਸਾਜ ☞

ਹੇ ਨਾਨਕ! ਇਸ ਗਤੀ (ਦਸ਼ਾ) ਦਾ ਪ੍ਰਕਾਸ਼ ਕਹੁ।

ਗੁਰੂ ਸਾਹਿਬ-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ[1] ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥ {ਵਾਰ ਮਾਝ ਮ: ੧-੧੬}

ਅਕਾਲ ਪੁਰਖ ਜੀ-

ਇਸ ਪਾਪ ਰੂਪ ਦੈਤ ਨੂੰ ਕੌਣ ਮਾਰੇਗਾ ?

ਗੁਰੂ ਸਾਹਿਬ-

ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥ {ਆਸਾ ਮ:੧-੧੩}

ਅਕਾਲ ਪੁਰਖ-

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ[2]॥

ਗੁਰੂ ਸਾਹਿਬ ਜੀ-

ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ॥ ਪ੍ਰਣਵਤਿ ਨਾਨਕ ਦਾਸਨਿ

[1] ਬਾਬੇ ਆਖਿਆ: ਨਾਥ ਜੀ ! ਸਚੁ ਚੰਦ੍ਰਮਾ ਕੂੜ ਅੰਧਾਰਾ॥ ਕੂੜੁ ਅਮਾਵਸ ਵਰਤਿਆ ਹਉਂ ਭਾਲਣ ਚੜ੍ਹਿਆ ਸੰਸਾਰਾ॥ ਪਾਪ ਗਿਰਾਸੀ ਪਿਰਥਮੀ ਧਉਲ ਖੜਾ ਧਰ ਹੇਠ ਪੁਕਾਰਾ॥ ਸਿਧ ਛਿਪ ਬੈਠੇ ਪਰਬਤੀਂ ਕਉਣ ਜਗਤ ਕਉ ਪਾਰਿ ਉਤਾਰਾ॥ ਜੋਗੀ ਗਿਆਨ ਵਿਹੂਣਿਆ, ਨਿਸਦਿਨ ਅੰਗ ਲਗਾਇਨ ਛਾਰਾ॥ ਬਾਝ ਗੁਰੂ ਡੁੱਬਾ ਜਗੁ ਸਾਰਾ
{ਵਾ: ਭਾ: ਗੁ: ੧-੨੯}

[2] ਅਰਥਾਤ ਸੰਸਾਰ ਨੇ ਪਾਪ ਕਮਾ ਕਮਾ ਕੇ ਆਪਣੇ ਆਪ ਨੂੰ ਦੁਖਾਂ ਵਿਚ ਪਾਇਆ ਹੈ।

☜ ਵਜਾਇਦੇ ਨੱਚਣ ਗੁਰੂ ਬਹੁਤ ਬਿਧਿ ਭਾਈ। ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ। ਕਾਜੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕ ਗਵਾਈ। ਇਸਤ੍ਰੀ ਪੁਰਖੈ ਦਾਮ ਹਿਤੁ ਭਾਵੇ ਆਇ ਕਿਥਊ ਜਾਈ। ਵਰਤਿਆ ਪਾਪ ਸਭਸ ਜਗ ਮਾਹੀਂ {ਵਾ: ਭਾ: ਗੁ: ੧-੩੦}

ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥ ੧ ॥
{ਤੁਖ: ਮ: ੧ ਛੰਤ-੫}

ਤੁਝ ਤੇ ਬਾਹਰਿ ਕਿਛੂ ਨ ਹੋਇ ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥ ੧ ॥ ਕਿਆ ਕਹੀਐ ਕਿਛੁ ਕਹੀ ਨ ਜਾਇ ॥ ਜੋ ਕਿਛੁ ਅਹੈ ਸਭ ਤੇਰੀ ਰਜਾਇ ॥ ੧ ॥ ਰਹਾਉ ॥ ਜੋ ਕਿਛੁ ਕਰਣਾ ਸੁ ਤੇਰੈ ਪਾਸਿ ॥ ਕਿਸੁ ਆਗੈ ਕੀਚੈ ਅਰਦਾਸਿ ॥੨॥ {ਭੈਰਉ ਮਹਲਾ ੧-੨}

ਅਕਾਲ ਪੁਰਖ ਜੀ

ਜਗੁ ਕਰੜਾ ਮਨਮੁਖੁ ਗਾਵਾਰੁ ॥
{ਸਿ: ਗੋ:-੪੬}

ਗੁਰੂ ਸਾਹਿਬ ਨੇ ਸੁਣਕੇ ਐਸੀ ਨਿੰਮ੍ਰਤਾ ਨਾਲ ਸਿਰ ਨਿਵਾਇਆ ਕਿ ਮਾਨੋਂ ਉੱਤਰ ਦਿੱਤਾ ਹੈ। ਇਸ ਉੱਤਰ ਨੂੰ ਅਕਾਲ ਪੁਰਖ ਜੀ ਤਾਂ ਸਮਝਦੇ ਹੀ ਸਨ ਪਰ ਚੌਥੀ ਪਾਤਸ਼ਾਹੀ ਜੀ ਨੇ ਸਾਡੀ ਸਮਝ ਗੋਚਰਾ ਕਰਨੇ ਲਈ ਐਉਂ ਦਸਿਆ ਹੈ :-

ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ ਜਿਤੁ ਨਾਨਕ ਸੰਤੁ ਚੜਿ ਆਵੈ[1] ॥ {ਰਾ: ਮ: ੪-੩}

ਅਕਾਲ ਪੁਰਖ-

ਅੰਤਰਿ ਰਤਨ ਪਦਾਰਥ ਹਿਤ ਕੌ ਦੁਰੈ ਨ ਲਾਲ ਪਿਆਰੀ॥ ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ[2]॥੪॥
{ਸਾਰੰ: ਮ: ੧-੩}

ਭਾਵ ਇਹ ਕਿ ਹੇ ਨਾਨਕ ਤੂੰ ਮੇਰੇ ਪੂਰਨ ਬ੍ਰਹਮ ਰੂਪ ਨੂੰ ਪਛਾਣਦਾ ਹੈਂ ਇਸ ਲਈ ਤੈਨੂੰ ਵਰ ਹੈ ਕਿ ਸਾਰੇ ਲੋਕਾਂ ਦਾ ਉਧਾਰ ਕਰ[1]।

ਗੁਰੂ ਸਾਹਿਬ-

ਭੂਤ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ ॥੪॥੧॥
{ਸਾਰੰ. ਮ. ੧-੧}

ਅਕਾਲ ਪੁਰਖ ਜੀ ਨੇ ਇਸ ਭਾਵ ਦੇ ਵਾਕ ਕਹੇ:-

ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ ॥ ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਰਤੇ[2]॥ {ਸੰਸ ਮ.੫-੩੮}

ਹੁਣ ਇਕ ਪੁਸ਼ਪ ਬਿਬਾਨ ਹਾਜ਼ਰ ਹੋਇਆ। ਜਿਸਨੂੰ 'ਪਰਉਪਕਾਰ' ਕਰਕੇ ਸੱਦਦੇ ਹਨ, ਇਕ ਦੇਵਤੇ ਨੇ ਜਿਸ ਨੂੰ ਬਿਰਹਾ ਕਰਕੇ ਸੱਦਦੇ ਹਨ, ਪਿਆਰੇ ਪਿਤਾ ਦੀ ਪਵਿਤ੍ਰ ਗੋਦੀ ਥੋਂ ਸ੍ਰੀ ਗੁਰੂ ਜੀ ਨੂੰ ਪੁਸ਼ਪ ਬਿਬਾਨ ਵਿਚ ਬੈਠਾਇਆ। ਤਿੰਨ ਜਣੇ ਹੋਰ ਆਏ, ਚੌਹਾਂ ਨੇ ਰਲਕੇ ਬਿਬਾਨ ਨੂੰ ਚੁਕਿਆ।

ਜਿਕੁਰ ਬ੍ਰਿਛਾਂ ਵਿਚੋਂ ਟਾਹਣੀ ਫੁੱਟ ਕੇ ਹਵਾ ਮੀਂਹ ਗੜੇ ਦੇ ਦੁਖ ਸੁਖ ਭੋਗਣ ਨੂੰ ਵੱਖਰੀ, ਪਰ ਬ੍ਰਿਛ ਨਾਲ ਮਿਲੀ ਹੋਈ ਨਿਕਲ ਤੁਰਦੀ ਹੈ; ਕੇਵਲ ਇਸ ਲਈ ਕਿ ਲੋਕਾਂ ਨੂੰ ਫੁਲਾਂ ਦੀ ਸੁਗੰਧੀ ਦੇਵੇ ਤੇ ਫਲ ਖੁਆਵੇ, ਤਿਵੇਂ ਸ੍ਰੀ ਸਤਿਗੁਰੂ ਜੀ ਅਪਣੇ ਪਿਤਾ ਨਾਲ ਸਦੀਵ ਮਿਲੇ ਹੋਏ, ਪਰਉਪਕਾਰ ਕਰਨੇ ਹਿਤ ਉਸਤੋਂ ਟਾਹਣੀ[3] ਦੇ ਵਿਛੋੜੇ ਵਾਂਙ ਅਵਿਛੜ-ਵਿਛੋੜੇ ਵਿਚ ਵਿਛੁੜਦੇ ਸੰਸਾਰ ਦੇ

---

[1] ਭਾਵ ਮੈਂ ਆਪਣਾ ਸਿਰ ਵੱਢ ਟੁੱਕ ਕੇ ਰੱਖਦਾ ਹਾਂ, ਜੋ ਸੰਸਾਰ ਅਰ ਪਰਮਾਰਥ ਦੇ ਵਿਚਕਾਰ ਪੁਲ ਬਣ ਜਾਵੇ ਅਰ ਸੰਤ ਉਸ ਪਰ ਚੜ੍ਹਕੇ ਤੇਰੀ ਦਰਗਾਹ ਵਿਚ ਪਹੁੰਚ ਪੈਣ। ਕੱਟ ਵੱਢ ਇਸ ਕਰਕੇ ਕਿਹਾ ਹੈ ਕਿ ਪਰਉਪਕਾਰ ਵਿਚ ਪੰਜਵੇਂ, ਨਾਵੇਂ ਤੇ ਦਸਮੇ ਜਾਮੇ ਵਿਚ ਹੋਕੇ ਮੁੜ ਮੁੜ ਕੇ ਗੁਰੂ ਸ਼ਾਹਿਬਾਂ ਨੂੰ ਸਿਰ ਦੇਣਾ ਪਿਆ ਹੈ।

[2] ਭਾਵ ਹੇ ਨਾਨਕ ! ਤੇਰੇ ਅੰਦਰ ਮੈਂ ਪ੍ਰੇਮ ਦਾ ਰਤਨ ਪਦਾਰਥ ਪਾਇਆ ਹੈ, ਇਸ ਪ੍ਰੇਮ ਦੇ ਵੱਸ ਹੋ ਕੇ ਕਿ ਮੇਰਾ (ਲਾਲ ਪਿਆਰੀ) ਪਿਆਰਾ ਭਗਤ ਪ੍ਰਗਟ ਹੋਣ ਲਗਾ ਹੈ। ਹੇ ਨਾਨਕ, ਗੁਰਮੁਖ ਦਾ ਤੈਨੂੰ ਅਮੋਲਕ ਲਕਬ ਬਖਸਿਆ, ਨਾਮ ਦਾ ਤੈਨੂੰ ਐਸਾ ਅਤੁਟ ਖ਼ਜ਼ਾਨਾ ਦਿਤਾ ਹੈ ਕਿ (ਜੁਗ ਜੁਗਾਂਤਰ) ਸਦਾ ਤੋਂ ਉਸ ਦੇ ਧਾਰਨ ਕਰਨੇ ਵਾਲਾ ਤੂੰ ਹੈਂ।

[1] ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥ {ਦੇਵ: ਮ: ੫-੨੧}

ਕਹੁ ਨਾਨਕ ਜਨ ਕਉ ਬਲਿ ਜਾਈਐ ਜੋ ਸਭਨਾ ਕਰੇ ਉਧਾਰੁ ॥੨॥ {ਦੇਵ: ਮ: ੫-੨੩}

[2] ਤੇਰਾ ਸਾਰਾ ਧਰਮ ਮੇਰਾ ਧਰਮ ਹੋਵੇਗਾ, ਤੇਰੀ ਸਾਰੀ ਪਵਿੱਤ੍ਰਤਾ ਮੇਰੀ ਪਵਿੱਤ੍ਰਤਾ ਹੋਵੇਗੀ, ਤੇਰੇ ਸਾਰੇ ਕਰਮ ਮੇਰੇ ਕਰਮ ਹੋਣਗੇ। ਹੇ ਨਾਨਕ ! ਤੈਨੂੰ ਕੋਈ ਲੇਪ ਛੇਪ ਨਹੀਂ ਹੋਵੇਗਾ। ਭਾਵ ਇਹ ਕਿ ਮੈਂ ਤੇਰੇ ਥਾਣੀ ਕੰਮ ਕਰਾਂਗਾ, ਕੰਮ ਕਰਨ ਵਾਲਾ ਮੈਂ ਹੋਵਾਂਗਾ ਤੈਨੂੰ ਕੋਈ ਲੇਪ ਛੇਪ ਨਹੀਂ ਹੋਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਹਰ ਜਾਮੇ ਵਟਾਉਣ ਵੇਲੇ ਇਸ ਵਰ ਨਾਲ ਵਡਿਆਏ ਜਾਂਦੇ ਰਹੇ ਹਨ।

[3] ਤੂੰ ਪੇਡੁ ਸਾਖ ਤੇਰੀ ਫੂਲੀ ॥ {ਮਾਝ ਮ: ੫-੨੮}

ਖੇਦਾਂ ਨੂੰ ਸਹਾਰਨ ਤੁਰੇ।

ਜਦ ਪੁਸ਼ਪ ਬਿਬਾਨ ਸਰੂਪ ਦੇ ਮਹਲ ਤੋਂ ਨਿਕਲਕੇ ਅੱਗੇ ਵਧਿਆ ਤਦ ਕ੍ਰੋੜਹਾਂ ਕ੍ਰੋੜ ਜਯੋਤੀ ਰੂਪ ਵਾਲੇ ਸਤਿਗੁਰਾਂ ਦੇ ਪ੍ਰੇਮ ਵਿਚ ਬਿਹਬਲ ਹੋਏ ਪਿਆਰ, ਸ਼ਰਧਾ ਤੇ ਭਗਤੀ ਦੇ ਜੋਸ਼ ਨਾਲ ਜਲ ਪੂਰਤ ਅੱਖਾਂ ਕਰਕੇ ਅਪਣੇ ਵਿਛੋੜੇ ਪੁਰ ਸ਼ੋਕ, ਪਰ ਉਨ੍ਹਾਂ ਦੇ ਹੁਕਮ ਮੰਨਣ ਤੇ ਉਪਕਾਰ ਪੁਰ ਅਨੰਦ ਤੇ ਮਿਲਾਪ ਦੀ ਦਸ਼ਾ ਵਿਚ ਹੋਏ ਸਦਕੇ ਹੋ ਹੋ ਨਮਸਕਾਰ ਕਰਦੇ ਹੋਏ ਆਪਣਾ ਆਪ ਵਾਰ ਰਹੇ ਨਜ਼ਰੀਂ ਪਏ।

ਗਲ ਕੀ ਪੁਸ਼ਪ ਬਿਬਾਨ ਅੱਗੇ ਅੱਗੇ ਟੁਰੀ ਗਿਆ, ਹੇਠਾਂ ਹੇਠਾਂ ਹੋਈ ਗਿਆ, ਸੂਖਮ ਮੰਡਲ ਪਿਛੇ ਰਹਿੰਦੇ ਗਏ, ਸਥੂਲਤਾ ਵਧਦੀ ਗਈ, ਪ੍ਰਕਾਸ਼ ਘਟਦਾ ਗਿਆ, ਪਰ ਪੁਸ਼ਪ ਬਿਬਾਨ ਟੁਰੀ ਗਿਆ। ਸੰਗੀਤ, ਸੰਗਤਾਂ ਦੇ ਜੈਕਾਰੇ ਤੇ ਅਨੰਦ ਨਾਲ ਨਾਲ ਸਨ। ਹਰ ਲੋਕ, ਹਰ ਖੰਡ, ਹਰ ਟਿਕਾਣੇ ਤੇ ਆਦਰ ਸਤਿਕਾਰ ਖੁਸ਼ੀਆਂ ਦੇ ਜੈਕਾਰੇ ਹੋ ਰਹੇ ਸਨ। ਆਖ਼ਰ ਪੁਸ਼ਪ ਬਿਬਾਨ ਇਸ ਧਰਤੀ ਦੇ ਮਾਨੋਂ ਹਨੇਰੇ ਮੰਡਲ ਵਿਚ ਆ ਗਿਆ। ਚਾਹੇ ਏਥੇ ਚਾਨਣਾ ਹੈ, ਪਰ ਓਸ ਚਾਨਣੇ ਦੇ ਸਾਹਮਣੇ ਇਥੋਂ ਦਾ ਚਾਨਣਾ ਪਰਛਾਵੇਂ ਜੇਹਾ ਹੈ[1]।

ਇਸ ਵੇਲੇ ਸੰਸਾ ਫੁਰਦਾ ਸੀ ਕਿ ਸਾਡੇ ਪਾਪੀਆਂ ਦੇ ਸੰਸਾਰ ਵਿਚ ਉੱਚੇ ਉੱਚੇ ਗੁਰ ਨਾਨਕ ਜੀ ਕਿੱਕੁਰ ਰਹਿਣਾ ਪਸੰਦ ਕਰਨਗੇ। ਭਲਾ ਬਰਫ ਦੇ ਘਰ ਵਿਚੋਂ ਨਿਕਲਕੇ ਅੱਗ ਦੇ ਘਰ ਵਿਚ ਕਿਸ ਦਾ ਗੁਜ਼ਾਰਾ ਹੁੰਦਾ ਹੈ। ਪਰ ਜਦ ਇਸ ਪਾਪੀ ਜੀਵ ਦੇ ਮੱਥੇ ਟੇਕਣੇ ਪੁਰ ਆਪ ਹੱਸੇ ਅਰ ਪਿਆਰ ਨਾਲ ਬਖ਼ਸ਼ੰਦ ਬੋਲੀ ਬੋਲੇ ਤਦ ਸਮਝ ਵਿਚ ਆ ਗਿਆ ਕਿ ਸੰਸਾਰ ਨੂੰ ਜੇ ਸੁਖ ਹੋ ਸਕਦਾ ਹੈ ਤਾਂ ਕੇਵਲ ਇਨ੍ਹਾਂ ਕੋਲੋਂ, ਜਿਨ੍ਹਾਂ ਨੇ ਪਾਪੀ ਤੋਂ ਘ੍ਰਿਣਾ ਨਹੀ ਕੀਤੀ।

ਹੁਣ ਪੁਸ਼ਪ ਬਿਬਾਨ ਹਿੰਦੁਸਤਾਨ ਦੇਸ਼ ਦੇ ਲਾਹੌਰ ਸ਼ਹਿਰ ਤੋਂ ੩੦ ਕੋਹ ਪੱਛੋਂ ਨੂੰ ਰਾਇ ਭੋਇ ਦੀ ਤਲਵੰਡੀ ਨਾਮੇਂ ਇਕ ਨਗਰ ਵਲ ਮੁੜਿਆ। ਇਥੇ ਇਕ ਮਹਿਤਾ ਕਾਲੂ ਨਾਮੇ ਬੇਦੀ ਘਰਾਣੇ ਦੇ ਰੱਜੇ ਘਰ ਵਾਲਾ, ਸ਼ਹਿਰ ਦਾ ਪਟਵਾਰੀ ਤੇ ਹਾਕਮ ਦਾ ਮੂੰਹ ਚਿਤ ਲਗਦਾ ਕਾਰਦਾਰ ਤੇ ਮੁਸਾਹਿਬ ਸੀ। ਇਸ ਦੇ ਘਰ ਵਿਚ ਇਕ ਸੁਹਣੇ ਸੁਥਰੇ ਤੇ ਖੁੱਲੇ ਦਾਲਾਨ ਅਰਥਾਤ ਦੀਵਾਨਖਾਨੇ ਵਿਚ ਇਸ ਦੀ ਸੁਪਤਨੀ ਜੀ ਤੇ ਨਾਲ ਦੋ ਇਕ ਸੇਵਕਾਂ ਬੈਠੀਆਂ ਹੋਈਆਂ ਸਨ। ਸ਼ਮਾਦਾਨ ਲਟ ਲਟ ਬਲ ਰਿਹਾ ਸੀ ਕਿ ਅਚਾਨਕ ਆਪ ਤੋਂ ਆਪ ਭਾਰਾ ਪ੍ਰਕਾਸ਼ ਹੋ ਗਿਆ ਤੇ ਜਗ ਰਹੇ ਦੀਪਕ ਦਾ ਮੱਧਮ ਪ੍ਰਕਾਸ਼ ਹਿਸ ਗਿਆ। ਫੇਰ ਉਸ ਦੀਵਾਨਖਾਨੇ ਵਿਚ ਡਾਢੇ ਮਿੱਠੇ ਗਾਉਣ ਦੀ ਅਵਾਜ਼ ਕੰਨੀ ਪੈਣ ਲੱਗੀ ਤੇ ਫੇਰ ਕੁਝ ਸੂਰਤਾਂ ਦੇ ਝਾਂਵਲੇ ਪਏ। ਇਸ ਦਸ਼ਾ ਨੂੰ ਦੇਖਕੇ ਸੱਭੇ ਬੀਬੀਆਂ ਸਹਿਮ ਗਈਆਂ, ਪਰ ਚਿਤੋਂ ਸੁਖੀ ਤੇ ਇਕਾਗਰ ਹੋਈਆਂ। ਅਚਰਜਤਾ ਜਿਹੀ ਛਾ ਗਈ ਅਰ ਕੰਨ ਤੇ ਅੱਖਾਂ ਲਾ ਕੇ ਉਸ ਅਚਰਜ ਗਤੀ ਦੇ ਸਮਝਣੇ ਦਾ ਯਤਨ ਕਰਨ ਲੱਗੀਆਂ। ਫੇਰ ਕੀ ਹੋਇਆ ਕਿ ਗੁਪਤ ਸੰਸਾਰ ਦੇ ਸੰਤ ਅਤੇ ਹੋਰ ਤਪਸੀ ਲੋਕ ਜੋ ਲੁਕੇ ਛਿਪੇ ਤਪਸਜਾ ਕਰਦੇ ਸਨ ਅਪਣੇ ਸੂਖਮ ਸਰੀਰਾਂ ਵਿਚ ਸਭ ਆ ਜੁੜੇ। ਬੂਹੇ ਵਜੇ ਹੋਏ ਹਨ, ਪਰ ਪਤਾ ਨਹੀਂ ਏਹ ਕਿਥੋਂ ਲੰਘੀ ਆਉਂਦੇ ਹਨ, ਸਾਰੇ ਜਣੇ ਜਦ ਬੈਠ ਗਏ ਤਦ ਸਭ ਨੇ ਇਕ ਭਜਨ ਗਾਂਵਿਆ[1] , ਜਿਸ ਦਾ ਤਾਤਪਰਜ ਇਨ੍ਹਾਂ ਤੁਕਾਂ ਵਿਚ ਹੈ :-

> ਆਉ ਸਾਜਨ ਸੰਤ ਮੀਤ ਪਿਆਰੇ ॥ ਮਿਲਿ ਗਾਵਹ ਗੁਣ ਅਗਮ ਅਪਾਰੇ ॥ ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥ ਜਨਮ ਜਨਮ ਕੇ ਕਿਲਬਿਖ ਜਾਵਹਿ ॥ ਮਨਿ ਚਿੰਦੇ ਸੇਈ ਫਲ ਪਾਵਹਿ ॥ ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ ਦੀਏ ਜੀਉ ॥ ੨ ॥
>
> {ਮਾਝ ਮਹਲਾ ੫-੩੫}

ਜਦ ਇਸ ਭਾਵ ਦਾ ਸੰਗੀਤ ਹੋ ਚੁਕਾ ਤਾਂ ਅੱਗੇ ਕੋਲੋਂ ਵਧੀਕ ਪ੍ਰਕਾਸ਼ ਹੋ ਗਿਆ। ਸਾਰੇ ਅਦਬ ਨਾਲ ਸਿਰ ਨਿਹੁੜਾਕੇ 'ਜੀ ਆਇਆਂ' ਦੇ ਸ਼ੁਕਰ ਭਰੇ ਸੁਨਹਿਰੀ ਭਾਵਾਂ ਨਾਲ ਭਰਕੇ ਹੱਥ ਜੋੜ ਖੜੋਤੇ। ਇੰਨੇ ਨੂੰ ਅਰਸ਼ਾਂ ਤੋਂ ਆ ਰਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁੰਦਰ ਪੁਸ਼ਪ ਬਿਬਾਨ ਉਸ ਸੰਤ ਦਰਬਾਰ

---

[1] ਓਥੈ ਦਿਹੁ ਐਥੈ ਸਭ ਰਾਤਿ ॥ {ਮਲਾ: ਮ: ੧-੮}

[1] ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ ॥
ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ ॥
{ਫੁਨਹੇ ਮਹਲਾ ੫-੧੮}

ਦੇ ਵਿਚਕਾਰ ਪਹੁੰਚਕੇ ਸ਼ੋਭ ਗਿਆ ਅਰ ਸਾਰਿਆਂ ਨੇ ਅਦਬ ਨਾਲ ਇਸ ਭਾਵ ਦਾ ਕੀਰਤਨ ਗਾਂਵਿਆ :

ਨਉਤਨ ਪ੍ਰੀਤਿ ਸਦਾ ਠਾਕੁਰ ਸਿਉ ਅਨਦਿਨੁ ਭਗਤਿ ਸੁਹਾਵੀ ॥ ਮੁਕਤਿ ਭਏ ਗੁਰ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਵੀ॥੨॥ {ਮਲਾਰ ਮਹਲਾ ੧-੪}

ਹੁਣ ਪੁਸ਼ਪ ਬਿਬਾਨ ਦੇ ਨਾਲ ਆਏ ਦੇਵ ਲੋਕਾਂ ਨੇ ਗੁਰੂ ਜਸ ਗਾਇਨ ਕੀਤਾ ਅਰ ਐਸਾ ਸੁੰਦਰ ਰਾਗ ਹੋਣ ਲੱਗਾ ਕਿ ਕੌਣ ਉਪਮਾਂ ਕਹੇ। ਜਿਸ ਮਗਰੋਂ ਸਾਰੇ ਸੰਤਾਂ ਨੇ ਕੁਛ ਗਾਂਵਿਆਂ, ਜਿਸ ਵਰਗਾ ਭਾਵ ਕੁਛ ਕੁਛ ਇਸ ਕਬਿਤ ਵਿਚ ਲੱਭਦਾ ਹੈ :-

ਸੁਪਨ ਚਰਿੱਤ੍ਰ ਚਿੱਤ੍ਰ ਬਾਨਕ ਬਨੇ ਬਚਿਤ੍ਰ ਪਾਵਨ ਪਵਿੱਤ੍ਰ ਮਿੱਤ੍ਰ ਆਜ ਮੋਰੇ ਆਏ ਹੈਂ ॥ ਪਰਮ ਦਿਆਲ ਲਾਲ ਲੋਚਨ ਬਿਸਾਲ ਮੁਖ ਬਚਨ ਰਸਾਲੁ ਮਧੁ ਮਧੁਰ ਪੀਆਏ ਹੈਂ ॥ ਸੋਭਤ ਸਿਹਜਾਸਨ ਬਿਲਾਸਨ ਦੈ ਅੰਕ ਮਾਲ ਪ੍ਰੇਮ ਰਸ ਬਿਸਮ ਹੁਇ ਸਹਿਜ ਸਮਾਏ ਹੈਂ॥... ॥੨੦੫॥ {ਭਾ.ਗੁ:}

ਇਸ ਤਰ੍ਹਾਂ ਦੇ ਪ੍ਰੇਮ ਵਾਕ ਸੁਣਕੇ ਸ੍ਰੀ ਗੁਰੂ ਜੀ ਨੇ ਬੜੇ ਪਿਆਰ ਨਾਲ ਸੰਤ ਮੰਡਲੀ ਨੂੰ ਕੁਛ ਇਸ ਪ੍ਰਕਾਰ ਦਾ ਸੰਦੇਸਾ ਦਿੱਤਾ-

ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ ॥ ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ ॥ ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ॥ ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥ ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ[੧] ॥ {ਵਾਰ ਗਉੜੀ ਮ: ੫-੮}

[੧] ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ ੨੭ ॥ {ਵਾਰ ਮਾਝ ਮ: ੧}

ਸ੍ਰੀ ਗੁਰੂ ਜੀ ਨੇ ਆਪਣੇ ਸੱਚ ਖੰਡ ਪਜਾਨੇ ਤੇ ਵਰੋਸਾਏ ਜਾਣ ਦੀ ਆਪ ਸਾਖ ਇਸ ਪਉੜੀ ਵਿਚ-ਭਰੀ ਹੈ।

ਸੰਤਾਂ ਨੇ ਹੁਣ ਕੁਛ ਹੋਰ ਉਚਾਰਿਆ ਜਿਸ ਦਾ ਭਾਵ ਇਸ ਸ਼ਬਦ ਵਿਚੋਂ ਪਰਤੀਤ ਦੇਂਦਾ ਹੈ :-

ਸਾਰੰਗ ਮਹਲਾ ੫ ਸੂਰਦਾਸ

ੴ ਸਤਿਗੁਰ ਪ੍ਰਸਾਦਿ ॥

ਹਰਿ ਕੇ ਸੰਗ ਬਸੇ ਹਰਿ ਲੋਕ ॥ ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥ ੧ ॥ ਰਹਾਉ ॥ ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥ ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥ ੧ ॥ ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥ ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥

ਗੁਰੂ ਜੀ ਨੇ ਕੁਛ ਐਸਾ ਭਾਵ ਕਥਨ ਕੀਤਾ :-

ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥ ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥੮॥ {ਗਉੜੀ ਮਹਲਾ ੧ ਅਸ: :-੨}

ਸੰਤਾਂ ਨੇ ਇਸ ਪ੍ਰਕਾਰ ਦੇ ਸ਼ੁਕਰ ਦੇ ਕੋਈ ਵਾਕ ਕਹੇ:-

ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ ॥ ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥ ੧ ॥ {ਵਾਰ ਗਉੜੀ ਮਹਲਾ ੫-੧੭}

ਗੁਰੂ ਜੀ ਨੇ ਹੁਣ ਇਹ ਪ੍ਰਭਾਵ ਪਾਇਆ :-

ਨਾਨਕੁ ਆਖੈ ਏਹੁ ਬੀਚਾਰੁ ॥ ਸਿਫਤੀ ਗੰਢੁ ਪਵੈ ਦਰਬਾਰਿ[੧] ॥ {ਵਾਰ ਮਾਝ ਮਹਲਾ ੧-੧੨}

ਕੈਸੀ ਅਸਚਰਜ ਲੀਲਾ ਹੈ। ਸੰਤ ਜਨ ਤਾਂ ਆਪ ਦੀ ਉੱਚੀ ਤੋਂ ਉੱਚੀ ਉਸਤਤਿ ਕਰਦੇ ਹਨ

[੧] ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ॥ ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥ ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥ ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥ {ਵਾਰ ਗਉ: ਮ: ੫-੧੭}

ਤੇ ਆਪ ਐਡੇ ਵਡੇ ਹੋਕੇ ਨਿੰਮ੍ਰਤਾ ਭਾਵ ਵਿਚ ਉਨ੍ਹਾਂ ਨੂੰ ਪਰਮੇਸ਼ੁਰ ਦੇ ਲੜ ਫੜਨੇ ਦਾ ਉਪਦੇਸ਼ ਕਰਦੇ ਹਨ, ਪਰ ਉਹ ਬੀ ਗੁਪਤ ਵਰਤਾਰੇ ਦੇ ਜਾਣੂ ਸਨ ਝੱਟ ਕੁਛ ਐਸੇ ਭਾਵ ਦੇ ਵਾਕ ਬੋਲੇ :-

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ {ਵਾਰ ਮਲਾਰ ਮ: ੧-੨੮}

ਗੁਰੂ ਜੀ-ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ॥ ੪ ॥ {ਆਸਾ ਮ: ੧-੧੦}

ਤਪੱਸੀਆਂ ਨੇ ਫੇਰ ਐਸੇ ਕੋਈ ਵਾਕ ਕਹੇ :-

ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ[1] ॥ {ਵਾਰ ਮਲਾਰ ਮ:੧-੨੮}

ਗੁਰੂ ਜੀ-ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ ॥ {ਰਾਮ: ਮ: ੧ ਅ: ੯}

ਸੰਤਾਂ ਨੇ ਹੁਣ ਆਪਣੀਆਂ ਮਿੱਠੀਆਂ ਸੁਰਾਂ ਵਿਚ ਇਕ ਗੀਤ ਗਾਂਵਿਆਂ, ਜਿਸ ਵਰਗਾ ਭਾਵ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਸ਼ਬਦ ਵਿਚ ਅੰਕਿਤ ਹੈ:-

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥ ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥ ੧ ॥ ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥ ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥ ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥ ੨ ॥ ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥ ੩ ॥ ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥ ੪ ॥ ੨ ॥ ੧੩ ॥ {ਸੋਰਠਿ ਮਹਲਾ ੫}

ਇਸ ਤਰ੍ਹਾਂ ਦੇ ਆਨੰਦ ਵਿਚ ਗੀਤ ਗਾਉਂਦੇ[2] ਤੇ ਨਮਸਕਾਰਾਂ ਕਰਦੇ ਸੰਤ ਜਨ ਅਸੀਸਾਂ ਲੈਕੇ ਵਿਦਾ ਹੋਏ, ਉਧਰ ਪੁਸ਼ਪ ਬਿਬਾਨ ਤੇ ਦੇਵ ਲੋਕ ਵਿਦਾ ਹੋ ਗਏ।

ਰਾਤ ਦਾ ਸਮਾਂ ਸੀ, ਤਿਲਵੰਡੀ ਨਗਰ ਦੇ ਲੋਕੀ ਸੁੱਤੇ ਪਏ ਸੀ, ਬਾਹਰ ਬਨ ਦੇ ਵਣ ਨੀਂਦ੍ਰਾਂ ਵਿਚ ਸਨ, ਵਗਦੇ ਖੂਹ ਬੀ ਅਜੇ ਅਡੋਲ ਖੜੇ ਜਾਗੇ ਨਹੀ ਸਨ ਤੇ ਤਾਰਿਆਂ ਦੀ ਡਲ੍ਹਕ ਧਰਤੀ ਤੇ ਟਿਕਵੀਂ ਝਲਕ ਰਹੀ ਸੀ। ਰਾਤ-ਚੁਪਾਤੀ ਟੁਰੀ ਗਈ, ਕੋਈ ਪਹਿਰ ਕੁ ਰਹਿ ਗਈ ਹੋਊ ਤਾਂ ਇਸੇ ਨਗਰ ਵਿਚ ਇਕ ਪੰਡਤ ਤਾਰਿਆਂ ਵਲ ਦੇਖ ਰਿਹਾ ਨਜ਼ਰ ਪਿਆ। ਕਦੇ ਪੱਤ੍ਰੀ ਵਿਚੋਂ ਕੁਝ ਲੇਖਾ ਦੇਖਦਾ ਹੈ, ਕਦੇ ਅਕਾਸ਼ ਵਲ ਤੱਕਦਾ ਤੇ ਕੁਝ ਵਿਚਾਰਦਾ ਹੈ ਤੇ ਕਦੇ ਸੋਚ ਵਿਚ ਡੁਬ ਜਾਂਦਾ ਹੈ। ਅੰਦਰੋਂ ਸੁਆਣੀ ਨੇ ਵਾਜ ਦਿੱਤੀ, 'ਪੰਡਿਤ ਜੀ ! ਅੱਜ ਐਸ ਵੇਲੇ ਨਛੱਤ੍ਰਾਂ ਨਾਲ ਕੀਹ ਲੰਮੇ ਲੇਖੇ ਕਰ ਰਹੇ ਹੋ ?'

ਪੰਡਿਤ ਜੀ ਜ਼ਰਾ ਸੰਭਲੇ ਤੇ ਬੋਲੇ: ਮਹਿਤੇ ਕਾਲੂ ਦੇ ਘਰ ਕਾਕਾ ਹੋਇਆ ਹੈ ਤੇ ਗ੍ਰੈਹ ਨਛੱਤ੍ਰ ਵਿਚਾਰ ਰਿਹਾ ਹਾਂ, ਉਹ ਤਾਂ ਭਾਗ ਭਰੀਏ ਕੋਈ ਮਹਾਂ ਬਲੀ ਅਵਤਾਰ ਜਾਪਦਾ ਹੈ।

ਮਿਹਰਾਂ ਦੇ ਸਾਂਈ ਸਤਿਗੁਰ ਨਾਨਕ ਦੇਵ ਜੀ ਦੇ ਆਉਣ ਤੇ ਜਗਤ ਵੱਲੋਂ

# ਸ੍ਵਾਗਤ ਸਿਹਰਾ [3]।

ਇਕ ਸਜਾਮ ਘਟਾ ਛਾਈ, ਉਦਾਸ ਨਜ਼ਰ ਆਈ, ਹਾਂ, ਸਹਿਮ ਪਿਆ ਬਰਸੇ, ਝੜ ਛਾਇ ਝੜੀ ਲਾਈ ਸਤ ਰੰਗ ਤੁਸੀਂ ਚਮਕੇ, ਇਕ ਪੀਂਘ ਤੁਸਾਂ ਪਾਈ, ਉਹ ਦਮਕ ਪਈ ਕਾਲਕ ਮਿਟ ਨਾਲ ਗਈ ਕਾਈ।

---

[1] ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥ ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ ॥ {ਵਾਰ ਗਉੜੀ ਮ:੫-੩੨}

[2] ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥ ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ ੪ ॥ {ਆਸਾ ਛੰਤ ਮਹਲਾ ੪-੧}

[3] ਇਹ ਸਿਹਰਾ ਸੰ:ਗੁ:ਨਾ:ਸਾ:੪੫੮ (ਸੰ:੧੯੨੬ ਈ:) ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਇਕ ਤੇਲ ਪਈ ਬੱਤੀ, ਇਕ ਬੁਝੇ ਪਏ ਦੀਵੇ,
ਨਹਿੰ ਰਤੀ ਰਹੀ ਰੌਣਕ, ਦਿਲ-ਝਵੀਂ ਰਹੀ ਛਾਈ
ਤੁਸੀਂ ਕਿੰਵ ਕਿਤੋਂ ਆਏ ਬਲਦੇ ਬਲਦੇ ਸੁਅਲੇ?
ਗਲ ਲੱਗ ਗਏ ਆਕੇ, ਬੁਲ੍ਹ ਚੁੰਮ ਲਏ ਧਾਈ।
ਛੁਹ ਕਿੰਵ ਦਈ ਨੂਰੀ 'ਨਿਘ-ਜਿੰਦ' ਕਿਵੇਂ ਭਰਕੇ?
ਹਾਂ, ਚਲੇ ਗਏ ਲਗ ਕੇ, ਪਰ ਫੇਰ ਰਹੇ ਛਾਈ।'
ਹਾਂ, 'ਨੂਰ-ਭਬਾਕਾ' ਏ, ਵਾਹ 'ਜੀਵਨ-ਝਾਕਾ' ਏ,
ਵਾਹ ਬੁਝਿਆਂ ਬਾਲ ਗਏ, ਕੁਈ ਜਿੰਦ ਨਵੀਂ ਪਾਈ।

ਕਈ ਢੇਰ ਲਗੇ ਲਕੜੀ, ਨਾ ਤੁੱਲ ਸਕਦੇ ਤਕੜੀ,
ਜਜੋਂ ਸੈਲ ਪਏ ਮੁਰਦੇ, 'ਜਿੰਦ-ਨਿੱਘ' ਨਹੀਂ ਰਾਈ।
ਆ ਕੜਕ ਪਈ ਬਿਜਲੀ, ਛੁਹ ਲੱਗ ਗਈ ਰੰਗਲੀ,
ਭਾ ਚਮਕ ਪਈ ਨੂਰੀ, ਬਲ ਜਿੰਦ ਉਠੀ ਸ੍ਵਾਈ।

ਹਾਂ, ਰਾਤ ਅਨ੍ਹੇਰਾਏ ਜਿਨ੍ਹ ਘੇਰ ਲਈ ਧਰਤੀ,
ਪੈ ਰਹੀ ਉਦਾਸੀ ਏ, ਛਾ ਰਹੀ ਇ ਉਦਰਾਈ,
ਬਣ ਸੂਰਜ ਆਏ ਹੋ, 'ਛੁਹ-ਚਾਨਣ' ਲਜਾਏ ਹੋ,
ਇਕ 'ਚਾਨਣ ਧੱਕਾ ਹੋ, ਆ 'ਨੂਰ ਝਮਕ' ਲਾਈ।
ਹਾਂ, ਮੌਤ ਮਰਾਈ ਜੇ, 'ਜਿੰਦ-ਨੂਰ' ਵਸਾਯਾ ਜੇ,
ਇਕਪਲਕ ਨ ਲੱਗੀ ਏ, ਹਾਂ, ਇਹੋ ਬਿਰਦ ਸਾਈਂ!

ਫੁੱਲ ਪੱਤ ਝੜੇ ਸਾਰੇ, ਛਾ ਸੁੰਞ ਰਹੀ ਡਾਲੀ !
ਦਿਲਗੀਰ ਬਣੀ ਰੰਗਤ, ਮੂੰਹ ਪਸਰ ਰਹੀ ਝਾਈ।
ਹੋ ਬਸੰਤ ਤੁਸੀਂ ਆਏ, ਚੁਪ ਲੰਘ ਗਏ ਅੰਦਰ,
'ਨਿਘ-ਜਿੰਦ' ਭਰੀ ਸਾਰੇ ਝਰਨਾਟ ਨਵੀਂ ਪਾਈ।
'ਖਿੜ-ਚਟਕ' ਠੁਮੱਕਾ ਦੇ, ਅੱਖ ਖੋਲ੍ਹ ਦਈ ਮੀਟੀ
ਭਰਿ ਝੋਲ ਸ਼ਗੂਫੇ ਦੇ 'ਲੁਟ-ਹਾਸਜ' ਤੁਸਾਂ ਲਾਈ।
ਵਾਹ ਮੁਇਆਂ ਜਿਵਾਂਦੇ ਹੋ, ਵਾਹ ਜਿੰਦੜੀ ਪਾਂਦੇ ਹੋ।
ਵਾਹ ਨੂਰ ਵਸਾਂਦੇ ਹੋ, 'ਛੁਹ-ਜਾਨ' ਤੁਸਾਂ ਜਾਈ[1] !

# ੨. ਪਜਾਰੇ ਦੇ ਬਾਲ ਚੋਜ[2]।

੧. {ਅਵਤਾਰ}

"ਗੁਰ ਨਾਨਕ ਦੇਵ ਗੋਵਿੰਦ ਰੂਪ॥੮॥"{ਬਸੰ: ਸ:੫-੧}

ਪਿਛਲੀ ਰਾਤ ਦਾ ਚੰਦ ਜੋ ਕਈ ਦਿਨਾਂ ਤੋਂ ਹਰ ਦਿਨ ਪਤਲਾ ਹੁੰਦਾ ਜਾਂਦਾ ਸੀ; ਅੱਜ ਪੂਰੇ ਦੀਆਂ ਨੁੱਕਰਾਂ ਵਿਚ ਬ੍ਰੀਕ ਜਿਹੀ ਪ੍ਰਕਾਸ਼ ਦੀ ਇਕ ਨਿੱਕੀ ਜਿਹੀ ਕਮਾਨ ਬਣਕੇ ਸੂਰਜ ਦੇ ਉਦੇ ਹੋਣ ਵਾਲੇ ਚਾਨਣੇ ਦੀ ਉਡੀਕ ਵਿਚ ਚਾਂਦਨੀ ਆਪਾਵਾਰਨ ਨੂੰ ਐਉਂ ਤਿਆਰ ਖੜਾ ਹੈ ਜਿਵੇਂ ਕਿਸੇ ਅਗਨਿ ਹੋਤ੍ਰੀ ਦੇ ਹੱਥ ਵਿਚ ਅਰਘੇ ਦੇ ਮੂੰਹ ਅੱਗੇ ਘਿਉ ਦੀ ਅਹੂਤੀ ਅਗਨੀ ਵਿਚ ਛਾਲ ਮਾਰਨ ਨੂੰ ਤਿਆਰ ਹੁੰਦੀ ਹੈ।

ਤਾਰਿਆਂ ਦੇ ਮੰਡਲ ਸਾਰੀ ਰਾਤ ਨੂਰ ਦੀ ਫੁਹਾਰ ਵਸਾਉਂਦੇ ਅਡੋਲ ਚਾਲੇ ਪਏ, ਰਾਸ ਮੰਡਲ ਦੇ ਨਾਚ ਵਾਂਙੂ, ਪਰ ਨਾ ਦਿੱਸਣ ਵਾਲੇ 'ਆਪਾ-ਵਾਰ' ਨਾਚ ਵਿਚ, ਮਲਕੜੇ ਮਲਕੜੇ ਠੁਮਕਦੇ, ਧ੍ਰੂ ਦੁਆਲੇ ਗੇੜ ਖਾਂਦੇ, ਆਉਣ ਵਾਲੇ ਨੂਰ ਦੇ ਆਉਣ ਤੋਂ ਪਹਿਲਾਂ ਉਸ ਦੀਆਂ ਸੋਆਂ ਲੈ ਲੈ ਹੀ, ਆਪਣਾ ਚਾਨਣਾ ਅਰਪਣ ਕਰਦੇ ਗੁੰਮਦੇ ਚਲੇ ਜਾ ਰਹੇ ਹਨ।

ਨੀਲਾ ਨੀਲਾ ਅਕਾਸ਼ ਧੋਤੀ ਹਈ ਨੀਲਮਣੀ ਵਾਂਙੂ ਟਹਿਕ ਰਿਹਾ ਹੈ, ਮਾਨੋਂ ਕਿਸ ਭਗਤੀ ਭਾਵ ਵਿਚ ਭਰਿਆ, ਸ਼ਾਂਤਿ ਰਸ ਰਸੀਆ ਹੈ, ਆਪਣੇ ਉੱਚੇ ਮੰਡਲਾਂ ਵਿਚ ਕਿਸੇ ਉੱਚੇ ਤੇ ਸਰਬ ਨੂੰ ਮਾਤ ਕਰਨ ਵਾਲੇ ਤ੍ਰਿੱਖੇ ਪ੍ਰਕਾਸ਼ ਦੇ ਉਡਦੇ ਰਥ ਦਾ 'ਆਦਰ-ਮੰਡਲ' ਬਣਨ ਲਈ ਚਾਉ ਵਿਚ ਆਇਆ ਆਪਾ ਨਿਹੁੜਾਈ ਰਾਹ ਤਕਦਾ ਖੜਾ ਹੈ।

ਮਿੱਠੀ ਮਿੱਠੀ, ਮੰਦ ਮੰਦ, ਬਹੁਤ ਸੂਖਮ ਤੇ ਮੱਧਮ ਬਨ-ਸੁਗੰਧੀ ਨਾਲ ਲਪਟ ਭਰੀ ਪਉਣ ਵਗ ਪਈ ਹੈ, ਮਾਨੋਂ ਕੋਈ ਸੁੰਦਰ ਕੁਮਾਰੀਆਂ ਦੀ ਇਕ ਅਰੂਪ ਰੂਪ ਵਾਲੀ ਮੰਡਲੀ ਕਿਸੇ ਰੱਬੀ ਜੋਤਿ; ਧਰਮ ਸਰੂਪ ਤੇ ਜਗ ਤਾਰਕ ਸੂਰਮੇ ਦੇ ਬਿਜੈਮਾਨ ਆ ਰਹੇ ਸੁਆਗਤ ਦੇ ਚਾਉ ਵਿਚ ਉਸਦੀ ਆਰਤੀ ਉਤਾਰਨ ਜਾ ਰਹੀ ਹੈ।

ਬਨ ਦੀ, ਬਾਗ਼ ਦੀ, ਚਿਮਨਾ ਦੀ, ਵਾੜੀਆਂ ਦੀ ਬਨਸਪਤੀ ਫੁੱਲਾਂ ਦੀਆਂ ਮਾਨੋਂ ਚੰਗੇਰਾਂ ਸਿਰ ਤੇ ਚਾਈ, ਖਿੜੇ ਮਸਤਕਾਂ ਵਾਂਗ ਖਿੜੀ, ਮੁਸਕ੍ਰਾ ਰਹੀ ਤੇ ਮੁਸਕ੍ਰਾਹਟ ਲਾ ਰਹੀ, ਕਿਸੇ ਸੁਹਣਿਆਂ ਦੇ ਸੁਲਤਾਨ, ਖ਼ੂਬਾਂ ਦੇ ਸਿਰਤਾਜ, ਮਲੂਕਾਂ ਦੇ ਮਹਾਰਾਜ ਦੇ ਆਗਮ ਚਾਉ ਵਿਚ ਨਿੱਕੀ ਨਿੱਕੀ ਫੁਲ ਪੰਖੜੀ ਰਾਹਾਂ ਤੇ ਵਿਛਾਉਣ ਲਈ ਖੜੀ ਹੈ, ਹਾ,

[1] ਜਾਨ ਪਾ ਦੇਣ ਵਾਲੀ ਛੋਹ ਉਤਪਤ ਹੀ ਤੁਸਾ ਤੋਂ ਹੋਈ ਹੈ। [2] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੫੮ (ਸੰਨ ੧੯੨੬ ਈ:) ਦੇ ਗੁਰਪੁਰਬ ਪੁੰਨਮ ਤੇ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਤ ਹੋਇਆ ਸੀ।

ਅਪਣੀ ਸੁਗੰਧੀ ਦੀ ਫੁਹਾਰ ਚੁਫੇਰੇ ਫੈਲਾਕੇ ਰੂਹਾਂ ਨੂੰ ਸੁਗੰਧਿਤ ਕਰ ਰਹੀ ਹੈ ਤੇ 'ਫੁੱਲ ਬਰਖਾ ਕਰਨ ਲਈ' ਮਲ੍ਹਾਰ ਭਰੇ ਉਭਰਾਉ ਵਿਚ ਆ ਰਹੀ ਹੈ।

ਉੱਚੇ ਉੱਚੇ,-ਲੰਮੇ ਲੰਮੇ ਬ੍ਰਿਛਾਂ ਦੀਆਂ ਪੱਤੀਆਂ ਨਾਲ ਹਰੀਆਂ ਹੋ ਰਹੀਆਂ ਡਾਲੀਆਂ 'ਬਨਸਪਤਿ-ਬਨਮਾਲੀ' ਦੇ ਰਸਤਿਆਂ ਤੇ ਮੰਦ ਮੰਦ ਵੇਗ ਦਾ ਚਵਰ ਝੁਲਾ ਰਹੀਆਂ ਹਨ।

ਹਰਿਆ ਹਰਿਆ ਘਾਹ ਇਸ਼ਨਾਨ ਕਰ, ਨ੍ਹਾ ਧੋ, ਸਾਫ ਹੋ, ਤ੍ਰੇਲ ਬਿੰਦੂਆਂ ਦੀਆਂ ਮੋਤਸਰੀਆਂ ਪਹਿਨ ਕਿਸੇ 'ਸਦਾ ਹਰੇ ਭਰੇ' ਦੇ ਆਉਣ ਦੇ ਪਿਆਰ ਵਿਚ, 'ਆਪਾਵਾਰ ਉਮਾਹ' ਵਿਚ ਭਰਕੇ ਮਖ਼ਮਲੀ ਫ਼ਰਸ਼ ਵਾਂਙੂ ਵਿਛਿਆ ਜਾ ਕੇ ਲਹਿ ਲਹਿ ਕਰ ਰਿਹਾ ਹੈ।

ਪੂਰੇ ਤੋਂ ਪਹਿਲੀ ਚਾਨਣ ਰੇਖਾ ਫੁੱਟੀ, ਮਗਰੇ ਹੀ ਮਹੀਨ ਮਹੀਨ, ਸੁਹਲ ਸੁਹਲ, ਅਡੋਲ ਅਡੋਲ ਆਪੋ ਵਿਚ ਮਿਲੀਆਂ ਇਕ ਦੂਜੇ ਤੋਂ ਕਾਹਲੀਆਂ ਕਾਹਲੀਆਂ ਚਾਨਣ-ਰਿਸ਼ਮਾਂ ਬੇ-ਮਲੂਮੇ ਵੇਗ ਵਿਚ ਦੌੜਦੀਆਂ ਆ ਰਹੀਆਂ ਹਨ। ਚਿੜੀ ਚੂਹਕ ਪਈ, ਇਕ, ਹਾਂ ਅਨੇਕਾਂ ਪੰਛੀ ਨਿਕਲ ਪਏ, ਸਭ ਦੇ ਰਾਗ-ਅਲਾਪ ਛਿੜ ਪਏ, ਮਾਨੋ ਆਗਮ-ਆਦਰ ਦੇ ਸੋਹਿਲੇ ਹੋ ਰਹੇ ਹਨ।

ਦੇਖੋ ਪੂਰੇ ਵਲੋਂ ਸੁਨਹਿਰੀ ਪ੍ਰਕਾਸ਼ ਦੇ ਬਾਣ ਗੁਲਿਆਈ ਲੈ ਲੈ ਉੱਠੇ। ਹਾਂ, ਜਲਾਲ ਭਰੀ, ਤੇਜ ਭਰੀ, ਪੰਘਰੇ ਹੋਏ ਸੋਨੇ ਦੇ ਰੰਗ ਵਾਂਙੂ ਲਹਿਰਦੀ ਤੇ ਦਮਕਦੀ ਡਲ੍ਹਕਾਂ ਭਰੀ ਆਭਾ ਵਾਲੀ ਸੂਰਜ ਦੀ ਟਿੱਕੀ ਤੇ ਗੁਲਿਆਈ ਧਰਤੀ ਦੇ ਤਲ ਤੋਂ ਉਭਰਦੀ ਤੇ ਉੱਚੀ ਹੁੰਦੀ ਨਿਕਲ ਪਈ ਹੈ; ਨੈਣ ਲਾਓ, ਤੱਕੋ, ਦਿੱਸਦੀ ਹੈ ਸਾਫ ਤੇ ਨੈਣ ਘਾਬਰਦੇ ਕੋਈ ਨਹੀਂ, ਸਗੋਂ ਟਿਕਦੇ ਹਨ। ਕਿਸ 'ਪਿਆਰ-ਆਭਾ' ਨਾਲ ਇਹ ਨੂਰ ਆਕੇ ਨੈਣਾਂ ਵਿਚ ਭਰਦਾ, ਅੰਦਰੇ ਸੰਜਰਦਾ ਤੇ ਸਿਰ ਨੂੰ ਸਰੂਰ ਨਾਲ ਭਰਦਾ ਹੈ। ਹਾਂ, ਨੂਰ ਦੀ ਪਿਆਸ ਵਾਲੇ, ਨੂਰ ਪਿਆਂ ਫੜਕ ਓੱਠਣ ਵਾਲੇ, ਨੂਰ ਦੇ ਕਦਰਾਂ ਵਾਲੇ, ਨੂਰ ਲਈ ਰਚੇ ਗਏ, ਨੂਰ ਨੂੰ ਝੋਲੀ ਵਿਚ ਲੈ ਲੈਣ ਵਾਲੇ ਮਾਨੋਂ ਨੂਰ ਦੀ 'ਪ੍ਰੇਮ-ਤਾਂਘ' ਵਿਚ ਨੂਰ ਤੋਂ ਹੀ ਘੜੇ ਗਏ ਨੈਣ, ਕਿਸ ਤਰ੍ਹਾਂ ਨੂਰ ਪੀ ਰਹੇ ਹਨ ! ਝਮੱਕਾ ਬੀ ਨਹੀਂ ਲੈਂਦੇ। ਜਿਉਂ ਜਿਉਂ ਨੂਰ ਦਾ ਥਾਲ ਉਚੇਰਾ ਹੁੰਦਾ ਹੈ, ਮਾਨੋਂ ਨੈਣ ਨੂਰ ਦੇ ਬੁੱਕੇ ਤੋਂ ਵੱਸ ਰਹੇ, 'ਨੂਰ ਨੀਰ' ਨਾਲ ਨ੍ਹਾ ਰਹੇ ਹਨ। ਖੜੇ ਨੂਰ-ਤੇਜ ਵਿਚ ਹਾਂ ਪਰ ਜਾਪਦਾ ਇੰਵ ਹੈ ਕਿ ਕਿਸੇ ਸਰੋਵਰ ਦੇ ਇਸ਼ਨਾਨ ਨੇ ਨਾ ਨਿਰਾ ਨੈਣਾਂ ਨੂੰ, ਸਗੋਂ ਸਾਰੇ ਸਰੀਰ ਨੂੰ ਹਲਕਾ ਫੁੱਲ ਤਰੋਤਾਜ਼ਾ ਕਰ ਦਿੱਤਾ ਹੈ।

ਨੂਰ ਦਾ ਤਬਕ ਉੱਚਾ ਹੋ ਆਇਆ, ਹੁਣ, ਨਜ਼ਰ ਨਹੀਂ ਟਿਕਦੀ, ਪਰ 'ਹਨੇਰੇ ਵਿਚ ਆਛਾਦਨ ਰਹਿਣ ਵਾਲੀ' ਧਰਤੀ ਦੇ ਗਗਨ ਮੰਡਲਾਂ ਵਿਚ ਨੂਰ ਭਰ ਗਿਆ। ਪ੍ਰਕਾਸ਼ ਹੀ ਪ੍ਰਕਾਸ਼ ਦੀ ਛਹਿਬਰ ਲਗ ਗਈ, ਮਾਨੋਂ ਅੰਧਕਾਰ ਕਦੇ ਧਰਤੀ ਤੇ ਆਇਆ ਹੀ ਨਹੀਂ ਸੀ। ਘਰਾਂ ਤੇ ਬ੍ਰਿਛਾਂ ਦੇ ਪਰਛਾਵੇਂ ਬੀ ਏਸ ਪ੍ਰਕਾਸ਼ ਦੇ ਅੱਗੇ ਧਰਤੀਆਂ ਉੱਤੇ ਲੰਮੇ ਪੈ ਗਏ। ਹਨੇਰਾ ਧਰਤੀ ਤੋਂ ਤਾਂ ਨੱਸ ਟੁਰਿਆ ਸੀ, ਮਨ ਮੰਡਲਾਂ ਤੋਂ ਤਮੋਂ ਦੇ ਅੰਧਕਾਰ ਹੁਰੀਂ ਬੀ ਉੱਠ ਨਸੇ। ਭਜੀ ਜਾ ਰਹੀ ਹੈ ਨੀਂਦਰ, ਐਨੀ ਤ੍ਰਿੱਖੀ ਕਿ ਦੌੜੀ ਜਾਂਦੀ ਨਜ਼ਰ ਬੀ ਨਹੀਂ ਪੈਂਦੀ। ਨੂਰ ਹੁਰੀਂ 'ਜਾਗ' ਦਾ ਰੂਪ ਲੈਕੇ ਪ੍ਰਾਣ ਧਾਰੀਆਂ ਦੇ ਅੰਦਰ ਧਸਦੇ ਜਾ ਰਹੇ ਹਨ, 'ਅਵੇਸਲੇਪਨ ਦੀ ਗੋਦ' ਵਿਚ ਸੁੱਤੇ ਲੋਕੀ ਤੜੱਕ ਤੜੱਕ ਉਠਦੇ; ਉੱਦਮ ਦੇ ਪੈਰ ਖੰਭਾਂ ਨਾਲ ਉੱਡ ਪਏ ਹਨ। ਸਮਾਧੀਆਂ ਵਿਚ ਲੱਗੀਆਂ ਬ੍ਰਿਤੀਆਂ ਸੂਰਜ ਦੀਆਂ ਫੈਲ ਰਹੀਆਂ ਕਿਰਨਾਂ ਵਾਂਙੂ ਆਪਣੇ ਅੰਦਰਲੇ ਨੂਰ ਤੋਂ ਉੱਠਕੇ ਬਾਹਰਲੇ ਖਿੰਡਾਉ ਵਿਚ ਆ ਕੇ ਕੁਦਰਤ ਦੇ ਜਲਵਿਆਂ ਵਿਚੋਂ ਰਸ ਪੀਣ-ਹਾਰੀਆਂ ਹੋ ਰਹੀਆਂ ਹਨ।

ਲੰਮੀ ਲੰਮੀ, ਬ੍ਰੀਕ ਬ੍ਰੀਕ ਇਕ 'ਦੋ ਤ੍ਰੈ ਸੁਰੀ' ਧੁਨਿ ਆ ਰਹੀ ਹੈ :-'ਤੂੰ ਤੂੰ ਤੂੰ ਤੂੰ'। ਕੌਣ ਹੈ ? ਕੋਈ ਬੰਦਾ ? ਨਹੀਂ, ਇਕ ਵਗਦਾ ਖੂਹ, ਸਾਨੂੰ ਅਚੇਤਨ ਦਿੱਸਦਾ ਖੂਹ, ਹੈ ਜੋ ਇਕ ਧੁਨਿ ਕਰ ਰਿਹਾ ਹੈ 'ਘੂੰ ਘੂੰ ਘੂੰ' ਪਰ ਹੁਣ ਇਸ ਸੱਦ ਵਿਚੋਂ 'ਤੂੰ ਤੂੰ' ਅਨੁਭਵ ਕਰ ਲੈਣ ਵਾਲੇ ਅਰਸ਼ੀ ਕੰਨ ਆ ਗਏ ਹਨ, ਜਿਨ੍ਹਾਂ ਜਾਗ੍ਰਤ ਕੰਨਾਂ ਵਿਚ ਇਹ ਨਾਦ 'ਤੂੰ ਤੂੰ' ਦਾ ਸੰਗੀਤ ਬਣਦਾ ਜਾਂਦਾ ਹੈ। ਖੂਹ ਖੇਤੀਆਂ ਨੂੰ ਪਾਣੀ ਦੇ ਰਿਹਾ ਹੈ, 'ਘੂੰ ਘੂੰ' ਦੀ ਅਵਾਜ਼ ਨਾਲ ਕ੍ਰਿਸਾਨ ਨੂੰ ਉਸਦੇ ਚਲਦੇ ਰਹਿਣ ਦੀ ਸੁਰਤ ਦੇ ਰਿਹਾ ਹੈ। ਪਰ ਹਾਂ ਅਰਸ਼ੋਂ ਆਏ ਅਰਸ਼ੀ ਮਨ, ਕਵਿ ਮਨ, ਫਕੀਰ ਮਨ ਅਵਤਾਰ ਮਨ ਅਤੇ ਕਾਦਰ ਨਾਲ ਸਦਾ ਸੁਰ ਹੋਏ, ਮਨ ਜੀ ਇਸ ਤੋਂ ਗੁੰਜਾਰ ਲੈ ਰਹੇ ਹਨ-'ਤੂੰ ਤੂੰ ਤੂੰ'।

ਟਿੰਡਾਂ ਦਾ ਗੇੜ ਭਰਿਆ ਆਉਂਦਾ ਹੈ ਉੱਪਰ ਨੂੰ; ਪਾਣੀ ਉੱਲਟ ਕੇ ਖਾਲੀ ਹੋਕੇ ਟੁਰ ਜਾਂਦਾ ਹੈ ਹੇਠਾਂ ਨੂੰ। ਪਾੜਛਾ ਪਾਣੀ ਲੈਕੇ ਨਿਸਾਰ ਨੂੰ ਦੇ ਦੇਂਦਾ ਹੈ, ਨਿਸਾਰ ਪਾਣੀ ਲੈਂਦੀ ਹੈ ਪਰ ਅੱਗੇ ਟੋਰ ਦਿੰਦੀ ਹੈ। ਚੁੱਬਚਾ ਪਾਣੀ ਲੈਂਦਾ ਹੈ, ਆਪਾ ਭਰ ਬੈਠਦਾ ਹੈ; ਪਰ ਦੂਜੇ ਪਾਸੇ ਆਡ ਨੂੰ ਦਾਨ ਦੇਣਾ ਸ਼ੁਰੂ ਕਰ ਦਿੰਦਾ ਹੈ। ਆਡ ਲਹਿ ਲਹਿ ਕਰਦੀ ਵਗ ਪੈਂਦੀ ਹੈ; ਨਕਾਨਕ ਭਰ ਜਾਂਦੀ ਹੈ, ਪਰ ਅੱਗੇ ਜਾਕੇ ਸਾਰਾ ਆਪਾ ਖੇਤ ਦੇ ਅਰਪਨ ਕਰ ਦੇਂਦੀ ਹੈ। ਖੇਤ ਪਾਣੀ ਲੈਂਦਾ ਹੈ, ਆਪੇ ਵਿਚ ਸਮਾਉਂਦਾ ਹੈ; ਆਪਣੇ ਵਿਚ ਲੁਕੇ ਬੈਠੇ ਜੀਉਂਦੇ ਕਿਣਕਿਆਂ ਨੂੰ ਪਿਲਾਉਂਦਾ ਹੈ; ਉਹ ਜਾਗ ਉਠਦੇ ਹਨ; ਹਰੇ ਭਰੇ ਹੋ ਸਿਰੀਆਂ ਬਾਹਰ ਕੱਢ ਲਹਿ ਲਹਿ ਕਰਦੇ ਝੂੰਮਦੇ ਹਨ। ਬਾਕੀ ਪਾਣੀ ਜੀਅਦਾਨ ਦੇਂਦਾ, ਫੇਰ ਖੇਤ ਵਿਚੋਂ ਹੇਠ ਉਤਰਦਾ; ਵਿਚੋਂ ਵਿਚ ਸਿੰਜਰਦਾ ਖੂਹਾਂ ਦੀਆਂ ਤੈਹਾਂ ਵਲ ਰੁਖ਼ ਕਰ ਜਾਂਦਾ ਹੈ, ਉਥੋਂ ਫੇਰ ਚੜ੍ਹਦਾ ਹੈ ਉੱਪਰ ਨੂੰ, ਹਰਟ ਦੇ ਬਲ ਨਾਲ। ਹਾਂ, ਖੂਹ ਵਗ ਰਿਹਾ ਹੈ, 'ਤੂੰ ਤੂੰ' ਦਾ ਨਾਦ ਹੋ ਰਿਹਾ ਹੈ।

ਖੂਹ ਦੇ ਨੇੜੇ ਇਕ ਵਿਚਲੀ ਉਮਰਾ ਦੇ ਸੱਜਣ ਪੁਰਖ ਨ੍ਹਾ ਕੇ ਸਾਫਾ ਧੁੱਪੇ ਪਾਕੇ ਇਕ ਕੱਚੇ, ਪਰ ਸੁਥਰੇ ਥੜੇ ਤੇ ਬੈਠੇ ਹਨ। ਖੂਹ ਦੀ ਅਵਾਜ਼ ਕੰਨੀ ਪੈ ਰਹੀ ਹੈ, 'ਤੂੰ ਤੂੰ' ਕਰ ਰਹੀ ਹੈ, ਪਰ ਉਨ੍ਹਾਂ ਦੇ ਕੰਨਾਂ ਨੂੰ ਬਾਣ ਨਹੀਂ ਇਸ 'ਘੂੰ ਘੂੰ' ਵਿਚ ਤੂੰ ਤੂੰ' ਪਰਖਣ ਦੀ। ਓਹ ਆਪ ਕੋਈ ਜਪ ਤਾਂ ਕਰ ਰਹੇ ਹਨ ਪਰ ਹੋ ਰਹੇ ਜਾਪ ਨੂੰ ਅਨੁਭਵ ਨਹੀਂ ਕਰਦੇ ਆਪ ਪਿੰਡ ਦੇ ਪ੍ਰੋਹਿਤ ਹਨ, ਨਾਮ ਹਰਦਯਾਲ ਹੈ, ਕਿਰਤ ਜਜਮਾਨਾਂ ਦੇ ਘਰਾਂ ਦੀ ਵਿਰਤ ਹੈ; ਦਾਨ ਤਾਂ ਲੈਂਦੇ ਹਨ ਪਰ ਸੁਭਾਉ ਦਾ ਰੁਖ਼ ਕੁਛ ਪਾਠ ਪੂਜਾ ਤੇ ਭੈ ਵਾਲਾ ਬੀ ਹੈ; ਉਂਵ ਬੀ ਭਲੇ ਹਨ। ਦੇਸ਼ ਰਾਜ-ਕਸ਼ਟ ਵਿਚ ਹੈ, ਪੰਡਿਤ ਜੀ ਦੇਸ਼ ਦੀ ਪੀੜਾ ਤੇ ਆਪਣੀ ਜਾਤੀ ਦੀ ਪੀੜਾ ਵਿਚ ਦੁਖਿਤ ਹੁੰਦੇ ਹਨ। ਬਲ ਨਹੀਂ, ਸਾਹਸ ਨਹੀਂ ਦੇਸ਼ ਵਿਚ ਬੀ ਏਕਤਾ ਨਹੀਂ, ਸਾਂਝਾ ਕੌਮੀ ਪਿਆਰ ਨਹੀਂ, ਕੁਰਬਾਨੀ ਨਹੀਂ, ਪੀੜਤ ਹੁੰਦਾ ਨੇ ਦਿਲ ਤਾਂ ਰੋਂਦੇ ਹਨ, ਤਦ ਬਿਨਯ ਕਰਦੇ ਹਨ, "ਹੇ ਭਗਵਾਨ! ਜਦੋਂ ਜਦੋਂ ਧਰਮ ਦੀ ਗਿਲਾਨੀ ਹੁੰਦੀ ਹੈ, ਤੂੰ ਆਉਂਦਾ ਹੈਂ ਹੁਣ ਤਾਂ ਅੱਤ ਹੋ ਚੁਕੀ ਹੈ, ਤੂੰ ਆ, ਆ:ਤੇ ਰੱਖ! ਭਗਵਾਨ! ਦੇਵਤੇ ਜਦ ਰਾਖ਼ਸ਼ਾਂ ਦੇ ਹਥੋਂ ਪੀੜਤ ਹੁੰਦੇ ਹਨ, ਤੂੰ ਆਉਂਦਾ ਹੈਂ, ਤੂੰ ਹੀ ਰਖਯਾ ਕਰਦਾ ਹੈਂ, ਤਾਂ ਤੇਰੇ ਦੇਵਤੇ ਬਚਦੇ ਹਨ। ਆ, ਹੁਣ ਤਾਂ ਸਾਰੀ ਦੇਵ-ਧਰਤੀ ਪਾਪ ਗ੍ਰਸਤਿ ਤੇ ਮਲੇਛ ਹੋ ਚੱਲੀ ਹੈ।

ਇਸ ਵੇਲੇ ਦੂਰੋਂ ਬਨ ਬ੍ਰਿਛਾਂ ਵਿਚੋਂ ਇਕ ਧੁਨਿ ਆਉਂਦੀ ਹੈ।

'ਧੰਨ ਨਿਰੰਕਾਰ ! ਧੰਨ ਨਿਰੰਕਾਰ!!'

ਤ੍ਰਬ੍ਰਕਦਾ ਹੈ ਪ੍ਰੋਹਿਤ, "ਅਹੋ! ਆ ਗਏ ਹੋ? ਜਾਪਦੇ ਤਾਂ ਹੋ, ਅਨੁਮਾਨ ਠੀਕ ਹਨ, ਤਾਂ (ਗਦ ਗਦ ਕੰਠ ਹੋਕੇ) ਧੰਨ ਮੇਰੇ ਨੈਣ! ਸੁਭਾਗ ਹੋ ਗਏ ਹਨ। ਹੇ ਭਗਵਾਨ !! ਹੇ ਤ੍ਰਾਣ ਕਰਤਾ! ਨਮੋ ਨਮ:।"

ਇਹ ਪਾਠ ਕਰਦੇ ਇਸ 'ਮਨੋਂ ਜੁਹਾਰ' ਵਿਚ ਸਨ ਕਿ ਇਕ ਹੋਰ ਇਨ੍ਹਾਂ ਤੋਂ ਛੁਟੇਰੀ ਉਮਰਾ ਦੇ ਸੱਜਣ ਜੀ ਨ੍ਹਾ ਕੇ ਆ ਗਏ, ਉਹ ਬੀ ਥੜੇ ਤੇ ਬਹਿ ਗਏ। ਇਹ ਬੀ ਬ੍ਰਾਹਮਣ ਸਨ, ਪਰ ਇਹ ਪ੍ਰੋਹਿਤ ਨਹੀਂ ਸਨ, ਇਹ ਸਨ ਪਾਂਧੇ। ਇਹ ਲੰਡੇ, ਟਾਕਰੇ ਤੇ ਸ਼ਾਰਦਾ ਦੇ ਅੱਖਰ ਜਾਣਦੇ ਸਨ, ਚਾਟੜਿਆਂ ਨੂੰ ਪੜ੍ਹਾਉਂਦੇ ਸਨ-ਅੱਖਰ ਲਿਖਣੇ, ਚਿੱਠੀ ਵਾਚਣੀ, ਪਹਾੜੇ, ਦਰਾਂ, ਵਿਆਜ, ਕੋਠੇ, ਵਹੀ ਖਾਤਾ, ਚਿੱਠਾ ਬਨਾਉਣਾ, ਨਫਾ ਨੁਕਸਾਨ ਕੱਢਣਾ। ਜੋ ਇਨ੍ਹਾਂ ਤੋਂ ਪੜ੍ਹੇ ਹੱਟੀ ਤੇ ਵਿਹਾਰ ਕਾਰ ਜੋਗਾ ਹੋ ਜਾਵੇ। ਨਾਉਂ ਸੀ ਇਨ੍ਹਾਂ ਦਾ 'ਗੋਪਾਲ'। ਆਪ ਥੋੜੀ ਸੰਸਕ੍ਰਿਤ ਜਾਣਦੇ ਸਨ, ਸਹੰਸਰ ਨਾਮਾ ਕੰਠ ਸਾਨੇ, ਪਰ ਬਹੁਤੇ ਪੰਡਤ ਨਹੀਂ ਸਨ। ਥੜੇ ਤੇ ਆ ਬੈਠੇ। ਆਪ ਕੁਛ ਗਲ ਕਰਨੀ ਚਾਹੁੰਦੇ ਸਨ ਹਰਦਿਆਲ ਨਾਲ, ਪਰ ਉਹ ਚੜ੍ਹਦੇ ਸੂਰਜ ਵੱਲ, ਜਿਧਰੋਂ ਕਿਤੋਂ ਦੂਰੋਂ 'ਧੰਨ ਨਿਰੰਕਾਰ' ਦੀ ਬ੍ਰੀਕ ਅਵਾਜ਼ ਆ ਰਹੀ ਸੀ, ਅੰਜੁਲੀਆਂ ਕਰ ਰਹੇ ਸਨ। ਸੋ ਪਾਂਧਾ ਜੀ ਸਤਿਕਾਰ ਨਾਲ ਇਨ੍ਹਾਂ ਵਲ ਤੱਕ ਰਹੇ ਸਨ।

ਹੁਣ ਆਏ ਨ੍ਹਾ ਧੋਕੇ ਵਗਦੇ ਖੂਹ ਤੋਂ ਪੰਡਤ ਬ੍ਰਿਜ ਨਾਥ ਜੀ। ਇਹ ਨਾਂ ਪ੍ਰੋਹਿਤ ਸੇ, ਨਾ ਪਾਂਧੇ, ਪਰ ਤਕੜੇ ਵਿਦਵਾਨ ਤੇ ਸ਼ਾਸਤ੍ਰਵੇਤਾ ਸਨ। ਉਪਜੀਵਕਾ ਸੀ ਲੋਕਾਂ ਵਲੋਂ ਸੇਵਾ ਤੇ ਕੁਛ ਭੋਂ ਤੋਂ ਦਾਣੇ ਪੱਠੇ ਦੀ ਆਉਂਦਣ। ਕੰਮ ਸੀ ਪੜ੍ਹਨਾ, ਦੂਰੋਂ ਦੂਰੋਂ ਆਏ ਵਿਦਿਯਾਰਥੀਆਂ ਤੇ ਸੰਨਯਾਸੀਆਂ ਨੂੰ ਪੜ੍ਹਾਉਣਾ। ਚਿਤ ਇਨ੍ਹਾਂ ਦਾ ਬੀ ਪਰਜਾ ਦੀ ਪੀੜਾ ਤੋਂ ਪੀੜਤ

ਸੀ। ਅੱਜ ਕੋਈ ਨਵੀਂ ਦੁੱਖ ਦੀ ਗੱਲ ਤੋਂ ਦੁਖੀ ਸਨ ਜੋ ਕਿਸੇ ਦਿੱਲੀਓਂ ਆਏ ਵੈਸ਼ਨਵ ਸਾਧੂ ਨੇ ਸੁਣਾਈ ਸੀ। ਆਪ ਆ ਬੈਠੇ ਥੜੇ ਤੇ, ਉਡੀਕਵਾਨ ਬੈਠ ਗਏ, ਪ੍ਰੋਹਿਤ ਜੀ ਦੀਆਂ ਅੰਜੁਲੀਆਂ ਮਗਰੋਂ ਕੁਛ ਉਨ੍ਹਾਂ ਨਾਲ ਵਿਚਾਰ ਕਰਨ।

ਥੋੜੀ ਦੇਰ ਮਗਰੋਂ ਪ੍ਰੋਹਿਤ ਜੀ ਵਿਹਲੇ ਹੋ ਗਏ। ਪੁਰੇ ਦੇ ਦਮਕ ਰਹੇ ਸੂਰਜ ਵਾਲੇ ਪਾਸਿਓਂ ਜੋ 'ਧੰਨ ਨਿਰੰਕਾਰ' ਦੀ ਧੁਨਿ ਆ ਰਹੀ ਸੀ, ਓਹ ਪਰੇ ਪਰੇ ਹੁੰਦੀ ਮਾਨੋਂ ਕਿਸੇ ਪਾਸੇ ਤੁਰੀ ਜਾਂਦੀ ਹੈ। ਕੰਨ ਹੁਣ ਸੁਣ ਨਹੀਂ ਸਕਦੇ। ਅੰਜੁਲੀਆਂ ਦਾ ਰਸ ਵਾਲਾ ਆਧਾਰ ਮਾਨੋਂ ਚੁਪ ਹੋ ਗਿਆ ਹੈ ਤੇ ਪੰਡਤ ਜੀ ਦੇ ਨੈਣ ਬੀ ਖੁੱਲ੍ਹ ਗਏ ਹਨ। ਤ੍ਰੈਆਂ ਪੰਡਤਾਂ ਦੀ ਹੁਣ ਆਪੋ ਵਿਚ ਨਮਸਕਾਰ ਹੋਈ ਤੇ ਨੇੜੇ ਨੇੜੇ ਆ ਬੈਠੇ।

ਤ੍ਰੈਏ ਬੈਠੇ ਗੱਲਾਂ ਬਾਤਾਂ ਲੱਗ ਪਏ ਕਰਨ। ਸੂਰਜ ਉੱਚਾ ਹੋ ਚੁਕਾ ਸੀ, ਮਿੱਠੜੀ ਰੁਤ ਸੀ ਤੇ ਸੁਆਦ ਭਰਿਆ ਵੇਲਾ ਸੀ:-

ਬ੍ਰਿਜ ਨਾਥ (ਠੰਡਾ ਸਾਹ ਭਰਕੇ)-ਦੈਵ ਗਤੀ ਹੀ ਐਸੀ ਹੈ। ਕੀਹ ਜਾਣੀਏਂ ਹਿੰਦੂ ਧਰਮ ਦੀ ਸਮਾਪਤੀ ਦਾ ਹੀ ਸਮਾਂ ਆ ਗਿਆ ਹੈ। ਅੱਗੇ ਜੌਨ ਪੁਰ ਦੀ ਘਟਨਾ ਸੁਣੀ ਸੀ ਕਿ ਦੇਵੀ ਅੱਗੇ ਬਲੀ ਦੇਣ ਵਾਲਿਆਂ ਦੀ ਕੀ ਬਾਬ ਹੋਈ। ਦਿੱਲੀ ਦੇ ਅਤਯਾਚਾਰ ਤਾਂ ਰੋਜ਼ ਸੁਣੀਦੇ ਹਨ ਨਵੇਂ ਤੋਂ ਨਵੇਂ। ਕਾਂਸੀ ਵਾਲੇ ਰਾਮ ਪ੍ਰਸ਼ਾਦਿ ਦੀ ਦੁਖ ਬੀਤੀ ਲੂੰ ਕੰਡੇ ਕਰਨ ਵਾਲੀ ਸੀ। ਅੱਜ ਫੇਰ ਦਿੱਲੀ ਦੇ ਉਪੱਦਰ ਸੁਣੇ ਹਨ, ਮੁੜਕੇ ਪਤਾ ਨਹੀਂ ਮਹਿਮੂਦ ਦਾ ਸਮਾਂ ਆ ਗਿਆ ਹੈ।

ਹਰਦਿਆਲ-ਸੁਖ ਕਦੋਂ ਬੀਤੀ ਹੈ? ਜਦ ਤੋਂ ਰਾਜਾ ਜੈ ਪਾਲ ਸੁਰਗ ਹੋਏ ਨੇ-ਚਿਖ਼ਾ ਚੜ੍ਹ ਗਏ ਤਦ ਤੋਂ ਕਿਹੜਾ ਦਿਨ ਸੁਖ ਦਾ ਆਇਆ ? ਸੋਨੇ ਚਾਂਦੀਆਂ ਨਾਲ ਮਾਲਾਮਾਲ, ਸੁਖਾਂ, ਵਿਦਯਾ ਤੇ ਹੁਨਰਾਂ ਦਾ ਘਰ ਸਾਡਾ ਦੇਸ਼ ਇਨ੍ਹਾਂ ਬਿਦੇਸ਼ੀਆਂ ਦੀ ਭੁੱਖ ਤੇ ਤ੍ਰਿਸ਼ਨਾ ਦੀ ਅੱਗ ਅੱਗੇ ਬਲੀ ਹੋ ਗਿਆ, ਅਸੀਂ ਮਰ ਮਿਟੇ, ਪਰ ਇਨ੍ਹਾਂ ਭੁੱਖਿਆਂ ਦੀ ਭੁੱਖ ਨਹੀਂ ਤ੍ਰਿਪਤੀ।

ਗੋਪਾਲ-ਇਹ ਸਾਡਾ ਤੱਪਾ ਕੁਛ ਠੰਢੀਰਾ ਹੈ ਭੋਇ ਮੁਸਲਮਾਨ ਤਾਂ ਹੈ ਪਰ ਗਊ ਬ੍ਰਾਹਮਣ ਦੀ ਰਖਯਾ ਕਰਦਾ ਰਿਹਾ ਹੈ। ਅਚਰਜ ਹੀ ਹੈ! ਨਵੇਂ ਹੋਏ ਮੁਸਲਮਾਨ ਆਪਣੇ ਭਰਾਵਾਂ ਤੇ ਵਧੇਰੇ ਅਤਯਾਚਾਰ ਕਰਦੇ ਹਨ। ਜਿਵੇਂ ਗੋਲਿਆਂ ਵਿਚੋਂ ਗੋਲਿਆਂ ਦਾ ਬਣਿਆ ਚੌਧਰੀ ਗੋਲਿਆਂ ਦੇ ਵਪਾਰੀ ਨਾਲੋਂ ਆਪਣੇ ਭਰਾਵਾਂ ਤੇ ਵਧੇਰੇ ਜ਼ੁਲਮ ਕਰਦਾ ਹੈ, ਪਰ ਰਾਇ ਭੋਇ ਨੇ ਉਲਟ ਕੀਤਾ ਹੈ।

ਹਰਦਿਆਲ-ਇਹ ਮੇਰੀ ਜਾਚੇ ਉਸ ਦੇ ਸੁਭਾਵ ਦੀ ਖ਼ੂਬੀ ਬੀ ਸੀ, ਪਰ ਸਲਾਹਗੀਰ ਬੀ ਚੰਗੇ ਸਨ। ਮੈਂ ਅੱਗੇ ਵੀ ਆਪ ਨੂੰ ਮੁੱਦਤਾਂ ਤੋਂ ਕਈ ਵੇਰ ਕਹਿ ਚੁਕਾ ਹਾਂ ਕਿ ਰਾਜ-ਅਤਯਾਚਾਰ ਅਤਿ ਦੀ ਹੱਦੋਂ ਟੱਪ ਗਏ ਹਨ! ਹੁਣ ਭਗਵਾਨ ਆਵੇਗਾ, ਲੱਛਣ ਅਵਤਾਰ ਦੇ ਆਉਣ ਦੇ ਜਾਪਦੇ ਹਨ, ਦੇਖੋ ਕਿਤਨੇ ਬਰਸਾਂ ਤੋਂ ਵਰਖਾ ਸਮੇਂ ਸਿਰ ਹੁੰਦੀ ਹੈ, ਰੁੱਤਾਂ ਆਪਣੇ ਧ੍ਰੁਵਿਆਂ ਤੋਂ ਰਤਾ ਪਿੱਛੇ ਨਹੀਂ ਹੁੰਦੀਆਂ, ਇਹ ਲਛਣ ਹਨ ਭਗਵਾਨ ਦੇ ਆਉਣ ਦੇ।

ਬ੍ਰਿਜਨਾਥ ਪੰਡਤ-ਅਨੁਮਾਨ ਤਾਂ ਐਸੇ ਹੀ ਹਨ, ਭਵਿੱਖਤ ਪੁਰਾਣ ਵਿਚ ਜੋ ਪਤੇ ਦਿਤੇ ਹਨ, ਉਨ੍ਹਾਂ ਦਾ ਸਮਾਂ ਬੀ ਪੁੱਗਾ ਜਾਪਦਾ ਹੈ, ਕਿੰਤੂ ਕਦ ਤਕ ਆਸ! ਸਾਡੇ ਕਸ਼ਟ ਅਗੇ ਹੀ ਅਸਹਿ ਸਨ, ਪਰ ਹੁਣ ਲੋਧੀਆਂ ਦੇ ਰਾਜ ਦੇ ਕਹਿਰ ਸਮੇਂ ਵਿਚ ਤਾਂ ਮਿਲ ਰਹੇ ਕਸ਼ਟ ਝੱਲਣੇ ਕਠਨ ਹੋ ਗਏ ਹਨ। ਅਸੀਂ ਹਾਂ ਕਿ ਮਰ ਬੀ ਨਹੀਂ ਮਿਟਦੇ, ਇਕੋ ਰਾਤ ਸਾਰੇ ਸੁੱਤੜੇ ਸੌਂ ਜਾਈਏ ਤਾਂ ਅਲਖ ਮੁੱਕੇ, ਕਜ਼ੀਆ ਚੁੱਕੇ।

ਗੋਪਾਲ ਪਾਂਧਾ-ਪੰਡਤ ਜੀ! ਨਿਰਾਸਤਾ ਤਾਂ ਐਸੀ ਹੀ ਹੈ, ਪਰ ਜਾਨ ਕੁਛ ਐਸੀ ਸਖਤ ਹਠੀ ਸ਼ੈ ਹੈ ਕਿ ਖੇਦਾਂ ਦੇ ਮੂੰਹ ਆਕੇ ਬੀ ਜੀਉਣਾ ਹੀ ਜੀਉਣਾ ਲੋੜਦੀ ਹੈ, ਕਰੀਏ ਕੀ? ਅਸੀਂ ਲੋਕ ਹਾਂ ਹੀ ਗ਼ੀਬ, ਨਿਤਾਣੇ ਬ੍ਰਾਹਮਣ, ਸਾਡੇ ਰਾਣੇ ਰਾਜੇ ਸਭ ਰੇਤ ਥਲੀਂ ਤੇ ਪਹਾੜੀ ਜਾ ਵੜੇ। ਜਦ ਦੇ ਰਾਇ ਪਿਥੌਰਾ ਆਪਣਿਆਂ ਦੇ ਹੀ ਵੇਲੇ ਸਿਰ ਟੋਏ ਦੇਣ ਕਰਕੇ ਚਲ ਬਸੇ, ਬੱਸ, ਹਿੰਦੂ ਐਸ਼੍ਵਰਜ ਨਾਲ ਲੈ ਗਏ। ਹੁਣ ਤਾਂ ਜੋ ਰਾਜਾ ਹੈ ਅੱਧਾ ਮੁਸਲਮਾਨ ਹੈ, ਨਾ ਆਨ ਹੈ, ਨਾ ਸ਼ਾਨ ਹੈ। ਅਸੀਂ ਤਾਂ ਅਜੇ ਉਤਲਾ ਸਾਹ ਲੈ ਸਕਦੇ ਹਾਂ ਕਿਸੇ ਵੇਲੇ, ਪਰ ਰਾਜੇ ਤਾਂ ਅੱਠੇ ਪਹਿਰ ਕਸਾਈ ਦੇ ਬੱਕਰੇ ਵਾਂਙ ਭੈ ਵਿਚ ਹੀ ਰਹਿੰਦੇ ਹਨ! ਨਜ਼ਰਾਂ ਦੇਂਦੇ, ਸਲਾਮਾਂ ਕਰਦੇ, ਵੱਢੀਆਂ ਚਾੜ੍ਹਦੇ, 'ਗੋਲਿਆਂ ਵਾਂਗ ਜੀਉਂਦੇ ਹਨ। ਸੋ ਆਸ ਦਾ ਮੂੰਹ ਕਿਸ ਪਾਸਿਓਂ ਤੱਕਣ ਲਈ

ਅੱਖਾਂ ਲਾਈਏ? ਪ੍ਰੋਹਿਤ ਹਰਦਿਆਲ ਜੀ! ਆਪ ਦੀ ਆਸ ਨਾਲ ਦਿਲ ਜੋੜੀਦਾ ਹੈ ਕਿ ਤੁਸੀਂ ਨਾਲੇ ਪੰਡਤ ਹੋ ਨਾਲੇ ਭਗਵਾਨ ਦੇ ਉਪਾਸ਼ਕ ਹੋ, ਤੁਸਾਡਾ ਅਨੁਮਾਨ ਹੀ ਠੀਕ ਨਿਕਲੇ ਕਿ ਸ਼ਾਇਦ ਭਗਵਾਨ ਦਾ ਅਵਤਰਣ ਸਮਾਂ ਨੇੜੇ ਹੈ, ਖ਼ਬਰੇ ਏਹ ਅੱਖਾਂ ਤੱਕ ਲੈਣਗੀਆਂ!

ਹਰਦਿਆਲ ਪ੍ਰੋਹਿਤ-ਮੇਰਾ ਅਨੁਮਾਨ ਮੈਨੂੰ ਨਿਸ਼ਚੇ ਤੇ ਲੈ ਗਿਆ ਹੈ ਕਿ ਅਵਤਾਰ ਪ੍ਰਗਟ ਹੋਣ ਦਾ ਸਮਾਂ ਹੈ ਅਰ ਜੇ ਮੈਂ ਭੁੱਲਦਾ ਨਹੀਂ ਤਾਂ ਓਹ ਆ ਗਿਆ ਹੈ! ਹੈ ਅਜੇ ਬਾਲਪਨੇ ਵਿਚ ਤੇ ਅਪ੍ਰਗਟ, ਪਰ ਲੱਛਣ ਸਾਰੇ ਉਹੋ ਹਨ।

ਪੰਡਤ ਬ੍ਰਿਜਨਾਥ (ਕਾਹਲਾ ਹੋਕੇ)-ਪ੍ਰੋਹਿਤ ਜੀ! ਸੱਚ? ਸਾਨੂੰ ਬੀ ਦਸੋ, ਅਸੀਂ ਬੀ ਦਰਸ਼ਨ ਪਾਈਏ, ਸੋਧੀਏ, ਵੇਖੀਏ!

ਪ੍ਰੋਹਿਤ (ਪਾਂਧੇ ਗੋਪਾਲ ਵਲ ਤੱਕ ਕੇ)-ਕਿਉਂ ਪਾਂਧਾ ਜੀ! ਤੁਸਾਂ ਬੀ ਤੱਕਿਆ ਹੋਊ?

ਪਾਂਧਾ(ਕਾਹਲਾ ਹੋਕੇ)-ਕਦੋਂ? ਕਿੱਥੇ? ਕੌਣ?

ਪ੍ਰੋਹਿਤ-ਬਾਲਕਾ, ਬੇਦੀ ਕੁਲ ਦਾ ਬਾਲਕਾ, ਹਸਮੁਖ, ਸੁੰਦਰ ਸਡੌਲ ਚਿਹਰਾ, ਮੱਥਾ ਚੌੜਾ, ਨੈਣ ਰਸੀਲੇ, ਬਾਹਾਂ ਲੰਮੀਆਂ, ਗੋਡਿਆਂ ਤਕ ਲੰਮੀਆਂ।

ਪਾਂਧਾ-ਕਿਹੜਾ ਬੇਦੀ ਕੁਲ? ਬੇਦੀ ਵਡਾ ਤਾਂ ਸਾਡੇ ਮਹਿਤਾ ਹੀ ਹੈ ਨਾ, ਮਹਿਤਾ ਕਾਲੂ?

ਪ੍ਰੋਹਿਤ-ਹਾਂ ਜੀ, ਓਸੇ ਦਾ ਬਾਲਕਾ-ਨਾਨਕ।

ਪਾਂਧਾ-ਨਾਨਕ ! ਨਾਨਕ ! ਨਾਨਕ ! ਹੈਂ ਅਵਤਾਰ! ਸੱਚੀਂ? ..(ਸੋਚ ਕੇ) ਠੀਕ ਹੈ, ...ਹਾਂ ਲੱਛਣ ਅਲੌਕਿਕ ਤਾਂ ਹਨ।

ਪ੍ਰੋਹਿਤ-ਤੁਹਾਡੇ ਪੜਨੇ ਜੋ ਪਾਇਆ ਗਿਆ ਸੀ, ਤੁਸਾਂ ਤਾਂ ਬਹੁਤ ਨੇੜੇ ਹੋਕੇ ਡਿੱਠਾ ਹੈ?

ਪਾਂਧਾ-ਮੈਂ ਡਿੱਠਾ ਤਾਂ ਅਚਰਜ ਹੈ, ਪਰ ਅਵਤਾਰ, ਭਗਵਾਨ ਦਾ ਅਵਤਾਰ, ਇਸ ਪਾਸੇ ਮੇਰੀ ਸੋਚ ਨਹੀਂ ਗਈ। ਹੈਨ ਲੱਛਣ ਤਾਂ ਅਦਭੁਤ, ਡਿੱਠੇ ਨਾ ਸੁਣੇ।

ਪੰਡਤ-ਪ੍ਰੋਹਿਤ ਜੀ! ਕੀ ਤੁਸੀਂ ਮੰਨ ਗਏ ਹੋ? ਅਵਤਾਰ ਦੇ ਲੱਛਣ ਤਾਂ ਬੜੇ ਪ੍ਰਤੱਖ ਹੁੰਦੇ ਹਨ, ਤੁਸਾਂ ਕੁਛ ਪਰਤਾਯਾ ਬੀ ਹੈ ਆਪੂੰ?

ਪ੍ਰੋਹਿਤ-ਮੈਂ ਤਾਂ ਓਸੇ ਵੇਲੇ ਗਿਆ ਸਾਂ, ਜਿਸ ਵੇਲੇ ਬਾਲਕ ਨੇ ਜਨਮ ਲੀਤਾ ਸੀ, ਪ੍ਰੋਹਿਤ ਜੁ ਹੋਇਆ, ਨਾਲੇ ਜਜੋਤਸ਼ੀ। ਮੈਂ ਤਾਂ ਲਗਨ ਕੁੰਡਲੀ ਵਿਚਾਰਨੀ, ਟੇਵਾ ਪੱਤ੍ਰੀ ਲਿਖਣੀ ਸੀ, ਪਲ ਘੜੀ ਲਿਖ ਲੈਣ ਲਈ ਮੈਨੂੰ ਤਦੋਂ ਹੀ ਲੈ ਗਏ ਸਨ। ਦੇਖੋ! ਜਦ ਬਾਲਕ ਜਨਮਿਆਂ, ਦਾਈ ਦੱਸਦੀ ਹੈ ਕਿ ਅਕਾਸ਼ ਧਰਤੀ ਵਿਚ ਖੁਸ਼ੀ ਤੇ ਸੁਖ ਦਾ ਮੀਂਹ ਵੱਸਦਾ ਜਾਪਦਾ ਸੀ, ਫਿਰ ਇੰਞ ਜਾਪੇ ਜਿਵੇਂ ਅਕਾਸ਼ਾਂ ਵਿਚ ਕੋਈ ਨਾ ਦਿਸਦੇ ਖੜੋਤੇ ਹਨ ਤੇ ਸੁਗੰਧਤ ਫੁਲਾਂ ਤੇ ਤਾਰਿਆਂ ਦੀ ਬਰਖਾ ਕਰਦੇ ਰਹੇ ਹਨ। ਬੱਚਾ ਹਸੂੰ ਹਸੂੰ ਕਰਦਾ ਆਇਆ ਹੈ। ਆਇਆ ਇਸ ਤਰ੍ਹਾਂ ਹੈ ਕਿ ਮਾਨੋਂ ਕੋਈ ਵੱਡਾ ਪੁਰਖ ਕਿਤੋਂ ਆਕੇ ਪ੍ਰਗਟ ਹੋ ਜਾਂਦਾ ਹੈ। ਦਾਈ ਦੱਸਦੀ ਹੈ ਕਿ ਉਸ ਵੇਲੇ ਸੱਦੜੇ ਸੁਣੀਂਦੇ ਜਾਪਦੇ ਸਨ ਕਿ ਮਾਨੋਂ ਕੋਈ ਮੰਡਲੀ ਕੁਛ ਆਦਰ ਦਾ ਗੀਤ ਗਾ ਰਹੀ ਹੈ। ਮੈਂ ਤਾਂ ਉਸ ਵੇਲੇ ਜਦੋਂ ਸੱਦਿਆ ਗਿਆ ਹਾਂ ਦਰਸ਼ਨ ਬੀ ਕੀਤਾ ਹੈ। ਮੇਰਾ ਕਿੱਤਾ ਪ੍ਰੋਹਤਾਈ ਹੈ, ਮੈਂ ਇਸ ਗਿਰਾਂ ਤੇ ਨਾਲਦੇ ਗਿਰਾਈਂ ਜਜਮਾਨਾਂ ਦੇ ਘਰੀਂ ਸੈਂਕੜੇ ਹਜ਼ਾਰਾਂ ਬੱਚੇ ਵੇਖੇ ਹਨ, ਜਨਮ ਪੱਤਰੀਆਂ ਬਨਾਈਆਂ ਹਨ, ਮੈਂ ਨਾ ਏਹ ਕੌਤਕ ਤੱਕੇ ਹਨ, ਅਰ ਨਾ ਐਸੇ ਦਿਬ ਦਰਸ਼ਨ ਕਿਸੇ ਬੱਚੇ ਦੇ ਕੀਤੇ ਹਨ।

ਪੰਡਿਤ-ਜੋ ਆਪ ਨੂੰ ਇਸ ਤਰ੍ਹਾਂ ਦਾ ਪ੍ਰਭਾਉ ਪਿਆ ਸੀ ਤਾਂ ਆਪ ਵਿਦਤ ਕਰਕੇ ਸਾਨੂੰ ਦੱਸਦੇ, ਅਸੀਂ ਸਾਰੇ ਅੱਖੀਂ ਪਰਨੇ ਜਾਂਦੇ, ਆਰਤੀ ਕਰਦੇ।

ਪ੍ਰੋਹਿਤ-ਇਕ ਤਾਂ ਮਾਯਾ ਪ੍ਰਬਲ ਹੈ, ਮੰਨ ਮਨਾ ਕੇ ਫੇਰ ਬੇਮਲੂਮੇ ਸੰਸਾ ਜਿਹਾ ਪ੍ਰਭਾਉ ਪਾ ਜਾਂਦਾ ਹੈ। ਦੂਸਰੇ ਜੇ ਮੇਰਾ ਯਕੀਨ ਸਚਮੁਚ ਦਰੁਸਤ ਹੈ ਤਾਂ ਐਸੀ ਸ਼ੈ ਨੂੰ ਪ੍ਰਗਟ ਕਰਨਾ ਨਹੀਂ ਬਣਦਾ। ਉਸ ਨੇ ਛਿਪਣਾ ਤਾਂ ਹੈ ਨਹੀਂ, ਮਸਤਕ ਤੇ ਮਣੀ ਅਤੇ ਦਸਤਾਰ ਵਿਚ ਰਖੀ ਪਾਰਸ ਜਜੋਤੀ ਕਦ ਤਕ ਛਿਪ ਸਕਦੀਆਂ ਹਨ! ਪਰ ਜ਼ਾਲਮ ਰਾਜੇ 'ਅਵਤਾਰ-ਦਰੋਹੀ' ਹੋਇਆ ਕਰਦੇ ਹਨ। ਕ੍ਰਿਸ਼ਨ ਜੀ ਦੇ ਮਾਰਨ ਲਈ ਕੰਸ ਨੇ ਕਿਤਨੇ ਜਤਨ ਕੀਤੇ ਸਨ? ਅੱਜ ਕੱਲ ਦੇ ਰਾਜੇ ਤਾਂ ਹਨ ਹੀ ਚਿੱਟੇ ਰੰਗ ਦੇ ਰਾਕਸ਼ ਲੋਧੀ ਪਠਾਣ। ਕਹਿੰਦੇ ਹਨ ਦੀਨਦਾਰ ਹਾਂ, ਕਿਤਾਬ ਵਾਲੇ ਹਾਂ, ਬੜੇ ਸੱਭ੍ਯ ਹਾਂ, ਪਰ ਵਰਤਾਉ ਸਾਰੇ ਅੱਤ ਕਰੜਾਈ ਤੇ ਜ਼ੁਲਮ ਦੇ ਹਨ। ਸੋ ਮੈਂ ਕੁਛ ਭੈ ਕਰਕੇ ਬਿਰਕਦਾ ਘੱਟ ਹਾਂ

ਕਿ ਮਤੇ ਜਰਵਾਣੇ ਬਾਲਪਣੇ ਵਿਚ ਹੀ ਦੁਖ ਨਾ ਆ ਦੇਣ! ਕਦੇ ਮਾਇਆ ਮੇਰੇ ਮੂੰਹ ਤੇ ਮੋਹਰ ਛਾਪ ਲਾ ਦਿੰਦੀ ਹੈ।

ਬ੍ਰਿਜਨਾਥ-ਅਸਚਰਜ ਹੈ ਕਿ ਸਾਡੇ ਇਸ ਪਸਿੱਤੇ ਪਏ ਗਿਰਾਂ ਵਿਚ ਜਗਨ ਨਾਥ ਦਾ ਅਵਤਾਰ ਹੋ ਜਾਏ! ਇੱਥੇ ਮਹਾਂ ਪੁਰਖ ਪ੍ਰਗਟ ਹੋਵੇ ਜੋ ਭਾਰਤ ਦਾ ਭਾਰ ਹਰੇ ਤੇ ਸਾਨੂੰ ਵਿਚ ਵਸਦਿਆਂ ਨੂੰ ਪਤਾ ਹੀ ਨਾ ਲੱਗੇ।

ਪ੍ਰੋਹਿਤ-ਪਤਾ ਤਾਂ ਲਗਦਾ ਹੈ ਪੰਡਿਤ ਜੀ! ਪਰ ਪ੍ਰਭੂ ਦੀ ਮਾਇਆ ਪ੍ਰਬਲ ਹੈ। ਦੇਖੋ ਖਾਂ, ਤੁਸਾਂ ਭਲਾ ਨਹੀਂ ਸੁਣਿਆਂ ਕਿ ਕਾਲੂ ਦੇ ਘਰ ਪੁਤ੍ਰ ਹੋਇਆ ਹੈ, ਉਹ ਬੜਾ ਹਸਮੁਖ, ਸਡੌਲ ਤੇ ਸੁਹਣਾ ਹੈ ਅਰ ਦਾਈ ਕਈ ਕੌਤਕ ਦੱਸਦੀ ਹੈ ਖੁਸ਼ੀ ਤੇ ਆਤਮ ਪ੍ਰਭਾਉ ਦੇ। ਪਰ ਕਦੇ ਪਤਾ ਲੈਣ ਦਾ ਉੱਦਮ ਆਇਆ ਹੈ ਤੁਸਾਂ ਨੂੰ?

ਬ੍ਰਿਜਨਾਥ - ਸੁਣਿਆਂ ਤਾਂ ਹੈ, ਪਰ 'ਅਵਤਾਰ!' ... ਇਧਰ ਧਿਆਨ ਨਹੀਂ ਗਿਆ। ਕਈ ਅਨੋਖੇ ਬਾਲਕ ਹੁੰਦੇ ਹਨ। ਮੈਂ ਬਨਾਰਸ ਵਿਚ ਇਕ ਬਾਲਕਾ ਡਿੱਠਾ ਸੀ ਜੋ ਸੱਤ ਵਰ੍ਹੇ ਦੀ ਉਮਰ ਵਿਚ ਉੱਚੀ ਗਣਿਤ ਵਿਦ੍ਯਾ ਦਾ ਗਿਆਤਾ ਸੀ। ਇਕ ਮੈਂ ਅੱਠ ਬਰਸ ਦਾ ਬਾਲਕ ਪਰਯਾਗ ਵਿਚ-ਉਚੇ ਸੰਗੀਤ ਧ੍ਰੁਪਦ ਗਾਉਂਦਾ ਡਿੱਠਾ ਸੀ। ਏਹ ਸੰਸਕਾਰੀ ਜੀਵ ਹੁੰਦੇ ਹਨ। ਲੌ ਮੈਂ ਇਕ 'ਪੁਰੀ' (ਉੜੀਸੇ) ਵਿਚ ਬ੍ਰਾਹਮਣ ਦਾ ਬੱਚਾ ਡਿੱਠਾ, ਜੋ ਤੁਸੀਂ ਇਕ ਵੇਰੀ ਉਸ ਦੇ ਕੋਲ ਪੜ੍ਹ ਦਿਓ ਉਸੇ ਵੇਲੇ ਉਸ ਤੋਂ ਸੁਣ ਲਵੋ। ਮੈਂ ਰਿਗਵੇਦ ਦੀਆਂ ਰਿਚਾਂ ਪੜ੍ਹੀਆਂ ਉਸ ਨੇ ਇਕੋ ਵੇਰ ਸੁਣਕੇ ਸੁਣਾ ਦਿੱਤੀਆਂ ਤੇ ਉਵ ਉਹ ਸੰਸਕ੍ਰਿਤ ਪੜ੍ਹਿਆ ਹੋਇਆ ਨਹੀਂ ਹੈ। ਐਸੇ ਬਾਲਕ ਕਦੇ ਕਦੇ ਕਿਤੇ ਕਿਤੇ ਹੁੰਦੇ ਆਏ ਹਨ ਕਿ ਜੋ ਅਲੌਕਿਕ ਗੱਲਾਂ ਦੱਸਦੇ ਹੋਣ, ਪਰ ਅਕਸਰ ਡਿੱਠਾ ਹੈ ਕਿ ਉਨ੍ਹਾਂ ਦੇ ਜੀਵਨ ਲੰਮੇਰੇ ਨਹੀਂ ਹੁੰਦੇ।

ਪਾਂਧਾ-ਤੁਸੀਂ ਠੀਕ ਆਖਿਆ ਹੈ, ਪੰਡਤ ਜੀ! ਮੈਂ ਲਾਹੌਰ ਇਕ ਬਾਲਕ ਤੱਕਿਆ ਸੀ, ਜੋਤਸ਼ੀ ਦਾ ਬੇਟਾ ਸੀ, ਜੋ ਛੇ ਸਤ ਵਰ੍ਹੇ ਦਾ ਹੀ ਸੀ, ਉਹ ਰੇਖਾ ਗਣਿਤ ਕੱਢਦਾ ਸੀ ਤੇ ਅਭੁੱਲ। ਉਸਦਾ ਪਿਤਾ ਤੇ ਸਾਰੇ ਲੋਕ ਚਕ੍ਰਿਤ ਸਨ, ਪਰ ਜੀਵਿਆ ਬਹੁੰ ਨਹੀਂ ਸੀ।

ਪ੍ਰੋਹਿਤ-ਤੁਸੀਂ ਸੱਤ ਆਖਦੇ ਹੋ, ਐਸੇ ਬਾਲਕ ਹੁੰਦੇ ਹਨ। ਤੁਰਕ ਲੋਕ ਜੋ ਅੜਮੰਨ ਹੁੰਦੇ ਹਨ ਕਈ ਵੇਰ ਮੰਨ ਜਾਂਦੇ ਹਨ ਕਿ ਇਹ ਅਚਰਜ ਹੈ। ਜਗਤ ਅਚਰਜ ਹੁੰਦਾ ਹੈ, ਪਰ ਅਸੀਂ ਤਾਂ ਜਾਣਦੇ ਹਾਂ ਕਿ ਪਿਛਲੇ ਜਨਮਾਂ ਦੇ ਅਭ੍ਯਾਸ ਆ ਸਫਲ ਹੁੰਦੇ ਹਨ। ਸੰਸਕਾਰ ਪੂਰਬਲੇ ਉਗਮ ਪੈਂਦੇ ਹਨ। ਯੋਗ ਦਰਸ਼ਨ ਵਿਚ ਹੀ ਲਿਖਿਆ ਹੈ ਕਿ ਸਿੱਧੀ ਜਨਮ ਤੋਂ ਬੀ ਪ੍ਰਾਪਤ ਹੁੰਦੀ ਹੈ[1]।

ਪਰ ਸੱਜਣ ਜੀ! ਓਹ ਹੋਰ ਗੱਲ ਹੈ, ਓਹ ਹਨ ਅਭ੍ਯਾਸ ਨਾਲ ਪ੍ਰਾਪਤ ਹੋਏ ਪੂਰਬਲੇ ਜਨਮਾਂ ਦੇ ਗੁਣ, ਜੋ ਏਥੇ ਛੋਟੀ ਉਮਰਾ ਵਿਚ ਹੀ ਆ ਪ੍ਰਗਟ ਹੁੰਦੇ ਹਨ। ਹਕੀਮ ਲੋਕ ਬੀ ਆਂਹਦੇ ਹਨ ਕਿ ਦਿਮਾਗ ਦੀ ਖਾਸ ਬਨਾਵਟ ਹੀ ਕਈ ਸਰੀਰਾਂ ਦੀ ਐਸੀ ਹੁੰਦੀ ਹੈ ਜੋ ਅਲੌਕਿਕ ਪ੍ਰਬੀਨਤਾ ਦਿਖਾਲਦੀ ਹੈ, ਪਰ ਏਥੇ ਲੱਛਣ ਹੋਰਵੇਂ ਹਨ। ਏਹ ਲੱਛਣ ਨਿਰੀ ਪ੍ਰਬੀਨਤਾਈ ਦੇ ਨਹੀਂ ਏਹ ਅਵਤਾਰਤਾ ਦੇ ਹਨ। ਮੇਰੀ ਜਾਚੇ ਇਹ ਬਾਲਕਾ 'ਚਮਤਕਾਰੀ' ਹੈ।

ਪੰਡਿਤ-ਕਿਵੇਂ ਪ੍ਰੋਹਿਤ ਜੀ?

ਪ੍ਰੋਹਿਤ-ਆਪ ਸ਼ਾਸਤ੍ਰਗ੍ਯ ਹੋ, ਮੈਂ ਤਾਂ ਗਿਰਾਂ ਦਾ ਬ੍ਰਾਹਮਣ ਹਾਂ। ਸੁਣੋ, ਅਵਤਾਰ ਦਾ ਆਗਮਨ ਠੰਢੇ ਪ੍ਰਭਾਉ ਦਾ ਹੁੰਦਾ ਹੈ, ਉਸਦੀ ਸੁਰਤ ਤੇ ਕ੍ਰਾਂਤਿ ਹੋਰਵੇਂ ਮਿੱਠੀ, ਰਸੀਲੀ ਤੇ ਜਬ੍ਹੇ ਵਾਲੀ ਹੁੰਦੀ ਹੈ। ਉਸਦੇ ਸੁਭਾਉ ਵਿਚ ਦਾਨ ਹੁੰਦਾ ਹੈ, ਗ੍ਰਹਣ ਬ੍ਰਿਤੀ ਉਸਦੀ ਬਚਪਨ ਵਿਚ ਹੀ ਨਹੀਂ ਹੁੰਦੀ। ਉਹ ਅਨੁਭਵ ਦੇ ਬਚਨ ਉਚਾਰਦਾ ਹੈ ਤੇ ਆਪਣੇ ਅਚਰ੍ਯ[2] ਅਸਲੇ ਦੀਆਂ ਦਮਕਾਂ ਮਾਰਦਾ ਹੈ। ਉਸਤੋਂ ਚਮਤਕਾਰ ਨਿਰਯਤਨ, ਸੁਤੇ ਸਿੱਧ ਹੁੰਦਾ ਹੈ। ਸੋ ਇਉਂ ਵਿਚਾਰਦਿਆਂ ਮੈਂ ਉਨ੍ਹਾਂ ਦਾ ਜਨਮ ਸਮੇਂ ਦਰਸ਼ਨ ਡਿੱਠਾ, ਛਠੀ ਰਾਤ ਡਿੱਠੀ, ਚੋਲਾ ਮੈਂ ਪੁਵਾਯਾ, ਬਾਲਪਨ ਸਾਰਾ ਡਿੱਠਾ। ਦੂਜੇ ਚੌਥੇ ਦਰਸ਼ਨ ਕਰਨ ਜਾਂਦਾ ਰਿਹਾ ਹਾਂ, ਵੇਖਦਾ ਹਾਂ ਤਾਂ ਸਾਰਾ ਠਰ ਜਾਂਦਾ ਰਿਹਾ ਹਾਂ। ਕਦੇ ਮੈਂ ਉਨ੍ਹਾਂ ਨੂੰ ਬਾਲਾਂ ਵਾਂਙ ਰੋਂਦਾ ਨਹੀਂ ਡਿੱਠਾ, ਪੰਘੂੜੇ ਪਏ ਦੇਵ ਜਾਪਦੇ ਹਨ, ਜਦ ਤੱਕੋ ਹਸੂੰ ਹਸੂੰ ਕਰ ਕੇ ਅਗੋਂ ਤੱਕਦੇ ਤੱਕਦੇ ਰਸ ਭਰੇ ਨੈਣਾਂ ਨਾਲ ਮਾਨੋਂ ਖੁਸ਼ੀ ਦਾਨ ਕਰ ਰਹੇ ਹਨ।

---

[1] ਦੇਖੋ ਯੋਗ ਦਰਸ਼ਨ ਤੀਸਰਾ ਅਧ੍ਯਾਯ ਸੂਤਰ ੧ ॥

[2] ਈਸ਼੍ਵਰੀਯ।

ਜਦੋਂ ਟੁਰਨ ਫਿਰਨ ਜੋਗੇ ਹੋਏ ਤਾਂ ਦੇਣਾ ਹੀ ਦੇਣਾ, ਜੋ ਬਾਲ ਘਰ ਆਇਆ, ਜੋ ਸ਼ੈ ਨੇੜੇ ਹੋਈ ਫੜੀ ਤੇ ਉਸ ਨੂੰ ਦੇ ਦਿੱਤੀ। ਰਤਾ ਵਡੇਰੇ ਹੋਏ ਤਾਂ ਮੰਗਤਾ, ਜੋ ਬੂਹੇ ਆਇਆ ਖਾਲੀ ਨਹੀਂ ਗਿਆ ਜੋ ਨੇੜੇ ਹੋਵੇ ਦੇ ਦੇਣਾ, ਕਈ ਵੇਰ ਭਾਂਡੇ ਭੂਖਨ ਦੇ ਦਿੱਤੇ ਨੇ। ਇਹ 'ਦਾਨ-ਬ੍ਰਿਤੀ' ਉੱਚ ਆਤਮਾ ਦਾ ਸੁਭਾਵ ਹੁੰਦਾ ਹੈ। ਬਾਲਕਾਂ ਨਾਲ ਖੇਡਣ ਦੀ-ਘਰੋਂ ਬਾਹਰ ਜਾਣ ਦੀ-ਉਮਰਾ ਆਈ ਤਾਂ ਸਭ ਨਾਲ ਖੇਡਦੇ, ਪਰ ਮੈਂ ਦੇਖੇ ਹਨ ਕਿ ਓਹ ਉਨ੍ਹਾਂ ਵਿਚ ਪਰਧਾਨ ਜਾਪਦੇ ਹਨ। ਬੱਚੇ ਗੱਲ ਗੱਲ ਤੋਂ ਲੜਦੇ ਹਨ, ਇਹ ਮੈ ਕਦੇ ਖੇਡਾਂ ਵਿਚ ਲੜਦੇ ਨਹੀਂ ਡਿੱਠੇ। ਇਕ ਦਿਨ ਪੀਲੂ ਤੇ ਚੜ੍ਹੇ ਪੀਲੂ ਤ੍ਰੋੜ ਤ੍ਰੋੜ ਹੇਠਾਂ ਸਖਿਆਂ ਨੂੰ ਸਿੱਟਦੇ ਤੇ ਆਪੂੰ ਇਕ ਬੀ ਨਾ ਖਾਂਦੇ ਮੈਂ ਵੇਖੇ ਸਨ। ਫੇਰ ਮੈਂ ਕਈ ਵੇਰ ਪੰਜ ਵਰ੍ਹੇ ਦੀ ਉਮਰਾ ਵਿਚ ਚੁਪ ਚਾਪ ਅੱਖਾਂ ਮੀਟੀ ਬੈਠੇ ਵੇਖੇ ਹਨ ਦੋ ਦੋ ਚਾਰ ਚਾਰ ਘੜੀਆਂ; ਮੱਥਾ ਉਸ ਵੇਲੇ ਚਮਕਦਾ ਹੈ, ਬੁੱਲ੍ਹ ਬਿਹਸਦੇ ਹਨ, ਆਨੰਦਮਯ ਸਮਾਧੀ ਜਾਪਦੀ ਹੈ ਲਗੀ ਹੋਈ। ਬਾਲਕਾਂ ਨਾਲ ਖੇਡਦੇ, ਦੌੜਦੇ, ਮੜਦੇ ਬੈਠਦੇ ਆਗੂ ਲਗਦੇ ਹਨ, ਖੇਡਾਂ ਵਿਚ ਹਾਰਦੇ ਨਹੀਂ, ਜਿੱਤਦੇ ਹਨ। ਕੀ ਕੀ ਦੱਸਾਂ? ਮੇਰੇ ਪਹਿਲੇ ਦਿਨ ਦਾ ਧ੍ਰਿਵਾ ਕਿ 'ਅਵਤਾਰ ਹਨ' ਮੇਰੇ ਦਿਲੋਂ ਨਿਕਲਦਾ ਨਹੀਂ! ਦਿਨੋ ਦਿਨ ਮੇਰਾ ਯਕੀਨ ਵਧ ਰਿਹਾ ਹੈ। ਔਹ ਹੁਣੇ ਪੂਰੇ ਵਲੋਂ 'ਧੰਨ ਨਿਰੰਕਾਰ' ਦੀ ਧੁਨਿ ਆ ਰਹੀ ਸੀ, ਉਹੀ ਸਨ ਅਲਾਪ ਰਹੇ।

ਪਾਂਧਾ-ਮੇਰੇ ਪਾਸ ਪੜ੍ਹਨੇ ਲਈ ਲਿਆਏ ਸਨ ਨਾ...।

ਪ੍ਰੋਹਿਤ-ਹਾਂ, ਉਨ੍ਹਾਂ ਦਾ ਦਾਨ ਸੁਭਾਉ ਇੰਨਾਂ ਵਧ ਗਿਆ ਕਿ ਪਿਤਾ ਦੁਖੀ ਹੋਣ ਲੱਗ ਪਿਆ। ਮਾਂਵਾਂ ਦੀਆਂ ਆਂਦ੍ਹਾਂ ਤਾਂ ਕਮਲੀਆਂ ਹੁੰਦੀਆਂ ਹਨ ਨਾ, ਮਾਤਾ ਤਾਂ-ਸਤਿਕਾਰ ਯੋਗ ਸੁਭਾਗ, ਸੁਸ਼ੀਲ ਮਾਤਾ, ਜਿਸਦਾ ਦਰਸ਼ਨ ਪਵਿੱਤ੍ਰਤਾ ਦਾ ਦਰਸ਼ਨ ਹੈ, ਮਾਤਾ ਤ੍ਰਿਪਤਾ-ਉਹਨਾਂ ਦੇ ਕੀਤੇ ਨੁਕਸਾਨਾਂ ਨੂੰ ਪੜਦਾ ਪਾਉਂਦੀ ਹੈ। ਪਰ ਪਿਤਾ ਨੂੰ ਕੁਛ ਨਾ ਕੁਛ ਪਤਾ ਲਗ ਜਾਂਦਾ ਹੈ। ਓਹ ਨਿੱਤ ਦੇ ਏਹ ਨੁਕਸਾਨ ਤੱਕ ਕੇ ਤੇ ਫੇਰ ਚੰਗੇ ਕੀਮਤੀ ਬਸਤ੍ਰ ਗਹਿਣੇ ਬੀ ਦੇ ਦੇਣ ਦੇ ਸੁਭਾਵ ਤੋਂ ਘਬਰਾ ਕੇ ਮੇਰੇ ਪਾਸ ਗਿਲਾ ਕਰਨ ਲੱਗਾ ਕਿ ਤੂੰ ਕਹਿੰਦਾ ਸੈਂ ਭਾਗਸ਼ੀਲ ਹੈ ਪੁਤ ਤੇਰਾ ਪ੍ਰਤਾਪ ਸ਼ੀਲ ਹੋਵੇਗਾ, ਬੜਾ ਰਾਜਾ ਹੋਵੇਗਾ ਕਿ ਅਵਤਾਰ, ਤੈਨੂੰ ਤਾਰੇਗਾ ਕਿ ਸ੍ਰਿਸ਼ਟੀ ਨੂੰ, ਪਰ ਹਾਲੇ ਤਾਂ ਉਹ ਮੇਰਾ ਅਗਲਾ ਪਿਛਲਾ ਸਾਰਾ ਰੋੜ੍ਹਨ ਲੱਗਾ ਹੋਯਾ ਹੈ, ਮੈਂ ਸਮਝਾਯਾ। ਮੋਹ ਬੀ ਬੜਾ ਸੁ, ਮੰਨ ਭੀ ਜਾਂਦਾ ਹੈ, ਪਰ ਭਗਵੰਤ ਦੀ ਮਾਇਆ ਪ੍ਰਬਲ ਹੈ। ਇਕ ਦਿਨ ਫੇਰ ਇਹੋ ਸਲਾਹ ਠਹਿਰੀ ਕਿ ਪੜ੍ਹਨੇ ਪਾਇਆ ਜਾਏ, ਸਾਰਾ ਦਿਨ ਘਰੋਂ ਬਾਹਰ ਰਹੂ ਤਾਂ ਦਾਨ ਦਾ ਅਵਸਰ ਘਟੂ ਤੇ ਨਾਲੇ ਖੱਤ੍ਰੀ ਦਾ ਪੁੱਤ੍ਰ ਹੈ ਲੇਖਾ ਪੱਤਾ, ਵਹੀ ਖਾਤਾ, ਨਾਂਵਾਂ ਟਾਂਵਾਂ ਸਿਖ ਜਾਵੇ ਤਾਂ ਜਿਵੇਂ ਕਾਲੂ ਨੇ ਕਾਰਦਾਰੀ ਸਾਂਭੀ ਹੈ ਘਰ ਦੀ ਆਮਲੀ[1] ਘਰੇ ਬਣੀ ਰਹੇਗੀ। ਸੋ ਇਹ ਵਿਚਾਰ ਕੇ ਪਾਂਧਾ ਜੀ! ਤੁਹਾਡੇ ਲੈ ਗਏ ਸਨ, ਪਰ ਮੈਨੂੰ ਲੱਛਣ ਹੋਰਵੇਂ ਦੀਹਦੇ ਹਨ, ਇਸ ਨੇ ਪਿੰਡਾਂ ਦੀ ਕਾਰਦਾਰੀ ਕਰਨੀ ਹੈ ਕਿ ਤਪੇ ਦੀ ਮੁਸਾਹਿਬੀ ਲੈਣੀ ਹੈ? ਇਹ ਤਾਂ ਚੱਕ੍ਰਵਰਤੀ ਹੋਵੇਗਾ, ਤੁਸੀਂ ਦੱਸੋ ਪਾਂਧਾ ਜੀ! ਜੋ ਕੁਛ ਤੁਸਾਂ ਨੇ ਡਿੱਠਾ ਹੈ? ਮੈਂ ਤਾਂ ਸਾਰੇ ਲੱਛਣ ਅਵਤਾਰੀ ਦੇਖੇ ਹਨ। ਬਚਨ ਸੁਣੇ ਹਨ, ਕਦੇ ਤਾਂ ਤੋਤਲੇ ਵਾਕ ਬੱਚਿਆਂ ਵਾਂਙ ਕਰਦੇ ਹਨ, ਕਦੇ ਅਚਾਨਕ ਗੰਭੀਰ ਚਿਹਰਾ ਕਰਕੇ ਬੈਠ ਜਾਂਦੇ ਹਨ, ਕਦੇ ਅਗਮ ਨਿਗਮ ਦੀਆਂ ਗੱਲਾਂ ਕਰਦੇ ਹਨ। ਉਂਞ ਆਂਢ ਗੁਆਂਢ ਤੇ ਲੋਕਾਂ ਵਿਚ ਬੀ ਉਹਨਾਂ ਦੇ ਗੁਣਾਂ ਦੀ ਚਰਚਾ ਹੁੰਦੀ ਹੈ। ਸਾਰੇ ਉਨ੍ਹਾਂ ਨੂੰ ਰੱਬੀ ਨੂਰ ਆਖਦੇ ਸੁਣੀਂਦੇ ਹਨ[2]।

ਪਾਂਧਾ-ਮੇਰੇ ਸਨਮਾਨ ਯੋਗ ਜੀਓ! ਮੈਨੂੰ ਕਦੇ ਅਵਤਾਰਤਾ ਦਾ ਭਰਮ ਨਹੀਂ ਪਿਆ ਤੇ ਨਾ ਮੈਂ ਕੋਈ ਗਲ ਵੇਖੀ ਹੈ, ਪਰ ਇਕ ਗੱਲ ਮੈਨੂੰ ਹੈਰਾਨ ਕਰਦੀ ਹੈ: ਕਾਲੂ ਕਹਿੰਦਾ ਸੀ ਕਿ ਮੁੰਡਾ ਘਰ ਦਾ ਸਾਮਾਨ ਬੜਾ ਵੰਞਾਉਂਦਾ ਹੈ; ਡਾਢਾ ਨਿਰਭੈ ਤੇ

---

[1] ਕਾਰਦਾਰੀ।

[2] (ਗੁਰ ਨਾਨਕ) ਵੱਡਾ ਹੋਇਆ ਤਾਂ ਲੱਗਾ ਬਾਲਕਾਂ ਨਾਲ ਖੇਡਣ, ਪਰ ਬਾਲਕਾਂ ਤੇ ਇਸ ਦੀ ਦ੍ਰਿਸਟਿ ਔਰ ਆਵੇ, ਆਤਮੈ ਅਭਜਾਸ ਪਰਮੇਸਰ ਦਾ ਕਰੇ। ਜਦ ਬਾਬਾ ਬਰਸਾਂ ਪੰਜਾਂ ਕਾ ਹੋਇਆ ਤਬ ਲੱਗਾ ਬਾਤਾਂ ਅਗਮ ਨਿਗਮ ਦੀਆਂ ਕਰਨ, ਜੋ ਕੁਛ ਬਾਤ ਕਰੇ ਸੋ ਸਮਝ ਕਰੇ, ਤਿਸ ਤੇ ਸਭ ਕਿਸੇ ਦੀ ਨਿਸ਼ਾ ਹੋਇ ਆਵੇ। ਹਿੰਦੂ ਕਹਿਣ ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ ਅਤੇ ਮੁਸਲਮਾਨ ਕਹਿਣ ਜੋ ਕੋਈ ਖ਼ੁਦਾਇ ਦਾ ਸਾਦਕ ਪੈਦਾ ਹੋਇਆ ਹੈ। {ਪੁ: ਜ: ਸਾਖੀ}

ਅੱਥਰਾ[1] ਹੈ, ਇਸੇ ਨਿਕੀ ਉਮਰੇ ਸਾਧਾਂ, ਸੰਤਾਂ ਨੂੰ ਜਾ ਮਿਲਦਾ ਹੈ, ਜੋ ਸ਼ੈ ਹੱਥ ਆਵੇ ਉਹਨਾਂ ਨੂੰ ਦੇ ਆਉਂਦਾ ਹੈ, ਇਸਨੂੰ ਭਲੇ ਕਰ ਪੜ੍ਹਾਓ। ਪਰ ਮੈਂ ਕੀ ਡਿੱਠਾ ਹੈ ਕਿ ਉਹ ਇਸ ਤਰ੍ਹਾਂ ਪੜ੍ਹਦਾ ਹੈ, ਜਿਵੇਂ ਅੱਗੇ ਹੀ ਪੜ੍ਹਿਆ ਹੈ। ਮੈਂ ਟਾਕਰੇ ਅੱਖਰ ਪਾ ਕੇ ਦਿੱਤੇ ਓਹ ਇਕੋ ਦਿਨ ਵਿਚ ਉਸ ਨੇ ਸਾਰੀ ਪੱਟੀ ਆਪੇ ਉਤਾਰ ਲਈ। ਮੈਂ ਕਦੇ ਮੂੰਹ ਵਲ ਤੱਕਾਂ ਕਦੇ ਪੈਰਾਂ ਵੱਲ ਕਿ ਇਹ ਕੀ ਕਰਾਮਾਤ ਹੈ! ਫੇਰ ਮੈਂ ਪਹਾੜੇ ਪਾ ਦਿੱਤੇ ਤਾਂ ਓਹ ਬੀ ਇੰਵੇਂ। ਅਜੇ ਕੁਛ ਦਿਨ ਹੀ ਹੋਏ ਹਨ ਕਿ ਓਹ ਵਿਆਜ ਤੱਕ ਅੱਪੜ ਪਿਆ ਹੈ। ਖਰੂਦੀ ਮੂਲੋਂ ਨਹੀਂ, ਸਾਰਾ ਦਿਨ ਮੁਸਕ੍ਰਾਉਂਦਾ ਰਹਿੰਦਾ ਹੈ, ਕਿਸੇ ਕਿਸੇ ਵੇਲੇ ਅੱਖਾਂ ਮੀਟਕੇ ਗੁੰਮ ਹੋ ਜਾਂਦਾ ਹੈ। ਇਹ ਮੈਨੂੰ ਬੀ ਸਮਝ ਨਹੀਂ ਪੈਂਦੀ ਸੀ, ਪਰ ਮੈਂ ਕਿਹਾ ਹੈ ਸੈਂ ਜਾਂਦਾ ਹੋਸੀ। ਇਹ ਮੈਨੂੰ ਹੁਣ ਖਿਆਲ ਤੁਹਾਡੇ ਕਹਿਣ ਤੇ ਆਯਾ ਹੈ ਕਿ ਜਿਸ ਨੂੰ ਮੈਂ ਨੀਂਦ ਪਈ ਸਮਝਦਾ ਹਾਂ ਉਹ ਖਬਰੇ ਸਮਾਧੀ ਹੋਵੇ, ਕਿਉਂਕਿ ਨੀਂਦ੍ਰਾਵਲੇ ਪੁਰਖ ਵਾਂਙੂ ਕਦੇ ਉਸ ਨੇ ਝੂਟਾ ਨਹੀਂ ਖਾਧਾ। ਜਦੋਂ ਚਟਸਾਲ ਵਿਚ ਕਦਮ ਰਖਦਾ ਹੈ, ਕੋਈ ਠੰਢ, ਤੇ ਸੁਆਦ ਜਿਹਾ ਜਾਪਦਾ ਹੈ। ਮੈਨੂੰ ਅਜ ਮੁੰਡਿਆਂ ਨੇ ਕਿਹਾ ਹੈ ਕਿ "ਜਦੋਂ ਤੁਸੀਂ ਕਿਤੇ ਬਾਹਰ ਹੋਵੋ ਤਾਂ ਨਾਨਕ ਸਾਰੇ ਮੁੰਡਿਆਂ ਤੋਂ 'ਧੰਨ ਨਿਰੰਕਾਰ!' ਦੀ ਮੁਹਾਰਨੀ ਦਿਵਾਉਂਦਾ ਹੈ ਤੇ ਆਪ ਲਾਲ ਸੂਹਾ ਹੋ ਹੋ ਜਾਂਦਾ ਹੈ। 'ਸੋ ਦੇਵਤਾ ਜੀ! ਕੀ ਜਾਣੀਏ ਆਪ ਦਾ ਅਨੁਮਾਨ ਠੀਕ ਹੋਵੇ, ਲੱਖਣ ਅਚਰਜਤਾਈ ਵਾਲੇ ਜ਼ਰੂਰ ਹਨ, ਬਾਲਕਾ ਜ਼ਰੂਰ ਕੋਈ ਪੂਰਾ ਮਰਦ ਉਠੇਗਾ।

ਬ੍ਰਿਜਨਾਥ-ਪਾਂਧਾ ਜੀ! ਤੁਸਾਂ ਦੀਆਂ ਗੱਲਾਂ ਤੋਂ ਜਾਪਦਾ ਹੈ ਕਿ ਪ੍ਰੋਹਿਤ ਹਰਦਿਆਲ ਜੀ ਦੇ ਅਨੁਮਾਨ ਠੀਕ ਹਨ; ਭਲਾ ਦਸੋ ਖ਼ਾਂ ਮੁੰਡੇ ਖੁੰਡੇ ਰਲਕੇ ਡਰਾਉਣ, ਧਮਕਾਉਣ ਤਾਂ ਡਰ ਜਾਂਦਾ ਹੈ ਕਿ ਨਹੀਂ?

ਪਾਂਧਾ-ਮੁੰਡਿਆਂ ਦਾ ਕੀ ਹੀਆ ਹੈ ਕਿ ਡਰਾਉਣ? ਉਹ ਆਪ ਕਿਸੇ ਤੋਂ ਡਰਦਾ ਨਹੀਂ ਤੇ ਕਿਸੇ ਨੂੰ ਡਰਾਉਂਦਾ ਨਹੀਂ, ਗੁੱਸੇ ਨਹੀਂ ਹੁੰਦਾ, ਲੜਦਾ ਨਹੀਂ, ਪਰ ਸਾਰੇ ਮੁੰਡੇ ਉਸ ਦੇ ਹੁਕਮ ਵਿਚ ਟੁਰਦੇ ਹਨ, ਜਿੱਧਰ ਨਾਨਕ ਓਧਰ ਸਾਰੀ ਚਟਸਾਲ।

[1] ਨਾ ਟਿਕਣ ਵਾਲਾ। ਅ+ਥਿਰ।

ਪੰਡਤ-ਇਹ ਲੱਛਣ ਅਵਤਾਰਤਾ ਦਾ ਹੈ। ਭਲਾ ਕਦੇ ਉਸਦੇ ਉਦਾਲੇ ਪ੍ਰਕਾਸ਼ ਦਾ ਝਾਉਲਾ ਡਿੱਠਾ ਜੇ?

ਪਾਂਧਾ-ਮੈਂ ਤਾਂ ਅਜੇ ਨਹੀਂ ਡਿੱਠਾ, ਪਰ ਮੁੰਡੇ ਕਈ ਕਹਿਦੇ ਹਨ, ਜੀ ਨਾਨਕ ਕਦੇ ਚੁਪ ਕਰ ਅੱਖਾਂ ਮੀਟ ਬਹਿੰਦਾ ਹੈ ਯਾ ਸਾਨੂੰ ਮੁਹਾਰਨੀ ਦਿੰਦਾ ਹੈ, ਤਾਂ ਉਸਦੇ ਸਿਰ ਉਦਾਲੇ ਸੂਰਜ ਦਾ ਝਾਉਲਾ ਪੈਂਦਾ ਹੈ। ਮੈਂ ਝਿੜਕ ਕੇ ਮੁੰਡੇ ਪਰੇ ਕਰ ਦਿੰਦਾ ਹਾਂ, ਕਿਉਂ ਜੋ ਅੱਜ ਤੋਂ ਪਹਿਲਾਂ ਤਾਂ ਮੇਰਾ ਇਧਰ ਖਿਆਲ ਹੀ ਨਹੀਂ ਸੀ ਪਿਆ।

ਪ੍ਰੋਹਿਤ-ਇਹ ਬੀ ਲੱਛਣ ਉਹੋ ਹੈ! ਭਲਾ ਕਦੇ ਇਹ ਝਾਉਲਾ ਪਿਆ ਜੇ ਕਿ ਓਹ ਧੁੱਪੇ ਟੁਰੇ ਜਾਂਦੇ ਹੋਣ ਤੇ ਕਿਸੇ ਕਿਸੇ ਵੇਲੇ ਐਉਂ ਜਾਪੇ ਕਿ ਉਹਨਾਂ ਦੇ ਪਰਛਾਵੇਂ ਦਾ ਛਾਯਾ ਨਹੀਂ ਪਿਆ ਪੈਂਦਾ?

ਪਾਂਧਾ-ਧਿਆਨ ਨਹੀਂ ਕੀਤਾ, ਹੁਣ ਗਹੁ ਕਰਕੇ ਕਰਸਾਂ।

ਪੰਡਤ-ਚੰਗਾ, ਤੁਸੀਂ ਲੇਖਾ ਪੱਤਾ, ਵਹੀ ਖਾਤਾ, ਖਤ ਪੱਤ੍ਰ ਆਪਣਾ ਪੜ੍ਹਾ ਲਓ ਸੁ, ਫੇਰ (ਪ੍ਰੋਹਤ ਵਲ ਤੱਕ ਕੇ) ਭੂਸੁਰ[1] ! ਜੇ ਕੁਛ ਦਿਨ ਮੇਰੇ ਪਾਸ ਘਲਾਓ ਤਾਂ ਵੇਖ ਲਈਏ ਕਿ ਆਪ ਦੇ ਅਨੁਮਾਨ ਠੀਕ ਹਨ ਕਿ ਨਹੀਂ? ਜੇ ਹਨ ਤਾਂ ਵੇਦ ਸ਼ਾਸਤ੍ਰ ਦਾਰਸ਼ਨਿਕ ਵਿਦਯਾ ਮੈਂ ਪੜ੍ਹਾ ਦਿਆਂ ਤੇ ਇਸ ਬਹਾਨੇ ਦਰਸ਼ਨ ਪਰਸਨ ਦਾ ਲਾਹਾ ਬੀ ਲੈ ਲਵਾਂ।

ਪ੍ਰੋਹਿਤ-ਬੜੀ ਚੰਗੀ ਗੱਲ ਹੈ, ਪਰ ਮੈਨੂੰ ਆਪਣੇ ਧ੍ਰਵੇ ਤੋਂ ਐਉਂ ਦੀਹਦਾ ਹੈ ਕਿ ਉਹ ਪੜ੍ਹੇਗਾ ਨਹੀਂ, ਪਰ ਪੜ੍ਹਾਵੇਗਾ, ਜਾਪੇਗਾ ਜਿਵੇਂ ਸਿਖਦਾ ਹੈ, ਪਰ ਸਿਖਾਵੇਗਾ। ਪੰਡਤ ਜੀ! ਕਦੇ ਮਸਤਕ ਤੱਕੋ ਨਾ, ਐਡਾ ਚੌੜਾ ਮੈਂ ਕਦੇ ਇਸ ਉਮਰੇ ਕਿਸੇ ਦਾ ਨਹੀਂ ਡਿੱਠਾ। ਫੇਰ ਤੱਕੋ ਚਮਕ ਮੱਥੇ ਦੀ, ਠੰਢਾ ਠੰਢਾ, ਮਿੱਠਾ ਮਿੱਠਾ ਸੂਰਜ ਜਾਪਦਾ ਹੈ, ਚੰਦ ਵਾਲੀ ਲਿੱਸੀ ਲਿੱਸੀ ਦਮਕ ਨਹੀਂ, ਪਰ ਸੂਰਜ ਦੀ ਦਮਕ, ਮਿੱਠੀ, ਪਿਆਰੀ ਤੇ ਰਸੀ ਹੋਈ ਹੋਈ।

੭. {ਪਾਂਧਾ}

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲ
ਉਧਰੀ ਇਕ ਨਾਮ ਧਰਮ॥ {ਸਵ: ਸ੍ਰੀ ਮੁਖ:੫੯}

[1] ਹੇ ਬ੍ਰਾਹਮਣ !

ਪੰਦਰਵੀਂ ਸਦੀ ਬਿਕ੍ਰਮੀ ਵਿਚ ਪਠਾਣਾਂ ਦੇ ਜ਼ੁਲਮ ਹੇਠ ਦੱਬੀ ਭਾਰਤ ਭੂਮੀ ਨੇ ਪਠਾਣਾਂ ਤੋਂ ਮੁਗ਼ਲਾਂ ਦੇ ਰਾਜ ਵਿਚ ਬਦਲੀ ਦੀ ਕਸ਼ਮਕਸ਼ ਵੇਖੀ। ਆਖ਼ਰੀ ਪਠਾਣ ਘਰਾਣੇ ਲੋਧੀ ਖਾਨਦਾਨ ਦੇ ਸਿਕੰਦਰ ਆਦਿਕ ਪਾਤਸ਼ਾਹਾਂ ਦੇ ਜ਼ੁਲਮ ਤੇ ਉਸ ਦੇ ਅਹਿਲਕਾਰਾਂ ਦੇ ਜਬਰ ਗੁਰੂ ਸਾਹਿਬ ਦੇ ਪਦਾਂ ਵਿਚ:-

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥

ਸੰਖੇਪ ਨਾਲ ਅੰਕਿਤ ਦਿੱਸ ਪੈਂਦੇ ਹਨ। ਮੁਸਲਮਾਨ ਮੁਅੱਰਖ ਉਨ੍ਹਾਂ ਦੇ ਹਾਲਾਤ ਦੀਨੀ ਜੋਸ਼ ਦੀ ਖ਼ੁਸ਼ੀ ਵਿਚ ਬੇਵਸੇ ਲਿਖ ਗਏ ਹਨ, ਜਿਨ੍ਹਾਂ ਨੂੰ ਪੜ੍ਹਕੇ ਕਲੇਜਾ ਕੰਬ ਉਠਦਾ ਹੈ।

ਹਿੰਦੂ ਸੰਤ ਮਹਾਤਮਾ ਉੱਚੇ ਪਰਬਤਾਂ, ਗਹਿਰੇ ਬਨਾਂ ਤੇ ਬਾਰਾਂ ਆਦਿਕ ਵਿਚ ਰਹਿਕੇ ਯਾ ਪਸਿੱਤੇ ਪਾਸੇ ਦੂਰ ਦੂਰ ਫਿਰਕੇ ਗੁਜ਼ਾਰਦੇ ਸਨ। ਇਸ ਤਰ੍ਹਾਂ ਦੇ ਪਸਿੱਤੇ ਪਾਸਿਆਂ ਵਿਚੋਂ ਇਕ ਤਲਵੰਡੀ ਨਾਮੇ ਗਿਰਾਂ ਸੀ। ਸੀ ਤਾਂ ਲਾਹੌਰੋਂ ੨੦-੨੫ ਕੋਹ ਦੀ ਵਿੱਥ ਤੇ ਪਰ ਪਾਸਾ ਪਸਿੱਤਾ ਤੇ ਰੜੇ ਜਿਹੇ ਬਨਾਂ ਦੇ ਵਿਚਾਲੇ ਸੀ। ਏਸ ਬਸਤੀ ਨੂੰ ਪਿੰਡੀ ਭੱਟੀਆਂ ਦੇ ਰਾਇ ਭੋਇ ਨੇ ਵਸਾਇਆ ਸੀ, ਆਪਣੇ ਨਾਮ ਤੇ 'ਤਿਲਵੰਡੀ ਰਾਇ ਭੋਇ'। ਸੀ ਤਾਂ ਇਹ ਕੋਈ ਪੁਰਾਣੇ ਸਮਿਆਂ ਦਾ ਗਿਰਾਂ, ਪਰ ਭੋਏ ਨੇ ਏਸ ਨੂੰ ਨਵੇਂ ਸਿਰੇ ਵਸਾਇਆ ਤੇ ਆਪਣੇ ਤੱਪੇ ਦੀ ਰਾਜਧਾਨੀ ਥਾਪਿਆ। ਭੱਟੀ ਅਸਲ ਵਿਚ ਭੱਟ ਪਦ ਤੋਂ ਹੈ, ਭੱਟ ਅਸਲ ਵਿਚ ਉਹੀ ਜਾਪਦੇ ਹਨ ਜਿਨ੍ਹਾਂ ਨੂੰ ਰਾਇ ਕਹਿੰਦੇ ਹਨ। ਏਹ ਕਵੀ ਤੇ ਕੀਰਤਨੀਏਂ ਲੋਕ ਹਿੰਦੂ ਸਮੇਂ ਵਿਚ ਹੋਏ ਹਨ, ਕਸ਼ਮੀਰ ਦੇ ਬੱਟ ਤੇ ਏਹ ਭੱਟ ਇਕੋ ਗਲ ਸਹੀ ਦੇਂਦੀ ਹੈ। ਰਾਇ ਭੋਏ ਮੁਸਲਮਾਨ ਹੋ ਗਿਆ, ਏਸ ਨੂੰ ਸ਼ਰਕਪੁਰ ਦੇ ਪਰਗਣੇ ਵਿਚ ਦਸ ਕੁ ਪਿੰਡ ਜਗੀਰ ਮਿਲੇ, ਜਿਸ ਦੇ ਵਿਚ ਏਸ ਨੇ ਤਲਵੰਡੀ ਨਵੇਂ ਸਿਰੇ ਵਸਾ ਕੇ ਆਪਣਾ ਵਸੇਬਾ ਬਣਾਇਆ। ਏਨ੍ਹਾਂ ਦਸਾਂ ਪਿੰਡਾਂ ਦੇ ਹਿਸਾਬ ਕਿਤਾਬ, ਜ਼ਮੀਨਾਂ ਦੇ ਲੈਣ ਦੇਣ ਦੀ ਕਾਰਦਾਰੀ ਉੱਤੇ ਗੋਡੇ ਪਿੰਡ ਦੇ ਰਹਿਣ ਵਾਲੇ ਰਾਮ ਨਰੈਣ ਦੇ ਬੇਟੇ ਸ਼ਿਵਰਾਮ ਬੇਦੀ ਨੂੰ ਥਾਪ ਕੇ ਤਲਵੰਡੀ ਵਿਚ ਹੀ ਵਸਾ ਲਿਆ[1]। ਲਗ ਪਗ ੧੫੧੯ ਬਿ: ਨੂੰ ਰਾਇ ਭੋਇ ਮਰ ਗਿਆ ਤੇ ਉਸਦਾ ਪੁਤ ਰਾਇ ਬੁਲਾਰ ਉਸ ਦੀ ਥਾਂ ਆਪਣੇ ਤੱਪੇ ਦਾ ਸਰਦਾਰ ਹੋਇਆ। ਏਸ ਨੇ ਸ਼ਿਵਰਾਮ ਦੇ ਬੇਟੇ ਕਲਯਾਨ ਚੰਦ ਨੂੰ-ਜਿਸ ਨੂੰ ਆਪ ਕਾਲੂ ਕਹਿੰਦੇ ਸਨ, ਪਿਤਾ ਦੀ ਥਾਂ ਕਾਰਦਾਰ ਥਾਪਿਆ।

ਇਸ ਤਲਵੰਡੀ ਦੀਆਂ ਭੋਆਂ ਧਨ ਉਪਜਾਊ ਸਨ, ਖੂਹਾਂ ਨਾਲ ਖੇਤੀ ਹੁੰਦੀ ਸੀ। ਬਨ-ਖਾਸ ਕਰਕੇ ਵਣ ਦੇ ਜੰਗਲ-ਦੁਆਲੇ ਦੁਆਲੇ ਸਨ, ਜਿਸ ਕਰਕੇ ਸਾਧੂ ਸੰਤਾਂ ਦੇ ਫੇਰੇ ਟੋਰੇ ਇਨ੍ਹਾਂ ਪਾਸਿਆਂ ਵਲ ਬਹੁਤ ਰਹਿੰਦੇ ਸਨ। ਰਾਇ ਭੋਏ ਕਿਸੇ ਲੋੜ ਯਾ ਦਬਾਉ ਨੂੰ ਮੁਸਲਮਾਨ ਹੋਇਆ ਸੀ, ਉਹ ਆਪਣੇ ਸਮੇਂ ਵਿਚ ਆਪ ਜ਼ੁਲਮ ਵਲ ਰੁਖ ਨਹੀਂ ਸੀ ਰੱਖਦਾ। ਉਸ ਦੇ ਤੱਪੇ ਵਿਚ ਆਏ ਹਿੰਦੂ ਸੰਤ, ਸਾਧ, ਪੰਡਤ ਸੁਖੀ ਰਹਿੰਦੇ ਸਨ। ਇਸੇ ਤਰ੍ਹਾਂ ਉਸ ਦਾ ਪੁਤ ਰਾਇ ਬੁਲਾਰ ਬੀ ਫ਼ਕੀਰੀ ਰੁਖ਼ ਦਾ ਬੰਦਾ ਸੀ, ਜਿਸ ਕਰਕੇ ਤਲਵੰਡੀ ਦੀਆਂ ਜੂਹਾਂ ਵਿਚ ਸਾਧਾਂ ਸੰਤਾਂ ਨੂੰ ਓਟ ਤੇ ਆਦਰ ਮਿਲਦਾ ਸੀ; ਉਹ ਆਪ ਵੀ ਸੇਵਾ ਦਾ ਸ਼ੌਂਕ ਰੱਖਦਾ ਸੀ।

ਸਿਕੰਦਰ ਦੇ ਜ਼ੁਲਮਾਂ ਦੀ ਘਰ ਘਰ ਕਥਾ ਸੀ, ਹਿੰਦੂ ਬਹੂ ਬੇਟੀ ਦਾ ਸਤਿਕਾਰ ਮਿੱਟੀ ਵਿਚ ਮਿਲ ਰਿਹਾ ਸੀ, ਏਥੋਂ ਤਾਈਂ ਕਿ ਕਪੜਾ ਗਹਿਣਾ ਚੰਗਾ ਹਿੰਦੂ ਪਾਸ ਨਾ ਰਹੇ, ਛੇ ਮਹੀਨੇ ਤੋਂ ਵਧੀਕ ਦਾ ਅੰਨ ਦਾਣਾ ਜਿਸ ਹਿੰਦੂ ਦੇ ਘਰ ਹੋਵੇ ਖੱਸ ਲਿਆ ਜਾਵ੍ਹੇ[1]। ਸੋ ਜੇ ਰਾਜਾ ਇਹ ਹੁਕਮ ਦੇਵੇ ਤਾਂ ਅਹਿਲਕਾਰ ਇਸ ਤੋਂ ਕਿੰਨਾਂ ਵਧੀਕ ਜ਼ੁਲਮ ਕਰਨਗੇ? ਏਸ ਅਤਯਾਚਾਰ ਤੋਂ ਭਾਰਤ ਦੀ ਪ੍ਰਿਥਵੀ ਕੰਬ ਰਹੀ ਸੀ, ਤਦੇ ਹੀ ਉਸ ਸਮੇਂ ਦੀ ਯਾਦਗਾਰ ਵਿਚ ਇਹ ਤੁਕ ਗੁਰੂ ਕੀ ਉਚਾਰੀ ਹੋਈ ਲਿਖੀ ਹੋਈ ਹੈ। 'ਰਾਜੇ ਸੀਹ ਮੁਕਦਮ ਕੁਤੇ'।

ਕੁਛ ਆਰਾਮ ਸੀ ਪਰਜਾ ਨੂੰ ਤਾਂ ਦੇਸ਼ੀ ਰਾਜਿਆਂ ਤੇ ਕਿਸੇ ਟਾਵੇਂ ਭਲੇ ਨਵਾਬ ਦੇ ਇਲਾਕੇ ਵਿਚ ਜੋ ਆਪਣੀਆਂ ਨਿੱਕੀਆਂ ਰਯਾਸਤਾਂ ਵਿਚ ਭਲਿਆਈ ਦੇ ਵਰਤਾਉ ਨਾਲ ਆਪ ਵੀ ਸੁਖੀ ਤੇ ਪਾਤਸ਼ਾਹ ਨੂੰ

---

[1] ਖਾ: ਤਵਾਰੀਖ।

ਟਕੇ ਭਰਨ ਦੇ ਯੋਗ ਰਹਿ ਜਾਂਦੇ ਸਨ, ਪਰ ਐਸੇ ਰਾਜ ਵੀ ਥੋੜੇ ਸਨ। ਇਸ ਤਰ੍ਹਾਂ ਦੇ ਟਿਕਾਣਿਆਂ ਵਿਚੋਂ ਉਪਰਲਾ ਤੱਪਾ ਇਕ ਨਿੱਕਾ ਜਿਹਾ ਟਿਕਾਣਾ ਸੀ ਜੋ ਸਾਂਦਲ ਬਾਰ ਵਿਚ ਸੀ। ਸਾਂਦਲ ਬਾਰ ਲਗ ਪਗ ਸਾਰੀ ਐਸੀਂ ਸੀ ਜੋ ਤਦੋਂ ਉਜਾੜ ਨਹੀਂ ਸੀ, ਜਗ੍ਹਾ ਜਗ੍ਹਾ ਵਸਦੀ ਸੀ। ਇਸ ਧਰਤੀ ਨੇ 'ਧਰਾ ਭਾਰ ਹਰਨ' ਵਾਲੇ ਦਾਤੇ ਦੇ ਅਵਤਾਰ ਦਾ ਫ਼ਖ਼ਰ ਪ੍ਰਾਪਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਏਥੇ ਅਵਤਾਰ ਧਾਰੀ ਹੋਏ।

ਉੱਪਰ ਕਹੀ ਗੱਲ ਬਾਤ ਦੇ ਮਗਰੋਂ ਤ੍ਰੈਏ ਪੰਡਤ ਘਰਾਂ ਨੂੰ ਗਏ। ਅਗਲੇ ਦਿਨ ਪਾਂਧਾ ਆਪਣੇ ਬਾਲਕੇ ਨੂੰ ਗਹੁ ਕਰ ਤੱਕਣ ਲੱਗਾ। ਅੱਜ ਬਾਲਕਾ ਆਉਂਦੇ ਸਾਰ ਪੱਟੀ ਲੈਕੇ ਅਲੱਗ ਜਾ ਬੈਠਾ। ਪੱਟੀ ਲਿਖਦਾ ਸੀ ਤੇ ਮਿੱਠੀ ਮਿੱਠੀ, ਪਰ ਮਹੀਨ ਅਵਾਜ਼ ਆਉਂਦੀ ਸੀ, ਜਿਵੇਂ ਕੁਛ ਗਾਉਂ ਰਿਹਾ ਹੈ। ਪਾਂਧਾ ਪਲੇ ਪਲੇ ਤੱਕਦਾ ਸੀ ਕਿ ਹਰਦਯਾਲ ਦੀ ਆਖੀ ਗੱਲ ਦਾ ਕੋਈ ਸਬੂਤ ਮਿਲੇ, ਪਰ ਸਬੂਤ ਐਡੇ ਕਾਹਲੇ ਨਹੀਂ ਹੁੰਦੇ ਜਿੱਡੀ ਕਾਹਲੀ ਹੈਰਾਨੀ ਦੀ ਨਜ਼ਰ ਹੁੰਦੀ ਹੈ।

ਇਕ ਦਿਨ ਪਾਂਧਾ ਉਡੀਕਦਾ ਰਿਹਾ ਕਿ ਨਾਨਕ ਅੱਜ ਪੱਟੀ ਲੈਕੇ ਆਵੇਗਾ ਤੇ ਨਵੇਂ ਕੋਠੇ ਪਾਕੇ ਦਿਆਂਗਾ, ਪਰ ਨਾਨਕ ਛੁੱਟੀ ਵੇਲੇ ਤੱਕ ਕੋਈ ਨਾ ਆਇਆ, ਤਦ ਪਾਂਧੇ ਨੇ ਅਵਾਜ਼ ਦਿਤੀ 'ਨਾਨਕ! ਤੂੰ ਅੱਜ ਪੱਟੀ ਨਹੀਂ ਦਿਖਾਈ?' ਇਕ ਗੰਭੀਰ ਸਮੁੰਦਰ ਦੀ ਪਰਬਤ ਜੇਡੀ ਛੱਲ ਵਾਂਙੂ ਇਕ ਖਾਸ ਰੰਗ ਨਾਲ ਅਨੋਖਾ ਵਿਦਯਾਰਥੀ ਉੱਠਿਆ, ਮਸਤ ਚਾਲ ਟੁਰਿਆ, ਨੈਣਾਂ ਵਿਚ ਰਸੀਲੇ ਮੋਤੀ ਭਰੇ ਸਨ, ਜੋ ਭਰੇ ਸਨ, ਪਰ ਡੁਲ੍ਹਦੇ ਨਹੀਂ ਸਨ। ਕਿਸੇ ਅਜੀਬ ਮਿੱਠੇ ਆਲਸ ਵਿਚ ਸਰੀਰ ਸੀ, ਆ ਪਾਂਧੇ ਦੇ ਹੱਥ ਇਕ ਪੱਟੀ ਦਿਤੀ, ਦੋ ਪੱਟੀਆਂ ਆਪਣੇ ਹੱਥ ਵਿਚ ਰੱਖੀਆਂ। ਪਾਂਧਾ ਪਟੀ ਲੈਕੇ ਕੀ ਵੇਖਦਾ ਹੈ ਕਿ ਦਰਾਂ ਕੋਠੇ ਵਿਆਜ ਦੇ ਅੰਗ ਨਹੀਂ, ਇਹ ਤਾਂ ਕੋਈ ਇਬਾਰਤ ਲਿਖੀ ਹੈ। ਦੇਖੇ, ਭਈ ਹਰ ਅੱਖਰ ਦੇ ਨਾਲ ਨਾਲ ਇਬਾਰਤ ਹੈ। ਪਰ ਇਸ ਵਿਚ ਲਿਖਿਆ ਕੀ ਹੈ? ਜੋ ਨਾਨਕ ਪੜ੍ਹਿਆ ਸੀ? ਨਹੀਂ, ਉਹ ਤਾਂ ਕੁਛ ਹੋਰ ਹੈ। ਪਾਂਧਾ ਪੜ੍ਹਨ ਲੱਗਾ, ਇਕ ਇਕ ਅੱਖਰ ਦੇ ਅੱਗੇ ਪਰਮਾਰਥੀ ਅੱਖਰਾਂ ਦੀ ਬਾਣੀ ਲਿਖੀ ਹੋਈ-

> [1] ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ ॥੧॥ ਮਨ ਕਾਹੇ ਭੂਲੇ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥ ਰਹਾਉ ॥ ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥ ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ॥੨॥ ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥ ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨ੍ੀ ਸਚੁ ਕਮਾਇਆ ॥੩॥
>
> (ਆਸਾ ਮ:੧ ਪਟੀ ਲਿਖੀ)

ਸਾਰੇ ਅੱਖਰਾਂ ਦੇ ਪਰਮਾਰਥੀ ਅਰਥਾਂ ਵਾਲੀ ਬਾਣੀ ਪੜ੍ਹਕੇ ਪੰਡਤ ਹੱਕਾ ਬੱਕਾ ਰਹਿ ਗਿਆ। ਕਦੇ ਬਾਲਕੇ ਦੇ ਰੱਬੀ ਮੱਥ ਵੱਲ ਤੱਕੇ, ਕਦੇ ਪਟੀ ਨੂੰ ਮੁੜ ਮੁੜ ਪੜ੍ਹੇ। ਹਰਦਿਆਲ ਦੇ ਵਾਕ ਚੇਤੇ ਆਏ, ਆਖੇ:- 'ਇਹ ਉਮਰਾ, ਇਹ ਬਾਣੀ, ਇਹ ਵੈਰਾਗ, ਇਹ ਉਪਦੇਸ਼। ਅੱਜ ਪਾਂਧਾ ਆਪਣੇ ਆਪ ਨੂੰ ਆਖੇ: 'ਇਹ ਹੋਸ਼ ਇਸ ਨੂੰ ਇਸ ਬੈਸ[2] ਵਿਚ ਅੰਦਰ ਹੈ ਤਾਹੀਓਂ ਅੰਨ ਬਸਤ੍ਰ, ਜੋ ਘਰੋਂ ਮਿਲੇ, ਬਾਹਰ ਜਾ ਸਾਧਾਂ ਸੰਤਾਂ ਨੂੰ ਦੇ ਦੇਂਦਾ ਹੈ ਤੇ ਉਨ੍ਹਾਂ ਨਾਲ ਗਲਾਂ ਬਾਤਾਂ ਕਰ ਖ਼ੁਸ਼ੀ ਹੁੰਦਾ ਹੈ। ਇਹ ਅਵਤਾਰ ਹੋਊ ਜ਼ਰੂਰ। ਫਿਰ ਪਾਂਧੇ ਨੂੰ ਸੰਸਾ ਫੁਰਿਆ ਕਿ ਗੱਲ ਬਾਤ ਕਰਕੇ ਵੇਖੀਏ, ਉਹੋ ਜਿਹੀ ਕਰਦਾ ਹੈ ਜਿਹੀ ਪੱਟੀ ਲਿਖੀ ਸੁ? ਤਾਂ ਓਨ੍ਹ ਕਿਹਾ, "ਹੇ ਨਾਨਕ! ਤੂੰ ਉਹ ਵਿਦਯਾ, ਜੋ ਤੇਰਾ ਪਿਤਾ ਚਾਹੁੰਦਾ ਹੈ, ਕਿਉਂ ਨਹੀਂ ਪੜ੍ਹਦਾ? ਲੇਖਾ ਪੜ੍ਹਕੇ ਜਗਤ ਵਿਚ, ਆਪਣੇ ਕੰਮ ਕਾਜ ਵਿਚ ਚਤੁਰ, ਵਿਹਾਰ ਵਿਚ ਸਿਆਣਾ ਹੋ, ਸੁਖ ਪਾਵੇਂਗਾ।" ਤੱਦ ਸ੍ਰੀ ਗੁਰੂ ਜੀ ਨੇ ਇਕ ਤਰਸ ਭਰੀ ਨਜ਼ਰ ਪਾਂਧੇ ਤੇ ਪਾਈ ਤੇ ਇਕ ਮਿੱਠੀ ਮਿੱਠੀ

[1] ਸਾਰੇ ਪੁਰਾਤਨ ਨਵੀਨ ਗ੍ਰੰਥਾਂ ਵਿਚ ਲਿਖਿਆ ਹੈ ਕਿ ਇਹ ਬਾਣੀ ਪਾਂਧੇ ਪ੍ਰਤੀ ਉਚਾਰੀ ਗਈ। ਇਸ ਬਾਣੀ ਤੇ ਲਿਖਿਆ ਹੈ 'ਪੱਟੀ ਲਿਖੀ' ਜੋ ਸਾਬਤ ਕਰਦੀ ਹੈ ਕਿ ਇਹ ਪੱਟੀ ਪਾਂਧੇ ਨੂੰ ਲਿਖਕੇ ਸਤਿਗੁਰ ਜੀ ਨੇ ਵਿਖਾਲੀ ਸੀ।

[2] ਆਯੂ, ਉਮਰ।

ਸੁਰ ਵਿਚ ਕੁਛ ਆਖਿਆ ਜੋ ਪਾਂਧੇ ਸਮਝਿਆ ਤੇ ਜੋ ਸ੍ਰੀ ਜੀ ਦੇ ਅਪਣੇ ਉਚਾਰੇ ਇਸ ਸ਼ਬਦ ਵਿਚ ਅੰਕਿਤ ਹੈ:-

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥ ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ਰਹਾਉ ॥ ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥੨॥ ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥ ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥ {ਸਿਰੀ ਰਾਗ:ਮ:੧}

ਇਹ ਸੁਣਕੇ ਪੰਡਤ ਨੂੰ ਸਟੀ ਪਟੀ ਸਾਰੀ ਭੁੱਲ ਗਈ, ਮੋਹ ਦਾ ਜਾਲ ਇਕ ਵੇਰ ਤਾਂ ਜਲਕੇ ਢਹਿ ਪਿਆ, ਦੁਨੀਆਂ ਦੀ ਨਾਪਾਇਦਾਰੀ, ਬੰਧਨਾਂ ਦੇ ਕਲੇਸ਼, ਉੱਚ ਜੀਵਨ, ਬੰਦਗੀ ਤੇ ਅੱਗੋਂ ਦੇ ਸੁਖਾਂ ਦਾ ਨਕਸ਼ਾ ਦਿਲ ਤੇ ਫਿਰ ਗਿਆ, ਹਰਦਯਾਲ ਦੇ ਅਨੁਮਾਨ ਸੱਚੇ ਦਿੱਸ ਪਏ। ਚਰਨਾਂ ਤੇ ਸੀਸ ਨਿਵਾਇਆ ਤੇ ਆਖਿਆ, "ਹੇ ਸਨਾਤਨ ਤੋਂ ਸਨਾਤਨ ਪੁਰਖ! ਤੂੰ ਪੂਰਨ ਪੁਰਖ ਹੈਂ ਜੋ ਤੇਰੇ ਆਤਮੇ ਆਵੇ ਸੋ ਕਰ, ਮੇਰੀ ਵੀ ਕਲਯਾਨ ਚਿਤ ਰਖੇਂ, ਤੇਰੀ ਮਿਹਰਾਮਤ ਹੋਵੇ!"

ਹੁਣ ਕੁਛ ਦਿਨ ਸ੍ਰੀ ਗੁਰੂ ਜੀ ਪੜ੍ਹਨੇ ਨਹੀਂ ਗਏ, ਸਦਾ ਘਰ ਹੀ ਬੈਠੇ ਰਹਿਣਾ, ਜਾਂ ਬਨ ਵਿਚ ਜਾ ਸਾਧਾਂ ਸੰਤਾਂ ਨਾਲ ਗਲੀਂ ਬਾਤੀਂ ਲਗ ਪੈਣਾ[1] ।

[1] ਬੈਠਾ ਤਾਂ ਬੈਠਾ ਹੀ ਰਹੇ ਜਾਂ ਸੋਵੇ ਤਾ ਸੋਇਆ ਹੀ ਰਹੇ, ਫਕੀਰਾਂ ਨਾਲ ਮਜਲਸ ਕਰੇ। {ਪੁਰਾ: ਜ: ਸਾਖੀ}

## ੩.{ਪੰਡਿਤ}

ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ
ਗੁਰਿ ਸੰਗਿ ਥੀਏ॥੪॥ {ਬਸੰਤ ਹਿੰ: ਮ:੧}

ਇਕ ਦਿਨ ਮਹਿਤਾ ਕਾਲੂ ਜੀ ਨੇ ਫੇਰ ਹਰਿਦਿਆਲ ਪਾਸ ਗਿਲਾ ਕੀਤਾ:-ਪ੍ਰੋਹਿਤ ਜੀ! ਭਲੀ ਪੱਤ੍ਰੀ ਲਿਖੀ, ਤੁਸਾਂ ਚੰਗੇ ਨਛੱਤ੍ਰ ਵਿਚਾਰੇ, ਪੁੱਤ੍ਰ ਆਲਸੀ ਹੋ ਘਰ ਪਿਆ ਰਹਿੰਦਾ ਹੈ ਯਾ ਦਰਿੱਦਰੀਆਂ ਨਾਲ ਜਾ ਬਨ ਵਿਚ ਗੋਸ਼ੇ ਕਰਦਾ ਹੈ। ਚੰਗਾ ਐਸ਼੍ਵਰਜ ਵਾਲਾ ਆਇਆ ਹੈ! ਲੇਖਾ ਪੱਤਾ ਪੜ੍ਹ ਸੁਣ ਕੇ ਗਾਲ ਸੱਟਿਆ ਸੁ। ਘਰ ਬਾਰ ਕੀਕੂੰ ਸੰਭਾਲੇਗਾ? ਤਾਂ ਹਰਦਿਆਲ ਮੱਤ ਦਿੱਤੀ :-ਮਹਿਤਾ ਜੀ! ਪੁੱਤ੍ਰ ਬੜੀ ਨਿਆਮਤ ਹਨ ਤੇ ਇਹ ਪੁਤ੍ਰ ਤਾਂ ਧੁਰੋਂ ਆਯਾ ਸਹੀ ਹੁੰਦਾ ਹੈ, ਜਗਤ ਦੀ ਕਲਯਾਨ ਵਾਸਤੇ ਆਇਆ ਹੈ। ਉਦਾਸ ਨਾ ਹੋ, ਜੇ ਲੇਖਾ ਪੱਤਾ, ਵਹੀ ਖਾਤਾ, ਜਗਤ ਵਿਹਾਰ ਦੀ ਵਿਦਯਾ ਛੱਡੀ ਸੁ ਤਾਂ ਚਿਤ ਕਿਉਂ ਉਦਰਾਉਂਦਾ ਹੈਂ? ਏਸ ਨੂੰ ਸਿਆਣੇ ਪੰਡਿਤ ਪਾਸ ਬਹਾਲ ਜੋ ਉੱਚੀ ਦਰਸ਼ਨ ਵਿਦਯਾ ਪਾਵੇ, ਸ਼ਾਸਤ੍ਰੱਗ ਹੋਵੇ, ਕੀ ਜਾਣੀਏਂ, ਜੋ ਸ਼ੰਕਰ ਫੇਰ ਆਇਆ ਹੋਵੇ ਜੋ ਦਿਗ ਵਿਜੈ ਕਰਕੇ ਯਵਨਾਂ ਤੋਂ ਧਰਤੀ ਸਾਫ ਕਰਣ ਵਾਲਾ ਭਗਵਾਨ ਹੋਵੇ। ਨੀਵੀਂ ਵਿਦਯਾ ਨਹੀਂ ਪਾਉਂਦਾ ਤਾਂ ਉੱਚੀ ਵਿਦਯਾ ਦੇ ਵੇਖੋ।

ਤਾਂ ਮਹਿਤਾ ਕਾਲੂ ਦੋ ਚਾਰ ਦਿਨ ਪੁੱਤ੍ਰ ਨੂੰ ਕਦੇ ਗੁੱਸੇ ਹੁੰਦਾ, ਕਦੇ ਸਮਝਾਉਂਦਾ ਇਕ ਦਿਨ ਬ੍ਰਿਜ ਨਾਥ[1] ਪੰਡਿਤ ਦੇ ਲੈ ਗਿਆ। ਉਹ ਅੱਗੇ ਹੀ ਤਾਂਘਦਾ ਸੀ ਕਿ ਕਿਤੇ ਨਾਨਕ ਬਾਲਕਾ ਆਵੇ ਤਾਂ ਨੇੜੇ ਹੋਕੇ ਘੋਖਾਂ ਜੋ ਹਰਦਿਆਲ ਦੇ ਅਨੁਮਾਨ ਕਿਹੋ ਕੁ ਜੇਹੇ ਹਨ, ਸੋ ਉਹ ਮੌਕਿਆ ਆ ਗਿਆ।

ਪੰਡਤ ਨੇ ਹੁਣ ਸੰਸਕ੍ਰਿਤ ਦੇ ਅੱਖਰ ਪਾ ਦਿਤੇ। ਉਹਨਾਂ ਦਾ ਉਠਣਾ ਬੈਠਣਾ, ਬੋਲ, ਚੁੱਪ, ਤੱਕਣ ਲੱਗਾ, ਮੱਥੇ ਦਾ ਪ੍ਰਭਾਉ, ਅੰਦਰ ਆਏ ਤਾਂ ਸੁਖ ਦੀ ਪ੍ਰਤੀਤੀ, ਮ੍ਰਿਦੁਲਤਾ ਵੇਖੇ ਅਚਰਜ ਹੋਵੇ। ਕਦੇ ਪਰਛਾਵੇਂ ਤੱਕੇ, ਕਦੇ ਸਿਰ ਦੁਆਲੇ ਚਾਨਣ ਲਈ ਨੈਣ ਜਮਾਵੇ, ਸੰਥਯਾ ਦੇਵੇ, ਪਰ ਹੈਰਾਨ ਹੋਵੇ ਕਿ ਜੋ ਪੜ੍ਹਾਵੇ ਉਹ ਬਿਨ ਦੇਰ ਉਹਨਾਂ ਨੂੰ ਆ ਜਾਵੇ। ਇਕ ਦਿਨ ਗੁਰੂ ਜੀ ਇਕ ਕਾਗਤ ਲਈ ਬਾਲਕਾਂ ਵਿਚ

[1] ਪੰਡਤ ਬ੍ਰਿਜਨਾਥ ਦੇ ਸੰਸਕ੍ਰਿਤ ਪੜ੍ਹਨ ਬਿਠਾਏ ਤਵਾਰੀਖਾਂ ਨੇ ਲਿਖਿਆ ਹੈ।

ਖੜੇ ਸਨ ਕਿ ਮਹਿਤੇ ਆ ਪੁਛਿਆ, "ਬੇਟਾ ਜੀਉ, ਇਹ ਕੀ ਲਈ ਫਿਰਦੇ ਹੋ?" ਆਪ ਨੇ ਦੱਸਿਆ, "ਸਪਤ ਸ਼ਲੋਕੀ ਗੀਤਾ ਹੈ"। ਮਹਿਤੇ ਨੇ ਪੁੱਛਿਆ "ਵਾਚ ਲੈਂਦੇ ਹੋ ਤੇ ਅਰਥ ਵੀ ਕਰ ਲੈਂਦੇ ਹੋ?" ਆਖਣ ਲੱਗੇ "ਹਾਂ"। ਅਚਰਜ ਹੋਕੇ ਮਹਿਤਾ ਜੀ ਬਾਲਕ ਨੂੰ ਨਾਲ ਲੈ ਕੇ ਪੰਡਤ ਦੇ ਚਲੇ ਗਏ, ਆਖਣ ਲੱਗੇ: "ਲਾਲ ਇਹ ਪੱਤ੍ਰਾ ਲਈ ਫਿਰਦਾ ਸੀ, ਆਖਦਾ ਹੈ 'ਇਹ ਸਪਤ ਸ਼ਲੋਕੀ ਗੀਤਾ ਹੈ ਤੇ ਅਰਥ ਵੀ ਕਰਨੇ ਜਾਣਦਾ ਹਾਂ" "ਤੁਸੀਂ ਸੁਣੋ ਤੇ ਦੱਸੋ ਕਿ ਐਡੀ ਛੇਤੀ ਇਹ ਐਨੀ ਵਿਦਯਾ ਕਿਥੋਂ ਪਾ ਗਿਆ? ਤੁਸਾਂ ਕਿਰਪਾ ਕੀਤੀ ਕਿ ਇਸਦੀ ਮੱਤ ਉੱਜਲ ਹੈ?" ਤਾਂ ਅਚਰਜ ਹੋਕੇ ਪੰਡਤ ਸੁਣਨ ਲੱਗਾ। ਜਗਤ ਦੇ ਉਸਤਾਦ ਸ਼ਿਸ਼ ਨੇ ਇਕ ਗੰਭੀਰ ਰੰਗ ਵਿਚ ਖਿੜੇ ਨੈਣ ਅਧਖੁੱਲੇ ਤੇ ਮਸਤ ਕਰਕੇ ਪੱਤ੍ਰਾ ਪੜ੍ਹ ਦਿਤਾ ਤੇ ਅਰਥ ਕਰ ਦਿਤੇ। ਪੰਡਤ ਟੱਕ ਬੰਨ੍ਹੀ ਚਿਹਰੇ ਵੱਲ ਦੇਖ ਰਿਹਾ ਸੀ, ਨੂਰ ਦੀ ਪ੍ਰਭਾ ਸੀਸ ਉਦਾਲੇ ਮੰਡਲਾ ਰਹੀ ਸੀ, ਮ੍ਰਿਦੁਲਤਾ ਬਚਨਾਂ ਵਿਚ ਵੱਸ ਰਹੀ ਸੀ, ਕੰਨਾਂ ਤੇ ਅੱਖਾਂ ਨਾਲ ਪੰਡਤ ਪੀ ਰਿਹਾ ਸੀ, ਅਚਰਜ ਸੀ, ਵਿਸਮਾਦ ਸੀ। ਪਾਠ ਅਰਥ ਮੁੱਕ ਗਿਆ ਤੇ ਫੇਰ ਮਿੱਠੇ ਮਿੱਠੇ ਲਬਾਂ ਚੋਂ ਅਵਾਜ਼ ਆਈ:-"ਪਰ ਪੰਡਤ ਜੀ! ਕਲਯਾਨ ਕੀਰਤਨ ਵਿਚ ਹੈ"। ਪੰਡਤ ਦੇ ਅਸਚਰਜ ਵਿਚ ਪਥਰਾਏ ਨੈਣ ਤੱਕਦੇ ਰਹਿ ਗਏ, ਮਾਨੋਂ ਬੁੱਤ ਹੋ ਗਿਆ। ਦੇਰ ਬਾਦ ਇਕ ਸੁਖਦਾਈ ਲੰਮਾ ਸਾਹ ਆਇਆ, ਨੈਣ ਝਮਕੇ ਤੇ ਮਿਟੇ, ਹੱਥ ਜੁੜੇ ਤੇ ਚਰਨਾਂ ਤੇ ਢਹਿ ਪਿਆ:

"ਹੇ ਆਦਿ ਤੂੰ ਅਨਾਦਿ ਤੂੰ
ਰਕਸ਼ ਰਕਸ਼ ਦਾਸ ਨੂੰ।"

ਪਰ ਰੱਬੀ ਬਾਲਕਾ ਇਸ ਤੋਂ ਪਹਿਲੇ ਬਿਜਲੀ ਦੇ ਲਿਸ਼ਕਾਰੇ ਵਾਂਙੂ ਨਿਕਲ ਗਿਆ ਸੀ। ਜਾਂ ਮਹਿਤਾ ਜੀ ਘਰ ਆਏ ਤਾਂ ਆਪ ਅੱਗੇ ਬਾਲਕਾਂ ਨਾਲ ਖੇਲ ਰਹੇ ਸਨ, ਨੱਸ ਰਹੇ ਸਨ, ਹੱਸ ਰਹੇ ਸਨ, ਰੱਸ ਰਹੇ ਸਨ, ਰੁਖ ਤੇ ਚੜ੍ਹ ਉਤਰ ਰਹੇ ਸਨ, ਛਾਲਾਂ ਮਾਰ ਰਹੇ ਸਨ, ਇਕ ਛੂਟ ਕਰਕੇ ਬਾਹਰ ਦੌੜੇ ਤਾਂ ਸਾਰੇ ਬੱਚੇ ਮਗਰ ਦੌੜੇ। ਜਿੱਧਰ ਜਾਂਦੇ ਤੇ ਜੋ ਕਰਦੇ ਸਨ ਬਾਕੀ ਬਾਲਕੇ ਮਗਰ ਲੱਗਦੇ ਸਨ। ਸ਼ਾਮਾਂ ਹੋ ਗਈਆਂ, ਸ੍ਰੀ ਜੀ ਦੌੜਕੇ ਘਰ ਆ ਗਏ, ਮਗਰੇ ਬਾਲਕ ਵਿਹੜੇ ਵਿਚ ਆ ਗਏ, ਆਪ ਨੇ ਪੰਗਤ ਲਾ ਦਿੱਤੀ; ਮਾਤਾ ਦਾ ਪੱਕਾ ਤੇ ਪੱਕ ਰਿਹਾ ਅੰਨ ਪਾਣੀ ਸਭ ਖੁਲਾ ਦਿੱਤਾ ਤੇ ਰਜਾਕੇ ਸੱਭੋ ਘਰੋ ਘਰੀ ਟੋਰ ਦਿੱਤੇ।

ਕੁਛ ਦਿਨ ਹੋਰ ਪੰਡਤ ਦੇ ਮੌਜ ਨਾਲ ਜਾਂਦੇ ਰਹੇ। ਉਹਨਾਂ ਦੇ ਕੌਤਕ ਵੇਖ ਵੇਖ ਤੇ ਬਚਨ ਸੁਣ ਸੁਣ ਅੰਤ ਪੰਡਤ ਨੂੰ ਸ਼ਰਧਾ ਹੋ ਆਈ, ਤੇ ਉਸ ਦੇ ਅੰਦਰ ਉੱਚੇ ਆਤਮ ਜੀਵਨ ਦਾ ਰੁਮਕਾ ਫਿਰ ਗਿਆ[੧]।

## ੪. {ਮੁੱਲਾਂ}

ਗੁਰਿ ਮਹਿ ਆਪੁ ਸਮੋਇ ਸਬਦੁ ਵਰਤਾਇਆ॥ {ਵਾਰ ਮਲਾਰ ਮ:੧}

ਮਾਤਾ ਪਿਤਾ ਦੈਵੀ ਬਾਲਕ ਉੱਤੇ ਦੋ ਰੰਗ ਲੰਘਦੇ ਦੇਖਦੇ ਪ੍ਰਸੰਨ ਤੇ ਉਦਾਸ ਹੁੰਦੇ ਸਨ। ਜਦ ਦੇਖਦੇ ਸਨ ਖੇਲਦੇ ਹਸਦੇ ਪੜ੍ਹਦੇ ਤਾਂ ਖੁਸ਼ ਹੁੰਦੇ ਸਨ, ਪਰ ਜਦ ਦੇਖਦੇ ਸਨ ਦਿਨ ਪਰ ਦਿਨ ਮੋਨ, ਚੁਪ ਕਰ ਕੇ ਵਣਾਂ ਹੇਠ ਸਾਰਾ ਸਾਰਾ ਦਿਨ ਬਹਿ ਰਹਿਣਾ, ਸਾਧਾਂ ਫਕੀਰਾਂ ਦੇ ਬਚਨ ਸੁਣਨੇ, ਜਾਂ ਘਰ ਲੰਮੇ ਹੀ ਪਏ ਰਹਿਣਾ ਤਾਂ ਡਾਢੇ ਦਿਲਗੀਰ ਹੋ ਜਾਂਦੇ ਸਨ, ਤਦੋਂ ਹਰਦਿਆਲ ਦੇ ਕਹੇ ਵਾਕ ਤੇ ਅਪਣੇ ਅੱਖੀਂ ਡਿੱਠੇ ਕੌਤਕ, ਜੋ ਬਾਲਕ ਨੂੰ ਅਲੌਕਿਕ ਤੇ ਅਚਰਜ ਵਾਲਾ ਦੱਸਦੇ ਸਨ ਸਭ ਭੁਲੇਵਾ ਜਾਪਦੇ ਤੇ ਚਿੰਤਾ ਪੈ ਜਾਂਦੀ ਕਿ ਇਕੋ ਇਕ ਪੁੱਤ੍ਰ ਹੈ; ਹੇ ਭਗਵਾਨ ਕੀ ਬਣੇਗਾ?

ਹੁਣ ਦੈਵੀ ਬਾਲਕ ਬਨਾਂ ਵਿਚ ਬਹੁਤਾ ਰਹਿੰਦਾ ਸੀ ਅਰ ਆਏ ਗਏ ਤਯਾਗੀ ਵਿਰਕਤਾਂ ਦੇ ਦਰਸ਼ਨ ਮੇਲੇ ਹੁੰਦੇ ਰਹਿੰਦੇ ਸਨ, ਉਨ੍ਹਾਂ ਦੇ ਸੰਗ ਵਿਦਯਾ

---

[੧] ਦੱਖਣੀ ਓਅੰਕਾਰ ਦੀ ਬਾਣੀ ਏਥੇ ਉਚਾਰ ਹੋਈ ਤਵਾ: ਖਾ: ਨੇ ਲਿਖੀ ਹੈ: ਪਰੰਤੂ ਨਰੋਤਮ ਤਾਰਾ ਸਿੰਘ ਜੀ ਤੇ ਪੁਰਾਣੇ ਗਯਾਨੀਆਂ ਦਾ ਮਤ ਇਹ ਹੈ ਕਿ ਦੱਖਣੀ ਓਅੰਕਾਰ ਦੱਖਣ ਦੇਸ਼ ਦੇ ਓਅੰਕਾਰ ਮੰਦਰ ਦੇ ਪਾਂਡੇ ਪ੍ਰਤੀ ਉਪਦੇਸ਼ ਹੋਇਆ ਸੀ।

ਪੁਰਾਤਨ ਜਨਮ ਸਾਖੀ ਨੇ ਦੱਖਣੀ ਓਅੰਕਾਰ ਬਨਾਰਸ ਦੇ ਪੰਡਤ ਬ੍ਰਹਮ ਦਾਸ ਪ੍ਰਤੀ ਉਚਾਰ ਹੋਇਆ ਲਿਖਿਆ ਹੈ।

ਵਿਗਯਾਨ ਦੇ ਮਸਲੇ ਸੁਣਦੇ, ਸ਼ਾਸ਼ਤ੍ਰਾਂ ਦੇ ਹਾਲਾਤ ਸ੍ਰਵਨ ਕਰਦੇ, ਉਹਨਾਂ ਨੂੰ ਆਪਣੇ ਅਨੁਭਵ ਗਯਾਨ ਦੀਆਂ ਮੱਤਾਂ ਦੇਂਦੇ ਹਨ। ਪਰੰਤੂ ਏਕਾਂਤ ਬੈਠਣਾ, ਨੈਣ ਮੁੰਦੇ ਬਨ ਦੀ ਚੁਪ ਅਵਾਜ਼ ਵਿਚ ਕਾਦਰ ਦੇ ਰੰਗ ਵਿਚ ਮਗਨ ਹੋਣਾ, ਨੈਣ ਖੋਹਲ ਕਾਦਰ ਦੇ ਕੁਦਰਤ ਵਿਚ ਦਰਸ਼ਨ ਕਰਨੇ, ਜਿਸ ਨੂੰ ਆਪ, 'ਕੁਦਰਤਿ ਵਸਿਆ' 'ਬਲਿਹਾਰੀ ਕੁਦਰਤਿ ਵਸਿਆ' ਕਹਿ ਉਠਦੇ ਸਨ, ਉਨ੍ਹਾਂ ਨੂੰ ਅਜ਼ਲ ਤੋਂ ਪ੍ਰਾਪਤ ਸੀ। ਇਸ ਪ੍ਰਾਪਤੀ ਵਿਚ ਇਕ ਸੁਰ ਰਹਿਣਾ, ਇਸ ਵਿਚ ਗ਼ੋਤੇ ਲੱਗਣੇ, ਇਸ ਵਿਚ ਸਰਸ਼ਾਰ ਹੋ ਹੋ ਉਠਣਾ ਇਹ ਬ੍ਰਹਮ ਵਿਦਯਾ ਸੀ ਜੋ ਅਗੰਮੀ ਸੋਮਿਆਂ ਤੋਂ ਆਪ ਵਿਚ ਸਦਾ ਰੌਂ ਰਖਦੀ ਸੀ[੧]।

ਉਸ ਮਹਾਨ ਆਤਮਾਂ ਨੂੰ, ਜੋ ਕੁਦਰਤ ਨਾਲ ਇਕ ਸੁਰ ਸੀ, ਜੋ ਕੁਦਰਤ ਵਿਚ 'ਰਚਨਾਂ ਦਾ ਉਮਾਹ' ਤੱਕਦਾ ਸੀ, ਹਾਂ, ਓਸਨੂੰ ਬਨ ਦੀ ਏਕਾਂਤ ਵਿਚ, ਚਿੜੀਆਂ ਦੇ ਚਿਹਚਿਹੇ ਵਿਚ, ਹਰਟਾਂ ਦੀ ਗੂੰਜ ਵਿਚ, ਅਕਾਸ਼ ਦੇ ਨੀਲ ਵਿਚ, ਸੂਰਜ ਦੀ ਟਿੱਕੀ ਤੇ ਧਰਤੀ ਵਿਚੋਂ ਮਿੱਠੇ ਮਿੱਠੇ ਜਲਾਲ ਵਾਲੇ ਚੜ੍ਹਾਉ ਵਿਚ, ਰਾਤ ਦੀ ਭਿੰਨੀ ਭਿੰਨੀ ਸੁੰਦਰਤਾ ਵਿਚ, ਤਾਰਾ ਮੰਡਲ ਤੋਂ ਵੱਸ ਰਹੇ ਸੁਹਾਉ ਵਿਚ, ਚੰਦ ਤੋਂ ਧਰਤੀਆਂ ਦੇ ਫਰਸ਼ਾਂ ਤੇ ਆਕੇ ਵਿਛ ਰਹੀ ਚਾਂਦਨੀ ਦੇ ਲਹਿਰਾਉ ਵਿਚ ਆਪਣੇ ਸੁਖਮ ਤੇ ਤਰਲ ਸੁੰਦਰਤਾ ਦੇ ਤ੍ਰੂੰਗਾਂ ਵਿਚ ਲੀਨ ਕਰਦੇ ਤੇ ਚਾਉ ਵਿਚ ਚਾਉ ਵਾਲਾ ਕਰਕੇ ਸਰੂਰਾਂ ਵਿਚ ਲੈ ਜਾਂਦੇ ਸਨ। ਪਰ ਉਹ ਲੁਭਾਇਮਾਨ ਕਰਨ ਵਾਲੀ ਤੇ ਜਗਤ ਤੋਂ ਉੱਚੀ ਲੈ ਜਾਣ ਵਾਲੀ ਕੁਦਰਤ ਉਨ੍ਹਾਂ ਨੂੰ ਆਪਣੇ ਵਿਚ ਹੀ ਨਹੀਂ ਸੀ ਰੱਖ ਲੈਂਦੀ, ਉਨ੍ਹਾਂ ਨੂੰ ਓਸ ਟਿਕਾਣੇ ਇਹ ਕੁਦਰਤ ਕਿਸੇ ਸੁੰਦਰਤਾ ਦੇ ਅਸਲੇ ਅੱਗੇ ਉਸੇ ਸੁੰਦਰਤਾ ਦੇ ਕਿਸੇ ਆਭਾਸ ਤੋਂ ਬਣਿਆਂ-ਪਰਦਾ ਦੀਹਦੀ ਸੀ ਤੇ ਪਰਦੇ ਤੋਂ ਪਾਰ ਅਸਲੇ ਵਿਚ ਲੀਨ ਹੋਣ ਦਾ ਰਾਹ ਦੇਂਦੀ ਸੀ। ਕਦੇ ਰੰਗ ਚੜ੍ਹਦਾ ਸੀ ਕੁਦਰਤ ਦੇ ਉਮਾਹ ਦਾ, ਰਚਨਾਂ ਦੇ ਹੁਲਾਰੇ ਤੇ ਖੁਸ਼ੀਆਂ ਦਾ, ਕੁਦਰਤ ਵਿਚ ਵੱਸ ਰਹੇ ਸੁਖ ਚਾਉ ਤੇ ਸੁੰਦਰਤਾ ਦੀ ਪਿਆਰੀ ਪਿਆਰੀ ਵੱਜ ਰਹੀ ਸੁਰ ਦਾ। ਹਾਂ, ਉਸ ਕੁਦਰਤ ਵਿਚ ਵਸ ਰਹੀ ਦਿੱਸਦੀ ਸੀ 'ਉਸ ਕੁਦਰਤ ਦੀ ਅਸਲੀਅਤ' ਜਿਸਦੇ ਉਹ ਆਸਰੇ ਸੀ ਤੇ ਜਿਸਦਾ ਉਹ ਵਿਕਾਸ਼ ਸੀ। ਕਦੇ ਸੁਰਤ ਗੁੰਮ ਹੁੰਦੀ ਸੀ ਉਸ 'ਅਸਲੇ' ਵਿਚ ਜੋ ਕੁਦਰਤ ਵਿਚ ਵੱਸਦਾ, ਕੁਦਰਤ ਦੇ ਪਿੱਛੇ ਵੱਖ ਅਕੇਲਾ, ਤਾਕੋ ਤਾਕ ਸਭ ਤੋਂ ਉੱਚਾ; ਸੁੱਚਾ ਤੇ ਪਾਕ ਅਡੋਲ ਆਪਣੀ ਅਡੋਲਤਾ ਵਿਚ ਇਸਥਿਤ ਹੈ, ਹਾਂ-ਇਸ ਅਸਲੇ ਵਿਚ ਜੋ ਕਾਰਣ ਹੈ ਕੁਦਰਤ ਦਾ, ਜੋ ਕਾਦਰ ਹੈ ਸਾਰੀ ਕੁਦਰਤ ਉੱਤੇ। 'ਅਲੱਖ, ਅਗੰਮ, ਅਰੂਪ' ਰੂਪ ਵਿਚ ਨੌਜੁਵਾਨ ਰੱਬੀ ਬਾਲਕਾ ਸਦਾ ਵੱਸਦਾ ਸੀ, ਤਾਰੀਆਂ ਲਾਉਂਦਾ ਤੇ ਗ਼ੋਤੇ ਮਾਰਦਾ ਸੀ। ਇਹ ਸਦਾ ਸਾਖੀ ਦੀ ਵਿਦਯਾ, ਫਾਇਲੀ ਵਿਦਯਾ, ਧੁਰ ਦੀ ਸੀ, ਕੌਣ ਮੁੱਲਾਂ ਪੰਡਤ ਭੁੱਲ ਦੇ ਮੰਡਲ ਵਾਲਾ, ਕੌਣ ਸਾਧ ਤਪੀ ਤਪਾਂ ਵਿਚ ਫਸਿਆ ਇਹ ਵਿਦਯਾ ਦੇ ਸਕਦਾ ਸੀ ਉਸ ਅਨੁਭਵੀ ਦਾਤੇ ਨੂੰ।

ਪੰਡਤ ਪਾਂਧਾ ਪ੍ਰੋਹਿਤ ਕੀ ਜਾਣਦੇ ਸਨ ਕਿ ਨਾਨਕ ਦਾ ਦਿਲ ਕਿੱਥੇ ਜਾ ਟਕਰਾਉਂਦਾ ਹੈ, ਕਿਸ ਛੁਹ ਨਾਲ ਛੁਹ ਕੇ ਉਹ ਸਭ ਤੋਂ ਅਛੋਹ ਸਾਂਈਂ ਦੀ ਨਿਰੰਤਰ ਛੁਹ ਨਾਲ ਛੁਹਿਆ ਕਦੇ ਕਦੇ ਉਸ ਛੁਹ ਵਿਚੋਂ ਸਰੀਰ ਤੇ ਮਨ ਨੂੰ ਭੀ ਨਹੀਂ ਉਠਣ ਦੇਂਦਾ। ਇਹੋ ਛੋਹ ਉਸਨੇ ਜਗਤ ਨੂੰ ਲਾਉਣੀ ਹੈ; ਏਸੇ ਛੋਹ ਦੇ ਦੇਣ ਲਈ ਉਹ ਆਇਆ ਸੀ। ਹਾਂ, ਉਹ ਤ੍ਰੈਏ ਕੌਤਕ ਵੇਖ ਵੇਖ ਕੇ ਮੰਨ ਗਏ ਸਨ ਕਿ ਪੂਰਨ ਪੁਰਖ ਹੈ; ਪਰ ਅੰਤਰਗਤੀਆਂ ਨੂੰ ਕੌਣ

---

[੧] ਮੈਕਾਲਫ ਵਰਗੇ ਪੱਛਮੀ ਖਿਯਾਲ ਦੇ ਆਦਮੀ ਏਥੋਂ ਬੇਵਸੇ ਐਉਂ ਲਿਖਦੇ ਹਨ:-'ਉਹ ਅਵਾਜ਼ (ਧੁਰ ਦੀ ਸੱਦ) ਜੋ ਅਗੇ ਕਈ ਪ੍ਰਕਾਸ਼-ਚਿੱਤਾਂ ਨਾਲ ਬੋਲ ਚੁਕੀ ਹੈ, ਉਹਨਾਂ ਬਨਾ ਵਿਚ ਫੇਰ ਬੋਲ ਉੱਠੀ, ਜੋ ਗੁਰੂ ਨਾਨਕ ਦੇ ਖਯਾਲ ਮੰਡਲ ਨੂੰ ਆਤਮ ਅਰੂੜਤਾ ਦੀ ਚੋਟੀ ਤੇ ਲੈ ਗਈ। ਉਨ੍ਹਾਲੇ ਦੀ ਗਰਮੀ ਤੇ ਸਿਆਲੇ ਦੇ ਕੱਕਰਾਂ ਵਿਚ ਅਸਮਾਨ ਦੇ ਜਲਾਲ ਤੇ ਕੁਦਰਤ ਦੇ ਸਦਾ ਬਦਲ ਰਹੇ ਰੰਗਾ ਵਿਚ ਉਸ ਦੇ ਗਿਰਾਂ ਦੇ ਵਿਚ ਵੱਸ ਰਹੇ ਵਸਨੀਕਾਂ ਦੇ ਚਾਉ ਮਲ੍ਹਾਰਾਂ ਤੇ ਉਦਾਸੀਆਂ ਗ਼ਮਾਂ ਵਿਚ ਉਹ (ਗੁਰੂ ਨਾਨਕ) ਚਮਕਦੇ ਅੱਖਰਾਂ ਵਿਚ 'ਨਿਰੰਕਾਰ' ਦਾ ਨਾਮ (ਵੇਖਦਾ) ਤੇ ਵਾਚਦਾ ਸੀ ਤੇ ਚਾਉ ਵਿਚ ਭਰਕੇ ਉਸ ਨਾਮ ਦੀ ਸੱਦ ਦੇ ਉੱਠਦਾ ਸੀ। "

ਜਾਣਦਾ ਸੀ? ਮਾਤਾ ਪਿਤਾ ਭੀ ਵੇਖਦੇ ਸਨ ਕਿ ਉਸ ਦਾ ਸੁਭਾਵ, ਰੂਪ, ਰੰਗ, ਕੰਮ ਕਰਨੀਆਂ ਅਨੋਖੇ ਹਨ, ਪਰ ਅੰਤਰਗਤੀ ਨਾ ਸਮਝ ਸਕਣ ਕਰਕੇ ਉਹ ਭੁੱਲ ਵਿਚ ਪੈਂਦੇ ਸਨ ਕਿ ਖ਼ਬਰੇ ਕੀ ਹੈ; ਜੇ ਸੱਚ ਮੁਚ ਚੰਗਾ ਹੈ ਤਾਂ ਘਰ ਲੁਟਾਉਣਾ, ਆਲਸ ਵਿਚ ਸੈਂ ਰਹਿਣਾ, ਬਨਾਂ ਵਿਚ ਦਲਿੱਦਰ ਪਾ ਬੈਠ ਰਹਿਣਾ, ਖੇਲਣ ਲੱਗਣਾ ਤਾਂ ਖੇਲਦੇ ਹੀ ਜਾਣਾ, ਇਹ ਲੱਛਣ ਕੀਹ ਹਨ? ਸ਼ੁਦਾ ਦੇ ਹਨ ਕਿ ਵਡਿਆਈ ਦੇ? ਇਸੇ ਨੂੰ ਸਿਆਣੇ ਮਾਯਾ ਕਹਿੰਦੇ ਹਨ।

ਮਹਿਤਾ ਜੀ ਹੁਣ ਵੇਖ ਰਹੇ ਸਨ ਕਿ ਪੁਤ੍ਰ ਬਨ ਨਾਲ ਤੇ ਬਨਵਾਸੀਆਂ ਨਾਲ ਬਹੁਤ ਪਿਆਰ ਵਿਚ ਰਹਿੰਦਾ ਹੈ, ਪਰ ਨਹੀਂ ਸਨ ਜਾਣਦੇ ਕਿ ਓਹ ਉਨ੍ਹਾਂ ਬਨਵਾਸੀਆਂ ਨਾਲ ਬੈਠਦੇ ਸਨ ਜੋ ਉਸ ਧੁਨਿ ਵਿਚ, ਜੋ ਬਾਲਕ ਜੀ 'ਧੰਨ ਨਿਰੰਕਾਰ' ਦੀ ਆਪ ਲਾਉਂਦੇ ਸਨ, ਉਨ੍ਹਾਂ ਨਾਲ ਸ਼ਾਮਲ ਹੋ ਜਾਂਦੇ ਸਨ, ਜਾਂ ਗੁਰੂ ਨਾਨਕ ਜੀ ਬਹਿ ਜਾਣ ਤਾਂ ਓਹ 'ਧੰਨ ਨਿਰੰਕਾਰ' ਦਾ ਕੀਰਤਨ ਸੁਣਾ ਸੱਕਣ। ਪਰ ਇਨ੍ਹਾਂ ਗੱਲਾਂ ਤੋਂ ਮਹਿਤੇ ਦਾ ਦਿਲ ਉਦਾਸ ਰਹਿੰਦਾ ਸੀ ਤੇ ਉਸ ਦੇ ਆਪਣੇ ਕੰਮਾਂ ਕਾਜਾਂ ਵਿਚ ਵੀ ਹਰਜ ਹੁੰਦਾ ਸੀ। ਜਾਂ ਉਨ੍ਹਾਂ ਦੇ ਮਾਲਕ ਰਾਇ ਬੁਲਾਰ ਨੂੰ ਸੂੰਹ ਲੱਗੀ, ਉਸ ਨੇ ਮਹਿਤੇ ਨਾਲ ਹਮਦਰਦੀ ਕੀਤੀ। ਆਖਣ ਲੱਗਾ, ਮਹਿਤਾ! ਤੂੰ ਪੁੱਤ ਨੂੰ ਫਾਰਸੀ ਪੜਾ, ਜੇ ਤੇਰਾ ਪੁੱਤ ਪੜ੍ਹ ਗਿਆ ਫਾਰਸੀ, ਤਾਂ ਤੂੰ ਆਪਣਾ ਕੰਮ ਕਾਜ ਬੀ ਸਿਖਾ ਦੇਵੀਂ, ਫੇਰ ਦਫਤਰ ਦਾ ਕੰਮ ਉਸ ਦੇ ਸਪੁਰਦ ਕਰ ਦੇਵਾਂਗੇ। ਪੁੱਤ ਤੇਰਾ ਭਲਾ ਹੈ। ਦੇਖੋ, ਜੇ ਲੇਖਾ ਪੱਤਾ, ਸੰਸਕ੍ਰਿਤ ਨਹੀਂ ਸੁ ਚੰਗਾ ਲੱਗਾ ਤਾਂ ਕੀ ਜਾਣੀਏ ਫਾਰਸੀ ਵਿਚ ਦਿਲ ਲਗ ਜਾਵੇ ਸੂ। ਇਹ ਸੁਣਕੇ ਮਹਿਤੇ ਦਾ ਜੀ ਹੁਣ ਫਾਰਸੀ ਪੜ੍ਹਾਉਣ ਤੇ ਕਰ ਆਇਆ।

ਕੀ ਦੈਵੀ ਜੋਤਿ ਦਾ ਜੀ ਨਹੀਂ ਸੀ ਕਰਦਾ ਕਿ ਮਾਤਾ ਪਿਤਾ ਜੋ ਕਹਿਣ ਸੋ ਕਰੇ? ਨਹੀਂ, ਜੋ ਉਹ ਕਹਿੰਦੇ ਉਹ ਸਾਵਧਾਨ ਹੋਕੇ ਲੱਗ ਪੈਂਦੇ, ਪਰ ਉਹ ਕੁਦਰਤ ਤੇ ਕਾਦਰ ਨਾਲ ਸੁਤੇ ਹੀ ਇਕਸੁਰ ਸਨ। ਕੁਦਰਤ ਦੀ 'ਸੁੰਦਰਤਾ' ਤੇ ਰਚਨਾ ਦੇ 'ਉਮਾਹ ਦੀ ਸੱਦ' ਨਾਲ ਬੇਵਸੀ ਖਿੱਚ ਪੈਂਦੀ। ਜੇ ਏਥੇ ਹੀ ਬੱਸ ਹੁੰਦੀ ਤਾਂ ਹੋਰ ਗੱਲ ਸੀ, ਉਹ ਤਾਂ 'ਕੁਦਰਤ ਵਸਿਆ' ਵਾਲੇ 'ਸੁੰਦਰ' ਦੀ ਅਰੂਪ ਸੁੰਦਰਤਾ ਵਿਚ ਮਗਨ ਹੋ ਜਾਂਦੇ, ਬੇ-ਵਸੇ ਮਗਨ ਹੋ ਜਾਂਦੇ। ਬੇ ਵਸੇ, ਹਾਂ, ਜੇ ਵੱਸ ਵਿਚ ਹੁੰਦਾ ਕਿ ਮਗਨ ਨਾ ਹੋਣ ਤਾਂ ਨਾਨਕ ਅਰਸ਼ੀ ਸੁਲਤਾਨ ਜੀ ਇਕ ਵਿਦਵਾਨ ਯਾ ਇਕ ਗੁਣੀ ਹੁੰਦੇ, ਪਰ ਉਹ ਰੱਬੀ ਛੁਹ ਵਿਚ ਨਿਰੰਤਰ ਰਹਿਣ ਵਾਲੇ; ਰੱਬੀ ਰੌ ਨਾਲ ਸਦਾ ਸਰਸ਼ਾਹ ਚਸ਼ਮੇ, ਆਪਣੀ ਉਸ ਰੱਬੀ ਛੁਹ ਨਾਲ ਜਗਤ ਨੂੰ ਜੀਉਂਦਾ ਕਰਨ ਵਾਲੇ ਅਗੰਮ ਨਾਲ ਇਕ ਸੁਰ ਸਨ। ਓਹ ਕਿਵੇਂ ਹੋ ਸਕਦਾ ਸੀ ਕਿ ਇਲਾਹੀ ਜਲਵੇ ਕੁਦਰਤ ਦੇ ਜਦੋਂ ਕਾਦਰ ਦਾ ਪਰਤੱਖ ਚਮਤਕਾਰ ਮਾਰਦੇ ਤਾਂ ਉਹ ਉਸ ਵਿਚ ਮਗਨ ਨਾ ਹੋ ਜਾਂਦੇ? ਅਰ ਸਦਾ ਉਸ ਘਰ ਵਿਚ ਨਾ ਨਿਵਾਸ ਰਖਦੇ ਜੋ ਘਰ ਕਿ 'ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ' ਦੱਸਿਆ ਹੈਨੇ?

ਕੁਛ ਦਿਨ ਉਨ੍ਹਾਂ ਨੂੰ ਫੇਰ ਚਹਿਕੇ ਵੇਖਕੇ ਇਕ ਦਿਨ ਪਿਤਾ ਜੀ ਉਨ੍ਹਾਂ ਨੂੰ ਫਾਰਸੀ ਦੇ ਉਸਤਾਦ ਪਾਸ ਲੈ ਗਏ[੧]। ਅਗੇ ਵਾਂਙ ਉਹ ਮਕਤਬ ਵਿਚ

---

[੧] ਫਾਰਸੀ ਦੇ ਸਿਖਾਵਣਹਾਰ ਨੂੰ ਸਾਖੀਆਂ ਵਿਚ 'ਮੁਲਾਂ ਲਿਖਿਆ ਹੈ। ਸ: ਖ਼ਜ਼ਾਨ ਸਿੰਘ ਤੇ ਖਾਲਸਾ ਤਵਾਰੀਖ ਨੇ ਉਸ ਦਾ ਨਾਮ ਕੁਤਬਦੀਨ ਲਿਖਿਆ ਹੈ। ਮੈਕਾਲਫ ਨੇ ਰੁਕਨ ਦੀਨ ਨਾਮ ਦਿਤਾ ਹੈ, ਪਰ ਇਕ ਰੁਕਨ ਦੀਨ ਮੱਕੇ ਭੀ ਮਿਲਦਾ ਹੈ। ਕਨਿੰਘਮ ਨੇ ਕਿਸੇ ਫਾਰਸੀ ਨੁਸਖੇ ਦਾ ਹਵਾਲਾ ਦਿੱਤਾ ਹੈ ਜਿਸ ਦਾ ਉਹ ਨਾਮ ਨਹੀਂ ਦੇ ਸਕਿਆ ਕਿ ਸੱਯਦ ਹੁਸੈਨ ਇਕ ਫਾਰਸੀ ਜਾਣਨ ਵਾਲਾ (ਮਹਿਤਾ) ਕਾਲੂ ਦਾ ਹਮਸਾਇਆ ਸੀ ਜੋ ਬੇ-ਉਲਾਦ ਤੇ ਅਮੀਰ ਸੀ, ਉਸ ਦੇ ਚਿਤ ਗੁਰੂ ਨਾਨਕ ਦਾ ਸਤਿਕਾਰ ਭਰ ਗਿਆ ਸੀ ਤੇ ਫਾਰਸੀ ਓਸਨੇ ਪੜ੍ਹਾਈ। ਫਿਰ ਮੈਲਕਮ ਦਾ ਹਵਾਲਾ ਦੇਕੇ ਲਿਖਦਾ ਹੈ ਕਿ ਮੁਸਲਮਾਨ ਕਹਿੰਦੇ ਹਨ ਕਿ ਅਲਯਾਸ ਪੈਗੰਬਰ ਨੇ ਨਾਨਕ ਨੂੰ ਸੰਸਾਰਕ ਵਿਦਿਆ ਪੜ੍ਹਾਈਆਂ। ਮੁਸਲਮਾਨ ਮੁਅੱਰਖ਼ ਇਹ ਬੀ ਲਿਖਦੇ ਹਨ ਕਿ ਗੁਰ ਨਾਨਕ ਨੇ ਆਪਣੇ ਉਸਤਾਦਾਂ ਨੂੰ (ਆਪਣੀ ਰੂਹਾਨੀਅਤ ਨਾਲ) ਅਚਰਜਤਾ ਵਿਚ ਪਾਇਆ।

(ਬਾਕੀ ਟੂਕ ਦੇਖੋ ਸਫਾ ੪੧ ਦੇ ਹੇਠ)☞

ਬੀ ਪੜ੍ਹਨ ਲਗ ਗਏ, ਮੁੱਲਾਂ ਅਚਰਜ ਹੋ ਗਿਆ ਕਿ ਕਿਤਨੀ ਛੇਤੀ ਪੜ੍ਹ ਗਏ:-

> ਸਿਫ਼ਤ ਪ੍ਰਕਾਸ਼ ਭਈ: "ਕਾਲੂ ਸੁਤ ਬੁਧਿ ਰਾਸ, ਪਾਰਸੀ ਇਲਮ ਜੋ ਕਠਨ ਸੀਖ਼ਯੋ ਬੇਗਹੀ"॥ {ਨਾ: ਪ੍ਰ:}

ਪਰ ਉਹ ਅੰਦਰਲੀ ਖਿੱਚ, ਕੁਦਰਤ ਦੇ ਸੁਹਜ ਨਾਲ ਪ੍ਰੇਮ ਤੇ ਮਗਨਤਾ, ਕਾਦਰ ਦੀ ਖਿੱਚ ਵਿਚ ਲੀਨਤਾ ਤੇ ਜਗਤ ਦੀ ਵਿਦਜਾ ਤੇ ਪਦਾਰਥਾਂ ਦੀ ਪ੍ਰਾਪਤੀ ਦੀ ਉਦਾਸੀ ਇਹ ਭਿੰਨੀ ਭਿੰਨੀ ਤ੍ਰੇਲ ਵਾਂਙੂ ਆਪਣੀ ਸਦਾ ਫੁਹਾਰ ਜਾਰੀ ਰੱਖਦੀ ਸੀ। ਇਕ ਦਿਨ ਇਸੇ ਪ੍ਰਕਾਰ ਦੀ ਉਦਾਸੀ ਵਿਚ ਉਸਤਾਦ ਨੇ ਕਿਹਾ, "ਨਾਨਕ! ਕਈ ਦਿਨ ਤੋਂ ਤੂੰ ਪੜ੍ਹਦਾ ਨਹੀਂ, ਆਉਂਦਾ ਵੀ ਵੇਲੇ ਸਿਰ ਨਹੀਂ, ਟੁਰ ਬੀ ਆਪੇ ਜਾਂਦਾ ਹੈਂ "। ਤਾਂ ਉਨ੍ਹਾ ਨੇ ਉੱਤਰ ਦਿਤਾ "ਮੈਂ ਪੜ੍ਹਿਆ ਹਾਂ, ਜੋ ਪੜ੍ਹਿਆ ਹਾਂ, ਪੜ੍ਹਦਾ ਹਾਂ ਜੋ ਪੜ੍ਹਾਉਂਦਾ ਹੈ।" ਮੁੱਲਾਂ ਨੇ ਪੁੱਛਿਆ "ਕੌਣ ਹੈ ਜੋ ਤੈਨੂੰ ਪੜ੍ਹਾਉਂਦਾ ਹੈ ਤੇ ਕੀ ਪੜਾਉਂਦਾ ਹੈ?" ਉਸ ਵੇਲੇ ਉਨ੍ਹਾਂ ਦੇ ਹੱਥ ਇਕ ਸੰਚੀ ਲਿਖੀ ਹੋਈ ਸੀ, ਜੋ ਉਨ੍ਹਾਂ ਨੇ ਮੁੱਲਾਂ ਦੇ ਹੱਥ ਦਿਤੀ। ਇਹ ਸੀਹਰਫੀ ਸੀ, ਜਿਸ ਵਿਚ ਇਕ ਇਕ ਫ਼ਾਰਸੀ ਹਰਫ਼ ਦੇ ਅੱਗੇ ਉਸ ਦੇ ਅਰਥ ਵਿਰਾਗ ਤੇ ਵਾਹਿਗੁਰੂ ਦੇ ਜਸ ਨਾਲ ਭਰੇ ਹੋਏ ਲਿਖੇ ਸਨ[1]। ਇਹ ਪੜ੍ਹਕੇ ਮੁੱਲਾਂ ਦਾ ਸੀਸ ਨਿਉਂ ਗਿਆ ਤੇ ਉਸ ਨੇ ਕਿਹਾ ਕਿ 'ਤੁਸੀਂ ਉੱਚੇ ਇਲਮ ਦੇ ਆਲਮ ਹੋ, ਤੁਸੀਂ ਰੱਬ ਦੇ ਹੋ, ਉਸਦੇ ਆਪਣੇ ਹੋ। ਇਹ ਉਮਰ, ਇਹ ਖਿਆਲ! ਤੁਸਾਂ ਵਿੱਚ ਅੱਲਾ ਬੋਲਦਾ ਹੈ'। ਇਹ ਕਹਿਕੇ ਸੀਸ ਨਿਵਾਇਆ।

ਗੁਰੂ ਜੀ ਘਰ ਆ ਗਏ, ਹੁਣ ਫੇਰ ਉਹੋ ਰੰਗ ਬੱਝ ਗਿਆ, ਯਾ ਬਨ ਵਿਚ ਦਿਨ ਬਿਤਾ ਆਉਣਾ, ਯਾ ਸਾਰਾ ਦਿਨ ਲੰਮੀ ਤਾਣਕੇ ਪਏ ਰਹਿਣਾ, ਬੋਲਣਾ ਚੱਲਣਾ ਵੀ ਬੰਦ ਕਰ ਛੱਡਿਆ, ਅੰਨ ਵੀ ਕਦੇ ਖਾਧਾ ਕਦੇ ਨਾ। ਇਸ ਤੋਂ ਚਿੰਤਾ ਵਧੀ ਤੇ ਖਿਆਲ ਪਰਵਾਰ ਨੂੰ ਇਹ ਆਇਆ ਕਿ ਬਨ ਵਿਚ ਫਿਰਦਿਆਂ ਕੋਈ ਸਾਯਾ ਆਸੇਬ ਹੋ ਗਿਆ ਹੈ, ਇਸ ਲਈ ਸਲਾਹ ਠਹਿਰੀ ਕਿ ਜਿਸਨੇ ਫ਼ਾਰਸੀ ਪੜ੍ਹਾਈ ਹੈ ਉਸ ਮੁੱਲਾਂ ਨੂੰ ਬੁਲਾਯਾ ਜਾਏ[2]। ਮੁੱਲਾਂ ਨੇ ਆਕੇ ਬਹੁਤ ਯਤਨ ਕੀਤੇ, ਪਰ ਉਹ ਜਿਵੇਂ ਪਏ ਸਨ ਅੱਖਾਂ ਮੀਟ ਕੇ ਪਏ ਹੀ ਰਹੇ। ਜਦ ਮੁੱਲਾਂ ਹਾਰ ਗਿਆ ਤਾਂ ਉਸ ਨੇ ਹੌਲੇ ਜਿਹੇ ਕਿਹਾ, "ਨਾਨਕ! ਜਿਸ ਸਾਂਈਂ ਦਾ ਤੂੰ ਪਿਆਰਾ ਹੈਂ। ਉਸ ਦੇ ਸਦਕੇ ਇਕ ਵੇਰੀ ਤਾਂ ਉਠ ਬੈਠ"। ਆਪਣੇ ਪਿਆਰੇ ਦਾ ਵਾਸਤਾ ਸੁਣਦੇ ਸਾਰ ਆਪ ਉਠ ਬੈਠੇ। ਚਾਦਰ ਵਿਚ ਲੁਕਿਆ ਮੂੰਹ ਜੋ ਉਦਾਸੀ ਦਾ ਬੱਦਲ ਨਿਕਲਣਾ ਚਾਹੀਦਾ ਸੀ

---

☙ {੪੦ ਸਫੇ ਦੀ ਟੂਕ ਦੀ ਬਾਕੀ}

ਅਸਲ ਵਿਚ ਰਾਜਸੀ ਇਤਿਹਾਸਕਾਰ 'ਰੱਬੀ ਵਜੂਦ' ਦੇ ਇਤਿਹਾਸ ਵੇਲੇ ਘਾਬਰਦੇ ਹਨ ਕਿ ਦੁਨੀਆਂ ਦੇ ਉਸਤਾਦਾਂ ਬਿਨਾਂ ਓਹ ਪੜ੍ਹੇ ਕੀਕੂੰ? ਤੇ ਰੂਹਾਨੀ ਇਤਿਹਾਸਕਾਰ ਘਾਬਰਦੇ ਹਨ ਕਿ ਜੇ ਉਨ੍ਹਾਂ ਕਿਸੇ ਤੋਂ ਵਿਦਜਾ ਪਾਈ ਤਾਂ ਉਨ੍ਹਾਂ ਦੀ 'ਰੂਹਾਨੀ ਸੁੰਦਰਤਾ' ਘਟ ਜਾਏਗੀ ਪਰ ਅਸਲ ਗੱਲ ਇਹ ਹੈ ਕਿ ਭਾਵੇਂ ਓਹ ਸੰਸਾਰਕ ਇਲਮ ਕਿਸੇ ਤੋਂ ਪੜ੍ਹੇ ਭਾਵੇਂ ਨਾ ਪੜ੍ਹੇ ਦੋਇ ਗੱਲਾਂ ਉਹਨਾਂ ਦੇ ਰੂਹਾਨੀ ਔਜ ਨੂੰ ਵਧਾ ਘਟਾ ਨਹੀਂ ਸਕਦੀਆਂ। ਆਪਣੀ 'ਕਰਤੇ ਦੀ ਵਿਦਜਾ' ਯਾ ਅਰਸ਼ੀ ਇਲਮ ਤੇ ਰੂਹਾਨੀ ਵਿਗਜਾਨ ਦੇ ਗੁਰੂ ਦਾ ਪਤਾ ਉਹਨਾਂ ਨੇ ਆਪ ਦਿਤਾ ਹੈ: "ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ॥੫॥" {ਸੋਰਠਿ ਮ:੧-੧੧}

ਇਹ ਨਿਯਮ ਹੈ ਕਿ ਜਿਸ ਵਿਚ ਰਬੀ ਵਿਦਜਾ ਕਰਤੇ ਦੀ ਹੈ, ਜਿਸ ਦਾ ਗੁਰੂ ਆਪ ਪਰਮੇਸੁਰ ਹੈ ਉਸਦੇ ਅੱਗੇ ਸੰਸਾਰਕ ਦ੍ਰਿਸ਼ਟਿਮਾਨ ਦੀਆਂ ਵਿਦਜਾ ਪਾਣੀਹਾਰ ਹਨ, ਜੇ ਪੜ੍ਹ ਲਈਆਂ ਤਾਂ ਘਟਦਾ ਕੁਛ ਨਹੀਂ ਜੇ ਨਾ ਪੜ੍ਹੀਆਂ ਤਾਂ ਵਧਦਾ ਕੁਛ ਨਹੀਂ।

---

[1] ਇਹ ਸੀਹਰਫੀ ਮਿਲਦੀ ਨਹੀਂ, ਜੋ ਮਿਲਦੀ ਹੈ ਸੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ। ਇਹ ਪੁਰਾਤਨ ਜਨਮ ਸਾਖੀ ਵਿਚ ਮੱਕੇ ਦੇ ਰੁਕਨ ਦੀਨ ਨਾਲ ਹੋਈ ਲਿਖੀ ਹੈ ਤੇ ਬਾਲੇ ਵਾਲੀ ਜਨਮ ਸਾਖੀ ਵਿਚ ਮਦੀਨੇ ਉਚਾਰੀ ਲਿਖੀ ਹੈ। ਖਾਲਸਾ ਤਵਾਰੀਖ ਨੇ ਏਸੇ ਟਿਕਾਣੇ ਮੁੱਲਾ ਪਾਸ ਉਚਾਰੀ ਲਿਖੀ ਹੈ ਤੇ ਸ਼ੁਰੂ ਐਉਂ ਹੁੰਦੀ ਹੈ:-ਅਲਫ਼ ਅੱਲਾ ਨੂੰ ਯਾਦ ਕਰ ਗ਼ਫਲਤ ਮਨਹੁ ਵਿਸਾਰ। ......

[2] ਅਜੇ ਤਕ ਬੀ ਗਿਰਾਵਾਂ ਦੇ ਮੁੱਲਾਂ ਏਹੋ ਜੇਹੇ ਕੰਮ ਕਰਦੇ ਹਨ।

ਪੁੰਨਿਆ ਦਾ ਚੰਦ ਚਮਕਾਰ ਮਾਰਦਾ ਦਿੱਸਿਆ, ਅੱਖਾਂ ਵਿਚ ਲਾਲ ਡੋਰੇ ਅੰਗੂਰਾਂ ਵਾਗੂ ਭਖ ਭਖ ਕਰ ਰਹੇ ਸਨ ਤੇ ਇਕ ਪਿਆਰ ਭਰੀ ਅਰਦਾਸ ਓਹਨਾਂ ਵਿਚੋਂ ਚੋ ਚੋ ਪੈ ਰਹੀ ਸੀ, ਇਕ ਸੈਨਤ ਝਿੜਕ ਦੀ ਨੈਣਾਂ ਤੋਂ ਬਰਸਦੀ ਸੀ,ਇਕ ਰਮਜ਼ ਵੈਰਾਗ ਦੀ ਸੀ, ਇਕ ਮਟਕ ਉਤਲੇ ਪਾਸੇ ਦੀ ਖਿੱਚ ਤੇ ਰਸ ਦੀ ਸੀ। ਬੜੀ ਮਿੱਠੀ ਸੁਰ ਵਿਚ ਬੋਲੇ, ਹਾਂ ਬੋਲੇ ਉਸ ਬੋਲੀ ਵਿਚ ਜੋ ਫਾਰਸੀ ਹੀ ਹੈ ਕਿ ਸਭ ਤੋਂ ਪਹਿਲੀ ਉਰਦੂ ਦੀ ਮਾਂ ਹੈ; ਅਰਥਾਤ ਫਾਰਸੀ ਵਿਚ ਕਿਤੇ ਕੋਈ ਹਿੰਦੁਸਤਾਨੀ ਦਾ ਲਫ਼ਜ਼ ਪੈ ਜਾਣਾ-ਉਸ ਫ਼ਾਰਸੀ ਵਿਚ ਜੋ ਪੰਜਾਬੀ ਨਾਲ ਅਜੇ ਸੈਨਤਾਂ ਮਾਰਨ ਲਗੀ ਸੀ! ਆਪ ਬੋਲੇ:-

> ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ ਹਕਾ ਕਰੀਮ ਤੂ ਬੇਐਬ ਪਰਵਦਗਾਰ ॥੧॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ਰਹਾਉ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥ ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ॥੪॥੧॥ {ਤਿਲੰਗ ਮ: ੧ ਘਰ ੧}

ਇਹ ਉਚਾਰਕੇ ਆਪ ਨੇ ਮੁੱਲਾਂ ਨੂੰ ਸਮੋਧ ਕੀਤਾ ਕਿ ਆਯੂ ਐਉਂ ਬਿਰਥਾ ਜਾ ਰਹੀ ਹੈ, ਸੰਭਾਲੋ। ਮੁੱਲਾਂ ਤੇ ਉਪਦੇਸ਼ ਦਾ ਅਜੀਬ ਅਸਰ ਹੋਇਆ, ਹਥ ਜੋੜ ਬੋਲਿਆ:-

> ਚਰਨ ਸ਼ਰਨ ਮੈਂ ਕੀਨੋਂ ਪਰਨਾ॥ ਹਰਹੁ ਮੋਹਿ ਜਗ ਜਨਮ ਰੁ ਮਰਨਾ॥ ਬ੍ਰਿੱਧਨ ਤੇ ਤੁਮ ਬ੍ਰਿੱਧ ਬਡੇਰੇ॥ ਕਰ ਉਪਦੇਸ਼ ਕਟਹੁ ਦੁਖ ਮੇਰੇ॥ {ਨਾ: ਪ੍ਰ:}

ਆਪ ਨੇ ਉਪਦੇਸ਼ ਦਿੱਤਾ, ਇਲਾਹੀ ਰੰਗਤ ਦਾ ਰੰਗ ਲਾਯਾ ਤੇ ਅੰਤਮ ਹੁਕਮ ਇਹ ਦਿੱਤਾ:-

> ਸੱਤਿਨਾਮ ਇਕ ਚਿਤ ਲਿਵ ਲਾਈ॥ ਜਪਹੁ ਦੇਹਿ ਅਭਿਮਾਨ ਗਵਾਈ॥ ਸਤਿ ਸੰਗਤ ਕੀ ਸੇਵ ਅਭੰਗਾ॥ ਕਰਹੁ ਸੁਖਦ ਨਿਤ ਸੰਗ ਉਮੰਗਾ॥ {ਨਾਨਕ ਪ੍ਰਕਾਸ਼}

ਮੁੱਲਾਂ ਰਾਜ਼ੀ ਕਰਨ ਆਇਆ ਆਪ ਰਾਜ਼ੀ ਹੋਕੇ ਟੁਰ ਗਿਆ। ਫਿਰ ਆਪ ਕਈ ਦਿਨ ਉਸੇ ਤਰ੍ਹਾਂ ਪਏ ਰਹੇ।

ਕਦੇ ਅਗੰਮ ਅਕਹਿ ਖੇੜੇ ਤੇ ਕਦੇ ਮੋਨ ਚੁਪ ਧਾਰਕੇ ਪੈ ਰਹਿਣਾ, ਦੋ ਰੰਗ ਅਚਰਜ ਸਨ, ਜਾਪਦਾ ਹੈ ਕਿ ਉਨ੍ਹਾਂ ਦੇ ਆਪਣੇ ਰੂਹਾਨੀ ਹੁਲਾਰੇ, ਰਚਨਾਂ ਦੇ ਰਸ ਰੰਗ, ਕੁਦਰਤ ਦੇ ਸੁਹਜ, ਕਾਦਰ ਦੀਆਂ ਅੰਦਰੋਂ ਬਾਹਰੋਂ ਛੋਹਾਂ ਤਾਂ ਉਹਨਾਂ ਨੂੰ ਅੰਦਰਲੇ ਦੇ ਉੱਚੇ ਚਾਉ ਵਿਚ ਰਖਦੀਆਂ ਸਨ, ਪਰ ਜਗਤ ਦਾ ਦੁੱਖ, ਜਗਤ ਜਲੰਦੇ ਦੀ ਪੀੜਾ ਇਹ ਕਿਵੇਂ ਦੂਰ ਹੋਵੇ? ਉਹਨਾਂ ਨੂੰ ਚੁੱਪ ਤੇ ਕਈ ਕਈ ਦਿਨ ਗੁੰਮ ਪਏ ਰਹਿਣ ਵਾਲੀ ਅਵਸਥਾ ਵਿਚ ਲੈ ਲੈ ਜਾਂਦੀਆਂ ਸਨ, ਹਿਰਦਾ ਜਗਤ ਦੇ ਕਸ਼ਟ ਸੁਣ ਸੁਣ ਕੇ 'ਜਗਤ ਰਖਯਾ ਕਿਵੇਂ ਹੋਵੇ' ਦੇ ਦਰਦ ਵਿਚ ਹਮਦਰਦ ਹੋ ਹੋ ਜਾਂਦਾ ਸੀ।

## ੫. {ਮੱਝੀਆਂ}

**ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥**

ਕੁਝ ਦਿਨ ਬਾਦ ਆਪ ਫੇਰ ਟੁਰਨ ਫਿਰਨ ਲਗ ਪਏ। ਜੰਗਲ ਵਿਚ ਜਾ ਬਹਿਣ, ਘਰ ਆਉਣ, ਰੋਟੀ ਵੇਲੇ ਸਿਰ ਖਾਣ, ਗੱਲਾਂ ਬਾਤਾਂ ਬੀ ਕਰਨ, ਹੱਸਣ ਖੇਡਣ ਬੀ। ਤਦ ਮਹਿਤੇ ਵਿਚਾਰ ਕੀਤੀ ਕਿ ਕੀਕੂੰ ਦਾ ਪੁਤ ਮੇਰੇ ਘਰ ਆਇਆ! ਕਦੇ ਟਹਿਕ ਬਹਿਦਾ ਹੈ, ਕਦੇ ਦਿਲਗੀਰ ਹੋ ਪੈਂਦਾ ਹੈ। ਥਾਂ ਥਾਂ ਪੜ੍ਹਨੇ ਪਾਇਆ। ਉਸਤਾਦਾਂ ਨੇ ਕਿਹਾ ਇਹ ਪੜ੍ਹ ਗਿਆ ਹੈ, ਹੁਣ ਸਾਨੂੰ ਪੜ੍ਹਾਉਂਦਾ ਹੈ, ਇਹ ਉੱਚਾ ਲੋਕ ਹੈ। ਓਹ ਕਹਿੰਦੇ ਹਨ ਸਾਨੂੰ ਤਾਰ ਦਿੱਤਾ ਸੂ, ਪਰ ਓਹਨਾਂ ਨੂੰ ਕੀਹ ਪਤਾ ਕੀਕੂੰ ਆਲਸੀ ਹੋਕੇ ਪਿਆ ਰਹਿੰਦਾ ਹੈ ਤੇ ਕੀਕੂੰ ਬਨਬਾਸੀ ਹੋਕੇ ਉੱਠ ਟੁਰਦਾ ਹੈ। ਜਿਸਦੇ ਘਰ ਇਕੋ ਪੁੱਤ ਹੋਵੇ, ਸਾਧਾਂ ਨਾਲ ਜਾ ਬਹੇ, ਕੰਮ ਕਾਜ ਨਾ ਕਰੇ, ਧਨ ਕਮਾਉਣ ਦੀ ਜਾਚ ਨਾ ਸਿੱਖੇ ਉਸ ਦੇ ਮਾਪਿਆਂ ਦਾ ਦੁਖ ਮਾਪੇ ਹੀ ਜਾਣ ਸਕਦੇ ਹਨ, ਹੋਰ ਕੌਣ ਜਾਣੇ? ਪਰ ਹੁਣ ਕਰੀਏ ਕੀ, ਜੋ ਕਿਸੇ ਆਹਰੇ ਇਸਦਾ ਮਨ ਪਰਚੇ। ਸੋਚਦਿਆਂ ਸੋਚ ਫੁਰੀ ਕਿ ਪੁਤ ਨੂੰ ਬਹੁਤਾ ਸੁਭਾਉ ਬਨ ਵਿਚ ਜਾਣ

ਦਾ ਹੈ ਏਸ ਨੂੰ ਕੋਈ ਐਸਾ ਕਿੱਤਾ ਦੇਈਏ ਕਿ ਬਨ ਵਿਚ ਬੀ ਰਹੇ ਤੇ ਕੰਮ ਵਿਚ ਬੀ ਪਰਚੇ, ਚਲੋ ਅਮੀਰੀ ਨਾ ਸਹੀ ਗਰੀਬੀ ਹੀ ਸਹੀ, ਕਿਸੇ ਕੰਮੇ ਤਾਂ ਲੱਗੇਗਾ। ਸੋ ਘਰ ਦੀਆਂ ਗਊਆਂ ਮਹੀਆਂ ਚਾਰਨ ਦਾ ਕੰਮ ਠੀਕ ਹੈ ਜੋ ਇਸ ਨੂੰ ਪਰਚਾ ਲਏਗਾ। ਬਾਹਰ ਬੀ ਰਹੇਗਾ ਤੇ ਕੰਮ ਬੀ ਪਿਆ ਕਰੇਗਾ। ਜੇ ਇਸ ਗੱਲੇ ਪਰਚ ਪਵੇ ਤਾਂ ਵੱਡਾ ਵੱਗ ਲੈ ਦਿਆਂਗੇ, ਦੁੱਧ ਘਿਉ ਦਾ ਹੀ ਕਿੱਤਾ ਸਹੀ।

ਕਈ ਦਿਨ ਸੋਚ ਸੋਚਕੇ ਪਿਤਾ ਨੇ ਓਹਨਾਂ ਨੂੰ ਇਕ ਦਿਨ ਇਹ ਗੱਲ ਆਖੀ। ਬੜੇ ਸਾਵਧਾਨ ਹੋਕੇ ਆਪ ਨੇ ਸੁਣੀ, ਮੰਨੀ ਤੇ ਮਹੀਆਂ ਲੈਕੇ ਟੁਰ ਪਏ। ਕੁਛ ਦਿਨ ਮਨੁੱਖਾਂ ਨੂੰ ਸਾਂਈਂ ਦੇ ਦੇਸ਼ ਉਡਾਰੀ ਦੇਣ ਵਾਲੇ ਦਾਤਾ ਜੀ ਮੱਝੀ ਦੇ ਚਾਰਨਹਾਰ ਬਣੇ। ਇਕ ਦਿਨ ਬਨ ਵਿਚ ਬੈਠੇ, ਉਸੇ, ਨਿਰੰਕਾਰ ਦੀ ਧੁਨਿ ਮਗਨ ਹੋ ਗਏ।

## ੬. {ਨਿਆਂ}[1]

**ਇਕ** ਸੰਘਣੀ ਛਾਵੇਂ ਪਲੰਘ ਡੱਠਾ ਹੈ ਲਾਲ ਪਾਵਿਆਂ ਵਾਲਾ, ਉੱਤੇ ਵਿਛਿਆ ਹੈ ਖੇਸ ਰੇਸ਼ਮੀ ਕੰਨੀ ਵਾਲਾ ਤੇ ਬੈਠਾ ਹੈ ਤਪੇ ਦਾ ਮਾਲਕ। ਹੇਠਾਂ ਵਿਛੀਆਂ ਹਨ ਸਫਾਂ ਤੇ ਬੈਠੇ ਹਨ ਮੂੰਹ ਚਿਤ ਲਗਦੇ ਕੁਛ ਸਜਣ ਤੇ ਮੁਸਾਹਿਬ। ਭੰਨਾ ਭੰਨਾ ਆਇਆ ਇਕ ਭੱਟੀ ਰਾਹਕ ਤੇ ਬਾਂਹ ਫੜੀ ਹੋਈ ਨਾਲ ਇਕ ਕੁਮਾਰ ਅਵਸਥਾ ਦੇ ਸੁਹਣੇ ਗੱਭਰੂ ਦੀ।

ਭੱਟੀ –ਹੇ ਭੱਟੀਆਂ ਦੇ ਰਾਜੇ! ਤੇਰੀ ਦੁਹਾਈ, ਮੈਂ ਮੁੱਠਾ ਹਾਂ ਮੇਰਾ ਨਿਆਂ ਕਰ, ਮੈਂ ਮੁੱਠਾ ਹਾਂ!

ਰਾਇ-ਨਿਆਂ ਮੰਗਣਾਂ ਤੁਸਾਂ ਦਾ ਹੱਕ ਹੈ ਤੇ ਨਿਆਂ ਦੇਣਾ ਮੇਰਾ ਧਰਮ ਹੈ, ਕਹੁ ਤੇਰੇ ਬਾਬ ਕੀ ਵਰਤੀ?

ਭੱਟੀ-ਹੇ ਰਾਇਆ! ਮੀਂਹ ਪਏ ਮੁਹਲੇ ਧਾਰ, ਵੱਤਰ ਲਏ ਨੱਪ, ਸੀਆਂ ਦਿੱਤੀਆਂ ਸੱਤ, ਕਣਕਾਂ ਬੀਜੀਆਂ, ਉਗੀਆਂ, ਵਧੀਆਂ, ਨਿੱਸਰੀਆਂ, ਸਿੱਟੇ ਪਏ। ਠੰਢੀਆਂ ਵਗਣ ਹਵਾਈਂ ਤੇ ਝੂਮਣ ਮੇਰੀਆਂ ਸਿੱਟੇ ਭਰੀਆਂ ਕਣਕਾਂ, ਸਾਵੀਆਂ ਸਾਵੀਆਂ ਪਰੀਆਂ ਸਿਰ ਤਾਜਾਂ ਵਾਲੀਆਂ, ਪਾਲੋ ਪਾਲ ਖੜੀਆਂ। ਵੇਖ ਵੇਖ ਠਰੇ ਮੇਰਾ ਕਾਲਜਾ, ਆਖਾਂ ਹੁਣ ਚੜ੍ਹੀਆਂ ਸਿਰੇ, ਲੰਘਸੀ ਵਰਹਾ ਦਿਹੁੰ ਜੌਂਕੀ।

ਸਫ ਤੇ ਬੈਠਾ ਇਕ ਮੁਸਾਹਿਬ-ਫੇਰ ਹੋਇਆ ਕੀਹ ਤੇਰੀਆਂ ਸਬਜ਼ ਪਰੀਆਂ ਨੂੰ?

ਭੱਟੀ-ਹੋਇਆ ਲੋਹੜਾ! (ਘਬਰਾਕੇ) ਨਿਆਂ, ਨਿਆਂ, ਅਦਲ, ਅਦਲ ਨਾ ਰਈ ਨਾ ਛਈ, ਪੂਰਾ ਤੋਲ ਅਨਸਾਫ ਅਨਸਾਫ (ਹੱਥ ਤੇ ਹੱਥ ਮਾਰਕੇ) 'ਮੁਠਣਹਾਰ ਤੇ ਮੁੱਠਾ' ਦੁਹਾਂ ਨੂੰ ਇਕੋ ਜੇਹਾ ਕੌਣ ਕਰੇ! ਕੌਣ ਕਰੇ?

ਪਿੰਡ ਦਾ ਕਾਜ਼ੀ-ਕਰੇਗਾ ਰਾਇ।

ਭੱਟੀ-ਤਾਂ ਹੀ ਤਾਂ ਭੱਟੀ ਆਇਆ ਹੈ ਭੱਟੀ ਰਾਇ ਕੋਲ ਨਿਆਂ ਲੈਣ, ਉਹ ਨਾ ਨਿਆਂ ਕਿ ਦੂਇਆਂ ਦੀ ਵੇਰੀ ਤਾਂ ਕਰੇ ਹਲ ਖੜਾ, ਜੇ ਆਪਣਾ ਪੁੱਤ ਵਿਚ ਹੋਵੇ ਤਾਂ ਹਲ ਲੰਮਾ ਪੈ ਜਾਏ।

ਮੁਸਾਹਿਬ-ਸੰਭਾਲ ਕੇ ਮੂੰਹ ਖੋਲ੍ਹ ਸਾਡੇ ਰਾਇ ਦਾ ਨਿਆਂ ਹੈ, ਤੱਕੜੀ ਦਾ ਤੋਲ, ਹੱਕੋ ਹੱਕ।

ਭੱਟੀ-ਭੰਨਾ ਤਦੇ ਆਇਆ ਹਾਂ ਨਾ ਰਾਇ ਕੋਲ।

ਰਾਇ-ਕੁਛ ਕੁ ਸਹਿ ਬੀ, ਹੋਇਆ ਕੀ ਏ?

ਭੱਟੀ-ਮੈਂ ਮੁੱਠਾ ਹਾਂ, ਮੈਂ ਮੁੱਠਾ ਹਾਂ, ਹਾਇ ਮੇਰੀਆਂ ਕਣਕਾਂ, (ਬਾਵਲਿਆਂ ਹਾਰ ਤੱਕ ਕੇ) ਮੈਂ ਮੁੱਠਾ ਵੇ ਲੋਕੋ!

ਰਾਇ-(ਘੂਰ ਕੇ ਤੱਕ ਕੇ)-ਕਿਸ ਮੁੱਠਾ ਹੈ ਤੈਨੂੰ?

ਭੱਟੀ (ਸਿਰ ਮਾਰ ਕੇ )-ਕੀਹ ਦੱਸਾਂ ਤੁਸਾਂ ਦੇ ਅਛਿੰਦੇ ਆਪਣੇ ਨੇ।

ਮੁਸਾਹਿਬ-ਉਇ, ਨਾਂ ਬੀ ਲੈ ਕਿਸੇ ਦਾ।

ਭੱਟੀ-ਆਹ ਵੇਖਾਂ, ਮੈਂ ਨਾਲ ਲਿਆਇਆ ਹਾਂ ਫਧ ਕੇ।

ਰਾਇ(ਤੱਕ ਕੇ)-ਇਹ ਤਾਂ ਕਾਲੂ ਦਾ ਪੁੱਤ ਏ।

ਭੱਟੀ-ਹਾਂ, ਮਹਿਤੇ ਦਾ ਸਿਰੇ ਚਾੜ੍ਹਿਆ ਲਾਡਲਾ।

ਮੁਸਾਹਿਬ-ਪਰ ਇਹ ਤਾਂ ਦਿਵਾਨਾ ਏ।

ਭੱਟੀ (ਹੱਥ ਤੇ ਹੱਥ ਮਾਰਕੇ)-ਬੱਸ ਛੱਡ ਦੇਈਂ ਸੂ ਨਾ। ਕਮਲਾ ਕਮਲਾ ਕਹਿ ਕੇ ਨਸਾ ਦੇ ਸੂ। ਕਾਰਦਾਰ ਦਾ ਪੁੱਤ ਜੁ ਹੋਇਆ। .. ਮੈਂ... ਮੈਂ... ਮੈਂ... ਵੈਨਾਂ ਲਹੌਰ। ਹਾਇ ਮੈਂ ਮੁੱਠਾ।

ਰਾਇ-ਭਲੇ ਲੋਕ! ਗੱਲ ਬੀ ਦੱਸ, ਕਮਲ ਕੇਹਾ ਪਾ ਛੋੜਿਆ ਈ? ਮੈਂ ਮੁੱਠਾ, ਮੈਂ ਮੁੱਠਾ, ਕਿਸ ਮੁੱਠਾ, ਕਿਵੇਂ ਮੁੱਠਾ, ਕੀਹ ਮੁੱਠਾ?

ਭੱਟੀ-ਆਹ ਜੋ ਤੇਰਾ ਕਮਲਾ ਏ ਨਾ, ਦਿਵਾਨਾ ਏ ਮਹਿਤੇ ਦਾ ਲਾਲ, ਖਾ ਗਿਆ ਮੇਰੀਆਂ ਸਾਵੀਆਂ

---

[1] ਇਹ ਅੰਕ ਸੰਮਤ ੪੭੪ ਦੇ ਟਰੈਕਟ ਨੰ: ੧੦੪੨ ਵਿਚੋਂ ਹੈ।

ਸਾਵੀਆਂ ਲਹਿ ਲਹਿ ਕਰਦੀਆਂ ਬਨ-ਪਰੀਆਂ, ਹਰੀਆਂ ਹਰੀਆਂ ਕਣਕਾਂ, ਸਮੂਲਚੀਆਂ (ਸਿਰ ਫੇਰਕੇ) ਖਾ ਗਿਆ!

ਸਾਰੇ ਹੱਸ ਪਏ।

ਮੁਸਾਹਿਬ-ਆਦਮੀ ਸਾਵੀਆਂ ਕਣਕਾਂ ਖਾ ਗਿਆ? ਅਲੋਕਾਰ ਹੈ!

ਭੱਟੀ ਓ ਭਾਈ! ਖਾ ਹੀ ਗਿਆ ਨਾ, ਜੌਕੀਂ ਸੌਂ ਜੁ ਰਿਹਾ ਵਣਾਂ ਹੇਠ ਆਪ ਤੇ ਛੱਡ ਸੁੱਤਾ ਵੱਗ ਮੇਰੀ ਸਿਰੇ ਚੜ੍ਹੀ ਪੈਲੀ ਵਿਚ, ਹਾਇ ਮੇਰੀ ਪੁੱਗੀ ਖਲੀ ਖੇਤੀ ਵਿਚ। ਬੱਸ, ਚਰ ਗਈਆਂ ਮਰ ਜਾਣੀਆਂ ਬੂਸਰੀਆਂ ਹੋਈਆਂ ਮੱਝੀਆਂ ਮੇਰਾ ਸਾਰਾ ਖੇਤ, ਤੀਲਾ ਨਹੀਂ ਨੇ ਛੋੜਿਆ। ਦੱਸ ਕਿੱਦੇ ਜਾਵਾਂ, ਕਿਵੇਂ ਕਰਾਂ? ਵਰਹੇ ਦਿਹੁੰ ਕਿੰਵ ਗੁਜ਼ਾਰਸਾਂ? ਹਾਲੇ ਕਿਥੋਂ ਭਰਸਾਂ? ਟੱਬਰ ਕਿਥੋਂ ਖਾਸੀ?..ਹਾਇ ਮੁੱਠਾ ਮੈਂ ਮੁੱਠਾ.. (ਰਾਇ ਵੱਲ ਘੂਰ ਕੇ ਤੱਕ ਕੇ) ਮੇਰਾ ਕਰ ਖਾਂ ਨਿਆਂ, ਹੁਣ ਕਰਸੇਂ? (ਮੁਸਾਹਿਬਾਂ ਵਲ ਤੱਕ ਕੇ) ਚੁਪ ਕਰ ਗਏ ਓ ਸਾਰੇ? ਕਾਰਦਾਰ ਦਾ ਪੁੱਤ ਜੁ ਹੋਇਆ.....ਕਮਲਾ (ਸਿਰ ਫੇਰਕੇ) ਕਮਲਾ...। ਲਹੌਰ ਚੱਲ ਮਨਾਂ! ਲਹੌਰ।

ਰਾਇ-ਸੁਣ ਭਾਈ ਭੱਟੀ ! ਓਦਰ ਨਾ, ਨਾ ਪਉ ਕਾਹਲਾ। ਹਿਯਾਉ ਬੰਨ੍ਹ, ਤੇਰਾ ਉਜਾੜਾ ਸਾਰਾ ਭਰਿਆ ਵੈਸੀ।

ਭੱਟੀ-ਰਬ ਭਲਾ ਕਰੀ, ਪਾ ਨਾ ਮੇਰੀ ਝੋਲੀ ਉਜਾੜਾ (ਚਾਦਰ ਵਿਛਾ ਕੇ)।

ਰਾਇ-ਓਇ ਨੱਥੂ। ਜਾਹ ਮਹਿਤੇ ਨੂੰ ਕੁਆ ਲਿਆ। ਇਹ ਤਾਂ ਦਿਵਾਨਾਂ ਏ, ਏਸ ਦੀ ਥਾਂਵੇਂ ਉਹ ਆਕੇ ਭਰੇ ਭੱਟੀ ਦਾ ਉਜਾੜਾ।

ਭੱਟੀ-ਸ਼ਾਲਾ, ਜੀਵੇਂ ਲੱਖ ਸੈ ਵਰਿਹਾਂ, ਹੋ ਭੱਟੀਆਂ ਦਾ ਸਿਰਤਾਜ!

ਨੱਥੂ ਚੋਬ ਲਈ ਗਿਆ ਮਹਿਤੇ ਨੂੰ ਸੱਦਣ ਤੇ ਠੁਮਕ ਠੁਮਕ ਤੱਕਦਾ ਜਾਂਦਾ ਏ ਭੱਟੀ ਵੱਲ। ਉਹ ਤਾਂ ਉਹਲੇ ਹੋ ਗਿਆ ਤੇ ਭੱਟੀ ਫੇਰ ਰਾਇ ਵਲ ਤੱਕ ਕੇ ਬੋਲਿਆ:-

ਦੇਖੋ ਰਾਇਆ! ਕਿੰਵ ਮਸਤ ਖੜੋਤਾ ਏ, ਦਿਵਾਨਾ, ਹੈ ਕੁਛ ਕੂੰਦਾ ਸਹਿੰਦਾ? ਕਮਲਾ ਏ, ਸਾਰੇ ਕਮਲੇ ਘਰਾਂ ਨੂੰ ਸਿਆਣੇ ਨੇ; ਪਰ ਹੁਣ ਪਤਾ ਲੱਗੂ ਜਦੋਂ ਬਾਪੂ ਨੂੰ ਭਰਨੇ ਪਏ ਦੰਮ। ਮਾਪਿਆਂ ਦਾ ਲਾਡਲਾ, ਸਿਰ ਚਾੜ੍ਹਿਆ ਗੱਭਰੂ।

ਰਾਇ ਨੇ ਫੇਰ ਇਕ ਵੇਰ ਤੱਕਿਆ-ਅਡੋਲ, ਅਹਿੱਲ ਅਪਣੇ ਰੌਂ ਵਿਚ ਮਗਨ ਖੜੇ ਕੁਮਾਰ ਨੂੰ, ਕੁਛ ਚਿਰ ਮਗਰੋਂ ਮਹਿਤਾ ਆ ਗਿਆ।

ਰਾਇ-ਸੁਣ ਬਈ ਮਹਿਤਾ! ਦੇਖ, ਤੇਰੇ ਪੁਤ੍ਰ ਨੇ ਕੀ ਕਾਰਾ ਕੀਤਾ ਏ? ਏਸ ਭੱਟੀ ਦੀ ਵਰਹੇ ਦਿਹੁੰ ਦੀ ਕਮਾਈ ਮਾਰ ਗਵਾਈ ਸੁ। ਆਪ ਜੌਂਕੀ ਸੌਂ ਰਿਹਾ ਤੇ ਮੱਝੀਆਂ ਹੱਕ ਛਡੀਆਂ ਇਸ ਦੇ ਖੇਤ ਵਿਚ, ਚਰ ਗਈਆਂ ਮੱਝੀਆਂ ਸਾਰਾ ਖੇਤ।

ਮਹਿਤਾ (ਪੁੱਤ ਵੰਨੇ ਤੱਕ ਕੇ)-ਮੈਂ ਕੀ ਕਰਾਂ, ਰਾਇ ਜੀ! ਇਸ ਨਾਲ ਕਈ ਹੀਲੇ ਕੀਤੇ ਜੋ ਕੰਮੇ ਲਗ ਪਵੇ ਪਰ ਜਿਨ੍ਹੀ ਕੰਮੀਂ ਪਾਇਆ ਏਸ ਵਰਾਨ ਹੀ ਕੀਤੇ। ਇਸ ਦਾ ਕਮਲ ਨਹੀਂ ਜਾਂਦਾ।

ਭੱਟੀ-ਕਮਲਾ, ਕਮਲਾ ਝੂਟੇ ਪੰਘੂੜੇ ਨੀਂਦਰਾਂ ਦੇ, ਖੇਤ ਉਜੜਨ ਲੋਕਾਂ ਦੇ, ਮੱਝੀਆਂ ਪਲਣ ਮਹਿਤੇ ਦੀਆਂ! ਘਰ ਘਰ ਹੋਣ ਏਹੋ ਜੇਹੇ ਕਮਲੇ ਪੁੱਤ !-ਹਾਂ, ਪਰ, ਅੱਜ ਲੱਗੂ ਨਾ ਪਤਾ।

ਮੁਸਾਹਿਬ-(ਭੱਟੀ ਨੂੰ)-ਤੂੰ ਨਾ ਬੋਲ ਬਈ!

ਰਾਇ-ਸੁਣ ਮਹਿਤਾ! ਹੋਰ ਤਾਂ ਮੈਂ ਕੁਛ ਨਹੀਂ ਆਖਦਾ, ਬੱਚਾ ਆਪੇ ਵਿਚ ਜੁ ਨਾ ਹੋਇਆ, ਉਹ ਦੋਸ਼ ਤਾਂ ਮੈਂ ਨਾ ਵਿਚਾਰਿਆ, ਪਰ ਤੂੰ ਏਸ ਭੱਟੀ ਦਾ ਉਜਾੜਾ ਭਰ ਦੇਹ, ਏਹ ਨਹੀਓਂ ਛੁੱਟਣਾ, ਹੱਕ ਨਿਆਂ ਈਹਾ ਈ।

ਭੱਟੀ-ਸ਼ਾਲਾ ਗੱਦੀ ਹਰੀ ਰਹੀ! ਰਾਜ ਭਾਗ ਬਣੇ ਰਹਿਣੀ, ਤੋਲ ਘੱਤਿਆ ਈ ਨਿਆਂ, ਤੱਕੜੀ ਕਨਿਆਉਂਦੀ ਸੀ, ਪਰ ਤੋਲ ਘੱਤਿਆ ਈ ਪੂਰਾ ਪੂਰਾ।

ਭੱਟੀ ਦੇ ਮਗਰ ਮਗਰ ਕਈ ਲੋਕੀ ਆਏ ਤੇ ਹੋਰ ਬੀ ਆ ਰਹੇ ਸੇ ਤੇ ਖੜੇ ਹੁੰਦੇ ਜਾਂਦੇ ਸੇ ਭੱਟੀ ਦੇ ਪਿੱਛੇ ਪਿੱਛੇ। ਇਨ੍ਹਾਂ ਵਿਚੋਂ ਆਵਾਜ਼ ਆਈ:-ਪਹਿਲਾਂ ਮੁੱਦਾ ਤਾਂ ਤੱਕੋ।

ਭੱਟੀ (ਪਿੱਛੇ ਤੱਕ ਕੇ)-ਸੌ ਵੇਰੀ ਤੱਕ ਲਓ, ਤੀਲਾ ਵੀ ਖੜਾ ਹੋਵੇ ਤਾਂ ਮੈਂ ਦੇਣਦਾਰ।

ਰਾਇ-ਓਏ ਤ੍ਰਿਆਕਲਾ ਸੱਚ ਆਖਿਆ ਹਈ। ਨਿਆਂ ਨਿਆਂ ਨਹੀਂ ਜਿਸ ਵਿਚ ਦੁਵੱਲੀ ਸਬੂਤ ਨਾ ਲਏ ਹੋਣ। (ਉੱਚੀ) ਦੋ ਪਿਆਦੇ ਜਾਓ, ਨਾਲ ਜਾਏ ਭੱਟੀ ਤੇ ਇਕ ਜਾਏ ਕੂਤੀਆ, ਜਾਓ ਕੂਤ

ਲਓ ਕਿ ਕਿੰਨਾ ਕੁ ਨੁਕਸਾਨ ਹੋਇਆ ਹੈ।

ਤਦ ਦੋ ਪਿਆਦੇ ਤੇ ਭੱਟੀ ਗਏ ਤੇ ਕੁਛ ਚਿਰ ਪਿੱਛੋਂ ਮੁੜ ਆਏ।

ਪਿਆਦੇ-ਸੁਹਣੇ ਮਾਲਕ ਜੀਓ, ਭੱਟੀ ਨੇ ਜੋ ਖੇਤ ਦੱਸਿਆ ਸੀ ਕਿ ਮੱਝੀਆਂ ਚਰ ਗਈਆਂ, ਲਹਿ ਲਹਿ ਪਿਆ ਕਰਦਾ ਹੈ, ਕਣਕ ਓਵੇਂ ਖੜੀ ਹੈ।

ਰਾਇ ਕੁਤੀਏ ਵਲ ਤੱਕਿਆ।

ਕੁਤੀਆ-ਮੱਝੀਆਂ ਚਰ ਜਾਣ ਦਾ ਉੱਥੇ ਕੋਈ ਨਿਸ਼ਾਨ ਨਹੀਂ, ਤੀਲਾ ਡੱਕਾ ਭੰਨਾ ਸਹੀ ਨਹੀਂ ਪੈਂਦਾ।

ਰਾਇ (ਹਾਰਿਆਨ ਹੋਕੇ)-ਕਿਉਂ ਓਏ ਭੱਟੀ ! ਏਹ ਤ੍ਰੈਏ ਸਚ ਆਖਦੇ ਹਨ?

ਭੱਟੀ-ਕੂੜ ਨਹੀਂ ਮਾਰਨਾ, ਸੱਚ ਈਹਾ ਏ, ਜੋ ਏਹ ਸੱਚ ਪਏ ਕੂਕਦੇ ਨੇ।

ਰਾਇ-ਫੇਰ ਤੂੰ ਕੂੜੀ ਫਰਿਆਦ ਕਿਉਂ ਲਾਈ ਸੀ? ਕੂੜੇ ਰੋਣੇ ਕਿਉਂ ਰੋਏ ਸਨ?

ਭੱਟੀ-ਸਹੁੰ ਅੱਲਾ ਪਾਕ ਦੀ, ਸਹੁੰ ਦੁੱਧ ਤੇ ਪੁੱਤ ਦੀ, ਜੁਆਨੀਓਂ ਟੁੱਟਾਂ ਜੇ ਮੈਂ ਕੂੜ ਮਾਰਿਆ ਹੋਵੇ ਤਾਂ, (ਚੋਰ ਅੱਖ ਨਾਲ ਅਡੋਲ ਖੜੇ ਬਾਲਕੇ ਵਲ ਤੱਕ ਕੇ)।

ਰਾਇ-ਫੇਰ ਹੁਣ ਖੇਤ ਹਰਾ ਤੇਰਾ ਬਾਪੂ ਕਰ ਗਿਆ ਏ?

ਭੱਟੀ-ਰਾਇਆ! ਦੁਹਾਈ ਏ ਅੱਲਾ ਪਾਕ ਦੀ, ਏ ਮੁੰਡਾ ਕੋਈ ਸਾਹਿਰੀ ਏ, ਜੋਗੀਆਂ ਜੰਗਮਾਂ ਪਾਸ ਬੈਠਦਾ ਏ, ਤਪੇ ਇਸ ਦੇ ਯਾਰ ਨੇ, ਇਸ ਕੋਈ ਲੌਹੜਾ ਮਾਰਿਆ ਏ, ਮੰਤ੍ਰ ਫੂਕਿਆ ਸੁ ਜੋ ਖੇਤ ਹਰਿਆ ਥੀ ਵੰਞਿਆ ਏ।

ਰਾਇ-ਸੱਚ ਕਹੁ ਤੂ ਅੱਖੀਂ ਡਿੱਠਾ ਸੀ ਖੇਤ ਖਾਧਾ ਹੋਇਆ?

ਭੱਟੀ-ਏਨ੍ਹਾਂ ਦੋਹੁੰ ਨੈਣਾਂ ਨਾਲ ਜੋ ਤੈਨੂੰ ਪਏ ਵੇਂਹਦੇ ਨੇ ਰੱਤੇ ਪਲੰਘ ਤੇ ਬੈਠਾ ਹੋਇਆ। ਸਹੁੰ ਰਸੂਲ ਪਾਕ ਦੀ, ਇਕ ਤੀਲਾ ਨਹੀਂ ਸੀ ਖੇਤ ਵਿਚ ਖੜਾ।

ਰਾਇ-(ਸਾਰਿਆਂ ਵਲ ਤੱਕ ਕੇ)-ਦੱਸੋ ਬਈ ਕੀ ਸਮਝਨੇ ਓ?

ਇਕ-ਮਹਿਤੇ ਦਾ ਪੁੱਤ ਕਮਲਾ ਨਹੀਂ, ਅਜੇ ਬੱਚਾ ਹੈ, ਖਾਣ ਪੀਣ ਦੀ ਵਰੇਸ ਏ, ਗੂੜ੍ਹੀਆਂ ਨੀਂਦਰਾਂ ਦੀ ਉਮਰਾ ਏ, ਹੋਣਾ ਕੀਹ ਏ, ਮੱਝੀਆਂ ਨੇ ਕੋਈ ਇਕ ਕੁੱਗ ਕਿਆਰੇ ਨੂੰ ਮਾਰ ਲਿਆ ਹੋਸੀ। ਏਸ਼ ਨੂੰ ਖੇਤ ਉਜੜਿਆ ਦਿੱਸ ਪਿਆ ਹੋਊ ਸੁਰਾਬ[1] ਹੁੰਦਾ ਏ ਜਿਵੇਂ।

ਭੱਟੀ-ਕਿਉਂ ਕੂੜ ਮਰੇਂਨਾ ਏਂ, ਕੁਸ਼ਾਮਤੀਆ! ਰੱਬ ਤੋਂ ਭੁੱਲਿਆ!

ਦੂਜਾ-ਨਹੀਂ ਜੁਨਾਬ! ਭੱਟੀ ਸਚਾ ਏ। ਨਾਨਕ ਜੋਗ ਕਲਾ ਵਾਲਾ ਏ, ਏਸ ਨੇ ਕੋਈ ਸਿੱਧੀ ਪੀਰੀ ਲਾਈ ਏ!

ਤੀਜਾ-ਇਹ ਰਜਾਜ਼ਤੀ ਆਦਮੀ ਏ, ਜਿਸਨੂੰ ਤਪਾ ਕਹਿੰਦੇ ਨੇ। ਇਸ ਦੇ ਵੱਸ ਕਈ ਦੇਵ ਜਿੰਨ ਨੇ, ਇਸ ਨੇ ਆਪਣੇ ਤਪੋ-ਬਲ ਨਾਲ ਅਨਹੋਣੀ ਹੋਣੀ ਕਰ ਵਿਖਾਈ ਏ।

ਚੌਥਾ-ਜੁਨਾਬ! ਮੇਰੀ ਜਾਚੇ ਬੱਚਾ ਆਮ ਬੱਚਾ ਨਹੀਂ, ਨਾ ਜੋਗੀ ਹੈ ਨਾ ਸਾਹਿਰੀ। ਇਹ ਅੱਲਾ ਦਾ ਪਿਆਰਾ ਏ; ਅੱਲਾ ਨੇ ਇਸ ਆਪਣੇ ਬੰਦੇ ਦੀ ਸ਼ਰਮ ਰੱਖ ਲਈ ਏ। ਮੈਂ ਇਸ ਨੂੰ ਬਨਾਂ ਵਿਚ ਬੈਠਾ ਡਿੱਠਾ ਏ; ਉੱਥੇ ਏਹ ਅੱਲਾ ਦਾ ਆਪਣੀ ਹਿੰਦਕੀ ਬੋਲੀ ਦੇ ਨਾ ਲੈ ਲੈ ਕੇ ਝੂੰਮਦਾ ਹੁੰਦਾ ਏ।

ਇਕ ਮੌਲਵੀ-ਰਾਇ ਜੀ, ਤੁਸੀਂ ਹੁਣ ਨਿਆਂ ਕਰ ਲਓ, ਅੱਲਾ ਦੇ ਭੇਤ ਅੱਲਾ ਜਾਣੇ। ਜੋ ਕੁਛ ਹੋਇਆ ਸੁ ਹੋਇਆ। ਭੱਟੀ ਖੁਸ਼ ਹੈ, ਘਰ ਪੂਰਾ ਹੋ ਗਿਆ ਸੂ; ਸੋ ਟੋਰੋ ਸੂ। ਮਹਿਤਾ ਸੁਰਖਰੂ ਹੈ, ਉਜਲੇ ਮੂੰਹ ਘਰ ਜਾਵੇ। ਬੱਚੇ ਨੂੰ ਛੁੱਟੀ ਦਿਓ, ਜਾਏ, ਖੇਡੇ ਮੱਲੇ, ਸਾਡਾ ਤਾਂ ਹੁਣ ਪੇਸ਼ੀ ਦੀ ਨਿਮਾਜ਼ ਦਾ ਵੇਲਾ ਹੋਇਆ ਏ।

ਰਾਇ-ਹਾਂ ਬਈ ਠੀਕ ਹੈ, ਜਾਓ ਬਈ ਸਾਰੇ।

ਇਹ ਗਲ ਹੋ ਰਹੀ ਸੀ ਕਿ ਰੱਬ ਦੇ ਬਾਲਕ ਦੇ ਗਲੇ ਤੋਂ ਮਿੱਠੀ ਮਿੱਠੀ ਸੁਰ ਨਿਕਲੀ ਤੇ ਡਾਢੇ ਦਿਲ ਖਿੱਚਵੇਂ ਢੰਗ ਵਿਚ ਇਹ ਸ਼ਬਦ ਗਾਂਵਿਆਂ ਗਿਆ:-

> ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥
> ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ
> ਮਲਿ ਨਾਇ ॥੧॥ ਤੇਰਾ ਸਦੜਾ ਸੁਣੀਜੈ
> ਭਾਈ ਜੇ ਕੋ ਬਹੈ ਅਲਾਇ ॥੧॥ ਰਹਾਉ॥
> ਜੈਸਾ ਬੀਜੈ ਸੋ ਲੁਣੇ ਜੋ ਖਟੇ

---

[1] ਸੂਰਜ ਤਪੇ ਤੇ ਰੜਿਆਂ ਵਿਚ ਪਾਣੀ ਦੇ ਛੰਭਾਂ ਦੇ ਝਾਉਲੇ ਪੈਣੇ।

ਸੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥ ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥ (ਸੂਹੀ ਮ: ੧

ਅਰਥਾਤ ਜੇ ਜੋਗੀ ਹੋਵੇ ਤਾਂ ਜੋਗ ਕਰੇ, ਭੋਗੀ ਹੋਵੇ ਤਾਂ ਛਕੇ ਛਕਾਵੇ, ਤਪੀਆ ਹੋਵੇ ਤਾਂ ਤਪ ਕਰੇ ਤੇ ਤੀਰਥਾਂ ਤੇ ਮਲ ਮਲ ਕੇ ਇਸ਼ਨਾਨ ਕਰੇ। ਪਰ ਜੇ ਬੈਠ ਕੇ (ਰੱਬ ਦੇ ਨਾਮ ਦਾ) ਅਲਾਪ ਕਰੇ (ਸਿਮਰਨ ਕਰੇ) ਤਾਂ ਹੇ ਕਰਤਾਰ! ਤੇਰੀ ਸੱਦ ਸੁਣਾਈ ਦੇਂਦੀ ਹੈ।

ਇਸ ਦਾ ਭਾਵ ਇਹ ਹੈ ਕਿ ਜੋਗੀ, ਭੋਗੀ, ਤਪੀ ਆਪਣੇ ਕੰਮਾਂ ਵਿਚ ਲੱਗੇ ਪਏ ਹਨ, ਉਨ੍ਹਾਂ ਦੇ ਅੰਤਰ-ਆਤਮੇ ਸੁਰਤ ਕੋਈ ਨਹੀਂ ਜਾਗੀ; ਮੈਨੂੰ ਹੇ ਸਾਂਈਂ! ਤੇਰਾ ਸੱਦ ਸੁਣਾਈ ਦੇਂਦਾ ਹੈ, ਕੋਈ ਜੇ ਬੈਠਕੇ ਨਾਮ ਦਾ ਅਲਾਪ ਕਰੇ, ਸੋ ਸਾਂਈਂ ਦੀ ਸੱਦ ਸੁਣੇ। ਰਹਾਉ ਤੋਂ ਅਗੇ 'ਅਲਾਇ' ਦੇ ਦੋ ਅੰਗ ਦੱਸੇ ਹਨ। ਇਕ 'ਸ਼ੁਭ ਕਰਣੀ' ਤੇ ਦੂਸਰੇ 'ਹਰਦਮ ਨਾਮ ਦਾ ਸਿਮਰਣ ਕਰਨਾ'। ਫੁਰਮਾਉਂਦੇ ਹਨ ੧. ਕੰਮ ਭਲੇ ਕਰੋ। ੨. ਅਗੇ ਗਿਆਂ ਉਨ੍ਹਾਂ ਨੂੰ ਕੋਈ ਪੁੱਛ ਨਹੀਂ ਹੋਣੀ ਜੋ ਨਾਮ ਦੀ ਨਿਸ਼ਾਨੀ ਵਾਲੇ ਹੋਣਗੇ। ਸੋ ਕਹਿੰਦੇ ਹਨ ਨਾਮ ਬਿਨਾਂ ਤਨ ਕਿਸੇ ਕੰਮ ਨਹੀਂ, ਨਿਸਫਲ ਸ਼ੈ ਹੈ। ਇਹ 'ਨਾਮ ਦਾ ਨਿਸ਼ਾਨ' ਰੂਹ ਵਿਚ ਅੰਕਿਤ ਕਰ ਲੈਣ ਲਈ ਮਿਲਿਆ ਹੈ। ਜੇ ਇਹ ਪ੍ਰਯੋਜਨ ਸਫ਼ਲ ਨਹੀਂ ਕੀਤਾ ਤਾਂ ਜਨਮ ਬ੍ਰਿਥਾ ਗਿਆ।

ਰਾਇ ਅਗੇ ਸੁਣਦਾ ਰਹਿੰਦਾ ਸੀ ਕਿ ਕਾਲੂ ਦਾ ਪੁੱਤ੍ਰ ਦੀਵਾਨਿਆਂ ਵਾਲੀਆਂ ਗੱਲਾਂ ਕਰਦਾ ਹੈ। ਅੱਜ ਰਾਇ ਦੇ ਸਾਹਮਣੇ ਵਰਤ ਗਿਆ ਇਕ ਮਾਜਰਾ, ਜਿਸ ਵਿਚ ਉਸ ਨੇ ਡਿੱਠਾ ਕਿ ਦਿਵਾਨਾ ਨਾਨਕ ਤਾਂ ਇੰਵ ਖੜਾ ਰਿਹਾ ਹੈ ਜਿਵੇਂ ਅਦੋਸ਼, ਅਡੋਲ ਯੂਸਫ ਖੜਾ ਹੈ ਖੇਤੀ ਦਾਰ ਦੇ ਸਾਹਮਣੇ ਸੁਹਣਾ ਸਜਾਦਾ, ਮਾਅਸੂਮ, ਅੰਟਕ! ਕੋਈ ਜਾਣੇ ਖੜਾ ਹੈ ਇਥੇ ਤੇ ਬੈਠਾ ਹੈ ਕਿਤੇ ਹੋਰਥੇ। ਫੇਰ ਜਦ ਗੀਤ ਗਾਉਂਦਾ ਲਟਕਾਂ ਨਾਲ ਟੁਰਦਾ ਚਲਾ ਗਿਆ ਹੈ ਮਹਿਤੇ ਨਾਲ, ਕਿੰਵ ਖੁਸ਼ ਇਲਹਾਨੀ ਨਾਲ ਮੋਂਹਦਾ ਗਿਆ ਹੈ ਦਿਲਾਂ ਨੂੰ। ਨਾਲ ਹਰਿਆਨੀ ਲਗ ਰਹੀ ਹੈ ਰਾਇ ਨੂੰ, ਖੇਤ ਕਿਵੇਂ ਹਰਾ ਹੋ ਗਿਆ! ਫੇਰ ਕੰਨਾਂ ਵਿਚ ਗੂੰਜ ਪੈਂਦੀ ਸੀ ਸੱਦ-'ਸਦੜਾ ਸੁਣੀਜੈ ਜੇ ਕੋ ਬਹੈ ਅਲਾਇ'। ਰਾਇ ਸੋਚਦਾ ਸੀ: ਕੀ ਇਸ ਬਾਲਕੇ ਨੂੰ ਰੱਬ ਦਾ ਇਲਹਾਮ ਸੁਣਾਈ ਦਿੰਦਾ ਹੈ ਜਦੋਂ ਕਿ ਇਹ ਬੈਠਾ ਰਬ ਦਾ ਅਲਾਪ ਕਰਦਾ ਹੁੰਦਾ ਹੈ? ਇਹ ਵੀਚਾਰਾਂ ਕਰਦਾ ਰਾਇ ਘਰ ਗਿਆ, ਰੋਟੀ ਖਾਧੀ, ਸੁੱਤਾ, ਪਰ ਜਦ ਨੀਂਦ ਖੁੱਲ੍ਹੇ ਕੰਨਾਂ ਵਿਚ ਅਵਾਜ਼ ਆਵੇ 'ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ' ਮੇਰੇ ਬੀ ਦਮ ਬਿਰਥਾ ਪਏ ਜਾਂਦੇ ਹਨ, ਮੈਨੂੰ ਅੱਲਾ ਯਾਦ ਨਹੀਂ ਰਹਿੰਦਾ, ਕਿੰਨਿਆਂ ਕੁ ਨੂੰ ਰਹਿੰਦਾ ਹੈ? ਪਰ ਇਸ ਬਾਲਕੇ ਨੂੰ ਰਹਿੰਦਾ ਹੋਊਗਾ ਨਾ ਯਾਦ। ਕਿਵੇਂ ਚੁੱਪ ਚਾਪ ਸਰੂ ਵਾਂਗ ਖੜਾ ਰਿਹਾ ਹੈ, ਮੱਥਾ ਕਿਵੇਂ ਲਸਦਾ ਹੈ, ਚਿਹਰਾ ਕਿਵੇਂ ਨੂਰ ਫੁਹਾਰ ਸੱਟਦਾ ਸੀ। ਦੋਸ਼ੀ ਬਣਾਇਆ ਜਾ ਰਿਹਾ ਸੀ, ਪਰ ਕਿਵੇਂ ਖੜਾ ਸੀ ਅਸਮਤ ਦਾ ਬੁਤ[1], ਅਡੋਲ, ਗੰਭੀਰ, ਬੇ-ਪ੍ਰਵਾਹ। ਘਬਰਾਇਆ ਨਹੀਂ। ਲੋਹੜਾ ਏ, ਖੇਤ ਹਰਾ ਖੜਾ ਏ ਤੇ ਆਖਦਾ ਨਹੀਂ ਕਿ ਏਹ ਕੂੜ ਪਿਆ ਮਰੇਂਦਾ ਜੇ, ਖੇਤ ਤਾਂ ਹਰਾ ਖੜਾ ਏ। ਇਹ ਦਿਵਾਨਾ ਏ? ਅਕਲੋਂ ਘੁੱਥਾ ਦਿਵਾਨਾ? ਕਿ ਰੱਬ ਦੀਆਂ ਸੱਦਾਂ ਸੁਣਨ ਵਿਚ ਮਹਿਵ ਦਿਵਾਨਾ, ਕਿਵੇਂ ਕੂਕਿਆ ਸੀ:-

ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ॥੨॥ (ਸਿਰੀ ਰਾਗੁ ਮ: ੧)

## ੭. (ਜਨੇਊ)

'ਗਿਆਨੁ ਜਨੇਊ ਧਿਆਨੁ ਕੁਸਪਾਤੀ॥'

(ਆਸਾ ਮ: ੧-੨੦)

ਪਿਤਾ ਨੇ ਦੈਵੀ ਬਾਲਕੇ ਦੇ ਰੰਗ ਹੁਣ ਹੁਸ਼ਯਾਰੀ ਵਾਲੇ ਤੱਕੇ। ਹਾਂ, ਰੱਬੀ ਬਾਲਕਾ ਹੁਣ ਰੋਜ਼ ਜਾਵੇ, ਮਝੀਆਂ ਚਰਾਵੇ, ਹੱਸਦਾ ਘਰ ਆਵੇ। ਪਿਤਾ ਨੇ ਸੋਚਿਆ ਕਿ ਇਹ ਕੰਮ ਢੁੱਕ ਪਿਆ ਹੈ, ਹੁਣ ਜੰਞੂ ਪਾ ਕੇ ਕੁਲਾਰੀਤ ਕਰ ਲਈਏ, ਬੱਚਾ ਸਿਆਣਾ ਹੁੰਦਾ ਜਾਂਦਾ ਹੈ, ਫੇਰ ਵਿਆਹ ਕਰਨਾ ਹੋਸੀ। ਸੋ ਜੰਞੂ ਦਾ ਦਿਨ ਥਾਪਿਆ ਗਿਆ। ਸਾਕ ਕਬੀਲਾ

[1] ਨਿਰਅਪ੍ਰਾਧਤਾ ਦੀ ਮੂਰਤੀ।

ਪਰਵਾਰ ਸੱਦਿਆ ਆਇਆ: ਰਸਤ ਪਾਣੀ ਪਹਿਲੋਂ ਕੱਠੇ ਕੀਤੇ ਹੋਏ ਸੇ। ਜੱਗ ਕਰਨਾ ਸੀ, ਖੱਤ੍ਰੀਆਂ ਦੀ ਰੀਤਿ ਮੁਜਬ ਬੱਕਰਿਆਂ ਦੀ ਬਲੀ ਦੇਣੀ ਸੀ। ਜਦ ਪ੍ਰੋਹਿਤ ਹਰਦਿਆਲ ਤਿਆਰੀ ਕਰ ਚੁਕਾ ਤਦ ਜੰਞੂ ਲਿਆਇਆ ਜੋ ਗਲੇ ਪਾਵੇ, ਤਾਂ ਗੁਰੂ ਨਾਨਕ ਜੀ ਨੇ ਉਸ ਦੇ ਨੇਤ੍ਰਾਂ ਵਿਚ ਪਿਆਰ ਦਾ ਰੰਗ ਤੱਕਕੇ ਜੰਞੂ ਵਾਲਾ ਹੱਥ ਫੜ ਲੀਤਾ ਤੇ ਆਖਿਆ:-'ਕੀ ਕਰਨ ਲੱਗੇ ਹੋ ਪੰਡਿਤ ਜੀ?'

ਜਦ ਪੰਡਿਤ ਨੇ ਸਮਝਾਇਆ ਕਿ ਆਪ ਉੱਚ ਕੁਲ ਦ੍ਵਿਜ ਹੋ, ਇਹ ਦੂਸਰਾ ਜਨਮ ਹੈ, ਇਹ ਰਸਮ ਆਪ ਨੂੰ ਆਪਣੀ ਜਾਤੀ ਵਿਚ ਸਨਮਾਨਤ ਕਰੇਗੀ। ਇਹ ਸੁਣਕੇ ਆਪਦੇ ਨੈਣ ਰਸੀਲੇ ਇਕ ਤਰਸ ਭਰੀ ਤੱਕ ਨਾਲ ਪ੍ਰੋਹਿਤ ਵਲ ਤੱਕੇ ਤੇ ਬੋਲੇ:-

> ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ {ਵਾਰ ਆਸਾ ਮ:੧-੧੫}

ਪ੍ਰੋਹਿਤ ਨੇ ਮੁਸਕ੍ਰਾਕੇ ਕਿਹਾ ਇਹ ਧਰਮ ਦੀ ਨਿਸ਼ਾਨੀ ਹੈ, ਸਦਾ ਨਾਲ ਰਹਿੰਦੀ ਹੈ। ਆਪ ਬੋਲੇ:-

> ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥੧॥
>
> {ਵਾ:ਆ: ਮ: ੧-੧੫}

ਪ੍ਰੋਹਿਤ ਦਾ ਦਿਲ ਇਹ ਸ਼ਲੋਕ ਸੁਣ ਕੇ ਹਿੱਲ ਗਿਆ, ਆਪਣੇ ਅਨੁਮਾਨ ਸੱਚੇ ਭਾਸਣ ਲੱਗੇ; ਪਰ ਸ਼ਾਸਤ੍ਰ ਰੀਤੀ ਦਾ ਬੱਝਾ ਆਖਣ ਲੱਗਾ-ਬਰਖ਼ੁਰਦਾਰ ਜੀ! ਜੋ ਤੁਸਾਂ ਕਿਹਾ ਹੈ ਠੀਕ ਹੈ, ਉਹ ਜਨੇਊ ਜੀਅ ਦਾ ਹੈ, ਪਰ ਸਰੀਰ ਦਾ ਇਹ ਜਨੇਊ ਵੇਦਕ ਰੀਤੀ ਹੈ ਤੇ ਪਰੰਪਰਾ ਤੋਂ ਆਈ ਹੈ। ਸਭ ਜੰਞੂ ਪਹਿਨਦੇ ਆਏ, ਆਪ ਬੀ ਪਹਿਨੋ, ਆਪ ਨੇ ਤਾਂ ਧਰਮ ਅਸਥਾਪਨ ਕਰਨਾ ਹੈ। ਤਦ ਗੁਰੂ ਜੀ ਬੋਲੇ:-

> ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥ ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥ ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥੨॥ {ਵਾਰ ਆਸਾ ਮਹਲਾ ੧-੧੫}

ਤਦ ਬ੍ਰਾਹਮਣ ਜ਼ਰਾ ਡਰ ਗਿਆ ਕਿ ਇਹ ਤਾਂ ਮੈਂ ਅਵਤਾਰ ਜਾਤਾ ਸੀ, ਗਊ ਬ੍ਰਾਹਮਣ ਸਿਖਾ ਸੂਤ ਦੀ ਰੱਖਯਾ ਕਰੇਗਾ, ਪਰ ਇਹ ਜਗਯੋਪਵੀਤ ਨਾਲ ਅਜੋੜ ਦੱਸਦਾ ਹੈ, ਇਹ ਕੀ ਗਲ ਹੈ? ਫਿਰ ਸੋਚੀਂ ਪੈ ਗਿਆ ਕਿ ਆਖਦਾ ਸੱਚ ਹੈ ਕਿ ਇਹ ਤਾਗਾ ਉੱਚੇ ਲੋਕਾਂ ਦੇ ਉੱਚੇ ਆਚਰਨ ਦਾ ਚਿੰਨ੍ਹ ਸੀ ਸੋ ਸਾਰਾ ਗਿਰ ਚੁਕਾ ਹੈ, ਸੱਚ ਹੈ ਸੱਚ ਪਰ ਸ਼ਾਸ਼ਤ੍ਰ ਮ੍ਰਿਯਾਦਾ ਕਰਨੀ ਬੀ ਜ਼ਰੂਰੀ ਹੈ, ਭਲਾ ਜੇ ਇਹ ਅਵਤਾਰ ਹੈ ਤਾਂ ਸੂਤ ਦੇ ਜੰਞੂ ਨੂੰ ਪਸਿੰਦ ਨਹੀਂ ਕਰੇਗਾ ਤਾਂ ਕਿਹੜਾ ਜੰਞੂ ਪਾਵੇਗਾ? ਇਹ ਗੱਲ ਪੁੱਛੀਏ। ਸੋ ਪੁੱਛਣ ਤੇ ਉੱਤਰ ਮਿਲਿਆ:-

> ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥੩॥ {ਵਾ: ਆ: ਮ:੧-੧੫}

ਇਹ ਸੁਣ ਕੇ ਪੰਡਿਤ ਦੇ ਅੰਦਰ ਹੋਰ ਕੰਘੀ ਫਿਰੀ ਕਿ ਕੈਸਾ ਉੱਚਾ ਉੱਡਣ ਵਾਲਾ ਇਹ ਬਾਲਕ ਹੈ। ਲੋਕ ਰਾਜ ਵੱਲ ਤੱਕ ਕੇ ਫੇਰ ਪੰਡਿਤ ਨੇ ਮਿੰਨਤ ਕੀਤੀ ਕਿ ਜੀਉ ਜੀ! ਇਹ ਮ੍ਰਿਯਾਦਾ ਹੈ, ਏਸ ਬਿਨਾਂ ਵਰਣ ਸ਼ੰਕਰ ਹੋ ਜਾਏਗਾ। ਸਰੀਰ ਨੂੰ ਇਸ ਤਾਗੇ ਦੀ ਲੋੜ ਹੈ, ਆਪ ਦਾ ਤਾਗਾ ਮਨ ਦਾ ਹੈ। ਉਹ ਪਹਿਨਾਓ ਸਾਨੂੰ, ਤੁਸਾਂ ਪਹਿਨ ਹੀ ਰਖਿਆ ਹੈ ਪਰ ਸਰੀਰ ਦੇ ਅੰਗ ਦਾ ਏਹ ਜਨੇਊ ਤੁਸੀਂ ਪਹਿਨ ਲਓ ਸਾਡੇ ਹਥੋਂ, ਪਰ ਉਸ ਨਿਰਭੈ ਤੇ ਸਤਿ ਦੇ ਪਿਆਰੇ ਨੇ ਗਰਜ ਕੇ ਆਖਿਆ:-

> ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥ ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥
>
> {ਵਾਰ ਆਸਾ ਮ; ੧-੧੫}

ਇਹ ਸੁਣ ਕੇ ਪ੍ਰੋਹਤ ਦਾ ਮਨ ਕਾਂਬਾ ਖਾ ਕੇ ਵਟੀਜ ਗਿਆ ਤੇ ਨਿਉਂ ਗਿਆ:-

ਸੁਨ ਹਰਦਯਾਲ ਸੁ ਅਸ ਉਪਦੇਸ਼॥ ਰਿਦੈ ਧਾਰ ਲਿਯ ਲਖਿ ਜਗਤੇਸ਼॥ ਧੰਨ ਧੰਨ ਪੁਨ ਧੰਨ ਵਖਾਣਹਿ ॥ ਆਪਨ ਗਤਿ ਤੁਮ ਆਪਹਿ ਜਾਣਹਿ॥ {ਨਾ:ਪ੍ਰ:}

# ੩. ਪਿਆਰੇ ਦੇ ਕੁਮਾਰ ਚੋਜ[1]।

੮. {ਸੱਦੜਾ ਸੁਣੀਜੈ}

ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥ {ਸੂਹੀ ਮਹਲਾ ੧-੭}

ਸੂਰਜ ਦੇਉਤਾ ਜੀ ਕਿਸੇ ਅਜ਼ਲੀ ਹੁਕਮ ਦੇ ਪਾਏ ਵੇਗ ਵਿਚ ਪੱਛੋਂ ਨੂੰ ਹੇਠਾਂ ਉਤਰਦੇ ਹਸਰਤ ਦੀਆਂ ਨਿਗਾਹਾਂ ਨਾਲ ਧਰਤੀ ਵਲ ਵੇਖਦੇ ਟੁਰੇ ਜਾ ਰਹੇ ਹਨ, ਮਾਨੋਂ ਧਰਤੀ ਦੇ ਜਿਸ ਹਿੱਸੇ ਦੀ ਸੁੰਦਰਤਾ ਤੋਂ ਉਹਨਾਂ ਦੀਆਂ ਨਿਗਾਹਾਂ ਵਿੱਛੁੜ ਰਹੀਆਂ ਹਨ, ਉਸ ਤੋਂ ਵਿੱਛੁੜਨਾ ਨਹੀਂ ਚਾਹੁੰਦੇ। ਧਰਤੀ ਦੀ ਸੁੰਦਰਤਾ-ਕੁਦਰਤ ਦਾ ਵਿਕਾਸ਼-ਇਸ ਚਲੀ ਜਾ ਰਹੀ ਸੂਰਜ ਦੀ ਤ੍ਰਿੱਖੀ ਪ੍ਰਭਾ ਤੋਂ ਵਿਛੁੜ ਕੇ ਰਾਤ ਬਿਸ੍ਰਾਮ ਲਈ ਤੇ ਅਡੋਲ ਚੁੱਪ ਲਈ ਤਿਆਰ ਹੋ ਰਹੀ ਹੈ। ਮਿੱਠੀ ਮਿੱਠੀ ਪੌਣ ਰੁਮਕ ਪਈ ਹੈ, ਹਰੇ ਹਰੇ ਖੇਤ ਲਹਿ ਲਹਿ ਕਰ ਰਹੇ ਹਨ, ਚਿੜੀਆਂ ਰੈਣ ਬਸੇਰਿਆਂ ਲਈ ਆਲ੍ਹਣਿਆਂ ਨੂੰ ਮੁੜ ਰਹੀਆਂ ਹਨ। ਇਸ ਵੇਲੇ ਇਕ ਵਗਦੇ ਖੂਹ ਦੀ ਲੰਮੀ ਲੰਮੀਂ ਅਵਾਜ਼ "ਘੂੰ ਘੂੰ" ਦੀ ਆ ਰਹੀ ਹੈ, ਜੋ ਇਲਾਹੀ ਰੰਗ ਵਾਲੇ ਰੱਬੀ ਬਾਲਕੇ ਦੇ ਮਨ ਲਈ ਮਾਨੋਂ ਇਕ ਕੀਰਤਨ ਹੋ ਰਿਹਾ ਹੈ। ਤ੍ਰੈ ਸੱਜਣ ਪਿੰਡੋਂ ਬਾਹਰ ਆਏ ਇਸ ਖੂਹ ਦੇ ਲਾਗੇ ਇਕ ਸੁਹਣੇ ਥੜੇ ਤੇ ਆਸਣ ਵਿਛਾਈ ਬੈਠੇ ਹਨ ਤੇ ਗਲਾਂ ਬਾਤਾਂ ਹੋ ਰਹੀਆਂ ਹਨ;

ਬ੍ਰਿਜਨਾਥ-ਸੁਣਾਓ ਪ੍ਰੋਹਿਤ ਜੀ! ਆਪਦੇ ਨਵੇਂ ਅਵਤਾਰ ਬਾਲਕੇ ਜੀ ਨੇ ਜਗਤੋਪ੍ਰੀਤ ਪਹਿਰਨ ਵੇਲੇ ਕੀਹ ਰੰਗ ਦਿਖਾਇਆ?

ਪ੍ਰੋਹਿਤ(ਹਰਦਿਆਲ)-ਪੰਡਤ ਜੀ! ਤੁਸੀਂ ਬੀ ਓਥੇ ਸਾਓ ਨਾ, ਸਾਰੇ ਸਾਧੂ ਬ੍ਰਾਹਮਣ ਨਗਰੀ ਦੇ ਸ਼ਾਮਲ ਸਨ। ਕਦੇ ਡਿੱਠਾ ਜੇ ਇਸ ਉਮਰ ਦੇ ਕਿਸੇ ਬਾਲਕ ਵਿਚ ਇੰਨਾ ਵੀਚਾਰ, ਇੰਨਾਂ ਉਮਾਹ ਤੇ ਇੰਨਾਂ ਹਠ?

ਪਾਂਧਾ(ਗੋਪਾਲ)-ਮੈਨੂੰ ਸਦਾ ਵਾਹ ਹੀ ਬੱਚਿਆਂ ਨਾਲ ਰਿਹਾ ਹੈ, ਮੈਂ ਕਦੇ ਇਹ ਕੁਛ ਨਹੀਂ ਡਿੱਠਾ, ਕਿਉਂ ਪੰਡਤ ਜੀ?(ਬ੍ਰਿਜਨਾਥ ਵੱਲ ਤੱਕ ਕੇ)।

ਪੰਡਤ (ਬ੍ਰਿਜ ਨਾਥ)-ਜੀਓ ਜੀ! ਠੀਕ ਹੈ, ਬਾਲਕਾ ਅਲੌਕਿਕ ਹੈ, ਉਸ ਵਿਚ ਲੱਛਣ ਅਵਤਾਰ ਦੇ ਹਨ, ਮੈਂ ਸਿਰ ਝੁਕਾ ਚੁਕਾ ਹਾਂ, ਪਰ ਮੈਨੂੰ ਸੰਸੇ ਬ੍ਰਿਤੀ ਖਾ ਰਹੀ ਹੈ ਕਿ ਜੇ ਅਵਤਾਰ ਹੈ ਤੇ ਧਰਾ ਦਾ ਭਾਰ ਹਰਨ ਆਇਆ ਹੈ ਤਾਂ ਪਰੰਪਰਾ ਵੇਦ ਸ਼ਾਸਤ੍ਰ ਦੀ ਬੱਧੀ ਰੀਤੀ ਨਾਲ ਅਜੋੜ ਕਿਉਂ? ਕਿਤੇ ਉਹ ਨਾ ਹੋਵੇ ਕਿ ਇਤਨੀ ਸ਼ਕਤੀ ਵਾਲਾ ਪੁਰਖ ਸਾਨੂੰ ਹੀ ਮੇਟ ਦੇਵੇ!

ਹਰਦਿਆਲ-ਹਾਂ, ਪੰਡਤ ਜੀ! ਇਹੋ ਸੰਸਾ ਮੈਨੂੰ ਖਾ ਗਿਆ ਸੀ, ਮੈਂ ਉਸ ਵੇਲੇ ਬੀ ਜ਼ੋਰ ਲਾਉਂਦਾ ਸਾਂ, ਪਰ ਬੱਚੇ ਦਾ ਜੋਸ਼ ਜ਼ੋਰਾਂ ਵਿਚ ਸੀ, ਕੀਕੂੰ ਦੇਖੋ ਦੇਸ਼ ਦੇ ਗਿਰ ਚੁਕੇ ਆਚਰਨ ਉੱਤੇ-ਲੋਕਾਂ ਦੇ, ਹਾਂ ਸਾਡੀ ਹਿੰਦੂ ਜਾਤੀ ਦੇ ਵਿਚ ਭੈੜੇ ਕਰਮਾਂ ਦੇ ਫੈਲਣ ਪੁਰ-ਵਦਾਣ ਦੀਆਂ ਸੱਟਾਂ ਮਾਰਦਾ ਸੀ? ਕਿੰਨੀ ਤ੍ਰਿੱਖੀ ਨਜ਼ਰ ਮਨੁੱਖਾਂ ਦੀ ਬਦੀ ਉੱਤੇ ਤੇ ਦਿਲ ਵਿਚ ਵਿਕਾਰਾਂ ਦੇ ਨਿਵਾਸ ਉੱਤੇ ਬਾਲਕੇ ਦੀ ਪੈ ਰਹੀ ਸੀ ਤੇ ਕੀਕੂੰ ਕੂਕ ਕੂਕ ਉਠਦਾ ਸੀ ਕਿ ਗਲ ਵਿਚ ਜੰਞੂ ਕੀ ਕਰੇਗਾ, ਜਦ ਅੱਖਾਂ, ਕੰਨ, ਨੱਕ, ਹੱਥ ਪੈਰ ਸਾਰੇ ਬੇਜੰਞੂ ਜਾ ਰਹੇ ਹਨ? ਕਵਿਤਾ ਬੀ ਤੱਕੋ, ਤੱਗ ਆਖ ਆਖ ਕੇ ਕੂਕਦਾ ਸੀ ਕਿ ਇੰਦ੍ਰਿਆਂ ਨੂੰ ਕੋਈ ਰੱਸੀ ਨਹੀਂ ਪਾਈਂ, ਮੁਰਾਦ ਇਹ ਕਿ ਕੋਈ ਰੋਕ ਪਾਪਾਂ ਵਲੋਂ ਮਨ ਨੂੰ ਤੇ ਇੰਦ੍ਰਿਆਂ ਨੂੰ ਨਹੀਂ ਹੈ ਤਾਂ ਐਵੇਂ ਯਗਯੋਪਵੀਤ ਦਾ ਕੀ ਲਾਭ ਹੈ? ਮੇਰੇ ਜਾਣੇ ਯਗਯੋਪ੍ਰੀਤ ਨੂੰ ਓਹ-ਮਨ ਤੇ ਇੰਦ੍ਰਿਆਂ ਪਰ ਰੋਕ-ਕਹਿ ਰਿਹਾ ਸੀ, ਬ੍ਰਤ ਨੇਕੀ ਦਾ, ਰੋਕ ਅਸੰਜਮ ਉੱਤੇ। ਕਿਉਂ ਜੀ ਠੀਕ ਹੈ?

ਪੰਡਤ-ਹੈ ਤਾਂ ਪੂਜਜ ਜੀ ਠੀਕ, ਪਰੰਤੂ, ਤੱਕੋ ਨਾ, ਜਦ ਮ੍ਰਿਯਾਦਾ ਗਈ ਤਾਂ ਰਿਹਾ ਕੀਹ?

ਪ੍ਰੋਹਿਤ-ਮੈਂ ਬੀ ਦੁਖੀ ਰਿਹਾ ਹਾਂ, ਪਰੰਤੂ ਪ੍ਰਾਤਾਕਾਲ ਮੈਨੂੰ ਸੁਪਨ ਹੋਇਆ ਹੈ। ਮੈਂ ਕੀ ਡਿੱਠਾ ਕਿ

[1] ਇਹ ਰਚਨਾ ਸੰਮਤ ਗੁ: ਨ: ਸਾ: ੪੫੮ ਸੰਨ ੧੯੨੬ ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ੀ ਸੀ।

ਪੰਪਾਸਰ ਦੇ ਤੀਰਥ ਦੱਖਣ ਦੇਸ਼ ਦੇ ਕਿਨਾਰੇ ਮੈਂ ਬੈਠਾ ਹਾਂ, ਸਰ ਵਿਚ ਕੀੜੇ ਕੁਰਬਲ ਕੁਰਬਲ ਕਰ ਰਹੇ ਹਨ, ਗਿਰਦੇ ਦਾ ਸਾਰਾ ਬਨ ਤਪੱਸੀਆਂ ਨਾਲ ਭਰਪੂਰ ਹੈ, ਸਾਰੇ ਰੋਜ਼ ਨ੍ਹਾਉਂਦੇ ਹਨ, ਦੁਖੀ ਹੁੰਦੇ ਹਨ, ਪਰ ਤੱਕੋ ਸਰ ਨੂੰ ਨਿਰਮਲ ਕੋਈ ਨਹੀਂ ਕਰ ਸਕਦਾ।

ਫਿਰ ਮੈਂ ਕੀ ਤੱਕਿਆ ਕਿ ਸ੍ਰੀ ਰਾਮਚੰਦ੍ਰ ਜੀ ਤ੍ਰੇਤੇ ਦੇ ਅਵਤਾਰ ਸੀਆ ਜੀ ਦੀ ਭਾਲ ਵਿਚ ਲੰਕਾ ਨੂੰ ਜਾਂਦੇ ਉਸਦੇ ਕਿਨਾਰੇ ਆ ਬੈਠੇ। ਸਾਰੇ ਰਿਸ਼ੀਆਂ ਮੁਨੀਆਂ, ਤਪੱਸੀਆਂ ਨੂੰ ਸੋ ਪਈ ਕਿ ਯੁਗ ਦੇ ਅਵਤਾਰ ਆਏ ਹਨ, ਸਾਰੇ ਦਰਸ਼ਨ ਨੂੰ ਆਏ, ਨਮਸਕਾਰ, ਪੂਜਾ, ਆਰਤੀ ਕੀਤੀ, ਆਖਣ ਲੱਗੇ : ਹੇ ਦੇਵ ! ਇਹ ਤੀਰਥ ਅਪਾਵਨ ਜੀਆਂ ਨਾਲ ਭਰਪੂਰ ਹੈ, ਅਪਣੇ ਚਰਨ ਪਾਕੇ ਇਸ ਨੂੰ ਸ਼ੁੱਧ ਕਰ ਦਿਓ। ਆਪ ਨੇ ਆਗਯਾ ਕੀਤੀ, ਤੁਸੀਂ ਸਾਰੇ ਇਸ਼ਨਾਨ ਕਰੋ। ਆਗਯਾ ਮੰਨਕੇ ਸਭ ਨੇ ਇਸ਼ਨਾਨ ਕੀਤਾ, ਪਰ ਤੱਕੋ ਉਹ ਸ਼ੁੱਧ ਨਾ ਹੋਇਆ। ਫਿਰ ਸ੍ਰੀ ਰਾਮ ਚੰਦ੍ਰ ਜੀ ਆਪ ਨ੍ਹਾਤੇ, ਤਦ ਬੀ ਉਹ ਸ਼ੁੱਧ ਨਾ ਹੋਇਆ। ਇਸ ਪਰ ਸਾਰੇ ਤਪੱਸਵੀ ਸਾਡੇ ਵਾਂਗੂ ਸੰਸੇ ਵਿਚ ਪੈ ਗਏ ਕਿ ਜਿਸਦੇ ਬਚਨ ਅਰ ਕਰਮ ਦੋਹਾਂ ਵਿਚ ਸਤਯਾ ਨਹੀਂ ਉਹ ਅਵਤਾਰ ਨਹੀਂ ਹੋ ਸਕਦਾ। ਇੰਨੇ ਨੂੰ ਸ੍ਰੀ ਰਾਮ ਜੀ ਨੇ ਨੀਚ ਜਾਤ, ਅਛੂਤ ਅਤੇ ਸਾਰੇ ਬਨ ਦੇ ਰਿਸ਼ੀਆਂ ਦੀ ਤ੍ਰਿਸਕਾਰੀ ਹੋਈ ਭੀਲਣੀ ਨੂੰ ਕਿਹਾ, 'ਕੁੜੀਏ ! ਤੂੰ ਨਹਾ'। ਮੈਂ ਡਿੱਠਾ ਕਿ ਉਸਦੇ ਜਲ ਵਿਚ ਵੜਦਿਆਂ ਸਾਰ ਜਲ ਸ਼ੁੱਧ ਹੋ ਗਿਆ। ਤਾਂ ਮੈਨੂੰ ਅਸਚਰਜ ਹੋ ਹੋਕੇ ਸਮਝ ਆਈ ਕਿ ਅਵਤਾਰ ਤਾਂ ਆਪ ਸਮਰੱਥ ਹੁੰਦਾ ਹੈ, ਇਹ ਕੌਤਕ ਜਾਣ ਕੇ ਵਰਤਾਯਾ ਹੈ ਨੇ ਕਿ ਸੁਮੱਤ ਦੇਣ, ਉਹ ਇਹ ਕਿ ਅਵਤਾਰ ਜੀ ਇਕ ਸਿਖਯਾ ਦੇ ਰਹੇ ਹਨ, ਹਾਂ ਉਹ ਜਾਤੀ ਅਭਿਮਾਨ ਨੂੰ ਦੂਰ ਕਰਕੇ ਆਤਮ ਜੀਵਨ ਦੀ ਉੱਚਤਾ ਦਰਸਾ ਰਹੇ ਹਨ। ਭੀਲਣੀ, ਜੋ ਜਾਤ ਤੋਂ ਨੀਚ ਸੀ, ਉਹ ਅਪਣੇ ਹ੍ਰਿਦੇ ਵਿਚ ਇਕ ਸਾਂਈਂ ਲਈ ਤੜਫਨੀ ਰੱਖਦੀ ਸੀ, ਉਸਦੀ ਬ੍ਰਿਤੀ ਵਿਚ ਸ੍ਰੀ ਰਾਮ ਦਾ ਧਿਆਨ ਇਸਥਿਤ ਸੀ, ਉਸਦੇ ਅੰਦਰ ਪੂਰਨ ਵਿਸ਼ਵਾਸ਼ ਤੇ ਸ਼੍ਰਧਾ ਸੀ। ਜਦ ਜਾਗ ਖੁੱਲ੍ਹੀ ਤਾਂ ਮੈਂ ਉਠਕੇ ਬੈਠ ਗਿਆ, ਕਿ ਹੇ ਭਗਵਾਨ ! ਇਹ ਪਤੀਆ ਤਾਂ ਤੂੰ ਮੈਨੂੰ ਆਪ ਦਿੱਤਾ ਹੈ ਜੋ ਮੈਂ ਡੋਲਾਂ ਨਹੀਂ ਤੇ ਇਹ ਸਮਝਾਂ ਕਿ ਇਹ ਨਾਨਕ ਦਾ ਯਗਯੋਪ੍ਰੀਤ ਵੇਲੇ ਦਾ ਕੌਤਕ ਸਾਨੂੰ ਜਾਤੀ ਅਭਿਮਾਨ ਤੋਂ ਸੱਖਣੇ ਕਹਿਕੇ, 'ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ' ਕਹਿਕੇ ਜੀਅ ਦੀ ਉੱਚਤਾ, ਸੁੱਚਤਾ, ਪਵਿੱਤ੍ਰਤਾ ਦ੍ਰਿੜ੍ਹ ਕਰਾਉਣ ਦਾ ਹੈਸੀ ਤੇ ਅਸਾਂ ਮਨੋਰਥ ਸਮਝਿਆ ਨਹੀਂ। ਫਿਰ ਮੈਨੂੰ ਚੇਤਾ ਆਇਆ ਕਿ ਦੁਆਪੁਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ ਕੀਕੂੰ ਪਾਂਡਵਾਂ ਦੇ ਯੱਗ ਦੀ ਅਸਫਲਤਾ ਦਿਖਾਈ, ਆਪ ਬੀ ਅੰਨ ਪਾਇਆ, ਦੇਸ਼ ਦੇ ਰਿਸ਼ੀ ਮੁਨੀ ਬੀ ਪਾ ਗਏ, ਪਰ ਸਫਲਤਾ ਤਾਂ ਹੋਈ ਜਾ ਬਾਲਮੀਕ ਸ਼ੂਦਰ ਨੇ, ਜੋ ਪ੍ਰੇਮਾ ਭਗਤੀ ਤੇ ਭਗਤਿ ਯੋਗ ਵਿਚ ਨਿਪੁੰਨ ਸੀ, ਅੰਨ ਪਾਇਆ ਤਾਂ[1], ਹਾਂ, ਤਾਂ ਯੱਗ ਸਫ਼ਲ ਹੋਇਆ। ਇਹ ਤਾਂ ਨਹੀਂ ਕਿ ਸ੍ਰੀ ਕ੍ਰਿਸ਼ਨ ਯੱਗ ਸਫ਼ਲ ਨਹੀਂ ਸੇ ਕਰ ਸਕਦੇ, ਆਪ ਦਾ ਪ੍ਰਯੋਜਨ ਜਾਤੀ ਅਭਿਮਾਨ ਦੂਰ ਕਰਨ ਦਾ ਸੀ। ਕੀਕੂੰ ਕ੍ਰਿਸ਼ਨ ਜੀ ਨੇ ਨੀਚ ਜਾਤਿ ਦੇ ਭਗਤਾਂ ਨੂੰ ਉੱਚ ਜਾਤੀ ਦੇ ਅਭਿਮਾਨੀਆਂ ਤੋਂ ਵਡਿਆਇਆ ਹੈ ? ਸੋ ਮੇਰਾ ਸੰਸਾ ਤਾਂ ਐਉਂ ਦੂਰ ਹੋ ਗਿਆ ਕਿ ਇਹ ਜੋ ਕੌਤਕ ਸੀ, ਇਸ ਲਈ ਸੀ ਕਿ ਕਿਵੇਂ ਸਾਡੀ ਜਾਤੀ ਵਿਚੋਂ ਝੂਠਾ ਜਾਤੀ ਅਭਿਮਾਨ ਤੇ ਜਾਤ ਦੇ ਅਭਿਮਾਨ ਵਿਚ ਸਾਡੇ ਵਿਚ ਵੜ ਗਈ ਸ੍ਵਾਰਥ ਸਿੱਧੀ, ਪਾਪ ਤੇ ਆਚਰਣ ਦਾ ਗਿਰਾਉ ਦੂਰ ਹੋਵੇ। ਤੁਸੀਂ ਜਾਣਦੇ ਹੋ ਜਦ ਤਕ ਆਚਰਣ ਉੱਚਾ ਨਾ ਹੋਵੇ ਬੀਰਤਾ ਨਹੀਂ ਆ ਸਕਦੀ, ਆਪੋ ਵਿਚ ਜੋੜ ਨਹੀਂ ਆ ਸਕਦਾ, ਸਾਂਝੇ ਕੰਮ ਲਈ ਬਲੀਦਾਨ ਨਹੀਂ ਆ ਸਕਦਾ ਤੇ ਇਨ੍ਹਾਂ ਗੱਲਾਂ ਬਿਨਾਂ ਦੇਸ਼ ਦਾ 'ਰਾਜ-ਦੁਖ' ਦੂਰ ਨਹੀਂ ਹੋ ਸਕਦਾ। ਮੈਂ ਸਮਝਦਾ ਹਾਂ ਜਗਤ ਦਾ ਦੁਖ ਤੇ ਪਰਜਾ ਦੀ ਪੀੜਾ ਹਰਨ ਦੇ ਕੰਮ ਦਾ ਮੁੰਢ ਇਹ ਅਵਤਾਰ 'ਸਦਾਚਾਰ' ਤੋਂ ਕਰੇਗਾ ਤੇ ਸਾਡੇ ਕਰਤੱਵ-ਕਰਨੀ ਕਰਤੂਤ-ਸੁਧਾਰ ਕੇ ਉਸ ਉਤੇ ਆਤਮ ਜੀਵਨ ਨੂੰ ਪੇਉਂਦ ਕਰੇਗਾ।

ਪੰਡਤ (ਇਕ ਲੰਮਾ ਸਾਹ ਲੈਕੇ)-ਜਾਪਦਾ ਤਾਂ ਇਵੇਂ ਹੈ, ਤੁਸਾਨੂੰ ਚੰਗੀ ਗੱਲ ਫੁਰ ਆਈ ਹੈ, ਉਦਾਸ ਹੋਣ ਦੀ ਜਾਗਾ ਨਹੀਂ।

---

[1] ਦੇਖੋ ਭਾਗਵਤ ਭਗਤ ਮਾਲ ਤੇ ਵੈਸ਼ਨਵਾਂ ਦੇ ਹੋਰ ਗ੍ਰੰਥ।

ਪਾਂਧਾ-ਠੀਕ ਹੈ ਪ੍ਰੋਹਤ ਜੀ ! ਤੁਹਾਡੇ ਹਿਰਦੇ ਬਾਹਲੀ ਸ਼੍ਰਧਾ ਦੀ ਜੋਤਿ ਹੈ, ਉਸ ਦੇ ਚਾਨਣੇ ਨੇ ਤੁਸਾਨੂੰ ਸਿੱਧਾ ਰਸਤਾ ਦਿਖਾ ਦਿੱਤਾ ਹੈ।

ਇਹ ਗੱਲਾਂ ਕਰ ਹੀ ਰਹੇ ਸਨ ਕਿ ਮੁੱਲਾਂ ਜੀ ਆ ਗਏ। ਤ੍ਰੈਆਂ ਪੰਡਿਤਾਂ ਨੂੰ ਵੇਖਕੇ ਉਹ ਭੀ ਅਗੇ ਵਧਿਆ, ਆਖਣ ਲੱਗਾ: "ਸੁਣਾਓ ਜੀ ! ਤੁਸਾਂ ਬੀ ਨਾਨਕ ਪੜ੍ਹਾਯਾ ਤੇ ਡਿੱਠਾ ਹੈ, ਮੈਂ ਬੀ ਪੜ੍ਹਾਇਆ ਹੈ, ਕਿੱਡਾ ਅਨੋਖਾ ਬੱਚਾ ਹੈ? ਇਹ ਉਮਰ, ਇਹ ਖਿਆਲ, ਇਹ ਉਡਾਰੀ ! ਮੈਂ ਤਾਂ ਪਹਿਲੋਂ ਪੜ੍ਹਾਇਆ, ਪਿੱਛੋਂ ਆਪ ਸਿਰ ਝੁਕਾਇਆ ਹੈ। ਵਲੀ ਹੈ ਵਲੀ। ਸਾਡੇ ਲਿਖਿਆ ਹੈ ਕਿ ਆਖਰੀ ਪੈਗ਼ੰਬਰ ਹੋ ਚੁਕਾ ਹੈ, ਨਹੀਂ ਤਾਂ ਮੈਂ ਖ਼ਬਰੇ ਏਹਨਾਂ ਨੂੰ ਪੈਗ਼ੰਬਰ ਹੀ ਕਹਿ ਦੇਂਦਾ, ਪਰ ਏਹ ਵਲੀ ਜ਼ਰੂਰ ਹੈ। ਕੈਸੀ ਪਾਕੀਜ਼ਗੀ ਹੈ! ਮੈਂ ਜਨੇਊ ਬਾਬਤ ਉਸ ਦੇ ਨਵੇਂ ਗੀਤ ਨੂੰ ਸੁਣਿਆਂ ਹੈ, ਕਿਸ ਤਰ੍ਹਾਂ ਦਾ ਬਦੀ ਅਤੇ ਇਖ਼ਲਾਕ ਦੇ ਗਿਰਾਉ ਤੇ ਹਮਲਾ ਕੀਤਾ ਹੈ ਅਰ ਰੂਹਾਨੀ ਜ਼ੁਨਾਰ[1] ਕੈਸਾ ਆਪ ਬਣਾਕੇ ਦਿਖਾਇਆ ਹੈ? ਨਾਨਕ, ਸ਼ਰਾ ਤੋਂ ਉੱਚਾ ਉਡਦਾ ਹੈ, ਮਾਰਫਤ ਤੇ ਹਕੀਕਤ ਦੀ ਗੱਲ ਕਰਦਾ ਹੈ, ਲਿਹਾਜ਼ ਕਿਸੇ ਦਾ ਨਹੀਂ ਕਰਦਾ, ਕਿਸੇ ਰਸਮ ਪ੍ਰਸਤੀ ਵਿਚ ਜੀ ਨਹੀਂ ਦੇਂਦਾ, ਟਿਕਾਣੇ ਤੇ ਨੁਕਤੇ ਦੀ ਸੱਟ ਮਾਰਦਾ ਹੈ। ਮੈਂ ਹੁਣ ਵਡੇ ਖੂਹ ਤੋਂ ਅਇਆ ਹਾਂ, ਓਥੇ ਇਕ ਤਅੱਸਬੀ ਮੁਸਲਮਾਨ ਨਾਲ ਬੇਹਜ਼ੂਰੀ ਦੀ ਨਿਮਾਜ਼ ਤੇ ਮਖ਼ੌਲ ਕਰ ਰਿਹਾ ਸੀ। ਨਿਰਭੈ ਬੋਲਦਾ ਹੈ, ਸ਼ਕਲ ਅਪਣੇ ਆਪ ਨੂੰ ਹਾਰ ਦੀ ਦੇਂਦਾ ਹੈ, ਪਰ ਉਸ ਦਿੱਸਦੀ ਹਾਰ ਵਿਚ ਸ਼ਰਮਿੰਦਾ ਅਗਲਾ ਹੋ ਜਾਂਦਾ ਹੈ। ਕਿਉਂ ਪੰਡਿਤ ਜੀ! ਤੁਸੀ ਮੰਨਦੇ ਹੋ ਕਿ ਕੋਈ ਵਲੀ ਹੈ?"

ਹਰਦਿਆਲ-ਹਾਂ, ਜੀਉ! ਅਸੀਂ ਏਹੋ ਗੱਲਾਂ ਪਏ ਕਰਦੇ ਸਾਂ ਕਿ ਓਹ ਜ਼ਰੂਰ ਕੋਈ ਅਵਤਾਰੀ ਜੀਵ ਹੈ।

ਇੰਨੇ ਨੂੰ ਬਣ ਵਿਚੋਂ ਸੱਦ ਉੱਠੀ, ਮਿੱਠੀ ਮਿੱਠੀ ਪਿਆਰੀ ਪਿਆਰੀ:-

> ਤੇਰਾ ਸਦੜਾ ਸੁਣੀਜੈ, ਤੇਰਾ ਸਦੜਾ ਸੁਣੀਜੈ ਪਿਆਰੇ, ਤੇਰਾ ਸਦੜਾ ਸੁਣੀਜੈ ਭਾਈ. ਜੇ ਕੋ ਬਹੈ ਅਲਾਇ॥

[1] ਜਨੇਊ।

ਫੇਰ ਅਵਾਜ਼ ਗੁੰਮ ਹੋ ਗਈ, ਫੇਰ ਸੱਦ ਆਈ:-ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ, ਪਿਆਰੇ, ਸੋ ਦਮੁ ਬਿਰਥਾ ਜਾਇ॥.......

> ਤੈਰਾ ਸਦੜਾ ਸੁਣੀਜੈ, ਪਿਆਰੇ, ਤੇਰਾ ਸਦੜਾ ਸੁਣੀਜੈ, ਭਾਈ, ਜੇ ਕੋ ਬਹੈ ਅਲਾਇ॥.......
> ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ, ਪਿਆਰੇ, ਜੇ ਕੋ ਲਏ ਵਿਕਾਇ॥.......
> ਤੇਰਾ ਸਦੜਾ ਸੁਣੀਜੈ ਪਿਆਰੇ, ਸਦੜਾ ਸੁਣੀਜੈ, ਹਾਂ, ਹਾਂ, ਸਦੜਾ ਸੁਣੀਜੈ॥

ਵਾਜ ਨੇੜੇ ਆਉਂਦੀ ਆਉਂਦੀ ਇੰਨੀ ਨੇੜੇ ਆ ਗਈ ਕਿ ਦੈਵੀ ਬਾਲਕਾ-ਇਨ੍ਹਾਂ ਚੌਹਾਂ ਦੇ ਵਿਚਕਾਰੇ ਆ ਖੜੋ ਗਿਆ। ਸਾਰਿਆਂ ਵਲ ਅਦਬ ਨਾਲ ਤੱਕਿਆ, ਜ਼ਰਾਕੁ ਸਿਰ ਬੀ ਨਿਹੁੜਾਇਆ, ਪਰ ਉਹ ਚਾਰੇ ਉੱਠ ਖੜੋਤੇ ਤੇ ਝੁਕ ਗਏ। ਮੁੱਲਾਂ ਜੀ ਬੋਲੇ, "ਨਾਨਕ ਤੈਨੂੰ ਅਸਾਂ ਪੜ੍ਹਾਇਆ, ਇਲਮ ਗ਼ੈਰ ਖਾਲਸ, ਪਰ ਤੇਰੀ ਰੂਹ ਨੇ ਉਸ ਦੇ ਬਦਲੇ ਸਾਨੂੰ ਸੁਣਾਇਆ ਇਲਮ-ਖ਼ਾਲਸ, ਨਾਦ ਇਲਾਹੀ, ਤੂੰ ਧੰਨ ਹੈਂ!"

ਦੈਵੀ ਨੌਜਵਾਨ ਦੇ ਨੈਣ ਭਰ ਆਏ, ਅਰਸ਼ਾਂ ਵਲ ਉਠੇ, ਚਾਰ ਜੁਫੇਰੇ ਫਿਰੇ, ਫੇਰ ਮੁੰਦ ਗਏ ਤੇ ਇਹ ਪਿਆਰੀ ਧੁਨਿ ਉਠੀ:-

> ਤੇਰਾ ਸਦੜਾ ਸੁਣੀਜੈ ਜੇ ਕੋ ਬਹੈ ਅਲਾਇ॥

ਇਹ ਗਾਉਂਦੇ, ਇਸੇ ਗਾਉਣ ਦੀ ਧੁਨਿ ਨੂੰ ਲਿਪਟੇ ਬੰਦ ਅੱਖੀਂ ਟੁਰ ਪਏ, ਟੁਰੀ ਗਏ, ਟੁਰੀ ਗਏ ਐਨਾਂ ਕਿ ਅਖੋਂ ਉਹਲੇ ਹੋ ਗਏ।

ਚਾਰੇ ਵਡੇ ਪੁਰਖ ਇਕ ਅਚਰਜ ਸੁਆਦ ਵਿਚ ਪ੍ਰਤੀਤ ਕਰ ਉਠੇ ਕਿ ਮਾਨੋਂ ਕਿਸੇ ਪਵਿੱਤ੍ਰਤਾ ਦੇ ਸਰ ਵਿਚੋਂ ਡੋਬਾ ਲੈਕੇ ਨਿਕਲੇ ਹਨ।

## ੯. {ਛਾਯਾ ਨ ਫਿਰੇ}

"ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ"

{ਰਾਮ: ਵਾ: ਸਤੇ ਬਲ:}

ਹਾਂ ਜੀ, ਰੱਬੀ ਬਾਲਕਾ ਅਜੀਬ ਰੰਗ ਵਿਚ ਦੀ, ਲੰਘਦਾ ਹੈ, ਕਦੇ ਸਾਵਧਾਨ ਹੈ, ਹੱਸਦਾ ਹੈ, ਗਾਉਂਦਾ ਹੈ, ਅਮਰੀ 'ਕਾਵਿ ਸੁੰਦਰਤਾ' ਸੁਹਣੇ ਸੁਹਣੇ ਸੰਗੀਤਾਂ ਵਿਚ ਪ੍ਰਕਾਸ਼ ਪਾਉਂਦੀ ਹੈ, । ਕਦੇ ਬੈਠਾ ਗੋਸ਼ਟਾਂ ਤੇ ਮਜਲਸਾਂ ਕਰਦਾ ਹੈ; ਕਦੇ ਚੁਪ ਚਾਪ ਘਰ ਚਾਦਰ ਤਾਣ ਪਿਆ ਰਹਿੰਦਾ ਹੈ, ਕਦੇ ਬਨ ਵਿਚ ਅੱਖਾਂ

ਨੂਟ ਬੈਠਦਾ ਹੈ, ਪਰ ਹੈ ਅਜ ਕਲ ਮੱਝੀਆਂ ਦਾ ਛੇੜੂ! ਮਝੀਆਂ ਚਰਦੀਆਂ ਹਨ, ਆਪ ਅਚੱਲ ਬਹਿ ਜਾਂਦਾ ਹੈ, ਰੱਬ ਵਾਲੇ ਦੇ ਕੰਮ ਰੱਬ ਆਪੇ ਪਿਆ ਕਰਦਾ ਹੈ।

ਲਿਖਦੇ ਹਨ ਕਿ ਇਸ ਵਰੇਸ ਵਿਚ ਮਾਪਿਆਂ ਵਿਆਹ ਭੀ ਕਰ ਦਿੱਤਾ, ਮਾਪਿਆਂ ਦਾ ਹਿੰਦੂ ਧਰਮ ਸੀ 'ਪੁਤ ਨੂੰ ਵਿਆਹ ਦੇਣਾ'! ਵਿਆਹ ਦਿੱਤਾ ਸੋ ਕਿਸੇ ਉਸ ਰੰਗ ਵੇਲੇ ਜਿਸ ਵੇਲੇ ਕਿ ਰੱਬ ਦਾ ਲਾਡਲਾ ਆਪਣੇ ਖੇੜੇ ਦੇ ਵਿਕਾਸ਼ ਵਿਚ ਖੁਸ਼ ਫਿਰਦਾ ਸੀ।ਮਹਿਤਾ ਕਾਲੂ ਜੀ ਦਾ ਇਹ ਬੀ ਇਕ ਜਤਨ ਸੀ ਕਿ ਮਤੇ ਵਹੁਟੀ ਦਾ ਪਿਆਰ, ਘਰਾਂ ਦੀਆਂ ਭੂਮਣਾਂ, ਗੱਭਰੂ ਹੋ ਰਹੇ ਸੁਹਣੇ ਨੂੰ ਆਪਣੇ ਵਹਿਮੀ ਰੰਗਾਂ ਵਿਚੋਂ ਕੱਢਕੇ ਖਟਿਆਊ, ਕਮਾਊ ਅਰ ਘਰ ਤੇ ਅਯਾਲਦਾਰੀ ਦਾ ਮੁਹਾਣਾ ਬਣਾ ਕੱਢੇ। ਗ੍ਰਿਹਸਤੀ ਨੂੰ 'ਇਸਤ੍ਰੀ ਪ੍ਰੇਮ' ਤੇ ਬੜਾ ਭਰੋਸਾ ਹੁੰਦਾ ਹੈ, ਕਿ ਇਹ ਜਾਦੂ ਸਾਰੇ ਵਹਿਣਾਂ ਤੋਂ ਕੱਢ ਗ੍ਰਿਹਸਤ ਦੀ ਪੰਜਾਲੀ ਵਿਚ ਚੰਗੇ ਚੰਗੇ ਸਿਰਕੱਢਾਂ ਨੂੰ ਜੋੜ ਕੱਢਦਾ ਹੈ, ਪਰ ਗੁਰੂ ਨਾਨਕ ਦੇ ਰੰਗ ਤੇ ਤਰੰਗ ਕੋਈ ਕਿਸੇ ਹਠ ਯਾ ਖਿਆਲ ਕੀਤੇ ਧਰਮ ਯਾ ਕਿਸੇ ਤੋਂ ਸਮਝੇ ਕਿਸੇ ਇਨਸਾਨੀ ਸਮਝ ਦੇ ਧੂਵੇ ਦੀ ਟੇਕ ਦੇ ਰੰਗ ਨਹੀਂ ਹਨ। ਰੰਗ ਹਨ ਅਕੱਸ਼ੀ ਪੀਂਘ ਦੇ, ਤਰੰਗ ਹਨ ਬਿਜਲੀਆਂ ਦੇ, ਆਕਾਸ਼ਾਂ ਵਿਚ ਆਪੇ ਗੁੰਦੇ ਜਾਣ ਵਾਲੀਆਂ ਮਾਲਾਂ ਦੇ, ਰੌ ਹਨ ਅਗੰਮੀ ਪੌਣ ਪਾਣੀਆਂ ਦੇ, ਹਾਂ, ਤਾਰੀਆਂ ਹਨ ਮੱਛੀ ਦੀਆਂ ਬਿਨ ਲੀਕ ਬਿਨ ਰਾਹ ਦੇ, ਓਡਾਰੀਆਂ ਹਨ ਪੰਛੀ ਦੀਆਂ, ਨਾ ਪਹਿਆ ਨਾ ਪਗਡੰਡੀ। ਕੋਈ ਮਨ ਵਿਚ ਅਗੰਮ ਤੋਂ ਲਹਿਰ ਉਠਦੀ ਹੈ, ਉਸ ਦੀ ਸੁੰਦਰਤਾ ਵਿਚ ਇਕ ਸੁਰ ਹੋ ਉਸੇ ਵਿਚ ਲਹਿਰ ਉਠਦੇ ਹਨ ਸ੍ਰੀ ਗੁਰੂ ਨਾਨਕ। ਰੰਗ ਹੱਸਣਾ, ਰੰਗ ਰੋਣਾ, ਰੰਗ ਚੁਪ, ਰੰਗ ਨਾਦ, ਰੰਗ ਸਮਾਧੀ, ਰੰਗ ਠੁਮਕ ਠੁਮਕ ਚਾਲਾਂ, ਰੰਗ ਖੇੜੇ ਵਿਕਾਸ਼, ਰੰਗ ਇਲਾਹੀ ਸੰਗੀਤ! ਜਾਣ ਕੇ ਕਦੇ ਰਬ ਦੇ ਬੇਟੇ ਨੇ ਆਪਣੇ ਸਰੀਰੀ ਮਾਪਿਆਂ ਨੂੰ ਨਹੀਂ ਖਿਝਾਇਆ। ਜੋ ਉਹਨਾਂ ਕਿਹਾ ਕਰਨੇ ਨੂੰ ਤਿਆਰ, ਕਰਨੇ ਨੂੰ ਲੱਗ ਪਏ ਤੇ ਕੀਤਾ। ਪਰ ਜਿਸ ਵੇਲੇ ਅਗੰਮੀ ਉਛਾਲ ਉਠਿਆ, ਸੁਰਤ ਨੇ ਕੋਈ ਅੰਦਰੋਂ ਛੋਹ ਲੈਕੇ ਉਭਾਰ ਖਾਧਾ ਕਿ ਕੁਦਰਤ ਵਿਚੋਂ 'ਕੁਦਰਤ ਵਸੇ' ਦੀ ਛੁਹ ਨੇ ਰੰਗ ਜਮਾਇਆ, ਤਦ ਉਸੇ ਵੇਲੇ ਉਸੇ ਰੰਗ ਵਿਚ 'ਧੰਨ ਨਿਰੰਕਾਰ' ਦੀ ਧੁਨਿ ਲਗ ਗਈ ਤੇ ਲੈ ਗਈ ਜਿੱਧਰ ਲੈ ਗਈ। ਹਾਂ ਅਰਸ਼ੀ ਬਾਬਲ ਦਾ ਸੱਦ, ਅਰਸ਼ੀ ਬਾਬਲ ਦੀ ਸੈਨਤ, ਅਰਸ਼ੀ ਬਾਬਲ ਦਾ ਅੱਖ-ਮਟੱਕਾ, ਅਰਸ਼ੀ ਬਾਬਲ ਦੇ ਨੈਣ ਦੀਦਾਰੇ ਲੈ ਗਏ ਬੱਚੇ ਨੂੰ ਉਧਰ ਉਸੇ ਤਰ੍ਹਾਂ। ਤਿਆਰ ਬਰਤਿਆਰ ਬੱਚਾ ਜੀ ਤੁਰ ਗਏ ਉਸ 'ਹੁਕਮ-ਵੀਣਾ' ਦੀ ਧੁਨਿ ਦੇ ਮਗਰੇ ਮਗਰ, ਉਸ 'ਬਾਬਰ ਕਿੰਗਰੀ' ਦੀ ਸੁਰ ਦੇ ਪਿੱਛੇ ਪਿੱਛੇ। ਹਾਂ, ਕਿਸੇ ਅਗੰਮੀ ਸੁਗੰਧੀ ਦੇ ਮਗਰੇ ਮਗਰ ਅਲਮਸਤੇ ਭੌਰੇ ਵਾਂਙੂ ਉਡਦੇ ਚਲੇ ਗਏ। ਇਹ ਸੀ ਸੋਚ ਦੇ ਹੁਕਮ ਤੋਂ ਬੇਵਸਾ ਤੇ ਸੁਤੰਤ੍ਰ ਜੀਵਨ ਜੋ ਜਗਤ ਦੀਆਂ ਪਈਆਂ ਲੀਕਾਂ ਵਾਲੇ ਰਸਤਿਆਂ ਤੋਂ ਟੁਰਨੋਂ ਉਨ੍ਹਾਂ ਨੂੰ ਉਡਾਰੀਆਂ ਵਿਚ ਲੈ ਜਾਂਦਾ ਸੀ। ਬਨਾਂ ਜੂਹਾਂ ਦੇ ਮ੍ਰਿਗਮੀਨ ਪੰਖੇਰੂਆਂ ਦੇ ਸ਼ਬਦ ਉਸ ਬਾਬਲ ਦੇ ਲਾਡਲੇ ਦੇ ਕੰਨਾ ਵਿਚ 'ਹਰਿ ਦੇ ਜਾਪ'[1] ਦੀ ਧੁਨਿ ਪਾਉਂਦੇ ਸਨ, ਹਾਂ, ਵਗਦੇ ਖੂਹਾਂ ਦੀ 'ਘੂੰ ਘੂੰ' ਦੇ ਅਵਾਜ਼ੇ ਉਸਦੇ ਰਸੱਗਜ ਕੰਨਾਂ ਵਿਚ ਤੂੰ ਤੂੰ[2] ਦੀ ਗੁੰਜਾਰ ਲਾਉਂਦੇ ਸੇ।

ਸੋ ਧਰਤੀ ਦੇ ਬਾਬਲ ਨੇ ਵਿਆਹ ਦਿਤੇ, ਵਿਆਹੇ ਗਏ। ਵਿਆਹ ਕਰਾ ਲਿਆ[3], ਪਰ ਅੰਦਰ ਦੀ ਤੜਪ, ਦਿਲ ਦੀ ਧਾਪ ਸਾਂਈਂ ਸ੍ਰੋਦ ਦੇ ਨਗਮਿਆਂ ਨਾਲ ਵਜਣੋਂ ਨਾ ਹਟੀ, ਪਰ ਨਾ ਹਟੀ। ਮਹਿਤਾ ਜੀ ਦਾ ਯਤਨ ਕਿ ਗੱਭਰੂ ਪੁੱਤ ਹੁਣ ਘਰ ਦੀ ਭੂਮਣਾ ਪੈਕੇ ਕਮਾਊ ਹੋ ਨਿਕਲੇ, ਨਾ ਸਿਰੇ ਚੜ੍ਹਿਆ।

ਅਜੇ ਬਨ ਵਿਚ ਰੋਜ਼ ਜਾਂਦੇ ਹਨ, ਹਾਂ, ਰੱਬ ਦੇ ਬਾਲਕੇ ਮੱਝੀਆਂ ਚਾਰਨ ਜਾਂਦੇ ਹਨ। ਪਿਤਾ ਕਹਿੰਦਾ ਹੈ: ਚਲੋ ਕੁਛ ਕਰੇ ਸਹੀ, ਮੱਝੀਆਂ ਹੀ ਚਾਰੇ। ਚਾਰ ਅਰਸ਼ ਕੁਰਸ਼ ਦੇ ਮਾਲਕ! ਚਾਰ ਮੱਝੀਆਂ, ਤੈਨੂੰ

---

[1] ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ੩ ॥ {ਮਲਾਰ ਮ: ੪ ਪੜ:}

[2] ਹਰਹਟ ਭੀ ਤੂੰ ਤੂੰ ਕਰਹਿ ॥ {ਵਾਰਾਂ ਤੇ ਵ: ਮ: ੩}

[3] ਪੁਰਾਤਨ ਜਨਮ ਸਾਖੀ ਵਿਚ ਵਿਆਹ ਏਥੇ ਹੀ ਹੋਇਆ ਲਿਖਿਆ ਹੈ। ਜਨਮ ਸਾਖੀ ਭਾਈ ਮਨੀ ਸਿੰਘ ਜੀ ਵਿਚ ਵੀ ਵਿਆਹ ਦਾ ਪ੍ਰਸੰਗ ਏਥੇ ਦਿੱਤਾ ਹੈ; ਉਮਰ ੧੪ ਬਰਸ ਦੱਸੀ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਨੇ ਵਿਆਹ ਸੁਲਤਾਨ ਪੁਰ ਜਾਕੇ ਹੋਇਆ ਦਿੱਤਾ ਹੈ।

ਅਰਸ਼ੀ ਬਾਬਲ ਜਦ ਫੜ ਬਹਾਉਂਦਾ ਹੈ, ਤੇਰੀਆਂ ਮੱਝੀਆਂ ਫੇਰ ਦੇਉਤੇ ਤੇ ਫਰਿਸ਼ਤੇ ਚਾਰਦੇ ਹਨ। ਦੇਖੋ ਜਾਲ ਦਾ ਇਕ ਬੁੱਢਾ ਬੂਟਾ ਹੈ, ਇਸ ਦੇ ਹੇਠ ਬੈਠਿਆਂ ਆਪ ਨੂੰ ਇਕ ਦਿਨ ਅਰਸ਼ੀ ਬਾਬਲ ਦੀ ਕੋਈ ਡਾਢੀ ਸੈਨਤ ਵੱਜੀ। ਮੱਝੀਆਂ ਗਈਆਂ ਜਿਧਰ ਗਈਆਂ, ਆਪ ਆਪਣੇ ਬਾਬਲ ਦੇ ਸੈਨਤ ਬੱਝੇ ਸੁਹਣੇ ਰੰਗ ਵਿਚ ਨਿਮਗਨ ਉਸ ਜਾਲ ਹੇਠਾਂ ਛਾਵੇਂ ਛਾਵੇਂ ਬਿਰਾਜੇ ਰਹੇ। ਬੈਠੇ ਰਹੇ, ਦੁਪਹਿਰਾਂ ਸਨ, ਲੇਟੇ ਰਹੇ, ਆਪ ਆਪੇ ਦੇ ਦੇਸ਼ ਖ਼ਬਰੇ ਕਿਸ ਰੰਗ ਪੰਘੂੜੇ ਝੂਟ ਰਹੇ ਹਨ। ਲੇਟ ਗਏ, ਸੁਖ ਆਸਣ ਹੋ ਗਏ। ਪਏ ਹਨ ਬਾਬਲ-ਅਰਸ਼ੀ ਬਾਬਲ--ਦੀ ਗੋਦ ਵਿਚ। ਰਾਇ ਬੁਲਾਰ ਕੋਲ ਦੀ ਲੰਘਿਆ ਡਿੱਠੋਸੁ ਮੇਰੇ ਕਾਰਦਾਰ ਦਾ ਪੁੱਤ-ਕਮਲਾ ਨਾਨਕ, ਪਰ ਜਿਸਦੀ ਕਾਜ਼ੀ, ਮੁੱਲਾਂ, ਪੰਡਤ ਪਾਂਧੇ ਸ਼ਲਾਘਾ ਕਰਦੇ ਹਨ-ਪਿਆ ਹੈ। ਪਿਆ ਰਹੁ ਸੁਹਣੇ !

ਬੁਲਾਰ ਗਿਆ ਸ਼ਿਕਾਰ ਨੂੰ; ਸਾਰਾ ਦਿਨ ਲੱਗਾ ਰਿਹਾ ਸ਼ਿਕਾਰ ਵਿਚ। ਸੂਰਜ ਟੁਰ ਪਿਆ ਪੱਛੋਂ, ਪਰਛਾਵੇਂ, ਟੁਰ ਪਏ ਪੂਰਬ, ਧੁੱਪ ਨੇ ਜਾ ਧਰਤੀ ਦਾ ਲਹਿੰਦੇ ਦਾ ਦਾਮਨ ਚੁੰਮਿਆ। ਰਾਇ ਬੁਲਾਰ ਆ ਗਿਆ ਸ਼ਿਕਾਰ ਕਰਕੇ, ਡਿੱਠੋ ਸੁ ਉਂਵੇ ਹੀ ਪਿਆ ਹੈ, 'ਕਮਲਾ ਨਾਨਕ'। ਯਾਰੋ ! ਲੋਕਾਂ ਨਾਨਕ ਦੇ ਕ੍ਰਿਸਮੇ ਡਿੱਠੇ, ਅਸਾਂ ਸੁਣੇ, ਪਰ ਅੱਖੀਂ ਡਿਠਾ ਨਾ ਕੋਈ। ਤੱਕੋ ਤਾਂ ਰੱਬ ਨਾ ਭੁਲਾਵੇ, ਅੱਜ ਅਸੀਂ ਬੀ ਨਹੀਂ ਵੇਖ ਰਹੇ ਇਕ ਕ੍ਰਿਸਮਾਂ ! ਤੱਕੋ ਯਾਰੋ, ... ਹੈਫ ਹੈ ਸਾਡੇ ਤੇ, ਤੱਕੋ, ਸਾਰੇ ਬ੍ਰਿਛਾਂ ਦੇ ਛਾਏ ਪਰਤ ਗਏ, ਏਸ ਜਾਲ[1] ਦਾ ਛਾਇਆ ਨਹੀਂ ਪਰਤਿਆ, ਨਾਨਕ ਦੇ ਤਨ ਨੂੰ ਛਾਉਂ ਦੇਣ ਦੇ ਪਹਿਰੇ ਤੇ ਕਿਸੇ ਦਾ ਖੜਾ ਕੀਤਾ ਪਹਿਰੇਦਾਰ ਜਾਪਦਾ ਹੈ। ਸੁਣਦੇ ਸਾਰ ਸਾਥੀ ਤੱਕੇ : 'ਠੀਕ, ਨਾਨਕ ਦੇ ਜਾਲ ਦੀ ਛਾਂ ਅਜੇ ਖੜੀ ਹੈ[2]।' ਬੁਲਾਰ ਨੇ ਆਖਿਆ 'ਨਾਨਕ ਮਹਾਂ ਪੁਰਖ ਹੈ, ਅਗਲੇ ਦਿਨ ਖੇਤ ਹਰਾ ਕੀਤਾ, ਅਸਾਂ ਸੁਣਿਆਂ, ਡਿੱਠਾ ਨਾ, ਪਰ ਗਲ ਪੱਕੀ ਤੇ ਅਮੰਨੇ ਵਾਲੀ ਸੀ, ਅੱਜ ਅੱਖੀਂ ਡਿੱਠਾ'। ਸੀਸ ਨਿਵਾਕੇ ਆਖਿਓਸੁ 'ਜਾਓ ਜਗਾਓ'। ਸੁਹਣਾ ਸੁਗੰਧੀ ਵਾਲਾ ਸੁਆਸ ਲੈਕੇ ਰੱਬ ਦੀ ਗੋਦ ਤੋਂ ਬਾਲਕਾ ਉਠਿਆ, ਰਾਇ ਵੱਲ ਤੱਕਿਆ। ਓਹ ਰਸੀਲੇ ਨੈਣ, ਜੋ ਸਾਈਂ ਦੇ ਰੰਗ ਦੀ ਰੰਗਣ ਵਿਚ ਭਿੱਜੇ ਪਏ ਸੇ, ਉੱਠੇ, ਬੁਲਾਰ ਦੇ ਅਸਚਰਜ ਤੇ ਸ਼ਰਧਾ ਵਾਲੇ ਨੈਣਾਂ ਉਤੇ ਪਏ, ਕੋਈ ਛੂਹ ਲਾ ਗਏ, ਕਲੇਜਾ ਕੰਬਾ ਗਏ: ਹਾਂ, ਆਪਣੇ ਅਰਸ਼ੀ ਦੇਸ਼ ਦਾ ਕੋਈ ਪੁੰਗਰਿਆ ਬੀਜ ਬੀਜ ਗਏ ! ਰਾਇ ਘਰ ਆਇਆ; ਮਹਿਤੇ ਨੂੰ ਸਦਾ ਘੱਲਿਆ। ਆਏ ਨੂੰ ਅੱਖੀਂ ਡਿੱਠੀ ਗੱਲ ਦੱਸਕੇ ਕਹਿਣ ਲੱਗਾ :-

"ਕਾਲੂ ! ਮਤ ਇਸ ਪੁਤ ਨੂੰ ਫਿਟਕਾਰ ਦੇਂਦਾ ਹੋਵਹਿਂ। ਇਹ ਮਹਾਂ ਪੁਰਖ ਹੈ, ਇਸ ਦਾ ਸਦਕਾ ਮੇਰਾ ਸ਼ਹਿਰ ਵਸਦਾ ਹੈ। ਕਾਲੂ ! ਤੂੰ ਬੀ ਨਿਹਾਲ ਹੈਂ ਜੋ ਤੇਰਾ ਪੁਤਰ ਹੈ, ਅਰ ਮੈਂ ਬੀ ਨਿਹਾਲ ਹਾਂ ਜਿਸਦੇ ਸ਼ਹਿਰ ਵਿਚ ਇਹ ਪੈਦਾ ਹੋਇਆ ਹੈ[1]। "

ਇਸੇ ਤਰ੍ਹਾਂ ਇਕ ਦਿਨ ਮੱਝੀਆਂ ਤਾਂ ਚਰਨ ਬਨ ਵਿਚ ਤੇ ਆਪ ਟਿਕ ਗਏ ਇਕ ਮੱਲਗੁਜ਼ਾਰ ਵਿਚ। ਰੁੱਤ ਗਰਮੀ ਦੀ ਸੀ, ਜਿਸ ਬ੍ਰਿਛ ਹੇਠ ਟਿਕੇ ਸਨ ਕੁਛ ਚਿਰ ਮਗਰੋਂ ਦੂਜੇ ਪਾਸੇ ਤੋਂ ਧੁੱਪ ਟਿਕਕੇ ਚਿਹਰੇ ਤੇ ਪੈਣ ਲੱਗੀ। ਇਸ ਵੇਲੇ ਇਕ ਬੁੱਢਾ ਪੁਰਾਣਾ, ਪਰ ਚਿੱਟਾ ਫਨੀਅਰ ਸੱਪ ਸੀਸ ਦੇ ਪਿੱਛੇ ਆ ਖੜੋਤਾ ਤੇ ਆਪਣੀ ਛਜਲੀ ਤਾਣਕੇ ਚਿਹਰੇ ਉੱਤੇ ਕਰ ਦਿੱਤੀ, ਜਿਸ ਨਾਲ ਧੁੱਪ ਪੈਣੋਂ ਰੁਕ ਗਈ;

> ਘਟਕਾ ਖਟ ਬੀਤ ਗਈ ਜਬ ਹੀ ਬਦਲੀ ਤਰੁ
> ਛਾਇ[2] ਲਗੀ ਮੁਖ ਘਾਮਾ। ਸ੍ਵੇਦ ਕੇ ਬਿੰਦੁ[3]
> ਮਨੋ ਅਰਬਿੰਦ[4] ਪੈ ਹੈ ਮਕਰੰਦ ਕਨੀ
> ਅਭਿਰਾਮਾ।[5] ਸ਼ੇਸ਼[6] ਜੁ ਆਨ ਕਰੀ
> ਅਭਿਬੰਦਨ ਸ੍ਵੇਤ ਸਰੂਪ ਮਹਾਂ ਛਬਿ ਧਾਮਾ।
> ਤੀਨ ਪ੍ਰਦੱਛਨ ਦੈ ਪ੍ਰਭੁ ਕੋ ਫਨ ਛਾਇ ਕਰੀ ਮੁਖ
> ਪੈ ਤਿਹ ਠਾਮਾ। (ਗੁਰੂ ਨਾਨਕ ਸੂਰਯੋਦੈ)

---

[1] ਜਾਲ ਦਾ ਇਹ ਬੁੱਢਾ ਬ੍ਰਿਛ ਅਜੇ ਬੈਠਾ ਹੈ, ਕਈ ਤੜ ਮੁੜ ਭੱਜ ਟੁਟ ਵੇਖ ਚੁਕਾ ਹੈ, ਪਰ ਅਜੇ ਛਾਯਾਦਾਰ ਹੈ, ਲੱਖਾਂ ਪਿਆਰ ਭਰੇ ਨੇਤ੍ਰਾਂ ਨੇ ਸਾਢੇ ਚਾਰ ਸੌ ਬਰਸਾਂ ਵਿਚ ਇਸ ਦੇ ਦਰਸ਼ਨ ਕੀਤੇ ਹਨ। ਇਥੇ ਗੁਰਦਵਾਰਾ ਹੈ-ਮਾਲ ਜੀ ਸਾਹਿਬ।

[2] ਪਰ ਜਾਂ ਦੇਖੋ ਤਾਂ ਹੋਰਨਾਂ ਦਰਖਤਾਂ ਦੀ ਛਾਇਆ ਚਲ ਗਈ ਹੈ, ਅਰ ਇਸ ਦਰਖਤ ਦਾ ਪਰਛਾਵਾਂ ਖੜਾ ਹੈ।

---

[1] ਪੁ: ਜ: ਸਾਖੀ।

[2] ਬ੍ਰਿਛ ਦੀ ਛਾਂ ਬਦਲੀ। [3] ਮੁੜ੍ਹਕੇ ਦੇ ਤੁਪਕੇ।

[4] ਮਾਨੋ ਕਮਲ ਉਤੇ। [5] ਸੁੰਦਰ।

[6] ਸ਼ੇਸ਼ਨਾਗ।

ਅੱਜ ਬੀ ਸੁਭਾਗ ਰਾਇ ਬੁਲਾਰ ਆ ਨਿਕਲਿਆ, ਉਸ ਜਾਤਾ ਕਿ ਕੋਈ ਛੇੜੂ ਕਪੜਾ ਤਾਣ ਸੁੱਤਾ ਹੈ, ਪਰ ਗਹੁ ਨਾਲ ਤੱਕਣ ਤੇ ਪਤਾ ਲੱਗਾ ਜੋ ਛਜਲੀ ਵਾਲਾ ਸੱਪ ਹੈ; ਤ੍ਰਬ੍ਰਕ ਗਿਆ ਤੇ ਸਵਾਰ ਨੂੰ ਕਿਹਾ ਕਿ ਸੱਪ ਨੂੰ ਡਰਾਕੇ ਤੋਰ ਦਿਓ, ਜੋ ਬੱਚੇ ਨੂੰ ਡੰਗ ਨਾ ਜਾਵੇ। ਖੜਾਕ ਸੁਣਕੇ ਅਰਸ਼ੀ ਮਾਲਕ ਦੀ ਗੋਦ ਵਿਚ ਟਿਕਿਆ ਲਾਲ ਉੱਠ ਬੈਠਾ, ਸੱਪ ਗੁੰਮ ਹੋ ਗਿਆ, ਪਰ ਰਾਇ ਬੁਲਾਰ ਹੱਕਾ ਬੱਕਾ ਹੋ ਅੱਗੇ ਵਧਿਆ। ਟੱਕ ਬੰਨ੍ਹਕੇ ਤੱਕੇ, ਸੋਚੇ, 'ਹੈਂ ਸੱਪ ਬੀ ਇਸ ਨੂੰ ਛਾਇਆ ਕਰਦੇ ਹਨ ?' ਪਰ ਹੇ ਰਾਇ ਬੁਲਾਰ, ਦੇਖ ਫ਼ਰੀਦ ਕੀ ਦੱਸਦਾ ਹੈ ਰੱਬ ਦੀ ਜ਼ੁਬਾਨੀ :-

"ਫਰੀਦਾ ਜੇ ਤੂ ਮੇਰਾ ਹੋਇ ਰਹਹਿ
ਸਭੁ ਜਗੁ ਤੇਰਾ ਹੋਇ[1] ॥

ਰਾਈ ਦੀ ਹੈਰਾਨੀ ਨੂੰ ਸ਼ਰਧਾ ਨੇ ਆਕੇ ਸ਼ਾਂਤ ਕੀਤਾ। ਜੋ ਫਨੀਅਰ ਸੱਪ ਦੀ ਐਤਨੀ ਨਿਕਟਤਾ ਵਿਚ ਜੀਉਂਦਾ ਰਿਹਾ ਹੈ, ਹਾਂ, ਜਿਸਨੂੰ ਸੱਪ ਛਜਲੀ ਦੀ ਛਾਂ ਕਰ ਰਿਹਾ ਸੀ ਉਹ ਜ਼ਰੂਰ ਕਰਾਮਾਤੀ ਬੰਦਾ ਹੈ। ਅੱਗੇ ਹੋਕੇ ਸੁਹਣੇ ਸੰਤ ਨੂੰ ਸੀਸ ਨਿਵਾਇਆ, ਫੇਰ ਗਲੇ ਲਾਕੇ ਉਸ ਦੀ ਛੁਹ ਪ੍ਰਾਪਤ ਕੀਤੀ ਜੋ ਰੱਬੀ ਰੌ ਨਾਲ ਸਰਸ਼ਾਰ ਸੁਹਣੇ ਦੇ ਸਰੀਰ ਤੋਂ ਰੱਬੀ ਰੰਗ ਦੀ ਰੰਗਤ ਉਸ ਨੂੰ ਲਾ ਗਈ[2]।

## ੧੦. {ਲਿਵਲੀਨਤਾ}

ਸੋ ਕਿਉ ਵਿਸਰੈ ਮੇਰੀ ਮਾਇ ॥
ਸਾਚਾ ਸਾਹਿਬ ਸਾਚੈ ਨਾਇ ॥੧॥(ਆਸਾ ਮ: ੧)

ਹੁਣ ਫੇਰ ਕੋਈ ਉਹੋ ਅੰਦਰਲੇ ਦੀ ਅੰਦਰ ਨੂੰ ਖਿਚ ਦਾ ਪ੍ਰਬਲ ਵੇਗ ਆਇਆ। ਮੱਝੀਆਂ ਛੇੜਨ ਦਾ ਕੰਮ ਰਹਿ ਚੁਕਾ। ਬਨ ਵਿਚ ਜਾਂ ਟਿਕੇ ਰਹਿਣਾ, ਜਾਂ ਸਾਧਾਂ ਫਕੀਰਾਂ ਦੀ ਮਜਲਸ ਵਿਚ ਜਾ ਬਹਿਣਾ, ਸੁਣਨਾ, ਪੁੱਛਣਾ, ਆਪਣੇ ਕਟਾਖਜ ਦੇਣੇ, ਕਦੇ ਕਿਸੇ ਵੇਲੇ ਕੋਈ ਸ਼ਬਦ ਕਹਿਣਾ, ਗਾਉਣਾ, ਫੇਰ ਗੁੰਮ ਹੋ ਜਾਣਾ। ਆਪਣੇ ਆਪੇ ਵਿਚ ਮਗਨ ਯਾ ਸੰਤ ਸਭਾ ਵਿਚ ਹਰਿ ਕੀਰਤਨ ਦੇ ਵਿਵਹਾਰ ਰਹਿ ਗਏ, ਹੋਰ ਸਭ ਨਾਲ ਚੁਪ ਚਾਪ ਜੇਹੇ, ਉਦਾਸ ਬ੍ਰਿਤੀ ਹੋ ਗਏ। ਕਿਤਨਾ ਚਿਰ ਇਸ ਤਰ੍ਹਾਂ ਲੰਘਣ ਤੇ ਲੋਕਾਂ ਵਿਚ ਚਰਚਾ ਚੱਲ ਪਈ ਕਿ ਦੀਵਾਨਾ ਹੋ ਗਿਆ ਹੈ, ਸਿਆਣੇ ਕਹਿਣ ਕਿ ਹੁਣ ਫਕੀਰੀ ਘਰ ਕਰ ਗਈ ਹੈ, ਇਹ ਸੰਨਯਾਸੀ ਹੋਕੇ ਨਿਕਲ ਟੁਰੇਗਾ ! ਦੋਵੇਂ ਗੱਲਾਂ ਮਾਂ ਨੂੰ ਸੁਖਾਉਣ ਨਾ। ਸੋ ਇਕ ਦਿਨ ਉਹ ਲਗੀ ਸਮਝਾਉਣ। ਹਾਂ, ਮਾਂ ਨੇ ਬਥੇਰਾ ਸਮਝਾਇਆ, ਪਰ ਉਹਨਾਂ ਦੇ ਦਿਲ ਕੋਈ ਨਾ ਲਗੀ। ਚਾਰ ਪੰਜ ਦਿਨ ਪਿਆਂ ਹੀ ਬੀਤ ਗਏ, ਨਾ ਅੰਨ ਨਾ ਜਲ ॥ ਤਦ ਨੌਂਹ ਸੱਸ ਨੂੰ ਕਹਿਣ ਲੱਗੀ : ਮਾਂ ਜੀ ! ਕੋਈ ਉਪਾਉ ਕਰੋ। ਫੇਰ ਮਾਤਾ ਨੇ ਦੈਵੀ ਬਾਲਕੇ ਨੂੰ ਸਮਝਾਇਆ, ਐਤਕੀ ਇਹ ਬੀ ਆਖਿਓਸੁ ਕਿ ਤੂੰ ਕੰਮ ਚਾਹੇ ਕੋਈ ਨਾ ਕਰ; ਪਰ ਦਿਲਗੀਰੀ ਛੱਡ : ਉੱਠ, ਟੁਰ ਫਿਰ, ਖਾ ਪੀ।

ਹਣੂ ਆਪ ਫੇਰ ਕੁਛ ਵਿਕਾਸ਼ ਵਿਚ ਆ ਗਏ। ਕੁਛ ਦਿਨ ਰਤਾ ਕੁ ਉਨ੍ਹਾਂ ਨੂੰ ਖਿੜੇ ਦੇਖਕੇ ਮਹਿਤੇ ਕਾਲੂ ਨੇ ਫੇਰ ਗੱਲ ਛੇੜੀ ਕਿ "ਬੇਟਾ ਜੀਉ ! ਤੁਸੀਂ ਖੇਤੀ ਸੰਭਾਲੋ। ਕਾਮੇ ਰੱਖ ਦੇਂਦੇ ਹਾਂ, ਆਪਣੀ ਜ਼ਮੀਨ ਹੈ, ਵਾਹੀ ਕਰਾਓ, ਕੰਮ ਥੋੜਾ ਨਿਗਰਾਨੀ ਦਾ ਹੋਵੇਗਾ, ਬਾਕੀ ਕਰਨ ਵਾਲੇ ਕਾਮੇ ਹੋਣਗੇ। ਤੁਸੀਂ ਹੁਣ ਪਰਵਾਰ ਵਾਲੇ ਹੋ, ਕੁਛ ਕਰੋਗੇ ਤਾਂ ਅਗੋਂ ਆਉਣ ਵਾਲਾ ਜੀਆ ਜੰਤ ਪਲੇਗਾ ਤੇ ਸਾਡੀ ਪਤ ਅਬਰੋ ਬੀ ਬਣੇਗੀ। ਖੇਤੀ ਨੂੰ ਚਿੱਤ ਨਾ ਕਰੇ ਤਾਂ ਹੱਟੀ ਪਾ ਲਓ, ਹੱਟ ਨੂੰ ਚਿੱਤ ਨਾ ਕਰੇ ਤਾਂ ਸੁਦਾਗਰੀ ਕਰੋ, ਘੋੜੇ ਲੈ ਦੇਂਦਾ ਹਾਂ, ਦੇਸ਼ ਪ੍ਰਦੇਸ਼ ਫਿਰੋ, ਵੇਚੋ, ਖਰੀਦੋ, ਖਰੀਦੋ ਵੇਚੋ। ਜੇ ਕਿਸੇ ਗੱਲੇ ਚਿੱਤ ਨਾ ਲੱਗੇ ਤਾਂ ਫਿਰ ਕਿਤੇ ਦੇਸ਼ ਪ੍ਰਦੇਸ਼ ਨੌਕਰੀ ਕਰੋ। ਜੇ ਤੁਸੀਂ ਵਿਹਲੇ ਰਹੇ ਤਾਂ ਲੋਕ ਮਖੱਟੂ ਕਹਿਣਗੇ, ਜੇ ਸਾਧ ਹੋਕੇ ਟੁਰ ਗਏ ਤਾਂ ਅਸੀਂ ਕਿਸ ਆਸਰੇ ਜੀਵਾਂਗੇ ਤੇ ਲੋਕੀ ਵੱਖ ਮਿਹਣੇ ਮਾਰਨਗੇ।" ਤਦ ਸਤਿਗੁਰਾਂ ਨੇ ਆਖਿਆ 'ਪਿਤਾ ਜੀ ! ਹੁਣ ਖੇਤੀ ਦਾ ਹੀ ਕੰਮ ਹੋ ਰਿਹਾ ਹੈ, ਸੁਹਣੀ ਜੰਮ ਗਈ ਹੈ, ਨਿਰੰਕਾਰ ਪਕਾਵੇਗਾ। ਹੱਟ ਬੀ ਖੁੱਲ੍ਹ ਪਈ ਹੈ,

---

[1] ਸ਼ੇਖ ਸਾਅਦੀ ਲਿਖਦਾ ਹੈ :-"ਤੂੰ ਹਮ ਗਰਦਨ ਅਜ਼ ਹੁਕਮੇ ਦਾਵਰ ਮਪੇਚ। ਕਿ ਗ਼ਰਦਨ ਨ ਪੇਚਦ ਜਿ ਹੁਕਮੇ ਤੋ ਹੇਚ।"-ਅਰਥਾਤ ਤੂੰ ਵਾਹਿਗੁਰੂ ਦੇ ਹੁਕਮ ਤੋਂ ਗਰਦਨ ਨਾ ਫੇਰ ਕਿ ਤੇਰੇ ਹੁਕਮ ਤੋਂ ਵੀ ਕੋਈ ਗਰਦਨ ਨਾ ਫੇਰੇ।

[2] ਮਾਲ ਜੀ ਸਾਹਿਬ ਗੁਰਦਵਾਰਾ ਹੀ ਇਸ ਸੱਪ ਦੀ ਛਾਯਾ ਦਾ ਯਾਦਗਾਰੀ ਮੰਦਰ ਹੈ।

ਨਿਰੰਕਾਰ ਨਫੇਵੰਦ ਕਰੇਗਾ। ਸੁਦਾਗਰੀ ਬੀ ਟੁਰ ਪਈ ਹੈ, ਨਿਰੰਕਾਰ ਲਾਹੇ ਦਾ ਮੂੰਹ ਦਿਖਾਵੇਗਾ। ਚਾਕਰੀ ਬੀ ਹੋ ਆਈ ਹੈ, ਮਾਲਕ ਨਾਲ ਰਹਿ ਬਣ ਆਵੇਗੀ। " ਅਚੰਭਾ ਹੋਕੇ ਮਹਿਤਾ ਕਾਲੂ ਨੇ ਵੇਰਵਾ ਪੁੱਛਿਆ ਤਾਂ ਆਪ ਇਕ ਗੰਭੀਰ ਅਡੋਲ ਸੁਰ ਵਿਚ ਗਾਂਵੇਂ :-

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ ੧ ॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥ ੨ ॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥ ੩ ॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥ (ਸੋਰਠਿ ਮ: ੧, ਘ: ੧)

ਇਹ ਸੱਦ ਦੇ ਕੇ ਸਹਿਜ ਨਾਲ ਗੁਰੂ ਜੀ ਨੇ ਪਿਤਾ ਜੋਗ ਇਹ ਵਾਕ ਕਹੇ :-

[1] ਪਿਤਾ ਜੀ ! ਅਸਾਡੀ ਖੇਤੀ ਬੀਜੀ ਖਰੀ ਜੰਮੀ ਹੈ, ਅਸਾਂ ਇਸ ਖੇਤੀ ਦਾ ਇਤਨਾ ਆਸਰਾ ਹੈ ਜੋ ਹਾਸਲ ਦੀਵਾਨ ਕਾ ਸਭੁ ਉਤਰੇਗਾ, ਤਲਬ ਕੋਈ ਨਾ ਕਰੇਗਾ, ਪੁਤ੍ਰ ਧੀਆਂ ਸੁਖਾਲੇ ਹੋਵਣਗੇ ਅਤੇ ਫਕੀਰ ਭਿਰਾਉ ਭਾਈ ਸਭ ਕੋਈ ਵਰੁਸਾਵੈਗਾ। ਜਿਸ ਸਾਹਿਬ ਦੀ ਮੈਂ ਕਿਰਸਾਣੀ ਵਾਹੀ ਹੈ, ਸੋ ਮੇਰਾ ਬਹੁਤ ਖਸਮਾਨਾ ਕਰਦਾ ਹੈ। ਜਿਸ ਦਿਨ ਦੀ ਉਸ ਦੇ ਨਾਲ ਬਣਿ ਆਈ ਹੈ, ਤਿਸ ਦਿਨ ਦਾ ਬਹੁਤ ਖੁਸ਼ੀ ਰਹਿੰਦਾ ਹਾਂ, ਜੋ ਕਿਛੁ ਮੰਗਦਾ ਹਾਂ ਸੋ ਦੇਂਦਾ ਹੈ। ਪਿਤਾ ਜੀ ! ਅਸਾਂ ਏਵਡ ਸਾਹਿਬ ਟੋਲ ਲੱਧਾ ਹੈ, ਸਉਦਾਗਰੀ, ਚਾਕਰੀ, ਹੱਟ ਪੱਟਣ ਸਭ ਸੌਂਪ ਛਡਿਆ ਹੈਸੁ।'

ਤਬ ਕਾਲੂ ਹੈਰਾਨ ਹੋਇ ਗਇਆ। ਆਖਿਓਸੁ 'ਬੇਟਾ ! ਤੇਰਾ ਸਾਹਿਬ ਅਸਾਂ ਡਿੱਠਾ ਸੁਣਿਆਂ ਕਿਛੁ ਨਹੀਂ'। ਤਬ ਗੁਰੂ ਬਾਬੇ ਨਾਨਕ ਆਖਿਆ; 'ਜਿਨ੍ਹਾਂ ਮੇਰਾ ਸਾਹਿਬ ਡਿੱਠਾ ਹੈ, ਤਿਨ੍ਹਾਂ ਸਲਾਹਿਆ ਹੈ।' ਤਬ ਗੁਰੂ ਨਾਨਕ ਹਿਕ ਸਬਦ ਉਠਾਇਆ-

ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥ ੨ ॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥ ੩ ॥ ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥ (ਆਸਾ ਮ: ੧)

ਤਬ ਫਿਰ ਕਾਲੂ ਕਹਿਆ : 'ਏਹ ਗੱਲਾਂ ਛੱਡ ਲੋਕਾਂ ਦਾ ਮਾਰਗ ਪਕੜ, ਕਿਰਤ ਬਿਨਾਂ ਜੀਵਨ ਥੋੜਾ ਹੈ।' ਤਬ ਫੇਰ ਬਾਬਾ ਨਾਨਕ ਚੁੱਪ ਕਰ ਰਹਿਆ, (ਬਾਬਾ ਕਾਲੂ) ਜਾਇ ਕਿਰਤ ਲੱਗਾ, ਆਖਿਓਸੁ: 'ਏਹ ਅਸਾਡੇ ਕਮਹੁੰ ਕਾਜਹੁੰ ਗਇਆ। ਪਰ ਬਾਹਰ ਖੇਤੀ ਉਜੜੇ ਨਾਹੀਂ'। ਤਦ ਮਾਤਾ ਆਈ, ਆਇ ਲਗੀ ਉਪਦੇਸੁਨ। ਆਖਿਓਸੁ: 'ਬੇਟਾ ! ਤੂੰ ਚਾਰ ਦਿਨ ਨਾਮ ਵਿਸਾਰ ਦੇਹ, ਉਠੀ ਖੜਾ ਹੋਹੁ, ਕਪੜੇ ਲਾਇ, ਗਲੀ ਕੂਚੇ ਫਿਰ ਜੋ ਲੋਕਾਂ ਦਾ ਵਿਸਾਹ ਹੋਵੇ, ਜੋ ਸਭ ਕੋਈ ਆਖੇ: ਜੋ ਕਾਲੂ ਦਾ ਪੁਤ੍ਰ ਚੰਗਾ ਹੋਆ।' ਤਬ ਬਾਬਾ ਬੋਲਿਆ ਸ਼ਬਦ :-

ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ

[1] ਪ: ਜਨਮ ਸਾਖੀ। ਇਥੋਂ ਲੈਕੇ ਸਫੇ ਪਪ ਦੇ ਨਿਸਾਨ ਤਕ ਦਾ ਪਾਠ ਪੁ: ਜਨਮ ਸਾਖੀ ਦਾ ਹੈ।

ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੨॥ {ਆਸਾ ਮ:੧ ਘ:੨-੩੪੯}

ਤਬ ਮਾਤਾ ਉਠਿ ਗਈ, ਜਾਇ ਖਬਰ ਕੀਤੀ ਪਰਵਾਰ ਵਿਚ, ਤਬ ਸਾਰਾ ਪਰਵਾਰ ਸਭ ਕੁਟੰਬ ਬੇਦੀਆਂ ਕਾ ਲਾਗਾ ਝੂਰਨ। ਆਖਣ ਲੱਗੇ ਜੋ ਵੱਡਾ ਹੈਫ ਹੋਆ, ਜੋ ਕਾਲੂ ਦਾ ਪੁਤ੍ਰ ਦੇਵਾਨਾ ਹੋਇਆ [੧]।

### ੧੧. {ਵੈਦ}

ਹੁਣ ਪਰਵਾਰ ਦੇ ਲੋਕੀਂ ਆ ਆ ਕੇ ਲੱਗੇ ਗੁਰ ਨਾਨਕ ਨੂੰ ਸਮਝਾਉਣ, ਉਨ੍ਹਾਂ ਦੇ ਚਾਚੇ ਲਾਲੂ ਨੇ ਤਾਂ ਬਹੁਤ ਹੀ ਮੱਤਾਂ ਦਿੱਤੀਆਂ, ਛੇਕੜ ਆਖਿਓ ਸੂ ਕਿ 'ਤੂੰ ਪਰਵਾਰ ਦੇ ਦੱਸੇ ਕਿਸੇ ਕੰਮ ਤੇ ਖੁਸ਼ੀ ਨਹੀਂ ਹੋਇਆ, ਹੋਰ ਨਹੀਂ ਤਾਂ ਟੁਰ ਫਿਰ, ਖਾਹ ਪੀ, ਕੁਛ ਨਾ ਕਰ, ਰਾਜ਼ੀ ਖੁਸ਼ੀ ਦਿੱਸ ਤਾਂ ਸਹੀ ਜੋ ਲੋਕੀਂ ਤੈਨੂੰ ਬਾਵਲਾ ਤਾਂ ਨਾਂ ਆਖਣ'। ਸਾਰੀਆਂ ਸੁਣੀਆਂ ਪਰ ਰੰਗ ਰੱਤੜੇ ਨੇ ਉੱਤਰ ਕੋਈ ਨਾ ਦਿੱਤਾ। ਇਸ ਤੋਂ ਮਗਰੋਂ ਕਈ ਦਿਨ ਆਪ ਨਾ ਉੱਠੇ, ਨਾ ਕੁਛ ਖਾਧਾ ਨਾ ਪੀਤਾ। ਤਦ ਟੱਬਰ ਨੇ ਸਮਝਿਆ ਕਿ ਮਤੇ ਕੋਈ ਰੋਗ ਹੋਵੇ। ਇਸ ਦੇ ਵੱਸ ਹੀ ਨਾ ਹੋਵੇ ਉੱਦਮ ਤੇ ਉਸਰੱਗੀ, ਕੰਮ ਵਾਸਤੇ ਸਾਹਸ। ਇਹ ਜੋ ਤ੍ਰੈ ਮਹੀਨੇ ਇਸ ਤਰ੍ਹਾਂ ਪਿਆਂ ਹੋ ਗਏ ਹਨ ਇਹ ਕੀਹ ਜਾਣੀਏ ਕੋਈ ਅਹੁਰ ਹੀ ਹੋਵੇ।

ਤਦ ਮਹਿਤਾ ਕਾਲੂ ਵੈਦ ਨੂੰ ਸੱਦ ਲਿਆਇਆ। ਵੈਦ ਆਕੇ ਬਾਂਹ ਦੀ ਨਾੜ ਵੇਖਣ ਲੱਗਾ, ਤਦ ਆਪ ਨੇ ਬਾਂਹ ਖਿੱਚ ਲਈ ਤੇ ਪੈਰ ਕੱਠੇ ਕਰਕੇ ਉੱਠ ਬੈਠੇ ਤੇ ਪੁੱਛਣ ਲਗੇ, "ਤੂੰ ਕੀਹ ਕਰਦਾ ਹੈਂ?" ਵੈਦ ਨੇ ਕਿਹਾ, 'ਤੁਸਾਡੇ ਰੋਗ ਦੀ ਪਛਾਣ ਕਰਨ ਲਗਾ ਹਾਂ"। ਤਦ ਰੰਗ ਰੱਤੜੇ ਦੇ ਬੁੱਲ੍ਹ ਮੁਸਕ੍ਰਾਏ ਤੇ ਬੋਲੇ :-

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ {ਵਾਰ ਮਲਾਰ ਮ: ੧}

ਤਦ ਵੈਦ ਨੇ ਕਿਹਾ, ਹੇ ਨਾਨਕ ! ਜੇ ਕਲੇਜੇ ਦੀ ਪੀੜ ਹੈ ਤਾਂ ਮੈਨੂੰ ਦੇਖ ਲੈਣ ਦੇਹ, ਐਸਾ ਦਾਰੂ ਦਿਆਂਗਾ ਜੋ ਰਾਜ਼ੀ ਥੀਵੇਂ, ਤਦ ਆਪ ਬੋਲੇ :-

ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥ ੧ ॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ ॥ ੨ ॥ ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸੁ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥ ੩ ॥ ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ[੧] ॥੪॥੨॥੭॥

{ਮਲਾ: ਮ.੧ ਘ: ੨}

ਤਦ ਵੈਦ ਠਿਠੰਬਰਿਆ ਤੇ ਸੋਚੀਂ ਪੈ ਗਿਆ। ਵਿਚਾਰ ਕਰਕੇ ਕਿ ਇਹ ਰੋਗੀ ਨਹੀਂ, ਇਹ ਤਾਂ ਕਿਸੇ ਉੱਚੇ ਰੰਗ ਵਿਚ ਹੈ, ਹੌਲੇ ਜਿਹੇ ਕਹਿਣ ਲੱਗਾ : "ਦਾਰੂ ਦੀ ਇਥੇ ਲੋੜ ਨਹੀਂ ਜਾਪਦੀ, ਕੋਈ ਜੱਗ, ਹੋਮ, ਪੂਜਾ ਪਾਠ ਕਰਾਓ, ਜੋ ਸੁਰਤ ਸੰਭਾਲੇ। ਫਿਰ ਜੇ ਕੋਈ ਸ਼ੀਰ ਦੀ ਅਹੁਰ ਹੋਈ, ਤਾਂ ਕੋਈ ਮਾਰੀ ਹੋਈ ਔਖਧੀ ਦਿਆਂਗਾ ਜੋ ਕੱਖ ਜਿੰਨੀ ਦਿੱਤਿਆਂ ਸ਼ੀਰ ਸੁਰਤ ਫੜ ਆਵੇਗਾ।" ਇਹ ਜਗਦਾਤਾ ਨੇ ਸੁਣਕੇ ਵੈਦ ਵਲ ਇਕ ਤਰਸ ਭਰੀ, ਉਪਦੇਸ਼

[੧] ਪੁ: ਜਨਮ ਸਾਖੀ।

[੧] ਇਸ ਦੇ ਭਾਵ ਲਈ ਦੇਖੋ 'ਕਲਗੀਧਰ ਚਮਤਕਾਰ' ਉਤਰਾਰਧ ਦਾ ਸਫਾ ੧੫੪ ਤੇ ੧੫੫

ਵਾਲੀ, ਮਾਂ ਦੇ ਪਜ਼ਾਰ ਵਾਲੀ, ਪਿਤਾ ਦੇ ਸੁਆਰਨ ਦੀ ਦਾਤ ਵਾਲੀ ਝਿੜਕ ਭਰੀ ਨਜ਼ਰ ਨਾਲ ਤੱਕ ਕੇ ਉਚਾਰ ਕੀਤਾ-

[1] ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮੁ ਮਾਰੈ ਠੇਹ॥੧॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ॥ ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ॥ ਦੇਹ ਨ ਨਾਉ ਨ ਹੋਵੈ ਜਾਤਿ॥ ਓਥੈ ਦਿਹੁ ਐਥੈ ਸਭ ਰਾਤਿ ॥੨॥ ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ॥ ਹੋਮ ਜਗ ਅਰੁ ਪਾਠ ਪੁਰਾਣ॥ ਜੋ ਤਿਸੁ ਭਾਵੈ ਸੋ ਪਰਵਾਣ ॥੩॥ ਤਪੁ ਕਾਗਦੁ ਤੇਰਾ ਨਾਮੁ ਨੀਸਾਨੁ॥ ਜਿਨਿ ਕਉ ਲਿਖਿਆ ਏਹੁ ਨਿਧਾਨੁ॥ ਸੇ ਧਨਵੰਤ ਦਿਸਹਿ ਘਰਿ ਜਾਇ॥ ਨਾਨਕ ਜਨਨੀ ਧੰਨੀ ਮਾਇ ॥੪॥੩॥੮॥ (ਮਲਾਰ ਮ: ੧ ਘਰ ੨)

ਤਦ ਵੈਦ ਡਰਕੇ ਪਿੱਛੇ ਹਟਿਆ, ਨੈਣ ਮੁੰਦ ਗਏ, ਤੇ ਅੰਝੂ ਭਰ ਆਏ, ਦੋਏ ਹਥ ਜੋੜ ਨਮਸਕਾਰ ਕੀਤੀ ਤੇ ਕਿਹਾ :-

'ਅਬ ਮੁਝ ਪਰ ਇਹੁ ਕਰੁਣਾ ਕਰੀਏ। ਮਨ ਕੇ ਰੋਗ ਸਗਲ ਪਰਹਰੀਏ'। ਸ੍ਰੀ ਗੁਰ ਕਹਯੋ 'ਕਰੋ ਸਤਿਸੰਗਾ। ਦਿਨ ਥੋਰਨ ਮੈ ਹੋਵਹਿੰ ਭੰਗ'॥ (ਨਾ: ਪ੍ਰ:)

ਫਿਰ ਨਮਸਕਾਰ ਕਰ ਵਿਦਾ ਹੋਇਆ ਤੇ ਪਰਿਵਾਰ ਨੂੰ ਕਹਿ ਗਿਆ: "ਇਹ ਮਹਾਂ ਪੁਰਖ ਹਨ, ਰੋਗੀ ਨਹੀਂ ਹਨ, ਚਿੰਤਾ ਨਾ ਕਰੋ"। ਇਸੇ ਰੰਗ ਵਿਚ ਇਕ ਦਿਨ ਤ੍ਰੈਏ ਪੰਡਿਤ ਦਰਸ਼ਨਾਂ ਨੂੰ ਆਏ। ਆਕੇ ਨਮਸਕਾਰ ਕੀਤੀ ਤੇ ਆਪਣੇ ਸ਼ਰਧਾ ਭਰੇ ਵਾਕਾਂ ਦੇ ਅਖੀਰ ਵਿਚ ਸਮਝਾਇਆ ਕਿ ਮਾਤਾ ਪਿਤਾ ਦੁਖੀ ਹਨ, ਤੁਸੀਂ ਉੱਠੋ, ਉਹਨਾਂ ਨੂੰ ਸੁਖੀ ਕਰੋ। ਤਦ ਆਪ ਦੇ ਨੈਣ ਅਰਸ਼ਾਂ ਵਲ ਉੱਠੇ, ਕੋਈ ਅਚਰਜ ਭਾਵ ਅੰਦਰੋਂ ਲੰਘੇ ਤੇ ਫੇਰ ਨੈਣ ਮੁੰਦ ਗਏ, ਫੇਰ ਉੱਠੇ ਤਦ ਓਹ ਭਾਵ ਏਸ ਸ਼ਬਦ ਦਾ ਰੂਪ ਲੈਕੇ ਅੰਦਰੋਂ ਬਾਹਰ ਆਏ :-

ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥ ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ॥੪॥ ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥ ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥

(ਗਉ: ਚੇਤੀ ਮ: ੧)

## ੪. ਖਰਾ ਸੌਦਾ [2]।

੧. {ਦਿਲਗੀਰੀ}

ਮਾਤਾ-ਜਿਉਂ ਦੀ ਠੰਢੀ ਰੁੱਤ ਆਈ ਹੈ, ਕਾਕੀ! ਤੇਰੇ ਵੀਰ ਜੀ ਹੁਣ ਦਿਨੇ ਰਾਤ ਪਏ ਹੀ ਰਹਿੰਦੇ ਹਨ, ਨਾ ਉੱਠਦੇ ਹਨ, ਨਾ ਫਿਰਦੇ ਹਨ, ਨਾ ਟੁਰਦੇ ਹਨ, ਨਾ ਕਿਸੇ ਨਾਲ ਕੁੱਦੇ ਸਹਿੰਦੇ ਹਨ, ਕਦੇ ਤੇਰੇ ਨਾਲ ਬੀ ਬੋਲੇ ਚੱਲੇ ਹਨ ਕਿ ਨਹੀਂ ?

ਬੀਬੀ-ਅੰਮਾਂ ਜੀ ! ਘੱਟ ਹੀ ਬੋਲਦੇ ਹਨ, ਅਪਣੇ ਕਿਸੇ ਰੰਗ ਵਿਚ ਮਗਨ ਪਏ ਰਹਿੰਦੇ ਹਨ, ਤ੍ਰੈ

[1] ਇਸ ਦੇ ਭਾਵ ਲਈ ਦੇਖੋ ਕਲਗੀਧਰ ਚਮਤਕਾਰ (ਉਤ੍ਰਾਰਧ) ਦਾ ਪ੍ਰਸੰਗ' ੨੮. ਕਲਗੀਧਰ ਜੀ ਦੀਨੇ। {ਪੰਨਾ: ੧੪੬}

[2] ਇਹ ਲੇਖ ਸੰਮਤ ਗੁ: ਨਾ: ਸਾਹਿਬ ੪੫੪ (੧੯੨੩ ਈ:) ਦੇ ਗੁਰਪੁਰਬ ਪੁੰਨਮ ਪਰ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਮਹੀਨੇ ਹੋਣ ਤੇ ਆਏ ਹਨ ਇਹੋ ਹਾਲ ਹੈ ।

ਮਾਤਾ-ਕੀ ਕਰੀਏ? ਇਕੋ ਇਕ ਪੁੱਤ ! ਉਹ ਬੀ ਕਦੇ ਬਾਉਲਾ ਕਦੇ ਕਮਲਾ, ਕਦੇ ਘਰ ਲੁਟਾਉਂਦਾ, ਕਦੇ ਪਿਆ ਰਹਿੰਦਾ, ਕਦੇ ਉਸਰੱਗੀਆਂ ਕਦੇ ਦਿਲਗੀਰੀਆਂ! ਹੇ ਭਗਵੰਤ ਸਾਡੇ ਭਾਗ! ਕਿਵੇਂ ਕਰੀਏ?

ਬੀਬੀ-ਅੰਮਾਂ ਜੀ ! ਇਉਂ ਨਾ ਆਖੋ, ਸਾਡੇ ਭਾਗ ਸਾਰੇ ਜਗਤ ਤੋਂ ਚੰਗੇ, ਵੀਰ ਜੀ ਸਾਰਿਆਂ ਤੋਂ ਉੱਚੇ। ਜੋ ਕੌਤਕ ਕਰਦੇ ਹਨ ਸਭ ਉਨ੍ਹਾਂ ਦੇ ਚੋਜ ਹਨ। ਓਹ ਜਗਤ ਦੀ ਹੋਸ਼ ਹਨ। ਮਾਂ ਜੀ! ਕਮਲੇ ਨਾ ਆਖੋ।

ਮਾਤਾ-ਕਾਕੀ ! ਤੈਨੂੰ ਪਤਾ ਨਹੀਂ ਕੀਹ ਦਿੱਸਦਾ ਹੈ ਤੇ ਕਿਵੇਂ ਦਿੱਸਦਾ ਹੈ, ਸਾਡੀ ਤਾਂ ਨਮੋਸ਼ੀ ਨਾਲ ਜਾਨ ਅੱਕਲਕਾਂਦ ਆ ਗਈ ਹੈ ਤੇ ਫਿਕਰਾਂ ਨਾਲ ਦਿਲ ਬਹਿ ਗਿਆ ਹੈ। ਹੋਸ਼ ਕਰੇ, ਉੱਠੇ ਟੁਰੇ ਫਿਰੇ, ਕੰਮ ਕਾਜ ਕਰੇ, ਘਰ ਬਾਰ ਸਾਂਭੇ, ਸੁਹਣਾ ਖਟਾਊ ਪੁਤ੍ਰ ਬਣੇ, ਦਊਂ ਦਊਂ ਕਰਦਾ ਆਵੇ, ਹੱਸੇ ਵੱਸੇ, ਰੱਸੇ, ਖਿੜੇ ਖਿੜਾਵੇ। ਹਰ ਵੇਲੇ ਪਏ ਰਹਿਣਾ, ਕਦੇ ਰੋਣ ਲਗਣਾ ਤਾਂ ਰੋਈ ਹੀ ਜਾਣਾ, ਹੱਸਣ ਲਗਣਾ ਤਾਂ ਹੱਸੀ ਹੀ ਜਾਣਾ। ਸਿਰ ਮੂਧੇ ਪੈਣਾ ਤਾਂ ਕਈ ਕਈ ਡੰਗ ਰੋਟੀ ਬੀ ਭੁੱਲ ਜਾਣੀ, ਜੇ ਉੱਠਣਾ, ਟੁਰਨਾ ਫਿਰਨਾ ਤਾਂ ਬਨਾ ਵਿਚ, ਘਰ ਦੀਆਂ ਸ਼ੈਆ ਚੁੱਕਣੀਆਂ ਤਾਂ ਬਾਹਰ ਦੇ ਆਉਣੀਆਂ। ਇਹ ਕੀਹ ਹੋਸ਼ ਹੋਈ ! ਘਰ ਘਰ ਵਿਚ ਇਹਦੀਆਂ ਗੱਲਾਂ ਦੀ ਚਰਚਾ ਹੈ। ਪਿਉ ਤੇਰੇ ਦੀ ਭੁੱਖ ਸੁੱਕ ਗਈ ਹੈ। ਆਖਦੇ ਹਨ-ਕੀ ਕਰਾਂ ਤੇ ਕੀਹ ਨਾ ਕਰਾਂ ? ਪਹਿਲਾਂ ਪਾਂਧੇ ਦੇ ਪੜ੍ਹਨੇ ਪਾਇਆ ਜੋ ਲੇਖਾ ਚੋਖਾ ਸਿੱਖੇ। ਫੇਰ ਪੰਡਤ ਦੇ ਪਾਇਆ। ਓਥੇ ਕੁਝ ਨਾ ਬਣਿਆ ਤਾਂ ਮੁੱਲਾਂ ਦੇ ਪਾਇਆ। ਜੋ ਫਾਰਸੀ ਹੀ ਆ ਜਾਵੇ ਸੁ। ਅਸੀਂ ਆਮਲ ਲੋਕ ਹੋਏ, ਵਿਦਯਾ ਪਾ ਜਾਵੇ ਤਾਂ ਕਿਸੇ ਚੰਗੇ ਹੁੱਦੇ ਤੇ ਅੱਪੜੇ, ਪਰ ਸਾਡੀ ਮਿਹਨਤ ਐਵੇਂ ਗਈ। ਨਾ ਪਾਂਧੇ, ਨਾ ਮੁੱਲਾਂ, ਕਿਸੇ ਦੇ ਨਾ ਟਿਕ ਕੇ ਪੜ੍ਹਿਆ ਤੇਰਾ ਵੀਰ। ਫੇਰ ਕਿਹਾ; ਹੱਛਾ ਜੇ ਇਸ ਦੇ ਭਾਗ ਮਿਹਨਤ ਮਜੂਰੀ ਦੇ ਹਨ ਤਾਂ ਗਊਆਂ ਮੱਝਾਂ ਚਾਰੇ, ਨਾਲੇ ਵਿਹਲਾ ਰਹੇ ਨਾਲੇ ਕੰਮ ਸਿੱਖੇ, ਵੱਗ ਲੈ ਦਿਆਂਗੇ ਤਾਂ ਆਪਣੇ ਗੁਜ਼ਾਰੇ ਜੋਗਾ ਹੋਕੇ ਸੁਖੀ ਹੋ ਜਾਏਗਾ। ਉਹ ਬੀ ਰਹੀ। ਖੇਤੀ ਕਰਨ ਵਿਚ ਲਾਇਆ, ਉਹ ਬੀ ਉਜਾੜੀ। ਕਿਹੜਾ ਕਿੱਤਾ ਰਹਿ ਗਿਆ ਜਿਹੜਾ ਇਸ ਨੂੰ ਸਿਖਾਈਏ ? ਕਿਹੜੀ ਕਾਰ ਰਹਿ ਗਈ ਜਿਸ ਵਿਚ ਇਸ ਨੂੰ ਲਾਈਏ ? ਜੇ ਚਾਰ ਦਿਨ ਉਸਰੱਗੀ ਫੜਦਾ ਹੈ ਤਾਂ ਦੋ ਦੋ ਮਹੀਨੇ ਫੇਰ ਉਦਾਸੀ। ਬਨਾਂ ਵਿਚ ਜਾ ਜਾ ਬਹਿਣਾ, ਨ ਕਿਸੇ ਨਾਲ ਭਿੱਜਣਾ, ਨਾ ਗੱਲ ਬਾਤ, ਘਰੋਂ ਘਾਟੋਂ ਗਏ ਫਕੀਰ ਆ ਇਸ ਅੱਗੇ ਹੱਥ ਜੋੜ ਬਹਿੰਦੇ ਹਨ ਤੇ ਉਨ੍ਹਾਂ ਨਾਲ ਬੋਲਦਾ ਹੈ, ਪਰ ਸਾਡੇ ਲਈ ਚੁੱਪਾਂ ਤੇ ਦੜ-ਵੱਟਾਂ, ਕਿਹੜੀ ਗੱਲ ਦਾ ਮੈਂ ਮਾਣ ਕਰਾਂ ਤੇ ਤੇਰੇ ਵਾਂਗ ਆਖਾਂ-ਡਾਢਾ ਚੰਗਾ ਹੈ ? ਕਹਿੰਦੇ ਹਨ, ਇਕ ਪੁਤ ਦੀ ਮਾਂ ਅੰਨ੍ਹੀ ਹੁੰਦੀ ਹੈ। ਉਹ ਗੱਲ ਸੱਚੀ ਹੈ, ਹਾਇ ਮੈਂ ਕਮਲੀ ਹੋਈ ਰਹਿੰਦੀ ਹਾਂ, ਇਕੋ ਇਕ ਪੁਤ, ਕਦੇ ਲੋਕਾਂ ਦੇ ਪੁਤਾਂ ਵਾਂਙੂ ਨਾ ਖਿੜਿਆ ਡਿਠਾ।

ਬੀਬੀ-ਅੰਮਾਂ ਜੀ ! ਠੀਕ ਪਏ ਆਂਹਦੇ ਹੋ, ਪਰ ਵੀਰ ਦੁਨੀਆਂ ਦਾ ਨਹੀਂ ਨਾ, ਵੀਰ ਧੁਰਾਂ ਦਾ ਹੈ। ਮੈਂ ਤਾਂ ਅੰਞਾਣੀ ਹਾਂ, ਪਰ ਮੈਨੂੰ ਝਾਉਲੇ ਤੇ ਝਲਕਾਰੇ ਜੋ ਪੈਂਦੇ ਹਨ ਵੀਰ ਦੇ ਉਹ ਡਾਢੇ ਅਨੋਖੇ ਹਨ। ਵੀਰ ਖੇਤੀਆਂ ਹੁੱਦੇ ਦਾਰੀਆਂ ਲਈ ਨਹੀਂ ਆਇਆ। ਤੁਸੀਂ ਓਦਰਿਆ ਨਾ ਕਰੋ। ਵੀਰ ਨੂੰ ਖੁਸ਼ ਰੱਖੋ, ਤਦ ਦੇਖੋ ਕੋਈ ਗੱਲ ਐਸੀ ਨਿਕਲੇਗੀ ਕਿ ਤੁਸੀਂ ਖੁਸ਼ ਹੋਸੋ। ਬੀਬੀ ਅੰਮਾਂ ਜੀ ! ਤੁਸੀਂ ਕਿਵੇਂ ਪਏ ਆਖੋ, ਵੀਰ ਜੀ ਡਾਢੇ ਉੱਚੇ ਹਨ, ਉਹ ਤਾਂ ਮਾਂ ਜੀ ! ਨਿਰੇ ਚਾਨਣ ਹਨ। ਮੈਂ ਆਪ ਡਿੱਠੇ ਹਨ ਚਾਨਣ !

ਮਾਤਾ-ਭੈਣਾਂ ਨੂੰ ਵੀਰਾਂ ਨਾਲ ਮੋਹ ਹੁੰਦਾ ਹੀ ਹੈ, ਡਾਢਾ ਕੂਲਾ ਕੂਲਾ ਪਿਆਰ, ਤਦੇ ਤੂੰ ਬੀ ਵੀਰ ਦਾ ਪੱਖ ਕਰਦੀ ਹੈਂ, ਪਰ ਕਦੇ ਤੂੰ ਸਮਝਾਇਆ ਬੀ ਹੈ ਕਿ ਮਾਂ ਪਿਉ ਕਲਪਦੇ ਹਨ, ਇਨ੍ਹਾਂ ਦੇ ਆਖੇ ਲੱਗ ? ਬੱਚੀ ! ਤੈਨੂੰ ਬੀ ਸਮਝਾਇਆ ਬਣਦਾ ਹੈ।

ਬੀਬੀ-ਅੰਮਾਂ ਜੀ ! ਮੈਂ ਉਮਰੋਂ ਤਾਂ ਵੱਡੀ ਠਹਿਰੀ, ਪਰ ਉਂਞ ਤਾਂ ਉਹ ਵੱਡੇ ਹਨ, ਹਾਂ ਡਾਢੇ ਉੱਚੇ ਹਨ, ਉੱਚੇ ਨੂੰ ਮੈਂ ਕੀ ਆਖਾਂ? ਮੇਰੇ ਨਾਲ ਜੇ ਕੋਈ ਗਲ ਕਰਦੇ ਹਨ ਤਾਂ ਇਹ ਕਿ 'ਜੋ ਦਿੱਸਦਾ ਹੈ ਭੁਲਾਵਾ ਹੈ, ਇਸਦੇ ਵਿਚ ਅਸਲ ਹੋਰ ਹੈ'। ਫੇਰ ਉਹਦੀਆਂ ਗੱਲਾਂ ਡਾਢੇ ਪਿਆਰ ਨਾਲ ਕਰੀ ਜਾਂਦੇ ਹਨ ਤੇ

ਨੈਣ ਛੰਮ ਛੰਮ ਵਹਿੰਦੇ ਹਨ। ਜੇ ਮੈਂ ਕਦੇ ਆਖਦੀ ਹਾਂ ਕਿ 'ਮਾਂ ਤੇ ਪਿਤਾ ਜੀ ਦੁਖੀ ਹਨ, ਕੁਛ ਉਹਨਾਂ ਦੇ ਜੀ ਦੀ ਬੀ ਸੁਣਿਆਂ ਕਰੋ, ਤਾਂ ਮੇਰੇ ਵੰਨੇ ਤੱਕ ਕੇ ਕਹਿੰਦੇ ਹਨ, 'ਬੀਬੀ ! ਤੂੰ ਬੀ ਉਹੋ ਗਲਾਂ ਕਰਨ ਲੱਗੀ ਹੈਂ ?' ਫੇਰ ਮਾਂ ਜੀ ! ਮੇਰੇ ਅੰਦਰ ਇਕ ਖੋਹ ਪੈਕੇ-ਮੈਂ ਚੁਪ ਕਰਕੇ ਬਹਿ ਜਾਂਦੀ ਹਾਂ ਤੇ ਆਮੁਹਾਰੀ ਕਹਿ ਦੇਂਦੀ ਹਾਂ: "ਨਹੀਂ ਵੀਰ ਜੀ" ! ਜਿਵੇਂ ਤੁਸਾਂ ਦੀ ਰਜ਼ਾ ! ਤੁਸੀਂ ਬੜੇ ਉੱਚੇ ਹੋ !' ਕਿਸੇ ਵੇਲੇ ਮੈਂ ਕਹਿੰਦੀ ਹਾਂ; 'ਪਿਤਾ ਜੀ ਡਾਢੇ ਦੁੱਖ ਵਿਚ ਹਨ,' ਤਾਂ ਅਰਸ਼ਾਂ ਵੱਲ ਤੱਕ ਕੇ ਨੈਣ ਭਰ ਲੈਂਦੇ ਤੇ ਕਹਿੰਦੇ ਹਨ 'ਹਾਂ ਭੈਣੀ ਜੀਓ! ਜਗਤ ਬੜਾ ਦੁਖੀ ਹੈ', ਪਤਾ ਨਹੀਂ ਅੰਮਾ ! ਏਸਦਾ ਕੀ ਮਤਲਬ ਹੈ।

ਮਾਤਾ-ਹੁਣ ਦੋ ਮਹੀਨੇ ਮੂਧੜੇ ਮੂੰਹ ਪਿਆਂ ਰਹਿਣ ਨੂੰ ਆਏ, ਕਦੇ ਇਹ ਤਾਂ ਸਮਝਾ ਸੁ ਭਈ ਹੋਰ ਤਾਂ ਛਡਿਆ ਆਪਣੇ ਸਰੀਰ ਦੀ ਹੀ ਹੋਸ਼ ਕਰੇ?

ਬੀਬੀ-ਮਾਂ ਜੀ ! ਇਨ੍ਹਾਂ ਦਿਨਾਂ ਵਿਚ ਮੈਂ ਜਦ ਕਦੇ ਉਨ੍ਹਾਂ ਕੋਲ ਗਈ, ਹਿਕੇ ਵਾਜ ਮਾਰੀ ਹੈ : 'ਵੀਰ ਜੀ !' ਤਾਂ ਅਗੋਂ ਕੁਏ ਨਹੀਂ। ਮੈਂ ਮਲਕੜੇ ਪਾਸ ਬਹਿ ਗਈ ਹਾਂ ਤਾਂ ਸਹਿਜੇ ਸਹਿਜੇ ਮੈਨੂੰ ਇਕ ਲੋ ਵੀਰਨ ਜੀ ਦੇ ਉਦਾਲੇ ਦਿੱਸਣ ਲਗ ਪਈ ਹੈ। ਉਹ ਲੋ ਬਾਹਰ ਦੇ ਚਾਨਣੇ ਦੀ ਨਹੀਂ ਹੁੰਦੀ। ਇਕ ਦਿਨ ਏਸੇ ਤਰ੍ਹਾਂ ਓਸ ਲੋ ਵਿਚ ਚਾਨਣੇ ਜਿਹੇ ਦੇ ਬਣੇ ਹੋਏ ਅਮਿਤ ਲੋਕੀਂ ਉਨ੍ਹਾਂ ਦੇ ਉਦਾਲੇ ਤੱਕੇ। ਇਕ ਦਿਨ ਓਥੇ ਡਾਢੇ ਮਿੱਠੇ ਗੌਣਾਂ ਦੀ ਅਵਾਜ਼ ਆ ਮੁਹਾਰੀ ਪਈ ਆਵੇ। ਕਲੇਜਾ ਪਾਸ ਬੈਠਿਆਂ ਠਰਦਾ ਹੈ, ਆ ਮੁਹਾਰਾ ਚਿੱਤ ਕਿਸੇ ਸੁਆਦ ਵਿਚ ਗੁੰਮਦਾ ਗੁੰਮਦਾ ਜਾਂਦਾ ਹੈ, ਸੋ ਮੈਂ ਜਿੰਨੀ ਵੇਰ, ਅੰਮੀਂ ਜੀ, ਗਈ ਹਾਂ, ਅਦਬ ਤੇ ਸਹਿਮ ਨਾਲ ਠਿਠੰਬਰ ਗਈ ਹਾਂ ਤੇ ਕੁਝ ਕਹਿ ਨਹੀਂ ਸਕੀ।

ਮਾਂ-ਤੂੰ ਬੀ ਖ਼ਬਰੇ ਵੀਰ ਦੇ ਮਗਰੇ ਬਾਉਲੀ ਹੋ ਚੱਲੀਏਂ, ਕੁੜੀਏ ! ਹੋਸ਼ ਕਰ, ਉਹ ਤਾਂ ਆਦਮੀ ਹੈ, ਜਿਵੇਂ ਕਿਵੇਂ ਦਿਨ ਕੱਟ ਸਕਦਾ ਹੈ, ਤੂੰ ਧੀ ਦਾ ਧਨ ਹੈਂ, ਤੂੰ ਤਾਂ ਸੱਸ, ਨਿਨਾਣਾਂ ਨਾਲ ਕੱਟਣੀ ਹੈ, ਤੂੰ ਬੀ ਜੇ ਏਹੋ ਬੋਲੀਆਂ ਪਾਉਣ ਸਿਖ ਗਈ ਤਾਂ ਕੀਹ ਬਣੇਗਾ? ਹੋਸ਼ ਕਰ, ਸੰਭਲ ! ਵਹਿਮਾਂ ਵਿਚ ਨਹੀਂ ਪਈਦਾ। ਆ-ਮੁਹਾਰੇ ਅਮਰੀ ਲੋਕ ਪਏ ਤੁਹਾਨੂੰ ਭੈਣਾ ਭਰਾਵਾਂ ਨੂੰ ਦੀਹਦੇ ਹਨ ਤੇ ਅਸੀਂ ਪਾਸ ਬੈਠੇ ਰੋਂਦੇ ਕੁਰਲਾਉਂਦੇ ਨਹੀਂ ਦੀਹਦੇ। ਹਾਂ ਮਾਂ ਪਿਉ ਪਏ ਕੁੱਝਣ, ਖ਼ੇਸ਼ ਕਬੀਲਾ ਪਿਆ ਪਿੱਟੇ, ਨਮੋਸ਼ੀ ਪਈ ਹੋਵੇ ਤੇ ਤੁਸੀਂ ਪਏ ਪਏ ਦਿਨ ਦੀਵੇ ਸੁਫਨਿਆਂ ਵਿਚ ਉਡਾਰੀਆਂ ਮਾਰੋ।

ਬੀਬੀ (ਨੈਣ ਭਰਕੇ)-ਅੰਮੀਂ ਜੀ ! ਗੁੱਸੇ ਨਾ ਨਾ ਹੋਵੋ, ਡਾਢੇ ਚੰਗੇ ਅੰਮੀਂ ਜੀ ! ਮੇਰਾ ਜੀ ਖੁੱਸਦਾ ਹੈ; ਤੁਸੀਂ ਗੁੱਸੇ ਨਾ ਨਾ ਹੋਵੋ, ਮਾਂ ਜੀ ! ਵੀਰ ਡਾਢਾ ਉੱਚਾ ਵੇ। ਇਹ ਕਹਿੰਦੀ ਬੀਬੀ ਦਾ ਗੱਚ ਨਾ ਠੱਲ੍ਹਿਆ ਗਿਆ, ਬੇਵਸੀ ਹੋਕੇ ਰੁੰਨੀ। ਇੰਨੀ ਰੁੰਨੀ ਕਿ ਹੱਥ ਨਾ ਆਵੇ। ਮਾਂ ਨੇ ਧੀ ਨੂੰ ਗਲ ਲਾਇਆ, ਸਿਰ ਤੇ ਪਿਆਰ ਦਿੱਤਾ, ਮੱਥਾ ਸੁੰਘਿਆ, ਪਰ ਉਹਦਾ ਗੱਚ ਠਲ੍ਹੀਵੇ ਨਾ, ਛੇਕੜ ਰੋਂਦੀ ਸਿਸਕੀਆਂ ਤੇ ਆ ਗਈ ਤੇ ਮਾਂ ਦੀ ਛਾਤੀ ਨਾਲ ਲਗੀ ਲਗੀ ਹੀ ਸੌਂ ਗਈ। ਇੰਨੇ ਨੂੰ ਮਹਿਤਾ ਕਾਲੂ ਜੀ ਆ ਗਏ ਮਾਂ ਨੇ ਧੀ ਨੂੰ ਸਿਰ੍ਹਾਣਾ ਰੱਖ ਕੇ ਲਿਟਾ ਦਿੱਤਾ ਤੇ ਆਪ ਰੋਟੀ ਖੁਲਾਉਣ ਦੇ ਆਹਰ ਲੱਗੀ। ਰੋਟੀ ਖਾਂਦਿਆਂ ਆਪ ਨੇ ਪੁੱਛਿਆ :-

ਤ੍ਰਿਪਤਾ ! ਨਾਨਕ ਉਠਿਆ ਕਿ ਨਹੀਂ ?

ਤ੍ਰਿਪਤਾ-ਬਸ ਉੱਠਕੇ ਬਾਹਰ ਦੋ ਘੜੀਆਂ ਲਾਕੇ ਆ ਗਿਆ ਹੈ, ਫੇਰ ਓਸੇ ਤਰ੍ਹਾਂ ਪਿਆ ਹੈ। ਪਰਸੋਂ ਦੀ ਰੋਟੀ ਖਾਧੀ ਹੋਈ ਸੁ, ਉਹ ਬੀ ਬੀਬੀ ਜਾਕੇ ਮਿੰਨਤ ਤਰਲੇ ਨਾਲ ਦੋ ਬੁਰਕੀਆਂ ਖੁਆ ਆਈ ਸੀ।

ਕਾਲੂ-ਬੀਬੀ ਨੂੰ ਹੀ ਕਹੁ, ਕੁਛ ਸਮਝਾਵੇ, ਮੱਤਿ ਦੇਵੇ ਸੁ, ਉਹਦਾ ਆਖਾ ਤਾਂ ਨਹੀਂ ਮੋੜਦਾ।

ਤ੍ਰਿਪਤਾ-ਅੱਜ ਉਹੋ ਗੱਲ ਕੀਤੀ ਸੀ। ਬੀਬੀ ਨੂੰ ਭੀ ਆਖਿਆ ਸੀ ਕਿ ਵੀਰ ਨੂੰ ਕੋਈ ਮੱਤ ਦੇਹ, ਦਲਿੱਦਰ ਛੱਡੇ, ਉੱਠੇ, ਨ੍ਹਾਵੇ ਧੋਵੇ, ਖਾਵੇ ਪੀਵੇ, ਕੋਈ ਕਿੱਤਾ ਕਰੇ, ਸੁਹਣਾ ਉੱਜਲਾ ਹੋ ਕੇ ਪਰ੍ਹੇ ਵਿਚ ਛਾਤੀ ਕੱਢਕੇ ਬੈਠੇ, ਪਰ ਮੈਂ ਅਜੇ ਸਮਝਾਉਂਦੀ ਹੀ ਸਾਂ ਕਿ ਬੀਬੀ ਨੂੰ ਗੱਚ ਭਰ ਆਇਆ, ਰੋਣ ਲੱਗ ਪਈ, ਠੱਲ੍ਹੀ ਨਾ ਜਾਵੇ ਤੇ ਆਖੀ ਜਾਵੇ-ਵੀਰ ਡਾਢਾ ਉੱਚਾ ਵੇ; ਤੁਸੀਂ ਕੁਝ ਨਾ ਆਖੋ ਸੁ, ਆਪੇ ਜੋ ਚਾਹੇ ਕਰੇਗਾ, ਉਸਦੇ ਚੋਜ ਹਨ। ਨਾਲੇ ਕਹਿੰਦੀ ਸੀ-ਮੈਂ ਉਸਦੇ ਉਦਾਲੇ ਕੋਈ ਮਿੱਠੀ 'ਪਿਆਰ-ਚਾਨਣੇ' ਦੀ ਲੋ ਵੇਂਹਦੀ ਹਾਂ, ਉਸ ਦੇ ਉਦਾਲੇ ਅਮਰੀ ਰਾਗ ਹੁੰਦੇ ਹਨ, ਉਸਦੇ ਪਾਸ ਚਾਨਣੇ ਦੇ ਜੀਉ ਹਜ਼ਾਰਾਂ

ਪਏ ਅਦਬਾਂ ਵਿਚ ਖੜੇ ਦੀਹਦੇ ਹਨ। ਮੈਂ ਤਾਂ ਸੁਣਕੇ ਕੰਬੀ, 'ਜਿਸ ਰਾਹੇ ਪੁੱਤ ਗਿਆ ਓਸੇ ਰਾਹੇ ਧੀ ਚੱਲੀ।' ਅਸੀਂ ਹੀ, ਹੇ ਭਗਵਾਨ ! ਜਗਤ ਵਿਚ ਹਾਸੋ ਹੀਣੇ ਹੋਣ ਲਈ ਰਹਿ ਗਏ ਹਾਂ ! ਪਰ ਬੀਬੀ ਨੂੰ ਮੇਰੇ ਕੁਝ ਆਖੇ ਬਿਨਾਂ ਹੀ ਏਡਾ ਵਿਰਾਗ ਛੁੱਟਾ ਜੋ ਛਾਤੀ ਨਾਲ ਲੱਗ ਲੱਗ ਰੋਈ। ਬੱਸ ਨਹੀਂ ਸੁ ਕੀਤੀ, ਰੋਂਦੀ ਰੋਂਦੀ ਹੀ ਸੌਂ ਗਈ। ਹੁਣੇ ਤੁਹਾਡੇ ਆਇਆਂ ਲੰਮੀ ਪਾਕੇ ਆਈ ਹਾਂ, ਸੋ ਦੱਸੋ ਕਿਸਨੂੰ ਸਮਝਾਵਾਂ ? ਮੈਂ ਕੋਲ ਜਾਂਨੀ ਆਂ ਤਾਂ ਕਦੇ ਹਾਂ ਹੂੰ ਕਰਦਾ ਹੈ ਕਦੇ ਬੋਲਦਾ ਹੀ ਨਹੀਂ। ਦੌਲਤਾਂ ਜਾਂਦੀ ਹੈ ਤਾਂ ਉਹ ਬੀ ਮਿੰਨਤ ਤਰਲੇ ਕਰਕੇ ਮੁੜ ਆਉਂਦੀ ਹੈ। ਉਹ ਬੀ ਡਰਦੀ ਹੈ, ਕਈ ਗੱਲਾਂ ਕਹਿੰਦੀ ਹੈ ਉਹੋ ਜਿਹੀਆਂ ਵਹਿਮਾਂ ਭਰੀਆਂ। ਸੋ ਮੈਂ ਤੀਵੀਂ ਮਾਣੀ ਕੀ ਕਰਾਂ ? ਤੁਸੀਂ ਹੀ ਕੋਈ ਉਪਰਾਲਾ ਸੋਚੋ ?

ਕਾਲੂ (ਮੱਥੇ ਤੇ ਹੱਥ ਰਖ ਕੇ)-ਮੈਂ ਕੀ ਕਰਾਂ ? ਮਾਂਦ੍ਰੀ ਸੱਦੇ, ਝਾੜੇ ਕਰਾਏ, ਵੈਦ ਬੁਲਾਏ, ਦਾਰੂ ਦਿੱਤੇ, ਪਾਂਧੇ ਮੁੱਲਾਂ ਅਣਵਾਏ, ਕਿਸੇ ਦੀ ਕੋਈ ਨਾ ਚੱਲੀ। ਆਪ ਸਮਝਾਇਆ, ਚਾਚੇ ਲਾਲੂ ਨੇ ਮਹੀਨਿਆਂ ਬੱਧੀ ਸਿਰ ਮਾਰੇ, ਪਰ ਕੁਛ ਨਾ ਬਣਿਆ, ਜਿਸ ਨੇ ਸਮਝਾਇਆ, ਅੱਗੋਂ ਉਹਦੀਆਂ ਤਿੱਖੀਆਂ ਤੁਕਬੰਦੀਆਂ ਸੁਣੀਆਂ, ਜਾਂ ਇੱਕੋ ਚੁਪ ਵੇਖੀ। ਕੀਹ ਕਰੀਏ ? ਪਰਚਾਵੇ ਲਈ ਜਤਨ ਲਾਏ, ਪੜ੍ਹਨੇ ਪਾਇਆ, ਚੋਣਾਂ ਚਾਰਨ ਟੋਰਿਆ, ਖੇਤਾਂ ਵਿਚ ਲਾਇਆ, ਪਰ ਸੱਭੇ ਗੱਲਾਂ ਚਾਰ ਦਿਨ, ਨਾਨਕ ਫੇਰ ਉਵੇਂ ਉਦਾਸੀਆਂ ਵਿਚ ਤੇ ਦਿਲਗੀਰੀਆਂ ਵਿਚ। ਭਗਵਾਨ ਨੇ ਵੱਡੀ ਉਮਰੇ ਪੁੱਤ ਦਿੱਤਾ ਤਾਂ ਸਹੀ, ਪਰ ਹਾਇ ਅਜਿਹਾ ਲਾਲ ਦਿੱਤਾ ਕਿ ਜਿਸ ਤੋਂ ਕੋਈ ਸਿੱਕ ਮੁਰਾਦ ਬਰ ਨਾ ਆਈ। ਕੀਹ ਕਰਾਂ ਤੇ ਕੀਹ ਨਾ ਕਰਾਂ? ਕੁਝ ਸੁੱਝਦਾ ਨਹੀਂ।

ਤ੍ਰਿਪਤਾ-ਰਾਇ ਜੀ ਨੂੰ ਆਖੋ ਕੁਛ ਉਹ ਸਮਝਾਵੇ, ਵੱਡਾ ਮਨੁੱਖ ਹੈ ਤੇ ਤੱਪੇ ਦਾ ਰਾਜਾ ਹੈ, ਲੂਣ ਬੀ ਉਹਦਾ ਖਾਂਦੇ ਹੋਏ, ਮਤੇ ਜੇ ਕਿਸੇ ਦੀ ਸਿੱਖਣ ਵਿੱਚ ਨਾਨਕ ਨੂੰ ਲਗ ਜਾਏ।

ਕਾਲੂ-ਮੈਂ ਕੀ ਆਖਾਂ ? ਹਿਕੇ ਮੈਂ ਕਮਲਾ ਹਿਕੇ ਜੱਗ ਕਮਲਾ; ਰਾਏ ਬੀ ਆਖਦਾ ਹੈ ਨਾਨਕ ਆਰਫ਼ ਲੋਗ ਹੈ। ਜਦ ਦੀ ਮੱਝੀਆਂ ਦਾ ਖਾਧਾ ਖੇਤ ਹਰਾ ਹੋਣ ਵਾਲੀ ਗਲ ਵਰਤੀ ਹੈ ਤੇ ਸੱਪ ਦੀ ਛਾਇਆ ਉਸ ਦੇ ਸਿਰ ਤੇ ਤੱਕੀ ਸੁ ਉਹ ਸਗੋਂ ਨਾਨਕ ਦਾ ਅਦਬ ਕਰਦਾ ਹੈ, ਮੈਨੂੰ ਮੱਤਾਂ ਦੇਂਦਾ ਹੈ। ਆਖਦਾ ਹੈ; 'ਨਾਨਕ ਧੁਰੋਂ' ਆਇਆ ਹੈ। ਕੀਹ ਉਮਰਾ ਤੇ ਕੀਹ ਗੱਲਾਂ ! ਕੀਹ ਆਰਬਲਾ ਤੇ ਕੀਹ ਕੌਤਕ ! ਹੋਰ ਹੋਰ ਹੈਰਾਨ ਹਾਂ। 'ਸੋ ਦੱਸ ਭਾਗਾਂ ਵਾਲੀਏ ! ਰਾਇ ਨੂੰ ਕੀ ਆਖਾਂ ? ਜਦ ਕਦੇ ਕੁਛ ਆਖਿਆ ਹੈ, ਓਸ ਮੈਨੂੰ ਅਕਲ ਦਿੱਤੀ ਹੈ, ਨਾਨਕ ਨੂੰ ਕੋਈ ਸਿੱਖ ਮੱਤ ਨਹੀਂ ਦਿੱਤੀ। ਪਤਾ ਨਹੀਂ ਲਗਦਾ ਜਗ ਕਮਲਾ ਹੈ ਕਿ ਕਾਲੂ !

ਤ੍ਰਿਪਤਾ-ਫੇਰ ਹੁਣ ਕੀਹ ਕਰੀਏ? ਦੁਖਣ ਝੁਰਣ ਦਾ ਕੀ ਲਾਭ ਹੈ ? ਜਿਵੇਂ ਹੋ ਰਹੀ ਹੈ, ਸੋ ਹੋ ਰਹੀ ਹੈ, ਪੇਸ਼ ਕੋਈ ਜਾਂਦੀ ਨਹੀਂ, ਤ੍ਰੀਰ ਤੁੱਕਾ ਕੋਈ ਲਗਦਾ ਨਹੀਂ, ਦੇਖੀ ਚਲੋ ਜੋ ਹੁੰਦੀ ਹੈ। ਹੱਥਾਂ ਦੀ ਜਾਈ-ਬੀਬੀ-ਬੀ ਇਹੋ ਆਖਦੀ ਹੈ; 'ਤੁਸੀਂ ਤੱਕੋਗੇ ਵੀਰ ਆਪੇ ਜੋ ਕੁਛ ਕਰੇਗਾ ਸੋ ਭਲਾ ਹੋਵੇਗਾ ਤੇ ਡਾਢਾ ਉੱਚਾ ਹੋਵੇਗਾ।' ਵੇਖਾਂਗੇ ਕੀ ਹੁੰਦਾ ਹੈ ? ਹਾਲੇ ਤਾਂ ਸਹਿਮਾਂ ਦੇ ਮੂੰਹ ਆਏ ਰਹਿੰਦੇ ਹਾਂ।

ਤ੍ਰਿਪਤਾ ਜੀ ਐਉਂ ਆਪਣੇ ਮਨ ਦੇ ਉਬਾਲ ਆਖੀ ਗਏ ਤੇ ਕਾਲੂ ਜੀ ਇਉਂ ਸੁਣਦੇ ਸੁਣਦੇ ਸੌਂ ਗਏ। ਕੀ ਦੇਖਦੇ ਹਨ-

ਸਿਆਲੇ ਦੀ ਰੁੱਤ ਹੈ, ਇਕ ਨਦੀ ਵਹਿ ਰਹੀ ਹੈ, ਪਾਣੀ ਉਤਾਰੇ ਵਿਚ ਹੈ, ਪਰ ਤਦ ਬੀ ਚੋਖਾ ਹੈ ਤੇ ਠੰਢਾ ਠਾਰ ਹੈ, ਤੜਕ ਸਾਰ ਹੈ, ਠੰਢੀ ਹਵਾ ਵਗ ਰਹੀ ਹੈ; ਕਾਲੂ ਜੀ ਆਪ ਜਲ ਦੇ ਵਿਚ ਖੜੇ ਹਨ ਤੇ ਤਪੱਸਯਾ ਕਰ ਰਹੇ ਹਨ। ਇਸ ਤਰ੍ਹਾਂ ਤਪ ਕਰਦਿਆਂ ਸੂਰਜ ਦੀ ਟਿੱਕੀ ਨਿਕਲ ਆਈ, ਪਰ ਬੱਦਲਾਂ ਨੇ ਛਾ ਲਈ ਤੇ ਫੇਰ ਘੁਸਮੁਸਾ ਜਿਹਾ ਛਾਇਆ ਰਿਹਾ। ਕਾਲੂ ਜੀ ਹੁਣ ਪਾਣੀ ਵਿਚੋਂ ਬਾਹਰ ਨਿਕਲੇ। ਭਾਵੇਂ ਮੁੱਦਤਾਂ ਤੋਂ ਤਪ ਕਰਦਿਆਂ ਸਰੀਰ ਨੂੰ ਸਰਦੀ ਗਰਮੀ ਸਹਾਰਨ ਦਾ ਸੁਭਾਉ ਹੋ ਚੁੱਕਾ ਸੀ, ਪਰ ਅੱਜ ਬਾਹਰ ਨਿਕਲਕੇ ਪਾਲਾ ਲੱਗਾ ਹੈ ਅਰ ਚੰਗਾ ਦੰਦੋੜਿਕਾ ਲਾਉਣ ਵਾਲਾ ਪਾਲਾ ਲਗਾ ਹੈ। ਆਪ ਨੇ ਪਿੰਡਾ ਪੂੰਝਿਆ, ਲੰਗੋਟੀ ਬਦਲੀ, ਗਾਤੀ ਬੱਧੀ ਤੇ ਗੋਦੜੀ ਦੀ ਬੁੱਕਲ ਮਾਰੀ, ਕਰਮੰਡਲ ਸੰਭਾਲਿਆ, ਪਰ ਸਰੀਰ ਵਿਚ ਆਲਸ ਨਜ਼ਰੀਂ ਆਇਆ, ਇਸ ਕਰਕੇ ਇਕ ਬ੍ਰਿਛ ਦੇ ਮੁੱਢ ਨਾਲ ਢੋ ਲਾਕੇ ਬੈਠ ਗਏ। ਬੈਠੇ

ਸਨ ਕਿ ਥੱਕੇ ਸਰੀਰ ਨੇ ਨੈਣ ਮੁੰਦ ਲਏ ਤੇ ਇਕ ਬੇ-ਸੁਰਤੀ ਛਾ ਦਿੱਤੀ, ਕੀ ਦੇਖਦੇ ਹਨ ਕਿ ਕੋਈ ਦਿੱਬ ਮੂਰਤੀ ਸਾਹਮਣੇ ਆ ਖੜੋਤੀ ਹੈ ਤੇ ਆਖਦੀ ਹੈ- ਕਾਲੂ! ਤੂੰ ਬੜਾ ਉੱਗ੍ਰ ਤਪ ਕੀਤਾ ਹੈ। ਹੁਣ ਤਾਂ ਤੇਰਾ ਸਰੀਰ ਬੀ ਹਾਰਨ ਵਾਲੇ ਟਿਕਾਣੇ ਆ ਗਿਆ ਹੈ, ਤੂੰ ਤਪ ਛੋੜ ਤੇ ਭਗਤੀ ਕਰ।

ਕਾਲੂ-ਮੈਨੂੰ ਜੋ ਆਖੋ ਸੋ ਕਰਸਾਂ, ਪਰ ਮੇਰੇ ਮਨ ਦੀ ਮੁਰਾਦ ਹਾਸਲ ਥੀਵੇ !

ਦਿੱਬ ਮੂਰਤੀ-ਬੋਲ ਫੇਰ ਆਪਣੇ ਮਨ ਦੀ ਮੁਰਾਦ !

ਕਾਲੂ--ਉਹ ਜੋ ਰੱਬ ਹੈ, ਜਿਸ ਨੂੰ ਜੋਤਿ ਸਰੂਪ ਆਖਦੇ ਹਨ, ਮੈਨੂੰ ਮੇਰੇ ਵਰਗਾ ਰੂਪ ਧਾਰਕੇ ਮਿਲੇ ਤੇ ਐਉਂ ਮਿਲੇ ਜਿਵੇਂ ਆਪਣਾ ਹੁੰਦਾ ਹੈ।

ਦਿੱਬ ਮੂਰਤੀ-ਕਾਲੂ ਦੇਖ ! ਤੂੰ ਤਪ ਬੜਾ ਕੀਤਾ ਹੈ, ਪਰ ਭਗਤੀ ਨਹੀਂ ਕੀਤੀ। ਭਗਤੀ ਨਾ ਕਰਨੇ ਕਰਕੇ ਤੇਰੇ ਅਗਜਾਨ ਦੇ ਛੌੜ ਨਹੀਂ ਕੱਟੇ, ਹਉਂ ਨਹੀਂ ਪੂਰੀ ਉਤਰੀ; ਲਿਵ ਨਹੀਂ ਲੱਗੀ, ਤੈਨੂੰ ਜੋ ਤੂੰ ਮੰਗਦਾ ਹੈਂ, ਮਿਲ ਗਿਆਂ ਤੇ ਬੀ ਰਸ ਨਹੀਂ ਆਉਣਾ ਕਿਉਂਕਿ ਮਾਇਆ ਛਾਈ ਰਹੀ ਤਾਂ ਰਸ ਕੀਕੂੰ ਆਸੀ? ਤੂੰ ਪਹਿਲੇ ਭਗਤੀ ਕਰ।

ਕਾਲੂ-ਜੇ ਸਾਰੇ ਛੌੜ ਕੱਟ ਗਏ ਤਾਂ ਜੋ ਸੁਆਦ ਮੈਂ ਲੈਣਾ ਹੈ, ਕੀਕੂੰ ਆਵੇਗਾ ? ਗਜਾਨ ਕਿ ਭਗਤੀ ਨਾਲ ਤਾਂ ਮੈਂ ਉਚਿਆਂ ਹੋ ਸਾਂਈਂ ਦੇ ਦੇਸ਼ ਅੱਪੜ ਜਾਣਾ ਹੋਇਆ; ਪਰ ਮੇਰਾ ਜੀ ਕਰਦਾ ਹੈ ਕਿ ਸਾਂਈਂ ਮੇਰੇ ਦੇਸ਼, ਮੇਰੇ ਵਿਹੜੇ, ਮੇਰੀ ਗੋਦ ਖੇਲੇ।

ਦਿੱਬ ਮੂਰਤੀ-ਕਾਲੂ ! ਤੂੰ ਜਾਣ ਤੂੰ ਕੀ ਮੰਗਦਾ ਹੈ, ਤਪ ਕਰਨੇ ਤੇ ਮੰਗਾਂ ਮੰਗਣੀਆਂ ਸੌਖੀਆਂ ਹਨ, ਪਰ ਜੋ ਮੰਗ ਮੰਗਣੀ ਹੈ ਉਸ ਦਾ ਅੰਤ ਵਿਚਾਰਨਾ ਤੇ ਆਤਮ ਸੁਖ ਵਿਚ ਅੱਪੜਨਾ ਇਹ ਕੰਮ ਔਖੇਰਾ ਹੈ, ਅੱਛਾ ਕਾਲੂ ! ਇਕ ਵਾਰ ਫੇਰ ਵਿਚਾਰ ਲੈ।

ਕਾਲੂ-ਤੁੱਠੇ ਹੋ ਤਾਂ ਮਨ ਦੇ ਮਨੋਰਥ ਦੇ ਦਿਓ, ਮੈਥੋਂ ਉੱਚਾ ਨਹੀਂ ਉਠਿਆ ਜਾਂਦਾ, ਮੈਂ ਇਥੇ ਹੀ ਰਹਾਂ, ਓਹ ਏਥੇ ਆਵੇ, ਉਸ ਤੋਂ ਕਲਜਾਨ ਲੈਸਾਂ। ਉਹ ਆਵਸੀ ਤਾਂ ਸਾਰਾ ਜਗਤ ਤੱਕਸੀ, ਅਨੇਕਾਂ ਦੀ ਕਲਜਾਨ ਹੋਸੀ, ਮੈਂ ਉੱਚਾ ਉੱਠਸਾਂ ਤਾਂ ਮੇਰੇ ਇਕੱਲੇ ਦੀ ਕਲਜਾਨ ਹੋਸੀ।

ਦਿੱਬ ਮੂਰਤੀ-ਦੇਖ ! ਇਹ ਠੀਕ ਆਖਿਆ ਹਈ, ਪਰ ਤੂੰ ਭਗਤੀ ਕਰ, ਹਨੇਰਾ ਦੂਰ ਹੋਵੇ, ਫੇਰ ਮਿਲ ਜੋ ਠੰਢ ਪਵੇ। ਤਪਾਂ ਨਾਲ ਕੁਛ ਤਮੋ ਹੀ ਵਧਦੀ ਹੈ, ਏਕਾਗ੍ਰਤਾ ਤਾਂ ਆ ਜਾਂਦੀ ਹੈ, ਪਰ ਸਤੋਗੁਣ ਦਾ ਸੁਖ ਨਹੀਂ ਮਿਲਦਾ।

ਕਾਲੂ-ਹੁਣ ਮੈਂ ਥੱਕ ਗਿਆ ਹਾਂ, ਨਾ ਹੁਣ ਤਪ ਹੋ ਸਕਣਾ ਹੈ ਅੱਗੇ ਵਾਂਙੂ ਤੇ ਨਾ ਹੋ ਸਕਣੀ ਹੈ ਭਗਤੀ। ਸੋ ਜੇ ਤ੍ਰੁੱਠੇ ਹੋ ਤਾਂ ਵਰ ਦਿਓ।

ਦਿਬ ਮੂਰਤੀ-ਤਥਾਸਤੂ-ਹੋਵੇ ਜੋ ਕੁਛ ਤੇਰੀ ਇੱਛਜਾ ਹੈ।

ਇਹ ਕਹਿਕੇ ਉਹ ਦਿੱਬ ਮੂਰਤਿ ਗੁੰਮ ਹੋ ਗਈ, ਬਾਬਾ ਤਪੱਸ੍ਰੀ ਜੀ ਦੇ ਬੀ ਨੈਣ ਖੁੱਲ੍ਹੇ, ਇਸ ਵੇਲੇ ਦੁਪਹਿਰਾਂ ਹੋ ਚੁਕੀਆਂ ਸਨ ਤੇ ਬੱਦਲਾਂ ਤੋਂ ਕਿਣਮਿਣ ਜਾਰੀ ਸੀ, ਪਰ ਐਨੀ ਨਹੀਂ ਸੀ ਕਿ ਗੋਦੜੀ ਭਿੱਜ ਜਾਂਦੀ। ਆਪ ਸਨੇ ਸਨੇ ਆਪਣੀ ਕੁਟੀਆ ਵਲ ਆ ਗਏ ਤੇ ਲੱਗੇ ਸੋਚਣ ਕਿ ਮੈਂ ਭਲੀ ਮੰਗ ਮੰਗੀ ਹੈ, ਅਰ ਵਰ ਮਿਲ ਭੀ ਗਿਆ ਹੈ, ਹੁਣ ਕਾਜ ਸੰਵਰ ਗਿਆ। ਇੰਨੇ ਨੂੰ ਆਪ ਦੇ ਸਿਖਜਾ ਦਾਤਾ ਸਾਧੂ ਜੀ ਆ ਗਏ। ਵਰ ਪ੍ਰਾਪਤੀ ਦੀ ਵਿਥਿਆ ਸੁਣਕੇ ਬੋਲੇ-- ਕਾਲੂ ! ਜੇ ਤੇਰੀ ਥਾਵਾਂ ਮੈਂ ਏਡਾ ਸੁਭਾਗਾ ਹੁੰਦਾ ਤਾਂ ਮੈਂ ਆਪਣੇ ਮਨ ਦੇ ਮਗਰ ਨਾ ਲੱਗਦਾ, ਮੈਂ ਉਹਨਾਂ ਦੀ ਸਿਖਿਆ ਦੇ ਮਗਰ ਲੱਗਦਾ। ਮਹਾਂ ਜਜੋਤੀਆ ਤੇ ਮਹਾਂ ਪੁਰਖਾਂ ਦੇ ਬਚਨ ਮੰਨਣੇ ਕਲਜਾਣ ਰੂਪ ਹਨ, ਔਖੇਰੇ ਹਨ, ਪਰ ਸੁਖ ਉਹਨਾਂ ਦੇ ਮੰਨਣ ਵਿਚ ਹੈ, ਆਪਣੀ ਮੰਗ ਉਸ ਵੇਲੇ ਨਹੀਂ ਚਾਹੀਦੀ, ਅਸੀਂ ਭੁੱਲਣਹਾਰ ਹਾਂ। ਸੁਖ ਆਗਜਾ ਮੰਨਣ ਵਿਚ ਹੁੰਦਾ ਹੈ।

ਤਪੱਸ੍ਰੀ--ਜੀ ਮੈਂ ਤਾਂ ਮੰਗ ਚੁਕਾ ਜੋ ਮੰਗਣਾ ਸੀ ਤੇ ਅਜੇ ਤਾਂਈਂ ਮੰਗਕੇ ਤੇ ਵਰ ਲੈਕੇ ਖੁਸ਼ ਹਾਂ। ਵੇਲਾ ਹੁਣ ਲੰਘ ਚੁਕਾ ਹੈ ਤੇ ਹੁਣ ਮੁੜ ਤਪ ਕਿਵੇਂ ਕਰਾਂ? ਸਰੀਰ ਹੁੱਟ ਗਿਆ ਹੈ।

ਸਿਖਜਾ ਦਾਤਾ-ਚੰਗਾ ਬਈ, ਜੋ ਹੋਣਾ ਸੀ ਹੋ ਚੁਕਾ, ਪਰ ਅਜੇ ਬੀ ਇਕ ਵੇਲਾ ਹੈ ਕਿ ਤੂੰ ਕੁਛ ਵਿਚਾਰ ਤੇ ਭਗਤੀ ਕਰ ਲੈ, ਕਿਉਂਕਿ ਵਰ ਪ੍ਰਾਪਤ ਤਾਂ ਤੂੰ ਹੋ ਚੁਕਾ ਹੈਂ, ਪਰ ਇਹ ਜੋ ਮਾਇਆ ਪਈ ਰਹਿਣ ਦਾ ਪਤਾ ਦੇ ਗਏ ਹਨ, ਇਸ ਦਾ ਮਤਲਬ ਹੈ ਕਿ ਜਦ ਤੈਨੂੰ ਮਿਲਾਪ ਹੋਵੇਗਾ ਤੂੰ ਹਨੇਰੇ ਵਿਚ ਹੋਵੇਂਗਾ, ਪਛਾਣੇਗਾ ਨਹੀਂ। ਬਾਲਕੇ ! ਮਾਇਆ ਪ੍ਰਬਲ ਹੈ, ਡਾਢਾ ਪਰਦਾ ਹੈ ਜੋ ਮੇਲ ਨਹੀਂ ਹੋਣ

ਦੇਂਦਾ, ਅਤੇ ਇਹ ਬੜੇ ਸੂਖਮ ਰੂਪ ਧਾਰਦੀ ਹੈ; ਸੋ ਭਗਤੀ ਕਰ ਜੋ ਇਸਦੇ ਮੋਹਣੇ ਜਾਦੂ ਤੋਂ ਬਚੇਂ। ਬਹੂੰ ਨਹੀਂ ਤਾਂ ਕੁਛ ਕਰ ਜੋ ਜਦ ਮੇਲਾ ਹੋਵੀ ਪਹਿਲੋਂ ਨਾ ਤਾਂ ਪਿਛੋਂ ਹੀ ਸਹੀ, ਕਦੇ ਤਾਂ ਪਰਦਾ ਲਹੇ ਤੇ ਤੈਨੂੰ ਸੋਝੀ ਪੈ ਜਾਵੇ। ਕੀ ਲਾਭ ਹੈ ਰੱਬ ਦੇ ਮਿਲੇ ਦਾ ਬੀ ਜੇ ਸਾਨੂੰ ਪ੍ਰਤੀਤੀ ਨਾ ਹੋ ਆਵੇ ਕਿ ਇਹ ਰੱਬ ਹੈ। ਹਾਂ ਜੇ ਪਿਆਰ ਨੇ ਹੁਲਾਰਾ ਨਾ ਹੋ ਖਾਧਾ ਕਿ ਇਹ ਮੇਰਾ ਹੈ ਤੇ ਮਨ ਨੇ 'ਮੇਰ ਤੇਰ' ਮਿਟਕੇ ਉਸੇ ਨਾਲ ਮੇਰ ਨਾ ਪਾਈ, ਉਸ ਸਰੂਪ ਵਿਚ ਵਾਸਾ ਨਾ ਹੋਇਆ ਤਾਂ ਕੀ ਲਾਭ ਪ੍ਰਾਪਤੀ ਦਾ।

ਤਪੱਸ੍ਵੀ (ਤ੍ਰਬਕ ਕੇ)-ਹੈਂ ! ਕੀ ਮੈਨੂੰ ਇਹ ਸਮਝ ਨਾ ਪਊ ਕਿ ਇਹ ਮੇਰਾ ਸਾਂਈ ਹੈ ?

ਸਿਖ੍ਯਾ ਦਾਤਾ-ਜੋ ਕੁਛ ਤੈਨੂੰ ਦਿੱਬ ਮੂਰਤੀ ਨੇ ਕਿਹਾ ਹੈ ਉਸਦਾ ਇਹੋ ਅਰਥ ਹੈ ਕਿ ਮੇਲਾ ਹੋਸੀ, ਪਰ ਤੈਨੂੰ ਹਨੇਰਾ ਪਿਆ ਰਹਿਸੀ। ਇਹ ਹਨੇਰਾ ਉਨ੍ਹਾਂ ਨੇ ਦੱਸਿਆ ਹੈ ਕਿ ਤੇਰਾ ਆਪਣਾ ਹੈ, ਤੇਰੀ ਹਉਂ ਨਹੀਂ ਕੱਟੀ ਗਈ ਅਜੇ। ਸੋ ਬੱਚਾ ! ਤੂੰ ਕਰ ਨਾ ਕਰ, ਤੇਰੀ ਤੁਫੈਲ ਮੈਨੂੰ ਅੱਜ ਸੋਝੀ ਹੋ ਆਈ ਹੈ ਕਿ ਤਪਾਂ ਤੋਂ ਭਗਤੀ ਸਰੇਸ਼ਟ ਹੈ, ਸੋ ਮੈਂ ਤਾਂ ਭਗਤੀ ਕਰਾਂਗਾ ਤੇ ਇਹ ਇਕ ਮੰਗ ਮੰਗਾਂਗਾ ਕਿ ਹੇ ਭਗਵਾਨ ! ਮਿਲ, ਜਿਵੇਂ ਚਾਹੇਂ ਮਿਲ, ਜਦ ਤੁਠੇਂ ਮਿਲ, ਪਰ ਇਹ ਦਾਨ ਦੇਹ ਕਿ ਮੈਂ ਸਦਾ ਤੇਰੇ ਪਿਆਰ ਵਿਚ ਰਹਵਾਂ ਸਦਾ ਤੈਨੂੰ ਲੋਚਦਾ ਰਹਾਂ।

ਤਪੱਸ੍ਵੀ (ਨਿਰਾਸ ਹੋਕੇ)-ਓਹ ਹੋ ! ਮੈਂ ਗੁਸਾਈਂ ਜੀ ! ਨਹੀਂ ਸਮਝਿਆ ਕਿ ਮੇਰੇ ਹਨੇਰੇ ਤੇ ਮਾਇਆ ਦੇ ਪੜਦੇ ਦਾ ਕੀ ਅਰਥ ਹੈ ? ਮੈਂ ਜਾਤਾ ਕਿ ਬ੍ਰਹਮ ਗਯਾਨੀ ਤੇ ਆਤਮਾ ਦੇ ਅਨੁਭਵ ਵਾਲਾ ਨਾ ਹੋਸਾਂ, ਪਰ ਇਹ ਤਾਂ ਸਮਝਦਾ ਹੋਸਾਂ ਕਿ ਅਪਣੇ ਰੱਬ ਨੂੰ ਮਨੁੱਖ ਜਾਮੇ ਵਿਚ ਰੱਬ ਵੇਖਸਾਂ ਤੇ ਐਉਂ ਪੂਜਸਾਂ ਜਿਵੇਂ ਮੂਰਤੀ-ਪੂਜ ਮੂਰਤੀ ਨੂੰ ਪੂਜਦੇ ਹਨ। ਓਹ ਪੱਥਰ ਪੂਜਦੇ ਹਨ, ਮੈਂ ਜੀਊਂਦੇ ਨੂੰ ਪੂਜਸਾਂ।

ਸਿਖ੍ਯਾ ਦਾਤਾ-ਠੀਕ ਹੈ, ਪਰ ਪੁਤਰ ! ਤੂੰ ਉਨ੍ਹਾਂ ਦੇ ਵਾਕ ਨੂੰ ਸਮਝਣਾ ਸੀ, ਨਹੀਂ ਤਾਂ ਉਹਨਾਂ ਦੇ ਆਖੇ ਲਗਣਾ ਸੀ; ਪਰ ਖ਼ੈਰ ! ਉਹ ਸਮਾਂ ਲੰਘ ਗਿਆ, ਹੁਣ ਹੀ ਹੋਸ਼ ਕਰ ! ਬਾਕੀ ਉਮਰ ਇਸ ਬੇਨਤੀ ਵਿਚ ਗੁਜ਼ਾਰ ਕਿ ਹੇ ਦਾਤਾ ! ਜਦ ਤੂੰ ਮਿਲੇਂ, ਆਪ ਮਿਲੇਂ ਕਿ ਆਪਣੇ ਭਗਤ ਦੇ ਰੂਪ ਵਿਚ ਮਿਲੇਂ ਆਦਿ, ਮੱਧ, ਕਿ ਅੰਤ, ਮੇਰਾ ਇਹ ਛੌੜ ਕਿਸੇ ਵੇਲੇ ਜ਼ਰੂਰ ਕਟੀਵੇ ਕਿ ਮੈਂ ਤੈਨੂੰ ਪਛਾਣ ਲਵਾਂ।

ਤਪੱਸ੍ਵੀ-ਸਤਿ ਬਚਨ ! ਪਰ ਸਾਂਈਂ ਜੀਓ, ਇਹ ਮੈਨੂੰ ਵਰ ਪ੍ਰਾਪਤ ਕਦੋਂ ਹੋਸੀ ?

ਸਿਖ੍ਯਾ ਦਾਤਾ-ਤੂੰ ਤਦੋਂ ਪੁੱਛਿਆ ਨਹੀਂ ? ਮੇਰੀ ਜਾਚੇ ਇਹ ਚੋਲਾ ਛੋਡਕੇ ਹੋਸੀ। ਇਹ ਚੋਲਾ ਤੇਰਾ ਅਤੀਤ ਦਾ ਹੈ ਤੇ ਜੋ ਮੰਗ ਤੂੰ ਮੰਗੀ ਹੈ, ਸੋ ਗ੍ਰਿਹਸਤ ਦੇ ਜਾਮੇ ਪੂਰੀ ਹੋ ਸਕਦੀ ਹੈ।

ਇਹ ਕਹਿਕੇ ਸਿਖ੍ਯਾ ਦਾਤਾ ਜੀ 'ਹੇ ਮਾਲਕ' 'ਹੇ ਮਾਲਕ' ਕਰਦੇ ਤੁਰ ਗਏ ਤੇ ਤਪੱਸ੍ਵੀ ਜੀ ਥੱਕੇ ਹੋਣ ਕਰਕੇ ਲੇਟ ਗਏ। ਲੇਟਿਆਂ ਨੇ ਜਾਤਾ ਕਿ ਚੋਲਾ ਛੁਟਣ ਲੱਗਾ ਹੈ, ਸੋ ਸਿਖ੍ਯਾ ਦਾਤੇ ਦੀ ਦੱਸੀ ਬੇਨਤੀ ਵਿਚ ਲੀਨ ਹੋ ਗਏ, ਪਰ ਬੇਨਤੀ ਜਾਰੀ ਰਹੀ ਤੇ ਆਪਣੇ ਜਾਣੇ ਤਪੱਸ੍ਵੀ ਜੀ ਮਰ ਗਏ। ਮਰਨ ਤੋਂ ਮਗਰੋਂ ਨਵੇਂ ਦੇਸ਼ ਵਿਚ ਆ ਜਾਗ ਖੁੱਲ੍ਹੀ, ਪਹਿਲੇ ਤਾਂ ਪ੍ਰਕਾਸ਼ ਜਿਹਾ ਦਿਸਿਆ, ਫੇਰ ਹਨੇਰਾ ਆ ਗਿਆ, ਫੇਰ ਸੱਚੀਂ, ਮੁੱਚੀਂ ਅੱਖ ਖੁਲ੍ਹ ਗਈ ਤੇ ਕਾਲੂ ਜੀ ਕੀਹ ਦੇਖਦੇ ਹਨ ਕਿ ਮੈਂ ਤਾਂ ਅਪਣੇ ਹੀ ਚੌਂਕੇ ਵਿਚ ਆਪਣੇ ਹੀ ਮੂੜ੍ਹੇ ਉਤੇ ਬੈਠਾ ਬੈਠਾ ਸੌਂ ਗਿਆ ਸਾਂ। ਓਹੋ ਘਰ ਹੈ ਉਹੋ ਦਰ, ਉਹੋ ਚੁੱਲ੍ਹਾ ਉਹੋ ਚੌਂਕਾ, ਉਹ ਮਹਿਤਾ ਕਾਲੂ, ਰਾਏ ਬੁਲਾਰ ਦਾ ਪਟਵਾਰੀ ਤੇ ਕਾਰਦਾਰ; ਨਾ ਨਦੀ ਹੈ ਨਾ ਕੁਟੀਆ, ਨਾ ਤਪੀ ਕਾਲੂ ਨਾ ਗੁਸਾਈਂ ਜੀ; ਨਾ ਦਿੱਬ ਮੂਰਤੀ, ਪਰ ਡਿੱਠਾ ਸੁਪਨਾ ਅੱਖਾਂ ਅੱਗੇ ਫਿਰਦਾ ਹੈ। ਹੈਂ। ਕੀ ਮੈਂ ਕਦੇ ਤਪ ਕੀਤਾ ਹੈ ? ਕਿੱਧਰ ਗਿਆ ਮੇਰਾ ਤਪ? ਫਿਰ ਮੈਂ ਇੱਡਾ ਗ੍ਰਿਹਸਤੀ ਬਣ ਗਿਆ? ਹੈਂ ! ਕੀ ਇਹ ਨਿੱਕਾ-ਨਾਨਕ-ਆਪ ਆਇਆ ਹੈ, ਤੇ ਮੇਰਾ ਵਰ ਫਲਿਆ ਹੈ ? ਕੀ ਇਹ ਸਚਮੁਚ ਉਹੋ ਹੈ ਤੇ ਮੈਂ ਹਨੇਰੇ ਵਿਚ ਹਾਂ, ਮੋਹ ਮਾਇਆ ਵਿਚ ਹਾਂ ? ਉੱਠਾਂ, ਵੇਖਾਂ। ਬਾਉਲਿਆਂ ਹਾਰ ਕਾਲੂ ਉੱਠਿਆ, ਜਿਸ ਕੋਠੇ ਉਹ ਬੱਚਾ-ਨਾਨਕ-ਸਿਰ ਮੂਧ ਪਿਆ ਸੀ, ਕਾਲੂ ਧਾ ਕੇ ਵੜਿਆ। ਕਮਰਾ ਬਿਨ ਦੀਵੇ, ਬਿਨ ਧੂੰਦ ਚਾਨਣਾ ਚਰਾਗ ਹੈ, ਨਾਨਕ ਨੂਰ ਦਾ ਪੁਤਲਾ ਬਿਰਾਜ ਰਿਹਾ ਹੈ। ਅਰਸ਼ ਕੁਰਸ਼ ਦੇ ਨੂਰੀ ਦੇਵਤੇ ਸੇਵਾ ਕਰ ਰਹੇ ਹਨ। ਠੰਢ ਹੈ, ਸੁਆਉ ਹੈ, ਸੁਹਾਉ ਹੈ, ਰਸ ਹੈ, ਮਾਨੋ ਕੀਰਤਨ ਹੈ। ਕਾਲੂ ਨੂੰ ਇਕ ਵੇਰ ਤਾਂ ਮਾਨੋਂ ਮੂਰਛਾ ਆ ਗਈ,

ਉਸ ਸੁਆਦ ਦਾ ਝੂਟਾ ਆ ਗਿਆ, ਜਿਸਦੀ ਪੀਂਘ ਉਸਦੇ ਪੁਤ੍ਰ ਨੇ ਓਥੇ ਘੁਮਾ ਰਖੀ ਸੀ। ਬੇਵਸਾ ਹੋਕੇ ਦੰਡੌਤ ਵਿਚ ਪੈ ਗਿਆ ਅਰ ਬੋਲਿਆ, –

ਮੈਨੂੰ ਰਖ ਲੈ, ਮੈਂ ਭੁੱਲ ਵਿਚ ਹਾਂ।
ਛੌੜ ਕੱਟ, ਮੇਰੇ ਛੌੜ ਕੱਟ।

ਪਰ ਜਦ ਕਾਲੂ ਦੰਡੌਤ ਤੋਂ ਉਠਿਆ ਉਸ ਕਮਰੇ ਵਿਚ ਹਨੇਰਾ ਸੀ। ਨਾਨਕ, ਬਾਲਕ ਤੇ ਉਸ ਦਾ ਜਾਇਆ ਪੁਤ੍ਰ ਨਾਨਕ ਉਸ ਕਮਰੇ ਵਿਚ ਹੈ ਨਹੀਂ ਸੀ। ਕਾਲੂ ਨੇ ਕਿਹਾ, ਕੇਡਾ ਚੱਕ੍ਰ ਆਇਆ, ਏਥੇ ਤਾਂ ਕਾਕਾ ਹੈ ਹੀ ਨਹੀਂ ਤੇ ਮੈਂ ਕਿਵੇਂ ਫ਼ਰਿਸ਼ਤੇ, ਪਾਰਖਦ, ਰਾਗ ਰੰਗ ਤੇ ਪੁਤ੍ਰ ਤਖਤ ਤੇ ਵਿਰਾਜਿਆ ਵੇਖ ਲਿਆ? ਸਭ ਮਾਇਆ ਹੈ, ਸੁਣੀਆਂ ਗੱਲਾਂ ਦਾ ਭੁਲੇਵਾ ਹੈ। ਮੈਂ ਗਰੀਬ ਕਾਲੂ ਦੇ ਸੁਪਨੇ ਵੇਖੋ ! ਸੁਪਨਾ ਬੀ ਅਚਰਜ ਮਾਇਆ ਹੈ। .. (ਸਿਰ ਫੇਰਕੇ) ਐਉਂ ਪੈਂਦੀ ਹੈ ਮਾਇਆ।

ਐਉਂ ਸੋਚਦਾ ਕਾਲੂ ਬਾਹਰ ਆਇਆ ਪੁੱਛਿਓਸੁ 'ਨਾਨਕ ਕਿੱਥੇ ਹੈ' ਤਾਂ ਕਿਸੇ ਦੱਸਿਆ 'ਬਾਹਰ ਖੇਤਾਂ ਵਿਚ ਫਿਰਦਾ ਪਿਆ ਸੀ'। ਭੁਲੇਵਾ ਪੱਕਾ ਹੋ ਗਿਆ। ਜਾਗ ਖੁੱਲ੍ਹੀ, ਫੇਰ ਨੀਂਦ ਆ ਗਈ ! ਤਪਾਂ ਦਾ ਫਲ ਮਿਲ ਗਿਆ, ਪਰ ਹਉਂ ਨਾ ਕੱਟੀ ਦਾ ਥਰ ਹਿੱਲਕੇ ਫੇਰ ਜੰਮ ਗਿਆ।

### ੨. {ਖੇੜੇ}

ਰੁਤ ਸਿਆਲ ਦੀ ਟੁਰ ਗਈ, ਬਸੰਤ ਆਈ, ਦੇਖੋ ਉਹ ਤ੍ਰੈ ਮਹੀਨੇ ਕੋਠੇ ਵਿਚ ਮੂਧੜੇ ਮੂੰਹ ਪਿਆ ਨਾਨਕ ਹੁਣ 'ਰੰਗ ਹਸਹਿ' ਦੇ ਘਰ ਵਿਚ ਆ ਗਿਆ।

ਅਸ ਬਿਧਿ ਸੋਂ ਜੁਗ ਮਾਸ[੧] ਬਿਤਾਏ।
ਫਿਰਨ ਲਗੇ ਪੁਨ ਸਹਿਜ ਸੁਭਾਏ।
ਰੁਚਿ ਸੋਂ ਖਾਨ ਪਾਨ ਕੋ ਕਰਿਹੀਂ।
ਮਾਤ ਬਿਲੋਕਿ ਹਰਖ ਉਰ ਧਰਿ ਹੀ। {ਨਾ:ਪ੍ਰ:}

ਦੋਨੋਂ ਵੇਲੇ ਰੁਚੀ ਨਾਲ ਚੌਂਕੇ ਵਿਚ ਬੈਠਕੇ ਪ੍ਰਸ਼ਾਦ ਛਕਦੇ ਹਨ, ਨਵੇਂ ਕਪੜੇ, ਜੋ ਮਾਂ ਨੇ ਚਾਉ ਨਾਲ ਸੁਆਏ ਹਨ, ਪਹਿਨਦੇ ਹਨ। ਗੱਲਾਂ ਕਰਦੇ ਹਨ, ਹੱਸਦੇ ਹਨ, ਬਾਹਰ ਅੰਦਰ ਫਿਰਦੇ ਹਨ, ਸਾਕ ਸੈਨ ਮਿਲਦੇ ਹਨ ਤਾਂ ਚੰਗੀ ਤਰ੍ਹਾਂ ਕੂੰਦੇ ਹਨ। ਹਾਂ ਜੀ, ਹੱਸਦੇ ਹਨ, ਤਾਂ ਖਿੜ ਖਿੜ ਹੱਸਦੇ ਹਨ, ਖੁਸ਼ ਹੁੰਦੇ ਹਨ, ਬਾਹਰ ਫਿਰਦੇ ਹਨ। ਮਾਂ ਭੈਣ ਨਾਲ, ਲੋੜ ਪਵੇ ਤਾਂ ਪਿਤਾ ਚਾਚੇ ਨਾਲ ਗੱਲਾਂ ਕਰਦੇ ਹਨ। ਚਿਹਰੇ ਦਾ ਰੰਗ ਅਚਰਜ ਲਾਲੀ ਭਾ ਵਿਚ ਹੈ। ਮੁਖ ਤੇ ਚਮਕਾਰ ਹੈ। ਨੈਣਾ ਵਿਚ ਇਕ ਇਲਾਹੀ ਖਿੱਚ ਤੇ ਇਕ ਮਿੱਠਾ ਮਿੱਠਾ ਲਿਸ਼ਕਾਰ ਹੈ। ਹੱਸਦੇ ਹਨ ਤੇ ਐਉਂ ਖੁਸ਼ੀ ਤੇ ਧੂਹ ਦਾ ਅਸਰ ਪੈਂਦਾ ਹੈ ਕਿ ਚਿੱਤ ਮੋਹਿਤ ਹੋ ਹੋ ਜਾਂਦਾ ਹੈ।

ਸੁੰਦਰ ਸੋਭਤ ਬੈਸ ਕਿਸ਼ੋਰਾ।
ਗਿਰਾ ਮ੍ਰਿਦੁਲ ਮਧੁਰੀ ਚਿਤ ਚੋਰਾ[੧] ।
ਲਲਿਤ ਬਿਲੋਚਨ ਦਲ ਉਤਪਲ ਸੇ[੨]।
ਤਾਰੇ ਸਜਾਮ ਗੰਡਕੀ ਸਿਲ ਸੇ[੩] {ਨਾ: ਪ੍ਰ:}

ਭੈਣ ਨਾਨਕੀ ਨੇ ਤਾਂ ਅਤਿ ਸੁਖੀ ਹੋਣਾ ਹੀ ਸੀ, ਮਾਤਾ ਪਿਤਾ ਬੀ ਇਹ ਰੰਗ ਵੇਖਕੇ ਖਿੜ ਰਹੇ ਹਨ। ਰਾਇ ਬੁਲਾਰ ਨੂੰ ਬੀ ਸੋਝੀ ਪਈ ਕਿ ਨਾਨਕ ਹੁਣ ਖੇੜਿਆਂ ਦੇ ਘਰ ਵਿਚ ਹੈ, ਉਸਨੂੰ ਬੀ ਬੜੀ ਖੁਸ਼ੀ ਹੋਈ।

ਸਾਰੇ ਸਮਝਣ ਕਿ ਬਾਲਕਾ ਨਾਨਕ ਹੁਣ ਹੋਰ ਹੋ ਗਿਆ ਹੈ। ਕੋਈ ਅਹੁਰ ਸੀ ਜੋ ਕੱਟੀ ਗਈ ਹੈ, ਕੋਈ ਆਜ਼ਾਰ ਸੀ ਜੋ ਦੂਰ ਹੋ ਗਿਆ ਹੈ, ਪਰ ਉਹ ਨਾਨਕ ਅਪਣੇ ਹੀ ਬਚਨਾਂ ਅਨੁਸਾਰ :–

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥ {ਆਸਾ ਦੀ ਵਾਰ ਮ: ੧-੨੦}

ਦੇ ਰੰਗ ਵਾਲੇ ਹਨ। ਹੁਣ ਜਿਸ ਖੇੜਿਆਂ ਖੁਸ਼ੀਆਂ, ਅਨੰਦ ਬਿਨੋਦਾਂ ਦੇ ਘਰ ਵਿਚ ਹਨ, ਇਹ ਬੀ ਉਹੋ ਰੱਬੀ ਰੰਗ ਹੈ; ਜੋ ਤ੍ਰੈ ਮਹੀਨੇ ਮੂਧੜੇ ਮੂੰਹ ਪੈ ਕੇ ਮਾਣਿਆ ਸੀ। ਉੱਥੇ ਸਦਾ ਇਕੋ ਗੱਲ, ਇਕੋ ਲਗਨ ਹੈ, ਪਰ ਮਾਇਆ ਵਿਚ ਫਸ ਰਹੇ ਮਨ-ਕਦੇ ਨਾ ਛਾਯਾ ਤੋਂ ਨਿਕਲੇ, ਮਾਯਾ ਵੇੜੇ ਦਿਲ ਨਹੀਂ ਸਮਝ ਸਕਦੇ ਕਿ ਇਹ ਕੀ ਭੇਤ ਹੈ!

ਇਨ੍ਹਾਂ ਦਿਨਾਂ ਵਿਚ ਜਿਵੇਂ ਬਸੰਤ ਖਿੜੀ ਹੈ, ਤਿਵੇਂ ਨਾਨਕ ਨਿਰੰਕਾਰੀ ਅਪਣੀ ਕੁਮਾਰ ਅਵਸਥਾ ਵਿਚ ਖਿੜੇ ਕੁਦਰਤ ਨੂੰ ਰੰਗ ਲਾ ਰਹੇ ਹਨ। ਹੁਣ ਤਾਂ ਪਿੰਡ ਦੇ ਅਪਣੀ ਉਮਰ ਦੇ ਹਾਣੀਆਂ ਨਾਲ ਭੀ ਕਿਸੇ ਵੇਲੇ ਕੂੰਦੇ ਸਹਿੰਦੇ ਹਨ। 'ਧੰਨ ਨਿਰੰਕਾਰ'

[੧] ਪੁ: ਜ: ਸਾਖੀ ਵਿਚ ਤ੍ਰੈ ਮਹੀਨੇ ਲਿਖੇ ਹਨ।

[੧] ਚਿਤ ਨੂੰ ਚੁਰਾ ਲੈਣ ਵਾਲੀ-ਮਨਮੋਹਨ।
[੨] ਸੁਹਣੇ ਨੇਤ੍ਰ ਹਨ ਕਮਲ ਦੇ ਪੱਤ੍ਰਾਂ ਵਰਗੇ ਚੌੜੇ
[੩] (ਅੱਖਾਂ ਦੇ) ਤਾਰੇ ਗੰਡਕ (ਨਾਮੇ ਨਦੀ ਦੀਆਂ) ਕਾਲੀਆਂ ਗੀਟੀਆ ਵਰਗੇ (ਹਨ)।

'ਧੰਨ ਨਿਰੰਕਾਰ' ਦੀ ਮਧੁਰ ਧੁਨੀ ਕਿਸੇ ਕਿਸੇ ਵੇਲੇ ਮੁਖਾਰਬਿੰਦ ਤੋਂ ਸੁਣਾਈ ਦੇਂਦੀ ਹੈ। ਤਾਰਿਆਂ ਤੋਂ ਜਿਵੇਂ ਚਾਨਣ ਡਿਗਦਾ ਹੈ, ਜ਼ਰੀ ਬਾਦਲੇ ਦੇ ਕਪੜੇ ਪਹਿਨਕੇ ਟੁਰਿਆਂ ਫਿਰਿਆਂ ਜਿਵੇਂ ਤਿੱਲੇ ਦੀਆਂ ਤਾਰਾਂ ਢਹਿੰਦੀਆਂ ਹਨ, ਤਿਵੇਂ ਜਿੱਧਰ ਜਿਸ ਰੰਗ ਆਪ ਫਿਰਦੇ ਬੋਲਦੇ ਚਾਲਦੇ ਹਨ, ਉੱਧਰ ਖੁਸ਼ੀਆਂ ਦੀਆਂ ਕਿਰਨਾਂ ਢਹਿੰਦੀਆਂ ਦਿੱਸਦੀਆਂ ਹਨ। ਹੋਰ ਕੋਈ ਖੁਸ਼ ਹੋਵੇ ਤਾਂ ਨਿਰਾ ਆਪ ਹੀ ਖੁਸ਼ ਹੁੰਦਾ ਹੈ, ਪਰ ਉਸ ਦੀਵਾਨੇ ਕਹਿਲਾ ਚੁਕੇ ਬਾਲਕੇ ਦੇ ਖੁਸ਼ ਚਿਹਰੇ ਤੋਂ ਖੁਸ਼ੀ ਦੀ ਛੂਤ ਲਗਦੀ ਹੈ। ਜੋ ਤੱਕੇ ਨੇੜੇ ਆਵੇ, ਖੁਸ਼ ਹੋ ਹੋ ਜਾਂਦਾ ਹੈ, ਖਿੜਦਾ ਹੈ; ਸੁਖੀ ਹੁੰਦਾ ਹੈ।

## ੩. {ਮਾਇਆ}

ਉਨ੍ਹਾਂ ਦੇ ਖੇੜੇ ਦੇ ਇਸ ਅਸਰ ਨੂੰ ਇਕ ਭੈਣ ਹੈ ਜੋ ਪਛਾਣਦੀ ਹੈ। ਹਾਂ, ਇਕ ਨਾਨਕੀ ਹੈ ਜੋ ਪਛਾਣਦੀ ਹੈ ਕਿ ਵੀਰ ਉੱਚਾ ਹੈ ਤੇ ਧੁਰੋਂ ਆਇਆ ਹੈ। ਹਾਂ, ਉਹ ਸਮਝਦੀ ਹੈ ਕਿ ਵੀਰ ਜਗਤ ਦਾ ਨਹੀਂ, ਪਰ ਜਗਤੋਂ ਪਾਰ ਦਾ ਹੈ। ਰੱਬ ਦਾ ਪਿਆਰਾ, ਰੱਬੀ ਜੋਤਿ ਨਾਲ ਭਰਪੂਰ, ਰੱਬੀ ਰੂਪ ਹੈ, ਪਰ ਮਾਂ ਨੂੰ ਪੁੱਤ ਦੀਹਦਾ ਹੈ, ਜੋ ਅਹੁਰਿਆ ਗਿਆ ਸੀ ਤੇ ਹੁਣ ਵੱਲ ਹੋਇਆ ਹੈ। ਉਹ ਦਾਨ ਕਰਦੀ ਹੈ, ਵਾਰੇ ਫੇਰੇ ਕਰਦੀ ਤੇ ਗ੍ਰੀਬਾਂ ਨੂੰ ਵੰਡਦੀ ਹੈ। ਪਿਉ ਹੈ ਕਿ ਹੁਣ ਖੁਸ਼ ਹੈ, ਕਿ ਸ਼ੁਕਰ ਹੈ, ਪੁਤ੍ਰ ਵੱਲ ਹੋਇਆ ਹੈ ! ਹੁਣ ਕਿਰਤ ਕਾਰੇ ਲੱਗੇਗਾ, ਗ੍ਰਿਹਸਤੀ ਬਣੇਗਾ, ਪਰ੍ਹੇ ਵਿਚ ਬੈਠੇਗਾ, ਕੁਲ ਦਾ ਨਮੂਜ ਕੱਢੇਗਾ, ਸਾਡੀ ਬੁੱਢੇ ਵਾਰੇ ਸੇਵਾ ਕਰੇਗਾ ! ਹਾਂ ਜੀ, ਜਿਸ ਵੇਲੇ ਨਾਨਕ ਬਾਲਕਾ ਆਪਣੇ ਰੱਬੀ ਰੰਗ ਦੇ ਖੇੜਿਆਂ ਵਿਚ ਖਿੜ ਖਿੜ ਮੁਸ਼ਕਾਂ ਮਚਾ ਰਿਹਾ ਸੀ, ਉਸ ਵੇਲੇ ਮਹਿਤਾ ਕਾਲੂ ਖੁਸ਼ ਹੋ ਰਿਹਾ ਸੀ ਕਿ ਹੁਣ ਪੁੱਤ ਆਖੇ ਲਗਕੇ ਵਿਹਾਰ ਕਾਰ ਵਿਚ ਪੈ ਜਾਏਗਾ। ਮਹਿਤੇ ਦੇ ਮਨ ਨੇ ਸੋਚਿਆ ਕਿ ਅੱਗੇ ਤਾਂ ਕਿਸੇ ਕਿੱਤੇ[1] ਨਾਨਕ ਨਹੀਂ ਲੱਗਾ, ਇਸ ਦਾ ਸੁਭਾਉ ਫਿਰਨ ਟੁਰਨ ਵਾਲਾ ਬਾਹਲਾ ਹੈ, ਸੋ ਐਸੇ ਕਿਸੇ ਕਿੱਤੇ ਲਾਓ ਕਿ ਫਿਰੇ ਟੁਰੇ ਬੀ ਤੇ ਵਿਹਾਰ ਬੀ ਕਰੇ। ਸੋ ਉਸਦੇ ਤ੍ਰਿੱਖੇ ਵਿਹਾਰੀ ਮਨ ਨੇ ਨਾਨਕ ਨੂੰ ਵਣਜਾਰਾ ਬਨਾਉਣ ਦੀ ਸੋਚੀ, ਕਿ ਬਾਹਰੋਂ ਦਿਸੌਰਾਂ ਵਿਚ ਜਾਵੇ, ਮਾਲ ਖਰੀਦ ਕੇ ਲਿਆਵੇ ਤੇ ਆਪਣੇ ਸ਼ਹਿਰ ਵੇਚੇ; ਸ਼ਹਿਰ ਦੇ ਮਾਲ ਬਾਹਰ ਦਿਸੌਰਾਂ ਨੂੰ ਲੈ ਜਾਵੇ ਤੇ ਵੇਚਕੇ ਘਰ ਆਵੇ। ਸੌਦਾਗਰੀ ਦਾ ਖਿਆਲ ਬਾਬੇ ਕਾਲੂ ਨੂੰ ਹੁਣ ਫੁਰ ਰਿਹਾ ਸੀ। ਉਹ ਸੁਫਨਾ, ਜੋ ਸੱਚ ਨੂੰ ਖੁਹਲਣਹਾਰ ਸੀ, ਕਾਲੂ ਨੂੰ ਮਾਇਆ ਹੋ ਭਾਸਿਆ ਸੀ ਤੇ ਇਹ ਲੋਭ ਲਾਲਚ, ਜੋ ਮਾਇਆ ਸੀ, ਉਸ ਨੂੰ ਸੱਚ ਭਾਸ ਰਿਹਾ ਸੀ, ਸੋ ਹੁਣ ਉਹ ਵੇਲਾ ਜੋ ਨਿਰੰਕਾਰੀ ਨਾਨਕ ਉਤੇ ਰੱਬੀ ਜੋਬਨਾਂ ਦਾ ਸੀ; ਕਾਲੂ ਨੂੰ ਮੱਤ ਦੇਣ ਤੇ ਪੁਤ੍ਰ ਨੂੰ ਅਪਣੇ ਭਾਣੇ ਸੁਮਤੇ ਲਾਉਣ ਦਾ ਵੇਲਾ ਸੀ; ਇਸ ਲਈ ਉਸ ਨੇ ਇਕ ਦਿਨ ਪੁਤ੍ਰ ਨੂੰ ਪਾਸ ਬਿਠਾਕੇ ਤੇ ਸਿਰ ਤੇ ਪਿਆਰ ਦੇਕੇ ਸਮਝਾਉਣਾ ਸ਼ੁਰੂ ਕੀਤਾ :-

"ਹੇ ਨਾਨਕ ! ਤੂੰ ਮੇਰਾ ਇੱਕੋ ਇਕ ਪੁਤਰ ਅੱਖਾਂ ਦਾ ਚਾਨਣ, ਜੱਗ ਦੀ ਰੌਸ਼ਨੀ ਹੈਂ। ਤੇਰੇ ਚਾਲੇ ਹੁਣ ਤਕ ਅਤੀਤਾਂ ਵਾਲੇ ਰਹੇ ਸਨ। ਹੁਣ ਸ਼ੁਕਰ ਹੈ ਕਿ ਤੇਰੇ ਮਨ ਨੇ ਮੋੜਾ ਖਾਧਾ ਹੈ ਤੇ ਗ੍ਰਿਹਸਤੀਆਂ ਵਾਂਙੂ ਹੱਸਣ ਬੋਲਣ ਲਗਾ ਹੈਂ। ਮੇਰਾ ਵਿਚਾਰ ਸੀ ਕਿ ਤੂੰ ਬੜਾ ਸਿਆਣਾ ਤੇ ਕਮਾਊ ਪੁਤ੍ਰ ਨਿਕਲੇਂਗਾ ਤੇ ਜੱਗ ਵਿਚ ਮੇਰਾ ਤੇ ਕੁਲ ਦਾ ਨਮੂਜ ਕੱਢੇਂਗਾ। ਅੱਜ ਤਕ ਜਿੰਨੇ ਜਤਨ ਮੈਂ ਤੈਨੂੰ ਇਸ ਪਾਸੇ ਲਾਉਣ ਦੇ ਕੀਤੇ ਹਨ, ਓਹ ਨਿਸ਼ਫਲ ਗਏ ਹਨ ਤੇ ਮੇਰੇ ਸਮੇਤ ਸਾਰਾ ਪਰਵਾਰ ਨਿਰਾਸ ਹੋ ਰਿਹਾ ਹੈ ਤੇ ਜਗਤ ਵਿਚ ਸਾਡੀ ਦੰਦ ਕਥਾ ਬੀ ਬੜੀ ਹੁੰਦੀ ਰਹੀ ਹੈ। ਹੁਣ ਜੇ ਤੂੰ ਆਖੇ ਲਗੇਂ ਤੇ ਵੱਡੇ ਵਡੇਰਿਆਂ ਦੀ ਰਹੁਰੀਤਿ ਤੇ ਟੁਰੇਂ ਤਾਂ ਕੁਝ ਕੰਮਕਾਰ ਮੇਰੇ ਜੀਉਂਦੇ ਜੀ ਸੰਭਾਲ ਲੈ। "

ਇਸ ਪ੍ਰਕਾਰ ਦੋ ਘੜੀਆਂ ਬਾਬਾ ਕਾਲੂ ਜੀ ਸਮਝਾਉਂਦੇ ਰਹੇ ਤੇ ਗੁਰ ਨਾਨਕ ਜੀ ਚੁੱਪ ਸੁਣਦੇ ਰਹੇ। ਕਾਲੂ ਜੀ ਨੇ ਮਨ ਦੇ ਸਾਰੇ ਰੋਸ ਤੇ ਗੁੱਸੇ ਗਿਲੇ ਕੱਢ ਲਏ ਤੇ ਮਨ ਠੰਢਾ ਹੋ ਗਿਆ ਤਾਂ ਸ੍ਰੀ ਜਗਤ ਨਾਥ ਜੀ ਬੋਲੇ:-

"ਪਿਤਾ ਜੀ ! ਤੁਹਾਨੂੰ ਦੁਖੀ ਹੋਣ ਦਾ ਕਸ਼ਟ ਹੈ, ਪਰ ਮੇਰੇ ਵੱਸ ਨਹੀਂ, ਜੋ ਹੁੰਦਾ ਹੈ ਕਿਤੋਂ ਹੋਰਥੋਂ ਹੁੰਦਾ ਹੈ। ਜੇ ਤੁਸਾਨੂੰ ਰੰਜ ਹੋਇਆ ਤਾਂ ਖਿਮਾ ਕਰੋ ਤੇ ਅਗੋਂ ਆਗਜਾ ਕਰੋ ਜੋ ਸਰ ਬਣ ਆਇਆ ਮੈਂ ਕਰੂੰ, ਪਰ ਮੇਰੇ ਅਧੀਨ ਕੁਛ ਨਹੀਂ, ਮੈਂ ਆਪੂੰ ਕੁਛ ਵਿਗਾੜ ਨਹੀਂ ਕਰਾਂਗਾ"। ਇਹ ਸੁਣਕੇ ਕਾਲੂ ਨੇ ਪਛਾਤਾ ਕਿ ਹੁਣ ਪੁਤ੍ਰ ਟਿਕਾਣੇ ਆ ਗਿਆ ਹੈ

[1] ਕਿੱਤਾ=ਕੰਮ ਕਾਜ।

ਹੁਣ ਕਿਸੇ ਕੰਮ ਵਿਚ ਫਸਾ ਦਿਓ ! ਸੋ ਬੋਲਿਆ-

"ਨਾਨਕ ! ਮੈਂ ਤੈਨੂੰ ਪਾਂਧੇ, ਮੁੱਲਾਂ, ਖੇਤੀ ਆਦਿ ਵਿਚ ਲਾਕੇ ਚਾਹੁੰਦਾ ਸਾਂ ਕਿ ਤੂੰ ਸਾਰੇ ਕੰਮ ਸਿੱਖ ਜਾਵੇਂ ਤਾਂ ਇਕ ਪਿੰਡ ਵੱਖਰਾ ਵਸਾ ਦਿਆਂ ਜੋ ਤੂੰ ਅਪਣੀ ਮਿਹਨਤ ਨਾਲ ਆਬਾਦ ਕਰੇਂ ਤੇ ਸਨੇ ਸਨੇ ਤਕੜਾ ਜ਼ਿਮੀਂਦਾਰ ਬਣ ਜਾਵੇਂ, ਪਰ ਓਹ ਤਾਂ ਸਾਰੀਆਂ ਗੱਲਾਂ ਰਹੀਆਂ। ਹੁਣ ਪੁੱਤ ! ਐਉਂ ਕਰ; ਕੁਛ ਰੁਪਏ ਲੈ ਜਾਹ ਤੇ ਕੋਈ ਮਾਲ ਸੁਵੱਲਾ ਖਰੀਦ ਲਿਆ, ਤਲਵੰਡੀ ਦੇ ਨਿਰਖ ਮੈਂ ਤੈਨੂੰ ਦੱਸ ਦੇਂਦਾ ਹਾਂ ਤੇ ਬਾਹਰ ਜਿਥੇ ਜੋ ਮਾਲ ਜਚਦਾ ਤੈਨੂੰ ਲੱਗੇ ਕਿ ਐਥੇ ਪੁੱਗੇਗਾ ਉਹ ਖਰੀਦ ਕੇ ਲੈ ਆਵੀਂ, ਫੇਰ ਏਥੇ ਆਕੇ ਵੇਚ ਦੇਵੀਂ। ਐਉਂ ਕੁਛ ਚਿਰ ਫਿਰਦਿਆਂ ਅਤੇ ਹੇਰ ਫੇਰ ਕਰਦਿਆਂ ਤੈਨੂੰ ਜਾਚ ਆ ਜਾਵੇਗੀ ਤੇ ਦਿਸੌਰਾਂ ਵਿਚ ਵਾਕਬੀ ਹੋ ਜਾਏਗੀ, ਫੇਰ ਤੂੰ ਸ਼ਾਹ ਬਣਕੇ ਵੱਡੀ ਹੱਟੀ ਪਾ ਲਈਂ ਤੇ ਆੜ੍ਹਤ ਦਾ ਵਿਹਾਰ ਟੋਰੀਂ ਤੇ ਸਨੇ ਸਨੇ ਕੋਠੀਦਾਰੀ ਬਣ ਜਾਏਗੀ। ਤੂੰ ਸੁਖੀ ਤੇ ਸੇਠ ਆਦਮੀ ਬਣ ਜਾਏਂਗਾ ਤੇ ਅਸੀਂ ਸੁਖੀ ਤੇ ਠੰਢੇ ਦਿਲ ਜਗਤ ਤੋਂ ਟੁਰਾਂਗੇ।

ਸ੍ਰੀ ਨਾਨਕ ਜੀ-ਤੇ ਪਿਤਾ ਜੀ ! ਮੈਨੂੰ ਆਪੂੰ ਤਾਂ ਜਾਚ ਕੋਈ ਨਹੀਂ।

ਕਾਲੂ ਜੀ-ਮੈਂ ਤੇਰੇ ਨਾਲ ਬੱਚਾ ! ਘਰ ਦਾ ਇਕ ਮਾਤਬਰ ਤੋਰਾਂਗਾ, ਜੋ ਸਾਰੀ ਜਾਚ ਦੱਸੇਗਾ। ਹਾਲੇ ਤਾਂ ਮੈਂ ਤੈਨੂੰ ਕੰਮ ਨਹੀਂ ਘੱਲਣ ਲੱਗਾ, ਹਾਲੇ ਤਾਂ ਜਾਚ ਦੱਸਣ ਦਾ ਮਤਲਬ ਹੈ, ਇਸੇ ਕਰਕੇ ਰੁਪੱਯੇ ਬੀ ਥੋੜੇ ਦਿਆਂਗਾ; ਜੋ ਘਾਟਾ ਪਵੇ ਤਾਂ ਬਹੁਤ ਨਾ ਪਵੇ, ਤੇ ਜਾਓ ਬੀ ਲਾਗੇ ਚਾਗੇ, ਦੂਰ ਨਾ ਜਾਓ। ਦੋ ਚਾਰ ਵਾਰ ਕਰਕੇ ਫੇਰ ਰੁਪੱਯਾ ਬੀ ਵਧ ਵਧ ਲਾਉਂਦੇ ਜਾਵਾਂਗੇ ਤੇ ਕੰਮ ਬੀ ਵਧਦਾ ਜਾਏਗਾ। ਜਿਉਂ ਜਿਉਂ, ਪੁੱਤ ਖਟਦਾ ਜਾਏਂ, ਆਪਣੀ ਕਮਾਈ ਵੱਖ ਰੱਖੀ ਜਾਈਂ ਤੇ ਓਸ ਨਾਲ ਬੀ ਅਪਣੀ ਰਾਸ ਵਧਾਈਂ ਜਾਈਂ, ਮੈਂ ਬੀ ਹੋਰ, ਜੋ ਸਰੇ, ਨਾਲ ਰਲਾਈ ਜਾਵਾਂਗਾ। ਖਰਚ ਤੇਰਾ ਸਾਰਾ ਮੇਰੇ ਸਿਰ ਰਹੇਗਾ, ਤੂੰ ਇਸ ਗਲ ਦਾ ਬੀ ਫ਼ਿਕਰ ਨਾ ਕਰੀਂ। ਇਸ ਤਰ੍ਹਾਂ ਦੇ ਉਪਦੇਸ਼ ਜਗਤ ਤਾਰਕ ਜੀ ਨੇ ਸੁਣੇ ਤੇ ਇਕ ਸਾਹ ਲੈਕੇ ਕਿਹਾ, ਅੱਛਾ ਪਿਤਾ ਜੀ ! ਜਿਵੇਂ ਆਖੋ ਤਿਵੇਂ ਸਹੀ।

ਕਾਲੂ ਨੇ ਹੁਣ ਇਕ ਆਪਣੇ ਇਤਬਾਰੀ ਨੂੰ ਨਾਲ ਤਿਆਰ ਕੀਤਾ। ਆਖਦੇ ਹਨ ਕਿ ਇਸ ਦਾ ਨਾਮ ਬਾਲ ਯਾ ਬਾਲਾ ਸੀ[1]। ਵੀਹ ਰੁਪੱਯੇ ਕਾਲੂ ਨੇ ਪਹਿਲੀ ਰਾਸ ਜਗਤ ਦੇ ਮਾਲਕ ਨੂੰ ਦਿੱਤੀ, ਜੋ ਮਤੇ ਬਹੁਤੀ ਦਿੱਤੀ ਚੌੜ ਨਾ ਕਰ ਆਵੇ। ਫੇਰ ਅਗਯਾ ਕੀਤੀ ਕਿ ਜਾਓ ਕਿਸੇ ਦਸੌਰ ਤੋਂ ਕੋਈ ਖਰਾ ਸੌਦਾ ਖ਼ਰੀਦ ਲਿਆਓ ਜੋ ਏਥੇ ਆਕੇ ਚਾਰ ਪੈਸੇ ਨਾਲ ਰਲ ਜਾਣ।

## ੨. {ਸੌਦਾਗਰੀ}

**ਚਲੇ** ਤਲਵੰਡੀ ਤੋਂ ਸ੍ਰੀ ਗੁਰੂ ਨਾਨਕ ਜੀ ਵਪਾਰ ਕਰਨ, ਵੀਹ ਰੁਪਏ ਨਾਲ ਲੈਕੇ ਪਿਤਾ ਦੀ ਇੱਛਾ ਨੂੰ ਫੁਲ ਚੜ੍ਹਾਉਣ। ਚੱਲਦੇ ਚੱਲਦੇ ਬਾਰਾਂ ਕੁ ਕੋਹ ਵਾਟ ਨਿਕਲ ਗਏ, ਦੂਰੋਂ ਇਕ ਨਗਰੀ ਨਜ਼ਰ ਆਈ ਇਹ ਚੂਹੜਕਾਣਾ ਸੀ। ਬਾਲੇ ਦੀ ਮਰਜ਼ੀ ਸੀ ਕਿ ਏਥੋਂ ਹੀ ਕੋਈ ਮਾਲ ਖਰੀਦ ਕੇ ਲੈ ਚੱਲਾਂਗੇ, ਸੋ ਏਧਰ ਪੈਰ ਮੋੜੇ। ਅਜੇ ਪਿੰਡੋਂ ਉਰੇ ਹੀ ਸਨ ਕਿ ਇਕ ਬ੍ਰਿਛਾਂ ਦੇ ਵਿਚ ਝੰਗੀ ਆ ਗਈ ਜਿਸ ਦੇ ਵਿਚਾਲੇ ਇਕ ਛੰਭ ਸੀ। ਗੁਰ ਨਾਨਕ ਨੇ ਇਸ ਝੰਗੀ ਵੱਲੇ ਪੈਰ ਮੋੜ ਦਿੱਤੇ, ਬਾਲਾ ਬੀ ਨਾਲ ਮੁੜਿਆ ਕਿ ਚੱਲੋ ਝੰਗੀ ਦੇ ਵਿਚਦੀ ਲੰਘ ਚੱਲਾਂਗੇ। ਜਾਂ ਉਸ ਝੰਗੀ ਦੇ ਅੰਦਰ ਗਏ ਤਾਂ ਕੀਹ ਦੇਖਦੇ ਹਨ ਕਿ ਅਨੇਕਾਂ ਤਪੱਸ੍ਵੀ ਸਾਧੂ ਵਿਭੂਤ ਮਲੀ ਬੈਠੇ ਹਨ। ਕੋਈ ਧੂਣੇ ਤਪ ਰਹੇ ਹਨ, ਕੋਈ ਜਲ ਵਿਚ ਬੈਠੇ ਹਨ, ਕੋਈ ਬ੍ਰਿਛ ਨਾਲ ਲਟਕ ਰਹੇ ਹਨ, ਕੋਈ ਇਕ ਪੈਰ ਭਾਰ ਖੜੇ ਹਨ, ਕੋਈ ਬਾਹਾਂ ਉੱਚੀਆਂ ਕਰ ਬੈਠੇ ਹਨ, ਇੰਨਾ ਕਠਨ ਤਪਾਂ ਦਾ ਕਾਰਨ ਇਨ੍ਹਾਂ ਦੇ ਮਨਾਂ ਵਿਚ ਪਰਲੋਕ ਦੇ ਸੁਖਾਂ ਦੀ ਇੱਛਾ ਸੀ।

ਇਨ੍ਹਾਂ ਦਾ ਇਕ ਮਹੰਤ ਸੀ ਜੋ ਛੰਭ ਕਿਨਾਰੇ ਮ੍ਰਿਗਛਾਲਾ ਉਤੇ ਬੈਠਾ ਸੀ, ਸਿਰ ਤੇ ਜਟਾਂ ਸਨ, ਸੁਆਹ ਮਲੀ ਸੀ, ਪਦਮਾਸਨ ਲਾਏ ਬੈਠਾ ਸੀ। ਇਸ ਨੂੰ ਤੱਕ ਤੱਕ ਕੇ ਬਾਲਕ ਨਾਨਕ ਜੀ ਖੜੇ ਰਹੇ, ਫੇਰ ਅਗੇ ਵਧ ਕੇ ਮਹੰਤ ਜੀ ਪਾਸ ਜਾ ਬੈਠੇ। ਮਹੰਤ ਨੇ ਉਨ੍ਹਾਂ ਵਲ ਡੂੰਘੀ ਨਜ਼ਰ ਤਕਾਈ ਤੇ ਨੈਣਾ ਵਿਚ ਕੁਛ ਚਾਉ ਭਰ ਆਇਆ।

[1] ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਖਾਂ ਦੀ ਜੋ ਗਿਣਤੀ ਭਾਈ ਗੁਰਦਾਸ ਨੇ ਦਿੱਤੀ ਹੈ ਉਸ ਵਿਚ 'ਬਾਲ' ਪਦ ਆਇਆ ਹੈ ਤੇ ਸਿਆਣੇ ਇਸ ਨੂੰ ਇਕ ਸਿਖ ਦਾ ਨਾਮ ਸਮਝਦੇ ਹਨ।

ਸ੍ਰੀ ਗੁਰੂ ਜੀ ਹੁਣ ਬੋਲੇ :-

"ਹੇ ਸੰਤ ਜੀ ! ਆਪ ਇਸ ਬਨ ਵਿਚ ਬੈਠੇ ਹੋ, ਪਾਲੇ ਦੀ ਰੁੱਤ ਹੈ, ਕਪੜੇ ਨਹੀਂ ਪਹਿਨੇ, ਅੰਨ ਬੀ ਕਿਤੇ ਦਿੱਸ ਨਹੀਂ ਪੈਂਦਾ, ਇਹ ਦਸ਼ਾ ਆਪਣੇ ਆਪ ਦੀ ਆਪ ਕੀਤੀ ਹੈ ਕਿ ਆਪ ਨੂੰ ਪਦਾਰਥ ਮਿਲਦਾ ਨਹੀਂ, ਤਦ ਉਦਾਸ ਹੋ ਇੱਥੇ ਆ ਬੈਠ ਹੋ?"

ਮਹੰਤ ਨੇ ਕਿਹਾ, "ਹੇ ਪ੍ਰਤਾਪ ਸ਼ੀਲ ਬਾਲਕੇ ! ਮਿਲਦਾ ਸਭ ਕੁਛ ਹੈ, ਤੇਰੇ ਵਰਗੇ ਅਸੀਂ ਬੀ ਕਿਸੇ ਦੇ ਲਾਲ ਸਾਂ, ਘਰ ਬਾਰ ਬੀ ਸਨ, ਸਾਰੇ ਛੋਡ ਆਏ ਹਾਂ ਕਿ ਇਸ ਜਗਤ ਦੇ ਪਦਾਰਥ ਤੇ ਇਹ ਸਰੀਰ ਨਾਸ਼ਮਾਨ ਹੈ ਤੇ ਅਸੀਂ ਅੱਗੇ ਪਰਲੋਕ ਲਈ ਸੁਖ ਕੱਠੇ ਕਰੀਏ, ਸੋ ਇਸ ਭਜਾਨਕ ਮਾਇਆ ਤੋਂ ਦੂਰ ਰਹਿਕੇ ਬਨਾਂ ਵਿਚ ਬੈਠ ਤਪੱਸਜਾ ਕਰਦੇ ਹਾਂ, ਫਾਕੇ ਕੜਾਕੇ ਕੱਟਦੇ ਹਾਂ, ਕਿਸੇ ਥਾਂ ਟਿਕਦੇ ਨਹੀਂ ਜੋ ਮਾਇਆ ਦਾ ਮੋਹ ਨਾ ਪੈ ਜਾਵੇ। ਮਨ ਮਾਇਆ ਤੋਂ ਪਰੇ ਰਹੇ, ਸਰੀਰ ਤਪ ਕਰਦਾ ਰਹੇ, ਜੋ ਜੀਵਨ ਦੇ ਦਿਨ ਮੈਲ ਤੋਂ ਸੁਥਰੇ ਲੰਘ ਜਾਣ ਤੇ ਅੱਗੇ ਚੱਲਕੇ ਪਰਮ ਸੁਖਾਂ ਨੂੰ ਪ੍ਰਾਪਤ ਹੋਈਏ।"

ਗੁਰੂ ਨਾਨਕ-ਸੰਤ ਜੀ ! ਹੁਣ ਆਪ ਕਿਤਨੇ ਕੁ ਦਿਨਾਂ ਦੇ ਫਾਕੇ ਵਿਚ ਹੋ ?

ਮਹੰਤ-ਹੇ ਯੁਵਰਾਜ ! ਸਾਡੇ ਦਿਨਾਂ ਦੀ ਨਾਂ ਪੁੱਛ, ਅਸੀਂ ਮੰਗਣ ਵਾਲੇ ਸਾਧੂ ਨਹੀਂ। ਸਾਡੀ ਵਿਰਤ ਅਕਾਸ਼ੀ ਹੈ। ਅਸੀਂ ਆਪਣੇ ਤਪਾਂ ਵਿਚ ਰਹਿੰਦੇ ਹਾਂ। ਜਦੋਂ ਕਦੀ ਸਾਂਈ ਪ੍ਰੇਰਕੇ ਸਾਡੇ ਭੋਜਨ ਲਈ ਕੁਝ ਘੱਲ ਦੇਵੇ ਜਾਂ ਆਪੇ ਖੁਸ਼ੀ ਨਾਲ ਕੋਈ ਸਾਨੂੰ ਦੇ ਜਾਵੇ, ਤਾਂ ਖਾ ਲੈਂਦੇ ਹਾਂ, ਨਹੀਂ ਤਾਂ ਫਾਕੇ ਕੜਾਕੇ, ਪੱਤਰ ਗੋਹਲਾਂ ਖਾਂ ਗੁਜ਼ਾਰਾ ਕਰ ਲੈਂਦੇ ਹਾਂ। ਅਜ ਅਸੀਂ ਸਤਾਂ ਦਿਨਾਂ ਦੇ ਅੰਨ ਤੋਂ ਵਿਰਵੇ ਹਾਂ।

ਇਹ ਸੁਣਕੇ ਗੁਰੂ ਨਾਨਕ ਦਾ ਜਗਤ ਪ੍ਰੇਮ ਨਾਲ ਭਰਿਆ ਦਿਲ ਦਇਆ ਨਾਲ ਭਰ ਆਇਆ। ਰੁਪੱਯੇ ਪਾਸ ਹਨ ਤੇ ਏਹ ਪਰਮੇਸ਼ੁਰ ਤੇ ਆਸ ਰੱਖਣ ਵਾਲੇ ਭੁੱਖੇ ਹਨ, ਕਿਉਂ ਨਾ ਇਨ੍ਹਾਂ ਨੂੰ ਭੋਜਨ ਖੁਲਾਈਏ?

ਗੁਰੂ ਨਾਨਕ ਜੀ--ਸੰਤ ਜੀ ! ਆਪਦਾ ਨਾਮ ਕੀ ਹੈ ?

ਸੰਤ-ਮੇਰਾ ਨਾਮ ਸੰਤਰੇਣ ਹੈ ਤੇ ਇਸ ਮੰਡਲੀ ਦਾ ਮੈਂ ਮਹੰਤ ਹਾਂ, ਪਰ ਕਾਹਦਾ ਸੰਤ ਤੇ ਕਾਹਦਾ ਮਹੰਤ, ਮੁਕਤੀ ਮਾਰਗ ਦੇ ਸਾਰੇ ਪੰਧਾਊ ਹਾਂ।

ਗੁਰੂ ਜੀ-ਸੰਤ ਜੀ ! ਜੇ ਆਪ ਨੂੰ ਭੋਜਨ ਲਿਆ ਦੇਵੀਏ ਤਾਂ ਖਾ ਲੈਸੋ ?

ਸੰਤ-ਆਪ ਅਜੇ ਕੁਮਾਰ ਹੋ ਤੇ ਮਾਤਾ ਪਿਤਾ ਅਧੀਨ ਹੋਸੋ, ਤੁਸੀਂ ਸਾਡਾ ਫਿਕਰ ਨਾ ਕਰੋ।

ਗੁਰੂ ਜੀ ਦਾ ਹਿਰਦਾ ਇਸ ਵੇਲੇ ਦਇਆ ਦੀਆਂ ਲਹਿਰਾਂ ਨਾਲ ਠਾਠਾਂ ਮਾਰ ਰਿਹਾ ਸੀ, ਇਹ ਖਿਆਲ ਕਿ ਏਹ ਵਾਹਿਗੁਰੂ ਦੇ ਬੰਦੇ ਹਨ ਤੇ ਉਸ ਦੀ ਆਸ ਤੇ ਸੱਤਾਂ ਦਿਨਾਂ ਦੇ ਭੁੱਖੇ ਹਨ ਤੇ ਮੇਰੇ ਪਾਸ ਰੁਪੱਯੇ ਹਨ, ਜਿਨ੍ਹਾਂ ਨਾਲ ਕਿ ਇਨ੍ਹਾਂ ਦੀ ਭੁੱਖ ਦੀ ਪੀੜਾ ਹਰੀ ਜਾ ਸਕਦੀ ਹੈ, ਗੁਰੂ ਨਾਨਕ ਜੀ ਦੇ ਜਰਨ ਦਾ ਨਹੀਂ ਸੀ। ਹਾਂ ਕੂਲੇ ਦਿਲ ਵਾਲੇ ਦਾਤਾ ਲਈ ਕਠਨ ਸੀ ਕਿ ਭੁੱਖਿਆਂ ਨੂੰ ਭੁੱਖਿਆਂ ਛੱਡਕੇ ਪਾਸੋਂ ਦੀ ਆਪਣਾ ਦਿਲ ਕਰੜਾ ਕਰਕੇ ਲੰਘ ਜਾਣ।

ਭੁੱਖ ਇਕ ਐਸਾ ਦੁੱਖ ਹੈ, ਜਿਸਦੀ ਪੀੜਾ ਰੱਜਕੇ ਖਾਣ ਵਾਲੇ ਨਹੀਂ ਜਾਣ ਸਕਦੇ। ਸ੍ਰੀ ਗੁਰੂ ਜੀ ਨੇ ਆਪ ਬਾਣੀ ਵਿਚ ਚਾਰ ਮਹਾਂ ਦੁਖ ਗਿਣੇ ਹਨ :-

> ਦੁਖ ਵੇਛੋੜਾ ਇਕੁ ਦੁਖੁ ਭੂਖ॥ ਇਕ ਦੁਖੁ
> ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ
> ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ
> ਲਾਇ[1] ॥ (ਮਲਾਰ ਮਹਲਾ ੧ ਘਰ ੨)

ਇਸ ਮਹਾਂ ਦੁੱਖ ਵਿਚ ਇਕ ਜਮਾਤ ਨੂੰ ਵੇਖੇ, ਤੇ ਗੁਰੂ ਨਾਨਕ ਦੀ ਮੁੱਠ ਵਿਚ ਹੋਣ ਵੀਹ ਰੁਪੱਯੇ, ਰੁਪੱਯੇ ਰਹਿ ਜਾਣ ਅਰ ਓਹ ਦੁੱਖ ਹਰਨ ਸੰਕਟ ਦੂਰ ਕਰਨ ਵਿਚ ਨਾ ਖਰਚ ਹੋ ਜਾਣ ! ਇਹ ਗੱਲ ਉਸ ਦੀਨਾਂ ਬੰਧੂ ਦੇ ਸੁਭਾਵ, ਉਸ ਦੇ ਆਤਮਾਂ ਤੇ ਮਨ ਦੀ ਰਚਨਾਂ ਦੇ ਉਲਟ ਸੀ, ਤਤਛਿਨ ਰੁਪੱਯੇ ਕੱਢਕੇ ਅੱਗੇ ਧਰ ਦਿੱਤੇ ਤੇ ਆਖਿਆ : ਸੰਤ ਜੀ ! ਇਹ ਮਾਇਆ ਮੇਰੇ ਪਾਸ ਇਸ ਛਿਨ ਹੈ, ਤੁਸੀਂ ਵਰਤੋ ਤੇ ਸਾਰਿਆਂ ਨੂੰ ਭੋਜਨ ਛਕਾਓ !' ਮਹੰਤ ਨੇ ਬੜੀ ਗੰਭੀਰਤਾ ਨਾਲ ਕਿਹਾ; 'ਸ੍ਰੀ ਜੀ ! ਆਪ ਦੀ ਅਵਸਥਾ ਤਾਂ ਛੋਟੀ ਹੈ, ਪਰ ਦਿਲ ਵੱਡਾ ਹੈ। ... ਇਹ ਮਾਇਆ ਆਪ ਦੇ ਪਿਤਾ ਨੇ ਕਿਸੇ ਕਾਰ ਲਈ ਦਿੱਤੀ ਹੋਊ, ਸਾਡਾ ਭਗਵਾਨ ਫਿਕਰ ਕਰੇਗਾ, ਤੁਸੀਂ ਇਹ ਮਾਇਆ ਖਰਚਕੇ ਖੇਚਲ ਵਿਚ ਨਾ ਪੈ ਜਾਣਾ।'

ਸ੍ਰੀ ਗੁਰੂ ਜੀ ਦੇ ਨੈਣਾਂ ਵਿਚੋਂ ਇਕ ਸੋਚ ਦੀ

---

[1] ਇਹ ਚਾਰ ਦੁਖ ਅਸਲ ਦੁਖ ਹਨ-ਵਿਛੋੜਾ, ਭੁੱਖ, ਮੌਤ ਤੇ ਰੋਗ।

ਲਹਿਰ ਲੰਘੀ, ਪਰ ਫੇਰ ਮੁਸਕ੍ਰਾਏ ਤੇ ਫੇਰ ਕਰੁਣਾ ਰੰਗ ਵਿਚ ਭਰਕੇ ਬੋਲੇ : "ਖੇਦ ਖੇਚਲਾਂ ਸਹਿਣਾ ਸਰੀਰ ਦਾ ਧਰਮ ਹੈ, ਪਿਆਰ ਤੇ ਮੁਹੱਬਤ ਵਿਚ ਪੰਘਰਨਾ ਮਨ ਦਾ ਧਰਮ ਹੈ, ਹੋਣਹਾਰ ਹੁੰਦੀ ਹੈ ਤੇ 'ਭਲਾ ਕਰਨ ਦੇ ਵੇਲੇ ਦੀ ਛਿਨ' ਛੇਤੀ ਛੇਤੀ ਨਹੀਂ ਹਥ ਆਉਂਦੀ। ਮਾਇਆ ਦਾਸੀ ਹੈ ਤੇ ਸੇਵਾ ਇਸ ਦਾ ਧਰਮ ਹੈ, ਦਿਲ ਸਾਂਈਂ ਨੇ ਨਰਮ ਮਾਸ ਦਾ ਬਣਾਇਆ ਹੈ, ਚਾਂਦੀ ਸੋਨੇ ਦਾ ਨਹੀਂ ਬਣਾਇਆ, ਤੁਸੀਂ ਨਿਸਚਿੰਤ ਹੋਕੇ ਇਹ ਮਾਇਆ ਆਪਣੀ ਖੁਧਜਾ ਦੇ ਦੁਖ ਨੂੰ ਦੂਰ ਕਰਨ ਵਿਚ ਵਰਤੋ !"

ਮਹੰਤ ਸ੍ਰੀ ਗੁਰੂ ਜੀ ਦੇ ਇਹ ਬਚਨ ਸੁਣਕੇ ਅਚੰਭਿਤ ਹੋ ਤੱਕਣ ਲੱਗ ਪਿਆ, ਮਸਤਕ ਤੇ ਚਮਕ ਦੇਖਕੇ ਹੋਰ ਤ੍ਰਬ੍ਰਕਿਆ। ਫੇਰ ਠਹਿਰਕੇ ਬੋਲਿਆ: 'ਅੱਛਾ ਜੀਓ ! ਜੇ ਆਪ ਦੀ ਇਹੀ ਰਜ਼ਾਇ ਹੈ ਤਾਂ ਚਾਂਦੀ ਨੂੰ ਅਸਾਂ ਕੀਹ ਕਰਨਾ ਹੈ, ਭੋਜਨ ਲਿਆ ਦਿਓ'। ਇਹ ਸੁਣਕੇ ਸ੍ਰੀ ਜੀ ਦਾਸ ਸਮੇਤ ਚੂੜ੍ਹਕਾਣੇ ਦੇ ਪਿੰਡ ਵਿਚ ਗਏ ਤੇ ਦੁੱਧ, ਘਿਉ, ਆਟਾ, ਦਾਲ ਭਾਜੀ ਆਦਿ ਸਾਰੀ ਰਸਦ ਲੈ ਆਏ। ਆਪਦੇ ਗਏ ਮਗਰੋਂ ਮਹੰਤ ਅੱਖਾਂ ਮੀਟਕੇ ਅਪਣੇ ਅੰਦਰ ਜੁੜਨ ਵਿਚ ਲੱਗ ਗਿਆ। ਸ੍ਰੀ ਗੁਰੂ ਜੀ ਦੀ ਮਨੋਹਰ ਮੂਰਤੀ ਉਸ ਦੀਆਂ ਅੱਖਾਂ ਅਗੇ ਟਿਕ ਗਈ ਸੀ, ਧਿਆਨ ਦੇ ਨੈਣਾਂ ਵਿਚ ਸ੍ਰੀ ਗੁਰੂ ਜੀ ਉਸ ਨੂੰ ਮਹਾਂ ਦਿੱਬ ਮੂਰਤੀ ਹੋ ਦਿੱਸੇ। ਤੇਜ ਝੱਲਿਆ ਜਾਇ ਨਾ, ਗੁਪਤ ਪ੍ਰਗਟ ਮਹਾਂ ਪੁਰਖ ਉਨ੍ਹਾਂ ਦੇ ਚਰਨਾਂ ਕਮਲਾਂ ਤੇ ਪਏ ਦਿੱਸੇ, 'ਧੰਨ ਨਿਰੰਕਾਰ ! ਧੰਨ ਨਿਰੰਕਾਰ' ਦਾ ਅਵਾਜ਼ਾ ਉਹਨਾਂ ਦੇ ਲੂੰ ਲੂੰ ਵਿਚੋਂ ਪਿਆ ਸੁਣੀਵੇ। ਜਾਂ ਗੁਰੂ ਜੀ ਰਸਦ ਲੈ ਕੇ ਆਏ ਤਾਂ ਮਹੰਤ ਦੇ ਨੈਣ ਖੁੱਲ੍ਹੇ ਤੇ ਹੁਣ ਉਸ ਦੀ ਤੱਕ ਸ੍ਰੀ ਗੁਰੂ ਜੀ ਵੱਨੇ ਹੋਰਵੇਂ ਹੀ ਰੰਗ ਦੀ ਹੋ ਗਈ, ਨਜ਼ਰ ਹੁਣ ਉਨ੍ਹਾਂ ਪਰ ਟਿਕੇ ਨਾ ਤੇ ਤੇਜ ਦੀ ਝਲਕ ਝੱਲੀ ਜਾਏ ਨਾ। ਫੇਰ ਮਹੰਤ ਨੇ ਆਖਿਆ-"ਆਪ ਹੁਣ ਪਧਾਰੋ, ਸਾਧੂ ਰਸੋਈ ਆਪ ਪਕਾ ਖਾ ਲੈਣਗੇ। " ਸ੍ਰੀ ਗੁਰੂ ਜੀ ਇਹ ਵਾਕ ਸੁਣਕੇ ਟੁਰ ਪਏ। ਇਕ ਸੰਤ ਨੇ ਮਹੰਤ ਜੀ ਤੋਂ ਪੁੱਛਿਆ ਕਿ ਇਹ ਬਾਲਕ ਬੜਾ ਸ਼ਰਧਾਵਾਨ, ਵੈਰਾਗਵਾਨ ਤੇ ਮਿੱਠਾ ਬੋਲਣ ਵਾਲਾ ਹੈਸੀ, ਆਪ ਨਾਲ ਕਿਤਨਾ ਪ੍ਰੇਮ ਉਸ ਨੇ ਕੀਤਾ, ਇਤਨੀ ਛੇਤੀ ਕਿਉਂ ਚਲੇ ਜਾਣ ਦੀ ਆਗਿਆ ਦਿੱਤੀ? ਐਸੇ ਅਧਿਕਾਰੀ ਜਨ ਹੀ ਤਾਂ ਮੁਕਤਿ ਦੇ ਅਧਿਕਾਰੀ ਹੋਇਆ ਕਰਦੇ ਹਨ ?

ਸੁਨ ਮਹੰਤ ਬੋਲਯੋ ਬਰ ਬਾਨੀ :-

> ਇਹ ਕੋ ਪਰਮ ਪੁਰਖ ਸੁਖਦਾਨੀ।
> ਕਲਾਵਾਨ ਗਜਾਨੀ ਗੁਨ ਖਾਨੀ।
> ਦੂਰਯੋ ਰਹੈ ਗਤਿ ਪਰਹਿ ਨ ਜਾਨੀ।
> ਭਯੋ ਅਸਹਿ ਮੁਝ ਤੇਜ ਪ੍ਰਭਾਊ।
> ਯਾਂਤੇ ਦੀਨੀ ਜਾਨ ਰਜਾਊ। ...
> ਇਹ ਕਰਤਾਰ ਪਠਯੋ ਹਮ ਜਾਨਾ।
> ਕਿਧੋਂ ਸਰੀਰ ਧਾਰ ਕਰਤਾਰਾ।
> ਆਨ ਲੀਨ ਸੁਧ, ਦੀਨ ਅਹਾਰਾ। {ਨਾ:ਪ੍ਰ:}
> ਕਹਿ ਮਹੰਤ--ਹਮ ਹਿਤ ਨਿਰਧਾਰਾ।
> ਆਯੋ ਆਪ ਈਹਾਂ ਕਰਤਾਰਾ ॥੩॥
> ਸੀਖਜਾ ਲੈਣ ਉਚਿਤ ਥੋ ਤਾਹੂ ॥
> ਸੇਵ ਕਰਾਵਨ ਜੋਗ ਨ ਆਹੂ।
> ਯਾ ਤੇ ਦੀਨ ਬਿਦਾ ਬਿਨ ਦੇਰਾ।
> ਸਹਯੋ ਨ ਜਾਤ ਤੇਜ ਤਿਨ ਕੇਰਾ'
> {ਗੁ: ਨਾ: ਪ੍ਰ}

ਉਸ ਵਿਸ੍ਵੰਭਰ ਵਾਹਿਗੁਰੂ ਦੀ ਅੰਸ਼, ਉਸ ਪਾਲਨ ਹਾਰ ਕਰਤਾਰ ਦੇ ਸਰੂਪ [੧], ਹਾਂ ਉਸ ਦਾਤੇ ਦੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪਾਲਣਹਾਰ ਬਿਰਦ ਨੂੰ ਸੰਭਾਲਦੇ ਸੰਤਾਂ ਤੋਂ ਵਿਦਾ ਹੋਏ ਤੇ ਸੰਤ ਮਹੰਤ ਇਸ ਸ਼ਰਧਾ ਤੇ ਭਾਵ ਨਾਲ ਭਰੇ ਭੋਜਨ ਰਿੰਨ੍ਹਣ ਪਕਾਉਣ ਤੇ ਖਾਣ ਦੇ ਆਹਰ ਵਿਚ ਲਗ ਪਏ।

## ੫. {ਖੇਦ}

**ਚੂੜ੍ਹਕਾਣੇ** ਤੋਂ ਪਿਛੇ ਮੁੜੇ ਸ੍ਰੀ ਗੁਰੂ ਜੀ ਤੇ ਨਾਲ ਮੁੜਿਆ ਦਾਸ, ਦੁਇ ਸਹਿਜੇ ਸਹਿਜੇ ਜਾ ਰਹੇ ਹਨ। ਕਿਤਨਾ ਚਿਰ ਤਾਂ ਸ੍ਰੀ ਗੁਰੂ ਜੀ ਆਪਣੇ ਕਿਸੇ ਰੰਗ ਵਿਚ ਸੱਤਾਂ ਦਿਨਾਂ ਦੇ ਭੁੱਖਿਆਂ ਨੂੰ ਅੰਨ ਦੇਣ ਤੋਂ ਉਪਜੇ ਚਾਉ ਵਿਚ ਤੁਰੀ ਗਏ, ਪਰ ਜਦ ਅੱਧਾ ਕੁ ਪੰਧ ਲੰਘ ਗਏ ਤਾਂ ਇਹ ਮਨੁੱਖਾ ਦੇਹੀ ਦਾ ਧਰਮ ਜਾਗਿਆ ਤੇ ਸੋਚ ਫੁਰੀ, ਅਸੀਂ ਕਿੱਧਰ ਜਾ ਰਹੇ ਹਾਂ, ਘਰ ਜਾ ਰਹੇ ਹਾਂ ਤੇ ਕਿਹੜੇ ਘਰ ਜਾ ਰਹੇ ਹਾਂ ? ਜਿਸ ਘਰ ਨੇ ਵਪਾਰ ਕਰਨ ਟੋਰਿਆ ਸੀ ਤੇ ਰੁਪੱਯੇ ਵਾਧੇ ਲਈ ਦਿੱਤੇ ਸਨ ਤੇ ਓਹ ਭੁੱਖ ਹਰਨ ਉਤੇ ਹੀ ਖਰਚ ਹੋ

---

[੧] ਗੁਰ ਨਾਨਕ ਦੇਵ ਗੋਵਿੰਦ ਰੂਪ॥{ਬਸੰਤ ਮਹਲਾ ੫}

ਗਏ, ਹੁਣ ਨਾ ਪਾਸ ਮੂਲ ਹੈ ਤੇ ਨਾ ਨਫਾ, ਖੱਟੀ; ਘਰਦਿਆਂ ਨੂੰ ਕੀਹ ਮੂੰਹ ਦਿਆਂਗੇ ? ਦਾਸ ਨੂੰ ਕਹਿਣ ਲਗੇ : 'ਘਰਦਿਆਂ ਨੂੰ ਕੀ ਕਹਾਂਗੇ ? ਪਿਤਾ ਜੀ ਗੁੱਸੇ ਹੋਣਗੇ, ਉਹਨਾਂ ਨੇ ਕਦੇ ਮੰਨਣਾਂ ਹੈ ਕਿ ਅਸਾਂ ਨੇ ਸਚ ਮੁਚ ਖਰਾ ਸੌਦਾ ਕੀਤਾ ਹੈ ?' ਦਾਸ ਨੂੰ ਇਹ ਸੁਣਕੇ, ਜੋ ਅਗੇ ਹੀ ਮਹਿਤਾ ਕਾਲੂ ਤੋਂ ਡਰ ਰਿਹਾ ਸੀ, ਹੋਰ ਤ੍ਰਾਸ ਆਇਆ ਤੇ ਆਖਣ ਲਗਾ-'ਸ੍ਰੀ ਜੀ ! ਮੇਰਾ ਦੋਸ਼ ਕੁਛ ਨਹੀਂ, ਜਦ ਤੁਸੀਂ ਦੇਣ ਲਗੇ ਸਾਓ, ਮੈਂ ਸੈਨਤ ਨਾਲ ਹੋੜਿਆ ਸੀ; ਜਦ ਪਿੰਡ ਰਸਦ ਲੈਣ ਗਏ, ਮੈਂ ਮਨ੍ਹੇ ਕੀਤਾ ਸੀ। ਫੇਰ ਮੈਂ ਆਪ ਦੀ ਆਗਯਾ ਵਿਚ ਹਾਂ, ਜੋ ਹੁਕਮ ਸੀ ਸੋ ਕਰਨਾ ਸੀ। ਹੁਣ ਆਪ ਚਿੰਤਾ ਕਿਉਂ ਕਰਦੇ ਹੋ ? ਜੋ ਆਏਗੀ ਝੱਲ ਲੈਣੀ, ਪਰ ਮੈਂ ਟਹਿਲ ਵਾਲਾ ਹਾਂ; ਮੈਨੂੰ ਬਚਾ ਲੈਣਾ, ਮੇਰੇ ਸਿਰ ਬਰਾ ਨਾ ਆਵੇ ਕਿ ਮੈਂ ਰੁਪੱਯੇ ਖ਼ਰਾਬ ਕਰਵਾਏ ਹਨ'। ਇਹ ਸੁਣਕੇ ਗੁਰੂ ਜੀ ਚੁੱਪ ਹੋ ਗਏ। ਇਸ ਵੇਲੇ ਜਗਤ ਦਾ ਰਖਜਕ ਅਪਣੇ ਕੌਤਕਹਾਰ ਚੋਜ ਵਿਚ ਚਿੰਤਾਤੁਰ ਹੈ। ਹਾਇ, ਇਹ ਕਠੋਰ ਜਗਤ ਵੀਹ ਰੁਪੱਯੇ ਅੱਗੇ ਧਰਕੇ ਜਗਤ ਨਾਥ ਦੀ ਚਿੰਤਾ ਨਹੀਂ ਹਰ ਸਕਦਾ। ਵੀਹ ਰੁਪੱਯੇ, ਜੋ ਕੈਸੇ ਸ਼ੁਭ ਥਾਂਵੇਂ ਖਰਚ ਹੋਏ ਹਨ ? ਹਾਂ, ਸ਼ੁਭ ਕਰਮ ਤੇ ਮਾਇਆ ਲਾਕੇ ਮਾਤਾ ਪਿਤਾ ਦਾ ਇੱਕੋ ਇਕ ਪੁਤਰ ਉਹਨਾਂ ਦੀ ਖ਼ਫ਼ਗੀ ਦੇ ਭੈ ਤੋਂ ਡਰ ਰਿਹਾ ਹੈ। ਐਸਾ ਹੈ ਇਸ ਜਗਤ ਦਾ ਮਨ !

ਸਨੇ ਸਨੇ ਟੁਰਦਿਆਂ ਤਲਵੰਡੀ ਆ ਗਈ। ਬਾਲਾ ਤਾਂ ਵਿਦਾ ਹੋਕੇ ਸਿੱਧਾ ਆਪਣੇ ਘਰ ਚਲਾ ਗਿਆ, ਤੇ ਸ੍ਰੀ ਗੁਰੂ ਜੀ ਦਾ, ਉਹ ਸ੍ਰਿਸ਼ਟੀ ਦੇ ਸਿਰਜਣਹਾਰ ਦੇ ਘੱਲੇ ਹੋਏ ਮਹਾਂ ਪੁਰਖ ਦਾ ਹੀਆ ਨਾ ਪਵੇ ਕਿ ਘਰ ਜਾਵਾਂ, ਸੋ ਨਗਰੋਂ ਬਾਹਰ ਇਕ ਸੁੱਕੇ ਤਾਲ ਤੇ ਬਹਿ ਗਏ। ਇਕ ਬੜੇ ਪੁਰਾਣੇ ਛਾਇਆਦਾਰ ਵਣ ਦੀ ਓਟ ਵਿਚ ਲੁਕ ਰਹੇ[1]। ਹਾਇ, ਥੱਕੇ ਹੋਏ ਹਨ, ਫ਼ਿਕਰ ਹੈ, ਹਾਂ, ਆਰਾਮ ਆਦਰ ਤੇ ਤੋਸ਼ੇ ਦਾ ਵੇਲਾ ਹੈ ਪਰ ਪੈ ਰਿਹਾ ਹੈ ਪਿਤਾ ਦੀ ਖ਼ਫ਼ਗੀ ਦਾ ਖਿਆਲ। ਸੋ ਉਥੇ ਬੈਠੇ ਧਿਆਨ ਲੀਨ ਹੋ ਗਏ। ਰਾਤ ਬੀਤ ਗਈ, ਅਗਲੇ ਦਿਨ ਬਾਲੇ ਦੇ ਘਰ ਅੱਪੜਨ ਦੀ ਖ਼ਬਰ ਕਾਲੂ ਦੇ ਕੰਨਾਂ ਤੱਕ ਅੱਪੜ ਗਈ। ਚਿੰਤਾ ਪੈ ਗਈ ਕਿ ਮੇਰਾ ਪੁਤ ਨਾਨਕ ਕਿਧਰ ਗਿਆ ? ਦਾਸ ਕਿਉਂ ਮੇਰੇ ਪਾਸ ਨਹੀਂ ਆਇਆ? ਨਾਨਕ ਨਾਲ ਕਿਉਂ ਨਹੀਂ ਆਇਆ, ਕੋਈ ਚੋਰ ਪੈ ਗਏ? ਨਾਨਕ ਕਿਤੇ ਰੁੱਸ ਗਿਆ ਕਿ ਗੁਆਚ ਗਿਆ? ਹਜ਼ਾਰ ਚਿੰਤਾ ਸਨ ਜੋ ਕਾਲੂ ਨੂੰ ਇਕ ਦਮ ਆ ਪਈਆਂ। ਛੇਤੀ ਨਾਲ ਬਾਲੇ ਨੂੰ ਸਦਵਾਇਆ ਅਤੇ ਸਾਰਾ ਹਾਲ ਪੁੱਛਿਆ। ਉਸਨੇ ਸਾਰੀ ਗਲ ਖੋਹਲਕੇ ਸੁਣਾ ਦਿਤੀ ਤੇ ਆਪਣੇ ਤੇ ਕ੍ਰੋਧ ਪੈਣੋਂ ਬਚਣ ਵਾਸਤੇ ਇਹ ਬੀ ਕਹਿ ਦਿਤਾ ਕਿ ਮੈਂ ਵਰਜ ਰਿਹਾ ਸੀ ਤੇ ਆਖ਼ਰ ਮੈਂ ਸੀ ਤਾਂ ਟਹਿਲ ਵਾਲਾ, ਮੈਂ ਮੱਲੋ ਮੱਲੀ ਤਾਂ ਨਹੀਂ ਸਾਂ ਨਾ ਹੋੜ ਸਕਦਾ, ਸੋ ਜੋ ਉਨ੍ਹਾਂ ਦੀ ਮਰਜ਼ੀ ਆਈ ਉਹਨਾਂ ਨੇ ਕਰ ਲੀਤਾ। ਕਰਨ ਤੋਂ ਮਗਰੋਂ ਉਨ੍ਹਾਂ ਨੂੰ ਬੀ ਆਪਦੇ ਗੁੱਸੇ ਦਾ ਫਿਕਰ ਪੈ ਗਿਆ ਸੀ, ਇਸੇ ਕਰਕੇ ਘਰ ਨਹੀਂ ਆਏ, ਬਾਹਰ ਸੁੱਕੇ ਤਾਲ ਤੇ ਬਹਿ ਗਏ ਸਨ। ਇਹ ਸੁਣਕੇ ਮਹਿਤਾ ਜੀ ਦੇ ਕ੍ਰੋਧ ਦੀ ਜੁਆਲਾ ਭੜਕ ਉੱਠੀ, ਕਿਉਂ ਨਾ ਭੜਕੇ ? ਹੇ ਜਗਤ ! ਤੇਰੇ ਵਿਚ ਉੱਚੇ ਮਨ ਵਾਲਿਆਂ ਦੀ ਥਾਂ ਨਹੀਂ। ਉੱਚੇ ਵਲਵਲਿਆਂ ਵਾਲਿਆਂ ਦੀ ਕਦਰ ਨਹੀਂ। ਹਾਇ ਵਿਹਾਰ, ਹਾਇ ਵਿਹਾਰ ਦ੍ਰਿਸ਼ਟੀ ! ਜੋ ਹੇ ਜਗਤ ! ਤੈਨੂੰ ਕਦੇ ਉਚਿਆਂ ਨਹੀਂ ਤੱਕਣ ਦੇਂਦੀ। ਸਾਰਾ ਜਗਤ ਬਣਕ ਬ੍ਰਿਤੀ[1] ਵਿਚ ਹੈ। ਮਾਇਆ ਤੇ ਮਾਇਆ ਦੇ ਸੁਖ ਅਪਣੇ ਲਈ। ਸੁਖ ਦੇਣ ਵਿਚ ਸੁਖ ਨਹੀਂ ਦਿੱਸਦਾ, ਹਾਂ ਕਿਸੇ ਨੂੰ ਉਚੇ ਜੀਵਨ ਦੀ ਸੋਝੀ ਨਹੀਂ, ਉੱਚੇ ਰੰਗ ਰਸ ਦੀ ਜਾਗ ਨਹੀਂ, ਜਿਨ੍ਹਾਂ ਨੂੰ ਹੋਵੇ ਉਹਨਾਂ ਦਾ ਜਗਤ ਵੈਰੀ।

ਬਾਲੇ ਨੂੰ ਨਾਲ ਲੈ ਸ੍ਰੀ ਕਾਲੂ ਜੀ ਨੇ ਆ ਗੁਰੂ ਨਾਨਕ ਨੂੰ ਲੱਭਣ ਦੀ ਧਾਈ ਕੀਤੀ। ਜਿਸ ਰੰਗ ਤੇ ਜਿਸ ਕ੍ਰੋਧ ਵਿਚ ਕਾਲੂ ਟੁਰਿਆ, ਉਸਦੀ ਜਾਣੂ ਉਹਨਾਂ ਦੀ ਸੁਪਤਨੀ ਸ੍ਰੀ ਤ੍ਰਿਪਤਾ ਜੀ ਸਭ ਤੋਂ ਵੱਧ ਹੈਸੀ। ਹਾਂ ਮਾਤਾ ਤ੍ਰਿਪਤਾ ਪੁੱਤ੍ਰ ਦੇ ਇਸ ਨਵੇਂ ਦੋਸ਼ ਤੋਂ ਬੀ ਪਿਤਾ ਹੀ ਵਾਂਗੂ ਗਰਿੰਜ ਸੀ, ਪਰ ਮਾਂ ਦਾ ਦਿਲ ਆਖ਼ਰ ਮਾਂ ਦਾ ਦਿਲ ਹੈ, ਉਸਦੇ ਕਲੇਜੇ ਨੇ ਦਿਲਗੀਰੀ ਦੇ ਨਾਲ ਇਹ ਖੁੱਸਣ ਬੀ ਖਾਧੀ ਕਿ ਅੱਜ ਮੇਰੇ ਬੱਚੇ ਦੀ ਸੁੱਖ ਨਹੀਂ, ਉਹ ਮਾਂ-ਮਾਂ ਹਿਰਦੇ ਵਾਲੀ ਮਾਂ--ਦੂਵੀ, ਗਈ ਤੇ ਛੇਤੀ ਨਾਲ ਧੀ ਨੂੰ

[1] ਇਕ ਟਿਕਾਣਾ ਗੁਰੂ ਬਾਬੇ ਦੇ ਇਸ ਵੇਲੇ ਆਰਾਮ ਦਾ ਹੁਣ ਤਕ ਹੈ ਤੇ ਇਸ ਨੂੰ 'ਤੰਬੂ ਸਾਹਿਬ' ਆਖਦੇ ਹਨ।

[1] ਬਾਣੀਏ ਵਾਲੀ ਸੁਰਤ।

ਬੋਲੀ : ਜਾਹ ਨੀ ਬੱਚੀਏ ! ਪਿਉ ਦੇ ਮਗਰੇ ਮਗਰ ਜਾਹ। ਜਾਹ ਧੀਏ ! ਤੇ ਵੀਰ ਦੀ ਰਖਯਾ ਕਰ, ਪਿਉ ਦੇ ਕ੍ਰੋਧ ਤੋਂ ਆਪਣੇ ਪਿਆਰੇ ਵੀਰ ਨੂੰ ਬਚਾ, ਇਕ ਇਸ ਵੇਲੇ ਤੂੰਹੀਓਂ ਹੀ ਹੈਂ, ਜੋ ਆਪਣੇ ਪਿਤਾ ਦੇ ਭੜਕੇ ਕ੍ਰੋਧ ਨੂੰ ਠੱਲ੍ਹਾ ਪਾ ਸਕੇਂ, ਮਾਂ ਵਾਰੀ ਭੱਜ ਕੇ ਜਾਹ।

ਕਮਲੀ ਹੋਈ ਮਾਂ ਧੀ ਨੂੰ ਦੁੜਾਕੇ ਪਛੁਤਾਈ ਕਿ ਧੀ ਨੂੰ ਘਰੋਂ ਕੱਲੀ ਕਿਉਂ ਟੋਰ ਬੈਠੀ ਹਾਂ, ਫੇਰ ਦੌਲਤਾਂ ਟਹਿਲਣ ਨੂੰ ਮਗਰੇ ਭਜਾਇਆ, ਫੇਰ ਘਬਰਾਈ ਨੇ ਇਕ ਹੋਰ ਟਹਿਲ ਵਾਲਾ ਮਗਰ ਦੁੜਾਇਆ; ਜਾਓ ਵੇ ਛੇਤੀ ਕਾਕੀ ਦੇ ਨਾਲ ਹੋ ਜਾਓ। ਉੱਧਰ ਕਾਲੂ ਜੀ, ਓਹੋ ਕਾਲੂ ਜੀ, ਜੋ ਸੁਪਨੇ ਵਿਚ ਤੱਕ ਚੁਕੇ ਹਨ ਕਿ ਪੁੱਤ ਮੇਰੀ ਆਪਣੀ ਮੰਗਦੀ ਆਪਣੀ ਤਪਸਯਾ ਦੇ ਬਦਲੇ ਮੰਗੇ ਵਰਦਾਨ ਦੀ ਪੂਰਨਤਾਈ ਵਿਚ ਆਇਆ ਹੈ; ਉਹੋ ਕਾਲੂ ਜੀ ਜੋ ਇੱਕੋ ਪੁੱਤ ਦੇ ਪਿਤਾ ਹਨ ਤੇ ਉਸ ਨੂੰ ਸੁਖੀ ਵੇਖਣਾ ਲੋਚਦੇ ਹਨ, ਅੱਜ ਕ੍ਰੋਧ ਵਿਚ ਭਰੇ ਚਲੇ ਜਾ ਰਹੇ ਹਨ। ਜਾਂਦੇ ਜਾਂਦੇ ਜਾ ਤਾਲ ਤੇ ਬੈਠੇ ਲੱਭੇ। ਬ੍ਰਿਛ ਦੀ ਛਾਵੇਂ ਉਹ ਜਗਤ ਦਾ ਨੂਰ, ਅੱਖਾਂ ਮੀਟੀ ਸਾਂਈਂ ਦੇ ਰੰਗ ਰੱਤਾ ਬੈਠਾ ਸੀ, ਚਿਹਰਾ ਲਾਲ ਗੁਲਾਲ, ਮੱਥਾ ਦਮਕੇ, ਪਰ ਆਹ ਹੇ ਜਗਤ ! ਤੂੰ ਕਾਲੂ ਹੋਕੇ ਆਇਆ ਹੈਂ। ਆਹ ! ਕ੍ਰੋਧ ਨਾਲ ਬਾਹੋਂ ਧੂਹ ਖੜਾ ਕੀਤਾ :-'ਨਿੱਜ ਨਾ ਹੋਣਿਆਂ ! ਹੁਣ ਸਮਾਧੀਆਂ ਲਾ ਬੈਠਾ ਹੈਂ, ਉਜਾੜੂਆ ! ਕਿੱਥੇ ਨੀ ਰੁਪੱਯੇ ? ਦੱਸ ਕਿੱਥੇ ਈ ਵਪਾਰ ? ਕਿੱਥੇ ਤੇਰੇ ਸਾਧ ਦੇ ਬਚਨ : ਜੀ ਜਿਵੇਂ ਕਹਿਸੋ ਕਰਸਾਂ ? ਹੈਂ ! ਹੁਣ ਬੋਲਦਾ ਬੀ ਨਹੀਂ !' ਪਿਤਾ ਬਾਂਹ ਬੇਰਹਿਮੀ ਨਾਲ ਧਰੂੰਹਦਾ ਹੈ, ਸ੍ਰੀ ਜੀ ਸਿਰ ਨੀਵਾਂ ਪਾਈ ਬੋਲਦੇ ਤਕ ਨਹੀਂ। ਕ੍ਰੋਧ ਦੀ ਜ੍ਵਾਲਾ ਹੋਰ ਭੜਕਦੀ ਹੈ; ਕਾਲੂ ਜੀ ਦੀ ਸੱਜੀ ਬਾਂਹ ਉੱਲਰਦੀ ਹੈ ਤੇ ਜ਼ੋਰ ਨਾਲ ਸ੍ਰੀ ਜੀ ਦੇ ਰੱਬੀ ਜਲਾਲ ਵਾਲੀ ਖੱਬੀ ਗੱਲ੍ਹ ਤੇ ਚਪੇੜ ਵੱਜਦੀ ਹੈ। ਫੇਰ ਕਾਲੂ ਦਾ, ਨਹੀਂ ਹੇ ਜਗਤ ! ਹੇ ਕਠੋਰ, ਬੇਰਹਿਮ ਜਗਤ, ਹਾਂ, ਤੇਰਾ ਖੱਬਾ ਹੱਥ ਉੱਲਰਦਾ ਹੈ ਤੇ ਜ਼ੋਰ ਨਾਲ ਭਰਕੇ ਸੱਜੀ ਗੱਲ੍ਹ ਤੇ ਚਪੇੜ ਪੈਂਦੀ ਹੈ। ਜਿਉਂ ਕਾਲੂ ਇਕ ਚਪੇੜ ਮਾਰਦਾ ਹੈ, ਦੂਸਰੀ ਮਾਰਨ ਲਈ ਉਸਦਾ ਕ੍ਰੋਧ ਤੇ ਜ਼ੋਰ ਹੋਰ ਵਧਦਾ ਹੈ। ਜਗਤ ਦਾ ਚਾਨਣ ਚੁੱਪ ਖੜਾ ਮਾਰ ਖਾ ਰਿਹਾ ਹੈ, ਨੈਣਾਂ ਤੋਂ ਨਿੱਕਾ ਨਿੱਕਾ ਟੋਪਾ ਨੀਰ ਦਾ ਕਿਰਦਾ ਹੈ, ਪਰ ਬੁੱਲ੍ਹਾਂ ਤੇ ਚੁੱਪ ਹੈ ਅਰ ਸਰੀਰ ਅਡੋਲ ਖੜਾ ਹੈ।

ਇਸ ਮੂਰਤੀ ਵਲ ਤੱਕਣਾ। ਕੁਮਾਰ ਅਵਸਥਾ, ਕੋਮਲ ਲਾਡਲਾ ਸਰੀਰ, ਅੰਦਰ ਰੱਬੀ ਨੂਰ, ਅਰਸ਼ ਕੁਰਸ਼ ਦੀ ਜੋਤ, ਉਹ ਜਗਤ ਦੀ ਭੁੱਖ ਦਾ ਦੁਖ ਦੂਰ ਕਰਨ ਦੇ ਅਪ੍ਰਾਧ ਵਿਚ ਦੋਸ਼ੀ ਹੋਇਆ ਖੜਾ ਹੈ। ਕਿਵੇਂ ਅਡੋਲ ਖੜਾ ਹੈ, ਕਿਵੇਂ ਚੁੱਪ ਹੈ, ਕਿਵੇਂ ਸਿਰ ਨਿਹੁੜਾਇਆ ਹੈ, ਕਿਵੇਂ ਨੈਣਾਂ ਤੋਂ ਮੋਤੀ ਕਿਰ ਰਹੇ ਹਨ, ਕਿਵੇਂ ਚਪੇੜ ਤੇ ਚਪੇੜ ਪੈ ਰਹੀ ਹੈ, ਕਿਵੇਂ ਇਕ ਹੱਥ ਸੱਜੇ ਫ਼ੇਰ ਖੱਬੇ ਉਲਰ ਉਲਰ ਕੇ ਪੈਂਦਾ ਹੈ ?

ਹਾ ਜਗਤ ! ਹਾ ਕਾਲੂ ! ਅੱਜ ਜੇ ਤੂੰ ਆਖੇਂ ਕਿ ਮੇਰੇ ਇਕ ਰੁਪੱਯੇ ਦੀ ਥਾਂ ਲੱਖ ਲੱਖ ਭਰਕੇ ਦਿਓ ਤਾਂ ਇਸ ਬਾਲਕੇ, ਇਸ ਦੋਸ਼ੀ ਤੇ ਅਪ੍ਰਾਧੀ ਕਰਕੇ ਖੜੇ ਕੀਤੇ ਨਾਨਕ ਦੀ ਸਿਖੀ ਤੇ ਪੰਥ ਤੇਰੇ ਅੱਗੇ ਧਰਕੇ ਆਖੇ ਹੇ ਕਾਲੂ ! ਆਹ ਲੈ ਵੀਹ ਦੀ ਥਾਂ ਵੀਹ ਲੱਖ ਤੇ ਸਾਡੇ ਅਰਸ਼ੀ ਨੂਰ ਵੱਲ ਕੈਰੀ ਅੱਖ ਨਾ ਤੱਕ, ਪਰ ਹਾਇ ਬਾਬਾ ਕਾਲੂ ! ਅੱਜ ਤੈਨੂੰ ਨਹੀਂ ਦਿੱਸ ਰਿਹਾ ਕਿ ਤੂੰ ਕਿਸ ਪਰ ਰਿਸ ਰਿਹਾ ਤੇ ਗੁੱਸਾ ਕਰ ਰਿਹਾ ਹੈਂ? ਹਾਂ, ਤੂੰਹੇਂ ਅੱਜ ਤੋਂ ਦਸ ਵੀਹ ਵਰ੍ਹੇ ਮਗਰੋਂ ਇਸੇ-ਇਸ ਵੇਲੇ ਦੇ ਤੇਰੇ ਮੰਨੇ ਅਪ੍ਰਾਧੀ-ਦੇ ਹੱਥੋਂ ਅਪਣੀ ਕਲਿਆਣ ਮੰਗਣੀ ਹੈ, ਇਸੇ ਤੇਰਾ ਪਾਰ ਉਤਾਰਾ ਤੇ ਸਦਗਤੀ ਕਰਨੀ ਹੈ; ਪਰ ਹਾਇ ਮਾਯਾ, ਹਾਇ ਜਗਤ ਦੀ ਕਠੋਰਤਾ, ਹਾਇ ਜਗਤ ਦਾ ਅੰਧਰਾਤਾ ! ਇਸ ਨੂੰ ਨਹੀਂ ਦਿੱਸ ਪੈਂਦਾ ਸਮੇਂ ਤੋਂ ਪਹਿਲਾਂ ਤੇ ਸਮੇਂ ਸਿਰ, ਸਮੇਂ ਬੀਤੇ ਤੇ ਹੀ ਇਸਦੀ ਅੱਖ ਖੁੱਲ੍ਹਦੀ ਹੈ। ਇਸ ਵੇਲੇ ਕਾਲੂ ਸਚਾ ਹੈ, ਆਪਣੇ ਮਨ ਵਿਚ ਮਹਾਂ ਦੁਖੀ ਹੈ ਅਰ ਨਾਨਕ ਨੂੰ ਮਹਾਂ ਦੁਖਦਾਈ ਤੇ ਨਲੈਕ ਸਮਝ ਰਿਹਾ ਹੈ। ਕਾਲੂ ! ਕਿਤਨੇ ਪੁੱਤਰ ਹਨ ਜੋ ਕੁਲਾਰੀਤ ਤੇ ਟੁਰਦੇ ਹਨ, ਜੋ ਪਿਉ ਦੀ ਲੀਹੇ ਟੁਰਕੇ ਖੱਟਦੇ ਕਮਾਉਂਦੇ ਤੇ ਗ੍ਰਿਹਸਤ ਕਰਦੇ, ਪਤਿ ਉਤਪਤ ਕਰਦੇ, ਧਨ ਜੋੜਦੇ ਤੇ ਪਿਉ ਵਾਂਗ ਕੱਠਾ ਕਰਕੇ ਮਰ ਜਾਂਦੇ ਹਨ? ਉਤਰ ਹੋਊ-ਸਾਰੇ। ਦੱਸ ਕਿੰਨੇ ਹਨ ਪੁੱਤਰ ਇਸ ਲੀਕ ਨੂੰ ਤੋੜਨ ਵਾਲੇ ਜੋ ਤੇਰੇ ਪੁਤ ਨਾਨਕ ਵਰਗਾ ਕੰਮ ਕਰਦੇ ਹਨ? ਦੱਸ ਨਾਨਕ ਦੇ ਵੇਲੇ ਜਾਂ ਮਗਰੋਂ ਕਿੰਨੇ ਕੁ ਇਹੋ ਜਿਹੇ ਕੁਲਾਰੀਤ ਤੋੜਨ ਵਾਲੇ ਹੋਰ ਹੋਏ ਹਨ? ਪਰ ਉਸ ਵੇਲੇ ਨਾ ਕਾਲੂ ਨੂੰ ਸੋਝੀ ਆਈ,

ਨਾ ਅੱਜ ਕਿਸੇ ਨੂੰ ਆ ਸਕਦੀ ਹੈ, ਨਾ ਆਸ ਹੈ ਕਿ ਇਹ ਸਬਕ ਜਗਤ ਕਦੀ ਸਿੱਖੇ। ਪਰਮੇਸ਼ੁਰ ਦੇ ਪਿਆਰਿਆਂ ਲਈ ਇਸ ਜਗਤ ਦੇ ਪ੍ਰਬੰਧ ਵਿਚ ਕਿਤੇ ਕੋਈ ਥਾਂ ਨਹੀਂ। ਨਾ ਮਾਤਾ, ਨਾ ਪਿਤਾ, ਨਾ ਭਾਈਚਾਰਾ, ਨਾ ਰਾਜਾ, ਕੋਈ ਬੀ ਸਤਿਸੰਗੀ ਸਤਪੁਰਸ਼ ਦੀ ਕਦਰ ਨਹੀਂ ਕਰਦਾ। ਸਾਰੇ ਸਤਿਪੁਰਖ ਤੇ ਸਤਿਸੰਗੀ ਨੂੰ ਕੈਰੀ ਅੱਖ ਤੇ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ, ਨਿੰਦਾ, ਈਰਖਾ ਤੇ ਜ਼ੁਲਮ ਨਾਲ ਉਸ ਦਾ ਆਦਰ ਕਰਦੇ ਹਨ, ਟਿਚਕਰ ਤੇ ਮਖ਼ੌਲ ਨਾਲ ਸੇਵਾ ਸਾਧਦੇ ਹਨ।

ਹਾਂ, ਹੇ ਕਠੋਰ ਜਗਤ ! ਵੀਹ ਰੁਪੱਯੇ ਬਦਲੇ ਅੱਜ ਜੋ ਸਾਰੇ ਜਗਤ ਵਿਚ ਸੁਲਹ ਦਾ ਪੈਗ਼ੰਬਰ, ਪਿਆਰ ਦਾ ਦੇਵਤਾ ਤੇ ਰੱਬੀ ਨੂਰ ਮੰਨਿਆਂ ਗਿਆ ਹੈ ਹਾਂ, ੨੦ ਰੁਪੱਯੇ ਬਦਲੇ ਚਪੇੜਿਆ ਜਾ ਰਿਹਾ ਹੈ ! ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਸੋਹਤਿ ਪਰ ਗਏ ਨੀਲ ਕਪੋਲਾ। ਜਿਉਂ
ਉਤਪਲ ਪਰ ਅਲਿਨ ਅਡੋਲਾ[1] । (ਨਾ:ਪ੍ਰ)

ਗੱਲ੍ਹਾਂ ਤੇ ਨੀਲ ਪੈ ਗਏ, ਇਡੇ ਕਾਲੇ ਰੰਗ ਦੇ ਜਿਵੇਂ ਕਮਲ ਤੇ ਭੌਰਾ ਬੈਠਾ ਹੋਵੇ। ਅਜੇ ਕਾਲੂ ਬਸ ਨਹੀਂ ਕੀਤੀ, ਅਜੇ ਕਾਲੂ ਦੇ ਵੀਹ ਰੁਪੱਯੇ ਦਾ ਬਦਲਾ ਨਹੀਂ ਨਿਕਲਿਆ। ਹੇ ਜਗਤ ! ਤੇਰੇ ਵੀਹ ਰੁਪੱਯੇ ਕਿੱਡੇ ਮਹਿੰਗੇ ਹਨ ?

ਇਸ ਹਾਲਤ ਵਿਚ ਆਪਣੇ ਵੀਰ ਦੀ ਪਿਆਰੀ ਤੇ ਪਛਾਣ ਵਾਲੀ ਨਾਨਕੀ ਇਕੋ ਸਾਹੀ ਦੌੜਦੀ ਅੱਪੜ ਪਈ, ਉਸ ਤੋਂ ਪਹਿਲਾਂ ਬੀ ਕਈ ਤਮਾਸ਼ਾ ਦੇਖਣ ਵਾਲੇ ਅੱਪੜ ਪਏ ਹੋਏ ਸਨ। ਇਸ ਕਠੋਰ ਜਗਤ, ਇਸ ਤਮਾਸ਼ਬੀਨ ਜਗਤ ਦਾ ਕੋਈ ਬੰਦਾ ਜਗਤ ਦੇ ਰਖਯਕ ਨਾਨਕ ਤੇ ਤਰਸ ਨਹੀਂ ਸੀ ਕਰ ਰਿਹਾ। ਇਨ੍ਹਾਂ ਕਠੋਰਾਂ ਦੀ ਭੀੜ ਚੀਰਕੇ ਨਾਨਕੀ ਅੱਗੇ ਲੰਘੀ ਤੇ ਆਉਂਦੀ ਬਾਉਲੀ ਹੋ ਪਿਤਾ ਨੂੰ ਚੰਬੜ ਗਈ ਤੇ ਜੱਫੀ ਪਾਕੇ ਪਰੇ ਧੱਕ ਲਿਗਈ, 'ਨਾ ਪਿਤਾ ਜੀ ! ਵੀਰ ਮਸੂਮ ਨੂੰ ਨਾ ਮਾਰੋ। ਨਾ ਪਿਤਾ ਜੀ ! ਰੱਬ ਵੀਰ ਨੂੰ ਨਾ ਮਾਰੋ।'

[1] ਗੱਲ੍ਹਾਂ ਉੱਤੇ ਨੀਲ ਪੈ ਗਏ ਜਿਵੇਂ ਕਮਲਾ ਤੇ ਭੌਰੇ ਅਡੋਲ ਟਿਕ ਜਾਣ।

ਕਾਲੂ ਦਾ ਗੁੱਸਾ ਪਤਾ ਨਹੀਂ ਕਿਥੋਂ ਤਕ ਜਾਂਦਾ ਤੇ ਹੋਰ ਕੋਈ ਛੁਡਾਉਣ ਨੂੰ ਵਧਦਾ ਤਾਂ ਪਤਾ ਨਹੀਂ ਕੀ ਹੁੰਦਾ ? ਪਰ ਉਸ ਦੇਵੀ ਦੀ ਠੰਢੀ ਜੱਫੀ ਨੇ ਉਸ ਕ੍ਰੋਧ ਦੀ ਜੁਆਲਾ ਨੂੰ ਠੱਲ੍ਹਿਆ। ਹੁਣ ਲੋਕੀ ਬੀ ਲੱਗੇ ਕਾਲੂ ਨੂੰ ਸਮਝਾਉਣ, ਕਿਉਂ ਨਾ ਸਮਝਾਉਣ ? ਉਸ ਦੇਵੀ ਨੇ ਰੌਂ ਜੁ ਬਦਲ ਦਿੱਤਾ। ਚਾਰ ਆਦਮੀ ਅਗੇ ਹੋਏ, ਉਨ੍ਹਾਂ ਕਾਲੂ ਨੂੰ ਫੜ ਲਿਆ ਜੋ ਫੇਰ ਅੱਗੇ ਨਾ ਵਧੇ। ਭੈਣ ਨੇ ਹੁਣ ਪਿਤਾ ਨੂੰ ਛੱਡਕੇ ਵੀਰ ਨੂੰ ਜਾ ਜੱਫੀ ਪਾਈ, ਉਸ ਕਸ਼ਟ ਦੇ ਵੇਲੇ ਭੀ ਵੀਰ ਦੀ ਜੱਫੀ ਨਾਲ ਨਾਨਕੀ ਦੇ ਲੂੰ ਲੂੰ ਵਿਚੋਂ ਰੱਬੀ ਝਰਨਾਟ ਛਿੜੀ ਤੇ ਇਕ ਇਲਾਹੀ ਝੂਟਾ ਆ ਗਿਆ।

ਨਾਨਕੀ ਸਮਝੀ ਸੀ ਕਿ ਮੈਂ ਵੇਲੇ ਸਿਰ ਅੱਪੜੀ ਹਾਂ ਤੇ ਵੀਰਨ ਨੂੰ ਅਜੇ ਚਪੇੜ ਪਈ ਨਹੀਂ ਤੇ ਮੈਂ ਪਿਉ ਦਾ ਉੱਲਰਦਾ ਹੱਥ ਰੋਕ ਲਿਆ ਹੈ, ਪਰ ਹੁਣ ਜਦ ਵੀਰ ਦੇ ਨੈਣ ਡੁਲ੍ਹਦੇ ਤੇ ਗੱਲ੍ਹਾਂ ਨੀਲੀਆਂ ਤੱਕੀਆਂ ਤਾਂ ਗ਼ਸ਼ ਖਾਕੇ ਢੱਠੀ। ਘਰ ਦੀ ਗੋਲੀ ਨੇ ਬੀਬੀ ਨੂੰ ਸੰਭਾਲਿਆ, ਹੋਸ਼ ਆਈ ਤਾਂ ਫੇਰ ਵੀਰ ਨੂੰ ਚੰਬੜ ਗਈ ਤੇ ਲੈਕੇ ਘਰ ਵੱਲ ਟੁਰੀ। ਟੁਰੀ ਜਾਂਦੀ ਹੈ, ਪਰ ਨੈਣਾਂ ਤੋਂ ਨੀਰ ਜਾਰੀ ਹੈ, ਟਹਿਲਣ ਤੇ ਦਾਸੀ ਨਾਲ ਨਾਲ ਹਨ, ਦਸ ਸਰੀਰ ਹੋਰ ਬੀ ਹੁਣ ਮਗਰ ਹਨ। ਦਸ ਸਰੀਰ ਕਾਲੂ ਨੂੰ ਸਮਝਾ ਬੁਝਾ ਰਹੇ ਤੇ ਖੂਹ ਵਲ ਲਿਜਾ ਰਹੇ ਹਨ। ਉਧਰ ਬਾਉਲੀ ਹੋਈ ਮਾਂ ਨੂੰ ਘਰ ਚੈਨ ਨਹੀਂ, ਧੀ, ਦਾਸੀ, ਨੌਕਰ ਘੱਲਕੇ ਭੀ ਚੈਨ ਨਹੀਂ, ਬੇਵਸੀ ਘਰ ਖੁੱਲ੍ਹਾ ਛੱਡ ਟੁਰੀ ਆ ਰਹੀ ਹੈ। ਪਿੰਡੋਂ ਬਾਹਰ ਆ ਗਈ ਨੂੰ ਅਗੋਂ ਪੁਤ ਮਿਲਿਆ। ਚੁੱਪ ਦੀ ਮੂਰਤ, ਸ਼ਾਂਤ, ਅੱਥਰੂ ਸੁੱਕ ਚੁਕੇ ਹਨ, ਪਰ ਗੱਲ੍ਹਾਂ ਦੇ ਨੀਲ ਵੇਖਕੇ ਮਾਂ ਦੀਆਂ ਭੁੱਬਾਂ ਨਿਕਲ ਗਈਆਂ, ਘੁੱਟਕੇ ਪੁੱਤ ਨੂੰ ਗਲ ਨਾਲ ਲਾਇਆ, ਸਿਰ ਤੇ ਹੱਥ ਫੇਰਿਆ, ਘਰ ਲੈ ਆਈ। ਮਾਂ ਵਾਰੇ ਫੇਰੇ ਹੁੰਦੀ ਹੈ, ਨੈਣ ਭਰਦੀ ਹੈ, ਬਲਾਵਾਂ ਲੈਂਦੀ ਹੈ, ਪਿਆਰ ਦੇਂਦੀ ਹੈ, ਪਰ ਹੇ ਮਾਂ! ਜੋ ਗੱਲ੍ਹਾਂ ਤੇ ਨੀਲ ਪੈ ਗਏ ਹਨ, ਜੋ ਪੀੜਾ ਉਹ ਕਮਲਾਂ ਤੋਂ ਕੂਲੀਆਂ ਗੱਲ੍ਹਾਂ ਪਾ ਰਹੀ ਆਂ ਹਨ, ਉਹ ਪੀੜਾ ਹੈ, ਉਹ ਪੀੜਾ ਅਜੇ ਹੈ। ਮਾਂ ਹੁਣ ਇਹ ਭੀ ਕਹਿ ਰਹੀ ਹੈ, 'ਮੇਰੇ ਲਾਲ ਜੀ ! ਤੁਸੀਂ ਹੁਣ ਰੱਤੀ ਫਿਕਰ ਨਾ ਕਰੋ, ਚੁੱਪ ਕਰਕੇ ਘਰ ਬੈਠੇ ਰਹੋ, ਤੁਹਾਨੂੰ ਕੰਮ ਕਾਜ ਲਈ ਅੱਜ ਤੋਂ ਕੋਈ ਨਾ ਕੁਛ ਕਹੇਗਾ, ਤੁਸੀਂ ਹੁਣ ਹੱਸੋ, ਖੁਸ਼ ਹੋਵੋ, ਸੁਖੀ ਹੋਵੋ, ਜਿਵੇਂ ਚਾਹੋ ਰਹੋ।

ਇਉਂ ਮਾ ਸਦਕੇ ਪਈ ਹੁੰਦੀ ਹੈ। ਪਰ ਉਸ ਅਰਸ਼ੀ ਰੱਬੀ ਨੂਰ ਦੀਆਂ ਗੱਲ੍ਹਾਂ ਅਜੇ ਨੀਲੀਆਂ ਹਨ, ਉਨ੍ਹਾਂ ਵਿਚ ਜਗਤ ਦੇ ਦੁੱਖ ਹਰਨ ਦੀ ਪੀੜਾ ਹੈ, ਹਾਂ, ਨੈਣ ਅਜੇ ਜਗਤ ਨੂੰ ਸੁਖੀ ਕਰਨ ਲਈ ਸੇਜਲ ਹਨ।

੬. {ਪਿਆਰ}

**ਉਧਰ** ਕਿਸੇ ਨੇ ਰਾਇ ਬੁਲਾਰ ਨੂੰ ਜਾ ਦੱਸਿਆ ਕਿ ਅੱਜ ਨਾਨਕ ਨੂੰ ਮਾਰ ਪਈ ਹੈ, ਜੋ ਗੱਲ੍ਹਾਂ ਨੀਲੀਆਂ ਕਾਲੀਆਂਕੱਟ ਹੋ ਰਹੀਆਂ ਹਨ ਤੇ ਇਹ ਮਾਰ ਆਪਣੇ ਪਿਉ ਨੇ ਮਾਰੀ ਹੈ, ਜੋ ਨਾਨਕ ਵੀਹ ਰੁਪੱਯੇ ਵਣਜ ਨੂੰ ਲੈ ਗਿਆ ਸੀ ਚੂੜ੍ਹਕਾਣੇ ਭੁੱਖਿਆਂ ਸਾਧਾਂ ਨੂੰ ਖੁਆ ਆਇਆ ਹੈ। ਰਾਇ ਦਾ ਇਹ ਗੱਲ ਸੁਣਕੇ ਜੀ ਭਰ ਆਇਆ; ਉਸੇ ਵੇਲੇ ਕਾਲੂ ਦੇ ਘਰ ਆਦਮੀ ਟੋਰੇ ਜੋ 'ਜਾਓ ਨਾਨਕ ਜੀ ਨੂੰ ਮੇਰੇ ਪਾਸ ਲੈ ਆਓ, ਮੈਂ ਅੱਖੀਂ ਵੇਖਾਂ ਤੇ ਆਪ ਸੁਣਾਂ ਜੋ ਕੀਹ ਮਾਜਰਾ ਹੈ'। ਆਦਮੀ ਤਾਂ ਸ੍ਰੀ ਨਾਨਕ ਜੀ ਨੂੰ ਲੈਣ ਗਏ। ਰਾਇ ਜੀ ਇਸ ਵੇਲੇ ਹੁਜਰੇ ਬੈਠੇ ਸਨ ਤੇ ਇਸ ਵੇਲੇ ਸਭ ਕੋਈ ਆਕੇ ਮਿਲ ਸਕਦਾ ਸੀ। ਲੋਕੀਂ ਹੋਰ ਤੋਂ ਹੋਰ ਆਉਂਦੇ ਗਏ ਤੇ ਵੱਧ ਤੋਂ ਵੱਧ ਮਾਰ ਦੀ ਕਥਾ ਸੁਣਾਉਂਦੇ ਗਏ। ਤਦ ਰਾਇ ਦੇ ਮਨ ਭੀ ਗੁੱਸਾ ਭਰ ਆਇਆ, ਬੁੱਲ੍ਹ ਫੜਕ ਉਠੇ ਤੇ ਲੰਮਾ ਸਾਹ ਲੈਕੇ ਬੋਲਿਆ : 'ਮੇਰੀ ਨਗਰੀ ਬੜਾ ਉਪੱਦਰ ਹੁੰਦਾ ਹੈ, ਜੋ ਕਲਾਵਾਨ ਉੱਪਰ ਸਖ਼ਤੀ ਹੁੰਦੀ ਹੈ। ਉਹ ਰਾਜਾ ਅਭਾਗ ਹੈ, ਜਿਸ ਦੀ ਨਗਰੀ ਕਲਾਵਾਨ ਦੀ ਕਦਰ ਨਹੀਂ। ਉਹ ਰਾਜ਼ਾ ਮਹਾਂ ਦੁਰਭਾਗ ਹੈ, ਜਿਸ ਦੀ ਨਗਰੀ ਵਿਚ ਕਲਾਵਾਨ ਤੇ ਜ਼ੁਲਮ ਹੋਵੇ'। ਇੰਨੇ ਨੂੰ ਸ੍ਰੀ ਜਗਤਨਾਥ ਜੀ ਇਸ ਖੇਦ ਵਾਲੇ ਚੋਜ ਦੇ ਵਿਚਦੀ ਨਿਕਲੇ, ਰਾਇ ਦੇ ਸੱਦੇ ਹੋਏ, ਰਾਇ ਪਾਸ ਅੱਪੜ ਪਏ। ਦੇਖਦੇ ਸਾਰ ਰਾਇ ਪਲੰਘ ਤੋਂ ਉਠਿਆ ਤੇ ਪਿਆਰ ਵਿਚ ਬਿਹਬਲ ਹੋਕੇ ਜਗਤਨਾਥ ਨੂੰ ਆਪਣੀ ਜੱਫੀ ਵਿਚ ਲੈ ਲਿਆ ਤੇ ਗੱਲ੍ਹਾਂ ਵੇਖਕੇ ਓਹ ਰਾਠ ਸੂਰਮਾਂ ਵੀ ਰੋ ਪਿਆ। ਪਿਆਰ ਦੇ ਵਾਕ ਆਖਣੇ ਚਾਹੇ, ਪਰ ਕੰਠ ਗਦਗਦ ਹੋਕੇ ਰੁਕ ਗਿਆ। ਅਪਣੀ ਛਾਤੀ ਨਾਲ ਘੁੱਟੀ ਜਾਏ ਤੇ ਰੋਈ ਜਾਏ। ਰਾਇ ਗੱਲ੍ਹਾਂ ਤੱਕੇ, ਪਿਆਰ ਦੇਵੇ ਤੇ ਫੇਰ ਨੈਣ ਭਰ ਆਉਣ। ਕਿੰਨਾ ਚਿਰ ਐਉਂ ਪਿਆਰ ਵਿਚ ਦ੍ਰੁੱਵ ਦ੍ਰੁੱਵ ਕੇ ਰਾਇ ਨੇ ਆਪਾ ਸੰਭਾਲਿਆ ਤੇ ਪਲੰਘ ਤੇ ਸਿਰ੍ਹਾਂਦੀ ਵਲ ਪਾਸ ਬਿਠਾਕੇ ਕਿਹਾ, 'ਹੇ ਸਾਂਈਂ ਦੇ ਘੱਲੇ ! ਛਿਮਾਂ ਕਰ ਜੋ ਮੇਰੀ ਨਗਰੀ ਤੇਰੇ ਤੇ ਜ਼ੋਰ ਹੋਇਆ, ਤੂੰ ਸਾਂਈਂ ਦਾ ਪਿਆਰਾ ਛਿਮਾਂ ਤੇ ਪਿਆਰ ਦਾ ਰੂਪ ਹੈਂ, ਮੈਂ ਦਾਸ ਤੇ ਮਿਹਰ ਕਰ !' ਫੇਰ ਸਿਰ ਤੇ ਪਿਆਰ ਦੇਵੇ ਤੇ ਪੈਰਾਂ ਵਲ ਹੱਥ ਵਧਾਵੇ, ਕਦੇ ਪਿਤਾ ਵਾਲੇ ਪਿਆਰ ਵਿਚ ਆ ਜਾਵੇ : ਕਦੇ ਦਾਸਾਭਾਵ ਵਿਚ ਭਰਕੇ ਭਗਤ ਵਾਂਙੂ ਚਰਨਾਂ ਤੇ ਨਜ਼ਰ ਜਮਾਵੇ। ਕਦੇ ਗੱਲ੍ਹਾਂ ਦੇ ਨੀਲ ਤੱਕੇ, ਕਦੇ ਉਨ੍ਹਾਂ ਦੇ ਨੈਣਾਂ ਵਿਚ ਸ਼ਾਂਤਿ ਰਸ ਦੀ ਚਮਕ ਤੱਕੇ। ਓਹ ਪਰਮੇਸ਼ੁਰ ਦੇ ਪਿਆਰੇ ਇਕੋ ਚੁੱਪ ਵਿਚ ਅਜੇ ਤਕ ਸਨ, ਓਹ ਇਕ ਸ਼ਾਂਤ ਮੋਹਨ ਮੂਰਤੀ ਸਨ ਤੇ ਰਾਇ ਦੇਖ ਦੇਖਕੇ ਪ੍ਰੇਮ ਦੇ ਅਨੇਕ ਤਰੰਗਾਂ ਤੇ ਕਈ ਤਰ੍ਹਾਂ ਦੇ ਰੰਗਾਂ ਤੇ ਭਾਵਾਂ ਵਿਚ ਆ ਆਕੇ ਪਸੀਜ ਰਿਹਾ ਸੀ। ਇੰਨੇ ਨੂੰ ਰਾਇ ਦੇ ਘੱਲੇ ਆਦਮੀ ਕਾਲੂ ਨੂੰ ਬੀ ਲੈ ਆਏ। ਹੁਣ ਰਾਇ ਦਾ ਰੁੱਖ਼ ਉਧਰ ਹੋ ਗਿਆ, ਝਾੜ ਤਾਂ ਕਾਲੂ ਨੂੰ ਖਰੀ ਕ੍ਰੋਧ ਭਰੀ ਪੈਣੀ ਸੀ, ਪਰ ਰਾਇ ਦਾ ਅੰਦਰਲਾ ਨਾਨਕ ਦੇ ਪ੍ਰੇਮ ਨਾਲ ਦ੍ਰੁੱਵਿਆ ਹੋਣ ਕਰਕੇ ਸ੍ਰੀ ਕਾਲੂ ਜੀ ਨੂੰ ਝਾੜ ਬੀ ਨਰਮ ਨਰਮ ਹੋਕੇ ਪਈ :-

"ਕਾਲੂ ! ਇਹ ਨਵਾਂ ਕਾਰਾ ਕੀ ਕੀਤੋਈ ? ਰੱਬ ਦੇ ਪਿਆਰੇ ਨੂੰ ਮੇਰੀ ਨਗਰੀ ਮਾਰਿਓਈ, ਅਸਾਂ ਕੂ ਬੀ ਨਾਲ ਪਾਪੀ ਕੀਤੋਈ ? ਕਾਲੂ ! ਉਹ ਰਾਜਾ ਬੀ ਦੰਡੀਏ, ਜਿਸਦੀ ਨਗਰੀ ਕਲਾਵਾਨ ਦੁੱਖ ਪਾਵੇ ! ਵੀਹ ਰੁਪੱਯੇ ਅਸਾਂ ਦੇ ਘਰੋਂ ਲੈ ਜਾਂਦੋਂ, ਕੀਹ ਸੇ ਵੀਹ ਰੁਪੱਯੇ? ਇਸ ਲਾਲ ਨੂੰ ਵੀਹ ਰਜਤਪਣ ਬਦਲੇ ਕੋਹਿਆ ! ਹਾਂ ਕਾਲੂ ! ਤੂੰ ਖਰਾ ਕਠੋਰ ਹੋਇਆ। ਲੋਕ ਦੀ ਹੀ ਸੋਚ ਕਰਦੋਂ : ਇਕੋ ਇੱਕ ਪੁੱਤਰ, ਚੰਦੋਂ ਸੋਹਣਾ, ਉਸਨੂੰ ਮਾਰਨਾ, ਕੇ ਤੇਰਾ ਪਿਆਰ ਤੇ ਕੇ ਤੇਰਾ ਮੋਹ ? ਨਾ ਤੁਧਨੂੰ ਅੱਗੇ ਦੀ ਸੋਝੀ ਨਾ ਇਥੇ ਦੀ। ਇਹ ਖ਼ੁਦਾਇ ਦਾ ਵਲੀ ਹੈ, ਹਿਕੇ ਪਿਕਾਮਰ ਹੈ, ਕੌਣ ਜਾਣਦਾ ਹੈ ? ਮੇਰੇ ਧਿਕਾਰ ਹੈ ਜੋ ਮੁਸਲਮਾਨ ਹਾਂ, ਨਹੀਂ ਤਾਂ ਨਾਨਕ ਨੂੰ ਅੱਜ ਤੋਂ ਪਾਸ ਰਖਦਾ ਤੇ ਤੈਨੂੰ ਲੂੰ ਪੱਟ ਨਾ ਇਸਦਾ ਕਦੇ ਵਿਖਾਉਂਦਾ ? ਪਰ ਤੂੰ ਹਿੰਦੂ ਤੇ ਮੇਰੇ ਘਰ ਰੱਖਿਆਂ ਤੇਰੀ ਬਦਖੋਈ, ਇਸ ਕਰਕੇ ਮੈਂ ਕੁਥਾਇ ਫਾਥਾ ਹਾਂ। "ਇਹ ਕਹਿ ਰਾਇ ਫੇਰ ਨੈਣ ਭਰ ਆਇਆ ਤੇ ਛਮਾਂ ਛਮ ਧਾਰਾ ਅੱਖਾਂ ਤੋਂ ਵਹਿ ਤੁਰੀ 'ਦੇਖ ਕਾਲੂ ਤੂੰ ਹੋਸ਼ ਕਰ ! ਸੰਭਲ !!"

ਕਾਲੂ-ਰਾਇ ਜੀ ! ਆਪ ਵੱਡੇ ਹੋ ਤੇ ਮੈਂ ਆਪ ਦਾ ਕਾਰਦਾਰ ਹਾਂ, ਮੇਰਾ ਬੋਲਣਾ ਬਣਦਾ ਨਹੀਂ

ਪਰ ਦੇਖੋ ਨਾ ਜੀ ! ਜਦ ਦੀ ਇਸ ਹੋਸ਼ ਸੰਭਾਲੀ ਹੈ, ਕਿੰਨੀ ਵੇਰੀ ਘਰ ਉਜਾੜਿਆ ਹੈਸੁ। ਹੁਣ ਦਾ ਹਾਲ ਸੁਣੋ : ਮੈਂ ਵਣਜ ਕਰਨ ਲਈ ਘੱਲਿਆ ਸੀ, ਜਾਂਦੇ ਨੇ ਰਾਸ ਮੂੜੀ ਦੇ ਰੁਪੱਯੇ ਫਕੀਰਾਂ ਨੂੰ ਖੁਲਾ ਦਿਤੇ। ਜੇ ਕਦੇ ਕੁਛ ਖੱਟ ਕਮਾ ਲਿਆਉਂਦਾ, ਚਾਰ ਪੈਸੇ ਵਿਚੋਂ ਸਾਧਾਂ ਫ਼ਕੀਰਾਂ ਨੂੰ ਦੇ ਆਉਂਦਾ, ਮੈਂ ਕਾਹਨੂੰ ਧੁਖਦਾ, ਇਹ ਤਾਂ ਜਾਂਦੇ ਨੇ ਹੀ ਸਾਧਾਂ ਨੂੰ ਖੁਲਾ ਦਿਤੇ। ਮੈਨੂੰ ਲੋਕੀਂ ਕਹਿੰਦੇ ਹਨ : 'ਲੋਭੀ ਹੈ, ਰੁਪੱਯਾਂ ਨੂੰ ਰੋਂਦਾ ਹੈ। ਮੈਂ ਇਸ ਨੂੰ ਖਰੇ ਸੌਦੇ ਕਰਨ ਟੋਰਿਆ ਸੀ, ਫਕੀਰਾਂ ਨੂੰ ਵੰਡਣ ਤਾਂ ਨਹੀਂ ਟੋਰਿਆ ਸੀ ? ਮੈਂ ਰੋਂਦਾ ਬੀ ਹਾਂ, ਪਰ ਮੈਂ ਤਾਂ ਸਹੇ ਨੂੰ ਨਹੀਂ ਰੋਂਦਾ ਪਹੇ ਨੂੰ ਰੋਂਦਾ ਹਾਂ। ਸਿਆਣਾ ਹੋਣ ਤੇ ਆਇਆ ਪਰ ਇਸ ਕਾਈ ਮੱਤ ਨਾ ਸਿੱਖੀ। ਉਮਰ ਕਿਵੇਂ ਲੰਘਾਸੀ, ਟੱਬਰ ਕਿਵੇਂ ਪਾਲਸੀ, ਘਰ ਕਿਵੇਂ ਟੋਰਸੀ, ਸੋ ਇਸ ਨੂੰ ਮੱਤ ਦੇਣ ਕਾਰਣ ਮੈਂ ਚੰਡਾਂ ਲਾਈਆਂ ਤਾਂ ਕੀ ਹੋਇਆ ? ਮਾਪਿਆਂ ਦੀ ਮਾਰ ਪਿਆਰ ਹੁੰਦਾ ਹੈ। ਫੇਰ ਵੇਖੋ, ਇਹ ਨੁਕਸਾਨ ਕਰਕੇ ਆਇਆ, ਬਾਹਰ ਲੁਕ ਰਿਹਾ, ਸਾਨੂੰ ਪਤਾ ਬੀ ਨਹੀਂ ਲੱਗਾ, ਤੁਸੀਂ ਦੱਸੋ ਗੁੱਸਾ ਆਵੇ ਕਿ ਨਾ ਆਵੇ ?

ਰਾਇ-"ਕਾਲੂ ! ਨਾ ਆਵੇ ਗੁੱਸਾ, ਪਰ ਨਾ ਆਵੇ, ਇਸ ਨੂਰ ਇਲਾਹੀ ਉੱਤੇ ਗੁੱਸਾ ਨਾ ਆਵੇ, ਜਦ ਆਵੇ ਪਿਆਰ ਆਵੇ (ਫੇਰ ਰੋ ਪਿਆ)। ਅਸਾਂ ਤਾਂ ਅਜ਼ਮਤਾਂ ਵੇਖਕੇ ਨਿਸ਼ਾ ਹੋ ਰਹੇ ਹਾਂ ਜੋ ਨਾਨਕ ਖੁਦਾਇ ਦਾ ਘੱਲਿਆ ਆਇਆ ਹੈ। ਇਹ ਕਾਈ ਸ਼ੈ ਹਈ। ਕਾਲੂ ! ਜੋ ਤੂੰ ਆਖਦਾ ਹੈਂ ਕਿ ਤੂੰ ਇਸ ਨੂੰ ਕਾਈ ਨਫੇਵੰਦਾ ਖਰਾ ਖਰਾ ਸੰਦਾ ਕਰਨ ਟੋਰਿਆ ਆਹਾ ਤਾਂ ਸੋਚ ਇਸ ਕੋ ਵਿਗਾੜ ਕੀਤਾ ? ਇਸ ਤੋਂ ਖਰਾ ਸੌਦਾ ਹੋਰ ਕੇ ਆਹਾ, ਜੋ ਨਾਨਕ ਕੀਤਾ ? ਖੁਦਾਇ ਦੇ ਸੱਤਾਂ ਦਿਨਾਂ ਦੇ ਭੁੱਖਿਆਂ ਬੰਦਿਆਂ ਨੂੰ ਖੁਲਾਇਆ 'ਦਹ ਦੁਨੀਆਂ ਸੱਤਰ ਆਖਰ' ਏਸੇ ਸੱਚੇ ਸੌਦੇ ਵਿਚ ਹੁੰਦੇ ਜਾਣ। ਈਹੋ ਖਰਾ ਸੌਦਾ ਆਹਾ, ਜੋ ਨਾਨਕ ਕੀਤਾ[੧]"।

ਹੁਣ ਰਾਇ ਨੇ ਆਪਣੀ ਰਾਣੀ ਖੋਖਰਾਂ ਤੋਂ ਦਾਸੀ ਘੱਲਕੇ ਰੁਪੱਯੇ ਅਣਵਾਏ, ਤੇ ਕਾਲੂ ਦੇ ਅੱਗੇ ਧਰਕੇ ਆਖਿਆ: 'ਇਹ ਲਓ ਰੁਪੱਯੇ, ਜਿਨ੍ਹਾਂ ਪਿਛੇ ਹੋ ਕਾਲੂ ! ਤੂੰ ਸਾਡੀ ਨਗਰੀ ਵਿਚ ਉਪੱਦਰ ਨਾਲ ਨੇਹੁ ਜੋੜਿਆ।'

ਇਸ ਵੇਲੇ ਕਾਲੂ ਜੀ ਨੂੰ ਸ਼ਰਮ ਆਈ, ਅੱਖਾਂ ਮੀਟ ਲਈਆਂ, ਕ੍ਰੋਧ ਲਹਿ ਚੁੱਕਾ ਸੀ, ਕੁਛ ਰਾਇ ਦੇ ਸ੍ਰੀ ਨਾਨਕ ਜੀ ਨੂੰ ਵਲੀ ਪਿਕਾਮਰ ਕਹਿਣ ਤੋਂ ਸੋਚ ਰਿਹਾ ਸੀ, ਨੈਣ ਮੀਟਣ ਮਗਰੋਂ ਕੁਛ ਚੁੱਪ ਹੁੰਦਾ ਹੁੰਦਾ ਜੁੜ ਜਿਹਾ ਗਿਆ। ਇਸ ਧਿਆਨ ਵਿਚ ਫੇਰ ਉਹ ਸੁਪਨੇ ਵਾਲਾ ਝਲਕਾ ਲੰਘਿਆ ਜੋ ਅਪਣੇ ਤਪ ਕਰਨ ਦਾ ਡਿੱਠਾ ਸੀ ਤੇ ਐਉਂ ਕੁਛ ਭਾਸਿਆ ਕਿ ਮਾਨੋਂ ਰਾਇ ਉਹ ਸਾਧੂ ਹੋ ਆਇਆ ਹੈ, ਜੋ ਉਸ ਵੇਲੇ ਉਸ ਨੂੰ ਸਿਖਯਾ ਦਾਤਾ ਹੋਕੇ ਸਿਖਯਾ ਦੇਂਦਾ ਸੀ ਕਿ ਭਗਤੀ ਕਰਨੀ ਉਚਿਤ ਹੈ ਤੇ ਜਿਸ ਆਖਿਆ ਸੀ ਕਿ ਅੱਛਾ ਤੂੰ ਕਰ ਨਾ ਕਰ, ਮੈਂ ਤਾਂ ਤਪ ਛੋੜ ਭਗਤੀ ਕਰੇਸਾਂ। ਸੋ ਕਾਲੂ ਜੀ ਨੂੰ ਝਾਉਲਾ ਲੰਘਿਆ ਕਿ ਹੋਵੇ ਨਾਂ ਤਾਂ ਇਹ ਭਗਤੀ ਕਰਕੇ ਪਛਾਣ ਵਿਚ ਆਇਆ ਹੈ ਤੇ ਮੈਂ ਨਿਰੇ ਵਿਹਾਰਕਾਂ ਵਰਗੇ ਮੋਹ ਵਿਚ ਹਾਂ, ਤਦੇ ਮੈਨੂੰ ਸਿਆਣ ਨਹੀਂ ਤੇ ਇਹ ਸਿਆਣਦਾ ਹੈ ਇਹ ਝਾਂਵਲਾ ਕਾਲੂ ਨੂੰ ਅੱਖ ਦੇ ਫੋਰ ਵਿਚ ਲੰਘ ਗਿਆ। ਨੈਣ ਖੁੱਲ ਗਏ ਤਾਂ ਰਾਇ ਬੁਲਾਰ ਦਾ ਹੁਜਰਾ ਹੈ ਤੇ ਦਸ ਸਰੀਰ ਬੈਠੇ ਹਨ ਤੇ ਉਸ ਨੂੰ ਸਾਰੇ ਮਾੜਾ ਸਮਝ ਰਹੇ ਹਨ। ਕਾਲੂ ਜੀ ਨੇ ਝਲਕਾ ਡਿੱਠਾ, ਪਰ ਹੇ ਭਗਵਾਨ ! ਤੇਰੀ ਪਰਬਲ ਮਾਇਆ ! ਫੇਰ ਮਾਇਆ ਪੈ ਗਈ, ਇਹ ਨਾਨਕ ਕਿੱਥੋਂ ਰਬ ਦਾ ਰੂਪ ਹੋ ਸਕਦਾ ਹੈ ਜੋ ਕਹਿੰਦਾ ਹੈ ਉਹ ਬੀ ਨਹੀਂ ਕਮਾਉਂਦਾ? ਕਹਿ ਗਿਆ ਸੀ ਵਿਗਾੜ ਨਾ ਕਰਸਾਂ, ਫੇਰ ਕਰ ਆਇਆ ਹੈ। ਏਸ ਫੁਰਨੇ ਤੇ ਸਾਕਾਦਾਰੀ ਦੇ ਫੁਰਨੇ ਨੇ; ਕਾਲੂ ਜੀ ਦੀ ਉਸ ਜਾਚ ਵਿਚ ਤੁਲ ਰਹੀ ਨਾਨਕ ਦੀ ਨਵੀਂ ਨਲੈਕੀ ਦੇ ਫੁਰਨੇ ਨੇ ਨ ਦਿੱਸਣ ਦਿਤਾ ਸੱਚ, ਪਰ ਨਾ ਦਿਸਨ ਦਿਤਾ ਸੱਚ। ਹਾਂ, ਪਰ ਇਕ ਗੱਲ ਦਿੱਸੇ ਕਿ ਮੈਂ ਰਾਇ ਦੇ ਦਰਬਾਰ ਲੋਕਾਂ ਨਾਲ ਸਫ ਉੱਤੇ ਬੈਠਾ ਹਾਂ, ਪਰ ਮੇਰਾ ਹੀ ਪੁੱਤ ਕਿਸੇ ਕਾਰ ਨਾ ਜੋਗਾ ਪੁੱਤ, ਰਾਇ ਨੇ ਪਲੰਘ ਦੇ ਸਿਰ੍ਹਾਣੇ ਬਿਠਾਇਆ ਹੈ ਤੇ ਆਪ ਦਾਵਣ ਓਰ ਬੈਠਾ ਹੈ। ਇਹ ਗਲ ਕੋਈ ਉਸ ਨੂੰ ਫੁਰ ਆਈ ਕਿ ਪੁੱਤ ਦੀ ਵਡਿੱਤ ਦੀ ਹੈ। ਪਰ ਫੇਰ ਮਾਇਆ ਆ ਪਈ ਕਿ ਨਹੀਂ, ਰਾਇ ਕੂਲੇ ਦਿਲ ਵਾਲਾ ਹੈ ਤੇ

[੧] ਚੂੜਕਾਣਾ ਪਿੰਡ ਹੁਣ ਤਕ ਹੈ, ਉਸ ਥਾਵੇਂ ਜਿਥੇ ਸਤਿਗੁਰਾਂ ਨੇ ਸਾਧੂਆਂ ਨੂੰ ਭੋਜਨ ਛਕਾਇਆ ਸੀ ਤੇ ਆਪ ਬੈਠੇ ਸਨ, ਯਾਦਗਾਰ ਵਿਚ ਹੁਣ ਤਕ ਗੁਰਦਵਾਰਾ ਹੈ, ਤੇ ਉਸ ਦਾ ਨਾਉਂ ਬੀ ਹੁਣ ਤੱਕ 'ਖਰਾ ਸੌਦਾ' ਹੈ।

ਐਵੇਂ ਅਜ਼ਮਤਾਂ ਵਾਲਾ ਸਮਝਕੇ ਵਹਿਮੀ ਹੋ ਰਿਹਾ ਹੈ, ਐਉਂ ਕਾਲੂ ਜੀ ਦੇ ਮਨ ਤੇ ਪਰਦਾ ਪਿਆ ਹੀ ਰਿਹਾ।

ਮਹਿਤਾ ਕਾਲੂ ਜੀ ਨੇ ਰੁਪੱਯੇ ਲੈਣੋਂ ਨਾਂਹ ਕੀਤੀ। ਰਾਇ ਨੇ ਕਿਹਾ: 'ਨਾਨਕ ਤੇਰਾ ਪੁਤ ਹੈ ਤੇ ਇਹ ਅਸਾਂ ਇਸ ਦਾ ਕਰਜ਼ਾ ਦੇਣਾ ਹੈ; ਤੂੰ ਲੈ ਲੈ'। ਤਦ ਕਾਲੂ ਨੇ ਹੱਸਕੇ ਆਖਿਆ: 'ਇਸ ਤਾਂ ਗੁਆਉਣਾ ਜਾਤਾ ਹੈ, ਕਦੇ ਖੱਟਣ ਦੀ ਜਾਚ ਹੀ ਨਾ ਸਿੱਖੀ, ਤੁਸਾਂ ਇਸ ਤੋਂ ਕਦ ਉਧਾਰ ਲੀਤਾ ਸੀ ?' ਤਾਂ ਰਾਇ ਫੇਰ ਪਿਆਰ ਤੇ ਅਦਬ ਨਾਲ ਭਰ ਆਇਆ ਤੇ ਬੋਲਿਆ:-

ਸੁਨ ਕਾਲੂ ਤੁਝ ਕੋ ਸੁਧ ਨਾਹੀਂ। ਮਾਯਾ ਜਿਤੀ ਪਿਖਹਿਂ ਜਗ ਮਾਹੀ। ਸਭ ਵਰਤਹਿ ਨਾਨਕ ਅਨੁਸਾਰੀ। ਪਤਿ ਰਜ਼ਾਇ ਜਿਉ ਪਤਿਬ੍ਰਤ ਨਾਰੀ। ਸੰਪਤ ਸਰਬ ਤੁਰੰਗ ਮਤੰਗਾ। ਸਯੰਦਨ ਔ ਸੁਖਪਾਲ ਸੁਰੰਗਾ। ਔਰ ਜਿ ਮੁਝ ਘਰ ਸਭ ਵਡਿਆਈ। ਕਮਲ ਨੈਨ ਕੁਰਨਾ ਤੇ ਪਾਈ।

{ਨਾ: ਪ੍ਰਕਾਸ਼}

ਕਾਲੂ ਇਹ ਸੁਣਕੇ ਮੁਸਕ੍ਰਾਯਾ, ਉਹ ਮੁਸਕ੍ਰਾਹਟ ਜੋ ਜਗਤ ਨੂੰ ਸਦਾ ਤੋਂ ਆਉਂਦੀ ਹੈ। ਹਾਂ ਪ੍ਰਤੀਤ ਤੇ ਭਰੋਸੇ ਨੂੰ ਜਗਤ ਮਖ਼ੌਲ ਦੀ ਮੁਸਕ੍ਰਾਹਟ ਨਾਲ ਵੇਖਦਾ ਹੈ। ਧਨ ਸੱਚ, ਪਦਾਰਥ ਸੱਚ, ਮਾਲ ਸੱਚ, ਇੱਜ਼ਤ ਸੱਚ, ਹੁੱਦੇ ਸੱਚ, ਮਨਸਬ ਸੱਚ, ਲੋਕਾਚਾਰੀ, ਸੱਚ, ਪਰ ਸਿਦਕ ਤੇ ਭਰੋਸਾ ਤਨਜ਼ ਵਾਲੀ ਮੁਸਕ੍ਰਾਹਟ ਦਾ ਹੱਕਦਾਰ !!!

-o-

# ਗੀਤ[1]

{ਮਾਤਾ ਤ੍ਰਿਪਤਾ ਜੀ ਦੀ ਇਕ ਗੁਆਂਢਣ ਬਾਹਰੋਂ ਕਾਹਲੀ ਕਾਹਲੀ ਆਈ ਤੇ ਬੋਲੀ}

ਰੀ ਮਾਤ ਤ੍ਰਿਪਤਾ ! ਪੁੱਤ੍ਰੇ ਨੂੰ ਜਾਹੁ ਜਗਾਉ।
ਪਾਉਂ ਤੇ ਪਾਉਂ ਧਰ ਸੌਇ ਰਿਹਾ ਹੈ
ਵਣੇ ਦੀ ਸੰਘਣੀ ਛਾਉਂ।
ਮੱਝੀਆਂ ਜਾਇ ਪਈਆਂ ਵਿਚ ਖੇਤੇ
ਖਾਇ ਰਹੀਆਂ ਭਰ ਚਾਉ।

ਮਾਤਾ ਤ੍ਰਿਪਤ (ਗੋਲੀ ਨੂੰ)-
ਜਾਹ ਨੀ ਦੌਲਤੇ ! ਦੌੜਦੀ ਜਾਹ ਤੂੰ,
ਨਾਨਕ ਨੂੰ ਦੇਈਂ ਜਗਾਉ।
ਭਰਨਾ ਨ ਪੈ ਜਏ ਕਿਤੇ ਉਜਾੜਾ
ਛੇਤੀ ਜਾ, ਦੇਹ ਸੁ ਉਠਾਉ।

ਬੀਬੀ ਨਾਨਕੀ (ਮਾਂ ਨੂੰ)-
ਸਾਂਈਂ ਦੇ ਰੰਗ ਰੱਤਾ ਏ ਵੀਰਨ,
ਸੁੱਤਾ ਨਹੀਂ ਓ, ਬਲ ਜਾਉਂ !
ਰਾਖਾ ਏ ਰੱਬ ਉਸ ਨੂਰ ਦਾ ਅੰਮੀਏਂ !
ਵਿਘਨ ਦੀ ਕੋਈ ਨ ਥਾਂਉਂ।

(ਦੌਲਤਾਂ ਨੂੰ)-
ਤੌਖਲੇ ਵਿੱਚ ਨ ਭੱਜ ਨੀ ਦੌਲਤੇ !
ਨੱਸ ਨ ਖਾਈਂ ਘਬਰਾਉ।
'ਵੀਰ ਦੇ ਪਜਾਰੇ' ਤੇ 'ਵੀਰ' ਵਿਛੋੜ ਨਾ,
ਵਿੱਥ ਨਾ ਮਿਲਜਾਂ ਵਿਚ ਪਾਉ।
ਸੌਖਾ ਏ ਤੋੜਨ, ਜੋੜਨ ਉਖੇਰੜਾ,
ਮਿਲਿਆਂ ਦਾ ਮੇਲ ਮਿਲਾਉ।
ਵੀਰ ਨਾ ਛੇੜੀਂ, ਤੂੰ ਦੇਖਕੇ ਆਵੀਂ,
ਸੂੰਹ ਜਾ ਸੱਚੜੀ ਲਜਾਉ।

ਦੌਲਤਾਂ (ਮੁੜਕੇ ਆਕੇ)-
ਰਾਇ ਬੁਲਾਰ ਦੇ ਭੀੜ ਹੈ ਲੱਗੀ
ਵਿੱਚ ਕਚਹਿਰੀ ਦੇ ਥਾਉਂ।
ਨਾਨਕ ਹੈ ਓਥੇ ਤੇ ਮਾਲਕ ਬੀ ਓਥੇ
ਤੇ ਰਾਹਕ ਮੰਗੇਦੜਾ ਨਜਾਉਂ।
ਰਾਇ ਦੇ ਆਦਮੀ ਦੇਖਕੇ ਆਏ,
ਆਖਦੇ 'ਰਾਇ ! ਬਲ ਜਾਉਂ।
'ਖੇਤ ਹੈ ਲਹਿਰਦਾ ਹਰਿਆ ਹਰਜਾਵਲ,
ਤੀਲੇ ਦਾ ਨਾ ਉਜੜਾਉ।
'ਝੂਠੀ ਹੈ ਨਾਲਸ਼ ਤੇ ਕੂੜਾ ਹੈ ਰਾਹਕ,
ਸੁਣੀਂ ਤੂੰ ਤਪੇ ਦੇ ਰਾਉ!'
ਰਾਹਕ ਨੇ ਆਖਿਆ, 'ਖੇਤ ਤਾਂ ਖਾਧੜਾ
ਮੱਝੀਆਂ ਨੇ ਭਰ ਚਾਉ।
'ਔਪਰ ਏ ਮੈਨੂੰ ਜਾਪਦਾ, ਰਾਇ ਜੀ !
ਨਾਨਕ ਹੈ ਕੁਈ ਉਲਜਾਉ।'
ਰਾਇ ਤਦ ਤੱਕਿਆ ਨਾਨਕੇ ਵਲ ਨੂੰ,
ਨਾਨਕ ਇਹ ਕੀਤਾ ਅਲਾਉ:-
'ਰਿਜਕ ਸੰਬਾਹਿੰਦਾ ਰਾਜ਼ਕ ਹੈ ਆਪੇ;
ਪੈਜ ਸਵਾਰੇ ਹਰਿ ਰਾਉ !
'ਓਸਦਾ ਜੇ ਤੂੰ ਹੋ ਰਹੇਂ ਰਾਇ ਜੀ !
ਤੇਰਾ ਬੀ ਓਹ ਹੋ ਜਾਉ।'

[1] ਇਹ ਗੀਤ ਗੁਰਪੁਰਬ ਪੂੰਨਮ ਸੰ: ਗੁ: ਨਾ: ਸਾ: ੪੭੩ (੧੯੪੧) ਨੂੰ ਖਾ: ਸ: ਵਿਚ ਪ੍ਰਕਾਸ਼ਿਆ ਸੀ।

# ੨. ਤਿਲਵੰਡੀ ਤੋਂ ਸੁਲਤਾਨ ਪੁਰ

# ੫. ਅਰਸ਼ੀ ਨੂਰ ਸੁਲਤਾਨ ਪੁਰੇ[1]।

੧. {ਤਿਲਵੰਡੀਓਂ ਵਿਦੈਗੀ}

**ਹਾੜ੍ਹੀ** ਦਾ ਫਸਲ ਵੱਢਿਆ ਤੇ ਗਾਹਿਆ ਜਾਕੇ ਘਰੀਂ ਅੱਪੜ ਚੁੱਕਾ ਸੀ, ਤੂੜੀਆਂ ਦੇ ਮੂਸਲ ਬੱਝ ਚੁਕੇ ਸਨ, ਸੂਰਜ ਦੇਵਤਾ ਦੀ ਕਹਿਰ ਦੀ ਤਪਸ਼ ਬਾਰਾਂ ਭੱਠ ਤਪਾ ਰਹੀ ਸੀ, ਪਾਣੀ ਧਰਤੀ ਤੋਂ ਸੁੱਕ ਰਹੇ ਸਨ ਕਿ ਅਚਾਨਕ ਪੁਰੇ ਦੀ ਹਵਾ ਵਗ ਪਈ ਤੇ ਦੋ ਤ੍ਰੈ ਦਿਨ ਘੱਟਾ ਮਿੱਟੀ ਉੱਡਣ ਮਗਰੋਂ ਕਾਲੀਆਂ ਘਟਾਂ ਦੇ ਦਰਸ਼ਨ ਹੋਏ। ਕਿਣਮਿਣ ਹੋਣ ਲੱਗੀ, ਬਿਜਲੀ ਲਿਸ਼ਕੀ, ਗੜਗੱਜ ਪਈ, ਮੀਂਹ ਮੋਲ੍ਹੇਧਾਰ ਹੋ ਲੱਥਾ, ਸਾਰੇ ਜਲਥਲ ਹੋ ਗਿਆ, ਠੰਢ ਪੈ ਗਈ ਤੇ ਪਹਿਰ ਕੁ ਮਗਰੋਂ ਬਰਖਾ ਖੜੋ ਗਈ। ਠੰਢੀ ਹਵਾ ਵਗ ਰਹੀ ਹੈ, ਅੱਖੀਂ ਸੁਖ ਕਲੇਜੇ ਠੰਢ ਪੈ ਰਹੀ ਹੈ। ਇਸ ਵੇਲੇ ਇਕ ਪੁਰਾਣੇ ਤੇ ਘਣੇ ਵਣ ਹੇਠਾਂ ਪਲੰਘ ਡੱਠਾ ਹੈ, ਉਤੇ ਪਿੜੀਆਂ ਦਾਰ ਖੇਸ ਵਿਛਿਆ ਹੈ ਤੇ ਰਾਇ ਭੋਇ ਦੀ ਤਲਵੰਡੀ ਦੇ ਤੱਪੇ ਦਾ ਮਾਲਕ ਰਾਇ ਬੁਲਾਰ ਬੈਠਾ ਹੈ, ਇਕ ਦਾਸ ਕੋਲ ਹੈ, ਜਿਸ ਨੇ ਦੂਰੋਂ ਤੱਕ ਕੇ ਆਖਿਆ:-

ਰਾਇ ਜੀ ! ਜੈਰਾਮਦਾਸ ਜੀ ਆ ਰਹੇ ਜਾਪਦੇ ਹਨ।

ਰਾਇ ਬੁਲਾਰ-ਭਲਾ ਹੋਇਆ, ਕਾਈ ਚੌਂਕੀ ਵਿਛਾ ਦੇਹ।

ਨੌਕਰ ਨੇ ਇਕ ਸੁਹਣੀ ਚੌਂਕੀ ਡਾਹ ਦਿੱਤੀ। ਇੰਨੇ ਨੂੰ ਜੈਰਾਮ ਦਾਸ ਜੀ ਆ ਗਏ ਤੇ ਆਪੋ ਦੇ ਅਦਬ ਅਦਾਬ ਆਦਰ ਭਾਉ ਕਰਕੇ ਬੈਠ ਗਏ। ਰਾਇ ਜੀ ਨੇ ਹੁਣ ਸਹਜ ਨਾਲ ਆਖਿਆ :-

ਭਾਈ ਜੈਰਾਮ ਦਾਸ ! ਅਸਾਂ ਤੁਸਾਂ ਨੂੰ ਖੇਚਲ ਪਾਈ ਪਰ ਏਹ ਨੂਰ ਵਾਲੇ ਨਾਨਕ ਪਾਰੋਂ ਪਾਈ ਹੈ; ਨਾਨਕ ਨਾਲ ਭਲਾ ਵਰਤਾਉ ਨਹੀਂ ਹੁੰਦਾ, ਉਹ ਅਸਾਂ ਭਾਣੇ ਤਾਂ ਪਰਮੇਸ਼ੁਰ ਹੈ, ਪਰ ਸਾਡਾ ਕਾਲੂ ਖੁਣਸਦਾ ਹੈ ਜੋ ਉਹ ਦੁਨੀਆਂਦਾਰ ਕਿਉਂ ਨਹੀਂ। ਤੁਸੀਂ ਦੱਸੋ ਤੁਸਾਡੀ ਸਾਕਾਦਾਰੀ ਹੋਈ ਨੂੰ ਬੀ ਹੁਣ ਕੁਛ ਚਿਰ ਹੋ ਗਿਆ ਹੈ ਤੇ ਐਤਕੀ ਤੁਸੀਂ ਹਾੜ੍ਹੀ ਦੇ ਸਾਰੇ ਦਿਹੁੰ ਏਥੇ ਹੀ ਕੱਟੇ ਹਨ, ਤੁਸਾਡਾ ਨਾਨਕ ਪਾਰੋ ਕਿਵੇਂ ਖਿਆਲ ਹੈ ?

ਜੈਰਾਮ ਦਾਸ-ਰਾਇ ਜੀ ! ਅਸੀਂ ਖੱਤ੍ਰੀ ਲੋਕ ਮਾਇਆ ਦੇ ਹੀ ਪਿਆਰੇ ਹੋ ਰਹੇ ਹਾਂ, ਸਾਡੇ ਨੈਣ ਉੱਪਰ ਵਾਰ ਨਹੀਂ ਵੇਖਦੇ, ਪਰ ਤੁਸਾਡੀ ਦਇਆ ਹੈ, ਨਾਨਕ ਦੇਵ ਦੇ ਲੱਛਣ ਡਾਢੇ ਚਾਨਣੇ ਵਾਲੇ ਹਨ, ਕੋਈ ਤ੍ਰਿਸ਼ਨਾ ਛੱਡਕੇ ਵੇਖੇ ਤਾਂ ਫੇਰ ਨੂਰ ਹੀ ਨੂਰ ਹੈ ਨਾਨਕ। ਭਾਈਆ ਜੀ ਨੇ ਬੜੀ ਛੋਟੀ ਉਮਰੇ ਮਲੋ ਮੱਲੀ ਵਿਆਹ ਬੀ ਦਿੱਤਾ[2] ਉਹਨਾਂ ਦਾ ਦਿਲ ਦੁਨੀਆਂਦਾਰੀ ਵੱਲੇ ਹੈ, ਨਾਨਕ ਦੇਵ ਨਿਰਾ ਰੱਬੀ ਨੂਰ ਹੈ। ਮੈਂ ਤਾਂ ਇਨ੍ਹਾਂ ਦਿਨਾਂ ਵਿਚ ਡਾਢਾ ਅਮੰਨਾਂ ਪਾ ਲਿਆ ਹੈ ਜੋ ਨਾਨਕ ਰੱਬ ਦੇ ਰੰਗ ਰੱਤਾ ਹੈ।

ਰਾਇ ਬੁਲਾਰ-ਸਾਂਈਂ ਤੁਸਾਂ ਦਾ ਭਲਾ ਕਰੇ, ਫੇਰ ਜਦ ਤੁਸਾਂ ਇਹ ਰਮਜ਼ ਪਾਈ ਹੈ ਤਾਂ ਕੋਈ ਉਪਰਾਲਾ ਲੋੜੀਏ ਜੋ ਖੁਦਾਇ ਦਾ ਪਿਆਰਾ ਔਖ ਨਾ ਪਾਵੇ।

ਜੈਰਾਮ-ਜਿਵੇਂ ਤੁਸਾਂ ਜੀ ਦੀ ਰਜ਼ਾਇ ਹੋਵੇ।

ਬੁਲਾਰ-ਅਸਾਂ ਆਪਣੀ ਪਾਰੋਂ ਤਾਂ ਘਣਾਂ ਜ਼ੋਰ ਲਾਇਆ ਹੈ, ਕਾਲੂ ਨੂੰ ਸਮਝਾਯਾ ਬੀ ਹੈ, ਨਾਨਕ ਕੋਈ ਜਾਨ ਨੁਕਸਾਨ ਕਰੇ ਤਾਂ ਅਸੀਂ ਭਰਕੇ ਖੁਸ਼ ਹਾਂ, ਪਰ ਘਰ ਵਿਚ ਅੱਠੇ ਪਹਿਰ ਦੀ ਰੜਖੇੜ ਨੂੰ ਅਸੀਂ ਕਿਵੇਂ ਮੇਟੀਏ। ਇਹ ਹੁਣ ਅਸਾਂ ਥੀਂ ਜਰ ਨਹੀਂ ਹੁੰਦਾ ਕਿ ਰੱਬ ਰੱਤੇ ਨੂੰ ਅਸਾਡੇ ਤੱਪੇ ਵਿਚ ਤਸੀਹਾ ਮਿਲੇ। ਬਹੂੰ ਸੋਚਕੇ ਇਹੋ ਫੁਰਿਆ ਹੈ ਕਿ ਨਾਨਕ ਘਰ ਤੋਂ ਦੁਰੇਡਾ ਜਾਵੇ। ਜੇ ਚਿੱਤ ਆਖੁਸੁ ਤਾਂ ਕੁਛ ਕਿਰਤ ਕਰੇ ਨਾ ਆਖੁਸੁ ਤਾਂ ਆਪਣੇ ਰੰਗ ਰਵੇ, ਮਾਇਆ ਉਸ ਜੋਗੀ ਇਸ ਖਜ਼ਾਨੇ ਬਹੁਤੇਰੀ ਹੈ।

ਜੈਰਾਮ-ਤੁਸਾਂ ਸੱਤਿ ਆਖਿਆ ਹੈ, ਹੁਣ ਜੇ ਤੁਸਾਂ ਦੀ ਰਜ਼ਾਇ ਹੈ ਜੋ ਮੈਂ ਸੁਲਤਾਨ ਪੁਰੇ ਆਪਣੇ ਕੋਲ

[1] ਇਹ ਲੇਖ ਸੰ: ਗੁ: ਨਾ: ਸਾ: ੪੫੨ (੧੯੨੧ ਈ:) ਦੇ ਗੁਰਪੁਰਬ ਪੂੰਨਮ ਪਰ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

[2] ਪੁਰਾਤਨ ਜਨਮ ਸਾਖੀ ਤੋਂ ਵਿਆਹ ਘਰ ਹੁੰਦਿਆਂ ਛੋਟੀ ਉਮਰੇ ਹੋ ਗਿਆ ਸਿੱਧ ਹੁੰਦਾ ਹੈ ਤੇ ਭਾਈ ਮਨੀ ਸਿੰਘ ਜੀ ਬੀ ਇਹੋ ਕਹਿੰਦੇ ਹਨ। ਬਾਲੇ ਵਾਲੀ ਜਨਮ ਸਾਖੀ ਤੇ ਗੁ: ਨਾ: ਪ੍ਰਕਾਸ਼ ਵਿਆਹ ਸੁਲਤਾਨ ਪੁਰੇ ਜਾਕੇ ਹੋਇਆ ਦੱਸਦੇ ਹਨ।

ਲੈ ਜਾਵਾਂ ਤਾਂ ਮੈਂ ਮਨੋਂ ਦਿਲੋਂ ਰਾਜ਼ੀ ਹਾਂ, ਤੁਸੀਂ ਖੁਸ਼ੀ ਦੇਵੋ।

ਰਾਇ-ਖੁਸ਼ੀ ਹੈ, ਭਾਈ ਜੈਰਾਮ, ਜੋ ਨਾਨਕ ਅਪਣੇ ਰੰਗ ਰਵੇ, ਤਿਸਨੂੰ ਖੇਚਲ ਨਾ ਹੋਵੇ। ਤੁਸੀਂ ਲੈ ਜਾਓ ਤਾਂ ਭਲਾ ਹੈ, ਕਿਉਂ ਜੋ ਤੁਸਾਂ ਉਸਦਾ ਭੇਤ ਪਾਇਆ ਹੈ। ਅਸਾਂ ਸੁਣਿਆਂ ਹੈ ਜੋ ਬੇਟੀ ਨਾਨਕੀ ਨੇ ਜਨਮ ਤੋਂ ਹੀ ਭਰਾ ਨੂੰ ਪਛਾਣਿਆ ਹੈ ਤੇ ਨੂਰ ਕਰਕੇ ਜਾਤਾ ਹੈ। (ਸਿਰ ਫੇਰਕੇ ਤੇ ਹੱਥ ਤੇ ਹੱਥ ਧਰਕੇ) ਅਸਲ ਵਿਚ ਰੱਬ ਦੇ ਭੇਜੇ ਹੋਏ ਨੂੰ ਕੋਈ ਨਹੀਂ ਸਿਆਣਦਾ ਤੇ ਉਹ ਆਪ ਭੋਲੇ ਭਾ ਰਹਿੰਦਾ ਹੈ। ਸੁਹਣਾ ਨਾਨਕ ਤਾਂ ਆਪਣੇ ਅਸਲੇ ਨੂੰ ਸਿਆਣਦਾ ਹੈ, ਪਰ ਮਾਪੇ ਨਹੀਂ ਸਿਆਣਦੇ। ਮੋਹ ਮਾਇਆ ਕੁਛ ਡਾਢਾ ਪੜਦਾ ਹੈ, ਸੱਚ ਮੁੱਚ ਹੈ ਹੀ ਫਕੀਰ ਨੂੰ ਸਿਆਣਨਾ ਔਖਾ। ਨਾਨਕ ਨੂੰ ਵੇਦੀ ਤਾਂ ਦਿਵਾਨਾ ਆਖਦੇ ਹਨ ਪਰ ਅਸਾਂ ਨੇ ਤਾਂ ਸਹੀ ਪਛਾਤਾ ਹੈ ਜੋ ਓਹ ਪਿਕਾਂਬਰ ਹੈ, ਤੁਸੀਂ ਬੀ ਸਿਵਾਤਾ ਹੈ ਜੋ ਨਾਨਕ ਪੂਰਨ ਪੁਰਖ ਹੈ।

ਜੈਰਾਮ (ਗੱਲ ਟੁੱਕਕੇ)-ਜੀ, ਮੈਂ ਤਾਂ ਨਿਰਾ 'ਨੂਰ' ਸਿਵਾਤਾ ਹੈ।

ਰਾਇ-ਭਲਾ ਹੋਇਆ, ਤਾਂ ਹੁਣ ਘਰਦਿਆਂ ਤੇ ਨੇੜੇ ਦਿਆਂ ਵਿਚੋਂ ਰੱਬ ਨੇ ਤ੍ਰੈਹਾਂ ਦੇ ਨੇਤ੍ਰ ਖੋਹਲੇ ਹਨ, ਪਰ ਤੁਹਾਨੂੰ ਪਤਾ ਹੈ ਕਿ ਓਪਰਿਆਂ ਦਾ ਕੀ ਹਾਲ ਹੈ? ਇਕ ਏਥੇ ਡੂੰਮ ਹੈ, ਮਾਂ ਉਸ ਨੂੰ 'ਮਰ ਜਾਣਾ' ਆਖਦੀ ਹੁੰਦੀ ਸੀ, ਉਸ ਦੇ ਕਈ ਪੁੱਤ ਮੋਏ ਸੀ, ਇਸ ਨੂੰ ਬੀ ਇਹੋ ਆਖਦੀ ਸੀ, ਤ੍ਰੀਮਤਾਂ ਦੇ ਭਰਮ ਹਨ ਨਾ ਕਿ ਮੈਂ ਆਪੇ 'ਮਰ ਜਾਣਾ, ਮਰਜਾਣਾ,' ਆਖੀ ਜਾਵਾਂ ਤਾਂ ਮੌਤ ਦਾ ਫਰਿਸ਼ਤਾ ਇਸ ਨੂੰ ਨਾ ਮਾਰੇਗਾ। ਉਹ ਨਾਨਕ ਦੀ ਸੰਗਤ ਬਹਿਕੇ 'ਰੱਬੀ ਇਲਹਾਨ'[1] (ਕੀਰਤਨ) ਕਰਦਾ ਹੈ, ਨਾਨਕ ਉਸ ਨੂੰ 'ਮਰਦਾਨਾ' ਆਖਦਾ ਹੈ, ਜੋ ਤੈਨੂੰ ਮੈਂ ਮਰਦਾਂ ਦਾ ਮਰਦ ਬਣਾ ਦਿੱਤਾ ਹੈ। ਅਸੀਂ ਬੀ ਓਸ ਦਾ ਰਾਗ ਸੁਣਕੇ ਖੁਸ਼ ਹੁੰਦੇ ਹਾਂ। ਫੇਰ ਉਸ 'ਮਰ ਜਾਣੇ' ਦਾ ਹਾਫ਼ਜ਼ਾ ਐਸਾ ਹੈ ਜੋ ਨਾਨਕ ਦੇ ਮੂੰਹੋਂ ਨਿਕਲੇ ਤਾੜ ਕੰਠ ਕਰ ਲੈਂਦਾ ਹੈ। ਪਿਆਰ ਐਨਾ ਕਰਦਾ ਹੈ ਕਿ ਨੇੜੇ ਤੇੜੇ ਹੀ ਘੁੰਮਦਾ ਰਹਿੰਦਾ ਹੈ। ਨਾਨਕ ਰਾਤਾਂ ਘਰ ਕਦੇ ਹੀ ਗੁਜ਼ਾਰਦਾ ਹੈ, ਜੇ ਘਰ ਰਹੇ ਤਾਂ ਤੀਜੇ ਪਹਿਰ ਤੋਂ ਪਹਿਲਾਂ ਹੀ ਜੰਗਲ ਜਾ ਬੈਠਦਾ ਹੈ। ਮਰਦਾਨਾ ਉਸ ਵੇਲੇ ਉਹ ਸੁਰਾਂ ਲਾਉਂਦਾ ਹੈ ਜੋ ਸਾਰੇ ਵਣ ਖ਼ੁਦਾ ਖ਼ੁਦਾ ਗੂੰਜ ਉਠਦੇ ਹਨ। ਕੋਈ ਕੀਹ ਜਾਣੇ ਪੁਰਾਣਾ ਹੈ ਕਿ ਨਵਾਂ, ਪਰ ਅਸਾਂ ਤੇ ਨਾਨਕ ਤੋਂ ਹੀ ਸੁਣਿਆ ਹੈ-'ਆਸਾ' ਉਸ ਨੂੰ ਆਖਦੇ ਹਨ ਆਪ, ਉਹ ਰਾਗ ਡਾਢਾ ਦਿਲ ਖਿੱਚਦਾ ਹੈ। ਫੇਰ ਦਿਹਾੜੀ ਨਾਨਕ ਖੇਤਾਂ ਜੂਹਾਂ ਵਿਚ ਜਾ ਟਿਕਦਾ ਹੈ। ਓਪਰੇ ਲੋਕ ਕਈ ਹਿੰਦੂ ਕਈ ਮੁਸਲਮਾਨ ਜਾ ਨਾਨਕ ਨੂੰ ਸਿਰ ਝੁਕਾਉਂਦੇ ਹਨ, ਵਾਕ ਸੁਣਕੇ ਬਹੁਤੇ ਲੋਕ ਰੱਬ ਰੱਬ ਕਹਿਣ ਲੱਗ ਪਏ ਹਨ। ਕਈ ਸਾਧੂ ਫਕੀਰ ਬੀ ਅਸਾਂ ਸੁਣੇ ਹਨ ਜੋ ਆਕੇ ਅਦਬ ਅਦਾਬ ਕਰਦੇ ਤੇ ਸੁਖੀ ਹੁੰਦੇ ਹਨ। ਜੋਤਸ਼ੀ, ਪਾਂਧਾ, ਕਾਜ਼ੀ, ਮੁੱਲਾਂ, ਵੈਦ, ਜੋ ਜੋ ਨਾਨਕ ਨੂੰ ਸਿਖਾਉਣ ਪੜ੍ਹਾਉਣ ਯਾ ਰਾਜੀ ਕਰਨ ਆਏ ਸਾਰੇ ਹੁਣ ਨਾਨਕ ਲੰਘੇ ਤਾਂ ਸੀਸ ਨਿਵਾਉਂਦੇ ਹਨ। ਸੋ ਮੇਰੇ ਰਾਜ ਵਿਚ ਇਕ ਅੰਮ੍ਰਿਤ ਫਲ ਦਾ ਬੂਟਾ ਉੱਗਿਆ ਹੈ, ਪਰ ਘਰ ਦੇ ਨਿੱਕੀ ਨਿੱਕੀ ਗੱਲੇ ਉਸਨੂੰ ਤਾਉ ਦੱਸਦੇ ਹਨ, ਹਰ ਘੜੀ ਦੁਨੀਆਂ ਦਾਰੀ ਦੀ ਆਸ ਰੱਖਦੇ, ਜੰਜਾਲ ਵਿਚ ਫਸਾਉਣ ਦੇ ਉਪਰਾਲੇ ਕਰਦੇ ਹਨ ਤੇ ਸੁਹਣਾ ਨਾਨਕ ਦਿਲਗੀਰੀਆਂ ਖਾਂਦਾ ਹੈ। ਸੋ ਹੁਣ ਜੇ ਤੁਸਾਂ ਅਸਾਂ ਉਸ ਨੂੰ ਸਹੀ ਕਰ ਸਿਵਾਤਾ ਹੈ ਤਾਂ ਉਸ ਦੇ ਦਿਲ ਨੂੰ ਆਪਣੇ ਰੰਗ ਰੰਗੇ ਰਹਿਣ ਦੇਣਾ ਚਾਹੀਏ। ਇਹ ਗੱਲ ਏਥੇ ਨਹੀਂ ਹੋ ਸਕਦੀ, ਤੁਸੀਂ ਸੁਲਤਾਨ ਪੁਰ ਲੈ ਜਾਓ, ਤਾਂ ਇਹ ਗਲ ਸਿਰੇ ਚੜ੍ਹੇਗੀ। ਮਾਇਆ ਇਥੇ ਉਹਨਾਂ ਜੋਗੀ ਬਹੂੰ ਹੈ, ਪਰ ਨਿਰੀ ਮਾਇਆ ਨਾਲ ਤਸੀਹਾ ਨਹੀਂ ਹਟਦਾ।

ਜੈਰਾਮ-ਪਾਤਸ਼ਾਹ ! ਜੋ ਰਜ਼ਾਇ ਆਪ ਦੀ ਮੈਂ ਯਤਨ ਲਾਵਾਂਗਾ। ਮੇਰੇ ਪਾਸ ਰਹਿਣ ਤਾਂ ਮੇਰੇ ਧੰਨ ਭਾਗ ਤੇ ਉਹਨਾਂ ਦੀ ਭੈਣ ਦੀ ਖੁਸ਼ੀ ਅਮਿੱਤ, ਪਰ ਜ਼ਰਾ ਸਮਾਂ ਲੱਗੇਗਾ। ਭਾਵੇਂ ਭਾਈਆ ਕਾਲੂ ਜੀ ਆਪਦੇ ਧਨ ਨਾਲ ਪਲਦੇ ਹਨ, ਪਰ ਖੱਤ੍ਰੀਆਂ ਨੂੰ ਕਿਰਤ ਕੀਤੇ ਬਿਨਾਂ ਲਿਆਂ ਲਾਜ ਆਉਂਦੀ ਹੈ। ਸੋ ਭਾਈਆ ਜੀ ਨੂੰ ਇਹ ਮਨਾਵਾਂਗਾ ਜੋ ਸੁਲਤਾਨ ਪੁਰੇ ਨਾਨਕ ਦੇਵ ਜੀ ਲਈ ਕਿਰਤ ਦਾ ਉਪਰਾਲਾ ਹੁਣ ਮੈਂ ਕਰਾਂ। ਜਦੋਂ ਮੈਂ ਕਰ ਲੈਸਾਂ ਤਦੋਂ ਤੁਸਾਂ ਮੇਰੇ ਸੱਦੇ ਉੱਪਰ ਟੋਰ ਦੇਵਿਆ ਜੇ, ਫੇਰ ਆਸ ਪੈਂਦੀ ਹੈ ਕਿ ਟੋਰ ਦੇਣਗੇ। ਸੋ ਹੁਣ ਮੈਂ ਪਹਿਲੋਂ ਜਾਕੇ

[1] ਅਰਬੀ-ਇਲਹਾਨ=ਸੰਗੀਤ।

ਨਵਾਬ ਦੌਲਤ ਖ਼ਾਂ ਦੇ ਟੋਲ ਕਰਾਂਗਾ ਜੇ ਕੋਈ ਕਾਰ ਹੋਵੇਗੀ ਤੇ ਕਿਤੇ ਕੋਈ ਥਾਂ ਦਿੱਸੀ ਤੇ ਨਹੁੰ ਅੜਦਾ ਨਜ਼ਰ ਆਇਆ ਤਾਂ ਸਦਾ ਲੈਸਾਂ।

ਰਾਇ ਬੁਲਾਰ-ਜੈਰਾਮ ਪੁੱਤ੍ਰ ! ਤੂੰ ਭਲੀ ਬੁਧਿ ਵਾਲਾ ਹੈਂ, ਤੈਨੂੰ ਵਾਹਵਾ ਗੱਲ ਫੁਰੀ ਹੈ, ਜੇ ਲੋੜ ਪਵੇ ਤਾਂ ਨਵਾਬ ਨੂੰ ਅਸਾਂ ਵਲੋਂ ਬਿਨਾਂ ਸ਼ੱਕ ਆਖ ਦੇਣਾ।

ਜੈਰਾਮ-ਭਲਾ ਜੀ !

ਇਸ ਤਰ੍ਹਾਂ ਗੱਲਾਂ ਬਾਤਾਂ ਕਰਕੇ ਆਪੋ ਵਿਚ ਪਜਾਰ ਸਤਿਕਾਰ ਨਾਲ ਵਿਦਾ ਹੋਕੇ ਜੈਰਾਮ ਘਰ ਆਇਆ। ਖਰੇ ਸੌਦੇ ਵਾਲਾ ਮਾਮਲਾ ਅਜੇ ਸੱਜਰਾ ਹੀ ਸੀ। ਜੈਰਾਮ ਨੇ ਆਪਣੇ ਸਹੁਰੇ ਨੂੰ ਸਮਝਾਇਆ। ਕਾਲੂ ਅੱਗੇ ਹੀ ਨਿਰਾਸ ਹੋ ਰਿਹਾ ਸੀ ਕਿ ਪੁੱਤਰ ਕਮਲਿਆਂ ਵਾਲੇ ਕੰਮ ਕਰਦਾ ਹੈ, ਨਿਕੰਮਿਆਂ ਵਾਂਙੂ ਫਿਰਦਾ ਹੈ, ਡੂੰਮਾਂ ਤੇ ਸਾਧਾਂ ਫਕੀਰਾਂ ਦੀ ਮਜਲਸ ਲਾਉਂਦਾ ਹੈ, ਗਾਉਂਦਾ ਹੈ, ਯਾ ਗਾਉਂਦਿਆਂ ਨੂੰ ਸੁਣਦਾ ਹੈ, ਅਸਮਾਨ ਵਲ ਤੱਕਦਾ ਹੈ, ਯਾ ਬਨਾ ਵਲ ਵੇਂਹਦਾ ਹੈ, ਪੌਣ ਪਾਣੀ ਅਗਨੀ ਚੰਦ ਸੂਰਜ ਬਿਜਲੀ ਮੀਂਹ ਤੱਕ ਤੱਕ ਬਉਰਾਨਾ ਹੋ ਹੋ ਬਹਿੰਦਾ ਹੈ। ਘਰ ਦਾ ਕੰਮ ਨਹੀਂ ਕਰਦਾ, ਟੱਬਰ ਨਹੀਂ ਸੰਭਾਲਦਾ, ਕਿਰਤ ਨਹੀਂ ਕਰਦਾ, ਪਿਉ ਦਾ ਹੱਥ ਨਹੀਂ ਵਟਾਉਂਦਾ, ਦੇਖੋ ਜੇ ਬਦੇਸ਼ ਜਾਕੇ ਕਿਸੇ ਕਾਰੇ ਲਗ ਜਾਏ ਤਾਂ ਭੀ ਭਲਾ ਹੈ। ਸੋ ਕਾਲੂ ਨੇ ਆਗਜਾ ਦੇ ਦਿੱਤੀ ਤੇ ਜੈਰਾਮ ਨੇ ਸੁਲਤਾਨਪੁਰ ਅੱਪੜ ਕੇ ਆਪਣੇ ਨਵਾਬ ਨਾਲ ਗਲ ਜਾ ਕੀਤੀ। ਨਵਾਬ ਦੇ ਪਾਸ ਉਸ ਵੇਲੇ ਮੋਦੀ ਖਾਨੇ ਵਿਚ ਥਾਂ ਖਾਲੀ ਸੀ ਤੇ ਇਕ ਭਲੇ ਤੇ ਵਿਦਵਾਨ ਪੁਰਖ ਦੀ ਲੋੜ ਸੀ, ਸੋ ਉਸ ਨੇ ਆਖ ਦਿੱਤਾ ਕਿ ਹਾਂ, ਨਾਨਕ ਨੂੰ ਬੁਲਾਓ ਜੋ ਅਸੀਂ ਦੇਖੀਏ। ਜੇ ਸਾਡੇ ਗਊਂ ਦਾ ਕਾਰਦਾਰ ਅਸਾਂ ਡਿੱਠਾ ਤਾਂ ਮੋਦੀਖਾਨੇ ਦਾ ਮੋਦੀ ਰੱਖ ਲਵਾਂਗੇ।

ਘਰ ਆ ਕੇ ਜੈਰਾਮ ਨੇ ਚਿਠੀ ਲਿਖੀ ਜੋ ਸ੍ਰੀ ਨਾਨਕ ਜੀ ਸੁਲਤਾਨਪੁਰ ਆ ਜਾਣ।

ਚਿੱਠੀ ਪੜ੍ਹਕੇ ਜਗਤ ਦਾਤਾ ਜੀ ਆਪਣੇ ਸਾਰਿਆਂ ਤੋਂ ਵਿਦਾ ਹੋ ਸੁਲਤਾਨ ਪੁਰ ਨੂੰ ਟੁਰੇ। ਘਰਦਿਆਂ ਨੇ ਸ਼ੁਕਰ ਕੀਤਾ ਜੋ ਨਾਨਕ ਖੁਸ਼ੀ ਨਾਲ ਕਿਰਤ ਲਈ ਟੁਰਿਆ ਹੈ, ਕੀ ਜਾਣੀਏ ਜੋ ਉਥੇ ਜਾਕੇ ਕਾਰੇ ਲਗ ਪਵੇ! ਇਨ੍ਹਾਂ ਦਿਨਾਂ ਵਿਚ ਨਵੀਂ ਗਲ ਇਹ ਹੋਈ ਸੀ ਜੋ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥ ਦੀ ਮੁੰਦਰੀ ਤੇ ਪਿੱਤਲ ਦਾ ਗੜਵਾ ਕਿਸੇ ਲੋੜਵੰਦ ਸੁਆਲੀ ਨੂੰ ਦੇ ਦਿੱਤਾ ਸੀ, ਜਿਸ ਤੇ ਘਰ ਵਾਲੇ ਬੜਾ ਖੁਣਸ ਰਹੇ ਸਨ, ਇਸ ਕਰਕੇ ਉਨ੍ਹਾਂ ਨੂੰ ਸੁਲਤਾਨ ਪੁਰ ਤੋਰਨਾ ਬਹੁਤ ਛੇਤੀ ਸੁਖਾ ਗਿਆ। ਰਾਇ ਬੁਲਾਰ ਨੇ ਸ਼ੁਕਰ ਕੀਤਾ ਜੋ ਉਚੇ ਦਿਲ ਵਾਲਾ ਰਬੀ ਰੰਗ ਰੱਤਾ ਖੁੱਲਾਂ ਦੇ ਘਰ ਗਿਆ, ਉਸਦੇ ਸੋਹਣੇ ਮਨ ਨੂੰ ਉਦਾਸੀਆਂ ਤੇ ਚੋਟਾਂ ਤੋਂ ਬਹੁਤ ਆਰਾਮ ਮਿਲਿਆ, ਪਰ ਗੁਰੂ ਜੀ ਦੇ ਆਪਣੇ ਸਤਿਸੰਗੀ ਉਦਾਸ ਸਨ ਜੋ ਪਿਆਰਾ ਵਿੱਛੁੜ ਚਲਿਆ ਹੈ। ਘਰ ਵਾਲੀ ਨੇ ਤਾਂ ਬਹੁਤ ਵੈਰਾਗ ਕੀਤਾ। ਆਪ ਨੇ ਸਮਝਾਇਆ "ਕਿ ਅਸੀਂ ਏਥੇ ਬੀ ਉਦਾਸ ਰਹਿੰਦੇ ਸਾਂ, ਘਰ ਕੀ ਸੁਆਰਦੇ ਸਾਂ, ਤੇਰੇ ਲਈ ਜੇਹੇ ਘਰ ਰਹੇ ਤੇਹੇ ਪਰਦੇਸ ਗਏ" ! ਪਰ ਉਸ ਸਤਿਵੰਤੀ ਨੇ ਆਖਿਆ "ਜੇ ਤੁਸੀਂ ਘਰ ਬੈਠੇ ਹੁੰਦੇ ਆਹੇ ਤਾਂ ਮੇਰੇ ਭਾਣੇ ਸਾਰੇ ਜਹਾਨ ਦੀ ਪਾਤਸ਼ਾਹੀ ਹੁੰਦੀ ਆਹੀ। ਜੀ, ਏਹ ਸੰਸਾਰ ਮੇਰੇ ਕਿਤੇ ਕੰਮ ਨਾਹੀ[੧]"! ਤਦ ਮਿਹਰਬਾਨ ਹੋ ਕੇ ਆਪ ਨੇ ਅਸੀਸ ਦਿੱਤੀ : 'ਚਿੰਤਾ ਕਿਛੁ ਨਾ ਕਰ, ਦਿਨ ਦਿਨ ਤੇਰੀ ਪਾਤਸ਼ਾਹੀ ਹੋਵੇਗੀ[੧]। ਇਸ ਪਰ ਬੀ ਉਨ੍ਹਾਂ ਨੇ ਨਾਲ ਹੀ ਚੱਲਣ ਵਾਸਤੇ ਬੇਨਤੀ ਕੀਤੀ ਤਾਂ ਆਪ ਨੇ ਕਿਹਾ 'ਪਰਮੇਸ਼ੁਰ ਕੀਏ! ਹੁਣ ਤਾਂ ਮੈਂ ਜਾਂਦਾ ਹਾਂ, ਜੇ ਮੇਰੇ ਰੁਜ਼ਗਾਰ ਦੀ ਕਾਈ ਬਣਸੀ ਤਾਂ ਸਦਾਇ ਲੈਸਾਂ[੧] । ਫੇਰ ਉਹ ਚੁਪ ਕਰ ਰਹੀ। ਇਸ ਤਰ੍ਹਾਂ ਹੁਣ ਰੱਬ ਦੇ ਰੰਗ ਰੱਤੀ ਗੁਰੂ ਜੋਤਿ, ਗ਼ਰੀਬੀ ਜਾਮੇ ਵਿਚ ਵਿਚਰਦੀ ਤੇ ਜਗਤ ਦੇ ਹਨੇਰੇ ਮਨਾਂ ਵਾਲੇ ਮਨੁੱਖਾਂ ਵਿਚ ਉਨ੍ਹਾਂ ਦੀਆਂ ਅਕਲਾਂ ਫਿਕਰਾਂ ਵਿਚ ਮਾਨੋਂ ਭੁੱਲਦੀ ਨਜ਼ਰ ਪੈ ਰਹੀ ਰੱਬੀ ਜੋਤ, ਘਰ ਛੱਡਕੇ ਟੁਰੀ। ਉਨ੍ਹਾ ਜਾਤਾ ਉਨ੍ਹਾਂ ਦਾ ਮਨੋਰਥ ਸਿਰੇ ਚੜ੍ਹੇਗਾ, ਪਰ ਰਬ ਜਾਣਦਾ ਹੈ ਕਿ ਉਹ ਆਪਣੇ ਮਿੱਠੇ ਬੰਦੇ ਨੂੰ ਕਿਧਰ ਲੈ ਚੱਲਿਆ ਹੈ ਤੇ ਕਿਸ ਕੰਮ ਲਈ ਲੈ ਚਲਿਆ ਹੈ।

ਜਦੋਂ ਗੁਰੂ ਜੀ ਤਲਵੰਡੀ ਤੋਂ ਵਿਦਾ ਹੋਣ ਲਗੇ ਤਾਂ ਰਾਇਬੁਲਾਰ ਨੇ ਉਨ੍ਹਾਂ ਦੀ ਵਿਦੈਗੀ ਵਿਚ ਜ਼ਿਆਫ਼ਤ ਦਿੱਤੀ, ਜਿਸ ਵਿਚ ਉਨ੍ਹਾਂ ਦੇ ਪਿਆਰੇ ਸਾਰੇ ਆਏ। ਕੀਰਤਨ ਹੋਇਆ ਤੇ ਟੁਰਨ ਲਗਿਆਂ ਰਾਏ ਨੇ ਆਖਿਆ: "ਹੇ ਰੱਬੀ ਜੋਤ ! ਮੈਨੂੰ ਆਗਜਾ

---

[੧] ਪੁਰਾਤਨ ਜਨਮ ਸਾਖੀ।

ਕਰੋ ਜੋ ਮੈਂ ਤੁਸਾਂ ਲਈ ਕੀ ਕਰਾਂ ?"

ਸ੍ਰੀ ਜੀ ਨੇ ਮੁਸਕਰਾਕੇ ਕੁਛ ਆਖਿਆ : ਜਿਸ ਦਾ ਭਾਵ ਇਹ ਸੀ :-

ਜੇ ਤੂੰ ਮੰਨੇ ਤਾਂ ਮੇਰਾ ਇਕ ਹੁਕਮ ਹੈ, "ਜਦੋਂ ਤੇਰਾ ਆਪਣਾ ਬਲ ਕੰਮ ਨਾ ਸਾਰ ਸਕੇ ਦੋਵੇਂ ਹੱਥ ਜੋੜਕੇ ਕਰਤਾਰ ਦੀ ਸ਼ਰਨ ਪੈ ਜਾਂਵੀਂ। "

## ੨. {ਮੋਦੀਖਾਨਾ}

**ਘਰੋਂ** ਟੁਰ ਕੇ ਗੁਰੂ ਜੀ ਸੁਲਤਾਨ ਪੁਰ ਅੱਪੜੇ, ਬੇਬੇ ਨਾਨਕੀ ਮਿਲਕੇ ਬੜੀ ਪ੍ਰਸੰਨ ਹੋਈ, ਜੈਰਾਮ ਨੇ ਬੜਾ ਆਦਰ ਸਤਿਕਾਰ ਕੀਤਾ।

ਦੋ ਚਾਰ ਦਿਨ ਮਗਰੋਂ ਜੈਰਾਮ ਨਵਾਬ ਦੀ ਆਗਜ਼ਾ ਲੈਕੇ ਜਗਤ ਦੇ ਮਾਲਕ ਨੂੰ ਨਵਾਬ ਦੀ ਨੌਕਰੀ ਲਈ ਲੈ ਗਿਆ। ਨਵਾਬ ਨੇ ਬਹੁਤ ਗੱਲਾਂ ਬਾਤਾਂ ਕੀਤੀਆਂ ਤੇ ਆਖਿਆ: ਏਹ ਬਹੁੰ ਦਿਆਨਤ ਦਾਰ ਪੁਰਖ ਜਾਪਦਾ ਹੈ, ਭਲਾ ਹੈ, ਵਿਦਜ਼ਾ ਵਾਲਾ ਹੈ, ਮੇਰਾ ਕੰਮ ਚੰਗਾ ਕਰੇਗਾ, ਇਸ ਨੂੰ ਮੋਦੀਖਾਨੇ ਤੇ ਲਾਓ[੧]। ਸੋ ਮੋਦੀ ਖਾਨੇ ਦਾ ਕੰਮ ਸਪੁਰਦ ਹੋ ਗਿਆ, ਖਾਨ ਵਲੋਂ ਸਿਰੋਪਾਉ ਮਿਲਿਆ, ਕੁਛ ਅਲੂਫ਼ਾ ਅਰਥਾਤ ਰਸਦਾਂ ਮੁਕੱਰਰ ਹੋਈਆਂ ਤੇ ਕੁਛ ਤਲਬ।

ਕੰਮ ਮੋਦੀ ਦਾ ਬਹੁਤ ਹੱਛਾ ਨਿਭਣ ਲੱਗਾ, ਸੱਚੇ ਤੇ ਸੁੱਚੇ ਹੱਥਾਂ ਵਿਚੋਂ ਜੋ ਕੁਛ ਹੁੰਦਾ ਹੈ, ਸੋ ਸੁਹਣਾ ਹੁੰਦਾ ਹੈ। ਨਵਾਬ ਦਾ ਨੁਕਸਾਨ ਰੱਤੀ ਨਾ ਹੋਵੇ ਤੇ ਹਰੇਕ ਨੂੰ ਚੀਜ਼ ਪੂਰੀ ਤੇ ਚੰਗੀ ਮਿਲੇ। ਸਾਰੇ ਨੌਕਰ ਚਾਕਰ ਅਫ਼ਸਰ, ਜਿਨ੍ਹਾਂ ਨੂੰ ਸਰਕਾਰੋਂ ਸਾਮਾਂਨ ਮਿਲਦੇ ਸੇ, ਬੜੇ ਪ੍ਰਸੰਨ ਹੋਣ ਲੱਗੇ ਤੇ ਇਸ ਪ੍ਰਸੰਨਤਾਈ ਦੀਆਂ ਖ਼ਬਰਾਂ ਨਵਾਬ ਪਾਸ ਵੀ ਅੱਪੜ ਗਈਆਂ ਕਿ ਨਵਾਂ ਮੋਦੀ ਕੋਈ ਸੱਚ ਪੁਤਰ ਹੈ, ਪੂਰਾ ਜੋਖਦਾ ਹੈ, ਕਿਸੇ ਨੂੰ ਕਸਰ ਨਹੀਂ ਲਾਉਂਦਾ, ਹਰੇਕ ਨਾਲ ਇਕੋ ਜਿਹਾ ਵਰਤਦਾ ਹੈ ਤੇ ਸਰਕਾਰੀ ਮਾਲ ਵਿਚ ਕੋਈ ਪਹੇਮਾਨਗੀ ਨਹੀਂ ਕਰਦਾ, ਨਾ ਸਰਕਾਰ ਨਾਲ, ਨਾ ਪਰਜਾ ਨਾਲ ਤੇ ਨਾ ਅਹਿਲਕਾਰਾਂ ਨਾਲ। ਨਵਾਬ ਇਸ ਕਰਕੇ ਬਹੁਤ ਖ਼ੁਸ਼ ਹੋਇਆ ਤੇ ਪਿਆਰ ਕਰਨ ਲੱਗ ਪਿਆ ਤੇ ਆਪ ਦੀ ਆਖੀ ਕੋਈ ਗੱਲ ਹੋਵੇ ਸੋ ਮੰਨ ਲੈਂਦਾ।

[੧] ਨਵਾਬ ਨੇ ਗੁਰੂ ਜੀ ਨੂੰ-ਵਜ਼ੀਰ-ਬੀ ਆਖਿਆ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ।

ਕਿਰਤ ਵਿਚ ਤਾਂ ਆਪ ਨੇ ਜਸ ਪਾਇਆ ਤੇ ਆਪਣਾ ਕੰਮ ਪੂਰਾ ਨਿਬਾਹਿਆ। ਦੂਜੇ ਪਾਸੇ ਅਪਣੇ ਰੱਬੀ ਰੰਗ ਨੂੰ ਰਤਾ ਨਹੀਂ ਵਿਸਰੇ। ਉਹੋ ਸੁਭਾਉ, ਉਹੋ ਸ਼ੌਕ, ਉਹੋ ਵਰਤਾਉ। ਪਹਿਰ ਰਾਤ ਰਹਿੰਦੇ ਉੱਠ ਕੇ ਬਨ ਨੂੰ ਚਲੇ ਜਾਣਾ, ਇਕ ਵੇਈਂ (ਛੋਟੀ ਨਦੀ) ਏਥੇ ਵਗਦੀ ਸੀ, ਉਸ ਵਿਚ ਇਸ਼ਨਾਨ ਕਰਕੇ ਸੂਰਜ ਚੜ੍ਹੇ ਤਕ ਅਪਣੇ ਪ੍ਰੀਤਮ ਵਾਹਿਗੁਰੂ ਦੇ ਰੰਗ ਵਿਚ ਉਸ ਬਨ ਵਿਚ ਮਗਨ ਬੈਠੇ ਰਹਿਣਾ, ਕਦੇ ਕਿਨਾਰੇ, ਕਦੇ ਕਿਸੇ ਸੁਹਣੀ ਬਰੇਤੀ ਵਿਚ। ਦਿਨ ਚੜ੍ਹੇ ਕਪੜੇ ਪਹਿਨਕੇ ਤਿਲਕ[੧] ਲਾਇਕੇ ਦਫਤਰ ਵਿਚ ਜਾਕੇ ਆਪਣਾ ਲਿਖਣ ਪੜ੍ਹਨ ਦਾ ਮੋਦੀਖਾਨੇ ਦਾ ਕੰਮ ਕਰਨਾ। ਦੁਪਹਿਰ ਤੋਂ ਪਹਿਲਾਂ ਕੰਮ ਤੋਂ ਵਿਹਲਿਆਂ ਹੋਕੇ ਘਰ ਆਉਣਾ, ਪਰ ਇਸ ਕੰਮ ਕਰਨ ਦੇ ਵਕਤ ਵਿਚ ਬੀ ਅਨੇਕਾਂ ਸਮੇਂ ਐਸੇ ਆ ਜਾਣੇ ਕਿ ਆਪਦੇ ਨੈਣ ਹੋਰ ਰੰਗੇ ਹੋ ਜਾਣੇ ਤੇ "ਤੇਰਾ ਤੇਰਾ" ਦੀ ਧੁਨਿ ਬੱਝ ਜਾਣੀ। ਐਸੀ ਧੁਨਿ ਬੱਝਣੀ ਕਿ ਕਿੰਨਾਂ ਕਿੰਨਾਂ ਚਿਰ ਏਸੇ ਆਪਣੇ ਪ੍ਰੀਤਮ ਦੇ ਪਿਆਰ-ਤਾਰ ਪ੍ਰੋਤੇ ਤੇ ਜਸ ਗਾਉਂਦੇ ਲੰਘ ਜਾਣਾ, ਪਰ ਕੰਮ ਆਪਣਾ ਪੂਰਾ ਫੇਰ ਵੀ ਕਰ ਆਉਣਾ। ਜੋ ਰਸਦਾਂ (ਜਾਂ ਅਲੂਫਾ) ਸਰਕਾਰੋਂ ਮਿਲਦਾ ਉਹ ਅੰਨ ਘਰ ਪੱਕਦਾ। ਬੇਬੇ ਸੁਲੱਖਣੀ ਜੀ ਹੁਣ ਏਥੇ ਆ ਗਏ ਹੋਏ ਸਨ, ਅੰਨ ਉਹਨਾਂ ਨੇ ਪਕਾਉਣਾ, ਪਰ ਜਦ ਆਪ ਨੇ ਘਰ ਆਉਣਾ ਕਈ ਸਰੀਰ ਨਾਲ ਆਉਣੇ ਤੇ ਪੱਕਾ ਅੰਨ ਸਭ ਨੂੰ ਛਕਾ ਦੇਣਾ।

ਤਲਵੰਡੀ ਇਹ ਖਬਰਾਂ ਪੁੱਜਣ ਤੇ ਮਾਤਾ ਪਿਤਾ ਬੀ ਇਕ ਦੋ ਵਾਰੀ ਮਿਲ ਗਏ, ਪਰ ਸਭ ਤੋਂ ਪਹਿਲਾਂ ਅਪਣੇ ਪ੍ਰੀਤਮ ਦੇ ਜਸ ਗਾਉਣ ਵਾਲਾ ਸਖਾ ਮਰਦਾਨਾ ਆਇਆ ਫੇਰ ਹੌਲੇ ਹੌਲੇ ਕਈ ਸਤਿਸੰਗੀ ਮਿੱਤ੍ਰ ਆ ਗਏ। ਕਈ ਹੋਰ ਤਲਵੰਡੀ ਵਾਸੀ, ਜੋ ਉੱਥੇ ਹੀ ਆਪਦੇ ਸਤਿਸੰਗ ਨਾਲ ਪ੍ਰੀਤਮ ਵਾਹਿਗੁਰੂ ਦੇ ਪ੍ਰੇਮੀ ਹੋ ਗਏ ਸਨ ਤੇ ਆਪ ਨਾਲ ਪੂਰਾ ਪ੍ਰੇਮ ਰਖਦੇ ਸਨ, ਆਉਣ ਲੱਗ ਗਏ। ਗੁਰੂ ਜੀ ਨੇ ਕਈਆਂ ਦਾ ਅੰਨਬਸਤ੍ਰ ਦਾ ਨਿਰਬਾਹ ਆਪਣੀ ਔਦਣ ਵਿਚੋਂ

[੧] ਪੁਰਾਤਨ ਜਨਮ ਸਾਖੀ ਦੇ ਇਸ ਲੇਖ ਤੋਂ ਪੁਰਾਣੇ ਚਿੱਤ੍ਰਕਾਰਾਂ ਨੇ ਬਾਬਾ ਜੀ ਦੇ ਮੱਥੇ ਤੇ ਤਿਲਕ ਦਿਖਾਇਆ ਹੈ। ਦੋ ਡੇਢ ਸੌ ਬਰਸ ਦੇ ਲਗ ਪਗ ਦੀਆਂ ਪੁਰਾਤਨ ਤਸਵੀਰਾਂ ਤੇ ਇਹ ਚਿੰਨ੍ਹ ਕਿਤੇ ਕਿਤੇ ਦਿੱਸਦਾ ਹੈ।

ਕੀਤਾ ਤੇ ਕਈਆਂ ਦੀਆਂ ਰਸਦਾਂ ਨਵਾਬ ਤੋਂ ਲਵਾ ਦਿੱਤੀਆਂ, ਕਈ ਨੌਕਰ ਕਰਾ ਦਿੱਤੇ, ਇਸ ਤਰ੍ਹਾਂ ਸੁਲਤਾਨ ਪੁਰੇ ਵਿਚ ਸਤਿਸੰਗ ਮੰਡਲ ਪੂਰੇ ਜੋਬਨਾਂ ਵਿਚ ਖਿੜ ਆਇਆ। ਕਈ ਰੱਬੀ ਬੰਦੇ ਸੁਲਤਾਨ ਪੁਰੇ ਬੀ ਚੰਦਨ ਦੀ ਵਾਸ਼ਨਾਂ ਨਾਲ ਮਹਿਕ ਉਠੇ, ਦੂਰ ਨੇੜੇ ਦੇ ਲੋਕੀਂ ਬੀ ਆਉਣ ਤੇ ਕ੍ਰਿਤਾਰਥ ਹੋਣ ਲਗ ਪਏ [੧]। ਬੜਾ ਅਨੂਪਮ ਠਾਠ ਬੱਝ ਗਿਆ।

ਸੂਚਨਾ-੧. ਸਿਖ ਇਤਿਹਾਸ ਵਿਚ ਸੁਲਤਾਨ ਪੁਰ ਦੇ ਅਨੇਕਾਂ ਸਿਖਾਂ ਵਿਚੋਂ ਦੋ ਨਾਮ ਅਜ ਤਕ ਪ੍ਰਸਿੱਧ ਹਨ: ਭਾਈ ਭਗੀਰਥ ਤੇ ਭਾਈ ਮਨਸੁਖ। ਇਨ੍ਹਾਂ ਦੋਹਾਂ ਦਾ ਕੁਛ ਹਾਲ ਹੇਠਲੇ ਪ੍ਰਸੰਗਾਂ ਤੋਂ ਵਿਦਤ ਹੋ ਜਾਂਦਾ ਹੈ। ੨. ਇਸ ਪ੍ਰਸੰਗ ਦਾ ਬਾਕੀ ਹਿੱਸਾ ਪੰਨਾ ੯੨ ਤੇ 'ਸੁਲਤਾਨ ਪੁਰੋਂ ਤਿਆਰੀਆਂ' ਦੇ ਸਿਰਲੇਖ ਹੇਠ ਹੈ।

# ੬. ਭਾਈ ਭਗੀਰਥ [੧]।

੧.

**ਮਿੱਠੀ** ਮਿੱਠੀ ਠੰਢੀ ਠੰਢੀ ਤ੍ਰੇਲ ਪੈ ਰਹੀ ਹੈ। ਰੈਣ ਭਿੰਨੀ ਭਿੰਨੀ ਤੇ ਸੁਹਾਵੀ ਲਗ ਰਹੀ ਹੈ। ਤ੍ਰਿਪਹਿਰਾ ਅਜੇ ਨਹੀਂ ਵੱਜਿਆ। ਚੰਦ੍ਰਮਾ ਪੂਰੇ ਦੇ ਗਗਨਾਂ ਵਿਚ ਧਨੁਖ ਵਾਂਙੂ ਪਤਲਾ ਹੋਇਆ ਮਿੱਠੀ ਮੱਧਮ ਚਾਨਣੀ ਤਾਰਿਆਂ ਦੀ ਲੋ ਨਾਲ ਰਲਾਕੇ ਧਰਤੀ ਉਤੇ ਘੱਲ ਰਿਹਾ ਹੈ। ਸ਼ਾਂਤਿ ਦਾ ਪ੍ਰਭਾਉ ਚੁਫੇਰੇ ਛਾ ਰਿਹਾ ਹੈ। ਨਗਰੀ ਸੁੱਤੀ ਪਈ ਹੈ। ਬਨ ਬੀ ਮੋਨਧਾਰੀ ਸਮਾਧੀ ਵਿਚ ਹੈ। ਵੇਈਂ ਵਗ ਰਹੀ ਹੈ, ਪਰ ਚੁਪ ਚਾਪ। ਅਚਾਨਕ ਜਲ ਦੇ ਹਿੱਲਣ ਦੀ ਅਵਾਜ਼ ਆਈ। ਇਧਰ ਤ੍ਰਿਪਹਿਰੇ ਤੇ ਘੜਿਆਲੀ ਨੇ ਟੰਕਾਰ ਦਿੱਤੀ, ਉਧਰ ਵੇਈਂ ਵਿਚੋਂ ਇਸ਼ਨਾਨ ਕਰਨ ਦੀ, ਇਕ ਡੁਬਕੀ ਲੱਗਣ ਦੀ ਅਤੇ ਇਕ ਸੁਹਣੀ ਤਾਰੀ ਲਾਈ ਜਾਣ ਦੀ ਆਵਾਜ਼ ਆਈ ਤੇ ਨਾਲ ਇਹ ਸੱਦ ਸੁਣਾਈ ਦਿੱਤੀ।

"ਜਿਸੁ ਮਨਿ ਵਸਿਆ ਤਰਿਆ ਸੋਇ ॥
ਨਾਨਕ ਜੋ ਭਾਵੈ ਸੋ ਹੋਇ॥" (ਬਿਲਾ: ਵਾ:ਮਹਲਾ ੧)

ਐਸ ਵੇਲੇ ਕੌਣ ਇਸ ਸੁਭਾਗ ਵੇਈਂ ਵਿਚ ਇਸ਼ਨਾਨ ਕਰ ਰਿਹਾ ਹੈ ?

ਆਪ, ਇਸ ਵੇਲੇ ਨੂੰ ਅੰਮ੍ਰਿਤ ਵੇਲਾ ਨਾਉਂ ਦੇਣ ਵਾਲਾ, ਇਸ ਵੇਲੇ ਜਾਗ ਕੇ ਸਾਂਈਂ ਵਿਚ ਲਿਵ ਲਾਕੇ ਬੈਠਣ ਦੀਆਂ ਜਾਚਾਂ ਦੱਸਣ ਵਾਲਾ ਦਾਤਾ ਇਸ਼ਨਾਨ ਕਰ ਰਿਹਾ ਹੈ। ਹਾਂ, ਇਹੋ ਜਿਹੇ ਕਿਸੇ ਸੁਭਾਗ ਦਰਸ਼ਨ ਉਤੇ ਦੂਜੇ ਸਾਹਿਬਾਂ ਨੇ ਗੁਣ ਗਾਂਵਿਆਂ ਸੀ:-

"ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥" (ਮਾਝ ਵਾ: ਮ: ੨)

ਜੋਤਿ ਨਿਰੰਜਨੀ ਵੇਈਂ ਵਿਚ ਇਸ਼ਨਾਨ ਕਰਕੇ ਬਾਹਰ ਆਈ, ਕਪੜੇ ਪਹਿਨੇ, ਥੋੜੀ ਦੂਰ ਇਕ ਥੜੇ ਤੇ ਬਿਰਾਜ ਗਏ, ਹਾਂ, ਚੌਂਕੜੀ ਮਾਰਕੇ ਬੈਠ ਗਏ। ਪਹਿਲੋਂ ਅਰਸ਼ਾਂ ਵੱਲ ਤੱਕੇ, ਚੁਫੇਰੇ ਤੱਕੇ, ਨੈਣ ਮੁੰਦੇ ਅਰ ਖੁੱਲ੍ਹੇ, ਫੇਰ ਪਵਿੱਤ੍ਰ ਤੇ ਰਸ ਭਰੇ ਗਲੇ ਤੋਂ ਪਿਆਰ ਭਰੀ ਸੱਦ ਨਿਕਲੀ :-

ਪੇਵਕੜੈ ਧਨ ਖਰੀ ਇਆਣੀ ॥ ਤਿਸੁ ਸਹ ਕੀ ਮੈ ਸਾਰ ਨ ਜਾਣੀ ॥੧॥ ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥ ਨਦਰਿ ਕਰੇ ਮੇਲਾਵਾ ਹੋਈ॥੧॥ ਰਹਾਉ ॥ ਸਾਹੁਰੜੈ ਧਨ ਸਾਚੁ ਪਛਾਣਿਆ ॥ ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥੨॥ ਗੁਰ ਪਰਸਾਦੀ ਐਸੀ ਮਤਿ ਆਵੈ ॥ ਤਾਂ ਕਾਮਣਿ ਕੰਤੈ ਮਨਿ ਭਾਵੈ ॥੩॥ ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥ ਸਦ ਹੀ ਸੇਜੈ ਰਵੈ ਭਤਾਰੁ ॥੪॥੨੭॥

(ਆਸਾ ਮ. ੧)

ਆਸਾ ਦੀ ਇਹ ਦਿਲ-ਖਿੱਚ ਧੁਨੀ ਇਸ ਸੁਹਾਉ ਤੇ ਟਿਕਾਉ ਦੇ ਸਮੇਂ ਆਪਣਾ ਸੁਰੀਲਾ ਸਰੂਰ ਦੇਕੇ ਬੰਦ ਹੋ ਗਈ। ਗਾਵਨਹਾਰ ਅਰਸ਼ੀ ਦਾਤਾ ਜੀ ਮਗਨ ਹੋ ਗਏ। ਅੰਤਰ ਆਤਮੇ ਪਰਮਾਤਮ ਦੇਸ਼ ਦੀ ਅਗੰਮ ਗਤੀ ਵਿਚ ਰਸਲੀਨ ਹੋ ਗਏ। ਬਾਹਰੋਂ ਤੱਕੋ ਤਾਂ ਚੁਪ ਚਾਪ ਹਨ, ਮਾਨੋਂ ਏਕਾਂਤ ਸ਼ਾਂਤਿ ਦੇ ਕੁਦਰਤੀ ਪ੍ਰਭਾਉ ਵਿਚ ਟਿਕਾਉ ਰੂਪਧਾਰੀ

[੧] ਇਸ ਪ੍ਰਸੰਗ ਦੀ ਬਾਕੀ ਅਗਲੇ ਪ੍ਰਸੰਗ 'ਭਾਈ ਭਗੀਰਥ' ਦੇ ਪਿੱਛੋਂ ਆਵੇਗੀ।

[੨] ਇਹ ਪ੍ਰਸੰਗ ਕੱਤਕ ਦੀ ੨੯ ਸੰ: ਗੁ: ਨਾ: ਸਾ: ੪੬੪, ਬਿ: ੧੯੮੯, ਨਵੰਬਰ ਦੀ ੧੩ ਸੰ: ੧੯੩੨, ਐਤਵਾਰ ਨੂੰ ਕੱਤਕ ਦੀ ਪੁੰਨ੍ਯਾ ਤੇ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਤ ਹੋਇਆ ਸੀ।

ਹੋਕੇ ਟਿਕਿਆ ਬੈਠਾ ਹੈ। ਮੱਧਮ ਚਾਂਦਨੀ ਦੀ ਲੋ ਵਿਚ ਰੂਹਾਨੀ ਚਿਹਰਾ ਐਉਂ ਭਾਸ ਰਿਹਾ ਹੈ ਕਿ ਸੁਆਦ, ਰਸ, ਆਨੰਦ ਦੀ ਫੁਹਾਰ ਚਿਹਰੇ ਤੋਂ ਆਭਾ ਦੇਂਦੀ ਚੁਫੇਰੇ ਆਪਣੀਆਂ ਮਿੱਠੀਆਂ ਕਿਰਨਾਂ ਪਾ ਰਹੀ ਹੈ। ਅਰਸ਼ਾਂ ਦੇ ਵਾਸੀਆਂ ਦੇ ਨੈਣ ਤਾਰੇ ਹੋਕੇ ਇਸ ਦਰਸ਼ਨ ਨੂੰ ਤੱਕ ਰਹੇ ਤੇ ਅਪਣੇ ਆਪ ਵਿਚ ਛਕੇ ਜਾ ਰਹੇ ਹਨ। ਹਵਾ ਸਪਰਸ਼ ਪਾਕੇ ਅਡੋਲ ਹੋ ਰਹੀ ਹੈ। ਮਿੱਠੀ ਚਾਂਦਨੀ ਪਾਰੇ ਦੇ ਛੰਭ ਵਾਂਙ ਟਿਕ ਰਹੀ ਜਾਪਦੀ ਹੈ। ਐਸਾ ਟਿਕਾਉ ਵਾਲਾ ਰਸ ਭਰਿਆ ਸੁਹਾਉ ਹੈ ਕਿ ਸੁਹਜ ਆਪ ਇਸ ਸੁੰਦਰਤਾ ਵਿਚ ਲੀਨ ਹੋ ਰਿਹਾ ਹੈ। ਐਉਂ ਆਪਣੇ ਪਿਆਰੇ ਦੇ ਰਸ ਰੰਗ ਵਿਚ, ਸੁਹਣਾ ਗੁਰੂ ਨਾਨਕ ਬੈਠਾ ਹੈ।

ਸਮਾਂ ਛੋਪਲੇ ਛੋਪਲੇ ਲੰਘ ਰਿਹਾ ਹੈ। ਹਾਂ, ਸਮੇਂ ਦੀ ਹਰ ਛਿਨ ਤੇ ਹਰ ਛਿਨ ਦਾ ਵਿਸਾ ਚਸਾ 'ਰਸ ਰੂਪ ਦਾਤਾ' ਜੀ ਦੀ ਛੁਹ ਨਾਲ ਸੁਗੰਧਤ ਹੋਕੇ ਨਿਜ ਨੂੰ ਸਫਲ ਕਰਦਾ ਮਲਕੜੇ ਮਲਕੜੇ ਜਾ ਰਿਹਾ ਹੈ, ਮਾਨੋ ਅਕਾਲ ਦੀ ਗੋਦ ਵਿਚ ਟਿਕੇ ਪਿਆਰੇ ਦੀ ਛੁਹ ਨਾਲ ਕਾਲ ਭੀ ਅਪਣੇ ਅਟਿਕਵੇਂ ਸਰੂਪ ਨੂੰ ਸੁਫਲਾ ਰਿਹਾ ਹੈ। ਜਾ ਰਿਹਾ ਹੈ ਕਾਲ, ਪਰ ਇਉਂ ਜਿਵੇਂ ਨਹੀਂ ਜਾ ਰਿਹਾ, ਮਾਨੋਂ ਟਿਕ ਰਿਹਾ ਹੈ ਇਸ ਟਿਕਾਉ ਵਿਚ ਤੇ ਲਿਪਟ ਰਿਹਾ ਹੈ ਚਰਨਾਂ ਕਵਲਾਂ ਨੂੰ। ਸੁਲਤਾਨ ਪੁਰੇ ਦੇ ਵਿਚ ਮੋਦੀ ਦਾ ਚੋਜ ਕਰਨ ਵਾਲੇ ਗੁਰੂ ਦਾਤਾ ਦੇ ਇਸ ਦਰਸ਼ਨ ਦੇ ਬਲਿਹਾਰ ! ਇਸ ਪਿਆਰੇ ਦੀ ਅਨੰਦ ਦਾਤਾ ਫੁਹਾਰ ਛਹਿਬਰ ਲਾ ਰਹੀ ਹੈ ਤਦ ਤੋਂ ਹੁਣ ਤਾਈਂ ਓਥੇ ਏਥੇ ਤੇ ਹਰ ਥਾਂ, ਜਿਥੇ ਯਾਦ ਕਰੋ; ਪਿਆਰ ਕਰੋ, ਦਿਲ ਦੀ ਚਸਕ ਨਾਲ ਚੇਤੇ ਕਰੋ, ਓਥੇ ਹੀ ਦਾਤਾ ਦੇ ਰਿਹਾ ਹੈ ਅਪਣੀ ਇਹ ਰਸ ਰੂਪ ਛੁਹ ! ਅਨੰਦ ਰੂਪ ਛੁਹ!

੨.

ਵੇਖੋ ਏਥੋਂ-ਸੁਲਤਾਨ ਪੁਰੋਂ-ਦੋ ਤ੍ਰੈ ਕੋਹ ਪਰੇ ਹੀ ਇਕ ਪਿੰਡ ਹੈ-ਮੈਲਸੀਹਾਂ, ਇਥੋਂ ਦਾ ਚਉਧਰੀ ਹੈ ਭਗੀਰਥ, ਬੈਠਾ ਹੈ ਧਿਆਨ ਜੋੜਕੇ ਇਕ ਭੈ ਵਾਲੀ ਪਰ ਬੀਰ ਕਾਲੇ ਰੰਗ ਦੀ ਮੂਰਤੀ ਦੇ ਅੱਗੇ। ਅੱਜ ਬੈਠਾ ਹੈ ? ਨਹੀਂ, ਮੁੱਦਤਾਂ ਦਾ ਬੈਠਦਾ ਹੈ [੧]। ਆਇਆ ਸੀ ਕੋਈ ਸ਼ਾਕਤਿਕ-ਤੰਤ੍ਰ ਵਿਦ੍ਯਾ ਦਾ ਜਾਣੂ-ਆਪਣੀ ਵਿਦਿਆ ਨੂੰ ਦੱਸਦਾ ਸੀ ਵਿਗ੍ਯਾਨ। ਦੱਸ ਗਿਆ ਕਾਲੀ ਮਾਈ ਦਾ ਧਿਆਨ ਭਗੀਰਥ ਮੈਲਸੀਹਾਂ ਦੇ ਚਉਧਰੀ ਨੂੰ। ਲਗਾ ਰਿਹਾ ਚਉਧਰੀ ਤਦ ਤੋਂ ਹੁਣ ਤਾਈਂ, ਪਰ ਹੁਣ ਕਦੇ ਕਦੇ ਉਦਾਸ ਹੁੰਦਾ ਹੈ। ਕਿਉਂ? ਚਿਤ ਟਿਕ ਜਾਂਦਾ ਹੈ, ਪਰ ਚਿਤ ਹਲਕਾ ਨਹੀਂ ਹੁੰਦਾ, ਠੰਢ ਨਹੀਂ ਪੈਂਦੀ। ਟੋਟ ਜਿਹੀ, ਕੁਛ ਭਾਰਾਪਨ ਜਿਹਾ, ਕਦੇ ਅੰਦਰ ਕੁਛ ਸੱਖਣਾਪਣ ਜਿਹਾ ਰਹਿੰਦਾ ਹੈ।

ਏਕਾਗ੍ਰਤਾ-ਇਹ ਤਾਂ ਕਈ ਤਰ੍ਹਾਂ ਨਾਲ ਆ ਜਾਂਦੀ ਹੈ। ਕਿਸੇ ਸ਼ੈ ਤੇ ਅੱਖਾਂ ਜੋੜੋ, ਮਨ ਜੋੜੋ ਉਸ ਤੇ ਮਨ ਕੁਛ ਟਿਕਣ ਲਗ ਜਾਏਗਾ, ਪਰ ਇਉਂ ਟਿਕਿਆ ਮਨ 'ਭਾਉ' ਬਿਨਾਂ, ਕੀਹ ਸਾਰੇਗਾ ? ਏਕਾਗ੍ਰਤਾ ਨਾਲ ਕੁਛ ਸ਼ਕਤੀ ਵਧ ਜਾਏ ਤਾਂ ਵਧ ਜਾਏ, ਪਰ ਜੀਵਨ ਦਾ ਪਰੋਜਨ ਤਾਂ ਹੈ 'ਜੀਵਨ ਦਾਤਾ ਨਾਲ ਮੇਲ'। ਜੀਵਨ ਦਾਤਾ ਹੈ ਚੇਤਨ, ਜਿਉਂਦੀ ਜਾਗਦੀ ਹੋਂਦ, ਸਰਬ ਗੁਣਾਂ ਦੀ ਕਾਣ, ਸਰਬ ਦੀ ਜਿੰਦ ਦੀ ਜਿੰਦ, ਅਸੀਂ ਬੀ ਹੋਏ ਰੂਹ, ਜਿੰਦ। ਜਿੰਦ ਨੇ ਜਿੰਦ ਨੂੰ ਮਿਲਨਾ ਹੈ। ਨਿਕੀ ਜਿਹੀ ਜਿੰਦੜੀ ਨੇ ਵਿਸ਼ਾਲ ਤੇ ਅਮਿੱਤ ਜਿੰਦ ਨੂੰ ਮਿਲਨਾ ਹੈ। ਦੁਖਾਂ ਨਾਲ ਵਿਹੜੀ ਜਿੰਦ ਨੇ ਸਦਾ ਸੁਖੀ ਜਿੰਦ ਨਾਲ ਵਸਲ ਪ੍ਰਾਪਤ ਕਰਨਾ ਹੈ। ਦੋ ਜਿੰਦਾਂ ਨੂੰ ਜੋੜਨਹਾਰ ਵਸਤੂ 'ਪਿਆਰ' ਹੈ। ਹਾਂ, ਜਿੰਦੜੀ ਨੂੰ ਜਿੰਦ ਨਾਲ ਮੇਲਦਾ ਹੈ 'ਪ੍ਯਾਰ'।

'ਵਿਭੂਤੀਆਂ ਪ੍ਰਾਪਤ ਕਰਨ ਵਾਸਤੇ ਏਕਾਗ੍ਰਤਾ ਦੇ ਸਾਧਨ ਕਰਨੇ' ਆਪਣੀਆਂ ਤਾਕਤਾਂ ਵਧਾਉਣ ਤੇ ਆਪਣੀਆਂ ਲੋੜਾਂ ਨੂੰ ਪੂਰਨ ਕਰਨ ਲਈ ਵਧੇਰੇ ਸਮਰਥ ਹੋਣ ਦਾ ਮਾਰਗ ਤਾਂ ਹੋ ਸਕਦੇ ਹੈਨ, ਪਰ ਇਹ ਨਿਜ ਦੇ ਸਾਰੇ ਦੁਖਾਂ ਨੂੰ ਦੂਰ ਕਰਕੇ ਸਦਾ ਦੇ ਮੇਲੇ-ਉਸ ਨਾਲ ਮੇਲੇ, ਜੋ ਸਦਾ ਹੈ, ਨਹੀਂ ਬਖਸ਼ ਸਕਦੇ। ਕਿਉਂ ? ਇਸ ਲਈ ਕਿ ਮਨ ਦਾ ਝੁਕਾਉ ਏਕਾਗ੍ਰਤਾ ਦੇ ਸਾਧਨ ਕਰਨ ਵਿਚ ਵੀ ਅਪਣੀਆਂ ਲੋੜਾਂ ਦੇ ਪੂਰਨ ਕਰਨ ਵਲ ਹੀ ਰਹਿ ਜਾਂਦਾ ਹੈ। ਹਾਂ, ਦੀਸਣਹਾਰ ਦੇ, ਜੋ ਬਿਨਸਣਹਾਰ ਹੈ, ਘੇਰੇ ਵਿਚ ਹੀ ਰਹਿ ਜਾਂਦਾ ਹੈ।

ਭਗੀਰਥ ਨੂੰ ਦੱਸ ਗਿਆ ਹੈ ਕੋਈ ਸ਼ਾਕਤਕ ਸ਼ਕਤੀ ਦਾ ਧਿਆਨ, ਜੋ ਵਿਭੂਤੀਆਂ ਪ੍ਰਾਪਤ ਕਰਨ ਦੀ ਸ਼ਕਤੀ ਆ ਜਾਵੇ ਅਤੇ ਸ਼ਰੀਰਕ ਬਲ ਹੋ ਆਵੇ।

---

[੧] ਮੈਲਸੀਹਾਂ ਵਿਚ ਆਖੀਐ ਭਾਗੀਰਥ ਕਾਲੀ ਗੁਣ ਗਾਵੈ ॥ (ਭਾ: ਗੁਰਦਾਸ)

ਮਨ ਦੇ ਸੁਖੀ ਹੋਣ ਲਈ ਭਗੀਰਥ ਦੀ ਲੋੜ ਸੀ ਆਤਮ ਮੇਲ; ਇਸ ਕਰਕੇ ਭਗੀਰਥ ਸਾਧਨ ਕਰ ਕਰਕੇ ਬੀ ਸੁਖੀ ਨਹੀਂ ਹੋਇਆ, ਮਨ ਨੂੰ ਤ੍ਰਿਪਤਿ ਨਹੀਂ ਆਈ। ਹੁਣ ਭਗੀਰਥ ਘਬਰਾਉਂਦਾ ਹੈ ਬਹੁਤ ਵੇਰ। ਅਪਨੀ ਪੂਜਾ ਤਾਂ ਉਸੇ ਤਰ੍ਹਾਂ ਕਰਦਾ ਹੈ, ਧਿਆਨ ਵੀ ਉਸੇ ਮੂਰਤੀ ਤੇ ਜੋੜਦਾ ਹੈ, ਪਰ ਮਨ ਵਿਚ ਨਹੀਂ ਪੈਂਦੀ ਠੰਢ। ਜਗਿਆਸੂ ਲਈ ਇਹ ਅਵਸਥਾ ਦੁਖਦਾਈ ਹੋਇਆ ਕਰਦੀ ਹੈ, ਜਦੋਂ ਕਿਸੇ ਧਿਆਨ ਵਿਚ ਤਾਂ ਲਗ ਪਵੇ, ਪਰ ਉਸ ਤੋਂ ਠੰਢ ਨਾ ਪਵੇ। ਇਹ ਕੁਦਰਤੀ ਗਲ ਹੈ ਕਿ 'ਪੀੜਾ ਦਾ ਦੁਖ' ਦਾਰੂ ਲਈ ਟੋਲ ਪੈਦਾ ਕਰਦਾ ਹੈ। ਭਗੀਰਥ ਆਏ ਗਏ ਸਾਧੂਆਂ ਨੂੰ ਅਪਣੇ ਮਨ ਦਾ ਦੁੱਖ ਕਹੇ ਤੇ ਦਾਰੂ ਪੁੱਛੇ। ਹਰ ਕੋਈ ਆਪਣੇ ਖਿਆਲ ਮੁਜਬ ਉੱਤਰ ਦੇਵੇ। ਭਾਵੇਂ ਇਸ ਤਰ੍ਹਾਂ ਦੇ ਨਾਨਾ ਤਰ੍ਹਾਂ ਦੇ ਉੱਤਰਾਂ ਵਿਚ ਉਸ ਨੂੰ ਇਹ ਤਾਂ ਸਹੀ ਹੋ ਗਿਆ ਕਿ ਜਿਸ ਉਪਾਸਨਾਂ ਵਿਚ ਮੈਂ ਲੱਗਾ ਹਾਂ ਇਹ ਮੁਕਤਿ ਦੀ ਦਾਤੀ ਨਹੀਂ, ਫਿਰ ਬੀ ਉਹ ਮੁੜ ਮੁੜ ਉਸੇ ਮੂਰਤੀ ਤੋਂ ਆਪਣੀ ਕਲਜਾਨ ਦੀ ਯਾਚਨਾ ਕਰੇ, ਪਰ ਉੱਤਰ ਕੋਈ ਨਾ ਆਵੇ। ਭਗਤ ਨਾਮਦੇਵ ਜੀ ਦਾ ਬੀ ਇਹ ਤਜਰਬਾ ਸੀ :-

"ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥"

(ਗੋਂਡ ਨਾਮ: ੬)

ਇਹੋ ਗਲ ਗ੍ਰੀਬ ਚੌਧਰੀ ਨਾਲ ਵਰਤ ਰਹੀ ਸੀ। ਉਸ ਦੇ ਅੰਦਰ ਠੰਢ, ਸੁਖ ਤੇ ਮੁਕਤੀ ਦੀ ਵਾਸ਼ਨਾ ਸੀ, ਪਰ ਜੋ ਉਪਾਸਨਾ ਕਰ ਰਿਹਾ ਸੀ ਸੋ ਮੁਕਤੀ ਦਾਤਾ ਨਹੀਂ ਸੀ। ਕਵਿ-ਸੰਤੋਖ ਸਿੰਘ ਜੀ ਤਾਂ ਲਿਖਦੇ ਹਨ ਕਿ ਉਸੇ ਮੂਰਤੀ ਦੀਆਂ ਉਸਤੁਤੀਆਂ ਤੇ ਭੇਟਾਂ ਗਾਉਂਦਿਆਂ ਇਕ ਸਮੇਂ ਜਦੋਂ ਉਸ ਸਾਰਾ ਦਿਨ ਮੰਦਰ ਵਿਚ ਗੁਜ਼ਾਰ ਦਿੱਤਾ ਤੇ ਰਾਤ ਬੀ ਓਥੇ ਰਿਹਾ ਤਾਂ ਅੱਧੀ ਰਾਤ ਉਸੇ ਕਾਲੀ ਦਾ ਰੂਪ ਉਸ ਨੂੰ ਦਿੱਸਕੇ ਦੱਸ ਗਿਆ ਕਿ ਕਲਜਾਣ ਕਰਨਹਾਰ ਗੁਰੂ ਨਾਨਕ ਹੈ ਤੇ ਸੁਲਤਾਨ ਪੁਰੇ ਮੋਦੀ ਦੇ ਰੂਪ ਵਿਚ ਲੁਕਿਆ ਬੈਠਾ ਹੈ। ਪਰ ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਇਕ ਸਮੇਂ ਸ੍ਰੀ ਗੁਰੂ ਜੀ ਮੈਲਸੀਹੈਂ ਆਏ ਤਾਂ ਭਗੀਰਥ ਆਪ ਪਾਸ ਹਾਜ਼ਰ ਹੋਇਆ। ਗੁਰੂ ਜੀ ਰਾਤ ਉੱਥੇ ਹੀ ਰਹੇ, ਭਗੀਰਥ ਵੀ ਆਪ ਦੇ ਚਰਨਾਂ ਕਵਲਾਂ ਵਿਚ ਸੌਂ ਰਿਹਾ। ਤ੍ਰਿਪਹਿਰੇ ਤੋਂ ਪਹਿਲਾਂ ਸ੍ਰੀ ਗੁਰ ਜੀ ਉੱਠੇ, ਭਗੀਰਥ ਜਲ ਲੈ ਆਇਆ, ਇਸ਼ਨਾਨ ਕਰਕੇ ਸ੍ਰੀ ਗੁਰੂ ਜੀ ਆਪਣੇ ਆਨੰਦ ਮਗਨ ਹੋ ਗਏ, ਹਾਂ ਟਿਕ ਗਏ, ਉਸ ਵਿਚ ਜਿਸ ਵਿਚ ਸਦਾ ਟਿਕੇ ਰਹਿੰਦੇ ਸਨ, ਓਸ ਰੰਗ ਵਿਚ ਜਿਸ ਨੂੰ ਆਪ ਹੀ ਜਾਣਦੇ ਸਨ। ਓਸ ਸਮੇਂ ਭਗੀਰਥ ਕੀ ਵੇਖਦਾ ਹੈ ਕਿ ਇਕ ਅਸ਼ਟਭੁਜੀ ਇਸਤ੍ਰੀ ਝਾੜੂ ਦੇ ਰਹੀ ਹੈ। ਭਗੀਰਥ ਨੇ ਪੁੱਛਿਆ : "ਤੂੰ ਕੌਣ ਹੈਂ ?" ਉਸ ਆਖਿਆ : "ਮੈਂ ਦੇਵੀ ਹਾਂ"। ਤਾਂ ਭਗਰੀਥ ਨੇ ਅਚਰਜ ਹੋਕੇ ਪੁੱਛਿਆ ਕਿ "ਤੈਨੂੰ ਤਾਂ ਜਗਤ ਮਾਤਾ ਆਖਦੇ ਹਨ ਤੂੰ ਏਥੇ ਝਾੜੂ ਕਿਉਂ ਕਰ ਰਹੀ ਹੈਂ ?" ਉਸ ਉੱਤਰ ਦਿਤਾ ਕਿ "ਇਹ ਪਰਮੇਸ਼ੁਰ ਦਾ ਨਿਰਗੁਣ ਰੂਪ ਹਨ, ਮੈਂ ਇਨ੍ਹਾਂ ਦੀ ਸੇਵਾ ਕਰਕੇ ਸ਼ਕਤੀਵਾਨ ਹੁੰਦੀ ਹਾਂ। " ਇਸ ਤਰ੍ਹਾਂ ਦੀ ਗਲ ਬਾਤ ਤੋਂ ਮਗਰੋਂ ਭਗੀਰਥ ਦਾ ਉਹ ਭੰਵਰ ਜਾਲ, ਜਿਸ ਵਿਚ ਚੱਕਰ ਲਾਉਂਦਾ ਸੀ, ਪਰ ਜਿਸ ਵਿਚੋਂ ਬਾਹਰ ਨਹੀਂ ਸੀ ਆ ਸਕਦਾ, ਖੁੱਲ੍ਹ ਗਿਆ ਤੇ ਉਹ ਇਸ ਨਿਸ਼ਚੇ ਵਿਚ ਆ ਗਿਆ ਕਿ ਕਲਜਾਣ ਦੀ ਦਾਤ ਸ੍ਰੀ ਗੁਰੂ ਜੀ ਪਾਸ ਹੈ।

੩.

**ਭਗੀਰਥ** ਹੁਣ ਸੁਲਤਾਨ ਪੁਰ ਰਹਿਣ ਲੱਗ ਪਿਆ। ਗੁਰੂ ਬਾਬੇ ਦਾ ਸਤਿਸੰਗ ਲਗਾ ਕਰਨ। ਸਿਮਰਨ ਦੀ ਦਾਤ ਦਾਤਾ ਜੀ ਨੇ ਬਖਸ਼ ਦਿੱਤੀ। ਅੰਮ੍ਰਿਤ ਵੇਲੇ ਜਾਗੇ, ਬਸਤ੍ਰ ਚਾ ਕੇ ਗੁਰੂ ਜੀ ਨਾਲ ਵੇਈਂ ਤੇ ਜਾਵੇ। ਆਪ ਇਸ਼ਨਾਨ ਕਰਕੇ ਦੂਰ ਸਾਰੇ ਜਾ ਬਹੇ ਤੇ ਸਾਂਈਂ ਦੇ ਨਾਮ ਦਾ ਅਭਿਆਸ ਕਰੇ ਆਨੰਦ ਸਰੂਪ ਦੇ ਧਜਾਨ ਵਿਚ, ਅਤੇ ਦਿਨ ਸੰਤ ਸੇਵਾ ਵਿਚ ਬਿਤਾਵੇ[੧]।

ਭਗੀਰਥ ਹੁਣ ਸੁਖੀ ਹੋ ਗਿਆ ਹੈ। ਮਨ ਵਿਚੋਂ ਪਹਿਲਾਂ ਵਿਕਾਰਾਂ ਦਾ ਕਬਜ਼ਾ ਛੁੱਟਾ। ਵਿਕਾਰ ਸਾਨੂੰ ਸੰਸਾਰ ਨਾਲ ਬੰਨ੍ਹਦੇ ਹਨ। ਵਿਕਾਰ ਹਨ ਮਨ ਦੀ ਇਕ ਗਤੀ-ਮਨ ਦੇ ਪਦਾਰਥਾਂ ਵਲ ਖਿਚ ਖਾਕੇ

---

[੧] ਰਹਿਤ ਭਇਓ ਦਰਸ਼ਨ ਨਿਤ ਕਰਹੀ। ਚਰਨ ਪਖਾਰ ਹਰਖ ਉਰ ਧਰਹੀ। ਜਿਉਂ ਕਰੁਨਾਨਿਧਿ ਦੇਹਿ ਰਜਾਈ। ਤੈਸੇ ਕਰੈ ਸਦਾ ਮਨ ਭਾਈ। ਬੀਤਜੋ ਅਸ ਪ੍ਰਕਾਰ ਕੁਝ ਕਾਲਾ। ਸ਼ਰਧਾ ਧਾਰਤ ਰਿਦੇ ਬਿਸਾਲਾ। (ਨਾ: ਪ੍ਰ:)

ਉਨ੍ਹਾਂ ਨੂੰ ਪ੍ਰਾਪਤ ਕਰਨ ਦੀ ਤੇ ਪ੍ਰਾਪਤ ਕਰਕੇ ਭੋਗਣ ਦੀ। ਭੋਗਣ ਨਾਲ ਭੋਗ ਸਮੇਂ ਰਸ ਪ੍ਰਾਪਤ ਹੁੰਦਾ ਹੈ। ਪਰ ਸਰੀਰ ਦਾ ਬਲ ਖਰਚ ਹੋਕੇ ਤੇ ਮਨ ਦੀ ਸ਼ਕਤੀ ਖਰਚ ਹੋਕੇ ਮਗਰੋਂ ਨਿਤਾਣਪੁਣਾ ਆਉਂਦਾ ਹੈ ਤੇ ਬਹੁਤ ਭੋਗਾਂ ਮਗਰੋਂ ਰੋਗ ਉਪਜਦੇ ਹਨ[1]। ਭੋਗਾਂ ਦਾ ਰਸ ਹੈ ਹੀ ਆਪੇ ਦੇ ਖਰਚ ਹੋਣ ਦੀ ਕ੍ਰਿਯਾ ਦਾ ਫਲ। ਜਿਵੇਂ ਆਤਸ਼ਬਾਜ਼ੀ ਦਾ ਚਮਤਕਾਰ ਅਪਣੀ ਲੁਭਾਇਮਾਨਤਾ ਵਿਖਾਉਣ ਤੇ ਚਮਤਕਾਰ ਮਾਰਨ ਵਿਚ ਆਪਣੇ ਆਪ ਨੂੰ ਖਰਚ ਕਰਦਾ ਹੈ, ਕੁਛ ਉਸ ਤਰ੍ਹਾਂ ਦਾ ਭੋਗ ਰਸ ਵਿਚ ਆਪਾ ਖਰਚ ਹੁੰਦਾ ਹੈ, ਤੇ ਮਨ ਜੋ ਆਪਣੇ ਵਿਚ ਬਾਹਰਲੇ ਅਕਸ ਲੈਂਦਾ ਹੈ, ਭੋਗ ਵੇਲੇ ਡੂੰਘੇ ਅਕਸ ਲੈਂਦਾ ਹੈ। ਉਹ ਅਕਸ ਉਸਦੇ ਅੰਦਰ ਬਹਿਕੇ ਛਾਈਆਂ ਪਾਕੇ ਉਸਤੇ ਮਾਨੋ ਮੈਲ ਲਾਉਂਦੇ ਹਨ। ਇਸ ਤਰ੍ਹਾਂ ਮਨ ਮੈਲਾ ਜਿਹਾ ਹੋ ਜਾਂਦਾ ਹੈ ਤੇ ਉਸ ਵਿਚ ਭੋਗਾਂ ਦੇ ਅਕਸਾਂ ਦੀਆਂ ਝਰੀਟਾਂ ਦੀ ਧੁੰਦ ਛਾਈ ਰਹਿੰਦੀ ਹੈ। ਉਸ ਧੁੰਦ ਵਿਚ ਨਿੱਤ ਦੇ 'ਭੋਗ-ਅਭਯਾਸ' ਕਰਕੇ ਭੋਗਾਂ ਦੀ ਰੁਚੀ ਇੰਨੀ ਵਧ ਜਾਂਦੀ ਹੈ ਕਿ ਫਿਰ ਬਿਰਤੀ ਬਾਹਰ ਮੁਖ ਹੀ ਹੋਈ ਰਹਿੰਦੀ ਹੈ। ਇਹ ਅਵਸਥਾ ਹੈ ਜਿਸ ਨੂੰ ਕਹੀਦਾ ਹੈ ਕਿ ਮਨ ਵਿਕਾਰਾਂ ਦੇ ਕਬਜ਼ੇ ਵਿਚ ਹੈ। ਮਨ ਤੋਂ ਇਹ ਕਬਜ਼ਾ ਤਾਂ ਉਠਦਾ ਹੈ ਜੇ ਕੋਈ ਉਪਰਾਲਾ ਕੀਤਾ ਜਾਏ। ਸੋ ਸਭ ਤੋਂ ਪਹਿਲਾਂ ਹੈ ਸੇਵਾ। ਫਿਰ ਗੁਰਬਾਣੀ ਦਾ ਅਭਿਆਸ, ਪਾਠ ਵੀਚਾਰ ਤੇ ਕੀਰਤਨ। ਫਿਰ ਨਾਮ ਸਿਮਰਣ-ਆਨੰਦ ਸਰੂਪ ਪਰਮੇਸ਼ਰ ਦੇ ਨਾਮ ਦਾ ਸਿਮਰਣ। ਫੇਰ ਸਾਂਈਂ ਨਾਲ ਮਿਲਾਪ ਹੁੰਦਾ ਹੈ।

ਸੇਵਾ-ਸਰੀਰ ਦਾ ਰੌ ਅਪਣੱਤ ਦੀ ਸੇਵਾ ਤੋਂ ਉੱਠ ਕੇ ਗੁਰਮੁਖਾਂ ਦੀ ਸੇਵਾ ਵੱਲ ਪੈਣ ਕਰਕੇ ਮਨ ਦਾ 'ਆਪਾ ਲੋਚਨ' ਦਾ ਥਰ ਟੁੱਟਦਾ ਹੈ। ਗੁਰਬਾਣੀ ਮਨ ਨੂੰ ਵਿਚਾਰ ਦੇਂਦੀ ਹੈ, ਮਨ ਵਿਚਾਰ ਦੇ ਕੰਡੇ ਤੇ ਤੋਲ ਤੋਲ ਕੇ ਲਾਹੇ ਤੇ ਤੋਟੇ ਦੇ ਪਦਾਰਥਾਂ ਦੀ ਸਿਆਣ ਵਿਚ ਆਉਂਦਾ ਹੈ। ਦੂਸਰੇ, ਬਾਣੀ ਦਾ ਅਸਰ ਮਨ ਨੂੰ ਇਕ ਪਾਸੇ ਲਾਉਣ ਦਾ ਹੁੰਦਾ ਹੈ, ਬੇਥਵੇ ਖਿੰਡਾਉ ਤੋਂ ਮਨ ਇਕ ਪਾਸੇ ਵੱਲ ਰੁਖ਼ ਪਕੜਦਾ ਹੈ। ਤੀਸਰੇ ਇਹ ਬਾਣੀ ਸਤਿਗੁਰੂ ਦੇ ਹਿਰਦੇ ਤੋਂ ਆਈ ਹੈ ਤੇ ਉੱਥੇ ਧੁਰੋਂ ਆਈ ਸੀ। ਸੋ ਬੇਮਲੂਮ ਪਾਠਕ ਦੇ ਮਨ ਦਾ ਰੁਖ਼ ਉਧਰ ਨੂੰ ਜਾਂਦਾ ਹੈ। ਗੁਰੂ ਵਾਕ ਹੈ-

> ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥ (ਰਾਮ: ਦ: ਓਅੰਕਾਰ ਦ: ਮ: ੧-੪੦)

ਫਿਰ ਬਾਣੀ ਨਾਮ ਦੀ ਕੀਮਤ ਦੱਸਦੀ ਹੈ। ਨਾਮ ਵਲ ਪ੍ਰੇਰਦੀ ਹੈ, ਨਾਮ ਵਿਚ ਲਾਉਂਦੀ ਹੈ। 'ਨਾਮ' ਨਾਲ ਹੁੰਦਾ ਹੈ ਨਾਮੀ ਵਲ ਰੁਖ। ਹਾਂ 'ਨਾਮ' ਨਾਲ ਪਿਆਰ ਪੈਂਦਾ ਹੈ ਉਸ ਨਾਲ ਕਿ 'ਜਿਸਦਾ ਨਾਮ' ਜਪਦੇ ਹਾਂ। ਨਾਮ ਪਿਆਰੇ ਦਾ ਨਾਮ ਹੈ, ਨਾਮ ਜਪ ਨਾਲ ਪਿਆਰਾ ਯਾਦ ਵਿਚ ਵਸਦਾ ਹੈ। ਯਾਦ ਵਿਚ ਵਸਾਉਣੇ ਨੂੰ ਸਿਮਰਨ ਕਰੀਦਾ ਹੈ। 'ਸਿਮਰਨ' ਅਰਥਾਤ 'ਯਾਦ' ਪਿਆਰੇ ਦਾ ਪ੍ਰੇਮ ਹੈ। ਪ੍ਰੇਮ ਮੇਲਣ ਹਾਰ ਹੈ-ਜੀਵ ਨੂੰ ਈਸ਼੍ਵਰ ਨਾਲ, ਪ੍ਰੇਮੀ ਨੂੰ ਪਿਆਰੇ ਨਾਲ, ਆਨੰਦ ਸਰੂਪ ਵਾਹਿਗੁਰੂ ਨਾਲ।

ਸੋ ਇਹ ਪ੍ਰੇਮ ਮਾਰਗ, ਜੋ ਗੁਰੂ ਬਾਬੇ ਨੇ ਟੋਰਿਆ, ਭਗੀਰਥ ਨੂੰ ਮਿਲਿਆ। ਉਸ ਨੇ ਸਤਿਗੁਰੂ ਜੀ ਦੇ ਸ਼ਬਦ ਪੜ੍ਹੇ ਤੇ ਗਾਂਵੇਂ ਤਦ ਮਨ ਨੇ ਵਾਹਿਗੁਰੂ ਪ੍ਰੇਮ ਵੱਲ ਰੁਖ਼ ਕੀਤਾ। ਸ਼ਕਤੀਆਂ ਤੋਂ ਤੇ ਸ਼ਕਤੀਆਂ ਦੀਆਂ ਸਾਕਾਰ ਮੂਰਤਾਂ ਤੋਂ ਮਨ ਉੱਚਾ ਉੱਠਕੇ ਸਕਤੇ ਵਲ, ਅਰਥਾਤ ਰੱਬ ਵਲ ਗਿਆ ਤੇ ਉਸ ਦੇ ਅੰਦਰ ਆਈ 'ਯਾਦ' ਨੇ 'ਪਿਆਰ' ਦਾ ਰੁਖ ਫੜ ਲਿਆ। ਹੁਣ ਅੰਦਰ ਨਿਰਮਲ ਹੋਕੇ ਸਾਂਈਂ ਵਿਚ ਜੁੜਨ ਲਗ ਪਿਆ। ਮੈਲ ਘੱਟ ਗਈ ਹੈ, ਅਰਥਾਤ ਵਿਕਾਰਾਂ ਵਲ ਮਨ ਦਾ ਧਾਉਣਾ ਘਟ ਕੇ ਮਨ ਆਪੇ ਵਿਚ ਖਲੋਂਦਾ ਹੈ, ਜਿਸਦੀ ਯਾਦ ਕਰ ਰਿਹਾ ਹੈ ਉਸ ਦੇ ਖਿਆਲ ਵਿਚ ਉਸਦੀ ਹੋਂਦ ਦੇ ਖਿਆਲ ਵਿਚ ਖੜੋਂਦਾ ਹੈ। ਐਉਂ ਜਾਪਦਾ ਹੈ ਕਿ ਬਾਹਰੋਂ ਤਰੁਟਕੇ ਅੰਦਰੇ ਉਪਰ ਵਾਰ ਨੂੰ ਰੁਖ਼ ਪਕੜਕੇ ਮਨ ਟਿਕਦਾ ਹੈ। ਇਕ ਸ੍ਵਸਥ ਬਿਵਸਥਾ ਅੰਦਰ ਬਣ ਜਾਂਦੀ ਹੈ, ਜਿਸ ਵਿਚ ਉਚਜਾਨ ਦੀ ਪ੍ਰਤੀਤੀ ਤੇ ਟਿਕਾਉ ਤੇ ਨਿਰਮਲਤਾ ਪ੍ਰਕਾਸ਼ਦੀ ਹੈ। ਅਸਲ ਵਿਚ ਏਹ ਆਪਾ ਨਿਰਮਲ ਹੋਣ ਤੇ ਉਸ ਵਿਚੋਂ ਸਾਰੇ ਵਿਆਪਕ ਪਰਮੇਸ਼ੁਰ ਜੀ ਦੇ ਮੇਲ ਦੀ ਕੋਈ ਰਮਜ਼ ਵਾਲੀ ਹਾਲਤ ਹੁੰਦੀ ਹੈ। ਐਉਂ ਭਗੀਰਥ ਜੀ ਸੇਵਾ ਕਰ ਰਹੇ ਹਨ ਗੁਰੂ ਬਾਬੇ ਕਲਿਆਨ ਸਰੂਪ ਦੀ ਅਤੇ ਬਾਣੀ ਪੜ੍ਹ ਰਹੇ ਹਨ ਗੁਰੂ ਕੀ, ਨਾਮ ਸਿਮਰ ਰਹੇ ਹਨ ਵਾਹਿਗੁਰੂ ਜੀ ਦਾ ਤੇ ਝਲਕੇ ਮਾਣ ਰਹੇ ਹਨ ਅੰਦਰ 'ਸ੍ਵਸਥਿ ਅਵਸਥਾ' ਦੇ-ਨਿਰੋਲ

[1] ਭੋਗੀ ਕਉ ਦੁਖੁ ਰੋਗ ਵਿਆਪੈ ॥ (ਬਸੰਤ ਮ: ੧)

ਨਿਰਮਲ ਅਰੋਗ ਦਸ਼ਾ ਦੇ, ਜੋ ਆਪੇ ਵਿਚ ਆਪੇ ਦੇ ਟਿਕਣ ਤੋਂ ਪਰਮ ਆਪੇ ਦੇ ਮੇਲ ਹੋਣ ਨਾਲ ਮਿਲਦੀ ਹੈ।

੪.

**ਗੁਰੂ** ਸੱਚਾ ਪਾਤਸ਼ਾਹ ਆਪਣੀ ਸਰੀਰਕ ਅਵਸਥਾ ਕਰਕੇ ਭਰ ਜਵਾਨੀ ਵਿਚ ਹੈ। ਸੁਹਣਾ ਸੁਹਣਾ ਜੋਬਨ ਹੁਲਾਰਿਆਂ ਵਿਚ ਹੈ, ਪਰ ਹੁਲਾਰੇ ਮਨ ਦੇ ਬਾਹਰ ਨੂੰ ਗਤੀ ਲੈਣ ਦੀ ਕਿਸਮ ਦੇ ਨਹੀਂ, ਆਪੇ ਵਿਚ ਰਹਿਕੇ ਆਪੇ ਦੇ ਸਰੂਪ ਵਿਚ ਦੇ ਹੈਨ। ਆਤਮ ਪ੍ਰਭਾਵ ਇਨ੍ਹਾਂ ਤੋਂ ਬਾਹਰ ਨੂੰ ਆਪੇ ਡੁਲ੍ਹ ਡੁਲ੍ਹ ਪੈਂਦਾ ਹੈ, ਜਿਵੇਂ ਫੁਲ ਦੀ ਖ਼ੁਸ਼ਬੋ ਉਸ ਦੇ ਆਪੇ ਵਿਚੋਂ ਬਾਹਰ ਨੂੰ ਉਮਲਦੀ ਹੈ। ਮੋਦੀਖਾਨ੍ਹੇ ਦਾ ਕੰਮ ਹੈ, ਸਿਪਾਹ ਨੂੰ ਰਸਦ ਦੇਣੀ ਹੈ ਤੇ ਨਵਾਬ ਦੇ ਘਰ ਬੀ ਅੰਨ ਦਾਣਾ ਜਾਣਾ ਹੈ, ਇਹ ਰੁਝੇਵਾਂ ਹੈ ਤੇ ਇਹ ਪਰਿਵਰਤੀ ਹੈ। ਫਿਰ ਪਰਵਿਰਤੀ ਵਿਚ ਦੂਜੀ ਪਰਵਿਰਤੀ ਹੋਰ ਹੈ ਜੋ ਅੰਤਰਮੁੱਖਤਾ ਦੀ ਸਹਾਇਤਾ ਵਾਲੀ ਹੈ। ਸਾਧੂ ਸੰਤ ਲੋੜਵੰਦ ਆਉਂਦੇ ਹਨ ਉਨ੍ਹਾਂ ਨੂੰ ਵੀ ਰਸਦ ਦੇਣੀ ਹੁੰਦੀ ਹੈ, ਪਰ ਇਹ ਅਰਸ਼ੀ ਮੋਦੀ ਦੇ ਆਪਣੇ ਨਾਂ ਪੈਂਦੀ ਹੈ। ਹਾਂ, ਆਉਂਦੇ ਹਨ ਜਗਜਾਸੂ ਤੇ ਨਾਲ ਮੰਗਦੇ ਹਨ ਸਤਿਸੰਗ, ਮੰਗਦੇ ਹਨ ਦੁਖ ਨਵਿਰਤੀ, ਮੰਗਦੇ ਹਨ ਸੁਖ ਤੇ ਗੁਰੂ ਬਾਬਾ ਦੇਂਦਾ ਹੈ ਖਿੜੇ ਮੱਥੇ। ਪਰ ਇਹ ਸਭ ਕੁਛ ਆਪੇ ਵਿਚੋਂ ਦੇਂਦਾ ਹੈ ਤੇ ਆਪਣੇ ਕੋਲੋਂ ਦੇਂਦਾ ਹੈ। ਸੋ ਦਿਨੇ ਰੁਝੇਵਾਂ ਹੈ, ਪਰ ਰੁਝੇਵੇਂ ਵਿਚ ਇਕ ਸੁਹਣਾ ਰੁਝੇਵਾਂ ਦਾਨ ਦੇਣ ਦਾ ਜਾਰੀ ਰਹਿੰਦਾ ਹੈ। ਕੰਮੋਂ ਵਿਹਲੇ ਹੁੰਦੇ ਹੀ ਸਤਿਸੰਗ ਲਗ ਜਾਂਦਾ ਹੈ, ਕੀਰਤਨ ਹੁੰਦਾ ਹੈ। ਪਰੇਮੀ ਦੂਰੋਂ ਦੂਰੋਂ ਆ ਜਾਂਦੇ ਹਨ। ਫਿਰ ਰੈਣ ਬਸੇਰੇ। ਤ੍ਰਿਪਹਿਰੇ ਵਜੇ ਆਪ ਜਾਗਦੇ ਤੇ ਸਾਂਈਂ ਨਾਲ ਜੁੜ ਬੈਠਦੇ ਹਨ। ਐਉਂ ਪਰਵਿਰਤੀ ਵੀ ਟੁਰ ਰਹੀ ਹੈ-'ਨਿਰਵਿਰਤੀ ਰੂਪ ਪਰਵਿਰਤੀ' (ਸਤਿਸੰਗ) ਬੀ ਜਾਰੀ ਹੈ ਤੇ ਨਿਰੋਲ ਨਿਰਵਿਰਤੀ ਦਾ ਅੰਤਰਮੁਖ ਪ੍ਰਵਾਹ ਬੀ ਜਾਰੀ ਹੈ। । ਇਹ ਸਾਰਾ ਕੁਛ ਸਾਡੇ ਲਈ ਪੂਰਨੇ ਹਨ। ਦਿਨੇ ਕਾਰ ਕਰੀਏ, ਪਰ ਅੰਦਰੋਂ ਗ਼ਾਫ਼ਲ ਨਾ ਹੋਈਏ। ਕਾਰ ਕਰੀਏ, ਉਪਕਾਰ ਵੀ ਕਰੀਏ, ਹਾਂ, ਉਪਕਾਰ ਨਿਸ਼ਕਾਮ ਸੇਵਾ ਵਾਲਾ। ਰਾਤ ਗ਼ਾਫ਼ਲ ਨਾ ਸਵੀਂਏਂ। ਸਾਂਈਂ ਦੀ ਯਾਦ ਵਿਚ ਪ੍ਰੋਤੇ ਸਵੀਂਏਂ ਤੇ ਅੰਮ੍ਰਿਤ ਵੇਲੇ ਨਿਰੋਲ ਸਾਂਈਂ ਦੇ ਪ੍ਰੇਮ ਵਿਚ ਲੱਗ ਪਈਏ। ਗੁਰੂ ਬਾਬਾ ਸਾਡੇ ਲਈ ਪੂਰਨੇ ਵਾਹ ਰਿਹਾ ਹੈ ਤੇ ਆਪ ਹੈ ਅਪਣੇ ਸਰੂਪ ਵਿਚ ਸਾਂਈਂ ਰੂਪ, ਸਦਾ ਅਹਿੱਲ, ਅਟੱਲ, ਅਡੋਲ ਤੇ ਫਿਰ ਸਾਰੇ ਪਸਾਰੇ ਦਾ ਗੁਰੂ-ਤਾਰਨਹਾਰ। ਮਹਾਨ ਉਪਕਾਰੀ ਕ੍ਰਿਆ ਵਿਚ ਲੱਗ ਰਿਹਾ ਹੈ ਅਵਧੂਤ ਰੂਪ ਫਿਰ ਰਸਾਲ। ਸਤਿਸੰਗ ਦਾ ਪ੍ਰਵਾਹ ਜਾਰੀ ਹੈ ਤੇ ਹੋਰਨਾਂ ਪ੍ਰੇਮੀਆਂ ਦੇ ਨਾਲ ਭਗੀਰਥ ਪਾਸ ਰਹਿੰਦਾ ਇਕ ਵੰਨਗੀ ਦਾ ਸਿੱਖ ਤਿਆਰ ਹੋ ਗਿਆ ਹੈ।

ਇਨ੍ਹੀਂ ਦਿਨੀਂ ਇਕ ਖੱਤ੍ਰੀ ਜੋ ਗ਼ੀਬ ਨਿਰਧਨ ਸੀ ਤੇ ਖਰਾ ਆਜਿਜ਼ ਸੀ[੧], ਜਿਸ ਦੇ ਘਰ ਇਕ ਬੇਟੀ ਵਿਆਹੁਣ ਜੋਗ ਸੀ ਤੇ ਉਸ ਪਾਸ ਕੁਛ ਨਹੀਂ ਸੀ। ਸੀ ਖੱਤ੍ਰੀ ਨੱਕ ਨਮੂਜ ਵਾਲਾ ਤੇ ਕਾਕੀ ਮੰਗੀ ਹੋਈ ਸੀ, ਵਿਆਹ ਨੇੜੇ ਸੀ ਤੇ ਮੁਸ਼ਕਲ ਸੀ ਬੜੀ। ਨਾ ਵਿਆਹ ਜੋਗਾ ਧਨ ਸੀ ਨਾ ਕੁੜਮਾਈ ਛੁੱਟੀ ਤੇ ਧੀ ਦੇ ਫੇਰ ਕਿਤੇ ਚੰਗੇ ਥਾਂ ਮੰਗੀਵਣ ਦੀ ਆਸ ਸੀ। ਉਹ ਗੁਰੂ ਬਾਬੇ ਦਾ ਕਦਰਦਾਨ ਤੇ ਪਿਆਰ ਕਰਨ ਵਾਲਾ ਸੀ। ਅਤਿ ਕਠਨਾਈ ਵਿਚ ਉਸਨੇ ਆਕੇ ਗੁਰੂ ਸਾਹਿਬ ਅਗੇ ਆਪਣੀ ਮੁਸ਼ਕਲ ਆਖੀ। ਉਹ ਅਰਜ਼ ਗੁਜ਼ਾਰਨ ਲਗਾ ਕਿ ਪਾਤਸ਼ਾਹ ! ਕਾਕੀ ਦਾ ਕਾਜ ਸੰਬੰਧੀਆਂ ਜੋੜ ਘੱਤਿਆ ਹੈ ਤੇ ਕਾਜ ਉਤੇ ਲਗਣੇ ਹਨ ਰੁਪੱਯੇ ਤੇ ਮੇਰੇ ਪਾਸ ਹੈ ਰੁਪੱਯਾਂ ਦੀ ਅਣਹੋਂਦ ਸੋ ਤੇਰੇ ਦਰ ਹੀ ਅਰਜ਼ ਹੈ, ਮੇਹਰ ਹੋ ਜਾਏ ਤਾਂ ਕਾਕੀ ਦਾ ਡੋਲਾ ਉਠਾ ਦਿਆਂ ! ਮੋਦੀਖਾਨੇ ਵਾਲੇ ਉਪਕਾਰੀ ਸਤਿਗੁਰ ਨੇ ਤੱਕਿਆ। ਹਾਂ, ਨਜ਼ਰ ਦੇ ਨਿਸ਼ਾਨੇ ਹੇਠ ਆ ਗਿਆ ਭਗੀਰਥ। ਬੋਲੇ : "ਭਗੀਰਥ ! ਪੁਰਖਾ ਲਿਖ ਵਿਆਹ ਦੀ ਸੌਜ ਜੋ ਏਹ ਆਖੇ। ਜੋ ਕੁਝ ਲਿਖੋ ਗੀਝੇ ਵਿਚ ਪਾਓ ਤੇ ਵਾਂਸਲੀ ਵਿਚ ਪਾ ਲਓ ਰੁਪੱਯੇ, ਟੁਰ ਪਓ ਲਾਹੌਰ ਨੂੰ ਤੇ ਸਭ ਕੁਛ ਖਰੀਦਕੇ ਮੁੜ ਆਓ, ਪਰ ਲਾਹੌਰ ਇਕ ਰਾਤ ਤੋਂ ਵਧੀਕ ਨਹੀਂ ਰਹਿਣਾ। "

ਸਿਰ ਧਰਕੇ ਹੁਕਮ, ਜੇਬ ਪਾਕੇ ਕਾਗਤ ਤੇ ਵਾਂਸਲੀ ਪਾਕੇ ਰੁਪੱਯੇ, ਸਿਮਰਨ ਵਿਚ ਰੱਤਾ ਭਗੀਰਥ ਤੁਰ ਪਿਆ ਲਾਹੌਰ ਨੂੰ। ਦੋ ਰਾਤਾਂ ਰਾਹ ਵਿਚ

[੧] ਪੁ: ਜ: ਸਾ: ਵਿਚ ਇਕ ਡਾਢੇ ਆਜਿਜ਼ ਖੱਤ੍ਰੀ ਦੀ ਬੇਟੀ ਦਾ ਵਿਆਹ ਲਿਖਿਆ ਹੈ। ਹੋਰ ਲੇਖਕਾ ਨੇ ਮਰਦਾਨੇ ਜੀ ਦੀ ਕਾਕੀ ਦਾ ਵਿਆਹ ਲਿਖਿਆ ਹੈ।

ਰਹਿਕੇ ਪਹੁੰਚ ਗਿਆ ਲਾਹੌਰ ਤੇ ਸਾਂਈਂ ਦੀ ਅਗੁਵਾਨੀ ਵਿਚ ਇਕ ਧਨੀ ਵਪਾਰੀ ਦੇ ਅੱਪੜ ਪਿਆ। ਵਿਵਾਹ ਦੀ ਸੌਜ ਦਾ ਕਾਗਤ ਉਸ ਦੇ ਅੱਗੇ ਧਰਕੇ ਬੋਲਿਆ: 'ਸੱਜਣਾ ! ਏਹ ਸਾਰਾ ਸਾਮਾਨ ਖਰੀਦ ਦੇ। ਮਾਲ ਖਰੀਦ ਦੇ ਚੰਗਾ, ਪਦਾਰਥ ਲੱਗੇ ਘੱਟ ਤੋਂ ਘੱਟ ਤੇ ਮੁੱਲ ਹੋਵੇ ਇੱਕੋ। ਸੱਚਾ ਸੱਚਾ ਵਿਹਾਰ ਕਰ, ਤੂੰ ਬੀ ਸੁਖੀ ਤੇ ਮੈਂ ਬੀ ਸੁਖੀ।' ਵਪਾਰੀ, ਜਿਸ ਦਾ ਨਾਂ ਸੀ ਮਨਸੁਖ, ਕਹਿਣ ਲੱਗਾ 'ਜਿਵੇਂ ਕਹਿੰਦੇ ਹੋ ਹੋ ਜਾਏਗਾ, ਤੁਸੀਂ ਕਰੋ ਡੇਰਾ ਹੁਣ ਹੈ ਸੰਝਾ ਆ ਰਹੀ, ਰਾਤ ਟਿਕੋ, ਸਾਰਾ ਸਾਮਾਨ ਇਕ ਦੋਹੁੰ ਦਿਨਾਂ ਵਿਚ ਚੰਗੇ ਤੋਂ ਚੰਗਾ ਮਿਲ ਜਾਏਗਾ ਤੇ ਤਿਆਰ ਹੋਣ ਵਾਲਾ ਤਿਆਰ ਹੋ ਜਾਏਗਾ।'

ਭਗੀਰਥ-ਸੱਜਣਾਂ ! ਮੈਂ ਇਕ ਰਾਤ ਤੋਂ ਵਧੀਕ ਏਥੇ ਰਹਿ ਨਹੀਂ ਸਕਦਾ।

ਮਨਸੁਖ (ਸੋਚ ਸੋਚ ਕੇ)-ਕਿਉਂ ?... ਉਪਰਾਂਦ ਨਾ ਕਰੋ, ਇਹ ਅਪਣਾ ਘਰ ਸਮਝੋ। ਜਿਹੜੇ ਦੋ ਤ੍ਰੈ ਦਿਨ ਲੱਗਣਗੇ ਤੁਹਾਨੂੰ ਕੋਈ ਖੇਚਲ ਨਹੀਂ ਹੋਣ ਲਗੀ, ਅਪਣੇ ਘਰ ਵਾਂਙੂ ਹੀ ਸੁਖੀ ਰਹਿਸੋ।

ਭਗੀਰਥ-ਇਸ ਗਲ ਦੀ ਵਿਚਾਰ ਤਾਂ ਕੋਈ ਨਹੀਂ, ਪਰ ਮੈਂ ਏਥੇ ਰਹਿ ਹੀ ਇਕ ਰਾਤ ਸਕਦਾ ਹਾਂ।

ਮਨਸੁਖ-ਐਉਂ ਕਰੋ, ਕਿ ਏਥੇ ਇਕ ਰਾਤ ਵਧੇਰੇ ਰਹਿ ਲਓ, ਮੈਂ ਕੰਮ ਛੇਤੀ ਕਰਵਾ ਲੈਸਾਂ ਤੇ ਰਸਤੇ ਵਿਚੋਂ ਸਮਾਂ ਕੱਢ ਲਵਿਓ ਜੇ। ਤੁਸੀਂ ਤੁਰਦੇ ਨਾ ਜਾਣਾ, ਯੱਕੇ ਜਾਂਦੇ ਹਨ ਤ੍ਰਿੱਖੇ ਮੁਲਤਾਨੀ ਘੋੜੀਆਂ ਵਾਲੇ, ਨਾਲੇ ਸੌਜ ਲੱਦ ਦਿਆਂਗੇ, ਨਾਲੇ ਤੁਸੀਂ ਬਹਿ ਜਾਣਾ। ਰਸਤੇ ਵਿਚ ਉਨ੍ਹਾਂ ਦੇ ਟਿਕਾਣੇ ਹਨ, ਘੋੜੀ ਵਟਾ ਬੀ ਲੈਂਦੇ ਹਨ। ਐਉਂ ਦਿਹਾੜੀ ਚਾਲੀ ਪੰਜਾਹ ਕੋਹ ਲੰਘ ਜਾਂਦੇ ਹਨ।

ਭਗੀਰਥ-ਪਰ ਸੱਜਣਾ ! ਮੈਨੂੰ ਲਾਹੌਰ ਵਿਚ ਇਕੋ ਰਾਤ ਰਹਿਣ ਦਾ ਹੁਕਮ ਹੈ।

ਮਨਸੁਖ-ਹੈਂ, ਕਿਉਂ ... ? ਕੀ ਤੁਸੀਂ ਲੋਦੀ ਦੇ ਨੌਕਰ ਹੋ ਤੇ ਉਸਦਾ ਹੁਕਮ ਹੈ, ਪਰ ਕਿਉਂ...? ਮੈਂ ਇਸ ਕਰਕੇ ਆਖਦਾ ਹਾਂ ਕਿ ਚੂੜਾ ਜਿਹੋ ਜਿਹਾ ਤੁਸਾਂ ਕਿਹਾ ਹੈ ਉਸਤੇ ਚਿਰ ਲਗਣਾ ਹੈ, ਹੋਰ ਬੀ ਅਕਸਰ ਕੋਈ ਸ਼ੈ ਤਿਆਰ ਮਿਲਦੀ ਹੈ ਕੋਈ ਕਰਵਾਉਣੀ ਪੈਂਦੀ ਹੈ।

ਭਗੀਰਥ-ਜੇ ਲੋਦੀ ਦਾ ਹੁਕਮ ਹੁੰਦਾ ਤਾਂ ਉਸਦੇ ਨੌਕਰ ਨੂੰ ਸੌ ਬਹਾਨਾ ਬਣ ਸਕਦਾ ਸੀ। ਮੇਰਾ ਹਾਕਮ ਵਡੇਰਾ ਹੈ ਤੇ ਹੁਕਮ ਅਦੂਲੀ ਵਿਚ ਮੇਰਾ ਜਨਮ ਬਾਦ ਜਾਂਦਾ ਹੈ।

ਮਨਸੁਖ(ਹਰਜਾਨ ਹੋਕੇ)-ਦੌਲਤ ਖਾਂ ਲੋਧੀ ਤੋਂ ਵੱਡਾ ਤਾਂ ਦਿੱਲੀ ਦੇ ਤਖਤ ਵਾਲਾ ਹੈ, ਤੁਸੀਂ ਸੁਲਤਾਨ ਪੁਰੋਂ ਆਏ ਹੋ ! ਫਿਰ ਉਸਦੀ ਹੁਕਮ ਅਦੂਲੀ ਨਾਲ ਦੁੱਖ ਤਾਂ ਹੋ ਸਕਦਾ ਹੈ ਪਰ ਜਨਮ ਬਿਰਥਾ ਕਿਵੇਂ ?

ਭਗੀਰਥ-ਮੇਰਾ ਹਾਕਮ ਦਿੱਲੀ ਵਾਲੇ ਤੋਂ ਬੀ ਵਡਾ ਹੈ ਤੇ ਜਨਮ ਬਿਰਥਾ ਇਸ ਕਰਕੇ ਕਿ ਮੇਰਾ ਜਨਮ ਸੰਵਰਿਆ ਹੀ ਉਸਦੀ ਆਗਿਆ ਮੰਨਕੇ ਹੈ। ਜੋ ਸੁਖ ਮੈਂ ਆਗਿਆ ਮੰਨਕੇ ਪਾਇਆ ਹੈ, ਜਨਮ ਦੇ ਤਪ ਹਠ ਨਾਲ ਨਹੀਂ ਸੀ ਪਾਇਆ। ਮੈਂ ਅਪਣੱਤ ਦੀ ਪਕੜ ਛੱਡੀ ਹੈ ਤੇ ਗੁਰਮਤਿ ਨਾਲ ਸੁਖੀ ਹੋਇਆ ਹਾਂ, ਮੈਨੂੰ ਮੇਰੇ ਗੁਰੂ ਦਾ ਹੁਕਮ ਇੱਕੋ ਰਾਤ ਦਾ ਹੈ। ਹੁਕਮ ਮੋੜਨਾ ਜਨਮ ਖੋਣਾ ਹੈ।

ਮਨਸੁਖ-ਗੁਰਮਤ... ? ਕਲੂ ਕਾਲ ਵਿਚ ਕੌਣ ਗੁਰੂ ਮੱਤਿ ਦੇਣ ਵਾਲਾ ਉਪਜਿਆ ਹੈ, ਥਾਨ ਟਿਕਾਣੇ ਸਭ ਭ੍ਰਿਸ਼ਟ ਹੋ ਰਹੇ ਹਨ, ਪਖੰਡੀ ਜਾਲ ਵਿਛਾ ਰਹੇ ਹਨ, ਥਾਂ ਥਾਂ ਜਾਲ ਤਣੇ ਹਨ। ਸੱਜਣ ਜੀ ! ਲਗਦੇ ਤਾਂ ਸੁਚੇਤ ਹੋ, ਪਰ ਗੱਲਾਂ ਅਟਪਟੀਆਂ ਕਰ ਰਹੇ ਹੋ।

ਭਗੀਰਥ-ਸੱਚ ਕਿਹਾ ਹੈ ਤੁਸਾਂ ਨੇ, ਜਗ ਵਰਤਾਰਾ ਐਸਾ ਹੀ ਹੈ, ਪਰ ਮਨਸੁਖ ਜੀ ! ਮੇਰਾ ਸਾਹਿਬ ਪੂਰਾ ਹੈ। ਕਲਿਕਾਲ ਵਿਚ ਆਪ ਉਤਰਿਆ ਹੈ 'ਗੁਰ ਅਵਤਾਰ, ..ਪੂਰਾ।'

ਮਨਸੁਖ-ਸੱਜਣਾ ! ਮੈਂ ਬੀ ਸ਼ੌਕ ਵਾਲਾ ਬੰਦਾ ਹਾਂ। ਮੈਂ ਟੋਲ ਕੀਤੀ ਹੈ, ਟੋਲ ਟਾਲ ਕੇ ਹਰ ਥਾਂ ਬਨਾਵਟਾਂ ਤੱਕੀਆਂ ਹੈਨ। ਹਾਰਕੇ ਬਹਿ ਗਿਆ ਹਾਂ-- ਹੋਵੇਗਾ ਦਿਆਲ ਤਾਂ ਦਏਗਾ ਬੁਲਾਕੇ--। ...(ਸਿਰ ਫੇਰਕੇ) ਕੌਣ ਹੈ ਕਲਿਜੁਗ ਵਿਚ ਪੂਰਾ ?

ਭਗੀਰਥ--ਸੱਜਣ ਜੀ ! ਜਿਸ ਦੀ ਗੱਲ ਮੈਂ ਕੀਤੀ ਹੈ ਸੋ ਗੋਬਿੰਦ ਰੂਪ ਕਲਿਕਾਲ ਵਿਚ ਆਪ ਪ੍ਰਗਟਿਆ ਹੈ ਤੇ ਸਾਧਾਰਣ ਦਿਨ ਬਿਤੀਤ ਕਰ ਰਿਹਾ ਹੈ, ਪਰ ਹੈ ਜੋਤ ਨਿਰੰਜਨੀ। ਜੇ ਉਸ ਵਿਚ ਸ਼ਰਧਾ ਧਾਰਕੇ ਪਿਆਰ ਕਰੇਂ ਤਾਂ ਸੁਖੀ ਹੋ ਜਾਵੇਂ[੧]।

---

੧ ਭੇ ਸੁਮਤੇ ! ਨਹਿੰ ਕੀਜੈ ਸੰਸਾ। ਜਿਸ ਕੀ ਮੈਂ ਭਾਖਤਿ ਸੁ ਪ੍ਰਸੰਸਾ। ਤਿਸ ਮਹਿਂ ਧਰਹੁ ਜਿ

{ਬਾਕੀ ਦੇਖੋ ਸਫਾ ੮੪ ਦੇ ਹੇਠ}

ਮਨਸੁਖ-ਤੇ ਜੇ ਸ਼ਰਧਾ ਨਾ ਧਾਰਾਂ, ਪਰਤਾਵਾ ਲਵਾਂ, ਜੇ ਮੇਰੀ ਨਿਸ਼ਾ ਹੋਵੇ ਤਾਂ ਮੰਨਾਂ ? ਇਉਂ ਵੀ ਉਥੇ ਹੋ ਸਕਦਾ ਹੈ ? ਹੈ ਕੁਛ ਪੂਰੀ ਕਲਾ ?

ਭਗੀਰਥ-ਨਿਸ਼ੰਗ। ਜਿਵੇਂ ਜੀ ਵਿਚ ਧਾਰੋਗੇ ਪਾਂਓਗੇ।

ਮਨਸੁਖ-ਤੁਸੀਂ ਸੱਚ ਆਖਦੇ ਹੋਸੋ। ਸੱਚ ਹੀ ਆਖਦੇ ਹੋ, ਪਰ ਦੁੱਧ ਨਾਲ ਜਲਿਆਂ ਛਾਹ ਫੂਕ ਫੂਕ ਪੀਣ ਵਾਲੀ ਗੱਲ ਹੈ। ਹਾਂ, ਮੈਂ ਪਤੀਜ ਜਾਸਾਂ ਜੇ ਮੈਨੂੰ ਕੋਈ ਕਲਾ ਦਿਖਾ ਦਿਤੀਓ ਨੇ ਤਾਂ[1]।

ਭਗੀਰਥ-ਅਜ਼ਮਤ, ਕਰਾਮਾਤ ਇਹ ਸ਼ੈ ਤੁੱਛ ਹੈ ਓਥੇ। ਮਨ ਦਾ ਸੁਖ ਜੋ ਓਥੇ ਹੈ ਹਜ਼ਾਰ ਕਰਾਮਾਤ ਹੈ, ਪਰ ਜੇ ਤੇਰੀ ਸ਼ਰਧਾ ਇਸੇ ਸ਼ਰਤ ਨੇ ਬੰਨ੍ਹਣੀ ਹੈ ਤਾਂ ਚਲੋ ਦੇਖੋ।

ਮਨਸੁਖ-ਚੰਗੀ ਗੱਲ। ਹੁਣ ਐਉਂ ਕਰੀਏ ਕਿ ਭੋਜਨ ਪਾਓ ਤੇ ਸੈਂ ਜਾਓ। ਸਵੇਰੇ ਸਭ ਸਮਿੱਗ੍ਰੀ ਤਯਾਰ ਹੋ ਜਾਸੀ। ਚੂੜਾ ਮੇਰੇ ਪਾਸ ਇਕ ਬਣਿਆਂ ਪਿਆ ਬੀ ਹੈ, ਸੋ ਮੈਂ ਉਹ ਹੀ ਭੇਟਾ ਵਜੋਂ ਲੈ ਚਲਸਾਂ। ਇਉਂ ਕੱਲ ਹੀ ਟੁਰ ਪਵਾਂਗੇ, ਤੁਸਾਂ ਦੀ ਪ੍ਰਤੱਗਯਾ ਬੀ ਨਾਂ ਭੰਗ ਹੋਸੀ ਤੇ ਮੈਂ ਬੀ ਜੀਵਨ ਦਾ ਲਾਰਾ, ਜੇ ਮੇਰੇ ਨਸੀਬਾਂ ਵਿਚ ਹੈ, ਤਾਂ ਲੈ ਲਵਾਂਗਾ।

ਭਗੀਰਥ-ਸਤਿ ਬਚਨ।

੫.

ਜਦੋਂ ਤ੍ਰਿਪਹਿਰਾ ਵੱਜਾ ਭਗੀਰਥ ਉਠ ਕੇ ਬਹਿ ਗਿਆ। ਉਸ ਦੇ ਮੁਖ ਤੋਂ ਸਾਈਂ ਨਾਮ ਨਿਕਲਿਆ ਤੇ ਫੇਰ ਉਠ ਕੇ ਇਸ਼ਨਾਨ ਪਾਣੀ ਕਰਕੇ ਆਪਣੇ ਨਿੱਤ ਨੇਮ ਮੂਜਬ ਵਾਹਿਗੁਰੂ ਨਾਮ ਵਿਚ ਸੁਰਤ ਜੋੜਕੇ ਲਿਵ ਵਿਚ ਹੋ ਗਿਆ।

ਮਨਸੁਖ ਨੇ ਇਹ ਬੀ ਸਾਰਾ ਕੁਝ ਡਿੱਠਾ, ਰਾਤ ਦੀ ਬਾਤਚੀਤ ਬੀ ਸੁਣੀ ਸੀ ਅਰ ਗਲ ਬਾਤ ਰੰਗ ਢੰਗ ਤੋਂ ਬੀ ਉਸ ਨੂੰ ਭਗੀਰਥ ਦੀ ਸਚਿਆਈ ਤੇ ਖਰੇਪਨ ਦਾ ਅਸਰ ਪਿਆ ਸੀ, ਉਸਦੇ ਦਿਲ ਨੂੰ ਹੁਣ ਅੰਦਰੋਂ ਚਾਹਨਾ ਹੋ ਆਈ ਤੇ ਤ੍ਰਿਖੀ ਚਾਹਨਾ ਹੋ ਆਈ ਕਿ ਸੁਲਤਾਨਪੁਰੇ ਚੱਲੇ। ਦਿਨ ਚੜ੍ਹਦੇ ਹੀ ਉਸ ਨੇ ਸਾਰਾ ਸਾਮਾਨ ਵਿਆਹ ਦਾ ਖ੍ਰੀਦ ਲੀਤਾ। ਚੂੜਾ ਘਰੋਂ ਆਪਣੇ ਅੰਦਰੋਂ ਲਿਆ ਤੇ ਦੁਕਾਨ ਮੁਨੀਬਾਂ ਤੇ ਸੱਟਕੇ ਭਗੀਰਥ ਦੇ ਨਾਲ ਲੌਢੇ ਪਹਿਰ ਟੁਰ ਪਿਆ ਤੇ ਰਾਤ ਪੈਂਦੇ ਸਾਰ ਦੁਇ ਨੇਸ਼ਟੇ[1] ਆ ਪਹੁੰਚੇ। ਤ੍ਰਿਖੇ ਘੋੜੇ ਵਾਲੇ ਯੱਕੇ ਦੀ ਸ੍ਵਾਰੀ ਸੀ, ਪੈਂਡਾ ਛੇਤੀ ਮੁੱਕ ਗਿਆ। ਰਾਤ ਅੰਨ ਪਾਣੀ ਪਾ ਕੇ ਜਾਂ ਸੌਣ ਲਗੇ ਤਾਂ ਆਪੋ ਵਿਚ ਗਲ ਬਾਤ ਛਿੜ ਪਈ। ਮਨਸੁਖ ਦਾ ਸ਼ੌਕ ਵਧ ਰਿਹਾ ਸੀ ਤੇ ਉਹ ਭਗੀਰਥ ਦੀ ਸਿਰਬੀਤੀ ਵੇਰਵੇ ਨਾਲ ਪੁੱਛਦਾ ਤੇ ਸਮਝਦਾ ਸੀ।

ਮਨਸੁਖ-ਮੈਂ ਸਾਰੀ ਵਿਥਿਆ ਸਮਝੀ ਹੈ। ਮੈਨੂੰ ਵੀ ਕਿਸੇ ਨੇ ਸ਼ਕਤੀ ਪੂਜਾ ਦੱਸੀ ਸੀ, ਮੈਂ ਤਾਂ ਨਹੀਂ ਸੀ ਮੰਨੀ, ਕਿਉਂਕਿ ਮੈਨੂੰ ਮੂਰਤੀ ਪੂਜਾ ਦਿਲੋਂ ਨਹੀਂ ਸੀ ਭਾਉਂਦੀ ਤੇ ਪਰਮੇਸ਼ੁਰ ਤੋਂ ਛੁੱਟ ਕਿਸੇ ਹੋਰ ਦੀ ਅਰਾਧਨਾ ਵੱਲ ਮੇਰਾ ਰੁਖ ਨਹੀਂ ਸੀ। ਹਠ ਜੋਗ ਦੇ ਕਈ ਰੂਪ ਰੰਗ ਮੈਂ ਵੇਖੇ ਹਨ, ਉਹ ਤਾਂ ਤਾਂ ਕਰਨੇ ਚਾਹੀਏ ਜੇ ਗ੍ਰਿਹਸਤ ਵਿਚ ਨਾ ਰਹਿਣਾ ਹੋਵੇ। ਜੇ ਕਰੋ ਤਾਂ ਪ੍ਰਾਪਤੀ ਕੀ ਹੈ ? ਜੋ ਕਨਪਾਟਿਆਂ ਜੋਗੀਆਂ ਨੂੰ ਹੈ? ਪੀਂਦੇ ਹਨ, ਮਸਤ ਹੁੰਦੇ ਹਨ, ਕ੍ਰੋਧ ਬਾਹੁਲਤਾ ਨਾਲ ਹੁੰਦਾ ਹੈ ਤੇ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਦੱਸਦੇ ਹਨ। ਇਕ ਬੜੇ ਜੋਗੀ ਨੇ, ਜੋ ਚੰਗਾ ਆਦਮੀ ਸੀ, ਦੱਸਿਆ ਸੀ ਕਿ ਜੋ ਆਤਮ ਨਿਗ੍ਰਹ ਲਈ ਜੋਗ ਸਾਧਨ ਕਰਦੇ ਹਨ ਸੋ ਬੀ ਇੰਦ੍ਰਿਆਂ ਨੂੰ ਸਿਥਲ ਕਰਦੇ ਹੇਨ ਤੇ ਅਭਯਾਸ ਇਸੇ ਗੱਲ ਦਾ ਹੁੰਦਾ ਹੈ ਕਿ ਇੱਛਾ ਅਨੁਸਾਰ ਇੰਦ੍ਰੇ ਸਿਥਲ ਹੋ ਜਾਣ, ਪਰ ਰਾਜ ਜੋਗ ਹੋਰ ਸ਼ੈ ਹੈ। ਫਿਰ ਰਾਜ ਜੋਗ ਦੇ ਦਾਅਵੇਦਾਰ-ਭੇਖੀ ਛੱਡਕੇ ਬੀ-ਹੋਰਨਾਂ ਹੋਰਨਾਂ ਗੱਲਾਂ ਵਿਚ ਹੈਨ। ਅਸਲ ਗੱਲ ਇਹ ਹੈ ਕਿ ਜੋਗੀ

[1] ਜੇ ਮੁਝ ਦੇਂ ਕੁਛੁ ਕਲਾ ਦਿਖਾਈ। ਤਬ ਹੋਵੌਂ ਮੈਂ ਸਿਖ ਹਿਤ ਲਾਈ। ਦੰਭੀ ਸਾਧ ਮਿਲੇ ਬਹੁਤੇਰੇ। ਸ਼ਾਂਤਿ ਨ ਪ੍ਰਾਪਤ ਭੀ ਕਿਹ ਭੇਰੇ। ਯਾਂਤੇ ਮੁਝੇ ਨ ਉਪਜਤਿ ਪ੍ਰੀਤਾ। ਬਿਨ ਅਜ਼ਮਤ ਨਹਿਂ ਹੋਤ ਪ੍ਰਤੀਤਾ।

(ਸਫੇ ੯੩ ਦੀ ਬਾਕੀ)

ਸ਼ਰਧਾ ਪੂਰੀ। ਜਗਤ ਕੁਬੰਧਨ ਹਰ ਹਹਿਂ ਦੂਰੀ। ਕਲੀਕਾਲ ਤਾਰਨ ਕਰਤਾਰਾ। ਨਿਜ ਸਰੂਪ ਕੀਨੋ ਅਵਤਾਰਾ। ਜਿਹ ਕੇ ਜਾਗੇ ਭਾਗ ਮਹਾਨਾ। ਸੋ ਮਹਿਮਾ ਜਾਨਹਿ ਮਤਿਵਾਨਾ। ਲੌਕਿਕ ਰੀਤ ਕਰਹਿ ਨਿਰਬਾਹੂ ॥ ਰਿਦੈ ਗਯਾਨਘਨ ਅਗਮ ਅਥਾਹੂ। ਸਰਬ ਘਟਨ ਕੇ ਅੰਤਰਜਾਮੀ। ਨਮੰਤਾ ਚੌਦਹ ਲੋਕਨ ਸ੍ਵਾਮੀ। (ਨਾ: ਪ੍ਰ:)

[1] ਲਾਹੌਰ ਅੰਮ੍ਰਿਤਸਰ ਦੇ ਲਗ ਪਗ ਅੱਧ ਵਿਚ ਇਹ ਪਿੰਡ ਹੈ, ਪੁਰਾਣੇ ਰਸਤੇ।

ਜੈਸਾ ਜੋਗ ਦਰਸ਼ਨ ਨੇ ਕਿਹਾ ਹੈ ਮਿਲਦਾ ਨਹੀਂ। ਬਾਕੀ ਥੋੜੀ ਥੋੜੀ ਪ੍ਰਕ੍ਰਿਆ ਧਿਆਨ ਜੋੜਨ ਦੀ ਤੇ ਨਾਲ ਹੋਰ ਹੋਰ ਸਾਧਨ ਦੱਸੇ ਜਾਂਦੇ ਹਨ। ਸੋ ਭੀ ਪਰਚਾਵੇ ਵੇਖੇ ਹਨ। ਮੇਰਾ ਸ਼ੌਕ ਸੀ ਕੋਈ ਵੇਖਾਂ ਜੋ 'ਵਾਸ਼ਨਾ' ਤੇ ਵਸੀਕਾਰ ਰੱਖਦਾ ਹੋਵੇ, ਜਿਸ ਦਾ ਜੀਵਨ ਪਵਿੱਤ੍ਰ ਹੋਵੇ, ਜੋ ਮੋਹ ਮਾਇਆ ਦਾ ਜਿਤੈਯਾ ਹੋਵੇ ਤੇ ਫਿਰ ਜਿਸ ਦਾ ਮਨ ਸਾਈਂ ਨਾਲ ਲੱਗਾ ਹੋਵੇ, ਪਰ ਮੈਨੂੰ ਅਜੇ ਲੱਭਾ ਨਹੀਂ।

ਭਗੀਰਥ-ਠੀਕ ਹੈ ਮੰਗ ਤੇ ਢੂੰਡ ਤੇਰੀ ਹੇ [1]ਮਨਸੁਖ ! ਗੁਰੂ ਨਾਨਕ ਜੀ ਆਪ ਕਿਰਤੀ ਹਨ, ਮੋਦੀ ਖਾਨਾ ਟੋਰਦੇ ਹਨ, ਸਾਰਾ ਦਿਨ ਕੰਮ ਕਰਦੇ ਹਨ, ਪਰ ਸਾਰਾ ਦਿਨ ਸੁਰਤ ਸਾਂਈਂ ਵਿਚ ਰਹਿੰਦੀ ਹੈ। ਉਂਵ ਤਾਂ ਤੋਲਣ ਤੱਕਣ ਨੂੰ ਉਨ੍ਹਾਂ ਪਾਸ ਦੋ ਧੜਵਾਈ ਹਨ, ਪਰ ਕਦੇ ਮੌਜ ਨਾਲ ਆਪਣੀ ਗੱਦੀ ਤੋਂ ਉੱਠਕੇ ਤੋਲਣ ਬੀ ਆ ਬਹਿੰਦੇ ਹਨ। ਮੈਂ ਡਿੱਠਾ ਹੈ ਕਿ ਕਈ ਵੇਰ ਤੋਲਦੇ ਜਦ 'ਤੇਰਾਂ' ਤੇ ਆਉਂਦੇ ਹਨ ਤਾਂ 'ਤੇਰਾਂ' ਦੀ ਥਾਂ 'ਤੇਰਾ ਤੇਰਾ' ਕਹਿਣ ਲਗ ਜਾਂਦੇ ਹਨ ਤੇ ਕਹਿੰਦੇ ਕਹਿੰਦੇ ਤਾਰ ਬੱਝਕੇ ਅੱਖੀਂ ਜੁੜ ਜਾਂਦੀਆਂ ਹਨ, ਤੱਕੜੀ ਰਹਿ ਜਾਂਦੀ ਹੈ ਤੇ ਕਿੰਨਾ ਚਿਰ ਉਸੇ ਰੰਗ ਲੰਘ ਜਾਂਦਾ ਹੈ। ਇਸ ਤਰ੍ਹਾਂ ਜੇ ਕਦੀ 'ਪਾ' ਦੇ ਵੱਟੇ ਨੂੰ ਹੱਥ ਲਗ ਜਾਂਦਾ ਹੈ ਤਾਂ ਕਹਿੰਦੇ ਹਨ 'ਧੰਨ ਪਾ' ਹਾਂ 'ਪਾ ਸਾਈਆਂ ! ਪਾ, ਮਿਹਰਾਂ ਦੀ ਨਜ਼ਰ ਪਾ'।

ਫਿਰ ਦੇਖੋ ਕੰਮ ਛੱਡਦੇ ਸਾਰ ਕੀਰਤਨ ਆਰੰਭ ਹੋ ਜਾਂਦਾ ਹੈ। ਅੱਧੀ ਰਾਤ ਮਗਰੋਂ ਤੀਜੇ ਪਹਿਰ ਘਰ ਸ਼ਹਿਰ ਛੱਡ, ਨਦੀ ਕਿਨਾਰੇ ਜਾ ਬੈਠਦੇ ਹਨ। ਕੀਹ ਦੱਸਾਂ ? ਅਚਰਜ ਤਰ੍ਹਾਂ ਦਾ ਜੀਵਨ ਹੈ। ਗ੍ਰਿਹਸਤੀ ਹੈਨ, ਪਰ ਮੋਹ ਨਹੀਂ। ਪਦਾਰਥ ਕਮਾਉਂਦੇ ਹਨ, ਪਰ ਸਾਰਾ ਅਭਜਾਗਤਾਂ ਤੇ ਸਤਿਸੰਗ ਦੇ ਕੰਮਾਂ ਤੇ ਲਗਦਾ ਹੈ। ਕਈ ਵੇਰ ਸ਼ਿਕੈਤਾਂ ਹੋ ਚੁਕੀਆਂ ਹਨ ਕਿ ਮੋਦੀਖਾਨਾ ਉਜਾੜਦਾ ਹੈ, ਪਰ ਜਦੋਂ ਮੁਹਾਸਿਲ ਲੇਖਾ ਕਰਦੇ ਹਨ ਤਾਂ ਮਾਲ ਤੇ ਨਕਦੀ ਠੀਕ ਨਿਕਲਦੀ ਹੈ ਤੇ ਖਾਤੇ ਵਿਚ ਸਤਿਗੁਰ ਦਾ ਕੁਛ ਜਮਾਂ ਹੀ ਨਿਕਲਦਾ ਹੈ। ਕੋਈ ਇਲਾਹੀ ਬਰਕਤ ਹੈ। ਮੱਥਾ ਨੂਰ ਝਮਕਦਾ ਹੈ, ਹੱਥਾਂ ਵਿਚ ਇਲਾਹੀ ਬਰਕਤ ਹੈ, ਜਿਸ ਦੇ ਸਿਰ ਹੱਥ ਧਰ ਦੇਣ ਨਿਹਾਲ ਕਰ ਦੇਂਦੇ ਹਨ। ਸਾਧਨ ਤੱਕੋ ਤਾਂ ਹਠ ਯੋਗ ਤੱਕ ਬੀ ਕਰ ਚੁਕੇ ਹਨ, ਹੋਰ ਸਾਰੇ ਸਾਧਨ ਕਮਾ ਚੁਕੇ ਹਨ। ਆਤਮਾਂ ਦੀ ਕਲਯਾਨ ਵਾਸਤੇ ਦੱਸਦੇ ਹਨ ਕਿ ਉਨ੍ਹਾਂ ਦੀ ਲੋੜ ਨਹੀਂ ਹੈ। ਇਕ ਦਿਨ ਇਕ ਬੜੇ ਹੁੱਜਤੀ ਨਾਲ ਗੱਲਾਂ ਕਰਦੇ ਮੈਂ ਸੁਣੇਂ। ਆਪ ਫੁਰਮਾ ਰਹੇ ਸੇ ਕਿ ਸਾਰੇ ਜਗਤ ਦੇ ਲੋਕ ਜੋਗੀ ਨਹੀਂ ਹੋ ਸਕਦੇ, ਸਾਰੇ ਧਿਆਨੀ ਨਹੀਂ ਹੋ ਸਕਦੇ, ਸਾਰੇ ਤਯਾਗੀ ਸੰਨਯਾਸੀ ਨਹੀਂ ਹੋ ਸਕਦੇ। ਫਿਰ ਤੱਕੋ, ਏਹ ਸਾਧਨ ਕਰਨ ਵਾਲੇ ਸਾਰੇ ਭਾਈਚਾਰਾ ਛੋਡਕੇ ਬਨੀਂ ਜਾ ਵੱਸਦੇ ਹਨ। ਪਿਛੋਂ ਭਾਈਚਾਰਾ ਚੰਗੇ ਮਨੁੱਖਾਂ ਤੋਂ ਖਾਲੀ ਹੋ ਜਾਂਦਾ ਹੈ। ਸਾਧਨ ਉਹ ਚਾਹੀਏ ਕਿ ਜੋ ਸਭ ਕੋਈ-ਜੋ ਕਰਨਾ ਚਾਹੇ-ਕਰ ਸਕੇ ਤੇ ਗ੍ਰਿਹਸਤ ਵਿਚ ਰਹਿਕੇ ਕਰ ਸਕੇ। ਫਿਰ ਸਰੀਰ ਦੇ ਇੰਦ੍ਰੇ ਸਿਥਲ ਕਰਕੇ ਤਾਕਤਾਂ ਪੈਦਾ ਕਰਨ ਵਲ ਪੈਣਾ ਕਲਯਾਨ ਦਾ ਹੇਤੂ ਨਹੀਂ। ਕਲਯਾਨ ਤਾਂ ਆਤਮ ਪਦ ਵੱਲ ਉੱਠਣ ਨਾਲ ਹੈ। ਸੋ ਆਤਮਾਂ ਸ੍ਵਛ ਹੋਵੇ ਤੇ ਉਸ ਵਿਚ ਭਾਉ ਉਪਜੇ ਨਿਰੰਕਾਰ ਨੂੰ ਮਿਲਣ ਦਾ। ਉਹ ਭਾਉ ਪਰਮਾਤਮਾਂ ਨਾਲ ਮੇਲੇਗਾ। ਉਹ ਪਰਮੇਸ਼ੁਰ ਬੀ ਰੂਹ ਹੈ, ਆਤਮਾਂ ਹੈ, ਜਿੰਦ ਹੈ ਅਰਥਾਤ ਚੇਤਨ ਹੈ। ਜਿਤਨੇ ਸ਼ੁਭ ਗੁਣ ਜੀਵ ਵਿਚ ਹੈਨ ਉਸ ਪਰਮਾਤਮਾ ਦੇ ਹੀ ਹੈਨ। ਤਾਂਤੇ ਪ੍ਰੇਮ ਕਰਨ ਤੇ ਪ੍ਰੇਮ ਕਰਵਾਉਣ ਦਾ ਗੁਣ ਵੀ ਉਸ ਪਰਮੇਸ਼ੁਰ ਦਾ ਹੈ ਤੇ ਪ੍ਰੇਮ ਕਰਨ ਵਾਲਿਆਂ ਦੇ ਭਾਉ ਅੱਗੇ ਉਸ ਪਰਮੇਸ਼ੁਰ ਦਾ ਪ੍ਰੇਮ ਪ੍ਰਸੀਦੇਗਾ। ਦੁੱਵਲੀ ਪ੍ਰੇਮ ਹੀ ਮਿਲਾਪ ਦਾ ਵਸੀਲਾ ਹੁੰਦਾ ਹੈ। ਮਾਂ ਨਾਲ, ਵਹੁਟੀ ਨਾਲ, ਉਲਾਦ ਨਾਲ ਪਯਾਰ ਕਰਨ ਦਾ ਤਜਰਬਾ ਹਰ ਕਿਸੇ ਨੂੰ ਹੈ ਹੀ। ਸਭ ਜਾਣਦੇ ਹਨ ਕਿ ਪਯਾਰ ਕੀਹ ਵਸਤੂ ਹੈ। ਜਾਣਦੇ ਨਹੀਂ ਸਗੋਂ ਹਰ ਕਿਸੇ ਨੂੰ ਇਸ ਦਾ ਤਜਰਬਾ ਤੇ ਨਿਜ-ਗਯਾਨ ਹੈ;- ਆਪਣੇ ਤਜਰਬੇ ਵਿਚ ਆਯਾ ਨਿਜ-ਗਯਾਨ ਹੁੰਦਾ ਹੈ, ਸੋ ਇਸ ਪਿਆਰ ਨੂੰ ਕਰਤਾ ਪੁਰਖ ਵੱਲ ਬੀ ਲਾਇਆ।

ਮਨਸੁਖ-ਆਪ ਦੇ ਦਾਨੀ ਗੁਲਾਬ, ਮੈਂ ਗਲ ਟੁੱਕਦਾ ਹਾਂ। ਆਪਦੀ ਆਖੀ ਬ੍ਰਾਤ ਡਾਢੀ ਪਯਾਰੀ ਲੱਗੀ ਹੈ। ਪਰ ਦੱਸੋ ਨਾ ਕਿ ਪਯਾਰ ਦੇਖੀ ਵਸਤੂ ਨਾਲ ਲਗਦਾ ਹੈ ਅਣਦੇਖੀ ਨਾਲ ਕਿਵੇਂ ਲੱਗੇ ?

ਭਗੀਰਥ-'ਅਨਦੇਖੀ' ਤੇ 'ਦੇਖੀ' ਦੋਵੇਂ ਪਦ ਤਾਂ ਦੀਸਣਹਾਰ ਜਗਤ ਦੀਆਂ ਵਸਤਾਂ ਨਾਲ

[1] ਦਹਨ=ਮੂੰਹ।

ਬੋਲੀਦੇ ਹੈਨ ਤੋ ਨਿਰੰਕਾਰ ਦੀਸਣਹਾਰ ਤਾਂ ਨਹੀਂ ਨਾ, ਉਹ ਤਾਂ ਦੇਖਣਹਾਰ ਹੈ। ਸਾਨੂੰ ਉਹ ਦੇਖਦਾ ਹੈ ਤੇ ਅਸੀਂ ਉਸ ਨੂੰ ਨਹੀਂ ਦੇਖਦੇ। ਸਾਡੇ ਦੇਖਣ ਦਾ ਵਿਸ਼ਾ ਉਹ ਬਣ ਨਹੀਂ ਸਕਦਾ, ਕਿਉਂਕਿ ਦੀਸਣਹਾਰ ਬਿਨਸਨਹਾਰ ਹੁੰਦਾ ਹੈ ਤੇ ਉਹ ਅਬਿਨਾਸ਼ੀ ਹੈ, ਸੋ ਹੁਣ ਸੋਚ ਦੀ ਗੱਲ ਇਹ ਹੈ ਕਿ ਉਹ ਦੇਖਣ ਹਾਰ ਸਾਥੋਂ ਦੂਰ ਨਹੀਂ, ਉਹ ਤਾਂ ਸਾਡੇ ਅੰਗ ਸੰਗ ਹੈ, ਸਾਡੇ ਅੰਦਰ ਬਾਹਰ ਹੈ। ਅਸੀਂ ਉਸ ਦੀ ਅੰਸ਼ ਹਾਂ, ਉਹ ਆਪਣੀ ਅੰਸ਼ ਤੋਂ ਵਿੱਥ ਤੇ ਨਹੀਂ ਵੱਸਦਾ। ਗੁਰੂ ਜੀ ਕਿਹਾ ਕਰਦੇ ਹਨ : ਉਹ ਕੁਦਰਤ ਦੇ ਵਿਚੇ ਵਸਦਾ ਹੈ, ਕੁਦਰਤ ਤੋਂ ਭਿੰਨ ਨਹੀਂ, ਆਪਣੀ ਕੀਤੀ ਤੋਂ ਵਿੱਥ ਤੇ ਨਹੀਂ ਵੱਸ ਰਿਹਾ'। ਇਸ ਦਾ ਇਹ ਅਰਥ ਹੋਇਆ ਕਿ ਉਹ ਸਾਡੇ ਨਾਲ ਹੈ, ਅੰਗ ਸੰਗ ਹੈ, ਉਹ ਸਾਡੇ ਮਨ ਵਿਚ ਹੈ, ਸਾਡੇ ਅੰਤਹਕਰਨਾਂ ਦੇ ਅੰਦਰ ਹੈ ਅਤੇ ਬਾਹਰ ਕੁਦਰਤ ਵਿਚ ਬੀ ਹੈ।

ਮਨਸੁਖ-ਫੇਰ ਅਸੀਂ ਵਿਛੋੜੇ ਵਿੱਥ ਵਿਚ ਕਿਉਂ ਹਾਂ ? ਦੁਖੀ ਤੇ ਉਦਰੇਵੇਂ ਵਿਚ ਕਿਉਂ ਹਾਂ ?

ਭਗੀਰਥ-ਜਿਵੇਂ ਪਾਣੀ ਸਾਰੀ ਧਰਤੀ ਵਿਚ ਹੈ। ਪਰ ਸਾਰੇ ਧਰਤੀ ਤੇ ਬੈਠੇ ਪਿਆਸ ਨਾਲ ਮਰਦੇ ਹਨ, ਪਿਆਸ ਦਾ ਦੁਖ ਖੂਹ ਤੋਂ ਨਵਿਰਤ ਹੁੰਦਾ ਹੈ। ਇਹ ਇਕ ਸਮਝਣ ਲਈ ਮੈਂ ਮੋਟੀ ਗੱਲ ਆਖੀ ਹੈ। ਤਿਵੇਂ ਅੰਦਰ ਹੁੰਦੇ ਸੁੰਦੇ ਸਾਈਂ ਦੇ ਜੀਵ ਦੁਖੀ ਹਨ ਕਾਰਨ ਇਹ ਹੈ ਕਿ ਉਹ ਤਾਂ ਸਾਡੇ ਪਾਸ ਹੈ ਤੇ ਅਸੀਂ ਇਹ ਗੱਲ ਭੁਲਾ ਛੱਡੀ ਹੈ। ਰੱਬ ਅੰਦਰ ਸਭ ਦੇ ਹੈ ਪਰ ਉਹ ਸਾਡੇ ਚੇਤੇ ਵਿਚ ਨਹੀਂ ਵੱਸ ਰਿਹਾ। ਚੇਤੇ ਵਿਚ ਵੱਸ ਜਾਵੇ ਤਾਂ ਖੂਹ ਪੱਟਣ ਵਾਂਙੂੰ ਗਲ ਹੋ ਜਾਏਗੀ, ਅਰਥਾਤ ਉਸਦੀ ਸਾਨੂੰ ਪ੍ਰਾਪਤੀ ਦੀ ਸੂਰਤ ਬੱਝ ਜਾਏਗੀ, ਫੇਰ ਠੰਢ ਪਵੇਗੀ। ਦੇਖੋ ਸਾਡਾ ਮਨ ਸਦਾ ਬਾਹਰਮੁਖੀ ਰਹਿੰਦਾ ਹੈ, ਸਾਡੇ ਇੰਦ੍ਰੇ ਬਾਹਰ ਨੂੰ ਧਾਉਂਦੇ ਹਨ। ਸੋ ਇੰਦ੍ਰਿਆਂ ਦੇ ਭੋਗਾਂ ਵਲ ਰੁਖ਼ ਨੇ ਅਤੇ ਮਨ ਦੇ ਇਨ੍ਹਾਂ ਇੰਦ੍ਰਿਆਂ ਨੂੰ ਪ੍ਰੇਰਕ ਤੇ ਸਹਾਈ ਹੋਣ ਦੇ ਰੁਖ਼ ਨੇ ਮਨ ਨੂੰ ਬਾਹਰ ਵਲ ਦਾ ਰੋ ਦਿੱਤਾ ਹੈ ਤੇ ਇਉਂ ਸਾਈਂ ਵਲੋਂ ਭੁੱਲ ਪਈ ਰਹਿੰਦੀ ਹੈ। ਇਹ 'ਭੁੱਲ' ਹੈ ਵਿੱਥ, ਜੋ ਸਾਡੇ ਤੇ ਸਰਬ ਥਾਂ ਰਵ ਰਹੇ ਨਿਰੰਕਾਰ ਵਿਚ ਪੈ ਰਹੀ ਹੈ। ਭੁੱਲ ਦਾ ਉਲਟ ਹੈ-ਯਾਦ। ਯਾਦ ਅੰਦਰ ਵਸਾਈਏ ਤਾਂ ਮਨ ਦਾ ਰੁਖ਼ ਜੋ ਸਦਾ ਬਾਹਰ ਨੂੰ ਹੈ, ਉਸ ਵਿਚ ਅੰਤਰਮੁਖ ਹੋਣ ਦਾ ਗੁਣ ਆਵੇਗਾ। ਮਨ ਜੋ ਸਰੀਰ ਦੀ ਰਖ਼ਯਾ ਲਈ, ਸਰੀਰ ਦੀ ਪਾਲਣਾ ਲਈ ਤੇ ਸਰੀਰ ਦੇ ਭੋਗਾਂ ਲਈ ਬਾਹਰ ਨੂੰ ਰੁਖ਼ ਬੰਨ੍ਹੀ ਰਖਦਾ ਹੈ, ਸਾਈਂ ਨੂੰ ਸਿਮਰਨ ਵੇਲੇ ਆਪਣੇ ਅੰਦਰ ਬੀ ਕਿਸੇ ਆਹਰੇ ਲੱਗਣ ਲੱਗ ਜਾਏਗਾ। ਉਹ ਆਹਰ ਕੀ ਹੋਊ ? ਨਿਰੰਕਾਰ ਨੂੰ ਯਾਦ ਕਰਨ ਦਾ। ਸੋ ਇਹ ਆਹਰ ਸੋਚੋ ਕੀ ਸੁਭਾਉ ਲਵੇਗਾ ?

ਮਨਸੁਖ--ਮੈਂ ਸਮਝਿਆ, ਇਸ ਕੰਮ ਵਿਚ ਉਸ ਦੀ ਬਾਹਰ ਨੂੰ ਧਾਵਣ ਦੀ ਕ੍ਰਿਆ ਰੁਕਕੇ ਅੰਦਰੇ ਆਪਣੇ ਨਿੱਕੇ ਜਿਹੇ ਘੇਰੇ ਵਿਚ ਹੀ ਟਿਕਣ ਦਾ ਸੁਭਾਉ ਸਿੱਖੇਗਾਤੇ ਸਾਡੇ ਚੇਤੇ ਵਿਚ ਵਸ ਜਾਏਗਾ ਨਿਰੰਕਾਰ।

ਭਗੀਰਥ-ਠੀਕ ਹੈ। 'ਅੰਦਰਲੇ ਮਨ ਦੀ ਆਪਣੇ ਹੀ ਨੁਕਤੇ ਉਤੇ ਆਪਣੇ ਵਿਚ ਰਹਿਣ ਦੀ ਜਾਚ' ਮਨ ਨੂੰ ਆਉਣ ਲਗ ਜਾਵੇਗੀ। ਫਿਰ ਸੋਚੋ ਉਹ ਯਾਦ ਕਿਸਨੂੰ ਯਾਦ ਕਰ ਰਹੀ ਹੈ। ਕਿਸੇ ਬਾਹਰਲੇ ਵਿਸ਼ੇ ਨੂੰ ਨਹੀਂ, ਬਾਹਰਲੇ ਪਦਾਰਥ ਨੂੰ ਨਹੀਂ, ਉਹ ਅੰਦਰ ਆਪਣੇ ਦੇਖਣਹਾਰ ਨਿਰੰਕਾਰ ਨੂੰ ਯਾਦ ਕਰ ਰਹੀ ਹੈ, ਸੋ ਮਨ ਸਿਮਰਨ ਨਾਲ ਬਾਹਰ ਬਾਹਰ ਧਾਵਣੋ ਰੁਕਿਆ ਤੇ ਯਾਦ ਕਰ ਰਿਹਾ ਹੈ ਦੇਖਣਹਾਰ ਨੂੰ, ਇਉਂ ਸਨੇ ਸਨੇ ਮਨ ਉਸ ਵਿਚ ਸਮਾਉਣ ਦਾ ਰੁਖ਼ ਪਕੜੇਗਾ ਤੇ ਉਸਦਾ ਰੁਖ਼ ਹੁੰਦਾ ਜਾਏਗਾ ਦੇਖਣਹਾਰ। ਮਨ, ਜਿਸ ਵਿਚ ਸੀ ਸੰਸਾਰ ਤੇ ਜੋ ਸੀ ਸੰਸਾਰ ਵਿਚ, ਉਸ ਵਿਚ ਵੱਸ ਪਿਆ ਨਿਰੰਕਾਰ, ਕਿਉਂਕਿ ਮਨ ਨੂੰ ਆਪਣੇ ਅੰਤਰ ਮੁਖ ਰੁਖ਼ ਵਿਚ ਟਿਕਾਉ ਹੋਯਾ ਹੈ ਤੇ ਉਸ ਵਿਚ (ਭਾਉ) ਆਯਾ ਹੈ ਨਿਰੰਕਾਰ ਦਾ, ਜੋ ਉਸਦਾ ਮੂਲ ਹੈ ਤਾਂ ਉਹ ਆਪਣੇ ਮੂਲ ਵਿਚ ਜੁੜਕੇ ਸਦਾ-ਮੇਲ ਵਿਚ ਚਲਾ ਜਾਏਗਾ। ਸਤਿਗੁਰੂ ਜੀ ਸਾਨੂੰ ਫੁਰਮਾਯਾ ਕਰਦੇ ਹਨ ਕਿ ਸਾਡਾ ਅੰਦਰਲਾ ਜੀਵਤੱਤ ਨਿਰਮਲ ਹੋ ਹੋ ਤੇ ਆਪੇ ਵਿਚ ਟਿਕ ਟਿਕਕੇ ਪਰਮ ਤੱਤ, ਜੋ ਨਿਰੰਕਾਰ ਹੈ ਉਸ ਵਿਚ ਜੁੜੇ, ਇਸ ਦਾ ਨਾਮ ਕਲਯਾਨ ਹੈ[੧]। ਹੁਣ ਸੋਚੋ ਕਿ ਕੈਸਾ ਸੌਖਾ ਹਰ ਕਿਸੇ ਦੀ ਸਮਝੇ ਪੈ ਜਾਣ ਵਾਲਾ ਤੇ ਹਰੇਕ ਦੇ ਕਰਨ ਵਾਲਾ ਕੰਮ ਹੈ। ਹੈ ਕਿ ਨਹੀਂ ?

ਮਨਸੁਖ-ਗੱਲ ਦਿਲ ਲੱਗੀ ਹੈ। ਸੌਖਾ ਹੈ ਸਮਝ ਜੋਗਾ, ਸੌਖਾ ਲਗਦਾ ਹੇ ਕਰਨ ਜੋਗਾ, ਪਰ ਕਰਕੇ

---

[੧] ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥ {ਸੋਰਠਿ ਮਹਲਾ ੧}

ਵੇਖੀਏ ਕਿ ਕਿਵੇਂ ਪ੍ਰਾਪਤੀ ਅਪੜਾਉਂਦਾ ਹੈ ?

ਭਗੀਰਥ-ਹਾਂ, ਇਕ ਸਤਿਗੁਰ ਜੀ ਦਾ ਹੋਰ ਵਾਧਾ ਹੈ। ਆਖਦੇ ਹਨ। ਕਰੋ ਇਹ ਕਾਰ, ਏਥੇ ਸੁਖੀ ਹੋ ਜਾਓ ਫਿਰ ਆਸ ਕਰਨੀ ਅੱਗੇ ਬੀ ਸੁਖੀ ਹੋਸਾਂ। ਆਪ ਉਨ੍ਹਾਂ ਸਾਧਨਾਂ ਨੂੰ ਪਸਿੰਦ ਨਹੀਂ ਕਰਦੇ ਜੋ ਏਥੇ ਤਾਂ ਕਰੀ ਚੱਲੋ ਕਰਮ ਮਾਤ੍ਰ ਤੇ ਆਸ ਰਖੋ ਕਿ ਅੱਗੇ ਚੱਲਕੇ ਫਲ ਮਿਲੇਗਾ। ਨਾ ਉਨ੍ਹਾਂ ਗੱਲਾਂ ਨੂੰ ਪਸਿੰਦ ਕਰਦੇ ਹਨ ਕਿ ਜਿਨ੍ਹਾਂ ਨਾਲ ਏਥੇ ਕੁਛ ਨਾਟਕ ਚੇਟਕ ਵਿਭੂਤੀ ਮਿਲ ਜਾਏ ਤੇ ਆਤਮਾ ਯਾ ਰੂਹ ਸਾਡੀ ਪਰਮਪਦ ਤੇ ਨਾ ਅੱਪੜੇ ਤੇ ਅੱਗੇ ਦੇ ਸੁਖ ਦੀ ਤਸੱਲੀ ਨਾ ਬੱਝੇ। ਆਪ ਦੋਹੀਂ ਜਹਾਨੀ ਸੁਖ ਦਾ ਉਪਰਾਲਾ ਕਰਨਾ ਦੱਸਦੇ ਹਨ। ਫਿਰ ਨਵੀਂ ਤੇ ਅਨੋਖੀ ਗੱਲ ਇਹ ਹੈ ਕਿ ਕਿਸੇ ਨੂੰ ਮਾੜਾ ਨਹੀਂ ਕਹਿੰਦੇ, ਕਿਸੇ ਦੀ ਨਿੰਦਾ ਨਹੀਂ ਕਰਦੇ। ਹਰ ਗਲ ਦੇ, ਹਰ ਸਾਧਨ ਤੇ ਤਜਰਬੇ ਨਾਲ ਜਾਣੂ ਹਨ ਤੇ ਜਦ ਰਾਇ ਦੇਂਦੇ ਹਨ ਤਦ ਆਪਣੇ ਅਨੁਭਵ ਦੀ ਤੇ ਨਿਜ ਦੇ ਤਜਰਬੇ ਦੀ ਦੇਂਦੇ ਹਨ। ਇਹ ਬੀ ਕਈ ਵੇਰ ਕਹਿੰਦੇ ਹਨ ਕਿ ਭਾਈਚਾਰਾ ਦੁਖੀ ਹੈ। ਚੰਗੇ ਲੋਕ ਸਾਧੂ ਹੋਕੇ ਤਜਾਗ ਧਾਰਕੇ ਘਰਾਂ ਤੋਂ ਟੁਰ ਜਾਂਦੇ ਹਨ, ਪਰ ਸਾਰੇ ਕਿਥੇ ਟੁਰ ਜਾਣ ? ਜੇ ਭਲਾ ਸਾਰੇ ਤਜਾਗੀ ਹੋ ਜਾਣ ਤਾਂ ਤਜਾਗੀਆਂ ਦੀ ਮਧੂਕਰੀ ਤੇ ਚਾਦਰਾ ਕਿਥੋਂ ਆਵੇ ? ਇਸ ਨਾਲੋਂ ਇਹ ਚੰਗਾ ਹੈ ਕਿ ਤਜਾਗ ਪਸੰਦ ਲੋਕ ਮਨ ਦਾ ਤਜਾਗ ਕਰਨ, ਭਾਈਚਾਰੇ ਦੇ ਵਿਚ ਵੱਸਣ, ਗ੍ਰੀਬਾਂ ਲਈ ਧਨ ਦੀ, ਮਨ ਦੀ ਸਹਾਇਤਾ ਕਰਕੇ ਨਿਜ ਨੂੰ ਤਜਾਗ ਵਿਚ ਰੱਖਣ, ਉਹਨਾਂ ਦੀ ਨਿਰਮਲ ਬੁੱਧੀ ਨਾਲ ਭਾਈਚਾਰਾ ਉੱਚਾ ਹੋ ਜਾਵੇ। ਉਹ ਕਸ਼ਟ, ਜੋ ਭਾਈਚਾਰੇ ਨੂੰ ਪਏ ਹਨ, ਜਿਸ ਨੂੰ ਇਕੱਲਾ ਦੁਕੱਲਾ ਦੂਰ ਨਹੀਂ ਕਰ ਸਕਦਾ, ਭਾਈਚਾਰਾ ਹੀ ਉਚੇਰਾ ਹੋਕੇ ਦੂਰ ਕਰੇ, ਇਸ ਕਰਕੇ, ਉਹ ਉਹਨਾਂ ਸਾਧਨਾਂ ਨੂੰ ਪਸੰਦ ਨਹੀਂ ਕਰਦੇ, ਜਿਨ੍ਹਾਂ ਨਾਲ ਕਿ ਮਨੁੱਖ ਭਾਈਚਾਰੇ[੧] ਨਾਲੋਂ ਅਵੱਸੋਂ ਟੁੱਟਕੇ ਅਲੱਗ ਜਾ ਬੈਠੇ। ਉਹ ਚਾਹੁੰਦੇ ਹਨ ਕਿ ਇਕ ਇਕ ਜੀਵ ਦਾ ਉਧਾਰ ਹੋਵੇ ਤੇ ਐਸੇ ਉਧਾਰੇ ਜੀਵਾਂ ਦੇ ਸਤਿਸੰਗ ਨਾਲ ਭਾਈਚਾਰੇ ਦਾ ਬੀ ਉਧਾਰ ਹੋਵੇ। ਫਿਰ ਸਾਧਨ ਐਸਾ ਹੋਵੇ ਕਿ ਰੋਟੀ ਵਲੋਂ ਬੇਫਿਕਰੀ ਆਦਮੀ ਬੀ ਕਰ ਸਕੇ ਤੇ ਸਾਰਾ ਦਿਨ ਬੌਲਦਾਂ ਦੇ ਮਗਰ ਟੁਰਨ ਵਾਲਾ ਰਾਹਕ ਬੀ ਕਰ ਸਕੇ।

ਮਨਸੁਖ-ਕਿਵੇਂ ?

ਭਗੀਰਥ-ਸਾਂਈਂ ਦੀ ਯਾਦ ਨਾਲ। ...ਹਾਂ, ਓਹ ਕਹਿੰਦੇ ਹਨ ਸਵੇਰੇ ਅੰਮ੍ਰਿਤ ਵੇਲੇ ਉਠਕੇ ਸਿਮਰਨ ਕਰੋ। ਇਕ ਪਹਿਰ ਕਰੋ, ਇਕ ਘੜੀ ਕਰੋ, ਅੱਧੀ ਘੜੀ ਕਰੋ, ਅੱਧੀ ਤੋਂ ਅੱਧੀ ਕਰੋ, ਜਿੰਨੀ ਸਰੇ ਕਰੋ। ਦੱਸੋ ਇੰਨਾ ਸਮਾਂ ਹਰ ਕੋਈ ਕੱਢ ਸਕਦਾ ਹੈ ਕਿ ਨਹੀਂ ? ਫਿਰ ਫੁਰਮਾਉਂਦੇ ਹਨ ਕਿ ਉਠਦੇ, ਬਹਿੰਦੇ, ਟੁਰਦੇ, ਫਿਰਦੇ ਉਸਦੇ ਨਾਮ ਨੂੰ ਰਸਨਾ ਤੇ ਵਸਾਓ, ਰਸਨਾਂ ਤੋਂ ਨਾਮ ਸਹਿਜੇ ਸਹਿਜੇ ਆਪਣੇ ਆਪ ਮਨ ਵਿਚ ਉਤਰ ਜਾਏਗਾ। ਇਕ ਦ੍ਰਿਸ਼ਟਾਂਤ ਹੈ, ਹੈ ਤਾਂ ਹਾਸੇ ਵਾਂਙੂ ਪਰ ਸਮਝਣ ਲਈ ਚੰਗਾ ਦ੍ਰਿਸ਼ਟਾਂਤ ਹੈ ਕਿ ਜਿਵੇਂ ਜੀਭ ਤੇ ਰੱਖੀ ਰੋਟੀ ਦੀ ਗ੍ਰਾਹੀ ਚਿੱਥਦਿਆਂ ਚਿੱਥਦਿਆਂ ਆਪੇ ਹੇਠਾਂ ਉਤਰ ਜਾਂਦੀ ਹੈ, ਕਿਸੇ ਲਕੜੀ ਕਿ ਉਂਗਲੀ ਨਾਲ ਹੇਠਾਂ ਨਹੀਂ ਧੱਕੀਦੀ, ਤਿਵੇਂ ਨਾਮ ਰਸਨਾਂ ਤੋਂ ਆਪੇ ਮਨ ਵਿਚ ਵਸ ਜਾਂਦਾ ਹੈ। ਜਿਵੇਂ ਅੰਦਰ ਲੰਘ ਗਏ ਅੰਨ ਤੋਂ ਸਾਡੇ ਕੁੱਵਤ ਗ਼ੈਰ ਇਰਾਦੀ ਵਾਲੇ (=ਅੰਦਰਲੇ ਬੇਖ਼ਬਰੀ ਚੇਤਨਾ ਵਾਲੇ) ਮਨ ਨੇ ਉਸ ਤੋਂ ਹੀ ਅੰਗ ਪ੍ਰਤਿ ਅੰਗ ਸਰੀਰ ਦੇ ਸਾਰੇ ਸਾਮਾਨ ਬਣਾ ਕੱਢਣੇ ਹਨ, ਤਿਵੇਂ ਰਸਨਾ ਤੇ ਸਦਾ ਵਸਾਇਆ ਨਾਮ ਮਨ ਵਿਚ ਲਹਿ ਜਾਏਗਾ। ਮਨ ਵਿਚ ਜਾਕੇ ਮਨ ਦਾ ਸਿਮਰਨ (ਯਾਦ) ਬਣ ਜਾਏਗਾ। ਯਾਦ 'ਪਿਆਰ ਭਾਵ' ਬਣ ਜਾਏਗੀ, ਇਹ 'ਭਾਵ' ਮੇਲ ਵਿਚ ਰੱਖੇਗਾ। ਹੁਣ ਤੱਕੋ, ਹਲ ਵਾਹੁੰਦਾ ਜ਼ਿਮੀਦਾਰ ਤੇ ਹੱਟੀ ਬੈਠਾ ਵਪਾਰੀ ਤੇ ਨੌਕਰੀ ਪੇਸ਼ਾ ਸਾਰੇ ਹੀ ਜੇ ਅੰਦਰੋਂ ਰੁਖ਼ ਯਾਦ ਵੱਲ ਰੱਖਣ ਤਾਂ ਕਿਸੇ ਕਿੱਤੇ ਵਿਚ ਫਰਕ ਪੈਂਦਾ ਹੈ ?

ਮਨਸੁਖ-ਜਿਮੀਂਦਾਰ ਨੂੰ ਤਾਂ ਘੱਟ ਪੈਂਦਾ ਹੈ ਪਰ ਸੋਚ ਵਾਲੇ ਕੰਮਾਂ ਵਿਚ ਕੁਛ ਪਊ। ਕਿਉਂ ?

ਭਗੀਰਥ-ਠੀਕ ਕਿਹਾ ਨੇ। ਪਰ ਹਰ ਕਮਾਮ ਵਾਲੇ ਨੂੰ ਕੰਮ ਕਰਦਿਆਂ, ਸੋਚਦਿਆਂ ਸਾਰਾ ਦਿਨ ਵਿਚੋਂ ਵਿਚੋਂ ਵਿਹਲ ਮਿਲਦੀ ਰਹਿੰਦੀ ਹੈ। ਜਿਵੇਂ ਵਪਾਰੀ ਦੇ ਇਕ ਗਾਹਕ ਦੇ ਜਾਣ ਤੇ ਦੂਸਰੇ ਦੇ ਆਉਣ ਵਿਚ ਸਮਾਂ ਮਿਲਦਾ ਹੈ। ਉਹ ਕੰਮਾਂ ਵਾਲੇ ਸਮੇਂ ਵਿਚੋਂ ਵਿਹਲ ਦੀਆਂ ਮਿਲਦੀਆਂ ਵਿੱਥਾਂ ਨੂੰ ਸੰਭਾਲੇ ਤਾਂ ਦੇਖੋ ਕਿੰਨਾਂ ਸਮਾਂ ਮਿਲਦਾ ਹੈ। ਇਸ

[੧] ਸਮਾਜ, ਸੁਸਾਇਟੀ।

ਤਰ੍ਹਾਂ ਵਿਹਲ ਵਾਲੇ ਸਮਿਆਂ ਵਿਚ ਸਮ੍ਹਾਲਾ ਕਰਦਿਆਂ ਯਾਦ ਮਨ ਵਿਚ ਲਹਿਕੇ ਕਿਸੇ ਸੁਰਤ ਦੇ ਡੂੰਘੇ ਪਰਤਾਂ ਵਿਚ ਬੈਠ ਜਾਂਦੀ ਹੈ। ਜਿਥੇ ਸਾਡੇ ਮਨ ਦੇ ਹੇਠਲੇ ਪਰਤ ਵਿਚ 'ਸੰਸਕਾਰ' ਵਸਦੇ ਹਨ ਉਥੇ ਨਾਮ ਜਾ ਵਸਦਾ ਹੈ ਤੇ ਉਥੇ ਗਿਆ ਫੇਰ ਆਪੇ ਜਾਰੀ ਰਹਿੰਦਾ ਹੈ। ਫੇਰ ਤਾਂ ਪ੍ਰਾਣਾਂ ਦਾ, ਸਰੀਰ ਦਾ ਰੁਖ਼ ਬੀ ਨਾਮ ਵਾਲਾ ਹੋ ਜਾਂਦਾ ਹੈ। ਦਾਤਾ ਜੀ ਕਈ ਵੇਰ ਫ਼ੁਰਮਾਯਾ ਕਰਦੇ ਹਨ ਕਿ ਨਾਮ ਪ੍ਰਾਣਾਂ ਵਿਚ ਵਸ ਗਿਆਂ ਜਨਮ ਕਟ ਜਾਂਦਾ ਹੈ[੧]।

ਮਨਸੁਖ-ਸਮਝਿਆ ਹਾਂ, ਪਰ ਇਕ ਗੱਲ ਫੇਰ ਸਮਝਾਓ ਕਿ ਮਨ ਦੇ 'ਬੇਖ਼ਬਰੀ ਚੇਤਨਾ ਵਾਲੇ' ਤੇ 'ਸੰਸਕਾਰਾਂ ਵਾਲੇ' ਥਾਉਂ ਤੋਂ ਤੁਸਾਂ ਦਾ ਕੀ ਅਰਥਾਉ ਹੈ?

ਭਗੀਰਥ-ਦੇਖੋ ਨਾ,ਰੋਟੀ ਜੋ ਖਾਧੀ। ਖਾਂਦਿਆਂ ਸਾਨੂੰ ਪਤਾ ਹੈ ਕਿ ਖਾ ਰਹੇ ਹਾਂ। ਜਦ ਪੇਟ ਵਿਚ ਚਲੀ ਗਈ ਤਾਂ ਪਤਾ ਨਹੀਂ ਕੀ ਹੋ ਰਿਹਾ ਹੈ, ਆਪੇ ਹੀ ਪਚਦੀ ਹੈ ਤੇ ਲਹੂ, ਮਿੱਝ, ਮਾਸ, ਹੱਡੀ, ਮਗਜ਼, ਅੱਖਾਂ, ਹੱਥ, ਪੈਰ ਪਈ ਬਣਦੀ ਹੈ। ਕੋਈ ਬੇਖ਼ਬਰੀ ਚੇਤਨਾ ਦਾ ਪਰਤ ਹੈ ਨਾ ਅੰਦਰ ਜੋ ਇਹ ਕੰਮ ਕਰ ਰਿਹਾ ਹੈ। ਸਾਡੇ ਦਾਨੇ ਆਖਦੇ ਹਨ ਕਿ ਮਨ ਦੀ ਕੁੱਵਤ ਗ਼ੈਰ ਇਰਾਦੀ ਵਾਲੀ ਸਤਯਾ ਇਹ ਕੰਮ ਕਰ ਰਹੀ ਹੈ। ਸੋ ਸੋਚ ਲਵੋ ਕਿ ਸਾਡੇ ਮਨ ਦੇ ਪਿਛੇ ਕੋਈ ਮਨ ਦਾ ਹੋਰ ਪਰਤ ਹੈ ਨਾ ਕਿ ਜਿਥੇ ਜੋ ਆਪੇ ਪਿਆ ਕੰਮ ਕਰਦਾ ਹੈ ਸਾਥੋਂ ਅਨਜਾਣੇ। ਸੋ ਸਜਣ ਜੀ ! ਨਾਮ ਜਪਦਿਆਂ ਜਦ ਸਿਮਰਨ ਬਣ ਜਾਂਦਾ ਹੈ ਤਾਂ ਸਿਮਰਨ ਹੋਕੇ ਮਨ ਦੇ ਇਨ੍ਹਾਂ ਡੂੰਘੇ ਪਰਤਾਂ ਵਿਚ ਚਲਾ ਜਾਂਦਾ ਹੈ, ਫੇਰ ਪ੍ਰਾਣਾਂ ਵਿਚ ਵਸ ਜਾਂਦਾ ਹੈ। ਫਿਰ ਐਉਂ ਭਾਸਦਾ ਹੈ ਕਿ ਸਾਡਾ ਮਨ ਪ੍ਰਾਣਾਂ ਤੇ ਸਰੀਰ ਕਿਸੇ ਰੰਗ ਵਿਚ ਹੈਨ। ਹਾਂ, ਜੀਓ ਫੇਰ ਕੋਈ 'ਹੈ' ਦਾ ਭਾਵ ਸਾਰੇ ਅੰਦਰ ਵਯਾਪ ਜਾਂਦਾ ਹੈ ਤੇ ਅੰਦਰ ਬੈਠਾ ਸਿਮਰਨ ਆਪੇ ਮਨ ਬੁਧ ਨੂੰ ਸੂਛ ਤੇ 'ਹੈ' ਦੇ ਭਾਵ ਵਿਚ ਰੰਗ ਲੈਂਦਾ ਹੈ। 'ਹੈ' ਜਿਸ ਨੂੰ ਦਾਨੇ 'ਸਤਿ' ਆਖਦੇ ਹਨ, ਸਤਿ ਦੀ ਲੱਖਤਾ ਹੋ ਆਉਂਦੀ ਹੈ ਐਉਂ। ਠੀਕ ਹੈ ?

ਮਨਸੁਖ-ਦਿਲ ਲਗਦੀਆਂ ਹਨ ਗੱਲਾਂ, ਪਰ ਸੁਾਦ ਤਾਂ ਕਰਕੇ ਹੀ ਆਸੀ ਨਾ। ਮੈਨੂੰ ਇਕ ਗੱਲ ਦੱਸੋ ਕਿ ਤੁਸੀਂ ਬਰਸਾਂ ਤੋਂ ਕਰਦੇ ਹੋ ਨਾਂ, ਤੁਸਾਂ ਨੂੰ ਕਿਵੇਂ ਦਾ ਸੁਖ ਭਾਸਿਆ ਹੈ ?

ਭਗੀਰਥ-ਹਰ ਜੀਵ ਦੇ ਆਪਣੇ 'ਮੈਂ' ਦੇ ਨੁਕਤੇ ਤੇ "ਮੈਂ" ਦੇ ਆਪਣੇ ਨਿਜ ਦੇ ਦਾਇਰੇ ਦੇ ਅੰਦਰ ਜੋ ਕੁਛ ਹੋ ਰਿਹਾ ਹੈ ਓਸੇ ਨੂੰ ਪਤਾ ਹੈ, ਦੂਸਰੇ ਨੂੰ ਉਥੇ ਦਖ਼ਲ ਨਹੀਂ, ਪਰ ਹਰ ਕੋਈ ਅਪਣੇ ਉਥੇ ਦੀ ਹੋ ਰਹੀ ਤੇ ਵਾਪਰੀ ਨੂੰ ਥ੍ਹੋੜਾ ਬਹੁਤ ਵਰਨਣ ਕਰ ਸਕਦਾ ਹੈ ਤੇ ਅਗਲਾ ਸੁਨਣ ਵਾਲਾ ਉਸ ਤੋਂ ਕੋਈ ਖਯਾਲ ਅਪਣਾ ਬਣਾ ਸਕਦਾ ਹੈ, ਸੋ ਇਉਂ ਚਾਹੋ ਤਾਂ ਦੱਸਦਾ ਹਾਂ, ਤੁਸੀਂ ਉਸ ਤੇ ਅਪਣਾ ਖਿਆਲ ਬਣਾ ਲੈਣਾ। ਉਹ ਐਉਂ ਹੈ:-ਕਿ ਮੇਰਾ ਮਨ ਤੇ ਇੰਦ੍ਰੇ ਹੁਣ ਅੱਗੇ ਵਾਂਙੂ ਧਾਉਂਦੇ ਨਹੀਂ। ਗੁਰੂ ਬਖਸ਼ੇ, ਹੰਕਾਰ ਨਾ ਹੋ ਜਾਏ, ਗੁਰੂ ਮਿਹਰ ਦਾ ਸਦਕਾ ਕੁਛ ਐਉਂ ਦਾ ਹੋ ਰਿਹਾ ਹੈ ਕਿ ਇੰਦ੍ਰੇ ਭੋਗਾਂ ਵਲ ਭੱਜਦੇ ਘੱਟ ਹਨ। ਮਨ ਫੁਰਨਿਆਂ ਵਲ ਤੇ ਖਯਾਲੀ ਮਹਲ ਉਸਾਰਨ ਵਲ ਘੱਟ ਜਾਂਦਾ ਹੈ। ਸਿਮਰਨ ਵਿਚ ਲਗਦਾ ਹੈ। ਜੋ ਅੱਖਰ ਹਨ ਨਾਮ ਦੇ, ਜੋ ਉਪਦੇਸ਼ ਹੈ, -ਨਾਮ ਹੈ, ਅਰਥਾਤ ਸ਼ਬਦ ਜੋ ਗੁਰਾਂ ਨੇ ਬਖਸ਼ਿਆ ਹੈ-ਉਸ ਨੂੰ ਸੁਰਤ ਲਿਪਟਦੀ ਹੈ, ਜਿਵੇਂ ਗਾਵਣਹਾਰ ਦੀ ਹੇਕ ਲਿਪਟਦੀ ਹੈ ਸਾਜ਼ ਦੀ ਸੁਰ ਨੂੰ, ਅੰਦਰ ਇਕ "ਹੈ" ਦਾ ਭਾਵ ਹਰ ਵੇਲੇ ਰਹਿੰਦਾ ਹੈ ਤੇ ਅੰਦਰ ਇਕ ਸੁਅਸਥਤਾਈ ਉਪਜਦੀ ਹੈ, ਨਿਰਮਲਤਾਈ, ਹਲਕਾਪਨ, ਸੁਆਦ ਸੁਆਦ। ਫਿਰ ਕੀ ਆਖਾਂ, ਆਖਿਆ ਨਹੀਂ ਜਾਂਦਾ, ਆਪਾ ਸੁਹਣਾ, ਸੁਥਰਾ, ਹਲਕਾ ਤੇ ਸੁਅਸਥ ਲਗਦਾ ਹੈ ਆਪ ਨੂੰ[੧]। ਐਉਂ ਕਦੇ ਕਦੇ ਭਾਸਦਾ ਹੈ ਕਿ ਨਿਰਮਲ ਹੋਇਆ ਹੈ ਆਪਾ ਤੇ ਕਿਸੇ ਪ੍ਰਕਾਸ਼ ਨਾਲ ਮਿਲਕੇ ਮਾਨੋਂ ਚਮਕ ਰਿਹਾ ਹੈ। ਹੋਰ ਕੀ ਆਖਾਂ ? ਕੁਛ ਅਗੋਂ ਕਿਹਾ ਨਹੀਂ ਜਾਂਦਾ। ਚਾਨਣਾ ਮਾਤ੍ਰ ਨਾ ਸਮਝ ਲੈਣਾ। ਜਾਣੇ ਸਤਿਗੁਰੂ ਮੈਨੂੰ ਪਤਾ ਨਹੀਂ, ਪਰ ਮੈਂ ਸੁਖੀ ਹਾਂ, ਰਸ ਵਿਚ ਹਾਂ ਤੇ ਚਾਹੁੰਦਾ ਹਾਂ ਕਿ ਮੇਰੇ ਅੰਦਰਲੇ ਦਾ ਉਹ ਸੁਖ ਦਾ ਪ੍ਰਵਾਹ ਬਣਿਆ ਰਹੇ। ਮੈਨੂੰ ਉਸ ਅੰਦਰਲੀ ਨਿਰਮਲਤਾਈ ਵੇਲੇ ਵਿਕਾਰ ਤੇ ਭੋਗ ਮੈਲੇ ਭਾਸਦੇ ਹਨ ਤੇ ਉਹ ਸੁੱਛ ਹਾਲਤ ਬੜੀ ਵਾਂਛਤ ਤੇ ਡਾਢੀ ਲੁੜੀਂਦੀ ਲਗਦੀ

---

[੧] ਏਕੁ ਸ਼ਬਦ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥ {ਬਿਲਾਵਲ ਮ: ੧}

[੧] ਨਾਨਕ ਭਗਤਾ ਸਦਾ ਵਿਗਾਸੁ ॥ {ਜਪੁਜੀ}

ਹੈ। ਹੋਰ ਕਿਵੇਂ ਆਖਾਂ, ਮੈਂ ਦਾਤਾ ਜੀ ਦੀ ਮਿਹਰ ਨਾਲ ਸੁਖੀ ਹਾਂ।

ਮਨਸੁਖ-ਸੁਖੀ ਹੁੰਦਾ ਹੈ ਮਨ ਤੇਰੇ ਬਚਨ ਸੁਣਕੇ। ਤੇਰਾ ਦਾਤਾ ਕੋਈ ਅਰਸ਼ੀ ਕੌਤਕ ਵਾਲਾ ਜਾਪਦਾ ਹੈ, ਪਰ ਮੈਂ ਭੇਖੀਆਂ ਕੋਲੋਂ ਥੱਕਾ ਹੋਇਆ ਹਾਂ, ਹਾਂ, ਜਿਨ੍ਹਾਂ ਦੇ ਮਗਰ ਲੱਖ ਲੱਖ ਆਦਮੀ ਹੈ ਤੇ ਜੋ ਹੱਥਾਂ ਤੇ ਸਰ੍ਹੋਂ ਜਮਾ ਦੇਂਦੇ ਹਨ, ਜਿਨ੍ਹਾਂ ਪਰ ਲੋਕੀਂ ਘੋਲੀ ਸਦਕੇ ਹੋ ਰਹੇ ਹਨ ਤੇ ਲੱਖਾਂ ਰੁਪੱਯੇ ਚਰਨਾਂ ਵਿਚ ਧਰਦੇ ਹਨ, ਪਰ ਮੈਂ ਉਨ੍ਹਾਂ ਦੇ ਨੇੜੇ ਹੋ ਹੋ ਕੇ ਪੋਲ ਹੀ ਤੱਕ ਤੱਕਕੇ ਮੁੜਿਆਂ ਹਾਂ। ਮੈਂ ਇਸ ਕਰਕੇ ਇਹ ਧਾਰੀ ਹੈ ਕਿ ਜੇ ਤਾਂ ਉਨ੍ਹਾਂ ਜਾਂਦੇ ਸਾਰ ਕਰਾਮਾਤ ਦਿਖਾਈ ਤਾਂ ਮੰਨਸਾਂ। ਜੋ ਪਤੀਆ ਮੈਂ ਲੈਣਾ ਹੈ ਮੈਂ ਮਨ ਧਾਰ ਲਿਆ ਹੈ, ਜੋ ਮੈਂ ਦੱਸਣਾ ਨਹੀਂ, ਜਾਂਦੇ ਸਾਰ, ਸਨਮੁਖ ਹੁੰਦੇ ਸਾਰ, ਜੇ ਮੇਰੀ ਮਨ ਦੀ ਮੰਨੀ ਕਰ ਦਿਖਾਈਓ ਨੇ ਤਾਂ ਮੈਂ ਮੰਨ ਲੈਸਾਂ।

ਭਗੀਰਥ-ਇਹ ਸੋਚਾਂ ਕੋਈ ਗੁਣਕਾਰ ਨਹੀਂ। ਕਰਾਮਾਤ ਉਹਨਾਂ ਅੱਗੇ ਵੱਡੀ ਗੱਲ ਨਹੀਂ, 'ਗੁਰ ਅਵਤਾਰ' ਹਨ। ਕਰਾਮਾਤ ਸਹਿਜੇ ਹੋ ਜਾਏ ਸੂਮ ਕਰਕੇ ਮਹਾਂ ਪੁਰਖ ਨਹੀਂ ਕਰਿਆ ਕਰਦੇ। ਤੂੰ ਸਮੁੰਦਰ ਪਾਸੋਂ ਬੂੰਦ ਦੀ ਮੰਗ ਕੀਤੀ ਹੈ, ਓਥੇ ਤਾਂ ਰਤਨਾਂ ਦੇ ਨਿਧਾਨ ਭਰੇ ਪਏ ਹਨ, ਇਕ ਬੂੰਦ ਦੀ ਕੀਹ ਗੱਲ ਹੈ। ਪਰਤਾਵਾ ਲੈਣਾ ਚੰਗਾ ਨਹੀਂ, ਪਰ ਕਰ ਲੈ ਜੇ ਮਨ ਇਉਂ ਪਤੀਜ ਪਵੇ ਤਾਂ।

ਮਨਸੁਖ-ਚੰਗਾ, ਮੈਂ ਤਾਂ ਏਹੋ ਧਾਰ ਲਈ ਹੈ, ਜੋ ਹੋਇ ਸੋ ਹੋਇ।

੬.

ਹਾਂ ਜੀ ਸੱਚ ਦਾ ਅਵਤਾਰ, ਸੁਲਹ ਦਾ ਪੈਗ਼ੰਬਰ, ਪਿਆਰ ਦਾ ਦੇਵਤਾ, ਉਪਕਾਰ ਦਾ ਰਿਖੀਸ਼ੁਰ ਗੁਰੂ ਨਾਨਕ ਆਪਣੇ ਵਪਾਰੀ ਕਿੱਤੇ ਵਿਚ ਬੈਠਾ ਹੈ ਸੁਲਤਾਨ ਪੁਰੇ। ਦੁਪਹਿਰਾਂ ਦਾ ਵੇਲਾ ਹੋ ਆਇਆ ਹੈ, ਕੰਮ ਮੁੱਕ ਚੁਕਾ ਹੈ, ਆਪ ਅਲੱਗ ਹੋਕੇ ਬੈਠੇ ਹਨ, ਆਏ ਸਤਿਸੰਗੀ ਕੋਲ ਆ ਜੁੜੇ ਹਨ, ਹੋਰ ਦੋਂਹ ਇਕ ਦੀ ਉਡੀਕ ਹੋ ਰਹੀ ਹੈ। ਆਪ ਦੇ ਉਚਾਰੇ ਇਕ ਸ਼ਬਦ ਦਾ ਗਾਇਨ ਹੋ ਰਿਹਾ ਹੈ, ਮਰਦਾਨ ਰਬਾਬ ਛੇੜ ਰਿਹਾ ਹੈ ਕਿ ਇਸ ਸਮੇਂ ਪੁੱਜ ਗਏ ਭਗੀਰਥ ਤੇ ਮਨਸੁਖ। ਦੋਹਾਂ ਨੇ ਨਮਸਕਾਰ ਕੀਤੀ। ਸ਼ਬਦ ਸਮਾਪਤ ਹੋਇਆ ਸੀ, ਸਿਰ ਚਾਕੇ ਦੋਏ ਅਜੇ ਖੜੇ ਹੀ ਹੋਏ ਸਨ ਕਿ ਮਿਹਰਾਂ ਦੀ ਨਜ਼ਰ ਪਾਈ ਗੁਰੂ ਪਾਤਸ਼ਾਹ ਜੀ ਨੇ ਤੇ ਮੁਸਕ੍ਰਾਕੇ ਬੋਲੇ। ਆ ਭਾਈ ਭਗੀਰਥ ਪਰਉਪਕਾਰੀ ! ਮਲਜਾਗਰ ਦੇ ਚੰਦਨ ! ਖੁਸ਼ਬੂਆਂ ਲਾਉਣ ਵਾਲੇ ਅਮੁੱਲਿਆਂ ਬੂਟਿਆਂ ਨੂੰ ਬੂਹ ਬੂਹਾਕੇ ਵਡਮੁੱਲਿਆਂ ਕਰਨ ਵਾਲੇ ! ਆਓ। ਸੌਦਾ ਲੈ ਆਇਓਂ ਵਿਆਹ ਦਾ ਬੀ ਤੇ ਵਿਹਾਜ ਲਿਆਇਓਂ ਇਕ ਜਗਜਾਸੂ ਬੀ। (ਮਨਸੁਖ ਵਲ ਤੱਕ ਕੇ) ਮਨਸੁਖ! ਆਓ ਮਨਸੁਖ, ਆਓ ਜੀਉ ਆਇਆਂ ਨੂੰ। ਤੇਰੇ ਕੱਚ ਨੂੰ ਪੱਕ ਦੀ ਛੁਹ ਲਾ ਦਿੱਤੀ ਹੈ ਤਾਰਨਹਾਰ ਭਗੀਰਥ ਨੇ, ਹਾਂ, ਤੇਰੇ ਨਾਮ ਨੂੰ ਸਫਲਤਾ ਦੇ ਰਾਹੇ ਪਾਇਆ ਸੂ[੧]।"

ਭਗੀਰਥ-ਪਾਤਸ਼ਾਹ ! ਇਹ ਵਿਆਹ ਦੀ ਸੌਜ ਹਾਜ਼ਰ ਹੈ ਜੋ ਖਰੀਦੀ ਹੈ। ਆਹ ਚੂੜਾ ਹੈ ਜੋ ਮਨਸੁਖ ਲਿਆਇਆ ਹੈ ਤੇ ਭੇਟ ਧਰਦਾ ਹੈ। ਦਾਸ ਪਰ ਅਪਾਰ ਕ੍ਰਿਪਾ ਹੋਈ, ਜੋ ਪਰਉਪਕਾਰੀ ਦੀ ਦਾਤ ਬਖਸ਼ਿਸ਼ ਕੀਤੀ ਨੇ। ਪਰ ਇਹ ਤਾਂ ਦਰ ਦਾ ਕੂਕਰ ਹੈ, ਜਿਸ ਨੇ ਉਮਰਾ ਗੁਆ ਲਈ ਸੀ ਤੇ ਇਸ ਦਰ ਆਕੇ ਜੀਵਿਆ ਹੈ ਜੀਅਦਾਨ ਪਾਕੇ। ਦਾਸ ਨੇ ਕੋਈ ਜਾਣਕੇ ਚੰਗਾ ਕੰਮ ਨਹੀਂ ਕੀਤਾ। ਆਪ ਦੇ ਦਿੱਤੇ ਹੁਕਮ ਨੂੰ, ਕਿ ਲਾਹੌਰ ਇਕੋ ਰਾਤ ਠਹਿਰਨਾ ਹੈ, ਸੁਣਕੇ ਇਹ ਸੱਜਣ ਕਾਰਨ ਪੁੱਛਣ ਲੱਗਾ। ਐਉਂ ਆਪ ਦਾ ਪ੍ਰਸੰਗ ਛਿੜ ਪਿਆ। ਆਪ ਦੇ ਨਾਮ ਨੇ, ਆਪ ਦੀ ਪਾਵਨ ਕਥਾ ਨੇ, ਇਸ ਦੇ ਮ੍ਰਿਗ-ਤ੍ਰਿਸ਼ਨਾ ਦੇ ਮਾਰਗ ਭੱਜ ਭੱਜਕੇ ਥੱਕੇ ਟੁੱਟੇ ਮ੍ਰਿਗ-ਮਨ ਨੂੰ ਠੰਢ ਪਾਈ। ਇਹ ਪੂਰਾ ਤ੍ਰਿਪਤ ਹੋਣ ਲਈ ਚਰਨ ਸ਼ਰਨ ਆਇਆ ਹੈ। ਮਨ ਵਿਚ ਪਤੀਆ ਲੈਣ ਦੀ ਪ੍ਰਤੱਗਜਾ ਧਾਰੀ ਸਾਸੂ। ਹੁਣ ਤਾਰਨਹਾਰ ਆਪ ਦਾ ਬਿਰਦ ਹੈ ਤੇ ਪਾਰ ਉਤਾਰੇ ਦਾ ਚਾਹਵਾਨ ਮੁਸਾਫਰ ਚਰਨ ਸ਼ਰਨ ਵਿਚ ਆ ਖਲੋਤਾ ਹੈ।

ਸਤਿਗੁਰੂ ਮੁਸਕ੍ਰਾਏ, ਮਨਸੁਖ ਵਲ ਤੱਕੇ। "ਮਨਸੁਖਾ! ਸੱਚ ਵਲੋਂ ਮੱਸਿਆ ਦੀ ਰਾਤ ਹੈ। ਚੰਦ ਗੁੰਮ ਹੈ। ਕੂੜ ਦਾ ਹਨੇਰਾ ਪਰਧਾਨ ਹੈ[੨]। ਇਸ ਕਰਕੇ

---

੧ ਪੌਰਾਣਕ ਭਗੀਰਥ ਨੇ ਤਾਰੇ ਸਨ ਪਿਤ੍ਰ ਗੰਗਾ ਲਿਆਕੇ। ਮਨਸੁਖ=ਸੁਖੀ ਮਨ ਵਾਲਾ।

੨ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ {ਵਾਰ ਮਾਝ ਮ: ੧}

ਜਗਯਾਸੂ ਠੁੱਡੇ ਖਾਂਦੇ ਹਨ। ਸੱਚ ਧਾਰ, ਸੱਚ ਵਿਹਾਜ, ਚੰਦ ਚੜ੍ਹੇ ਫੇਰ ਕਾਹਦੇ ਠਹੋਲੇ। "

ਫਿਰ ਆਪ ਵਜਾਹ ਸੌਂਜ ਦੇ ਲੋੜ ਵਾਲੇ ਵੱਲ ਤੱਕੇ ਤੇ ਬੋਲੇ : 'ਲੈ ਭਾਈ ! ਲੈ ਜਾਹ ਤੇ ਆਪਣੇ ਸਿਰੋਂ ਫ਼ਰਜ਼ ਉਤਾਰ। ਓਨਾਂ ਦੇਈਂ ਜਿਸ ਨਾਲ ਪਿਛੋਂ ਟੱਬਰ ਟ੍ਰੱਕ ਟੋਰ ਜੋਗਾ ਰਹਿ ਜਾਏ। ਤੂੰ ਸੱਚ ਦੇ ਚਾਨਣੇ ਵਿਚ ਆਯਾ ਹੈ, ਲੋਕ ਲਾਜ ਪਿੱਛੇ ਅਤੇ ਮਨ ਦੇ ਝੂਠੇ ਵਧਾਉ ਵਿਚ ਵਿਤੋਂ ਵੱਧ ਖਰਚਕੇ ਉਖੇਰਾ ਨਾ ਹੋਵੀਂ।

੨.

**ਪ੍ਰੇਮੀ** ਤਾਂ ਨਮਸਕਾਰ ਕਰਦਾ ਅਸੀਸਾਂ ਦੇਂਦਾ ਸੌਂਜ ਲੈਕੇ ਵਿਦਾ ਹੋ ਗਿਆ, ਪਰ ਮਨਸੁਖ ਦਾ ਪਤੀਆ ਆਕੇ ਖੜੋਂਦੇਸਾਰ ਪੂਰਾ ਹੋ ਚੁਕਾ ਸੀ। ਉਸਦੇ ਚਿੱਤ ਵਿਚ ਸੀ ਕਿ ਮੈਨੂੰ ਸਤਿਗੁਰੂ ਜੇ ਸੱਚਾ ਹੈ ਤਾਂ ਮੇਰਾ ਨਾਮ ਲੈਕੇ ਜਾਂਦੇ ਸਾਰ ਵਾਜ ਮਾਰੇ। ਸੋ ਸਤਿਗੁਰ ਨੇ ਉਸ ਨੂੰ ਵੇਖ ਕੇ ਹੀ ਮਨਸੁਖ ਨਾਮ ਲੈਕੇ ਪੁਕਾਰਿਆ ਸੀ, ਸੋ ਪਤੀਏ ਪੂਰੇ ਹੋਣ ਨੇ ਉਹ ਅਸਰ ਪਾਇਆ ਕਿ ਮਨਸੁਖ ਨੇ ਭਗੀਰਥ ਨਾਲ ਉਥੇ ਹੀ ਡੇਰਾ ਪਾ ਲਿਆ ਤੇ 'ਸਤਿਗੁਰ ਦੇ ਦਰਸ਼ਨ, ਕਰਨੀ, ਜਲ ਮਹਿ ਕਮਲ ਵਾਂਙੂ ਅਲੇਪ ਜੀਵਨ, ਮੁਰਗਾਈ ਵਾਂਙੂ ਨੈਂ ਵਿਚ ਅਭਿੱਜੇ ਸਨਮੁਖ ਤੈਰਨਾ' ਤੱਕ ਤੱਕ ਕੇ ਸ਼ਰਧਾ ਵਿਚ ਬਹੁਤ ਵਧ ਗਿਆ। ਇਕ ਦਿਨ ਆਪ ਇਕੱਲੇ ਬੈਠੇ ਸਨ। ਮਨਸੁਖ ਨੇ ਆ ਚਰਨ ਪਕੜੇ : "ਮੈਂ ਮੂਰਖ ਦਾ ਬੀ ਨਿਸਤਾਰਾ ਕਰ। ਗਰਤ ਘੋਰ ਹੈ ਮਾਯਾ ਦਾ ਪਿਆਰ, ਵਿਕਾਰਾਂ ਦੀ ਰੁਚੀ, ਤ੍ਰਿਸ਼ਨਾਂ ਦੀ ਭੱਜ ਤ੍ਰੁਕ। ਮੇਰਾ ਬੀ ਉਧਾਰ ਕਰ। "

ਸਤਿਗੁਰੂ ਜੀ ਬੋਲੇ : ਮਨਸੁਖ ! ਤ੍ਰੈ ਗੱਲਾਂ ਪੱਲੇ ਬੰਨ੍ਹਣ ਵਾਲੀਆਂ ਹਨ :-

ਨਾਮ ਵਿਚ ਲਿਵ ਲਾਉਣੀ।

ਹਉਮੈਂ ਜਿੱਤਣੀ।

ਭਾਣੇ ਵਿਚ ਸੁਖ ਮਨਾਉਣਾ।

ਨਾਮ ਦੀਆਂ ਗੱਲਾਂ ਬਾਤਾਂ ਤੂੰ ਸੁਣ ਚੁਕਾ ਹੈਂ। ਨਾਮ ਬਿਨਾਂ ਗਤੀ ਨਹੀਂ ਹੈ। ਇਹੋ ਹੀ ਸੂਖਮ ਤੇ ਨਿਰਵਿਘਨ ਤੋਂ ਨਿਰਵਿਘਨ ਰਸਤਾ ਹੈ। ਨਾਮ ਜਪੋ, ਜਪਦਿਆਂ ਸਿਮਰਣ ਹੋ ਜਾਏਗਾ। ਸਿਮਰਣ ਮਨ, ਪ੍ਰਾਣ ਤੇ ਸਰੀਰ ਵਿਚ ਵਸ ਜਾਵੇਗਾ। ਇਸ ਵਿਚ ਟਿਕਿਆਂ ਤੇ ਇਸ ਪ੍ਰਵਾਹ ਵਿਚ ਟੁਰਦਿਆਂ ਮੋਹ ਮਾਇਆ ਕਟੀਜੇਗੀ ਤੇ ਸਾਂਈਂ ਦਾ ਪਿਆਰ ਜਾਗੇਗਾ। ਸੁਰਤ ਸਾਂਈਂ ਰੁਖ਼ੀ ਹੋ ਜਾਏਗੀ। ਬਾਹਰ ਵਲੋਂ ਮਨ ਦਾ ਧਾਵਨਾ ਮਰਿਯਾਦਾ ਵਿਚ ਹੁੰਦਾ ਜਾਏਗਾ। ਇੰਦ੍ਰੇ ਮਨ ਦੇ ਵੱਸ ਵਿਚ ਰਹਿਣਗੇ। ਖਿੱਚੋਤਾਣ ਛੱਡਣਗੇ। 'ਮਨ' ਅੰਦਰ ਜਾਗ ਪਈ ਉੱਚੀ 'ਬੁੱਧੀ' ਦੇ ਹੇਠ ਟੁਰਨ ਲਗ ਪਏਗਾ। ਬੁੱਧੀ ਨਿਰਮਲ ਹੋਕੇ ਨਿਰੰਕਾਰ ਦੀ ਅਗੁਵਾਨੀ ਵਿਚ ਆਵੇਗੀ। ਆਪੇ ਤੇ ਕਾਬੂ ਵਧੇਗਾ।

ਪਰ ਨਾਲ ਬਾਣੀ ਦਾ ਅਭਯਾਸ ਰਖੋ। ਪੜ੍ਹੋ, ਗਾਂਵੋਂ, ਵਿਚਾਰੋ। ਬੁੱਧੀ ਉਸ ਨਾਲ ਵਿਵੇਚਨਾ ਵਿਚ ਜਾਏਗੀ, ਮਨ ਟਿਕੇਗਾ ਤੇ ਠੰਢ ਵਰਤੇਗੀ। ਬਾਣੀ ਦੇ ਅਭਯਾਸ ਨਾਲ ਨਾਮ ਦੀ ਕੀਮਤ ਦੀ ਸੋਝੀ ਤੇ ਨਾਮ ਵਿਚ ਰੁਚੀ ਵਧਦੀ ਹੈ। ਕਿਸੇ ਵੇਲੇ ਨਾਮ ਤੋਂ ਉਖੜਿਆਂ ਤੇ ਤੋਟ ਪੈਣ ਵੇਲੇ, ਬਾਣੀ ਰਖਯਾ ਕਰਦੀ ਹੈ। ਇਹ ਬਾਣੀ ਗੁਰੂ ਅਕਾਲ ਪੁਰਖ ਦੀ ਹੈ। ਇਹ ਧੁਰੋਂ ਆਈ ਹੈ; ਇਹ ਧੁਰ ਨੂੰ ਲੈ ਤੁਰੇਗੀ, ਇਹ ਧੁਰ ਨੂੰ ਅਪੜਾਵੇਗੀ[੧] । ਬਾਣੀ ਮਾਨੋ ਦਾਇਰਾ ਹੈ (ਗੁਲਯਾਈ) ਤੇ ਨਾਮ ਮਾਨੋ ਨੁਕਤਾ ਹੈ ਵਿਚਲਾ (ਮਰਕਜ਼)। ਇਹ ਤਾਂ ਹਈ ਨਾਮ ਦਾ ਸਾਧਨ।

ਦੂਜੀ ਗੱਲ ਇਹ ਸਮਝ ਲੈ ਕਿ ਸਾਨੂੰ ਸਾਡੇ ਮੂਲ ਤੋਂ ਨਿਖੇੜਨਹਾਰ ਹੈ ਸਾਡੇ ਅੰਦਰ ਵਹਿ ਰਹੀ 'ਹਉਂ'। ਇਸ ਨੂੰ ਅਸਾਂ ਆਪੇ ਤੋਂ ਨਿਖੇੜ ਵੱਖਰਾ ਕਰਕੇ ਵੇਖਣਾ ਹੈ। ਇਕ ਪਾਸੇ ਤਾਂ ਬਾਣੀ ਤੇ ਨਾਮ ਸਾਨੂੰ ਅੰਤਰ ਮੁਖ ਕਰਨਗੇ, ਦੂਜੇ ਪਾਸੇ ਸਾਡੀ ਇਹ ਵਿਚਾਰ ਕਿ 'ਹਉਂ' ਸਾਰੇ ਬੰਧਨਾਂ ਦਾ ਮੂਲ ਹੈ ਤੇ ਇਹ ਜਤਨ ਕਿ ਇਸ ਨੂੰ ਵੇਖਣਾ ਤੇ ਇਸ ਤੋਂ ਨਿਖੜਵਾਂ ਰੁਖ਼ ਲੈਣਾ ਹੈ, ਸਾਨੂੰ ਸੱਚ ਪਰ ਲੈ ਜਾਏਗੀ।

ਜੀਵ ਦੇ ਅੰਦਰ 'ਹਉਂ' 'ਮੈਂ ਹਾਂ' ਦਾ ਰੂਪ ਧਾਰਕੇ ਅਭਿਮਾਨ ਵਿਚ ਆਉਂਦੀ ਹੈ, ਸਾਈਂ ਵਿਚ ਤੇ ਜੀਵ ਵਿਚ ਪਰਦਾ ਤਾਣਦੀ ਹੈ ਭੁੱਲ ਦਾ। 'ਹਉਂ' ਮਨ ਨੂੰ ਬਾਹਰ ਨੂੰ ਰੁਖ਼ ਦੇਂਦੀ ਹੈ ਤੇ ਮੈਂ ਮੇਰੀ ਵਿਚ ਆਪਣੇ ਆਪ ਨੂੰ ਪਸਾਰਦੀ ਹੈ। ਦੇਖੋ, ਜਦੋਂ ਜੀਵ ਆਕੜਦਾ ਤੇ ਹੰਕਾਰਦਾ ਹੈ ਤਾਂ ਹਉਂ ਆਪਣੇ ਆਪ ਨੂੰ 'ਮੈਂ' ਵਿਚ, ਹੰਕਾਰ ਵਿਚ ਦਿਖਾਲ ਰਹੀ ਹੈ

---

[੧] ਇਹ ਬਾਣੀ ਮਹਾਂ ਪੁਰਖ ਕੀ ਨਿਜ ਘਰਿ ਵਾਸਾ ਹੋਇ। {ਰਾਮ: ਦਖ: ਓਅ: ਮ: ੧}

ਜਦੋਂ ਲੈਂਦਾ ਹੈ, ਧਾਉਂਦਾ ਹੈ, ਲੈਕੇ ਖੁਸ਼ ਹੁੰਦਾ ਹੈ, ਮਾਣਦਾ ਹੈ, ਭੋਗਦਾ ਹੈ। ਅਰਥਾਤ ਜਦੋਂ ਇਸ ਨੂੰ ਇਸ ਦੀ 'ਮੇਰੀ' ਦੀ ਪੂਰਨਤਾ ਦਾ ਸਾਮਾਨ ਲੋੜੀਦਾ ਹੈ ਯਾ ਲੱਭਦਾ ਹੈ; ਤਾਂ ਉਹੋ 'ਹਉਂ' ਕਾਮਨਾ ਬਣ ਜਾਂਦੀ ਹੈ। ਕਦੇ ਭੋਗ ਦਾ ਰੂਪ ਧਾਰਦੀ ਹੈ, ਕਦੇ ਲੋਭ ਦਾ, ਕਦੇ ਮੋਹ ਦਾ। ਫੇਰ ਜਦੋਂ ਹੰਕਾਰ ਨੂੰ ਠੁਹਕਰ ਵੱਜੇ ਤਾਂ ਇਹ ਕ੍ਰੋਧ ਬਣਕੇ ਪ੍ਰਗਟਦੀ ਹੈ। ਜੇ ਇਹ ਕ੍ਰੋਧ ਕੁਛ ਸਾਰ ਨ ਸਕੇ ਤਾਂ ਫਿਰ ਕ੍ਰੋਧ ਜਲਨ, ਸਾੜਾ ਤੇ ਈਰਖਾ ਬਣ ਜਾਂਦੀ ਹੈ। ਸੋ ਇਹ ਹਉਂ' ਹੀ ਸੱਭੋ ਕੁਛ ਬਣਦੀ ਹੈ, ਇਸ ਕਰਕੇ 'ਹਉਮੈਂ' ਹੀ ਬੰਧਨ ਰੂਪ ਹੈ; ਜੰਮਣ ਮਰਣ ਸਾਰੇ ਖੇਲ ਮਾਇਆ ਦੇ ਇਸੇ ਵਿਚ ਹੋ ਰਹੇ ਹਨ। ਇਸੇ 'ਹਉਂ ਦੀ ਸੋਝੀ' 'ਦਰ ਦੀ ਸੋਝੀ' ਅੱਗੇ ਤਣਿਆ ਹੋਇਆ ਪੜਦਾ ਉਤਾਰ ਦੇਂਦੀ ਹੈ। ਇਹ ਹੀ ਮਾਨੋ ਰੋਗ ਰੂਪ ਹੈ। ਦੂਰ ਹੋਵੇਗੀ ਇਹ ਨਾਮ ਦੀ ਕਮਾਈ ਨਾਲ, ਪਰ ਇਸ ਦੀ ਇਹ ਸਮਝ ਨਾਮ ਅਭਿਆਸ ਦੇ ਨਾਲ ਨਾਲ ਹੀ ਰੱਖੀਦੀ ਹੈ, ਕਿਉਂਕਿ ਇਹ ਸਤਿਸੰਗ ਦੇ ਕਰਮਾਂ ਵਿਚ ਵੀ ਆਕੇ ਵਿਘਨਕਾਰੀ ਹੁੰਦੀ ਹੈ ਤੇ ਨਾਮ ਜਪਣ ਦੇ ਰਸਤੇ ਵਿਚ ਰੋਕਾਂ ਪਾਉਂਦੀ ਹੈ। ਨਾਮ ਨਾਲ ਪ੍ਰਾਪਤ ਮਨ ਦੀ ਨਿਰਮਲਤਾਈ ਵਿਚ ਬੀ ਮੈਂ ਗਿਆਨੀ, ਮੈਂ ਤਪੀ, ਮੈਂ ਅਭਿਆਸੀ ਦੇ ਭਾਵ ਖੜੇ ਕਰਦੀ ਹੈ, ਇਸ ਕਰਕੇ ਹਉਮੈਂ ਦੇ ਰੂਪ ਆਹ ਆਹ ਹਨ ਤੇ ਇਨ੍ਹਾਂ ਤੋਂ ਭੁਲੇਖਾ ਟਪਲਾ ਨਹੀਂ ਖਾਣਾ, ਇਹ ਸਾਵਧਾਨਤਾ ਰੱਖਣੀ ਹੈ। ਗਲ ਕੀਹ, ਹਉਮੈਂ ਜਾਣਨੀ ਹੈ ਤੇ ਜਿੱਤਣੀ ਹੈ[੧]।

ਤੀਸਰੇ ਗੱਲ ਹੈ ਭਾਣਾ ਮੰਨਣਾ। ਜਗਤ ਵਿਚ ਵੱਸਦਿਆਂ ਦੁਖ ਸੁਖ ਵਾਪਰਦੇ ਹਨ, ਹਰਖ ਸ਼ੋਕ ਆਉਂਦੇ ਹਨ, ਇਨ੍ਹਾਂ ਦੀ ਠੁਹਕਰ ਅੰਦਰ ਡੂੰਘੀ ਜਾਂਦੀ ਹੈ। ਅਸਲ ਵਿਚ ਤਾਂ ਇਹ ਠੁਹਕਰ ਹਉਮੈਂ ਨੂੰ ਲਗਦੀ ਹੈ, ਜਿਸ ਵਿਚ ਮੈਂ ਮੇਰੀ ਦਾ ਨਿਵਾਸ ਹੈ। 'ਮੈਂ' ਨੂੰ ਜਦੋਂ 'ਮੇਰੀ' ਦੀ ਪ੍ਰਾਪਤੀ ਵਿਚ ਰੋਕ ਪਵੇ ਯਾ ਪ੍ਰਾਪਤ ਖੁੱਸੇ ਤਦੋਂ ਇਹ ਦੁਖੀ ਹੁੰਦੀ ਹੈ। ਸੋ ਜਦੋਂ ਹੋਣੀਆਂ ਵਾਪਰਕੇ 'ਮੇਰੀ' ਦੇ ਪਦਾਰਥ ਵਿਣਸਦੇ ਯਾ ਵਿਛੁੜਦੇ ਹਨ, ਉਸ ਵੇਲੇ ਜੋ ਇਸ ਨੂੰ 'ਭਾਣਾ' ਕਰਕੇ ਮੰਨਦਾ ਹੈ ਉਹ ਠੁਹਕਰ ਨਹੀਂ ਖਾਂਦਾ ਤੇ ਹਉਮੈਂ ਤੋਂ ਨਿਖੇੜਾ ਪਾਉਂਦਾ ਹੈ। ਜਿਨ੍ਹਾਂ 'ਪਦਾਰਥਾਂ' ਤੇ 'ਮੋਹ ਵਾਲੇ ਅਪਣਿਆਂ' ਨੇ ਰਹਿਣਾ ਨਹੀਂ, ਜੋ ਕਦੇ ਸਾਡੇ ਪਾਸ ਨਹੀਂ ਸਨ, ਜੋ ਮਿਲੇ ਸਨ ਤੇ ਵਿਛੁੜਨਗੇ, ਓਹ ਕਦੇ ਬੀ ਸਾਡੇ ਨਹੀਂ ਸਨ। ਉਨ੍ਹਾਂ ਵਿਚ ਕਾਹਦੀ ਤ੍ਰਿਸ਼ਨਾ ਤੇ ਕਾਹਦਾ ਜਕੜਵਾਂ ਮੋਹ, ਆਏ ਹੁਕਮ ਵਿਚ, ਗਏ ਹੁਕਮ ਵਿਚ। ਅਸੀਂ ਨਿਰੰਕਾਰ ਦੇ ਤੇ ਨਿਰੰਕਾਰ ਸਾਡਾ, ਅੰਦਰ ਜਿਸ ਨਾਲ ਲਿਵ ਦੁਆਰਾ ਮਿਲ ਰਹੇ ਹਾਂ। ਇਸ ਬਾਹਰ ਦੇ 'ਆਉਣ' ਪ੍ਰਾਪਤ ਹੋਣ ਫਿਰ 'ਵਿਛੁੜਨ ਤੇ ਵਿਣਸਨ' ਦਾ ਸਾਨੂੰ ਲੇਪ ਕਿਉਂ ? ਜੋ ਹੋ ਰਿਹਾ ਹੈ ਹੁਕਮ ਵਿਚ ਹੋ ਰਿਹਾ ਹੈ। ਹਾਂ, ਹਉਮੈਂ ਵਿਚ ਕੀਤੇ ਕਰਮਾਂ ਅਨੁਸਾਰ ਧੁਰੋਂ ਹੋ ਗਏ ਹੁਕਮਾਂ ਵਿਚ ਹੋ ਰਿਹਾ ਹੈ। ਸਾਡਾ ਪਿਆਰਾ ਰੱਬ ਹੈ ਉਹ ਜੋ ਕੁਛ ਅਸਾਂ ਲਈ ਕਰਦਾ ਹੈ ਭਲਾ ਹੈ। ਸਾਡਾ ਪਿਆਰ ਦਾਤੇ ਨਾਲ ਹੈ, ਦਾਤਾਂ ਨਾਲ ਨਹੀਂ, ਦਾਤਾਂ ਦੇਣ ਲੈਣ ਵਾਲਾ ਆਪ ਹੈ। ਅਸੀਂ ਸਦਾ ਉਸ ਨਿਰੰਕਾਰ ਨਾਲ ਲੱਗੇ ਰਹੀਏ। ਐਉਂ ਦੀ ਵੀਚਾਰ-ਦੁਖ ਸੁਖ ਵਾਪਰਨ ਵੱਲ ਜਦੋਂ ਹਉਮੈ ਜ਼ੋਰ ਪਕੜਦੀ ਹੈ ਚਾਹੋ ਹੰਕਾਰ ਦਾ, ਚਾਹੋ ਕ੍ਰੋਧ ਦਾ, ਚਾਹੋ ਟੋਆ ਖਾਂਦੀ ਹੈ ਗ਼ਮ ਚਿੰਤਾ ਦਾ, ਤਦੋਂ--ਸਿਮਰਨ ਦੇ ਪ੍ਰਵਾਹ ਤੇ ਲਿਵ ਦੀ ਧਾਰਾ ਨੂੰ ਟੁੱਟਣ ਨਹੀਂ ਦੇਂਦੀ।

ਏਹ ਤ੍ਰੈ ਗੱਲਾਂ, ਮਨਸੁਖ ਜੀ ! ਸੁਖੀ ਮਨ ਵਾਲੇ ਬਣਾ ਦੇਂਦੀਆਂ ਹਨ।

੮.

ਮਨਸੁਖ ਘਰ ਨਹੀਂ ਗਿਆ, ਐਸਾ ਗੁਰੂ ਪ੍ਰੇਮ ਦੀ ਡੋਰ ਵਿਚ ਬੱਝਾ ਕਿ ਕਿੰਨਾ ਚਿਰ ਸੁਲਤਾਨ ਪੁਰੇ ਟਿਕ ਗਿਆ। ਰੋਜ਼ ਸਤਿਸੰਗ ਵਿਚ ਹਾਜ਼ਰ ਹੋਵੇ, ਕੀਰਤਨ ਵਿਚ ਰਚੇ, ਗੁਰੂ ਕੀ ਬਾਣੀ ਕਿਤਨੀ ਕੰਠ ਕਰ ਲਈ, ਕਿਤਨੀ ਸਾਰੀ ਲਿਖ ਲਈ। ਅੰਮ੍ਰਿਤ ਵੇਲੇ ਜਾਗਣ ਨਾਲ ਨਾਮ ਵਿਚ ਲਿਵ ਪ੍ਰਪੱਕ ਹੋ ਗਈ। ਸੰਸਾਰ-ਅਗਨਿ ਦੇ ਦਾਹ ਤੋਂ ਬਚਣ ਜੋਗੀ ਖੁਨਕੀ ਪ੍ਰਾਪਤ ਕਰਕੇ ਮਨਸੁਖ ਲਾਹੌਰ ਚਲਾ ਗਿਆ। ਕਦੇ ਕਦੇ ਦਰਸ਼ਨ ਨੂੰ ਆਵੇ, ਮਹੀਨਾ ਦੋ ਮਹੀਨੇ ਚਰਨ ਸ਼ਰਨ ਰਹੇ, ਸਤਿਸੰਗ ਕਰੇ, ਸੁਖੀ ਹੋਵੇ, ਫਿਰ

[੧] ਹਉ ਵਿਚਿ ਮੋਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥ ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥

(ਵਾਰ ਆਸਾ ਮ: ੧)

ਆਪਣੇ ਕਾਰ ਵਿਹਾਰ ਸੰਭਾਲਣ ਚਲਾ ਜਾਵੇ। ਇਉਂ ਇਹ ਸੱਜਣ 'ਪ੍ਰਵਾਨ ਗ੍ਰਿਹਸਤ ਉਦਾਸ' ਦਾ ਇਕ ਚੋਣਵਾਂ ਹੀਰਾ ਤਿਆਰ ਹੋ ਗਿਆ ਤੇ ਲਾਹੌਰ ਵਿਚ ਸਿੱਖੀ ਦਾ ਇਹ ਧ੍ਰੁਵਾ ਬਣ ਗਿਆ।

ਭਗੀਰਥਾ, ਜਿਸ ਦੇ ਸਤਿਸੰਗ ਦੀ ਪਾਹ ਨਾਲ ਮਨਸੁਖ ਸੁਖੀ ਹੋਇਆ ਸੀ, ਗੁਰੂ ਚਰਨਾਂ ਵਿਚ ਹੀ ਨਿਵਾਸ ਰਖਦਾ ਰਿਹਾ। ਤਦ ਤਾਈਂ ਚਰਨ ਸ਼ਰਨ ਹੀ ਰਿਹਾ ਕਿ ਜਦ ਤਾਂਈਂ ਦਾਤੇ ਨੇ ਨਵਾਂ ਚੋਜ ਵਰਤਾਉਣ ਦਾ ਸੰਕਲਪ ਧਾਰਿਆ। ਭਗੀਰਥ ਗੁਰੂ ਪ੍ਰੇਮ ਵਿਚ ਬਹੁਤ ਹੀ ਅਨਰੁਕਤ ਰਹਿੰਦਾ ਸੀ ਤੇ ਵਿਛੁੜ ਨਹੀਂ ਸੀ ਸਕਦਾ, ਜਿਸ ਨੇ ਪਹਿਲਾਂ ਘਾਲ ਘਾਲੀ ਸੀ, ਜਿਸ ਨੂੰ ਫਲ ਨਹੀਂ ਸੀ ਲਗਾ, ਉਸ ਨੂੰ ਜਦ ਦਰੁਸਤ ਪ੍ਰਾਪਤੀ ਹੋਈ ਤਾਂ ਐਨੇ ਪ੍ਰੇਮ ਵਿਚ ਗਿਆ ਕਿ ਫਿਰ ਘਰ ਮੁੜਨਾ ਹੀ ਭੁੱਲ ਗਿਆ।

ਇਸ ਤਰ੍ਹਾਂ ਸਮਾਂ ਲੰਘਦਾ ਰਿਹਾ। ਇਕ ਦਿਨ ਭਗੀਰਥ ਨੂੰ ਹੁਕਮ ਹੋਇਆ ਕਿ ਤੂੰ ਆਪਣੇ ਪਿੰਡ ਮੈਲਸੀਹੇਂ ਜਾ ਰਹੁ। ਕਦੇ ਕਦੇ ਦਰਸ਼ਨ ਕਰ ਜਾਇਆ ਕਰਨੇ, ਡੋਲਣਾ ਨਹੀਂ[1]।

ਭਗੀਰਥ ਸੁਖੀ ਹੋ ਚੁਕਾ ਸੀ, ਪੂਰਨ ਪਦ ਪਾ ਚੁਕਾ ਸੀ, ਪਰ ਪ੍ਰੇਮੀ ਐਸਾ ਸੀ ਕਿ ਇਸ ਬਿਰਹੇ ਨੂੰ ਬੀ ਕੇਵਲ ਹੁਕਮ ਹੋਣ ਕਰਕੇ ਸਿਰ ਮੱਥੇ ਤੇ ਧਰਕੇ ਘਰ ਨੂੰ ਗਿਆ, ਪਰ ਫੇਰ ਬੀ ਮਹੀਨੇ ਦੋ ਮਹੀਨੇ ਬਾਦ ਦਰਸ਼ਨ ਨੂੰ ਆ ਜਾਵੇ।

# ੭. ਸੁਲਤਾਨ ਪੁਰੋਂ ਤਿਆਰੀਆਂ[2]।

ੜ. {ਵਾਹਿਗੁਰੂ-ਪ੍ਰੇਮ}

ਜਿਕੁਰ ਭਗੀਰਥ ਜੀ ਦਾ ਹਾਲ ਵਿਸਥਾਰ ਨਾਲ ਆਇਆ ਹੈ ਇੱਕੁਰ ਦੇ ਕਈ ਉਪਕਾਰ ਤੇ ਨਾਮ ਦਾਨ ਦੇ ਕੰਮ ਸੁਲਤਾਨਪੁਰੇ ਹੋਏ ਤੇ ਹੁੰਦੇ ਰਹੇ।

ਸ੍ਰੀ ਗੁਰੂ ਜੀ ਦੀ ਨਿਤਿ ਕ੍ਰਿਯਾ ਸਵੇਰ ਦੇ ਕੰਮ ਕਾਜ ਤੋਂ ਵਿਹਲੇ ਹੋਕੇ ਇਸ ਪ੍ਰਕਾਰ ਸੀ :

ਦੁਪਹਿਰੇ ਅੰਨ ਤੋਂ ਵਿਹਲੇ ਹੋਕੇ ਕੁਛ ਆਰਾਮ ਦੇ ਮਗਰੋਂ ਸ੍ਰੀ ਗੁਰੂ ਜੀ ਨੇ ਮੋਦੀਖਾਨੇ ਦਾ ਬਾਕੀ ਕੰਮ ਮੁਕਾਉਣਾ, ਫੇਰ ਲੌਢੇ ਪਹਿਰ ਦੇ ਮੁੱਕਣ ਵੇਲੇ ਕਿਸੇ ਸੁਹਣੇ ਥਾਂ ਅਨੰਦ ਮੰਗਲਾਚਾਰ ਲੱਗ ਪੈਣੇ। ਕਦੇ ਆਪ ਨੇ ਜੰਗਲੀਂ ਏਕਾਂਤ ਜਾ ਬੈਠਣਾ, ਕਦੇ ਸਤਿਸੰਗ ਵਿਚ, ਪਰ ਰਾਤ ਹੁੰਦੇ ਹੀ ਪਹਿਰ ਰਾਤ ਗਈ ਤਕ ਕੀਰਤਨ ਹੋਣਾ। ਆਪ ਬੀ ਰੱਬੀ ਦਾਤ ਦਾ ਇਲਾਹੀ ਨਾਦ ਵਾਲਾ ਗਲਾ ਰੱਖਦੇ ਸੇ, ਉਠਦੇ ਬਹਿੰਦੇ ਟੁਰਦੇ ਫਿਰਦੇ ਸਤਿਸੰਗ ਕਿ ਏਕਾਂਤ, ਕੀਰਤਨ ਵਿਚ ਕਿ ਐਵੇਂ ਬੈਠਿਆਂ ਆਪਣੇ ਪ੍ਰੀਤਮ ਵਾਹਿਗੁਰੂ ਦੇ ਪਿਆਰ ਵਿਚ ਕਦੇ ਕਦੇ ਐਸਾ ਗਾਇਨ ਕਰਦੇ ਕਿ ਮਾਨੋਂ ਚਲਦੇ ਦਰਿਆ ਤੇ ਉੱਡਦੇ ਪੰਛੀ ਸੁਣਨ ਲਈ ਖੜੇ ਹੋ ਜਾਂਦੇ।

ਆਪ ਕੰਮ ਕਾਜ ਕਰਨ, ਘਰ ਬਾਰੀ ਸਦਾਉਣ, ਪਰ 'ਗ੍ਰਿਹਸਤ-ਉਦਾਸ' ਦਾ ਨਵਾਂ ਰਸਤਾ ਇਥੇ ਰਹਿੰਦਿਆ ਬੰਨ੍ਹ ਦਿਖਾਇਆ। ਵਰਤਣ ਜਗਤ ਨਾਲ ਸਾਫ ਸੁਹਣੀ, ਪਰ ਹਿਰਦੇ ਇਸ ਵੱਲੋਂ ਸਹਿਜ ਭਾ ਦੀ ਉਦਾਸੀ ਸੀ। ਚਾਉ, ਉਮਾਹ, ਰੰਗ ਰਸ, ਖਿੱਚ ਸਿੱਕ, ਸੱਧਰ, ਸ਼ੌਂਕ, ਪਿਆਰ, ਪ੍ਰੀਤ ਸਾਰੀ ਵਾਹਿਗੁਰੂ ਚਰਨਾਂ ਵੱਲ। ਰਾਤ ਦਾ ਪਹਿਲਾ ਤੇ ਪਿਛਲਾ ਪਹਿਰ ਤਾਂ ਹਰੀ ਜਸ ਦੇ ਕੀਰਤਨ ਦੇ ਤੇ ਧਿਆਨ ਮਗਨਤਾ ਦੇ ਲੰਘਦੇ ਸਨ। ਕਈ ਵਾਰ ਧੁਰ ਛੱਤੇ ਮਗਨ ਬੈਠਿਆਂ, ਕਈ ਵੇਰ ਜੰਗਲਾਂ ਵਿਚ ਰਾਤਾਂ ਫਿਰਦਿਆਂ, ਕਈ ਵੇਰ ਇਕ ਥਾਵੇਂ ਸਤਿਸੰਗ ਵਿਚ ਚੁੱਪ ਮਗਨ ਬੈਠਿਆਂ ਲੰਘ ਜਾਣ। ਗਲ ਕੀਹ 'ਇਕ ਰੱਬੀ ਰੰਗ' ਇਕ 'ਅੰਦਰਲਾ ਪਿਆਰ' ਪੂਰੇ ਜੋਬਨਾਂ ਵਿਚ ਠਾਠਾਂ ਮਾਰਦਾ ਰਹਿੰਦਾ ਸੀ।

ਜੇ ਕਦੇ ਆਪ ਨੇ ਥੋੜੇ ਜਿਹੇ ਸਰੀਰਾਂ ਦਾ ਉਧਾਰ ਕਰਨਾ ਹੁੰਦਾ ਤਾਂ ਇਹ ਰੰਗ ਰੂਪ ਵਰਤੋਂ ਵਰਤਾਉ ਤੇ ਦੈਵੀ ਪਿਆਰ ਸਹਿਜ ਰੰਗ ਦਾ ਇਸੇ ਤਰ੍ਹਾਂ ਟੁਰਿਆ ਰਹਿੰਦਾ, ਪਰ ਜਗਤ ਜਲ ਰਿਹਾ ਸੀ, ਦੁੱਖ ਦੀ ਝੀਣੀ ਬਾਣ ਉਠ ਅਸਮਾਨਾਂ ਤੱਕ ਅੱਪੜਦੀ

[1] ਤਬਾ ਭਗੀਰਥ ਸੌਂ ਭਨਯੋਂ 'ਕਬਿ ਕਬਿ ਦਰਸਹੁ ਆਇ। ਪੂਰਬ ਕੇ ਬਿਉਹਾਰ ਜੋ ਤਿਨਹੁ ਨ ਅਬ ਮਨ ਲਯਾਇ।' {ਗੁਰ ਨਾਨਕ ਪ੍ਰਕਾਸ਼}

[2] ਇਹ ਪ੍ਰਸੰਗ ਅੰਕ ੫, 'ਅਰਸੀ ਨੂਰ ਸੁਲਤਾਨ ਪੁਰੇ' (ਪੰਨਾ ੭੪) ਦਾ ਪਿਛਲਾ ਅੱਧ ਹੈ।

ਸੀ, ਇਸ ਕਰਕੇ ਕਈ ਵੇਰ ਆਪ ਤ੍ਰਬ੍ਹਕ ਉਠਦੇ ਸੇ ਤੇ ਜਗਤ ਲਈ ਅਰਦਾਸੇ ਕਰਦੇ ਸੇ। ਉਹ ਜਗਤ ਦੇ ਉਧਾਰ ਦੀ ਰੱਬੀ ਰਮਜ਼, ਜੋ ਉਹਨਾਂ ਦੇ ਸਰੀਰਕ ਜੀਵਨ ਦੀ ਕਣੀ ਵਿਚ ਕਣੀ ਬਣਕੇ ਰਲੀ ਪਈ ਸੀ, ਉਹਨਾਂ ਨੂੰ ਉਦਾਸੀਆਂ ਦਿਆ ਕਰਦੀ ਸੀ, ਇਕ ਸ਼ਾਂਤਿਮਯ ਦਿਲਗੀਰੀ ਛਾ ਜਾਇਆ ਕਰਦੀ ਸੀ ਤੇ ਆਪ ਅਰਦਾਸ ਵਿਚ ਆਕੇ ਕਿੰਨਾਂ ਕਿੰਨਾਂ ਚਿਰ ਸਾਂਈਂ ਦੇ ਚਰਨਾਂ ਵਿਚ ਪਏ ਰਿਹਾ ਕਰਦੇ ਸੇ।

'ਵਾਹਿਗੁਰੂ ਦਾ ਪ੍ਰੇਮ' ਅਸਾਂ ਲਈ ਇਕ ਵਾਕ ਹੈ, ਇਕ ਫਿਕਰਾ ਹੈ, ਇਕ ਗਲ ਹੈ। 'ਵਾਹਿਗੁਰੂ' ਸਾਡੇ ਕੰਨੀ ਸੋ ਪਈ ਹੈ, 'ਅਸੀਂ ਪਿਆਰ ਕਰੀਏ ਤਾਂ ਅਸੀਂ ਪਰਮਪਦ ਪਾਈਏ' ਇਹ ਗੱਲ ਬੀ ਅਸਾਂ ਜਾਣੀ ਹੈ, ਕਦੇ ਕਦੇ ਅਸੀਂ ਅਰਦਾਸ ਤੇ ਪਾਠ ਬੀ ਕਰਦੇ ਹਾਂ, ਪਰ ਜੋ ਵਾਹਿਗੁਰੂ-ਪ੍ਰੇਮ ਆਪ ਨੂੰ ਸੀ ਉਸ ਨੂੰ ਅਸੀਂ ਨਹੀਂ ਸਮਝਦੇ; ਕਿੰਨਾ ਜ਼ੋਰ ਲਾਈਏ ਤਾਂ ਬੀ ਅਸੀਂ ਉਸਦਾ ਪੂਰਾ ਅਨੁਭ੍ਵ ਨਹੀਂ ਕਰ ਸਕਦੇ। ਜਿਵੇਂ ਅਸੀਂ ਸੂਰਜ ਵੇਖਦੇ ਹਾਂ ਆਪ ਨੂੰ ਰੱਬ ਐਉਂ ਸਾਮਰਤੱਖ ਸੀ। ਜਿਵੇਂ ਮਾਤਾ ਨੂੰ ਬਾਲ ਨਾਲ ਪਿਆਰ ਹੈ, ਜਿਵੇਂ ਬੱਚੇ ਨੂੰ ਮਾਤਾ ਦੀ ਲਿਵ ਹੈ, ਜਿਵੇਂ ਲੋਭੀ ਨੂੰ ਧਨ ਦਾ ਪਿਆਰ ਹੈ, ਜਿਵੇਂ ਇਸਤ੍ਰੀ ਨੂੰ ਪਤੀ ਦੀ ਖਿੱਚ ਹੈ, ਜਿਵੇਂ ਚੁੰਬਕ ਨੂੰ ਲੋਹੇ ਦੀ ਧੂਹ ਹੈ, ਤਿਵੇਂ ਨਹੀਂ, ਇਸ ਤੋਂ ਕਿਤੇ ਵੱਧ ਆਪ ਨੂੰ ਆਪਣੇ ਪ੍ਰੀਤਮ ਵਾਹਿਗੁਰੂ ਦਾ ਪਿਆਰ ਸੀ। ਦਰਸ਼ਨ ਸ਼ਾਸਤ੍ਰਾਂ ਦੇ ਵੇਤਾ ਤੇ ਫਿਲਸਫੇ ਵਾਲੇ ਯੁਕਤੀਆਂ ਤੇ ਦਲੀਲਾਂ ਨਾਲ "ਰੱਬ ਹੈ" ਸਿੱਧ ਕਰਦੇ ਹਨ, ਕੁਦਰਤ ਦੇ ਪ੍ਰੇਮੀ ਕਾਦਰ ਦੇ ਲੱਛਣਾਂ ਤੋਂ ਪਛਾਣ ਕਰਦੇ ਹਨ, ਜੋਗੀ ਜਨ ਧਿਆਨ ਟਿਕਾਕੇ ਏਕਾਗ੍ਰਤਾ ਵਿਚ ਉਸਦਾ ਪ੍ਰਭਾਉ ਅਨੁਭਵ ਕਰਨ ਦਾ ਜਤਨ ਲਾਉਂਦੇ ਹਨ, ਭਗਤ ਜਨ ਆਪਣੇ ਆਪ ਵਿਚ ਭਗਤੀ ਭਾਵ ਪੈਦਾ ਕਰਕੇ ਜਸ ਗਾਉਂਦੇ ਹਨ, ਜੋ ਜਸ ਗਾਉਂਦਿਆਂ ਰਸ ਉਪਜੇ ਤੇ ਦਾਤਾ ਮਿਲੇ, ਪਰ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਨੂੰ ਸਾਮਰਤੱਖ ਵੇਖਦੇ ਸੇ। ਉਹਨਾਂ ਨੂੰ 'ਰੱਬ ਇਕ ਲੁਕੀ ਹੋਈ ਪਰ ਜਾਣਨੇ ਜੋਗ ਗੱਲ' ਨਹੀਂ ਸੀ, 'ਰਬ ਹੈ' ਨਿਰਾ ਮੰਨ ਲੈਣ ਵਾਲਾ ਰੰਗ ਨਹੀਂ ਸੀ, ਉਹਨਾਂ ਨੂੰ :-

"ਵਾਹਿਗੁਰੂ ਹੈ"

ਇਕ ਅਹਿੱਲ, ਅਡਿੱਗ, ਇਕ ਸੱਚ, ਸਾਮਰਤੱਖ ਸੱਚ, ਇਕ ਪਰਤੱਖ ਦਰਸ਼ਨ ਸੀ ਤੇ ਉਸ ਦੇ ਨਾਲ ਅਮਿਤ ਪਿਆਰ (ਜਿਸ ਦੀ ਉਪਮਾ ਜਗਤ ਵਿਚ ਨਹੀਂ ਹੈ) ਐਸ ਤਰ੍ਹਾਂ ਦੀ ਸੀ ਕਿ ਉਸ ਬਿਨਾਂ ਰਹਿਣਾ ਹੋ ਨਹੀਂ ਸੀ ਸਕਦਾ। ਉਹਨਾਂ ਦਾ ਅਸਲੀ ਰੰਗ, ਅੰਦਰਲੇ ਦਾ ਅਸਲੀ ਲਗਾਉ ਵਾਹਿਗੁਰੂ ਪ੍ਰੇਮ ਸੀ। ਹੋਰ ਜੋ ਕੁਛ ਉਹ ਕਰਦੇ ਸੇ, ਉਹ ਓਪਰਾ ਸੀ, ਓਪਰਾ ਕੰਮ ਓਪਰੇ ਦਿਲੋਂ ਉਪਰਾਂਦ ਨਾਲ ਹੀ ਨਿਭ ਜਾਂਦਾ ਸੀ ਕਿਉਂਕਿ ਅੰਦਰਲੀ ਦਿੱਬਜ ਸ਼ਕਤੀ ਵਾਲੇ ਦੀ ਉਪਰਾਂਦ ਨਾਲ ਬੀ ਕੀਤੀ ਕਰਨੀ ਸਾਡੀ ਸਾਰੀ ਲਗਨ ਨਾਲ ਕੀਤੇ ਕੰਮਾਂ ਤੋਂ ਵਧੀਕ ਚੰਗੀ ਨਿਭਦੀ ਹੈ। ਜਿਵੇਂ ਸਾਨੂੰ ਜੋ 'ਦਿੱਸਦਾ' ਹੈ ਮਿੱਠਾ ਲਗਦਾ ਹੈ ਤੇ 'ਨਾ ਦਿੱਸਦਾ' ਓਪਰਾ ਲਗਦਾ ਹੈ, ਭਾਵੇਂ ਅਸੀਂ 'ਨਾ ਦਿੱਸਦੇ' ਦੇ ਜਗਯਾਸੂ ਬੀ ਹੋਈਏ ਪਰ ਉਸ ਵਿਚ ਉਹ ਲਗਨ ਨਹੀਂ ਬੈਠਦੀ ਜੋ 'ਦਿੱਸਦੇ' ਪਦਾਰਥਾਂ ਤੇ ਪੁਰਖਾਂ ਵਿਚ ਬੈਠਦੀ ਹੈ। ਤਿਵੇਂ ਆਪ ਨੂੰ ਵਾਹਿਗੁਰੂ ਤਾਂ ਸਾਡੇ 'ਦਿੱਸਦੇ' ਵਾਂਙੂ ਦਿੱਸਦਾ ਸੀ, ਸਾਡਾ 'ਦਿੱਸਦਾ ਜਗਤ' ਤੇ 'ਇਸ ਦੀਆਂ ਮੋਹਨਹਾਰੀਆਂ ਮੂਰਤਾਂ' ਓਪਰੀਆਂ ਦਿੱਸਦੀਆਂ ਸਨ। ਰਹਿੰਦੇ ਇਸੇ ਵਿਚ ਸਨ, ਤੁਰਦੇ ਇਸੇ ਵਿਚ ਸਨ, ਵਰਤਦੇ ਇਸੇ ਵਿਚ ਸਨ; ਇਸੇ ਦਾ ਉਧਾਰ ਕਰਨਾ ਚਾਹੁੰਦੇ ਸਨ, ਪਰ ਇਸ ਵਿਚ ਬ੍ਰਿਤੀ ਨੂੰ ਖਚਿਤ ਨਹੀਂ ਸਨ ਰੱਖਦੇ। 'ਉਹਨਾਂ ਦਾ ਵਾਹਿਗੁਰੂ ਵਿਸ਼ਵਾਸ਼' ਬੇਨਜ਼ੀਰ ਗੱਲ ਹੈ। ਉਹਨਾਂ ਦਾ 'ਵਾਹਿਗੁਰੂ ਪ੍ਰੇਮ' ਅਦੁਤੀ ਮਾਜਰਾ ਹੈ, ਜਿਸਦੀ ਮਿਸਾਲ ਜਗਤ ਦੇ ਇਤਿਹਾਸ ਵਿਚ ਨਹੀਂ ਮਿਲਦੀ। ਉਹਨਾਂ ਦਾ 'ਵਾਹਿਗੁਰੂ-ਵਿਸ਼ਵਾਸ਼' 'ਵਾਹਿਗੁਰੂ ਪ੍ਰੇਮ' ਉਹਨਾਂ ਦੀ ਬਾਣੀ ਤੋਂ ਐਸਾ ਅਨੋਖਾ ਤੇ ਦ੍ਰਿੜ ਸਾਬਤ ਹੁੰਦਾ ਹੈ ਕਿ ਕਿਸੇ ਸੰਸੇ ਦੀ ਗੱਲ ਬਾਕੀ ਨਹੀਂ ਰਹਿੰਦੀ। ਇਸ ਲਗਾਤਾਰ ਪ੍ਰਤੱਖ ਰੱਬੀ ਲਗਾਉ ਵਿਚ ਉਹ ਰਹਿੰਦੇ ਸਨ, ਇਸ ਇਕ-ਰਸੀਏ ਰਸ ਵਿਚ ਉਹ ਵਰਤਦੇ ਸਨ, ਇਹ ਸਾਮਰਤੱਖ ਨਜ਼ਾਰਾ ਉਹਨਾਂ ਦੇ ਜੀਵਨ ਨਾਲ ਇਕ ਰੂਪ ਹੋਕੇ ਪ੍ਰੋਤਾ ਪਿਆ ਸੀ, ਉਹ ਇਸ ਵਿਚ ਸਨ ਤੇ ਇਹ ਉਹਨਾਂ ਵਿਚ ਸੀ। 'ਓਤਿ ਪੋਤਿ ਰਵਿਆ ਰੂਪ ਰੰਗ' ਜੋ ਲਿਖਿਆ ਹੈ ਸੋ ਸਾਂਈਂ ਤੇ ਗੁਰੂ ਨਾਨਕ ਦਾ ਮੇਲ ਸੀ। ਉਹਨਾਂ ਦਾ ਸਾਂਈਂ ਪ੍ਰੇਮ ਤੇ ਸਾਂਈਂ ਵਿਚ ਲਗਨ ਸਾਂਈਂ ਨਾਲ ਇਕਮਿੱਕਤਾ ਸੀ; ਉਨ੍ਹਾਂ ਵਿਚ

ਸਾਂਈ ਵੱਸਦਾ ਸੀ, ਓਹ ਸਾਈਂ ਵਿਚ ਵਿਚਰਦੇ ਸਨ। ਚਾਹੇ ਹੁਣ ਦੁਨੀਆਂ ਤੋਂ ਉਹ ਪਹਿਲੀ ਉਦਾਸੀ ਨਹੀਂ ਸੀ; ਕੰਮ ਕਾਜ ਕਰਦੇ ਸਨ, ਪਰ ਕੰਮ ਕਾਜ ਕਰਦੇ ਓਹ ਫਸੇ ਹੋਏ ਨਜ਼ਰ ਨਹੀਂ ਸਨ ਪੈਂਦੇ। ਰੱਬੀ ਲਗਨ ਉਂਵੇ ਦੀ ਉਵੇਂ ਸੀ। ਜਗਤ ਤੋਂ ਉਦਾਸੀ ਦੇ ਹੁਲਾਰੇ ਐਉਂ ਤਾਂ ਸਨ ਕਿ ਇਹ ਕੋਈ ਮੋਹਨ ਹਾਰ ਅਸਰ ਉਨ੍ਹਾਂ ਤੇ ਨਹੀਂ ਸਨ ਪੈਣ ਦੇਂਦੇ, ਪਰ ਹੁਣ 'ਦਾਇਆ' ਤੇ 'ਦਇਆ' ਦੇ ਹੁਲਾਰੇ ਉਠਦੇ ਸੇ, ਬਹੁਤ ਵਾਰੀ ਸਾਰੇ ਜਗਤ ਨੂੰ ਆਪਣੇ ਵਾਂਙੂੰ ਵਾਹਿਗੁਰੂ-ਪ੍ਰੇਮ ਵਿਚ ਰੰਗ ਕੇ ਸੁਖੀ ਕਰ ਦੇਣ ਦੇ ਤ੍ਰੰਗ ਉਠਦੇ ਸਨ। ਕਈ ਬੰਦੇ ਤਾਂ ਏਸੇ ਰੰਗਣ ਵਿਚ ਰੰਗੀਜ ਚੁਕੇ ਸੇ, ਪਰ ਹੁਣ ਜਗਤਾਧਾਰ ਵੱਲੋਂ ਜਗਤ-ਰਖਯਾ ਦੇ ਤਰੰਗ ਆਉਂਦੇ ਸੇ, ਏਸ ਕਰਕੇ ਅਨੇਕਾਂ ਵਾਰ ਸਾਰੀ ਸਾਰੀ ਰਾਤ ਚੁੱਪ ਚਾਪ ਬਨਾਂ ਵਿਚ ਬੈਠੇ ਰਹਿੰਦੇ ਸੇ।

### ੪. {ਅਕਾਲ ਪੁਰਖ ਗੁਰੂ ਹੋਕੇ ਮਿਲੇ ਤੇ ਵਰ ਦਾਨ ਪਾਇਆ}

**ਇਕ** ਦਿਨ ਪਹਿਰ ਰਾਤ ਰਹਿੰਦੀ ਉੱਠਕੇ ਆਪ ਵੇਈਂ ਨੂੰ ਗਏ। ਕਿਨਾਰੇ ਅੱਪੜਕੇ ਕੱਪੜੇ ਉਤਾਰੇ ਤੇ ਖ਼ਿਦਮਤਗਾਰ ਨੂੰ ਦਿੱਤੇ। ਆਪ ਦਰਯਾ ਵਿਚ ਵੜੇ। ਥੋੜਾ ਚਿਰ ਦਾਸ ਨੂੰ ਵੇਈਂ ਵਿਚ ਨ੍ਹਾਉਂਦੇ ਤੇ ਤਰਦੇ ਦਿੱਸੇ, ਪਰ ਫੇਰ ਨਜ਼ਰੋਂ ਦਿੱਸਣੋਂ ਰਹਿ ਗਏ। ਉਹ ਆਦਮੀ ਸੂਰਜ ਚੜ੍ਹੇ ਤਕ ਬੈਠਾ ਰਿਹਾ, ਅੰਤ ਨਿਰਾਸ ਹੋਕੇ ਮੁੜ ਆਇਆ ਤੇ ਖ਼ਾਨ ਨੂੰ ਖਬਰ ਕੀਤੀ। ਉਧਰੋਂ ਘਰਦਿਆਂ ਨੂੰ ਖਬਰ ਹੋਈ। ਸਾਰੇ ਵੇਈਂ ਤੇ ਆਏ, ਇੰਨੇ ਨੂੰ ਨਵਾਬ ਬੀ ਘੋੜੇ ਤੇ ਚੜ੍ਹਕੇ ਆਇਆ, ਮਲਾਹ ਬੁਲਾਏ ਗਏ, ਨਦੀ ਵਿਚ ਬੜੀ ਟੋਲ ਕੀਤੀ; ਦੋ ਚਾਰ ਮੀਲ ਹੇਠਾਂ ਤਕ ਗਏ ਪਰ ਕੁਛ ਪਤਾ ਨਹੀਂ ਲੱਗਾ। ਆਖ਼ਰ ਇਹ ਸਮਝਕੇ ਕਿ ਨਦੀ ਵਿਚ ਡੁੱਬ ਤੇ ਰੁੜ੍ਹ ਗਏ ਹਨ ਸਾਰੇ ਦਿਲਗੀਰ ਹੋਕੇ ਘਰੀਂ ਆ ਗਏ।

ਜੈਰਾਮ ਜੀ ਲੱਗੇ ਤਲਵੰਡੀ ਖਬਰਾਂ ਘੱਲਣ, ਪਰ ਬੇਬੇ ਨਾਨਕੀ ਨੇ ਹੋੜਿਆ ਤੇ ਆਖਿਆ : ਮੇਰਾ ਵੀਰ ਰੱਬੀ ਨੂਰ ਹੈ, ਉਸ ਨੂੰ ਕਿਹੜਾ ਦਰਿਆ ਡੋਬਣ ਵਾਲਾ ਹੈ ? ਜਿਸ ਦੇ ਚਾਨਣੇ ਸਭ ਨੂੰ ਚਾਨਣਾ ਹੁੰਦਾ ਹੈ-ਉਸ ਨੂੰ ਕੌਣ ਹਨੇਰੇ ਵਿਚ ਪਾ ਸਕਦਾ ਹੈ ? ਇਹ ਕੋਈ ਕੌਤਕ ਹੈ ਤੇ ਪਿਛਲਿਆਂ ਤੋਂ ਵੱਡਾ ਕੌਤਕ ਹੈ, ਉਡੀਕ ਕਰੋ ਤੇ ਵੇਖੋ ਕਿ ਕੀ ਖੇੜਾ ਖਿੜਦਾ ਹੈ। ਗੱਲ ਕੀ ਸਾਰੇ ਹੀ 'ਡੁੱਬ ਜਾਣ' ਵਾਲੇ ਖਿਆਲ ਵਿਚ ਪੈ ਜਾਂਦੇ ਸਨ, ਪਰ ਇਕ ਬੇਬੇ ਦਾ ਨਿਸ਼ਚਾ ਅਹਿੱਲ ਸੀ, ਉਸ ਨੂੰ ਕੋਈ ਯਕੀਨ ਨਹੀਂ ਸੀ ਕਰਾ ਸਕਦਾ ਕਿ ਤਾਰਨਹਾਰ ਜੀ ਡੁੱਬ ਗਏ ਹਨ [੧]।

ਮਰਦਾਨਾ ਆਪਣੇ ਪਿਆਰੇ ਸੁਆਮੀ ਦੇ ਪ੍ਰੇਮ ਵਿਚ ਵੇਈਂ ਦੇ ਕਿਨਾਰੇ ਕਿਨਾਰੇ ਘੁੰਮਦਾ ਕੀਰਤਨ ਕਰਦਾ ਤੇ ਬਿਰਹੋਂ ਦੇ ਸ਼ਬਦ ਗਾਉਂਦਾ ਫਿਰਦਾ ਸੀ, ਸਤਿਸੰਗੀ ਪ੍ਰੇਮੀ ਬਣਾਂ ਵਿਚ ਉਦਾਸ ਫਿਰਦੇ ਬਾਣੀ ਗਾਉਂਦੇ ਸੇ। ਤ੍ਰੈ ਦਿਨ ਇਸ ਤਰ੍ਹਾਂ ਬੀਤ ਗਏ, ਪਰ ਅਜ ਤਕ ਜਗਤ ਰਖਯਕ ਜੀ ਦੀ ਕੋਈ ਸੂੰਹ ਨਾ ਪਈ।

ਉਧਰ ਜੋ ਉਨ੍ਹਾਂ ਨਾਲ ਵਰਤੀ ਸੋ ਵਰਣਨ ਨਹੀਂ ਹੋ ਸਕਦੀ, ਕਿਉਂਕਿ ਏਹ ਤ੍ਰੈ ਦਿਨ ਉਨ੍ਹਾਂ ਦੇ ਉਥੇ ਲੰਘੇ ਜਿਸ ਨੂੰ ਅਸੀਂ ਦਿਨ ਨਹੀਂ ਕਹਿ ਸਕਦੇ, ਕਿਉਂਕਿ ਉਥੇ ਨਾ ਦੇਸ਼ ਹੈ ਨਾ ਕਾਲ। ਸਾਡੇ ਤ੍ਰੈ ਦਿਨ ਉਹਨਾਂ ਦੇ ਅਕਾਲ ਤੇ ਅਦੇਸ਼ ਟਿਕਾਣੇ ਲੰਘੇ, ਜਿਥੇ ਨਾ ਬੋਲੀ ਹੈ ਨਾ ਸੁਣਨਾ, ਜਿੱਥੇ ਨਾ ਮੈਂ ਹੈ ਨਾ ਤੂੰ, ਪਰ ਜਿੱਥੇ ਅਦੇਸ਼ ਅਕਾਲ ਰੰਗ ਵਿਚ, ਕਿਸੇ ਹੋਰ ਸੰਪੂਰਨ ਰੰਗ ਵਿਚ ਸਭੋ ਕੁਛ ਹੈ, ਪਰ ਦਿਬਯ ਨੂਰ ਨਾਲ ਤੇ ਦਿੱਬਯ ਚਾਨਣੇ ਨਾਲ ਹੈ। ਏਥੇ 'ਅਨੇਕਤਾ' ਹੈ, 'ਰੂਪ' ਹੈ ਤੇ 'ਨਾਉਂ' ਹੈ। ਓਥੇ ਏਕਤਾ ਹੈ ਤੇ ਹੈ ਜੋ ਕੁਛ ਸੋ ਮੂਲ ਹੈ, ਉਸ ਦਾ ਨਾਉਂ ਰੂਪ ਰੰਗ ਕੁਛ ਕਿਹਾ ਨਹੀਂ ਜਾਂਦਾ। ਉਹ "ਹੈ" ਬੱਸ। ਪਰ ਸਰਬ ਚੇਤਨਾ ਓਥੇ ਹੈ, ਸਰਬ ਪ੍ਰੇਮ ਓਥੇ ਹੈ, ਸਰਬ ਅਨੰਦ ਓਥੇ ਹੈ। ਪਰ ਹੈ 'ਹੈ' ਦੇ ਰੂਪ। ਜਿਸ ਰੂਪ ਵਿਚ ਉਹ ਬਾਣੀ ਨਾਲ ਨਹੀਂ ਕਿਹਾ ਜਾਂਦਾ, ਕੰਨਾਂ ਨਾਲ ਸੁਣਿਆ ਨਹੀਂ ਜਾਂਦਾ, ਮਨ ਨਾਲ ਸਮਝਿਆ ਨਹੀਂ ਜਾਂਦਾ। ਉਥੋਂ ਦਾ ਜੋ ਕੁਛ ਹੈ ਉਹ ਅਗੰਮ ਹੈ, ਅਗੋਚਰ ਹੈ। ਪਰ 'ਹੈ' ਜ਼ਰੂਰ ਤੇ ਉਹ ਜਿਵੇਂ ਆਪ ਅਦੇਸ਼ ਅਕਾਲ ਹੈ, ਉਥੇ ਜੋ ਕੁਛ 'ਹੁੰਦਾ' ਹੈ ਉਹ ਬੀ ਅਦੇਸ਼ ਅਕਾਲ ਹੈ ; ਉਹ 'ਹੈ' ਤੇ ਓਥੋਂ ਦੀ 'ਹੋਂਦ' ਦੋਵੇਂ ਕਹੇ ਨਹੀਂ ਜਾ ਜਕਦੇ, ਉਹ ਆਪ ਸੰਪੂਰਨ ਹੈ ਤੇ ਜੋ ਕੁਛ ਕਰਦਾ ਹੈ ਸੰਪੂਰਨ ਹੈ। ਆਪ ਪਾਰਬ੍ਰਹਮ ਹੈ ਜੋ ਕੁਛ ਕਰਦਾ ਹੈ ਸਾਡੀ ਸਮਝ ਤੋਂ

---

[੧] ਗੁ: ਨਾ: ਪ੍ਰਕਾਸ਼।

ਪਾਰ ਹੈ।

ਫਿਰ ਜੋ ਜਗਤ ਰਖਯਕ ਨਾਲ ਓਥੇ ਵਰਤੀ, ਜਾਂ ਵਰਤਾਉਣ ਵਾਲਾ ਜਾਣੇ ਜਾਂ ਜਿਸ ਤੇ ਵਰਤੀ ਉਹ ਜਾਣੇ, ਪਰ ਸਾਡੀ ਸਮਝ ਗੋਚਰਾ ਕਰਨ ਲਈ-ਸਾਡੀ ਬੋਲੀ ਤੇ ਸਾਡੇ ਤ੍ਰੀਕੇ ਵਿਚ, ਸਾਡੇ ਸਾਮਾਨ ਦੇ ਵਾਂਙੂੰ ਜੋ ਕਿਹਾ ਜਾ ਸਕਦਾ ਹੈ ਸਤਿਗੁਰੂ ਜੀ ਨੇ-ਆਪਣੇ ਮੁਖਾਰਬਿੰਦੋਂ ਐਉਂ ਦੱਸਿਆ ਹੈ:-

ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ ੨੭ ॥ ਸੁਧੁ ॥[੧]

ਜਨਮ ਸਾਖੀ ਨੇ ਸਾਡੀ ਸਮਝ ਗੋਚਰਾ ਕਰਨੇ ਲਈ ਐਉਂ ਦੱਸਿਆ ਹੈ ਕਿ ਅਰਸ਼ਾਂ ਤੋਂ ਕੋਈ ਨੂਰੀ ਆਏ ਤੇ ਗੁਰੂ ਜੀ ਦੇ ਆਤਮਾ ਨੂੰ ਵਾਹਿਗੁਰੂ ਦੇ ਦੇਸ਼ ਲੈ ਗਏ। ਜਿਤ ਦਰ ਦੇਵੀ ਦੇਵ ਅਵਤਾਰ ਪੀਰ ਪੈਕਾਂਬਰ ਖੜੇ ਸਿਰ ਝੁਕਾਉਂਦੇ ਹਨ, ਉਸ ਦਰਗਾਹੇ ਧੁਰ ਅੰਦਰ ਸੱਚੇ ਪੁਰਖ ਦੇ ਪਾਸ ਲੈ ਗਏ।

ਤਾਂ ਅੰਮ੍ਰਿਤ ਦਾ ਕਟੋਰਾ ਭਰ ਕਰ ਆਗਿਆ ਨਾਲ ਮਿਲਿਆ। ਹੁਕਮ ਹੋਇਆ, "ਨਾਨਕ ਇਹੁ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂੰ ਪੀਉ"। ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ। ਸਾਹਿਬ ਮਿਹਰਵਾਨ ਹੋਯਾ[੨]:-

"ਨਾਨਕ ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਈਂ ਨਿਹਾਲੁ ਕੀਆ ਹੈ ਅਰ ਜੋ ਤੇਰਾ ਨਾਉਂ ਲੇਵੇਗਾ, ਸੋ ਸਭ ਮੈਂ ਨਿਹਾਲ ਕੀਤੇ ਹੈਨ[੨]।"

"ਤੂੰ ਜਾਇ ਕਰ ਮੇਰਾ ਨਾਮ ਜਪਿ। ਅਰ ਲੋਕਾਂ ਥੀਂ ਭੀ ਜਪਾਇ ਅਰੁ ਸੰਸਾਰ ਥੀਂ ਨਿਰਲੇਪ ਰਹੁ; ਨਾਮ, ਦਾਨ, ਇਸ਼ਨਾਨ, ਸੇਵਾ ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ, ਤੂੰ ਏਹਾ ਕਿਰਤ ਕਰ[੨]।"

[੧] ਮਾਝ ਕੀ ਵਾਰ ਮ: ੧ ਵਿਚ ਹੈ।

[੨] ਏਹ ਸਾਰੇ ਵਾਕ ਪੁਰਾਤਨ ਜਨਮ ਸਾਖੀ ਦੇ ਹਨ

ਤਦ ਗੁਰ ਜੀ ਨੇ ਮੱਥਾ ਟੇਕਿਆ ਤੇ ਖੜੇ ਹੋਕੇ ਇਹ ਸਿਫਤ ਮਹਾਂਰਾਜ ਦੀ ਗਾਵੀਂ :-

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੧ ॥ ਸਾਚਾ ਨਿਰੰਕਾਰੁ ਨਿਜ ਥਾਇ ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥ ਰਹਾਉ ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੨ ॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੩ ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥[੧]

ਇਸ ਪਰ ਧੁਨਿ ਆਈ :-

'ਨਾਨਕ ਮੇਰਾ ਹੁਕਮ ਤੇਰੀ ਨਦਰੀ ਆਇਆ ਹੈ ਤੂੰ ਮੇਰੇ ਹੁਕਮ ਦੀ ਸਿਫਤ ਕਰ[੨]।'

ਤਦ ਗੁਰੂ ਜੀ ਬੋਲੇ :-

ਹੇ ਪਿਤਾ ਜੀ ! ਜੀਵ ਕੀ ਆਖ ਸਕਦਾ ਹੈ, ਜੋ ਮੈਂ ਡਿੱਠਾ ਹੈ ਕਹਿਣ ਜੋਗਾ ਨਹੀਂ ! ਤੂੰ ਹੈਂ :-

ਤਦ ਬਾਬਾ ਬੋਲਿਆ ਰਾਗ ਆਸਾ[੨] ਵਿਚ ਜਪੁ ਕੀਤਾ :-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ[੩] ॥ਜਪੁ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥[੪]

[੧] ਸਿਰੀ ਰਾਗੁ ਮਹਲਾ ੧ ॥

[੨] ਪੁ: ਜ ਸਾਖੀ। [੩] ਹਾਫ਼ਜ਼ਾਬਾਦੀ ਜਨਮ ਸਾਖੀ।

[੪] ੴ ਤੋਂ 'ਹਉਮੈ ਕਹੈ ਨ ਕੋਇ' ਤਕ ਇਸ ਵੇਲੇ ਉਚਾਰਿਆ ਹੋਊ, ਕਿਉਂਕਿ 'ਹੁਕਮ ਦੀ

{ਬਾਕੀ ਟੂਕ ਦੇਖੋ ਸਫਾ ੯੬ ਦੇ ਹੇਠ} ☛

ਤਦ ਫੇਰ ਸਚੇ ਪੁਰਖ ਤੋਂ ਆਗਜਾ ਆਈ, ਹੁਕਮ ਹੋਆ :-

"ਨਾਨਕ ! ਜਿਸ ਉਪਰਿ ਤੇਰੀ ਨਦਰਿ
ਤਿਸ ਉਪਰਿ ਮੇਰੀ ਨਦਰਿ।
ਜਿਸ ਉਪਰ ਤੇਰਾ ਕਰਮ,
ਤਿਸ ਉਪਰ ਮੇਰਾ ਕਰਮ।
ਮੇਰਾ ਨਾਉਂ ਪਾਰਬ੍ਰਹਮ ਪਰਮੇਸਰੁ
ਤੇਰਾ ਨਾਉਂ ਗੁਰੂ ਪਰਮੇਸਰੁ। "

ਤਬ ਗੁਰੂ ਨਾਨਕ ਪੈਰੀਂ ਪਇਆ, ਸਿਰੋਪਾਉ ਦਰਗਾਹੋਂ ਬਾਬੇ ਨੂੰ ਮਿਲਿਆ[1]।

ਤਦ ਗੁਰੂ ਜੀ ਨੇ ਬੜੀ ਨਿੰਮ੍ਰਤਾ ਵਿਚ ਇਹ ਗਾਂਵਿਆਂ :-

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥ ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥ ਨ ਜਾਣਾ ਮੇਉ ਨ ਜਾਣਾ ਜਾਲੀ ॥ ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥ ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥ ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥੨॥ ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥ ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥ ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥੪॥੩੧॥ {ਸਿਰੀ ਰਾਗੁ ਮਹਲਾ ੧

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਆਰਤੀ ਵਾਲਾ ਸ਼ਬਦ 'ਗਗਨ ਮੈ ਥਾਲ' ਸਤਿਗੁਰਾਂ ਨੇ ਇਸ ਵੇਲੇ ਉਚਾਰਿਆ।

ਉਸ ਮਾਜਰੇ ਨੂੰ, ਜੋ ਅਨੰਤ ਤੇ ਅਨਾਦ, ਦੇਸ਼ ਕਾਲ ਰਹਿਤ ਅਪਣੇ ਸੱਚ ਖੰਡ ਵਿਚ ਵਰਤਿਆ ਜਿਸ ਦਾ ਅਨੁਭਵ ਜਿਸ ਡਿੱਠਾ ਉਸ ਨੂੰ ਹੈ, ਐਉਂ ਸਮਝਣ ਸਮਝਾਉਣ ਦਾ ਜਤਨ ਹੋਇਆ ਹੈ। ਭਾਵ ਇਹ ਹੈ ਕਿ ਵਾਹਿਗੁਰੂ ਵਲੋਂ ਸਤਿਗੁਰੂ ਜੀ ਦੇ ਪਰਮ ਤੇ ਪੂਰਨ ਸ਼ੁੱਧ ਆਤਮਾਂ ਵਿਚ ਰੱਬੀ ਤਾਕਤ-ਅਲੂਹੀਅਤ-ਦੈਵੀ ਸ਼ਕਤੀ ਕਿਸੇ ਐਸੇ ਰੰਗ ਵਿਚ ਭਰੀ ਗਈ ਕਿ ਜਿਸ ਨੂੰ ਭਰੀ ਗਈ ਕਹਿਣਾ ਬੀ ਠੀਕ ਨਹੀਂ। ਉਸ ਦਾ ਪ੍ਰਯੋਜਨ ਇਹ ਸੀ ਕਿ ਗੁਰੂ ਜੀ, ਜੋ ਧੁਰੋਂ ਜਗਤ ਰਖਯਾ ਲਈ ਆਏ ਸਨ ਤੇ ਹੁਣ ਤੱਕ ਸੰਸਾਰ ਦੇ ਸਾਰੇ ਤਜਰਬੇ ਕਰਦੇ ਇਸ ਦੁਖਾਂ ਨਾਲ ਭਰੇ ਮਨੁੱਖ ਮੰਡਲ ਦੇ ਦੁਖ ਆਪੂੰ ਬੀ ਸਹਿ ਸਹਿਕੇ ਪੂਰੇ ਜਾਣੂੰ ਹੋ ਗਏ ਸਨ, ਆਪਣਾ ਕੰਮ ਆਰੰਭ ਦੇਣ। ਉਹਨਾਂ ਦੀ ਗੁਰੱਤਵ ਸ਼ੁਰੂ ਤੋਂ ਪੂਰਨ ਸੀ, ਉਨ੍ਹਾਂ ਦਾ ਰੁਖ਼ ਤੇ ਲਗਨ ਪੂਰੇ ਵਾਹਿਗੁਰੂ ਦੇ ਚਰਨੀਂ ਅਭੇਦ ਸੀ। ਹੁਣ ਵਾਹਿਗੁਰੂ ਜੀ ਨੇ ਇਸ ਮਨੁੱਖ ਜਾਮੇ ਵਿਚ ਦਰਸ਼ਨ ਦੇਕੇ ਉਨ੍ਹਾਂ ਨੂੰ ਆਪਣੀ (ਵਾਹਿਗੁਰੂ ਦੀ) ਟੇਕ ਤੇ ਸੰਸਾਰ ਉਧਾਰ ਲਈ ਆਗਜਾ ਕੀਤੀ। ਉਹਨਾਂ ਤੇ ਪਹਿਲਾਂ ਤੋਂ ਹੀ ਮਿਹਰ ਸੀ, ਭਾਈ ਗੁਰਦਾਸ ਜੀ ਨੇ ਲਿਖਿਆ ਹੈ-"ਪਹਿਲਾਂ ਬਾਬੇ ਪਾਯਾ ਬਖਸ਼ ਦਰ" ਤੇ ਜਨਮ ਸਾਖੀ ਦਸਦੀ ਹੈ ਕਿ ਵਾਹਿਗੁਰੂ ਨੇ ਕਿਹਾ ਤੇਰਾ ਨਾਉਂ 'ਗੁਰੂ ਪਰਮੇਸਰੁ' ਸੋ ਉਨ੍ਹਾਂ ਵਿਚ ਰੱਬੀ ਸ਼ਕਤੀ ਦਾ ਨਿਵਾਸ ਪਹਿਲੋਂ ਤੋਂ ਪੂਰਨ ਸੀ ਤੇ ਹੁਣ ਪਾਰਬ੍ਰਹਮ ਦੀ ਆਗਜਾ ਸਾਰੇ ਜਗਤ ਵਿਚ ਸਤਿਨਾਮ ਦਾ ਛੱਟਾ ਦੇਣ ਦੀ ਸੀ। ਇਸੇ ਮੇਲ ਤੇ ਦਾਤ ਪ੍ਰਾਪਤ ਕਰਨ ਨੂੰ ਗੁਰੂ ਜੀ ਨੇ ਆਪ ਦੱਸਿਆ ਹੈ :-

ਅਪਰੰਪਰ ਪਾਰਬ੍ਰਹਮੁ ਪਰਮੇਸੁਰ ਨਾਨਕ ਗੁਰ ਮਿਲਿਆ ਸੋਈ ਜੀਉ ॥ {ਸੋਰਠਿ ਮਹਲਾ ੧}

ਸੋ ਇਸ ਮਾਨੁਖ ਜਾਮੇ ਵਿਚ ਗੁਰੂ ਅਕਾਲ ਪੁਰਖ ਆਪ ਸੀ ਤੇ ਕੋਈ ਦੇਹ ਧਾਰੀ ਗੁਰੂ ਜੀ ਦਾ ਗੁਰੂ ਨਹੀਂ ਸੀ, ਇਹ ਗੱਲ ਬੀ ਉਨ੍ਹਾਂ ਨੇ ਆਪ ਦੱਸੀ ਹੈ[1]।

ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥
ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ ॥੪੬॥ {ਰਾਮ: ਮ: ੧ ਦ: ਓਅੰਕਾਰ-੪੬}

ਗੁਰੂ ਨਾਨਕ ਦੇਵ ਜੀ ਨੂੰ 'ਅਕਾਲ ਪੁਰਖ ਜੋਨੀ

---

[1] ਪੁਰਾਤਨ ਜਨਮ ਸਾਖੀ।

☞{ਸਫੇ ੯੫ ਦੀ ਟੂਕ ਦੀ ਬਾਕੀ}
ਮਹਿਮਾ ਕਰ' ਰੱਬ ਨੇ ਕਿਹਾ ਹੈ। ਉਂਵ ਸਾਰਾ ਜਪੁਜੀ 'ਹੁਕਮੀ ਤੇ ਹੁਕਮ' ਦੀ ਵਿਆਖਿਆ ਹੈ।

[1] ਦੇਖੋ ਦੀਬਾਚਾ ਟੀਕਾ ਜਪੁਜੀ ਸੰਕਰ ਦਿਆਲ ਜੀ ਦਾ।

ਵਿਚ ਅਇਆ' ਕਹਿਣਾ ਉਨ੍ਹਾਂ ਦੀ ਅਪਣੀ ਸਿਖਜਾ ਵਿਚ ਮਨ੍ਹੇ ਹੈ। ਉਨ੍ਹਾਂ ਨੂੰ ਨਿਰਾ ਮਨੁੱਖ ਕਹਿਣਾ ਬੀ ਉਨ੍ਹਾਂ ਦੀ ਭਾਰੀ ਬੇਅਦਬੀ ਕਰਨਾ ਤੇ ਕੂੜ ਤੋਲਣਾ ਹੈ, ਉਹ ਜੋ ਕੁਛ ਸਨ ਕਿਹਾ ਨਹੀਂ ਜਾਂਦਾ। ਦ੍ਰਿਸ਼ਟਾਂਤ ਇਕ ਸੋਨੇ ਦੀ ਡਲੀ ਦਾ ਹੈ, ਜਿਸ ਨੂੰ ਅੱਗ ਵਿਚ ਅੱਗ ਦਾ ਪ੍ਰਵੇਸ਼ ਹੋਕੇ ਉਸ ਨੂੰ ਅੱਗ ਰੂਪ ਕਰ ਜਾਂਦਾ ਹੈ, ਹੁਣ ਉਹ ਸੋਨਾ ਬੀ ਹੈ ਤੇ ਅੱਗ ਬੀ ਹੈ। ਸਾਰੇ ਗੁਣ ਅੱਗ ਦੇ ਭੀ ਉਸ ਵਿਚ ਹਨ ਤੇ ਉਹ ਸੋਨਾ ਬੀ ਹੈ। ਇਹ ਦ੍ਰਿਸ਼ਟਾਂਤ ਬੀ ਪੂਰਾ ਨਹੀਂ ਢੁੱਕਦਾ, ਕਿਉਂਕਿ ਦ੍ਰਿਸ਼ਟਾਂਤ ਦੇਸ਼ ਕਾਲ ਦਾ ਹੈ ਤੇ ਉਹਨਾਂ ਦੀ ਰਬੀਅਤ ਦਾ ਸੰਬੰਧ ਅਦੇਸ਼ ਅਕਾਲੀ ਤੇ ਅਜ਼ਲੀ ਰਿਸ਼ਤਾ ਹੈ, ਪਰ ਇਹ ਦ੍ਰਿਸ਼ਟਾਂਤ ਕੁਛ ਖਿਆਲ ਦੇ ਜਾਂਦਾ ਹੈ। ਇਸੇ ਵਾਸਤੇ "ਗੁਰ ਨਾਨਕ ਦੇਵ ਗੋਵਿੰਦ ਰੂਪ" ਪੰਜਵੇਂ ਸਤਿਗੁਰਾਂ ਨੇ ਲਿਖਿਆ ਹੈ; ਇਸੇ ਲਈ ਜਨਮ ਸਾਖੀ ਨੇ ਗੁਰੂ ਨਾਨਕ ਦੇਵ ਜੀ ਨੂੰ ਵਾਹਿਗੁਰੂ ਜੀ ਦੀ ਜ਼ੁਬਾਨੀ 'ਗੁਰੂ ਪਰਮੇਸਰੁ' ਲਿਖਿਆ ਹੈ। ਓਥੇ ਵਾਹਿਗੁਰੂ ਆਪ ਨੂੰ "ਪਾਰਬ੍ਰਹਮ ਪਰਮੇਸਰੁ" ਆਖਦਾ ਹੈ ਤੇ ਗੁਰੂ ਜੀ ਨੂੰ 'ਗੁਰੂ ਪਰਮੇਸਰੁ' ਆਖਦਾ ਹੈ। ਇਸੇ ਭੇਤ ਨੂੰ ਭੱਟਾਂ ਨੇ 'ਪਰਤਖ ਹਰਿ' ਤੇ ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ' ਕਹਿਕੇ ਦਰਸਾਇਆ ਹੈ ਤੇ ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਆਖਿਆ ਹੈ :-

ਨਿਰੰਕਾਰ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ ॥ {ਵਾਰ ੨੪-੨੫}

ਗੁਰੂ ਜੀ ਨੇ ਅਪਣੀ ਪੂਰਨ ਹਉਮੈਂ ਅਭਾਵਤਾ ਵਿਚ ਆਪਣੇ ਆਪ ਨੂੰ ਵਾਹਿਗੁਰੂ ਦਾ ਢਾਡੀ (ਜਸੁ ਕਰਨ ਵਾਲਾ) ਲਿਖਿਆ ਹੈ ਤੇ ਆਪਣੀ ਰੱਬੀ ਦਾਤ ਪ੍ਰਾਪਤੀ ਦਾ ਆਪ ਪਤਾ ਦਿੱਤਾ ਹੈ :-

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ[1]॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥
{ਮਾਝ ਕੀ ਵਾਰ ਮ: ੧}

ਇਥੇ ਗੁਰੂ ਜੀ ਨੇ ਪਹਿਲਾਂ ਆਪਣੀ ਪੂਰਨ 'ਹਉਮੈਂ-ਅਭਾਵਤਾ' ਦਿਖਾਈ ਹੈ, ਜੋ ਹੋਰ ਕਈ ਅਵਤਾਰਾਂ ਪਿਕੰਬਰਾਂ ਨੇ ਅਪਣਾ ਰੂਹਾਨੀ ਰੱਬੀ ਪੈਗ਼ਾਮ ਦੱਸਣ ਲੱਗਿਆਂ "ਮੈਂ" ਵਿਚ ਦੱਸਿਆ ਹੈ। ਉਨ੍ਹਾਂ ਦੇ ਉਪਾਸਕ ਉਸ ਨੂੰ ਉਨ੍ਹਾਂ ਦੀ ਰੂਹਾਨੀ ਵਸੀਕਾਰਤਾ ਬਿਆਨ ਕਰਦੇ ਹਨ, ਪਰ ਇਸ ਵਿਚ ਹਉਂ ਦਾ ਲੇਸ਼ ਆ ਜਾਂਦਾ ਹੈ। ਸਤਿਗੁਰੂ ਨੇ ਇੱਥੇ ਦਾਉ ਨਹੀਂ ਖਾਧਾ, ਆਪਣੇ ਆਪ ਨੂੰ ਵਾਹਿਗੁਰੂ ਦਾ ਢਾਡੀ ਦੱਸਕੇ ਤੇ ਵਿਹਲਾ ਦੱਸਕੇ ਹਉਂ ਅਭਾਵਤਾ ਦੱਸੀ। ਪਰ ਇਹ ਗੱਲ ਉਨ੍ਹਾਂ ਦੇ ਨੀਵੇਂ ਹੋਣ ਦੀ ਅਰ ਅਸਮਾਨੀ, ਰੂਹਾਨੀ, ਰੱਬੀ ਵਸੀਕਾਰਤਾ ਤੋਂ ਸੱਖਣੇ ਹੋਣ ਦੀ ਦਲੀਲ ਨਹੀਂ ਹੈ। ਉਨ੍ਹਾਂ ਵਾਹਿਗੁਰੂ ਦੀ ਮਿਹਰ ਦੀ ਵਡਿਆਈ ਕਰਦਿਆਂ ਅਪਣੀ ਰੂਹਾਨੀ ਵਸੀਕਾਰਤਾ ਤੇ ਔਜ ਨੂੰ ਇਸ ਤਰ੍ਹਾਂ ਦੱਸਿਆ ਹੈ :-

ਢਾਢੀ ਸਚੇ ਮਹਲਿ ਖਸਮਿ ਬੁਲਾਇਆ ॥

ਉਥੋਂ ਸੱਚੀ ਸਿਫਤ ਸਲਾਹ, ਅੰਮ੍ਰਿਤ ਨਾਮ ਦਾਤ ਪ੍ਰਾਪਤ ਹੋਣ ਦਾ ਪਤਾ ਦਿੱਤਾ, ਉਸ ਨਾਮ ਦਾਤ ਦਾ ਜਗਤ ਵਿਚ 'ਪਸਾਉ' ਪ੍ਰਚਾਰ ਕਰਨਾ ਅਪਣਾ ਰੱਬੀ ਕਮਾਮ ਦੱਸਿਆ ਤੇ ਅੰਤ ਪੂਰੇ ਵਾਹਿਗੁਰੂ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰ ਲੈਣ, ਰੱਬੀ ਰੰਗ ਵਿਚ ਰੰਗੇ ਰਹਿਣ ਦਾ ਪਤਾ ਦੇ ਦਿੱਤਾ। 'ਜੈਸੀ ਮੈ ਆਵੈ ਖਸਮ ਕੀ ਬਾਣੀ' ਤੇ 'ਬੀਜਉ ਸੂਝੈ' ਕੋ ਨਹੀ ਬਹੈ ਦੁਲੀਚਾ ਪਾਇ' ਆਦਿਕ ਥਾਂਈਂ ਉਨ੍ਹਾਂ ਦੀ ਰੱਬੀ ਵਸੀਕਾਰਤਾ ਦਾ ਪਤਾ ਉਨ੍ਹਾਂ ਦੀ ਆਪਣੀ ਬਾਣੀਂ ਤੋਂ ਪਿਆ ਲੱਗਦਾ ਹੈ। ਸੋ ਵਾਹਿਗੁਰੂ ਨੂੰ ਗਰਭ ਜੂਨਿ ਵਿਚ ਆਕੇ 'ਨਾਨਕ ਰੂਪ' ਵਿਚ ਪ੍ਰਗਟ ਹੋਇਆ ਆਖਣਾ ਬੀ ਨਹੀਂ ਬਣਦਾ, ਪਰ ਉਨ੍ਹਾਂ ਨੂੰ ਨਿਰਾ ਮਨੁੱਖ ਕਹਿਣ ਬੀ ਝੂਠ ਬੋਲਣਾ ਹੈ। ਉਹ ਰੱਬੀ ਨੂਰਦੇ ਸੋਮੇ, ਉਹ ਪੂਰਨ ਬ੍ਰਹਮ ਗਿਆਨ ਦੇ ਦਾਤਾ, ਉਹ ਇਲਾਹੀ ਰੰਗ ਦੇ ਰੰਗੇ, ਉਹ ਅਲੂਹੀਅਤ, ਰੱਬੀਅਤ, ਦੈਵੀ ਸ਼ਕਤਿ ਤੇ ਤਾਣ ਦੇ ਸਰਸ਼ਾਰ ਚਸ਼ਮੇ; ਉਹ ਇਲਾਹੀ ਗੁਣਾਂ ਦੇ ਦਿਪਤ ਸੂਰਜ, ਹਰ ਵੇਲੇ ਵਾਹਿਗੁਰੂ ਦੇ ਰੰਗ ਵਿਚ ਲੀਨ, ਅੰਦਰ ਬਾਹਰ ਮਛਲੀ ਵਾਂਗੂ ਵਾਹਿਗੁਰੂ ਨੀਰ ਦੇ ਵਾਸੀ, ਤਿੰਨਾਂ ਕਾਲਾਂ ਵਿਚ ਤੇ ਅਕਾਲ ਤਿੰਨਾਂ ਕਾਲਾਂ ਵਿਚ ਤੇ

[1] ਇਸ ਤੁਕ ਦਾ ਅਰਥ ਹੈ ਕਿ ਉਸ ਅੰਮ੍ਰਿਤ ਨਾਮ ਦਾ ਮੈਂ ਅਗੇ ਪ੍ਰਚਾਰ ਕੀਤਾ ਹੈ।

ਅਵਸਥਾ ਵਿਚ ਕਦੇ ਨਾ ਸਾਂਈਂ ਤੋਂ ਵਿਛੋੜੇ, ਵਿੱਥ, ਅੰਤਰੇ, ਦੂਰੀ ਵਿਚ ਆਉਣ ਵਾਲੇ, ਅੰਤਰ-ਆਤਮੇ ਸਦਾ ਮਿਲ ਰਹੇ, ਚਾਨਣਾ ਹੀ ਚਾਨਣਾ 'ਗੁਰ ਨਾਨਕ ਦੇਵ ਗੋਵਿੰਦ ਰੂਪ'[1] ਸਨ, ਹਨ ਤੇ ਹੋਣਗੇ। ਇਸ ਪ੍ਰਕਾਰ ਦੇ ਉਨ੍ਹਾਂ ਦੇ ਵਜੂਦ ਬਾਬਤ ਭਾਵ ਬਾਕੀ ਸਤਿਗੁਰਾਂ ਦੀ ਬਾਣੀ, ਭੱਟਾਂ ਦੇ ਸਵਈਆਂ ਤੇ ਭਾਈ ਗੁਰਦਾਸ ਤੇ ਭਾਈ ਗੁਰਦਾਸ ਸਿੰਘ (ਦੂਜੇ) ਦੀ ਬਾਣੀ ਵਿਚ ਸਪਸ਼ਟ ਹਨ। ਦਸਮੇਂ ਪਾਤਸ਼ਾਹ ਜੀ ਨੇ ਵੀ ਆਪਣੇ ਦਰਗਾਹੇ ਜਾਣ, ਪੁੱਤ ਦੀ ਵਡਿਆਈ ਪ੍ਰਾਪਤ ਕਰਨ ਦਾ ਹਾਲ ਇਸੇ ਤਰ੍ਹਾਂ ਦੱਸਿਆ ਹੈ[2]।

ਪਰ ਇਹ ਕਹਿਦਿਆਂ ਓਹ ਹਉਂ ਵਿਚ ਨਹੀਂ ਜਾਂਦੇ, ਲੇਸ਼ਾਵਿਦਯਾ ਵਿਚ ਬੀ ਨਹੀਂ ਜਾਂਦੇ, ਨਿਜ ਨੂੰ ਢਾਡੀ ਤੇ ਦਾਸ ਆਖਦੇ ਹਨ, ਨਿੰਮ੍ਰਤਾ ਕਰਦੇ ਹਨ, ਪਰ ਅਪਣੇ ਰੱਬ ਅੱਗੇ। ਪਰ ਨਾਲ ਹੀ ਅਪਣੀ ਰੱਬੀ ਵਸੀਕਾਰਤਾ ਵਲੋਂ ਰੱਬ ਦੇ ਰੰਗ ਨਾਲ ਭਰਪੂਰ ਹੋਣੋਂ ਰੱਬੀਅਤ; ਈਸ਼੍ਵਰੱਤ੍ਵ, ਅਲੂਹੀਅਤ, ਦੈਵੀ ਸ਼ਕਤੀ ਨਾਲ ਸਰਸ਼ਾਰ ਹੋਣੋਂ ਕਦੇ ਇਨਕਾਰ ਨਹੀਂ ਕਰਦੇ ਅਰ ਆਪ ਇਸ ਦੇ ਪਤੇ ਵੀ ਦੇਂਦੇ ਹਨ ਤੇ ਅਪਣੀ ਉੱਚੀ ਰੱਬੀ ਵਸੀਕਾਰਤਾ ਸਾਫ ਦੱਸਦੇ ਹਨ।

ਇਹ ਹਉਮੈਂ ਦਾ ਅਭਾਵ ਪੂਰਨ ਹੈ
ਤੇ ਇਹ ਸੱਚ ਦਾ ਪ੍ਰਕਾਸ਼ ਪੂਰਨ ਹੈ।

ਹਉਮੈਂ ਦਾ ਅਭਾਵ ਕਰਦੇ ਐਸੀ ਨਿੰਮ੍ਰਤਾ ਨਹੀਂ ਕਰਦੇ ਕਿ ਸੱਚ ਲੋਪ ਹੋ ਜਾਏ ਤੇ ਉਨ੍ਹਾਂ ਦੇ ਅਸਲ ਸਰੂਪ ਬਾਬਤ ਗ਼ਲਤ ਬਿਆਨ ਪੈਦਾ ਹੋ ਜਾਏ। ਨਾ ਸੱਚ ਬਿਆਨ ਕਰਦੇ ਐਸੇ ਤ੍ਰੀਕੇ ਵਿਚ ਜਾਂਦੇ ਹਨ ਕਿ ਜਿਸ ਨਾਲ ਹਉਮੈ ਲਸਾਂ ਮਾਰਨ ਲਗ ਜਾਏ। ਕੇਵਲ ਉਚਾਰਨ ਵਿਚ ਨਹੀਂ ਕਈ ਇਕ ਸਾਖੀਆਂ ਵਿਚ ਉਨ੍ਹਾਂ ਦੀਆਂ ਕਰਨੀਆਂ ਤੋਂ ਉਨ੍ਹਾਂ ਦੀ ਰੱਬੀ ਵਸੀਕਾਰਤਾ ਦਾ ਪਤਾ ਬੀ ਮਿਲ ਜਾਂਦਾ ਹੈ। ਕਸ਼ਮੀਰ ਵਿਚ ਬ੍ਰਹਮਦਾਸ ਪੰਡਤ ਜਦ ਗੁਰੂ ਨੂੰ ਮਿਲਕੇ ਸਮਝ ਬੁੱਝਕੇ ਫਿਰ ਫਿਰ ਡੋਲਦਾ ਹੈ, ਤਾਂ ਗੁਰੂ ਜੀ ਉਸਨੂੰ ਆਖਦੇ ਹਨ : 'ਜਾਹ ਗੁਰੂ ਕਰ'। ਉਸ ਪੁੱਛਿਆ : 'ਕਿੱਥੋਂ ਲੱਭਾਂ' ਤਾਂ ਆਪ ਨੇ ਪਤਾ ਦਿੱਤਾ। ਉਥੇ ਇਕ ਮੰਦਰ ਵਿਚ ਇਕ ਸੂਹੇ ਬਸਤ੍ਰਾਂ ਵਾਲੀ ਸੂਰਤ ਨੇ ਉਸ ਨੂੰ ਮਾਰਿਆ, ਬ੍ਰਹਮ ਦਾਸ ਨੇ ਪੁਛਿਆ: ਮੈਂ ਤਾਂ ਗੁਰੂ ਲੱਭਦਾ ਆਇਆ ਹਾਂ, ਜਵਾਬ ਮਿਲਿਆ: ਇਹ ਹੁਣ ਤਕ ਤੇਰਾ ਗੁਰੂ ਰਿਹਾ ਹੈ, ਇਹ ਮਾਇਆ ਹੈ। ਉਸ ਪੁਛਿਆ : ਮੈਂ ਤਾਂ ਸੱਚਾ ਗੁਰੂ ਕਰਨਾ ਹੈ। ਜਵਾਬ ਮਿਲਿਆ: ਗੁਰੂ ਸੱਚਾ ਤਾਂ ਉਹੋ ਸੀ, ਜਿਸ ਪਾਸੋਂ ਤੂੰ ਆਇਆ ਹੈਂ। ਤਦ ਬ੍ਰਹਮ ਦਾਸ ਗੁਰੂ ਜੀ ਦੀ ਪੈਰੀਂ ਆ ਪਿਆ, ਤਾਂ ਗੁਰੂ ਜੀ ਦੇ ਨਾਮ ਦਾਨ ਦੇਣ ਨਾਲ ਪਰਮੇਸ਼ੁਰ ਦੇ ਪਿਆਰ ਵਿਚ ਰੰਗਿਆ ਗਿਆ, ਕਿਤਾਬਾਂ ਦੇ ਭਾਰ ਸੱਟ ਪਾਏ ਤੇ ਸੁਖੀ ਹੋਇਆ। ਇਸ ਤੋਂ ਸਪਸ਼ਟ ਹੈ ਗੁਰੂ ਜੀ ਦੀ ਰੱਬੀ ਵਸੀਕਾਰਤਾ।

ਇਸ ਰੱਬੀ ਵਸੀਕਾਰਤਾ ਦੇ ਦਰਜੇ ਦਾ ਨਾਮ, ਜੋ ਮਨੁੱਖ ਤੋਂ ਬਹੁੰ ਉੱਚਾ ਹੈ-ਦੇਵੀ, ਦੇਵਤੇ, ਪਿਕੰਬਰ, ਅਵਤਾਰ, ਸਾਰੇ ਮਨੁੱਖੀ ਦਰਜਿਆਂ ਤੋਂ ਬੀ ਉੱਚਾ ਹੈ-ਗੁਰੂ ਹੈ। ਗੁਰਬਾਣੀ ਵਿਚ ਇਸ ਨੂੰ ਗੁਰੂ ਤੇ ਸਤਿਗੁਰੂ ਕਰਕੇ ਦੱਸਿਆ ਹੈ। ਗੁਰੂ ਪਦ ਦਾ ਅਰਥ ਨਿਰਾ ਉਸਤਾਦ ਯਾ ਮੁਰਸ਼ਿਦ ਹੋ ਚੁਕਾ ਸੀ, ਇਸ ਕਰਕੇ ਜਨਮਸਾਖੀ ਵਿਚ ਰੱਬ ਜੀ ਗੁਰੂ ਨਾਨਕ ਨੂੰ 'ਗੁਰੂ ਪਰਮੇਸ਼ੁਰ' ਦਾ ਨਾਮ ਦੇਂਦੇ ਹਨ, ਅਰਥਾਤ ਉਹੋ ਗੁਰੂ ਹਨ, ਪਰ ਜਿਨ੍ਹਾਂ ਵਿਚ ਪਰਮੇਸ਼ੁਰ ਇਸ ਤਰ੍ਹਾਂ ਨਿਵਾਸ ਕਰਦਾ ਹੈ ਕਿ ਉਹ ਪਰਮੇਸ਼ੁਰ ਤੋਂ ਭਿੰਨਤਾ, ਅੰਤਰੇ, ਵਿੱਥ, ਵਿਛੋੜੇ ਵਿਚ ਤ੍ਰੈਕਾਲ ਨਹੀਂ ਆ ਸਕਦੇ। ਪਰਮੇਸ਼ੁਰ ਉਹਨਾਂ ਤੋਂ ਕਦੇ ਜੁਦਾ ਨਹੀਂ ਹੋ ਸਕਦਾ। ਉਹ 'ਪਰਮੇਸ਼ੁਰ-ਗੁਰੂ' ਯਾ 'ਗੁਰੂ ਪਰਮੇਸ਼ੁਰ' ਹਨ। ਇਹੋ ਇਲਾਹੀ ਭੇਤ ਪੰਜਵੇਂ ਸਤਿਗੁਰਾਂ ਨੇ 'ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ' ਵਾਲੇ ਸ਼ਬਦ ਵਿਚ ਨਿਰੂਪਣ ਕੀਤਾ ਹੈ। ਭਾਈ ਗੁਰਦਾਸ ਸਿੰਘ (ਦੂਜੇ) ਨੇ ਕਿਹਾ ਹੈ, 'ਵਹੁ ਪ੍ਰਗਟਿਓ ਪੁਰਖ ਭਗਵੰਤ ਰੂਪ' ਤੇ ਭੱਟਾਂ ਦੱਸਿਆ ਹੈ, 'ਭਨਿ ਮਥੁਰਾ ਕਛੁ ਭੇਦੁ ਨਹੀਂ ਗੁਰੂ ਅਰਜੁਨੁ ਪਰਤਖ ਹਰਿ' ਏਹ ਸਾਰੇ ਲਫਜ਼-'ਗੋਬਿੰਦ ਰੂਪ' 'ਭਗਵੰਤ ਰੂਪ', 'ਪਰਤਖ ਹਰਿ', ਉਸੇ ਤਾਤਪਰਜ ਦੇ ਹਨ, ਜੋ ਜਨਮ

---

[1] ਬਸੰਤ ਮ: ੫

[2] ਪੰਜਵੀਂ ਪਾਤਸ਼ਾਹੀ ਦਾ ਵਾਕ-'ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥' ਤੇ ਦਸਮ ਗੁਰੂ ਜੀ ਦਾ ਵਾਕ : 'ਹਰਿ ਹਰਿ ਜਨ ਦੋਊ ਏਕ ਹੈਂ' ਐਸੇ ਵਾਕ ਹਨ ਜੋ ਹਰਿ ਜਨ ਤੇ ਹਰਿ ਵਿਚ ਭੇਦ ਨਹੀਂ ਦੱਸਦੇ ਤੇ ਗੁਰੂ ਸਾਹਿਬ ਤਾਂ ਸਨ ਹੀ ਵਾਹਿਗੁਰੂ ਦੇ 'ਗੁਰੂ ਰੂਪ ਦਾ ਅਵਤਾਰ'।

ਸਾਖੀ ਦਾ ਪਦ 'ਗੁਰ ਪਰਮੇਸ਼ੁਰ' ਹੈ। ਇਹ ਉਹ ਦਰਜਾ ਹੈ, ਜੋ 'ਵਾਹਿਗੁਰੂ-ਜੋਨੀ' ਵਿਚ ਆਏ ਦਾ ਲਖਾਯਕ ਨਹੀਂ ਹੈ। ਜੋ 'ਪਾਰਬ੍ਰਹਮ ਪਰਮੇਸ਼ੁਰ' ਦੇ ਨਿਜ ਪਿਆਰੇ ਦਾ ਹੈ, ਜੋ ਉਸ ਨਾਲ ਨਿਰੰਤਰ ਅਭੇਦ ਮੇਲ ਵਿਚ ਹੈ, ਪਰ ਜੋ ਮਨੁੱਖਾਂ, ਫਿਲਸਫਾਦਾਨਾਂ, ਪੀਰਾਂ, ਪਿਕੰਬਰਾਂ, ਅਵਤਾਰਾਂ ਤੋਂ ਉੱਚਾ ਹੈ। ਇਸ ਵਿਚ ਰੱਬੀ ਸ਼ੀਸ਼ੇ ਦੀ ਸਦਰਸ਼ਤਾ ਹੈ, ਜੋ ਸਾਂਈਂ-ਰੂਪ ਨੂੰ ਸਾਂਗੋਪਾਂਗ ਪਰਤੱਖ ਕਰ ਦਰਸਾਉਂਦੀ ਹੈ ਤੇ ਜਿਸ ਵਿਚ ਗੁਪਤ ਪ੍ਰਗਟ ਸੰਸਾਰ ਦੀਆਂ ਸਾਰੀਆਂ ਜੀਵਤ-ਸ਼ਕਤੀਆਂ, ਜੀਵਨ-ਸ਼ਕਤੀਆਂ ਤੇ ਦਾਮਨਿਕ ਸ਼ਕਤੀਆਂ ਤੇ ਵਸੀਕਾਰਤਾ ਹੁੰਦੀ ਹੈ, ਜੋ ਕੇਵਲ ਉਪਦੇਸ਼ ਦਾਤਾ ਨਹੀਂ ਹੁੰਦਾ, ਪਰ ਇਸ ਤੋਂ ਵੱਧ 'ਜੀਅਦਾਨ' ਦਾ ਦਾਤਾ ਹੁੰਦਾ ਹੈ।

"ਜੀਅ ਦਾਨ ਦੇ ਭਗਤੀ ਲਾਇਨਿ
ਹਰ ਸਿਉ ਲੈਨਿ ਮਿਲਾਏ ॥੪॥"

ਇਹ ਗੁਰੂ ਦੀ ਸ਼ਕਤੀ ਹੈ। ਆਪਣੇ ਆਪ ਵਿਚੋਂ ਆਪ ਦੇ ਖਜ਼ਾਨੇ ਵਿਚੋਂ ਜੀਅ-ਦਾਨ ਦੇਕੇ ਦਾਤਾ ਮੁਰਦੇ ਜੀਵਾਲਦਾ ਹੈ ਤੇ ਜਗਤ ਵਿਚ ਕਰਮ-ਬੱਧ ਹੋਕੇ, ਕੈਦੀਆਂ ਦੇ ਕੈਦਖਾਨੇ ਜਾਣ ਵਾਂਗੂ ਨਹੀਂ ਆਉਂਦਾ ਸਗੋਂ ਪਰਮ-ਸੁਤੰਤਰ, ਪਰਉਪਕਾਰ ਦੀ ਖ਼ਾਤਰ ਜਗਤ ਦੇ ਉਧਾਰ ਵਾਸਤੇ ਜਗਤ ਵਿਚ ਆਉਂਦਾ ਹੈ, ਜਿਸ ਤਰ੍ਹਾਂ ਉਪਦੇਸ਼ਕ ਤੇ ਡਾਕਟਰ ਜੇਲ੍ਹ ਵਿਚ ਪਰਉਪਕਾਰ ਕਰਨ ਜਾਂਦੇ ਹਨ, : ਓਹ ਕਰਮ ਬੱਧ ਅੰਦਰ ਨਹੀਂ ਜਾਂਦੇ। ਇਸੇ ਕਰਕੇ ਗੁਰੂ ਨੂੰ ਜਨਮ ਮਰਨ ਰਹਿਤ ਆਖੀਦਾ ਹੈ [1]।

ਹਾਂ ਜੀ, ਉਸ ਉਪਕਾਰ ਹਿਤ ਆਏ ਪਰਮੇਸ਼ੁਰ ਰੂਪ ਗੁਰੂ ਗੁਰ ਨਾਨਕ ਦੇਵ ਜੀ ਨੇ ਹੁਣ ਸੱਚ ਖੰਡ ਤੋਂ ਮਾਤਲੋਕ ਵਲ ਰੁਖ਼ ਕੀਤਾ, ਸੁਲਤਾਨ ਪੁਰੇ ਆਏ ਤੇ ਅਪਣੇ ਡੇਰੇ ਗਏ। ਡੇਰੇ ਦਾ ਆਪਣਾ ਮਾਲ ਮਤਾ ਲੁਟਾ ਦਿਤਾ। ਲੋਕੀਂ ਆਨ ਜੁੜੇ, ਖਾਨ ਬੀ ਸੁਣਕੇ ਆਇਆ, ਕਿਉਂਕਿ ਸਾਰੇ ਸਤਿਗੁਰੂ ਦੇ ਜੀਵਨ ਦੀ ਆਸ ਲਾਹ ਚੁਕੇ ਸੇ। ਤੀਏ ਦਿਨ ਫੇਰ ਪਾਣੀ ਵਿਚੋਂ ਤਰ ਆਇਆ ਸਮਝਕੇ ਸਾਰੇ ਅਚੰਭਾ ਹੋ ਰਹੇ ਸਨ। ਇਸ ਵੇਲੇ ਗੁਰੂ ਜੀ ਦਾ ਚਿਹਰਾ ਇਕ ਭਾਵੇ ਅਚਰਜ ਰੰਗ ਵਿਚ ਲਸ ਰਿਹਾ ਸੀ। ਖਾਨ ਨੇ ਪੁੱਛਿਆ 'ਨਾਨਕ ! ਤੈਨੂੰ ਕੀ ਹੋਇਆ ?' ਪਰ ਗੁਰੂ ਜੀ ਬੋਲੇ ਨਹੀਂ। ਲੋਕਾਂ ਕਿਹਾ : 'ਦੇਖੋ ਚਿਹਰਾ ਕੈਸਾ ਦਮਕਦਾ ਹੈ, ਬੋਲਦਾ ਕੁਸਕਦਾ ਨਹੀਂ ਤੇ ਮਾਲ ਲੁਟਾਈ ਜਾਂਦਾ ਹੈ, ਇਸ ਨੇ ਦਰਿਆ ਵਿਚ ਕੋਈ ਚੋਟ ਖਾਧੀ ਹੈ'। ਜਦ ਗੁਰੂ ਜੀ ਕੂਏ ਸਹੇ ਨਾ ਤਾਂ ਨਵਾਬ ਦਿਲਗੀਰ ਹੋਕੇ ਟੁਰ ਪਿਆ। ਇਧਰ ਗੁਰੂ ਜੀ ਨੇ ਤਨ ਦੇ ਇਕ ਸਾਫੇ ਬਿਨਾਂ ਸਭ ਕੁਛ ਲੁਟਾ ਦਿਤਾ ਤੇ ਉਜਾੜ ਜਾਕੇ ਡੇਰਾ ਲਾਇਆ, ਪਰ ਮਰਦਾਨਾ ਰਬਾਬ ਲੈਕੇ ਪਾਸ ਜਾਇ ਬੈਠਾ[1], ਹੋਰ ਪ੍ਰੇਮੀ ਬੀ ਜਾ ਬੈਠੇ, ਦੂਜੇ ਮਤਾਂ ਦੇ ਸਾਧੂ ਭੀ ਜਾ ਬੈਠੇ ਪਰ ਆਪ ਅੱਠ ਪਹਿਰ ਨਾ ਬੋਲੇ ਨਾ ਚਾਲੇ। ਘਰ ਦੇ ਭੀ ਆਏ ਸਭ ਦੇਖਕੇ ਮੁੜ ਗਏ, ਬੋਲੇ ਨਹੀਂ। ਚਿਹਰਾ ਇਕ ਨੂਰ ਦਾ ਅਲਾਂਬਾ ਲਗਦਾ ਸੀ ਤੇ ਨੈਣਾਂ ਤੋਂ ਮਾਨੋਂ ਕੁਛ ਬਰਸਦਾ ਹੈ।

## ੫. {ਮਸੀਤ}

ਗੁਰੂ ਜੀ ਦਾ ਇਸ ਤਰ੍ਹਾਂ ਜੀਉਂਦੇ ਜਾਗਦੇ ਪ੍ਰਗਟ ਹੋ ਜਾਣਾ, ਮਾਤਾ ਸੁਲੱਖਣੀ ਲਈ ਅਤਿ ਖੁਸ਼ੀ ਦਾ ਕਾਰਨ ਸੀ, ਪਰ ਜਦ ਸੁਣਿਆਂ ਕਿ ਅਪਣਾ ਮਰਦਾਵਾਂ ਡੇਰਾ, ਜਿੱਥੇ ਆਏ ਗਏ ਨੂੰ ਮਿਲਦੇ ਸੇ, ਲੁਟਾ ਘੱਤਿਆ ਹੈ ਤੇ ਬੋਲਦੇ ਨਹੀਂ ਤੇ ਉਜਾੜ ਵਿਚ ਜਾ ਬੈਠੇ ਹਨ, ਤਾਂ ਵਧੇਰੇ ਸੰਤਾਪ ਹੋਇਆ। ਨਿਨਾਣ ਨੂੰ ਆਖੇ ਕਿ ਕੋਈ ਉਪਾਉ ਕਰੋ, ਖਬਰੇ ਬਨ ਵਿਚ ਕੋਈ ਬਲਾ ਚੋਟ ਕਰ ਗਈ ਹੋਵੇ। ਆਂਢ ਗੁਆਂਢ ਵੀ ਬੇਬੇ ਨੂੰ ਆਖਣ ਕੋਈ ਭਿਰਾ ਦਾ ਉਪਰਾਲਾ ਕਰ, ਕੋਈ ਮੁੱਲਾਂ ਪੰਡਤ ਲੈ ਜਾ, ਝਾੜਾ ਦਾਰੂ ਕਰੇ। ਪਰ ਬੇਬੇ ਆਖਦੀ ਸੀ: 'ਉਹ ਬੀ ਇਕ ਕੌਤਕ ਸੀ, ਇਹ ਬੀ ਇਕ ਕੌਤਕ ਹੈ, ਵੀਰ ਰੱਬੀ ਜੋਤ ਹੈ ਉਸ ਤੋਂ ਜੋ ਹੁੰਦਾ ਹੈ ਸੋ ਠੀਕ ਹੈ, ਸੋਈ ਭਲਾ ਹੈ'। ਪਰ ਲੋਕੀਂ ਆਖੇ ਨਾ ਲੱਗੇ, ਸਾਕ ਪਿਆਰ ਵਾਲੇ ਇਕ ਮੁੱਲਾਂ ਨੂੰ ਲੈ ਗਏ, ਉਹ ਕੁਛ ਝਾੜੇ ਫੂਕ ਫੂਕ ਕੇ ਤਵੀਤ ਤਿਆਰ ਕਰਨ ਲਗਾ ਪਰ ਅਗੋਂ ਅਵਾਜ਼ ਆਈ :"-

'ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ

[1] ਜਨਮ ਮਰਨ ਦੁਹਹੂ ਮੈ ਨਾਹੀ ਜਨ ਪਰਉਪਕਾਰੀ ਆਏ॥ ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ {ਸੂਹੀ ਮ: ੫-੭}

[1] ਖਿਆਲ ਹੈ ਕਿ 'ਮੋਤੀ ਤੇ ਮੰਦਰ' ਵਾਲਾ ਸ਼ਬਦ ਸਭ ਤੋਂ ਪਹਿਲਾਂ ਇਥੇ ਗਾਂਵਿਆਂ ਗਿਆ ਸੀ।

ਵੇਚਹਿ ਨਾਉ ॥ ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥{ਸਾਰੰਗ ਕੀ ਵਾਰ ਮ. ੧}

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕ ਵੇਚਾਰਾ॥ {ਮਾਰੂ ਮ:੧}

ਇਹ ਤੱਕ ਕੇ ਮੁੱਲਾਂ ਟੁਰ ਗਿਆ ਕਿ ਇਹ ਫਕੀਰ ਹੈ, ਇਸ ਨੂੰ ਚੋਟ ਕੋਈ ਨਹੀਂ।

ਅਗਲੇ ਦਿਨ ਗੁਰੂ ਜੀ ਬੋਲੇ ਤਾਂ ਗਿਰਦ ਆਏ ਸਜਣਾਂ ਨੂੰ ਪਹਿਲਾ ਵਾਕ ਇਹ ਸੁਣਾਇਆ :-

'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ'[1]।

ਗਲ ਫੈਲ ਗਈ, ਹਿੰਦੂ ਵਿਚ ਤਾਂ ਤਾਣ ਕੋਈ ਨਹੀਂ ਸੀ, ਪਰ ਕਾਜ਼ੀ ਨੂੰ ਅੱਗ ਲੱਗੀ ਕਿ ਇਸ ਦੀ ਨਜ਼ਰ ਵਿਚ ਕੋਈ ਮੁਸਲਮਾਨ ਹੀ ਨਹੀਂ ਰਿਹਾ, ਇਹ ਤਾਂ ਸਾਡੇ ਦੀਨ ਪਰ ਵਾਰ ਕਰਦਾ ਹੈ। ਓਸ ਨੇ ਨਵਾਬ ਪਾਸ ਚੁਗਲੀ ਲਾਈ। ਨਵਾਬ ਨੇ ਕਿਹਾ, ਨਾਨਕ ਦੇ ਖਹਿੜੇ ਨਾ ਪਉ ਉਹ ਕੋਈ ਵਲੀ ਜਾਪਦਾ ਹੈ, ਫਕੀਰਾਂ ਦੇ ਖਿਆਲ ਨਹੀਂ ਪਈਦਾ, ਜੇ ਫਕੀਰ ਨਾ ਹੁੰਦਾ ਤਾਂ ਇੱਡੀ ਚੰਗੀ ਨੌਕਰੀ ਛੱਡਦਾ ? ਡੇਰਾ ਲੁਟਾਉਂਦਾ ? ਜੰਗਲੀਂ ਜਾ ਬਹਿੰਦਾ ? ਪਰ ਕਾਜ਼ੀ ਤੇ ਮੁਫ਼ਤੀ ਨੇ ਜ਼ੋਰ ਦਿੱਤਾ ਕਿ ਜੋ ਕੁਛ ਨਾਨਕ ਕਹਿ ਰਿਹਾ ਹੈ ਇਸ ਵਿਚ ਦੀਨ ਦੀ ਹਾਣਤ ਹੈ। ਅੰਤ ਨਵਾਬ ਨੇ ਗੁਰੂ ਜੀ ਨੂੰ ਸੱਦ ਭੇਜਿਆ, ਪਰ ਗੁਰੂ ਜੀ ਨੇ ਜਾਣੋ ਨਾਂਹ ਕੀਤੀ। ਫੇਰ ਖ਼ਾਨ ਨੇ ਆਦਮੀ ਭੇਜਿਆ। ਉਸ ਨੇ ਆ ਕੇ ਗੁਰੂ ਜੀ ਨੂੰ ਕਿਹਾ ਕਿ ਖਾਨ ਆਖਦਾ ਹੈ ਕਿ ਤੁਸੀਂ ਰੱਬ ਦੇ ਪਿਆਰ ਵਾਲੇ ਹੋ, ਰੱਬ ਲੇਖੇ ਆ ਕੇ ਦੀਦਾਰ ਦਿਓ[2]।

ਰੱਬ ਦਾ ਵਾਸਤਾ ਸੁਣ ਕੇ ਗੁਰੂ ਜੀ ਉਠ ਖੜੇ ਹੋਏ ਤੇ ਖ਼ਾਨ ਪਾਸ ਆਏ। ਖ਼ਾਨ ਨੇ ਉਠਕੇ ਅਦਬ ਨਾਲ ਬਿਠਾਇਆ ਤੇ ਆਖਿਆ 'ਇਹ ਮੁੱਤਕਾ ਗਲੋਂ ਲਾਹ ਦਿਓ ਤੇ ਚੋਗਾ ਪਾ ਕੇ ਕਮਰਬੰਦ ਲਾ ਲਓ। 'ਗੁਰੂ ਜੀ ਨੇ ਮੁੱਤਕਾ ਲਾਹਕੇ ਕਮਰਬੰਦ ਲਾ ਲਿਆ।

ਫੇਰ ਨਵਾਬ ਨੇ ਆਪਣਾ ਅਫਸੋਸ ਪ੍ਰਗਟ ਕੀਤਾ। ਗੁਰੂ ਜੀ ਮੁਸਕ੍ਰਾਏ ਤੇ ਬੋਲੇ : 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ।' ਹੁਣ ਨਵਾਬ ਨੇ ਅਰਜ਼ ਕੀਤੀ ਕਿ 'ਆਪ ਤੋਂ ਕਾਜ਼ੀ ਜੀ ਕੁਝ ਪੁੱਛਣਾ ਚਾਹੁੰਦੇ ਹਨ।' ਫੇਰ ਨਵਾਬ ਕਾਜ਼ੀ ਵਲ ਤੱਕ ਕੇ ਬੋਲਿਆ: 'ਕਾਜ਼ੀ ਜੀ ਪੁੱਛੋ, ਹੁਣ ਨਾ ਪੁੱਛਿਆ ਜੇ ਤਾਂ ਸਾਂਈਂ ਦੇ ਲੋਕ ਮੋਨ ਧਾਰ ਲੈਣਗੇ। 'ਤਦ ਕਾਜ਼ੀ ਪੁੱਛਣਾ ਕੀਤੀ' ਤੂੰ ਜੋ ਕਹਿੰਦਾ ਹੈਂ ਕੋਈ ਹਿੰਦੂ ਨਹੀਂ ਕੋਈ ਮੁਸਲਮਾਨ ਨਹੀਂ ਤੂੰ ਕੀ ਲੱਧਾ ਹੈ ? ਹਿੰਦੂ ਹਿੰਦੂ ਨਾ ਹੋਣਗੇ, ਪਰ ਮੁਸਲਮਾਨਾਂ ਦਾ ਦੀਨ ਕੈਮ ਹੈ, ਮੁਸਲਮਾਨ ਕਿਵੇਂ ਮੁਸਲਮਾਨ ਨਹੀਂ ਹਨ ?'

ਤਦ ਗੁਰੂ ਜੀ ਬੋਲੇ :-

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾਂ ਮੁਸਲਮਾਣੁ ਕਹਾਵੈ॥ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥ {ਮਾਝ ਕੀ ਵਾਰ ਮ:੧-੮}

ਫੇਰਿ ਕਾਜ਼ੀ ਨੇ ਪ੍ਰਸ਼ਨ ਕੀਤਾ, ਤਾਂ ਗੁਰੂ ਜੀ ਨੇ ਮਰਦਾਨੇ ਦੀ ਰਬਾਬ ਵੱਲ ਸੈਨਤ ਕੀਤੀ, ਰਬਾਬ ਵੱਜਿਆ ਤੇ ਆਪ ਗਾਂਵਿਆਂ :-

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥ਮਃ੧॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥ਮਃ੧॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥ ਕਰਣੀ

---

[1] ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ-
ਤਬ ਅਗਲੇ ਦਿਨ ਬਕਿ ਖਲਾ ਹੋਇਆ 'ਜੋ ਨਾ ਕੋਈ ਹਿੰਦੂ ਹੈ ਨਾ ਮੁਸਲਮਾਨ ਹੈ। ' ਬਕਨਾ ਦੇ ਉਸ ਸਮੇਂ ਬੋਲਣਾ ਅਰਥ ਹੁੰਦੇ ਸਨ।

[2] 'ਅਜ਼ ਬਰਾਹ ਖ਼ੁਦਾ ਏਕ ਬਾਰ ਦੀਦਾਰ ਦੇਹੁ।' {ਜ:ਸਾ:ਹਾ:ਬਾਦੀ}

ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ
॥੩॥ {ਮਾਝ ਕੀ ਵਾਰ ਮਹਲਾ ੧-੭}

ਇਹ ਸੱਚੋ ਸੱਚ ਸੁਣਕੇ ਕਾਜ਼ੀ ਅਜਰਜ ਰਹਿ ਗਿਆ। ਖਾਨ ਨੇ ਕਿਹਾ : ਕਾਜ਼ੀ ਜੀ ! ਸ਼ਰਮ ਦੀ ਗਲ ਨਹੀਂ, ਨਾਨਕ ਸ਼ਾਹ ਨੇ ਸੱਚੋ ਸੱਚ ਤੋਲ ਕੇ ਧਰ ਦਿੱਤਾ ਹੈ, ਹੁਣ ਤੋਲ ਲਈਏ ਅਸੀਂ ਕਿੰਨੇ ਕੁ ਮੁਸਲਮਾਨ ਹਾਂ। ਕਾਜ਼ੀ ਨੇ ਹੁਣ ਗੱਲ ਟਾਲਣ ਲਈ ਆਖਿਆ; "ਪੇਸ਼ੀ[1] ਦਾ ਵੇਲਾ ਹੈ, ਨਿਮਾਜ਼ ਕਜ਼ਾ ਹੁੰਦੀ ਹੈ, ਚਲੋ ਮਸੀਤੇ ਨਮਾਜ਼ ਪੜ੍ਹੀਏ"। ਤਦ ਸਾਰੇ ਮਸੀਤੇ ਗਏ, ਗੁਰੂ ਜੀ ਨੂੰ ਬੀ ਨਾਲ ਲੈ ਗਏ। ਸਾਰੀ ਜਮਾਤ ਖੜੀ ਹੋ ਗਈ ਤੇ ਕਾਜ਼ੀ ਸਭ ਤੋਂ ਅੱਗੇ ਹੋਕੇ ਲੱਗਾ ਨਮਾਜ਼ ਪੜ੍ਹਾਉਣ। ਗੁਰੂ ਜੀ ਲਾਂਭੇ ਖੜੇ ਰਹੇ ਅਤੇ ਕਾਜ਼ੀ ਵੱਲ ਤੱਕ ਤੱਕ ਕੇ ਮੁਸਕ੍ਰਾਏ।

ਜਦ ਨਿਮਾਜ਼ ਹੋ ਮੁੱਕੀ ਤੇ ਫੇਰ ਆਕੇ ਬੈਠੇ ਤਾਂ ਕਾਜ਼ੀ ਨੇ ਗੁਰੂ ਜੀ ਦੀ ਨਮਾਜ਼ ਨੂੰ ਹਾਸੀ ਕਰਨ ਦੀ ਸ਼ਿਕਾਇਤ ਨਵਾਬ ਪਾਸ ਕੀਤੀ। ਗੁਰੂ ਜੀ ਨੇ ਜਵਾਬ ਦਿਤਾ : "ਨਵਾਬ ਜੀ ! ਕਾਜ਼ੀ ਜਦ ਨਮਾਜ਼ ਪੜ੍ਹਦਾ ਸੀ, ਖ਼ੁਦਾ ਦੀ ਨਮਾਜ਼ ਨਹੀਂ ਪੜ੍ਹਦਾ ਸੀ, ਇਸ ਦਾ ਦਿਲ ਨਮਾਜ਼ ਵਿਚ ਨਹੀਂ ਸੀ, ਇਸ ਦੇ ਘਰ ਘੋੜੀ ਦੀ ਵਛੇਰੀ ਵਿਹੜੇ ਵਿਚ ਖੁੱਲ੍ਹੀ ਸੀ, ਘੋੜੀ ਨਵੀਂ ਸੂਈ ਸੀ, ਇਸ ਨੂੰ ਫਿਕਰ ਖਾਂਦਾ ਰਿਹਾ ਹੈ ਜੋ ਮਤਾਂ ਵਛੇਰੀ ਵਿਹੜੇ ਦੇ ਖੂਹ ਵਿਚ ਨਾ ਜਾ ਪਵੇ, ਸੋ ਇਸ ਦੀ ਨਮਾਜ਼ ਰੱਬ ਨੇ ਨਹੀਂ ਕਬੂਲੀ ਤੇ ਇਹੋ ਸਭ ਤੋਂ ਅੱਗੇ ਖੜਾ ਸੀ, ਮੈਂ ਇਸ ਕਰਕੇ ਹੱਸਿਆ ਸੀ। "

ਇਹ ਸੱਚੀ ਤੇ ਦਿਬ ਦ੍ਰਿਸ਼ਟੀ ਨਾਲ ਦਿਲ ਦੀ ਜਾਣੀ ਗੱਲ ਜਦ ਗੁਰੂ ਜੀ ਨੇ ਅੜਕ ਦੱਸ ਦਿੱਤੀ ਤਾਂ ਕਾਜ਼ੀ ਕੰਬ ਉਠਿਆ। ਉਸ ਨੇ ਮੰਨਿਆ ਕਿ ਗੱਲ ਸਚ ਹੈ ਤੇ ਗੁਰੂ ਜੀ ਦੇ ਪੈਰੀਂ ਹੱਥ ਲਾਇਆ ਕਿ ਤੇਰੇ ਤੇ ਜ਼ਰੂਰ ਰੱਬ ਦੀ ਮਿਹਰ ਹੋਈ ਹੈ। ਤਦ ਆਖਦੇ ਹਨ ਕਿ ਗੁਰੂ ਬਾਬੇ ਨੇ ਨਵਾਬ ਨੂੰ ਬੀ ਦੱਸਿਆ ਕਿ ਨਮਾਜ਼ ਵੇਲੇ ਆਪ ਦਾ ਦਿਲ ਕਾਬਲ ਵਿਚ ਘੋੜੇ ਖ਼ਰੀਦ ਰਿਹਾ ਸੀ। ਨਵਾਬ ਨੇ ਬੀ ਇਹ ਗੱਲ ਸੱਚੀ ਪਾਈ ਤੇ ਮੰਨੀ। ਉਸ ਦੇ ਦਿਲ ਪਰ ਗੁਰੂ ਜੀ ਦੇ ਪਿਕੰਬਰ ਹੋਣ ਦੀ ਸੱਟ ਵਦਾਣ ਦੀ ਚੋਟ ਵਾਂਙੂੰ ਪਈ। ਉਸ ਵੇਲੇ ਗੁਰੂ ਜੀ ਨੇ ਵਾਹਿਗੁਰੂ ਦੇ ਰੰਗ ਵਿਚ ਇਕ ਸ਼ਲੋਕ ਗਾਂਵਿਆਂ, ਜਿਸ ਪਰ ਸੱਯਦ, ਸ਼ੇਖ, ਕਾਜ਼ੀ, ਮੁਫਤੀ, ਖਾਨ ਖ਼੍ਵਾਨੀਨ, ਮੁਕੱਦਮ ਸਾਰੇ ਹੈਰਾਨ ਹੋਏ। ਖਾਨ ਬੋਲਿਆ : "ਕਾਜ਼ੀ ! ਨਾਨਕ ਹੱਕ ਨੂੰ ਪਹੁਤਾ ਹੈ, ਅਵਰ ਪੁਛਣੇਕੀ ਤਕਸੀਰ ਰਹੀ[1]। ਇਸ ਵੇਲੇ ਗੁਰੂ ਬਾਬੇ ਨੇ 'ਅਮਲੁ ਕਰਿ ਧਰਤੀ ਬੀਜ ਸਬਦੋ ਕਰਿ' ਸ਼ਬਦ ਗਾਂਵਿਆਂ। ਨਵਾਬ ਤੋਂ ਹੁਣ ਰਿਹਾ ਨਾ ਗਿਆ, ਪੈਰੀਂ ਹੱਥ ਲਾਕੇ ਕਹਿਣ ਲੱਗਾ : 'ਨਾਨਕ ਰਾਜੁ ਮਾਲੁ ਹੁਕਮੁ ਹਾਸਲੁ (ਜੋ ਮੇਰਾ ਹੈ) ਸਭ ਤੇਰਾ ਹੈ[1], ਏਥੇ ਟਿਕੋ ਅਸੀਂ ਸੇਵਾ ਕਰਾਂਗੇ।' ਗੁਰੂ ਜੀ ਨੇ ਕਿਹਾ 'ਨਵਾਬ ਹੁਣ ਟਿਕਣਾ ਕਿੱਥੇ ? ਤੂੰ ਵੱਸ, ਸੁਖੀ ਰਹੁ, ਰਾਜ ਮਾਲ ਤੇਰੇ ਹਨ, ਅਸੀਂ ਹੁਣ ਤਿਆਗਕੇ ਚੱਲੇ ਹਾਂ ਸਾਂਈਂ ਦੀ ਨੌਕਰੀ ਕਰਨ, ਹੁਕਮ ਸਾਹਿਬ ਦੇ ਵਜਾਉਣੇ ਹਨ ਤੇ ਉਸ ਦੀ ਕਾਰ ਕਰਨ ਜਾਣਾ ਹੈ। " ਹੁਣ ਸਾਰੇ ਲੋਕ ਜੋ ਜਮਾਂ ਸਨ, ਲੱਗੇ ਸਿਫਤਾਂ ਕਰਨ ਕਿ ਬਾਬਾ ਸੱਚ ਰੰਗਣ ਵਿਚ ਰਤਾ ਹੈ ਤੇ ਇਸ ਵਿਚ ਰੱਬ ਬੋਲਦਾ ਹੈ। "ਇਹੁ ਤਨੁ ਮਾਇਆ" ਵਾਲਾ ਸ਼ਬਦ ਏਥੇ ਸਤਿਗੁਰਾਂ ਨੇ ਉਚਾਰਿਆ। ਫੇਰ ਉੱਠਕੇ ਬਨ ਵਿਚ ਜਾ ਬੈਠੇ। ਤਦ ਮਰਦਾਨਾ ਵੀ ਜਾ ਬੈਠਾ।

### ੳ. [ਹਜ਼ੂਰੀ ਵਿਚ ਪਾਠ ਕਰੋ ]

ਇਹ ਪਹਿਲਾ ਦਿਨ ਸੀ ਕਿ ਗੁਰੂ ਜੀ ਨੇ ਦੈਵੀ ਆਗਯਾ ਤੋਂ ਮਗਰੋਂ ਆਪਣਾ ਮੂੰਹ ਖੋਲ੍ਹਿਆ। ਜੋ ਭੁੱਲ ਉਹਨਾਂ ਨੇ ਕਾਜ਼ੀ ਤੇ ਨਵਾਬ ਦੀ ਦੂਰ ਕੀਤੀ ਸੋ ਇਹ ਸੀ ਕਿ ਓਹ ਦੋਵੇਂ ਨਮਾਜ਼ ਪੜ੍ਹਦੇ ਸਨ, ਪਰ ਉਨ੍ਹਾਂ ਦਾ ਦਿਲ ਵਾਹਿਗੁਰੂ ਦੀ ਹਜ਼ੂਰੀ ਵਿਚ ਹਾਜ਼ਰ ਨਹੀਂ ਸੀ। ਨਮਾਜ਼ ਪੜ੍ਹਨੀ ਕਿ ਅਰਦਾਸ ਕਰਨੀ, ਪਾਠ ਕਰਨੇ ਨਾਮ ਉਚਾਰਨਾ, ਧਿਆਨ ਜੋੜਨੇ ਕਿ ਤਾੜੀ ਲਾਉਣੀ, ਉਪਾਸਨਾ ਕਰਨੀ ਕਿ ਪੂਜਾ ਵਿਚ ਆਉਣਾ, ਕੀਰਤਨ ਕਰਨਾ ਕਿ ਸਿਫਤ ਸਲਾਹ ਵਿਚ ਜਾਣਾ, ਸਾਰੇ ਕੰਮ ਮਾਨੋ ਪਰਮੇਸ਼ੁਰ ਵੰਨੇ ਸਨਮੁਖ ਹੋਕੇ ਪ੍ਰੇਮ ਦੇ ਜਤਨ ਹਨ, ਪਰ ਇਹਨਾਂ ਦੀ ਬਾਹਰਲੀ ਸੂਰਤ ਤੇ ਕਰਤੱਬ ਰਹਿ ਜਾਂਦਾ ਹੈ, ਮਨ ਆਪਣੇ ਤ੍ਰੂੰਗਾਂ ਵਿਚ ਬੁੱਲੇ ਲੁਟੱਦਾ ਰਹਿੰਦਾ ਹੈ। ਹਾਂ, ਇਹ ਕਰਨੀਆਂ ਸੂਰਤਵਾਨ ਰਹਿੰਦੀਆਂ ਹਨ, ਪਰ ਇਨ੍ਹਾਂ ਦੀ

[1] ਇਕ ਨਮਾਜ਼ ਦਾ ਨਾਉਂ ਹੈ।

[1] ਪੁ: ਜ: ਸਾਖੀ।

ਜਿੰਦ ਨਹੀਂ ਰਹਿੰਦੀ, ਇਸ ਲਈ ਵਾਹਿਗੁਰੂ ਦੀ ਕਿਰਤ ਵਾਹਿਗੁਰੂ ਦੇ ਹੁਕਮ ਵਿਚ ਜਦ ਗੁਰੂ ਬਾਬੇ ਨੇ ਆਰੰਭੀ ਤਾਂ ਪਹਿਲੀ ਮੱਤ ਇਹ ਦਿੱਤੀ ਕਿ :-

ਭਜਨ ਵਾਹਿਗੁਰੂ ਦੀ ਹਜ਼ੂਰੀ ਵਿਚ ਕਰੋ।

ਕਿਤਨੇ ਸਿਖ ਇਸ ਵੇਲੇ ਮਿਲਦੇ ਹਨ, ਜੋ ਬਾਣੀ ਪੜ੍ਹਦੇ ਹੀ ਨਹੀਂ; ਪਰ ਕਿਤਨੇ ਜੋ ਪੜ੍ਹਦੇ ਹਨ ਤੇ ਆਖਦੇ ਹਨ ਦਿਲ ਨਹੀਂ ਲੱਗਦਾ, ਸੁਆਦ ਨਹੀਂ ਆਉਂਦਾ, ਨਿਤਨੇਮ ਕਰੀਦਾ ਹੈ, ਸੁਖਮਨੀ ਦਾ ਪਾਠ ਬੀ ਰੋਜ਼ ਦੂਏ ਦਿਨ ਮੁਕਾ ਲਈਦਾ ਹੈ, ਕਦੇ ਵਾਧੂ ਪਾਠ ਜਪੁਜੀ ਦੇ ਬੀ ਕਰੀਦੇ ਹਨ, ਪਰ ਸੁਆਦ ਨਹੀਂ ਆਉਂਦਾ। ਹੁਣ ਜੇ ਗੁਰੂ ਬਾਬੇ ਦੀ ਬਾਣੀ ਵਿਚਾਰੋ ਹਿਕੇ ਉਨ੍ਹਾਂ ਦੇ ਕਰਤਬਾਂ ਨੂੰ ਘੋਖੋ ਤਾਂ ਇਹ ਖੇਚਲ ਦੂਰ ਹੋ ਜਾਵੇ। ਗੁਰੂ ਬਾਬੇ ਨੇ ਜੋ ਕੁਛ ਅੱਜ ਕਾਜ਼ੀ ਤੇ ਨਵਾਬ ਨੂੰ ਦੱਸਿਆ ਹੈ, ਉਹ ਸਾਰੇ ਜਗਤ ਨੂੰ ਦੱਸਿਆ ਹੈ, ਹਾਂ ਸਾਨੂੰ ਅੱਜ ਦੱਸਿਆ ਹੈ, ਜਿਸ ਦਿਨ ਅਸਾਂ ਇਹ ਸਾਖੀ ਪੜ੍ਹੀ ਹੈ। ਅਸੀਂ ਇਹ ਪੜ੍ਹਕੇ ਖੁਸ਼ ਹੁੰਦੇ ਹਾਂ ਕਿ ਗੁਰੂ ਬਾਬੇ ਨੇ ਕਾਜ਼ੀ ਤੇ ਨਵਾਬ ਨੂੰ ਖੂਬ ਝਾੜ ਪਾਈ ਜਾਂ ਇਹ ਕਿ ਧੰਨ ਗੁਰੂ ਬਾਬਾ ਜਿਸਨੇ ਅੰਤਰਯਾਮਤਾ ਨਾਲ ਜਾਣ ਲਿਆ ਜੋ ਕਾਜ਼ੀ ਮੁੱਲਾਂ ਦੇ ਅੰਦਰ ਵਰਤੀ, ਪਰ ਤੀਜੀ ਗੱਲ ਛੱਡ ਦੇਂਦੇ ਹਾਂ ਕਿ ਗੁਰੂ ਬਾਬੇ ਦੀ ਇਹ ਸਾਖ਼ੀ ਅੱਜ ਸਾਡੇ ਨਾਲ ਹੋਈ ਹੈ, ਅਸੀਂ ਕਾਜ਼ੀ ਤੇ ਨਵਾਬ ਵਰਗੇ ਹੋ ਰਹੇ ਹਾਂ। ਸਾਨੂੰ ਗੁਰੂ ਬਾਬਾ ਕਹਿ ਰਿਹਾ ਹੈ ਕਿ ਭਈ ਨਿਤਨੇਮ ਕਰੋ, ਬਾਣੀ ਪੜ੍ਹੋ ਪਰ ਰੱਬ ਦੀ ਹਜ਼ੂਰੀ ਵਿਚ, ਗ਼ੈਰ ਹਜ਼ੂਰੀ ਦੀ ਬਾਣੀ ਪੜ੍ਹਕੇ ਜੇ ਸੁਆਦ ਨਾ ਆਵੇ ਤਾਂ ਕਸੂਰ ਤੁਹਾਡਾ ਆਪਣਾ ਹੈ। ਜਦ ਬਾਣੀ ਪੜ੍ਹੋ ਅਪਣੇ ਆਪ ਨੂੰ ਵਾਹਿਗੁਰੂ ਦੇ ਹਜ਼ੂਰੀ ਵਿਚ ਸਮਝੋ ਤੇ ਇਹ ਸਮਝੋ ਕਿ ਤੁਹਾਡੀ ਬਾਣੀ ਉਹ ਸੁਣ ਰਿਹਾ ਹੈ। ਹਾਂ, ਇਹ ਸਮਝਕੇ ਦਿਲ ਬਾਣੀ ਵਿਚ ਲਾਈਏ ਕਿ ਜੇ ਹੁਣ ਸਾਡਾ ਦਿਲ ਉੱਡੇਗਾ ਤੇ ਜੀਭ ਬਾਣੀ ਪੜ੍ਹੇਗੀ, ਤਦ ਜਿਸਦੀ ਹਜ਼ੂਰੀ ਵਿਚ ਬਾਣੀ ਪੜ੍ਹਦੇ ਹਾਂ ਓਹ ਕਿਵ ਖੁਸ਼ ਹੋਸੀ ? ਉਸ ਨਾਲ ਮਨ ਕਿਵੇਂ ਜੁੜਸੀ ?

ਮਨ ਜੁੜਸੀ ਉਨ੍ਹਾਂ ਸ਼ੈਆਂ ਨਾਲ ਕਿ ਜਿਨ੍ਹਾਂ ਦਾ ਮਨ ਚਿੰਤਨ ਕਰ ਰਿਹਾ ਹੈ ਤੇ ਉਨ੍ਹਾਂ ਦਾ ਹੀ ਅਸਰ ਪੈਸੀ। ਜੇ ਬਾਣੀ ਭਜਨ ਵੇਲੇ ਵਾਹਿਗੁਰੂ ਨਾਲ ਜੁੜੇਗਾ ਤਾਂ ਵਾਹਿਗੁਰੂ ਦੇ ਸਰੂਪ ਦਾ ਅਸਰ ਸ਼ਾਂਤੀ, ਠੰਢ, ਸੁਖ, ਆਤਮ ਖੇੜਾ, ਆਤਮਰਸ ਲੈਕੇ ਆਵੇਗਾ, ਤੇ ਜੇ ਹੋਰਨਾਂ ਸ਼ੈਆਂ ਨਾਲ ਜੁੜੇਗਾ ਤਾਂ ਉਹਨਾਂ ਦਾ ਅਸਰ ਲੈ ਲਏਗਾ।ਸੋ ਜੋ ਬਾਣੀ ਪੜ੍ਹਨ ਵੇਲੇ ਕਾਜ਼ੀ ਵਾਂਙੂ ਸੰਸਾਰਕ ਪਦਾਰਥਾਂ ਨਾਲ ਜੁੜੇਗਾ ਉਸ ਤੇ ਅਸਰ ਖਿੰਡਾਉ ਦਾ ਪਏਗਾ, ਤਾਂ ਤੇ ਵਿਚਾਰ ਕਰੋ ਤੇ ਸਮਝੋ ਕਿ ਅੱਜ ਗੁਰੂ ਨਾਨਕ ਆਖ ਰਿਹਾ ਹੈ :'ਹੇ ਮੇਰੇ ਸਿਖ ! ਹਜ਼ੂਰੀ ਦਾ ਭਜਨ, ਹਜ਼ੂਰੀ ਦਾ ਪਾਠ ਕਰ। ਮਨ ਧਾਂਵਦਾ ਹੈ, ਮਨ ਦੌੜਦਾ ਹੈ; ਇਸ ਦਾ ਸੁਭਾਉ ਇਹੋ ਹੈ, ਇਸਨੂੰ ਵਰਜ, ਮੋੜ, ਬਾਣੀ ਦੇ ਅਰਥ ਵੱਲ ਲਾ। ਵੇਖ ਬਾਣੀ ਕੀ ਕਹਿੰਦੀ ਹੈ, ਬਾਣੀ ਵਾਹਿਗੁਰੂ ਦਾ ਜਸ ਕਰਦੀ ਹੈ, ਫੇਰ ਜੁੜ ਵਾਹਿਗੁਰੂ ਦੇ ਚਰਨੀਂ ਹਾਂ ਹਜ਼ੂਰੀ ਵਿਚ। ਨਾਮ ਵਾਲੇ ਬਾਣੀ ਦੇ ਪ੍ਰੇਮੀਆਂ ਦੀ ਸੰਗਤ ਕਰ, ਜੋ ਉਹ ਦੱਸਣ ਕਿ ਕਿੰਵ ਉਹਨਾਂ ਦਾ ਮਨ ਸਨੇ ਸਨੇ ਦੌੜਨਾ ਛੱਡਦਾ ਗਿਆ ਹੈ ਤੇ ਵਾਹਿਗੁਰੂ ਨਾਲ ਜੁੜਦਾ ਗਿਆ ਹੈ।

ਇਨ੍ਹਾਂ ਗੱਲਾਂ ਦਾ ਪੱਕ ਕਰ :

੧. ਵਾਹਿਗੁਰੂ ਹੈ, ਜ਼ਰੂਰ ਹੈ।
੨. ਚਾਹੇ ਮੈਨੂੰ ਨਹੀਂ ਦਿੱਸਦਾ, ਕਿਉਂਕਿ ਮੇਰੇ ਆਤਮ ਨੈਣ ਅਜੇ ਖੁੱਲੇ ਨਹੀਂ
੩. ਖੁੱਲਣ ਦਾ ਤ੍ਰੀਕਾ ਬਾਣੀ ਤੇ ਭਜਨ ਹੈ।
੪. ਮੈਂ ਪਾਠ ਕਰਾਂ, ਪਾਠ ਸੁਣਾਂ, ਕੀਰਤਨ ਕਰਾਂ, ਕੀਰਤਨ ਸੁਣਾਂ, ਭਜਨ ਵਿਚ ਬੰਦਗੀ ਵਿਚ ਲੱਗਾਂ।
੫.ਪਾਠ ਕੀਰਤਨ, ਭਜਨ ਹਰ ਹਾਲ ਵਿਚ ਸਮਝਾਂ ਕਿ ਮੈਂ ਹਜ਼ੂਰੀ ਵਿਚ ਹਾਂ। "ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ" ਦੀ ਹਜ਼ੂਰੀ ਵਿਚ ਹਾਂ। ਉਹ ਮੇਰੀ ਅਰਦਾਸ ਸੁਣ ਰਿਹਾ ਹੈ ਮੈਂ ਹੁਣ ਭੈ ਵਿਚ, ਪ੍ਰੇਮ ਵਿਚ, ਉਸ ਦੇ ਹਜ਼ੂਰ ਸਾਰਾ ਹਾਜ਼ਰ ਰਹਾਂ ਤੇ ਅਰਦਾਸ ਕਰਾਂ। ਜੇ ਮਨ ਉੱਡੇ ਤਾਂ ਰੋਕਾਂ। ਨ ਰੁਕੇ, ਫੇਰ ਰੋਕਾਂ, ਰੋਕਣ ਲਈ ਅਰਦਾਸ ਕਰਾਂ, ਗੁਰੂ ਬਾਬੇ ਨਾਨਕ ਅਗੇ ਅਰਦਾਸ ਕਰਾਂ ਕਿ "ਜਿਵੇਂ ਆਪ ਨੇ ਕਾਜ਼ੀ ਤੇ ਨਵਾਬ ਨੂੰ ਹਜ਼ੂਰੀ ਦਾਨ ਕੀਤੀ ਸੀ ਮੈਨੂੰ ਬੀ ਹਜ਼ੂਰੀ ਦਾਨ ਕਰੋ। ਤੁਸੀਂ ਸਦਾ ਜੀਉਂਦੇ ਹੋ, ਦੇਹੀ ਵਿਚ ਕਿ ਦੇਹੀ ਤੋਂ ਬਾਹਰ, ਤੁਸੀਂ ਸਾਡੇ ਨਾਲ ਹੋ, ਜਾਗਤੀ ਜੋਤਿ ਹੋ। ਜਿਵੇਂ ਓਦੋਂ ਤ੍ਰੁਠੇ ਸਾਓ ਅੱਜ ਮੇਰੇ ਤੇ ਤ੍ਰੁੱਠੋ, ਮੈਨੂੰ ਹਜ਼ੂਰੀ ਵਿਚ ਹਾਜ਼ਰ ਹੋਕੇ ਅਰਦਾਸ ਕਰਨੀ, ਬਾਣੀ ਪੜ੍ਹਨੀ, ਭਜਨ ਕਰਨਾ ਦਾਨ ਕਰੋ। ਤੁਸੀਂ ਦਿਆਲ ਹੋ, ਦੀਨ ਦਿਆਲ ਹੋ,

ਤੁਸੀਂ ਗੁਰੂ ਹੋ ਮੈਂ ਸਿਖ ਹਾਂ, ਚਾਹੇ ਨਾਮ ਧ੍ਰੀਕ ਸਿਖ ਹਾਂ ਪਰ ਗੁਰੂ ਬਾਬਾ ! ਤੇਰਾ ਸਿੱਖ ਹਾਂ, ਮੈਨੂੰ ਆਪਣੇ ਨਾਮ ਦੇ ਸਦਕੇ ਹਜ਼ੂਰੀ ਦਾ ਪਾਠ, ਹਜ਼ੂਰੀ ਦੀ ਅਰਦਾਸ, ਹਜ਼ੂਰੀ ਦਾ ਭਜਨ ਦਾਨ ਕਰੋ।

ਜੇ ਮਨ ਅਜੇ ਭੀ ਲੁੱਤਘੁੱਤੀਆਂ ਮਾਰੇ ਤਦ ਬੰਦਗੀ ਵਾਲੇ ਗੁਰੂ ਪਿਆਰੇ ਗੁਰਸਿਖਾਂ ਅੱਗੇ ਆਪਣਾ ਦੁੱਖ ਕਹੋ ਕਿ ਮੇਰੇ ਗੁਰੂ ਦੇ ਪਿਆਰੇ ਜੀਓ ! ਮੈਨੂੰ ਦੱਸੋ ਕਿ ਕਿਵੇਂ ਹਜ਼ੂਰੀ ਵਿਚ ਪਾਠ ਕਰਿਆ ਕਰਾਂ, ਭਜਨ ਅਰਦਾਸ ਪਾਠ ਵੇਲੇ ਮੈਂ ਗ਼ੈਰ ਹਜ਼ੂਰੀਆ ਨਾ ਹੋਵਾਂ, ਮੇਰੇ ਗ਼ੈਰ ਹਜ਼ੂਰੀ ਦੇ ਰੋਗ ਦਾ ਉਪਰਾਲਾ ਕਰੋ। ਤੁਸੀਂ ਮੇਰੇ ਲਈ ਅਰਦਾਸ ਕਰੋ, ਮੈਨੂੰ ਪਿਆਰ ਕਰੋ ਜਿਵੇਂ ਮੈਨੂੰ ਹਜ਼ੂਰੀ ਪ੍ਰਾਪਤ ਹੋਵੇ, ਇਸ ਤਰ੍ਹਾਂ ਸਤਿਸੰਗ ਦੀ ਮਦਦ ਲਓ।

ਆਪ ਜਤਨ ਲਾਓ, ਬਾਹਰ ਜਾਂਦਾ ਮਨ ਵਰਜੋ, ਇਸ ਨੂੰ ਹੋੜੋ, ਮੱਤ ਦਿਓਸੁ ਕਿ ਹੇ ਸਦਾ ਹਿੱਲਣੇ ਤੇ ਨਾਂ ਟਿਕਣੇ ਮਨ ! ਹੁਣ ਮੈਂ ਸ਼ਹਿਨਸ਼ਾਹਾਂ ਦੇ ਸ਼ਾਹ, ਕੋਟ ਬ੍ਰਹਮੰਡਾਂ ਦੇ ਠਾਕੁਰ ਅੱਗੇ ਅਰਦਾਸ ਲੈਕੇ ਆਯਾ ਹਾਂ। ਹੁਣ ਸਾਰਾ ਢਹਿ ਪਉ ਉਸ ਦੀ ਸ਼ਰਨ, ਛੱਡ ਸੰਕਲਪ, ਵਿਕਲਪ, ਖਿਆਲ, ਆਸ, ਅੰਦੇਸੇ, ਏਹ ਉਡਾਰੀਆਂ ਤੇਰੀਆਂ ਆਪਣਾ ਘਾਤ ਹੈ। ਆ ਆਪਣੇ ਘਰ, ਏਹੜ ਤੇਹੜ ਛੱਡ ਤੇ ਇਕ ਹਜ਼ੂਰੀ ਦੇ ਘਰ ਆਕੇ ਅਰਦਾਸ ਕਰ ਜੋ ਰੱਬ ਸੁਣੇਂ ਤੇ ਤੇਰਾ ਭੇਜਲ ਤਰਿਆ ਜਾਵੇ।

ਇਸ ਤਰ੍ਹਾਂ ਤੇ ਜਿਸ ਤਰ੍ਹਾਂ ਬਣ ਪਵੇ ਸਹਿਜੇ ਸਹਜੇ ਭਾਵੇਂ ਛੇਤੀ, ਜਿਵੇਂ ਵਾਹਿਗੁਰੂ ਬਖਸ਼ੇ, ਹਜ਼ੂਰੀ ਦਾ ਸਬਕ ਪਕਾਓ। ਹਜ਼ੂਰੀ ਵਿਚ ਹੋਕੇ ਅਰਜ਼ਾਂ ਕਰੋ। ਸਦਾ ਪਾਠ ਵੇਲੇ ਸਮਝੋ ਕਿ ਵਾਹਿਗੁਰੂ 'ਹੈ', ਵਾਹਿਗੁਰੂ ਮੇਰੇ ਹਾਜ਼ਰਾ ਹਜ਼ੂਰ ਮੇਰੀ ਅਰਜ਼ ਸੁਣ ਰਿਹਾ ਹੈ ਤੇ ਇਹ ਜੋ ਬਾਣੀ ਪੜ੍ਹਦਾ ਹਾਂ ਉਹ ਸੁਣਦਾ ਹੈ ਤੇ ਫਲ ਲਾਏਗਾ।

ਅ. {ਇਕ ਨੂੰ ਸਿਮਰਨਾ}

**ਦੂਸਰੀ** ਸਿਖ੍ਯਾ ਜੋ ਸੁਲਤਾਨ ਪੁਰੇ ਗੁਰੂ ਬਾਬੇ ਨੇ ਦਿੱਤਾ ਸੀ ਇਹ ਸੀ ਕਿ:-

ਇਕ ਪੱਥਰਾਂ ਦੀ ਪੂਜਾ ਕਰਨ ਵਾਲਾ ਸੀ। ਉਸ ਦੀ ਉਮਰ ਬੁੱਤ ਪੂਜਾ ਵਿਚ ਬੀਤੀ ਸੀ। ਉਸ ਨੇ ਧੁੰਮ ਸੁਣੀ ਸੀ ਕਿ ਸੁਲਤਾਨ ਪੁਰੇ ਵਿਚ "ਇਕ ਤਪਾ ਮੁਸ਼ਕਿਆ ਹੈ", ਉਸ ਦਾ ਨਾਉਂ ਨਾਨਕ ਹੈ। ਕਾਜ਼ੀ ਤੇ ਨਵਾਬ ਉਸਦੇ ਪੈਰੀਂ ਢੱਠੇ ਹਨ ਤੇ ਹਿੰਦੂ ਸਾਧ ਤੇ ਮੁਸਲਮਾਨ ਫਕੀਰ ਚਰਨੀਂ ਪੈ ਰਹੇ ਤੇ ਧੰਨ ਧੰਨ ਆਖ ਰਹੇ ਹਨ ! ਇਹ ਸੁਣ ਕੇ ਬੁੱਤਾਂ ਦਾ ਪੁਜਾਰੀ ਉਮਾਹਿਆ, ਹਾਂ, ਕਿ ਜਿਸ ਦੀ ਉਮਰਾ ਦਾ ਹਿੱਸਾ ਇਸ ਭਗਤੀ ਵਿਚ ਲੰਘਿਆ ਸੀ, ਪਰ ਜੋ ਮੁਰਾਦ ਉਸਦੀ ਸੀ ਲੱਭੀ ਨਾ, ਹੁਣ ਗੁਰੂ ਕੀ ਮਹਿਮਾਂ ਸੁਣਕੇ ਉਹ ਦਰਸ਼ਨਾਂ ਦੇ ਚਾਉ ਵਿਚ ਆਇਆ। ਹਾਂ, ਇਹ ਸੁਣਕੇ ਕਿ ਕਲਜੁਗ ਵਿਚ ਕੋਈ 'ਮੁਸ਼ਕਿਆ' ਹੈ, ਉਹ ਦਰਸ਼ਨਾਂ ਨੂੰ ਵਗ ਟੁਰਿਆ। ਜਾਂ ਆ ਉਦਿਆਨ ਵਿਚ ਗੁਰੂ ਬਾਬਾ ਡਿੱਠੋਸੁ ਤਾਂ ਕਾਲਜੇ ਵਿਚ ਖਿੱਚ ਪੜ ਗਈ ਤੇ ਚਰਨੀਂ ਢਹਿ ਪਿਆ, ਗੁਰੂ ਬਾਬੇ ਨੇ ਆਖਿਆ: ਸੁਹਣਿਆਂ ! ਦਿਲ ਜੋੜ ਕੇ ਭਗਤੀ ਕੀਤੀਓਈ ? ਪਰ ਅੱਗੋਂ ਕੌਣ ਬੋਲਦਾ ? ਜੀਉਂਦੇ ਦੀ ਭਗਤੀ ਕਰ ਜੋ ਅੱਗੋਂ ਵਰ ਜੁਵਾਬ ਮਿਲੇ। 'ਬੁੱਤ ਪੂਜ ਗੁਰੂ ਬਾਬੇ ਦੇ ਦਰਸ਼ਨ ਨਾਲ ਠੰਢ ਦੇ ਘਰ ਆ ਗਿਆ, ਸੁਆਦ ਭੀ ਆਇਓਸੁ, ਪੱਥਰ ਦਿਲ ਪੰਘਰਿਆ ਬੀ, ਪਰ ਅਜੇ ਪਰਪੱਕ ਹੋਈ ਲੀਕ ਦਾ ਅਸਰ ਬਾਕੀ ਸੀ। ਆਖਦੇ ਹਨ ਉਸ ਰਾਤ ਜਾਂ ਉਹ ਸੁੱਤਾ ਤਾਂ ਉਸ ਨੇ ਪੱਥਰ ਦੀ ਮੂਰਤੀ, ਜਿਸਨੂੰ ਪੂਜਦਾ ਸੀ, ਸਤਿਗੁਰਾਂ ਦੇ ਦੁਆਰੇ ਵੇਖੀ ਕਿ ਝਾੜੂ ਲਈ ਬਾਹਰ ਖੜੀ ਹੈ। ਇਸ ਸੁਪਨੇ ਦਾ ਅਸਰ ਹੋਰ ਪਿਆ। ਅਗਲੇ ਦਿਨ ਉਹ ਨਾਉਂ ਧਰੀਕ ਹੋਇਆ[੧]। ਉਸ ਦੀ ਰਸਨਾ ਨਾਮ ਜਪਣ ਲਗੀ, ਉਸਦਾ ਦਿਲ ਉੱਚਾ ਹੋ ਗਿਆ ਤੇ ਸਾਂਈਂ ਦੀ ਲਗਨ ਵਾਲਾ ਹੋ ਗਿਆ, ਗੁਰੂ ਨਾਨਕ ਦੇ ਪ੍ਰਤੱਖ ਦਰਸ਼ਨ ਅੰਦਰ ਵੜ ਗਏ ਤੇ ਮੋਇਆ ਜੀਉ ਪਿਆ।

ਸੋ ਦੂਸਰੀ ਮੱਤ ਗੁਰੂ ਬਾਬੇ ਨੇ ਜੋ ਦਿੱਤੀ ਉਹ ਅਸੀਂ ਪੜ੍ਹ ਕੇ ਖੁਸ਼ ਹੁੰਦੇ ਹਾਂ ਕਿ ਦੇਵੀ ਗੁਰੂ ਕੇ ਝਾੜੂ ਦੇਂਦੀ ਹੈ ਅਤੇ ਇਹ ਕਿ ਪੱਥਰ ਪੂਜਾ ਮਾੜੀ ਗਲ ਹੈ, ਪਰ ਅਸਲ ਗਲ ਭੁੱਲਦੇ ਹਾਂ ਕਿ ਇਹ ਸਾਖੀ ਅਸਾਂ ਅੱਜ ਵਾਚੀ ਹੈ, ਇਹ ਸਾਡੇ ਨਾਲ ਹੋਈ ਹੈ, ਸਾਨੂੰ ਗੁਰੂ ਬਾਬੇ ਨੇ ਆਪ ਮੱਤ ਦਿਤੀ ਹੈ ਕਿ :-

੧. ਵਾਹਿਗੁਰੂ ਤੋਂ ਛੁਟ ਹੋਰ ਨੂੰ ਨਹੀਂ ਪੂਜਣਾ।

---

[੧] ਪੁਰਾਤਨ ਪੰਜਾਬੀ ਵਿਚ ਇਸ ਦਾ ਅਰਥ ਹੈ ਨਾਮ ਦੇ ਧਾਰਨ ਵਾਲਾ ਹੋ ਗਿਆ। ਨਾਮ ਉਸ ਨੂੰ ਪ੍ਰਾਪਤ ਹੋ ਗਿਆ।

ਇਕ ਵਾਹਿਗੁਰੂ ਨੂੰ ਸਿਮਰਨਾ ਹੈ।

੨. ਸਾਡੇ ਮੋਹ ਮਾਇਆ ਦੇ ਪਦਾਰਥਾਂ ਦੇ ਪਿਆਰ ਸਾਰੇ ਬੁਤ ਪ੍ਰਸਤੀ ਹਨ। ਮਾਇਆ ਵਿਚ ਰਹਿਕੇ ਮਾਇਆ ਦੇ ਪੁਜਾਰੀ ਨਹੀਂ ਬਣਨਾ, ਇਸ ਦੇਵੀ ਦੀ ਪੂਜਾ ਨਹੀਂ ਕਰਨੀ।

ਹਾਂ, ਨਿਰੰਕਾਰ ਨੂੰ ਹੀ ਪਿਆਰ ਕਰਨਾ ਹੈ ਸਭ ਤੋਂ ਵੱਧ।

ੲ. {ਸਰਬ ਜੀਆਂ ਮਿਹਰਾਮਤ}

**ਤੀਸਰੀ** ਮੱਤ ਜੋ ਉਸ ਦਿਨ ਬਾਬੇ ਦਿੱਤੀ, ਸੋ ਇਹ ਸੀ ਕਿ ਨਵਾਬ ਨੇ ਗੁਰੂ ਨਾਨਕ ਜੀ ਨੂੰ ਸਾਧੂ ਹੋ ਗਿਆ ਜਾਣਕੇ ਮੋਦੀਖਾਨਾ ਕਿਸੇ ਨੂੰ ਸੌਂਪਿਆ, ਉਸਨੇ ਪਿਛਲੇ ਲੇਖੇ ਕਰਨ ਤੇ ਵਿਧ ਮੇਲਨੀ ਸੀ ਹੀ ਇਸ ਦੇ ਮਿਲਿਆਂ ਕੁਛ ਰਕਮ ਗੁਰੂ ਜੀ ਦੀ ਨਵਾਬ ਵੱਲ ਨਿਕਲੀ, ਉਹ ਨਵਾਬ ਨੇ ਗੁਰੂ ਜੀ ਵਲ ਘੱਲ ਦਿਤੀ। ਉਸ ਵੇਲੇ ਕਈ ਇਕ ਲੋੜਵੰਦ ਗ਼ਰੀਬ ਬਾਬੇ ਦੇ ਦਰਸ਼ਨ ਨੂੰ ਆਏ ਹੋਏ ਸਨ, ਆਪ ਨੇ ਧਿਆਨ ਕਰਕੇ ਵੇਖੇ। ਪਾਸੋਂ ਕਿਸੇ ਆਖਿਆ 'ਪਾਤਸ਼ਾਹ ! ਆਪ ਦੇ ਘਰ ਪੁੱਤ੍ਰ ਹਨ, ਇਸਤ੍ਰੀ ਹੈ, ਆਪ ਤਿਆਗੀ ਹੋਏ ਹੋ, ਇਹ ਧਨ ਉਨ੍ਹਾਂ ਨੂੰ ਦਿਓ !' ਗੁਰੂ ਬਾਬੇ ਆਖਿਆ 'ਸਭਨਾਂ ਵਿਚ ਉਸਦੀ ਜੋਤਿ ਹੈ, ਸਾਰੇ ਉਸਦੇ ਪੁੱਤ੍ਰ ਹਨ' ਸੋ ਜੋ ਕੁਛ ਸੀ ਉਸੇ ਵੇਲੇ ਲੁਟਾ ਦਿਤਾ।

ਅਸੀਂ ਖੁਸ਼ ਹੁੰਦੇ ਹਾਂ ਕਿ ਧੰਨ ਗੁਰੂ ਬਾਬਾ ਨਾਨਕ ਜਿਸ ਨੂੰ ਮਾਇਆ ਦਾ ਰਤਾ ਲੋਭ ਨਹੀਂ, ਧੰਨ ਗੁਰੂ ਬਾਬਾ ਜੋ ਲੋੜਵੰਦਾਂ ਨੂੰ ਪੁੱਤ ਆਖਦਾ ਸੀ ਤੇ ਸਰਬ ਵਿਚ ਭਗਵੰਤ ਵੇਂਹਦਾ ਸੀ, ਕਿਵੇਂ ਪਰਤੱਖ ਪਿਆਰ ਸਰਬ ਨਾਲ ਕਰਦਾ ਹੈ।

ਪਰ ਤੀਸਰੀ ਗੱਲ ਅਸੀਂ ਭੁੱਲਦੇ ਹਾਂ ਕਿ ਇਹ ਸਾਖੀ ਭੀ ਅੱਜ ਹੋਈ ਹੈ, ਉਹ ਸਾਡੇ ਨਾਲ ਹੋਈ ਹੈ ਤੇ ਗੁਰੂ ਬਾਬਾ ਸਾਨੂੰ ਆਖਦਾ ਹੈ ਅੰਦਰ ਨਾਮ ਵਸਾਓ, ਵਾਹਿਗੁਰੂ ਨੂੰ ਆਪਣੇ ਅੰਗ ਸੰਗ ਸਮਝੋ, ਨਾਮ ਅੱਠੇ ਪਹਿਰ ਨਾ ਭੁੱਲੇ। ਪਰ ਜਦ ਲੋੜਵੰਦ ਦਿੱਸੇ ਤਾਂ ਉਸ ਵਿਚ ਬੀ ਵਾਹਿਗੁਰੂ ਦੀ ਜੋਤਿ ਦਿੱਸੇ ਜੋ ਸਾਰੇ ਵਿਆਪਕ ਹੈ। ਉਸ ਦੀ ਲੋੜ ਵਿਤ ਮੂਜਬ ਦੂਰ ਕਰੋ, ਪਰ ਉੱਚੇ ਖਿਆਲ ਵਿਚ ਰਹੋ ਕਿ ਮੈਂ ਆਪਣੇ ਅੰਦਰ ਵੱਸ ਰਹੇ ਨਾਮ ਦੇ ਨਾਮੀ ਵਾਹਿਗੁਰੂ ਨੂੰ ਸਾਰੇ ਵੇਖ ਰਿਹਾ ਹਾਂ ਤੇ ਉਸ ਨੂੰ ਪਿਆਰ ਕਰ ਰਿਹਾ ਹਾਂ। ਦੁੱਖ, ਦਰਿੱਦ੍ਰ, ਗ਼ਰੀਬੀ ਮੈਂ ਨਾ ਹਟਾ ਸਕਦਾ ਹਾਂ ਨਾ ਮੈਂ ਦਾਤਾ ਹਾਂ, ਮੈਂ ਤਾਂ ਇਕੋ ਜੋਤਿ ਦਾ ਪ੍ਰੇਮੀ ਹਾਂ, ਮੇਰੇ ਅੰਦਰ 'ਨਾਮ' ਹੋਕੇ ਜੋਤਿ ਵੱਸ ਰਹੀ ਤੇ ਆਖਦੀ ਹੈ ਸਰਬ ਜੀਆਂ ਵਿਚ ਜੋਤਿ ਹੈ, ਉਸ ਜੋਤਿ ਦੀ ਖ਼ਾਤਰ ਰੱਖ। ਇਹ ਤੀਸਰਾ ਸਬਕ-

'ਸਰਬ ਜੀਆਂ ਮਿਹਰੰਮਤ' ਦਾ ਹੈ।

ਅਸੀਂ ਸਿੱਖ ਹਾਂ; ਜੋ ਗੁਰੂ ਨਾਨਕ ਨੇ ਮੱਤਾਂ ਦਿਤੀਆਂ, ਜੋ ਮਿਹਰਾਂ ਕੀਤੀਆਂ, ਉਨ੍ਹਾਂ ਨਾਲ ਜਿਨ੍ਹਾਂ ਦਾ ਉਧਾਰ ਹੋਇਆ, ਉਹ ਸਿੱਖ ਸਦਾਏ। ਅਸੀਂ ਸਿੱਖ ਹਾਂ, ਵੇਖੀਏ ਕਿ ਉਹ ਮੱਤਾਂ ਜੋ ਗੁਰੂ ਬਾਬੇ ਦਿਤੀਆਂ, ਉਹ ਗੁਣ ਜੋ ਬਾਣੀ ਵਿਚ ਆਏ ਸਾਡੇ ਵਿਚ ਹਨ ? ਜੇ ਹਨ ਤਾਂ ਅਸੀਂ ਬੀ ਧੰਨ ਹਾਂ, ਗੁਰੂ ਦੇ ਸਿਖ ਹੋਕੇ 'ਧੰਨ ਸਿਖ' ਹਾਂ। ਪਰ ਜੇ ਸਾਡੇ ਵਿਚ ਨਹੀਂ ਹਨ; ਤਾਂ ਸਾਨੂੰ ਧਾਰਨੇ ਬਣਦੇ ਹਨ। ਗੱਲਾਂ ਦਾ ਨਾਮ ਸਿੱਖੀ ਨਹੀਂ; ਗੁਣਾਂ ਦੇ ਧਾਰਨ ਤੇ ਰਹਿਣੀ ਦਾ ਨਾਮ ਸਿੱਖੀ ਹੈ। ਗੁਰੂ ਜੀ ਆਪ ਦੱਸਦੇ ਹਨ :-

ਵਿਣੁ ਗੁਣ ਕੀਤੇ ਭਗਤਿ ਨ ਹੋਇ ॥

ਗੁਣ ਧਾਰਨੇ ਚਾਹੀਏ। ਹੁਣ ਸਭ ਕਿਸੇ ਦਾ ਰੁਖ਼ ਮਾਇਆ ਵਲ ਵਧ ਰਿਹਾ ਹੈ, ਜਗਤ ਸਿਰ ਪਰਨੇ ਇਸਦੇ ਮਗਰ ਭੱਜਾ ਜਾਂਦਾ ਹੈ, ਬ੍ਰਿਤੀਆਂ ਪਦਾਰਥਾਂ ਪ੍ਰਾਪਤੀ ਵਲ ਤੇ ਪਦਾਰਥ ਪੂਜਾ ਵਿਚ ਸਿਰ ਪਰਨੇ ਡਿਗ ਰਹੀਆਂ ਹਨ ਤੇ ਦਿਨ ਦਿਨ ਵਾਧਾ ਹੈ। ਹਾਂ ਦਾਤਾ ਵਿਸਰ ਰਿਹਾ ਹੈ, 'ਦਾਤਾਂ' ਵਲ ਪਜਾਰ ਵਧ ਰਿਹਾ ਹੈ। ਗੁਰੂ ਬਾਬੇ ਨੇ ਇਨ੍ਹਾਂ ਭੁੱਲਾਂ ਤੋਂ ਛੁਡਾਇਆ ਸੀ, ਸਾਨੂੰ ਆਤਮ ਦੇਸ਼ ਵਿਚ ਵਸਾਇਆ ਸੀ। ਉਹ ਓਦੋਂ ਦੀਆਂ ਸਾਖੀਆਂ ਤੇ ਉਪਦੇਸ਼ ਲਿਖੇ ਹਨ ਤੇ ਅਸੀਂ ਪੜ੍ਹਦੇ ਹਾਂ। ਹੁਣ ਸਾਨੂੰ 'ਅਮਲ' ਲੋੜੀਏ ਨਹੀਂ ਤਾਂ ਅਸੀਂ ਗੁਰੂ ਬਾਬੇ ਦੇ ਖੁਸ਼ੀਆਂ ਲੈਣ ਵਾਲੇ ਸਿੱਖ ਨਹੀਂ। ਇਹ ਸਾਖੀਆਂ ਪੜ੍ਹੀਏ ਤੇ ਤੀਏ ਤਿਹਾਕਾਂ ਨਾਲ ਹੋਈਆਂ ਵਾਚਕੇ ਕਹਾਣੀ ਦਾ ਸੁਆਦ ਲੈਕੇ ਲਾਂਭੇ ਨਾ ਹੋ ਜਾਈਏ, ਸਾਖੀ ਆਪਣੇ ਨਾਲ ਵਰਤੀ ਸਮਝੀਏ, ਆਪੇ ਦੇ ਔਗੁਣ ਉਸ ਸਾਖੀ ਦੇ ਚਾਨਣੇ ਵਿਚ ਤੱਕੀਏ ਤੇ ਫੇਰ ਆਪਣੇ ਆਪ ਨੂੰ ਸੁਆਰੀਏ, ਸੁਧਾਰੀਏ, ਤਦ ਗੁਰੂ ਬਾਬੇ ਦੀਆਂ ਖੁਸ਼ੀਆਂ ਹਨ, ਅਸੀਂ ਸਿੱਖ ਹਾਂ ਤੇ ਜੀਉਂਦੇ ਸਿੱਖ ਹਾਂ; ਨਹੀਂ ਤਾਂ ਬਨਾਵਟ ਦਿਖਾਵਾ। ਫੋਕੀ ਜ਼ਾਹਰਦਾਰੀ, ਰਿਆਕਾਰੀ ਨੂੰ ਤਾਂ ਉਹ ਰੱਦਕੇ ਪਰੇ ਸੁੱਟਦੇ ਸਨ। ਜੋ ਹਿੰਦੂ ਮੁਸਲਮਾਨਾਂ ਵਿਚ ਇਸ ਨੂੰ ਵੇਖਕੇ ਇਸ ਦੇ ਵਿਰੁੱਧ ਕੂਕਾਂ ਦੇਂਦੇ ਸਨ ਤਦ ਸਿਖਾਂ ਵਿਚ ਵੇਖਕੇ ਕਿੰਨਾਂ

ਵਧੀਕ ਹੋਕਾ ਦੇਣਗੇ। ਉਹ ਜੋ ਪਹਿਲਾ ਵਾਕ ਬੋਲੇ 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ' ਉਹ ਕੂਕ ਇਹੋ ਸੀ ਕਿ ਬਨਾਵਟ, ਦਿਖਾਵਾ, ਜ਼ਾਹਰਦਾਰੀ, ਰਿਆਕਾਰੀ ਧਰਮ ਨਹੀਂ ਹੈ, ਮਜ਼ਹਬ ਨਹੀਂ ਹੈ, ਰਸਤਾ ਨਹੀਂ ਹੈ, ਪਰਮਾਰਥ ਨਹੀਂ ਹੈ। ਉਨ੍ਹਾਂ ਦੀ ਇਕ ਸੱਦ, 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ' ਅੱਜ ਸਿੱਖਾਂ ਨੂੰ ਵਧੀਕ ਕੰਨ ਦੇ ਕੇ ਸੁਣਨੀ ਚਾਹੀਏ ਕਿ ਗੁਰੂ ਬਾਬਾ ਅਰਸ਼ਾਂ ਤੋਂ ਆਉਂਦੇ ਸਾਰ ਜਾਂ ਬੋਲਿਆ ਤਾਂ ਕੀ ਬੋਲਿਆ ਤੇ ਉਸ ਦੇ ਚਾਨਣੇ ਵਿਚ ਅਸਾਂ ਅੱਜ ਕੀ ਅਮਲ ਕਰਨਾ ਹੈ, ਕੀ ਆਪਾ ਸੁਆਰਨਾ ਹੈ ਤੇ ਕੀ ਲਾਭ ਲੈਣਾ ਹੈ ? ਇਹ ਹੈ ਗੁਰੂ ਨੂੰ ਮੰਨਣਾ, ਗੁਰੂ ਨੂੰ ਹਾਜ਼ਰ ਜਾਣਨਾ, ਆਪਣੇ ਨਾਲ ਬੋਲਦਾ ਵੇਖਣਾ, ਸੁਣਕੇ ਅਮਲ ਕਰਨਾ ਤੇ ਸਿੱਖ ਬਣਨਾ।

### ੬. {ਸੁਲਤਾਨਪੁਰੋਂ ਵਿਦੈਗੀ}

**ਸਾਖੀਆਂ** ਵਿਚ ਬਾਬੇ ਕਾਲੂ ਦੇ ਪੁੱਤ੍ਰ ਦੇ ਤਿਆਗੀ ਹੋ ਜਾਣ ਦੀ ਖਬਰ ਸੁਣਕੇ ਸਹੁਰੇ ਮੂਲ ਚੰਦ ਦਾ ਸ਼ਾਮੇ ਪੰਡਤ ਨੂੰ ਨਾਲ ਲੈ ਕੇ ਸੁਲਤਾਨ ਪੁਰ ਪਹੁੰਚਣਾ ਲਿਖਿਆ ਹੈ। ਦੋਹਾਂ ਨੇ ਆਮ ਗ੍ਰਿਹਸਤ ਦੇ ਨੁਕਤੇ ਤੋਂ ਸਮਝਾਇਆ ਕਿ ਘਰ ਰਹੋ ਤੇ ਸਾਧੂ ਬਾਣਾ ਛੋੜੋ ਤੇ ਸ਼ਾਮੇ ਨੇ ਸ਼ਾਸਤ੍ਰਾਂ ਦੇ ਵਾਕ ਸੁਣਾਕੇ ਪਰਮਾਰਥ ਦੇ ਨੁਕਤੇ ਤੋਂ ਘਰ ਛੱਡਣ ਦੇ ਅਉਗਣ ਦੱਸੇ। ਪਰ ਗੁਰੂ ਜੀ ਨੇ 'ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ' ਵਾਲਾ ਸ਼ਬਦ ਉਚਾਰ ਕੇ ਉਸ ਦੀ ਨਿਸ਼ਾ ਖ਼ਾਤਰ ਕੀਤੀ ਤੇ ਪੰਡਤ ਨੇ ਲਖ ਲਿਆ ਕਿ ਇਹ ਨਿਰਾ ਸ਼ਾਸਤ੍ਰੀ ਨਹੀਂ ਜੋ ਸ਼ਾਸਤ੍ਰਾਂ ਨਾਲ ਕਾਬੂ ਆਵੇ, ਇਹ ਅਨੁਭਵੀ ਮਹਾਂ ਪੁਰਖ ਹੈ ਤੇ ਕਿਸੇ ਰੰਗ ਵਿਚ ਹੈ। ਪਰ ਮੋਹ ਵਾਲੇ ਬਾਬਾ ਕਾਲੂ ਤੇ ਅਪਣੀ ਪੁਤ੍ਰੀ ਦੇ ਦੁੱਖਾਂ ਦੀ ਨਵਿਰਤੀ ਦੇ ਇਛਾਵਾਨ ਮੂਲ ਚੰਦ ਜੀ ਦੁਖਾਤੁਰ ਹੋਏ। ਅੰਤ ਬਾਬੇ ਕਾਲੂ ਤੇ ਮਾਤਾ ਤ੍ਰਿਪਤਾ ਜੀ ਨੇ ਆਪਣੇ ਵੱਡੇ ਹੋਣ ਤੇ ਪੁਤ੍ਰ ਵਲੋਂ ਸੇਵਾ ਦੇ ਅਧਿਕਾਰ ਦੀ ਮੰਗ ਕੀਤੀ, ਤਾਂ ਗੁਰੂ ਬਾਬੇ ਨੇ ਦੱਸਿਆ ਕਿ ਜਿਸ ਪਿਤਾ ਦੇ ਸਾਰੇ ਪੁਤ੍ਰ ਹਾਂ, ਉਸ ਦਾ ਹੁਕਮ ਜਗਤ ਜਲੰਦੇ ਵਿਚ ਉਸੇ ਦੇ ਪਿਆਰ ਦਾ ਢੰਡੋਰਾ ਦੇਣ ਦਾ ਹੈ, ਵਿਛੁੜੀ ਸ੍ਰਿਸ਼ਟੀ ਨੂੰ ਉਸ ਨਾਲ ਮੇਲਣ ਦੀ ਆਗਜਾ ਹੈ, ਤੁਸੀਂ ਆਪ ਹੀ ਦੱਸੋ ਕਿ ਮੈਂ ਕਿਵੇਂ ਕਰਾਂ? ਇਹ ਵਿਥਿਆ ਗੁਰੂ ਜੀ ਨੇ ਐਸੇ ਰੱਬੀ ਪ੍ਰੇਮ ਵਿਚ ਸੁਣਾਈ ਕਿ ਮਾਤਾ ਪਿਤਾ ਤੇ ਉਸ ਵੇਲੇ ਕੋਈ ਪ੍ਰਭਾਉ ਛਾ ਗਿਆ ਤੇ ਉਹ 'ਹਾਂ' ਕਰ ਗਏ। ਇਹ 'ਹਾਂ' ਕਿਸੇ ਰੱਬੀ ਰੰਗ ਵਿਚ ਹੋ ਗਈ, ਮਗਰੋਂ ਜਦੋਂ ਘਰ ਨੂੰ ਗਏ ਤਾਂ ਦੋਵੇਂ ਉਦਾਸੀਨ ਹੀ ਗਏ। ਸਭ ਤੋਂ ਵਧੀਕ ਦੁਖ ਭਰੀ ਦਸ਼ਾ ਮਾਤਾ ਸੁਲੱਖਣੀ ਜੀ ਦੀ ਸੀ, ਜਿਨ੍ਹਾਂ ਦੇ ਸਿਰ ਦਾ ਸਾਂਈਂ ਨਿੱਕੇ ਨਿੱਕੇ ਬਾਲ ਛੱਡਕੇ ਉਦਾਸ ਹੋ ਬੈਠਾ ਤੇ ਇਹ ਸੁੰਧਕਾਂ ਪੱਕੀਆਂ ਕੰਨੀ ਪੈ ਰਹੀਆਂ ਸਨ ਕਿ ਪਰਦੇਸ਼ਾਂ ਨੂੰ ਚਲੇ ਹਨ ਤੇ ਫੇਰ ਮੁਹਾੜਾਂ ਮੋੜਨਗੇ ਕਿ ਨਹੀਂ ਇਹ ਪਤਾ ਹੀ ਨਹੀਂ। ਪਤੀ ਦੇ ਵਿਛੋੜੇ ਦਾ ਦੁੱਖ, ਪੁਤ੍ਰਾਂ ਦੀ ਪਾਲਣਾ, ਅਤੇ ਸਿਖਜਾ ਦਾ ਸਹਿੰਸਾ; ਅਨੇਕ ਭਾਵ ਸਨ ਜੋ ਉਨ੍ਹਾਂ ਨੂੰ ਉਦਰਾਉਂਦੇ ਸਨ। ਬੇਬੇ ਨਾਨਕੀ ਉਨ੍ਹਾਂ ਨੂੰ ਧੀਰਜਾਂ ਦੇਂਦੀ ਸੀ, ਜਿਸ ਨਾਲ ਉਨ੍ਹਾਂ ਦਾ ਮਨ ਠਉਰੇ ਆਉਂਦਾ ਸੀ, ਪਰ ਫੇਰ ਟੁੱਟ ਟੁੱਟ ਜਾਂਦਾ ਸੀ। ਇਕ ਬੇਬੇ ਦਾ ਹੀ ਦਿਲ ਸੀ ਜੋ ਨਹੀਂ ਸੀ ਘਾਬਰਦਾ। ਉਹ ਉੱਚੇ ਮਨ ਵਾਲੀ, ਵਾਹਿਗੁਰੂ ਦੇ ਪ੍ਰੇਮ ਵਾਲੀ, ਇਸ ਸਾਰੇ ਨੂੰ ਵਾਹਿਗੁਰੂ ਦੀ ਕਰਨੀ ਤੇ ਵੀਰ ਦੀ ਰੱਬੀ ਰੰਗਤ ਦਾ ਚਾਉ ਵੇਖਦੀ ਸੀ। ਕੀ ਬੇਬੇ ਨੂੰ ਵੈਰਾਗ ਨਹੀਂ ਸੀ ? ਵੀਰ ਦੇ ਵਿਛੋੜੇ ਦਾ ਵੈਰਾਗ ਸੀ ਤੇ ਬਹੁਤ ਸੀ, ਪਰ ਇਹ ਵੈਰਾਗ ਸਤਿਸੰਗ ਦੇ ਮੰਡਲ ਦਾ ਸੀ। ਇਸ ਵਿਚ ਉੱਚੇ ਵਲਵਲੇ ਸਨ ਤੇ ਇਸ ਦਾ ਆਦਰਸ਼ ਉੱਚਾ ਸੀ। ਉਸਨੂੰ ਦਿੱਸ ਰਿਹਾ ਸੀ ਕਿ ਮੇਰਾ ਵੀਰ ਗੁਰੂ ਜੋ ਰੱਬੀ ਨੂਰ ਹੈ ਆਪਣੇ ਮਾਲਕ ਦੇ ਹੁਕਮ ਵਿਚ ਉਸ ਦੀ ਡਾਢੀ ਉੱਚੀ, ਸੁੱਚੀ ਤੇ ਸੋਹਣੀ ਕਾਰ ਕਰਨ ਚੱਲਿਆ ਹੈ, ਇਸ ਕਰਕੇ ਉਸਦੇ ਵੈਰਾਗ ਵਿਚ ਟੋਟ ਨਹੀਂ ਸੀ, ਖਿੱਝ ਤੇ ਨਿਰਾਸਤਾ ਨਹੀਂ ਸੀ। ਆਖਦੇ ਹਨ ਕਿ ਮਾਤਾ ਸੁਲੱਖਣੀ ਦੇ ਵੈਰਾਗ ਕਰਨ ਤੇ ਗੁਰੂ ਨਾਨਕ ਨੇ ਆਖਿਆ ਸੀ ਕਿ ਨਿਰੰਕਾਰ ਤੇਰੀ ਪ੍ਰਤਿਪਾਲਾ ਕਰਸੀ। ਨਿਰੰਕਾਰ ਦੀ ਆਗਜਾ ਦਾ ਹਾਲ ਜੋ ਗੁਰੂ ਜੀ ਨੇ ਇਸ ਵੇਲੇ ਦੱਸਿਆ ਇਸ ਨੇ ਇਕ ਵੇਰਾਂ ਮਾਤਾ ਸੁਲੱਖਣੀ ਦੇ ਜੇਰੇ ਤੇ ਬੀ ਅਸਰ ਕੀਤਾ ਕਿ ਇਕ ਝਲਕਾਰਾ ਗੁਰੂ ਨਾਨਕ ਦੇਵ ਜੀ ਦੇ ਉੱਚੇ ਉੱਦੇਸ਼ ਦੇ ਉੱਚੇ ਕੰਮ ਦਾ ਉਸ ਨੂੰ ਬੀ ਵੱਜ ਗਿਆ, ਜਿਸਤੇ ਮਾਤਾ ਜੀ ਨੇ ਬੀ ਸੀਸ ਨਿਵਾ ਦਿੱਤਾ।

ਬੇਬੇ ਦਾ ਵੈਰਾਗ ਐਸਾ ਸੀ ਕਿ ਜਿਸ ਦੀ ਪਰਖ ਆਪ ਪਾਰਖੂ ਨੂੰ ਸੀ। ਉਸ ਦੇ ਮੱਥੇ ਤੇ ਸ਼ੁਕਰ, ਅੱਖਾਂ ਵਿਚ ਖਿੱਚ ਤੇ ਪਿਆਰ, ਬੁੱਲਾਂ ਤੇ ਵੈਰਾਗ ਦੀ ਫਰ-

ਕਨ ਤੇ ਲੂੰਆਂ ਵਿਚ ਵਿਛੋੜੇ ਦਾ ਕਾਂਬਾ ਸੀ। ਅਕਲ ਰਜ਼ਾ ਅੱਗੇ ਝੁਕ ਰਹੀ ਸੀ ਤੇ ਦਿਲ ਸ਼ੁਕਰ ਦੀ ਤਾਰੀ ਤਰ ਰਿਹਾ ਸੀ, ਪਰ ਫੇਰ ਵਿਛੁੜਨ ਤੇ ਚਿਤ ਨਹੀਂ ਸੀ। ਇਨ੍ਹਾਂ ਸਾਰੇ ਉੱਚੇ ਰੰਗਾਂ ਦੇ ਜਾਣੂੰ ਗੁਰੂ ਜੀ ਨੇ ਆਖਿਆ : ਬੇਬੇ ! ਤੁਸਾਂ ਦਾ ਪਿਆਰ ਰੱਬੀ ਹੈ ਤੇ ਬਹੁੰ ਉੱਚਾ ਹੈ, ਇਸਦੀ ਕੀਮਤ ਕਦਰ ਇਹ ਹੈ ਕਿ ਜਦੋਂ ਤੁਸੀਂ ਬਹੁਤੇ ਵੈਰਾਗੇ ਹੋ ਜਾਓ ਤੇ ਝੱਲ ਨਾ ਸਕੋ ਤਾਂ ਸ਼ਹਿਨਸ਼ਾਹਾਂ ਦੇ ਸ਼ਾਹ ਅੱਗੇ ਅਰਦਾਸ ਕਰੋ; ਤਦੋਂ ਹੀ ਅਸੀਂ ਆ ਜਾਇਆ ਕਰਾਂਗੇ। ਸਨਬੰਧੀਆਂ ਦੇ ਮੋਹ ਬੜੇ ਡੂੰਘੇ ਸੇ, ਪਰ ਉਹ ਕੁਛ ਸਾਰ ਨਾ ਸਕੇ। ਪਰ ਭੈਣ ਦੇ ਪਿਆਰ ਨੇ ਪਰਮ ਤਿਆਗੀ ਦੇ ਅੰਦਰ ਇੰਨਾਂ ਅਸਰ ਪਾਇਆ ਕਿ ਸਾਰਿਆਂ ਦੇ ਦਰਸ਼ਨ ਦਾ ਅਵਸਰ ਬਣ ਗਿਆ; ਆਸ ਹੋ ਗਈ ਕਿ ਸਦਾ ਲਈ ਨਹੀਂ ਚੱਲੇ, ਭਾਵੇਂ ਕਿਸੇ ਰੰਗ ਰਹਿਣ, ਕਦੇ ਨਾ ਕਦੇ ਮੁਹਾਰਾਂ ਮੋੜਨਗੇ ਤੇ ਫੇਰ ਦਰਸ਼ਨ ਦੇਣਗੇ।

-੦-

ਸੁਲਤਾਨ ਪੁਰੋਂ ਵਿਦਾ ਹੋਣ ਵੇਲੇ ਪਿਆਰ ਕਰਨ ਵਾਲਿਆਂ ਦੇ ਦਿਲਾਂ ਦੇ ਵਲਵਲੇ[੧]।

੧. ਬੇਬੇ ਜੀ ਦੇ ਪ੍ਰੇਮ ਦਾ ਕੁਛ ਨਕਸ਼ਾ ਇਸ ਗੀਤ ਵਿਚ ਹੈ :-

ਗੀਤ

(ਰਾਗ ਮਲਾਰ)

ਸੱਦ ਧੁਰੋਂ ਅਰਸ਼ਾ ਤੋਂ ਆਈ,
ਵੀਰਨ ਲੈ ਪਰਦੇਸ਼ ਸਿਧਾਈ।
ਜੀਅ ਘਬਰਾਵੇ, ਚੈਨ ਨਾ ਆਵੇ,
ਨਾਨਕ ਬਿਨ ਅੰਧਿਆਰਾ ਛਾਵੇ,
ਜਾਓ ਗੁਰੂ ਜੀ ਰਬ-ਕਾਰ ਕਮਾਵੋ,
ਕਦੇ ਝਾਤੀ ਆ ਪਾਈਂ।

੨. ਉਸੇ ਸਮੇਂ ਦੇ ਮਾਤਾ ਸੁਲੱਖਣੀ ਜੀ ਦੇ ਬਿਰਹੋਂ ਦੀ ਤਸਵੀਰ ਹੈ :-

(ਰਾਗ ਕੌਸੀਆਂ)

ਪਾਪੀ ਮਿਟ ਜਾਓ ਨੈਣ }
ਸਾਂਈਆਂ ! ਹੋ ਸਾਂਈਆਂ ! } ਅਸਥਾਈ
ਪੀਆ ਪਰਦੇਸ਼ ਸਿਧਾਇ }

ਹਾਇ ਮੈਂ ਨਿਕਾਰੀ ਪੀਆ ਰੱਬ ਦਾ ਵਪਾਰੀ,
ਉਚ ਸ਼ਾਨ, ਮੈਥੋਂ ਫੜਿਆ ਨਾ ਜਾਇ।

੩. ਤਿਸ ਸਮੇਂ ਸੰਗਤ ਦੇ ਬਿਰਹੇ ਦੀ ਇਹ ਤਸਵੀਰ ਹੈ :-

(ਰਾਗ ਜ਼ਿਲਾ ਪਹਾੜੀ ਮਿਸ਼੍ਰਤ)

ਠਹਿਰ ਜਾਈਂ ਠਹਿਰ ਜਾਈਂ ਰਬ ਦੇ ਸੁਆਰਿਆ।
੧. ਸੰਗਤ ਹੈ ਅਰਜ਼ ਕਰਦੀ
ਹੱਥ ਜੋੜੇ ਨੈਣ ਭਰਦੀ
ਠਹਿਰ ਜਾਈਂ ਠਹਿਰ ਜਾਈਂ ਰੱਬ ਦੇ ਦੁਲਾਰਿਆ।
੨. ਰੱਜ ਨਾ ਦੀਦਾਰ ਪਾਇਆ,
ਬਿਜਲੀ ਲਿਸ਼ਕਾਰ ਆਇਆ,
ਜਾਈਂਵੇ ਨੇ ਜਾਈਂ ਦਾਤਾ ! ਰੱਬ ਦੇ ਸੁਆਰਿਆ।
੩. ਵਾੜੀ ਜੁ ਆਪ ਲਾਈ,
ਅਜੇ ਹੈ ਨਿਆਣੀ ਸਾਂਈਂ !
ਮੰਗਦੀ ਹੈ ਪਾਣੀ ਹੱਥੋਂ, ਖੇਤੀ ਰਖਵਾਰਿਆ ॥
੪. ਪੌਣ ਵੇਗ ਕੌਣ ਰੋਕੈ,
ਬੱਦਲਾਂ ਨੂੰ ਕੌਣ ਠਾਕੇ ?
ਧੁਰਾਂ ਤੋਂ ਜੁ ਚਾਲ ਪਾਏ ਟਰਨ ਨਹੀਂ ਟਾਰਿਆ।
੫. ਚੱਲੇ ਜੇ ਆਪ ਸਾਂਈਂ।
ਦਾਸਾਂ ਨੂੰ ਨ ਭੁੱਲਨਾ ਈਂ,
ਕੂੰਜ ਵਾਂਙੂ ਯਾਦ ਰੱਖੀਂ ਦੇਈਂ ਆ ਦਿਦਾਰਿਆ।

੪. ਉਸ ਵੇਲੇ ਮਾਨੋਂ ਅਰਸ਼ਾਂ ਤੋਂ ਇਹ ਆਕਾਸ਼ ਬਾਣੀ ਹੋਈ-

(ਰਾਗ ਪੂਰੀਆ)

ਨਾਨਕ ! ਸਾਰੇ ਜਾ ਜਪਾਵੀਂ ਮੇਰਾ ਨਾਮ,
ਥਾਂ ਥਾਂ ਜਾਵੀਂ ਪਿਲਾਵੀਂ ਅੰਮ੍ਰਿਤ ਜਾਮ,
ਟੁੱਟੀ ਨੂੰ ਗੰਢੀਂ ਤੇ ਵਿਛੁੜੀ ਮਿਲਾਈਂ,
ਦੇਵੀਂ ਜੀਅਦਾਨ ਤੂੰ ਕਰੀਂ ਏ ਕਾਮ।

ਨਵਾਬ ਨਾਲ ਜਿਸ ਦਿਨ ਦਾ ਉਹ ਨਿਮਾਜ਼ ਵਾਲਾ ਵਾਹਰਾ ਵਰਤਿਆ ਉਸ ਦਿਨ ਦਾ ਉਹ ਮਾਮੂਲੀ ਹਾਲਤ ਤੋਂ ਬਦਲ ਗਿਆ। ਮੋਦੀਖਾਨੇ ਦਾ ਹਿਸਾਬ ਤੇ ਬਾਕੀ ਦੇ ਗ਼ੀਬਾਂ ਨੂੰ ਦੇਣ ਦਾ ਅਸਰ ਨਵਾਬ ਤੇ ਹੋਰ ਪਿਆ, ਉਹ ਕੁਛ ਸੋਚਵਾਨ ਹੋ ਗਿਆ, ਰਾਤ ਜਾਗਦੇ ਲੰਘਦੀ, ਅੱਗੇ ਦਾ ਭੈ ਆਉਂਦਾ ਤੇ ਆਪਣੇ ਮੋਦੀ ਦੀ ਰੱਬੀ ਰੰਗਤ ਦਾ ਨਕਸ਼ਾ ਅੱਖਾਂ ਅੱਗੇ ਰਹਿੰਦਾ। ਜੀ ਕਰਦਾ ਕਿ ਕੁਛ ਅਰਜ਼ ਕਰੇ,

[੧] ਏਹ ਗੀਤ ਸੰ: ਗੁ: ਨਾ: ਸਾ: ੪੫੩ ਵਿਚ ਲਿਖੇ ਗਏ ਸੇ ਅਤੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਤ ਹੋਏ ਸੇ।

ਪਰ ਮੁਸਲਮਾਨੀ ਤਅੱਸਬ ਤੋਂ ਭੈ ਖਾ ਜਾਂਦਾ। ਪਰ ਉਧਰ ਕੁਛ ਦਿਨਾਂ ਵਿਚ ਸਾਰੀ ਰੰਗਤ ਬਦਲਦੀ ਗਈ, ਹਿੰਦੂ ਮੁਸਲਮਾਨ ਗੁਰੂ ਜੀ ਅੱਗੇ ਝੁਕਦੇ ਗਏ, ਕਾਜ਼ੀ, ਮੁੱਲਾਂ, ਮੁਫ਼ਤੀ ਸਾਰੇ ਲੋਹਾ ਮੰਨਣ ਤੇ ਸਿਰ ਨਿਵਾਉਣ ਲੱਗ ਪਏ। ਨਵਾਬ ਦੇ ਦਿਲ ਨੂੰ ਜੋ ਲੱਗੀ ਸੀ ਉਹ ਬੀ ਇੰਨੀ ਮਘ ਉੱਠੀ ਕਿ ਸੰਸਾਰਕ ਭੈ ਸ਼ਰਮਾਂ ਬਾਕੀ ਨਾ ਰਹੀਆਂ ਤੇ ਉਸ ਦਾ ਦਿਲ ਚਰਨੀਂ ਪੈ ਕੇ ਸੁਖੀ ਹੋਣ ਦਾ ਪੂਰਾ ਹੌਸਲਾ ਫੜ ਆਇਆ। ਗੁਰੂ ਜੀ ਦੇ ਕੂਚ ਵੇਲੇ ਨਵਾਬ ਪੁਜ ਗਿਆ ਤੇ ਚਰਨੀਂ ਪੈ ਗਿਆ, ਬਾਬੇ ਦੇ ਕਦਮ ਚੁੰਮੇਂ ਤੇ ਬੰਦਗੀ ਦਾ ਤ੍ਰੀਕਾ ਪੁੱਛਿਆ। ਗੁਰੂ ਜੀ ਨੇ ਸਤਿਨਾਮ ਦਾ ਉਪਦੇਸ਼ ਦੇਕੇ ਉਸ ਨੂੰ ਨਿਹਾਲ ਕੀਤਾ[1]।

ਹੁਣ ਨਗਰੀ ਦੇ ਸਾਰੇ ਹਿੰਦੂ ਮੁਸਲਮਾਨ ਆ ਜੁੜੇ ਤੇ ਸਭਨਾਂ ਮੱਥਾ ਟੇਕਿਆ। 'ਤਬ ਫ਼ਕੀਰਾਂ ਆਇ ਪੈਰ ਚੁੰਮੇਂ", ਦਸਤਪੰਜਾ ਲੀਆ, ਬਾਬੇ ਦੀ ਖੁਸ਼ੀ ਹੋਈ ਫਕੀਰਾਂ ਉਪਰ[2]।

ਮਰਦਾਨਾ[3] ਗੁਰੂ ਜੀ ਨੇ ਨਾਲ ਲੀਤਾ। ਇਸ ਤਰ੍ਹਾਂ ਸਤਿਸੰਗੀਆਂ, ਪ੍ਰੇਮੀਆਂ, ਸਾਕਾਂ ਸਨਬੰਧੀਆਂ ਫਕੀਰਾਂ, ਕਾਜ਼ੀਆਂ, ਮੁਫਤੀਆਂ, ਨਵਾਬ, ਸਭ ਤੋਂ ਸਭ ਦੇ ਪਿਆਰ ਸਤਿਕਾਰ ਆਦਰ ਵਿਚ ਗੁਰੂ ਬਾਬਾ ਜੀ ਸੁਲਤਾਨ ਪੁਰੇ ਤੋਂ ਵਿਦਾ ਹੋਏ। ਅਪਣੇ ਅਰਸ਼ੀ ਬਾਬਲ ਦੀ ਨੌਕਰੀ ਕਮਾਉਣ ਟੁਰੇ :-

ਬਾਬਾ ਪੈਧਾ ਸੱਚਖੰਡਿ,
ਨਉ ਨਿਧਿ ਨਾਮੁ ਗਰੀਬੀ ਪਾਈ।
'ਬਾਬਾ ਦੇਖੈ ਧਿਆਨ ਧਰਿ,
ਜਲਤੀ ਸਭਿ ਪ੍ਰਿਥਵੀ ਦਿਸਿ ਆਈ॥
ਬਾਝਹੁ ਗੁਰੂ ਗੁਬਾਰ ਹੈ,
ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ
ਉੱਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤ ਲੁਕਾਈ।

{ਵਾ: ਭਾ: ਗੁ: ੧-੨੪}

---

[1] ਖਾਲਸਾ ਤਵਾਰੀਖ।

[2] ਪੁਰਾਤਨ ਜਨਮ ਸਾਖੀ।

[3] ਮਰਦਾਨਾ ਰਬਾਬ ਵਜਾਇਆ ਕਰਦਾ ਸੀ। ਰਬਾਬ ਇਕ ਅਰਬੀ ਸਾਜ਼ ਹੈ, ਗੁਰੂ ਜੀ ਨੇ ਰਬਾਬ ਕੁਛ ਆਪਣੀ ਤਰਜ਼ ਦਾ ਬਣਾਇਆ ਤੇ ਫਿਰੰਦੇ ਨੂੰ ਨਵਾਂ ਬਨਾਉਣ ਦੀ ਆਗਿਆ ਦਿਤੀ ਸੀ, ਇਹ ਗੁਰ ਨਾਨਕ ਕਾਢ ਦਾ ਨਵਾਂ ਰਬਾਬ 'ਮਰਦਾਨੇ' ਨੇ ਨਾਲ ਲੀਤਾ। ਬੇਬੇ ਜੀ ਨੇ ਫਿਰੰਦੇ ਨੂੰ ਇਸ ਦਾ ਮੁੱਲ ਤਾਰਿਆ ਸੀ। ਰਬਾਬੀਆਂ ਪਾਸ ਜੋ ਰਬਾਬ ਹੁਣ ਹੈ, ਇਹ ਉਹ ਨਹੀਂ। ਗੁਰੂ ਨਾਨਕ ਵਾਲੇ ਰਬਾਬ ਦਾ ਨਮੂਨਾ ਤੇ ਵਜੱਥੇ ਰਾਮ ਪੁਰ ਰਿਆਸਤ ਵਿਚ ਅਜੇ ਬੀ ਸੁਣੀਂਦੇ ਹਨ। ਇਹ ਛੇ ਤਾਰਾ ਹੁੰਦਾ ਹੈ ਤੇ ਸਰੋਦੇ ਵਾਂਙੂ ਵਜਦਾ ਹੈ। 'ਕਾਨੂਨੇ ਇਸ਼ਰਤ' ਨਾਮੇ ਕਿਤਾਬ ਵਿਚ ਇਸਦਾ ਕੁਝ ਵੇਰਵਾ ਤੇ ਪਤਾ ਦਿੱਤਾ ਹੋਇਆ ਹੈ।

# ੩. ਉਦਾਸੀ ਦੀਆਂ ਤਿਆਰੀਆਂ

# ੮. ਮਲਕ ਭਾਗੋ-ਭਾਈ ਲਾਲੋ[1]।

੧. {ਭਾਈ ਲਾਲੋ}

**ਬਿਆਸਾ** ਨਦੀ ਦਾ ਪੱਛਮੀ ਕਿਨਾਰਾ, ਇਕ ਨਿੱਕੀ ਜਿਹੀ ਟਿੱਬੀ ਤੇ ਅੰਮ੍ਰਿਤ ਵੇਲਾ 'ਰੱਬੀ ਜੋਤ' ਧਿਆਨ ਮਗਨ ਬੈਠੀ ਹੈ, ਇਕ ਪ੍ਰੇਮੀ ਸੁਰਤ ਕੀਰਤਨ ਕਰ ਰਹੀ ਹੈ। ਠੰਢਾ ਸੁਹਾਉ ਅਸਮਾਨਾਂ ਤੋਂ ਵੱਸ ਰਿਹਾ ਹੈ, ਸ਼ਾਂਤਿ ਤੇ ਇਕਾਂਤ ਵਿਚ ਕੀਰਤਨ ਦੀ ਰੌ ਸੁਆਦ ਦਰ ਸੁਆਦ ਦੀ ਲਪਟ ਦੇ ਰਹੀ ਹੈ। ਦਿਨ ਚੜ੍ਹ ਆਇਆ, ਆਪ ਨੇ ਸੁਹਣੇ ਨੈਣ ਖੁਹਲੇ, ਅਰਸ਼ਾਂ ਵੱਲ ਤੇ ਫੇਰ ਦਰਿਆ ਵੱਲ ਤੇ ਫਿਰ ਚੁਫੇਰੇ ਤੱਕੇ-

> ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ॥ ਤੂੰ ਵਸਹਿ ਮਨ ਮਾਹਿ ਸਹਜੇ ਰਸ ਰਸੈ ॥੩॥{ਸੂਹੀ ਮ.੧}

ਦੀ ਮਿੱਠੀ ਸੱਦ ਆਈ, ਫੇਰ ਉੱਠ ਖੜੇ ਹੋਏ ਤੇ ਆਖਿਆ; 'ਮਹਾਂ ਪੁਰਖ ਇਕ ਆਵੇਗਾ, ਕੀਰਤਨ ਹੋਵੇਗਾ, ਵੱਸੋਂ ਵਸੇਗੀ[2], ਇਹ ਕਹਿੰਦੇ ਅੱਗੇ ਨੂੰ ਟੁਰ ਪਏ। ਇਵੇਂ ਹੀ ਦੋ ਦਿਨ ਗੁਜ਼ਾਰ, ਰਸਤੇ ਟੁਰਦੇ, ਠਹਿਰਦੇ ਤੀਜੇ ਦਿਨ ਅੰਮ੍ਰਿਤ ਵੇਲੇ ਇਕ ਬੇਰੀਆਂ ਦੀ ਝੰਗੀ ਹੇਠ ਇਕ ਸੁਹਾਵੇ ਛੰਭ ਦੇ ਕਿਨਾਰੇ ਜਾ ਜੋਤਿ ਜਗਾਈ। ਕੀਰਤਨ ਹੋਇਆ, ਸੁਆਦ ਆਇਆ, ਫਿਰ ਸੁਹਣੇ ਹੋਠ ਖੁੱਲ੍ਹੇ ਤੇ ਵਾਕ ਹੋਇਆ:-

> ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰ ॥ ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ॥੮॥{ਗੂਜਰੀ ਅ: ਮ:੧}

ਇਥੇ ਜੋਤਾਂ ਜਗਾ ਕੇ, ਰੰਗ ਲਾ ਕੇ ਇਥੋਂ ਬੀ ਇਕ ਦਿਨ ਉੱਠੇ ਤੇ ਟੁਰ ਪਏ; ਬਚਨ ਕੀਤਾ: 'ਮਹਾਂ ਪੁਰਖ ਆਉਣਗੇ[3]'। ਫੇਰ ਦੋ ਚਾਰ ਦਿਨ ਹੋਰ ਸਫਰ ਕੀਤਾ, ਰਸਤੇ ਵਿਚ ਖਾਲੜੇ ਪਿੰਡ ਤੇ ਲਾਹੌਰ ਵਿਚ ਚੁਹੱਟੇ ਪਿੱਪਲ ਹੇਠ ਠਹਿਰਦੇ ਅੱਪੜੇ ਐਮਨਾ-ਬਾਦ, ਜਿਸ ਦਾ ਨਾਉਂ ਤਦੋਂ ਸੈਦਪੁਰ ਸੰਡਯਾਲੀ ਸੀ। ਇਕ ਤ੍ਰਖਾਣ ਦੇ ਘਰ ਜਾ 'ਧੰਨ ਨਿਰੰਕਾਰ' ਦੀ ਅਲਖ ਜਗਾਈ। ਇਹ ਤ੍ਰਖਾਣਾਂ ਕੰਮ ਕਰਦਾ ਸੀ, ਸਿੱਧੀ ਪੱਧਰੀ ਜਿਹੀ ਸੁਰਤ ਸੀ, ਬਾਹਰੋਂ ਖਹੁਰਾ ਦਿੱਸਦਾ ਸੀ। ਵਾਜ ਸੁਣਕੇ ਬਾਹਰ ਆਇਆ, ਤੱਕਿਆ, ਨੈਣ ਨੀਵੇਂ ਪਾ ਲਏ, ਫੇਰ ਤੱਕਿਆ ਤੇ ਫੇਰ ਚਰਨਾਂ ਤੇ ਢਹਿ ਪਿਆ। ਆਪ ਬੋਲੇ-'ਲੈ ਭਾਈ ਲਾਲੋ! ਆ ਗਏ ਹਾਂ ਤੇ ਟੁਰ ਪਏ ਹਾਂ ਦੇਸ਼ੋਂ ਬਦੇਸ਼ਾਂ ਦੀ ਧਾਰਕੇ'। ਲਾਲੋ ਦੇ ਨੈਣ ਭਰ ਆਏ, ਸੀਸ ਝੁਕ ਗਿਆ, ਫੇਰ ਲੈ ਗਿਆ ਕੋਠੇ ਦੇ ਅੰਦਰ। ਨਾਲ ਦਾ ਸਾਥੀ ਹਰਿਆਨ ਪਿਆ ਹੋਵੇ, ਜੀ ਵਿਚ ਆਖੇ:-ਕਿੰਨੇ ਮੋਦੀਖਾਨੇ ਦੇ ਨੌਕਰ ਅੱਗੇ ਹੱਥ ਜੋੜ ਖੜੋਂਦੇ ਸਨ, ਨਵਾਬ ਮਿਹਰਾਂ ਕਰਦਾ ਸੀ, ਘਰ ਦਾ ਸੁਖ ਸੀ, ਦੈਵੀ ਭੈਣ ਸੀ, ਪਤੀਬ੍ਰਤਾ ਇਸਤ੍ਰੀ ਸੇਵਾ ਕਰਦੀ ਸੀ, ਸੋ ਸਭ ਛੱਡਿਆ। ਰਸਤੇ ਵਿਚ ਜਿੱਥੇ ਠਹਿਰੇ ਹੱਥੀਂ ਛਾਵਾਂ ਹੋਈਆਂ, ਅਜ ਕਿੱਥੇ ਆ ਗਏ ਹਨ ਕਿੱਲੇ ਘੜਨ ਵਾਲੇ ਦੇ ਘਰ। ਨਾ ਮੰਜਾ ਨਾ ਪੀਹੜੀ, ਨਾ ਖੇਸ ਨਾ ਦਰੀ।

ਇੰਨੇ ਨੂੰ ਲਾਲੋ ਨੇ ਬਾਹਰੋਂ ਜਾ ਕੇ ਇਕ ਪਲੰਘੀਰੀ ਜਿਹੀ ਆਂਦੀ ਤੇ ਸ੍ਰੀ ਗੁਰੂ ਜੀ ਨੂੰ ਉਸ ਪਰ ਬਿਠਾਇਆ, ਕਿੰਨਾਂ ਚਿਰ ਦੁਵੱਲੀ ਕੋਈ ਗੱਲ ਬਾਤ ਨਹੀਂ ਹੋਈ। ਫਿਰ ਲਾਲੋ ਨੇ ਬਾਹਰ ਕਿੱਕਲ-ਵੰਜੇ ਚੌਂਕੇ ਵਿਚ ਰਸੋਈ ਕੀਤੀ। ਇਧਰ ਮਰਦਾਨੇ ਨੇ ਪੁੱਛਿਆ, 'ਹੇ ਦਾਤਾ ਜੀ! ਇਹ ਕੌਣ ਪੁਰਖ ਹੈ, ਜਿਸ ਦੇ ਘਰ ਆਪ ਚੱਲਕੇ ਆਏ ਹੋ? ਘਰ ਛੱਡ ਸ਼ਹਿਰਾਂ ਤੋਂ ਪਰੇ ਪਰੇ ਰਹਿੰਦੇ ਕਿੱਥੇ ਆਪ ਆ ਚਰਨ ਪਾਏ ਨੇ? ਆਪ ਹੱਸ ਕੇ ਬੋਲੇ, 'ਅਸੀਂ, ਭਗਤੀ ਦੇ ਘਰ ਆਏ ਹਾਂ, ਮਰਦਾਨਿਆਂ! ਧਰਮ ਕਿਰਤ ਦੇ ਘਰ ਆਏ ਹਾਂ, ਜਿੱਥੇ ਕਿਰਤ ਹੈ ਧਰਮ ਦੀ, ਪਰ

---

[1] ਇਹ ਪ੍ਰਸੰਗ ਨਵੰਬਰ ੧੯੨੪ ਸੰ ਗੁ: ਨਾ: ਸਾਹਿਬ ੪੫੬ ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਰਾਹੀਂ ਸੰਗਤਾਂ ਵਿਚ ਪ੍ਰਚਾਰਿਆ ਗਿਆ ਸੀ।

[2] ਏਥੇ ਤੀਜੇ ਸਤਿਗੁਰ ਜੀ ਆਏ ਤੇ ਗੋਇੰਦਵਾਲ ਵਸਾਇਆ।

[3] ਏਸ ਥਾਂਵੇ ਅੰਮ੍ਰਿਤ ਸਰੋਵਰ ਅਤੇ ਅੰਮ੍ਰਿਤਸਰ ਸ਼ਹਿਰ ਤੀਸਰੇ, ਚੌਥੇ, ਪੰਜਵੇਂ ਸਤਿਗੁਰਾਂ ਸਾਜਿਆ।

ਨਾਲ ਹੀ ਮਨ ਚਾਨਣੇ ਵਿਚ ਹੈ, ਸੋਝੀ ਵਿਚ ਹੈ। ਇੰਨੇ ਨੂੰ ਭੋਜਨ ਤਿਆਰ ਹੋ ਗਿਆ। ਲਾਲੋ ਨੇ ਆਕੇ ਕਿਹਾ: 'ਚੌਂਕੇ ਵਿਚ ਚਲੋ ਤੇ ਭੋਜਨ ਪਾਓ'। ਸ੍ਰੀ ਗੁਰੂ ਜੀ ਨੇ ਆਖਿਆ, 'ਲਾਲੋ! ਸਾਰੀ ਧਰਤੀ ਚੌਂਕਾ ਹੈ ਤੇ ਸੱਚ ਵਿਚ ਰੱਤਿਆਂ ਸਾਰੀ ਸੁੱਚ ਹੋ ਜਾਂਦੀ ਹੈ, ਤੂੰ ਭੋਜਨ ਇੱਥੇ ਹੀ ਲੈ ਆ'। ਜਾਂ ਲਾਲੋ ਕੋਧਰੇ ਦੀ ਰੋਟੀ ਤੇ ਸਾਗ ਲੈ ਆਇਆ ਤਾਂ ਮਰਦਾਨਾ ਜੀ ਵਿਚ ਆਖੇ, ਕਿੱਥੇ ਆ ਗਏ, ਇਹ ਸੁੱਕੀ ਰੋਟੀ ਤੇ ਮੇਰਾ ਸੰਘ ! ਪਰ ਚੰਗਾ, ਜੋ ਗੁਰੂ ਜੀ ਨੂੰ ਭਾਵੇ ਸੋ ਪਰਵਾਨ। ਖਾਹ ਮਨਾ, ਖਾਹ ਤੇ ਖੁਸ਼ ਹੋਕੇ ਖਾਹ! ਇਹ ਵਿਚਾਰਕੇ ਰੋਟੀ ਖਾਧੀਓਸੁ ਤਾ ਅੰਮ੍ਰਿਤ ਦਾ ਸੁਆਦ ਆਇਆ। ਜਦ ਸਤਿਗੁਰਾਂ ਨੇ ਬੀ ਪ੍ਰਸ਼ਾਦ ਛਕ ਲਿਆ ਤਾਂ ਲਾਲੋ ਨੇ ਚਰਨਾਂ ਤੇ ਮੱਥਾ ਟੇਕਿਆ। ਸਤਿਗੁਰ ਨੇ ਮਿਹਰ ਕੀਤੀ ਕਿ ਲਾਲੋ ਦੀ ਭਗਤੀ ਤੇ ਸਾਧਨਾ ਵਾਲੀ ਬ੍ਰਿਤੀ ਅਡੋਲ ਆਤਮ ਰਸ ਵਿਚ ਭਿੱਜ ਗਈ।

ਦੋ ਤ੍ਰੈ ਦਿਨ ਇਸੇ ਘਰ ਵਿਚ ਰਹਿਕੇ ਫ਼ੇਰ ਟੁਰਨ ਲੱਗੇ ਪਰ ਲਾਲੋ ਨੇ ਨੈਣ ਭਰਕੇ ਬੇਨਤੀ ਕੀਤੀ ਕਿ ਕੁਛ ਦਿਨ ਹੋਰ ਠਹਿਰੋ, ਜੋ ਮਿਹਰ ਕੀਤੀ ਨੇ ਇਸਨੂੰ ਹੋਰ ਵਧਾਉ ਤੇ ਹੋਰ ਤੁਠੋ। ਉਸ ਦੀ ਪ੍ਰੇਮ ਭਾਵਨਾ ਪਰ ਪ੍ਰਸੰਨ ਹੋਕੇ ਆਪ ਹੋਰ ਸਮਾਂ ਉਥੇ ਠਹਿਰ ਪਏ। ਰਾਤ ਲਾਲੋ ਦੇ ਕੋਠੇ ਆ ਜਾਣਾ ਤੇ ਸਵੇਰੇ ਬਾਹਰ ਚਲੇ ਜਾਣਾ ਤੇ ਸਾਰਾ ਦਿਨ ਰੋੜਾਂ ਯਾ ਰੇਤੇ ਦੇ ਥੜ੍ਹਿਆਂ ਤੇ[1] ਕਿਸੇ ਰੰਗ ਵਿਚ ਮਗਨ ਬੈਠ ਰਹਿਣਾਂ। ਥੋੜੇ ਦਿਨਾਂ ਮਗਰੋਂ ਮਰਦਾਨਾ ਤਾਂ ਘਰਦਿਆਂ ਦੀ ਖ਼ਬਰ ਸੁਰਤ ਲੈਣ ਤਲਵੰਡੀ ਨੂੰ ਚਲਾ ਗਿਆ, ਪਰ ਸ੍ਰੀ ਗੁਰੂ ਜੀ ਉੱਥੇ ਹੀ ਰਹੇ। ਇੰਨੇ ਚਿਰ ਤਕ ਨਗਰ ਵਿਚ ਇਹ ਗਲ ਪ੍ਰਸਿਧ ਹੋ ਗਈ ਕਿ ਤਲਵੰਡੀ ਦਾ ਵੇਦੀ ਕੁਲ ਦਾ ਇਕ ਖੱਤ੍ਰੀ ਸ਼ੂਦਰ ਦੇ ਘਰ ਰਹਿੰਦਾ ਹੈ, ਅਰ ਉਸਦੇ ਹੱਥ ਦੀ ਰੋਟੀ ਖਾਂਦਾ ਹੈ ਤੇ ਇਕ ਮਿਰਾਸੀ ਬੀ ਨਾਲ ਹੀ ਰਹਿੰਦਾ ਹੈ। ਮਰਦਾਨਾ ਕਦੀ ਕਿਸੇ ਕੰਮ ਸ਼ਹਿਰ ਜਾਵੇ ਤਾਂ ਲੋਕੀ ਉਸਨੂੰ 'ਕੁਰਾਹੀਏ ਦਾ ਡੂਮ ਯਾ ਮਿਰਾਸੀ' ਆਖਿਆ ਕਰਨ। ਇਹ ਖੁਣਸ ਹੋਰ ਬੀ ਵਧੀ, ਜਦੋਂ ਕਿ ਦੋ ਚਾਰ ਬ੍ਰਾਹਮਣ ਗੁਰੂ ਜੀ ਨੂੰ ਸਮਝਾਉਣ ਗਏ ਤਾਂ ਉਨ੍ਹਾਂ ਨਾਲ ਵਾਕ ਕਰਕੇ ਨਿਰੁੱਤਰ ਹੋਕੇ ਮੁੜੇ। ਪਰੰਤੂ ਕਈ ਹਿੰਦੂ ਮੁਸਲਮਾਨ ਕੀਰਤਨ ਤੇ ਬਚਨ ਸੁਣਕੇ ਸ਼ਰਧਾਵਾਨ ਬੀ ਹੋ ਗਏ। ਇਥੇ ਗੁਰੂ ਜੀ 'ਨਾਨਕ ਤਪਾ' ਕਰਕੇ ਪ੍ਰਸਿਧ ਹੋਏ। ਮੁਸਲਮਾਨ ਕਈ ਨਾਨਕ ਸ਼ਾਹ ਕਰਕੇ ਗਲ ਕੱਥ ਕਰਦੇ ਸੇ। ਇਉਂ ਦੂਰ ਨੇੜੇ ਦੇ ਗਿਰਾਵਾਂ ਦੇ ਲੋਕਾਂ ਦਾ ਆਉਣਾ, ਸਤਿਸੰਗ ਕਰਨਾ ਤੇ ਸਿਖਯਾ ਲੈਕੇ ਜੀਵਨ ਸੁਧਾਰਨਾ ਸ਼ੁਰੂ ਹੋ ਗਿਆ। ਬ੍ਰਾਹਮਣਾਂ ਮੁਲਾਣਿਆਂ ਨੂੰ ਹੁਣ ਖੁਣਸ ਉਠ ਖਲੋਤੀ ਕਿ ਇਹ ਤਾਂ ਇੱਥੇ ਹੀ ਡੇਰਾ ਲਾ ਬੈਠਾ ਹੈ ਤੇ ਲੋਕੀ ਸ਼ਰਧਾਵਾਨ ਹੁੰਦੇ ਜਾਂਦੇ ਹਨ, ਸਾਡੀ ਵਲੋਂ ਲੋਕੀ ਕਿਤੇ ਉਪ੍ਰਾਮ ਨਾ ਹੋ ਜਾਣ। ਸੋ ਉਨ੍ਹਾਂ ਨੇ ਉਸ ਥਾਂ ਦੇ ਨਵਾਬ ਤੇ ਉਸਦੇ ਕਾਰਦਾਰ ਮਲਕ ਭਾਗੋ ਖੱਤ੍ਰੀ ਨੂੰ ਚੁਗਲੀਆਂ ਨਾਲ ਚਾਉਣਾ ਅਰੰਭ ਦਿੱਤਾ। ਦੋ ਚਾਰ ਵੇਰੀ ਸਤਿਗੁਰ ਜੀ ਨੂੰ ਉਠਾਉਣ ਲਈ ਚੋਰੀ ਛੱਪੀ ਆਦਮੀ ਬੀ ਘੱਲੇ, ਪਰ ਉਨ੍ਹਾਂ ਦੀ ਦਿੱਬਯ ਮੂਰਤੀ ਤੇ ਪ੍ਰਭਾਵ ਭਰੇ ਸਰੂਪ ਦੇ ਅੱਗੇ ਕਿਸੇ ਦਾ ਹੀਆ ਨਾ ਪਿਆ ਬੇਅਦਬੀ ਦੇ ਵਾਕ ਤਕ ਬੀ ਉਚਾਰਨ ਦਾ। ਅੰਤ ਮਲਕ ਭਾਗੋ ਦੇ ਘਰ ਕੋਈ ਸਮਾਗਮ ਦਾ ਦਿਨ ਆ ਗਿਆ ਤੇ ਉਸਨੇ ਸਾਰੇ ਸਾਧੂਆਂ ਬ੍ਰਾਹਮਣਾ ਦਾ ਬ੍ਰਹਮ ਭੋਜ ਕੀਤਾ ਤੇ ਗੁਰੂ ਜੀ ਨੂੰ ਬੀ ਨਿਉਤਾ ਘੱਲਿਆ, ਪਰ ਇਸ ਬ੍ਰਹਮ ਭੋਜ ਤੇ ਗੁਰੂ ਜੀ ਨਾ ਗਏ। ਬ੍ਰਾਹਮਣਾਂ ਨੂੰ ਮੌਕਿਆ ਹੱਥ ਲਗਾ, ਲੱਗੇ ਮਲਕ ਨੂੰ ਚੁੱਕਣ ਚਾਉਣ ਕਿ ਦੇਖੋ ਨਾਨਕ ਤਪਾ ਕੇਡਾ ਹੰਕਾਰੀ ਹੈ, ਤੁਹਾਡੇ ਬ੍ਰਹਮ ਭੋਜ ਤੇ ਨਿਉਤੇ ਜਾਣੇ ਤੇ ਬੀ ਨਹੀਂ ਆਇਆ। ਸ਼ੂਦਰ ਦੇ ਘਰ ਖਾਂਦਾ ਹੈ ਤੇ ਖੱਤਰੀ ਬ੍ਰਾਹਮਣਾਂ ਦਾ ਨਿਉਤਾ ਨਹੀਂ ਮੰਨਦਾ। ਕੇਡਾ ਹੰਕਾਰੀ ਹੈ ਤੇ ਕੁਰੀਤੀ ਦਾ ਪ੍ਰਚਾਰ ਕਰ ਰਿਹਾ ਹੈ। ਭਾਗੋ ਨੇ ਜਦ ਤਸੱਲੀ ਕਰ ਲਈ ਕਿ ਨੇਉਤਾ ਗਿਆ ਸੀ ਤੇ ਨਹੀਂ ਆਇਆ ਤਾਂ ਭਰੇ ਪੀਤੇ ਨੇ ਗੁਰੂ ਜੀ ਨੂੰ ਸਦਵਾ ਘੱਲਿਆ, ਹੁਣ ਵੀ ਇਕ ਬ੍ਰਾਹਮਣ ਹੀ ਸੱਦਣ ਵਾਸਤੇ ਗਿਆ, ਪਰ

[1] ਏਥੇ ਹੁਣ ਤਾਈਂ ਗੁਰਦਵਾਰਾ ਤੇ ਤਲਾਉ ਹੈ, ਨਾਉਂ ਰੋੜੀ ਸਾਹਿਬ ਹੈ, ਅਤੇ ਭਾਈ ਲਾਲੋ ਦਾ ਕੋਠਾ ਬੀ ਅਜੇ ਤਕ ਹੈ ਤੇ ਭਾਈ ਲਾਲੋ ਦੀ ਖੂਹੀ ਬੀ ਹੈ। ਖੱਤ੍ਰੀ ਦੀਵਾਨਾਂ ਦੇ ਮਕਾਨਾਂ ਦੇ ਪਾਸ ਵਾਰ ਹੈ। ਪਹਿਲੇ ਉਨ੍ਹਾਂ ਦੇ ਕਬਜ਼ੇ ਵਿਚ ਸੀ, ਹੁਣ ਅਕਾਲੀਆਂ ਦਾ ਪ੍ਰਬੰਧ ਹੋ ਗਿਆ ਹੈ।

ਸ੍ਰੀ ਗੁਰੂ ਜੀ ਨੇ ਉਸਦਾ ਸੰਦੇਸ਼ ਸੁਣਕੇ ਕਿਹਾ ਅਸੀਂ ਫ਼ਕੀਰ ਲੋਕ ਹਾਂ ਸਾਡਾ ਪਾਤਸ਼ਾਹਾਂ ਨਾਲ ਕੀ ਕੰਮ ?

ਇਹ ਸੁਣਕੇ ਬ੍ਰਾਹਮਣ ਨੇ ਹੋਰ ਜਾ ਮਲਕ ਨੂੰ ਸੀਖਿਆ ਕਿ ਦੇਖੋ ਹੁਣ ਬੀ ਆਕੜ ਵਿਚ ਹੈ, ਤੁਹਾਡੇ ਸੱਦੇ ਤੇ ਬੀ ਨਹੀਂ ਆਇਆ, ਮੈਂ ਬਥੇਰਾ ਸਮਝਾਇਆ, ਅੱਗੋਂ ਕਹਿੰਦਾ ਹੈ ਕਿ ਸਾਨੂੰ ਮਲਕ ਨਾਲ ਕੋਈ ਕੰਮ ਨਹੀਂ ਹੈ। ਇਧਰ ਸਤਿਗੁਰ ਜੀ ਇਹ ਕਹਿਕੇ ਬਾਹਰ ਉਦਿਆਨ ਨੂੰ ਚਲੇ ਗਏ ਸਨ। ਪਿੱਛੇ ਭਾਈ ਲਾਲੋ ਦੇ ਘਰ ਥੋੜੇ ਜਿਹੇ ਪਿਆਰ ਵਾਲੇ ਸਜਣਾਂ ਦਾ ਕੱਠ ਹੋਇਆ ਕਿ ਇਹ ਗੱਲ ਭਲੀ ਨਾ ਹੋਈ ਜੋ ਸਤਿਗੁਰ ਜੀ ਨਾਲ ਹਾਕਮਾਂ ਦੀ ਛਿੜ ਪਈ। ਇਹ ਲੋਕ ਅੰਨ੍ਹੇ ਹੁੰਦੇ ਹਨ, ਰੱਬੀ ਰੰਗ ਦੀ ਸੋਝੀ ਤੋ ਕੋਰੇ, ਰਾਜਮਦ ਵਿਚ ਮਸਤ ਇਹ ਅਕਾਰਣ ਜ਼ੁਲਮ ਕਰ ਦੇਂਦੇ ਹਨ। ਕਿਤੇ ਮਲਕ ਇਸ ਨੂਰ ਇਲਾਹੀ ਤੇ ਰਬੀ ਜੋਤ ਨੂੰ ਕੋਈ ਤਸੀਹਾ ਨਾ ਦੇ ਦੇਵੇ। ਇਨ੍ਹਾਂ ਸੋਚਾਂ ਵਿਚ ਨਿੱਕੇ ਨਿੱਕੇ ਨਵੇਂ ਜਾਗੇ ਦਿਲਾਂ ਵਿਚੋਂ ਪਿਆਰ ਦੀ ਡੂੰਘੀ ਝਰਨਾਟ ਛਿੜੀ। ਕਈ ਇਕ ਉਪਾਉ ਸੋਚੇ, ਪਰ ਨੇਪਰੇ ਨਾ ਚੜਦੇ ਦਿੱਸੇ। ਸੰਝਾਂ ਨੂੰ ਜਦ ਗੁਰੂ ਜੀ ਘਰ ਆਏ ਤੇ ਗਲ ਬਾਤ ਸੁਣੀ ਤਾਂ ਬੋਲੇ 'ਕੋਈ ਫਿਕਰ ਨਾ ਕਰੋ, ਉਹ ਨਿਰੰਕਾਰ ਜਿਸ ਦੇ ਅਸੀਂ ਹਾਂ, ਆਪੇ ਸਭ ਕੁਛ ਕਰੇਗਾ; ਨਾਮ ਜਪੋ, ਨਿਰਭਉ ਦੇ ਰੰਗ ਵਿਚ ਰੱਤੇ ਰਹੋ'। ਇਸ ਤਰ੍ਹਾਂ ਦੇ ਵਾਕ ਆਪ ਆਖਦੇ ਸਨ ਤੇ ਨੂਰਾਨੀ ਚਿਹਰਾ ਦਮਕਦਾ ਸੀ, ਉਧਰ ਨਿਰਾਸ ਦਿਲਾਂ ਵਿਚ ਭਰੋਸਾ ਬੱਝਦਾ ਸੀ।

### ੨. {ਮਲਕ ਭਾਗੋ}

**ਅਗਲੇ** ਦਿਨ ਮਲਕ ਭਾਗੋ ਦੇ ਘੱਲੇ ਹੋਏ ਪੰਜ ਸਰਕਾਰੀ ਆਦਮੀ ਆਏ ਕਿ ਕਾਰਦਾਰ ਸਾਹਿਬ ਨੇ ਹੁਕਮ ਦਿੱਤਾ ਹੈ ਕਿ ਆਪ ਉਨ੍ਹਾਂ ਪਾਸ ਕਚਹਿਰੀ ਹਾਜ਼ਰ ਹੋਵੋ; ਤੇ ਜੇ ਨਾਂਹ ਕਰੋ ਤਾਂ ਅਸੀਂ ਮੱਲੋਮੱਲੀ ਲੈ ਚੱਲਣ ਲਈ ਆਖੇ ਗਏ ਹਾਂ, ਸ੍ਰੀ ਗੁਰੂ ਜੀ ਸੁਣਕੇ ਮੁਸਕ੍ਰਾਏ ਤੇ ਕਹਿਣ ਲਗੇ: 'ਚੰਗਾ ਭਾਈ ਅਸੀਂ ਚਲਦੇ ਹਾਂ, ਜੇ ਸਾਂਈਂ ਨੇ ਐਉਂ ਹੀ ਆਪਣਾ ਕੰਮ ਸਾਰਨਾ ਹੈ ਤਾਂ ਐਉਂ ਹੀ ਸਹੀ।' ਇਹ ਕਹਿਕੇ ਸਹਿਜੇ ਸਹਿਜੇ ਟੁਰ ਪਏ। ਪਰੇਮ ਡੋਰ ਦਾ ਬੱਧਾ ਲਾਲੋ ਪਿੱਛੇ ਪਿੱਛੇ ਟੁਰੀ ਗਿਆ, ਹੋਰ ਬੀ ਦੋ ਚਾਰ ਪਿਆਰ ਵਾਲੇ ਸਜਣਾਂ ਨੂੰ ਪਤਾ ਲੱਗਾ ਤਾਂ ਓਹ ਬੀ ਕਚਹਿਰੀ ਪਹੁੰਚ ਗਏ, ਕੁਛ ਤਮਾਸ਼ਬੀਨ ਬੀ ਜਾ ਅੱਪੜੇ।

ਅੱਗੇ ਸਭਾ ਲਗੀ ਹੋਈ ਸੀ, ਮਲਕ ਭਾਗੋ ਬੈਠਾ ਸੀ, ਸ੍ਰੀ ਗੁਰੂ ਜੀ ਨੂੰ ਅੰਦਰ ਲੈ ਗਏ। ਸਤਿਗੁਰ ਜੀ ਜਿਵੇਂ ਗਏ ਸੇ ਚੁਪ ਖੜੇ ਹੋ ਰਹੇ। ਮਲਕ ਨੇ ਤੱਕਕੇ ਦਿਲ ਵਿਚ ਇਕ ਪਤਲਾ ਜਿਹਾ ਕਾਂਬਾ ਖਾਧਾ, ਕੁਛ ਕਹਿਣ ਲੱਗਾ ਤਾਂ ਜੀਭ ਰੁਕ ਗਈ। ਤਦ ਸ੍ਰੀ ਗੁਰੂ ਜੀ ਬੋਲੇ, 'ਹੇ ਮਲਕ ! ਕਿਸ ਕਾਜ ਸਦਵਾਇਆ ਹੈ ? ਫਕੀਰਾਂ ਨਾਲ ਕੀਹ ਕੰਮ ਹੈ ?' ਮਲਕ ਨੇ ਥਿਥਲਾਕੇ ਕਿਹਾ : 'ਆਪ ਨੂੰ ਸਾਧੂ ਜਾਣਕੇ ਬ੍ਰਹਮ ਭੋਜ ਤੇ ਬੁਲਾਇਆ ਸੀ, ਬ੍ਰਹਮ ਭੋਜ ਵਿਚ ਕੀ ਦੋਸ਼ ਸੀ ਕਿ ਨਹੀਂ ਆਏ ਹੋ ?'

ਗੁਰੂ ਜੀ-ਅਸੀਂ ਫ਼ਕੀਰ ਹਾਂ, ਸਾਂਈਂ ਜਿੱਥੇ ਜੇਹੀ ਦੇਂਦਾ ਹੈ ਖਾ ਲੈਂਦੇ ਹਾਂ।

ਮਲਕ-ਫੇਰ ਮੇਰੇ ਘਰ ਖਾਣ ਦਾ ਕੀਹ ਦੋਸ਼ ਸੀ?

ਗੁਰੂ ਜੀ-ਤੇਰੇ ਘਰ ਅਨੇਕਾਂ ਖਾ ਗਏ ਇਕ ਨਾ ਖਾ ਗਿਆ ਤਾ ਕੀਹ ?

ਮਲਕ-ਜਦ ਸਭ ਬ੍ਰਾਹਮਣ, ਖੱਤ੍ਰੀ, ਸਾਧੂ ਮਹਾਤਮਾ ਖਾਣ ਤੇ ਇਕ ਸਾਧੂ ਆਕੜੇ ਤੇ ਕਹੇ 'ਮੈਂ ਨਹੀਂ ਖਾਂਦਾ, ਇਹ ਹੱਤਕ ਕਰਨੀ ਹੈ।

ਗੁਰੂ ਜੀ-ਫਕੀਰ ਕਿਸੇ ਦੇ ਅਪਮਾਨ ਵਿਚ ਨਹੀਂ ਹੁੰਦਾ। ... ਦਾਨੀ ਦਾਨ ਕਰਦਾ ਹੈ ਕਰੇ, ਲੈਣ ਵਾਲਾ ਲਵੇ, ਨਾ ਲੈਣ ਵਾਲਾ ਦੰਡ ਯੋਗ ਕਿਉਂ ?

ਮਲਕ ਚੁਪ ਹੋ ਗਿਆ, ਫਿਰ ਰਿਸਿਆ ਤੇ ਕਹਿਣ ਲੱਗਾ: ਤੂੰ ਖੱਤ੍ਰੀ ਹੋਕੇ, ਵੇਦੀ ਹੋਕੇ, ਸ਼ੂਦਰਾਂ ਦੇ ਘਰ ਖਾਵੇਂ, ਡੂਮਾਂ ਮਿਰਾਸੀਆਂ ਨੂੰ ਪਾਸ ਬਹਾਵੇਂ, ਉੱਚ ਜਾਤੀ ਨਿਰਧਨਾਂ ਦੀ ਸ਼ੂਦਰਾਂ ਨਾਲ ਇਕ ਪੰਗਤ ਲੁਆਕੇ ਖੁਆਵੇਂ ਤੇ ਧਰਮ ਦੀ ਰਹੁ ਰੀਤਿ ਤੋੜੇਂ ਤੇ ਉੱਚ ਜਾਤੀ ਖਤ੍ਰੀਆਂ ਦੇ ਘਰ ਨਿਉਤਿਆਂ ਬੀ ਨਾ ਆਵੇਂ ਇਹ ਕੀਹ ਫ਼ਕੀਰੀ ਹੈ ? ਤਦ ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਕਹਿਣ ਲਗੇ : 'ਚੰਗਾ ! ਫੇਰ ਮਲਕ ਜੀ ! ਇਕ ਪੂੜਾ ਆਪਣੇ ਬ੍ਰਹਮ ਭੋਜ ਦਾ ਮੰਗਵਾਓ'। ਓਧਰ ਇਕ ਆਦਮੀ ਪੂੜਾ ਲੈਣ ਗਿਆ, ਇਧਰ ਲਾਲੋ ਨੂੰ ਕਿਹਾ:-ਤੂੰ ਬੀ ਆਪਣਾ ਸੁੱਕਾ ਟੁੱਕਰ ਕੋਧਰੇ ਦਾ ਲੈ ਆਉ !' ਜਾਂ ਦੋਵੇਂ ਆ ਗਏ ਤਾਂ ਗੁਰੂ ਜੀ ਨੇ ਇਕ ਹੱਥ ਪੂੜਾ ਲੀਤਾ ਤੇ ਇਕ ਹੱਥ ਕੋਧਰੇ ਦਾ ਟੁੱਕਰ। ਬਾਹਾਂ ਲੰਮੀਆਂ ਕਰਕੇ ਦੋਹਾਂ ਨੂੰ ਘੁੱਟਿਆ ਤਾਂ ਪੂੜੇ ਵਿਚੋਂ ਲਹੂ ਦੇ ਟੇਪੇ

ਡਿਗਣੇ ਸ਼ੁਰੂ ਹੋਏ ਤੇ ਕੋਧਰੇ ਵਿਚੋਂ ਦੁੱਧ ਦੇ। ਗੁਰੂ ਜੀ ਚੁੱਪ ਤੇ ਅਹਿੱਲ ਇਸੇ ਤਰ੍ਹਾਂ ਖੜੇ ਰਹੇ ਤੇ ਲਾਲੋ ਤੇ ਸਾਰੇ ਲੋਕ ਤੱਕਦੇ ਰਹੇ। ਭਾਗੋ ਅਚੰਭਾ ਰਹਿ ਗਿਆ, ਸ਼ਰਮ ਆਈ, ਗੁੱਸਾ ਆਇਆ, ਖਿਝ ਚੜ੍ਹੀ ਪਰ ਫੇਰ ਚਿਹਰਾ ਫਿੱਕਾ ਪੈ ਗਿਆ।

ਗੁਰੂ ਜੀ-ਕਿੱਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ ਪਰ ਜਦ ਬੀਜ ਦਿਓ ਬੂਟਾ ਉੱਗ ਪਵੇ ਤਾਂ ਕੰਡੇ ਸੂਲਾਂ ਆਪੇ ਨਿਕਲ ਪੈਂਦੇ ਹਨ। ਅਧਰਮ ਦਾ ਕੱਠਾ ਕੀਤਾ ਪੈਸਾ ਤੇ ਉਸ ਤੋਂ ਬਣੇ ਪਦਾਰਥ ਕਿਵੇਂ ਬੀ ਦੁਖਦਾਈ ਨਹੀਂ ਭਾਸਦੇ, ਪਰ ਜਦ ਨਿਰਮਲ ਹਿਰਦਿਆਂ ਵਾਲੇ ਖਾਂਦੇ ਹਨ ਤਾਂ ਪੀੜਤ ਹੁੰਦੇ ਹਨ, ਅਧਰਮ ਦੇ ਕੰਡੇ ਚੁਭਦੇ ਹਨ। ਕਿਸਦਾ ਜੀ ਕਰਦਾ ਹੈ ਕਿ ਮਾਲ੍ਹ ਪੂੜੇ ਤੇ ਖੀਰ ਨਾ ਖਾਵੇ ਤੇ ਕੋਧਰਾ ਖਾਵੇ ? ਪਰ ਕਿਸਦਾ, ਜਿਸ ਨੂੰ ਖਬਰ ਹੈ, ਜੀ ਕਰਦਾ ਹੈ ਕਿ ਖੰਡ ਵਿਚ ਲਪੇਟਿਆ ਮਹੁਰਾ ਖਾਵੇ? ਐਸ੍ਵਰਜ, ਪਰਤਾਪ, ਹੁਕਮ,ਪਦਾਰਥ, ਧਨ ਧਾਮ ਜੇ ਧਰਮ ਦੀ ਕਮਾਈ ਨਹੀਂ ਤਾਂ ਕਿਸ ਕੰਮ? ਗ਼ਰੀਬੀ, ਕੰਗਾਲਤਾਈ, ਮੰਦਲ ਦੀ ਹੈ ਕਿ ਕੋਧਰੇ ਦੀ ਪਰ ਜੇਹੀ ਹੈ ਹੱਕ ਹਲਾਲ ਦੀ ਹੈ ਤਾਂ ਮਨ ਸ਼ਾਂਤ ਤੇ ਅਚਿੰਤ ਹੈ। ਇਹੀ ਮਨ ਜੇ ਸ਼ੁਕਰ ਵਿਚ ਹੈ ਤਾਂ ਜਾਗਿਆ ਮਨ ਹੈ ਹਾਂ, ਦਿਲ ਵਿਚ ਸਾਂਈਂ ਤੇ ਹੱਥ ਵਿਚ ਕਿਰਤ, ਐਸੀ ਕਮਾਈ ਦੀ ਰੋਟੀ ਬ੍ਰਹਮਭੋਜ ਹੈ। ਇਉਂ ਕਹਿੰਦੇ ਸਤਿਗੁਰ ਜੀ ਬਾਹਰ ਆ ਗਏ। ਮਲਕ ਦਾ ਹੀਆ ਨਾ ਪਿਆ ਕਿ ਕੁਝ ਕਹੇ। ਸਭਾ ਵਿਚ ਇਹ ਤਮਾਸ਼ਾ ਦੇਖਕੇ ਲੋਕ ਦੰਗ ਸਨ, ਅਨੇਕਾਂ ਜੀਆਂ ਵਿਚ ਗੁਰੂ ਜੀ ਦੇ ਕਲਾਵਾਨ ਤੇ ਕਰਨੀ ਵਾਲੇ ਹੋਣ ਦਾ ਨਿਹਚਾ ਬਹਿ ਗਿਆ।

ਸੈਦਪੁਰ ਦੇ ਨਵਾਬ ਦਾ ਪੁਤ੍ਰ ਬੀਮਾਰ ਹੋ ਗਿਆ, ਇਕ ਦਿਨ ਮਲਕ ਭਾਗੋ ਸੁਰਤ ਲੈਣ ਗਿਆ ਤਾਂ ਉਹ ਅੱਗੇ ਬੜਾ ਉਦਾਸ ਸੀ। ਵੈਦ ਹਕੀਮ ਆਸ ਲਾਹ ਬੈਠੇ ਸੀ। ਭਾਗੋ ਨੇ ਇਹ ਨਿਰਾਸਤਾ ਤੱਕ ਕੇ ਆਖਿਆ, 'ਨਵਾਬ ਸਾਹਿਬ ! ਐਸੇ ਸਮੇਂ ਫਕੀਰਾਂ ਦੀ ਮਿਹਰ ਨਾਲ ਕਈ ਵੇਰ ਸੰਵਰੇ ਹਨ, ਕੋਈ ਕਾਮਲ ਫ਼ਕੀਰ ਜੇ ਮਿਲੇ ਤਾਂ ਉਸਦੀ ਸ਼ਕਤਿ ਨਾਲ ਆਰਾਮ ਆ ਸਕਦਾ ਹੈ'। ਨਵਾਬ ਨੇ ਕਿਹਾ, 'ਕਾਮਲ ਫ਼ਕੀਰ ਕਿੱਥੋਂ ਲੱਭਾਂ?' ਤਾਂ ਉਸ ਨੇ ਕਿਹਾ : 'ਪੰਜਾਂ ਦਸਾਂ ਫ਼ਕੀਰਾਂ ਦੇ ਨਾਮ ਤਾਂ ਮੈਂ ਦੱਸਦਾ ਹਾਂ, ਸਭਨਾਂ ਨੂੰ ਪਕੜ ਮੰਗਾਓ ਤੇ ਬੰਦੀ ਵਿਚ ਰੱਖੋ, ਜਿੰਨਾਂ ਚਿਰ ਕਿ ਰਾਜ਼ੀ ਨਾ ਕਰ ਦੇਣ, ਛੱਡੋ ਨਾ। ਸੋ ਵਿਚ ਜੇ ਕੋਈ ਕਾਮਲ ਹੋਇਆ ਤਾਂ ਆਪੇ ਨਿਤਰ ਪਏਗਾ ਨਹੀਂ ਤਾਂ ਰਈਅਤ ਇਨ੍ਹਾਂ ਤੋਂ ਛੁਟਕਾਰਾ ਪਾਵੇਗੀ।' ਨਵਾਬ ਨੇ ਇਹ ਸੁਣਕੇ ਆਗਜ਼ਾ ਦੇ ਦਿੱਤੀ ਕਿ ਸਾਰਿਆਂ ਨੂੰ ਬੁਲਵਾਓ। ਭਾਗੋ ਨੇ ਜੋ ਫਹਿਰਿਸਤ ਨਾਵਾਂ ਦੀ ਲਿਖਕੇ ਦਿੱਤੀ ਉਸ ਵਿਚ ਗੁਰੂ ਨਾਨਕ ਤੇ ਮਰਦਾਨੇ ਦਾ ਨਾਮ ਬੀ ਲਿਖ ਦਿੱਤਾ। ਥੋੜੀ ਦੇਰ ਪਿਛੋਂ ਅਹਿਦੀਏ ਟੁਰ ਪਏ ਤੇ ਦਸ ਪੰਜ ਸਾਧੂ ਨਵਾਬ ਦੇ ਡੇਰੇ ਲੈ ਆਏ। ਸ੍ਰੀ ਗੁਰੂ ਜੀ ਬਾਹਰ ਰੋੜੀ ਵਾਲੇ ਥਾਂ ਬੈਠੇ ਸੇ, ਓਸ ਥਾਂ ਤੋਂ ਸਤਿਗੁਰ ਬੀ ਸੱਦ ਲਿਆਂਦੇ। ਲਾਲੋ ਸੁਣਕੇ ਨੱਠਾ ਤੇ ਸ੍ਰੀ ਜਗਤ ਦੇ ਚਾਨਣ ਜੀ ਨੂੰ ਬੰਦੀ ਵਿਚ ਬੈਠਾ ਵੇਖਕੇ ਰੋ ਪਿਆ :-

ਹੇ ਜਗਤ ! ਤੇਰਾ ਅੰਧਕਾਰ, ਤੂੰ ਕਦੇ ਭੀ ਆਪਣੇ ਸੁਖ ਦਾਤਿਆਂ ਨੂੰ ਨਾ ਸਮਝਿਆਂ, ਕਦੇ ਬੀ ਉਹਨਾਂ ਦਾ ਸਤਿਕਾਰ ਨਾ ਕੀਤਾ ਤੇ ਕਦੇ ਬੀ ਉਹਨਾਂ ਨੂੰ ਦੁਖ ਦੇਣੋਂ ਨਾ ਟਲਿਆ।

ਪਰ ਸ੍ਰੀ ਗੁਰੂ ਜੀ ਨੇ ਲਾਲੋ ਨੂੰ ਸੈਨਤ ਕੀਤੀ : 'ਲਾਲੋ ਸਾਵਧਾਨ ਹੋ, ਵਾਹਿਗੁਰੂ ਜੀ ਦਾ ਚੋਜ ਹੈ।'

ਇੰਨੇ ਨੂੰ ਨਵਾਬ ਆ ਗਿਆ ਤੇ ਆਖਣ ਲੱਗਾ, 'ਸਾਂਈਂ ਦੇ ਫ਼ਕੀਰੋ ! ਮੇਰਾ ਪੁੱਤ ਬੀਮਾਰ ਹੈ, ਇਸ ਲਈ ਦੁਆਇ ਖ਼ੈਰ ਕਰੋ ਜੋ ਅੱਲਾ ਮਿਹਰ ਕਰੇ ਤੇ ਉਹ ਵੱਲ ਹੋ ਜਾਵੇ।'

ਗੁਰੂ ਜੀ-ਕਦੇ ਕਿੱਕਰ ਨੂੰ ਅੰਗੂਰ ਲੱਗੇ ਹਨ ?

ਨਵਾਬ-ਫ਼ਕੀਰ ਸਾਂਈਂ ! ਕਦੇ ਨਹੀਂ।

ਗੁਰੂ ਜੀ-ਜ਼ੋਰ ਨੂੰ ਖ਼ੈਰ ਦਾ ਫਲ ਕੀਕੂੰ ਲੱਗੇ ?

ਨਵਾਬ-ਮੈਂ ਨਹੀਂ ਸਮਝਿਆ।

ਗੁਰੂ ਜੀ-ਰੱਬ ਦੇ ਫ਼ਕੀਰ ਤੂੰ ਜ਼ੋਰ ਨਾਲ ਸੱਦ ਘੱਲੇ ਹਨ, ਜੋ ਜ਼ੋਰ ਨਾਲ ਆਂਦੇ ਗਏ ਹਨ ਉਹਨਾਂ ਦੇ ਜੀ ਪੁਰ ਇਸ ਧੱਕੇ ਦਾ ਕੀ ਅਸਰ ਹੋਣਾ ਚਾਹੀਦਾ ਹੈ? ਸੋਚੋ। ਉਨ੍ਹਾਂ ਦਿਲਾਂ ਵਿਚ ਜਿੱਥੇ ਜ਼ੋਰ ਬੀਜਿਆ ਗਿਆ ਹੈ, 'ਦੁਆਇ ਖ਼ੈਰ' ਕੀਕੂੰ ਉੱਗੇ ?

ਨਵਾਬ (ਬੁੱਲ ਟੁੱਕਕੇ)-ਗੱਲ ਵਾਜਬ ਹੈ।

ਗੁਰੂ ਜੀ-ਤੂੰ ਜੀਕੂੰ ਜ਼ੋਰ ਨਾਲ ਮਾਮਲਾ ਲੈਂਦਾ ਹੈਂ, ਜੀਕੂੰ ਵਗਾਰ ਪਾਉਂਦਾ ਹੈਂ, ਉਸੇ ਤਰ੍ਹਾਂ ਤੂੰ ਰੱਬ ਦੇ ਘਰੋਂ 'ਜ਼ੋਰ' ਨਾਲ 'ਖ਼ੈਰ' ਮੰਗ ਰਿਹਾ ਹੈਂ ?

ਸੈਦਪੁਰ ਪਠਾਣਾਂ ਦਿਾ ਇਕ ਤਕੜਾ ਕਿਲ੍ਹਾ ਸੀ

ਤੇ ਇਹ ਨਵਾਬ ਕਿਲ੍ਹੇਦਾਰ ਸੀ, ਇਸ ਦਾ ਜਾਬਰ ਹੁਕਮ ਸਾਰੇ ਇਲਾਕੇ ਮੰਨੀਂਦਾ ਸੀ। ਇਹੋ ਸੀ ਜੋ ਬਾਬਰ ਨਾਲ ਅਟਕਿਆ ਸੀ ਤੇ ਸੈਦਪੁਰ ਦੀ ਕਤਲਾਮ ਹੋਈ ਸੀ। ਇਸ ਵੇਲੇ ਗੁਰੂ ਜੀ ਦੇ ਵਿੰਨ੍ਹਵੇ ਵਾਕ ਉਸਦੇ ਅੰਦਰ ਪੁੜ ਗਏ, ਪੁੱਤਰ ਦਾ ਮੋਹ ਵਿਆਕੁਲ ਕਰ ਰਿਹਾ ਸੀ, ਸੋ ਨਰਮ ਹੋ ਕੇ ਕਹਿਣ ਲੱਗਾ :-ਦਾਤਾ ਲੋਕ ਜੀ ! ਅਸੀਂ ਸਿਪਾਹੀ ਲੋਕ ਖੁਰਦਰੇ ਹੁੰਦੇ ਹਾਂ, ਹੁਜ਼ਮਤ ਸਾਡੀ ਪੱਕ ਜਾਂਦੀ ਹੈ, ਸੋ ਆਪ ਮਿਹਰ ਦੇ ਘਰ ਆਓ, ਤਕਸੀਰ ਮਾਫ ਕਰੋ ਤੇ ਦੁਆ ਕਰੋ ਜੋ ਬੇਟਾ ਵੱਲ ਹੋਵੇ।

ਗੁਰੂ ਜੀ-ਰਜ਼ਾ ਮੰਨ ਤੇ ਜੋ ਹੁੰਦਾ ਹੈ ਹੋਣ ਦੇ, ਹੁਕਮ ਤੇ ਟਿਕ, ਜੇ ਵੱਲ ਹੋਣਾ ਹੋਊ ਤਾਂ ਹੋ ਜਾਊ; ਨਾ ਮਾਲਕ ਦੀ ਮਰਜ਼ੀ ਹੋਊ ਨਾ ਹੋਊ।

ਨਵਾਬ-ਸਾਂਈਂ ਜੀ ! ਆਂਦ੍ਰਾਂ ਦੇ ਵਲੇਵੇਂ ਹਨ, ਮਮਤਾ ਮਿਟਦੀ ਨਹੀਂ ਇਹੁ ਜੀ ਤੜਫਦਾ ਹੈ; ਕੋਈ ਰੇਖ਼ ਵਿਚ ਮੇਖ਼ ਮਾਰੋ।

ਗੁਰੂ ਜੀ-ਦੇਖ ਮਮਤਾ ਵਾਲੇ ! ਦੇਖ ਸਾਂਈਂ ਦੇ ਰੰਗ ! ਤੇਰੀ ਕਰੜਾਈ ਤੇ ਜ਼ੋਰ ਦਰਗਾਹੇ ਮਨਜ਼ੂਰ ਨਹੀਂ, ਉਤੋਂ ਹੁਕਮ ਹੋ ਚੁਕਾ ਹੈ, ਅਰ ਹੁਕਮ ਅਟੱਲ ਹੈ। ਜ਼ੋਰ ਨੂੰ ਜ਼ੋਰ ਕੱਟਣ ਵਾਸਤੇ ਆ ਰਿਹਾ ਹੈ। ਅੱਜ ਸ਼ਹਿਜ਼ਾਦਾ ਸੁਖ ਨਾਲ ਨੀਂਦਰੇ ਸੌਂਦਾ ਹੈ, ਸੌਣ ਦੇਹ ਸੂ, ਕੱਲ ਪਤਾ ਨਹੀਂ ਕਾਇਆਂ ਦੇ ਕਪੜ ਕੀਕੂੰ ਲੀਰਾਂ ਹੋਣੇ ਹਨ ਤੇ ਕੰਵਰਾਂ ਤੇ ਸ਼ਹਿਜ਼ਾਦਿਆਂ ਨੇ ਕਿਵੇਂ ਮੋਛਿਆਂ ਵਾਕੂੰ ਮੁਛੀਣਾ ਹੈ ? ਇਹ ਭਾਣਾ ਅਜ ਦਾ ਜੇ ਵਰਤੇ ਤਾਂ ਸੌਖਾ ਹੈ, ਜੋ ਆ ਰਿਹਾ ਹੈ ਉਹ ਕਰੜਾ ਹੈ।

ਹਾਕਮ ਸਮਝਿਆ ਨਾ, ਹਾਂ, ਮਤਲਬ ਤਾਂ ਨਾ ਸਮਝਿਆ, ਪਰ ਸਹਿਮ ਗਿਆ ! ਡਰ ਗਿਆ। ਬੋਲਿਆ :-ਸਾਂਈਂ ਜੀ ! ਮਿਹਰ ਦੇ ਘਰ ਆਓ, ਮੈਂ ਆਪਣੇ ਇਲਾਕੇ ਵਿਚ ਜ਼ੋਰ ਨਹੀਂ ਕਰਦਾ, ਮੇਰੇ ਤੇ ਮਿਹਰ ਹੋਵੇ ਤੇ ਬੱਚੇ ਦੀ ਜਾਨ ਬਖਸ਼ੋ।

ਗੁਰੂ ਜੀ-ਬੱਚੇ ਦੀ ਜਾਨ ਬਚਣੀ ਤਾਂ ਫਕੀਰਾਂ ਦੇ ਜੂਠੇ ਟੁੱਕਰਾਂ ਵਿਚ ਹੈ, ਪਰ ਬੱਚੇ ਦੀ ਤੇ ਆਪਣੀ ਤੇ ਆਪਣੇ ਅਹਿਲਕਾਰਾਂ ਦੀ ਰੂਹ ਤੇ ਰਹਿਮ ਕਰ ਜੋ ਉਹ ਬਚੇ। ਇਹ ਸਰਦਾਰੀ ਕਿਸ ਕੰਮ ਹੈ ? ਇਹ ਅਮੀਰੀ ਕਿਸ ਅਰਥ ਹੈ ? ਇਹ ਦੌਲਤ ਕਿਸ ਕਾਰੇ ਲੱਗਣੀ ਹੈ ? ਕਿਉਂ ਮਨੁੱਖਾਂ ਦੀਆਂ ਹੱਡੀਆਂ ਦੇ ਢੇਰ ਕੱਠੇ ਕਰਕੇ, ਉੱਤੇ ਬਹਿਕੇ ਸਮਝਦੇ ਹੋ ਕਿ ਮਾਲਦਾਰ ਹੋ ਗਏ ਹਾਂ ? ਧਰਮ ਸੰਭਾਲੋ, ਨਿਆਂ ਕਰੋ, ਰਹਿਮ ਕਰੋ। ਪਰ ਸਾਂਈਂ ਦੇ ਰੰਗ (ਲਾਲੋ ਵਲ ਤੱਕ ਕੇ) ਦੇਖ ਲਾਲੋ ! ਨਿਰੰਕਾਰ ਦੇ ਰੰਗ ! ਕੂਕ ਦੇ ਦਿੱਤੀ ਹੈ, ਪਰ ਕਿਸੇ ਨਹੀਂ ਸੁਣਨੀ, ਚੜ੍ਹੀ ਗੁੱਡੀ ਵੇਲੇ ਕੌਣ ਡੋਰ ਨੂੰ ਖਿੱਚਦਾ ਹੈ? ਪਰ ਹੁਕਮ ਧੁਰੋਂ ਹੋ ਚੁੱਕਾ ਹੈ, ਸਾਰੇ ਜ਼ੋਰਾਂ ਦਾ ਮੁੱਲ ਪੈ ਜਾਣਾ ਹੈ, ਕੌਣ ਐਸ਼੍ਵਰਜ ਵੇਲੇ ਹੋਸ਼ ਕਰਦਾ ਹੈ ? ਹਾਂ, ਮਨੁੱਖ ਨੂੰ ਮਦ ਨਿਆਉਂ ਤੇ ਨਹੀਂ ਰਹਿਣ ਦੇਂਦਾ।

ਨਵਾਬ-ਸਾਂਈਂ ਜੀ ! ਬੱਚੇ ਦੀ ਜਾਨ ਬਖਸ਼ੋ ! ਤਕਸੀਰ ਜੋ ਹੋਈ ਖਿਮਾ ਕਰੋ ! ਤੁਸੀਂ ਸਾਂਈਂ ਵਾਲੇ ਹੋ, ਅਸੀਂ ਭੁੱਲਣਹਾਰ ਹਾਂ।

ਗੁਰੂ ਜੀ-ਜੇ ਬਈ ਖਾਨਾਂ ! ਤੈਨੂੰ ਇਸ ਵੇਲੇ ਦਾ ਹੀ ਸੁਖ ਪਿਆਰਾ ਹੈ ਤਾਂ ਵਾਹ ਵਾਹ !

ਨਵਾਬ (ਸੋਚ ਵਿਚੋਂ ਨਿਕਲਕੇ)-ਮੈ ਸਮਝਿਆ। (ਭਾਗੋ ਵੱਲ ਤੱਕ ਕੇ) ਹਾਂ ਸਾਰੇ ਫਕੀਰ ਛੱਡ ਦਿਓ ! (ਗੁਰੂ ਜੀ ਵੱਲ ਤੱਕ ਕੇ) ਆਪ ਬੀ ਦਾਤਾ ਜੀ ! ਜਾਓ, ਮੈਂ ਆਪ ਦੇ ਦਰ ਤੇ ਹਾਜ਼ਰ ਹੋਕੇ ਬੱਚੇ ਦੀ ਜਾਨ ਬਖਸ਼ੀ ਮੰਗਾਂਗਾ। ਮੈਥੋਂ ਭੁੱਲ ਹੋਈ ਹੈ, ਮਾਫ਼ ਕਰੀਓ।

ਗੁਰੂ ਜੀ-ਜਾਹ, ਲਾਲੋ ਕੋਈ ਜੂਠਾ ਟੁੱਕਰ ਲਿਆ ਦੇਹ ਜੋ ਮੁੰਡਾ ਵੱਲ ਹੋ ਜਾਵੇ[1] ।

ਲਾਲੋ ਗਿਆ, ਟੁੱਕਰ ਲੈ ਆਇਆ, ਬਿਮਾਰ ਨੂੰ ਦਿੱਤਾ, ਉਸ ਖਾਧਾ, ਤਤਕਾਲ ਵੱਲ ਹੋ ਗਿਆ। ਪਠਾਣ ਹਾਕਮ ਅਚੰਭਾ, ਦਰਬਾਰ ਅਚੰਭਾ, ਭਾਗੋ ਅਚੰਭਾ, ਸਾਰੇ ਛੁੱਟੇ ਖੜੇ ਫਕੀਰ ਅਚੰਭਾ !!!

ਸਤਿਗੁਰੂ ਜੀ-ਖਬਰਦਾਰ ਹੋ ਖ਼ਾਨ ! ਉਤੋਂ ਹੁਕਮ ਦੀ ਕਲਮ ਵਹਿ ਗਈ ਹੈ, ਜ਼ੋਰ ਲਈ ਜ਼ੋਰ

[1] ਗੁ: ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਸ ਵੇਲੇ ਗੁਰੂ ਜੀ ਨੇ ਕਿਹਾ ਕਿ ਤੇਰਾ ਪੁਤ੍ਰ ਤਾਂ ਮਰ ਚੁਕਾ ਹੈ, ਰਾਜ਼ੀ ਕਿਸ ਨੂੰ ਕਰਨਾ ਹੈ ? ਜਦ ਨਵਾਬ ਨੇ ਘਰੋਂ ਖਬਰ ਮੰਗਵਾਈ ਤਾਂ ਪੁਤਰ ਮਰ ਚੁੱਕਾ ਸੀ। ਪਰ ਖਾਲਸਾ ਤਵਾਰੀਖ਼ ਤੇ ਬਾਲੇ ਵਾਲੀ ਜਨਮਸਾਖੀ ਵਿਚ ਲਿਖਿਆ ਹੈ ਕਿ ਲਾਲੋ ਤੋਂ ਜੂਠਾ ਟੁੱਕਰ ਮੰਗਵਾਕੇ ਗੁਰੂ ਜੀ ਨੇ ਨਵਾਬ ਦਾ ਮੁੰਡਾ ਰਾਜ਼ੀ ਕਰ ਦਿੱਤਾ।

ਆ ਰਿਹਾ ਹੈ, ਦੁਆਇ ਖ਼ੈਰ ਦੀ ਲੋੜ ਉਥੇ ਹੈ, ਕਰੋ ਜੇ ਕੁਛ ਬਣਦਾ ਜੇ ! ਖ਼ਲਕਤ ਰੱਬ ਦੀ ਹੈ, ਧਰਮ ਕਿਰਤ ਸਭ ਦਾ ਕਿੱਤਾ ਹੈ, ਜ਼ੋਰ ਜ਼ੁਲਮ ਰੱਬੀ ਹੁਕਮ ਦੇ ਉਲਟ ਹੈ।

ਨਵਾਬ ਨਾ ਸਮਝਿਆ। ਉਸ ਜਾਤਾ ਕਿ ਮੈਨੂੰ ਨਿਆਂ ਕਰਨ ਲਈ ਕਹਿੰਦੇ ਹਨ, ਸੋ ਮੈਂ ਕਰਦਾ ਹਾਂ ਤੇ ਕਰਾਂਗਾ। ਪਰ ਉਸ ਦਾ ਨਿਆਂ ਬੀ ਇਕ ਧੱਕਾ ਹੀ ਸੀ। ਉਂਵ ਤਾਂ ਪਠਾਣਾਂ ਦਾ ਸਾਰਾ ਰਾਜ ਹੀ ਪਰਜਾ ਲਈ ਕਸ਼ਟ ਰੂਪ ਸੀ। ਗੁਰੂ ਜੀ ਨੇ ਫਿਰ ਗਹੁ ਨਹੀਂ ਕੀਤਾ, ਮਸਤਾਨੇ ਰੰਗ ਤੇ ਚੁੱਪ ਟੁਰ ਆਏ, ਰੋੜੀ ਜਾ ਬੈਠੇ। ਲਾਲੋ ਨੇ ਆ ਪੁੱਛਿਆ, 'ਪਾਤਸ਼ਾਹ ! ਅੱਜ ਕੀ ਅਗੰਮ ਦੀ ਬੋਲੇ ਹੋ ?' ਤਾਂ ਸਤਿਗੁਰੂ ਜੀ ਨੇ ਹੋਣਹਾਰ ਦੀ ਸੈਨਤ ਕਰਕੇ ਚੁੱਪ ਧਾਰ ਲਈ। ਅਗਲੇ ਦਿਨ ਮਲਕ ਭਾਗੋ ਆ ਚਰਨੀ ਪਿਆ, ਆਖਣ ਲੱਗਾ : 'ਹੇ ਰੱਬੀ ਦਾਤਾ ! ਮੈਂ ਬੜੀ ਅਵੱਗਯਾ ਕੀਤੀ ਹੈ, ਮਿਹਰ ਕਰ ਤੇ ਬਖਸ਼, ਮੈਨੂੰ ਲੋਕਾਂ ਭੁਤਲਾਇਆ ਸੀ।

ਗੁਰੂ ਜੀ-ਕਾਰਦਾਰ ਹੋਣਾ ਤੇ ਭੁਤਲਾਵੇ ਵਿਚ ਆਉਣਾ, ਹੇ ਭਾਗੋ ! ਇਹ ਕਿਵੇਂ ? ਛੱਡ ਦੇ ਕਾਰਦਾਰੀ, ਕਿਰਤ ਕਰ ਦੱਸਾਂ ਨਵ੍ਹਾਂ ਦੀ, ਜੇ ਤੇਰੀਆਂ ਆਪਣੀਆਂ ਅੱਖਾਂ ਹੱਕ ਨਾਹੱਕ ਪਛਾਨਦੀਆਂ ਨਹੀਂ ਤਾਂ। ਹਾਕਮ ਸਿਰੇ ਦੇ ਹਾਕਮ ਨਹੀਂ, ਹਾਕਮਾਂ ਦੇ ਸਿਰ ਹੋਰ ਹਾਕਮ ਹੈ, ਡਰ ਉਸ ਦੇ ਨਿਆਂ ਤੋਂ, ਉਹ ਤੋਲਦਾ ਹੈ, ਚਾਹੇ ਤੋਲਦਾ ਜਾਪਦਾ ਨਹੀਂ ... ਆ ਰਿਹਾ ਹੈ ਉਸ ਦਾ ਅਦਲ।

ਮਲਕ-ਮੈਥੋਂ ਅਵੱਗਯਾ ਹੋਈ, ਮਾਫ ਕਰੋ !

ਗੁਰੂ ਨਾਨਕ-ਮੇਰੀ ਅਵੱਗਯਾ, ਨਾਨਕ ਦੀ ਅਵੱਗਯਾ ? ਹੈਂ ! ਨਾਨਕ ਦੀ ਅਵੱਗਯਾ ਕੋਈ ਨਹੀਂ, ਡਰ ਉਸ ਅਵੱਗਯਾ ਤੋਂ ਜੋ ਤੂੰ ਅਪਣੀ ਤੇ ਅਪਣੀ ਪਰਜਾ ਦੀ ਕੀਤੀ ਹੈ, ਜੋ ਤੂੰ ਖਾਲਕ ਦੀ ਕਰ ਰਿਹਾ ਹੈਂ। ਦੇਖ ! ਪਸ਼ੂ ਪੰਖੀ ਸਾਰਾ ਦਿਨ ਪੇਟ ਭਰਨ ਲਈ ਫਿਰਦੇ ਮਾਨੋ ਕਿਰਤ ਕਰਦੇ ਤੇ ਪੇਟ ਭਰਦੇ ਹਨ, ਸਦਾ ਖ਼ੁਸ਼ੀ, ਸਦਾ ਅਰੋਗ; ਸਦਾ ਅਸਮਾਨਾਂ ਵਿਚ ਉੱਡਦੇ ਹਨ। ਮਿਹਨਤ ਦੀ ਰੋਟੀ ਵਿਚ ਸੁਖ ਹੈ, ਮਿਹਨਤ ਸਰੀਰ ਨਰੋਆ ਰਖਦੀ ਹੈ, ਮਿਹਨਤ ਸਾਂਈਂ ਦੇ ਰਸਤੇ ਸੁਖ ਦੇਂਦੀ ਹੈ। ਲੋਕਾਂ ਦੇ ਕਮਾਏ ਨੂੰ ਜ਼ੋਰ ਨਾਲ ਖੱਸਣਾ, ਫਰੇਬ ਨਾਲ ਖੱਸਣਾ, ਕੱਠੀ ਕਰਨੀ ਤੇ ਉੱਤੇ ਸੱਪ ਵਾਂਙ ਪਥੱਲਾ ਮਾਰ ਬੈਠਣਾ ਰੋਗ ਹੈ ਸਰੀਰ ਦਾ, ਮਨ ਦਾ, ਆਤਮਾਂ ਦਾ। ਤੂੰ 'ਆਪਾ' ਖੁੰਝਾ ਬੈਠਾ ਹੈਂ, ਆਪਾ ਵੰਞਾ ਬੈਠਾ ਹੈਂ, ਆਪਾ ਆਪ ਮਾਰ ਬੈਠਾ ਹੈਂ, ਤਰਸ ਕਰ ਆਪੇ ਤੇ, ਇਸ ਮੋਏ ਨੂੰ ਜਿਵਾਲ ਧਰਮ ਦੀ ਕਣੀ ਇਸ ਵਿਚ ਪਾ।

ਭਾਗੋ ਪਾਤਸ਼ਾਹ ! ਹੁਣ ਤਾਂ ਮਨ ਨੇ ਤਰੰਗ ਖਾਧਾ ਹੈ, ਜੋ ਆਖੋ ਸੋ ਮਿੱਠਾ ਹੈ, ਪਰ ਮੈਨੂੰ ਦੱਸੋ ਕਿ ਇਸ ਹੱਡ ਰੱਖ ਦੇਹ ਨਾਲ ਇਸ ਆਲਸੀ ਹੋ ਚੁਕੇ ਜਾਮੇ ਨਾਲ ਮਜੂਰੀ ਕੀਕੂੰ ਕਰਾਂ ?

ਸਤਿਗੁਰੂ-ਪਾਤਸ਼ਾਹ ਦਾ ਤਖ਼ਤ ਮਜ਼ੂਰੀ ਹੈ, ਗ਼ਰੀਬ ਦੀ ਟੋਕਰੀ ਮਜੂਰੀ ਹੈ, ਪਰ ਤਾਂ ਜੇ ਦੋਵੇਂ ਸਾਂਈਂ ਤੇ ਅੱਖ ਧਰਕੇ ਆਪੋ ਆਪਣੀ ਕਿਰਤ ਕਾਰ ਕਰਦੇ ਹਨ। ਤੇਰੀ ਕਾਰਦਾਰੀ ਮਿਹਨਤ ਹੈ, ਮਜੂਰੀ ਹੈ, ਕਿਰਤ ਹੈ, ਜੇ ਤੂੰ ਹੱਕ ਨਹੱਕ ਪਛਾਣੇਂ, ਨਿਆਂ ਤੋਲੇਂ, ਵੱਢੀ ਨਾ ਖਾਵੇਂ, ਜ਼ੋਰ ਜ਼ੁਲਮ ਨਾ ਕਰੇਂ ਤਾਂ। ਹਾਂ, ਸਭ ਕਮਾਮ, ਸਭ ਜ਼ਿੰਮੇਵਾਰੀਆਂ ਸਾਰੇ ਕਿਰਤ ਹਨ, ਜੇ ਉਨ੍ਹਾਂ ਨੂੰ ਭਲੀ ਤਰ੍ਹਾਂ ਕਰੋ ਤਾਂ। ਚਾਹੋ ਕਿੱਤਾ ਮਿਲਿਆ ਹੈ, ਚਾਹੇ ਆਪ ਚਾਇਆ ਹੈ, ਪਹੇਮਾਨਗੀ ਸਭਨਾਂ ਕਿੱਤਿਆਂ ਦੀ ਸਤਯਾ ਨੂੰ ਮਾਰਦੀ ਹੈ। ਮਜੂਰ ਦੀ ਟੋਕਰੀ, ਬਾਣੀਏ ਦੀ ਤੱਕੜੀ, ਕਾਰਦਾਰ ਦਾ ਕਰਤੱਤ, ਰਾਜੇ ਦਾ ਨਿਆਂ ਕਰਨਾ ਤੇ ਸਾਧੂ ਦੀ ਸ਼ੁਭ ਮੱਤ ਦਾਨ ਦੇਣੀ ਸਭ ਕਿਰਤ ਹੈ, ਜੇ ਪਹੇਮਾਨਗੀ ਨਹੀਂ ਤਾਂ। ਹਾਂ, ਸਾਰਾ ਕੁਛ ਬੰਦਗੀ ਹੋ ਜਾਂਦਾ ਹੈ ਜੇ ਹਿਰਦੇ ਸਾਂਈਂ ਰੱਖਕੇ ਕਰੇ, ਜੋ ਕੁਛ ਕਿ ਕਰਨਾ ਸਾਡੇ ਹਿੱਸੇ ਸਾਂਈਂ ਵੰਡ ਵਿਚ, ਭਾਗਾਂ ਨਾਲ ਕਿ ਉਸ ਦੀ ਚੋਣ ਨਾਲ ਕਿ ਕਿਸੇ ਦੀ ਮਿਹਰ ਨਾਲ ਆਇਆ ਹੈ। ਆਪਣਾ ਲਹੂ ਨਿਚੋੜਕੇ, ਖੇਤੀ ਕਰਕੇ, ਸਰਕਾਰੀ ਮਾਮਲਾ ਭਰਕੇ, ਜਿਸ ਰਾਹਕ ਪਾਸ ਮਸਾਂ ਸਾਲ ਦੇ ਟੁੱਕਰ ਰਹਿ ਜਾਂਦੇ ਹਨ, ਉਸ ਨੂੰ ਡਰਾ ਧਮਕਾ ਕੇ ਉਸ ਤੋਂ ਕੁਛ ਹੋਰ ਲੈਣਾ ਉਸਦਾ ਲਹੂ ਨਿਚੋੜਨਾ ਹੈ। ਜਿਹੀ ਪਸ਼ੂ ਦੀ ਗਿੱਚੀ ਵੱਢਕੇ ਰੱਤ ਚੋ ਲਈ, ਤੇਹੀ ਕਿਸੇ ਦੀ ਕਿਰਤ ਵਿਚੋਂ ਜ਼ੋਰ ਛਲ ਨਾਲ ਲੈਣਾ ਰੱਤ ਨਿਚੋੜਨਾ ਹੈ।

ਭਲਾ ਤੇਰਾ ਬ੍ਰਹਮ ਭੋਜ ਸਾਂਈਂ ਖਾ ਸਕਦਾ ਹੈ? ਸਾਂਈਂ ਦੇ ਦਰ ਦੇ ਪਿਆਸੇ ਖਾ ਸਕਦੇ ਹਨ ? ਜਦ ਕਿ ਗ੍ਰਾਹੀ ਗ੍ਰਾਹੀ ਵਿਚ ਹਾਵੇ ਤੇ ਰੋਣ ਦੀ ਝੀਣੀ ਬਾਣੀ ਹੈ ਤੇ ਰੱਤ ਦੇ ਟੇਪੇ ਤ੍ਰਪਕਦੇ ਹਨ ? ਤੇਰੇ

ਬ੍ਰਹਮਭੋਜ, ਤੇਰੇ ਦਾਨ, ਤੇਰੇ ਸ੍ਰਾਧ, ਤੇਰੇ ਜਗ ਅਪਣੀ ਉਜਾਗਰੀ ਵਾਸਤੇ ਹਨ, ਆਪਣੇ ਪਾਪਾਂ ਦੇ ਕੱਜਣ ਹਨ, ਲਹੂ ਦੇ ਚੁਬੱਚਿਆਂ ਉੱਤੇ ਛੱਪਰ ਛਾਉਣੇ ਹਨ। ਸ਼ੋਕ ਹੈ ਉਹਨਾਂ ਤੇ ਜੋ ਇਸ ਪੁੰਨ ਦੇ ਧਾਨ ਨੂੰ ਖਾਂਦੇ ਹਨ, ਸ਼ੋਕ ਹੈ ਉਹਨਾਂ ਤੇ ਜੋ ਇਸ ਅੰਨ ਤੇ ਪਲ ਕੇ ਸਾਧੂ ਬ੍ਰਹਮਣ ਤੇ ਤਪੱਸ੍ਵੀ ਅਖਵਾਉਂਦੇ ਹਨ ! ਦੇਸ਼ ਸੜ ਉਠਿਆ ਹੈ ਜ਼ੁਲਮ ਹੇਠ, ਭਾਗੋ ! ਪਰਜਾ ਕੁਰਲਾ ਉਠੀ ਹੈ ਜ਼ੋਰ ਹੇਠ, ਧੁਰੋਂ ਹੁਕਮ ਹੋ ਗਿਆ ਹੈ ਕਰੜਾ। ਪਾਪਾਂ ਦੇ ਬਨ ਨੇ ਅਸਮਾਨਾਂ ਵਿਚੋਂ ਕਸ਼ਟਾਂਦੇ ਬੱਦਲ ਖਿੱਚ ਲਿਆਂਦੇ ਹਨ, ਤਿਆਰ ਹੋਵੋ ਉਸ ਜ਼ੁਲਮ ਦੇ ਝੱਲਣ ਲਈ ਆਪ, ਜੋ ਜ਼ੁਲਮ ਤੁਸੀਂ ਲੋਕਾਂ ਤੇ ਕਰਦੇ ਨਹੀਂ ਸੰਗਦੇ ਰਹੇ। ਜੋ ਕਰਦਿਆਂ ਤੁਹਾਨੂੰ ਕੌੜਾ ਨਹੀਂ ਲੱਗਾ, ਉਹ ਭੋਗਦਿਆਂ ਦੱਸੇਗਾ ਕਿ ਮੈਂ ਕਿਤਨਾ ਕੌੜਾ ਹਾਂ।

ਭਾਗੋ ਕੰਬ ਗਿਆ, ਰੋ ਪਿਆ, ਪੈਰੀਂ ਢਹਿ ਪਿਆ : ਬਖ਼ਸ਼ ! ਹੇ ਦਾਤਾ ! ਬਖਸ਼ !

ਗੁਰੂਜੀ-ਬਖ਼ਸ਼ੇਗਾ ਬਖ਼ਸ਼ਿੰਦ, ਪਰ ਤਾਂ ਬਖ਼ਸ਼ੇਗਾ ਜੇ ਤੈਨੂੰ ਬਖ਼ਸ਼ਣਗੇ ਉਹ ਗਰੀਬ ਤੇ ਨਿਤਾਣੇ, ਜਿਨ੍ਹਾਂ ਨੂੰ ਤੂੰ ਗਰੀਬ ਤੇ ਨਿਤਾਣੇ ਕੀਤਾ ਹੈ। ਜਾਹ ਬਖ਼ਸ਼ਾ ਉਨ੍ਹਾਂ ਤੋਂ ਜਿਨ੍ਹਾਂ ਨੂੰ ਤੂੰ ਸਤਾਇਆ ਹੈ। ਮੈਂ ਸਉਦੇ ਕਰਨ ਵਾਲਾ ਫਕੀਰ ਨਹੀਂ, ਪੂਰਾ ਤੁਲੇਗਾ ਪੂਰੇ ਤੱਕੜ ਤੇ। ਤੂਫਾਨ ਆ ਰਿਹਾ ਹੈ ਦੇਸ਼ ਤੇ, ਪਠਾਣ ਰਾਜ ਦੇ ਸਿਰ ਝੱਖੜ ਆ ਰਿਹਾ ਹੈ। ਜੇ ਅਪਣੀ ਲੋੜ ਹਈ ਤਾਂ ਹੋ ਨੀਵਾਂ, ਬਖ਼ਸ਼ਾ ਤੇ ਕਿਰਤ ਕਰ, ਫੇਰ ਉਸ ਸੁੱਚੀ ਕਮਾਈ ਤੇ ਉੱਜਲ ਹੋ ਕੇ ਹੋ ਉੱਚਾ।

ਸਾਈਂ ਦੇ ਪਿਆਰੇ ਦੇ ਮਹਾਂ ਵਾਕਾਂ ਨੂੰ ਸੁਣਦਾ ਭਾਗੋ ਉਸੇ ਵੇਲੇ ਉਠ ਗਿਆ, ਜਾ ਘਰ ਦੇ ਤੋੜੇ ਖੋਹਲੇ, ਸਾਰਾ ਧਨ ਲੁਟਾ ਦਿੱਤਾ ਉਨ੍ਹਾਂ ਪਰਜਾ ਦਿਆਂ ਲੋਕਾਂ ਨੂੰ, ਜਿਨ੍ਹਾਂ ਤੋਂ ਕੱਠੀ ਕੀਤੀ ਸੀ ਉਹ ਸਰਪਣੀ (ਮਾਇਆ) ਜੋ ਪਥੱਲਾ ਮਾਰਕੇ ਬੈਠੀ ਭਾਗੋ ਨੂੰ ਵਿੱਸ ਚਾੜ੍ਹ ਰਹੀ ਸੀ। ਕਈ ਕਹਿਣ: ਬਾਵਲਾ ਹੋ ਗਿਆ ਹੈ ਭਾਗੋ, ਪਰ ਆਮ ਖ਼ਲਕਤ ਵਿਚ ਫੈਲ ਗਈ ਕੀਰਤੀ 'ਨਾਨਕ ਤੱਪੇ' ਦੀ ਕਿ ਓਸ ਨੇ ਸਾਧਿਆ ਹੈ ਐਡਾ ਅਸਰਾਲ ਸੱਪ। ਹਾਂ ਸੈਦ ਪੁਰ ਦੇ ਇਲਾਕੇ ਪਰਜਾ ਵਿਚ ਧੁੰਮ ਗਈ ਭਾਗੋ ਦੀ ਕੀਰਤੀ; ਦੁਖੇ ਦਿਲਾਂ ਵਿਚੋਂ ਟੁਰੀ ਇਕ ਅਸੀਸਾਂ ਦੀ ਨੈਂ ਤੇ ਚਲੀ ਗਈ ਸਾਂਈਂ ਦੇ ਦਰ। ਫਿਰ ਇਕ ਦਿਨ ਤ੍ਰਿਕਾਲਾਂ ਨੂੰ ਆਇਆ ਭਾਗੋ ਲਾਲੋ ਦੇ ਘਰ। ਹਾਂ, ਜਗਤ ਦਾ ਮਾਲਕ ਮੱਕੀ ਦੀ ਰੋਟੀ ਖਾ ਰਿਹਾ ਸੀ, ਟੁੱਕਰ ਦਿੱਤਾ ਭਾਗੋ ਨੂੰ 'ਖਾਹ ਬਈ ਤੇ ਦੇਖ ਸਵਾਦ।' ਭਾਗੋ ਨੂੰ ਅੱਜ ਪਹਿਲਾ ਦਿਨ ਸੀ ਕਿ ਅੰਨ ਦਾ ਸੁਆਦ ਆਇਆ। ਹੱਥ ਬੰਨ੍ਹਕੇ ਕਹਿਣ ਲੱਗਾ: 'ਬਖਸ਼ਿੰਦ ਦਾਤਾ ! ਮਿਹਰ ਕਰ ਤੇ ਚਰਨੀਂ ਲਾ ਲੈ, ਆਉਣ ਵਾਲੇ ਦੁੱਖਾਂ ਤੋਂ ਰੱਖ ਲੈ, ਲੋਕ ਪ੍ਰਲੋਕ ਸਹਾਈ ਹੋਹੁ[੧]।

ਗੁਰੂ ਜੀ-ਦੇਖ ! ਪਰਜਾ ਜੋ ਤੂੰ ਦੁਖਾਈ ਸੀ ਹੁਣ ਉਸ ਦੀਆਂ ਆਂਦਰਾਂ ਠਰੀਆਂ ਹਨ, ਉਨ੍ਹਾਂ ਦੀ ਅਸੀਸ ਦਰਗਾਹੇ ਪੁੱਜੀ ਹੈ ਤੇ ਤੇਰੇ ਤੇ ਮਿਹਰ ਹੋਈ ਹੈ। ਨਾਮ ਜਪ, ਦੇਖ ਧਰਮ ਦੀ ਕਿਰਤ ਸਾਂਈਂ ਨਾਮ ਬਿਨਾਂ ਸੁਹਾਗਣ ਨਹੀਂ ਹੁੰਦੀ। ਧਰਮ ਕਿਰਤ ਕਰਨ ਵਾਲੇ ਸੁੱਚੇ ਤਾਂ ਹੋ ਜਾਂਦੇ ਹਨ, ਪਰ ਕੁਸੰਗਾਂ ਕਰਕੇ ਤਾਮਸੀ ਬਿਰਤਿ ਵਿਚ ਚਲੇ ਜਾਂਦੇ ਹਨ। ਜੇ ਨਾਲ ਨਾਮ ਦੀ ਟੇਕ ਹੋਵੇ, ਨਾਮ ਦਾ ਚਾਨਣਾ ਹੋਵੇ, ਨਾਮ ਦੀ ਠੰਢ ਹੋਵੇ, ਤਾਂ ਉਹੋ ਸਾਧੂ, ਉਹੋ ਸੰਤ, ਉਹੋ ਫਕੀਰ, ਉਹੋ ਮਹਾਤਮਾ ਹਨ। ਨਿਰੇ ਕਿਰਤੀ ਬੀ ਸਫਲ ਨਹੀਂ ਹਨ ਜੋ ਮੂਰਖਤਾ ਵਿਚ ਹਨ ਤੇ ਪਸ਼ੂਆਂ ਵਾਂਙੂੰ ਜੀਉਂਦੇ ਹਨ, ਚਾਹੇ ਸੁਖੀ ਤੇ ਬੇਫਿਕਰ ਹਨ। ਬਨਾਂ ਜੰਗਲਾਂ ਵਿਚ ਨਿਰੀ ਚੁਪ ਸਾਧ ਗਏ ਲੋਕੀਂ ਸਾਧ ਸੰਤ ਨਹੀਂ, ਉਹ ਤਾਂ ਟਿਕੇ ਹੋਏ ਯੰਤ੍ਰ ਹਨ, ਯੰਤ੍ਰ ਵਾਂਙੂ ਉਨ੍ਹਾਂ ਦੇ ਸਰੀਰ ਹਿਲਦੇ ਹਨ ਤੇ ਜੁਲਦੇ ਹਨ। ਪਰ ਹਾਂ ਓਹ ਜੋ ਨਾਮ ਜਪਦੇ ਹਨ ਤੇ ਨਾਮ ਵਿਚ ਉਛਲਦੇ, ਪ੍ਰੇਮ ਤੇ ਸ਼ੁਕਰ, ਬੇਨਤੀ ਤੇ ਰਸ ਨਾਲ ਤ੍ਰਭ੍ਰਕਦੇ ਹਨ, ਸਾਂਈਂ ਵੱਲ ਅੰਦਰੋਂ ਬਾਹੀਂ ਉਲਾਰ ਉਲਾਰ ਤਾਂਘਦੇ ਹਨ, ਕੇਵਲ ਓਹ ਜੀਉਂਦੇ ਹਨ, ਲੋਕ ਪ੍ਰਲੋਕ ਸੁਹੇਲੇ ਹਨ। ਨਾਮ ਬਿਨਾਂ ਮੁਰਦਿਹਾਨ ਹੈ, ਨਾਮ ਬਿਨਾਂ ਜਿੰਦ ਵਿਚ ਜਿੰਦ ਨਹੀਂ। ਹਾਂ, ਭਾਗੋ ਅੱਜ ਮੇਹਰ ਹੋਈ ਹੈ, ਤੇਰੇ ਲਈ ਨਾਮ ਆਇਆ ਹੈ, ਨਾਮ ਵਿਚ ਜੀਉ, ਕਿਰਤ

---

[੧] ਗੁਰ ਨਾਨਕ ਪ੍ਰਕਾਸ਼ ਤੇ ਗੁਰ ਨਾਨਕ ਸੂਰਯੋਦੈ ਵਿਚ ਭਾਗੋ ਦਾ ਪ੍ਰਸੰਗ ਫੇਰ ਨਹੀਂ ਆਇਆ ਤੇ ਬਾਲੇ ਦੀ ਜਨਮ ਸਾਖੀ ਵਿਚ ਉਸ ਦੇ ਬਖਸ਼ਾਵਣ ਤੇ ਗੁਰੂ ਜੀ ਦੇ ਮੇਹਰ ਕਰਨ ਦਾ ਪ੍ਰਸੰਗ ਹੈ।

ਕਰ ਧਰਮ ਦੀ, ਕੁਸੰਗ ਛੱਡ ਤੇ ਸਤਿਸੰਗ ਵਿਚ ਰਹੁ ਤਾਂ ਬਚੇਂਗਾ, ਨਹੀਂ ਤਾਂ ਇਥੇ ਤੇ ਅੱਗੇ ਬੀ ਠਉਰ ਨਹੀਂ, ਕਸ਼ਟ ਆ ਰਿਹਾ ਹੈ ਦੁਥਾਂਈਂ।

ਭਾਗੋ ਫੇਰ ਪੈਰੀਂ ਢੱਠਾ। ਭਾਗੋ ਹੁਣ ਨੀਮ ਬੇਸੁਧ ਸੀ, ਲਾਲੋ ਨੇ ਆ ਪਾਣੀ ਦਾ ਛੱਟਾ ਮਾਰਿਆ, ਸਤਿਗੁਰੂ, ਸਮਰੱਥ ਸਤਿਗੁਰੂ ਨੇ ਸਿਰ ਹੱਥ ਧਰਿਆ ਤੇ ਆਖਿਆ- 'ਵਾਹਿਗੁਰੂ'

ਭਾਗੋ ਨੇ ਆਖਿਆ-'ਵਾਹਿਗੁਰੂ' ਤੇ ਉਸ ਦੇ ਅੰਦਰ ਬਹਿ ਗਿਆ - 'ਵਾਹਿਗੁਰੂ'।

ਐਉਂ ਜਗਤ ਜਲੰਦੇ ਨੂੰ ਰੱਖ ਲੈਣ ਵਾਸਤੇ ਸੂਰਾ ਸਤਿਗੁਰੂ ਘਰ ਬਾਹਰ, ਆਪਣੇ ਪਿਆਰੇ ਸਭ ਛੱਡਕੇ ਸੁਲਤਾਨ ਪੁਰਿਓਂ ਟੁਰਿਆ, ਰਸਤੇ ਵਿਚ ਕਈ ਥਾਂਈਂ ਠਹਿਰਦਾ ਪਹਿਲਾ ਡੇਰਾ ਐਮਨਾਬਾਦ ਆ ਕੇ ਲਾਇਓਸੁ ਤੇ ਸਤਿਸੰਗ ਦਾ ਮੁੱਢ ਲੱਗ ਗਿਆ। ਦੂਰ ਨੇੜੇ ਦੇ ਗਿਰਾਵਾਂ ਦੇ ਕਈ ਲੋਕੀ ਸੁਧਰੇ, ਪਰ ਭਾਗੋ ਤੇ ਲਾਲੋ ਇਸ ਨਗਰ ਦੇ ਸਤਿਸੰਗੀ ਮੁਖੀਏ ਸਿੱਖ-ਗੁਰਮੁਖ-ਹੋਏ। ਸ਼ਹਿਰ ਦੇ ਚੇਟਕੀ ਮੁਲਾਣੇ ਤੇ ਬੀਰਾਰਾਧਨ ਵਾਲੇ ਪੰਡਤ ਤੇ ਪਾਂਧੇ ਲੋਕਾਂ ਨੂੰ ਖੇਡਾਂ ਵਿਚ ਲਾਈ ਗਏ, ਹਾਕਮਾਂ ਨੂੰ ਬੀ ਭੁਤਲਾਈ ਗਏ, ਉਸ ਦਿਨ ਤੱਕ, ਜਦੋਂ ਕਿ ਸਾਰੇ ਨਗਰ ਦੀ ਕਤਲਾਮ ਆ ਹੋਈ ਤੇ ਸੈਨਾ ਤੇ ਇਨ੍ਹਾਂ ਲੋਕਾਂ ਦੇ ਨਾਲ ਆਮ ਪਰਜਾ ਬੀ ਪੀੜਤ ਹੋਈ[1]। ਗੁਰੂ ਜੀ ਕੁਛ ਦਿਨਾਂ ਮਗਰੋਂ ਵਿਦਾ ਹੋ ਗਏ। ਭਾਗੋ ਲਾਲੋ ਦਾ ਸਤਿਸੰਗ ਕਰਦਾ ਰਿਹਾ ਅਰ ਉਸ ਮਹਾਨ ਕਸ਼ਟ ਤੋਂ ਪਹਿਲਾਂ, ਜੋ ਸੈਦਪੁਰ ਨੂੰ ਵਾਪਰਿਆ ਤੇ ਕਤਲਾਮ ਹੋਈ, ਭਾਗੋ ਨਾਮ ਜਪਦਾ ਸਾਂਈਂ ਰੰਗ ਰਤਾ ਸੁਖਾਲੇ ਸੁਾਸੀਂ ਇਸ ਜਗਤ ਤੋਂ ਅਗੇਰੇ ਚਲਾ ਗਿਆ। ਸ੍ਰੀ ਗੁਰੂ ਜੀ ਕੁਝ ਚਿਰ ਏਥੇ ਹੋਰ ਰਹੇ, ਪਰ ਹੁਣ ਜਗਤ ਰੱਖਯਾ ਦੀ ਸੱਦ ਡਾਢੀ ਸੀ, ਸੋ ਆਪ ਇਥੋਂ ਟੁਰ ਪਏ। ਸੁਲਤਾਨ ਪੁਰੇ ਤੋਂ ਤੁਰਨ ਵੇਲੇ ਆਪ ਨੇ ਪਹਿਲਾ ਸਬਕ ਇਹ ਸਿਖਾਇਆ ਸੀ ਕਿ ਜੋ ਭਜਨ ਬੰਦਗੀ ਅਰਦਾਸ ਸਿਮਰਨ ਕਰੋ, ਸੋ ਵਾਹਿਗੁਰੂ ਦੀ ਹਜ਼ੂਰੀ ਵਿਚ ਕਰੋ, ਗ਼ੈਰ ਹਜ਼ੂਰੀ ਦਾ ਕੀਤਾ ਪਰਵਾਨ ਨਹੀਂ। ਚਾਹੇ ਉਹ ਸ਼ੁਭ ਸੁਭਾਵ ਪੈਂਦਾ ਹੈ, ਪਰ ਹਜ਼ੂਰੀ ਵਿਚ ਕੀਤੇ ਬਿਨਾਂ ਉਸਦਾ ਪੂਰਾ ਲਾਭ ਨਹੀਂ ਹੁੰਦਾ। ਐਮਨਾਬਾਦ ਵਿਚ ਦੂਸਰਾ ਸਬਕ ਆਪ ਨੇ ਇਹ ਸਿਖਾਇਆ ਕਿ ਸਰੀਰ ਸੰਸਾਰ ਵਿਚ ਹੈ ਤੇ ਕਿਸੇ ਮਨੋ ਕਲਪਨਾਂ ਨਾਲ ਯਾ ਦਰਸ਼ਨ ਵਿਦਯਾ ਦੀ ਵੀਚਾਰ ਮਾਤ੍ਰ ਨਾਲ ਸਰੀਰ ਸੰਸਾਰ ਵਿਚੋਂ ਉਠ ਨਹੀਂ ਜਾਂਦਾ, ਤਾਂ ਤੇ ਮਨ ਨੂੰ ਸਾਧਦੇ ਹੋਏ ਸਰੀਰ ਨੂੰ ਧਰਮ ਦੀ ਕਿਰਤ ਵਿਚ ਕ੍ਰਿਯਾਮਾਨ ਰੱਖੋ। ਇਸ ਦੀ ਪਾਲਣਾ ਕਰੋ, ਪਰ ਧਰਮ ਕਿਰਤ ਦੀ ਕਮਾਈ ਨਾਲ ਕਰੋ। ਹਰ ਕੰਮ, ਹਰ ਕਮਾਮ : ਕਿੱਲੇ ਘੜਨ ਤੋਂ ਪਾਤਸ਼ਾਹੀ ਤੱਕ ਧਰਮ ਦੀ ਕਿਰਤ ਹੈ ਜੋ ਧਰਮ ਨਾਲ ਕੀਤੀ ਜਾਵੇ; ਤੇ ਧਰਮ ਕਿਰਤ ਤਾਂ ਸੁਹਾਗਵੰਤੀ ਹੈ ਜੋ ਨਾਮ ਦਾ ਨਿਵਾਸ ਹਿਰਦੇ ਵਿਚ ਹੋਵੇ। ਇਹ ਦੋ ਚੋਟੀ ਦੇ ਚਾਨਣ ਮੁਨਾਰੇ ਆਪਣੀ ਧਰਤੀ ਵਿਚ ਖੜੇ ਕਰਕੇ ਦਾਤਾ ਜੀ ਇਥੋਂ ਟੁਰ ਪਏ :-

(੧) ਬੰਦਗੀ ਕਰੋ, ਭਜਨ ਕਰੋ, ਨਾਮ ਜਪੋ ਹਜ਼ੂਰੀ ਵਿਚ।

(੨) ਜੇ ਕਿਰਤ ਕਰੋ ਸੁਹਣੀ ਕਰੋ, ਧਰਮ ਨਾਲ ਕਰੋ, ਧਰਮ ਕਿਰਤ ਦੀ ਕਮਾਈ ਛਕੋ, ਫਿਰ ਨਾਮ ਜਪ। ਧਰਮ ਕਿਰਤ ਤੇ ਨਾਮ ਇੱਕਠੇ ਰੱਖੋ।

ਸੂਚਨਾ-ਸੁਲਤਾਨ ਪੁਰੋਂ ਟੁਰਕੇ ਪੁਰਾਤਨ ਜਨਮ ਸਾਖੀ ਵਾਲੇ ਤਾਂ ਜੰਗਲਾਂ ਨੂੰ ਜਾਣਾ ਦੱਸਦੇ ਹਨ ਪਰ ਹੋਰ ਜਨਮ ਸਾਖੀਆਂ ਤੇ ਨਾਨਕ ਪ੍ਰਕਾਸ਼ ਆਦਿਕ ਲਿਖਦੇ ਹਨ ਕਿ ਆਪ ਸੈਦਪੁਰ ਗਏ, ਜੋ ਪ੍ਰਸੰਗ ਕਿ ਉੱਤੇ ਆ ਚੁਕਾ ਹੈ। ਫੇਰ ਆਪ ਤਲਵੰਡੀ ਗਏ। ਰਾਇ ਬੁਲਾਰ ਦੀ ਪ੍ਰੇਮ ਵਾਲੀ ਖਿੱਚ ਆਪ ਨੂੰ ਧੂਹ ਰਹੀ ਸੀ ਅਤੇ ਉਸ ਨੂੰ ਠੰਢ ਪਾਉਣੀ ਸੀ[2]।

---

[1] ਦੇਖੋ ਇਸੇ ਪੋਥੀ (ਉਤ੍ਰਾਰਧ)ਵਿਚ ਪ੍ਰਸੰਗ - 'ਸੈਦਪੁਰ ਬੰਦੀ ਛੋੜ' - (ਪੰਨਾ:੨੦੫)

[2] ਬਾਲੇ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਏਥੇ ਰਾਇ ਬੁਲਾਰ ਦੀ ਦਰਸ਼ਨਾਂ ਵਾਸਤੇ ਬੇਨਤੀ ਪੁੱਜੀ ਸੀ।

# ੯. ਮੁੜ ਤਲਵੰਡੀ[1]।

**ਸੈਦਪੁਰ** ਸੰਡਯਾਲੀ ਤੋਂ ਟੁਰਕੇ ਆਪ ਹੁਣ ਤਲਵੰਡੀ ਆਏ ਤੇ ਬਾਹਰ ਇਕ ਖੂਹ ਤੇ ਡੇਰਾ ਕੀਤਾ। ਜਾਂ ਪਰਿਵਾਰ ਨੇ ਸੁਣਿਆਂ ਤਾਂ ਬਾਬਾ ਕਾਲੂ, ਚਾਚਾ ਲਾਲੂ ਤੇ ਮਾਤਾ, ਤ੍ਰੈਏ ਆਏ ਤੇ ਘਰ ਚੱਲਣ ਲਈ ਕਿਹਾ, ਪਰ ਗੁਰੂ ਜੀ ਨੇ ਨਾ ਮੰਨਿਆ। ਕੁਛ ਚਿਰ ਹੋਰ ਵਾਰਤਾਲਾਪ ਹੋਕੇ ਚਾਚੇ ਨੇ ਕਿਹਾ ਕਿ ਰਾਇ ਦਰਸ਼ਨਾਂ ਦੀ ਲਾਲਸਾ ਵਿਚ ਹੈ ਤੇ ਤੁਸਾਂ ਜੀ ਨੂੰ ਯਾਦ ਕਰ ਕਰਕੇ ਬਹੁਤ ਵੈਰਾਗ ਕਰਦਾ ਹੈ, ਉਸ ਤਾਂਈਂ ਤਾਂ ਚੱਲੋ ! ਤਦ ਗੁਰੂ ਜੀ ਰਾਇ ਦੇ ਡੇਰੇ ਆਏ। ਰਾਇ ਮੰਜੀ ਤੇ ਬੈਠਾ ਸੀ[2], ਗੁਰੂ ਜੀ ਨੂੰ ਦੇਖਕੇ ਉਠਿਆ ਤੇ ਨੇੜੇ ਆਇਆਂ ਤੇ ਪੈਰਾਂ ਤੇ ਡਿੱਗਣ ਲਗੇ ਨੂੰ ਗੁਰੂ ਜੀ ਨੇ ਸੰਭਾਲਿਆ। ਰਾਇ ਨੇ ਆਪ ਨੂੰ ਮੰਜੇ ਦੇ ਸਿਰ੍ਹਾਣੇ ਵਲ ਬਿਠਾਇਆ ਤੇ ਆਪ ਦਾਵਣ ਵਲ ਹੋ ਬੈਠਾ। ਕਿਤਨਾ ਚਿਰ ਰਾਇ ਦੇ ਨੈਣਾਂ ਵਿਚੋਂ ਅੱਥਰੂ ਕਿਰਦੇ ਰਹੇ ਤੇ ਗੁਰੂ ਜੀ ਕਿਸੇ ਮਿਹਰ ਨਾਲ ਉਸ ਵੱਲ ਤੱਕਦੇ ਰਹੇ। ਤੇ ਫੇਰ ਰਾਇ ਨੇ ਆਖਿਆ, ਹੇ ਬਖਸ਼ੇ ਹੋਏ ! ਮੈਨੂੰ ਕਰਤਾਰ ਤੋਂ ਬਖਸ਼ਾਇ ਦੇਹ।

ਗੁਰੂ ਜੀ-ਤੁਸੀਂ ਰਾਇ ਜੀ ਧੁਰ ਦੇ ਬਖਸ਼ੇ ਗਏ ਹੋ।

ਰਾਇ-ਧੁਰੋਂ ਬਖਸ਼ਾਇਆ ਹਈ ਤਾਂ ਆਪ ਵੀ ਕੁਛ ਆਪਣੀ ਮਿਹਰ ਕਰੋ।

ਗੁਰੂ ਜੀ-ਰਾਇ ਜੀਓ ਜੀ, ਜਿਥੇ ਅਸੀਂ ਓਥੇ ਤੁਸੀਂ।

ਰਾਇ-ਇਕ ਵੇਰ ਮੱਥਾ ਚਰਨਾਂ ਨੂੰ ਲਾ ਲੈਣ ਦਿਓ, ਮੇਰੀ ਪੂਰੀ ਤਾਂ ਪੈਂਦੀ ਏ। ਇਹ ਕਹਿਕੇ ਰਾਇ ਮੱਲੋ ਮੱਲੀ ਮੰਜੀ ਤੋਂ ਹੇਠ ਹੋ ਗਿਆ ਤੇ ਸੁਹਣੇ ਸੁਹਣੇ ਚਰਨਾਂ ਨਾਲ ਸਿਰ ਲਾ ਲਿਆ। ਸਿਰ ਚਰਨਾਂ ਨਾਲ ਛੁਹੰਦਿਆ ਸਾਰ ਰਾਇ ਜੀ ਦੇ ਮਨ ਵਿਚ ਜਿੱਥੇ ਪਜਾਰ ਤੇ ਬਿਰਹਾ ਡੇਰੇ ਲਾਈ ਬੈਠੇ ਸੀ ਖੇੜੇ ਦੀ ਝਰਨਾਟ ਛਿੜੀ ਤੇ ਲੂੰ ਲੂੰ ਵਿਗਾਸ ਗਿਆ। 'ਨਾਨਕ ਭਗਤਾ ਸਦਾ ਵਿਗਾਸੁ'। ਰਾਇ ਨੂੰ 'ਆਤਮ ਵਿਗਾਸੁ' ਜੋ ਸੱਚੀ ਭਗਤੀ ਦਾ ਫਲ ਹੈ, ਪ੍ਰਾਪਤ ਹੋਇਆ। ਇਸ ਵਿਗਾਸ ਦੇ ਆਇਆਂ ਪਾਪਾਂ ਤੇ ਉਨ੍ਹਾਂ ਦੇ ਫਲ ਦੁਖਾਂ ਦਾ ਨਾਸ਼ ਹੁੰਦਾ ਹੈ-"ਸੁਣਿਐ ਦੂਖ ਪਾਪ ਕਾ ਨਾਸੁ ॥" ਦੁਖ ਪਾਪ ਝੜੇ ਤਾਂ "ਨਾਨਕ ਭਗਤਾ ਸਦਾ ਵਿਗਾਸੁ ॥"

ਕੁਛ ਚਿਰ ਇਸ ਰਸ ਵਿਚ ਨਿਮਗਨ ਰਹਿਕੇ ਰਾਇ ਨੇ ਆਪਣੇ ਦਾਸ ਨੂੰ ਕਿਹਾ ਕਿ ਸੁੱਧੇ ਬ੍ਰਾਹਮਣ ਨੂੰ ਆਖੋ ਪ੍ਰਸ਼ਾਦਿ ਤਿਆਰ ਕਰੇ। ਅਜ ਪ੍ਰਸ਼ਾਦ ਏਥੇ ਹੀ ਸਭਨਾਂ ਨੇ ਛਕਿਆ।

ਰਾਇ ਨਾਲ ਇਤਨਾ ਪ੍ਰੇਮ ਦੇਖਕੇ ਪਰਿਵਾਰ ਸਾਰੇ ਨੇ ਜ਼ੋਰ ਦਿੱਤਾ ਕਿ ਰਾਇ ਜੀ ਤੁਸੀਂ ਪ੍ਰੇਰਨਾ ਕਰੋ ਕਿ ਨਾਨਕ ਬਾਹਰ ਨਾ ਜਾਵੇ, ਤਪੋ ਵੇਸ ਵਿਚ ਹੀ ਰਹੇ, ਪਰ ਏਥੇ ਹੀ ਰਹੇ। ਰਾਇ ਨੇ ਬੇਨਤੀ ਕੀਤੀ ਕਿ ਆਪ ਫਕੀਰੀ ਹੀ ਕਰੋ, ਪਰ ਟਿਕੋ ਏਥੇ ਹੀ। ਜ਼ਿਮੀਂ ਸਭ, ਜੋ ਮੇਰੀ ਹੈ, ਆਪ ਦੀ ਬਖਸ਼ੀਸ਼ ਹੈ। ਕਾਮੇ ਕੰਮ ਕਰਨਗੇ ਆਪ ਵੰਡੋ ਵਰਤਾਓ, ਜਿਵੇਂ ਸੁਖ ਮੰਨੋਂ ਕਰੋ, ਕੋਈ ਕੁਛ ਨਾ ਕਹੇਗਾ। ਗੁਰੂ ਜੀ ਬੋਲੇ; ਕਿਰਸਾਨੀ, ਹੱਟੀ ਬਹਿਕੇ ਵਪਾਰ, ਫਿਰਕੇ ਸੁਦਾਗਰੀ ਤੇ ਲੱਕ ਬੰਨ੍ਹ ਕੇ ਚਾਕਰੀ ਸਭਨੀਂ ਥੋਕੀਂ ਅਸਾਂ ਨਾਮ ਸਾਂਈਂ ਦਾ ਚਿਤ ਕੀਤਾ ਹੈ, ਇਹੋ ਹੈ ਕਿਰਸਾਣੀ, ਇਹੋ ਹੱਟ, ਇਹੋ ਸੁਦਾਗਰੀ ਤੇ ਇਹੋ ਚਾਕਰੀ ਕਰਨੀ ਹੈ[3]। ਰਾਇ ਜੀ ! ਇਹ ਸਭ ਕੁਛ ਸਾਹਿਬ ਦੇ ਹੁਕਮ ਵਿਚ ਹੈ। ਰਾਇ ਤਾਂ ਰਜ਼ਾ ਦਾ ਬੰਦਾ ਸੀ, ਉਸ ਸਮਝ ਲਿਆ ਕਿ ਏਹ ਸਾਹਿਬ ਦੇ ਰੰਗ ਰੱਤੇ ਹਨ। ਉਸ ਦੇ ਪ੍ਰੇਮ ਵਿਚ ਜਗਤ ਤਾਰਨ

---

[1] ਇਸ ਲੇਖ ਦਾ 'ਤੁਲਸਾਂ ਦਾਸੀ ਦਾ ਨਿਸਤਾਰਾ' ਤੱਕ ਦਾ ਹਿੱਸਾ ਟ੍ਰੈਕਟ ਨੰ: ੧੦੪੨ ਵਿਚੋਂ ਹੈ ਜੋ ਗੁਰਪੁਰਬ ਕੱਤਕ ਪੂਰਨਮਾਸੀ ਸੰ: ਗੁ: ਨਾ: ਸਾ: ੪੭੪ (੧੯੪੨ ਈ:) ਨੂੰ ਪ੍ਰਕਾਸ਼ਤ ਹੋਇਆ ਸੀ, ਤੇ ਬਾਕੀ ਦਾ ਇਸੇ ਸੰਚੇ ਦੀ ਪਹਿਲੀ ਐਡੀਸ਼ਨ ਲਈ ਅਗਸਤ ੧੯੨੮ ਵਿਚ ਲਿਖਿਆ ਗਿਆ ਸੀ।

[2] ਤਵਾਰੀਖ ਖਾਲਸਾ।

[3] ਸੋਰਠਿ ਮ: ੧ ਵਿਚ 'ਮਨੁ ਹਾਲੀ ਕਿਰਸਾਣੀ ਕਰਣੀ' ਇਹ ਸ਼ਬਦ ਸਾਹਿਬਾਂ ਨੇ ਇਸ ਵੇਲੇ ਉਚਾਰਿਆ ਲਿਖਿਆ ਹੈ, ਜਿਸ ਦਾ ਤੱਤ ਸਾਰ ਇਹ ਹੈ।

ਲਈ ਫਕੀਰ ਬਣੇ ਹਨ। ਇਨ੍ਹਾਂ ਨੂੰ ਅਟਕਾਉਣਾ ਰਜ਼ਾ ਵਿਚ ਦਖਲ ਦੇਣਾ ਹੋਸੀ, ਤਾਂ ਫੇਰ ਇਹ ਗੱਲ ਆਖੀਓਸੁ :-

ਕੋਈ ਹੋਰ ਫੁਰਮਾਇਸ ਕਰੋ ਜੋ ਅਸੀਂ ਬੀ ਕਬੂਲ ਪਵੀਏ। ਤਾਂ ਗੁਰੂ ਜੀ ਬੋਲੇ : ਹੇ ਰਾਇ ! ਫੁਰਮਾਇਸ਼ ਇਹ ਹੈ:-ਉਹ ਕੰਮ ਕਰਨਾ ਜੋ ਉਸ (ਰੱਬ) ਨੂੰ ਭਾਵੇ, ਉਸ ਰੱਬ ਨੂੰ ਧਿਆਉਣਾ, ਜਿਥੇ ਜ਼ੋਰ ਨਾ ਚੱਲੇ, ਉਥੇ ਜ਼ੋਰ ਸਾਂਈਂ ਨੂੰ ਆਰਾਧਣ ਉਤੇ ਲਾਉਣਾ। ਓਸੇ ਦੀ ਸ਼ਰਨ ਰਹਿਣਾ[1]।

{ਤੁਲਸਾਂ ਦਾਸੀ ਦਾ ਨਿਸਤਾਰਾ}

ਇਨ੍ਹਾਂ ਦਿਨਾਂ ਦੀ ਹੀ ਵਾਰਤਾ ਹੈ ਕਿ ਇਕ ਦਿਨ ਮਾਤਾ ਤ੍ਰਿਪਤਾ ਜੀ ਬੋਲੇ: 'ਤੁਲਸਾਂ ਜਾਹੁ ਲਾਲ ਜੀ ਨੂੰ ਆਖ ਜੋ ਭੋਜਨ ਤਿਆਰ ਹੈ ਛਕ ਲੈਣ।'

ਤੁਲਸਾਂ-ਸਤਿ ਬਚਨ ਜੀ !

ਜਾਂ ਤੁਲਸਾਂ ਗਈ ਤਾਂ ਜਗਤ ਨੂੰ ਸੁੰਦਰਤਾ ਪ੍ਰਦਾਨ ਕਰਨ ਵਾਲੇ ਸਤਿਗੁਰ ਨਾਨਕ ਦੇਵ ਜੀ ਬਿਰਾਜ ਰਹੇ ਸਨ। ਚਿਹਰੇ ਤੇ ਕੁਛ ਐਸਾ ਉੱਚਾ ਤੇ ਪਾਵਨ ਪ੍ਰਭਾਉ ਸੀ ਕਿ ਤੁਲਸਾਂ ਦਾ ਜਗਾਉਣ ਦਾ ਹੌਂਸਲਾ ਨਾ ਪਿਆ। ਫਿਰ ਸੋਚਓਸੁ ਕਿ ਜੇ ਮੈਂ ਚਰਨ ਘੁੱਟਾਂ ਤਾਂ ਸੁਖ ਨਾਲ ਜਾਗ ਪੈਣਗੇ। ਇਹ ਸੋਚਕੇ ਤੁਲਸਾਂ ਨੇ ਜਦ ਚਰਨ ਛੋਹੇ ਤਾਂ ਉਸ ਦੇ ਸਰੀਰ ਵਿਚ ਜੀਵਨ ਦੀ ਝਰਨਾਟ ਛਿੜ ਗਈ, ਜਿਸ ਤਰ੍ਹਾਂ ਬਿਜਲੀ ਨੂੰ ਛੋਹਿਆਂ ਸਰੀਰ ਵਿਚੋਂ ਥਰਰ ਕਰਦੀ ਇਕ ਰੌ ਲੰਘਦੀ ਹੈ। ਇਸ ਝਰਨਾਟ ਨੇ ਉਸ ਦੀਆਂ ਅੱਖਾਂ ਦੇ ਛੌੜ ਕੱਟ ਦਿੱਤੇ, ਘਰ ਦਾ ਟਿੱਕਾ ਉਸ ਨੂੰ ਸੰਸਾਰ ਦਾ ਟਿੱਕਾ ਹੋ ਦਿੱਸਿਆ, ਉਸ ਦੇ ਮਨ ਨੇ ਲਖ ਲਿਆ ਕਿ ਇਹ ਸੱਚਾ ਪੁਰਖ ਹੈ ਤੇ ਜਗਤ ਵਿਚ ਮਾਨੁਖੀ ਖੇਲ ਕਰ ਰਿਹਾ ਹੈ। ਐਸੀ ਉੱਚੀ ਸੁਰਤ ਹੋ ਗਈ ਕਿ ਦਾਸੀ ਦਾ ਮਨ ਉੱਚੇ ਮੰਡਲਾਂ ਵਿਚ ਚਲਾ ਗਿਆ। ਚਾਰ ਚੁਫੇਰੇ ਕੀ ਤੱਕੇ ਕਿ ਸੰਸਾਰ ਦਾ ਰੂਹ ਬਦਲ ਗਿਆ ਹੈ, ਕੋਈ ਦੁਖ ਕਲੇਸ਼ ਨਹੀਂ ਹੈ, ਭੈ ਭਰਮ ਦਾ ਨਕਸ਼ਾ ਹੀ ਨਹੀਂ ਰਿਹਾ, ਸੁਖ ਹੀ ਸੁਖ ਹੈ। ਆਹ, ਜਿਨ੍ਹਾਂ ਚਰਨਾਂ ਦੇ ਛੂਹਣ ਨੇ ਇਹ ਰੰਗ ਪਲਟ ਦਿੱਤਾ ਹੁਣ ਬੇਬਸੀ ਉਹਨਾਂ ਉਤੇ ਮਸਤਕ ਲਾਉਂਦੀ ਹੈ। ਨੇਤਰਾਂ ਨਾਲ ਉਹਨਾਂ ਨੂੰ ਘੁੱਟਦੀ ਹੈ ਤੇ ਸਦਕੇ ਹੋ ਹੋ ਕੇ ਵੇਖਦੀ ਹੈ ਕਿ ਸਾਰੇ ਸੰਸਾਰ ਦਾ ਕੇਂਦਰ ਹੈ ਤਾਂ ਇਹ ਹੈ। ਬਿਹਬਲ ਹੋਈ ਚਰਨਾਂ ਨੂੰ ਚੁੰਮਦੀ ਹੈ ਤਾਂ ਨੇਤ੍ਰ ਇਕ ਗੇੜ ਖਾਕੇ ਇਕ ਕੁਪਾਹੀ ਰੰਗ ਦੇ ਤ੍ਰਿੱਖੇ ਪਰ ਠੰਢੇ ਚਾਨਣੇ ਵਿਚ ਜਾ ਖੁੱਲ੍ਹਦੇ ਹਨ। ਹੁਣ ਕੀ ਵੇਖਦੀ ਹੈ ਕਿ ਸਤਿਗੁਰੂ ਦੇ ਪਿਆਰੇ ਸਿੱਖ ਮਨਸੁਖ ਦਾ ਜਹਾਜ਼ ਸੰਗਲਾਦੀਪ ਦੇ ਲਾਗੇ ਡੁੱਬਣ ਲੱਗਾ ਹੈ ਅਰ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਕੇ ਇਕ ਮਨ ਹੋ ਬਿਨੈ ਕਰ ਰਿਹਾ ਹੈ ਤੇ ਸ੍ਰੀ ਸਤਿਗੁਰੂ ਜੀ ਆਪ ਪਹੁੰਚਕੇ ਉਸ ਦੀ ਸਹਾਇਤਾ ਕਰ ਰਹੇ ਹਨ। ਇੰਨੇ ਚਿਰ ਵਿਚ ਦੇਖਦੀ ਹੈ ਕਿ ਜਹਾਜ਼ ਖਤਰੇ ਤੋਂ ਪਾਰ ਹੋ ਜਾਂਦਾ ਹੈ। ਤੁਲਸਾਂ ਇਹ 'ਦਾਸਾਂ ਨਾਲ ਪਿਆਰ ਦੇ ਬਿਰਦ ਦਾ' ਕੌਤਕ ਤੱਕ ਰਹੀ ਸੀ ਕਿ ਅੰਦਰੋਂ ਅਵਾਜ਼ ਆਈ : ਨੀ ਤੁਲਸਾਂ, ਬੀਬੀ ! ਛੇਤੀ ਲਾਲ ਜੀ ਨੂੰ ਜਗਾ ਲਿਆ।'

ਤੁਲਸਾਂ ਇਸ ਮੌਜ ਵਿਚੋਂ ਅਨਚਾਹੇ ਉੱਠੀ, ਅੰਦਰ ਗਈ ਤਾਂ ਮਾਤਾ ਜੀ ਨੇ ਪੁੱਛਿਆ : 'ਲਾਲ ਜੀ ਉੱਠੇ ਹਨ ਕਿ ਨਹੀਂ ?'

ਤੁਲਸਾਂ-ਮਾਤਾ ਜੀ ! ਲਾਲ ਜੀ ਨਾ ਆਖੋ। ਸ੍ਰਿਸ਼ਟੀ ਦੇ ਮਾਲਕ ਜੀ ਆਖੋ। ਉਹ ਕੋਈ ਸੁੱਤੇ ਤਾਂ ਨਹੀਂ ਹੋਏ ਜੋ ਮੈਂ ਜਗਾ ਸਕਾਂ। ਅੰਮਾਂ ! ਉਹ ਤਾਂ ਮਨਸੁਖ ਦਾ ਡੁਬਦਾ ਜਹਾਜ਼ ਪਏ ਪਾਰ ਕਰਦੇ

---

[1] ਇਕ ਫੁਰਮਾਇਸ਼ ਆਖੀਐ ਜੇ ਮੰਨੈ ਸਾਂਈ ॥ ਜਿਸਤੇ ਜੋਰ ਨ ਚਲਦੀ ਕਰਿ ਜੋਰ ਧਿਆਈ ॥ ਐਸਾ ਸਤਿਗੁਰ ਰਾਇ ਜੀ ਕਿਸੈ ਹਾਥ ਨਾ ਆਵੈ ॥ ਸੋਈ ਕਾਰ ਕਮਾਵਣੀ ਜੋ ਉਸ ਕੋ ਭਾਵੈ ॥੧॥ ਰਹਾਉ ॥ ਹਿਕਮਤਿ ਹੁਕਮ ਨ ਚਲਈ ਕੋਈ ਕਰਿ ਦੇਖੈ ॥ ਸੇਖ ਮਸਾਇਕ ਸਿਧ ਸਾਧ ਸਭ ਲਿਖੀਐ ਲੇਖੈ ॥ਦਸ ਅਵਤਾਰੀ ਆਇਆ ਜਗੁ ਹੁਕਮ ਚਲਾਇਆ ॥ ਅੰਤ ਕਾਲ ਧਰਤੀ ਪਏ ਕੁਝ ਹਥ ਨ ਆਇਆ ॥ ਵਡੇ ਵਡੇ ਮਹਾਂ ਬਲੀ ਜੋਧੇ ਅਰ ਸੂਰੇ ॥ ਕਹ ਨਾਨਕ ਸਭ ਦੇਖਿਆ ਸਭ ਧਰਤੀ ਧੂਰੇ।

ਇਹ ਸ਼ਬਦ ਜ: ਸਾ: ਬਾ: ਵਿਚ ਇਥੇ ਦਿੱਤਾ ਹੈ ਪਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

[2] ਤੁਲਸਾਂ ਦਾਸੀ ਦੀ ਕਥਾ ਬੀ ਗੁਰੂ ਨਾਨਕ ਪ੍ਰਕਾਸ਼ ਵਿਚ ਏਥੇ ਹੀ ਲਿਖੀ ਹੈ।

ਹਨ। ਮੇਰਾ ਹੀਆ ਤਾਂ ਨਹੀਂ ਪਿਆ ਜੋ ਜਗਾ ਲਿਆਵਾਂ

ਮਾਤਾ-ਹੱਛਾ ਬੱਚੀ, ਕੌਨ ਹੱਸਣੀਗੇ, ਹੱਥਾਂ ਦੇ ਜਾਏ ? ਇਹ ਬੀ ਦਿਨ ਆਉਣੇ ਸਨ, ਤੂੰ ਬੀ ਸਾਨੂੰ ਮਖ਼ੌਲ ਕਰਨੇ ਸਨ।

ਇਹ ਕਹਿਕੇ ਮਾਤਾ ਆਪ ਗਈ ਤੇ ਇਧਰ ਚੌਂਕੇ ਵਿਚ ਬੇਬੇ ਨਾਨਕੀ ਆ ਬੈਠੀ :-

ਬੇਬੇ ਨਾਨਕੀ-ਤੁਲਸਾਂ ! ਤੂੰ ਭਾਰੀ ਭੁੱਲ ਕੀਤੀ ਹੈ। ਜੇ ਵਾਹਿਗੁਰੂ ਦੇ ਭੇਤਾਂ ਵਿਚੋਂ ਕਿਣਕਾ ਮਿਲ ਜਾਏ ਤਾਂ ਇਸ ਤਰ੍ਹਾਂ ਪ੍ਰਗਟ ਨਹੀਂ ਕਰੀਦਾ। ਪਰਮੇਸ਼ੁਰ ਦੇ ਪਿਆਰਿਆਂ ਨੂੰ ਕੌਣ ਪਛਾਣਦਾ ਹੈ ? ਸਾਰਾ ਸੰਸਾਰ ਸਦਾ ਤੋਂ ਰੱਬ ਪਿਆਰਿਆਂ ਨੂੰ ਮਖੌਲ ਕਰਦਾ ਹੈ ਪਿਛੋਂ ਪਛੁਤਾਉਂਦਾ ਹੈ; ਪਰ ਜੀਉਂਦੇ ਜੀ ਹਰ ਸਮੇਂ ਬੇਕਦਰੀ ਹੀ ਰਹੀ ਹੈ। ਜਦ ਪਰਮੇਸ਼ੁਰ ਦੀ ਜਾਂ ਪਰਮੇਸ਼ੁਰ ਦੇ ਪਿਆਰਿਆਂ ਦੀ ਕਰਨੀ ਦੀ ਕੀਰਤਿ ਬੇ ਵਿਚਾਰੇ ਕਰੋ ਤਾਂ ਨਿੰਦਾ ਹੁੰਦੀ ਹੈ, ਇਸ ਕਰਕੇ ਇਹ ਪਿਆਰ ਨਹੀਂ ਹੁੰਦਾ, ਸਗੋਂ ਆਪ ਨਿੰਦਾ ਕਰਵਾਈਦੀ ਹੈ। ਬੀਬੀ ! ਜੀਭ ਨੂੰ ਜੰਦਰਾ ਮਾਰ ਤੇ ਅੰਦਰ ਸੁਖ ਲੈ।

ਏਨੇ ਨੂੰ ਮਾਤਾ ਕੌਤਕਹਾਰ ਸਤਿਗੁਰੂ ਜੀ ਨੂੰ ਆਪ ਜਗਾ ਲਿਆਈ। ਆਕੇ ਪ੍ਰਸ਼ਾਦ ਛਕਾਇਆ ਤੇ ਪਿਛੋਂ ਕਹਿਣ ਲੱਗੀ ਕਿ 'ਦੇਖ ਲਾਲ ! ਜੇ ਤੂੰ ਫਕੀਰਾਂ ਵਾਂਙ ਬਉਰਾਨਿਆਂ ਨਾ ਫਿਰੇਂ, ਕੋਈ ਕੰਮ ਕਾਜ ਕਰੇਂ, ਸੁਹਣਾ ਪਰ੍ਹੇ ਪੰਚੈਤ ਵਿਚ ਬੈਠੇਂ ਤਾਂ ਸਾਨੂੰ ਲੋਕ ਮਖ਼ੌਲ ਟਿਚਕਰਾਂ ਤਾਂ ਨਾ ਕਰਨ ! ਅਗੇ ਤਾਂ ਬਾਹਰ ਦੇ ਹੱਸਦੇ ਸਨ, ਹੁਣ ਤਾਂ ਘਰ ਦੇ ਨੌਕਰ ਬੀ ਪਏ ਠੱਠੇ ਕਰਦੇ ਹਨ।'

ਸਤਿਗੁਰੂ ਜੀ-ਮਾਤਾ ਜੀ ! ਕਿਸ ਨੇ ਆਪ ਨੂੰ ਕੋਈ ਬੇਅਦਬੀ ਦਾ ਵਾਕ ਬੋਲਿਆ ਹੈ ?

ਮਾਤਾ-ਆਹ ਦੇਖਾਂ, ਤੁਲਸਾਂ ਅੱਜ ਆਖਦੀ ਸੀ ਕਿ ਮੈਂ ਕਿਸਨੂੰ ਜਗਾਵਾਂ, ਲਾਲ ਤਾਂ ਸਮੁੰਦਰਾਂ ਵਿਚ ਜਹਾਜ਼ ਪਿਆ ਤਾਰਦਾ ਹੈ !

ਸਤਿਗੁਰੂ-ਮਾਤਾ ਜੀ ! ਤੁਸੀਂ ਦੁਖ ਨਾ ਕਰੋ, ਤੁਲਸਾਂ ਦਾ ਕੀ ਹੈ, ਇਹ ਤਾਂ ਕਮਲੀ ਹੈ, ਕਮਲਿਆਂ ਦਾ ਕੀ ਗੁੱਸਾ?

ਇਹ ਕਹਿਣਾ ਸੀ, ਕਿ ਬੇਬੇ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ, ਜ਼ਮੀਨ ਅਸਮਾਨ ਚੱਕਰ ਖਾ ਗਏ, 'ਹਾਹ'ਕਰਕੇ ਹਾਵਾ ਖਾਧਾ, ਪਰ ਫੇਰ ਸੰਭਲੀ, ਜ਼ੁਬਾਨ ਰੋਕੀ, ਚੁਫੇਰੇ ਤੱਕੀ। ਤੁਲਸਾਂ ਕਮਲੀ ਹੋ ਗਈ।

ਅਗਲੇ ਭਲਕ ਜਦ ਸ੍ਰੀ ਗੁਰੂ ਜੀ ਏਕਾਂਤ ਬੈਠੇ ਸੇ ਤਾਂ ਤਰਸ ਦੀ ਖਾਣ ਬੇਬੇ ਨੇ ਜਾ ਬੇਨਤੀ ਕੀਤੀ। ਹੇ ਵੀਰ ! ਹੇ ਜੋਤਿ ਨਿਰੰਜਨੀ, ਤੁਲਸਾਂ ਤੇ ਮਿਹਰ !

ਸਤਿਗੁਰੂ ਜੀ-ਬੇਬੇ ! ਫਿਕਰ ਨਾ ਕਰੋ, ਤੁਲਸਾਂ ਦਾ ਕੁਛ ਨਹੀਂ ਵਿਗੜਦਾ। ਉਹ ਸਾਂਈਂ ਨੂੰ ਸਿਮਰੇਗੀ ਤੇ ਪਚਾਵੇਗੀ। ਅਜਰ ਨੂੰ ਜਰੇਗੀ। ਕਮਲ ਏਨਾ ਹੀ ਰਹੇਗਾ, ਜੋ ਪ੍ਰਾਪਤ ਵਸਤੂ ਨੂੰ ਭੰਡੇਗੀ ਨਹੀਂ, ਹੋਰ ਕਿਸੇ ਗਲੋਂ ਕਮਲੀ ਨਹੀਂ ਹੋਵੇਗੀ। ਕਮਲਾ ਉਹ ਜੋ ਵਾਹਿਗੁਰੂ ਦੇ ਪਿਆਰ ਵਿਚ ਬੋਲ ਨਾ ਸਕੇ, ਤੁਲਸਾਂ ਨੂੰ ਹਾਜ਼ਮੇ ਦਾ ਚੂਰਨ ਮਿਲਿਆ ਹੈ, ਅੰਦਰਲੇ ਸੁਖ ਨੂੰ ਜੀਉਰੇਗੀ ਤੇ ਜਰੇਗੀ।

ਜੋਤਿ ਨਿਰੰਜਨੀ ਨੂੰ ਪਹਿਲੀ ਪਛਾਣਨਹਾਰ ਬੇਬੇ ਨੇ ਸ਼ੁਕਰ ਕੀਤਾ। ਤੁਲਸਾਂ ਦੇ ਦਿਨ ਆਤਮ ਸੁਖ ਵਿਚ ਲੰਘੇ।

ਸੂਚਨਾ-ਇਸ ਪ੍ਰਕਾਰ ਕੁਛ ਦਿਨ ਤਲਵੰਡੀ ਰਹਿਕੇ ਸ੍ਰੀ ਗੁਰੂ ਜੀ ਫੇਰ ਸੈਦਪੁਰ ਸੰਡਿਆਲੀ[੧] ਲਾਲੋ ਦੇ ਘਰ ਚਲੇ ਗਏ। ਪੰਜ ਦਿਨ ਰਹਿਕੇ ਫੇਰ ਓਥੋਂ ਬੀ ਚਲੇ ਗਏ। ਇਹਨਾਂ ਲੇਖਕਾਂ ਨੇ ਰਸਤੇ ਦੇ ਹਾਲ ਨਹੀਂ ਦਿੱਤੇ। ਪੁਰਾਤਨ ਜਨਮ ਸਾਖੀ ਨੇ ਸੁਲਤਾਨ ਪੁਰੋਂ 'ਤਬ ਬਾਬਾ ਜੀ ਉਜੜ ਕਉ ਚਲੇ'ਲਿਖਿਆ ਹੈ ਤੇ ਅਗੇ ਉੱਪਲ ਖੱਤਰੀਆਂ ਦੇ ਘਰ ਵਾਲੀ ਨਗਰੀ ਦਾ ਤੇ ਸੱਜਣ ਠੱਗ ਦਾ ਪ੍ਰਸੰਗ ਦਿੱਤਾ ਹੈ।

ਜਾਪਦਾ ਇਉਂ ਹੈ ਕਿ ਗੁਰੂ ਜੀ ਸੈਦਪੁਰ ਜ਼ਰੂਰ ਗਏ ਹਨ, ਓਥੇ ਨਿਸ਼ਾਨ-ਮੰਦਰ, ਰੋੜੀ ਸਾਹਿਬ ਤੇ ਲਾਲੋ ਦਾ ਕੋਠਾ-ਹੁਣ ਤੱਕ ਮੌਜੂਦ ਹਨ ਤੇ ਇਹ ਬੀ ਠੀਕ ਲੱਗਦਾ ਹੈ ਕਿ ਰਾਇ ਨੂੰ ਮਿਲਣ ਤਲਵੰਡੀ ਗਏ ਹੋਣ, ਕਿਉਂਕਿ ਉਹ ਬਿਰਧ ਸੀ ਤੇ ਉਸ ਦੀ ਕਲਿਆਣ ਸਤਿਗੁਰਾਂ ਦਾ ਪਰਮ ਪਿਆਰਾ ਮਨਤੱਵ ਸੀ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਸਾਹਿਬ ਦਾ ਦੋਹੀਂ

[੧] ਇਸ ਨਗਰ ਦਾ ਨਾਉਂ ਹੁਣ ਏਮਨਾਬਾਦ ਹੈ।

ਥਾਂਈਂ ਜਾਣਾ ਲਿਖਿਆ ਹੈ (ਪੰਨਾ ੭੮-੮੩)। ਉਥੋਂ ਉਰਾਰ ਆਏ ਦੱਖਣ ਨੂੰ ਟੁਰ ਪਏ ਹਨ ਤੇ ਉਜਾੜੋ ਉਜਾੜ ਚਲੇ ਗਏ ਹਨ। ਇਹ ਲਾਹੌਰੋਂ ਦੱਖਣ ਨੂੰ ਬਾਰ ਵਿਚਦੀ ਸਫਰ ਕਰਨ ਤੋਂ ਮੁਰਾਦ ਹੈ। ਇਕ ਵਸਤੀ ਕੋਲ ਨਗਰੋਂ ਬਾਹਰ ਡੇਰਾ ਕਰਦੇ ਹਨ ਤੇ ਮਰਦਾਨੇ ਨੂੰ ਕਹਿੰਦੇ ਹਨ ਕਿ ਜਾਹ ਨਗਰੀ ਵਿਚ ਉੱਪਲ ਖੱਤਰੀਆਂ ਦਾ ਘਰ ਹੈ, ਉਥੇ ਜਾ ਖੜੋ, ਤੈਨੂੰ ਭੋਜਨ ਆਦਿ ਸਭ ਕੁਛ ਮਿਲੇਗਾ। ਹੜੱਪੇ ਦੇ ਗੁਰਦੁਆਰੇ ਜਾ ਖੜੋਈਏ ਤਾਂ ਜਾਪਦਾ ਹੈ ਕਿ ਉਜਾੜਾਂ ਲੰਘਕੇ ਵਸਤੀ ਸੋਹਣੀ ਉਸ ਸਮੇਂ ਇਹੋ ਸੀ। ਸ਼ਹਿਰੋਂ ਬਾਹਰ ਗੁਰਦੁਆਰਾ ਹੈ ਜੋ ਹੁਣ ਇਕ ਪ੍ਰੇਮੀ ਸਿੰਘ ਦੇ ਉੱਦਮ ਨਾਲ ਬੜਾ ਸੋਹਣਾ ਬਣ ਗਿਆ ਹੈ। ਏਥੇ ਆਪ ਟਿਕੇ ਤੇ ਮਰਦਾਨਾ ਸ਼ਹਿਰ ਵਿਚ ਉੱਪਲਾਂ ਦੇ ਘਰ ਜਾ ਖੜੋਤਾ। ਇਹ ਪ੍ਰਸੰਗ ਅਗੇ ਆਉਂਦਾ ਹੈ। ਇਸ ਟਿਕਾਣਿਓਂ ਟੁਰਕੇ ਗੁਰੂ ਜੀ ਸੱਜਣ ਦੇ ਘਰ ਜਾ ਅੱਪੜਦੇ ਹਨ। ਸੱਜਣ ਦੀ ਸਮਾਧ ਹੁਣ ਤੱਕ ਮੌਜੂਦ ਹੈ ਤੇ ਤਲੁੰਭੇ ਦੇ ਇਲਾਕੇ ਭਾਈ ਜੋਧ ਦੀ ਧਰਮਸਾਲ ਦੇ ਨੇੜੇ ਹੈ। ਸੋ ਹੜੱਪੇ ਤੋਂ ਹੋਰ ਹੇਠਾਂ ਨੂੰ ਜਾਕੇ ਇਹ ਟਿਕਾਣਾ ਆਉਂਦਾ ਹੈ। ਜੇ ਪੁਰਾਣੀ ਸ਼ਾਹੀ ਸੜਕ ਤੇ, ਜਿਸ ਨੂੰ ਕੱਖਾਂ ਵਾਲੀ ਸੜਕ ਕਹਿੰਦੇ ਹਨ, ਮਿੰਟਗੁਮਰੀ ਤੋਂ ਟੁਰੀਏ ਤਾਂ ਪਹਿਲੇ ਹੜੱਪਾ, ਫੇਰ ਚੀਚਾਵਤਨੀ, ਫੇਰ ਬੁਰੇਜੀ ਫੇਰ ਤਲੁੰਭਾ ਤੇ ਫੇਰ ਮਖਦੂਮ ਪੁਰ, ਫੇਰ ਕਰੀਰ ਵਾਲਾ, ਰਾਵਾਂ ਤੇ ਅੱਗੇ ਮੁਲਤਾਨ ਆਉਂਦੇ ਹਨ। ਮਖਦੂਮ ਪੁਰ ਰੇਲ ਦਾ ਸਟੇਸ਼ਨ ਹੈ ਜੋ ਖਾਨੇਵਾਲ ਸ਼ੋਰ ਕੋਟ ਦੇ ਵਿਚਕਾਰੇ ਹੈ, ਸਟੇਸ਼ਨ ਤੋਂ ਸਮਾਧ ਅੱਧਾ ਪੌਣਾ ਮੀਲ ਹੈ। ਇਥੇ ਇਕ ਪੁਰਾਣਾ ਥੇਹ ਹੈ, ਜੋ ਭਾਈ ਸੱਜਣ (ਠੱਗ) ਦੀ ਭਿੜਕੀ ਸਦਾਉਂਦੀ ਹੈ, ਇਹੋ ਵਸਤੀ ਸੀ ਉਸ ਦੀ। ਇਹ ਭਿੜਕੀ ਮਖਦੂਮ ਪੁਰ ਤੋਂ ਡੇਢ ਕੁ ਮੁਰੱਬੇ ਦੀ ਵਿੱਥ ਪੁਰ ਹੈ। ਸਮਾਧ ਅੱਜ ਕੱਲ ਗੁਸਾਂਈਆਂ ਦੇ ਕਬਜ਼ੇ ਵਿਚ ਹੈ, ਜੋ ਉਸ ਸਮਾਧ ਤੋਂ ਸੱਜਣ ਦਾ ਨਾਮ ਮੇਟਦੇ ਹਨ। ਪਰ ਸਾਰੇ ਪੁਰਾਤਨ ਦੱਸਦੇ ਹਨ ਕਿ ਤ੍ਰੈ ਸਮਾਧਾਂ ਵਿਚੋਂ ਇਕ ਸੱਜਣ ਦੀ ਹੈ ਤੇ ਦੋ ਗੁਸਾਂਈਆਂ ਦੀਆਂ, ਪਰ ਭਿੜਕੀ ਨੂੰ ਸਾਰੇ ਸੱਜਣ ਦੀ ਹੁਣ ਤੱਕ ਕਹਿੰਦੇ ਹਨ। ਸਮਾਧਾਂ ਦੇ ਨਾਲ ਹੀ ਭਾਈ ਜੋਧ ਦਾ ਪੱਕਾ ਡੇਰਾ ਹੈ, ਜੋ ਸ਼ਹਿਰੋਂ ਬਾਹਰ ਹੈ। ਪੁਰਾਤਨ ਲੋਕ ਦੱਸਦੇ ਹਨ ਕਿ ਸੱਜਣ ਨੂੰ ਤਾਰਕੇ ਗੁਰੂ ਬਾਬਾ ਜੀ ਏਥੇ ਬੈਠੇ ਸਨ। ਸੱਤਵੇਂ ਪਾਤਸ਼ਾਹ ਤੋਂ ਵਰੋਸਾਏ ਜਾਕੇ ਭਾਈ ਜੋਧ ਜੀ ਇਥੇ ਆ ਟਿਕੇ ਤੇ ਬੰਦਗੀ ਕਰਦੇ ਰਹੇ। ਦਸਮੇਂ ਪਾਤਸ਼ਾਹ ਦੇ ਸਮੇਂ ਮਸੰਦਾਂ ਦੀ ਪਕੜ ਵੇਲੇ ਭਾਈ ਜੋਧ ਵੀ ਆਨੰਦ ਪੁਰ ਅੱਪੜੇ। ਭਾਈ ਫੇਰੂ ਨੇ ਆਪ ਦੀ ਸੱਚੀ ਫਕੀਰੀ ਸਤਿਗੁਰਾਂ ਨੂੰ ਦੱਸੀ ਫੇਰ ਹੋਰ ਬਖਸ਼ਿਸ਼ ਹੋਈ, ਫੇਰ ਆਪ ਇਥੇ ਆ ਰਹੇ ਤੇ ਸਤਿਨਾਮ ਦਾ ਛੱਟਾ ਦੇਂਦੇ ਰਹੇ। ਏਥੇ ਹੀ ਆਪ ਚੜ੍ਹੇ ਸਨ। ਇਹ ਟਿਕਾਣਾ ਉਹਨਾਂ ਦੀ ਯਾਦਗਾਰ ਹੈ, ਜੋ ਸਟੇਸ਼ਨੋਂ ਅੱਧ ਕੁ ਮੀਲ ਰੇਲ ਦੇ 'ਸਿਗਨਲ' ਦੇ ਪਾਸ ਵਾਰ ਹੈ।'

ਸੱਜਣ ਦੀ ਸਮਾਧ ਨੂੰ ਕਈ ਲੋਕ ਭਾਈ ਸੱਜਣ ਦੀ ਸਮਾਧ ਕਹਿਣ ਦੀ ਥਾਂ ਬੇ-ਖਿਆਲੇ ਕਹਿ ਦੇਂਦੇ ਹਨ 'ਸੱਜਣ ਠਗ ਦੀ ਸਮਾਧ'। ਸੱਜਣ 'ਠੱਗ' ਨਾ ਰਿਹਾ 'ਸੰਤ' ਹੋ ਗਿਆ ਪਰ ਲਗੇ ਘਾਉ ਰਾਜ਼ੀ ਹੋਕੇ ਬੀ ਦਾਗ਼ ਛੋੜ ਜਾਂਦੇ ਹਨ, ਸੱਜਣ ਸੰਤ ਹੋ ਗਿਆ ਪਰ ਪਹਿਲੀ 'ਅੱਲ'-ਠੱਗ-ਨਾਮ ਨਾਲ ਲਗੀ ਹੀ ਰਹੀ। ਸੱਜਣ ਠੱਗ ਦਾ ਪ੍ਰਸੰਗ ਅੱਗੇ ਹੈ :-

## ੧੦. ਸੱਜਣ ਠੱਗ[1] ।

'ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭੀ ਇਕੋ ਜੇਹਾ।' {ਰਾਮ: ਵਾ: ਮ: ੫-੭}
'ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥ {ਰਾ: ਆ. ਮ. ੫}

੧. {ਹੜੱਪੇ ਦੀ ਸਾਖੀ}

'ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ॥
ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ॥
{ਵਾਰ ਮਾਝ ਸ: ਮ: ੧-੮}

[1] ਇਹ ਪ੍ਰਸੰਗ ੯ ਨਵੰਬਰ ੧੯੨੭ ਸੰਮਤ ਗ, ਨ, ਸਾ, ੪੫੯ ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

ਜਦ ਸ੍ਰੀ ਗੁਰੂ ਬਾਬਾ ਸਤਿਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਉਧਾਰਨ ਲਈ ਟੁਰ ਪਏ ਤਾਂ ਪਹਿਲੇ ਉਜਾੜਾਂ ਵਲ ਰੁਖ਼ ਕੀਤਾ। ਬਨੋਂ ਬਨ ਜਾਣ, ਵਸਤੀ ਆਵੇ ਤਾਂ ਵਿਚ ਵੜਨਾਂ ਨਾਂ। ਇਕ ਦਿਹਾੜੇ ਇਕ ਵਸਤੀ ਆਈ, ਤਾਂ ਮਰਦਾਨੇ ਨੂੰ ਆਪ ਨੇ ਪੁੱਛਿਆ : 'ਮਰਦਾਨਿਆਂ ! ਭੁੱਖ ਲੱਗੀ ਹਈ ?' ਤਾਂ ਮਰਦਾਨੇ ਆਖਿਆ : 'ਪਾਤਸ਼ਾਹ ! ਤੁਸੀਂ ਜਾਣੀ ਜਾਣ ਹੋ !' ਗੁਰੂ ਜੀ ਬੋਲੇ : 'ਜਾਹ ਮਰਦਾਨਿਆਂ ! ਵਸਤੀ ਵਿਚ ਜਾ ਵੜ ਤੇ ਰੋਟੀ ਖਾ ਆਉ।' ਮਰਦਾਨੇ ਆਖਿਆ : 'ਜੀਉ ਜੀ ! ਮੈਨੂੰ ਤਾਂ ਨਗਰੀ ਵਿਚ ਕੋਈ ਜਾਣਦਾ ਨਹੀਂ, ਰੋਟੀ ਬਿਨਾਂ ਮੰਗੇ ਕੌਣ ਦੇਵੇਗਾ ? ਆਖੋ ਤਾਂ ਮੰਗਕੇ ਖਾ ਆਵਾਂ ?

ਗੁਰੂ ਜੀ-ਸ਼ਬਦ ਦੇ ਗਾਵਣ ਹਾਰਿਆ ! ਤੈਨੂੰ ਮੰਗਣ ਦੀ ਕੀ ਲੋੜ ਹੈ, ਤੂੰ ਜਾਹ ਉੱਪਲ ਖੱਤ੍ਰੀਆਂ ਦਾ ਘਰ ਹਈ ਨਗਰੀ[1] ਵਿਚ, ਉਥੇ ਜਾ ਖੜੋ, ਚੁਪਾਤਾ ਹੀ ਰਹੀਂ, ਉਹ ਲੋਕ ਰੋਟੀ ਖਾਂਦੇ ਹੋਣਗੇ, ਤੈਨੂੰ ਜਾਂਦੇ ਸਾਰ ਦੇਖਕੇ ਖਿੜਨਗੇ, ਸਾਰੀ ਨਗਰੀ ਉਲਟ ਪਏਗੀ, ਹਿੰਦੂ ਮੁਸਲਮਾਨ ਸਭ ਤੇਰੀ ਪੈਰੀਂ ਪੈਣਗੇ, ਛਤੀਹ ਪ੍ਰਕਾਰ ਦੇ ਭੋਜਨ ਲਿਆ ਲਿਆ ਅੱਗੇ ਧਰਨਗੇ, ਕੋਈ ਬਸਤ੍ਰ ਬੀ ਲਿਆ ਭੇਟ ਧਰੇਗਾ। ਜੋ ਤੇਰੇ ਮੂੰਹ ਲੱਗੇਗਾ ਜੀ ਵਿਚ ਕਹੇਗਾ : ਇਥੇ ਸਰਬੰਸ ਲਿਆ ਅੱਗੇ ਧਰਾਂ। ਤੇਰੇ ਦਰਸ਼ਨਾਂ ਤੋਂ ਸਦਕੇ ਹੋ ਹੋ ਆਖਣਗੇ, ਵਾਹ ਵਾਹ ਸਾਂਈਂ ਦੇ ਸੁਹਣਿਆਂ ! ਤੈਥੋਂ ਨਿਹਾਲ ਹੋ ਰਹੇ ਹਾਂ। ਪਰ ਮਰਦਾਨਿਆਂ ! ਕੋਈ ਐਸੇ ਬੀ ਹੋਣਗੇ ਜੋ ਤੇਰੀ ਕੋਈ ਪ੍ਰਵਾਹ ਹੀ ਨਹੀਂ ਕਰਨਗੇ ਜੋ ਤੂੰ ਕੌਣ ਹੈਂ ਤੇ ਕਿਥੋਂ ਆਇਆ ਹੈਂ।

ਇਹ ਬਚਨ ਸੁਣਕੇ ਮਰਦਾਨਾ ਨਗਰੀ ਵਿਚ ਗਿਆ, ਬਚਨ ਗੁਰੂ ਗੁਰ ਪੂਰੇ ਨੇ ਜੋ ਆਖਿਆ ਸੀ ਸੋ ਅੱਖਰ ਅੱਖਰ ਸੱਚ ਹੋਇਆ। ਸਾਰਾ ਸ਼ਹਿਰ ਆ ਪੈਰੀਂ ਪਿਆ। ਭੋਜਨ ਰੁਪੱਯੇ ਬਸਤ੍ਰ ਬਥੇਰੇ ਆਏ ਲੋਕਾਂ ਨੇ ਬਹੁਤ ਆਦਰ ਦਿਤਾ ਤੇ ਸੇਵਾ ਕੀਤੀ। ਮਰਦਾਨਾ ਆਪਣੀ ਸੇਵਾ ਪੂਜਾ ਵੇਖ ਵੇਖਕੇ ਬੜਾ ਖੁਸ਼ ਹੋਵੇ, ਫੁੱਲਿਆ ਜਾਮੇਂ ਨਾ ਸਮਾਵੇ, ਪਰ ਵਿਚ ਵਿਚ ਜਦ ਕੋਈ ਐਸਾ ਆਦਮੀ ਆਵੇ, ਜੋ ਮਰਦਾਨੇ ਵੱਲ ਤੱਕੇ ਬੀ ਨਾਂ, ਤਾਂ ਉਸ ਦਾ ਦਿਲ ਕੁਛਕੁ ਉਦਾਸੀ ਖਾਵੇ। ਇਸ ਪ੍ਰਕਾਰ ਜਦ ਦਿਹੁੰ ਲੱਥਾ, ਤਾਂ ਮਰਦਾਨਾ ਰੁਪਏ ਕਪੜੇ ਬੰਨ੍ਹਕੇ ਬਾਬੇ ਜੀ ਪਾਸ ਲੈ ਆਇਆ। ਮਰਦਾਨੇ ਦੇ ਚਿਹਰੇ ਦੀ ਖੁਸ਼ੀ; ਮਨ ਦਾ ਹੁਲਾਸ ਤੇ ਖੁਸ਼ੀਆਂ ਗੁਰੂ ਬਾਬੇ ਨੇ ਤੱਕੀਆਂ, ਫੇਰ ਬਸਤ੍ਰ ਰੇਸ਼ਮੀ ਤੇ ਸੂਤੀ ਤੱਕੇ, ਫੇਰ ਰੁਪੱਯੇ ਤੇ ਮੋਹਰਾਂ ਵੇਖੀਆਂ। ਗੁਰੂ ਜੀ ਵੇਖਣ ਤੇ ਮੁਸਕ੍ਰਾਉਣ ਤੇ ਹੱਸਣ। ਹੱਸਣ ਗੁਰੂ ਜੀ ਤੇ ਹੱਸਦੇ ਹੱਸਦੇ ਨਿਲੇਟ[1] ਹੁੰਦੇ ਜਾਣ ! ਆਖਣ-ਮਰਦਾਨਿਆਂ, ਕੀ ਆਂਦੋ ਈ ?

ਮਰਦਾਨਾ-ਸੱਚੇ ਪਾਤਸ਼ਾਹ ! ਇਹ ਤੇਰੇ ਬਚਨ ਦਾ ਪ੍ਰਤਾਪ ਹੈ, ਤੇਰੇ 'ਨਾਮ' ਦਾ ਸਦਕਾ ਹੈ, ਸਾਰਾ ਸ਼ਹਿਰ ਮੇਰੀ ਸੇਵਾ ਨੂੰ ਆ ਢੁੱਕਿਆ, ਮੈਂ ਰੱਜ ਰੱਜ ਪਦਾਰਥ ਛਕੇ, ਇਹ ਰੁਪਏ, ਕਪੜੇ ਆਪ ਜੋਗ ਲੈ ਆਇਆ ਹਾਂ।

ਗੁਰੂ ਜੀ (ਖੁਸ਼ ਹੋ ਕੇ )-ਮਰਦਾਨਿਆਂ ਭਲਾ ਕੀਤੋਈ ਜੋ ਲੈ ਆਇਆ ਹੈਂ। ਤੇਰਾ ਭਾਉ ਸੁਹਣਾ ਹੈ, ਪਰ ਇਹ ਤਾਂ ਸਾਡੇ ਕਿਸੇ ਕੰਮ ਨਹੀਂ।

ਮਰਦਾਨਾ-ਫੇਰ ਪਾਤਸ਼ਾਹ, ਇਨ੍ਹਾਂ ਨੂੰ ਕੀ ਕਰਾਂ?

ਗੁਰੂ ਜੀ-ਸੱਟ ਘੱਤ।

ਮਰਦਾਨੇ ਇਕ ਵੇਰ ਸਤਿਗੁਰ ਦੇ ਖਿੜੇ ਮੱਥੇ ਵੱਲ ਤੱਕਿਆ, ਦੂਜੀ ਝਾਤ ਆਪਣੇ ਅੰਦਰ ਪਾਈ, ਫੇਰ ਨੂਰੀ ਮਸਤਕ ਤੱਕਿਆ, ਜਿਸ ਪੁਰੋਂ 'ਚਾਨਣ ਫੁਹਾਰ' ਪੈ ਰਹੀ ਸੀ, ਤਾਂ ਮਰਦਾਨੇ ਪੰਡ ਚਾਈ ਤੇ ਦੂਰ ਜਾ ਕੇ ਸੱਟ ਪਾਈ। ਫੇਰ ਪਾਸ ਆਇਆ, ਬੈਠਾ ਤੇ ਪੁੱਛਣ ਲੱਗਾ : ਆਪ ਸਦਾ ਨਿਰਲੇਪ ਰਹਿੰਦੇ ਹੋ ਕਿਸੇ ਵਸਤੂ ਨੂੰ ਛੁਹੰਦੇ ਨਹੀਂ, ਲੋਕੀਂ ਖੁਸ਼ੀਆਂ ਨਾਲ ਦੇਣ ਤਾਂ ਉਹ ਬੀ ਸੱਟ ਘੱਤਦੇ ਹੋ, ਇਹ ਕੀ ਗਲ ਹੈ ?

ਗੁਰੂ ਜੀ-ਮਰਦਾਨਿਆਂ ਇਹੋ ਮਾਇਆ ਤਾਂ ਛੱਡਕੇ ਘਰਾਂ ਤੋਂ ਬੇਘਰੇ ਹੋ ਤੁਰੇ ਹਾਂ, ਫੇਰ ਏਸੇ ਵਿਚ ਲਪਟ ਜਾਣਾ ਕੀਹ ਗੱਲ ਹੋਈ ?

---

[1] ਜਾਪਦਾ ਹੈ ਕਿ ਇਹ ਵਸਤੀ ਹੜੱਪਾ ਸੀ। ਜਿਥੇ ਸ਼ਹਿਰੋਂ ਕੋਹ ਕੁ ਭਰ ਬਾਹਰ ਗੁਰੂ ਨਾਨਕ ਦੇਵ ਜੀ ਦਾ ਗੁਰਦਵਾਰਾ ਹੁਣ ਤੱਕ ਹੈ। ਇਹ ਸ਼ਹਿਰ ਬੜਾ ਪੁਰਾਣਾ ਹੈ। ਕਈ ਹਜ਼ਾਰ ਬਰਸ ਦੇ ਪੁਰਾਣੇ ਖੰਡਰ ਇਥੋਂ ਨਿਕਲੇ ਹਨ।

[1] ਪੁਰਾਤਨ ਜਨਮ ਸਾਖੀ ਨੇ ਏਹੋ ਪਦ ਵਰਤਿਆ ਹੈ।

ਮਰਦਾਨਾ-ਫੇਰ ਇਹ ਘਰੋਂ ਘਾਟੋਂ ਗਏ ਅਤੀਤ ਸਾਧ ਬੀ ਤੁਸਾਂ ਨੂੰ ਨਹੀਂ ਭਾਉਂਦੇ।

ਗੁਰੂ ਜੀ-ਮੈਨੂੰ 'ਨਾ-ਭਾਉਂਦਾ' ਕੋਈ ਬੀ ਨਹੀਂ। ਪਰ ਘਰ, ਪੁਤ੍ਰ, ਨਾਰਿ, ਮਾਤਾ, ਪਿਤਾ ਤਿਆਗ ਮਖੱਟੂ ਹੋ ਆਪਣਾ ਬੋਝ ਦੂਸਰਿਆਂ ਤੇ ਪਾ ਟੁਰਨਾ ਮਾੜੀ ਗੱਲ ਹੈ। ਨਿਰਾ ਤਿਆਗ ਕੁਛ ਸਾਰਦਾ ਨਹੀਂ।

ਮਰਦਾਨਾ-ਆਪ ਅੰਗੀਕਾਰ ਕਿਉਂ ਕੁਛ ਨਹੀਂ ਕਰਦੇ ?

ਗੁਰੂ ਜੀ-ਮਰਦਾਨਿਆਂ ! ਅਸੀਂ ਨਿਰੰਕਾਰ ਦੇ ਹੁਕਮ ਵਿਚ ਉਠ ਟੁਰੇ ਹਾਂ, ਘਰ ਬਨ ਸਾਨੂੰ ਸਮਸਰ ਹੈ, ਗ੍ਰਿਹਿਣ ਤਿਆਗ ਤੁੱਲ ਹੈ, ਜਿੱਥੇ ਰੱਖੇ ਰਾਜ਼ੀ ਹਾਂ ਉਸਦੀ ਰਜ਼ਾ ਵਿਚ। ਉਸ ਦੀ ਰਜ਼ਾ ਹੈ ਹੁਣ ਜਗਤ ਜਲੰਦੇ ਵਿਚ ਠੰਢ ਵਰਤਾਉਣ ਦੀ, ਥਾਂ ਥਾਂ ਅਧਿਕਾਰੀਆਂ ਦੀਆਂ ਘਾਲਾਂ ਨੂੰ ਜਾਕੇ ਥਾਂ ਪਾਉਣ ਦੀ, ਦੁਖੀਆਂ ਸੰਤਾਪੀਆਂ, ਸਰਾਪੀਆਂ ਦੇ ਉਧਾਰ ਕਰਨ ਦੀ। ਇਸ ਅਜ਼ਲੀ ਹੁਕਮ ਅੱਗੇ ਸਿਰ ਨਿਵਾਕੇ ਅਸੀਂ ਟੁਰੇ ਹਾਂ, ਜਿਵੇਂ ਟੁਰਦੀ ਹੈ ਹੁਕਮ ਵਿਚ ਪੌਣ ਜਗਤ ਦਾ ਕਰਦੀ ਭਲਾ। ਅਸੀਂ ਮਾਇਆ ਅੰਗੀਕਾਰ ਕਰਨ ਲਈ ਘਰੋਂ ਨਹੀਂ ਨਾ ਟੁਰੇ।

ਮਰਦਾਨਾ-ਪਰ ਜੀਓ ਜੀ ! ਇਹ ਸਰੀਰ ਪੰਜਾ ਤੱਤਾਂ ਦਾ ਹੈ, ਅੰਨ ਬਿਨਾਂ ਕਿਵੇਂ ਖੜੋ ਸਕਦਾ ਹੈ? ਮਜਲਾਂ, ਸਫਰ, ਫੇਰ ਫ਼ਾਕੇ ਕੜਾਕੇ।

ਸਤਿਗੁਰੂ ਜੀ--ਸਰੀਰ ਅੰਨ ਨਾਲ ਜੀਉਂਦਾ ਹੈ, ਅੰਨ ਛੱਡਣਾ ਪਖੰਡ ਕਰਨਾ ਹੁੰਦਾ ਹੈ, ਪਰ ਮਰਦਾਨਿਆਂ ! ਮਨੁੱਖ ਨਿਰਾ ਉਸ ਅੰਨ ਨਾਲ ਨਹੀਂ ਜੀਉਂਦਾ ਜੋ ਉਹ ਆਪ ਖਾਵੇ, ਪਰ ਪਿਆਰਿਆਂ ਵਲੋਂ ਪ੍ਰਿਆਰ ਦੇ ਖੁਲਾਉਣ ਦਾ ਬੀ ਆਧਾਰ ਹੁੰਦਾ ਹੈ। ਜੇ ਕੋਈ ਪਿਆਰ ਕਰਨ ਵਾਲਾ ਆਪਣੇ ਮਨ ਦੇ ਪਿਆਰ ਵਿਚ ਦੂਰਾਂ ਤੋਂ ਭੋਜਨ ਛਕਾਉਂਦਾ ਹੈ ਉਸਦਾ ਬੀ ਆਧਾਰ ਰਹਿੰਦਾ ਹੈ। ਫੇਰ ਮਰਦਾਨਿਆਂ ! ਮਨੁੱਖ ਨਿਰਾ ਅੰਨ ਨਾਲ ਨਹੀਂ ਜੀਉਂਦਾ, ਜੀਵਨ ਨਾਮ ਦੇ ਆਸਰੇ ਬੀ ਹੈ। ਜਪੀਦਾ ਹੈ ਨਾਮ ਅੰਨ ਦੇ ਆਧਾਰ ਨਾਲ, ਪਰ ਨਾਮ ਦਾ ਬੀ ਆਧਾਰ ਹੈ ਸਰੀਰ ਨੂੰ ਕੋਈ। ਇਹ ਗੱਲ ਕਦੇ ਤੈਨੂੰ ਵੀ ਵਾਪਰ ਕੇ ਦਿੱਸੇਗੀ।

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥ (ਆਸਾ ਦੀ ਵਾਰ ਮ: ੧)

ਮਰਦਾਨਾ-ਸੁਬਹਾਨ ਤੇਰੀ ਮਿਹਰ ਨੂੰ, ਦਾਤਾ ਜੀਉ ! ਪਰ ਮਾਇਆ ਗੁਜ਼ਰਾਨ ਤਾਂ ਹੈ, ਤੁਸੀਂ ਇੰਵ ਵਗਾਹ ਵਗਾਹ ਸੱਟਦੇ ਹੋ, ਜਿਵੇਂ ਮੋਏ ਸੱਪ ਨੂੰ ਸੱਟੀਦਾ ਹੈ।

ਗੁਰੂ ਜੀ-ਮਾਇਆ ਗੁਜ਼ਰਾਨ ਹੈ, ਸੱਚ ਹੈ, ਇਸ ਦਾ ਤਿਆਗ ਹੋ ਹੀ ਨਹੀਂ ਸਕਦਾ, ਪੇਟ ਰੱਜਣ ਜੋਗਾ ਅੰਨ ਖਾਣਾ ਬੀ ਮਾਇਆ ਹੈ, ਇਹ ਜੀਉਣਾ ਹੀ ਮਾਇਆ ਹੈ। ਹਾਂ, ਪਰ ਫਾਕੇ ਕੱਟਣ ਨਾਲ ਮਾਯਾ ਦਾ ਤਿਆਗ ਬੀ ਨਹੀਂ ਹੁੰਦਾ। ਜਿੰਨੇ ਤਿਆਗ ਦੇ ਐਸੇ ਜਤਨ ਹਨ ਬਿਰਥੇ ਹਨ, ਹਾਂ ਮਨ ਵਿਚੋਂ ਲੋਭ ਦਾ ਤਿਆਗ ਮਾਇਆ ਦਾ ਤਿਆਗ ਹੈ।

ਮਰਦਾਨਾ-ਸੁਹਣਾ ਆਖਿਆ ਨੇ, ਫੇਰ ਇਹ ਕੱਪੜੇ ਰੁਪਯੇ ਕਾਸਨੂੰ ਸੱਟ ਘੱਤੇ ਨੇ ?

ਗੁਰੂ ਜੀ-ਜੇ ਅੰਦਰ ਲੋਭ ਨਹੀਂ ਤਾਂ ਉਸਦਾ ਬਾਹਰ ਕੋਈ ਵਰਤਾਉ ਬੀ ਹੁੰਦਾ ਹੈ ਨਾ। ਸਾਨੂੰ ਕੱਪੜਿਆਂ ਤੇ ਰੁਪਈਆਂ ਦੀ ਲੋੜ ਨਹੀਂ ਹੈ, ਇਸ ਲਈ ਸੱਟ ਘੱਤੇ ਹਨ, ਜਦ ਲੋੜ ਨਹੀਂ ਤਾਂ ਇਹਨਾਂ ਨੂੰ ਬੰਨ੍ਹਕੇ ਨਾਲ ਲੈ ਟੁਰਨਾ ਲੋਭ ਹੈ। ਤੇਰੇ ਅੰਦਰ ਮਾਇਆ ਦਾ ਪਿਆਰ ਹੈ; ਦੇਖ ਸੱਟ ਘੱਤੀ ਬੀ ਮੁੜ ਮੁੜ ਯਾਦ ਪਈ ਪੈਂਦੀ ਏ। ਮਰਦਾਨਿਆਂ ! ਕਹੁ ਸੱਤਿ ਕਰਤਾਰ!

ਮਰਦਾਨਾ-ਸੱਤਿ ਕਰਤਾਰ।

ਗੁਰੂ ਜੀ-ਦੇਖ ਮਰਦਾਨੇ ! ਤੈਨੂੰ ਸ਼ਬਦ ਦੀ ਸੇਵਾ ਬਖਸ਼ੀ ਹੈ, ਸ਼ਬਦ ਦਾ ਆਧਾਰ ਪਛਾਣ, ਜੀਉਣਾ ਸ਼ਬਦ ਦੇ ਆਧਾਰ ਤੇ ਹੈ।

ਮਰਦਾਨਾ-ਪਾਤਸ਼ਾਹ ! ਤੇਰੇ ਸੁਹਣੇ ਮੁਖੜੇ ਨੇ ਸ਼ਬਦ ਕੀਤਾ ਕਿ ਜਾਹ ਵਸਤੀ ਵਿਚ, ਸਾਰੀ ਨਗਰੀ ਪੈਰੀਂ ਆ ਪਏਗੀ। ਤੇਰੇ ਏਸ ਸ਼ਬਦ ਦਾ ਸਦਕਾ ਸਭ ਪੈਰੀਂ ਆ ਪਈ, ਮੈਂ ਨਾ ਪਛਾਤਾ ਕਿ ਭੋਜਨ, ਬਸਤ੍ਰ, ਚਾਂਦੀ, ਸੋਨਾ ਆਪਦੇ ਉਚਾਰੇ ਸ਼ਬਦ ਤੋਂ ਹੋਇ ਆਇਆ ਹੈ। ਮੈਂ ਸ਼ਬਦ ਨੂੰ ਪਛਾਣਾਂ, ਸ਼ਬਦ ਨੂੰ ਪਿਆਰ ਕਰਾਂ; ਹਾਂ ਤੇਰੇ ਉਚਾਰੇ ਸ਼ਬਦ ਦੀ ਲੋੜ ਪਵੇ ਤਾਂ ਚੋਟ ਬੀ ਸਹਾਰਾਂ। ਮੈਂ ਮੂਰਖ ਤੇ ਜ਼ਾਤ ਦਾ ਨੀਵਾਂ ਹਾਂ, ਤੇਰੀ ਮਿਹਰ ਅਟੁੱਟ ਹੈ ਤੇ ਮੀਂਹ ਵਾਂਗੂੰ ਆ ਮੁਹਾਰੀ ਵੱਸਦੀ ਹੈ।

ਗੁਰੂ ਜੀ-ਮਰਦਾਨਿਆ ! ਰਬਾਬ ਵਜਾ, ਛੇੜ ਆਸਾ ਦੀ ਸੁਰ।

ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥ ਕਿਸਹੀ ਮਾਨੁ ਕਿਸੈ ਅਪਮਾਨੁ ॥ ਢਾਹਿ ਉਸਾਰੇ ਧਰੇ ਧਿਆਨੁ ॥ ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥ ਮੈ ਤਾਂ ਨਾਮੁ ਤੇਰਾ ਆਧਾਰੁ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥ ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥ ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥ ਅਹਿਨਿਸਿ ਅੰਧੁਲੇ ਦੀਪਕੁ ਦੇਇ ॥ ਭਉਜਲ ਡੂਬਤ ਚਿੰਤ ਕਰੇਇ ॥ ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾਕੈ ਜਾਉ॥ ਨਾਨਕ ਏਕੁ ਕਹੈ ਅਰਦਾਸਿ ॥ ਜੀਉ ਪਿੰਡੁ ਸਭ ਤੇਰੈ ਪਾਸਿ ॥੩॥ ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥ ਨਦਰਿ ਕਰੇ ਤਾ ਸਤਿਗੁਰ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥ (ਆਸਾ ਮਹਲਾ ੧ ਤਿਤੁਕਾ)

ਇਲਾਹੀ ਨਾਦ, ਦੈਵੀ ਸੁਰ ਤੇ ਉੱਚੇ ਭਾਵ ਅਸਰ ਕਰ ਗਏ, ਮਰਦਾਨੇ ਦੇ ਦਿਲ ਨੇ ਉੱਚੀ ਠੌਰ ਬੱਧੀ, ਮੱਥਾ ਟੇਕਿਆਸੁ। ਮਰਦਾਨੇ ਦੇ ਮਨ ਸੋਝੀ ਹੋਈ ਕਿ ਇਕ ਸਾਂਈਂ ਦਾ ਪਿਆਰ ਸੱਚ ਹੈ, ਪਿਆਰ ਸਾਂਈਂ ਦੀ ਯਾਦ ਹੈ ਤੇ ਯਾਦ ਸ਼ਬਦ ਹੈ, ਚਾਹੋ ਅੰਦਰ ਰਸ ਰੂਪ ਹੈ, ਚਾਹੋ ਨਾਮ ਰੂਪ ਹੈ ਚਾਹੋ ਕੀਰਤਨ ਰੂਪ ਹੈ, ਚਾਹੋ ਇਸ ਸੱਚੇ ਪਾਤਸ਼ਾਹ ਦਾ ਬਚਨ ਰੂਪ ਹੈ।

ਗੁਰੂ ਜੀ-ਜੋ ਸ਼ਬਦ ਦਾ ਸੇਵਕ ਹੋਵੇ, ਜੋ ਨਾਮ ਜਪੇ; ਜੋ ਹੋਰਾਂ ਨੂੰ ਨਾਮ ਜਪਾਵੇ ਲੋਭ ਵਿਚ ਨਾ ਵਰਤੇਗਾ। ਜੋ ਲੋਭ ਵਿਚ ਵਰਤਦਾ ਦਿੱਸੇ ਉਹ ਸਾਂਈਂ ਦਾ ਸੇਵਕ ਨਹੀਂ ਹੈ। ਨਾਮ ਦੇ ਪਿਆਰੇ ਲੋਭੀ ਨਹੀਂ ਹੁੰਦੇ, ਧਰਮ ਵਿਚ ਵਰਤਦੇ ਹਨ, ਮਾਇਆ ਨੂੰ ਮੈਲ ਜਾਣਦੇ ਹਨ ਹੱਥਾਂ ਪੈਰਾਂ ਦੀ। ਲੋਭੀ ਦਾ ਵਿਸਾਹ ਨਹੀਂ ਕਰਨਾ ਕਿਏ ਇਹ ਸਾਂਈਂ ਦਾ ਘੱਲਿਆ ਹੈ ਕਿ ਸਾਂਈਂ ਦਾ ਬੰਦਾ ਹੈ। ਲੋਭ ਪਾਪ ਕਰਾਉਂਦਾ ਹੈ, ਝੂਠ ਨਾਲ, ਦਗੇ ਨਾਲ, ਘੱਟ ਤੋਲਕੇ, ਵੱਢੀ ਲੈਕੇ, ਝੂਠੀ ਸਾਖ ਭਰਕੇ, ਦੂਜੇ ਦਾ ਬੁਰਾ ਕਰਕੇ, ਮਾਲਕ ਨਾਲ ਧਰੋਹ ਕਰਕੇ। ਅਨੇਕਾਂ ਪਾਪਾਂ ਨਾਲ ਲੋਭ ਮਾਇਆ ਕੱਠੀ ਕਰਵਾਉਂਦਾ ਹੈ। ਜਿੱਥੇ ਲੋਭ ਹੈ; ਉੱਥੇ ਹੀ ਪਾਪ ਆ ਛਲਦਾ ਹੈ।

-o-

## ੨. {ਸੱਜਣ ਦਾ ਘਰ}

**ਮਰਦਾਨਾ**-ਪਾਤਸ਼ਾਹ ! ਹੁਣ ਕੋਈ ਵਸਤੀ ਨੇੜੇ ਆਵੇਗੀ ?

ਗੁਰੂ ਜੀ--ਮਰਦਾਨਿਆਂ ਦੇਖ ਕਰਤਾਰ ਦੇ ਰੰਗ।

ਮਰਦਾਨਾ-ਪਾਤਸ਼ਾਹ ! ਕਿਤੇ ਠੌਰ ਕਰੀਏ, ਦੋ ਚਾਰ ਦਿਨ ਅੰਨ ਪਾਣੀ ਵੇਲੇ ਸਿਰ ਮਿਲੇ।

ਗੁਰੂ ਜੀ-ਦੇਖ ਕਰਤਾਰ ਦੇ ਰੰਗ, ਠੌਰ ਬੀ ਦੇਸੀ, ਅੰਨ ਬੀ ਦੇਸੀ, ਪਰ ਡਾਢਾ ਮਹਿੰਗਾ। ਦੁਖ ਬੀ ਆਸੀ, ਪਰ ਕਲਿਆਣ ਹੋਸੀ, ਹੱਤਿਆ ਹਤ ਹੋਸੀ।

ਮਰਦਾਨਾ-ਜਿਵੇਂ ਤੇਰੀ ਰਜ਼ਾ ; ਮੈਨੂੰ ਬਣਾ ਲਓ ਖਾਂ ਸੁਰ ਹੋਈ ਤਰਬ ਆਪਣੀ ਰਜ਼ਾ ਦੀ ਤਾਰ ਦੀ, ਮੈਂ ਵੱਖਰੀ ਟੀਂ ਟੀਂ ਨਾ ਕਰਿਆਂ ਕਰਾਂ।

ਗੁਰੂ ਜੀ--ਮਰਦਾਨਿਆਂ ! ਤੈਨੂੰ ਸ਼ਬਦ ਦੀ ਸੇਵਾ ਮਿਲੀ ਹੈ, ਥੀ ਵੈਸੀ ਜੋ ਚਾਹੁੰਦਾ ਹੈਂ।

ਜਾਂ ਅੱਗੇ ਟੁਰੇ ਤਾਂ ਇਕ ਵਸਤੀ ਦਿੱਸੀ, ਇਸ ਤੋਂ ਜ਼ਰਾ ਉਰੇ ਬਾਹਰ ਵਾਰ ਇਕ ਟਿਕਾਣਾ ਆਇਆ, ਚਾਰ ਚੁਫੇਰੇ ਵਲਗਣ ਸੀ, ਇਕ ਪਾਸੇ ਵਿਚਕਾਰ ਦਰਵਾਜ਼ਾ ਤੇ ਅੱਗੇ ਡੇਉਢੀ ਸੀ, ਦੋਹੀਂ ਨੁੱਕਰੀਂ ਧਰਮ ਸਥਾਨ ਸਨ, ਇਕ ਪਾਸੇ ਤਾਂ ਠਾਕੁਰ ਦੁਆਰਾ ਸੀ ਤੇ ਦੂਜੇ ਪਾਸੇ ਮਸੀਤ ਸੀ। ਡੇਉਢੀ ਲੰਘ ਕੇ ਅੱਗੇ ਖੁੱਲ੍ਹਾ ਥਾਂ ਤੇ ਫਿਰ ਹਵੇਲੀ ਸੀ ਵੱਡੀ ਸਾਰੀ, ਇਸਦੇ ਅੰਦਰ ਕੋਠੜੀਆਂ ਤੇ ਤਹਿਖਾਨੇ[1] ਸਨ। ਕਿਸੇ ਲੁਕੇ ਅੰਦਰ ਖੂਹ ਸਰੀਖਾ ਥਾਉਂ ਬੀ ਸੀ, ਜਿਸਦਾ ਰਸਤਾ ਗੁਪਤ ਸੀ ਤੇ ਧਰਤੀ ਦੇ ਅੰਦਰ ਹੇਠਾਂ ਰਚਿਆ ਸੀ। ਹੋਰ ਕਈ ਕਮਰੇ ਸੇ। ਇਸ ਹਵੇਲੀ ਦਾ ਇਕ ਮਾਲਕ ਸੀ, ਅਰ ਕਈ ਉਸਦੇ ਦਾਸ ਸੇਵਕ ਸਨ।

ਜਾਂ ਇਸ ਦੁਆਰੇ ਜਾ ਖਲੋਤੇ, ਤਾਂ ਅੱਗੋਂ ਦੋਇ ਸੇਵਕ ਹੱਥ ਜੋੜ ਖਲੋਤੇ :-"ਆਓ ਮਹਾਰਾਜ ! ਤੁਸਾਡੇ ਮੁਖ ਨੂਰ ਹੈ, ਮਾਲਕ ਤੇ ਮਾਇਆ ਦੀ ਮਿਹਰ ਦਾ ਝਲਕਾਉ ਹੈ। ਭਾਗਸ਼ੀਲ ਹੋ, ਆਓ, ਲੰਘ

[1] ਭੋਰੇ।

ਆਓ ! ਜੀ ਆਇਆਂ ਨੂੰ, ਤੁਹਾਡਾ ਆਪਣਾ ਘਰ ਹੈ, ਪੈਂਡੇ ਕਰ ਥਕਤ ਦਿੱਸਦੇ ਹੋ, ਧੂੜ ਮੱਥੇ ਦੇ ਭਰਵੱਟੇ ਚੁੰਮ ਰਹੀ ਹੈ, ਆਓ ਲੰਘ ਆਓ, ਇਹ ਅਤਿੱਥੀਆਂ ਲਈ ਆਸ਼੍ਰਮ ਹੈ, ਸ਼੍ਰਮ ਲਾਹੋ, ਥਕਾਨ ਦੂਰ ਕਰਨਾ ਸਾਡੀ ਸੇਵਾ ਹੈ। ਜੀਉ ਆਏ, ਭਾਗ ਆਏ, ਕਰਮ ਆਏ, ਆਏ ਸੁਹਣੇ ਸੁਹਣੇ ਆਪਣੇ ਆਪਣੇ, ਲੰਘ ਆਓ। "

ਗੁਰ ਨਾਨਕ ਦੇ ਵੈਰਾਗ ਪੁੰਜ ਕਦਮ ਵਸਤੀਆਂ ਘਰਾਂ ਤੋਂ ਦੁਰੇਡੇ ਦੁਰੇਡੇ ਟੁਰਨ ਵਾਲੇ ਕਦਮ ਅੱਜ ਕਾਹਲੀ ਨਾਲ ਅੱਗੇ ਵਧੇ। ਅੱਗੇ ਵਧ ਵਧ ਕੇ ਵਸਤੀਆਂ ਵਲ ਰੁਖ਼ ਕਰਨ ਵਾਲਾ ਮਰਦਾਨਾ ਅੱਜ ਠਹਿਰਦਾ, ਠਿਠੰਬਰਦਾ, ਸਹਿਮਦਾ, ਝਿਜਕਦਾ ਮਗਰੇ ਕਦਮ ਸੱਟਦਾ ਤਾਂ ਆਇਆ, ਪਰ ਧਰੇ ਪੈਰ ਅੱਗੇ ਤੇ ਪਵੇ ਪਿੱਛੇ, ਆਖਿਓਸੁ, ਸੁਹਾਣ ਤੇਰੀ ਕੁਦਰਤ ਨੂੰ, ਵੇਖਾਂ ...।'

ਗੁਰੂ ਜੀ-ਸੁਹਣਿਆਂ ! ਦੇਖ ਕਰਤਾਰ ਦੇ ਰੰਗ, ਟੁਰਿਆਂ ਆ ਸੁਹਣੇ ਸਾਫ ਦਿਲ ਵਾਲਿਆ ! ਝਿਜਕ ਤੇਰੀ ਸੱਚੀ ਹੈ, ਪਰ ਝਿਜਕ ਨਾ, ਆ ਜਾ, ਕਹਿੰਦੇ ਜੁ ਹਨ ਤੁਹਾਡਾ ਆਪਣਾ ਘਰ ਹੈ, ਸੱਭੇ ਘਰ ਆਪਣੇ ਹਨ, ਜੋ ਨਹੀਂ ਹੁੰਦੇ ਓਹ ਹੋ ਵੈਂਦੇ ਹਨ ਸਾਂਈਂ ਦੇ ਆਪਣੇ, ਲੰਘ ਆ।

ਅੱਗੇ ਗਏ ਤਾਂ ਇਕ ਸੁਹਣੇ ਸਜੇ ਕਮਰੇ ਵਿਚ ਜਾ ਬੈਠੇ, ਅਪੜਾਉਣ ਵਾਲੇ ਦਾਸ ਟੁਰ ਗਏ ਤਾਂ ਇਕ ਬੀਬੀ ਦਾਹੜੀ, ਚਿਕਨੀ ਚੋਪੜੀ ਸੂਰਤ, ਨੈਣ ਜਲਮੱਛਾਂ ਵਾਂਗੂ ਦੇਖਣਹਾਰ, ਤਰੋ ਤਰ; ਚਾਲ ਗਿਣ ਗਿਣ ਕਦਮ ਧਰਨ ਵਾਲੀ ਠਰ੍ਹੰਮੇ ਦੀ, ਪੱਗ ਸਿੱਧੀ ਪੌੜੀਦਾਰ, ਹੱਥ ਮਾਲਾ, ਗਲ ਜਾਮਾਂ, ਤ੍ਰੇੜ ਧੂਬਲੀ ਅੰਬੂਏ ਦੀ। ਆਇਆ, ਆ ਕੇ ਨਮਸਕਾਰ ਕਰਕੇ ਬਹਿ ਗਿਆ: 'ਆਓ, ਜੀਉ ਆਇਆਂ ਨੂੰ, ਇਹ ਘਰ ਅਤਿੱਥੀਆਂ ਦਾ ਹੈ, ਤੁਸਾਂ ਦਾ ਆਪਣਾ ਹੈ, ਇਹ ਦਾਸ ਸੇਵਾ ਲਈ ਸਾਂਈਂ ਨੇ ਘਰ ਦਾ ਨੌਕਰ ਥਾਪਿਆ ਹੈ; ਲੋਭ ਮੋਹ ਹਤ ਕੀਤੇ ਹਨ, ਫ਼ਕੀਰਾਂ ਸੰਤਾਂ, ਰੱਬ ਵਾਲਿਆਂ ਦਾ ਟਹਿਲੀਆ ਹੈ, ਇਸ ਦੀਆਂ ਪਕੜਾਂ ਦੂਰ ਕੀਤੀਆਂ ਹਨ, ਸੱਜੇ ਹਥ ਪੂਜਾ ਹੁੰਦੀ ਹੈ, ਖੱਬੇ ਨਿਮਾਜ਼, ਦੋਇ ਅੱਲਾ ਦੇ ਘਰ ਹਨ।

ਇੰਨੇ ਨੂੰ ਦੋ ਦਾਸ ਗਰਮ ਜਲ ਤੇ ਸਾਫਾ ਲੈਕੇ ਆ ਗਏ, ਬੋਲੇ:-ਮਹਾਰਾਜ ! ਆਪ ਦੇ ਪੈਂਡੇ ਥੱਕੇ ਚਰਨ ਧੋਵੀਏ ?

ਗੁਰੂ ਜੀ ਇਕ ਅਡੋਲ ਗੰਭੀਰ ਆਵਾਜ਼ ਵਿਚ ਬੋਲੇ:-ਵਾਹ ਵਾਹ... ਭਾਈ ਲੋਕੋ ! ਪੈਰ ਧੁਆਉਣ ਦਾ ਸੰਕਲਪ ਨਹੀਂ, ਚਿਤ ਐਵੇਂ ਸੁਖੀ ਹੈ (ਮਾਲਕ ਵਲ) ਭਾਈ ! ਤੁਸਾਂ ਦਾ ਨਾਮ ?

ਮਾਲਕ-ਵੈਰ ਤੋਂ ਸੱਖਣਾ ਨਾਮ ਹੈ ਜੀ !

ਗੁਰੂ ਜੀ-ਹੈਂ ! ਨਿਰਵੈਰ ਨਾਮ ਤਾਂ ਰੱਬ ਦਾ ਹੈ।

ਮਾਲਕ-ਜੀ ! ਮੈਂ ਤਾਂ ਮਾਲਕ ਦੇ ਕੂਕਰਾਂ ਦਾ ਬੀ ਕੂਕਰ ਹਾਂ, ਉਂਞ ਮੇਰਾ ਨਾਮ ਹੈ ਸੱਜਣ, ਸਭ ਦਾ ਸੱਜਣ, ਕਿਸੇ ਦਾ ਨਾ ਦੋਖੀ।

ਗੁਰੂ ਜੀ-ਸੱਜਣ ? ਨਾਲ ਕੀਹ : ਦਾਸ, ਰਾਮ, ਲਾਲ ?

ਮਾਲਕ-ਜੀ ਨਾਮ ਤਾਂ ਮਿੱਟੀ ਦੀ ਪੰਡ ਦਾ ਮਿੱਟੀ ਚਾਹੀਦਾ ਹੈ, ਪਰ ਸੇਵਕ ਹੋਣ ਕਰਕੇ ਮੁਸਲਮਾਨ ਸ਼ੇਖ ਸੱਜਣ ਸੱਦਦੇ ਹਨ, ਹਿੰਦੂ, ਸੱਜਣ ਰਾਮ ਸੱਦਦੇ ਹਨ ਤੇ ਇਹ ਦੁਹਾਂ ਦਾ ਸਾਂਝਾ ਹੈ।

ਮਰਦਾਨਾ ਇਹ ਵਾਕ ਸੁਣਕੇ ਤ੍ਰਬ੍ਹਕਿਆ ਤੇ ਤੱਕਿਆ ਘੂਰਕੇ ਪਰ ਉਸ ਦੇ ਨੈਣ ਕਾਹਲੀ ਨਾਲ ਪਿੱਛੇ ਮੁੜ ਪਏ, ਦਿਲ ਵਿਚ ਕਿਹਾ-ਏਥੇ ਤਾਂ ਸਹਿਮ ਹੀ ਸਹਿਮ ਹੈ, ਘਰ ਵਿਚ, ਦਰ ਵਿਚ, ਚਾਕਰ ਵਿਚ, ਠਾਕਰ ਵਿਚ, ਟਹਿਲ ਵਿਚ, ਗੱਲ ਗੱਲ ਵਿਚ। ਅੱਜ ਇਸ ਮੇਰੇ ਚੋਜੀ ਮਾਲਕ ਦੇ ਕੌਤਕ ਪਤਾ ਨਹੀਂ ਕਿਵੇਂ ਹਨ।

ਦਾਸ ਜੋ ਪਾਣੀ ਲੈ ਕੇ ਆਏ ਸਨ ਮੁੜ ਗਏ। ਮਾਲਕ ਬੀ ਉਠ ਗਿਆ। ਜਾਂ ਥੋੜੀ ਦੇਰ ਮਗਰੋਂ ਗੁਰੂ ਜੀ ਮਸੀਤ ਵਲ ਗਏ ਤਾਂ ਡਿੱਠਾ ਸੱਜਣ ਨਿਮਾਜ਼ ਕਰ ਰਿਹਾ ਹੈ। ਓਥੋਂ ਵੇਹਲਾ ਹੋ ਆਰਤੀ ਵੇਲੇ ਠਾਕਰਾਂ ਦੇ ਹਜ਼ੂਰ ਦੀਵੇ ਫਿਰਾਉਣ ਜਾ ਪਹੁੰਚਾ, ਫੇਰ ਆਇਆ ਤਾਂ ਗੁਰੂ ਜੀ ਵਾਸਤੇ ਰੋਟੀ ਦਾ ਥਾਲ ਆਪ ਲੈ ਕੇ ਆਇਆ।

ਗੁਰੂ ਜੀ ਬੋਲੇ-ਭਈ ! ਰੋਟੀ ਸੁਖ ਲਿਆਓ, ਇਕ ਰਾਤ ਕੱਟਣੀ ਹੈ, ਤੁਸੀਂ ਜੀਂਵੋ[1] ਤੇ ਸਵੋਂ।

ਸੱਜਣ-ਘਰ ਆਉਣ ਅਤਿੱਥੀ ਤੇ ਰਹਿਣ ਭੁੱਖੇ, ਏਹ ਪਾਪ ਮੈਂ ਕਿੱਥੇ ਦਿਆਂਗਾ?

ਗੁਰੂ ਜੀ-ਤੈਨੂੰ ਇਹ ਪਾਪ ਨਹੀਂ ਲੱਗੇਗਾ ਖੁਆਲੇਂਗਾ ਤਾਂ ਤੇਰਾ ਭਲਾ ਨਹੀਂ ਹੋਵੇਗਾ।

[1] ਖਾਵੋ।

ਸੱਜਣ (ਘਬਰਾਕੇ)-ਹੇ ਭਾਗਾਂ ਵਾਲਿਓ। ਅੰਨ ਪਾਣੀ ਦਾ ਕੀ ਹੈ, ਕੋਈ ਬਾਦਰ ਹੈ, ਵਿਚਾਰ ਨਾ ਕਰੋ, ਖਾਓ, ਘਰ ਤੁਹਾਡਾ ਹੈ, ਇਹ ਦਾਸ ਹੈ ਹਜ਼ੂਰ ਦਾ। ਭਰਮ ਨਾ ਕਰੋ, ਮੇਰਾ ਜਨਮ ਹਿੰਦੂ ਹੈ; ਰਹਿਤ ਵੀ ਹਿੰਦੂ ਹੈ। ਮੁਸਲਮਾਨੀ ਸਾਮਾਨ ਤਾਂ ਰਾਜ ਕਰਕੇ ਹੈ, ਜਥਾ ਰਾਜਾ ਤਥਾ ਪਰਜਾ।

ਗੁਰੂ ਜੀ-ਖੁਸ਼ੀ ਲਈਦੀ ਹੈ ਫ਼ਕੀਰਾਂ ਦੀ (ਮਰਦਾਨੇ ਵੱਲ ਤੱਕਕੇ) ਕਿਉਂ ਭੁੱਖ ਹੈ ?

ਮਰਦਾਨਾ-ਸਾਂਈਂ ਜੀਓ, ਅੱਜ ਤਾਂ ਜਨਮਾਂ ਦੇ ਭੁੱਖੇ ਕਲੇਜੇ ਨੂੰ ਬੀ ਕੋਈ ਢੱਕਣ ਆ ਗਿਆ ਹੈ ਚਿੜੀ ਜਿੰਨੀ ਬੀ ਭੁੱਖ ਨਹੀਂ ਸੂ।

ਸੱਜਣ-ਭਲਾ ਜੀ, ਮੈਂ ਤਾਂ ਖੁਸ਼ੀ ਲੈਣੀ ਹੈ। (ਨੌਕਰਾਂ ਨੂੰ ) ਲੈ ਜਾਓ ਬਈ ਅੰਨ। (ਗੁਰੂ ਜੀ ਵੱਲ) ਦੁੱਧ ਤਾਂ ਛਕੋਗੇ ਨਾ ?

ਗੁਰੂ ਜੀ-ਰੁਚੀ ਨਹੀਂ । ਸੱਜਣਾ ! ਆਰਾਮ ਕਰ। ਦੇਖ ! ਜਾਲੀ ਦਾ ਜਾਲ, ਉਸ ਦਾ ਨਿਰਬਾਹ ਮੱਛੀਆਂ ਫੜਨ ਤੇ ਵੇਚਣ ਤੇ ਹੀ ਹੁੰਦਾ ਹੈ, ਪਰ ਕਦੇ ਜਾਲ ਵਿਚ ਨਿਹੰਗ[1] ਬੀ ਫਸ ਜਾਂਦਾ ਹੈ।

ਸੱਜਣ (ਤ੍ਰਬ੍ਰਕ ਕੇ)-ਇਹ ਕੀ ਆਖਿਆ ਨੇ, ਕੋਈ ਮੇਰੇ ਤੇ ਰਿੰਜਗੀ ਹੈ ?

ਗੁਰੂ ਜੀ-ਰਿੰਜਗੀ ਫਕੀਰਾਂ ਦੀ ਮਾੜੇ ਨਾਲ ਨਹੀਂ, ਮਾੜ ਨਾਲ ਹੁੰਦੀ ਹੈ। ਤੁਸਾਂ ਸਾਨੂੰ ਆਦਰ ਦਿੱਤਾ ਹੈ, ਟਿਕਾਣਾ ਦਿੱਤਾ ਹੈ, ਅਸੀਂ ਤੁਸਾਂ ਦੇ ਭਲੇ ਦੇ ਫਿਕਰ ਵਿਚ ਬੈਠੇ ਹਾਂ। ਹੁਣ ਜਾਓ ਭੋਜਨ ਕਰੋ।

ਪਹਿਰ ਰਾਤ ਬੀਤੀ ਸੱਜਣ ਫੇਰ ਆਇਆ, "ਮਹਾਰਾਜ ! ਬਿਸਤਰਾ ਤਿਆਰ ਹੈ, ਚਲੋ ਆਰਾਮ ਕਰੋ, ਸਵੋਂ"।

ਗੁਰੂ ਜੀ-ਸੱਜਣਾ ! ਤੂੰ ਸੌਂ ਉਸ ਨੀਂਦੇ ਜੋ ਸਰੀਰ ਲਈ ਸੁਖ ਦਾ ਟਿਕਾਣਾ ਬਣੀ ਹੈ, ਜੋ ਅਪਣੀ ਗੋਦ ਵਿਚ ਹਰ ਕਿਸੇ ਨੂੰ ਲੋਰੀਆਂ ਦੇਂਦੀ ਹੈ, ਜੋ ਜੀਉਂਦੇ ਜੀ ਗਰੀਬ ਅਮੀਰ, ਪਾਪੀ ਪੁੰਨੀ ਨੂੰ, ਇਕਸਾਰ ਕਰ ਦੇਂਦੀ ਹੈ। ਅਸੀਂ ਏਥੇ ਹੀ ਬੈਠਾਂਗੇ, ਸੌਣ ਦਾ ਸੰਕਲਪ ਸਾਡਾ ਅਜੇ ਨਹੀਂ ਹੈ।

ਸੱਜਣ-ਕਿਵੇਂ ਸਰੀਰ ਰਹਿ ਸਕਦਾ ਹੈ ਸੁੱਤੇ ਬਿਨਾਂ ? ਓਪਰਿਆਂਦ ਨਾ ਕਰੋ ਦਾਤਾ ਜੀ ! ਅਪਣਾ ਘਰ ਹੈ ਤੁਹਾਡਾ ਇਹ।

ਗੁਰੂ ਜੀ (ਮੁਸਕ੍ਰਾਕੇ)-ਨਾ ਕਹੁ ਘੜੀ ਮੁੜੀ ਸਾਡਾ, ਮਤਾਂ ਸਾਡਾ ਹੀ ਨਾ ਹੋ ਜਾਵੇ। ਸੁਖੀ ਵੱਸ, ਸਾਨੂੰ ਰਾਤ ਟਿਕਾਕੇ ਟੋਰ ਦੇ ਸਵੇਰੇ। ਖਹਿੜੇ ਨਾ ਪਉ, ਮੌਜ ਲੈਣ ਦੇ ਫਕੀਰਾਂ ਨੂੰ ਰਤਜਗੇ[1] ਦੀ।

ਸੱਜਣ (ਬੜੀ ਨਿੰਮ੍ਰਤਾ ਦਿਖਾਕੇ)-ਜਿਵੇਂ ਰਜ਼ਾ; ਜਿਵੇਂ ਰਜ਼ਾ, ਮੈਂ ਤਾਂ ਰਜ਼ਾ ਲੈਣੀ ਹੈ।

ਗੁਰੂ ਜੀ-ਜਾਓ ਫੇਰ ਸਵੋਂ।

ਸੱਜਣ ਸਿਰ ਨਿਵਾ ਕੇ ਚਲਾ ਗਿਆ।

ਥੋੜੇ ਚਿਰ ਮਗਰੋਂ ਇਕ ਸ਼ਾਹਜ਼ਾਦਗੀ ਦੀ ਫਬਨ ਵਾਲਾ ਅਮੀਰ ਜਿਹਾ ਆਦਮੀ ਆਕੇ ਬਹਿ ਗਿਆ ਤੇ ਬੰਦਨਾ ਕਰਕੇ ਬੋਲਿਆ :-ਸੁਹਣਿਓਂ ! ਮੈਂ ਬੀ ਮੁਸਾਫਰ ਹਾਂ, ਕੱਲ ਦਾ ਏਥੇ ਟਿਕਿਆ ਹਾਂ, ਇਹ ਬੜਾ ਸੱਜਣ ਪੁਰਖ ਹੈ, ਸਭ ਦੀ ਸੇਵਾ ਕਰਦਾ ਹੈ। ਜਵਾਨੀ ਵਿਚ ਧਨ ਕਮਾਇਆ ਸੁ, ਹੁਣ ਪੁੰਨ ਅਰਥੀ ਸੇਵਾ ਤੇ ਲਾਉਂਦਾ ਹੈ। ਤੁਸੀਂ ਬੜੇ ਧਨੀ ਤੇ ਭਾਗ ਵਾਲੇ ਦਿੱਸਦੇ ਹੋ: ਕਿਉਂ ? ਠੀਕ ਹੈ ਨਾ ਜੀ? ਧਨ ਖੱਟਕੇ ਆਏ ਹੋ ਪੱਲੇ ਹੀਰੇ ਪੰਨੇ ਹਨ। ਲੁਕੋ ਨਾਲ ਘਰ ਅੱਪੜ ਜਾਓ, ਇਸ ਕਰਕੇ ਫਕੀਰੀ ਧਾਰੀ ਹੈ। ਅਸਾਂ ਤਾੜ ਲਿਆ ਹੈ, ਪਰ ਜਾਣਦੇ ਹੋ ਕਿਉਂ ? ਤੁਹਾਡਾ ਧਨ ਵਧਾਉਣ ਵਾਸਤੇ। ਮੈਂ ਨਵਾਬ ਈਸੇ ਖ਼ਾਂ ਖਰਲ ਦਾ ਛੋਟਾ ਪੁਤ੍ਰ ਹਾਂ। ਸ਼ੌਕ ਹੈ ਪਾਸੇ ਲਾਉਣ ਦਾ, ਦੋ ਚਾਰ ਦਿਨ ਤੋਂ ਮੌਕਿਆ ਨਹੀਂ ਬਣਿਆ ਸੀ ਖੇਡਣ ਖਿਡਾਉਣ ਦਾ। ਆਓ ਜ਼ਰਾ ਦਿਲ ਪਰਚਾਈਏ, ਖੇਡੀਏ ਨੱਕੀ ਪੂਰ। ਖੱਟ ਲਓ ਕੁਛ ਹੋਰ ਵਧ ਜਾਏ ਜੇ ਧਨ। ਮੈਨੂੰ ਤਾਂ ਇਕ ਠਰਕ ਹੈ ਖੇਡਣ ਦਾ, ਹਾਰਦਾ ਹੀ ਹਾਂ ਸਦਾ, ਪਰ ਸੁਭਾਉ ਨਹੀਂ ਹਟਦਾ। ਸਾਂਈਂ ਦਿੱਤਾ ਬਹੁਤ ਹੈ, ਹਾਰ ਗਿਆ ਤਾਂ ਹਾਰ ਗਿਆ, ਪਰਵਾਹ ਨਹੀਂ ਰੱਖੀਦੀ, ਦਿਲ ਇਸ ਪਰਚਾਵੇ ਖੁਸ਼ ਰਹਿੰਦਾ, ਹੈ।

ਮਰਦਾਨਾ (ਘੂਰੀ ਵੱਟ ਕੇ)-ਸਾਡੇ ਪਾਸ ਧਨ ਨਹੀਂ।

ਸ਼ਾਹਜ਼ਾਦਾ-ਹੈ ਤਾਂ ਸਹੀ, ਪਰ ਨਾ ਸਹੀ, ਪੰਜ ਸੌ ਮੈਥੋਂ ਹੀ ਲੈ ਲਓ ਖਾਂ ਤੇ ਆਓ ਖੇਡੀਏ, ਦਿਲ ਪਰਚਾਵਾ ਹੈ, ਹੋਰ ਕੀਹ ਸਿਆਲੇ ਦੀ ਲੰਮੀ ਰਾਤ

---

[1] ਸਨਸਾਰ, ਮਗਰ ਮੱਛ

[1] ਜਗਰਾਤਾ।

ਬੀਤਦੀ ਨਹੀਂ, ਸੌਖੀ ਲੰਘ ਜਾਵੇਗੀ।

ਗੁਰੂ ਜੀ-ਸਾਨੂੰ ਜਾਚ ਨਹੀਂ, ਸਾਨੂੰ ਸ਼ੌਕ ਨਹੀਂ, ਧਨ ਤੋਂ ਹੱਥ ਧੋਕੇ ਟੁਰੇ ਹਾਂ।

ਸ਼ਾਹਜ਼ਾਦਾ-ਭੋਲਿਓ ਸਾਨੂੰ ਕਿਉਂ ਚਾਰਦੇ ਹੋ! ਮੱਥਾ ਦਮਕਦਾ ਹੈ ਕ੍ਰੋੜੀਏ ਵਾਂਗੂ, ਅੱਖ ਚਮਕਦੀ ਹੈ ਲਖੀਅਰ ਵਾਂਗੂ, ਅਸੀਂ ਸਿਆਣਦੇ ਹਾਂ ਸੈਨਤਾਂ। ਆਓ ਭਲਾ ਇਹ ਸਹੂੰ ਸਹੀ, ਜੇ ਤੁਸੀਂ ਜਿੱਤੇ ਤਾਂ ਲਓ, ਜੇ ਹਾਰੋ ਤਾਂ ਮੈਂ ਕੁਛ ਨਾ ਲੈਣਾ।

ਗੁਰੂ ਜੀ-ਸਦਾ ਹਾਰਨ ਵਾਲਿਆ, ਦੂਜਿਆਂ ਨੂੰ ਜਿਤਾਉਣ ਵਾਲਿਆ, ਕਾਸ਼ ! ਤੈਨੂੰ ਸਾਰ ਹੁੰਦੀ ਹਾਰ ਵਿਚ ਜਿੱਤ ਵੇਖਣ ਦੀ। .. ਜਾਹ ਸਉਂ ... ਖਿਆਲ ਨਾ ਪਉ ਫਕੀਰਾਂ ਦੇ।

ਸ਼ਾਹਜ਼ਾਦਾ-ਚਲੋ ਫਕੀਰ ਹੀ ਸਹੀ, ਨਹੀਂ ਲਾਉਂਦੇ ਦਾਵਾਂ ਤੇ ਧਨ, ਐਵੇਂ ਹੀ ਖੇਡੋ ਚੌਸਰ; ਸ਼ਤ੍ਰੰਜ, ਤਾਸ਼। ਸ਼ਤ੍ਰੰਜ ਤਾਂ ਅਕਲ ਵਧਾਂਵੀਂ ਖੇਡ ਹੈ, ਲਿਆਵਾਂ ਮੁਹਰੇ ? ਇਸ ਵਿਚ ਤਾਂ ਹਾਰ ਨਾਲ ਕੁਛ ਖਰਚ ਨਹੀਂ ਹੁੰਦਾ।

ਗੁਰੂ ਜੀ-ਹੀਰੇ ਜਨਮ ਦੀ ਹਾਰ ਦੀ ਜਿਨ੍ਹਾਂ ਨੂੰ ਸਾਰ ਨਹੀਂ ਉਹਨਾਂ ਨੂੰ ਹਾਰ ਨਾਲ ਪੈ ਰਹੇ ਘਾਟੇ ਦੀ ਕੀ ਸਾਰ ?

ਸ਼ਾਹਜ਼ਾਦਾ-ਹੀਰਾ ਜਨਮ ਕੀ ਹੁੰਦਾ ਹੈ। ਦੌਲਤ, ਮਾਲ, ਹਾਸਾ, ਖੇਡ ਤੇ ਖੁਸ਼ੀ।

ਗੁਰੂ ਜੀ-ਹੀਰਾ ਜਨਮ ਮਾਨੁੱਖਾ ਦੇਹ ਹੈ, ਤੇ ਵਿਗੜਦਾ ਹੈ ਇਉਂ :-

ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾ
ਤਨਿ ਉਠਿ ਖਲੋਏ ਰੋਗ ॥ {ਮਲਾਰ ਮ: ੧}

ਸ਼ਾਹਜ਼ਾਦਾ-ਤੁਸੀਂ ਤਾਂ ਸਾਧਾਂ ਵਾਂਗੂ ਕੂੰਦੇ ਹੋ ਚੱਲ ਬਈ ਮਨਾਂ ! ਸਉਂ, ਕਾਹਨੂੰ ਐਵੇਂ ਸਿਰ ਰਗੜਦਾ ਹੈਂ, ਨਾਲੇ ਧਨ ਦਿੰਦਾ ਹੈਂ, ਨਾਲੇ ਉਦਾਸੀਆਂ ਦੇ ਮਿਹਣੇ ਸੁਣਦਾ ਹੈਂ।

ਇਸ ਤਰ੍ਹਾਂ ਦੀਆਂ ਸੁਣਾਉਤਾਂ ਸੁੱਟਕੇ ਇਹ ਬੀ ਵਿਦਾ ਹੋਇਆ।

ਫੇਰ ਆਈ ਇਕ ਮਾਈ, ਪੰਜਾਹ ਕੁ ਵਰ੍ਹੇ ਦੀ ਢਲੀ ਉਮਰ ਵਾਲੀ, ਵਡੇਰੀ ਮਾਂ ਵਾਂਗੂ ਦਰਦਾਂ ਪਿਆਰਾਂ ਭਰੀ ਆਵਾਜ਼ ਵਾਲੀ, ਥਾਲ ਅੱਗੇ ਧਰਿਓ ਸੁ: ਮੈਂ ਸਦਕੇ ਗਈ ਲਾਲ ਜੀਓ ! ਨਾ ਅੰਨ, ਨਾ ਪਾਣੀ, ਨਾ ਦੁੱਧ, ਕੇਡੇ ਕਠਨ ਵਰਤ ਧਾਰੇ ਹਨ, ਵਾਹ ਸਾਂਈਂ ਦੇ ਲਾਲ ! ਤਪ ਹੋਵੇ ਤਾਂ ਇਹ, ਬੰਦਗੀ ਹੋਵੇ ਤਾਂ ਇਹ (ਮੱਥਾ ਟੇਕਕੇ) ਤੁਸੀਂ ਤਾਂ ਪੂਰੇ ਭਾਂਡੇ ਤੱਕੇ। ਹਾਂ ! ਮੈਂ ਸਦਕੇ ਜਾਵਾਂ ! ਰਾਤ ਜਾਗਣਾ ਹੈ ਸਾਰੀ, ਕੁਛ ਤਾਂ ਏਸ ਸਰੀਰ ਨੂੰ ਤੁਲ੍ਹਾ ਦਿਓ, ਇਹ ਕੱਖਾਂ ਦਾ ਛੱਪਰ, ਤੁਲ੍ਹੇ ਬਿਨ ਕਿੰਵ ਟਿਕੇਗਾ ? ਇਸ ਗੜਵੀ ਵਿਚ ਹੈ ਦੇਵਤਿਆਂ ਦਾ ਅੰਮ੍ਰਿਤ 'ਸੁਰ+ਪਾਨ[1]' ਜਿਸ ਦਾ ਇਕ ਘੁੱਟ ਪੀਕੇ ਸਿੱਧ, ਨਾਥ; ਗੋਰਖ ਆਪ ਸਾਰੀ ਰਾਤ ਲਿਵ ਵਿਚ ਜੁੜ ਬੈਠਦੇ ਹਨ। ਇਸ ਦੂਜੀ ਵਿਚ ਹੈ ਸੋਮਾਂ ਰਸ, ਜੋ ਦੇਵਤੇ ਤੇ ਰਿਸ਼ੀ ਪੀਕੇ ਸਾਂਈਂ ਦੇ ਗੀਤ ਗਾਉਂਦੇ ਰਹੇ। ਇਹੋ ਹੈ ਸੋਮ ਰਸ, ਹਿਮਾਲੇ ਦੀਆਂ ਚੋਟੀਆਂ ਤੋਂ ਲੈ ਦੱਖਣ ਦੀਆਂ ਘਾਟੀਆਂ ਤੇ ਰੇਗਸਤਾਨਾਂ ਤੱਕ ਇਹੋ ਇਕ ਬੂਟੀ ਮਿਲਦੀ ਹੈ, ਸਾਰੇ ਥਕਾਨ ਤੇ ਦੁੱਖਾਂ ਨੂੰ ਕਰਦੀ ਹੈ 'ਭੰਗ', ਹੁਣ ਬੀ ਸਾਧੂ ਲੋਕ ਘੁੱਟ ਪੀਕੇ ਲਾਉਂਦੇ ਹਨ ਤਾੜੀ ਸਾਰੀ ਰਾਤ। ਤੇ ਇਸ ਤੀਜੀ ਵਿਚ ਹੈ ਦਿਲ ਦਾ ਦੋਸਤ, ਮਲਿਆਂ ਪੁਣਿਆਂ ਮਿੱਠਾ ਮਿੱਠਾ[2], ਮਲੰਗ ਬੇਨਵਾ ਤੇ ਹੋਰ ਚੰਗੇ ਚੰਗੇ ਫਕੀਰ ਪੀ ਕੇ ਬੰਨ੍ਹਦੇ ਹਨ ਤਾਰ ਦਿਲ ਦੀ ਰੱਬ ਨਾਲ। ਇਹ ਡੱਬੀ ਹੈ ਪੋਸਤ ਦੀ ਬੇਟੀ ਚੀਨੀ-ਬੇਗਮ ਦੀ, ਜੋ ਪੀਂਦੇ ਨਹੀਂ ਓਹ ਅੱਧੀ ਕੁ ਰੱਤੀ ਇਸੇ ਦੀ ਜੀਭ ਦੀ ਨੋਕ ਨੂੰ ਲਾਕੇ ਦਸਮ ਦੁਆਰ ਦਾ ਉਛਾਲਾ ਖਾਕੇ ਟਿਕ ਜਾਂਦੇ ਹਨ ਸਾਰੀ ਰਾਤ ਭਜਨ ਦੀ ਲੈ ਵਿਚ। ਕੋਈ ਸ਼ੈ ਰਤਾ ਕੁ ਲੈ ਲਓ ਤੁਲ੍ਹ ਹੋ ਜਾਏ ਸ਼ਰੀਰ ਨੂੰ, ਹਾਂ ਲੰਘ ਜਾਏਗੀ ਰਾਤ ਸੁਖ ਵਿਚ !

ਗੁਰੂ ਜੀ-ਹੇ ਜਗਤ ਮਾਤਾ ਦੀ ਮੂਰਤੀ ! ਆਰਾਮ ਕਰ। ਲੋੜ ਨਹੀਂ ਨਸ਼ੇ ਦੀ, ਹੋਛੇ ਨਸ਼ੇ ਹੋਛਿਆਂ ਕਰਦੇ ਹਨ। ਜਾਓ ਸਵੋਂ, ਜੋ ਬਿਨ ਪੀਤੇ ਮਸਤ ਹੋਣ ਉਹ ਕਿਉਂ ਪੀਣ ?

ਮਾਈ-ਵਾਹਵਾ ! ਸਾਂਈਂ ਵਾਲਿਓ ! ਮੈਂ ਤੇ ਦਰਦ ਕੀਤਾ ਸੀ, ਤੁਸੀਂ ਦਰਦ ਤੋਂ ਬੀ ਉੱਚੇ ਹੋ, ਜੁਗ ਜੁਗ ਜੀਓ।

ਗੁਰੂ ਜੀ-ਤੂੰ ਜੇ ਦਰਦ ਕੀਤਾ ਸੀ ਤਾਂ ਬੀ

---

[1] ਸੁਰਾਪਾਨ=ਸੁਰ+ਅਪਾਨ=ਜੋ ਦੇਵਤੇ ਨਾ ਪੀਣ। ਪਰ ਮਾਈ 'ਸ਼ਰਾਬ' ਨੂੰ 'ਸੁਰ+ਪਾਨ' ਦਸਦੀ ਹੈ। ਸੁਰ+ਪਾਨ=ਜੋ ਦੇਵਤੇ ਪੀਣ।

[2] ਪੋਸਤ।

ਸਾਂਈਂ ਤੇਰਾ ਦਰਦ ਕਰੇਗਾ। ਜੇ ਬੇਦਰਦੀ ਕੀਤੀ ਸੀ ਤਾਂ ਬੀ ਸਾਂਈਂ ਤੇਰਾ ਦਰਦ ਕਰੇਗਾ।

ਇਹ ਸੁਣ ਮਾਈ ਬੀ ਸਿਰ ਨਿਵਾਕੇ ਟੁਰ ਗਈ।

-o-

੩. {ਸੱਜਣ ਦੇ ਘਰ ਅੰਦਰ ਮਤੇ}

**ਸੱਜਣ** ਦੇ ਅੰਦਰ ਹੁਣ ਉਸ ਦੀ ਤੇ ਉਸਦੇ ਕਰਮਚਾਰੀਆਂ ਦੀ ਮੰਡਲੀ ਲੱਗ ਰਹੀ ਸੀ ਤੇ ਸੱਜਣ ਪੁਛ ਰਿਹਾ ਸੀ ਉਹਨਾਂ ਦੀ ਰਾਇ-

ਸੱਜਣ-ਦੱਸੋ ਫੇਰ ਇਹ ਫਕੀਰ ਹੈ, ਧਨ ਪਾਤ੍ਰ ਹੈ ਕਿ ਕੋਈ ਸੂੰਹੀਆਂ ਹੈ ?

੧-ਮੇਰੀ ਜਾਚੇ ਮਾਮੂਲੀ ਸਾਧ ਹੈ, ਨਵਾਂ ਵਿਰਾਗੀ ਹੈ, ਤਪ, ਜਪ, ਕਰਨ ਵਾਲਾ, ਪੱਲੇ ਕੁਛ ਨਹੀਂ ਸੂ, ਖਹਿੜਾ ਛੋੜੋ ਸੁ ਪਰੇ, ਟੋਰੋ ਸਵੇਰੇ ਸੁਖਾਂ ਨਾਲ।

੨-ਨਹੀਂ, ਅਮੀਰ ਹੈ, ਮੱਥੇ ਤੇ ਰੱਤੀ ਚਮਕਦੀ ਹੈ ਧਨ ਦੀ, ਨਾਲ ਚਮਕਦੀ ਹੈ ਰੱਤੀ ਰੂਪ ਦੀ : ਧਨ ਪੱਲੇ ਹੋਏ ਬਿਨਾਂ ਕਦੇ ਗੱਲ੍ਹਾਂ ਲੱਸੀਆਂ ਹਨ ਤੇ ਮੱਥੇ ਦਮਕੇ ਹਨ ? ਕਿਤੋਂ ਖੱਟ ਕੇ ਲਿਆਇਆ ਹੈ ਮਾਲ। ਪਾਸ ਹਨ ਇਸ ਦੇ ਮੋਤੀ, ਹੀਰੇ। ਕੋਈ ਇਕ ਡੱਬੀ ਕਿ ਰਤਨਾਂ ਦਾ ਡੱਬਾ, ਬੱਸ।

੩-ਨਹੀਂ, ਇਹ ਗੱਲ ਜੋ ਉਸ ਨੇ ਆਖੀ ਹੈ ਕਿ ਮੱਛੀਆਂ ਜਾਲ ਵਿਚ ਤੇ ਕਦੇ ਮਗਰ ਮੱਛ ਜਾਲ ਵਿਚ, ਕਿਉਂ ਆਖੀ ਹੈ ? ਇਹ ਪੱਕ ਨਿਸ਼ਾਨੀ ਸੂੰਹੀਏਂ ਹੋਣ ਦੀ ਹੈ। ਇਹ ਜੇ ਇਕ ਦੋ ਦਿਨ ਰਹਿਕੇ ਕੋਈ ਭੇਤ ਲੈ ਗਿਆ ਤਾਂ ਬੱਸ ਫੇਰ ਸਾਡੀ ਸੁਖ ਨਹੀਂ। ਹੁਣ ਇਸਦੀ ਇਥੇ ਹੀ ਸਮਾਧੀ ਲਗੀ ਰਹੇ ਤਾਂ ਠੀਕ ਹੈ। ਇਹ ਜ਼ਰੂਰ ਸੂੰਹੀਆਂ ਹੈ ਕਿਸੇ ਦਾ।

੪. ਮਾਈ-ਸਾਰੇ ਸਿਆਣੇ ਹੋ ਤੇ ਭਾਵੇਂ ਮਰਦ ਕਹਿੰਦੇ ਹਨ ਕਿ ਤ੍ਰੀਮਤ ਦੀ ਅਕਲ ਕਦੇ ਦੂਰ ਦੇ ਪੈਂਡੇ ਨਹੀਂ ਪੈਂਦੀ, ਪਰ ਤਾਂ ਬੀ ਮੇਰੀ ਸੁਣ ਲੈਣੀ। ਸਾਰੇ ਤੁਸਾਂ ਦੇ ਅਨੁਮਾਨ-ਸਮੇਤ ਮਾਲਕ ਦੇ-ਗ਼ਲਤ ਹਨ, ਇਹ ਸੂੰਹੀਆਂ ਨਹੀਂ ਹੈ।

ਸੱਜਣ (ਗੱਲ ਟੁੱਕ ਕੇ)-ਫੇਰ ਮਗਰਮੱਛ ਕੀ ਕਿਹਾ ਸੁ ?

ਮਾਈ-ਮੈਂ ਦੱਸਦੀ ਹਾਂ, ਸੁਣੋ। ਜ਼ਰਾ ਸੁਣ ਲਓ ਸਾਰੇ ਸਿਆਣੇ ਜੇਰਾ ਕਰਕੇ ਮੈ ਮੂਰਖ ਦੀ; ਕਈ ਇਥੇ ਆਏ ਅਮੀਰ, ਗ਼ਰੀਬ, ਚਤੁਰ, ਸਾਧ, ਫਕੀਰ, ਹਰ ਤਰ੍ਹਾਂ ਦੇ ਲੋਕ ਤੇ ਤੁਸਾਂ ਅਸਾਂ ਸਾਰੇ ਵੇਖੇ ਹਨ। ਪਰ ਇਸ ਦੀ ਨੁਹਾਰ ਵੱਖਰੀ ਹੈ, ਪੈਸੇ ਵਾਲੀ ਦਮਕ ਇਸ ਦੇ ਮੱਥੇ ਤੇ ਨਹੀਂ, ਨੈਣ ਰਸੀਲੇ ਹਨ, ਪਰ ਤੱਕੀਏ ਤਾਂ ਠੰਢ ਪਾਉਂਦੇ ਹਨ, ਅੰਦਰੋਂ ਬਾਹਰੋਂ ਕਿਤੇ ਗੁੰਮ ਗੁੰਮ ਹੁੰਦੇ ਜਾਪਦੇ ਹਨ, ਕੋਲ ਜਾਓ ਤਾਂ ਹੋਰਵੇਂ ਜਿਹਾ ਸਵਾਦ ਪੈਂਦਾ ਹੈ। ਇਹ ਅਸਰ ਕਦੇ ਕਿਸੇ ਦੇ ਆਇਆਂ ਨਹੀਂ ਪਏ। ਫੇਰ ਜੋ ਗੱਲ ਕਰਦਾ ਹੈ ਉਸ ਵਿਚ ਕੁਛ ਹੁੰਦਾ ਹੈ, ਹੋਰ ਹੋਰ, ਸੋਚ ਲਾਕੇ ਮਸਾਂ ਕੁਛ ਸਮਝ ਪੈਂਦੀ ਹੈ। ਸੂੰਹੀਆਂ ਨਹੀਂ ਹੈ, ਜੇ ਹੁੰਦਾ ਤਾਂ ਮਗਰ ਮੱਛ ਵਾਲੀ ਗੱਲ ਕਦੇ ਨਾ ਕਰਦਾ। ਇਹੋ ਜਿਹੀ ਕੱਚੀ ਗਲ ਕਰਕੇ ਸਾਨੂੰ ਸ਼ੱਕ ਨਾ ਪਾਉਂਦਾ ਕਿ ਅਸੀਂ ਉਸ ਨੂੰ ਮਗਰ ਮੱਛ ਸਮਝਕੇ ਤ੍ਰਬ੍ਹਕ ਜਾਂਦੇ ਤੇ ਚੁਕੰਨੇ ਹੋ ਜਾਂਦੇ, ਜਿਸ ਤਰ੍ਹਾਂ ਕਿ ਸਾਰੇ ਹੋ ਰਹੇ ਹੋ। ਸੂੰਹੀਏਂ ਆਪਾ ਨਹੀਂ ਜਣਾਉਂਦੇ ਹੁੰਦੇ। ਵਿਸਾਹ ਵਧਾਕੇ, ਭਰੋਸਾ ਜਮਾਕੇ ਵਾਰ ਕਰਦੇ ਹਨ ਸੂੰਹੀਏਂ ਤਾਂ।

ਸੱਜਣ-ਫੇਰ ਨਿਹੰਗ[1] ਵਾਲੀ ਗੱਲ ਦਾ ਕੀ ਅਰਥ ਹੈ ?

ਮਾਈ-ਇਹ ਮੈਨੂੰ ਨਹੀਂ ਪਤਾ, ਪਰ ਕੋਈ ਫਕੀਰੀ ਰਮਜ਼ ਹੈ, ਜੋ ਅਸੀਂ ਪਾਪੀ ਤੇ ਮਾਇਆ ਨਾਲ ਅੰਨ੍ਹੇ ਨਹੀਂ ਸਮਝ ਸਕੇ। ਮੈਨੂੰ ਭੀ ਰਮਜ਼ ਮਾਰੀ ਸੁ, ਮੈਂ ਕਿਹਾ : ਮੈਂ ਦਰਦ ਕੀਤਾ ਸੀ ਤੁਸਾਂ ਨਾਲ, ਕਹਿਣ ਲੱਗੇ, ਦਰਦ ਕੀਤਾ ਸੀ ਤੂੰ ਤਾਂ ਸਾਂਈਂ ਤੇਰਾ ਦਰਦ ਕਰੇਗਾ; ਜੇ ਬੇਦਰਦੀ ਕੀਤੀ ਸੀ ਤਾਂ ਬੀ ਸਾਂਈਂ ਤੇਰਾ ਦਰਦ ਕਰੇਗਾ। ਹੁਣ ਸੋਚ ਲਵੋ, ਇਹ ਕੋਈ ਚੰਗਾ ਉੱਚਾ, ਸੱਚੀ ਮੁੱਚੀ ਦਾ ਰੱਬ ਵਾਲਾ ਫਕੀਰ ਹੀ ਕਹਿ ਸਕਦਾ ਹੈ। ਨਾ ਅਮੀਰ, ਨਾ ਕੰਗਾਲ, ਨਾ ਭੇਖੀ ਫਕੀਰ ਇਹ ਗੱਲ ਮੂੰਹੋਂ ਕੱਢ ਸਕਦਾ ਹੈ। ਫੇਰ ਜਿਸ ਵੇਲੇ ਇਹ ਕੁਛ ਕਿਹਾ ਸਾਨੇ ਉਹਨਾਂ ਦੀ ਸੁਰ ਵਿਚ ਦਰਦ ਦੀ ਝਰਨਾਟ ਸੀ।

ਸੱਜਣ-ਮਰ ਜਾਏਂ ਦਾਨੀਏਂ ! ਧੌਲਾ ਝਾਟਾ ਤੇ ਆਟਾ ਖ਼ਰਾਬ, ਦੁਨੀਆਂ ਵਿਚ ਕੋਈ ਰੱਬ ਵਾਲਾ ਸੱਚੀ ਮੁਚੀ ਬੀ ਹੈ ? ਸਭ ਪਖੰਡ ਦੇ ਭਗਤ ਹਨ। (ਸਿਰ ਫੇਰਕੇ) ਕੋਈ ਅਸਲੀ ਨੇਕੀ ਵਾਲਾ ਬੀ ਹੈ ? ਕੋਈ ਨਹੀਂ, ਸਭ ਮਤਲਬੀ ਹਨ। ਜੇ ਕੋਈ ਰੱਬ

[1] ਮਗਰ ਮੱਛ।

ਵਾਲਾ ਯਾ ਕੋਈ ਇਕ ਬੰਦਾ ਸੱਚੀ ਮੁੱਚੀ ਨੇਕ ਹੁੰਦਾ ਤਾਂ ਸੱਜਣ ਬੀ ਉਨ੍ਹਾਂ ਵਿਚ ਹੁੰਦਾ, ਤੁਸੀਂ ਸਾਰੇ ਬਾਲਕੇ ਹੁੰਦੇ। ਮੈਂ ਤਾਂ ਠੋਕ ਵਜਾ, ਪਰਖ ਪੁਰਖ, ਨੇਕੀਆਂ ਕਰ ਕਰ, ਸੱਟਾਂ ਖਾ ਖਾ, ਸਦਮੇਂ ਸਹਿ ਸਹਿ, ਆਪਣੀਆਂ ਕੀਤੀਆਂ ਭਲਿਆਈਆਂ ਦੇ ਬੁਥਾੜ ਧ੍ਰੋਹਾਂ ਨਾਲ ਭਨਵਾ ਭਨਵਾ ਇਥੇ ਅੱਪੜਿਆ ਸਾਂ ਕਿ ਜਗਤ ਪਾਪ, ਧਰੋਹ, ਝੂਠ, ਬਨਾਵਟ, ਖੁਦਗਰਜ਼ੀ ਦਾ ਇੰਦਰ ਜਾਲ ਹੈ। ਜੋ ਇਸ ਵਿਚ ਵੱਡਾ ਇੰਦਰ ਜਾਲੀਆ ਸੋ ਵੱਡਾ ਸੁਖੀ। ਚਿਹਰੇ ਤੱਕੋ, ਸਿੱਧੀਆਂ ਪੱਗਾਂ ਵੇਖੋ, ਮੰਦਰਾਂ ਨੂੰ ਜਾਂਦੇ ਤੱਕੋ, ਕਥਾ ਸੁਣਾਉਂਦੇ, ਗਾਉਂਦੇ, ਪਰਉਪਕਾਰਾਂ ਕਰਦੇ ਤੱਕੋ ਤਾਂ ਨਿਹਾਲ ਹੋ ਹੋ ਜਾਓ। ਜਦੋਂ ਵਾਹ ਪਏ ਤਾਂ ਸਾਰੇ ਬਿੱਲੇ, ਚੂਹਿਆਂ ਦੀ ਮੁਸ਼ਕ ਮਗਰ ਬੇਵਸੇ ਹੋ ਕੇ ਜਾ ਪੈਣ ਵਾਲੇ ਦ੍ਰੋਹੀ। ਵਪਾਰੀ ਤੱਕੋ, ਕਿਰਤੀ ਤੱਕੋ, ਠੇਕੇਦਾਰ ਤੱਕੋ, ਸਭ ਛਲ ਦੇ ਠੇਕੇਦਾਰ। ਸੋ ਅਸਾਂ ਕਿਹਾ: ਸੱਜਣਾਂ ! ਤੂੰ ਬਣ ਠੱਗਾਂ ਦਾ ਸਿਰਤਾਜ ਤੇ ਛਲੀਆਂ ਦਾ ਮਹਾਰਾਜ। ... ਦੁਹਾਈ ਜੇ ! ਮੈਂ ਨਹੀਂ ਮੰਨਦਾ ਕਿ ਕੋਈ ਸਾਧ ਹੈ, ਕੋਈ ਸਾਫ ਹੈ। ...ਹਾਇ! ਅਜ ਮੇਰਾ ਕਾਲਜਾ ਉੱਖੜ ਖਲੋਤਾ ਹੈ ਫਿਕਰ ਨਾਲ ਕਿ ਇਹ ਕਿਸ ਤਰ੍ਹਾਂ ਦਾ ਕੋਈ ਮੈਥੋਂ ਬੀ ਵੱਡਾ ਹੈ, ਜੋ ਜਾਲ ਵਿਚ ਘੜਿਆਲ[੧] ਬਣਦਾ ਹੈ।

ਮਾਈ-ਜਿਵੇਂ ਕਹਿੰਦੇ ਹੋ ਠੀਕ ਹੋਸੀ, ਪਰ ਅਜ ਤ੍ਰੀਮਤ ਦੀ ਮੱਤ, ਜੋ ਮਰਦ ਖੁਰੀ ਪਿੱਛੇ ਦੱਸਦੇ ਹੁੰਦੇ ਹਨ, ਠੀਕ ਨਿਕਲਨੀ ਹੈ। ਕਰ ਲਓ ਜੋ ਚਾਹੋ; ਪਰ ਮੈਂ ਮਨ੍ਹਾਂ ਕਰਾਂਗੀ, ਜ਼ਰੂਰ ਮਨ੍ਹਾਂ ਕਰਾਂਗੀ। ... ਮੈਨੂੰ ਨਿਰਾ ਤਪੀਆ ਬੀ ਨਹੀਂ ਜੇ ਭਾਸਦਾ; ਉਹ ਕੁਛ ਬਲਵਾਨ, ਉੱਪਰੋਂ ਗੋਤ ਮਾਰਨ ਵਾਲਾ ਸੱਤਿਆਵਾਨ ਦਿੱਸਦਾ ਹੈ। ਤੁਹਾਨੂੰ ਮਗਰਮੱਛ ਵਾਲੀ ਗੱਲ ਕੁਛ ਰਾਹੇ ਪਾਉਣ ਲਈ ਖਬਰੇ ਆਖੀਸੂ ਜੋ ਫਿਕਰ ਪੈਕੇ ਤੁਹਾਡੀ ਸੋਚ ਦਾ-ਜੋ ਪਾਪਾਂ ਵਿਚ ਪੱਥਰ ਹੋ ਚੁਕੀ ਹੈ-ਥਰ ਟੁੱਟੇ ਤੇ ਵਿਚਾਰ ਆਪਣਾ ਕੰਮ ਕਰਨ ਲੱਗ ਪਵੇ ਤੇ ਉਹ ਕੋਈ ਮਰਮੀ ਥਾਂ ਲੱਭ ਕੇ ਸੱਟ ਮਾਰੇ ਕਿਸੇ ਗਿਆਨ ਦੀ।

ਸੱਜਣ-ਤੂੰ ਬ੍ਰਹਮ ਗਿਆਨਣ ਤੇ ਫਕੀਰੀ ਦੀ ਰਮਜ਼ਦਾਨ ਕਿਥੋਂ ਅਜ ਬਣ ਗਈ ? ਕਿਤੇ ਉਸ ਮੁੰਹੀਏਂ ਨੇ ਕੁਛ ਦੇ ਦਿਵਾਕੇ ਸਾਡੇ ਵਿਰੁੱਧ ਅਪਣੇ ਨਾਲ ਤਾਂ ਨਹੀਂ ਰਲਾ ਲਿਆ ਤੈਨੂੰ ?

ਮਾਈ(ਹੱਸਕੇ)-ਸਿਆਣੇ ਹੋ। ਵਿਨਾਸ਼ ਕਾਲ ਵੇਲੇ ਬੁੱਧ ਪੁੱਠੀ ਹੋ ਜਾਂਦੀ ਹੈ ਤੇ ਸੁਧਾਰ ਦੀ ਸੱਟ ਵੱਜਣ ਲੱਗਿਆ ਬੁੱਧੀ ਆਪੇ ਦਾ ਹਠ ਛੱਡ ਬੈਠਦੀ ਹੈ।... ਚੇਤਾ ਹੀ ਜੇ ਨਾ ! ਮੈਨੂੰ ਕਿਸੇ ਧ੍ਰੋਹ ਨਾਲ ਫੜਕੇ ਲਿਆਏ ਤੇ ਕੈਦ ਪਾ ਕੇ ਇਨ੍ਹਾਂ ਖੋਟੇ ਕੰਮਾਂ ਵਿਚ ਪਰਚਾਇਆ ਜੇ। ਮੈਂ ਸਾਧੂ ਦੀ ਤ੍ਰੀਮਤ ਸੀ। ਮੇਰੇ ਘਰ ਨਿੱਤ ਸਾਂਈਂ ਵਾਲੇ, ਚਾਹੋ ਗੱਲਾਂ ਦੇ ਗਿਆਨੀ, ਚਾਹੋ ਤਪਾਂ ਦੇ ਅਭਿਮਾਨੀ, ਚਾਹੋ ਚੰਗੇ ਆਉਂਦੇ ਸਨ, ਮੈਂ ਸੇਵਾ ਕਰਦੀ ਸਾਂ, ਵੇਖਦੀ ਸਾਂ, ਸੁਣਦੀ ਸਾਂ। ਭਾਗ ਹਿਰ ਗਏ, ਇਥੇ ਆ ਫਸੀ। ਖੁਸ਼ੀਆਂ ਨਾਲ ਤਾਂ ਨਹੀਂ ਫਸੀ, ਜਗਤ ਨੂੰ ਕਾਲਾ ਦੇਖਕੇ ਨਹੀਂ ਫਸੀ, ਮੈਂ ਤਾਂ ਬੰਨ੍ਹਕੇ ਮਾਰੀ ਗਈ। ... ਮੈਂ ਤਾਂ ਇਹ ਡਿੱਠਾ ਹੈ ਕਿ ਜਦ ਮਨ ਕਾਲਾ ਹੁੰਦਾ ਹੈ ਤਦ ਜਗਤ ਵਿਚ ਪਾਪ ਹੀ ਪਾਪ ਦਿੱਸਦਾ ਹੈ। ਜਦ ਮਨ ਸਾਫ ਹੁੰਦਾ ਹੈ ਤਦ ਪੁੰਨ ਬੀ ਦਿੱਸ ਪੈਂਦੇ ਹਨ। ਲੋਕੀਂ ਮਾੜੇ ਹਨ, ਠੱਗ ਹਨ, ਦ੍ਰੋਹੀ ਹਨ; ਤਾਂ ਕੀ ਅਸੀਂ ਉਹ ਕੁਛ ਬਣਨਾ ਹੈ ਕਿ ਅਸਾਂ ਨੇਕ ਰਹਿਣਾ ਹੈ ? ਪਰ ਆਪਣੇ ਕੀ ਵੱਸ ਹੈ, ਕਰਮਾਂ ਦੀ ਰੇਖ। ਕਰਮ ਹਿਰ ਗਏ, ਮੈਂ ਸਾਧੂ ਦੀ ਇਸਤ੍ਰੀ ਠੱਗਾਂ ਦੀ ਕੰਨ ਕੁਤਰਨੀ ਬਣ ਰਹੀ ਹਾਂ। ਭਾਗ! (ਕਹਿਕੇ ਰੋ ਪਈ)।

ਸੱਜਣ-ਬਈ ਮਿੱਤ੍ਰੋ ! ਦੋਹਾਂ ਦਾ ਫਿਕਰ ਕਰੋ ਅੱਜ, ਇਕ ਉਨ੍ਹਾਂ ਦਾ, ਤੇ ਇਕ ਇਸ ਘਰ ਦੇ ਵੈਰੀ, ਬੁੱਕਲ ਦੇ ਸੱਪ ਦਾ ਜੋ ਅਜ ਆਪਣੀ ਜ਼ਾਤ ਬਿਰਾਦਰੀ ਦੇ ਘਰ ਆਏ ਵੇਖਕੇ, ਹਿਕੇ ਵੱਢੀ ਖਾਕੇ, ਸਾਨੂੰ ਹੀ ਫੁੰਕਾਰੇ ਮਾਰਨ ਲੱਗ ਪਈ ਹੈ। ਬਥੇਰੇ ਦੰਦ ਭੰਨੇ, ਪਰ ਸੁਹਰੀ ਦੇ ਫੇਰ ਫੇਰ ਉੱਗ ਆਉਂਦੇ ਹਨ।

ਮਾਈ-ਮੇਰੇ ਤਾਂ ਦੰਦ ਭੰਨੋ ਤੇ ਸਿਰ ਬੀ ਚਿੱਥੋ, ਅਲਖ ਮੁੱਕੇ ਮੇਰੀ। ਇੰਨੀ ਸੇਵਾ ਕਰਦਿਆਂ ਮੇਰੇ ਤੇ ਇਤਬਾਰ ਨਹੀਂ ਬੱਝਾ ਅਜੇ। ਵਿਸਾਹ ਘਾਤੀਆਂ ਪਾਸ ਕਦੇ ਵਿਸਾਹ ਨਹੀਂ ਬਣਦਾ ਚਾਹੇ ਕਿੰਨਾ ਟੁੱਟ ਟੁੱਟ ਮਰੋ। ਉਠੋ ਖਾਂ ਪਹਿਲੇ ਮੇਰੀ ਸਿਰੀ ਫੇਹ ਦਿਓ, ਕੁਛ ਚਿਰ ਪੂਛ ਮਾਰ ਮਾਰ ਇਹ ਦੁਮੂੰਹੀ

[੧] ਮਗਰ ਮੱਛ।

ਸੱਪਣੀ ਆਪੇ ਠੰਡੀ ਹੋ ਜਾਏਗੀ।

ਸੱਜਣ-ਹੁਣ ਸਿਰ ਨਾ ਖਾਹ, ਗਿਆਨ ਨਾ ਘੋਟ, ਅੱਜ ਵੇਲਾ ਆਇਆਂ ਹੈ ਕਸ਼ਟ ਦਾ, ਅਕਲ ਖਰਚ ਕਰਨ ਦਾ, ਘਰ ਆਏ ਨੂੰ ਪਛਾਣਨ ਦਾ, ਇਹ ਲੈ ਤੁਰੀ ਹੈ ਆਪਣੇ ਰਾਗ।

ਪਹਿਲਾ ਠੱਗ-ਜਾਣ ਦਿਓ ਸੁ, ਕਿਉਂ ਸਾਰੇ ਘਬਰਾ ਗਏ ਹੋ ? ਜਾਓ ਸਵੋਂ, ਮੇਰੇ ਜ਼ਿੰਮੇ ਰਹਿਣ ਦਿਓ, ਮੈਂ ਜਾਗਾਂਗਾ, ਮੈਂ ਤੜਕੇ ਤੋਰ ਦਿਆਂਗਾ, ਐਵੇਂ ਰੱਸੀ ਨੂੰ ਨਾਗ ਸਮਝਕੇ ਚੀਕਾਂ ਪਏ ਮਾਰਦੇ ਹੋ।

ਦੂਜਾ-ਸਾਰੇ ਜਾਓ ਖਾਂ, ਮੈਂ ਜਾਗਦਾ ਹਾਂ ! ਮੈਂ ਰਾਤੀ ਰਤਨਾਂ ਦੀ ਡੱਬੀ ਜੇ ਨਾ ਖੋਹ ਲਈ ਤਾਂ ਕਹਿਣਾ।

ਤੀਸਰਾ-ਦੱਸੋ ਖਾਂ ਸਾਡਾ ਕੀ ਹਰਜ ਹੈ। ਰਲਕੇ ਮੁਸ਼ਕਾਂ ਕੱਸ ਲਈਏ, ਭੋਰੇ ਵਿਚ ਲੈ ਚਲੀਏ ਤੇ ਓਥੇ ਸਦਾ ਦੀ ਸਮਾਧਿ ਲਵਾ ਦੇਈਏ। ਜੇ ਧਨੀ ਹੈ ਤਾਂ ਧਨ ਨਿਕਲ ਆਊ, ਜੇ ਐਵੇਂ ਹੈ ਤਾਂ ਜਿਥੇ ਸੌ ਮਾਰਿਆ ਉਥੇ ਇਕੋਤ੍ਰ ਸੌ ਸਹੀ। ਜੇ ਸੂੰਹੀਆਂ ਹੈ ਤਾਂ ਬੀ ਅਲਖ ਚੁੱਕੀ; ਨਾ ਬਾਹਰ ਜਾਵੇ, ਨਾ ਦੰਦ ਖੁਹਲੇ, ਨਾ ਕੋਈ ਖਤਰਾ ਪਵੇ ਸਾਨੂੰ।

ਮਾਈ-ਠੀਕ ਹੈ, ਧਨ ਬੀ ਨਾ ਮਿਲੇ ਤੇ ਐਵੇਂ ਵਿਹਲਾ ਮਾਰ ਦਿਓ ਤੇ ਜੇ ਸੂੰਹੀਆਂ ਹੈ ਤਾਂ ਮਾਰਿਆਂ ਅਲਖ ਚੁੱਕੀ, ਜਿਸਦਾ ਸੂੰਹੀਆਂ ਹੈ ਉਹ ਕੋਈ ਭਲਾ ਪਿੱਛੇ ਹੈ ? ਉਹ ਤਾਂ ਕਟਕ ਲੈਕੇ ਆ ਪਏਗਾ, ਤੁਹਾਨੂੰ ਬੰਨ੍ਹ ਕੇ ਪੱਤਾ ਪੱਤਾ ਢੂੰਡ ਲਏਗਾ। ਅੱਜ ਬਾਲਾਂ ਵਾਲੀਆਂ ਗੱਲਾਂ ਕਿਉਂ ਕਰਦੇ ਹੋ ?

ਸੱਜਣ ਸੋਚੀਂ ਪੈ ਗਿਆ। ਘੋਰ ਪਾਪੀ ਵਿਚਾਰਾਂ ਦੇ ਖੂਹ.ਲਹਿ ਰਿਹਾ ਹੈ। ਕਿੰਨਾਂ ਚਿਰ ਸੋਚਾਂ ਹੋਈਆਂ, ਛੇਕੜ ਇਹੋ ਠਹਿਰੀ ਕਿ 'ਸਵਾ ਪਹਿਰ ਰਾਤ ਰਹਿੰਦੀ ਪੰਜ ਸਤ ਜਣੇਂ ਜਾਕੇ ਬੰਨ੍ਹ ਲਓ ਮੂੰਹ ਤੇ ਮੁਸ਼ਕਾਂ ਤੇ ਭੋਰੇ ਵਿਚ ਲਿਜਾਕੇ ਕਰ ਦਿਓ ਸੇਵਾ।'

੪. {ਫਜ਼ਲ। ਪਹਿਲੀ ਧਰਮਸਾਲ}

ਹਾ ਹਾ ! ਪਾਪਾਂ ਵਿਚ ਇਉਂ ਪ੍ਰਵਿਰਤ ਜਿਵੇਂ ਵਪਾਰੀ ਵਪਾਰ ਵਿਚ ਤੇ ਕਿਰਤੀ ਕਿਰਤ ਵਿਚ ਹੁੰਦਾ ਹੈ। ਉਹ ਪਾਪੀ ਘਰ ਅਰਸ਼ਾਂ ਦੇ ਸਾਂਈਂ ਦੀ ਜਿੰਦ ਦਾ ਗਾਹਕ ਬਣਕੇ ਆਪਣੀਆਂ ਕੁਟਿਲ ਤਿਆਰੀਆਂ ਵਿਚ ਲੱਗ ਗਿਆ। ਸੱਜਣ ਆਪਣੀ ਕੋਠੜੀ ਵਿਚ ਮੰਜੇ ਤੇ ਜਾ ਲੇਟਿਆ। ਨੈਣ ਮੀਟਦਾ ਹੈ, ਪਰ ਨੀਂਦ ਨਹੀਂ ਪੈਂਦੀ। ਮਨ ਨੂੰ ਟਿਕਾਉਂਦਾ ਹੈ ਪਰ ਟਿਕਦਾ ਨਹੀਂ। ਪਾਪੀਆਂ ਦੇ ਮਨਸੂਬੇ, ਪਾਪੀਆਂ ਦੇ ਪ੍ਰਬੰਧ ਬੜੇ ਪਕੇ ਤੇ ਅਕਲਾਂ ਦੇ ਬ੍ਰੀਕ ਤੰਦਣ ਤਾਣੇ ਵਾਲੇ ਹੁੰਦੇ ਹਨ। ਓਹ ਬੜੇ ਬੜੇ ਘੋਰ ਕੰਮ ਕਰ ਗੁਜ਼ਰਦੇ ਹਨ, ਪਾਪ ਕਰਦਿਆਂ ਦਿਲ ਪੱਥਰ ਹੋ ਜਾਂਦੇ ਹਨ, ਪਰ ਆਪੇ ਦਾ ਭੈ ਉਹਨਾਂ ਦੇ ਅੰਦਰ ਨੂੰ ਬੀ ਹਿਲਾ ਦੇਂਦਾ ਹੈ ਤੇ ਘਬਰਾ ਦੇਂਦਾ ਹੈ। ਸੱਜਣ ਨੂੰ ਇਹ ਸੰਸਾ ਕਿ ਮਤਾਂ ਸੂੰਹੀਆਂ ਨਾ ਹੋਵੇ, ਸਾਰੀਆਂ ਅਕਲਾਂ ਤੇ ਬੇਤਰਸੀਆਂ ਦੇ ਹੁੰਦਿਆਂ ਘਬਰਾ ਘਬਰਾ ਦੇਂਦਾ ਹੈ। ਜੇ ਸੂੰਹੀਆਂ ਹੈ ਤਾਂ ਮਾਰ ਦਿੱਤਿਆਂ ਬੀ ਖ਼ੈਰ ਗੁਜ਼ਰੇਗੀ ਕਿ ਨਹੀਂ ? ਇਹ ਦੂਸਰਾ ਸੰਸਾ ਖਾਂਦਾ ਹੈ ਉਸ ਦੇ ਮਨ ਨੂੰ, ਫੇਰ ਮਨ ਦੀ ਕਠੋਰਤਾ ਤੇ ਪਾਪ ਵਿਚ ਹੋ ਚੁੱਕੀ ਪਕਿਆਈ ਬੇਪਰਵਾਹ ਕਰਕੇ ਨੈਣ ਮਿਟਵਾ ਦੇਂਦੀ ਹੈ। ਸੱਜਣ ਇਸ ਜਾਗੋ ਮੀਟੀ ਵਿਚ ਸੀ ਕਿ ਇਕ ਸਾਜ਼ ਛਿੜਨ ਦੀ ਆਵਾਜ਼ ਆਈ। ਮਿੱਠੀ ਮਿੱਠੀ ਸੁਰ, ਜੋ ਸਰੋਦੇ ਤੋਂ ਬੀ ਡਾਢੀ ਪਿਆਰੀ ਸੀ, ਛਿੜ ਪਈ। ਅੱਧੀ ਘੜੀ ਤਾਂ ਅਲਾਪ ਹੁੰਦਾ ਰਿਹਾ, ਪਹਿਲਾਂ ਬਿਹਾਗ ਦਾ, ਫੇਰ ਸੋਹਣੀ ਤੇ ਫੇਰ ਜੋਗ ਦਾ। ਸੱਜਣ ਉੱਠਕੇ ਬੈਠ ਗਿਆ ਮੱਲੋ ਮੱਲੀ ਦਿਲ ਸੁਣਨ ਵੱਲ ਲਗ ਗਿਆ। ਹੁਣ ਇਕ ਡਾਢੇ ਮਿੱਠੇ ਗਲੇ ਤੋਂ ਨਾਲ ਸੁਰ ਨਿਕਲੀ ਸੁਰੀਲੀ, ਸਾਜ਼ ਦੇ ਸੁਰ ਨਾਲ ਐਉਂ ਲਪੇਟਵੀਂ ਕਿ ਜਿਵੇਂ ਦੋਵੇਂ ਇਕ ਰੂਪ ਹਨ। ਆਹ ! ਪੱਥਰ ਕਲੇਜਾ ਬੀ ਖਿਚੀਜਿਆ। ਹੁਣ ਜੋ ਕੁਛ ਗਾਂਵਿਆਂ ਜਾ ਰਿਹਾ ਸੀ ਉਸ ਦੀ ਸਮਝ ਬੀ ਪੈਣ ਲੱਗੀ। ਪਰਮੇਸ਼ਰ ਦੇ ਪ੍ਰੇਮ ਦੇ ਸੋਹਲੇ ਗਾਏ ਜਾ ਰਹੇ ਸਨ। ਸੱਜਣ ਆਪਣੀ ਕੋਠੜੀ ਤੋਂ ਬਾਹਰ ਆਇਆ, ਝੀਤਾਂ ਵਿਚੋਂ ਡਿੱਠੋ ਸੁ ਕਿ ਦਾਸ ਤਾਂ ਗਾ ਰਿਹਾ ਹੈ ਤੇ 'ਆਪ ਜੀ' ਨੈਣ ਮੁੰਦੇ ਬੈਠੇ ਹਨ, ਚਿਹਰੇ ਤੇ ਅਚਰਜ ਆਭਾ ਛਾ ਰਹੀ ਹੈ। ਮਲਕੜੇ ਜਿਹੇ ਸੱਜਣ ਅੰਦਰ ਲੰਘ ਆਇਆ, ਕੁਛ ਦਿਖਾਵੇ ਲਈ, ਜੋ ਉਸ ਦਾ ਸੁਭਾਵ ਸੀ ਤੇ ਕੁਝ ਬੇਵਸੇ ਸਿਰ ਨਿਵਾਕੇ ਇਕ ਖੂੰਜੇ ਬਹਿ ਗਿਆ। ਸ਼ਬਦ ਹੁੰਦਾ ਰਿਹਾ, ਉਹ ਸੁਣਦਾ ਰਿਹਾ। ਕਮਰੇ ਵਿਚ ਜੁੜਨ ਦਾ ਪ੍ਰਭਾਵ ਛਾ ਰਿਹਾ ਸੀ। ਉਸ ਦੇ ਨੈਣ ਬੀ ਜੁੜਨ ਮਿਟਣ ਲੱਗ ਗਏ, ਫੇਰ ਜੁੜ ਗਏ, ਅੰਦਰਲਾਂ ਬੀ ਕੁਛ ਜੁੜਿਆ, ਨੀਂਦ ਵਿਚ ਇਕ ਝੂਟਾ ਆਇਆ। ਕੀ ਦੇਖਦਾ ਹੈ ਕਿ ਸਾਰੇ ਕੀਤੇ ਖੂਨ

ਜ਼ਮੀਨ ਵਿਚੋਂ ਉਠ ਖੜੇ ਹੋਏ ਹਨ, ਸਾਰੇ ਮਕਤੂਲ[1] ਸਫ ਬੰਨ੍ਹ ਖੜੋਤੇ ਹਨ, ਸਾਰੇ ਕੂਕ ਉਠੇ ਹਨ:- 'ਮਾਰੋ ਮਾਰੋ, ਜਾਣੇ ਨਾ ਪਾਏ; ਬਦਲਾ, ਬਦਲਾ, ਖੂਨੀ ਹੈ, ਪਾਪੀ ਹੈ, ਠੱਗ ਹੈ, ਮਾਰੋ ਮਾਰੋ ਮਾਰੋ।'

ਇਨ੍ਹਾਂ ਦੇ ਪੈਰਾਂ ਵਿਚ ਕੀ ਦੇਖਦਾ ਹੈ, ਵਿਧਵਾ, ਮਹਿੱਟਰ ਬਾਲ, ਬੁੱਢੇ ਮਾਪੇ ਵਿਲੂੰ ਵਿਲੂੰ ਕਰ ਰਹੇ ਹਨ।

ਸੱਜਣਾਂ ! ਦੇਖ ਬਈ, ਇਹ ਤੇਰੇ ਲਗਾਏ ਬੂਟਿਆਂ ਦਾ ਬਾਗ਼ ਹੈ, ਤੇਰੀ ਕੀਤੀ ਤਬਾਹੀ ਦਾ ਖੇਤ ਹੈ ਤੇ ਤੇਰੇ ਹੀ ਖੇਤ ਰੱਖੇ[2] ਮਰਦਾਂ ਦਾ ਫਸਲ ਉੱਗਿਆ ਖੜਾ ਹੈ।

ਇੰਨ੍ਹੇ ਸਾਰੇ ਦੁਖੀਏ ਸੱਜਣ ਉਤੇ ਟੁੱਟ ਪਏ, ਕੋਈ ਮਾਰਦਾ ਹੈ, ਕੋਈ ਚਕ ਵੱਢਦਾ ਹੈ, ਕੋਈ ਘੁੱਟਦਾ ਹੈ, ਕੋਏ ਮਰੋੜੇ ਦੇਂਦਾ ਹੈ, ਕੋਈ ਕਰੋੜੇ ਮਾਰਦਾ ਹੈ, ਕੋਈ ਸੰਘ ਘੁੱਟਦਾ ਹੈ।

ਸੱਜਣਾ ! ਇਹ ਤੇਰੀਆਂ ਕਰਨੀਆਂ, ਲੋਕਾਂ ਤੇ ਪਾਈਆਂ ਕਸ਼ਟਣੀਆਂ-ਤੇਰੇ ਤੇ ਕਿੰਵ ਆ ਪਈਆਂ ? ਬਦੀ ਕਰੇ ਪਰ ਨੂੰ, ਆ ਢੁੱਕੇ ਘਰ ਨੂੰ। ਹੈਂ ਸੱਜਣਾ ! ਤੂੰ ਤਾਂ ਕਦੇ ਨਹੀਂ ਸੀ ਇਹ ਸਮਝਿਆ ?

ਤੜਫਕੇ ਸੱਜਣ ਦੀ ਅੱਖ ਖੁਲ ਗਈ, ਦੀਵਾ ਦਿਵੱਟਣ ਤੇ ਟਿਮਟਿਮ ਕਰ ਰਿਹਾ ਹੈ, ਸਾਜ਼ ਛਿੜ ਰਿਹਾ ਹੈ, ਅਲਾਪ ਹੋ ਰਿਹਾ ਹੈ, ਗਲਾ ਪਰ ਬੰਦ ਹੈ। ਸ਼ੁਕਰ ਹੈ ਇਹ ਸੁਪਨਾ ਸੀ, ਸ਼ੁਕਰ ਹੈ ਇਹ ਸੱਚ ਨਹੀਂ ਸੀ, ਸ਼ੁਕਰ ਹੈ ਛੇਤੀ ਮੁੱਕ ਗਿਆ, ਜਾਗ ਖੁੱਲ੍ਹ ਗਈ।

ਹਾਂ ! ਹੁਣ ਸੱਜਣ ਸੋਚਦਾ ਹੈ-ਕੀ ਜਾਣੀਏ ਇਹ ਹੋਵੇ ਹੀ ਕੋਈ ਬੰਦਾ ਜੋ ਸੱਚੀ ਮੁੱਚੀ ਚੰਗਾ ਤੇ ਨੇਕ ਹੋਵੇ ? ਨਹੀਂ; ਪਰ ਜਗਤ ਵਿਚ ਚੰਗਾ ਕੋਈ ਨਹੀਂ। ਖ਼ੈਰ ! ਪਰ ਸੁਫਨਾ ਕੀਹ ਸੀ ? ਮੇਰੇ ਮਾਰੇ ਹੋਏ ਲੋਕ ਮਰੇ ਨਹੀਂ ? ਅਜੇ ਜੀਉਂਦੇ ਹਨ ? ਬਦਲੇ ਬਦਲੇ ਕੂਕਦੇ ਹਨ ? ਓਹ ਕਿੰਨੇ ਹਨ ? ਮੈਂ ਇਕੱਲਾ। ਵਾਹ ਜੀਉੜਿਆ ! ਸੀ ਤਾਂ ਸੁਪਨਾ, ਪਰ ਨੌਕਰ, ਚਾਕਰ, ਠੱਗੀ ਦੇ ਭਾਈਵਾਲ ਕੋਈ ਨਾ ਬਾਹੁੜਿਆ ਕਸ਼ਟ ਵੇਲੇ, ਮੈਂ ਮਾਰ ਕੱਲਿਆਂ ਖਾਧੀ ? ਪੁੱਤ੍ਰ, ਧੀ, ਵ੍ਹਟੀ, ਪਰਵਾਰ ਕਿਸੇ ਨੇ ਬਾਹੁੜੀ ਨਾ ਕੀਤੀ ? ਮਾਰ, ਤੂੰ ਦਿਲਾ ! ਤੂੰਹੋਂ, ਹਾਂ, ਤੂੰਹੋਂ, ਇਕੱਲਿਆਂ ਖਾਧੀ। ਕੋਈ ਨਹੀਓਂ ਕਿਸੇ ਦਾ, ਸੁਖਾਂ ਦੇ ਸਾਰੇ ਯਾਰ। ਖਾਣ ਵੇਲੇ ਸਾਰੇ ਮਿਤ੍ਰ, ਲੇਖੇ ਵੇਲੇ, ਭਰਨ ਵੇਲੇ ਸੱਜਣਾ ! ਤੂੰ ਇਕੱਲਾ ਸੈਂ। ਪਰ ਇਹ ਤਾਂ ਸੁਪਨਾ ਸੀ। ਵਾਹ ਕਾਇਰਾ ! ਮੂਰਖਾ ! ਬਸ ਸੁਪਨੇ ਨਾਲ ਘਬਰਾ ਗਿਓਂ ! ਛੋਡ ਨਾ ਖਹਿੜਾ ਸੁਪਨੇ ਦਾ, ਤਕੜਾ ਹੋ। ਰੋਟੀ ਦੀ ਗ੍ਰਾਹੀ ਵੱਧ ਖਾਧੀ ਜਾਏ ਤਾਂ ਭੈੜੇ ਸੁਫਨੇ ਆ ਹੀ ਜਾਂਦੇ ਹਨ, ਛੋੜ। ਠੀਕ, ਸੁਪਨਾ ਸੀ, ਸਹੁਰਿਆ ! ਛੋੜ ਸੁ ਪਰੇ, ਲੰਘ ਜਾਣ ਦੇਹ। ਪਰ ਕਿਉਂ ਮੁੜ ਮੁੜ ਅੱਖਾਂ ਅੱਗੇ ਆਉਂਦਾ ਹੈ ? ਸੀ ਸੁਪਨਾ, ਹੁਣ ਜਾਗ ਵਿਚ ਸਾਮਰਤਖ ਹੋ ਹੋ ਕਿਉਂ ਦਿੱਸਦਾ ਹੈ ? ਲੋਕੀਂ ਕਹਿੰਦੇ ਹਨ: 'ਜਾਗ੍ਰਤ ਸੁਪਨਾ ਹੈ, ਇਸ ਨੂੰ ਸੁਪਨਾ ਸਮਝਕੇ ਝੂਠ ਜਾਣੋਂ ਤੇ ਤੇਰੀ ਮੱਤ ਮਾਰੀ ਜਾਏ ਸੱਜਣਾ ! ਤੂੰ ਸੁਪਨੇ ਨੂੰ ਜਾਗ੍ਰਤ ਵਿਚ ਸਾਮਰਤੱਖ ਪਿਆ ਦੇਖਦਾ ਹੈਂ। ਸਹੁਰਿਆ ! ਛੋੜ ਸੁ ਪਰੇ, ਹੋਣ ਦੇਹ ਸੁਪਨੇ ਨੂੰ ਸੁਪਨਾ। ਮਨਾਂ ! ਇਹ ਵੇਦਾਂਤੀ ਕਿਵੇਂ ਜਾਗ੍ਰਤ ਨੂੰ ਸੁਪਨਾ ਕਰ ਦੇਂਦੇ ਹਨ, ਤੈਥੋਂ ਸੁਪਨਾ ਨਹੀਂ ਹੋ ਸਕਦਾ ਸੁਪਨਾ। ਜਾਹ ਸੁਪਨਿਆਂ ਅਪਣੇ ਦੇਸ਼, ਸੌਂ ਨੀਂਦ ਦੀ ਝੋਲੀ ਵਿਚ, ਤੇਰਾ ਜਾਗ੍ਰਤ ਦੇ ਦੇਸ਼ ਕੀ ਕੰਮ ? ਹਟ ਅੱਖਾਂ ਅੱਗੋਂ, ਦੂਰ ਹੋ।

ਫੇਰ ਨੈਣ ਪੱਟਕੇ ਡਿੱਠੋ ਸੁ ਕਿ ਮਿੱਠਾ ਮਿੱਠਾ ਸਾਜ਼ ਵੱਜ ਰਿਹਾ ਹੈ, ਅਲਾਪ ਹੋ ਰਿਹਾ ਹੈ ਸੂਹੀ ਦਾ, ਹੈਂ ਸੂਹੀ ਦਾ ਕਿਹੜਾ ਵੇਲਾ ?

ਵਾਹ ਓਏ ਠੱਗਾ ! ਤੂੰ ਬੀ ਸੂਹੀ ਪਛਾਣਦਾ ਹੈਂ? ਦੇਖਦਾ ਹੈ ਅਡੋਲ ਸਮਾਧਿ ਲੱਗੀ ਹੋਈ, ਚਿਹਰੇ ਤੇ ਨੂਰ ਵਰਸ ਰਿਹਾ ਹੈ। ਲੂੰ ਕੰਡੇ ਹੋ ਗਏ ਤੇ ਡਰ ਜਿਹਾ ਆਯਾ, ਸਹਿਮਿਆਂ, ਨੈਣ ਮਿਟ ਗਏ ਫਿਰ ਸੁਪਨਾ ਅੱਖਾਂ ਅੱਗੇ। ਖੋਹਲਦਾ ਹੈ ਨੈਣ ਤਾਂ ਦਰਸ਼ਨ ਤੇ ਲੂੰ ਕੰਡੇ ਹੋਕੇ ਕੰਬ ਜਾਂਦਾ ਹੈ। ਮੀਟਦਾ ਹੈ ਨੈਣ ਤਾਂ ਸੁਪਨਾ ਸਾਮਰਤੱਖ ਦਿੱਸਦਾ ਹੈ।

ਹੁਣ ਸਮਾਧੀ ਲੱਗੀ ਵਿਚੋਂ ਗੁਰੂ ਨਾਨਕ ਦੇ ਸੁਹਣੇ ਗਲੇ ਦਾ ਨਾਦ ਉਠਿਆ, ਅਲਾਪ ਨਾਲ ਗਾਇਨ ਛਿੜਿਆ, ਛਿੜ ਪਿਆ ਇਕ ਸ਼ਬਦ। ਸੱਜਣ ਦੇ ਭਾਣੇ ਬੋਲ ਛਿੜਿਆ, ਲਗਾ ਸੁਣਨ ਸੱਜਣ। ਮੱਲੋ ਮੱਲੀ ਧਿਆਨ ਸ਼ਬਦ ਵਲ ਜਾਂਦਾ ਹੈ ਤੇ ਮਨ ਪੀਂਦਾ ਹੈ ਸੁਆਦ ਰਸ ਤੇ ਸਾਰ ਰਸ-

[1] ਮਾਰੇ ਹੋਏ, ਕਤਲ ਕੀਤੇ ਹੋਏ।

[2] ਕਤਲ ਕੀਤਿਆਂ।

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍ ॥੧॥ ਰਹਾਉ ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥ ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍ ॥੩॥ ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍ ॥੪॥ ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥

{ਸੂਹੀ ਮਹਲਾ ੧ ਘਰੁ ੬}

ਜਿਉਂ ਜਿਉਂ ਇਸ ਸ਼ਬਦ ਦੀ ਇਕ ਇਕ ਤੁਕ ਗਾਂਵੀਂ ਜਾਂਦੀ ਹੈ, ਸੱਜਣ ਦੇ ਦਿਲ ਤੇ ਅਸਰ ਕਰਦੀ ਹੈ। ਗਾਵਨਹਾਰ ਜੀ, ਵਿਚ ਵਿਚ ਅਪਣੇ ਨੈਣ ਕਟੋਰੇ ਖੋਹਲਦੇ ਹਨ ਤੇ ਡੁਲ੍ਹ ਡੁਲ੍ਹ ਪੈਂਦੀ ਨਜ਼ਰ ਨਾਲ ਸੱਜਣ ਵੱਲ ਤੱਕਦੇ ਹਨ, ਫੇਰ ਮੀਟ ਮੀਟ ਲੈਂਦੇ ਹਨ। ਕਦੇ ਅੱਖਾਂ ਅੱਗੇ ਸੁਪਨਾ ਫਿਰਦਾ ਹੈ ਸੱਜਣ ਦੇ, ਕਦੇ ਬੰਦ ਨੈਣਾਂ ਵਿਚ ਗਾਵਣਹਾਰ ਜੀ ਦੇ ਦਰਸ਼ਨ ਹੁੰਦੇ ਹਨ। ਕਦੇ ਨੈਣ ਖੋਲ੍ਹਿਆਂ ਪਰਤੱਖ ਦੀਦਾਰੇ ਹੁੰਦੇ ਹਨ। 'ਘੁਟਿ ਘੁਟਿ ਜੀਆ ਖਾਵਣੇ' ਸੁਣਦੇ ਸਾਰ ਸੱਜਣ ਦੇ ਦਿਲ ਕਾਤੀ ਫਿਰੀ ਕਿ ਇਹ ਤਾਂ ਮੇਰੀ ਤਸਵੀਰ, ਮੇਰੇ ਕਰਮਾਂ ਦੀ ਤਸਵੀਰ ਮੇਰੇ ਦਿਲ ਦੇ ਨੈਣਾਂ ਅੱਗੇ ਧਰੀ ਜਾ ਰਹੀ ਹੈ। ਪਹਿਲੇ ਸੁਪਨੇ ਵਿਚ ਮੇਰੀਆਂ ਕਰਨੀਆਂ ਦੇ ਉੱਗੇ ਕੰਡੈਲੇ ਬਨ ਤੇ ਵਿਹੁਲੇ ਬਾਗ਼ ਦਿੱਸੇ, ਅਜੇ ਸੁਪਨੇ ਤੋਂ ਖਹਿੜਾ ਛੁੱਟਾ ਨਹੀਂ ਸੀ ਕਿ ਪਰਤੱਖ ਵਿਚ ਮੇਰੀ ਕਰਮ ਪੱਤ੍ਰੀ ਮੇਰੇ ਅੱਗੇ ਧਰੀ ਜਾ ਰਹੀ ਹੈ। ਇਹ ਹੋਵੇ ਨਾ ਤਾਂ ਸੂੰਹੀਆਂ ਨਹੀਂ, ਕੰਗਾਲ ਨਹੀਂ, ਅਮੀਰ ਨਹੀਂ, ਨਹੀਂ, ਇਹ ਕੋਈ ਉਹੋ ਤਾਂ ਨਹੀਂ ਜੋ ਮੈਂ ਸਹੀ ਕੀਤਾ ਸੀ ਕਿ ਜਗਤ ਵਿਚ ਕੋਈ ਨਹੀਂ ? ਹੁਮਾ[੧] ਤੇ ਉਨਕਾ[੧] ਕਹਿੰਦੇ ਹਨ ਕਿ ਹੈਨ, ਪਰ ਕਿਸੇ ਤੱਕੇ ਨਹੀਂ। ਜੋ ਨਹੀਂ ਹਨ ਓਹ ਏਹ ਤਾਂ ਨਹੀਂ ? ਕਿਤੇ ਕੋਈ ਉਹੋ ਜਿਹਾ ਤਾਂ ਨਹੀਂ ਆ ਗਿਆ ਜੋ ਕਦੇ ਕਿਸੇ ਨਹੀਂ ਡਿੱਠਾ, ਪੁੰਨਾਂ ਨਾਲ ਨੇਕੀਆਂ ਨਾਲ ਨਹੀਂ ਦਿੱਸਿਆ ਤੇ ਮੇਰੇ ਪਾਪਾਂ ਦੇ ਦੰਡ ਦੇਣ ਲਈ ਆਇਆ ਮੈਨੂੰ ਦਿੱਸ ਪਿਆ ਹੈ ? ਫਿਰ ਹਰਨਾਖਸ਼, ਰਾਵਣ, ਕੰਸ ਆਦਿ ਰਾਖਸ਼ਾਂ ਦੇ ਸੁਣੇ ਨਾਮ ਚੇਤੇ ਆਕੇ ਸੱਜਣ ਨੂੰ ਅਪਣਾ ਆਪ ਉਨ੍ਹਾਂ ਵਰਗਾ ਮਾੜਾ ਤੇ ਮੈਲਾ ਦਿੱਸੇ।

ਸੋ ਜਿਉਂ ਜਿਉਂ ਅਗਲੀਆਂ ਤੁਕਾਂ ਗਾਂਵੀਆਂ ਜਾਣ, ਸੱਜਣ ਨੂੰ ਅਪਣੇ ਕਰਮਾਂ ਦੇ ਫਲ ਭੁਗਤਣ ਦਾ ਨਕਸ਼ਾ ਦਿੱਸੇ ਤੇ ਅਪਣੇ ਜੀਵਨ ਨੂੰ ਅਕਾਰਥ ਖੋਣੇ ਦਾ ਹਾਹੁਕਾ ਲੱਗੇ ! ਜ਼ੋਰ ਬੀ ਲਾਵੇ ਕਿ ਪਾਪ ਦਾ ਥਰ, ਜੋ ਪਾਟ ਰਿਹਾ ਹੈ ਫੇਰ ਆ ਜੁੜੇ ਤੇ ਇਹ ਭਜਾਨਕ ਨਕਸ਼ੇ ਦੂਰ ਹੋਣ, ਪਰ ਫਟ ਚੁਕੇ ਪਰਦਿਆਂ ਵਿਚੋਂ ਅਪਣੇ ਕਰਮਾਂ ਦੇ ਫਲਾਂ ਉੱਤੇ ਪੈ ਰਹੀ ਰੌਸ਼ਨੀ ਦੂਰ ਨਾ ਹੋਵੇ। ਅਖ਼ੀਰ ਮਨ ਬਿਹਬਲ ਹੋ ਗਿਆ, ਬਿਹਬਲ ਹੋਕੇ ਬੇਵੱਸ ਹੋ ਗਿਆ, ਅਜੇ ਛੇਕੜਲੀ ਤੁਕ ਦਾ ਪਰਤ ਉਲਟ ਫੇਰ ਲੈ ਲੈ ਕੇ ਗਲੇ ਤੋਂ ਗਾਂਵਿਆਂ ਜਾ ਰਿਹਾ ਸੀ ਤਾਂ ਉੱਠਕੇ ਆ ਪੈਰਾਂ ਤੇ ਢੱਠਾ, ਪੈਰ ਚੁੰਮਿਓਸੁ ਤੇ ਰੋ ਕੇ ਕੂਕਿਆ : 'ਮੇਰੇ ਉੱਤੇ ਫ਼ਜ਼ਲ, ਮੇਰੇ ਕੀਤੇ ਗੁਨਾਹਾਂ ਉੱਤੇ ਫ਼ਜ਼ਲ ਕਰ'; ਆਖੇ ਫ਼ਜ਼ਲ ਕਰ, ਫ਼ਜ਼ਲ ਕਰ, ਤੇ ਪੈਰਾਂ ਨੂੰ ਚੰਬੜਦਾ ਜਾਵੇ ਤੇ ਫੇਰ ਆਖੀ ਜਾਵੇ; 'ਫ਼ਜ਼ਲ ਕਰ'। ਜਿਉਂ ਜਿਉਂ ਕਦਮਾਂ ਨੂੰ ਚੁੰਮੇ ਬੁਧਿ ਸਾਫ ਹੁੰਦੀ ਜਾਵੇ, ਮਨ ਨਿਰਮਲ ਹੁੰਦਾ ਜਾਵੇ ਤੇ ਹੋਰ ਕੋਮਲ ਹੋ ਹੋ ਆਖੇ : 'ਮੇਰੇ ਤੇ ਫ਼ਜ਼ਲ ਕਰ' ! ਸਤਿਗੁਰ ਨੇ ਸਿਰ ਤੇ ਹੱਥ ਰੱਖ ਉਠਾ ਬਹਾਲਿਆਂ, ਸੱਜਣ ਉਠ ਬੈਠਾ ਤੇ ਫੇਰ ਸੁਹਣੇ ਨੈਣਾਂ ਨੂੰ ਤੱਕੇ ਤੇ ਆਖੇ 'ਫ਼ਜ਼ਲ ਕਰ'।

ਸਤਿਗੁਰ-ਸਜਣਾਂ ! ਫ਼ਜ਼ਲ ਹੁੰਦਾ ਹੈ ਤਾਂ ਜੇ ਦੋ ਗੱਲਾਂ ਕਰੀਏ : ਇਕ ਸੱਚ ਵਿਚ ਆ ਜਾਈਏ, ਸੱਚੋ ਸੱਚ ਕਹਿ ਦੇ ਜੋ ਤੈਂ ਖ਼ੂਨ, ਖੋਹਾਂ ਤੇ ਧ੍ਰੋਹ ਕੀਤੇ ਹਨ। ਦੂਜੇ ਫ਼ਜ਼ਲ ਹੁੰਦਾ ਹੈ ਨਾਹੱਕ ਦੀ ਕਮਾਈ ਨਾਲ ਨਿਹੁੰ ਤੋੜਿਆਂ। ਵਿਹੁ ਸਮਝ ਉਸ ਨੂੰ ਖਾਣਾ ਤੇ ਵਰ-

[੧] ਦੋ ਪੰਛੀਆ ਦੇ ਨਾਮ ਹਨ।

ਤਣਾ ਜੋ ਕੁਛ ਕਿ ਪਾਪਾਂ ਨਾਲ ਕੱਠਾ ਕੀਤਾ ਹਈ। ਪਾਪਾਂ ਦੀ ਕਮਾਈ ਫ਼ਜ਼ਲ ਦੇ ਰਸਤੇ ਦੀ ਰੋਕ ਹੈ।

ਸੱਜਣ-ਹੇ ਕੋਈ ਓਹ ਦਾਤੇ ਜੋ ਅੱਜੋ ਹੀ ਦਿੱਸੇ ਹੋ। ਮੈਂ ਗੁਨਾਹੀ ਹਾਂ, ਖੂਨ ਕੀਤੇ ਹਨ, ਖੋਹਿਆ ਹੈ, ਠੱਗਿਆ ਹੈ, ਵਿਸਾਹਘਾਤ ਕੀਤੇ ਹਨ, ਕੋਈ ਮਾੜੀ ਗੱਲ ਨਹੀਂ ਜੋ ਨਹੀਂ ਕੀਤੀ, ਤੇਰੇ ਦਰ ਸਭ ਦੱਸਦਾ ਹਾਂ; ਅੱਖੀਂ ਚਲੋ ਦਿਖਾਉਂਦਾ ਹਾਂ; ਪਰ ਫ਼ਜ਼ਲਾਂ ਵਾਲਿਆ ! ਤੂੰ ਮੇਹਰਬਾਨ ਹੋ, ਕਹੁ ਬਖਸ਼ਿਆ ! ਪਾਪ ਦੀ ਕਮਾਈ ਲੁਟਾ ਦਿਓ, ਆਪਣੇ ਹੱਥੀਂ, ਪਰ ਹਾਇ ! ਤੁਹਾਡੇ ਸੁੱਚੇ ਹੱਥ ਲੁਟਾਉਣ ਲਈ ਬੀ ਨਾ ਛੂਹਣ ਮੇਰੀ ਪਾਪ ਨਾਲ ਕੱਠੀ ਕੀਤੀ ਨੂੰ, ਇਹ ਕੱਠੇ ਕਰਨ ਵਾਲੇ ਪਾਪੀ ਹੱਥ ਹੀ ਲੁਟਾਉਣਗੇ ਉਸ ਨੂੰ-ਲਹੂ ਭਰੀ ਨੂੰ। ਜੋ ਜੋ ਪਤੇ ਚੇਤੇ ਹਨ ਪੁਚਾ ਦਿਆਂਗਾ ਉਨ੍ਹਾਂ ਦਾ ਖੋਹਿਆ, ਉਨ੍ਹਾਂ ਦੇ ਘਰੀਂ, ਕਿਵੇਂ ਨਾ ਕਿਵੇਂ। ਦਾਤਾ ! ਤੁਮ ਕਿਵੇਂ ਕਹੁ 'ਬਖਸ਼ਿਆ' !

ਤਦ ਗੁਰੂ ਬਾਬਾ ਫਜ਼ਲ ਦੇ ਘਰ ਆਇਆ, ਮਿਹਰਬਾਨ ਹੋਇਆ, ਆਖਿਓਸੁ ਸੱਜਣਾ ! ਤੇਰੇ ਪਾਪ ਫ਼ਜ਼ਲ ਕੀਤੇ, ਪਰ ਤੂੰ ਹੁਣ ਨਾਮ ਜਪ, ਨਾਮ ਜਪ, ਏਸ ਘਰ ਨੂੰ ਢਾਹਕੇ ਦੂਰ ਕਰ, ਧਰਮਸਾਲਾ ਬਣਾ, ਵਿਚ ਬੈਠ, ਨਾਮ ਜਪ ਤੇ ਹੋਰਨਾਂ ਨੂੰ ਜਪਾ, ਆਏ ਜੀ ਦੀ ਸੇਵਾ ਕਰ, ਅੰਨ ਦੀ, ਬਸਤਰ ਦੀ। ਨਾਮ ਦੀ ਕਰ ਕਮਾਈ।

ਸੱਜਣ-ਮਿਹਰ, ਮਿਹਰ, ਜੋ ਕਰਾਸੋ ਹੋਸੀ।

ਇਹ ਕਹਿੰਦਾ ਚਰਨਾਂ ਨੂੰ ਚੰਬੜ ਗਿਆ।

ਹੁਣ ਵੇਲਾ ਆ ਗਿਆ ਸੀ ਸੱਜਣ ਦੇ ਦੂਤਾਂ ਦਾ ਉਥੇ ਆ ਕੇ ਗੁਰੂ ਬਾਬੇ ਨੂੰ ਬੰਨ੍ਹ ਖੜਨ ਦਾ। ਆ ਗਏ ਸਾਰੇ ਤਾਂ ਕੀ ਦੇਖਦੇ ਹਨ ਕਿ ਸੱਜਣ ਤਾਂ ਚਰਨਾਂ ਨੂੰ ਚੰਬੜਿਆ ਪਿਆ ਹੈ, ਬਕੱਕ ਹੋਕੇ ਕੰਧਾਂ ਨਾਲ ਲੱਗ ਖੜੋਤੇ। ਗੁਰੂ ਬਾਬੇ ਨੇ ਮਿਹਰ ਦੀ ਨਜ਼ਰ ਨਾਲ ਤੱਕਿਆ :-

ਸਾਂਈਂ ਤੋਂ ਭੁੱਲਿਓ ! ਏਹ ਰੱਸੇ ਜੋ ਦੂਇਆਂ ਲਈ ਵੱਟੇ ਨੇ, ਜਾਣ ਲਓ ਕਿ ਤੁਸਾਂ ਆਪਣੇ ਲਈ ਵੱਟੇ ਹਨ। ਇਹ ਛੁਰੇ ਜੋ ਲੋਕਾਂ ਲਈ ਤ੍ਰਿਖੇ ਕੀਤੇ ਨੇ, ਜਾਣ ਲਓ ਕਿ ਅਪਣੇ ਗਲੇ ਲਈ ਸਾਨ ਚਾੜ੍ਹ ਆਂਦੇ ਨੇ। ਵਿਖ ਦੇ ਪਿਆਲੇ ਜੋ ਹੋਰਾਂ ਲਈ ਘੱਲੇ ਨੇ, ਜਾਣ ਲਓ ਕਿ ਤੁਸਾਂ ਆਪੇ ਪੀਣੇ ਹਨ। ਡਰੋ ਕਿ ਇਨ੍ਹਾਂ ਨਾਲ ਤੁਹਾਡਾ ਆਪਾ ਅੰਦਰੋਂ ਅੰਦਰ ਮੰਦਾ ਹੁੰਦਾ ਜਾਂਦਾ ਹੈ, ਤੁਹਾਡਾ ਆਪਾ ਬੁਰਾ ਬਣਦਾ ਜਾਂਦਾ ਹੈ। ਹਾਂ, ਆਪਣੀਆਂ ਕੀਤੀਆਂ ਅਪਣੇ ਤੇ ਉਲਟਦੀਆਂ ਹਨ। ਡਰੋ ਉਸ ਦਰਗਾਹ ਤੋਂ ਜੋ ਆਪਣੀਆਂ ਕੀਤੀਆਂ ਜ਼ਰੂਰ ਇਕ ਦਿਨ ਮੋੜਕੇ ਆਪਣੇ ਗਲੇ ਪਾ ਦੇਂਦੀ ਹੈ।

ਸੱਜਣ ਨੇ ਛੇਤੀ ਨਾਲ ਸਿਰ ਚਾਇਆ ਕਿ ਮਤਾਂ ਮੇਰੇ ਦੂਤ ਕੁਛ ਕਰ ਨਾ ਬੈਠਣ। ਉਨ੍ਹਾਂ ਵਲ ਤੱਕਕੇ ਬੋਲਿਆ: ਆਓ ਚਰਨ ਪਕੜੋ, ਮੈਂ ਤੇ ਸਹੀ ਹੋ ਆਇਆ ਹੈ ਕਿ ਇਹ ਉਹ ਹੈ ਜੋ ਧਰਤੀ ਦੇ ਤਖਤੇ ਤੇ ਮੈਨੂੰ ਨਹੀਂ ਸੀ ਲੱਭਾ, ਛੇਤੀ ਕਰੋ ਪਓ 'ਆਪ' ਜੀ ਦੀ ਚਰਨੀਂ।

ਇਹ ਸੁਣਕੇ ਝਿਜਕਦੇ, ਪਰ ਅੱਖਾਂ ਝੇਪਦੇ ਸਾਰੇ ਅੱਗੇ ਵਧੇ ਤੇ ਚਰਨੀਂ ਢਹਿ ਪਏ। ਜੋ ਜੋ ਚਰਨਾਂ ਨੂੰ ਛੋਹੇ, ਪਾਪਾਂ ਦੀ ਮੈਲ ਤੇ ਛੌੜ ਢਹਿ ਪੈਣ ਤੇ ਸੋਝੀ ਹੋ ਆਵੇ ਕਿ ਮੈਂ ਮਾੜੇ ਕੰਮ ਕੀਤੇ ਹਨ ਤੇ ਹੁਣ ਕਿਵੇਂ ਫ਼ਜ਼ਲ ਕਰਾਵਾਂ।

ਜਦ ਸਾਰੇ ਮੱਥਾ ਟੇਕ ਚੁੱਕੇ ਤਾਂ ਸੱਜਣ ਨੇ ਨੈਣ ਭਰਕੇ ਕਿਹਾ : ਖੇਮੀਂ ਨਹੀਂ ਆਈ ?

ਦਾਸ-ਪਤਾ ਨਹੀਂ ਜੀ ਕਿੱਥੇ ਹੈ।

ਸੱਜਣ ਨੇ ਕਿਹਾ-ਜਾਓ, ਲਿਆਓ।

ਜਾਂ ਦਾਸ ਗਏ ਤਾਂ ਉਹ ਆਪਣੀ ਕੋਠੜੀ ਵਿਚ ਆਪਣੇ ਭੋਛਣਾਂ ਨੂੰ ਵੱਟਕੇ ਛੱਤ ਨਾਲ ਬੰਨ੍ਹਕੇ ਫਾਹੇ ਵਾਗੂੰ ਬਣਾ ਚੁੱਕੀ ਸੀ ਤੇ ਆਪੇ ਫਾਹਾ ਲੈਕੇ ਮਰਨ ਦਾ ਸਾਮਾਨ ਕਰ ਰਹੀ ਸੀ। ਤ੍ਰਬ੍ਹਕ ਕੇ ਦਾਸ ਨੇ ਕਿਹਾ : ਮਾਈ ! ਇਹ ਕੀਹ ?

ਖੇਮੀ-ਨਿਰਾਸਤਾ ਦੀ ਹੱਦ ਪਾਪੀਆਂ ਨੂੰ ਏਸੇ ਥਾਂ ਲੈ ਜਾਇਆ ਕਰਦੀ ਹੈ। ਜਾਹ ਮੈਨੂੰ ਮੁਕਾਉਣ ਦੇਹ ਇਹ ਪਾਪੀ ਆਪਾ ।

ਦਾਸ-ਕਿਉਂ ?

ਖੇਮੀ (ਗੁੱਸੇ ਨਾਲ)-ਕਿਓਂ ਕਾਹਦੀ ? ਉਮਰਾ ਗਾਲੀ, ਪਾਪ ਕਮਾਏ, ਪਾਪੀਆਂ ਨਾਲ ਰਲਕੇ ਸਾਰੇ ਪਾਪਾਂ ਵਿਚ ਹਿੱਸੇ ਲੀਤੇ, ਅੰਤ ਪਾਪੀਆਂ ਵਿਚ ਰਲਣ ਦਾ ਇਹ ਫਲ ਨਿਕਲਿਆ ਕਿ ਮੈਂ 'ਵਿਸਾਹ ਘਾਤਣ' ਹਾਂ। ਹਾਇ ਮੇਰੀ ਕਿਸੇ ਕਰਨੀ ਨੇ ਮੇਰੇ ਲਈ ਇਤਬਾਰ ਨਾ ਪੈਦਾ ਕੀਤਾ। 'ਵਿਸਾਹ ਘਾਤੀਆਂ ਵਿਚ ਵਿਸਾਹ ਕਦੇ ਨਹੀਂ ਬਣਦਾ। ਮੈਂ ਹੁਣ ਕਾਸ ਲਈ ਜੀਵਾਂ ? ਘਰੋਂ ਗਈ, ਘਾਟੋਂ ਗਈ,

ਦੀਨੋਂ ਗਈ, ਧਰਮੋਂ ਗਈ, ਨਾ ਇਹ ਜੱਗ ਰਿਹਾ ਨਾ ਅਗਲਾ। ਪਾਪੀਆਂ ਵਿਚ ਬੀ ਰਹਿਣ ਜੋਗੀ ਨਾ ਰਹੀ, ਵਿਸਾਹ ਘਾਤੀ ਬੀ ਮੈਨੂੰ ਵਿਸਾਹ ਘਾਤਣ ਆਖਦੇ ਹਨ। ਦੁਸ਼ਟਾਂ ਵਿਚ ਬੀ ਮੇਰੀ ਥਾਂ ਨਹੀਂ, ਪਾਪੀ ਬੀ ਮੈਨੂੰ ਪਾਪੀ ਜਾਣਦੇ ਹਨ, ਮੇਰੇ ਲਈ ਥਾਂ ਹੁਣ ਇੱਕੋ ਮੌਤ ਦੀ ਗੋਦ ਵਿਚ ਹੈ। ਜਾਹ ਦੂਰ ਹੋ, ਮੈਨੂੰ ਮੇਰੀ ਮਾਂ ਦੇ ਕੁੱਛੜ ਚੜ੍ਹਨ ਦੇਹ। (ਉੱਪਰ ਤੱਕ ਕੇ) ਹਾਂ, ਮੇਰੀ ਮਾਂ ਐ ਮੌਤ ਤੂੰਹੋਂ ਹੈਂ, ਆ, ਅਰ ਚਾ ਲੈ ਮੈਨੂੰ ਆਪਣੇ ਕੁੱਛੜ।

ਦਾਸ ਨੇ ਭੱਜ ਕੇ ਖੇਮੀ ਨੂੰ ਪਕੜ ਲਿਆ ਤੇ ਧੂ ਕੇ ਬਾਹਰ ਲੈ ਆਇਆ ਤੇ ਕੁਰਲਾਉਂਦੀ ਨੂੰ ਘਸੀਟ ਕੇ ਸੱਚੀ ਦਰਗਾਹ ਵਿਚ ਲੈ ਗਿਆ ਤੇ ਵਿੱਥਿਆ ਆ ਦੱਸੀ।

ਸਤਿਗੁਰ–ਆ ਖੇਮੀਏਂ ! ਜੇ ਤੂੰ ਦਰਦ ਕੀਤਾ ਹੈ, ਤਾਂ ਸਾਂਈਂ ਤੇਰਾ ਦਰਦ ਕੀਤਾ ਹੈ, ਜੇ ਨਹੀਂ ਕੀਤਾ ਤਾਂ ਬੀ ਓਹ ਦਰਦਾਂ ਦਾ ਸਾਂਈਂ ਦਰਦ ਕਰਦਾ ਹੈ ਤੇਰਾ, ਆ ਦਰਦਾਂ ਵਾਲੀਏ ! ਆ ਦਰਦਾਂ ਵਾਲੇ ਸਾਂਈਂ ਦੇ ਦਰੋਂ ਤੈਨੂੰ ਫ਼ਜ਼ਲ ਲੈ ਦੇਈਏ।

ਖੇਮੀ (ਹਡਕੋਰੇ ਲੈਕੇ)–ਦਰਦਾਂ ਵਾਲਿਆ ! ... ਨੈਣਾਂ ਵਾਲਿਆ ! ... ਕਰਮਾਂ ਵਾਲਿਆ ! ਕਰਮ ਕਰ (ਭੁੱਬ ਮਾਰਕੇ) ਇਸ ਨਿਖੁੱਟੀ ਦੇ ਕਰਮਾਂ ਨੂੰ ਨਿਖੁੱਟਣ ਦੇਹ। ਮੈਂ ਜੀਉਣ ਤੋਂ ਨਿਰਾਸ ਹਾਂ।

ਗੁਰੂ ਜੀ (ਸਿਰ ਤੇ ਹੱਥ ਧਰਕੇ)––ਸਾਵਧਾਨ ਹੋ, ਸਾਂਈਂ ਦੇ ਦਰ ਮੰਨ ਆਪਣੇ ਪਾਪ, ਮੰਗ ਖਿਮਾਂ, ਖਿਮਾ ਹੋ ਜਾਏ ਤੇਰੇ ਤੇ ਬੀ।

ਖੇਮੀ (ਡਾਵੀਆਂ ਨਿਰਾਸ ਅੱਖਾਂ ਵਿਚ ਆ ਰਹੀ ਆਸ ਨਾਲ ਤੱਕ ਕੇ)–ਨੈਣਾਂ ਵਾਲਿਆ ! ਕਿਸ ਅਪ੍ਰਾਧਣ ਦੇ ਸਿਰ ਹੱਥ ਧਰਿਆ ਈ, ਹੱਥ ਪਰੇ ਕਰ, ਮਤਾਂ ਤੇਰੇ ਕੂਲੇ ਹੱਥਾਂ ਨੂੰ ਛਾਲੇ ਨਾ ਪੈ ਜਾਣ ਇਸ ਸੜਦੇ ਸਿਰ ਦੀ ਛੁਹ ਨਾਲ–ਤੇਰੇ ਕੂਲੇ ਕੂਲੇ ਮਲੂਕ ਹੱਥਾਂ ਨੂੰ।

ਗੁਰੂ ਜੀ–ਠਰ ਜਾਏਗਾ ਤੇਰੀ ਨਿਰਾਸਤਾ ਨਾਲ ਸੜ ਉਠਿਆ ਸਿਰ ਇਸ ਛੁਹ ਨਾਲ, ਜਾਗ, ਤੇਰੇ ਪਾਪ ਬਖਸ਼ੇ, ਤੇਰੇ ਕਰਮ ਸਾੜੇ, ਤੇਰੇ ਕੀਤੇ ਅਨਕੀਤੇ ਕਰ ਦਿੱਤੇ ! ਫ਼ਜ਼ਲ !

'ਫ਼ਜ਼ਲ, ਫ਼ਜ਼ਲ' ਸੁਣਦੀ ਸੁਣਦੀ ਮਾਈ ਦੇ ਕੜੱਕ ਕਰਕੇ ਹੋਈ ਸਰੀਰ ਵਿਚ, ਮੂਰਛਾ ਹੋ ਡਿੱਗੀ, ਅੱਖਾਂ ਤਾੜੇ ਲਗੀਆਂ ਤੇ ਲੰਮੇ ਲੰਮੇ ਸਾਹਾਂ ਵਿਚ ਕੁੱਸੀ।

ਨੈਣਾਂ ਵਾਲੇ ਦੇ ਨੈਣ ਤੱਕਦੇ ਰਹੇ ਨੀਝ ਬੰਨ੍ਹ ਕੇ ਖੇਮੀ ਵਲ। ਕੁੱਸਣ ਹਟ ਗਈ, ਅਡੋਲ ਹੋ ਗਈ, ਨੈਣ ਮਿਟ ਗਏ। ਸੁਾਸ ਰੁਖ਼ ਸਿਰ ਹੋ ਟੁਰੇ, ਧੀਮੇਂ ਧੀਮੇਂ ਹੋ ਗਏ।

ਦਾਤੇ ਨੇ ਕੁਝ ਚਿਰ ਮਗਰੋਂ ਫਿਰ ਸਿਰ ਤੇ ਹੱਥ ਫੇਰਿਆ, ਕਿਹਾ: 'ਉੱਠ' । ਉੱਠੀ ਠੰਢੀ ਠਾਰ, ਪਰ ਕਮਜ਼ੋਰ; ਸੁਖੀ, ਪਰ ਨਿਰਬਲ।

ਗੁਰੂ ਜੀ–ਖਿਮਾਂ ਹੋ ਗਈ ਤੇਰੇ ਤੇ, ਸੱਜਣ ਤੇ, ਸਾਰੇ ਤੇਰੇ ਘਰ ਤੇ।

ਮਾਈ (ਨੈਣ ਚਾਕੇ ਚੁਫੇਰੇ ਤੱਕ ਕੇ)––ਸਾਰੇ ਬਖਸ਼ੇ ਗਏ? ਤੂੰ ਕੌਣ ਹੈਂ ? ਫਕੀਰ ? ਨਹੀਂ, ਨਹੀਂ, ਤੂੰ ਕੁਈ 'ਆਪ' ਹੈਂ ਤੂੰ 'ਆਪ' ਹੈਂ। ਕੌਣ ਨਰਕਾਂ ਦੇ ਬਲਦੇ ਭਾਂਬੜ ਬੁਝਾ ਸਕਦਾ ਹੈ ? (ਸਿਰ ਫੇਰ ਫੇਰ ਕੇ) ਅਸੀਂ ਬਖਸ਼ੇ ਗਏ ! ਸੱਚ ? (ਲੰਮਾ ਲੰਮਾ ਸਾਹ ਲੈ ਕੇ ਤੇ ਤੱਕ ਕੇ ਸੱਜਣ ਵਲ) ਕਿਉਂ ਵੇ ਸੱਜਣਾਂ !

ਸੱਜਣ ਮੁਸਕ੍ਰਾਇਆ; ਫੇਰ ਗੁਰੂ ਬਾਬੇ ਨੂੰ ਨਾਲ ਲੈਕੇ ਟੁਰ ਪਿਆ। ਅੱਗੇ ਅੱਗੇ ਸੱਜਣ, ਮਗਰ ਮਗਰ ਗੁਰੂ ਜੀ, ਮਗਰ ਮਰਦਾਨਾ ਹਰਜਾਨੀ ਵਿਚ ਹਰਜਾਨ ਹੁੰਦਾ, ਉਸ ਦੇ ਮਗਰ ਸਾਰੇ ਠੱਗ ਦੇ ਮਿੱਤਰ।

ਸੱਜਣ ਨੇ ਆਪਣੇ ਗੁਪਤ ਕਮਰੇ, ਜ਼ਹਿਰਾਂ ਦੇਣ ਦੇ ਤਰੀਕੇ, ਠੱਗ ਮੂਰੀਆਂ, ਮਾਰਨ ਦੇ ਢੰਗ, ਜੂਏ ਖੇਡਾਂ, ਸਾਰੇ ਸ਼ੈਤਾਨ ਮਨਸੂਬੇ ਦੱਸੇ। ਅਤੇ ਭੋਰੇ ਵਿਚ ਲੈ ਗਿਆ, ਜਿਥੇ ਖੂਹ ਵਰਗਾ ਇਕ ਟੋਆ ਸੀ, ਇਥੇ ਹੱਡਾਂ ਦੇ ਢੇਰ, ਮਰੇ ਪਏ ਪ੍ਰਾਣੀ, ਜਿਨ੍ਹਾਂ ਦਾ ਅਜੇ ਖੁਰਾ ਖੋਜ ਨਹੀਂ ਸੀ ਮਿਟਿਆ, ਹੋਰ ਸਾਮਾਨ ਅਲਖਾਂ ਮੁਕਾਉਣ ਦੇ ਦਰਸਾਏ[1] । ਇਥੇ ਇਹ ਭਿਆਨਕ ਨਕਸ਼ਾ ਜੀਵਾਂ ਦੇ ਘਾਤ ਹੋਣ ਦਾ ਦੇਖ ਕੇ ਮਰਦਾਨੇ ਦੇ ਨੈਣ ਬੰਦ ਹੋ ਗਏ ਤੇ ਇਕ ਚੀਕ ਨਿਕਲੀ, ਪਰ ਓਹ ਚੀਕ ਕਹਿ ਰਹਿ ਸੀ : 'ਧੰਨ ਤੂੰ ਧੰਨ ਤੂੰ' 'ਧੰਨ ਤੂੰ ਗੁਰੂ ਨਾਨਕ' 'ਧੰਨ ਤੂੰ ਗੁਰੂ ਗੁਰ ਨਾਨਕ'। 'ਹੇ ਸ੍ਰਿਸ਼ਟੀ ਦੇ ਉਬਾਰਨ ਹਾਰ ! ਹੇ

---

[1] ਰਿਆਸਤ ਜੈ ਪੁਰ ਦੇ ਅਜਾਇਬ ਘਰ ਵਿਚ ਠੱਗਾਂ ਦੇ ਸਾਰੇ ਕਾਰੇ ਮਿੱਟੀ ਦੇ ਖਿਡਾਉਂਣੇ ਬਣਾਕੇ ਸ਼ੀਸ਼ਿਆਂ ਦੇ ਖੋਲਾਂ ਵਿਚ ਟਿਕਾ ਕੇ ਰਖੇ ਹੋਏ ਹਨ।

ਦੁਖੀਆਂ ਦੇ ਦਰਦੀ ! ਹੇ ਤ੍ਰਾਣ ਕਰਤਾ ! ਮੈਂ ਤੇਰੇ ਨਾਲ ਮਿਤਰਾਂ ਵਾਂਗੂੰ ਬਰਾਬਰੀਆਂ ਕਰ ਲੈਂਦਾ ਹਾਂ, ਦਾਤਾ ! ਤੂੰ ਕੀ ਹੈਂ ? ਕੌਣ ਹੈਂ ? ਜੋ ਮਨੁੱਖ ਦੀ ਪੀੜਾ ਨੂੰ ਸਮਝਦਾ ਹੈਂ ? ਕਿੱਕੂੰ ਆਪਣੀ ਜਿੰਦ ਹੂਲਕੇ ਮੌਤ ਦੇ ਘੁਰਿਆਂ ਵਿਚ ਨਿਸ਼ੰਗ ਆ ਵੜਦਾ ਹੈਂ? ਕਿੱਕੂੰ ਕਸ਼ਟਣੀਆਂ ਨੂੰ ਮਾਰਦਾ ਹੈਂ, ਜਗਤ ਦੇ ਦੁੱਖਾਂ ਨੂੰ ਦੂਰ ਕਰਦਾ ਹੈਂ। ਮੈਂ ਜਾਣਦਾ ਹਾਂ ਭੁੱਲ ਕਰਨ ਲਗੇ ਹੋ, ਤੁਸੀਂ ਖ਼ਬਰੇ ਕੀ ਗ਼ਜ਼ਬ ਦਾ ਫ਼ਜ਼ਲ ਕਰਨ ਲਗੇ ਹੁੰਦੇ ਹੋ। ਹਾਇ, ਰਾਜਾ ਇਸ ਕਤਲਗਾਹ ਨੂੰ ਨਹੀਂ ਲੱਭ ਸਕਿਆ, ਪਰਜਾ ਇਸ ਦੀ ਅਲਖ ਨਹੀਂ ਮੁਕਾ ਸਕੀ, ਤੂੰ ਕਿੱਕੂੰ ਇਸ ਨੂੰ ਘਰ ਬੈਠਿਆਂ ਤਾੜ ਲਿਆ, ਕਿੱਕੂੰ ਸੇਧ ਤੇ ਆ ਪੁੱਜੋਂ, ਕਿੱਕੂੰ ਇਨ੍ਹਾਂ ਘੋਰ ਪਾਪੀਆਂ ਨੂੰ, ਜੋ ਤੇਰੇ ਕਤਲ ਦੇ ਮਨਸੂਬੇ ਬੰਨ੍ਹ ਰਹੇ ਸਨ, ਜਗਾਇਆ ਈ ? ਕੀਕੂੰ ਇਨ੍ਹਾਂ ਨੂੰ ਫਾਹੇ ਨਹੀਂ ਊ ਦਿੱਤਾ, ਪਰ ਇਨ੍ਹਾਂ ਦੀਆਂ ਰੂਹਾਂ ਨੂੰ ਸਾਂਈਂ ਵਲ ਮੋੜਿਆ ਈ, ਤੂੰ ਕੌਣ ਹੈਂ ? ਦਾਤਾ ! ਤੂੰ ਕੌਣ ਹੈਂ ? ਮੈਂ ਨਹੀਂ ਸਿਆਣਦਾ, ਨਹੀਂ ਸਿਆਣਦਾ, ਜਿੱਥੇ ਏਹ ਬਖਸ਼ੇ ਨੀ; ਮੈਂ ਨਾ-ਕਦਰੇ ਨੂੰ ਬੀ ਬਖਸ਼ ਦੇਹ, ਆਖ ਫ਼ਜ਼ਲ।

ਸਤਿਗੁਰ ਦੇ ਆਪਣੇ ਨੈਣ ਮਰਦਾਨੇ ਦੀ ਇਸ ਪਿਆਰ ਦੀ ਪੰਘਰ ਨੂੰ ਦੇਖਕੇ ਭਰੇ; ਭਰ ਡੁੱਲ੍ਹੇ ਤੇ ਫੇਰ ਸਿਰ ਛਾਤੀ ਨਾਲ ਘੁੱਟ ਲਿਆ ਤੇ ਬੋਲੇ; "ਦਰਗਾਹਾਂ ਦੇ ਫ਼ਜ਼ਲ। "

## ੫. {ਭਾਈ ਸੱਜਣ}

ਦਿਨ ਹੋ ਆਇਆ, ਸੱਜਣ ਸਾਰਾ ਧਨ ਵੰਡ ਰਿਹਾ ਹੈ। ਚੇਤੇ ਕਰ ਕਰ ਦੂਰ ਦੂਰ ਭੇਜ ਰਿਹਾ ਹੈ ਮਾਲ ਮਤੇ ਲੋਕਾਂ ਦੇ ਘਰੀਂ। ਇਕ ਪਾਸੇ ਘਰ ਢਹਿ ਰਿਹਾ ਹੈ ਦੂਜੇ ਪਾਸੇ ਮਾਲ ਵੰਡੀਜ ਰਿਹਾ ਹੈ; ਆਪ ਤੇ ਸਾਰੇ ਸਾਥੀ 'ਧੰਨ ਕਰਤਾਰ' ! 'ਧੰਨ ਕਰਤਾਰ' ਦਾ ਉਚਾਰ ਕਰ ਰਹੇ ਹਨ।

ਸ਼ਹਿਰ ਵਿਚ ਧਾਂਕ ਪੈ ਗਈ ਕਿ ਸੱਜਣ ਠੱਗ ਸਿੱਧ ਹੋ ਸਾਧ ਹੋ ਗਿਆ ਹੈ, ਸਰਕਾਰੀ ਅਹਿਦੀਏ ਕੋਤਵਾਲ ਤੇ ਹੋਰ ਸਿਰਕਰਦੇ ਉਦਾਸ ਤੇ ਨਿਰਾਸ ਹੋ ਰਹੇ ਹਨ। ਇਹ ਸੱਜਣ ਦੇ ਸਾਰੇ ਯਾਰ ਸਨ, ਉਨ੍ਹਾਂ ਨੂੰ ਸਰਕਾਰੀ ਤਲਬਾਂ ਨਾਲੋਂ ਵਧੀਕ ਗੱਫੇ ਸੱਜਣ ਦੇ ਘਰੋਂ ਅੱਪੜਦੇ ਸਨ। ਓਹ ਜਾਣਦੇ ਸਨ ਸੱਜਣ ਦੀਆਂ ਕਰਤੂਤਾਂ, ਪਰ ਭਾਈਵਾਲ ਸਨ ਸੱਜਣ ਦੀ ਖੋਟੀ ਕਮਾਈ ਦੇ, ਇਸ ਕਰਕੇ ਪਕੜਦੇ ਨਹੀਂ ਸਨ। ਵਾੜ ਖੇਤਾਂ ਨੂੰ ਖਾਂਦੀ ਸੀ। ਪਹਿਰੂਏ ਬਟਮਾਰਾਂ ਤੇ ਠੱਗਾਂ ਦੇ ਯਾਰ ਸਨ। ਚੋਰ ਦੇ ਤਲਬਦਾਰ ਸਨ ਕੁਤਵਾਲ ਤੇ ਸਿਪਾਹੀ [੧] ।

ਗੁਰੂ ਬਾਬਾ ਇਕ ਟਿਕਾਣੇ ਜਾਕੇ ਬਹਿ ਗਿਆ, ਸ੍ਰਿਸ਼ਟੀ ਦਰਸ਼ਨਾਂ ਨੂੰ ਭੱਜੀ ਆ ਰਹੀ ਹੈ, ਮਰਦਾਨਾ ਕੀਰਤਨ ਕਰ ਰਿਹਾ ਹੈ, ਆਪ ਨੂਰ ਦੇ ਤਖਤ ਤੇ ਬੈਠੇ ਮਿਹਰਾਂ ਦਾਨ ਕਰ ਰਹੇ ਹਨ।

ਸੱਜਣ ਨੇ ਘਰ ਦੀ ਧਰਮਸ਼ਾਲਾ ਬਣਾਈ, ਹਾਫ਼ਜ਼ਾ ਬਾਦ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਸੱਜਣ ਗੁਰੂ ਗੁਰੂ ਲੱਗਾ ਜਪਣ, ਨਾਉਂ ਧਰੀਕ ਸਿੱਖ ਹੋਇਆ, ਪਹਿਲੀ ਧਰਮਸ਼ਾਲ ਓਥੇ ਹੀ ਬੱਧੀ[੨]।

ਹਾਂ ਜੀ, ਧਰਮਸਾਲੀਆ ਸੱਜਣ ਹੋਇਆ। ਕੀਤੇ ਪਾਪਾਂ ਤੋਂ ਪੈ ਗਈ 'ਅੱਲ' ਨਾਮ ਨਾਲੋਂ ਦੂਰ ਨਾ ਹੋਈ। ਸਭ ਕੋਈ ਜਾਣਦਾ ਹੈ 'ਭਾਈ, ਪਰ ਬੇ-ਖਿਆਲੇ ਸਭ ਦੇ ਮੂੰਹੋਂ ਨਿਕਲਦਾ ਹੈ 'ਸੱਜਣ ਠੱਗ'। ਲੱਗ ਗਏ ਜ਼ਖਮ ਰਾਜ਼ੀ ਹੋ ਜਾਂਦੇਹਨ, ਮਿਟ ਜਾਂਦੇ ਹਨ ਘਾਉ, ਪਰ ਲੱਗੇ ਫੱਟਾਂ ਦੇ ਨਿਸ਼ਾਨ ਤੇ ਪਏ ਘਾਵਾਂ ਦੇ ਦਾਗ਼ ਰਾਜ਼ੀ ਹੋ ਗਿਆਂ ਬੀ ਰਹਿ ਜਾਂਦੇ ਹਨ[੩]।

---

[੧] ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ॥ {ਭਾਈ ਗੁਰਦਾਸ ਜੀ}

[੨] ਦੇਖੋ ਪੁਰਤਨ ਜਨਮ ਸਾਖੀ ਛਾਪਾ ਟੈਪ (੧੯੩੧ ਈ:) ਦਾ ਸਫਾ ੨੮। ਪਿਛਲੇਰੀਆ ਸਾਖੀਆ ਆਦਿਕਾਂ ਵਿਚ ਇਹ ਸਾਖੀ ਅਖੀਰਲੀ ਉਦਾਸੀ ਵਿਚ ਦਿਤੀ ਹੈ; ਨਾਲ ਕਿਤੇ ਮਰਦਾਨਾ ਤੇ ਕਿਤੇ ਮਰਦਾਨੇ ਦਾ ਪੁਤ ਸ਼ਾਹਜ਼ਾਦਾ ਦੱਸਿਆ ਹੈ। ਧਰਮਸਾਲ ਭਾਈ ਜੋਧ ਦੇ ਵੇਰਵੇ ਤੇ ਪ੍ਰਸੰਗ ਲਈ (ਉਤ੍ਰਾਰਧ) ਦੇਖੋ ਇਸੇ ਪ੍ਰਸੰਗ ਤੋਂ ਪਹਿਲੀ ਸੂਚਨਾ।

[੩] ਇਹ ਪ੍ਰਸੰਗ ਸੰਖੇਪ ਜਿਹਾ ਕਵਿਤਾ ਵਿਚ ਬੀ ਹੈ। ਦੇਖੋ ਇਸ ਪੋਥੀ (ਉਤ੍ਰਾਰਧ) ਦੇ ਪ੍ਰਸੰਗ 'ਪਿਆਰੇ ਜੀ ਦੀਆਂ ਪ੍ਰੇਮ ਜਿੱਤਾਂ ਦਾ ਸੱਤਵਾਂ ਅੰਕ।(ਪੰਨਾ : ੩੪੮)

ਗੀਤ

# ਬੁੱਝੋ ਕਿਸਦੇ ਨੈਨ[1]।

ਕਮਲਾਂ ਦੀ ਜਦ ਅੱਖ ਖੁਲ੍ਹੀ
ਨਜ਼ਰ ਪਏ ਏ ਨੈਨ।
ਨੈਨ ਦੇਖ ਰੀਝੇ ਕਮਲ
ਨਿਉਂ ਨਿਉਂ ਝੁਕ ਝੁਕ ਪੈਨ।
ਕਮਲਾਂ ਨੂੰ ਜਦ ਦੇਖਿਆ
ਨੈਣਾਂ ਨੇ ਭਰ ਨੈਨ,
"ਚਰਨਾਂ ਨਾਲ ਲਗਾ ਲਓ"
ਕਮਲਾਂ ਉਚਰੇ ਬੈਨ।
...
ਨਰਗਸ ਕਹਿ: "ਮਖ਼ਮੂਰ ਮੈਂ
ਤਕ ਏ ਮਸਤੇ ਨੈਨ,
"ਮਦ ਦੇ ਟੇਪੇ ਇਨ੍ਹਾਂ ਤੋਂ
'ਨੈਨ-ਕਟੋਰੀ' ਪੈਨ"।
...
ਫੂਲ ਕਲੀਆਂ ਅਜ ਆਖਿਆ
ਚਟਕ ਚਟਕ ਚਟਕੈਨ:-
"ਅਸਾਂ ਖਿੜਾਵੇ ਕੌਣ ਹੈ ?
ਦਰਸ ਤਾਂਘ ਇਨ ਨੈਨ"।
...
ਅੱਖ ਫੁੱਟੀ ਹਰ ਸ਼ਾਖ ਦੀ
ਦੇਖਣ ਨੂੰ ਏ ਨੈਨ,
'ਦਰਸ਼ਨ-ਸੱਧਰ' ਨਿੱਕਲੀ
'ਦਰਸ਼ਨ-ਝਾਕਾ' ਲੈਨ।
...
ਅਗਨੀ ਆਖੇ : "ਮੈਂ ਰਚੇ
ਸਾਰੇ ਜਗ ਦੇ ਨੈਨ।
"ਮੈਂ ਦੇਖਾਂ ਝੁਕ ਝੁਕ ਪਵਾਂ
ਏ ਨੂਰਾਨੀ ਨੈਨ"।
...
ਸੂਰਜ ਚੰਦ ਸ੍ਵੇਰੇ ਪੁਰੇ
ਤਕੇ ਅਧਖੁਲੇ ਨੈਨ,

ਉਹ ਚੜ੍ਹਨੋ ਉਹ ਡੁੱਬਣੋ
ਰੁਕੇ ਖੜੇ ਬੇਚੈਨ।
...
ਬਿਜਲੀ ਚਮਕੀ ਰਾਤ ਨੂੰ
ਦੇਖ ਖੁਲ੍ਹੇ ਏ ਨੈਨ,
ਤੜਫ ਲੁਕੀ ਕਹਿ: "ਨੈਨ ਏ
ਮੈਨੂੰ ਨਾ ਮੁਹਿ ਲੈਨ।"
...
ਅਰਧ ਰਾਤਿ ਦੇਖੇ ਸਖੀ !
ਤਾਰਿਆਂ ਨੇ ਏ ਨੈਨ,
ਆਖਣ: "ਸਾਥੋਂ ਸੋਹਿਣੇ
ਕਿਨ੍ਹੇ ਰਚੇ ਏ ਹੈਨ ?"
...
ਗਗਨ ਝੁਕਜਾ ਅਰਸ਼ੋਂ ਸਖੀ !
ਦੇਖਣ ਕਾਲੇ ਨੈਨ,
ਨੀਲਾ ਪੈਕੇ ਰਹਿ ਗਿਆ
ਜਿਉਂ ਉਲਟਾਇਆ ਨੈਨ।
...
ਲਖ-ਅੱਖੀ ਹੋ ਤ੍ਰੇਲ ਹੈ
ਵਿਛੀ ਪਈ, ਕਹਿ ਬੈਨ:-
"ਪ੍ਰਤੀਬਿੰਬਤ ਹੋ ਚਮਕਦੇ
ਮੈਂ ਅੱਖੀਂ ਏ ਨੈਨ"।
...
ਹੀਰੇ ਮ੍ਰਿਗ ਦੀ ਡਾਰ ਤਕ
ਹੋਇ ਰਹੀ ਬੇਚੈਨ:
"ਏ ਸਾਡੇ ਓਥੇ ਕਿਵੇਂ
ਚਲੇ ਗਏ ਹਨ ਨੈਨ।"
ਸਭ ਨੇ ਦੇਖ ਸਲਾਮਤੇ
ਆਪੋ ਅਪਣੇ ਨੈਨ
ਕੂਕ ਕਿਹਾ: "ਹਾਂ ਇਨ੍ਹਾਂ ਤੋਂ
ਅਸਾਂ ਮਿਲੇ ਏ ਹੈਨ!"

ਕਾਲੇ ਨੈਨੀਂ ਕੂੰਜ ਓ
ਤੜਫ ਉਠੀ ਕੁਰਲੈਨ:-
"ਹਾਇ ! ਨ ਪਹਿਲੇ ਕਿਉਂ ਤਕੇ
ਸ਼ਯਾਮ ਸਲੋਨੇ ਨੈਨ"
...
ਬੜੱਕ ਮਮੋਲੇ ਰਹਿ ਗਏ
ਦੇਖ ਨੈਨ ਏ ਕ੍ਵੈਨ:-
"ਨਜ਼ਰ ਆਪਦੀ ਅਸੀਂ ਹਾਂ
ਕਰਦੇ ਅਪਨੇ ਨੈਨ।"
...
ਮੱਛ ਸ਼ਰਮਦੇ ਨੈਨ ਤਕ
ਬਰ ਨਾ ਸਕਣ, ਮਚੈਨ,
ਪਾਣੀ ਪਰਦਾ ਤਾਣਕੇ
ਲੁਕ ਲੁਕ ਦੇਖਣ ਨੈਨ।
...
ਠੁਮਕ ਟੁਰਨ, ਗੁਰ ਗੁਰ ਕਰਨ,
ਮਟਕ ਮਟਕ ਮਟਕੈਨ,
ਖ਼ੁਮਰੇ ਆਖਣ: "ਅਸਾਂ ਏ
ਦੇਖ ਲਏ ਅਜ ਨੈਨ।"
...
ਚਕਵਾ ਆਖੇ : "ਚਕਵੀਏ !
ਸਦਾ ਲਈ ਗਈ ਰੈਨ,
"ਕਦੇ ਨ ਡੁੱਬਣ ਵਾਲੜੇ
ਚੜ੍ਹ ਪੈ ਸੂਰਜ ਨੈਨ।"
...
ਮੱਛੀ ਆਖੇ: "ਬਗਲਿਆ !
ਤੱਕ ਨ ਮੇਰੇ ਨੈਨ।
"ਤੱਕ ਨੈਨ ਏ ਸੋਹਿਣੇ
'ਹੰਸ-ਨੈਨ' ਤੁਧ ਦੈਨ।"
...
ਪਰਭਾਤੇ ਬੁਲਬੁਲ ਕਹੇ:

[1] ਇਹ ਕਵਿਤਾ ਸੰਮਤ ਗੁ: ਨਾ: ਸਾਹਿਬ ੪੫੯ ਮੁਤਾਬਿਕ ਨੁਵੰਬਰ ੧੯੨੭, ਗੁਰਪੁਰਬ ਪੁੰਨਮ ਪਰ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ੀ ਸੀ।

"ਮੈਂ ਅੱਜ ਡਿੱਠਾ ਰੈਨ,
"ਗੁਲ ਮਸਤਾਇਆ ਤਕ ਰਿਹਾ
ਹੋਰ ਉਚੇਰੇ ਨੈਨ।"
...
ਅੰਮ੍ਰਿਤ ਵੇਲੇ ਬੋਲਿਆ
ਪਪੀਆ: "ਮੇਰੀ ਭੈਨ !
"ਮੈਂ ਹੁਣ ਪਾਇਆ ਭੇਤ ਹੈ-
ਅੰਮ੍ਰਿਤ ਹਨ ਏ ਨੈਨ।"
...
ਬੱਦਲ ਤਕ ਕੇ ਬੋਲਿਆ
ਚਾਤ੍ਰਿਕ ਉਡਦਾ ਗੈਨ:-
"ਸ਼ਾਂਤੀ ਬੂੰਦ ਸੁਹਾਵਣੀ
ਵਸ ਰਹੀ ਏਨ੍ਹਾਂ ਨੈਨ।"
...
ਨੈਣਾਂ ਦੀ ਵੇਖੀ ਚਮਕ
ਨੱਚਣ ਤੇ ਕੁਹਕੈਨ
ਕਹਿਣ ਚਕੋਰ:- "ਅਚਰਜ ਹਨ
ਚੰਦ੍ਰ ਵਿਮਲ[1] ਏ ਨੈਨ।"
...
ਕਹੇ ਕਬੂਤਰ: "ਬਿੱਲੀਏ !
ਏ ਟਕ-ਬੱਝਵੇਂ ਨੈਨ
"ਏਨੀਂ ਨੈਣੀਂ ਲਾਇੰ ਜੇ
ਜੋਗੀ ਹੋ ਜਾਇੰ ਭੈਨ!"
...
ਤੇਰੇ ਪਾਪ ਕਮਾਂਵਦੇ
ਦੂਰਬੀਨ ਜੋ ਨੈਨ
ਉਪਕਾਰੀ ਹੋ ਜਾਣਗੇ
ਦੇਖ ਉਕਾਬਾ[2]! ਨੈਨ।
...
ਜਿਉਂ ਜਿਉਂ ਵੱਡਾ ਹੋ ਗਿਓਂ
ਨਿੱਕੇ ਪੈ ਗਏ ਨੈਨ,
ਦੇਖ ਹੰਕਾਰੀ ਹਾਥੀਆ!

[1] ਚੰਦ੍ਰਮਾਂ ਤੋਂ ਉੱਜਲ।
ਇਕ ਸਮਾਧੀ ਦਾ ਨਾਮ ਬੀ ਹੈ।
[2] ਸਭ ਤੋਂ ਵੱਡਾ ਸ਼ਿਕਾਰੀ ਪੰਛੀ।

ਨੈਨ ਜੁ ਗਰਬ ਗੰਜੈਨ!
...
ਫਨੀਅਰ ਡੰਗਣ ਆ ਗਿਆ,
-ਵਿੱਸ ਚੜ੍ਹਾਵਾਂ ਨੈਨ, -
ਝੇਪ ਅੱਖ, ਫਨ ਸਿੱਟਕੇ
'ਸ਼ਿਵ ਸ਼ਿਵ' ਉਚਰੇ ਬੈਨ।
...
ਮੋਰਖੰਭ ਤੇ ਅੱਖ ਜਿਉਂ
ਸਭ ਦੇ ਚਿਹਰੇ ਨੈਨ,
ਪਰ ਮੁਰਦੇ ਓ ਨੈਨ ਹਨ,
ਏ ਜੀਵੰਦੇ ਹੈਨ।
...
ਜਾਦੂਗਰ ਨੇ ਨੈਨ ਤੱਕ
ਨੈਨ ਜਮਾਏ ਨੈਨ,
ਅਪਣੇ ਲੈਕੇ ਰਹਿ ਗਿਆ
ਨੈਨ ਮੂਰਛਾ ਸੈਨ।
...
ਰਲ ਮੁਟਿਆਰਾਂ ਆਈਆਂ
ਨੈਣੀਂ ਮੇਲਣ ਨੈਨ,
ਦਮਕ ਨੈਨ ਦੀ ਦੇਖਕੇ
ਸਜਦੇ ਵਿਚ ਝੁਕ ਪੈਨ।
...
ਰਤੀ[1] ਕਹੇ "ਮੈਂ ਨੈਨ ਅਗ
ਜਿਨ੍ਹਾਂ ਲੁਭਾਇਆ ਮੈਨ[2]।
"ਠਰ ਗਜੇ ਮੇਰੇ ਨੈਨ ਤਕ
ਏ ਤੇਜੱਸ੍ਵੀ ਨੈਨ।"
...
ਲੇਲੀ, ਸੱਸੀ, ਸੋਹਿਣੀ,
ਹੀਰ ਮੁੱਠੀਆਂ ਨੈਨ,
ਦੁੱਖ ਨ ਦੇਖਨ ਨੈਨ, ਜੇ
ਦੇਖ ਨੈਨ ਏ ਲੈਨ।
...
ਗਿਆ ਸਿਕੰਦ੍ਰ ਸਮੁੰਦ ਨੂੰ
ਆਬਿ ਹਯਾਤਾਂ ਲੈਨ,

[1] ਕਾਮਦੇਵ ਦੀ ਇਸਤ੍ਰੀ।
[2] ਕਾਮਦੇਵ।

ਖਾਲੀ ਮੁੜਿਆ, "ਭੋਲਿਆ !
ਅੰਮ੍ਰਿਤ ਹਨ ਏ ਨੈਨ!"
...
ਅੱਖ ਕਟੋਰੀ ਨੈਣ[1] ਦੀ
ਡੁੱਲ੍ਹ ਪਈ ਤਕ ਨੈਨ:-
"ਚਰਨ ਸ਼ਿੰਗਾਰਨ ਵਾਸਤੇ
ਨੌਕਰ ਰਖ ਮੈਂ ਲੈਨ!"
...
ਕੱਢ ਕਲੇਜਾ ਸੱਟਦੀ" ਕਹਿਣ:
ਨਜ਼ਰ ਕੁਈ ਡੈਣ।"
ਡੈਣ - ਨਜ਼ਰ' ਏ ਨੈਨ ਤਕ
ਪਾਵੇ 'ਅੰਮ੍ਰਿਤ - ਨੈਨ'।
...
ਖਾਲੀ ਕੋਏ ਨੈਨ ਦੇ
ਅਖਹੀਣੇ ਕਰ ਲੈਣ
ਜੇ ਇਨ੍ਹ ਨੈਣਾਂ ਸਾਮ੍ਹਣੇ
ਪਾ ਲੇਵਣ ਓ ਨੈਨ।[2]
...
ਨੈਨ ਕੱਢ ਮੂਰਖ ਚਹੇ
ਦੇਖੇ ਅਪਣੇ ਨੈਨ,
ਦੇਖੇ ਪਰ ਏ ਨੈਨ ਜੇ,
ਦੇਖ ਲਵੇ ਨਿਜ ਨੈਨ।
...
ਨੈਨਾਂ-ਖੂਹ[3] ਭਰ ਭਰ ਰਹੇ
ਮਾਲਾਂ ਨਾਲ ਭਰੇ ਨ[4]
ਇਕ ਗ਼ਮਜ਼ੇ ਨੈਨਾਂ ਇਨ੍ਹਾਂ
ਭਰ ਦਿੱਤੇ ਓ ਨੈਨ।

[1] ਨਾਇਣ।
[2] ਜੇ ਅੱਖ ਹੀਣੇ (ਅੰਨ੍ਹੇ) ਇਹਨਾਂ ਨੈਣਾਂ ਦੇ ਸਾਹਮਣੇ ਅਪਣੇ ਸੱਖਣੇ ਕੋਏ ਕਰ ਦੇਣ ਤਾਂ ਓਹ ਨੈਨ ਪ੍ਰਾਪਤ ਕਰ ਲੈਣਗੇ।
[3] ਨੈਣਾਂ ਰੂਪੀ ਖੂਹ। ਤ੍ਰਿਸਨਾਲੂ ਅੱਖ।
[4] ਪਰ ਓਹ ਨਾ ਭਰੇ।

ਨੈਨ ਗਏ ਨੈਨਾਂ ਮਿਲਨ
ਦਿਲ ਵੇਚ ਆਏ ਨੈਨ,
ਨੈਨ ਮਿਲੇ ਜੋ ਇਨ੍ਹਾਂ ਨੂੰ
ਨਵੇਂ ਨਵੇਂ ਦਿਲ ਲੈਨ।

...

ਗਰਬੀ ਧਨੀਆਂ ਦ੍ਵਾਰ ਤੇ
ਕਵੀਆਂ ਸੰਦੇ ਨੈਨ
ਤਾਹੀਓਂ ਦਿੱਸਣ ਡੋਲਦੇ
ਨਹਿੰ ਦੇਖੇ ਏ ਨੈਨ।

...

ਤਕਿ ਤਕਿ ਰੂਪ ਨ ਰੱਜਦੇ
ਰੂਪ ਕੁਠੇ ਸਭ ਨੈਨ,
'ਰੂਪ ਅਰੂਪੀ' ਨੈਨ ਏ
ਤੱਕਣ ਤਾਂ ਤ੍ਰਿਪਤੈਨ।

...

ਤੋਤਾ-ਚਸ਼ਮੀ ਨਾ ਰਹੇ
ਇਸ ਦੁਨੀਆਂ ਦੇ ਨੈਨ,
ਉਨ੍ਹ ਨੈਨਾਂ ਦੇ ਚਸ਼ਮਿਓਂ
ਜੋ ਅੰਮ੍ਰਿਤ ਪੀ ਲੈਨ।

...

ਖਲ ਕੀਤੇ ਵਿਦਵਾਨ ਹਨ
ਇਨ੍ਹ ਨੈਨਾਂ ਦੀ ਸੈਨ[1],
ਜਿਨਾਂ ਮਟੱਕੇ ਨਾਲ ਫਿਰ
ਜਿੱਤੇ 'ਪੰਡਤ-ਨੈਨ'।

...

ਗੋਲੇ ਹੋ ਰਹੇ ਨੀਂਦ ਦੇ
ਦੁਨੀਆਂ ਦੇ ਸਭ ਨੈਨ
ਸਦਾ ਜਾਗਦੇ ਨੈਨ, ਏ
ਸੁੱਤਜਾਂ ਜਾਗ੍ਰਤ ਦੈਨ।

...

ਅਦਬ ਨਾਲ ਜੋ ਮੁੰਦ ਗਏ
ਤਕ ਏ ਸੁਹਣੇ ਨੈਨ
ਦਿੱਬ ਹੋ ਗਏ ਨੈਨ ਓ
ਦੋ ਪਾਸੀਂ ਖੁਲ ਗਜੇ' ਨ[2]

---

[1] ਸੈਨਤ ਨੇ।
[2] ਖੁਲ੍ਹ ਗਏ ਹਨ

ਨੈਨ ਆਏ ਸਭ ਜਗਤ ਦੇ
'ਨੈਨ-ਦਿਦਾਰਾ' ਲੈਨ,
ਮਗਨ ਸਮਾਧੀ ਲਗ ਗਈ
ਦੇਖਦਿਆਂ ਏ ਨੈਨ।

...

ਇਕ ਵਾਰੀ ਜਿਨ ਦੇਖ ਲੈ
ਏ 'ਸਦ-ਹਸਦੇ-ਨੈਨ',
ਨਜ਼ਰ ਚੜ੍ਹੇ ਨਾ ਫਿਰ ਕੁਈ
ਨੈਨ ਉਨ੍ਹਾਂ ਦੀ ਹੈਨ।

...

'ਨੈਨ-ਝਰੋਖੇ' ਸੰਤ ਬਹਿ
ਜਗ ਦਾ ਮੁਜਰਾ ਲੈਨ,
ਨੈਨਾਂ ਦਾ ਮੁਜਰਾ, ਸਖੀ !
ਏ ਲੈਂਦੇ 'ਸ਼ਾਹ-ਨੈਨ'।

...

ਰੂਪ ਸੁੰਦਰਤਾ ਤਾਂ ਸਫਲ
ਨੈਨ ਜਿ ਚਿਹਰੇ ਹੈਨ,
ਨੈਨ ਘਨੇ ਪਰ ਸਫਲ ਏ
ਨੈਨਾਂ ਵਾਲੇ ਨੈਨ।

...

ਨੈਨਾਂ ਦਾ ਇਹ ਧਰਮ ਹੈ
ਖਿਚ ਖਾਵਣ, ਖਿਚ ਦੈਨ[1],
ਏ ਨੈਨਾਂ 'ਖਿਚ-ਮੂਲ' ਹਨ,
ਖਿਚ ਰਹੇ ਜੱਗ ਦੇ ਨੈਨ।

...

ਨੈਨਾਂ ਨੂੰ ਗੁੰਗਾ ਕਹਿਣ
ਪਰ ਏ ਝੂਠੇ ਬੈਨ,
ਰਸਨਾ ਕਾਵ੍ਯ ਸੰਗੀਤ ਦੀ
ਬੋਲ ਰਹੇ ਏ ਨੈਨ।

...

ਖਾਲੀ ਸ਼ੀਸ਼ਾ ਜਗਤ ਦੇ
ਜਿਤਨੇ ਹਨਗੇ ਨੈਨ,
ਸਾਰੇ ਚਮਕਣ ਵਾਸਤੇ
ਜੋਤਿ ਇਨ੍ਹਾਂ ਤੋਂ ਲੈਨ।

---

[1] ਖਿੱਚ ਦੇਂਦੇ ਹਨ, ਭਾਵ ਖਿੱਚ ਪਾਉਂਦੇ ਹਨ।

ਪੁਤਲੀ ਜਿਉਂ ਹਰ ਅੱਖ ਵਿਚ
ਨੈਨਾਂ ਦੀ ਹੈ ਨੈਨ,
ਪੁਤਲੀ ਸਾਰੇ ਜਗਤ ਦੀ
ਨੈਨਾਂ ਦੀ ਏ। ਹੈਨ

...

'ਅੰਦਰ-ਸ਼ੀਸ਼ਾ' ਨੈਨ ਏ
'ਬਾਹਰ-ਸ਼ੀਸ਼ਾ' ਨੈਨ।
ਦੇਖਨ ਰੱਬ, ਦਿਖਾਣ ਰੱਬ,
'ਰਬ-ਸ਼ੀਸ਼ਾ' ਏ ਨੈਨ।

...

ਰੂਹਾਂ ਦੇ ਸਰਦਾਰ ਰੂਹ
ਜਿਵੇਂ ਰੱਬ ਜੀ ਹੈਨ;
ਨੈਣਾਂ ਦੇ ਸਰਦਾਰ ਏ
ਰਚੇ ਆਪਨੇ ਨੈਨ।

...

ਅਰਸ਼ਾਂ ਤੇ ਵਸਦੇ ਸਖੀ !
ਫਰਸ਼ ਵੇਖ ਗਜੇ ਨੈਨ।
ਪੰਜ ਪਾਣੀਆਂ ਦੀ ਭੂਮ ਨੂੰ[1]
ਆਬ[2] ਦੇ ਰਹੇ ਹੈਨ।

...

ਪ੍ਰੇਮ ਕਟੋਰਾ ਨੈਨ ਹਨ
ਭਰੇ ਪ੍ਰੇਮ ਦੇ ਰ੍ਹੈਨ,
ਪਵੇ ਨ ਜੇ ਵਿਚ ਹੋਰ ਕੁਝ
ਤਾਂ ਤ੍ਰੁਠਣ ਏ ਨੈਨ।
ਸਿਰ ਤੋਂ ਪੈਰਾਂ ਤੀਕ ਏ
ਬਣ ਜਾ ਸਾਰਾ ਨੈਨ,
ਜੇ ਚਾਹੇਂ ਤੂੰ ਨੈਨ ਏ
ਨਦਰਾਂ ਵਿਚ ਲੈ ਲੈਨ।
ਲਉਬਾਲੀ ਦਰਗਾਹ ਹੈ,
'ਸ਼ਾਹ-ਨੈਨ' ਏ ਨੈਨ।
ਬਖਸ਼ਿਸ਼ ਦਾ ਦਰਿਯਾਉ ਹਨ,
ਨਦਰਾਂ ਦੀ ਨੈਂ ਹੈਨ ।
ਏਨ੍ਹਾਂ ਨੈਨਾਂ ਤੇ ਦਿਲਾ !
ਲਾ ਦੇ ਨੈਨ ਸੁਖੈਨ,
ਬਿਰਥੇ ਲਗ ਲਗ ਜਾ ਰਹੇ

---

[1] ਪੰਜਾਬ ਨੂੰ। [2] ਸੁੰਦਰਤਾ।

ਹੋਰ ਥਾਊਂ ਤੇ ਨੈਨ।
...
ਨੈਨਾਂ ਵਾਲੇ ਸਾਂਈਆਂ !
ਸੇਵ ਵਿਛਾਵਾਂ ਨੈਨ,
ਇਕ ਛਿਨ ਸੇਜੇ ਆਇਕੇ
ਜੇ ਕਰ ਜਾਵੇਂ ਸੈਨ[1]!
ਨੈਨਾਂ ਵਾਲੇ ਸੁਹਣਿਆਂ !
ਕਦਮ ਧਰੀਂ ਆ ਨੈਨ;
ਨਜ਼ਰ ਵਿਛਾਈ ਵਿਛ ਰਹੀ
ਛੁਹ ਕਦਮਾ ਦੀ ਲੈਨ।
ਬੈਰਾਗੀ ਨੈਨਾਂ[2] ਭਏ
ਰੋ ਰੋ ਅਰਜ਼ ਕਰੈਨ:-
"ਇੱਕ ਮਟੱਕਾ ਖੈਰ ਪਾ
ਹੇ ਵਡ-ਉਚੜੇ ਨੈਨ!"
...
ਅਪਣੇ ਵੇਚਣ ਮੈਂ ਗਈ
ਮੁਫ਼ਤ ਨ ਲੋਕੀਂ ਲੈਨ,
ਨੈਨਾਂ ਵਾਲੇ ਨੇ, ਸਖੀ !
ਲੱਖੀਂ ਲੈ ਲਜੇ ਨੈਨ।
ਸਮਝ ਨ ਪੈਂਦੀ ਹੇ ਸਖੀ,
ਏ ਬੇਕੀਮਤ ਨੈਨ
ਨਜ਼ਰਾਂ ਵਾਲੇ ਸ਼ਾਹ ਦੀ
ਨਜ਼ਰੇ ਕਿਉਂ ਚੜ੍ਹ ਗੈ' ਨ[3]
ਪੁੱਛ:-
'ਨੈਨ ਸੰਗੀਤ' ਸੁਣਾ ਗਈ
'ਕਾਵ੍ਯ-ਸੁੰਦ੍ਰਤਾ' ਰੈਨ-
ਸੈਨਤ ਗੁੱਝੀ ਦੇ ਗਈ,
"ਬੁੱਝੋ ਕਿਸਦੇ ਨੈਨ?"

ਉੱਤਰ:-
ਤੂੰ ਪਾਈ ਮੈਂ ਬੁਝ ਲਈ
ਸਖ਼ੀਏ ਤੇਰੀ ਸੈਨ[4],
ਗੁਰੂ ਨਾਨਕ ਦੇ ਨੈਨ ਏ
ਤੂੰ ਜੋ ਗਾਏ ਨੈਨ।
...

## ੧੧. ਗੁਰੂ ਬਾਬੇ ਦਾ ਟਿੱਬਾ[5]।

**ਸੱਜਣ** ਨੂੰ ਤਾਰਕੇ ਗੁਰੂ ਜੀ ਤੁਰਨ ਨੂੰ ਤਯਾਰ ਹੋ ਪਏ ਤਾਂ ਸੱਜਣ ਨੇ ਬੇਨਤੀ ਕੀਤੀ:-

ਪਾਤਸ਼ਾਹ ! ਆਪ ਚੱਲੇ ਹੋ, ਮੈਂ ਅਜੇ ਆਪ ਦੇ ਗ੍ਰਿਹ ਜਨਮਿਆ ਨਿੱਕਾ ਜਿਹਾ ਬੱਚਾ ਹਾਂ, ਮੇਰੇ ਸਿਰ ਤੇ ਆਪਦਾ ਹੱਥ ਚਾਹੀਦਾ ਹੈ, ਵਿੱਛੜਕੇ ਕਿੰਵ ਜੀਸਾਂ?

ਸ੍ਰੀ ਗੁਰੂ ਜੀ-ਸੱਜਣਾ ਤੇਰੇ ਸਿਰ ਤੇ ਕਰਤਾਰ ਦਾ ਹੱਥ ਹੋਵੇਗਾ। ਤੂੰ ਘੋਰ ਪਾਪ ਕੀਤੇ, ਤੂੰ ਛੁਹਣੇ ਯੋਗ ਨਹੀਂ ਸੈਂ, ਪਰ ਉਹ ਜੋ ਖੂਹ ਵਿਚ ਡਿੱਗ ਪੈਣ ਤੇ ਫਿਰ ਨਿਕਲ ਆਉਣ, ਸੁਭਾਗ ਹਨ। ਪਾਪਾਂ ਦੇ ਅੰਧਕਾਰ ਵਿਚ ਨੈਨ-ਹੀਨ ਸੁਖੱਲੇ ਚਲੇ ਜਾਂਦੇ ਹਨ ਪਰ ਜੇ ਨੈਣੋਂ ਮੁਨਾਖੇ ਲਖ ਲੈਣ ਕਿ ਅੰਧਕਾਰ ਵਿਚ ਆ ਪਏ ਹਾਂ ਤੇ ਨਿਕਲ ਆਉਣ, ਉਹ ਧੰਨ ਹਨ[6]। ਤੇਰੇ ਤੇ ਕਰਤਾਰ ਦੀ ਮਿਹਰ ਹੋਈ ਹੈ ਜੋ ਤੂੰ ਅਗਯਾਨ ਦੇ ਅੰਧਕਾਰ ਵਿਚੋਂ ਨਾ ਨਿਰਾ ਨਿਕਲ ਆਇਆ ਹੈਂ, ਸਗੋਂ ਸੁਜਾਖਾ ਹੋ ਗਿਆ ਹੈਂ। ਤੈਨੂੰ ਦਿੱਸ ਪਿਆ ਹੈ ਕਿ ਪਾਪ ਬੁਰਾ ਹੈ, ਪਾਪ ਪਾਪੀ ਨੂੰ ਪਯਾਰਾ ਹੈ[7], ਪਰ ਤੂੰ ਹੁਣ ਵੈਰੀ ਜਾਣਕੇ ਦੁਪਰਿਆਰਾ ਕੀਤਾ ਹੈ। ਹੁਣ ਤੇਰੇ ਅੰਦਰ ਜੋ ਕੰਮ ਕਰਨ ਦੀ ਤਾਕਤ ਹੈ, ਜੋ ਬੁਰੇ ਪਾਸੇ ਲਾਈ ਹੋਈ ਸੀ, ਸਾਂਈਂ ਭਲੇ ਪਾਸੇ ਲਾ ਦੇ। 'ਨਾਮ ਜਪ' ਵਿਚ ਰਹੀਂ, ਬਾਣੀ ਦੀ ਟੇਕ ਰੱਖੀਂ ਤੇ ਧਰਮਸਾਲ ਵਿਚ ਬੈਠਕੇ ਨੇਕੀ ਕਰੀਂ। ਨਾਮ ਜਪੀਂ, ਨਾਮ ਜਪਾਈਂ ਤੇ ਆਏ ਜੀ ਦੀ ਸੇਵਾ ਕਰੀਂ, ਨੰਗੇ ਭੁੱਖੇ, ਦੁਖੀ ਦਰਦ ਰਵਾਣੇ ਦੀ ਸੇਵਾ ਕਰੀਂ; ਜਿਵੇਂ ਅੱਗੇ ਫੱਟ ਲਾਉਂਦਾ ਸੈਂ ਹੁਣ ਮੱਲ੍ਹਮ ਲਾਈਂ, ਕਰਤਾਰ ਤੇਰਾ ਭਲਾ ਕਰੇਗਾ।

ਸੱਜਣ-ਆਪ ਦੀਆਂ ਅਸੀਸਾਂ ਮੈਨੂੰ ਪਾਲਣਗੀਆਂ, ਪਰ ਦਾਤਾ ! ਮੈਂ ਨਿਤਾਣਾ ਹਾਂ, ਡਰਦਾ ਹਾਂ ਫੇਰ ਨਾ ਤਿਲਕ ਪਵਾਂ। ਕੂੰਜ ਦੇ ਬੱਚਿਆਂ ਵਾਂਙੂ ਮੈਨੂੰ ਯਾਦ ਰਖੋਗੇ ਤਾਂ ਆਪ ਦੇ ਦੱਸੇ ਨਵੇਂ ਜੀਵਨ ਵਿਚ ਪਲ ਖਲੋਵਾਂਗਾ। ... (ਨੈਨ ਭਰ ਕੇ ਤੇ ਹੱਥ ਜੋੜਕੇ) ਜਿਵੇਂ ਰਜ਼ਾ ਦਾਤਾ ! ਪਰ ਹੇ ਦਾਤਾ ਫੇਰ ਕਦੇ ... (ਅੱਥਰੂ ਵਹਿ ਪਏ)... ਫੇਰ ਕਦੇ ਦਾਤਾ...

---

[1] ਸੌਣਾ ਕਰ ਜਾਓ ਤਾਂ। [2] ਸਾਡੇ ਨੈਣ। [3] ਗਏ ਹਨ। [4] ਸੈਨਤ ।

[5] ਇਹ ਪ੍ਰਸੰਗ ਗੁਰਪੁਰਬ ਕੱਤਕ ਪੂਰਨਮਾਸ਼ੀ (੨੬ ਨਵੰਬਰ ੧੯੩੯) ਮਘਰ ਦੀ ੧੧ ਸੰ:ਗੁ:ਨਾ:ਸਾ: ੪੭੧ ਤੇ ਬਿ: ੧੯੯੬ ਨੂੰ 'ਸ਼ਰਫ ਤੇ ਬਜੀਦ' ਨਾਮੀ ਟ੍ਰੈਕਟ ਵਿਚ ਪ੍ਰਕਾਸ਼ਿਆ ਸੀ।

[6] ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥ ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥੨੬॥ [7] ਪਾਪੁ ਬੁਰਾ ਪਾਪੀ ਕਉ ਪਿਆਰਾ॥ {ਰਾਮ:ਦ:ਓਅੰਕਾਰ-੩੮}

ਫੇਰ ਕਦੇ ਦਰਸ਼ਨ ... !

ਸ੍ਰੀ ਗੁਰੂ ਜੀ-ਕਰਤਾਰ ਭਲੀ ਕਰੇਗਾ।

ਸ਼ੁਕਰ ਸ਼ੁਕਰ, ਸ਼ੁਕਰ, ... ਆਖਦਿਆਂ ਸੱਜਣ ਨੇ ਮੱਥਾ ਟੇਕਿਆ। ਉਸ ਦੇ ਅੱਥਰੂ ਦਾਤਾ ਜੀ ਦੇ ਚਰਨਾਂ ਤੇ ਪਏ। ਹਾਂ ਜੋ ਮੁਸਾਫਰਾਂ, ਬੇਗਾਨਿਆਂ, ਬੇਵਤਨਿਆਂ, ਗ਼ੀਬਾਂ ਅਮੀਰਾਂ ਨੂੰ ਲੁੱਟਦਾ ਤੇ ਵਿਧਵਾ ਤੇ ਯਤੀਮ ਬਣਾ ਬਣਾਕੇ ਅੱਥਰੂਆਂ ਦੀਆਂ ਨੈਆਂ ਵਹਾਇਆ ਕਰਦਾ ਸੀ, ਅਜ ਆਪਣੇ ਪਛੁਤਾਵੇ ਅੱਥਰੂ, ਪਜਾਰ ਅੱਥਰੂ, ਵੈਰਾਗ ਅੱਥਰੂ, ਦ੍ਰਵੇ ਹ੍ਰਿਦੇ ਦੇ ਸੁਹਾਵੇ ਅੱਥਰੂ ਤਾਰਨਹਾਰ ਦੇ ਚਰਨਾਂ ਤੇ ਕੇਰ ਰਿਹਾ ਹੈ ਇਹੋ ਹੈ ਭੇਟਾ, ਜੋ ਸਿੱਝੇ ਹੋਏ ਜਗਜਾਸੂ ਦੇ ਸਕਦੇ ਹਨ ਹੇ ਗੁਰੂ ਨਾਨਕ ! ਤੈਨੂੰ ਜੋ ਸੋਝੀਆਂ ਦਾਨ ਕਰ ਕਰਕੇ ਮੋਏ ਜੀਵਾਲਦਾ ਤੇ ਜੀਵੇ ਪ੍ਰਤਿਪਾਲਦਾ ਹੈਂ, ਧੰਨ ਹੈਂ ਤੂੰ !

ਹੁਣ ਤੁਰ ਪਏ ਠੰਢੀ ਠੰਢੀ ਸਮੀਰ ਵਾਕੂ ਗੁਰ ਬਾਬਾ ਜੀ ਨਾਮ ਦੀ ਖੁਸ਼ਬੋ ਨਾਲ ਭਰੇ ਹੋਏ, ਮਗਰ ਮਗਰ ਟੁਰ ਪਿਆ ਮਰਦਾਨਾ ਸੰਗੀਤ ਦੀ ਸੁਰ ਵਾਕੂ ਥਰਰ ਥਰਰ ਵਿਚ ਤੇ ਨਾਲ ਨਾਲ ਸੱਜਣ। ਹੋਰ ਲੋਕ ਜੋ ਸ਼ਰਧਾਲੂ ਹੋਏ ਸਨ, ਕੋਹ ਦੋ ਕੋਹ ਤਕ ਛੋੜਨ ਆਏ। ਏਥੋਂ ਮਸੇ ਮਸੇ ਗੁਰੂ ਬਾਬੇ ਨੇ ਵਿਦਾ ਕੀਤੇ ਸਾਰੇ।

ਮਰਦਾਨਾ (ਇਕੱਲੇ ਟੁਰੇ ਜਾਂਦਿਆਂ)-ਰੱਬ ਨੂੰ ਸਮਝਣਾ ਕੇਡਾ ਔਖਾ ਹੈ, ਮੈਂ ਤਾਂ ਹੇ ਗੁਰੂ ਨਾਨਕ ਤੈਨੂੰ ਨਹੀਂ ਸਮਝ ਸਕਦਾ, ਜਿਸਦਾ ਮੈਂ ਡੂਮ ਹਾਂ ਤੇ ਅੰਗ ਸੰਗ ਰਹਿੰਦਾ ਹਾਂ। ਕਿੰਨੇ ਕੁ ਲੋਕੀ ਸਨ ਜਿਨ੍ਹਾਂ ਨੂੰ ਰਸਤੇ ਪਾ ਸਕਦੇ ਸਾਓ, ਇਸ ਠਗ ਨੂੰ ਕਿਉਂ ਤਾਰਿਆ ਨੇ, ਕਿਸ ਪਾਪੀ ਤੇ ਤੁੱਠੇ ਹੋ ? ਜਿਸ ਨੂੰ ਮਾਰ ਮਾਰਕੇ ਖਲਿਹਾਨ ਕਰ ਛੋੜਨਾ ਸੀ ਉਸ ਨੂੰ ਕਿਵੇਂ ਸਾਧਿਆ ਨੇ? ਕੇਡੇ ਬਲੀ ਹੋ? ਹੈਂ ਜੀਓ, ਕਿਸਤੇ ਲਾਇਆ ਨੇ ਬਲ? ਠੱਗ ਉੱਤੇ। ਕਿਉਂ? ਤੇਰੀਆਂ ਤੂੰਹੇਂ ਜਾਣੇ। ਨਾ ਸਾਰ ਨਿਰੰਕਾਰ ਦੀ ਪਉਂਦੀ ਹੈ ਨਾ ਤੁੱਧੇ ਦੀ, ਸੁਹਾਣ ਤੈਨੂੰ!

ਗੁਰੂ ਜੀ-ਮਰਦਾਨਿਆਂ ! ਇਕ ਗੰਦੇ ਚਲ੍ਹੇ ਨੂੰ ਨਿਰਮਲ ਜਲ ਦੀ ਸੋਤ ਬਣਾ ਦੇਣਾ ਚੰਗਾ ਕੰਮ ਹੈ; ਇਸ ਵਿਚ ਸਮਝਣ ਦੀ ਕੀਹ ਲੋੜ ਹੈ। ਅੱਗੇ ਜਗਤ ਇਸ ਦੇ ਹੱਥੋਂ ਦੁਖੀ ਸੀ, ਹੁਣ ਸੁਖੀ ਹੋਵੇਗਾ। ਇਕ ਇਸ ਦੇ ਸੰਵਰਨ ਨਾਲ ਹਜ਼ਾਰਾਂ ਦੇ ਕਸ਼ਟ ਬਚ ਗਏ, ਜਿਨ੍ਹਾਂ ਨੇ ਕਿ ਇਸ ਦੇ ਢਹੇ ਚੜ੍ਹਨਾ ਸੀ। ਅਗੋਂ ਇਹ ਹਜ਼ਾਰਾਂ ਦੇ ਸਗੋਂ ਕਸ਼ਟ ਹਰੇਗਾ। ਜਗਤ ਦਾ ਭਲਾ ਹੋਇਆ। ਨਾਲੇ ਸੋਚ ਕਰ, ਇਹ ਜੋ ਮਾੜੇ ਕੰਮਾਂ ਵਿਚ ਡਾਢੇ ਵੇਗ ਨਾਲ ਲੋਕੀਂ ਲਗਦੇ ਹਨ, ਇਹਨਾਂ ਵਿਚ ਬਦੀ ਤਾਂ ਬਦੀ ਹੈ, ਪਰ ਬਦੀ ਕਰਨ ਦੀ ਤਾਕਤ ਜੋ ਹੈ ਉਹ ਤਾਕਤ ਮਾੜੀ ਸ਼ੈ ਨਹੀਂ ਹੈ। ਇਨ੍ਹਾਂ ਵਿਚ ਤਾਕਤ ਬਹੁਤੀ ਹੁੰਦੀ ਹੈ, ਇਸ ਤਾਕਤ ਨੂੰ ਭਲਾ ਕਰਨ ਦੀ ਜੇ ਰਹਿਨੁਮਾਈ ਮਿਲ ਜਾਏ ਤਾਂ ਫੇਰ ਏਹ ਓਸੇ ਤਰ੍ਹਾਂ ਟੁੱਟਕੇ ਨੇਕੀਆਂ ਕਰਦੀ ਹੈ। ਨਿਤਾਣੇ, ਆਲਸੀ ਤੇ ਦਲਿੱਦਰੀ ਲੋਕ, ਜੋ ਨੇਕੀ ਬਦੀ ਕੁਛ ਨਹੀਂ ਕਰਦੇ, ਉਹਨਾਂ ਵਿਚ ਬਲ ਨਹੀਂ ਹੁੰਦਾ। ਕੀਹ ਜਾਣੀਏ ਜੋ ਦਲਿੱਦ੍ਰੀ ਭਲੇ ਪੁਰਸ਼ ਨੂੰ ਤਾਕਤ ਮਿਲੇ ਤਾਂ ਉਹ ਬਦ ਹੋ ਜਾਵੇ। ਸੋ ਜਿੱਥੇ ਤਾਕਤ ਹੈ, ਚਾਹੇ ਕਿਸੇ ਤਰ੍ਹਾਂ ਦੀ ਉਥੇ ਰਹਿਨੁਮਾਈ ਦੀ ਲੋੜ ਹੈ, ਚਾਨਣ ਦੇਣ ਦੀ ਲੋੜ ਹੈ, ਤਾਂ ਜੋ ਉਹ ਤਾਕਤ ਚੰਗੇ ਪਾਸੇ ਲਗ ਜਾਵੇ।

ਮਰਦਾਨਾ-ਠੀਕ ਹੈ। ਇਨ੍ਹਾਂ ਚੋਰਾਂ, ਧਾੜ-ਵੀਆਂ, ਜੁਆਰੀਆਂ, ਜ਼ਾਲਮਾਂ ਵਿਚ ਤਾਕਤ ਤਾਂ ਬੜੀ ਹੁੰਦੀ ਹੈ, ਸਹੁਰੇ ਐਵੇਂ ਪਏ ਬਦੀ ਵਲ ਜਾਂਦੇ ਹਨ। ਠੀਕ ਕਿਹਾ ਨੇ, ਜੇ ਉਹਨਾਂ ਦੇ ਨੈਣ ਖੁੱਲ੍ਹ ਜਾਣ ਤਾਂ ਫੇਰ ਨੇਕੀ ਵੱਲ ਹੀ ਉਹੋ ਤਾਕਤ ਲਗੇਗੀ, ਪਰ ਤੇਰੇ ਵਿਚ ਦਾਤਾ ਕਿੰਨੀ ਤਾਕਤ ਹੈ ਜੋ ਤਾਕਤਵਰਾਂ ਨੂੰ ਬਦੀ ਵੱਲੋਂ ਹੋੜਕੇ ਨੇਕੀ ਵਲ ਲਾ ਦੇਂਦਾ ਹੈਂ। ਧੰਨ ਤੂੰ, ਧੰਨ ਤੇਰਾ ਨਿਰੰਕਾਰ ! ਭਲਾ ਹੁਣ ਕਿੱਧਰ ਚੱਲੇ ਹੋ ? ਮੈਂ ਜਾਤਾ ਸੀ ਮੁਲਤਾਨ ਜਾਸੋ, ਪਰ ਉਹ ਰਾਹ ਛੋੜਕੇ ਪੂਰੇ ਨੂੰ ਟੁਰ ਪਏ ਹੋ ?

ਸ੍ਰੀ ਗੁਰੂ ਜੀ-ਮਰਦਾਨਿਆਂ ! ਨੀਲੀ ਵਲ ਨੂੰ ਚੱਲਣਾ ਹੈ। ਇਕ ਪੀਰ ਹੈ ਏਧਰ, ਜੋ ਪਰਜਾ ਨੂੰ ਦੁਖਾ ਰਿਹਾ ਹੈ ਬਹੁਤ।

ਮਰਦਾਨਾ-ਪੀਰ ਬੀ ਦੁਖਾਉਂਦੇ ਹਨ ?

ਸ੍ਰੀ ਗੁਰੂ ਜੀ-ਪੀਰ ਹੋਵੇ ਕਿ ਰਾਜਾ, ਵਿਦਯਾ ਵਾਲਾ ਹੋਵੇ ਕਿ ਧਨ ਵਾਲਾ, ਰਿਧੀਆਂ ਸਿਧੀਆਂ ਵਾਲਾ ਹੋਵੇ ਕਿ ਤਪੀਆ, ਜਿਸ ਪਾਸ ਤਾਕਤ ਹੈ ਤਗਯਾਨ ਨਹੀਂ ਉਸ ਤੋਂ ਮਾੜੇ ਕੰਮ ਹੋ ਹੀ ਜਾਂਦੇ ਹਨ। ਨੇਕੀ ਕਰਨੀ ਤਾਂ ਗਯਾਨ ਵਾਲੇ ਦਾ ਕੰਮ

ਹੈ[1] ਜੋ ਚਾਹੇ ਗ਼ਰੀਬ ਹੈ, ਚਾਹੇ ਅਮੀਰ, ਚਾਹੇ ਵਿਦਜਾ ਵਾਲਾ ਹੈ ਚਾਹੇ ਨਹੀਂ।

ਮਰਦਾਨਾ-ਪੀਰ ਤਾਂ ਰਜਾਜ਼ਤਾਂ (ਘਾਲਾਂ) ਨਾਲ ਬਣਦੇ ਹਨ, ਫੇਰ ਮੜ੍ਹੱਪਨ ਵਿਚ ਕਿਉਂ ਪੈਂਦੇ ਹਨ ?

ਸ੍ਰੀ ਗੁਰੂ ਜੀ-ਰਜਾਜ਼ਤਾਂ ਤੇ ਘਾਲਾਂ ਕਰਨ ਲਈ ਬੀ ਅੱਖਾਂ ਦੀ ਲੋੜ ਹੈ। ਬਿਨਾਂ ਅੱਖਾਂ ਦੇ ਖੁੜੱਲ ਵਿਚ ਡਿਗ ਪੈਂਦੇ ਹਨ।

ਮਰਦਾਨਾ-ਉਨ੍ਹਾਂ ਨੂੰ ਗਜਾਨ ਦੀਦੇ ਨਹੀਂ ਹੁੰਦੇ?

ਸ੍ਰੀ ਗੁਰੂ ਜੀ-ਮਨ ਹੈ ਭੁੱਖਾ, ਇਸ ਨੂੰ ਹੈਨ ਲੋੜਾਂ, ਤੇ ਲੋੜਾਂ ਤੋਂ ਵੱਧ ਦੀ ਮੰਗ--ਤ੍ਰਿਸ਼ਨਾ। ਸੋ ਰਜਾਜ਼ਤ ਕਰਦਿਆਂ ਜਦ ਨੇਕ ਨਾਮੀ ਹੋ ਜਾਵੇ ਯਾ ਕੋਈ ਰਿਧੀ ਸਿਧੀ ਫੁਰ ਪਵੇ ਤਾਂ ਮਨ ਉਹਨਾਂ ਵਿਚ ਹੀ ਫਸ ਜਾਂਦਾ ਹੈ, ਮਨ ਹੋਇਆ ਲਓ ਲਈ ਦੀ ਅਤ੍ਰਿਪਤ ਭੁੱਖ ਵਾਲਾ[2]। ਇਹ ਹੈ ਖੁੜੱਲ ਸਾਧਕਾਂ ਦੀ।

ਮਰਦਾਨਾ-ਬਚੇ ਕੀਕੂੰ ? ਢਹਿ ਪਵੇ ਤਾਂ ਨਿਕਲੇ ਕੀਕੂੰ ?

ਗੁਰੂ ਜੀ--ਪਹਿਲਾਂ ਸਿਞਾਣਕੇ ਟੁਰੇ ਨਾ। ਸੇਧ ਬੰਨ੍ਹੇ ਕਰਤਾਰ ਦੀ, ਵਾਸ਼ਨਾਂ ਨੂੰ ਕਰੇ ਵੱਸ, ਆਪਾ ਜਿੱਤੇ, ਫੇਰ ਸਾਧਨਾ ਕਰੇ, ਟੇਕ ਧਰੇ ਕਰਤਾਰ ਤੇ, ਉਸੇ ਦੇ ਪਿਆਰ ਨੂੰ ਸਭ ਕੁਛ ਸਮਝੇ, ਜਗਤ ਦੇ ਪਦਾਰਥਾਂ ਤੇ ਤਾਕਤਾਂ ਤੋਂ ਵੈਰਾਗ ਧਾਰੇ। ਫੇਰ ਨਹੀਂ ਫਸਦਾ ਏਸ ਖੁੜੱਲ ਵਿਚ।

ਮਰਦਾਨਾ-ਫੇਰ ਹੁਣ ਜਿਸ ਪੀਰ ਵਲ ਚੱਲੇ ਹੋ, ਉਹ ਕੋਈ ਸੱਜਣ ਵਾਂਙੂ ਸਾਡੀ ਜਾਨ ਦਾ ਲਾਗੂ ਹੀ ਹੋਊ ਕਿ ਸੁੱਖ ਗੁਜ਼ਰੇਗੀ ?

ਗੁਰੂ ਜੀ-ਘਬਰਾ ਨਹੀਂ, ਕਰਤਾਰ ਭਲੀ ਕਰੇਗਾ। ਇਉਂ ਗੱਲਾਂ ਕਰਦੇ ਟੁਰੀ ਗਏ। ਦੋ ਤ੍ਰੈ ਦਿਨ ਰਾਤਾਂ ਰਸਤੇ ਵਿਚ ਮੁਕਾਮ ਬੀ ਕੀਤੇ। ਫੇਰ ਇਕ ਗਿਰਾਉਂ ਦੇ ਬਾਹਰ ਉੱਚਾ ਤੇ ਸੁਥਰਾ ਥਾਂ ਦੇਖਕੇ ਟਿਕ ਗਏ। ਏਥੇ ਹੀ ਕੀਰਤਨ ਦਾ ਰੰਗ ਲਗ ਗਿਆ ਤੇ ਇੱਥੇ ਹੀ ਲੋਕੀਂ ਆ ਗਏ। ਪਿੰਡ ਦੇ ਲੋਕੀਂ ਦਰਸ਼ਨ ਕਰਕੇ ਨਿਹਾਲ ਹੋਏ ਤੇ ਘਰਾਂ ਵਿਚ ਚੱਲਣ ਲਈ ਬਿਨੈ ਕਰਨ ਲੱਗੇ, ਪਰ ਆਪ ਉਥੇ ਹੀ ਟਿਕੇ ਰਹੇ। ਕੁਛ ਦਿਨਾਂ ਵਿਚ ਸੰਗਤ ਦਾ ਆਉਣ ਜਾਣ ਹੋ ਪਿਆ ਤਾਂ ਪੀਰ ਦੇ ਕੰਨ ਅਵਾਜ਼ ਪਈ ਕਿ ਕੋਈ ਦਰਵੇਸ਼ ਆਇਆ ਹੈ, ਜੋ ਚਲਦੇ ਦਰਿਯਾ ਰੋਕਦਾ ਹੈ ਆਪਣੀ ਖੁਸ਼-ਇਲਹਾਨੀ ਨਾਲ। ਫਿਰ ਸੁਣਿਓਸੁ ਕਿ ਤਾਕਤ ਵਾਲਾ ਹੈ। ਫੇਰ ਕਿਸੇ ਕਿਹਾ ਡੇਰਾ ਪਾਉਣ ਲਗਾ ਹੈ ਉਜਾੜ ਵਿਚ ਤੇ ਚੁਬਾਰਾ ਬੀ ਬਣਸੀ। ਤਾਂ ਫਕੀਰ ਗੁੱਸੇ ਦੇ ਘਰ ਆ ਗਿਆ ਤੇ ਗੁਰੂ ਜੀ ਨੂੰ ਨੀਚਾ ਦਿਖਾਉਣ ਲਈ ਤੁਰ ਪਿਆ ਤੇ ਆ ਗਿਆ ਗੁਰੂ ਕੇ ਟਿਕਾਣੇ। ਇਸ ਨੇ ਤ੍ਰਾਟਕ ਆਦਿ ਸਾਧਨਾਂ ਤੇ ਮਾਨਸਕ ਬਲ ਲਈ ਚਿਲ੍ਹੇ ਕੱਟੇ ਹੋਏ ਸਨ, ਸੋ ਉਹ ਮਨ ਦੇ ਜ਼ੋਰ ਦੇਕੇ ਲੱਗਾ ਦਬਾਉ ਪਾਉਣ ਗੁਰੂ ਜੀ ਦੀ ਸੁਰਤ ਉਤੇ, ਪਰ ਗੁਰੂ ਬਾਬਾ ਨਾ ਭੈ ਦੇ ਘਰ ਵਸਦਾ ਸੀ, ਨਾ ਤ੍ਰਿਸ਼ਨਾ ਦੇ, ਨਾ ਵੈਰ ਕਰਨ ਜਾਣਦਾ ਸੀ; ਨਾ ਹਨੇਰੇ ਵਾਲਾ ਮੋਹ; ਸੋ ਚੜ੍ਹੇ ਸੂਰਜ ਵਾਂਗ ਰੋਸ਼ਨ ਚਮਕਦਾ ਬੈਠਾ ਰਿਹਾ[1], ਕੀਰਤਨ ਹੁੰਦਾ ਰਿਹਾ, ਪੀਰ ਬੀ ਸੁਣਦਾ ਰਿਹਾ। ਜਦ ਕੀਰਤਨ ਹੋ ਚੁਕਾ ਤਾਂ ਪੁੱਛਣ ਲੱਗਾ : ਦਰਵੇਸ਼ ! ਕਿਧਰੋਂ ਆਏ ਤੇ ਕਿਧਰ ਜਾਓਗੇ?

ਗੁਰੂ ਜੀ-ਪੌਣ ਇਕ ਪਾਸਿਓਂ ਆਉਂਦੀ ਹੈ, ਇਕ ਪਾਸੇ ਟੁਰ ਜਾਂਦੀ ਹੈ, ਉਹ ਟੁਰੀ ਹੀ ਰਹਿੰਦੀ ਹੈ, ਆਉਂਦੀ ਜਾਂਦੀ ਅਸੀਂ ਆਖ ਦੇਂਦੇ ਹਾਂ।

ਪੀਰ-ਸੁਣਿਆਂ ਸੀ ਇੱਥੇ ਟਿਕੋਗੇ। ਟਿਕੋ ਤਾਂ ਕੋਠਾ ਪੁਆ ਦੇਈਏ, ਬੈਠਕੇ ਤਪ ਕਰੋ।

ਗੁਰੂ ਜੀ-ਬੈਠੋ ... ਬੈਠੇ ਰਹੋ, ਸਾਨੂੰ ਟੁਰਨੇ ਦਾ ਹੁਕਮ ਹੈ, ਅਜੇ।

ਪੀਰ(ਸੁਖੱਲਾ ਸਾਹ ਲੈਕੇ)-ਅਸਾਂ ਸੁਣਿਆ ਸੀ ਚੁਬਾਰਾ ਪਾਓਗੇ।

ਗੁਰੂ ਜੀ-ਪਾਵਾਂਗੇ ਕਿ ਢਾਵਾਂਗੇ ? ਫਕੀਰ ਦਾ ਘਰ ਸਾਂਈਂ ਦੇ ਚੁਬਾਰੇ।

ਪੀਰ-ਸਮਝੇ ਨਹੀਂ ਪਿਆ, ਨਾਲੇ ਢਾਹੁਣਾ ਨਾਲੇ ਚੁਬਾਰੇ ਵੱਸਣਾ !

---

[1] ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ {ਗਉੜੀ ਸੁਖਮਨੀ}

[2] ਲਉ ਲਈ ਤ੍ਰਿਸਨਾ ਅਤਿਪਤਿ... {ਸ: ਸਹਸ: ਮਹਲਾ ੫}

[1] ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲ ਉਧਰੀ ਇਕ ਨਾਮ ਧਰਮ ॥ {ਸਵ; ਸ੍ਰੀ ਮੁਖ: ਮ: ੫}

ਗੁਰੂ ਜੀ-ਕਹਿੰਦੇ ਹਨ ਮਨੁਖ ਮਿੱਟੀ ਤੋਂ ਬਣਿਆ ਹੈ, ਸੋ ਮਿੱਟੀ ਨਾਲ ਏਸ ਦਾ ਪਿਆਰ ਹੈ। ਇਕ ਮਿਟੀ ਦਾ ਤਾਂ ਸਰੀਰ ਹੈਸੁ, ਇਕ ਇਹ ਮਿੱਟੀ ਦਾ ਹੋਰ ਮੰਡਪ ਉਸਾਰਕੇ ਵਿਚ ਵੜ ਬੈਠਦਾ ਹੈ, ਫੇਰ ਬਫਾਉਂਦਾ ਹੈ ਕਿ ਮੈਂ ਹਾਂ ਮਾਲਕ, ਪਰ ਤਲਬ ਸਾਂਈਂ ਦੀ ਆਈ ਨਹੀਂ ਕਿ ਦੁਇ ਮੜੋਲੀਆਂ ਮਿੱਟੀ ਦੀਆਂ ਛਡ ਤੁਰਦਾ ਹੈ। ਮਿੱਟੀ ਵਿਚ ਫਸ ਬੈਠਣਾ ਮਿੱਟੀ ਵਰਗੀ ਅਕਲ ਦਾ ਕੰਮ ਹੈ। ਫਕੀਰ ਉੱਜਲ ਮਤਿ ਹੁੰਦਾ ਹੈ, ਉਹ ਮਿੱਟੀ ਤੋਂ ਵੱਖ ਹੋ ਕੇ ਮਿੱਟੀ ਨੂੰ ਵੇਖਦਾ ਹੈ ਕਿ ਇਹ ਮੈਂ ਨਹੀਂ, ਮਿੱਟੀ ਤੋਂ ਉੱਪਰ ਸਾਂਈਂ ਦੀ ਜੋਤਿ ਦਾ ਚੁਬਾਰਾ ਹੈ, ਫਕੀਰ ਉਸ ਵਿਚ ਜਾ ਟਿਕਾਣਾ ਕਰਦਾ ਹੈ। ਉਠਦਾ, ਬਹਿੰਦਾ, ਟੁਰਦਾ, ਉਨਮਨ ਵਿਚ ਰਹਿੰਦਾ ਹੈ, ਫਕੀਰ ਇਸ ਚੁਬਾਰੇ ਖੇਡਦਾ ਹੈ। ਮਿੱਟੀ ਦਾ ਪਿਆਰ ਮਿੱਟੀ ਵਿਚ ਲੈ ਜਾਂਦਾ ਹੈ। ਚੁਬਾਰੇ ਉਲਟ ਕੇ ਮੜ੍ਹੀਆਂ, ਗੋਰਾਂ, ਕਬਰਾਂ ਬਣ ਜਾਂਦੇ ਹਨ [1]। ਮਿੱਟੀ ਦਾ ਪਜਾਰ ਮਿੱਟੀ ਵਿਚ ਰੱਖਸੀ।

ਪੀਰ ਸੁਣ ਕੇ ਘਬਰਾਇਆ, ਸਾਰੀਆਂ ਗੱਲਾਂ ਯਥਾਰਥ ਸਨ। ਉਸ ਨੂੰ ਚੁਬਾਰੇ ਨਾਲ ਪਿਆਰ ਸੀ, ਆਪਣੀ ਹੈਂਕੜ ਨਾਲ ਪਿਆਰ ਸੀ, ਇਸ ਕਰਕੇ ਉਸ ਦਾ ਹੁਕਮ ਸੀ ਕਿ ਮੇਰੇ ਪਿੰਡ ਦੇ ਨੇੜੇ ਤੇੜੇ ਕੋਈ ਚੁਬਾਰਾ ਨਾ ਪਵੇ। ਜੇ ਕੋਈ ਪੁਆਉਂਦਾ ਤਾਂ ਢੁਆ ਦੇਂਦਾ। ਮੁਸਲਮਾਨ ਹੋਣ ਕਰਕੇ ਇਸ ਦੀ ਚਲਦੀ ਸੀ, ਦੂਸਰੇ ਕਰਾਮਾਤੀ ਹੋਣ ਦਾ ਭੈ ਦੁਨੀਆਂ ਨੂੰ ਖਾ ਰਿਹਾ ਸੀ। ਸਭ ਲੋਕ ਇਸ ਦੇ ਆਮਨੇ ਨੂੰ ਮੰਨਦੇ ਸਨ। ਇਹ ਕੋਈ ਨੇਕੀ ਦਾ ਸਿਖਯਾ ਦਾਤਾ ਨਹੀਂ ਸੀ, ਪਰ ਆਪਣੀ ਰਯਾਜ਼ਤ ਦੀ ਹਉਂ ਵਿਚ ਆਪਣੀ ਉੱਚਤਾ ਮਨਾ ਕੇ ਖੁਸ਼ ਹੁੰਦਾ ਸੀ, ਇਸ ਤਰ੍ਹਾਂ ਇਸ ਤੋਂ ਕਈ ਵਧੀਕੀਆਂ ਹੋ ਪੈਂਦੀਆਂ ਸਨ। ਅੱਜ ਗੁਰੂ ਬਾਬੇ ਦੇ ਬਚਨ ਸੁਣ ਕੇ ਹੋਸ਼ ਦੇ ਘਰ ਵਿਚ ਆਇਆ। ਗੁਰੂ ਬਾਬੇ ਨੂੰ ਅਰਦਾਸ ਕਰਕੇ ਕੁਛ ਦਿਨ ਉੱਥੇ ਰੱਖਿਆ ਤੇ ਸਤਿਸੰਗ ਕਰ ਕੇ, ਜਿਹੜੀ ਅਟਕ ਸੀ, ਨਿਕਲ ਗਈ। ਕਰਾਮਾਤ ਦਾ ਸ਼ੌਕ ਟੁੱਟ ਗਿਆ, ਰਜ਼ਾ ਤੇ ਨਾਮ ਦਾ ਰੰਗ ਲਗ ਗਿਆ। ਉਹ ਪਰਜਾ, ਜੋ ਇਸ ਦੇ ਹੰਕਾਰ ਕਰਕੇ ਔਖ ਵਿਚ ਸੀ, ਸੁਖੀ ਹੋ ਗਈ[2]।

# ੧੨. ਤਾਰਨਹਾਰ ਜੀ ਦੀ ਹਰਿਦਵਾਰ ਫੇਰੀ [3]।

**ਪੀਰ** ਨੂੰ ਨਾਮ ਦੇ ਰੰਗ ਵਿਚ ਰੰਗ ਕੇ, ਕਈ ਥਾਂ ਮੁਕਾਮ ਕਰਦੇ, ਜਗਤ ਨਿਸਤਾਰਦੇ ਰੁਮਕੇ ਰੁਮਕੇ ਚਾਲੇ ਪਏ ਰੁਮਕਦੀ ਪੌਣ ਵਾਂਙੂ ਗੁਰੂ ਬਾਬਾ ਜੀ ਹਰਿਦ੍ਵਾਰ ਅੱਪੜੇ। ਅੱਗੇ ਖੂਬ ਗਹਿਮਾਂ ਗਹਿਮ ਮੇਲੇ ਦੀ ਸੀ। ਤਾਰਨਹਾਰ ਜੀ ਨੇ ਜਗਤ ਨੂੰ ਅਗਯਾਨ ਦੇ ਅੰਧਕਾਰ ਵਿਚ ਡਿੱਠਾ ; ਸੀਤਲ ਨਦੀ ਵਿਚ ਨ੍ਹਾਂ ਰਹੇ ਸਨ ਤੇ ਧੋ ਰਹੇ ਸਨ ਦੇਹੀ ਅਤੇ ਸਮਝ ਰਹੇ ਸਨ ਕਿ ਮਨ ਤੋਂ ਪਾਪਾਂ ਦੀ ਮੈਲ ਧੋ ਰਹੇ ਹਾਂ। ਟੁਭਕੇ ਲੱਗ ਰਹੇ ਸਨ ਨਿਰਮਲ ਨੀਰ ਵਿਚ ਤੇ ਮਨ ਧਾ ਰਿਹਾ ਸੀ ਦਸੋ ਦਿਸ਼ਾ ਨੂੰ। ਜਲ ਦੇ ਰਹੇ ਸਨ ਪਿਤਰਾਂ ਨੂੰ, ਕਰ ਰਹੇ ਸਨ ਤਰਪਣ ਤੇ ਗਾਇਤ੍ਰੀ ਪਾਠ, ਪਰ ਘਰਾਂ ਤੋਂ ਭਰਾ, ਭਰਾ ਦੇ ਨਾਲ ਲੜਕੇ ਆਇਆ ਸੀ ਤੇ ਉਥੇ ਹੀ ਕਈ ਲੜਾਈਆਂ ਤੇ ਕਈ ਵਿਰੋਧ ਦਿਲਾਂ ਵਿਚ ਹੋ ਰਹੇ ਸਨ। ਹਾਂ ਮਾੜੇ ਕਰਮ ਖਹਿੜਾ ਨਹੀਂ ਸਨ ਛੱਡ ਰਹੇ, ਪਰ ਇਸ਼ਨਾਨ ਦੀ ਕੜਕੁੱਟ ਪੈ ਰਹੀ ਸੀ।

---

[1] ਫਰੀਦਾ ਕੋਠੇ ਮੰਡਪ ਮਾੜੀਆਂ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥ {ਸਲੋਕ ਫਰੀਦ ੪੬}

[2] ਇਹ ਪ੍ਰਸੰਗ ਇਕ ਸੰਤ ਜੀ ਤੋਂ ਮਿਲਿਆ ਹੈ ਜੋ ਦੱਸਦੇ ਹਨ ਕਿ ਇਥੇ ਪਹਿਲਾਂ ਯਾਦਗਾਰੀ ਥੜ੍ਹਾ ਹੈਸੀ। ਸੰਗਤਾਂ ਜੋੜ ਮੇਲੇ ਕਰਦੀਆਂ ਹੁੰਦੀਆਂ ਸਨ। ਹੁਣ ਗੁਰਦੁਆਰਾ ਬਣ ਗਿਆ ਹੈ ਤੇ ਪ੍ਰਚਾਰ ਹੋ ਰਿਹਾ ਹੈ। ਇਹ ਪ੍ਰਸੰਗ ਪਰੰਪਰਾ ਤੋਂ ਸੀਨੇ ਬਸੀਨੇ ਤੁਰਿਆ ਆਇਆ ਹੈ।

[3] ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਹਰਦਵਾਰ ਦਾ ਪ੍ਰਸੰਗ ਕੁਰਖੇਤ੍ਰ ਦੇ ਪ੍ਰਸੰਗ ਦੇ ਨਾਲ ਹੀ ਦਿਤਾ ਹੈ। ਇਹ ਪ੍ਰਸੰਗ ੧ ਭਾਦਰੋਂ ਸੰਮਤ ਗੁ: ਨਾ: ਸਾ: ੪੫੯ ਸਤੰਬਰ ੧੯੨੮ ਨੂੰ ਇਸ ਸੰਚੇ ਦੀ ਪਹਿਲੀ ਐਡੀਸ਼ਨ ਲਈ ਲਿਖਿਆ ਗਿਆ ਸੀ।

"ਮੈਂ ਪਹਿਲੇ, ਮੈਂ ਪਹਿਲੇ" ਦਾ ਘਮਸਾਨ ਬੀ ਮਚ ਰਿਹਾ ਸੀ। ਪਾਂਡੇ ਦਾਨ ਮੰਗ ਰਹੇ ਸੇ, ਸਿੱਧੀ ਤਰ੍ਹਾਂ ਨਾ ਮਿਲੇ ਤਾਂ ਵਰ ਸ੍ਰਾਪਾਂ ਦੇ ਡਰ ਦੇ ਦੇਕੇ ਜ਼ੋਰੀਂ ਬੀ ਲੈ ਰਹੇ ਸਨ ਤੇ ਕਹਿ ਰਹੇ ਸਨ-ਦਾਨ। ਸ਼ਾਮਾਂ ਨੂੰ ਨਦੀ ਵਿਚ, ਡੂਨਿਆਂ ਵਿਚ ਰੱਖਕੇ ਦੀਵੇ ਤਰਾਏ ਜਾਂਦੇ ਤੇ ਆਰਤੀ ਦੇ ਘੰਟਿਆਂ ਦੀ ਮਿੱਠੀ ਝੁਣਕਾਰਪੈਂਦੀ ਸੀ। ਸਵੇਰ ਨੂੰ ਫੁਲ ਤਾਰੇ ਜਾਂਦੇ, ਇਸ਼ਨਾਨ ਹੁੰਦੇ ਤੇ ਪਿਤਰਾਂ ਨੂੰ ਜਲ ਦਿੱਤੇ ਜਾਂਦੇ ਸਨ। ਇਹ ਅਗਯਾਨ, ਦਿਲਾਂ ਦਾ ਅੰਧਕਾਰ ਤੇ ਮਨਾਂ ਦੀ ਅਧੋਗਤੀ ਵੇਖਕੇ ਕੌਤਕਹਾਰ ਜੀ ਆਪ ਬੀ ਇਕ ਦਿਨ ਜਲ ਵਿਚ ਜਾ ਖਲੋਤੇ। ਪੂਰੇ ਵਲੋਂ ਸੂਰਜ ਚੜ੍ਹਿਆ ਸੀ, ਉਸ ਵੱਲ ਪਿੱਠ ਕਰ ਦਿੱਤੀ, ਮੂੰਹ ਪੱਛੋਂ ਵੱਲ ਕੁਛ ਉੱਤਰ ਦਾ ਰੁਖ਼ ਲੈਕੇ ਕਰ ਲਿਆ ਤੇ ਪਾਣੀ ਦੇਣ ਲਗ ਪਏ। ਪੱਛੋਂ ਨੂੰ ਪਾਣੀ ਦੇਂਦੇ ਦੇਖ ਕੇ ਲੋਕੀ ਹਰਿਆਨ ਹੋ ਦੁਆਲੇ ਖੜੋਨ ਲੱਗ ਪਏ। ਪਹਿਲੋਂ ਤਾਂ ਲੋਕੀ ਆਪੋ ਵਿਚ ਗੱਲਾਂ ਕਰਦੇ ਸਨ, ਪਰ ਜਦ ਖਾਸੀ ਭੀੜ ਹੋ ਗਈ ਤਾਂ ਲੋਕੀਂ ਲੱਗੇ ਆਪ ਤੋਂ ਆਪ ਹੀ ਘੂਰ ਘੂਰ ਪੁੱਛਣ "ਤੂੰ ਕੌਣ ਹੈਂ? ਹਿੰਦੂ ਹੈਂ? ਪੱਛੋਂ ਨੂੰ ਪਾਣੀ ਕਿਉਂ ਦੇਂਦਾ ਹੈ ? ਪੱਛੋਂ ਨੂੰ ਤਾਂ ਮੱਕਾ ਹੈ। ਦੱਸ, ਤੂੰ ਹਿੰਦੂ ਹੈਂ ਤਾਂ ਪਿਤ੍ਰਾਂ ਨੂੰ ਪਾਣੀ ਦੇਹ, ਦੇਖ ਪੂਰੇ ਵਲੋਂ ਸੂਰਜ ਚੜ੍ਹ ਰਿਹਾ ਹੈ, ਦੱਸ ਤੂੰ ਕੌਣ ਹੈ ?" ਤਦ ਜਗਤ ਦੇ ਅਗਯਾਨ ਪੁਰ ਸੇਜਲ ਹੋਣ ਵਾਲੇ ਤੇ ਉਨ੍ਹਾਂ ਦੀ ਹੈਂਕੜ ਤੇ ਹੱਸ ਛੱਡਣ ਵਾਲੇ ਨੈਣਾਂ ਨੇ ਇਕ ਕੌਤਕੀ ਚਮਤਕਾਰ ਦਿੱਤਾ ਤੇ ਰਹਿਮਤ ਭਰੇ ਨੈਣਾਂ ਵਾਲੇ ਨੇ ਪੁੱਛਿਆ : "ਤੁਸੀਂ ਪੂਰੇ ਨੂੰ ਪਾਣੀ ਕਿਉਂ ਦੇ ਰਹੇ ਹੋ?" ਉਨ੍ਹਾਂ ਕਿਹਾ "ਪਿਤ੍ਰਾਂ ਨੂੰ ਤ੍ਰਿਪਤ ਕਰ ਰਹੇ ਹਾਂ," ਕੋਈ ਸੂਰਜ ਨੂੰ ਜਲ ਦੇ ਰਿਹਾ ਹੈ। ਹਾਂ ...

ਕੌਤਕੀ ਸਤਿਗੁਰ ਜੀ-ਤੁਸਾਡੇ ਪਿਤ੍ਰ ਕਿੰਨੀ ਕੁ ਦੂਰ ਹੈਨ ? ਸੂਰਜ ਕਿੱਥੇ ਕੁ ਹੈ ?

ਲੋਕੀਂ-ਪਿਤ੍ਰ ਲੋਕ ਵਿਚ, ਲੱਖਾਂ ਹਜ਼ਾਰਾਂ ਕ੍ਰੋੜਾਂ ਕੋਹਾਂ ਤੇ। ਸੂਰਜ ਬੀ ਦੂਰ ਹੈ।

ਗੁਰੂ ਜੀ-ਤਾਂ ਭਲਾ ਹੈ, ਹਾਂ ਹਾਂ ...। ਤੇ ਫੇਰ ਪਾਣੀ ਦੇਣ ਲਗ ਪਏ।

ਲੋਕਾਂ ਵਿੱਚੋਂ ਇਕ ਪੰਡਤ-ਤੂੰ ਬਈ ਆਪਣੇ ਕੰਮ ਲੱਗ ਪਿਆ; ਅਸਾਂ ਉੱਤਰ ਦਿੱਤੇ ਸਾਨੂੰ ਬੀ ਉੱਤਰ ਮਿਲੇ ਨਾ !

ਗੁਰੂ ਜੀ-ਬਈ ਸੱਜਣੋਂ ! ਮੇਰਾ ਏਸ ਰੁਖ਼ ਨੂੰ ਗਿਰਾਂ ਹੈ, ਘਰ ਦਾ ਪੈਲੀ ਬੰਨਾ ਹੈ। ਸਾਡੇ ਦੇਸ਼ ਮੀਂਹ ਨਹੀਂ ਪਿਆ। ਤੁਸਾਨੂੰ ਦੇਖਕੇ ਮੈਂ ਕਿਹਾ ਚੱਲੋ ਏਥੋਂ ਹੀ ਪਾਣੀ ਪੁਚਾ ਵੇਖੀਏ, ਭਲਾ ਜੇ ਖੇਤੀ ਸੋਕਿਓਂ ਬਚ ਰਹੇ।

ਇਹ ਸੁਣਕੇ ਸਾਰੇ ਹੱਸ ਪਏ। ਕੋਈ ਕਹੇ, 'ਬਾਉਲਾ ਹੈ', ਕੋਈ ਕਹੇ : 'ਦੇਖੋ ਅੱਜ ਕੱਲ ਬੀ ਐਡੇ ਸਿੱਧੇ ਲੋਕ ਹਨ; ਪਾਣੀ ! ਗੰਗਾ ਦਾ ਗੰਗਾ ਵਿਚ ਪਿਆ ਡਿੱਗਦਾ ਹੈ ਤੇ ਇਸ ਦੇ ਭਾਣੇ ਖੇਤਾਂ ਨੂੰ ਪਿਆ ਅੱਪੜਦਾ ਹੈ'।

ਇਕ ਸਿਆਣਾ-ਭਲੇ ਸੱਜਣਾਂ ! ਆਪਣੇ ਹੱਥ ਕਿਉਂ ਥਕਾ ਰਿਹਾ ਹੈਂ, ਇਹ ਤੇਰਾ ਪਾਣੀ ਖੇਤਾਂ ਨੂੰ ਨਹੀਂ ਜਾਣ ਲੱਗਾ। ਖੇਤ ਤੇਰੇ ਹਨ ਦੂਰ ਲਹਿੰਦੇ ਨੂੰ, ਗੰਗਾ ਜਾ ਰਹੀ ਹੈ ਪੂਰਬ ਨੂੰ !

ਗੁਰੂ ਜੀ-ਹੱਛਾ ਜੀ ! ਇਸ ਧਰਤੀ ਉੱਤੇ ਮੇਰੇ ਖੇਤਾਂ ਨੂੰ ਮੇਰਾ ਦਿੱਤਾ ਪਾਣੀ ਨਹੀਂ ਅੱਪੜੇਗਾ ਤੇ ਤੁਹਾਡਾ ਦਿੱਤਾ ਪਾਣੀ ਸੂਰਜ ਲੋਕ ਵਿਚ ਕਿ ਕਿਸੇ ਦੂਸਰੇ ਲੋਕ ਵਿਚ ਕਰੋੜਾਂ ਕੋਹਾਂ ਤੇ ਜਾ ਅੱਪੜੇਗਾ ! ਹੈਂ ਜੀਓ?

ਹਾਂ ! ਸਤਿਗੁਰ ਨਾਨਕ ਦੇਵ ਜੀਓ, ਤੇਰੀ ਯੁਕਤੀ ਦਾ ਅਨੋਖਾ ਤਰੀਕਾ ! ਲੋਕਾਂ ਦੇ ਭਾਣੇ ਹਾਰ ਗਿਆ, ਪਰ ਤੇਰੀ ਹਾਰ ਵਿਚ ਪ੍ਰਸ਼ਨ ਕਰਤਿਆਂ ਦੀ ਹਾਰ ਹੋ ਗਈ। ਸਾਰੇ ਸੋਚੀਂ ਪੈ ਗਏ। ਲੱਗੇ ਤੂਤਭੀਤੀਆਂ ਬੋਲਣ।

ਇਕ-ਆਖਦਾ ਤਾਂ ਸੱਚ ਹੈ।

ਦੂਜਾ-ਭੁੱਲੇ ਹੀ ਰਹੇ, ਕੇਡੀ ਖਰੀ ਗੱਲ ਹੈ ? ਸੌ ਦੋ ਸੌ ਕੋਹਾਂ ਤੇ ਪਾਣੀ ਅਰਪਿਆ ਨਹੀਂ ਪਹੁੰਚਦਾ, ਲੱਖਾਂ ਕੋਹਾਂ ਤੇ ਕੀਕੂੰ ਜਾਂਦਾ ਹੋਊ ?

ਤੀਜਾ-ਕਲੇਜਾ ਕੱਢ ਲਿਆ ਸੂ। ਸਾਨੂੰ ਪਾਂਡਿਆਂ ਨੇ ਮੂਰਖ ਬਣਾ ਛੱਡਿਆ ਏ।

ਚੌਥਾ-ਆਹ ਲੈ ਬਈ, ਕੱਢੀ ਸੂ ਨਾ ਗੱਲ, ਸੁਆਦ ਆ ਗਿਆ। ਅਸਾਂ ਕਿਹਾ ਸੀ ਕੋਈ ਕੌਤਕੀ ਹੈ।

ਪੰਜਵਾਂ (ਗੁਰੂ ਜੀ ਵੱਲ ਤੱਕ ਕੇ )--ਬਈ ਭਲੇ ਸੱਜਣ ਜੀ ! ਗੱਲ ਤਾਂ ਤੁਸੀਂ ਚੋਖੀ ਆਖੀ ਏ, ਦਿਲ ਨੂੰ ਘਾ ਪਾ ਗਈ ਏ, ਪਰ ਇਹ ਤਾਂ ਸੰਕਲਪ ਦੀ ਗੱਲ ਏ ਨਾ।

ਗੁਰੂ ਜੀ-ਸੰਕਲਪ ਤੁਸਾਡੇ ਹੀ ਤੁਸਾਨੂੰ ਨਰਕਾਂ

ਨੂੰ ਲਿਜਾ ਰਹੇ ਹਨ।

ਮਨੁੱਖ-ਸਾਡੇ ਸੰਕਲਪ ਤਾਂ 'ਹਰਿ ਹਰਿ' ਦੇ ਹਨ, 'ਹਰਿ ਹਰਿ' ਕਰ ਰਿਹਾਂ ਨੂੰ ਨਰਕ ਘੱਲਦੇ ਹੋ ?

ਗੁਰੂ ਜੀ-ਹਾਂ ਠੀਕ ਹੈ। ਤੁਸਾਡੇ ਹੱਥ ਮਾਲਾ ਦਾ ਮਣਕਾ ਹੈ, ਪਰ ਮਨ ਸਿਮਰ ਰਿਹਾ ਹੈ ਇਸਤ੍ਰੀ, ਪੁੱਤ੍ਰ, ਧਨ ਧਾਮ, ਵਿਹਾਰਕਾਰ, ਘਰ ਬਾਰ, ਅਨੇਕ ਧੰਦੇ। ਮਨ ਜਾਏਗਾ ਓਥੇ ਜਿੱਥੇ ਇਸ ਦੀ ਤਾਰ ਲੱਗ ਰਹੀ ਹੈ, ਜਿਨ੍ਹਾਂ ਸੰਕਲਪਾਂ ਦੀ ਲਿਵ ਵਿਚ ਮਨ ਹੈ ਓਥੇ ਜਾ ਪ੍ਰਾਪਤ ਹੋਵੇਗਾ[1]। ਜਲ ਦਿਤਾ ਜਾ ਰਿਹਾ ਹੈ ਪਿੱਤ੍ਰਾਂ ਨੂੰ, ਪਰ ਮਨ ਭਟਕ ਰਿਹਾ ਹੈ ਦਸੋ ਦਿਸ਼ਾ, ਮਨ ਦੀਆਂ ਲਾਲਸਾਂ ਵਿਚ। ਮਾਲਾ ਗੁਪਤੀਆਂ ਲਈ ਕੁਸ਼ਾ ਦੇ ਆਸਣ ਲਗਾਈ ਕਿਨਾਰੇ ਤੇ ਬੈਠੇ ਹੋ, ਨੈਣ ਬੰਦ ਹਨ, ਮਣਕਾ ਮਣਕੇ ਤੇ ਠੱਕ ਠੱਕ ਡਿੱਗਦਾ ਹੈ ਪਰ ਮਨ ਜੰਜਾਲਾਂ ਵਿਚ ਉੱਡ ਰਿਹਾ ਹੈ। ਟੁਭਕੀ ਲੱਗ ਰਹੀ ਹੈ ਠੰਢੇ ਨੀਰ ਵਿਚ, ਮੂੰਹ ਪਾਲੇ ਮਾਰਿਆ ਥਰ ਥਰ ਕਰਦਾ ਕਹਿ ਰਿਹਾ ਹੈ, ਹਰ ਹਰ, ਹਰ ਹਰ। ਦਿਲ ਪਾਲੇ ਦੀ ਸਕੋੜ ਵਿਚ ਮਨੋ-ਰਾਜੀ ਸੰਕਲਪਾਂ ਫੁਰਨਿਆਂ ਵਿਚ ਉਡੰਤ ਹੈ, ਜਿੱਧਰ ਜਿੱਧਰ ਮਨ ਓਧਰ ਓਧਰ ਜੀਵ ਦੀ ਗਤੀ।

ਮਨੁੱਖ-ਗੱਲ ਤਾਂ ਇਹ ਬੀ ਖਰੀ ਆਖੀ ਜੇ ਪਰ ਤੁਸਾਨੂੰ ਕਿਵੇਂ ਪਤਾ ਹੈ ਕਿ ਕਿਸ ਦਾ ਮਨ ਦੌੜ ਰਿਹਾ ਹੈ ? ਖ਼ਬਰੇ ਲੱਗੇ ਹੋਏ ਹੋਣ ਮਨ ਭਗਵੰਤ ਵਿਚ।

ਤਦ ਗੁਰੂ ਜੀ ਨੇ ਦੋ ਚਾਰ ਸਮਾਧੀਆਂ ਵਾਲਿਆਂ ਦੇ ਮਨਾਂ ਦੀ ਠੀਕ ਉਡਾਰੂ ਗਤੀ ਮਸੀਤ ਦੇ ਕਾਜ਼ੀ ਦੇ ਦਿਲ ਵਾਂਙੂ ਦੱਸ ਦਿੱਤੀ[2]। ਇਕ ਦਾ ਪਤਾ ਦਿਤਾ ਕਿ ਇਸ ਦਾ ਮਨ ਮੁਲਤਾਨ ਵਿਚ ਵਿਹਾਰ ਕਰ ਰਿਹਾ ਹੈ, ਦੂਏ ਦਾ ਕਾਬਲ, ਤੀਏ ਦਾ ਦਿੱਲੀ। ਜਿਨ੍ਹਾਂ ਜਿਨ੍ਹਾਂ ਵਿਹਾਰਾਂ ਸੋਚਾਂ ਵਿਚ ਜਿਸ ਜਿਸ ਦਾ ਮਨ ਖਚਿਤ ਸੀ ਜਦ ਸਾਫ ਦੱਸ ਦਿੱਤਾ, ਤਦ ਲੋਕਾਂ ਤੇ ਭੈ ਛਾ ਗਿਆ, ਨੈਣਾਂ ਵਿਚ ਸ਼ਰਧਾ ਭਰ ਆਈ; ਆਪ ਬੈਠ ਗਏ ਕਿਨਾਰੇ ਤੇ ਉਦਾਲੇ ਲੋਕ ਜੁੜ ਬੈਠੇ ਸਾਰੇ। ਜਦ ਸਮਾਗਮ ਜੁੜਕੇ ਠਠ ਬੱਝ ਗਿਆ ਤਾਂ ਦਾਤੇ ਨੇ ਜੀਵਾਂ ਦੇ ਅਗਜਾਨ ਦੇ ਛੌੜ ਕੱਟੇ। ਸਾਰਾ ਸੱਚਾ ਰਸਤਾ ਦੱਸਿਆ। ਇਕ ਵਾਹਿਗੁਰੂ ਜੀ ਨਾਲ ਲਿਵ ਦਾ ਮਾਰਗ ਸਮਝਾਇਆ ਕਿ ਇਹ ਰਸਤਾ ਹੈ, ਨਾਮ ਜਪੋ, ਹਜ਼ੂਰੀ ਵਿਚ ਵੱਸੋ, ਉਠਦੇ ਬਹਿੰਦੇ ਟੁਰਦੇ ਫਿਰਦੇ ਉਸ ਮਾਲਕ ਦੀ ਹਜ਼ੂਰੀ ਵਿਚ ਰਹੋ, ਉਸ ਪਿਆਰੀ ਤੇ ਰਸਭਰੀ ਹਜ਼ੂਰੀ ਤੋਂ ਉਹਲੇ ਨਾ ਹੋਵੋ, ਐਉਂ ਜਾਣੋਂ ਕਿ ਜਿਸ ਦਾ ਨਾਮ ਰਸਨਾਂ ਤੇ ਹੈ ਉਹ ਹਾਜ਼ਰ ਹੈ ਤੇ ਅਸੀਂ ਹਜ਼ੂਰੀ ਵਿਚ ਹਾਂ। ਪੌਣ ਜੀਕੂੰ ਅੰਗ ਸੰਗ ਹੈ, ਜਿੱਥੇ ਜਾਓ, ਸਵੋਂ, ਟੁਰੋ, ਬਹੋ, ਸਦਾ ਅੰਗ ਸੰਗ ਹੈ, ਦੀਹਦੀ ਨਹੀਂ, ਪਰ ਹੈ; ਤਿਵੇਂ ਉਹ ਪੌਣ ਤੋਂ ਬੀ ਸੂਖਮ ਪਰਮਤੱਤ ਅੰਗ ਸੰਗ ਹੈ। ਪਜਾਰ, ਰਸ ਤੇ ਅਨੰਦ ਓਸ ਤੋਂ ਹਰ ਵੇਲੇ ਫੁਹਾਰੇ ਵਾਂਙੂ ਛੁਟਦਾ ਹੈ। ਉਸ ਦੀ ਹਜ਼ੂਰੀ ਵਿਚ ਰਹਿਣ ਨਾਲ ਉਹ ਸੁਆਦ ਸਾਨੂੰ ਵੀ ਆਵੇਗਾ ਜੇ ਉਸ ਸਦਾ ਜਾਗਦੀ ਹੋਂਦ ਵਿਚ, ਉਸ ਅੰਗ, ਸੰਗ 'ਸਤਜਾ' ਦੇ ਵਿਚ ਸਾਡਾ ਮਨ ਰਹੇਗਾ ਤਾਂ ਮਰਕੇ ਬੀ ਅਸੀਂ ਉੱਥੇ ਹੀ ਜਾਵਾਂਗੇ। ਹਾਂ, ਕਾਰ ਵਿਹਾਰ ਕਰੋ, ਬਈ ਕਾਰ ਵਿਹਾਰ, ਕੋਈ ਕਿੱਤਾ, ਕੋਈ ਰੋਜ਼ੀ ਕਰਕੇ-ਕਮਾਕੇ-ਰੋਟੀ ਖਾਓ। ਕਮਾਕੇ ਫਿਰ ਵੰਡ ਕੇ ਖਾਓ[1] । ਕਿਰਤ ਕਮਾਈ ਵਿਚੋਂ ਦੇਕੇ ਭਲਾ ਮਨਾਓ। ਕਰੋ ਕੰਮ ਕਾਜ ਜ਼ਰੂਰ, ਮਖ਼ੱਟੂ ਨਾ ਬਣੋ, ਦੂਸਰਿਆਂ ਦੀ ਕਮਾਈ ਉਤੇ ਆਪਣੇ ਗੁਜ਼ਾਰੇ ਦਾ ਭਾਰ ਪਾਕੇ ਉਹਨਾਂ ਨੂੰ ਔਖਿਆਂ ਨਾ ਕਰੋ। ਕਰੋ, ਕੋਈ ਕਿਰਤ ਕਰੋ, ਪਰ ਜੋ ਕਰੋ ਸੁਹਣੀ ਤ੍ਰਹਾਂ ਕਰੋ। ਕਮਾਓ, ਪਰ ਧਰਮ ਕਿਰਤ ਨਾਲ। ਹਾਂ ਕਮਾਈ ਕਰਨ ਵਿਚ ਮਨ ਲੋੜੀਏ, ਮਨ ਜਾਏਗਾ ਕੰਮਾਂ ਵੱਲ ਤਾਂ ਹਜ਼ੂਰੀ ਵਿਚ ਕੀਕੂੰ ਵੱਸੇਗਾ ? ਹਾਂ, ਬਈ ਹਜ਼ੂਰੀ ਵਿਚ ਵੱਸੇਗਾ ਐਉਂ : ਹੱਥ ਨਾਲ ਕਾਰ ਕਰੋ, ਦਿਲ ਦੀ ਸਤਜਾ ਦੀ ਜਿੰਨੀ ਲੋੜ ਹੈ ਕਿਰਤ ਨੂੰ ਦਿਓ, ਸੁਹਣੀ ਤਰ੍ਹਾਂ ਦਿਓ, ਕਿੱਤੇ ਕੰਮ ਅਕਲ ਨਾਲ ਹੋਸ਼ ਨਾਲ ਕਰੋ, ਕਪਟ ਛਲ ਨਾਲ ਨਾ, ਦੂਸਰੇ ਦੇ ਬੁਰੇ ਦੀ ਨੀਯਤ ਨਾਲ ਨਾ, ਪਰ ਅਕਲ

---

[1] ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨ ਲਾਇਆ ॥ {ਸੂਹੀ ਮਹਲਾ ੧}

[2] ਸ੍ਰੀ ਗੁਰੂ ਬਾਬੇ ਜੀ ਨੇ ਆਪ ਫੁਰਮਾਇਆ ਹੈ :-
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨ ਰਾਖੈ ਠਾਇ ॥ {ਸਿਰੀ ਰਾਗੁ ਮ: ੧}

[1] ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ {ਸਾ: ਵਾ: ਮ: ੧}

ਨਾਲ, ਸੋਚ ਨਾਲ ਕਿੱਤੇ ਵਿਚ ਧਿਆਨ ਦੇਕੇ। ਕਿੱਤਾ ਸੁਹਣਾ ਕਰੋ : ਪਰ ਵਿਚ ਵਿਚ ਵਿਹਲ ਆਉਂਦੀ ਹੈ; ਸਵੇਰਾ, ਸੰਧਯਾ, ਰਾਤ, ਵਿਹਲ ਹੁੰਦੀ ਹੈ। ਪਹਿਲਾਂ ਵਿਹਲੇ ਵਿਹਲੇ 'ਵੇਲੇ' ਹਜ਼ੂਰੀ ਵਿਚ ਵਸਦਿਆਂ ਸਫਲ ਕਰੋ।' ਫੇਰ ਹੱਥ ਕਾਰ ਵੱਲ ਟੁਰਿਆ ਰਹੇ, ਦਿਲ ਕਰਤਾਰ ਵੱਲ ਲਾਈ ਰੱਖੋ। ਸਮਾਂ ਪਾਕੇ ਦਿਲ ਹਜ਼ੂਰੀਓਂ ਬਾਹਰ ਨਹੀਂ ਆਇਆ ਕਰੇਗਾ। ਭੁੱਲ ਦਾ ਪਰਦਾ ਹੈ ਸਾਡੇ ਤੇ ਮਾਲਕ ਵਿਚ, ਭੁੱਲ ਕੱਢ ਦਿਓ, ਯਾਦ ਵਿਚ ਵੱਸੋ। ਯਾਦ ਹਜ਼ੂਰੀ ਵਿਚ ਰੱਖਦੀ ਹੈ। 'ਹਜ਼ੂਰੀ ਸਿੱਖਾਂ ਦਾ ਮੂਲ ਹੈ' ਇਹ ਸਮਝਕੇ ਪਰਮੇਸ਼ੁਰ ਦੇ ਨਾਮ ਜਪਣ ਨੂੰ ਇਸ 'ਹਜ਼ੂਰੀ ਦੇ ਅਭਯਾਸ' ਦੀ ਟੋਹਣੀ ਸਮਝੋ। ਨਾਮ ਦਾ ਪਰਚਾ ਮਨ ਨੂੰ ਗ਼ਾਫਲੀ ਤੋਂ ਕੱਢਦਾ ਤੇ ਹਜ਼ੂਰੀ ਵਿਚ ਲਿਆਉਂਦਾ ਹੈ; ਨਾਮ ਹਜ਼ੂਰੀਵਾਸ ਹੈ।

ਜਾਂ ਸਤਿਗੁਰੂ ਜੀ ਸੱਚ ਦਾ ਡੰਕਾ ਦੇਕੇ ਚੁੱਪ ਹੋ ਗਏ ਤਾਂ ਓਹ ਜੀਵ, ਜੋ ਪ੍ਰੇਰਿਤ ਹੋ ਗਏ ਸਨ, ਕਹਿਣ ਲੱਗੇ : 'ਸਾਡੇ ਨਾਲ ਚੱਲੋ ਭੋਜਨ ਪਾਓ'। ਅੱਗੇ ਗਏ ਤਾਂ ਕਾਰਾਂ ਕੱਢਕੇ ਚੌਕਾ ਸੁਆਰਕੇ ਰਸੋਈ ਤਿਆਰ ਹੋ ਰਹੀ ਸੀ। ਜਾਂ ਸੁੱਚ ਸੰਜਮੀ ਬ੍ਰਾਹਮਣ ਵਿਚ ਵੜੇ ਤਾਂ ਸਤਿਗੁਰ ਬੋਲੇ : "ਚੌਕਾ ਭਿੱਟ ਗਿਆ। ਭਿੱਟੇ ਚੌਕੇ ਦੀ ਰੋਟੀ ਕੌਣ ਖਾਏ ?" ਬ੍ਰਾਹਮਣਾਂ ਨੇ ਹੱਥ ਬੰਨ੍ਹ ਕਿਹਾ ਕਿ "ਜੀ ਲੱਕੜਾਂ ਧੋ; ਚੌਂਕਾ ਪਾ, ਅੰਨ ਧੋ ਸੁਕਾ, ਆਪ ਨ੍ਹਾ ਕੇ ਪੂਰੀ ਸੁੱਚ ਆਚਾਰ ਨਾਲ ਰਸੋਈ ਬਣੀ ਹੈ।"

ਗੁਰੂ ਜੀ-ਪਰ ਤੁਸਾਂ ਵਿਚ ਵੜਕੇ ਭਿੱਟ ਦਿੱਤੀ ਹੈ।

ਬ੍ਰਾਹਮਣ-ਛੂਹ ਵਾਲਾ ਕੌਣ ਛੁਹਿਆ ਹੈ। ਅਸੀਂ ਕੁਲੀਨ ਬ੍ਰਾਹਮਣ ਹਾਂ। ਕੋਈ ਚੂਹੜਾ ਚੰਡਾਲ ਡੂਮ ਕਸਾਈ ਤਾਂ ਆਇਆ ਨਹੀਂ।

ਗੁਰੂ ਜੀ-

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥ (ਸਿਰੀ ਰਾਗੁ ਕੀ ਵਾਰ ਮ: ੧-੨੦)

ਸਤਿਗੁਰਾਂ ਨੇ ਦੱਸਿਆ ਕਿ ਤਨ ਸੁੱਚੇ ਕੀਤੇ ਦਾ ਕੀ ਹੈ, ਭਿੱਟਣ ਵਾਲੀ ਸ਼ੈ ਅੰਦਰ ਉਹ ਬੁੱਧੀ ਹੈ ਜੋ ਪਸ਼ੂ ਬ੍ਰਿਤੀ ਨੂੰ ਵੱਸ ਵਿਚ ਨਹੀਂ ਰੱਖਦੀ ਤੇ ਖੁੱਲ੍ਹਾ ਛੱਡਦੀ ਹੈ। ਸੋਚ ਲਓ ਕਿੰਨੀਆਂ ਛੋਹਾਂ ਓਹ ਬ੍ਰਿਤੀ ਸਹੇੜਦੀ ਹੈ। ਜਿਸ ਦੇ ਸਿਰ ਤੇ ਸਰੇਸ਼ਟ ਬੁੱਧੀ ਦਾ ਕੁੰਡਾ ਨਹੀਂ ਹੈ ਉਹ ਡੂੰਮਣੀਂ ਵਾਂਙੂ ਨੀਚ ਜਾਤ ਹੈ ਕਿ ਨਹੀਂ, ਜੋ ਭੈੜੇ ਗੰਦੇ ਗੀਤ ਗਾਕੇ ਲੋਕਾਂ ਦੇ ਮਨਾਂ ਨੂੰ ਮਲੀਣ ਕਰਦੀ ਹੈ ?

ਬੇਤਰਸੀ, ਜ਼ੁਲਮ, ਦੂਸਰੇ ਦਾ ਬੁਰਾ ਕਰਨਾਂ ਤੇ ਆਪਣਾ ਭਲਾ ਲੋਚਣਾ ਇਹ ਕਸਾਈ ਪੁਣਾ ਹੈ ਕਿ ਨਹੀਂ ? ਪਰ ਦਾ ਮਾਸ ਨੋਚਣਾਂ ਤੇ ਆਪਣਾ ਸਵਾਦ ਲੈਣਾ, ਇਸ ਸੁਭਾਉ ਵਾਲੀ ਬ੍ਰਿਤੀ ਲਾਉਂਦੀ ਹੈ ਕਿ ਨਹੀਂ ਆਪਣੇ ਭੈੜੇ ਸੁਭਾਉ ਦੀ ਛੂਹ ਦੂਸਰਿਆਂ ਮਨਾਂ ਨੂੰ? ਪਰਾਈ ਨਿੰਦਿਆ, ਦੂਸਰੇ ਦੇ ਜਸ ਨੂੰ ਨਾਮ ਨੂੰ, ਵਡਿਆਈ ਨੂੰ ਬੱਜ ਲਾਉਣ ਦੀ ਨੀਯਤ, ਇਹ ਹੈ ਨਾ ਅੰਦਰ ਪਰਾਈ ਨਿੰਦਾ ਦਾ ਵਾਸ ? ਲੋਕਾਂ ਵਿਚ ਮੈਂ ਭਲਾ ਪ੍ਰਸਿੱਧ ਹੋਵਾਂ ਤੇ ਫਲਾਣਾ ਮਾੜਾ ਪ੍ਰਸਿੱਧ ਹੋਵੇ ਤਾਂ ਮੇਰਾ ਨਾਮਣਾ ਵਧੀਕ ਫੈਲੇ, ਇਹ ਚੂਹੜੀ ਹੈ ਕਿ ਨਾ? ਦੂਸਰੇ ਦੇ ਹੋਏ ਯਾ ਅਨਹੋਏ ਅਵਗੁਣਾਂ, ਪਾਪਾਂ, ਐਬਾਂ, ਉਕਾਈਆਂ ਦੀ ਮੈਲ ਆਪ ਕੱਠੀ ਕਰਨੀ ਚੂਹੜੀ ਵਰਗਾ ਕੰਮ ਹੈ ਕਿ ਨਹੀਂ? ਆਪਣੇ ਸੁਹਣੇ ਮਨ ਨੂੰ ਇਸ ਗੰਦ ਨਾਲ ਬਦਬੂ ਲਾਉਣੀ ਫੇਰ ਲੋਕਾਂ ਨੂੰ ਨਿੰਦਾ ਸੁਣਾਕੇ ਓਸ ਗੰਦ ਦੀ ਛੂਹ ਉਹਨਾਂ ਨੂੰ ਲਾਉਣੀ, ਜਿਨ੍ਹਾਂ ਦੀ ਕਰਨੀ ਉਨ੍ਹਾਂ ਨੇ ਤਪਕੇ ਅਗੋਂ ਕਰਨੀ, ਐਉਂ ਲੋਕਾਂ ਨੂੰ ਨਿੰਦਾ ਦਾ ਸੁਭਾਵ ਪੈਣਾ। ਨਿੰਦਾ ਚੂਹੜੀ ਪਰ੍ਹੇ ਦੀ ਪਰਧਾਨ ਹੈ। ਡੇਉਢੀਆਂ ਵਿਚ, ਮਜਲਸਾਂ ਵਿਚ, ਹੁਜਰਿਆਂ ਵਿਚ, ਜਿੱਥੇ ਚਾਰ ਯਾਰ ਬੈਠਣ ਓਥੇ ਨਿੰਦਾ ਚੂਹੜੀ ਹੀ ਪ੍ਰਧਾਨ ਹੈ। ਜਿੱਥੇ ਦੋ ਚਾਰ ਰਲੇ ਓਥੇ ਕਿਸੇ ਹੋਰਸ ਦੀ ਨਿੰਦਾ ਛਿੜਦੀ ਹੈ। ਫੇਰ ਇਕ ਗਲ ਹਾਸੇ ਵਾਲੀ ਇਹ ਉਹਨਾਂ ਨਿੰਦਾ ਕਰਨ ਵਾਲਿਆਂ ਦੀ ਨਿੰਦਾ ਹੋਰਥੇ ਪਈ ਹੁੰਦੀ ਹੈ, ਸੋ ਤੀਸਰੀ ਭੈੜੀ ਛੂਹ ਲਾਉਣ ਵਾਲੀ ਨੀਚ ਨਿੰਦਾ ਹੈ। ਚੌਥੇ ਕ੍ਰੋਧ ਸਭ ਦਾ ਵਡਾ ਭੈੜੀ ਛੂਹ ਵਾਲਾ ਚੰਡਾਲ ਹੈ। ਕ੍ਰੋਧ ਅੱਗ ਹੈ ਆਪ ਬਲਦਾ ਹੈ ਤੇ ਦੂਏ ਨੂੰ ਬਾਲਦਾ ਹੈ। ਜਦੋਂ ਤੁਸਾਂ ਨਾਲ ਕੋਈ ਕ੍ਰੋਧ ਦਾ ਬਚਨ ਕਰੇ ਤੁਸਾਂ ਵਿਚ ਬੀ ਕ੍ਰੋਧ ਦੀ ਅੱਗ ਭੜਕਦੀ ਹੈ, ਹੈ ਕਿ ਨਾ ਕ੍ਰੋਧ ਛੂਹ ਲਾਉਣ ਵਾਲਾ ? ਫਿਰ ਇਸ ਦੀ ਛੂਹ ਅੱਗ ਦੀ ਛੂਹ ਵਾਂਙੂ ਹੈ, ਆਪ ਬਲਦੀ ਹੈ ਤੇ ਜਿਸ ਨੂੰ ਛੂਹੇ

ਬਾਲਦੀ ਹੈ ! ਕ੍ਰੋਧ ਬਲਦਾ ਹੈ, ਜਿਸ ਤੇ ਪਵੇ ਉਸ ਨੂੰ ਸਾੜਦਾ ਹੈ। ਮਨ ਇਸ ਨਾਲ ਸੜਦਾ ਹੈ, ਤਨ ਇਸ ਨਾਲ ਸੜਦਾ ਹੈ। ਹੁਣ ਤੁਸੀਂ ਜੁ ਚੌਕੇ ਵੜੇ ਹੋ ਮਨਾਂ ਵਿਚ ਕੰਘੀਆਂ ਮਾਰ ਲਓ ਕਿ ਭਿੱਟ ਦਿੱਤਾ ਜੋ ਕਿ ਨਾ ਚੌਂਕਾ ?

ਏਹ ਬ੍ਰਾਹਮਣ ਪਹਿਲਾਂ ਸਤਿਗੁਰ ਦੇ ਵਾਕਾਂ ਨਾਲ ਕੁਛ ਸ਼ਰਧਾਲੂ ਹੋ ਕੇ ਤਾਂ ਆਏ ਸਨ, ਪਰ ਉਹਨਾਂ ਦੇ ਆਪਣੇ ਅੰਦਰਲੇ ਮਨ ਦੇ ਭਾਵ ਤੇ ਤਨ ਦੀਆਂ ਕਰਨੀਆਂ ਕਰਤੂਤਾਂ ਤਾਂ ਉਹੋ ਸਨ, ਹੁਣ ਜਦ ਉਨ੍ਹਾਂ ਨੇ ਆਪਣੇ ਅੰਦਰਲੇ ਸੁਭਾਵ ਦੀ ਮੂਰਤਿ ਖਿੱਚੀ ਗਈ ਵੇਖੀ ਤਾਂ ਚਰਨਾਂ ਤੇ ਢਹਿ ਪਏ ਤੇ ਬੋਲੇ :-"ਕਿਵੇਂ ਬਖਸ਼ੀਏ, ਗੁਨਾਹਵੰਦ ਹਾਂ !"

ਬਖਸ਼ਣਹਾਰ ਨੇ ਤਦੋਂ ਸਲੋਕ ਗਾਂਵਿਆਂ :-

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥ ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥

{ਵਾ: ਸਿ: ਰਾ: ਮਹਲਾ ੧-੨੦

ਬ੍ਰਾਹਮਣ-ਹੇ ਦਾਤਾ ! ਆਪਣੇ ਸੇਵਕ ਬਣਾ ਲਓ।

ਗੁਰੂ ਜੀ-ਸਾਡੀ ਸਿਖੀ ਕਠਨ ਹੈ, ਪਰ ਸੌਖੀ ਬੀ ਹੈ। ਜੋ ਧਨ ਤੁਸਾਂ ਪਾਸ ਹੈ ਪਾਪਾਂ ਤੋਂ ਆਇਆ ਹੈ, ਤੁਸਾਂ ਮਾੜੇ ਕੰਮਾਂ ਨਾਲ ਜੋੜਿਆ ਹੈ, ਭਗਵੰਤ ਦੇ ਨਾਮ ਤੇ ਲੁਟਾ ਦਿਓ।

ਇਹ ਸੁਣਕੇ ਉਹਨਾਂ ਨੇ ਮਾਇਆ ਉਸੇ ਵੇਲੇ ਵੰਡ ਦਿਤੀ। ਇਹ ਤੱਕ ਕੇ ਉਸ ਦਾਤੇ ਤੋਂ ਮਿਹਰ ਦੀਆਂ ਛਹਿਬਰਾਂ ਲੱਗ ਗਈਆਂ, ਨਾਮ ਦਾਨ ਦੀ ਦਾਤ ਬਖਸੀ ਗਈ, ਸਾਂਈਂ ਚਰਨਾ ਨਾਲ ਲਿਵ ਬਖਸ਼ੀ ਗਈ। ਆਪ ਨੇ ਉਨ੍ਹਾਂ ਦੇ ਮਨਾਂ ਨੂੰ ਸਾਂਈਂ ਰੁਖ਼ੀਆ ਕਰਕੇ ਹਜ਼ੂਰੀ ਵਿਚ ਹਾਜ਼ਰ ਰਹਿਣ ਵਾਲੇ ਸੁਖੀਏ ਬਨਾ ਦਿਤਾ। ਜਾਚ ਸਿਖਾ ਦਿਤੀ ਕਿ ਮਨ ਇਕ ਰਸ ਵਿਚ ਰਹੇ ਤੇ ਅੰਦਰੋਂ ਇਕ ਉਚਜਾਨ, ਇਕ ਪ੍ਰਤੀਤੀ, ਹਰ ਵੇਲੇ ਸਾਂਈਂ ਦੇ ਨਾਲ ਨਾਲ ਹੋਣ ਦੀ ਟੁਰੀ ਰਹੇ।

ਇਸ ਤਰ੍ਹਾਂ ਜਦ ਅਨੇਕਾਂ ਲੋਕੀਂ ਸਿਖ ਹੋ ਗਏ ਤੇ ਪਖੰਡ ਬਨਾਵਟ ਦੇ ਤ੍ਰੀਕੇ ਤੋਂ ਮੁੜ ਪਏ ਤਾਂ ਬ੍ਰਾਹਮਣਾਂ ਪੰਡਤਾਂ ਦਾ ਇਕ ਜਥਾ ਸਤਿਗੁਰ ਜੀ ਨੂੰ ਕਰਮ ਕਾਂਡ ਤੇ ਉਨ੍ਹਾਂ ਦੀਆਂ ਬਣੀਆਂ ਪਗਡੰਡੀਆਂ ਦੇ ਲਾਭ ਦੱਸਣ ਆਇਆ ਕਿ ਕਿਵੇਂ ਐਸੇ ਪੁਨੀਤ ਤੇ ਪ੍ਰਭਾਵਸ਼ਾਲੀ ਗੁਰੂ ਜੀ, ਉਹਨਾਂ ਬੱਝੇ ਰਾਹਾਂ ਤੇ ਟੁਰੇ ਰਹਿਣ। ਪੰਡਤਾਂ ਨੇ ਜੱਗਾਂ ਤੇ ਹੋਮਾਂ ਦੀ ਮਹਿਮਾਂ ਕੀਤੀ, ਪਰ ਆਪ ਨੇ ਫੁਰਮਾਇਆ:-

ਭਲੀ ਗੱਲ ਸਦਾ ਭਲੀ ਹੈ, ਪਰ ਬਨਾਵਟ ਤੇ ਮਨਾਂ ਨੂੰ ਕੈਦ ਕਰਨ ਵਾਲੀ ਰੀਤਿ ਕਦੇ ਚੰਗੀ ਨਹੀਂ। ਸੱਚ ਦਾ ਢੰਡੋਰਾ ਅਸਾਂ ਦੇਣਾ ਹੈ, ਸੁਣੇ ਜਿਸ ਦੇ ਭਾਗ ਹਨ, ਸੁਣੇ ਤੇ ਅਨਸੁਣੀ ਕਰੇ ਜਿਨ੍ਹਾਂ ਦੇ ਅਭਾਗ ਹਨ।

ਅਗਨੀਆਂ ਵਿਚ ਅੰਨ ਘਿਉ ਪਾ ਕੇ ਹੁਣ ਖ਼ਰਾਬ ਨਾ ਕਰੋ, ਪ੍ਰਜਾ ਦੁਖੀਆ ਤੇ ਗ਼ਰੀਬ ਹੈ। ਸੱਚ ਦੇ ਪਿਆਰਿਆਂ, ਤੇ ਨਾਮ ਵਿੱਚ ਲੱਗਿਆਂ ਨੂੰ ਅੰਨ ਦਿਓ, ਇਹ ਹੋਮ ਹੈ, ਇਹ ਜੱਗ ਹੈ। ਬਾਕੀ ਰਹੀ ਮਹਿਮਾ, ਮੈਨੂੰ ਇਸ ਦੀ ਲੋੜ ਨਹੀਂ ਹੈ। ਮਹਿਮਾ ਮਾਖੀ ਹੈ ਜੋ ਸੱਚ ਦੀ ਖੀਰ ਤੇ ਬਹਿਕੇ ਉਸ ਨੂੰ ਮਾੜੀ ਛੂਹ ਲਾਕੇ ਉਸ ਨੂੰ ਮਾੜਿਆਂ ਕਰਦੀ ਹੈ; ਸੱਚ ਦੇ ਸੇਵਕ ਨੂੰ ਸੱਚ ਦੀ ਓਟ ਹੈ। ਮਹਿੰਮਾ ਮਾਖੀ ਦੀ ਲੋੜ ਨਹੀਂ।

ਸੂਚਨਾ-ਇਹੋ ਪ੍ਰਸੰਗ ਸੰਖੇਪ ਹੋਕੇ ਕਵਿਤਾ ਵਿਚ ਲਿਖਿਆ ਜਾਕੇ ਸੰ: ੪੫੦ ਦੇ ਗੁਰਪੁਰਬ ਪਰ ਖਾਲਸਾ ਸਮਾਚਾਰ ਦੁਆਰਾ ਸੰਗਤਾਂ ਵਿਚ ਪ੍ਰਕਾਸ਼ਿਆ ਸੀ ਜੋ ਇਉਂ ਹੈ :-

## ੧੩. ਗੁਰ ਨਾਨਕ ਦੇਵ ਜੀ ਦੀ ਗੰਗਾ ਯਾਤ੍ਰਾ[1] ।

**ਪੱਛੋਂ** ਨੂੰ ਮੂੰਹ ਕੀਤਾ ਸਤਿਗੁਰ
ਖੜ੍ਹ ਗਏ ਹੋਇ ਪਸਿੱਤੇ,
ਪਾਣੀ ਦੇ ਬੁਕ ਭਰ ਭਰ ਕਿੰਨੇ
ਡੁਹਲ ਅਗਾਹਾਂ ਦਿੱਤੇ।

[1] ਇਹ ਗੀਤ ਗੁਰਪੁਰਬ ਪੂੰਨਮ ਸੰ: ਗੁ: ਨਾ: ਸਾ: ੪੫੦ (੧੯੧੯ ਈ) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

ਪੰਜ ਚਾਰ ਜਦ ਵਾਰੀ ਏਦਾਂ
ਅੰਜੁਲਿ ਭਰ ਭਰ ਪਾਏ
ਮਰਦ ਤੀਮੀਆਂ ਹਰੀ ਦ੍ਵਾਰ ਦੇ
ਤੱਕਣ ਨੀਝ ਲਗਾਏ !
ਲੋਕਾਂ ਆਨ ਕਿਹਾ:"ਹੇ ਪੁਰਖਾ !
ਉਲਟੀ ਕਾਰ ਕਰਾਵੇਂ,
"ਪਿੱਠ ਕਰੇਂ ਸੂਰਜ ਦੇ ਵੰਨੇ
ਪਾਣੀ ਕਿਨੂੰ ਪੁਚਾਵੇਂ ?"
ਸਤਿਗੁਰ ਕਿਹਾ:"ਸੱਜਣੋਂ! ਪਾਣੀ
ਮੈਂ ਖੇਤੀ ਨੂੰ ਪਾਵਾਂ !
"ਸੁੱਕ ਨ ਜਾਵਣ ਖ਼ੇਤ ਖਲੋਤੇ
ਏਥੋਂ ਪਿਆਂ ਪੁਚਾਵਾਂ !"
ਹੱਸ ਕਿਹਾ ਲੋਕਾਂ ਨੇ: "ਭਾਈ !
ਮਿਲੇ ਨ ਖੇਤੀ ਸੇਤੀ ?
"ਗੰਗੋਂ ਲਏਂ ਗੰਗ ਵਿਚ ਡੁਹਲੇਂ
ਦੂਰ ਰਹੀ ਤੁਧ ਖੇਤੀ।"
ਬਿਹਸ ਕਿਹਾ ਗੁਰ:"ਤੁਸੀਂ ਸੱਜਣੋ!
ਭਰ ਭਰ ਪਾਣੀ ਪਾਵੋ,
"ਸੂਰਜ ਦੇਸ਼ ਟੁਰਾਵੋ ਏਥੋਂ
ਕੀਕੂੰ ਤੋੜ ਪੁਚਾਵੋ ?
"ਮੇਰਾ ਖੇਤ ਏਸ ਹੀ ਧਰਤੀ
ਓਥੇ ਜੇ ਨਹੀਂ ਜਾਵੇ,
"ਸੂਰਜ ਮੰਡਲ ਨੀਰ ਤੁਸਾਡਾ
ਕੀਕੂੰ ਹੈ ਪੁਜ ਜਾਵੇ ?"
ਕੰਘੀ ਖੁਭੀ ਕਲੇਜੇ ਲੋਕਾਂ,
ਹਰਿਆਨੀ ਛਾ ਆਈ,
ਪੈਰੀਂ ਪਏ, ਕਿਹਾ :"ਹੇ ਦਾਤੇ!
ਡੂੰਘੀ ਨੀਂਦ ਖੁਲ੍ਹਾਈ ।
"ਢਾਹੀਂ ਪਾਲ ਭਰਮ ਦੀ ਸਾਡੀ,
ਸੱਚੀ ਕੁਈ ਉਸਾਰੀਂ,
"ਜਲ ਤੋਂ ਕੱਢ ਨ ਸੱਟ ਬਰੇਤੀ
ਸੁਹਣੀ ਠਉਰ ਉਤਾਰੀਂ ।"
ਸਤਿਗੁਰ ਨੇ ਤਦ ਸਭਨਾਂ ਵੰਨੇ
ਡੂੰਘੀ ਨਜ਼ਰ ਤਕਾਈ,
ਸੂਰਜ ਅਪਣੇ ਨੈਣਾਂ ਵਿਚੋਂ
ਤੇਜ ਰੌਸ਼ਨੀ ਪਾਈ ।
ਸਭਨਾਂ ਦੇ ਨੈਣਾਂ ਨੂੰ ਛੁਹੰਦੀ
ਅੰਦਰ ਲੰਘੀ ਧਾਈ,
ਅੰਦਰ ਸੁੱਤਾ ਪਿਆ ਨੀਂਦ ਵਿਚ
ਅਗਨੀ ਉਨ੍ਹਾਂ ਲਗਾਈ ।
ਭਾਂਬੜ ਬਲ ਉਠਿਆ ਇਕ ਵਾਰੀ
ਸੂਰਜ ਅੰਦਰ ਚੜ੍ਹਿਆ,
ਛੁਹ ਚਾਨਣ ਦੀ ਚਾਨਣ ਲਾਯਾ,
ਖੇੜਜੋਂ ਖੇੜਾ ਖਿੜਿਆ ।
ਆਪਾ ਮੱਧੇ ਆਪ ਪ੍ਰਗਾਸਤਾ
ਸੂਰਜ ਦਿੱਸੇ ਮੈਲਾ,
ਅਪਣਾ ਘਟ ਦਾ ਸੂਰਜ ਦਿੱਸੇ
ਸੁਥਰਾ ਸਾਫ਼ ਉਜੈਲਾ ।
ਭਰਕੇ ਪਜਾਰ ਰੰਗ ਵਿਚ ਖੁਸ਼ੀਆਂ
ਸਭਨਾਂ ਕੂਕ ਮਚਾਈ,
'ਧੰਨ ਗੁਰ ਨਾਨਕ,ਧੰਨ ਗੁਰਨਾਨਕ'
ਉੱਚੀ ਸੱਦ ਲਗਾਈ ।
'ਧੰਨ ਗੁਰ ਨਾਨਕ,ਧੰਨ ਗੁਰ ਨਾਨਕ'
ਹਰ ਜੀਭੋਂ ਗੁੰਜਾਇਆ,
'ਜਗ ਨਿਸਤਾਰਣ ਕਾਰਣ ਧੁਰ ਤੋਂ
ਗੁਰ ਨਾਨਕ ਜੇ ਆਇਆ ।'
ਖ਼ਲਕਤ ਵਧੀ ਵੇਖ ਸਤਿਗੁਰ ਨੇ,
ਚੱਕਰ ਨਾਮ ਚਲਾਇਆ,
ਭਰਮ ਮੋਹ ਮਾਇਆ ਦਾ ਪਰਦਾ,
ਪੁਰਜ਼ੇ ਕਰ ਦਿਖਲਾਇਆ ।
ਸੱਤਿਨਾਮ ਦਾ ਚੱਕ੍ਰ ਚਲਾਇਆ,
'ਆਪਾ' ਟੁੰਬ ਜਗਾਇਆ,
'ਸੋਝੀ-ਨੈਣ' ਦਾਨ ਚਾ ਦਿੱਤੇ,
ਜੀਆਦਾਨ ਦਿਵਾਇਆ ।
ਘਟ-ਦੀਪਕ ਦੇ ਦੀਪ ਜਗਾਕੇ,
ਸੁਤਿਆਂ ਗੁਰੂ ਜਗਾਵੇ,
'ਪ੍ਰੇਮ-ਸੂਰ ਨੂੰ ਆਪਾ ਦੇਣਾ'
ਜਲ ਚਾੜ੍ਹਨ ਸਿਖਲਾਵੇ :-
"ਮਨ ਮੰਦਰ ਤਨ ਵੇਸ ਕਲੰਦਰ,
ਘਟ ਤੀਰਥ ਵਿਚ ਨ੍ਹਾਵੇ,
"ਨਾਮ ਪ੍ਰਭੂ ਦਾ ਚਿੱਤ ਵਸਾਵੇ,
ਮੁੜਕੇ ਜਨਮ ਨ ਆਵੇ ।"

# ੧੪. ਕੁਰਛੇਤ੍ਰ ਸੂਰਜ ਗ੍ਰਹਣ[1]।

**ਸਨੇ** ਸਨੇ ਚਲਦੇ ਅਨੇਕਾਂ ਦਾ ਹਨੇਰਾ ਦੂਰ ਕਰਦੇ, ਸੂਰਜ ਗ੍ਰਹਣ ਦਾ ਮੇਲਾ ਸੁਣਕੇ ਸ੍ਰੀ ਗੁਰੂ ਜੀ ਕੁਰਛੇਤ੍ਰ[2] ਆ ਗਏ।

ਜਿਸ ਵੇਲੇ ਗ੍ਰਹਣ ਲਗ ਰਿਹਾ ਸੀ, ਸ੍ਰਿਸ਼ਟੀ ਇਸ਼ਨਾਨ ਤੇ ਦਾਨ ਵਿਚ ਜੁੱਟ ਰਹੀ ਸੀ, ਉਸ ਵੇਲੇ ਸਤਿਗੁਰੂ ਜੀ ਧਿਆਨ ਮਗਨ ਬੈਠੇ ਸੇ ਤੇ ਮਰਦਾਨਾ ਇਲਾਹੀ ਰੰਗ ਵਿਚ ਜਗਤ-ਆਧਾਰ ਜੀ ਦਾ ਕੀਰਤਨ ਕਰ ਰਿਹਾ ਸੀ। ਜਿਸ ਵੇਲੇ ਇਕ ਰਾਣੀ ਤੇ ਉਸਦਾ ਪੁਤਰ ਆ ਪਹੁੰਚੇ। ਇਹ ਆਪਣਾ ਰਾਜ ਭਾਗ ਖੁਹਾਕੇ ਆਏ ਸਨ। ਰਾਹ ਵਿਚ ਯੁਵਰਾਜ ਨੇ ਇਕ ਮਿਰਗ ਸ਼ਿਕਾਰ ਕੀਤਾ ਸੀ। ਉਸਨੂੰ ਪਤਾ ਨਹੀਂ ਸੀ ਕਿ ਅਜ ਹੀ ਗ੍ਰਹਿਣ ਹੈ। ਜਦ ਉਹ ਤੀਰਥ ਨੂੰ ਆ ਰਿਹਾ ਸੀ ਤਾਂ ਅਗੇ ਗੁਰੂ ਜੀ ਦੀ ਨੂਰ ਵਰਸਾਉਂਦੀ ਸੁਹਣੀ ਸੂਰਤ ਦੇਖੀ ! ਐਸੀ ਅਗੰਮੀ ਧੂਹ ਕੋਈ ਪਈ ਕਿ ਘੋੜੇ ਤੋਂ ਉਤਰਕੇ ਚਰਨਾਂ ਤੇ ਪੈ ਗਿਆ, ਰਾਣੀ ਵੀ ਡੋਲਿਓਂ ਉਤਰੀ, ਮੱਥਾ ਟੇਕਿਆ, ਹਰਨ ਮਹਾਰਜ ਜੀ ਦੇ ਅੱਗੇ ਧਰਿਆ ! ਆਪ ਨੇ ਅਗਿਆ ਕੀਤੀ ਕਿ ਮਟਕੇ ਵਿਚ ਪਾਕੇ ਰਿੰਨ੍ਹਣਾ ਧਰ ਦਿਓ। ਉਧਰ ਰਾਜੇ ਦੇ ਟਹਿਲ ਵਾਲਿਆਂ ਨੇ ਹਰਨ ਦਾ ਮਾਸ ਰਿੱਝਣਾ ਧਰ ਦਿੱਤਾ, ਇਧਰ ਰਾਜੇ ਨੇ ਆਪਣਾ ਦੁਖੜਾ ਗੁਰੂ ਜੀ ਨੂੰ ਕਹਿ ਸੁਣਾਇਆ ਤੇ ਅਰਜ਼ ਕੀਤੀ ਕਿ ਐਸੀ ਅਸੀਸ ਦਿਓ ਜੋ ਮੇਰਾ ਰਾਜ ਮੈਨੂੰ ਫੇਰ ਪ੍ਰਾਪਤ ਹੋ ਜਾਵੇ। ਗੁਰੂ ਜੀ ਨੇ ਫੁਰਮਾਇਆ :-ਰਾਜ ਦੁਖਾਂ ਦਾ ਮੂਲ ਹੈ ਜੇ ਰਾਜਾ ਰਾਜ ਨੂੰ ਆਪਣੇ ਸੁਖਾਂ ਲਈ ਸਮਝੇ ਜੇ ਰਾਜਾ ਰਾਜ ਨੂੰ ਪਰਜਾ ਦੀ ਸੇਵਾ ਸਮਝੇ ਤੇ ਉਸਨੂੰ ਅਪਣੀ ਉਲਾਦ ਜਾਣਕੇ ਪਾਲੇ ਤੇ ਮਨ ਦਾ ਰਉਂ ਸਾਂਈਂ ਦੀ ਹੋਂਦ ਨਾਲ ਲਾਈ ਰਖੇ ਤਾਂ ਰਾਜ ਵਿਚ ਝੱਲੇ ਦੁਖ ਪਰਉਪਕਾਰ ਲਈ ਹੋ ਜਾਂਦੇ ਹਨ। ਰਾਜ ਬੀ ਮਾਨੋਂ ਕਿਰਤ ਬਣ ਜਾਂਦਾ ਹੈ। ਜਿਸ ਦੀ ਸੁਰਤ ਸਾਂਈਂ ਨਾਲ ਸੁਰ ਹੋਈ ਰਹਿੰਦੀ ਹੈ ਤੇ ਜੋ 'ਸਰਬੱਤ ਦਾ ਭਲਾ' ਕਰਨ ਵਿਚ ਦੇਹੀ ਨੂੰ ਸਫਲ ਕਰਦਾ ਹੈ ਉਸਦਾ ਆਇਆ ਸਫਲਾ ਹੈ। ਹੇ ਰਾਜ ਪੁਤਰ ! ਜੇ ਤੂੰ ਸਾਂਈਂ ਵਿਚ ਲਗ ਪਵੇਂ ਤੇ ਪਰਜਾ ਪਾਲਣ ਦਾ ਖਿਆਲ ਪੱਕਾ ਕਰੇਂ ਤਾਂ ਰਾਜ ਮੁੜ ਪੈਣਾ ਵਡੀ ਗਲ ਨਹੀਂ।

ਇੰਨੇ ਨੂੰ ਦੂਰੋਂ ਪੰਡਿਤਾਂ, ਸਾਧੂਆਂ ਤੇ ਹੋਰ ਲੋਕਾਂ ਨੇ ਧੂੰਆਂ ਡਿੱਠਾ, ਸੋ ਡਾਢੇ ਗੁੱਸੇ ਨਾਲ ਬੋਲੇ "ਤੂੰ ਕੌਣ ਹੈਂ, ਤੇਰਾ ਧਰਮ-ਹੈਂ ਤੇਰਾ ਧਰਮ ਕੀ ਹੈ ? ਗ੍ਰਹਣ ਵੇਲੇ ਚੁੱਲ੍ਹਾ ਗਰਮ ਕੀਤਾ ਹੈ। ਹੈਂ !" ਸਤਿਗੁਰ ਨੇ ਕਿਹਾ, "ਭੁੱਖ ਸ਼ਮਨ ਵਾਸਤੇ ਭਖ ਰਿਹਾ ਹੈ ਚੁੱਲ੍ਹਾ"। ਤਦ ਪੰਡਤ ਪਾਂਧੇ ਕ੍ਰੋਧ ਵਿਚ ਭਰਕੇ ਮਾਰਨ ਨੂੰ ਉੱਲਰੇ। ਇਹ ਤੱਕਕੇ ਸਤਿਗੁਰਾਂ ਨੇ ਕਿਹਾ, "ਜੇ ਦੇਗਚੀ ਵਿਚ ਰਿੱਝ ਰਿਹਾ ਗ੍ਰਹਣ ਵਿਚ ਮਨ੍ਹੇ ਹੈ ਤੇ ਸਾਡਾ ਮਾਰਨਾ ਗ੍ਰਹਣ ਵਿਚ ਵਿਹਤ ਹੈ ਤਾਂ ਜੀ ਸਦਕੇ ਆਓ, ਤੇ ਜੇ ਕੁਛ ਵਿਚਾਰ ਕਰਨੀ ਹੈ ਤਾਂ ਕਰ ਲਓ ਇਹ ਸੁਣਕੇ ਓਹ ਕੁਛ ਸ਼ਰਮਿੰਦੇ ਹੋਏ। ਫਿਰ ਛੇਤੀ ਨਾਲ ਨਾਨੂੰ ਨਾਮੇਂ ਦਿਗ-ਬਿਜਈ ਪੰਡਤ ਨੂੰ ਸੱਦ ਘੱਲਿਓ ਨੇ। ਉਸ ਨੇ ਆਕੇ ਮਾਸ ਤੇ ਚਰਚਾ ਛੇੜ ਦਿੱਤੀ। ਸਤਿਗੁਰਾਂ ਨੇ ਉਸ ਨੂੰ ਦੱਸਿਆਂ ਕਿ ਇਹ ਮਨੁੱਖਾ ਜਨਮ ਪਸ਼ੂਆਂ ਤੋਂ ਉੱਚੀ ਜੂਨ ਹੈ, ਮਨੁੱਖਾ ਦੇਹੀ ਵਿਚ ਪਸ਼ੂ-ਬ੍ਰਿਤੀ ਨਾਲੋਂ ਵਿਵੇਕ ਬੁੱਧੀ ਵਧਵੀਂ ਸ਼ੈ ਹੈ। ਬੁਧਿ ਸਾਂਈਂ ਵਲ ਲਾਇਆਂ ਇਕ ਹੋਰ ਬੁੱਧੀ ਉਦਯ ਹੁੰਦੀ ਹੈ, ਜਿਸ ਨੂੰ ਸਿਧਿ ਯਾ ਸੁਧਿ ਕਹੀਦਾ ਹੈ। ਫਿਰ ਮਨੁੱਖ ਨੂੰ ਜੀਵਨ ਦਾ ਉੱਚਾ ਰਸ ਪੈਂਦਾ ਹੈ, ਪਰ ਜੇ ਮਨ ਪਸ਼ੂਆਂ ਵਾਲੀਆਂ ਅਨੇਕਾਂ ਸੋਚਾਂ ਤੇ ਵਿਹਾਰ ਵਾਲੀਆਂ ਅਨੇਕਾਂ ਬ੍ਰਿਤੀਆਂ ਵਿਚ ਹੀ ਭਟਕਦਾ ਫਿਰੇ ਤਾਂ

[1] ਇਹ ਪ੍ਰਸੰਗ ਇਸ ਸੰਚੀ ਦੀ ਪਹਿਲੀ ਐਡੀਸ਼ਨ ਲਈ ਲਿਖਿਆ ਗਿਆ ਸੀ, ਭਾਦਰੋਂ ਸੰ: ਗੁ: ਨਾ: ਸਾ: ੪੫੯ (ਸਤੰਬਰ ੧੯੨੮) ਨੂੰ। ਗ੍ਰਹਿਣ ਦਾ ਪ੍ਰਸੰਗ ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਵਿਚ ਏਸੇ ਟਿਕਾਣੇ ਹੈ, ਨਾਨਕ ਪ੍ਰਕਾਸ਼ ਵਿਚ ਇਹ ਪ੍ਰਸੰਗ ਮਾਤਾ ਪਿਤਾ ਦੇ ਚਲਾਣੇ ਦੇ ਮਗਰੋਂ ਹੈ।

[2] ਇਹ ਪ੍ਰਾਚੀਨ ਤੀਰਥ ਜੋ ਸਰਸੂਤੀ ਨਦੀ ਦੇ ਕਿਨਾਰੇ ਅੰਬਾਲੇ ਦੇ ਜ਼ਿਲੇ ਵਿਚ ਹੈ। ਇਸੇ ਮੈਦਾਨ ਵਿਚ ਕੌਰਵਾਂ ਪਾਂਡਵਾਂ ਦਾ ਜੁੱਧ ਹੋਇਆ ਸੀ।

ਇਸ ਦਾ ਆਪਣਾ ਆਪ ਖਿੰਡਿਆ ਫਿਰਦਾ ਹੈ। ਖਿੰਡਾਉ ਵਿਚ ਮਨ ਆਪਣੇ ਬਲ ਵਿਚ ਨਹੀਂ ਰਹਿੰਦਾ। ਤੁਸਾਂ ਨੇ ਜੋ ਕਰਮ ਧਰਮ, ਬ੍ਰਤ, ਪੂਜਾ, ਇਸ਼ਨਾਨ, ਦਾਨ ਬਣਾਏ ਹਨ ਇਹ ਸਾਰੇ ਸਰੀਰ ਦੇ ਕਰਮ ਹਨ। ਤੁਸੀਂ ਏਹ ਕਰਮ ਕਰਮ ਮਾਤ੍ਰ ਕਰਦੇ ਹੋ; ਮਨ ਦੀ ਮੈਲ ਤੇ ਖਿੰਡਾਉ ਤੁਸੀਂ ਦੂਰ ਨਹੀਂ ਕਰਦੇ। ਐਸੇ ਕਰਮ ਧਰਮ ਕਰਨ ਵਾਲਿਆਂ ਨੂੰ ਸਗੋਂ ਹਉਮੈਂ ਵਿਚ ਬੰਨ੍ਹਦੇ ਹਨ। ਹੁਣ ਗ੍ਰਹਣ ਲਗ ਰਿਹਾ ਹੈ, ਇਹ ਕੁਦਰਤ ਦਾ ਇਕ ਪਰਤੌ ਹੈ। ਕਿਥੇ ਸੂਰਜ ਕਿਥੋਂ ਤੁਸੀਂ! ਕੇਡਾ ਸੂਰਜ ਤੇ ਕਿਹੜਾ ਰਾਖਸ਼ ਉਸਨੂੰ ਰੋਕਣ ਵਾਲਾ!ਤੁਸੀਂ ਨ੍ਹਾ ਰਹੇ ਹੋ, ਦਾਨ ਕਰ ਰਹੇ ਹੋ, ਮਨ ਓਸੇ ਤਰ੍ਹਾਂ ਅਗੇ ਵਾਂਗ ਧੰਦੇ ਧੰਦਾਲਾਂ ਵਿਚ ਫਾਥੇ ਪਏ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਓਸੇ ਤਰ੍ਹਾਂ ਵਰਤ ਰਹੇ ਹਨ। ਪਸ਼ੂ ਬ੍ਰਿਤੀ ਓਸੇ ਤਰ੍ਹਾਂ ਪ੍ਰਧਾਨ ਹੈ। ਏਸ ਬ੍ਰਿਤੀ ਉਤੇ ਤੁਸਾਂ ਰੱਬੀ ਪੇਉਂਦ ਨਹੀਂ ਲਾਈ। ਤੁਹਾਡਾ ਮਾਸ ਨਾ ਖਾਣਾ ਕੋਈ ਪੁੰਨ ਨਹੀਂ। ਗਿਆਨ ਵਿਚ ਤੁਸੀਂ ਨਹੀਂ ਜਾਗੇ, ਧਿਆਨ ਸਿੱਧੀ ਤੁਸਾਂ ਨਹੀਂ ਪਾਈ, ਪਰਮੇਸ਼ੁਰ ਦੇ ਪਿਆਰ ਵਿਚ ਤੁਸੀਂ ਨਹੀਂ ਆਏ। ਸੁਰਤ ਪਸ਼ੂ-ਸੁਰਤ ਹੀ ਰਹੀ ਹੈ। ਨਾ ਮਨੁੱਖ ਰੂਪ ਵਿਚ ਆਈ ਨਾ ਦੇਵਤਾ ਰੂਪ ਵਿਚ। ਮਾਸ ਨਾ ਖਾਓ ਤਾਂ ਕੀ ਵਡਿਆਈ ਹੈ, ਖਾਓ ਤਾਂ ਕੀ ਵਾਧਾ ਹੈ। ਮਾਸ ਦਾ ਝਗੜਾ ਤੁਸਾਂ ਵਿਚ ਪਰਧਾਨ ਹੈ, ਪਰ ਪਰਾਇਆ ਹੱਕ, ਪਰਾਈ ਇਸਤ੍ਰੀ ਏਹ ਤੁਹਾਨੂੰ ਮਾਸ ਖਾਣ ਕੋਲੋਂ ਭੈੜੇ ਨਹੀਂ ਭਾਸਦੇ। ਆਪਣੇ ਸਰੀਰ ਨਾਲ ਪਿਆਰ ਕਰਨਾ ਇਹ ਬੀ ਮਾਸ ਨਾਲ ਪਿਆਰ ਕਰਨਾ ਹੈ। ਪਾਪਾਂ ਨਾਲ ਪਿਆਰ ਕਰਨਾ ਬੀ ਮਾਸ ਨਾਲ ਪਿਆਰ ਹੈ। ਇਹ ਮਾਸ ਤੁਸਾਂ ਨਹੀਂ ਤਿਆਗਿਆ। ਬਾਕੀ ਰਹੀ ਇਨਸਾਨ ਦੀ ਕੁਦਰਤੀ ਮਾਸ ਨਾਲ ਲਗਾਉ ਦੀ ਗੱਲ ਸੋ ਮਾਸ ਤੋਂ ਜੰਮਣਾ, ਮਾਸ ਤੋਂ ਦੁੱਧ ਪੀਣਾ, ਪਲਨਾ, ਸਾਰੇ ਮਾਸ ਦੇ ਵਿਹਾਰ ਹਨ। ਫਿਰ ਤੁਸਾਡਾ ਸ਼ਾਸਤ੍ਰਾਂ ਤੇ ਮਾਣ ਹੈ ਕਿ ਓਹ ਮਾਸ ਮਨ੍ਹਾਂ ਕਰਦੇ ਹਨ, ਪਰ ਸ਼ਾਸਤ੍ਰ ਹੀ ਜੱਗ ਵਿਚ, ਹੋਮ ਵਿਚ, ਵਿਆਹ ਆਦਿ ਉਤਸਵਾਂ ਵਿਚ ਮਾਸ ਵਿਹਤ ਦੱਸਦੇ ਹਨ ਤੇ ਸਾਰੇ ਵਡਕੇ ਮਾਸ ਵਰਤਦੇ ਰਹੇ ਹਨ। ਕਿਸ ਵਿਚਾਰ ਨਾਲ ਤੁਹਾਨੂੰ ਕੇਵਲ ਮਾਸ ਦਾ ਤਿਆਗ ਧਰਮ ਦਿੱਸਦਾ ਹੈ, ਪਰ ਦਿਨੇ ਰਾਤ ਦੇ ਵਿਹਾਰ ਪਾਪ ਰੂਪੀ ਮਾਸ ਨਾਲੋਂ ਮਾੜੇ ਨਹੀਂ ਦਿੱਸਦੇ। ਚਿਤ ਦੀ ਬ੍ਰਿਤੀ ਤੁਸਾਡੀ ਦੇਹ ਦੇ ਪਿਆਰ ਤੋਂ, ਜੋ ਮਾਸ ਹੈ, ਉੱਚੀ ਨਹੀਂ ਉੱਠਦੀ। ਦੇਹ ਦੇ ਪਿਆਰ ਕਰਕੇ ਹੀ ਬੰਦਾ ਸਾਰੇ ਪਾਪ ਕਰਦਾ ਹੈ, ਫੇਰ ਮਾਸ ਤੇ ਮਾਸ ਦਾ ਪਿਆਰ ਤੇ ਮਾਸ ਤੋਂ ਉਪਜੇ ਪਾਪ ਤੁਹਾਡੇ ਨਾਲ ਹਨ। ਮਾਸ ਖਾਣ ਤੇ ਨਾ ਖਾਣ ਦੇ ਝਗੜੇ ਤੇ ਇਸ ਪਰ ਬਹਿਸਾਂ ਕਰਨੀਆਂ ਤੇ ਸਿਰ ਪਾੜਨ ਤਕ ਦੇ ਜੰਗ ਰਚਾ ਲੈਣੇ ਸਿਵਾ ਭੁੱਲ ਦੇ ਹੋਰ ਕੀ ਹਨ। ਫਿਰ ਤੁਹਾਡੇ ਪ੍ਰੋਹਿਤ, ਰਾਜੇ, ਪਾਤਸ਼ਾਹ, ਖੱਤ੍ਰੀ, ਸੂਰਮੇ ਸਭ ਮਾਸ ਖਾਂਦੇ ਹਨ, ਉਨ੍ਹਾਂ ਦਾ ਦਾਨ ਤੁਸੀਂ ਲੈਂਦੇ ਹੋ, ਤੁਸੀਂ ਦਾਨ ਲੈਣ ਵਾਲੇ ਸੁਰਗਾਂ ਨੂੰ ਜਾਸੋ ਮਾਸ ਨਾ ਖਾਣ ਕਰਕੇ ਤੇ ਓਹ ਦਾਨ ਦੇਣ ਵਾਲੇ ਨਰਕਾਂ ਨੂੰ ਜਾਸਣ ਮਾਸ ਖਾਣ ਕਰਕੇ ! ਹੈਂ[੧] ?

ਨਾਨੂ-ਆਪ ਨੇ ਬੜੇ ਜ਼ੋਰ ਨਾਲ ਵਾਕ ਉਚਾਰੇ ਹਨ ਤੇ ਸਾਡੀ ਸਮਝ ਦੇ ਹਨੇਰੇ ਨੂੰ ਚਾਨਣਾ ਪਾਇਆ ਹੈ। ਗੱਲਾਂ ਕਰੜੀਆਂ ਹਨ, ਚੁਭਦੀਆਂ ਹਨ, ਪਰ ਹਨ ਸੱਚੀਆਂ। ਰਿਪਾ ਕਰਕੇ ਇਹ ਦੱਸੋ ਕਿ ਮਾਸ ਖਾਣਾ ਤੁਹਾਡੇ ਮਤ ਵਿਚ ਚੰਗਾ ਹੈ ਕਿ ਮਾੜਾ ?

ਗੁਰੂ ਜੀ-ਇਹ ਮਨੁੱਖਾ ਦੇਹੀ ਇਕ ਤਰ੍ਹਾਂ ਦੀ ਪਸ਼ੂ ਦੇਹੀ ਹੈ ਤੇ ਮਾਸ ਹੈ, ਇਸ ਵਿਚ ਜੋ ਸੁਰਤ ਨੇ ਮੱਤਿ ਤੇ ਮਨ ਤੇ ਅੰਤ ਵਿਚ ਬੁੱਧਿ[੨] ਦੀ ਅਵਸਥਾ ਪਾ ਲਈ ਹੈ; ਇਹ ਪਸ਼ੂ ਤੋਂ ਉੱਚੀ ਗੱਲ ਪ੍ਰਾਪਤ ਹੋਈ ਹੈ, ਮਾਨੁੱਖ ਤਾਂਤੇ ਅਕਲ ਸੋਚਿ ਵਿਚਾਰ ਵਾਲਾ ਹੈ। ਹੁਣ ਇਸ ਨੂੰ ਚਾਹੀਏ ਕਿ ਬੁਧਿ ਤੋਂ ਹੋਰ ਉੱਚਾ ਉੱਠੇ ਤੇ ਸੁੱਧਿ ਵਿਚ ਆਏ[੩]। ਸੁੱਧਿ ਉਹ ਬੁੱਧੀ ਹੈ

---

[੧] ਮਲਾਰ ਰਾਗ ਵਿਚ-ਪਹਿਲਾ ਮਾਸੁਹ ਨਿੰਮਿਆ- ਦੇ ਸਲੋਕ ਮ: ੧ ਦਾ ਇਹ ਸਾਰ ਭਾਵ ਹੈ।

[੨] ਮੰਨੈ ਸੁਰਤਿ ਹੋਵੈ ਮਨ ਬੁਧਿ ॥

[੩] ਮੰਨੈ ਸਗਲ ਭਵਣ ਕੀ ਸੁਧਿ ॥ {ਜਪੁਜੀ}
ਪੁਨਾ-ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ {ਜਪੁਜੀ}
ਪੁਨਾ-ਕਹਿ ਕਬੀਰ ਬੁਧਿ ਹਰਿ ਲਾਈ ਮੇਰੀ }
ਬੁਧਿ ਬਦਲੀ ਸਿਧਿ ਪਾਈ ॥ {ਗਉੜੀ ਕਬੀਰ ਜੀ}

ਕਿ ਜਿਸ ਨਾਲ ਮਨੋਂ ਅਨੁਭਵ ਖੁੱਲ੍ਹਦਾ ਹੈ, ਅਕਲ ਤੇ ਬੁੱਧਿ ਤੋਂ ਉਚੇਰੀ 'ਸੁਤੇ ਸਿਧ ਦੀ ਸੋਝੀ' ਹੋ ਆਉਂਦੀ ਹੈ। ਆਪਾ ਇਸ ਜਗਤ ਦੇ ਮੂਲ ਨਾਲ ਹਰ ਵੇਲੇ ਇਕ ਸੁਰ ਹੋਇਆ ਰਹਿੰਦਾ ਹੈ, ਜਿਸਤੋਂ ਇਹ ਇਕ ਉੱਚਾ ਰਸ ਮਾਣਦਾ ਹੈ, ਜੋ ਰਸ ਕਿ ਪਸ਼ੂ ਬ੍ਰਿਤੀ ਦੇ ਰਸ ਨਾਲੋਂ ਬੀ ਤੇ ਮਨੁੱਖ ਬ੍ਰਿਤੀ ਦੇ ਮਨ ਅਰ ਦਿਮਾਗ਼ ਦੇ ਰਸ ਕੋਲੋਂ ਬੀ ਉੱਚਾ ਹੁੰਦਾ ਹੈ ਤੇ ਓਹ ਆਪੇ ਵਿਚੋਂ ਆਉਂਦਾ ਹੈ। ਇਸਨੂੰ ਗਿਆਨ ਕਹੋ, ਧਿਆਨ ਕਹੋ, ਪਾਰਦਰਸ਼ਕ ਦ੍ਰਿਸ਼ਟੀ ਕਹੋ, ਸਾਖੀ ਪਦ ਵਿਚ ਇਸਥਿਤੀ ਕਹੋ, ਵਾਹਿਗੁਰੂ ਜੀ ਨਾਲ ਮੇਲ ਕਹੋ, ਜੋ ਜੀ ਆਵੇ ਕਹਿ ਲਓ; ਇਸ ਨਾਲ ਹੁੰਦੀ ਹੈ ਦ੍ਰਿਸ਼ਟਾ ਪਦ ਵਿਚ ਇਸਥਿਤੀ। ਹੇ ਪੰਡਤ ! ਕਰਤੱਵ ਇਹ ਹੈ।

ਪੰਡਤ-ਫੇਰ ਮਨੁੱਖ ਰੱਬ ਹੋ ਜਾਂਦਾ ਹੈ।

ਗੁਰੂ ਜੀ-ਇਹੋ ਤੁਸਾਡੇ ਭੁਲਾਵੇ ਹਨ। ਜੋ ਤੁਸੀਂ ਕਰਨੀ ਨਹੀਂ ਕਰਦੇ ਤੇ ਗੱਲਾਂ ਨਾਲ ਛਾਲਾਂ ਮਾਰਦੇ ਹੋ। ਮਨੁੱਖ ਪਸ਼ੂ ਹੈ, ਇਸ ਦੀ ਦੇਹ ਜਾਨਵਰਾਂ ਵਰਗੀ ਹੈ, ਇਸ ਦਾ ਜੰਮਣਾ, ਪਲਨਾ, ਖਾਣਾ ਪੀਣਾ ਸਭ ਪਸ਼ੂਆਂ ਵਾਂਗੂ ਹਨ; ਦੇਹ ਹੁੰਦਿਆਂ ਇਹ ਖੇਡ ਜਾਰੀ ਰਹਿੰਦੀ ਹੈ। ਇਨ੍ਹਾਂ ਤੋਂ ਜੀਵ ਜਦ ਵੈਰਾਗ ਧਾਰਦਾ ਹੈ ਤੇ ਖਾਣਾ ਪੀਣਾ ਤੇ ਹੋਰ ਸਰੀਰਕ ਲੋੜਾਂ ਨੂੰ ਬ੍ਰਤਾਂ; ਹਠਾਂ, ਤਪਾਂ ਨਾਲ ਫਤਹ ਕਰਨ ਦੀ ਕਰਦਾ ਹੈ ਤਾਂ ਪੁੱਠਾ ਹੋ ਹੋ ਡਿਗਦਾ ਹੈ। ਏਹ ਸ਼ਰੀਰਕ ਲੋੜਾਂ ਹਨ, ਇਨ੍ਹਾਂ ਨੂੰ ਮਾਰਨਾ ਨਹੀਂ, ਸੰਜਮ ਵਿਚ ਕਰਨਾਂ ਹੈ। ਖਾਣ ਪੀਣ ਦੇ ਝਗੜਿਆਂ ਵਿਚ ਪੈਕੇ ਹੋਰ ਝੇੜੇ ਸੁਰਤ ਲਈ ਨਹੀਂ ਸਹੇੜਨੇ। ਇਕ ਨਿਯਮ ਬਣਾ ਲਓ, ਉਸਦੀ ਵਰਤੋਂ ਨਾਲ ਖਾਣ ਪੀਣ ਦੇ ਝਗੜੇ ਦੂਰ ਹੋ ਜਾਣਗੇ।

> ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ (ਸਿਰੀ ਰਾਗ ਮਹਲਾ ੧)

ਜਿਸ ਸ਼ੈ ਦੇ ਖਾਣ ਨਾਲ ਸਰੀਰ ਵਿਚ ਰੋਗ ਆਵੇ ਤੇ ਮਨ ਵਿਚ ਵਿਕਾਰ ਉਤਪਤ ਹੋਣ ਉਸਦੇ ਖਾਣ ਨੂੰ ਖੁਆਰੀ ਸਜਝੋ।

ਇਸ ਪਸ਼ੂ ਸਰੀਰ ਦੀਆਂ ਲੋੜਾਂ ਅਕਲ ਤੇ ਸੰਜਮ ਨਾਲ ਪੂਰੀਆਂ ਕਰਦਿਆ ਤੇ ਇਨ੍ਹਾਂ ਵਿਚ ਖੁਆਰ ਨਾ ਹੁੰਦਿਆਂ ਮਨੁੱਖ ਇਕ ਤਾਂ ਅਰੋਗ ਰਹਿੰਦਾ ਹੈ, ਦੂਜੇ ਯਤਨ ਕਰੇ ਤਾਂ ਅੰਤ੍ਰੀਵ ਤ੍ਰੱਕੀ ਕਰਦਾ ਹੈ, ਫੇਰ ਬੁੱਧੀ ਮੰਡਲ ਵਿਚੋਂ ਸਿਧੀ ਦੇ ਮੰਡਲ ਵਲ ਟੁਰ ਪੈਂਦਾ ਹੈ। ਸਾਂਈਂ ਦਾ ਪਿਆਰ ਇਸ ਵਿਚ ਕੋਈ ਨਵੀਂ ਰੂਹ ਫੂਕ ਦੇਂਦਾ ਹੈ ਤੇ ਮਨੁੱਖ ਮਾਨੋ ਦੇਵਤਾ ਰੂਪ ਬਣ ਜਾਂਦਾ ਹੈ।

ਸਾਡਾ ਸੁਭਾਵ, ਜੋ ਜਾਨਦਾਰਾਂ ਨਾਲ ਸਾਂਝਾ ਹੈ। ਇਕ ਮਾਨੋਂ ਖੱਟੇ ਦਾ ਬੂਟਾ ਹੈ, ਉਸ ਪਰ ਜੁ ਬੁੱਧੀ ਤੇ ਸਿੱਧੀ ਦੀ ਤ੍ਰੱਕੀ ਹੁੰਦੀ ਹੈ ਉਹ ਦੇਉਤਾ ਸੁਭਾਵ ਦੀ ਪੇਉਂਦ ਲਗਦੀ ਹੈ, ਜਿਵੇਂ ਖੱਟੇ ਉਤੇ ਸੰਗਤਰੇ ਦੀ ਪੇਉਂਦ ਕਰੀਦੀ ਹੈ। ਇਸ ਤਰ੍ਹਾਂ ਜੋ ਖੱਟੇ ਦਾ ਮੂਲ ਪੇੜ ਹੈ, ਉਹ ਕੱਟੀਦਾ ਨਹੀਂ, ਉਹ ਹੇਠੋਂ ਰਸ ਲਿਆਉਂਦਾ ਤੇ ਪੇਉਂਦ ਨੂੰ ਦੇਂਦਾ ਹੈ, ਪੇਉਂਦ ਉਸ ਰਸ ਨੂੰ ਅੱਗੇ ਲਿਜਾਕੇ ਸੰਤਰੇ ਦਾ ਫਲ ਪੈਦਾ ਕਰਦੀ ਹੈ। ਹਾਂ, ਜੇ ਖੱਟੇ ਦੀ ਕੋਈ ਟਾਹਣੀ ਫੁੱਟੇ ਤਾਂ ਉਹ ਕਟਦੇ ਰਹੀਦੀ ਹੈ। ਇਸ ਤਰ੍ਹਾਂ ਮਨੁੱਖ ਅਪਣੇ ਅੰਦਰਲੇ ਨੂੰ ਦੇਵ ਬਣਾ ਸਕਦਾ ਹੈ, ਸਿੱਧੀ ਦੇ ਮੰਡਲ ਵਿਚ ਲਿਜਾ ਸਕਦਾ ਹੈ, ਲਿਵ ਵਿਚ ਉੱਚਾ ਹੋ ਸਕਦਾ ਹੈ। ਇਹ ਸਭ ਕੁਛ ਭੁਲਾਕੇ ਤੁਸੀਂ ਨਿਰੇ ਤਪ ਬ੍ਰਤ ਆਦਿ ਕਠਨਾਈਆਂ, ਦਿਲਗੀਰੀ ਵਾਲੀਆਂ ਉਦਾਸੀਆਂ ਤੇ ਸਰੀਰ ਦੀ ਪਾਲਣਾਂ ਕਰਨ ਵਾਲੀਆਂ ਸ਼ੈਆਂ ਦਾ ਤਿਆਗ ਕਰਕੇ ਮਾਨੋ ਖੱਟੇ ਦੇ ਬੂਟੇ ਨੂੰ ਕੱਟਣ ਦਾ ਜਤਨ ਕਰਦੇ ਹੋ। ਪਰ ਮਨ ਓਥੇ ਦਾ ਓਥੇ ਉਦਾਸੀ ਵਿਚ, ਗਿਣਤੀਆਂ ਵਿਚ ਤੇ ਕਰਮ ਕਾਂਡ ਕਰਦਿਆਂ ਜ਼ੋਰ ਲਾਉਂਦਿਆਂ ਸਰੀਰ ਦੇ ਪਸ਼ੂ ਸੁਭਾਵਾਂ ਵਿਚ ਮਾਨੋ ਖੱਟੇ ਦਾ ਖੱਟਾ ਹੀ ਰਹਿੰਦਾ ਹੈ। ਇਹ ਅਵਸਥਾ ਪੰਡਤ ਜੀ ! ਨਿਤਾਣੀ ਅਵਸਥਾ ਹੈ।

ਨਾਨੂੰ ਸੋਚੀਂ ਪੈ ਰਿਹਾ ਸੀ। ਅਚਾਨਕ ਬ੍ਰਿਤੀ ਸਚ ਦੇ ਘਰ ਆ ਗਈ ਤੇ ਨਿੰਮ੍ਹੀ ਅਵਾਜ਼ ਵਿਚ ਬੋਲਿਆ-

ਨਾਨੂੰ-ਅਗੰਮੀ ਗਲਾਂ ਕਰਨ ਵਾਲੇ ਦਾਤਿਆ ! ਠੀਕ ਹੈ, ਮੈਂ ਵੇਦ ਸ਼ਾਸਤ੍ਰ ਪੜ੍ਹੇ ਤੇ ਦਿਗਬਿਜੈ ਬੀ ਕੀਤੀ। ਮੈਂ ਸਕੰਧ ਤੇ ਭਵਿੱਖਤ ਪੁਰਾਣ ਵਿਚ ਪੜ੍ਹ ਕੇ ਅਨੁਮਾਨ ਲਾਏ ਕਿ ਨਾਨਕ ਨਾਮੇ ਅਵਤਾਰ ਦੇ ਹੋਣ ਦਾ ਸਮਾਂ ਹੈ ਤੇ ਮੈਂ ਆਪਣੇ ਨਾਨੂੰ ਨਾਉਂ ਨੂੰ 'ਨਾਨਕ' ਨਾਮ ਬਣਾ ਕੇ ਮਹਿਮਾਂ ਪਾਈ, ਪਰ ਅੱਜ ਪਤਾ ਲਗਾ ਕਿ ਉਹ ਨਾਨਕ ਤੂੰ ਹੈਂ। ਮੈਂ ਹੁਣ ਤੋਂ ਮੁੜਕੇ ਨਾਨੂੰ ਕਹਾਵਾਂਗਾ, ਤੂ ਮਿਹਰਾਂ ਕਰਕੇ ਇਹ

ਦਾਨ ਕਰ ਕਿ ਜੀਕੂੰ ਮੇਰੀ ਲਿਵ ਲਗੇ ! ਓਹ ਤਿਆਗ ਕੀਕੂੰ ਦੂਰ ਹੋਵਨ ਜੋ ਕਰੀਦੇ ਹਨ, ਪਰ ਹੁੰਦੇ ਨਹੀਂ ? ਬਨਾਂ ਵਿਚ ਜਾ ਜਾ, ਫੋਕੇ ਤਪਾਂ ਵਿਚ ਦੇਹੀ ਘਾਲ ਘਾਲ-ਮੈਂ ਲੋਕੀਂ ਡਿੱਠੇ ਹਨ-ਜੋ ਮੁੜ ਪਸ਼ੂ ਬ੍ਰਿਤੀ ਵਿਚ ਆ ਜਾਂਦੇ ਹਨ। ਵੇਦਾਂਤ ਵੇਤਾ 'ਬ੍ਰਹਮ ਬ੍ਰਹਮ' ਕੂਕਦੇ, 'ਸਾਰੇ ਬ੍ਰਹਮ ਦ੍ਰਿਸ਼ਟੀ' ਆਖਦੇ, ਪਸ਼ੂ ਬ੍ਰਿਤੀ ਦੇ ਵੇਗਾਂ ਤੋਂ ਨਹੀਂ ਛੁਟਦੇ, ਨਿਰੇ ਬਹਿਸਾਂ ਵਿਚ, ਵਿਦਯਾ ਦੀਆਂ ਚੰਚਲਤਾਈਆਂ ਵਿਚ ਤੇ ਕਥਨੀਆਂ ਵਿਚ ਵੱਸਦੇ ਹਨ, ਜਿਵੇਂ ਤੁਸਾਂ ਕਿਹਾ ਹੈ ਖੱਟੇ ਉਤੇ ਸੰਤਰੇ ਦੀ ਪੇਉਂਦ ਨਹੀਂ ਲਗਦੀ, ਲਗਦੀ ਹੈ ਤਾਂ ਟੁਰਦੀ ਨਹੀਂ।

ਗੁਰੂ ਜੀ-ਮਨ ਆਖਦੇ ਹਨ ਜਾਣਨ ਨੂੰ, ਮਨ ਉਹ ਇੰਦ੍ਰਾ ਹੈ ਜੋ ਜਾਣਨ ਵਾਲਾ ਹੈ। ਮਨ ਸੋਚ ਯਾ ਵਿਚਾਰ ਮੰਡਲ ਵਿਚ ਵੱਸਦਾ ਹੈ ਪਰ ਇਹ 'ਅਨੇਕ ਚਿੰਤਨ' ਵਿਚ ਰਹਿੰਦਾ ਹੈ। ਜਿਸ ਸ਼ੈ ਨੂੰ ਤੁਸੀਂ ਸ਼ਾਸਤ੍ਰ ਪੜੇ ਲੋਕ ਬ੍ਰਿਤੀ ਕਹਿੰਦੇ ਹੋ, ਗਯਾਨ ਉਸ ਤੇ ਸਵਾਰ ਹੋ ਜਾਏ ਤਾਂ ਉਹ ਸਾਂਈਂ ਦੇ ਦੇਸ਼ ਵਲ ਰੁਖ਼ ਕਰੇ, ਉਹ ਦੇਸ਼ ਦੇ ਰੰਗ ਰਸ ਦੇ ਪਰਛਾਵੇਂ ਆਪਣੇ ਵਿਚ ਲਵੇ ਤਾਂ ਸਫਲ ਗਯਾਨ ਦਾ ਫਲ ਲਗੇ। ਇਹ ਹੋ ਨਹੀਂ ਸਕਦਾ ਜਦ ਤਕ ਕਿ ਮਨ, ਜੋ ਅਨੇਕ ਚਿੰਤਨ ਵਿਚ ਰਹਿੰਦਾ ਹੈ-ਇਕ ਚਿੰਤਨ ਵਿਚ ਨਾ ਆਵੇ। ਹਰ ਪ੍ਰਾਣੀ ਦਾ ਮਨ ਦਿਨੇ ਰਾਤ, ਜਾਗਦੇ ਸੁੱਤੇ, ਕੰਮ ਕਿ ਵਿਹਲੇ ਹਰ ਹਾਲ ਸੋਚਾਂ ਵਿਚ ਹੈ, ਅਰਥਾਤ ਵਿਹਲੇ ਤੇ ਨਿਕੰਮੇ ਚਿੰਤਨ ਵਿਚ ਹੈ। ਇਹ :'ਅਨੇਕ-ਚਿੰਤਨ' ਮਨ ਦਾ ਖਿੰਡਾਉ ਹੈ। ਮਨ ਦਾ ਖਿੰਡਾਉ ਕਮਜ਼ੋਰੀ ਹੈ। ਜੁੜਨਾ, ਇਕਾਗਰ ਹੋਣਾ ਇਹ ਸਤਯਾ ਹੈ ਮਨ ਦੀ। ਜੋ ਮਨ ਜੁੜਦਾ ਹੈ ਉਹ ਸਤਯਾਵਾਨ ਹੁੰਦਾ ਹੈ, ਜੋ ਸਤਯਾਵਾਨ ਹੁੰਦਾ ਹੈ ਉਹੋ ਉਤਾਹਾਂ ਨੂੰ ਉਠਦਾ ਹੈ। ਜੁੜਨ ਵਾਲਾ ਮਨ ਨਿਰਮਲ ਬੀ ਹੋਣਾ ਚਾਹੀਏ ਜੋ ਨਿਰਮਲ ਹੈ ਤੇ ਜੋ ਉੱਚਾ ਉਠਦਾ ਹੈ ਉਹ ਮਨ ਤੋਂ ਨਿਰਮਲ ਬੁੱਧੀ ਵਿਚ ਤੇ ਨਿਰਮਲ ਬੁੱਧੀ ਤੋਂ ਸੁਧਿ ਵਿਚ ਅੱਪੜਦਾ ਹੈ। ਸੁੱਧਿ ਵਾਲੇ ਨੂੰ ਸਗਲ ਭਵਨ ਕੀ ਸੁੱਧ ਪ੍ਰਾਪਤ ਹੁੰਦੀ ਹੈ, ਉਹ ਸਾਖੀ ਪਦ ਵਿਚ, ਦ੍ਰਿਸ਼ਟਾ ਦਸ਼ਾ ਵਿਚ, ਹਾਲਤ ਫਾਇਲੀਅਤ ਵਿਚ ਅਨੁਭਵ ਕਰਦਾ ਹੈ ਆਪੇ ਨੂੰ, ਸਰੀਰ ਤੋਂ, ਮਨ ਤੋਂ ਵੱਖਰਾ, ਤੇ ਸਾਂਈਂ ਨਾਲ ਲਿਵ ਵਿਚ ਲਗਾਤਾਰੀ ਮੇਲ ਵਿਚ। ਫੇਰ ਉਹ ਕਿਸੇ ਅੰਨਦ੍ਰ ਵਿਚ ਯਾ ਖੇੜੇ ਵਿਚ ਰਹਿੰਦਾ ਹੈ। ਹਾਂ, ਪੰਡਤ ਜੀ ! ਜਗਤ ਦਾ ਮੇਲ, ਜਿਸ ਦਾ ਇਹ ਸਾਰਾ ਖੇਲ ਹੈ-ਸਾਂਈਂ, ਮਾਲਕ ਆਤਮ ਸੱਤਯਾ ਜੋ ਹੈ-ਸੋ ਅੱਖਾਂ ਦਾ ਵਿਸ਼ਾ ਨਹੀਂ, ਪਰ ਸਾਡੇ ਆਪੇ ਦੇ ਸੁਧਿ ਮੰਡਲ ਦੇ ਦ੍ਰਿਸਟਾ ਪਾਸੇ ਵਲ ਅਨੁਭਵ ਨਾਲ ਪ੍ਰਤੀਤ ਹੁੰਦਾ ਹੈ। ਸੋ ਇਸ ਸਰੀਰ ਦਾ ਤਿਆਗ, ਇਸ ਦੀਆਂ ਕੁਦਰਤੀ ਤੇ ਵਿਹਤ ਭੁਖਾਂ ਦਾ ਤਿਆਗ ਉਸਦਾ ਮਾਰਗ ਨਹੀਂ, ਨਾ ਹੀ ਫੋਕੇ ਜਪ, ਤਪ, ਤਿਆਗ, ਸੰਨਯਾਸ ਆਦਿ ਦਿਲਗੀਰੀ ਤੇ ਦਿਲ ਢਾਹੁਣ ਵਾਲੇ ਕਰਮ ਵਿਚ ਪੈਕੇ ਇਸ ਨਾਲ ਰੁੱਸਣਾ ਮਾਰਗ ਹੈ । ਰਸਤਾ ਇਹ ਹੈ ਕਿ ਇਸ ਸਰੀਰ ਦੀਆ ਭੁੱਖਾਂ ਲੋੜਾਂ ਜੋ ਹਨ, ਉਹਨਾਂ ਲਈ ਸਾਂਈਂ ਨੇ ਸਾਨੂੰ ਅਕਲ ਦਿੱਤੀ ਹੈ; ਇਨ੍ਹਾਂ ਲੋੜਾਂ ਨੂੰ ਅਕਲ ਨਾਲ ਤੋਲਕੇ ਸੰਜਮ ਨਾਲ ਪੂਰੀ ਕਰੀਏ। ਪਸ਼ੂ ਦੀ ਮਤ ਵਾਂਙੂ ਨਹੀਂ ਜੋ ਬੇਵਸਾ ਆਪਣੀ "ਚੰਗੀ ਲਗੀ" ਵੱਲ ਉਠ ਦੌੜਦਾ ਹੈ, ਪਰ ਬੁੱਧੀ ਨਾਲ ਇਨ੍ਹਾਂ ਭੁੱਖਾਂ ਨੂੰ ਵਿਹਤ ਤਰੀਕੇ ਨਾਲ ਪੂਰਾ ਕਰੀਏ। ਬੁੱਧੀ ਨੂੰ ਪੁੱਛੋ, ਸਚਮੁਚ ਚੰਗਾ ਕੀ ਹੈ ਸੋ ਕਰੋ। ਫਿਰ ਨਾਮ ਜਪੋ। ਨਾਮ ਸਿਮਰਨ ਨਾਲ ਇਸ ਸਰੀਰ ਵਿਚ ਵੱਸ ਰਹੀ ਬੁੱਧੀ ਲਿਵ ਮੰਡਲ ਵਿਚ ਜਾਂਦੀ ਹੈ। ਨਾਮ ਨਾਲ ਅਨੇਕ ਚਿੰਤਨ ਤੋਂ ਇਕ ਚਿੰਤਨ ਵਿਚ, ਹਾਂ ਇਕ ਵਯਾਪਕ ਜਯੋਤਿ ਦੇ ਚਿੰਤਨ ਵਿਚ ਆ ਜਾਈਦਾ ਹੈ। ਇਹ 'ਇਕ ਚਿੰਤਨ' ਜਿਉਂ ਜਿਉਂ ਵਧੇਗਾ, ਸੱਤਯਾ ਵਧੇਗੀ, ਦ੍ਰਿਸ਼ਟੀ ਖੁੱਲੇਗੀ; ਪ੍ਰਤੀਤ ਹੋਵੇਗਾ ਕਿ ਸਿਮਰਣ ਦੇ ਮੂਲ ਦਾ ਅਰਥ ਹੈ ਯਾਦ ਕਰਨਾ, ਪ੍ਰਸੰਨ ਹੋਣਾ, ਪਯਾਰ ਕਰਨਾ। ਸਿਮਰਣ ਦਾ ਫਲ ਹੈ : ਬ੍ਰਿਤੀ ਦਾ ਉਦੇ ਹੋਣਾ, ਸਿਮਰਦੇ ਹਾਂ ਸਾਂਈਂ ਨੂੰ, ਉਸ ਨਾਲ ਪਯਾਰ ਉਪਜਦਾ ਹੈ, ਓਹ ਅਨੰਦ ਸਰੂਪ ਹੈ, ਉਸਨੂੰ ਪਯਾਰਬ੍ਰਿਤੀ ਨਾਲ ਸਿਮਰਿਆਂ ਆਨੰਦ ਆਉਂਦਾ ਹੈ।

ਨਾਨੂੰ (ਹੋਰ ਸ਼ਰਧਾ ਵਿਚ ਭਰਕੇ)-ਮਿਹਰ ਕਰੋ ਤੇ ਇਹ ਦਾਤ ਬਖਸ਼ੋ, ਚਰਨੀ ਲਾਓ। ਤਦ ਗੁਰੂ ਜੀ ਨੇ ਮਿਹਰ ਕਰਕੇ ਨਾਮ ਦਾਨ ਬਖਸ਼ਿਆ। ਇਸ ਟਿਕਾਣੇ ਸਤਿਗੁਰੂ ਜੀ ਦੇ ਮਾਰਗ ਤੇ ਅਨੇਕਾਂ ਲੋਕੀਂ ਆਏ[੧] ।

---

[੧] ਇਥੇ ਗੁਰਦਵਾਰਾ ਵਿਦਮਾਨ ਹੈ

# ੧੫. ਮਨਸੁਖ ਤੇ ਸ਼ਿਵਨਾਭ[1]।

**ਸਤਿਗੁਰ** ਦਾ ਪਿਆਰਾ ਸਿੱਖ ਲਾਹੌਰ ਦਾ ਵਪਾਰੀ ਮਨਸੁਖ, ਜਦੋਂ ਸਤਿਗੁਰੂ ਜੀ ਉਦਾਸੀ ਧਾਰ ਕੇ ਟੁਰ ਪਏ ਤਾਂ ਉਹਨਾਂ ਦੇ ਧਿਆਨ ਮਗਨ ਕਿਸੇ ਜ਼ਰੂਰੀ ਵਪਾਰ ਲਈ ਆਪ ਸੰਗਲਾਦੀਪ ਨੂੰ ਗਿਆ ਓਥੇ ਸ਼ਿਵਨਾਭ ਰਾਜੇ ਦੇ ਸ਼ਹਿਰ, ਗੁਰੂ ਨਾਨਕ ਦੇਵ ਜੀ ਦੇ ਪਿਆਰੇ ਸਿਖ ਨੇ ਵਰਤ ਨਾ ਰਖਿਆ, ਸਾਲਗਰਾਮ ਨਾ ਪੂਜਿਆ ਤਾਂ ਰਾਜਾ ਦੇ ਦਾਸ ਉਸ ਨੂੰ ਰਾਜਾ ਪਾਸ ਲੈ ਗਏ ਤੇ ਕਿਹਾ :-

ਦਾਸ-ਇਹ ਮਨੁੱਖ ਹੈ ਧਰਮ ਬਿਹੀਨਾ,
ਸੁਣ ਰਾਜਾ ਕਿਰਪਾਲਾ।
ਪਾਰ ਸਿੰਧ ਤੋਂ ਏਥੇ ਆਇਆ,
ਕੀਤੀ ਜਿਨ੍ਹੇ ਕੁਚਾਲਾ।
ਸਾਲਗਰਾਮ ਮਨਾਇਆ ਨਾਹੀਂ,
ਏਕਾਦਸ਼ ਬ੍ਰਤ ਨਾਹੀਂ।
ਦੇਖ ਦੇਖਕੇ ਸ੍ਰਿਸ਼ਟੀ ਬਿਸਮੈਂ,
ਮੰਦਾ ਹੱਭ ਅਖਾਹੀਂ;

ਰਾਜਾ (ਮਨਸੁਖ ਨੂੰ)-
ਮੱਜਨ ਪੂਜਾ ਵਰਤ ਨ ਕਰੇਂ,
ਸੰਜਮ ਨੇਮ ਤਿਲਕ ਨਾ ਧਰੇਂ।
ਕਿਉਂ ਤੂੰ ਕੀਤੀ ਚਾਲ ਨਿਰਾਲੀ,
ਪਿਤਾ ਪਿਤਾਮਾ ਰੀਤਿ ਨ ਪਾਲੀ ?

ਮਨਸੁਖ-
ਰਾਜਾ ਜੀ ਸੁਣ ਲੀਜੀਏ, ਜਗ ਹੈ ਬ੍ਰਿੱਛ ਸਮਾਨ,
ਇਸ ਦੇ ਸਿਰ ਤੇ ਲਗ ਰਿਹਾ, ਮੁਕਤੀ ਦਾ ਫਲ ਜਾਨ।
ਦੋ ਰਸਤੇ ਫਲ ਪਾਨ ਦੇ, ਇਕ ਹੈ ਕੀੜੀ ਰਾਹ;
ਦੂਜਾ ਰਾਹ ਬਿਹੰਗਮੀ, ਪੰਖੀ ਜਿਉਂ ਉਡ ਜਾਹਿ।

ਰਾਜਾ-ਮੈਂ ਨਹੀਂ ਸੁਣੀ ਰੀਤਿ ਇਹ ਨਜਾਰੀ,
ਖੁਹਲ ਕਹੋ ਮੈਂ ਸਮਝਾਂ ਸਾਰੀ ?

ਮਨਸੁਖ-ਤਪ, ਹਠ, ਤੀਰਥ ਸੰਜਮ ਸਾਰੇ,
ਵਰਤ ਨੇਮ ਰਤ ਕਰਮਾਂ ਚਾਰੇ।
ਇਹ ਕੀੜੀ ਦਾ ਰਸਤਾ, ਰਾਜਾ।
ਜਿਸ ਵਿਚ ਕਸ਼ਟ ਮਹਾਨ ਸੁ ਸਾਜਾ।
ਕੀੜੀ ਵਾਂਙ ਤੁਰੇ ਨਿਤ ਤੁਰੇ,
ਤਰਲੇ ਕਰ ਕਰ ਟੁਰ ਟੁਰ ਮਰੇ।
ਜਿਸ ਨੂੰ ਪੂਰਾ ਸਤਿਗੁਰ ਮਿਲਿਆ।
ਖਿੱਚ ਖਾਇ ਜਿਸ ਹਿਰਦਾ ਹਿਲਿਆ।
ਪ੍ਰੇਮ ਕਣੀ ਜਿਸ ਅੰਦਰ ਵੜੀ,
ਸਿਮਰਨ ਦੀ ਲੱਗੀ ਜਿਹ ਝੜੀ !
ਪ੍ਰੇਮ ਲਗੇ ਪ੍ਰਭੁ ਚਰਨਾਂ ਸੰਦਾ।
ਨਿਸ ਦਿਨ ਹਿਰਦਾ ਰਹੇ ਖਿਚੰਦਾ,
ਸਿਫ਼ਤ ਸਲਾਹ ਵਿਚ ਲਏ ਉਡਾਰੀ,
ਨਾਮ ਗਗਨ ਦੀ ਲਾਵੇ ਤਾਰੀ,

---

[1] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੪ (੧੯੧੩ ਈ:) ਵਿਚ ਗੁਰਪੁਰਬ ਪੁੰਨਮ ਪਰ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਆ ਸੀ।

[2] ਗੁਰ ਨਾਨਕ ਪ੍ਰਕਾਸ਼ ਆਦਿਕਾਂ ਵਿਚ ਇਹ ਪ੍ਰਸੰਗ ਸਤਿਗੁਰਾਂ ਦੇ ਤਲਵੰਡੀ ਤੋਂ ਟੁਰਨ ਦੇ ਲਾਗੇ ਦਿੱਤਾ ਹੈ। ਭਗੀਰਥ ਮੈਲਸੀਂਹੇ ਦਾ ਰਹਿਣ ਵਾਲਾ ਸੀ ਜੋ ਸੁਲਤਾਨ ਪੁਰ ਦੇ ਨੇੜੇ ਹੈ। ਉਸ ਨੂੰ ਸਤਿਗੁਰਾਂ ਦਾ ਸਤਿਸੰਗ ਸੁਲਤਾਨ ਪੁਰ ਨਸੀਬ ਹੋਇਆ, ਜਦੋਂ ਸੁਲਤਾਨ ਪੁਰ ਵਿਚ ਗੁਰੂ ਬਾਬਾ ਵਪਾਰ ਦੀ ਹੱਟ ਪਾ ਕੈ ਬੈਠਾ ਸੀ। ਹਾਂ, ਜਦੋਂ ਉਪਕਾਰ ਕਰਦਾ, ਅੰਨ ਦਾਣੇ ਦੇਂਦਾ ਤੇ ਮਾਯਾ ਧਨ ਵੰਡਦਾ ਸੀ, ਤਾਂਤੇ ਗਰੀਬਾਂ ਦੇ ਵਿਵਾਹ ਸ਼ਾਦੀਆਂ ਵਿਚ ਸਹਾਇਕ ਹੋਣ ਦਾ ਇਕ ਗ੍ਰਿਹਸਥ ਧਰਮ ਪੂਰਨ ਕਰਨ ਵਾਲਾ ਰੰਗ ਓਦੋਂ ਓਥੇ ਹੋਣਾ ਵਧੀਕ ਅਗਲਬ ਹੈ। ਇਹ ਸਾਖੀ ਪਿਛੇ ਆ ਚੁਕੀ ਹੈ ਦੇਖੋ ਅੰਕ ੬। ਪੁਰਾਤਨ ਜਨਮ ਸਾਖੀ ਨੇ ਇਹ ਪ੍ਰਸੰਗ ਦੂਜੀ ਉਦਾਸੀ ਦੇ ਮੁੱਢ ਤੇ ਦਿੱਤਾ ਹੈ ਤਦੋਂ ਗੁਰੂ ਬਾਬੇ ਕਰਤਾਰ ਪੁਰ ਡੇਰਾ ਲਾਇਆ ਸੀ ਤੇ ਅਕਾਸ਼ੀ ਬ੍ਰਿਤ ਦਾ ਠਾਠ ਸੀ, ਤੇ ਝੱਟ ਹੀ ਮਨਸੁਖ ਦੀ ਸਾਖੀ ਦੇ ਕੇ ਸੰਗਲਾਦੀਪ ਦੀ ਦੂਜੀ ਉਦਾਸੀ ਹੋਣ ਵਿਚ ਸਮਾਂ ਕੁਛ ਨਹੀਂ ਪੈਂਦਾ। ਸੰਗਲਾਦੀਪ ਬੜੀ ਦੂਰ ਵਾਟ ਤੇ ਸੀ ਰਾਜਾ ਕਿੰਨਾ ਚਿਰ ਬਿਰਹੁੰ ਵਿਚ ਰਿਹਾ, ਇਹ ਵਕਤ ਮੂਲੋਂ ਹੀ ਨਿੱਕਾ ਰਹਿ ਜਾਂਦਾ ਹੈ, ਇਸ ਕਰਕੇ ਅਸਾਂ ਇਹ ਪ੍ਰਸੰਗ ਏਥੇ ਦਿੱਤਾ ਹੈ।

ਲਿਵ ਅੰਦਰ ਇਉਂ ਆਕੇ ਜਾਗੇ,
ਪੰਛੀ ਰਾਹ ਇਹ ਹੈ, ਵਡਭਾਗੇ।
ਜਿਸ ਨੂੰ ਇਹ ਮਿਲਿਆ ਹੈ ਆਈ,
ਉਸ ਨੇ ਸਾਰੀ ਗਣਤ ਮਿਟਾਈ।
ਨਵੇਂ ਰਾਹ ਨਿਤ ਉਡਦਾ ਪੰਖੀ,
ਸੜਕ ਨ ਪਹਿਆ, ਨ ਡੰਡੀ ਅੰਕੀ।
ਤਿਉਂ ਪ੍ਰੇਮੀ ਨਿਤ ਚਾਹ ਭਰਾਏ,
ਬਹੁਤ ਹੁਲਾਸ ਰਿਦੇ ਉਮਗਾਏ,
ਭਰੇ ਉਮਾਹ ਸਦਾ ਉਤਸਾਹ,
ਨਿੱਤ ਨਵਾਂ ਹੀ ਲੈਂਦੇ ਰਾਹ।
ਰਹਿਣ ਅੰਨਦ; ਅਨੰਦ ਉਡਾਰੀ;
ਅਗਮ ਗਗਨ ਦੀ ਤਰਦੇ ਤਾਰੀ;
ਨਵੀਂ ਲਹਿਰ ਹਰ ਘੜੀ ਉਠਾਵੇ,
ਨਵਾਂ ਚਾਉ ਹਰ ਪਲ ਉਮਗਾਵੇ।
ਓਹ ਕੀ ਜਾਣਨ ਕੀੜੀ ਰਾਹ,
ਭਰਿਆ ਹਿਰਦਾ ਜਿਨ੍ਹਾਂ ਉਮਾਹ।
ਹਉਮੈ ਸੰਗ ਕਰਨ ਸਭ ਕਰਮਾਂ,
ਜਪ ਤਪ ਬ੍ਰਤ ਆਦਿਕ ਜੋ ਧਰਮਾਂ!
ਹਉਮੈ ਰਾਹ ਜਿਵੇਂ ਮੈਂ ਕਹਿਆ,
ਕੀੜੀ ਰਾਹ ਕਿਨ ਸ੍ਵਾਦ ਨ ਲਹਿਆ।
ਸੁਣ ਰਾਜਾ ਮਹੀਪਾਲ ! ਕਥਾ ਅਨੂਪਮ ਏ ਬਨੀ,
ਹਉਮੈ ਤੁੱਟੇ ਪਾਲ, ਰਾਹ ਬਿਹੰਗਮਿ ਟੁਰਦਿਆਂ।
ਰਾਜਾ-
ਧੰਨ ਸ਼ਾਹ ਤੂੰ ਧੰਨ ਹੈਂ, ਕੌਣ ਗੁਰੂ ਸਮਰੱਥ?
ਜਿਸਨੇ ਤੈਨੂੰ ਤਾਰਿਆ, ਸਿਰ ਤੇ ਦੇਕੇ ਹੱਥ।
ਮਨਸੁਖ-ਗੁਰ ਨਾਨਕ ਮਾਲਕ ਪ੍ਰਤਿਪਾਲਕ।
ਦੀਨ ਦਿਆਲ ਪਾਪ ਦਾ ਘਾਲਕ।
ਨਾਮ ਲਿਆਂ ਨੈਨੀ ਜਲ ਛਾਇਆ।
ਗਦ ਗਦ ਹੋਇ ਕੰਠ ਭਰ ਆਇਆ।
ਰਾਜਾ-ਤੀਰ ਕੱਸਕੇ ਪ੍ਰੇਮ ਦੇ ਵੇਗ ਵਾਲਾ,
ਨਾਉਂ ਲੈਂਦਿਆਂ ਖਿੱਚ ਕੇ ਮਾਰਿਆ ਈ।
ਬਿਰਹੋਂ ਸੱਲਿਆ ਤੇਜ ਫੁੰਕਾਰ ਵਾਲਾ,
ਫਨੀਅਰ ਫੂਕ ਕਲੇਜੜੇ ਵਾੜਿਆ ਈ।
ਅਣੀਆਂ ਚੋਭਕੇ ਰਿਦਾ ਮਰੰਮਿਆ ਈ,
ਕੋਈ ਘਾਉ ਅਵੱਲੜਾ ਘਾਰਿਆ ਈ,
ਜਾਦੂ ਘੱਤਿਆ ਈ, ਸਿਹਰ ਫੂਕਿਆ ਈ,
ਖਿੱਚਾਂ ਪਾਇਕੇ ਧੂਹ ਪਛਾੜਿਆ ਈ।

ਮਨਸੁਖ-ਪ੍ਰੇਮ ਬਿਨਾਂ ਇਹ ਦੇਹਿ ਡਰਾਵਣੀ ਹੈ,
ਸੁੰਞੀ ਜਾਣਨੀ ਮਰਘਟਾਂ ਵਾਂਙ ਰਾਜਾ!
ਸੁੰਦਰ ਹੋਵੇ ਕੁਲੀਨ ਤੇ ਅਕਲ ਵਾਲਾ,
ਗਜਾਨੀ ਮੁੱਖ ਤੇ ਵਡਾ ਵਡਭਾਗ, ਰਾਜਾ!
ਜੇਕਰ ਬਿਰਹੋਂ ਦੀ ਖਿੱਚ ਨਾਂ ਖਾਂਵਦਾ ਹੈ,
ਲੱਗੀ ਨਹੀਂ ਪਰੇਮ ਜੀ ਜਾਗ ਰਾਜਾ!
ਮ੍ਰਿਤਕ ਤੁੱਲ ਹੈ ਜੀਉਂਦਾ ਜੱਗ ਅੰਦਰ,
ਗਜਾਨ ਘੋਟਦਾ ਲਵੇ ਜਿਉਂ ਕਾਗ, ਰਾਜਾ!
ਰਾਜਾ-ਸਾਨੂੰ ਖਿੱਚ ਅਵੱਲੜੀ ਪਈ, ਭਾਈ!
ਸਾਨੂੰ ਮੇਲ ਤੂੰ ਗੁਰੂ ਸੁਲਤਾਨ ਪਜਾਰੇ!
ਜਿਸ ਦੇ ਨਾਮ ਵਿਚ ਖਿੱਚ ਅਪਾਰ ਵੱਸੇ,
ਖਿੱਚੇ ਜਾਂਵਦੇ ਜਾਨ ਤੇ ਪ੍ਰਾਨ ਸਾਰੇ।
ਜਿਸ ਦੇ ਸਿੱਖ ਦੇ ਤੀਰ ਦੁਸਾਰ ਵੱਗਣ,
ਜਦੋਂ ਸਿੱਖ ਕਮਾਨ ਨੂੰ ਤਾਨ ਮਾਰੇ।
ਓਸ ਗੁਰੂ ਦੇ ਦੇਹ ਦੀਦਾਰ ਸਿੱਖਾ!
ਚਰਨ ਬਖ਼ਸ਼ ਦੇ ਅਸਾਂ ਨੂੰ ਤ੍ਰਾਣ ਹਾਰੇ!
ਰਾਜ ਕਾਜ ਤੋਂ ਜੀ ਉਵੱਟਿਆ ਹੈ,
ਐਹ ਲਓ ਪਏ ਜੇ ਤਾਜ ਤੇ ਤਖ਼ਤ ਲੋਕੋ !
ਸਾਨੂੰ ਲੋੜ ਨਾ ਰਾਜ ਕਮਾਵਣੇ ਦੀ,
ਸਾਨੂੰ ਆਣ ਲੱਗੇ ਜੋਗ-ਬਖ਼ਤ ਲੋਕੋ!
ਅਸੀਂ ਪ੍ਰੀਤਮ ਦੀ ਖੋਜ ਨੂੰ ਚੱਲਣਾ ਹੈ,
ਸਿਰ ਝੱਲਣਾ ਪਏ ਜੇ ਵਖਤ ਲੋਕੋ!
ਜਾਕੇ ਮਿਲਾਂਗੇ ਪਜਾਰੇ ਦੀ ਖ਼ਾਕ ਅੰਦਰ,
ਝੱਲ ਲਵਾਂਗੇ ਹੋਣੀਆਂ ਸਖ਼ਤ ਲੋਕੋ!
ਮਨਸੁਖ-ਲੋੜ ਨ ਰਾਜਾ ਢੂੰਡਣ ਦੀ,
ਇਕ ਲੋੜ ਚਿਤਾਰਨ ਦੀ ਦਿਲ ਧਾਰੋ।
ਪ੍ਰੇਮ ਕਰੋ ਕਰ ਭਾਉ ਰਿਦੇ,
ਪਰ ਧਜਾਨ ਸਦਾ ਗੁਰ ਰੂਪ ਨਿਹਾਰੋ।
ਖਿਚ ਖਾਇ ਗੁਰੂ ਜੀ ਆਵਨਗੇ;
ਇਕ ਚਿੱਤ ਰਟੋ ਇਕ ਚਿੱਤ ਚਿਤਾਰੋ।
ਅੰਤਰਜਾਮੀ ਦਾਸ ਨਿਵਾਜੁ,
ਭਾਰੀ ਭਰੋਸੇ ਤੇ ਬਿਰਦ ਹੈ ਭਾਰੋ।
ਰਾਜਾ-ਕੁਈ ਦੱਸ ਨਿਸ਼ਾਨੀ ਜਾਵਣਾ,
ਜਿਸਤੋਂ ਮੈਂ ਆਇ ਪਛਾਣਨਾ।
ਮਨਸੁਖ-ਦਿੱਸ ਆਂਦਿਆਂ ਰਿਦੇ ਨੂੰ ਲੱਗਣ ਚੰਗੇ,
ਖਿੱਚ ਪਏਗੀ ਅਪਰ ਅਪਾਰ, ਰਾਜਾ!
ਨੈਣ ਭਰਨਗੇ ਵਾਂਗ ਫੁਹਾਰਿਆਂ ਦੇ,

ਉਰ ਉੱਛਲੇ ਛੱਲਾਂ ਦੇ ਹਾਰ ਰਾਜਾ!
ਗਦਗਦ ਕੰਠ ਤੇ ਦੇਹ ਪੁਲਕਾਵਲੀ ਹੋ,
ਸਾਤ੍ਵਕ ਅੰਗ ਤੇ ਕਟਕ ਦਾ ਪਜਾਰ, ਰਾਜਾ!
ਨੈਣ ਨਿਉਣ ਤੇ ਨਿਵੇਂਗਾ ਸੀਸ ਆਪੇ,
ਲਿਵ ਜੁੜੇਗੀ ਚਰਨ ਮਝਾਰ, ਰਾਜਾ!
ਰਾਜਾ-ਰਹੋ ਤੁਸੀਂ ਮੈਂ ਪਾਸ ਪਿਆਰੇ
ਦਰਸ਼ਨ ਕਰ ਸੁਖ ਲਵਾਂ ਅਪਾਰੇ!
ਮਨਸੁਖ-ਦਰਸ਼ਨ ਪ੍ਰੇਮ ਭਾਉ ਹੈ ਜਾਗਾ,
ਜੋ ਹਿਰਦੇ ਰਾਜਾ ਤੈਂ ਲਾਗਾ।
ਮੈਂ ਨਿਜ ਦੇਸ਼ ਜਾਵਣਾ, ਰਾਜਾ!
ਬਹੁਤੇ ਜਾ ਕੇ ਕਰਨੇ ਕਾਜਾ!
ਗੁਰ ਨਾਨਕ ਆਵੇਗਾ, ਰਾਜਾ!
ਕਰੁਣਾ ਕਰ ਕਰੁਣਾਮਯ ਛਾਜਾ।
ਮੈਂ ਇਕ ਸਿੱਖ ਗੁਰੂ ਦਾ ਜਾਣੀਂ,
ਦੇ ਚਲਿਆ ਹਾਂ ਸੱਚੀ ਬਾਣੀ।
ਸਤਿਗੁਰ ਇਸਥਾਂ ਚਰਨ ਆ ਪਾਊ।
ਤੇਰੀ ਸਿਕ ਆ ਆਪ ਪੁਜਾਊ।
ਬਿਰਦ ਗੁਰੂ ਦਾ ਸਦਾ ਦਿਆਲਾ।
ਮਿਲਦਾ ਆਪ ਹੋਇ ਕਿਰਪਾਲਾ।

ਰਾਜਾ-ਮੋਰ ਸਮਾਨ ਭਯੋ ਮਨ ਮੋਰਾ,
ਕਬਹਿ ਮਿਲਹਿਂ ਹ੍ਵੈ ਕੈ ਘਨਘੋਰਾ।
ਚਿਤ ਚਾਤ੍ਰਿਕ ਕੋ ਪਜਾਸ ਪੁਕਾਰਤ।
ਚਾਹਤ ਸ੍ਵਾਂਤ ਦਰਸ ਹਰਿਆਰਤ।
ਲੋਚਨ ਭਏ ਚਕੋਰ ਵਿਚਾਰੇ।
ਚੰਦ ਬਦਨ ਕਬਿ ਆਨ ਦਿਖਾਰੋਂ। {ਨਾ:ਪ੍ਰ:}

ਇਸ ਪ੍ਰਕਾਰ ਗੁਰੂ ਕਾ ਸਿੱਖ ਮਨਸੁਖ ਰਾਜਾ ਸ਼ਿਵਨਾਭ ਨੂੰ ਸਿੱਖੀ ਦੇ ਪ੍ਰੇਮ ਵਿਚ ਜਿਵਾਲਕੇ ਗੁਰ ਨਾਨਕ ਦੇ ਅਨੁਰਾਗ ਵਿਚ ਲਗਾ ਕੇ ਦੇਸ਼ ਨੂੰ ਆਇਆ।

ਅਸ ਪ੍ਰਕਾਰ ਭੂਪਤਿ ਅਭਿਲਾਖਾ,
ਦਿਨ ਪ੍ਰਤਿ ਬਿਟਪ ਬਧਤਿ ਜਿਉਂ ਸਾਖਾ।
ਰੈਨ ਵਿਖੈ ਨਿੰਦ੍ਰਾ ਜਿਨ ਤਯਾਗੀ,
ਦਿਨ ਮੈਂ ਭੂਖ ਪਿਆਸਾ ਭਾਗੀ।
ਪ੍ਰੇਮ ਅਧਾਰ ਜੀਵਨਾ ਜਿਹ ਕੋ,
ਲੋਚਨ ਚਲਤ ਰਹਤ ਜਲ ਤਿਹ ਕੋ।
ਕਿਤਕ ਦਿਵਸ ਅਸ ਭਾਂਤਿ ਬਿਤਾਏ,
ਜਿਸ ਕੇ ਜਾਗੇ ਭਾਗ ਸੁਹਾਏ। {ਨਾ:ਪ੍ਰ:}

# ੧੬. ਪਾਣੀਪਤ[੧]।

ਕੁਰਖੇਤ੍ਰ ਨਾਨੂੰ ਨੂੰ ਰਸਤੇ ਪਾਕੇ ਅਨੇਕਾਂ ਦਾ ਉਧਾਰ ਕਰਕੇ ਗੁਰੂ ਜੀ ਹਿਠਾੜ ਨੂੰ ਚਾਲੇ ਪਾ ਗਏ ਤੇ ਪਾਣੀਪਤ ਆ ਨਿਕਲੇ। ਸ਼ਹਿਰ ਤੋਂ ਬਾਹਰ ਇਕ ਖੂਹ ਤੇ ਟਿਕਾਣਾ ਕੀਤਾ। ਥੋੜਾ ਚਿਰ ਮਗਰੋਂ ਇਕ ਫਕੀਰ ਦਾ ਚੇਲਾ ਇੱਥੇ ਪਾਣੀ ਭਰਨ ਵਾਸਤੇ ਆ ਗਿਆ। ਇਸ ਦੀਨ ਦੇ ਮੁਤਲਾਸ਼ੀ ਦਾ ਨਾਉਂ ਸ਼ੇਖ ਤਾਹਰ ਸੀ, ਜਿਸ ਦਾ ਪ੍ਰਸਿੱਧ ਨਾਮ ਆਮ ਜਨਤਾ ਵਿਚ 'ਸ਼ੇਖ ਟਟੀਹਰੀ' ਪੈ ਗਿਆ ਸੀ। ਜਦ ਇਸ ਨੇ ਸ੍ਰੀ ਗੁਰੂ ਜੀ ਤੇ ਮਰਦਾਨੇ ਨੂੰ ਬੈਠਾ ਡਿੱਠਾ ਤਾਂ ਦਰਵੇਸ਼ ਜਾਣਕੇ ਦਰਸ਼ਨਾਂ ਲਈ ਨੈਣ ਚੰਗੀ ਤਰ੍ਹਾਂ ਜੋੜ ਕੇ ਟੱਕ ਲਾਈ। ਲਿਬਾਸ ਫਕੀਰੀ ਸੀ ਤੇ ਥਹੁ ਇਹੋ ਪੈਂਦਾ ਸੀ ਕਿ ਕੋਈ ਅੱਲਾ ਵਾਲੇ ਫਕੀਰ ਸਾਂਈਂ ਹੈਨ ਤੇ ਮੱਥੇ ਤੇ ਦਮਕ ਰੱਬੀ ਹੈ, ਤਾਂ ਉਸ ਨੇ ਝੁਕ ਕੇ ਸਲਾਮ ਕੀਤੀ ਤੇ ਆਖਿਆ-'ਹੇ ਦਰਵੇਸ਼ ਅੱਲਾ ਦੇ ! ਸਲਾਮਾ ਲੈਕਮ'। ਗੁਰੂ ਜੀ ਨੇ ਉਸ ਵਲ ਨਜ਼ਰ ਭਰ ਕੇ ਤੱਕਿਆ ਤੇ ਆਖਿਆ-'ਅਲੇਖ ਕਉ ਸਲਾਮ ਹੋ, ਪੀਰ ਕੇ ਦਸਤਪੇਸ਼[੨]।'

ਸ਼ੇਖ ਤਾਹਰ ਸੁਣ ਕੇ ਹੈਰਾਨ ਹੋ ਗਿਆ ਕਿ ਇਹ

---

[੧] ਇਸੇ ਸੰਚਯ ਲਈ ਲਿਖਿਆ ਗਿਆ ਸੰ: ੪੫੯ ਗੁ: ਨਾ: ਸਾ: (ਸਤੰਬਰ ੧੯੨੮) ਤੇ ਸੰ: ੪੭੧ ਗੁ: ਨਾ; ਸਾ: (੪ ਨਵੰਬਰ ੧੯੩੯) ਵਿਚ ਲਿਖੇ ਗਏ ਟ੍ਰੈਕਟ ਦੁਹਾਂ ਦਾ ਸੰਮੇਲਨ। ਪੁ: ਜ: ਸਾਖੀ ਵਿਚ ਤਾਂ ਸੱਜਣ ਠੱਗ ਦੀ ਸਾਖੀ ਦੇ ਮਗਰੋਂ ਪਾਣੀਪਤ ਦੀ ਸਾਖੀ ਦਿੱਤੀ ਹੈ, ਪਰ ਭਾਈ ਮਨੀ ਸਿੰਘ ਜੀ ਨੇ ਘਰੋਂ ਟੁਰਕੇ ਕੁਲਖੇਤਰ ਦਾ ਪ੍ਰਸੰਗ ਪਹਿਲਾਂ ਦਿੱਤਾ ਹੈ, ਫੇਰ ਪਾਣੀਪਤ ਦਾ। ਗੁਰ ਨਾ: ਪ੍ਰਕਾਸ਼ ਨੇ ਜਿਥੇ ਕੁਲਖੇਤਰ ਦੀ ਸਾਖੀ ਦਿੱਤੀ ਹੈ ਨਾਲ ਹੀ ਹਰਿਦਵਾਰ ਦੀ ਦਿੱਤੀ ਹੈ।

[੨] ਪੁਰਾਤਨ ਜਨਮ ਸਾਖੀ।

ਕੀ ਗਲ ਹੋਈ, ਮੇਰੀ ਸਲਾਮ ਦਾ ਜਵਾਬ ਹੋਣਾ ਚਾਹੀਦਾ ਸੀ 'ਵ ਅਲੈਕੁਮ ਅੱਸਲਾਮ'। ਇਸ ਫਕੀਰ ਨੇ ਆਖਿਆ ਕਿ 'ਅਲੇਖ ਨੂੰ ਸਲਾਮ ਹੈ' ਕਿ ਤੇਰੀ ਸਲਾਮ ਦਾ ਜਵਾਬ ਮੈਂ ਨਹੀਂ ਦੇਂਦਾ, ਮੈਂ ਆਪਣੇ ਰੱਬ ਨੂੰ ਜੋ ਬੇਗੁਨ ਹੈ, ਤਸਲੀਮ ਕਰਦਾ ਹਾਂ। ਯਾ ਖ਼ਬਰੇ ਇਸ ਦਾ ਮਤਲਬ ਇਹ ਹੈ ਕਿ ਸਲਾਮਤੀ ਨਾ ਤੈਨੂੰ ਹੈ ਨਾ ਮੈਨੂੰ, ਸਦਾ ਸਲਾਮਤ ਅਲੇਖ ਹੈ। ਗੱਲਾਂ ਤਾਂ ਦੁਏ ਹੀ ਚੰਗੀਆਂ ਹਨ, ਪਰ ਸ਼ਰਹ ਦੇ ਬੱਧੇ ਤ੍ਰੀਕੇ ਦੇ ਵਿਰੁੱਧ ਗੱਲ ਕਹਿਣੀ ਇਹ ਕਿਸ ਦਾ ਹੀਆ ਹੈ? ਚੱਲਕੇ ਪੀਰ ਜੀ ਨੂੰ ਦੱਸੀਏ ਕਿ ਅੱਜ ਇਕ ਬਹੁਤ ਦਲੇਰ ਦਰਵੇਸ਼ ਦੇਖਿਆ ਹੈ ਜਿਸ ਨੇ ਸਲਾਮ ਨੂੰ ਫੇਰਕੇ ਉਲਟਾ ਪੁਲਟਾ ਦਿੱਤਾ ਹੈ। ਇਸ ਤਰ੍ਹਾਂ ਗਿਣਤੀਆਂ ਗਿਣਦਾ ਟਟੀਹਰੀ ਪੀਰ ਦੇ ਡੇਰੇ ਆਇਆ। ਉਸ ਦਾ ਪੀਰ ਸੀ ਸ਼ੇਖ ਸ਼ਰਫ ਦੀ ਗੱਦੀ ਦਾ ਜਾਨਸ਼ੀਨ, ਜਿਸ ਨੂੰ ਬੀ ਸ਼ੇਖ ਸ਼ਰਫ ਆਮ ਲੋਕ ਸੱਦਿਆ ਕਰਦੇ ਸੀ। ਸ਼ੇਖ ਸ਼ਰਫ ਦਾ ਅਸਲੀ ਨਾਉਂ ਸੀ ਅਬੂ ਅਲੀ ਕਲੰਦਰ, ਜੋ ਈਰਾਨ ਤੋਂ ਆਕੇ ਇਥੇ ਵਸਿਆ ਸੀ। ਇਸ ਦੀ ਗੱਦੀ ਤੇ ਜੋ ਇਸ ਵੇਲੇ ਜਾਨਸ਼ੀਨ ਸੀ, ਉਸ ਨੂੰ ਬੀ ਸ਼ਰਫ ਹੀ ਆਖਦੇ ਸਨ। ਟਟੀਹਰੀ ਸ਼ੇਖ ਨੇ ਆਕੇ ਆਪਣੇ ਮੁਰਸ਼ਿਦ ਨੂੰ ਦੱਸਿਆ ਕਿ ਪੀਰ ਸਲਾਮਤ ! ਅੱਜ ਇਕ ਦਰਵੇਸ਼ ਡਿੱਠਾ ਹੈ, ਜਿਸ ਨੇ ਮੇਰਾ ਸਲਾਮ ਫੇਰ ਦਿੱਤਾ ਹੈ। ਉਸ ਦੇ ਚੇਹਰੇ ਤੋਂ ਰੱਬੀ ਜਲਾਲ ਵੇਖਕੇ ਮੈਂ ਅਦਬ ਨਾਲ ਸਲਾਮ ਕੀਤੀ, ਪਰ ਉਸ ਮੋੜ ਦਿਤੀ।

ਪੀਰ ਨੇ ਪੁੱਛਿਆ: ਓਸ ਕੀਹ ਆਖਿਆ? ਤਾਂ ਟਟੀਹਰੀ ਨੇ ਕਿਹਾ ਓਸ ਕਿਹਾ; 'ਅਲੇਖ ਕਉ ਸਲਾਮ ਪੀਰ ਕੇ ਦਸਤਪੇਸ਼।' ਇਹ ਸੁਣਕੇ ਪੀਰ ਤ੍ਰਬ੍ਰਕ ਪਿਆ। ਆਖਣ ਲੱਗਾ: ਬੱਚਾ ! ਜਿਸਨੇ ਅਲੇਖ ਨੂੰ ਸਲਾਮ ਕੀਤੀ, ਓਨ ਸਲਾਮ ਨਹੀਂ ਮੋੜੀ, ਤੈਨੂੰ ਸੁਮੱਤ ਬਖਸ਼ੀ ਹੈ ਕਿ ਬੰਦੇ ਨੂੰ ਆਪਣੇ ਰੱਬ ਅੱਗੇ ਹਰ ਵੇਲੇ ਝੁਕੇ ਰਹਿਣਾ ਚਾਹੀਏ। ਬੱਚਾ ! ਉਹ ਕੋਈ ਵਡਾ ਬਜ਼ੁਰਗ ਹੈ, ਚੱਲ ਉਸ ਦਾ ਦੀਦਾਰ ਕਰੀਏ। ਇਉਂ ਕਹਿਕੇ ਪੀਰ ਜੀ ਤਿਆਰ ਹੋਏ ਤੇ ਤਾਹਰ ਨੂੰ ਨਾਲ ਲੈਕੇ ਉਸ ਟਿਕਾਣੇ ਆਏ ਜਿਥੇ ਗੁਰੂ ਬਾਬਾ ਤੇ ਮਰਦਾਨਾ ਬੈਠੇ ਸੇ। ਪੀਰ ਨੇ ਆਕੇ ਸਲਾਮ ਕੀਤੀ ਤਾਂ ਗੁਰੂ ਬਾਬੇ ਨੇ ਉਸੀ ਤਰ੍ਹਾਂ ਜੁਆਬ ਦਿਤਾ।

ਫੇਰ ਸ਼ੇਖ ਨੇ ਪੁੱਛਿਆ[1]: ਕਿੱਥੋਂ ਆਏ ਹੋ ? ਆਪ ਜੀ ਨੇ ਜਵਾਬ ਦਿਤਾ-ਇਥੋਂ ਆਏ ਹਾਂ। ਤਾਂ ਸ਼ੇਖ ਨੇ ਕਾਹਲੇ ਪੈਕੇ ਪੁੱਛਿਆ-ਬੱਸ ਇਕ 'ਮੈਂ ਪਨ' ਹੀ ਲਟਾ ਪਟਾ ਹੈ ਆਪ ਦਾ?ਤਾਂ ਬਾਬੇ ਜਵਾਬ ਦਿਤਾ, 'ਮੈਂ ਪਨੇਂ ਦਾ ਮਾਨ ਸ਼ਮਨ ਹੋ ਚੁਕਾ ਹੈ[2]!' ਤਾਂ ਸ਼ਰਫ

---

[1] ਏਹ ਸਵਾਲ ਸਾਖੀਆਂ ਵਿਚ ਉਸ ਬੋਲੀ ਵਿਚ ਦਿਤੇ ਹਨ ਜੋ ਤਦੋਂ ਫਾਰਸੀ ਵਿਚ ਰਲ ਰਹੀ ਪੰਜਾਬੀ ਦੀ ਬੋਲੀ ਇਕ ਰੂਪ ਲੈ ਰਹੀ ਸੀ, ਤੇ ਗੁਰੂ ਜੀ ਦੇ ਜੁਆਬ ਉਹਨਾਂ ਦੀ ਬੋਲੀ ਵਿਚ ਨਹੀਂ ਦਿਤੇ, ਪਰ ਸਾਧੂ ਭਾਸ਼ਾ ਤੇ ਪੰਜਾਬੀ ਰਲਵੀਂ ਵਿਚ ਹੈਨ, ਜੋ ਜਾਪਦਾ ਹੈ ਗੁਰੂ ਜੀ ਦੇ ਮੁਖੋਂ ਨਿਕਲੇ ਹੂਬਹੂ ਵਾਕ ਨਹੀਂ ਹਨ, ਕਿਉਂਕਿ ਨਾ ਉਹਨਾਂ ਦੀ ਉਹ ਬੋਲੀ ਹੈ ਤੇ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਵਾਕ ਚੜ੍ਹੇ ਹਨ।

ਭਾਈ ਮਨੀ ਸਿੰਘ ਜੀ ਕੇਵਲ ਇਤਨਾਂ ਲਿਖਦੇ ਹਨ ਕਿ ਸ਼ਰਫ ਨੇ ਪੁੱਛਿਆ- "ਨਿਤ ਪੂਛਾ ਪੰਡਤ ਜੋਇਸੀ। ਪੀਆ ਕਬੀ ਮਿਲਾਵਾ ਹੋਇਸੀ।" ਤਾਂ ਬਚਨ ਹੋਯਾ: "ਸ਼ਾਹ ਸ਼ਰਫ ਨਾ ਥੀ ਉਤਾਵਲਾ। ਇਕ ਚੋਟ ਨ ਥੀਵਨ ਚਾਵਲਾ। ਕਿਉਂ ਦਰਸ਼ਨ ਭੂਲਾ ਬਾਵਲਾ।" ਹੋ ਸਕਦਾ ਹੈ ਏਹ ਟੱਪੇ ਸ਼ਾਹ ਸ਼ਰਫ ਨਾਲ ਹੋਏ ਹੋਣ। ਸਰਫ ਗ਼ਾਲਬਨ ਦੋ ਹੋਏ ਹਨ। ਪਾਣੀਪਤ ਵਾਲੇ ਤਾਂ ਸ਼ੇਖ ਸ਼ਰਫ ਕਰਕੇ ਲਿਖੇ ਹਨ।

ਏਹ ਟੱਪੇ ਬੀ ਪ੍ਰਾਚੀਨ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ।

[2] ਜਨਮ ਸਾਖੀ ਭਾਈ ਮਨੀ ਸਿੰਘ ਵਿਚ ਇਬਾਰਤ ਇਉਂ ਹੈ:-(ਪ੍ਰਸ਼ਨ:) ਕੁਜਾ ਆਮਦ। (ਉੱਤਰ:) ਈਂ ਜਾ ਆਮਦ। (ਪ੍ਰਸ਼ਨ:) ਅਸਮਨ ਮਨੀ। (ਉੱਤਰ:) ਸੁਮਨ ਸਮਾਨ।

ਸ਼ੁਧ ਪਾਠ ਐਉਂ ਚਾਹੀਏ-

ਅਜ਼ ਕੁਜਾ ਆਮਦੀ=ਤੂੰ ਕਿੱਥੋਂ ਆਯਾ ਹੈਂ ?

ਅਜ਼ੀਂ ਜਾ ਆਮਦਮ=ਮੈਂ ਇਥੋਂ ਹੀ ਆਇਆ ਹਾਂ।

ਅਸਤ ਮਾਲ ਮਨੀ=ਤੇਰਾ ਮੈਂਪਨਾ ਹੀ ਕੀ

{ਬਾਕੀ ਦੇਖੋ ਸਫਾ ੧੫੫ ਕਾਲਮ ਪਹਿਲੇ ਹੇਠ}

ਨੇ ਕਿਹਾ ਕੋਈ ਸੁਾਲ ਕਰਾਂ ਤਾਂ ਜਵਾਬ ਦਿਓਗੇ ? ਤਾਂ ਗੁਰੂ ਜੀ ਬੋਲੇ-ਜੀ ਸਦਕੇ। ਤਾਂ ਫਕੀਰ ਨੇ ਪੁੱਛਿਆ-

ਆਪ ਫਕੀਰੀ ਬਾਣੇ ਵਿਚ ਹੋ, ਪਰ ਫਿਰ ਰੱਖੇ ਹਨ ਸਿਰ ਤੇ ਕੇਸ। ਵੈਰਾਗ ਕੀਤਾ, ਘਰ ਬਾਰ ਛੱਡਿਆ ਤੇ ਮੁੰਡ ਨਾ ਮੁਡਾਇਆ। ਆਪ ਕੌਣ ਫਕੀਰ ਹੋ ?

ਗੁਰੂ ਜੀ-ਫਕੀਰੀ ਹੈ ਮਨ ਦਾ ਮੁੰਨਣਾ, ਨਾ ਕਿ ਸਰੀਰ ਦਾ। ਮਨ ਦੇ ਮੁੰਨੇ ਬਿਨਾਂ ਫਕੀਰੀ ਦੀ ਜੁਗਤਿ ਪ੍ਰਾਪਤ ਨਹੀਂ ਹੁੰਦੀ। ਮਨ ਦੇ ਮੁੰਨੇ ਜਾਣ ਦੀ ਜੁਗਤਿ ਇਹ ਹੈ ਕਿ ਇਸ ਨੂੰ ਕੱਟ ਕੇ ਗੁਰੂ ਦੇ ਅੱਗੇ ਧਰ ਦੇਵੇ, ਅਰਥਾਤ ਆਪਣੀ ਮਨ ਦੀ ਮੱਤ ਤਾਂ ਸਾਰੀ ਤਿਆਗ ਦੇਵੇ ਤੇ ਗੁਰੂ ਦੀ ਮੱਤ ਨੂੰ ਆਪਣੀ ਬਣਾ ਲਵੇ। ਆਪਣੇ ਮਨ ਦੀ ਮਤ ਖੁਦੀ ਵਲ ਲੈ ਜਾਏਗੀ, ਸ੍ਰਿਸ਼ਟੀ ਨਾਲ ਦੁਐਤ ਸਿਖਾਏਗੀ, ਜਿਸ ਕਰਕੇ ਜਗਤ ਵਿਚ ਵੈਰ, ਵਿਰੋਧ ਤੇ ਦੁੱਖ ਹੈ। ਗੁਰੂ ਦੀ ਮਤਿ ਇਸ ਨੂੰ ਪਰਮੇਸ਼ੁਰ ਨੂੰ ਪਿਤਾ ਸਮਝਣਾ ਤੇ ਸ੍ਰਿਸ਼ਟੀ ਨੂੰ ਆਪਣੇ ਵੀਰ ਸਮਝਣਾ ਸਿਖਾਏਗੀ। ਸੋ ਮਨ ਦੀ ਮੱਤ ਤਿਆਗਣ ਤੇ ਗੁਰੂ ਦੀ ਮੱਤ ਤੇ ਟੁਰਨ ਦਾ ਫਲ ਇਹ ਹੋਵੇਗਾ ਕਿ ਸਭ ਨੂੰ ਇਹ ਆਪਣਾ ਭਾਈ ਸਮਝੇਗਾ ਤੇ ਆਪ ਨੂੰ ਸਭ ਦੀ ਰੇਣ ਸਮਝੇਗਾ। ਇਹੋ ਪੁਰਖ ਬੈਰਾਗੀ ਹੁੰਦਾ ਹੈ ਤੇ ਇਹੋ ਗੁਰੂ ਦੇ ਵਚਨਾਂ ਦਾ ਪਰਖਣਹਾਰ ਹੁੰਦਾ ਹੈ। ਗੁਰੂ ਦੀ ਮੱਤ ਤੇ ਟੁਰਕੇ ਜਦ ਉਹ ਆਪ ਸੁਖੀ ਹੋ ਜਾਂਦਾ ਹੈ ਤਾਂ ਹੋਰਨਾ ਲਈ ਬੀ ਸੁਖਦਾਈ ਹੋ ਜਾਂਦਾ ਹੈ। ਉਸ ਦੀ ਪਰਖਣਾ ਵਿਚ ਇਹ ਗੱਲ ਆ ਜਾਂਦੀ ਹੈ ਕਿ ਗੁਰੂ ਦੀ ਮੱਤ ਸਚਮੁਚ ਉੱਚੀ ਸ਼ੈ ਹੈ। ਫਿਰ ਉਹ ਗੁਰੂ ਮੱਤ ਪਰ ਟੁਰਕੇ ਪਰਖਣਾ ਨਾਲ ਨਿਸਚੇ ਕਰਕੇ ਕਿ ਮੈਂ ਠੀਕ ਰਾਹੇ ਟੁਰ ਰਿਹਾ ਹਾਂ, ਗੁਰਮੁਖ ਹੋ ਜਾਂਦਾ ਹੈ। ਪਰ ਐਸਾ ਗੁਰਮੁਖ ਮਨ ਨੂੰ ਜਿੱਤ ਲੈਣ ਵਾਲਾ ਵਿਰਲਾ ਹੁੰਦਾ ਹੈ। ਗੁਰਮੁਖ ਆਪਣੀ ਹਉਂ ਤੇ ਖ਼ੁਦਗਰਜ਼ੀ ਦੇ ਭਰੇ ਮੈਂ ਮੇਰੀ ਵਾਲੇ ਵਿਤਕਰੇ ਵਾਲੇ ਰਸਾਂ ਤੋਂ ਉੱਚਾ ਹੋ ਜਾਂਦਾ ਹੈ।

ਫੇਰ ਫਕੀਰ ਨੇ ਪੁੱਛਿਆ ਕਿ ਖ਼ਫਨੀ ਤੁਸਾਡੀ ਕਿਸ ਮਜ਼ਹਬ ਦੀ ਹੈ ? ਤਾਂ ਗੁਰੂ ਬਾਬੇ ਨੇ ਜਵਾਬ ਦਿਤਾ-ਗੁਰੂ ਮੱਤ ਦਾ ਮੁਰੀਦ ਹੋ ਰਹਿਣਾ ਤੇ ਮਨ ਵਿਚ ਨਾਮ ਦਾ ਦ੍ਰਿੜ੍ਹ ਕਰਨਾ ਇਹ ਹੈ ਫਕੀਰੀ ਦਾ ਅਸਲ ਭੇਖ। ਸ਼ਬਦ ਦੇ ਅਭਯਾਸ ਨਾਲ ਸੰਕਲਪ ਵਿਕਲਪ ਦੇ ਸਦਾ ਚਲਦੇ ਦਰਯਾ ਨੂੰ ਬ੍ਰੇਤੇਹਾਰ ਨਿਰਸੰਕਲਪ ਕਰ ਲੈਣਾ, ਫਿਰ ਉਸ ਵਿਚ ਟਿਕ ਕੇ ਸਹਜ ਵਿਚ ਸੁਖੀ ਹੋ ਜਾਣਾ, ਹਰਖ ਸੋਗ ਨੂੰ ਖਾ ਜਾਣਾ ਤੇ ਕਾਮ ਕ੍ਰੋਧ ਆਦਿ ਦੁਸ਼ਟਾਂ ਨੂੰ ਜਿੱਤ ਲੈਣਾ, ਇਉਂ ਅੰਤਰ ਆਤਮੇ ਸੁੰਨ ਵਿਚ ਟਿਕ ਜਾਣਾ; ਇਹ ਹੈ ਕਫਨੀ ਦੀ ਜੁਗਤਿ। ਇਹ ਕਫਨੀ ਪਹਿਨ ਕੇ ਵਾਸ਼ਨਾ ਤ੍ਰਿਸ਼ਨਾ ਦਾ ਕੁਟੰਬ ਤਯਾਗ ਦਿੱਤਾ ਹੈ ਤੇ ਮੈਂ ਸੁਖੀ ਹੋ ਗਿਆ ਹਾਂ। ਇਹ ਤਾਂ ਹੈ ਕਫਨੀ ਜੋ ਮੇਰੇ ਮਨ ਦੇ ਦੁਆਲੇ ਪਈ ਹੈ। ਇਹ ਕਫਨੀ ਹੈ ਅੰਦਰਲੇ ਨੂੰ ਸਾਧੂ ਬਨਾਉਣ ਵਾਲੀ, ਇਹ ਅੰਦਰਲੇ ਜੀਵਨ ਤੇ ਧਾਰਨਾ ਦੀ ਲਖ਼ਾਯਕ ਹੈ, ਇਹ ਪਹਿਨ ਕੇ ਮੈਂ ਖੁਸ਼ ਹਾਂ ਤੇ ਸੁਖੀ ਹਾਂ[੧]। ਤਾਂ ਫੇਰ ਫਕੀਰ ਨੇ ਪੁੱਛਿਆ-ਇਹ ਕੁਪੀਨ ਤੁਸਾਂ ਦੀ ਕਿਸ ਮਜ਼ਹਬ ਦੀ ਲਖਾਯਕ ਹੈ ?

ਗੁਰੂ ਜੀ-ਜੋ ਦੀਖਿਆ ਗੁਰ ਉਪਦੇਸ਼ ਤੋਂ ਮਿਲੇ ਉਸ ਨੂੰ ਸਹਜ ਭਾਵ ਨਾਲ ਪਕੜ ਲੈਣਾ, ਪੰਜਾਂ ਇੰਦ੍ਰਿਆਂ ਨੂੰ ਵੱਸ ਵਿਚ ਰੱਖਣਾ, ਦ੍ਰਿਸ਼ਟੀ ਨੂੰ ਬੰਨ੍ਹ

---

(ਸਫਾ ੧੫੪ ਦੀ ਬਾਕੀ)

ਤੇਰਾ ਸਾਰਾ ਮਤਾਅ ਯਾ ਮਾਲ ਅਸਬਾਬ ਹੈ ?
(ਫਾਰਸੀ, ਮਾਲ ਮਤਾਅ=ਅਸਬਾਬ।
ਮਨੀ=ਮੈਂ-ਪਨਾ, ਤਕੱਬਰ ਸ਼ਮਨ ਸੁ
ਮਾਨ=ਸ਼ਮਨ ਹੋ ਗਿਆ ਹੈ ਉਹ ਮਾਨ=ਹੰਕਾਰ)।

---

੧ ਉਪਰਲੀ ਵਾਰਤਾਲਾਪ ਪੁਰਾਤਨ ਜਨਮ ਸਾਖੀ ਵਿਚ ਦਿਤੇ ਇਹਨਾਂ ਵਾਕਾਂ ਦਾ ਖੁੱਲ੍ਹਾ ਅਨੁਵਾਦ ਹੈ:-ਪੀਰ ਮਤ ਮੁਰੀਦ ਹੋਇ ਰਹਨੰ। ਖਫਨੀ ਟੋਪੀ ਮਨਿ ਸਬਦੁ ਗਹਨੰ ॥ ਬਹਿਤਾ ਦਰਿਆਉ ਕਰਿ ਰਹੈ ਬਰੇਤੀ ॥ ਸਹਜਿ ਬੈਸਿ ਤਹਾ ਸੁਖ ਮਨਾਤੀ। ਹਰਖ ਸੋਗੁ ਕੀਨਾ ਅਹਾਰੰ। ਪਹਿਰੇ ਖਫਨੀ ਸਭਿ ਦੁਸਟ ਬਿਡਾਰੰ। ਸੁੰਨ ਨਗਰ ਲੈ ਬਸਤੀ ਰਹਾਈ ॥ ਤਉ ਕਫਨੀ ਕੀ ਜੁਗਤਿ ਪਾਈ ॥ ਕੁਟੰਬ ਛੇਦ ਹੂਆ ਇਕੇਲਾ॥ ਨਾਨਕ ਪਹਿਰਿ ਕਫਨੀ ਭਇਆ ਸੁਹੇਲਾ ॥੨॥ (ਪੁ: ਜ: ਸਾਖੀ)

ਕੇ ਦ੍ਰਿਸ਼ਟਮਾਨ ਪਦਾਰਥਾਂ ਦੇ ਮਗਰ ਮਨ ਨੂੰ ਭ੍ਰਮਨ ਕਰਨ ਤੋਂ ਰੋਕਣਾ, ਦਸਾਂ ਹੀ ਦੁਆਰਿਆਂ ਨੂੰ ਸੰਜਮ ਵਿਚ ਕਰ ਲੈਣਾ, ਅਠਾਹਠ ਹਾਟਾਂ ਨੂੰ ਤਾੜ ਲੈਣਾ। ਇਹ ਹੈ ਅੰਤ੍ਰੀਵ ਲੰਗੋਟੀ, ਜਿਸਨੇ ਇਹ ਧਾਰ ਲਈ ਉਸ ਨੂੰ ਜਰਾ ਮਰਣ ਦੁਖ ਨਹੀਂ ਦੇਂਦਾ। ਇਹ ਲੰਗੋਟੀ ਪਹਿਨ ਕੇ ਉਹ ਜਤ ਸਤ ਰੱਖਣ ਨਾਲ ਜੋ ਤੇਜ ਵਧਦਾ ਹੈ ਉਸਦਾ ਸੁਖ ਮਾਣਨਾ ਹੈ। ਗੁਰੂ ਦੀ ਉੱਚੀ ਮੱਤ ਨਾਲ ਇਉਂ ਆਪਣੀ ਛੋਟੀ ਮੱਤ ਵਿਸ਼ਾਲ ਹੋ ਜਾਂਦੀ ਹੈ। ਲੰਗੋਟੀ ਪਹਿਨਣੇ ਦੀ ਜੁਗਤੀ ਇਹ ਹੈ[1]।

ਫੇਰ ਪੀਰ ਨੇ ਪੁੱਛਿਆ-ਹੇ ਦਰਵੇਸ਼ ! ਤੇਰੇ ਪੈਰਾਂ ਵਿਚ ਜੋ ਪਹਿਨਾਵਾ ਹੈ। (ਭਾਵ ਜੋ ਨੰਗੇ ਪੈਰੀਂ ਹੋ[2]) ਇਹ ਕਿਸ ਮਜ਼ਹਬ ਦਾ ਲਖਾਯਕ ਹੈ? ਤਾਂ ਗੁਰੂ ਬਾਬੇ ਨੇ ਮੁਸਕ੍ਰਾ ਕੇ ਜਵਾਬ ਦਿਤਾ: ਅਗਯਾਨ ਹਨੇਰਾ, ਗਯਾਨ ਚਾਨਣਾ ਹੈ, ਸੋ ਫਕੀਰ ਦਿਨ ਰਾਤ ਹਿਰਦੇ ਵਿਚ ਟਿਕੇ ਰਹਿਣ ਵਾਲਾ ਪੂਰਨ ਗਯਾਨ ਪੈਦਾ ਕਰੇ। ਅੱਗ, ਪੌਣ, ਪਾਣੀ ਦੇ ਜ਼ੋਰਾਂ ਹੇਠ ਧਰਤੀ ਉਤੇ ਬ੍ਰਿਛ ਵਾਂਙੂ ਉੱਗ ਕੇ ਖੜੇ ਰਹਿਣ ਤੇ ਸਹਿਨ ਸਹਾਰਨ ਦੀ ਰੀਤਿ ਧਾਰਨ ਕਰੇ। ਕੋਈ ਕੁੱਟੇ, ਕੋਈ ਪੱਟੇ ਬ੍ਰਿਛ ਵਾਂਙ ਸਭ ਕੁਛ ਸਹਾਰੇ, ਪਰ ਰੋਸ ਨਾ ਕਰੇ, ਹਾਂ ਰੁੱਖਾਂ ਵਾਲੀ ਜੀਰਾਂਦ ਧਾਰਨ ਕਰੇ, ਸਹੇ ਪਰ ਆਪ ਕਿਸੇ ਦਾ ਬੁਰਾ ਨਾ ਕਰੇ। ਦਰਿਯਾਉ ਦੇ ਪਾਣੀ ਦੀ ਰੀਤਿ ਧਾਰਨ ਕਰੇ ; ਕੋਈ ਪਿਆਰ ਨਾਲ ਜਲ ਲਵੇ, ਕੋਈ ਦੁਪ੍ਰਿਆਰ ਨਾਲ, ਉਹ ਨੇਕੀ ਹੀ ਕਰਦਾ ਤੁਰਿਆ ਜਾਂਦਾ ਹੈ। ਇਸ ਤਰ੍ਹਾਂ ਦਾ ਦਹੀਂ ਵਾਂਙੂ ਰਿੜਕੇ ਜਾਣ ਵਾਲਾ ਜੀਵਨ ਧਾਰਨ ਕਰਕੇ ਫੇਰ ਉਪਰਾਮ ਰਹੇ, ਤਾਂ ਸਹਿਜ ਵਿਚ ਉਸਦੇ ਪੈਰ ਟਿਕ ਜਾਣਗੇ, ਬ੍ਰਹਮ ਵਿਚ ਵਾਸਾ ਪਾਏਗਾ। ਜੋ ਬ੍ਰਹਮ ਨੂੰ ਜਾਣੇ ਬਿਨਾਂ ਜੁੱਤੀ ਦਾ ਤਯਾਗ ਕਰੇਗਾ, ਅਰਥਾਤ ਫਕੀਰ ਬਣੇਗਾ ਉਸਦੀ ਜੜ੍ਹ ਨਹੀਂ ਤੁਰੇਗੀ[1]।

ਇਹ ਸੁਣਕੇ ਪੀਰ ਨੇ ਫੇਰ ਸੁਆਲ ਕੀਤਾ : ਹੇ ਦਰਵੇਸ਼ ! ਇਹ ਦੱਸ ਕਿ ਉਸ ਦਰਵੇਸ਼ ਦਾ ਅਮਲ ਰਹਣੀ, ਰਹਿਤ, ਭੇਸ, ਵੇਸ ਕੀ ਹੋਵੇਗਾ ਜੋ ਸਫਲ ਦਿਲ ਦਰਵੇਸ਼ ਕਹਾਉਣ ਦੇ ਯੋਗ ਹੋਵੇ ? ਤਾਂ ਸ੍ਰੀ ਗੁਰੂ ਜੀ ਨੇ ਜਵਾਬ ਦਿਤਾ-ਭਾਈ ! ਦਰਵੇਸ਼ੀ ਗਾਖੜੀ ਸ਼ੈ ਹੈ। ਪਹਿਰਾਵਿਆਂ ਤੇ ਵੇਸਾਂ ਵਿਚ ਨਹੀਂ ਧਰੀ ਪਈ: ਜੀਊਂਦਾ ਮਰੇ, ਸੰਸਾਰ ਵਿਚ ਜੋ ਵੈਰ ਵਿਰੋਧ ਮੋਹ ਮਾਯਾ ਵਿਚ ਫਾਥਾ ਪਿਆ ਹੈ, ਇਸ ਵਿਚੋਂ ਨਿਕਲੇ ਤੇ ਅੰਦਰਲੇ ਵਿਚ ਜੀਉ ਪਵੇ, ਫੇਰ ਜੋ ਵਿਸ਼ੇ ਵਿਕਾਰਾਂ ਵਿਚ ਮਨ ਜਾਗ ਰਿਹਾ ਹੈ ਇਸ ਨੂੰ ਸੁਆ ਦੇਵੇ। ਲੋਕ ਇਸ ਨੂੰ ਠੱਗਣ, ਮਾੜਾ ਮਾੜਾ ਸਲੂਕ ਕਰਨ। ਪਰ ਇਹ ਸਿਰੇ ਨਾ ਆਵੇ, ਜਾਣ ਬੁੱਝਕੇ ਆਪਣੇ ਆਪ ਨੂੰ ਪਿਆ ਠਗਾਵੇ। ਅੰਦਰੋਂ ਬਾਹਰੋਂ ਸਾਫ ਹੋਕੇ ਪਰਮੇਸ਼ੁਰ ਨੂੰ ਮਿਲੇ। ਹੇ ਪਰਮੇਸ਼ੁਰ ! ਐਸਾ ਕੋਈ ਦਿਲੋਂ ਤੇਰੀਆਂ ਦਲ੍ਹੀਜਾਂ ਨਾਲ ਚੰਬੜ ਰਿਹਾ ਦਰਵੇਸ਼ ਹੋਵੇ ਤਾਂ ਜਗਤ ਨੂੰ ਠਾਰੇ। ਹਾਂ, ਜਿਸ ਨੂੰ ਖੁਸ਼ੀ ਨਹੀਂ, ਗਮੀਂ ਨਹੀਂ, ਗੁੱਸਾ ਨਹੀਂ, ਤਮਕ ਨਹੀਂ, ਖੁਦੀ ਨਹੀਂ, ਹਿਰਸ ਨਹੀਂ, ਹਾਂ ਜੋ ਲੋਹੇ ਤੇ ਮਿੱਟੀ ਨੂੰ ਇਕ ਤੁੱਲ ਜਾਣੇ, ਫੇਰ ਹੱਕ ਨਾਹੱਕ, ਹਲਾਲ ਤੇ ਹਰਾਮ ਦੀ ਸੋਝੀ ਰੱਖੇ, ਇਕ ਆਪਣੇ ਪਰਮੇਸ਼ੁਰ ਦੀ ਕਾਣ ਰੱਖੇ, ਹੋਰ ਕਿਸੇ ਕਾਣ

---

[1] ਗੁਰੂ ਸ਼ਬਦ ਦੀਖਿਆ ਮਹਿ ਸਹਜਿ ਗਹਨੰ॥ ਪੰਚ ਇੰਦ੍ਰੀ ਦਿਲਿ ਅਟਲ ਰਹਿਨੰ ॥ ਦਿਸਟਿ ਬੰਧਿ ਭਰਮਤਾ ਰਹੀਅੰ ॥ ਦਸ ਹੀ ਦੁਆਰੇ ਤਾਲੈ ਚੜੀਅੰ ॥ ਅਠ ਸਠਿ ਹਾਟ ਤਾੜ ਕਰਨੰ ॥ ਲੈਇ ਲੰਗੋਟੀ ਜਰਾ ਨ ਮਰਨੰ ॥ ਪਹਿਰ ਲੰਗੋਟੀ ਰਹੈ ਇਕੇਲਾ ॥ ਉਲਟਿ ਲੰਬਿ ਕਾ ਪੀਵੈ ਉਆ ਜਲਾ ॥ ਬਿਲੰਦ ਮਤਿ ਗੁਰ ਹਿਰੀ ਛੋਟੀ ॥ ਇਹੁ ਜੁਗਤਿ ਨਾਨਕ ਪਹਿਰਿਬੋ ਲੰਗੋਟੀ ॥੨॥

(ਪੁ: ਜ: ਸਾਖੀ)

[2] ਪਾਉਪੋਸ਼ਿ ਤਿਆਗ, ਚੇ ਜ਼ੇਬਾਸ਼ਿ

(ਪੁ: ਜ: ਸਾਖੀ)

[1] ਸਰਬ ਗਿਆਨ ਅਹਿਨਿਸ ਡੀਤੰ ॥ ਪਾਵਕ ਪੌਨ ਜਾਤਿ ਮਨਿ ਕੀਤੰ ॥ ਧਰਨਿ ਤਰਵਰ ਕੀ ਰਹਤ ਰਹਨੰ ॥ ਕਾਟਨ ਖੋਦਨਿ ਮਨ ਮਹਿ ਸਹਿਨੰ ॥ ਦਰੀਆਉ ਸੈਲੇ ਰੀਤਿ ਬਾਛੰ ॥ ਭਾਇ ਭਾਇ ਓਹੁ ਕਰੈ ਹਾਛੰ ॥ ਏਹੁ ਮਥਨੁ ਮਥ ਕੈ ਰਹੈ ਓਪਰਾਨੰ ॥ ਸਉ ਸਹਜਿ ਪਾਉਪੋਸ ਹੋਇ ਬ੍ਰਹਮੁ ॥ ਬਿਨ ਬ੍ਰਹਮ ਚੀਨੇ ਪਾਉਪੋਸ ਤਿਆਗੇ। ਕਹੈ ਨਾਨਕ ਓਹੁ ਤਿੜਿ ਨਾ ਲਾਗੇ ॥੪॥ {ਤਿੜ=ਡੀਲੇ ਘਾਹ ਦੀ ਜੜ੍ਹ}

ਹੇਠ ਨਾ ਰਹੇ, ਦਿਲ ਜੁੜਿਆ ਹੋਸੁ, ਅੰਦਰ ਦਾ ਕਵਲ ਪ੍ਰਕਾਸ਼ ਵਿਚ ਹੋਵੇ, ਦਸਮ ਦੁਆਰ ਵਿਚ ਟਿਕਾਉ ਰੱਖਦਾ ਹੋਵੇ, ਤੇ ਸਾਂਈਂ ਦੇ ਨਾਦ ਦਾ ਮਹਿਰਮ ਹੋਵੇ ਐਸੇ ਸਾਧੂ ਦੀ ਮਹਿਮਾਂ ਕੋਈ ਨਹੀਂ ਲਿਖ ਸਕਿਆ ਤੇ ਕੋਈ ਨਹੀਂ ਕਹਿ ਸਕਿਆ[1]।

ਹੁਣ ਮਰਦਾਨੇ ਰਬਾਬ ਵਜਾਇਆ ਤੇ ਗੁਰੂ ਜੀ ਦਾ ਪਜਾਰਾ ਸ਼ਬਦ 'ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ' ਬੜੀ ਮਧੁਰ ਧੁਨੀ ਨਾਲ ਗਾਂਵਿਆਂ।

ਇਲਾਹੀ ਨਾਦ ਸੁਣਦਿਆਂ ਫਕੀਰ ਕਿਸੇ ਅਕਹਿ ਰੰਗ ਵਿਚ ਟਿਕ ਗਿਆ ਉਥੇ ਜਿੱਥੇ ਮਨ ਬੁੱਧੀ ਦੀ ਪਹੁੰਚ ਨਹੀਂ, ਹਾਂ ਜੋ ਗੱਲ ਮਨ ਬੁੱਧੀ ਲੱਭਦੇ ਹਨ ਤੇ ਨਹੀਂ ਲੱਭ ਸਕਦੀ। ਕਿਉਂਕਿ ਮਨ ਬੁੱਧਿ ਤਾਂ ਓਹ ਸੰਦ ਹਨ ਜੋ ਕਿ ਇਸ ਜੀਉ ਨੂੰ ਜਗਤ ਵਿਚ ਜੀਉਂਦੇ ਰਹਿਣ ਤੇ ਪਲਦੇ ਰਹਿਣ ਲਈ ਸਹਾਯਕ ਹਨ। ਜਿਥੇ ਜਾ ਕੇ ਇਨ੍ਹਾਂ ਨੇ ਟਿਕ ਜਾਣਾ ਹੈ, ਹਾਂ, ਉਹ ਗੱਲ ਜੋ ਇਨ੍ਹਾਂ ਤੋਂ ਪਾਰ 'ਅਨੁਭਵ' ਵਿੱਚ ਹੈ, ਤਿਸਦਾ ਅਨੁਭਵ ਹੋ ਆਇਆ। ਇਸ ਅਨੁਭਵੀ ਰੰਗ ਵਿਚ ਰਹਿਕੇ ਜਾਂ ਪੀਰ ਦੀ ਸੁਰਤ ਨੇ ਫੇਰ ਮਨ 'ਬੁੱਧੀ' ਦੇ ਮੰਡਲ ਵੱਲ ਮੋੜਾ ਪਾਇਆ ਤਾਂ ਪੀਰ ਆਖਿਆ-'ਵਾਹ ਵਾਹ ਖੁਦਾਇ ਦਿਆਂ ਸਹੀ ਕਰਨ ਵਾਲਿਆਂ ਦਾ ਕਿਆ ਸਹੀ ਕੀਚੇ, ਉਨਕਾ ਦੀਦਾਰ ਹੀ ਬਹੁਤ ਹੈ'। ਤਬ ਆਇ ਦਸਤ ਪੋਸੀ[2] ਕੀਤੀਓਸੁ ਅਤੇ ਪੈਰ ਚੁੰਮਿਓਸੁ; ਡੇਰੇ ਕਉ ਹੋਆ। ਤਬ ਬਾਬਾ ਤੇ ਮਰਦਾਨਾ ਰਵਦੇ ਰਹੇ[3]।

# ੧੭. ਦਿੱਲੀ[4]।

**ਜਮੁਨਾ** ਪਰਬਤਾਂ ਨੂੰ ਛੋੜਦੀ, ਸ਼ਿਵਾਲਿਕ ਨੂੰ ਲੰਘਦੀ, ਮੈਦਾਨਾਂ ਨੂੰ ਸਰਸਬਜ਼ ਕਰਦੀ ਦਿੱਲੀ ਆ ਨਿਕਲਦੀ ਹੈ। 'ਸ਼ਾਹਜਹਾਨਾਬਾਦੀ ਦਿੱਲੀ' ਤੋਂ ਦੋ ਤ੍ਰੈ ਮੀਲ ਉੱਪਰ ਵਾਰ ਜਮਨਾ ਦਾ ਕਿਨਾਰਾ ਉਪਰਲੇ ਪਾਸੇ ਵਲ ਬਹੁਤ ਉੱਚਾ ਹੈ, ਐਨਾ ਕਿ ਜਮਨਾ ਵਲੋਂ ਤੱਕੋ ਤਾਂ ਟਿੱਲਾ ਲੱਗਦਾ ਹੈ ਤੇ ਇਸ ਨੂੰ ਕਿਸੇ ਫਕੀਰ ਦੇ ਨਾਮ ਤੇ ਆਖਦੇ ਬੀ 'ਮਜਨੂੰ ਦਾ ਟਿੱਲਾ' ਹੈਨ : ਥਾਂ ਬੜੀ ਰਮਣੀਕ ਤੇ ਨਜ਼ਾਰੇ ਦੀ ਹੈ। ਪਾਰਲੇ ਪਾਸੇ ਸਾਵੇ ਘਾਹ ਦਾ ਮੈਦਾਨ ਨਜ਼ਰੀਂ ਪੈਂਦਾ ਹੈ। ਇਸੇ ਪਾਸੇ ਦੇ ਇਲਾਕੇ ਨੂੰ, ਜਿੱਧਰ ਕਿ ਟਿੱਲਾ ਹੈ 'ਤਿਮਾਰ ਪੁਰ' ਕਹਿੰਦੇ ਹਨ। ਏਥੇ ਕਦੇ ਤੈਮੂਰ ਹਮਲਾ ਆਵਰ ਨੇ ਡੇਰੇ ਲਾਏ ਸਨ ਤੇ ਉਸੇ ਦੇ ਨਾਮ ਤੇ ਇਹ ਨਾਮ ਪੈ ਗਿਆ ਸਹੀ ਹੁੰਦਾ ਹੈ। ਅਜ ਸਵੇਰ ਸਾਰ ਏਸ ਟਿੱਲੇ ਦੇ ਉਤੇ ਇਕ ਸੁਹਣੇ ਬ੍ਰਿਛ ਦੇ ਹੇਠੋਂ ਕੀਰਤਨ ਦੀ ਅਵਾਜ਼ ਆ ਰਹੀ ਹੈ। ਗੁਰੂ ਕੇ ਸਵਾਰੇ ਸ੍ਰੀ ਮਰਦਾਨਾ ਜੀ ਕੀਰਤਨ ਕਰ ਰਹੇ ਹਨ ਤੇ ਅਰਸ਼ਾਂ ਦੇ ਵਾਲੀ ਦੇ ਪਿਆਰੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪ੍ਰੀਤਮ ਦਾ ਜਸ ਕੀਰਤਨ ਸੁਣ ਰਹੇ ਹਨ।ਪਾਣੀਪਤ ਤੋਂ ਟੁਰਕੇ ਥਾਈਂ ਠਹਿਰਦੇ, ਭਾਗ ਲਾਉਂਦੇ, ਆਪ ਦਿੱਲੀ ਆ ਗਏ ਹਨ। ਇਹ ਥਾਂ ਰਮਣੀਕ ਦੇਖਕੇ ਡੇਰਾ ਕਰ ਦਿੱਤਾ ਹੈ, ਨਦੀ ਦੇ ਕਿਨਾਰੇ, ਜਿੱਥੇ ਕੁਦਰਤ ਆਪਣਾ ਜਲਵਾ ਦੇ ਰਹੀ ਹੈ, ਥੋੜ੍ਹੀ ਦੂਰ ਤੇ ਲੋਧੀ ਪਾਤਸ਼ਾਹ ਦਾ ਫੀਲਖਾਨਾ ਹੈ।

---

[1] ਜੀਵਤਾ ਮਰੈ ਜਾਗਤ ਫੁਨਿ ਸੋਵੈ ਜਾਨਤ ਆਪੁ ਮੁਸਾਵੈ ॥ ਸਫਨ ਸਫਾ ਹੋਇ ਮਿਲੈ ਖਾਲਕ ਕਉ ਤਉ ਦਰਵੇਸ਼ ਕਹਾਵੈ ॥੧॥ ਤੇਰਾ ਜਨੁ ਹੈ ਕੋ ਐਸਾ ਦਿਲ ਦਰਵੇਸੁ ॥ ਸਾਦੀ ਗਮੀ ਤਮਕ ਨਾਹੀ ਗੁਸਾ ਖੁਦੀ ਹਿਰਸੁ ਨਹੀ ਏਸੁ ॥ਰਹਾਉ॥ ਕੰਚਨੁ ਖਾਕ ਬਰਾਬਰਿ ਦੇਖੈ ਹਕੁ ਹਲਾਲੁ ਪਛਾਣੈ ॥ ਆਈ ਤਲਬ ਸਾਹਿਬ ਕਾ ਮਾਨੈ ਅਵਰ ਤਲਬ ਨਹੀ ਜਾਨੈ ॥ ਗਗਨ ਮੰਡਲ ਮਹਿ ਆਸਣਿ ਬੈਠੇ ਅਨਹਦੁ ਨਾਦੁ ਵਜਾਵੈ ॥ ਕਹੁ ਨਾਨਕ ਸਾਧੂ ਕੀ ਮਹਿਮਾ ਬੇਦੁ ਕੁਰਾਨ ਨ ਪਾਵੈ ॥੫॥ (ਪੁ: ਜ: ਸਾਖੀ)।

[2] ਹੱਥ ਚੁੰਮੇ।

[3] ਪੁ: ਜ: ਸਾਖੀ।

[4] ਇਹ ਪ੍ਰਸੰਗ ਗੁਰਪੁਰਬ ਕੱਤਕ ਪੂਰਨਮਾਸ਼ੀ ਸੰ: ਗੁ: ਨਾ: ਸਾ: ੪੭੧ (੨੬ ਨਵੰਬਰ ੧੯੩੯) ਨੂੰ ਛਪੇ ਟ੍ਰੈਕਟ 'ਸ਼ਰਫ ਤੇ ਬਜ਼ੀਦ' ਵਿਚੋਂ ਹੈ।

ਜਦੋਂ ਕੀਰਤਨ ਦਾ ਭੋਗ ਪੈ ਗਿਆ ਤੇ ਸ੍ਰੀ ਗੁਰੂ ਜੀ ਢਾਹੇ ਉਤੇ ਨਿਤਰੀ ਹੋਈ ਜਮੁਨਾ ਦੇ ਪਰਵਾਹ ਦਾ ਦਰਸ਼ਨ ਕਰਨ ਤੇ ਜਲ ਤਰੰਗਾਂ ਦੇ ਕਲੋਲ ਨੂੰ ਦੇਖਣ ਬੈਠ ਗਏ ਤਾਂ ਕੀਰਤਨ ਨਾਲ ਰਸ ਰੰਗ ਰੱਤੇ ਕੰਨਾਂ ਵਿਚ ਰੋਣੇ ਦੀ ਅਵਾਜ਼ ਆਈ। ਦ੍ਰਵੇ ਦਿਲ ਵਾਲੇ, ਪਿਆਰ ਨਾਲ ਸੰਵਾਰੇ ਦਿਲ ਵਾਲੇ, ਕਵਿਤਾ ਨਾਲ, ਸੂਖਮ ਭਾਵਾਂ ਦੀ ਪ੍ਰਤੀਤ ਨਾਲ ਨਰਮੇ ਦਿਲ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਦਰ ਇਨਸਾਨੀ ਦਿਲ ਪੀੜਾ ਦੀ ਝਰਨਾਟ ਛਿੜ ਪਈ: ਹੇ ਭਗਵੰਤ ! ਜਗਤ ਕਿਵੇਂ ਦੁਖੀ ਹੈ, ਜਿਧਰ ਦੇਖੋ ਦੁਖ ਹੀ ਦੁਖ ਹੈ[1]। ਹੇ ਦਾਤਾ ! ਆਪਣੇ ਜਗਤ ਤੇ ਆਪ ਮਿਹਰ ਕਰ ! ਆਪ ਇਨ੍ਹਾਂ ਭਾਵਾਂ ਵਿਚ ਅਰਦਾਸ ਮਗਨ ਸਨ ਕਿ ਰੋਣੇ ਕੁਰਲਾਣੇ ਦੀ ਅਵਾਜ਼ ਹੋਰ ਤ੍ਰਿਖੀ ਹੋ ਗਈ ਤਾਂ ਆਪ ਨੇ ਮਰਦਾਨੇ ਨੂੰ ਕਿਹਾ-ਜਾਹ ਭਾਈ, ਦਿਲ ਪੀੜ੍ਹਾ ਦੀ ਸੱਦ ਤੇ ਪਹੁੰਚ, ਕੀਰਤਨੀਏ ਰਸਾਂ ਦੇ ਰਸਿਕ ਕੰਨਾਂ ਨਾਲ ਇਨਸਾਨੀ ਵੈਣਾਂ ਨੂੰ ਵੀ ਸੁਣ ਤੇ ਪਤਾ ਲਿਆ ਕਿ ਕੀਹ ਗੱਲ ਹੈ, ਜੇ ਕੁਛ ਹੋ ਸਕੇ ਤਾਂ ਕਰੀਏ। ਮਰਦਾਨਾ ਗਿਆ ਤੇ ਸਾਰ ਲਿਆਇਆ ਕਿ ਦਾਤਾ! ਜਿਨ੍ਹਾਂ ਫੀਲਬਾਨਾਂ ਨੇ ਸਾਡੀ ਖ਼ਾਤਰਦਾਰੀ ਕੀਤੀ ਹੈ ਉਨ੍ਹਾਂ ਦਾ ਹਾਥੀ ਮਰ ਗਿਆ ਹੈ, ਓਹ ਰੋ ਰਹੇ ਹਨ। ਤਦ ਮਿਹਰਾਂ ਦੇ ਸਾਂਈਂ, ਬਨਾਂ ਵਿਚ ਬੈਠਣ ਵਾਲੇ, ਪਰ ਇਨਸਾਨੀ ਪੀੜਾ ਨੂੰ ਹਰਨ ਲਈ ਇਨਸਾਨਾਂ ਵਿਚ ਆ ਬੈਠਣ ਵਾਲੇ, ਦਰਦਾਂ ਵਾਲੇ ਦਰਦੀ ਆਪ ਓਥੇ ਚਲੇ ਗਏ। ਟਿਕਾਣਾ ਨੇੜੇ ਹੀ ਸੀ। ਜਾ ਕੇ ਪੁੱਛਣ ਲੱਗੇ: ਭਾਈ ਪੁਰਖੋ ਕਿਉਂ ਰੋਂਦੇ ਹੋ ?

ਮਹਾਵਤ-ਰਬ ਦੇ ਸਵਾਰਿਆ ਦਾਤਿਆ ! ਹਾਥੀ ਮਰ ਗਿਆ ਹੈ।

ਸ੍ਰੀ ਗੁਰੂ ਜੀ-ਫੇਰ ਹਾਥੀ ਤਾਂ ਪਾਤਸ਼ਾਹ ਦਾ ਹੈ, ਉਸ ਨੂੰ ਧਨ ਦੀ ਪਰਵਾਹ ਨਹੀਂ; ਇਕ ਮਰ ਗਿਆ, ਦਸ ਹੋਰ ਖਰੀਦ ਲਏਗਾ, ਤੁਸੀਂ ਕਾਹਨੂੰ ਰੋਂਦੇ ਹੋ?

ਮਹਾਵਤ-ਪਾਤਸ਼ਾਹ ! ਇਕ ਰੋਣਾ ਤਾਂ ਇਹ ਹੈ ਕਿ ਇਸ ਦੇ ਮਰਨੇ ਦਾ ਗੁੱਸਾ ਸਾਡੇ ਤੇ ਨਾ ਟੁੱਟ ਪਵੇ ਕਿ ਤੁਸਾਂ ਦੀ ਕਿਸੇ ਗਾਫ਼ਲੀ ਕਰਕੇ ਮਰਿਆ ਹੈ। ਦੂਸਰੇ ਉਪਜੀਵਕਾ ਬਣੀ ਹੋਈ ਸੀ, ਅਜ ਹੀ ਅਸੀਂ ਬੇਰੁਜ਼ਗਾਰ ਹੋ ਜਾਵਾਂਗੇ ਫੇਰ ਜਦੋਂ ਹੋਰ ਹਾਥੀ ਆਊ ਕੀ ਪਤਾ ਸਾਨੂੰ ਰਖਿਆ ਜਾਊ ਕਿ ਕੋਈ ਹੋਰ ਥਾਂ ਆ ਮੱਲੂ। ਸਾਡੀ ਰੋਜ਼ੀ ਬੜੀ ਮੁਸ਼ਕਲ ਹੈ, ਹਾਥੀ ਜਣੇ ਖਣੇ ਪਾਸ ਨਹੀਂ ਹੁੰਦੇ, ਪਾਤਸ਼ਾਹ ਰਾਜੇ ਹੀ ਹਾਥੀ ਰਖਦੇ ਹਨ, ਉਨ੍ਹਾਂ ਦੀਆਂ ਨੌਕਰੀਆਂ ਬਹੁਤ ਔਖੀਆਂ ਲੱਭਦੀਆ ਹਨ।

ਇਹ ਤਾਂ ਆਪਣੀ ਕਥਾ ਸੁਣਾ ਰਿਹਾ ਸੀ ਤੇ ਟੱਬਰ ਨਾਲ ਵਿਲਕੀ ਜਾਂਦਾ ਸੀ, ਜਿਸ ਨਾਲ ਦਯਾਲ ਮੂਰਤੀ ਦਾ ਦਿਲ ਹੋਰ ਦ੍ਰਵੀ ਜਾਂਦਾ ਸੀ। ਤਦ ਆਪ ਨੇ ਫੁਰਮਾਯਾ--ਬਚਿਓ ! ਬੀਬੀਓ ! ਚੁਪ ਕਰੋ ਤੇ ਮੇਰੀ ਗੱਲ ਸੁਣੋ। ਜੇ ਭਲਾ ਹਾਥੀ ਜੀਉ ਪਵੇ ਤਾਂ ਤੁਸੀਂ ਨਾ ਰੋਵੋ? ਉਨ੍ਹਾਂ ਨੇ ਚੁਪ ਧਾਰ ਗਲ ਸੁਣੀ ਤੇ ਆਖਿਆ- ਜੀ ਫੇਰ ਤਾਂ ਹੱਸੀਏ, ਸੁਖੀ ਹੋਈਏ, ਪਰ ਫਕੀਰ ਸਾਂਈਂ ! ਮੋਏ ਕਦ ਜੀਵੇ ਹਨ ? ਤਦ ਆਪਦੇ ਨੈਣ ਉਚੇ ਹੋ ਗਏ ਤੇ ਇਲਾਹੀ ਗਲੇ ਤੋਂ ਨਾਦ ਹੋਇਆ:-

> ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤ ਤਾਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ (ਮਾਰੂ ਮਹਲਾ ੧)

'ਮਾਰਹਿ ਰਾਖਹਿ ਏਕ ਤੂ ਬੀਜਉ ਨਾਹੀ ਥਾਉ ਬਾਰ ਬਾਰ ਗਾ ਰਹੇ ਹਨ ਤੇ ਨੈਣ ਮਿਟਦੇ ਜਾਂਦੇ ਹਨ। ਮਹਾਵਤ ਤੇ ਉਸ ਦਾ ਪਰਿਵਾਰ ਤੇ ਹੋਰ ਮਹਾਵਤ ਲੋਕ ਖੜੇ ਦੇਖ ਰਹੇ ਹਨ। ਭੈ ਛਾ ਰਿਹਾ ਹੈ, ਚੁਪ ਹਨ ਤੇ ਅੱਲਾ ਵਾਲੇ ਵਲ ਸਾਰੇ ਤੱਕ ਰਹੇ ਹਨ। ਗ਼ੀਬ ਲੋਕਾਂ ਵਿਚ ਵਿਸ੍ਵਾਸ ਵਧੇਰੇ ਹੁੰਦਾ ਹੈ। ਵਿਸ੍ਵਾਸ ਦੇ ਬੇੜੇ ਪਾਰ ਹੁੰਦੇ ਹਨ ! ਉਡੀਕ ਰਹੇ ਹਨ ਕਿ ਸੰਤ ਹਨ, ਫ਼ਕੀਰ ਹਨ, ਖਬਰੇ ਰੇਖ ਵਿਚ ਮੇਖ ਮਾਰ ਹੀ ਦੇਣ। ਥੋੜੀ ਦੇਰ ਬਾਦ ਨੈਣ ਖੁੱਲੇ। ਜਗਤ ਪੀੜਾ ਤੇ ਪਸੀਜੇ, ਨੈਣ ਜਗਤ ਪਯਾਰ ਨਾਲ ਸੇਜਲ ਹੋ ਰਹੇ ਸਨ। ਓਹ ਸੇਜਲ ਨੈਣ ਦੁਖਿਆਰਿਆਂ ਵਲ ਤੱਕੇ ਤੇ ਸੁਹਣੀ ਰਸਨਾ ਨੇ ਬਚਨ ਕੀਤਾ-'ਜਾਇ ਕਰ ਇਸਦੇ ਮੁਹਿ ਉਪਰ ਹੱਥ ਫੇਰਹੁ, ਵਾਹਿਗੁਰੂ ਆਖਹੁ[1]।' ਤਦ ਆਗਜਾ ਮੰਨ ਕੇ ਹਾਥੀ ਦੇ ਮੂੰਹ ਪਰ ਮਹਾਵਤ

---

[1] ਨਾਨਕ ਦੁਖੀਆ ਸਭੁ ਸੰਸਾਰ ॥'
(ਰਾਮ:ਵਾ:ਮਹਲਾ ੧)

[1] ਪੁਰਾਤਨ ਜਨਮ ਸਾਖੀ

ਨੇ ਹੱਥ ਫੇਰਿਆ ਤੇ ਮੂੰਹੋਂ ਕਿਹਾ ਵਾਹਿਗੁਰੂ। ਵਾਹਿਗੁਰੂ ਦੇ ਪਯਾਰੇ ਤੱਕ ਰਹੇ ਸਨ ਹਾਥੀ ਨੂੰ, ਵਾਹਿਗੁਰੂ ਕੌਤਕਹਾਰ ਖੇਲ ਕਰ ਰਿਹਾ ਸੀ। ਹਾਥੀ ਵਾਹਿਗੁਰੂ ਦੀ ਜੀਵਨ ਸ਼ਕਤਿ ਦੀ ਰੌ ਨਾਲ ਹਿੱਲ ਪਿਆ, ਆਕੜ ਲੀਤੀਓਸੁ ਤੇ ਨਿੱਕੇ ਨਿੱਕੇ ਨੈਣ ਖੁਹਲਕੇ ਵਡੇ ਵਧੇ ਸਰੀਰ ਨੂੰ ਲੈਕੇ ਕੰਬਦਾ ਕੰਬਦਾ ਉਠ ਖੜਾ ਹੋਇਆ; ਕੰਨ ਪੱਖਿਆਂ ਵਾਂਗ ਹਿਲਾਇਓਸੁ, ਸੁੰਡ ਉੱਚੀ ਨੀਵੀਂ ਕੀਤੀਓਸੁ, ਸੁੰਡ ਦਾ ਮੂੰਹ ਖੁਹਲਿਓਸੁ ਤੇ ਨਿੱਕੇ ਨੈਣਾਂ ਨਾਲ ਪ੍ਰਾਣ ਦਾਤਾ ਜੀ ਵੱਲ ਤੱਕਿਓਸੁ। ਹਾਂ, ਭਾਈ ਮਨੁੱਖਾਂ ਦੇ ਰਿਜ਼ਕ ਦਾਤਾ ਹਾਥੀ ! ਤੈਨੂੰ ਇਸੇ ਕਰਕੇ ਖੜਾ ਕਰ ਦਿੱਤਾ ਨੇ ਜੋ ਤੂੰ ਜੀਵਾਂ ਦਾ ਰਿਜ਼ਕ ਦਾਤਾ ਹੈਸੇਂ।

ਹਾਥੀ ਜੀਉ ਪਿਆ ਇਹ ਖ਼ਬਰ ਬਨ ਅਗਨੀ ਦੀ ਤਰ੍ਹਾਂ ਉਡ ਖਲੀ ਹੋਈ। ਪਾਤਸ਼ਾਹ[1] ਨੂੰ ਇਤਲਾਹ ਪਹੁੰਚ ਚੁੱਕੀ ਸੀ ਕਿ ਆਪ ਦਾ ਮਨ ਪਿਆਰਾ ਹਾਥੀ ਮਰ ਗਿਆ ਹੈ, ਹਾਥੀਆਂ ਦੇ ਇਲਾਜ ਕਰਨ ਵਾਲੇ ਦੀ ਅਰਜ਼ ਬੀ, ਕਿ ਕਿਸ ਕਾਰਣ ਮਰਿਆ ਹੈ ਅੱਪੜ ਗਈ ਸੀ ਕਿ ਅਚਾਨਕ ਖਬਰ ਪਹੁੰਚੀ ਕਿ ਹਾਥੀ ਇਕ ਅਨੋਖੇ ਫਕੀਰ ਸਾਂਈਂ, ਅੱਲਾ ਦੇ ਦਰਵੇਸ਼, ਨੇ ਜਿਵਾ ਦਿੱਤਾ ਹੈ। ਉਸੇ ਵੇਲੇ ਅਹਿਦੀਏ ਘੱਲੇ ਗਏ ਜੋ ਕਿ ਖਬਰ ਲੈ ਆਏ ਕਿ ਗੱਲ ਸੱਚ ਹੈ। ਹਾਥੀਆਂ ਦੇ ਸਲੋਤਰੀ ਨੇ ਬੀ ਜਾਕੇ ਡਿੱਠਾ ਤੇ ਆ ਦੱਸਿਆ ਕਿ ਪਾਤਸ਼ਾਹ ! ਗੱਲ ਸੱਚ ਹੈ, ਹਾਥੀ ਜੀਉ ਪਿਆ ਹੈ। ਅਚੰਭਾ ਤੇ ਹੋਰ ਅਚੰਭਾ ਹੋਕੇ ਪਾਤਸ਼ਾਹ ਉਠ ਟੁਰਿਆ। ਉਹ ਲੋਧੀ ਪਠਾਣ ਪਾਤਸ਼ਾਹ, ਜਿਸ ਹਥੋਂ ਅਨੇਕਾਂ ਹਿੰਦੂ ਕਸ਼ਟ ਪਾ ਚੁਕੇ ਸੇ, ਫਕੀਰ ਦੁਖ ਚੁਕੇ ਸੇ, ਆਪ ਆਇਆ ਤੇ ਆ ਕੇ ਹਾਥੀ ਡਿਠੋਸੁ ਜੀਉਂਦਾ ਹੈ, ਤਸੱਲੀ ਕੀਤੀਓਸੁ ਕਿ ਠੀਕ ਮਰ ਗਿਆ ਸੀ। ਤਦ ਗੁਰੂ ਬਾਬੇ ਪਾਸ ਆਇਆ ਤੇ ਤਸਲੀਮ ਕਰਕੇ ਆਖਣ ਲੱਗਾ: 'ਐ ਦਰਵੇਸ਼ ! ਇਹ ਹਾਥੀ ਤੁਸਾਂ ਜਿਵਾਇਆ ਹੈ?' ਤਦ ਸ੍ਰੀ ਗੁਰੂ ਜੀ ਨੇ ਆਖਿਆ:-

ਹੇ ਮਨੁੱਖਾਂ ਦੇ ਰਾਜਾ ! ਮਾਰਣ ਜੀਵਾਲਣ ਵਾਲਾ ਤਾਂ ਸਾਹਿਬ ਆਪ ਹੈ, ਦੁਆਇ ਫਕੀਰਾਂ, ਰਹਿਮ ਅਲਾਹ ਹੈ[1]।'

ਪਾਤ-ਫਕੀਰ ਸਾਂਈਂ ! ਗਲ ਸਮਝੇ ਨਹੀਂ ਪਈ।

ਤਾਂ ਆਪ ਬੋਲੇ : ਮਾਰਣਾ ਤੇ ਜਿਵਾਲਣਾ ਸਾਹਿਬ ਦਾ ਆਪਣਾ ਕੰਮ ਹੈ; ਹੋਰ ਕਿਸੇ ਦਾ ਨਹੀਂ, ਫਕੀਰ ਪਾਸ ਦੁਆ ਹੈ, ਨੇਕ ਕੰਮ ਲਈ ਦੁਆ ਕਰਨੀ ਫਕੀਰ ਕੋਲੋਂ ਕਿਸੇ ਵੇਲੇ ਹੋ ਆਉਂਦੀ ਹੈ, ਉਹ ਸੁਣਨ ਵਾਲਾ ਰੱਬ ਸੁਣ ਲੈਂਦਾ ਹੈ, ਜੇ ਚਾਹੇ ਤਾਂ ਰਹਿਮ ਬੀ ਫ਼ੁਰਮਾ ਦੇਂਦਾ ਹੈ। ਦੁਆ ਫਕੀਰ ਦੀ ਤਾਂ ਦੁਆ ਹੀ ਹੁੰਦੀ ਹੈ ! ਰਹਿਮ ਫੇਰ ਅੱਲਾ ਦੇ ਹੱਥ ਹੈ। ਤਦ ਪਾਤਸ਼ਾਹ ਹੈਰਾਨ ਹੋ ਕੇ ਆਖਣ ਲੱਗਾ ਜੇ ਤੁਸੀਂ ਦੁਆ ਕਰੋ ਤਾਂ ਇਹ ਫਿਰ ਮਰ ਬੀ ਜਾਏ ? ਮਾਰੋ ਤਾਂ ? ਤਾਂ ਸ੍ਰੀ ਗੁਰੂ ਜੀ ਮੁਸਕ੍ਰਾਏ। ਫੇਰ ਨੈਣ ਗੰਭੀਰ ਹੋ ਗਏ, ਮੱਥੇ ਤੇ ਵੱਟ ਜਿਹਾ ਪਿਆ ਤੇ ਫੇਰ ਉੱਪਰ ਅਰਸ਼ਾਂ ਵਲ ਤੱਕੇ ਤੇ ਬੋਲੇ "ਮਾਰੈ ਜੀਵਾਲੈ ਸੋਈ॥ ਨਾਨਕ ਏਕਸੁ ਬਿਨ ਅਵਰੁ ਨ ਕੋਈ[2]॥" ਇਹ ਕਹਿੰਦੇ ਗਏ, ਹਾਥੀ ਥਿੜਕਦਾ ਨੀਂਵਾਂ ਹੁੰਦਾ ਲੰਮਾ ਪੈ ਗਿਆ। ਲੰਮੇ ਲੰਮੇ ਸਾਹ ਆਏ, ਨੈਣ ਤ੍ਰੇਰੇ ਲੈ ਕੇ ਮਿਟ ਗਏ ਤੇ ਹਾਥੀ ਸੈਆਂ ਵਰ੍ਹਿਆਂ ਦਾ ਹੋ ਗਿਆ। ਇਹ ਦੇਖ ਕੇ ਪਾਤਸ਼ਾਹ ਤੇ ਉਸ ਦੇ ਨਾਲ ਆਏ ਦੰਗ ਰਹਿ ਗਏ। ਕੁਛ ਸਹਿਮੇਂ, ਕੁਛ ਚੁਪ ਛਾਈ, ਪਰ ਫੇਰ ਪਾਤਸ਼ਾਹ ਨੂੰ ਗੱਲ ਫੁਰੀ ਤੇ ਕਹਿਣ ਲੱਗਾ-ਹੁਣ ਜੀਵਾਲ ਦੇਹ। ਤਦ ਸ੍ਰੀ ਗੁਰੂ ਜੀ ਹੱਸੇ ਤੇ ਕਹਿਣ ਲੱਗੇ-ਮਨੁੱਖਾਂ ਤੇ ਹੁਕਮ ਕਰਨ ਵਾਲੇ ! ਹੁਣ ਇਹ ਉਠਣੇ ਤੇ ਰਿਹਾ। ਇਹ ਖੇਲ ਨਹੀਂ ਸੀ, ਫਕੀਰ ਦੀ ਦੁਆ ਤੇ ਰਹਿਮ ਅੱਲਾਹ ਸੀ, ਜਿੱਥੇ ਅਦਬ ਲੋੜੀਏ। ਤਦ ਪਾਤਸ਼ਾਹ ਨੇ ਆਖਿਆ-ਕਾਰਣ ਕੀਹ ਹੈ? ਤਦ ਸ੍ਰੀ ਗੁਰੂ ਜੀ ਬੋਲੇ : 'ਸੁਣੋ ਪਾਤਸ਼ਾਹ! ਲੋਹਾ ਲੋਹਾ ਹੈ, ਅੱਗ ਨਹੀਂ ਹੈ, ਅੱਗ ਵਿਚ ਪਾਓ ਤਾਂ ਲਾਲ ਅੰਗਾਰਾ ਹੋ ਜਾਂਦਾ ਹੈ। ਇਹ ਰਤੀ ਭਰ ਹੱਥ ਤੇ ਸਾੜੇ ਬਿਨਾ ਨਹੀਂ ਟਿਕ ਸਕਦਾ; ਪਰ ਅੱਗ ਦਾ ਅੰਗਿਆਰ ਕੋਈ ਬਿੰਦ ਛਿਨ ਹੱਥ ਤੇ ਟਿਕ ਜਾਂਦਾ ਹੈ। ਤਿਉਂ ਰਬ ਦੇ ਰੰਗ ਵਿਚ ਲਾਲ ਹੋਏ ਰੱਬ ਦੀ ਸੱਟੀ ਉਠਾਇ ਲੈਣ ਪਰ

[1] ਦਿੱਲੀ ਦਾ ਪਾਤਸ਼ਾਹ ਤਦੋਂ ਇਬਰਾਹੀਮ ਲੋਧੀ ਸੀ, ਜਿਸ ਨੂੰ ਜਨਮ ਸਾਖੀ ਵਿਚ ਬ੍ਰਹਮ ਬੇਗ ਲਿਖਿਆ ਹੈ।

[1] ਪੁਰਾਤਨ ਜਨਮ ਸਾਖੀ।

[2] ਪੁਰਾਤਨ ਜਨਮ ਸਾਖੀ।

ਉਹਨਾਂ ਦੀ ਸੁਟੀ ਉਠਨੋਂ ਰਹੀ।' ਭਾਵ ਇਹ ਸੀ ਕਿ ਫਕੀਰ ਰੱਬ ਦਾ ਪਿਆਰ ਬੰਦਾ ਹੈ, ਪਰ ਦਿਨ ਰਾਤ ਰੱਬ ਦੀ ਯਾਦ ਵਿਚ ਰਹਿਣੇ ਕਰਕੇ ਅੱਗ ਵਿਚ ਪਏ ਲੋਹੇ ਵਾਂਙੂ ਅਲੂਹੀਅਤ ਨਾਲ ਉਹ ਰੱਬ ਰੂਪ ਹੋ ਜਾਂਦਾ ਹੈ; ਉਸ ਤੋਂ ਫੇਰ ਉਹ ਗੱਲ ਹੋ ਆਉਂਦੀ ਹੈ ਜੋ ਉਹ ਰਬੀਅਤ ਨਾਲ ਜੁੜਿਆ ਚਾਹੁੰਦਾ ਹੈ ਕਿ ਹੋਵੇ।

ਤਦ ਪਾਤਸ਼ਾਹ ਦੇ ਨਾਲ ਜੋ ਨਜ਼ਾਮੀ[1] ਨਾਮੇ ਫਕੀਰ ਸੀ, ਉਹ ਸਮਝ ਗਿਆ ਤੇ ਪਾਤਸ਼ਾਹ ਨੂੰ ਕਹਿਣ ਲੱਗਾ: 'ਦਰਵੇਸ਼ ਕਾਮਲ ਹੈ। ਠੀਕ ਆਖਦਾ ਹੈ, ਰੱਬ ਆਪਣੇ ਪਜਾਰ ਵਿਚ ਆਪਣੇ ਪਿਆਰੇ ਦੀ ਗਲ ਮੰਨ ਲੈਂਦਾ ਹੈ ਤੇ ਮਿਹਰ ਕਰ ਦੇਂਦਾ ਹੈ, ਪਰ ਪਿਆਰੇ ਦੀ ਕੀਤੀ ਨੂੰ ਉਸ ਦਾ ਬਿਰਦ ਹੈ ਉਹ ਨਹੀਂ ਉਲਟਾਉਂਦਾ'। ਉਹ ਪਾਤਸ਼ਾਹ, ਜੋ ਅਤਿ ਕਰੜਾ ਸੀ, ਹੁਣ ਨਰਮ ਹੋਇਆ ਹੋਇਆ ਸੀ, ਆਖਣ ਲਗਾ–'ਹੇ ਦਰਵੇਸ਼ ! ਕੁਛ ਕਬੂਲ ਕਰ।' ਤਾਂ ਗੁਰੂ ਜੀ ਕਿਹਾ–'ਸਾਨੂੰ ਇਕ ਰੱਬ ਦੀ ਮੰਗ ਹੈ, ਉਸ ਦੀ ਭੁੱਖ ਹੈ; ਉਸ ਦੀ ਲੋੜ ਹੈ, ਹੋਰ ਭੁੱਖਾਂ ਮਰ ਗਈਆਂ ਹਨ, ਤਲਬ ਹੋਰ ਕੋਈ ਨਹੀਂ, ਇਕ ਮੌਲਾ ਦੇ ਦੀਦਾਰ ਦੀ ਤਲਬ ਹੈ'[2]। ਪਾਤਸ਼ਾਹ ਨੇ ਤਦ ਸਮਝ ਲਿਆ ਕਿ ਇਹ ਪੂਰਨ ਫਕੀਰ ਹੈ। ਜੋ ਫਕੀਰਾਂ ਵਿਚ ਦੇਖਣਾ ਚਾਹੁੰਦਾ ਸੀ ਡਿੱਠੋਸੁ ਤੇ ਤਸਲੀਮ ਕਰਕੇ ਚਲਾ ਗਿਆ ਤੇ ਗੁਰੂ ਬਾਬਾ ਜੀ ਓਥੋਂ ਰਵਦੇ ਰਹੇ।[3]

---

[1] ਸ੍ਰੀ ਗੁਰੂ ਨਾਨਕ ਪ੍ਰਕਾਸ਼।

[2] ਨਾਨਕ ਭੁਖ ਖੁਦਾਇ ਕੀ ਬਿਆ ਬੇਪਰਵਾਹੀ।
ਅਸਾਂ ਤਲਬ ਦੀਦਾਰ ਕੀ ਬਿਆ ਤਲਬ ਨ ਕਾਈ। {ਪੁ: ਜ: ਸਾਖੀ}

[3] ਇਸ ਟਿੱਲੇ ਪਰ ਗੁਰਦਵਾਰਾ ਹੈ, ਗੁਰੂ ਨਾਨਕ ਦੇਵ ਜੀ ਦੀਆਂ ਯਾਦਗਾਰੀ ਚਰਨ ਪਾਦਕਾਂ ਹਨ। ਛੇਵੀਂ ਪਾਤਸ਼ਾਹੀ ਜੀ ਬੀ ਇਥੇ ਟਿਕੇ ਹਨ।

# ੪. ਅਰਸ਼ੀ ਦਾਤੇ ਦੀ ਪਹਿਲੀ ਉਦਾਸੀ।

ਸੂਚਨਾ-ਪਹਿਲੀ ਉਦਾਸੀ ਤਾਂ ਉਸੇ ਵੇਲੇ ਆਰੰਭ ਹੋ ਗਈ, ਜਿਸ ਵੇਲੇ ਹੱਟੀ ਛੋੜਕੇ ਸੁਲਤਾਨ ਪੁਰ ਦੇ ਉਦਿਆਨ ਛੱਡਕੇ ਸੁਲਤਾਨ ਵਿੰਡ ਦੇ ਕੋਲ ਵਾਰ ਬੇਰੀਆਂ ਦੀ ਝਿੜੀ ਵਿਚ, ਜਿੱਥੇ ਹੁਣ ਅੰਮ੍ਰਿਤਸਰ ਹੈ, ਟਿਕਦੇ ਸੈਦ ਪੁਰ ਸੌਂਡਿਆਲੀ ਜਾ ਤਪੱਸਜਾ ਕੀਤੀ ਤੇ ਭਾਈ ਲਾਲੋ ਆਦਿਕਾਂ ਨੂੰ ਤਾਰਕੇ ਜਗਤ ਨਿਸਤਾਰਨ ਨੂੰ ਟੁਰ ਪਏ। ਪਰ ਪੁਰਾਤਨ ਜਨਮ ਸਾਖੀ ਵਿਚ ਉਦਾਸੀ ਪਹਿਲੀ ਦਾ ਸਿਰਲੇਖ ਏਥੇ ਹੈ-ਦਿੱਲੀ ਤੋਂ ਟੁਰਨ ਵੇਲੇ, ਤੇ ਪਹਿਰਾਵਾ ਏਥੇ ਐਉਂ ਦੱਸਿਆ ਹੈ :-

ਪ੍ਰਿਥਮੈ ਉਦਾਸੀ ਕੀਤੀ ਪੂਰਬ ਕੀ, ਤਿਤੁ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ, ਤਦਹੂੰ ਕੁ ਪਉਣ ਅਹਾਰੁ ਕੀਆ। ਪਹਿਰਾਵਾ ਬਾਬੇ ਕਾ-ਇਕ ਬਸਤੁਰੁ ਅੰਬੋਆ[1], ਏਕ ਬਸਤੁਰ ਚਿੱਟਾ। ਏਕ ਪੈਰ ਜੁਤੀ, ਏਕ ਪੈਰੁ ਖੰਉਸੁ[2], ਗਲਿ ਕਫਨੀ, ਸਿਰ ਟੋਪੀ ਕਲੰਦਰੀ, ਮਾਲਾ ਹਡਾਂ ਕੀ, ਮੱਥੇ ਤਿਲਕੁ ਕੇਸਰ ਕਾ।

ਇਹ ਪਹਿਰਾਵਾ ਹਿੰਦੂ ਮੁਸਲਮਾਨ ਫਕੀਰਾਂ ਦਾ ਰਲਵਾਂ ਤੇ ਦੁਹਾਂ ਨੂੰ ਮਖੌਲ ਕਰਨ ਵਾਲਾ ਹੈ। ਜਿਵੇਂ ਦੋ ਰਕਮਾਂ ਇਕੋ ਜਿਹੀਆਂ ਜਮਾਂ ਤੇ ਖਰਚ ਵਾਲੇ ਪਾਸੇ ਪਈਆਂ ਦੱਸਦੀਆਂ ਹਨ ਕਿ ਬਾਕੀ ਸੁਨ ਹੈ, ਤਿਵੇਂ ਦੋਇ ਵੇਸ਼ ਕੀਤੇ ਹੋਏ ਦੱਸਦੇ ਹਨ ਕਿ ਬਾਬਾ ਕਿਸੇ ਵੇਸ਼ ਭੇਖ ਵਿਚ ਨਹੀਂ ਸੀ। ਇਸ ਸਾਂਝੇ ਭੇਖ ਵਿਚ ਹਿੰਦੂਆਂ, ਮੁਸਲਮਾਨਾਂ ; ਦੋਹਾਂ ਨੇ ਹੈਰਾਨ ਹੋਣਾ ਸੀ। ਇਸ ਵੇਸ਼ ਵਿਚ ਟੁਰੇ ਜਾਂਦੇ ਅਜੇ ਦਿੱਲੀਓਂ ਦੂਰ ਨਹੀਂ ਗਏ ਸਨ ਤਾਂ ਅੱਗੋਂ ਸ਼ੇਖ ਬਜੀਦ ਮਿਲਿਆ ਸੁਖਪਾਲ ਵਿਚ ਆਉਂਦਾ। ਉਸ ਦਾ ਪ੍ਰਸੰਗ ਐਉਂ ਹੈ :-

# ੧੯. ਸ਼ੇਖ ਬਜੀਦ ਸੱਯਦ[3]।

**ਇਥੋਂ** ਹੁਣ ਗੁਰੂ ਜੀ ਘਰਾਂ ਨੂੰ ਨਹੀਂ ਮੁੜੇ; ਦਿੱਲੀਓਂ ਹੀ ਅੱਗੇ ਨੂੰ ਟੁਰ ਪਏ। ਭੇਖ ਅਜਬ ਤਰ੍ਹਾਂ ਦੀ ਫਕੀਰੀ ਦਾ ਸੀ। ਕਿਸੇ ਇਕ ਮਤ ਦੀ ਕੋਈ ਗਲ ਨਹੀਂ ਸੀ। ਤੁਰੇ ਜਾਂਦਿਆਂ ਨੇ ਰਸਤੇ ਵਿਚ ਇਕ ਥਾਂ ਬੈਠਕੇ ਕੀਰਤਨ ਸੁਣਿਆਂ ਤੇ ਫੇਰ ਅਰਾਮ ਕਰਨ ਲਈ ਬੈਠ ਗਏ। ਦੂਰ ਸਾਹਮਣੇ ਇਕ ਹੋਰ ਸਾਏਦਾਰ ਰੁੱਖ ਸੀ। ਥੋੜੇ ਚਿਰ ਪਿਛੋਂ ਇਸ ਦੇ ਹੇਠਾਂ ਇਕ ਪਾਲਕੀ ਆ ਠਹਿਰੀ, ਪਾਲਕੀ ਵਿਚ ਇਕ ਜਲ ਜਲੌਂ ਵਾਲਾ ਪੀਰ ਸੀ। ਛੇ ਕਹਾਰਾਂ ਨੇ ਇਹ ਪਾਲਕੀ ਚਾਈ ਹੋਈ ਸੀ। ਪੀਰ ਜੀ ਜੋ ਸਫਰ ਕਰ ਰਹੇ ਸਨ ਇਸ ਸੁਖਪਾਲ ਵਿਚ, ਇਨ੍ਹਾਂ ਦਾ ਨਾਉਂ ਬਜੀਦ[4] ਸੀ।

ਪਾਲਕੀ ਤੋਂ ਉਤਰ ਕੇ ਆਪ ਟਹਿਲਣ ਲਗੇ ਤੇ ਕਹਾਰਾਂ ਨੇ ਵਿਛਾਈ ਕਰ ਦਿੱਤੀ, ਆਪ ਲੇਟ ਗਏ ਤਦ ਕੁਛ ਕਹਾਰ ਤਾਂ ਘੁੱਟਣ ਦੱਬਣ ਲੱਗ ਪਏ, ਕੁਛ ਪੱਖਾ ਕਰਨ ਲਗ ਗਏ, ਇਕ ਪਾਣੀ ਲੈਣ ਖੂਹ ਨੂੰ ਗਿਆ। ਤਦ ਮਰਦਾਨੇ ਨੇ ਡਿੱਠਾ ਤਾਂ ਸ੍ਰੀ ਗੁਰੂ ਜੀ ਨੂੰ ਪੁੱਛਣ ਲੱਗਾ-'ਕਿਉਂ ਭਲਾ, ਜੀਓ ਜੀ ! ਖੁਦਾ ਇਕ ਹੈ ਕਿ ਦੋ!' ਬਾਬੇ ਹੱਸਕੇ ਆਖਿਆ: ਖੁਦਾ ਇਕ ਹੈ ਮਰਦਾਨਿਆਂ ! ਤਦ ਮਰਦਾਨੇ ਕਿਹਾ: ਚੜ੍ਹਕੇ ਆਇਆ ਕਿਸਦੀ ਪੈਦਾਇਸ਼ ਹੈ ਤੇ ਚੱਕਕੇ ਲਿਆਏ ਕਿਸਦੀ ਪੈਦਾਇਸ਼ ਹਨ। ਨਾਲੇ ਤਾਂ ਇਹ ਚੜ੍ਹਕੇ ਆਇਆ ਹੈ, ਨਾਲੇ ਇਹ ਥੱਕ ਗਿਆ ਹੈ। ਨਾਲੇ ਓਹ

---

[1] ਇਹ ਇਕ ਰੇਸ਼ਮੀ ਕਪੜਾ ਹੁੰਦਾ ਸੀ ਇਸ ਦਾ ਰੰਗ ਲਾਜਵਰਦੀ ਜਿਹਾ ਹੁੰਦਾ ਸੀ। ਨਵੇਂ ਨਿਕਲੇ ਅੰਬ ਦੇ ਪੱਤਿਆ ਦਾ ਰੰਗ ਹੋਣ ਕਰਕੇ ਅੰਬੂਆ ਨਾਮ ਪਿਆ।

[2] ਖੜਾਵਾਂ, ਬਿਨਾਂ ਖੂਟੀ ਪਊਆ।

[3] ਇਹ ਪ੍ਰਸੰਗ ਗੁਰਪੁਰਬ ਕੱਤਕ ਪੂਰਨਮਾਸ਼ੀ ਸੰ:ਗੁ:ਨਾ:ਸਾ: ੪੭੧ (੨੯ ਨੁਵੰਬਰ ੧੯੩੯) ਨੂੰ ਛਪੇ ਟਰੈਕਟ 'ਸ਼ਰਫ ਤੇ ਬਜੀਦ' ਵਿਚੋਂ ਹੈ।

[4] ਬਜੀਦ ਦਾ ਮੂਲ ਹੈ ਅਰਬੀ ਪਦ ਬਾਯਜ਼ੀਦ। 'ਏਹ ਇਨ੍ਹਾਂ ਵਿਚ ਕਈ ਹੋਏ ਹਨ। ਇਕ ਫਕੀਰ ਇਸ ਨਾਮ ਦਾ ਈਰਾਨ ਵਿਚ ਹੋਇਆ ਹੈ। ਇਕ ਪੰਜਾਬ ਵਿਚ ਬਜ਼ੀਦਾ ਕਰਕੇ ਪ੍ਰਸਿਧ ਹੈ, ਜਿਸ ਦੇ ਪੰਜਾਬੀ ਛੰਦ ਲੋਕਾਂ ਨੂੰ ਕਈ ਯਾਦ ਹਨ। ਇਹ ਬਜੀਦ ਇਹੋ ਸੀ ਕਿ ਕੋਈ ਹਿੰਦੁਸਤਾਨੀ ਫਕੀਰ ਸੀ, ਅਜੇ ਖੋਜ ਤਲਬ ਬਾਤ ਹੈ।

ਟੁਰਕੇ ਆਏ ਹਨ ਨਾਲੇ ਓਹ ਘੁੱਟਦੇ ਹਨ ਤੇ ਫੇਰ ਹੋਰ ਕੰਮ ਬੀ ਪਏ ਕਰਦੇ ਹਨ।

ਸਤਿਗੁਰ ਜੀ-ਭਾਈ ! ਤੁਰਨ ਦੇ ਸੁਭਾਉ ਵਾਲੇ ਤੁਰਦੇ ਨਹੀਂ ਥੱਕਦੇ, ਤੁਰਕੇ ਭੁੱਖ ਲਗਦੀ ਹੈ, ਖਾਂਦੇ ਹਨ ਤੇ ਨਰੋਏ ਰਹਿੰਦੇ ਹਨ। ਬੈਠੇ ਬੈਠਣ ਨਾਲ ਥੱਕ ਜਾਂਦੇ ਹਨ, ਭੁੱਖ ਮਰ ਜਾਂਦੀ ਹੈ, ਥੋੜਾ ਖਾਣ ਤਾਂ ਤਾਣ ਘਟ ਜਾਂਦਾ ਹੈ। ਤੇ ਸਰੀਰ ਛੇਤੀ ਥੱਕਣ ਲਗ ਪੈਂਦਾ ਹੈ। ਜੇ ਵਧੇਰਾ ਖਾਣ ਤਾਂ ਨਰੋਏ ਨਹੀਂ ਰਹਿੰਦੇ ਤਾਂ ਭੀ ਸਰੀਰ ਛੇਤੀ ਥੱਕਣ ਲੱਗ ਪੈਂਦਾ ਹੈ। 'ਤੁਰਦਾ ਫਿਰਦਾ ਨਾ ਮਰੇ ਤੇ ਬੈਠੜੜਾ ਮਰ ਜਾਇ।'

ਮਰਦਾਨਾ-ਪਰ ਜੀਓ ਜੀ; ਸੁਖਪਾਲ ਵਿਚ ਤਾਂ ਹੀ ਚੜ੍ਹਿਆ ਸੀ ਨਾ, ਕਿ ਥੱਕਾਂ ਨਾ? ਹੁਣ ਉਹ ਭਾਵੇਂ ਥੱਕਾ ਹੈ ਕਿ ਨਹੀਂ, ਪਰ ਘੁਟਾਂਵਦਾ ਹੈ ਪਿਆ।

ਗੁਰੂ ਜੀ ਮੁਸਕ੍ਰਾਏ ਤੇ ਕਹਿਣ ਲੱਗੇ- ਮਰਦਾਨਿਆਂ ! ਇਸ ਵਿਚਾਰੇ ਨੂੰ ਦੋ ਥਕਾਨ ਹਨ, ਘੁਟਾਵੇ ਨਾ ਤਾਂ ਕੀਹ ਕਰੇ, ਪਿਛਲੇ ਜਨਮ ਤਪ ਕੀਤੇ, ਹੱਠ ਕੀਤੇ, ਰਾਤਾਂ ਜਾਗੇ, ਪਾਲੇ ਸਹਾਰੇ, ਕੱਕਰਾਂ ਦੇ ਪਾਣੀਆਂ ਵਿਚ ਨ੍ਹਾਤੇ, ਤੀਰਥ ਹੱਜ ਕੀਤੇ; ਜੋ ਸਿਧੀਆਂ ਕਰਾਮਾਤਾਂ ਪ੍ਰਾਪਤ ਹੋਣ, ਸੋ ਥੱਕ ਗਏ[1]। ਹੁਣ ਤਪਾਂ ਨੂੰ ਫਲ ਲੱਗਾ ਹੈ, ਰਾਜ ਭਾਗ ਮਿਲਿਆ ਹੈ, ਇਸ ਦੇ ਪ੍ਰਬੰਧ ਕਰਨ ਵਿਚ ਤੇ ਇਸ ਦੇ ਮਿਲੇ ਸੁਖਾਂ ਤੇ ਭੋਗਾਂ ਵਿਚ ਬੀ ਥਕਾਨ ਹੁੰਦਾ ਹੈ। ਦੂਹਰੇ ਥਕਾਨ ਹੈਨ, ਘੁਟਵਾਵੇ ਨਾ ਵਿਚਾਰਾ ਤਾਂ ਕੀ ਕਰੇ? (ਹੱਸ ਪਏ)।

ਮਰਦਾਨਾ-ਫਿਰ ਜੀ ਇਹ ਕੀ ਗਲ ਹੋਈ ਕਿ ਏਥੇ ਕੋਈ ਸੁਖੀ ਹੈ, ਕੋਈ ਦੁਖੀ ਹੈ, ਇਸ ਦਾ ਕੀ ਕਾਰਣ ਹੈ ?

ਸ੍ਰੀ ਗੁਰੂ ਜੀ-ਕਾਰਨ ਕਰਤਾ ਜਾਣੇ। ਕਾਰਣਾਂ ਦਾ ਕਾਰਣ ਉਹ ਆਪ ਹੈ। ਪਰ ਦੇਹਧਾਰੀ ਕਰਮ ਕਰਦਾ ਹੈ, ਕਰਮ ਭਲਾ ਹੁੰਦਾ ਹੈ ਯਾ ਬੁਰਾ। ਦੁਹਾਂ ਦਾ ਸੰਸਕਾਰ ਅੰਦਰ ਅੰਕਿਆ ਜਾਂਦਾ ਹੈ, ਉਸ ਮੂਜਬ ਸੁਭਾਉ ਬਣਦਾ ਹੈ। ਸੁਭਾਉ ਸੁਖ ਦੁਖ ਦਾ ਦਾਤਾ ਹੈ, ਫੇਰ ਜੋ ਬੀਜੋ ਸੋ ਉਗਦਾ ਹੈ, ਪੀੜ ਬੀਜੋ ਪੀੜ ਉਗੇਗੀ, ਸੁਖ ਬੀਜੋ ਸੁਖ। ਸੋ, ਬੀਜਣ ਵਾਲੇ ਆਪਣੇ ਕਰਮੀਂ ਦੁਖ ਸੁਖ ਪਾਉਂਦਾ ਹੈ ਜੋ ਤਪ ਹਠ ਪੁੰਨ ਦਾਨ ਰਾਜਭਾਗ ਲਈ ਕਰਦੇ ਹਨ ਸੋ ਰਾਜ ਭਾਗ ਪਾਕੇ ਫੇਰ ਜ਼ੋਰ ਵਿਚ ਤੇ ਮਾੜੇ ਕਰਮਾਂ ਵਿਚ ਲਗ ਪੈਂਦੇ ਹਨ, ਸੁਭਾਵ ਜੋ ਨਹੀਂ ਸੀ ਸਾਧਿਆ, ਸੋ ਉਨ੍ਹਾਂ ਕਰਮਾਂ ਕਰਕੇ ਫੇਰ ਦੁਖਾਂ ਦੇ ਅਧਿਕਾਰੀ ਹੋ ਜਾਂਦੇ ਹਨ ਇਸੇ ਕਰਕੇ ਤਪੋਂ ਰਾਜ ਤੇ ਰਾਜੋਂ ਨਰਕ ਮਿਲਦਾ ਹੈ[1]।

ਮਰਦਾਨਾ-ਕੀਤੇ ਕਰਮ ਕਦੇ ਮਿਟਦੇ ਬੀ ਹੈਨ?

ਸ੍ਰੀ ਗੁਰੂ ਜੀ ਬੋਲੇ-ਕਰਮ ਦੇ ਸੰਸਕਾਰ ਅੰਦਰ ਪੱਕੇ ਬੈਠਦੇ ਹਨ। ਕਰਮ ਦੇ ਪਏ ਰੇਖ ਤੇ ਲੇਖ ਮਿਟਦੇ ਨਹੀਂ[2], ਪਰ ਸੱਜਣਾ ! ਕਰਮ ਜੀਵ ਨੇ ਦੇਹ ਧਾਰਕੇ ਕੀਤੇ ਹੈਨ, ਅਤੇ ਜੋ ਸ਼ੈ ਆਦਿ ਰਖਦੀ ਹੈ ਉਸ ਦਾ ਅੰਤ ਬੀ ਹੈ। ਸੋ ਕਰਮ ਮਿਟਦੇ ਬੀ ਹੈਨ, ਜਿਵੇਂ ਅੱਗ ਲਾਣ ਨਾਲ ਲੱਕੜਾਂ ਦੇ ਢੇਰ ਸੜ ਜਾਂਦੇ ਹਨ[3], ਤਿਵੇਂ ਸਾਂਈਂ ਪ੍ਰੇਮ ਨਾਲ ਕਰਮ। ਜੇ ਬੰਦਾ ਪਰਮੇਸ਼ੁਰ ਵਿਚ ਲਿਵ ਲਾਵੇ, ਆਪਣੇ ਧਿਆਨ ਵਿਚ ਕਰਤਾ ਪੁਰਖ ਨੂੰ ਰਖੇ ਤਾਂ ਅੰਦਰ ਪਈਆਂ ਕਰਮਾਂ ਦੀਆਂ ਸੰਸਕਾਰੀ ਰੇਖਾਂ ਧੋ ਹੋ ਜਾਂਦੀਆ ਹਨ[4]। ਸੁਖ, ਦੁਖ, ਦੇਹ, ਜਨਮ ਮਰਨ ਕਰਮਾਂ ਅਨੁਸਾਰ ਹਨ, ਪਰ ਮੁਕਤੀ ਪਰਮੇਸ਼ੁਰ ਦੀ ਨਦਰ ਉਤੇ ਹੈ[5]। ਨਦਰ ਉਨ੍ਹਾਂ ਤੇ ਹੁੰਦੀ ਹੈ ਜੋ ਨਦਰ ਨੂੰ ਖਿੱਚਦੇ ਹੈਨ। ਨਦਰ ਨੂੰ ਕੌਣ ਖਿੱਚ ਸਕਦਾ ਹੈ? ਜੋ ਨਦਰੀ ਨਾਲ ਪਿਆਰ ਕਰਦਾ ਹੈ, ਪ੍ਰੇਮ ਦੀ ਲਗਨ ਖਿੱਚ ਹੈ ਜੋ ਪ੍ਰੀਤਮ ਨੂੰ ਬੀ ਜਾ

[1] ਜੋ ਵਾਕ ਬਾਬਾ ਜੀ ਨੇ ਬਿਲਾਸ ਨਾਲ ਆਖੇ, ਜਨਮ ਸਾਖੀ ਵਿਚ ਇਕ ਸ਼ਲੋਕ ਹੈ;-

ਪੂਰਬ ਜਨਮ ਕੇ ਤਪੀਏ ਪਾਲੇ ਸਹਿਆ ਡੰਗੁ ॥
ਤਬ ਕੇ ਥਕੇ ਨਾਨਕਾ ਅਬੇ ਮੰਡਾਵਨਿ ਅੰਗੁ ॥

[1] ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥ ਬਿਪਰੀਤਿ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥
{ਸ: ਸਹਸ: ਮ: ੫}

[2] ਕਰਮਾ ਉਪਰਿ ਨਿਬੜੈ ਜੇ ਲੋਚੈ ਸਭ ਕੋਇ ॥
{ਗਉੜੀ ਮ: ੧}

[3] ਲੋਕਾਂ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ਰਹਾਉ॥ {ਆਸਾ ਮ: ੧}

[4] ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
{ਬਾ: ਮਾਹਾ ਮਾਝ ਮ: ੫}

[5] ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
{ਜਪੁਜੀ}

ਖਿੱਚਦੀ ਹੈ। ਪ੍ਰੇਮ-ਅਣਦਿੱਸਦੇ ਰੱਬ ਸਾਂਈਂ ਨਾਲ ਪ੍ਰੇਮ-ਉਸਦੀ ਯਾਦ ਨਾਲ ਪੈਂਦਾ ਹੈ, ਉਸ ਦੇ ਗੁਣ ਕੀਰਤਨ ਨਾਲ ਪੈਂਦਾ ਹੈ। ਮਿਹਰ ਉਸਦੀ ਸੁਛੰਦ ਵਿਚਰਦੀ ਹੈ, ਪਰ ਰਾਹ ਇਹ ਹੈ : ਕਰਤਾਰ ਦੀ ਯਾਦ ਵਿਚ ਰਹਿਣਾ, ਪਜਾਰ ਵਿਚ ਰਹਿਣਾ, ਜਗਤ ਵਿਚ ਲਗਦੇ ਤਾਣ ਸ਼ੁਭ ਕਰਮ ਕਰਨੇ, ਨੇਕੀ ਕਰਨੀ, ਭਲਿਆਈ ਵੰਡਣੀ, ਬਦੀ ਤੋਂ ਸੰਕੋਚਣਾ।

ਸ੍ਰੀ ਗੁਰੂ ਜੀ ਨੇ ਇਸ ਸਾਖੀ ਵਿਚ ਜੋ ਉਪਦੇਸ਼ ਦਿੱਤਾ ਹੈ, ਉਹ ਸਵਾਲ ਹਰ ਕਿਸੇ ਨੂੰ ਫੁਰਦਾ ਰਹਿੰਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਦੱਸਿਆ ਹੈ ਕਿ ਕਰਮ ਕਰਨ ਨਾਲ ਜੋ ਰੇਖ ਤੇ ਲੇਖ ਪੈਂਦੇ ਹਨ, ਮਿਟਦੇ ਨਹੀਂ।ਪਰ ਉਹ ਮਿਟਦੇ ਬੀ ਹੈਨ। ਕਰਮ ਜੀਵ ਨੇ ਦੇਹ ਧਾਰਕੇ ਕੀਤੇ ਹੈਨ, ਦੇਹ ਧਾਰਨ ਤੋਂ ਪਹਿਲਾਂ ਕਰਮ ਕਿੱਥੇ ਸੀ ਜਿਸ ਨੇ ਦੇਹ ਦਿਤੀ? ਸੋ ਕਰਮ ਦਾ ਆਦਿ ਹੈ[੧]। ਫਿਰ ਜੀਵ ਹਦਬੰਦੀ ਵਾਲਾ ਹੈ। ਇਸਦਾ ਸਮਾਂ ਮੁੱਕਦਾ ਹੈ; ਕਰਮ ਤਾਂਤੇ ਅਮਿਤ ਨਹੀਂ ਹੋ ਸਕਦੇ। ਸੋ ਆਦਿ ਵਾਲੀ ਸ਼ੈ ਦਾ ਅੰਤ ਹੈ ਤੇ ਮਿਤ ਵਾਲੀ ਸ਼ੈ ਲਈ ਮੁੱਕਣਾ ਹੈ[੨]। ਮੁੱਕਣ ਦਾ ਰਸਤਾ ਇਹ ਹੈ ਕਿ ਕਰਮ ਤਾਂ ਜੀਵ ਸ਼ੁਭ ਕਰੇ ਤਾਂ ਜੋ ਅੱਗੋਂ ਨੂੰ ਅਸ਼ੁਭ ਕਰਮਾਂ ਦੇ ਸੰਸਕਾਰ ਹੋਰ ਨਾ ਵਧਣ ਤੇ ਕਰਮਾਂ ਦੇ ਸਿਰ[੨] ਕਰਮ ਸਤਿਸੰਗ[੩] ਕਰੇ ਤੇ ਕਰਤਾਰ ਦੇ ਕੀਰਤਨ ਵਿਚ ਰਚੇ, ਉਸ ਦੇ ਗੁਣ ਗਾਵੇ[੪]। ਇਉਂ ਕਰਤਾਰ ਤੇ ਜਾ ਮਨ ਟਿਕੇਗਾ। ਉਸ ਦੀ ਪਵਿਤ੍ਰਤਾ ਮਨ ਨੂੰ ਪਵਿਤ੍ਰ ਕਰੇਗੀ। ਅੱਗ ਤੋਂ ਦੂਰ ਗਿਆਂ ਪਾਲਾ ਲਗਦਾ ਹੈ। ਅੱਗ ਦੇ ਨੇੜੇ ਹੋਇਆਂ ਨਿੱਘ ਆਉਂਦੀ ਹੈ। ਪਰਮੇਸ਼ੁਰ ਤੋਂ ਮਾੜੇ ਕਰਮਾਂ ਨਾਲ ਤੇ ਭੁੱਲ ਨਾਲ ਵਿਛੁੜੀਦਾ ਹੈ, ਦੂਰ ਜਾ ਪਾਈਦਾ ਹੈ। ਭਲੇ ਕਰਕੇ ਤੇ ਯਾਦ ਕਰਕੇ ਨੇੜੇ ਹੋਈਦਾ ਹੈ। ਨੇੜੇ ਹੋਕੇ ਸੁਖੀ ਹੋਈਦਾ ਹੈ। ਫੇਰ ਹਰੀ ਕੀਰਤਨ ਹਰ ਵੇਲੇ ਦਾ ਇਹ ਹੈ ਕਿ ਉਸ ਦੀ ਯਾਦ ਅੰਦਰ ਸਹਜ ਦਾ ਸੁਭਾਵ ਬਣਕੇ ਟਿਕ ਜਾਵੇ। ਯਾਦ ਪਿਆਰ ਹੁੰਦੀ ਹੈ, ਪਰ ਯਾਦ ਸਹਿਜ ਵਿਚ ਅੰਦਰ ਟਿਕਣਾ ਅਭਜਾਸ ਨਾਲ ਹੁੰਦਾ ਹੈ, ਸੋ ਉਸਦੀ ਯਾਦ ਦਾ ਅਭਜਾਸ ਉਸਦੇ ਨਾਮ ਨਾਲ ਕਰੀਦਾ ਹੈ। ਨਾਮ ਜਪੀਦਾ ਹੈ ਤੇ ਮਨ ਨੂੰ ਉਸਦੀ ਹਜ਼ੂਰੀ ਵਿਚ ਪ੍ਰਤੀਤ ਕਰਨ ਦੇ ਜਤਨ ਵਿਚ ਰਖੀਦਾ ਹੈ-

> 'ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ
> ਸਾਚੁ ਕਰਤੇ ਪ੍ਰਭ ਪਾਸਿ॥' {ਆਸਾ ਮਹਲਾ ੧}

ਐਉਂ ਮਿਟ ਬੀ ਜਾਂਦੇ ਹਨ ਕਰਮ ਤੇ ਕਰਮਾਂ ਦੇ ਫਲ।

ਸੂਚਨਾ-ਇਹੋ ਪ੍ਰਸੰਗ, ਸੰਖੇਪ ਜਿਹਾ ਹੋਕੇ ਕਵਿਤਾ ਵਿਚ ਬੀ ਗੁ: ਪ੍ਰ: ਪੁੰਨਮ ਸੰ ਗੁ:ਨਾ: ਸਾ: ੪੫੪ ਮੁਤਾਬਕ ਨੁਵੰਬਰ ੧੯੨੨ ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ ਜੋ ਇਸ ਪ੍ਰਕਾਰ ਹੈ :-

ਸੁਖਪਾਲੇ ਵਿਚ ਚੜ੍ਹਿਆ ਆਵੇ,
ਸ਼ੇਖ ਵਜੀਦ ਸਿਆਣਾ,
ਰੁੱਖ ਇਕ ਦੇ ਹੇਠਾਂ ਆਕੇ,
ਕੀਤਾ ਓਸ ਟਿਕਾਣਾ!
ਦਰੀ ਵਿਛੀ ਉਹ ਲੰਮਾ ਪੈਗਯਾ,
ਚੁਕ ਕੇ ਜੋ ਸਨ ਲਜਾਏ
ਉਨ੍ਹਾਂ ਕਹਾਰਾਂ ਕੋਲੋਂ ਹੀ ਹੁਣ,
ਮੁਠੀਆਂ ਉਹ ਭਰਵਾਏ।

ਕੋਈ ਦੱਬੇ ਕੋਈ ਘੁੱਟੇ,
ਕੋਈ ਮੁਕੀਆਂ ਮਾਰੇ,
ਪੱਖਾ ਲੈਕੇ ਕੋਈ ਉਸ ਨੂੰ,
ਠੰਢੀ ਪੌਣ ਝੁਲਾਰੇ !
ਗੁਰ ਨਾਨਕ ਜੀ ਤਦੋਂ ਜਾ ਰਹੇ
ਜਗਤ ਤਾਰਨੇ ਤਾਂਈਂ
ਮਰਦਾਨਾ ਸੀ ਨਾਲ ਜਾ ਰਿਹਾ,
ਕੰਧ ਰਬਾਬ ਚਵਾਈ।

[੧] ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਣ ਕਰਮ ਕਰਿ ਆਇਆ ॥ {ਸੂਹੀ ਮਹਲਾ ੫}

[੨] ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ ॥ {ਸੋਰਠਿ ਮਹਲਾ ੫}

[੩] ਸਾਧ ਸੰਗਤਿ ਪਾਈ ਪਰਮ ਗਤੇ ॥ {ਮਲ: ਰਵਿ:}

[੪] ਗੁਨ ਗਾਵਤ ਤੇਰੀ ਉਤਰਸਿ ਮੈਲੁ ॥ {ਗਉ: ਸੁਖ:}

ਮਰਦਾਨੇ ਹਸ ਕਿਹਾ-"ਗੁਰੂ ਜੀ !
ਇਹ ਕੀ ਅਚਰਜ ਹੋਈ,
"ਨਾਲੇ ਤਾਂ ਚੜ੍ਹ ਡੋਲੇ ਆਯਾ,
ਚੜ੍ਹੀ ਥਕਾਨ ਨ ਕੋਈ।
"ਨਾਲੇ ਪਿਆ ਘੁਟੀਏ ਦਬੀਏ,
ਜਿਉਂ ਥਕ ਕੇ ਹੈ ਆਯਾ,
"ਪੱਖੇ ਝੱਲੀਏ, ਸੇਵਾ ਹੋਵੇ,
ਇਹ ਕੀ ਉਲਟੀ ਮਾਯਾ ?
"ਜੋ ਟੁਰਕੇ ਤੇ ਚਾਕੇ ਲਜਾਏ,
ਉਹ ਮੁੜ ਸੇਵਾ ਲਾਏ !
"ਜੋ ਚੜ੍ਹਕੇ ਸੁਖਪਾਲੇ ਆਯਾ
ਉਹ ਸੇਵਜਾ ਹੈ ਜਾਏ"
ਗੁਰੂ ਕਹਿਆ "ਇਹ ਤਪੀਆ ਹੈਵੇ,
ਤਪ ਕਰਦਾ ਥਕ ਗਇਆ।

"ਉਸ ਥਕਾਨ ਉਤਰਾਵਨ ਕਾਰਨ,
ਹੈ ਘੁਟੀਜ ਇਹ ਰਹਿਆ,
"ਹੁਣ ਥਕਾਨ ਹੈ ਰਾਜ ਭਾਗ ਦਾ,
ਚੜ੍ਹਿਆ ਹਰਦਮ ਰਹਿੰਦਾ !
"ਪੂਰਬਲੇ ਤੇ ਹੁਣ ਦੇ ਸੱਜਣਾਂ !
ਦੋ ਥਕਾਨ ਦੁਖ ਸਹਿੰਦਾ !
"ਤਪੋਂ ਰਾਜ ਤੇ ਨਰਕ ਰਾਜ ਤੋਂ,
ਨਾਂਗੇ ਦੁਨੀਆਂ ਆਈਏ,
"ਦੁਖ ਸੁਖ ਕਰਮੀ ਅਪਣੀ ਮਿਲਦਾ,
ਮੁਕਤਿ ਨਾਮ ਲਿਵ ਲਾਈਏ।"
ਸੁਣ ਮਰਦਾਨਾਂ ਚਰਨੀ ਢੱਠਾ,
"ਧੰਨ ਧੰਨ" ਮੁਖ ਗਾਵੇ,
ਸਤਿਗੁਰ ਸੁਹਣਾ ਜਗ ਤਾਰਣ ਹਿਤ
ਟੁਰ ਫਿਰ ਅੱਗੇ ਜਾਵੇ !

ਸੂਚਨਾ-ਦਿੱਲੀ ਤੋਂ ਪੈਂਡੇ ਪੈਕੇ ਅਨੇਕ ਥਾਂਈਂ ਠਹਿਰਦੇ ਗੋਰਖ ਮਤੇ ਆ ਨਿਕਲੇ।

# ੧੯. ਅਰਸ਼ੀ ਜੋਤਿ ਤੇ ਸ੍ਰੀ ਨਾਨਕ ਮਤਾ [1]।

੧.

ਨਦੀ 'ਬੱਝ' ਦੀ ਆਈ ਗੁਸਾਂਈਂ ਮੇਰੇ!
ਧੱਕ ਏਸ ਤੋਂ ਪਾਰ ਲੰਘਾ ਸਾਂਈਆ!
ਸਾਡੇ ਫੇੜਿਆਂ ਵਲ ਨਾ ਤੱਕ ਸਾਂਈਆਂ!
ਸਾਨੂੰ ਖੇੜਿਆਂ ਵਿੱਚ ਪੁਚਾ ਸਾਂਈਆਂ!
ਕੋਈ ਘੁੱਟ ਅਗੰਮ ਦੀ ਚੜ੍ਹੀ ਅੰਦਰ
ਜ਼ੋਰ ਥੱਕਿਆਂ ਆਪਣਾ ਲਾ ਸਾਂਈਆਂ!
ਕਰਮ ਬੁਰੇ, ਪਰ ਕਰਮ ਕਰ ਆਪਣਾ ਤੂੰ,
ਮੁਸ਼ਕਾਂ ਬੱਝੀਆਂ ਦੇਹ ਖੁਲ੍ਹਾ ਸਾਂਈਆਂ !

ਦਿਨ ਬੀਤ ਗਿਆ ਹੈ, ਦਿਨ ਦਾ ਰਾਜਾ ਪੱਛੋਂ ਨੂੰ ਜਾਕੇ ਧਰਤੀ ਵਲ ਛੇਕੜਲੀਆਂ ਤੇ ਹਸਰਤ ਭਰੀਆਂ ਨਿਗਾਹਾਂ ਪਾਉਂਦਾ ਧਰਤੀ ਦੇ ਉਹਲੇ ਹੋ ਗਿਆ ਹੈ। ਦਿਨ ਦੇ ਅਸਤ ਹੋਣ ਦੀ ਪਹੁ ਪਸਰ ਰਹੀ ਹੈ, ਤੇ ਇਕ ਚਿੱਟਾ ਚਿੱਟਾ ਚਾਨਣਾ ਪੈਂਦਾ ਹੈ। ਸੰਝ ਪਈ ਨਹੀਂ, ਪਰ ਆ ਰਹੀ ਹੈ। ਇਕ ਬਨ ਜਿਹਾ ਹੈ, ਪਰ ਕੁਛ ਵਸੋਂ ਜੇਹੀ ਬੀ ਪਰੇ ਪਈ ਦਿੱਸਦੀ ਹੈ, ਵੱਸੋਂ ਕਾਹਦੀ? ਨਾ ਨਿੱਕਾ ਹੈ ਨਾ ਨਿਆਣਾ, ਨਾ ਸੁਆਣੀ ਹੈ ਤੇ ਨਾ ਸੁਆਮੀ। ਝੁੰਗੀਆਂ ਹਨ, ਕੁਟੀਆਂ ਹਨ, ਕਿਤੇ ਵਿਚ ਤੇ ਕਿਤੇ ਬਾਹਰ ਕੰਨ ਪਾਟੇ ਜੋਗੀਆਂ ਦੇ ਆਸਣ ਹਨ, ਧੂਣੀਆਂ ਹਨ ਤੇ ਥੜੇ ਹਨ।

ਦੂਰ ਸਾਰੇ ਇਕ ਪਿੱਪਲ ਹੈ, ਦੁਆਲੇ ਕੋਈ ਪੁਰਾਣਾ ਕੱਚਾ ਜਿਹਾ ਥੜਾ ਹੈ। ਪਿੱਪਲ ਖੜਾ ਹੈ, ਪਰ ਪੱਤੇ ਸੁੱਕੇ ਹਨ, ਇਸ ਦੇ ਹੇਠਾਂ ਕੋਈ ਬੈਠਾ ਹੈ। ਹੈਂ 'ਕੋਈ' ? ਹਾਂ ਕੋਈ ਕਹਿਣਾ ਬੇਅਦਬੀ ਹੈ, ਪਰ ਜਿਨ੍ਹਾਂ ਦੀ ਕੁਟੀਆ ਦੇ ਨੇੜੇ ਬੈਠਾ ਹੈ ਓਹ ਆਪੇ ਵਿਚ 'ਕੋਈ ਆਯਾ ਹੈ' ਹੀ ਆਖ ਰਹੇ ਸਨ। ਇਸ ਉਜਾੜ ਖੇੜੇ ਵਲੋਂ ਇਕ ਹੋਰ ਸੁਰਤ ਦਿਲ ਢੱਠੇ ਸਿਰ ਸੱਟੇ ਆ ਰਹੀ ਹੈ, ਸ੍ਰੀ ਸੁਹਣੇ ਸੁਹਣੇ 'ਕੋਈ

[1] ਇਹ ਪ੍ਰਸੰਗ ਗੁਰਪੁਰਬ ਪੁੰਨਮ (੨ ਨੁਵੰਬਰ ੧੯੩੩) ਕੱਤਕ ਦੀ ੧੭ ਸੰ: ਗੁ: ਨਾ: ਸਾ: ੪੬੫ ਤੇ ਬਿ: ੧੯੯੦ ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

ਜੀ ਦੇ ਸਾਹਮਣੇ ਆਕੇ ਖੜੋ ਗਈ ਹੈ ਤੇ ਕੁਛ ਬੇਨਤੀ ਕੀਤੀ ਹੈ ਕਿ ਜਿਸ ਦਾ ਸਾਰ ਉਪਰਲੇ ਛੰਦ ਵਿਚ ਹੈ। ਇਹ ਦਿਲ-ਪੀੜਾ ਦੀ ਪ੍ਰਿਉ ਪ੍ਰਿਉ ਸੁਣਕੇ ਸੁਹਣੇ ਸੁਹਣੇ ਅਰਸ਼ੀ 'ਕੋਈ' ਜੀ ਮੁਸਕ੍ਰਾਏ :-

ਮਰਦਾਨਿਆਂ ! ਜਦੋਂ ਮਨ 'ਬੱਝ' ਦੇ ਘਰ ਜਾਂਦਾ ਹੈ ਤਦੋਂ ਪਹਿਲਾਂ ਕੋਈ ਕਾਰਣ ਵਰਤਦਾ ਹੈ। ਉਹ ਕਾਰਨ ਲੱਭੀਏ, ਉਸ ਕਾਰਨ ਦਾ ਹੀਜ ਪਿਆਜ ਫੋਲੀਏ ਤੇ ਪੜਤਾਲੀਏ ! ਫੇਰ ਉਸ ਨੂੰ ਵੀਚਾਰ ਦੇ ਤੱਕੜ ਤੇ ਤੋਲੀਏ। ਠੀਕ ਤਰ੍ਹਾਂ ਤੋਲ ਚੁਕਿਆਂ ਹੀ ਕਈ ਵੇਰ ਬੱਝ ਦੂਰ ਹੋ ਜਾਂਦੀ ਹੈ।

ਮਰਦਾਨਾ-ਪਾਤਸ਼ਾਹ ! ਕਦੇ ਐਉਂ ਬੀ ਨਹੀਂ ਕੁਛ ਬਣਦਾ।

ਸ਼੍ਰੀ ਗੁਰੂ ਨਾਨਕ ਦੇਵ ਜੀ- ਫੇਰ ਕੋਈ ਕਾਰਣ ਅਗੰਮ ਦਾ ਹੁੰਦਾ ਹੈ, ਪਰ ਹੁੰਦਾ ਅੰਦਰ ਹੀ ਹੈ। ਆਪਣੇ ਹੀ ਫੇੜਿਆਂ ਦੇ-ਕੋਈ ਭੁੱਲ ਗਏ, ਲੁਕ ਗਏ ਪਰ ਕੀਤੇ ਕਰਮਾਂ ਦੇ ਨਿਸ਼ਾਨ ਅੰਦਰ ਹੁੰਦੇ ਹਨ; ਜੋ ਉੱਗਰ ਉੱਗਰ ਕੇ ਤੰਗ ਕਰਦੇ ਹਨ। ਕੀਤੇ ਕਰਮਾਂ ਦਾ ਹੀ ਦੁਖ ਸੁਖ ਹੁੰਦਾ ਹੈ, ਚਾਹੇ ਅਜ ਦੇ, ਚਾਹੇ ਕਲ ਦੇ ਤੇ ਚਾਹੇ ਪਿਛਲੇ ਪਿਛਲੇਰੇ। ਏਸ ਦਾ ਦਾਰੂ ਹੈ ਨਾਮ, ਕੀਰਤਨ, ਬਾਣੀ ਦਾ ਪਾਠ, ਅਰਦਾਸ, ਸਤਿਸੰਗ, ਦਾਨ, ਇਸ਼ਨਾਨ, ਸੁਹਣੇ ਸੁਹਾਵੇ ਨਦੀਆਂ, ਬਨਾਂ, ਨਹਿਰਾਂ, ਪਹਾੜਾਂ ਦੇ ਕੁਦਰਤੀ ਦਰਸ਼ਨ, ਅੰਮ੍ਰਿਤ ਵੇਲੇ ਦੇ ਨਾਦ, ਪੰਛੀਆਂ ਦੇ ਉਮਾਹ ਤੇ ਉਨ੍ਹਾਂ ਦੇ ਮਿੱਠੇ ਮਿੱਠੇ ਇਕ ਦੋ ਤ੍ਰੈ ਸੁਰੇ ਰਾਗ, ਇਸ਼ਨਾਨ। ਹਾਂ, ਨਾਮ ਬਾਣੀ ਦਾ ਅਭਿਆਸ ਅਤੇ ਕਿਸੇ ਕੁਦਰਤੀ ਸੁੰਦਰਤਾ ਤੇ ਕੁਦਰਤ ਦੇ ਚਾਉ ਉਮਾਹ ਦੇ ਖੇੜੇ ਦੀ ਛੁਹ ਲੈਕੇ ਖਿੜ ਜਾਣਾ।

ਮਰਦਾਨਾ-ਹੁਣ ਮੇਰੇ ਬਾਬ ਕੀ ਵਰਤੀ ?

ਗੁਰੂ ਜੀ-ਤੂੰ ਕਿਤੋਂ ਅਨਾਦਰ ਲਿਆ ਹੈ ? ਓਥੇ ਤੂੰ ਅਗੋਂ ਅਨਾਦਰ ਨਹੀਂ ਕੀਤਾ, ਪਰ 'ਹੋਊ ਪਰੇ'ਬੀ ਨਹੀਂ ਕਰ ਸਕਿਆ, ਸੋ ਤੇਰੇ ਅੰਦਰ 'ਨਾ ਜਰੀ ਜਾ ਸਕਣ ਵਾਲੀ' ਤੇ 'ਨਾ ਸੱਟੀ ਜਾ ਸਕਣ ਵਾਲੀ' ਨਿਜ ਅਪਮਾਨ ਦੀ ਪੀੜਾ ਨੱਪੀ ਗਈ ਹੈ। ਫੇਰ ਤੇਰੇ ਮਨ ਨੇ ਇਸ 'ਕਾਰਣ ਵਲ' ਰੁਖ਼ ਨਹੀਂ ਕੀਤਾ ਤੇ ਚੇਤੇ ਨੇ ਸਹਾਯਤਾ ਨਹੀਂ ਕੀਤੀ। ਸੋ ਮਲਕੜੇ ਤੇਰੀ ਨਾਮ ਵਾਲੀ ਖਿੜੀ ਸੁਰਤ ਦਬ ਗਈ ਹੈ ਤੇ ਨਾਲੇ ਹੀ ਖੇੜਾ ਟੁਰ ਗਿਆ ਹੈ।

ਮਰਦਾਨਾ-ਸੁਹਾਣ ਤੇਰੀ ਆਖੀ ਨੂੰ। ਈਹਾ ਗਲ ਹੋਈ ਨੇ।

ਗੁਰੂ ਜੀ-ਕਿਵੇਂ ?

ਮਰਦਾਨਾ-ਪਾਤਸ਼ਾਹ ! ਸਾਰੇ ਜੋਗੀਆਂ ਦੇ ਗਿਆ ਹਾਂ। ਕਿਸੇ ਇਕ ਅੰਗਾਰੀ ਅੱਗ ਦੀ ਨਹੀਂ ਦਿੱਤੀ, ਦੋ ਲੱਕੜਾਂ ਨਹੀਂ ਦਿੱਤੀਆਂ, ਪਾ ਅੰਨ ਦਾ ਤਾਂ ਕੀ ਸਰਨਾ ਸੀ ਕਿਸੇ ਤੋਂ। ਆਖਦੇ ਹਨ ਅਸੀਂ ਤਾਂ ਅਤੀਤ ਹਾਂ। ਫੇਰ ਮਿੱਠਾ ਬੀ ਨਹੀਂ ਕੂੰਦੇ। ਝਿੜਕ ਝਿੜਕ ਪੈਂਦੇ ਹਨ। ਪਾਤਸ਼ਾਹ ! ਭੁੱਖੇ ਨਹੀਂ ਬੈਠੇ, ਪਦਾਰਥ ਬੀ ਪਾਸ ਪਏ ਹੈਨੇ। ਏਸ ਤੋਂ ਤਾਂ ਗ੍ਰਿਹਸਤੀ ਚੰਗਾ, ਪ੍ਰਾਹੁਣਾ ਆਵੇ ਤਾਂ ਹਜ਼ਾਰ ਖਾਤਰ ਕਰਦਾ ਹੈ। ਇਨ੍ਹਾਂ ਵਰਗਾ ਕੋਈ ਸਤ ਓਪਰਾ ਅਤੀਤ ਆ ਜਾਵੇ ਤਾਂ ਲੱਪ ਆਟੇ ਦੀ ਤਾਂ ਪਾ ਦੇਂਦਾ ਹੈ।

ਗੁਰੂ ਜੀ-ਫੇਰ ਮਰਦਾਨਿਆਂ ! ਇਹੋ ਤਾਂ ਵੇਖਣ ਤੇ ਸੋਧਣ ਚੜੇ ਹਾਂ। ਤੂੰ ਦੁੱਖ ਕਿਉਂ ਮੰਨਿਆਂ। ਦੁਖ ਅੰਦਰ ਵਾੜਿਆ ਤਾਂ 'ਬੱਝ' ਪਈ, 'ਬੱਝ' ਪਈ ਤਾਂ ਨਾਮ ਗਿਆ, ਨਾਮ ਗਿਆ ਤਾਂ ਖੇੜਾ ਗਿਆ, ਖੇੜਾ ਗਿਆ ਤਾਂ ਜੀਵਨ ਕੀ ਰਹਿ ਗਿਆ? ਨਿਰਾ ਬਲਣਾ[1]। ਜਿਵੇਂ ਚੁੱਲ੍ਹੇ ਵਿਚ ਬਾਲਣ ਦੇ ਬਲਣ ਦੀ ਕ੍ਰਿਆ ਹੋ ਰਹੀ ਹੈ ਤਿਵੇਂ ਸਰੀਰ ਵਿਚ ਅੰਨ ਦੇ ਬਲਣ ਦੀ ਕ੍ਰਿਆ ਹੈ। ਨਿਰਾ ਬਲਣਾ ਧਰਤੀ ਦੇ ਅੰਦਰ ਹੋ ਰਿਹਾ ਹੈ ਜੋ ਜ੍ਵਾਲਾ ਮੁਖੀ ਪਰਬਤ ਬੋਲਕੇ ਦੱਸ ਰਹੇ ਹਨ ! ਨਿਰਾ ਬਲਣਾ ਪਸ਼ੂ ਪੰਛੀਆਂ ਵਿਚ ਹੋ ਰਿਹਾ ਹੈ, ਹੱਥ ਲਾਓ ਤਾਂ ਪੱਥਰਾਂ ਤੋਂ ਨਿੱਘੇ ਲਗਦੇ ਹਨ, ਹੈ ਨਾ ਨਿੱਘ ਉਹਨਾਂ ਦੇ ਅੰਦਰ। ਪਰ ਨਿਰਾ ਬਲਣਾ ਅਮਰ ਜੀਵਨ ਨਹੀਂ ਹੈ। ਜੀਵਾਂ ਦੇ ਅੰਦਰ ਜੋ ਬਲਣਾ ਹੋ ਰਿਹਾ ਹੈ ਉਹ ਸਰੀਰੀ ਜੀਵਨ ਲਈ ਨਿੱਘ ਪੈਦਾ ਕਰਦਾ ਹੈ। ਜਦੋਂ ਕਿਸੇ ਕਾਰਣ ਜੀਵ ਦੇ ਅੰਦਰੋਂ ਅੱਗ ਬੁਝ ਗਈ, ਜੀਵਨ ਫੇਰ ਓਥੇ ਨਹੀਂ ਦਿੱਸਦਾ। ਬ੍ਰਿਛ, ਪਸ਼ੂ, ਪੰਛੀ, ਮਨੁੱਖ ਦਾ ਮਾਮੂਲੀ ਜੀਵਨ ਜੋ ਹੈ ਸੋ ਇਕ ਤਰ੍ਹਾਂ ਦਾ ਬਲਣਾ ਹੈ, ਹੋਇਆ ਜੁ ਬਲਣੇ ਦੇ ਆਸਰੇ। ਜੀਵਨ ਵਿਚ ਇਕ ਜਾਗ ਆਉਂਦੀ ਹੈ ਉਸ ਵਿਚ ਖੇੜਾ ਆਉਂਦਾ ਹੈ।

---

[1] ਕੋਈ ਕ੍ਰਿਆ ਜਿਸ ਨਾਲ ਅਗ, ਸੇਕ ਯਾ ਨਿੱਘ ਉਪਜ ਰਹੀ ਹੋਵੇ।

ਸੋ ਜੇ ਜੀਵ ਉਸ ਖੇੜੇ ਵਿਚ ਖਿੜਦਾ ਹੈ ਤਾਂ ਜੀਉਂਦਾ ਹੈ ਜੇ ਨਹੀਂ ਖਿੜਦਾ ਤਾਂ ਨਿਰਾ ਬਲਦਾ ਹੈ[1]। ਇਹ ਖੇੜੇ ਦਾ ਜੀਵਨ ਅਮਰ ਖੇੜੇ ਦਾ ਜੀਵਨ ਹੋ ਜਾਂਦਾ ਹੈ ! ਮਨੁੱਖ ਜੀਏ ਕਿ ਮਰੇ, ਖੇੜੇ ਵਾਲਿਆਂ ਦਾ ਖੇੜਾ ਨਾਲ ਰਹਿੰਦਾ ਹੈ । ਜੋ ਅਸਲੀ ਰੱਬੀ ਖੇੜੇ ਦੇ ਘਰ ਆ ਗਿਆ, ਏਥੇ ਓਥੇ ਖੇੜੇ ਵਿਚ ਰਹਿੰਦਾ ਹੈ। ਤਾਂਤੇ ਹੇ ਮਰਦਾਨੇ ! ਸਾਂਈਂ ਪਿਆਰ ਵਿਚ ਖਿੜੇ ਰਹਿਣਾ ਅਸਲ ਜੀਵਨ ਹੈ[2]।

ਮਰਦਾਨਾ-ਸੁਹਾਣ ਤੇਰੀ ਸੋਝੀ ਨੂੰ, ਸੁਹਾਣ ਤੇਰੀ ਆਖੀ ਨੂੰ। ਡੂੰਮ ਕਦ ਦਾ ਤੇਰੇ ਨਾਲ ਹੈ, ਸਮਝਿਆ ਬੀ ਸੂ, ਹੱਥ ਪੈਰ ਬੀ ਮਾਰਦਾ ਹੈ ਪਰ ਫੇਰ ਪੈਰ ਤਿਲਕ ਜਾਂਦੇ ਸੂ। ਤੇਰੇ ਬਚਨ ਹੀ ਅਮਰ ਖੇੜੇ ਹਨ, ਕੁਦਰਤ ਦੇ ਸੁਹਾਵੇ ਰਾਗ ਹਨ, ਪਾਤਸ਼ਾਹ ! ਮੈਂ ਹੁਣ ਫਿਰ ਖਿੜ ਆਇਆ ਹਾਂ; ਨੈਣ ਖੁੱਲ ਆਏ ਹਨ, ਲਹੂ ਗੇੜ ਜਾਪਦਾ ਹੈ ਕਿ ਸਰਰ ਸਰਰ ਕਰ ਉਠਿਆ ਹੈ, ਨਾਮ ਦੀ ਤਾਰ ਤਰੱਥ੍ਰਕ ਉੱਠੀ ਹੈ, ਸੁਰਜੀਤ ਹੋ ਗਈ ਹੈ। ਸੁਹਾਣ ਤੇਰੀ ਮਿਹਰ ਦੇ। 'ਸਤਿ ਸੁਹਾਣ ਸਦਾ ਮਨਿ ਚਾਉ' ਤੁਸਾਂ ਕਿੰਨੀ ਵੇਰੀ ਫੁਰਮਾਇਆਂ ਹੈ, ਪਰ ਅੱਲ੍ਹੜ ਦੇ ਲੜ ਨਹੀਂ ਬੱਝਦਾ ਇਹ ਨੁਕਤਾ। (ਠੰਢੇ ਸਾਹ ਤੇ ਲੰਮੇ ਲੰਮੇ ਸਾਹ ਲੈਕੇ) ਪਾਤਸ਼ਾਹ ! ਇਹ ਕੀਹ ਵਰਤਦੀ ਹੈ, ਕਿ ਜਦੋਂ ਕਿਸੇ ਮਨ ਦੀ ਦੂੜ ਦੇ ਮਗਰੋਂ ਸੁਖ ਹੋਣ ਲਗਦਾ ਹੈ, ਸਗੋਂ ਠੰਢੇ ਸਾਹ ਆਉਂਦੇ ਹਨ?

ਗੁਰੂ ਜੀ-ਤੈਨੂੰ ਦੱਸਿਆ ਸੀ ਕਿ ਸੁਰਤੇ ਪੁਰਖ ਨਾਮ ਵਿਚ ਜੀਉਂਦੇ ਹਨ। ਉਨ੍ਹਾਂ ਦੇ ਅੰਦਰ ਅਪਣੇ ਨਾਮ ਰੰਗ ਨਾਲ ਚਾਉ ਉਪਜਦਾ ਹੈ। ਇਹ ਚਾਉ ਜਰਨਾ ਕਠਨ ਹੈ, ਅਜਰ ਵਸਤੁ ਹੈ। ਨਾ ਜਰ ਸਕਣ ਕਰਕੇ ਭੁੱਲਾਂ ਹੋ ਜਾਂਦੀਆਂ ਹਨ। ਭੁੱਲਾਂ ਦਾ ਫਲ 'ਬੱਝ' ਆ ਜਾਂਦੀ ਹੈ, ਅੰਦਰ ਘੁੱਟ ਹੋ ਜਾਂਦਾ ਹੈ। ਨੱਪੇ ਆਵੇ ਵਾਂਙੂੰ ਘੁੱਟਿਆ ਮਨ ਆਪੇ ਨੂੰ ਖਾਂਦਾ ਹੈ। ਜਦੋਂ ਸੁਰਤੇ ਪੁਰਖਾਂ ਦੀ 'ਬੱਝ' ਖੁੱਲ੍ਹੇ, ਨਾਮ ਦੀ ਅਮਰੀ ਰੌ ਰੁਮਕੇ ਤੇ ਖੇੜੇ ਨੂੰ ਮੋੜੇ ਪੈਣ, ਉਸ ਵੇਲੇ ਮਰਦਾਨਿਆਂ ! ਸੁਰਤ ਮਾਨੋਂ ਪਰਬਤਾਂ ਦੇ ਭਾਰ ਹੇਠੋਂ ਨਿਕਲਦੀ ਹੈ ਤੇ ਸੁਖ ਦੇ ਸਾਹ ਲੈਂਦੀ ਹੈ। ਓਹ ਠੰਢੇ ਸਾਹ ਸੁਖ ਦੇ ਤੇ ਮੁੜਕੇ ਠੰਢ ਵਰਤਣ ਦੇ ਸਾਹ ਹੁੰਦੇ ਹਨ, ਓਹ ਅੰਦਰ ਸਹੂਲਤ ਵਰਤਾਉਂਦੇ ਹਨ ਤੇ ਉਨ੍ਹਾਂ ਦੇ ਨਾਲ ਨਾਲ ਫੇਰ ਖੇੜੇ ਦੇ ਜੀਵਨ ਦੀ ਰੌ ਸਾਫ ਟੁਰ ਪੈਂਦੀ ਹੈ। ਸਾਵਧਾਨ ਰਿਹਾ ਕਰ[1]।

ਮਰਦਾਨਾ-ਸਾਵਧਾਨ ਤੇਰੀ ਮਿਹਰ ਹੀ ਰਖ ਸਕਦੀ ਹੈ, ਡੂੰਮ ਤਾਂ ਓਧਰੇ 'ਬੱਝ' ਵਲ ਮੁੜ ਮੁੜ ਜਾਂਦਾ ਹੈ। ਵੇਖ ਪਾਤਸ਼ਾਹ ਹੁਣੇ ਤੂੰ ਮੈਨੂੰ ਚੰਗਾ ਕੀਤਾ ਹੈ, ਹੁਣੇ ਫੁਰ ਪਈ ਹੈ ਫੇਰ ਸੋਚ ਕਿ ਰਾਤ ਆ ਰਹੀ ਹੈ, ਠੰਢ ਹੈ ਕਿਵੇਂ ਬੀਤਸੀ ?

ਗੁਰੂ ਜੀ-ਕਦੇ ਤਾਂ ਫੁਰਨਿਆਂ ਦੀ ਨੈਂ ਨੂੰ ਤਰਿਆ ਬੀ ਕਰ। ਇਕ ਪਲ ਲਈ ਹੋੜਦੇ ਫੁਰਨੇ ਨੂੰ, ਆ ਜਾ ਸਿਮਰਨ ਦੇ ਘਰ, ਤੱਕ ਅੰਦਰ ਨੂੰ, ਫੁਰਨਾ ਰੋਕ, ਲੈ ਨਾਮ ਸਾਂਈਂ ਦਾ। ਪ੍ਰਤੀਤ ਕਰ ਕਿ ਉਸ ਨਾਲ ਲੱਗ ਰਿਹਾ ਹਾਂ ਜਿਸ ਦਾ ਨਾਮ ਰਸਨਾ ਪਰ ਹੈ। ਆਪਣੇ ਅੰਦਰ ਆ ਜਾ[2], ਇਕ ਦਮ ਲਈ ਹੀ ਆ ਜਾ, ਹਾਂ ਟਿਕ ਜਾ, ਆਪੇ ਵਿਚ। ਦੇਖ ਹੁਣ ਜੋ ਤੂੰ 'ਹੈ' ਮਾਤ੍ਰ ਹੈਂ ਸੋ ਸਾਂਈਂ ਦੀ 'ਹੈ' ਨਾਲ ਲਗ ਰਿਹਾ ਹੈਂ। ਇਸ ਰੰਗ ਵਿਚ ਰਹਿਣ ਦੇਹ ਆਪ ਨੂੰ, ਸੋਚਾਂ ਨੂੰ ਹੋੜ ਦੇਹ, ਹੰਭਲਾ ਮਾਰ, ਰਾਤ ਆਪੇ ਬੀਤ ਜਾਏਗੀ। ਇਹ ਹੈ 'ਮੇਲਾ', ਇਹ ਹੈ 'ਜੋਗ ਸਾਂਈਂ ਨਾਲ', ਇਹ ਹੈ 'ਸਿਦਕ ਯਕੀਨ ਰਬ ਵਿਚ'-'ਗਲ ਚੰਬੜ' ਸਾਂਈਂ ਜੀ ਨਾਲ[3]। ਸੋ ਇਹ ਹਾਲ ਵਿਚ ਹੋਕੇ ਵਿਚਾਰ ਕਰ ਕਿ ਜਿਸ ਦੇ ਗਲ ਲੱਗੇ ਹਾਂ ਹੁਣ ਉਸ ਨੂੰ ਫਿਕਰ ਹੈ ਰਾਤ ਦਾ। ਕਦੇ ਤਾਂ ਫਿਕਰ ਛੱਡਕੇ ਟਿਕਾਉ ਦੇ ਘਰ ਆਕੇ ਦੇਖ ਕਿ ਕਾਦਰ ਦੀ ਕੁਦਰਤ ਕੀਹ ਕਰਦੀ ਹੈ। ਤੂੰ ਫਿਕਰ ਕਰੇਂਗਾ ਤਾਂ ਕਰ, ਮਨ੍ਹਾ ਨਹੀਂ, ਪਰ ਨਾਲ ਅਕਲ ਦੂਜਾ ਤੇ ਬੰਦੋਬਸਤ ਕਰ ! ਪਰ ਇਕ ਤਾਂ ਨਾਮ ਨਾਂ

---

[1] ਜੈਸਾ ਕਿ ਪੰਜਵੇਂ ਸਤਿਗੁਰਾਂ ਫੁਰਮਾਇਆ ਹੈ:-

ਬਿਨ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਆਰਜਾਰੀ ॥ {ਟੋ: ਮ: ੫}

[2] ਨਾਨਕ ਭਗਤਾ ਸਦਾ ਵਿਗਾਸੁ {ਜਪੁਜੀ}

[1] ਇਹ ਸਾਰੀ ਵਾਰਤਾਲਾਪ 'ਸਤਿ ਸੁਹਾਣੁ ਸਦਾ ਮਨਿ ਚਾਉ' ਦੀ ਪ੍ਰਾਪਤੀ ਦੀ ਖੁੱਲ੍ਹੀ ਵਿਆਖਿਆ ਹੈ।

[2] ਅੰਤਰਿ ਵਸੈ ਨ ਬਾਹਰਿ ਜਾਇ ॥ {ਸੂ: ਮ: ੧}

[3] ਇਕ ਭਾਇ ਇਕ ਮਨਿ ਨਾਮੁ ਵਸਿਆ ਸਤਿਗੁਰੂ ਹਮ ਮੇਲੀਆ ॥ {ਬਿਲਾ: ਮ: ੧}

ਛੱਡੀਂ, ਦੂਜੇ ਤੇਰੀਆਂ ਕੀਤੀਆਂ ਨਾ ਸਿਰੇ ਚੜ੍ਹੀਆਂ ਤਾਂ ਉਨ੍ਹਾਂ ਦਾ ਦੁੱਖ ਨਾ ਕਰੀਂ, ਤਾਂ ਤਾਂ ਖੇੜਾ ਮਾੜਾ ਮੋਟਾ ਬਚਿਆ ਰਹੂ। ਜਣੇ ਤੂੰ ਨਾ ਸਿਰੇ ਚੜ੍ਹੀਆਂ ਤੇ ਉਦਾਸ ਹੋਇਓਂ, ਕ੍ਰੁੱਝਿਓਂ ਯਾ ਸਿਰੇ ਚੜ੍ਹੀਆਂ ਤੇ ਬਫਾਇਓਂ, ਹੰਕਾਰਿਓਂ ਤੇ ਪਾਟਿਓਂ ਤਾਂ ਖੇੜਾ ਟੁਰ ਜਾਏਗਾ; ਨਾਮ ਦੀ ਰੌ ਬੰਦ ਹੋ ਜਾਏਗੀ ਜਾਂ ਅਤਿ ਮੱਧਮ ਪੈ ਜਾਏਗੀ। ਫੇਰ ਸੁਰਤ ਵਿਚ 'ਬੱਝ' ਆ ਜਾਏਗੀ। ਤਦੋਂ ਤੂੰ ਦੁਖੀ ਹੋ ਆਖੇਂਗਾ, ਦੁੱਖਾਂ ਵਿਚ ਬੀਤ ਗਈ ਸਾਰੀ, ਦਿਨੇ ਦੁੱਖ, ਰਾਤੀਂ ਦੁਖ, ਸੰਸਾਰ ਦੁੱਖ ਰੂਪ ਹੈ। ਕਿਉਂ ਦੁੱਖ ਹੈ ਏਥੇ ? ਹਾਇ ਦੁੱਖ' !

ਮਰਦਾਨਾ–ਤੇ ਭਲਾ ਪਾਤਸ਼ਾਹ ਜਿਵੇਂ ਤੁਸੀਂ ਆਖਿਆ ਹੈ, ਮਨ ਨਾਮ ਨਾਲ ਟਿਕ ਗਿਆ ਤੁਸਾਂ ਦੀ ਮਿਹਰ ਸਦਕੇ, ਫੇਰ ਜੋ ਲੋੜ ਕਿ ਥੋੜ ਆ ਜਾਂਦੀ ਹੈ ਕੀ ਓਹ ਪੂਰੀ ਆਪੇ ਹੋ ਜਾਏਗੀ ?

ਗੁਰੂ ਜੀ–ਹੋ ਜਾਂਦੀ ਹੈ ਬਹੁਤੀ ਵੇਰ। ਪਰ ਜੇ ਨਾ ਹੋਵੇ ਤਾਂ ਸੁਰਤ ਦਾ (ਰੂਹਾਨੀ) ਖੇੜਾ ਤਾਂ ਬਚ ਰਹਿੰਦਾ ਹੈ, ਨਾਮ ਤੇ ਸੁਰਤ ਦੀ ਤਾਰ ਤਾਂ ਤੁਰੀ ਰਹਿੰਦੀ ਹੈ ਨਾ। ਓਹ ਜੋ ਲੋੜਾਂ ਦਾ ਪੁੱਗਣਾ ਸੀ ਓਹ ਤਾਂ ਓਹੋ ਜਿਹਾ ਰਿਹਾ। ਉਹ ਤਾਂ ਅਕਲਾਂ ਨਾਲ ਬੀ ਕਦੇ ਪੁੱਗਦਾ ਹੈ, ਕਦੇ ਨਹੀਂ ਪੁੱਗਦਾ। ਇਸ ਅੰਦਰੋਂ ਮਿਲੇ ਰਹਿਣ ਨਾਲ ਜੇ ਭਲਾ ਨਾ ਪੁੱਗਾ ਤਾਂ ਅੰਦਰ ਦੀ ਜਿੰਦ ਕਣੀ ਤਾਂ ਨਹੀਂ ਨਾ ਮਾਰੀ ਜਾਂਦੀ। ਅਤੇ ਜੇ ਅਸੀਂ ਚਾਹੀਏ ਕਿ ਉਹ ਪੁੱਗੇ ਹੀ ਤਾਂ ਨਾਮ ਵਿਚ ਲੱਗਣਾ ਹੈ, ਤਾਂ ਇਹ ਪ੍ਰੇਮ ਤੇ ਪ੍ਰੇਮਾ-ਭਗਤੀ ਨਾ ਹੋਈ ਇਹ ਤਾਂ ਵਟਾਂਦਰਾ ਤੇ ਸੌਦਾ ਜਿਹਾ ਹੋ ਗਿਆ।

ਮਰਦਾਨਾ–ਫੇਰ ਅਕਲ ਤੇ ਉੱਦਮ ਨਾ ਵਰਤੇ?

ਗੁਰੂ ਜੀ–ਫੇਰ ਤੂੰ ਉਹੋ ਲੱਲ੍ਹੀ ਲਾਈ ਹੈ, ਜੋ ਸੁੱਤੀਆਂ ਸੁਰਤਾਂ ਵਾਲੇ ਲਾਉਂਦੇ ਹਨ। ਅਕਲ ਵਰਤੋ ਉੱਦਮ ਕਰੋ, ਕਿਉਂ ਨਾ ਕਰੋ ? ਮੂਰਖਤਾ ਤੇ ਆਲਸ ਤਾਂ ਕਦੇ ਨਹੀਂ ਸਲਾਹੇ ਗਏ। ਅਸੀਂ ਤਾਂ ਸੁਰਤੇ ਪੁਰਖਾਂ ਦੀ ਗਲ ਕਰ ਰਹੇ ਹਾਂ, ਜੋ ਟਿਕਾਉ ਦੇ ਘਰ ਜਾਕੇ ਆਤਮ ਚਾਉ ਦੇ ਘਰ ਜਾਂਦੇ ਹਨ ਯਾ ਜੋ ਅੰਦਰ ਖੇੜਾ ਸੁਰਜੀਤ ਕਰਦੇ ਹਨ[੧] , ਓਹ ਜਗਤ ਵਿਚ ਕਿਵੇਂ ਜੀਵਨ ਨੂੰ ਸੁਖੀ ਬਣਾਉਂਦੇ ਹਨ। ਹੁਣ ਤੂੰ ਇਸ

[੧] ਨਾਨਕ ਭਗਤਾ ਸਦਾ ਵਿਗਾਸੁ ॥ {ਜਪੁਜੀ}

ਆਪਣੀ ਸਿਰ ਬੀਤੀ ਉੱਤੇ ਹੀ ਸੋਚ ਕਿ ਉੱਦਮ ਤੇ ਅਕਲ ਨੂੰ ਤੂੰ ਵਰਤ ਆਇਆ ਹੈਂ, ਬਣਿਆਂ ਕੁਛ ਨਹੀਂ, ਪਰ ਸਗੋਂ ਨਾਮ ਤੇ ਖੇੜਾ ਗੁਆ ਆਇਆ ਹੈਂ। ਉੱਦਮ ਤੇ ਅਕਲ ਮਾੜੇ ਨਹੀਂ ਖੇੜਾ ਗੁਆ ਲੈਣਾ ਮਾੜਾ ਹੈ। ਹੁਣ ਹੋਰ ਕੋਈ ਅਕਲ ਉੱਦਮ ਚਲਦਾ ਹੈ ਤਾਂ ਲਾ, ਪਰ ਖੇੜਾ ਸੰਭਾਲੀਂ। ਜੇ ਖੇੜਾ ਨਾ ਗੁਆਚਾ ਤਾਂ ਤੂੰ ਜੀਉਂਦਾ ਹੈਂ ਅਮਰੀ ਜੀਵਨ ਵਿਚ। ਡੂੰਘੀ ਸੋਚ ਕਰ ਕਿ ਜਿਸ ਜੀਵਨ ਨੂੰ ਤੂੰ ਪਿਆ ਚੰਬੜ ਰਿਹਾ ਹੈਂ ਉਸ ਨੇ ਨਹੀਂ ਰਹਿਣਾ, ਪਰ ਖੇੜੇ ਦਾ ਜੀਵਨ, ਜੋ ਅਮਰ ਜੀਵਨ ਹੈ, ਉਹ ਰਹੇਗਾ। ਜੇ ਅਕਲ ਤੇ ਉੱਦਮ ਦੀ ਦੌੜ ਮੁੱਕ ਗਈ ਹੋਈ ਤਾਂ ਨਾਮ ਨੂੰ ਸੰਭਾਲ, ਖੇੜੇ ਦੇ ਘਰ ਖਿੜ ਤੇ ਬਹਿ ਜਾ ਅਰਾਮ ਨਾਲ। 'ਹਰਿ ਸਿਉਂ ਸਮਾਈ ਕਰ ਅੰਦਰ[੧] ।' ਅੰਤਰ ਸਮਾਈ ਨਾਲ ਆਪਾ ਸੁਤੇ ਹੀ ਮਾਲਕ ਦੀ ਛੁਹ ਵਿਚ ਚਲਾ ਜਾਂਦਾ ਹੈ ਬਹਿ ਜਾ ਏਸ ਮੌਜ ਵਿਚ। ਦੇਖ ਕਿ ਰਾਤ ਅੱਗੇ ਆ ਰਹੀ ਹੈ, ਕੁਛ ਖਾਣ ਨੂੰ ਆ ਗਿਆ ਤਾਂ ਸਾਂਈਂ ਦੀ ਮਿਹਰ, ਜੇ ਨਾ ਆਇਆ ਤਾਂ ਇਸੇ ਰੰਗ ਬੈਠਾ ਰਹੁ, ਸਾਂਈਂ ਨਾਲੋਂ ਸਾਕਤ[੨] ਤਾਂ ਨਾ ਹੋਵੇਂਗਾ, ਇਕ ਸ਼ੈ ਤੇ ਅਮੋਲਕ ਸ਼ੈ ਤਾਂ ਪੱਲੇ ਰਹਿ ਜਾਏਗੀ ਨਾ ! ਕਿਉਂ ਸਮਝੇ ਪੈਂਦੀ ਹੈ ਗਲ?

ਮਰਦਾਨਾ–ਸੁਹਾਣ ਤੇਰੇ ਜੇਰੇ ਨੂੰ ਜੋ ਮੈਂ ਮੂਰਖ ਨਾਲ ਕੱਟਦੇ ਹੋ, ਕੱਟਦੇ ਹੀ ਨਹੀਂ, ਸਗੋਂ ਪਿਆਰ ਕਰਦੇ ਹੋ ਤੇ ਕੱਖਾਂ ਦੀ ਕੁੱਲੀ ਨੂੰ ਦੰਦ ਖੰਡ ਦੇ ਪਾੜਛੇ ਲਾਉਂਦੇ ਹੋ। ਸੁਹਾਣ ਤੇਰੇ ਨਾਮ ਨੂੰ, ਤੇਰੇ ਖੇੜੇ ਨੂੰ, ਤੇਰੇ ਉਸ ਪਰਮਤੱਤ ਨੂੰ ਜਿਸ ਦੀ ਛੁਹ ਖੇੜੇ ਦੇ ਘਰ ਗਿਆਂ ਮਿਲਦੀ ਹੈ, ਹਿਕੇ ਜਿਸਦੇ ਹਜ਼ੂਰ ਮਨ ਹਾਜ਼ਰ ਕੀਤਿਆਂ ਉਸ ਦੀ ਛੁਹ ਮਿਲਦੀ ਹੈ ਤੇ ਛੁਹ ਖੇੜਾ ਲਾ ਦੇਂਦੀ ਹੈ। ਲੈ ਹੁਣ ਮਿਹਰ ਕਰ ਜੋ ਤੇਰਾ ਲਾਇਆਂ ਬੂਟਾ ਰਾਤੀਂ ਲਹਿਰਾ ਲੈਂਦਾ ਰਹੇ। ਇਹ ਕਹਿਕੇ ਮਰਦਾਨਾ 'ਸਤਿ ਕਰਤਾਰ' ਕਹਿਕੇ ਬਹਿ ਗਿਆ, ਟਿਕਕੇ ਨਾਮ ਨਾਲ ਜੁੜਕੇ। ਕੁਛ ਚਿਰ ਦੇ ਬਾਦ ਬੈਠੇ ਨੂੰ ਹੀ ਨੀਂਦ ਪੈ ਗਈ। ਨੀਂਦ ਵਿਚ ਸਰੀਰ ਆਪੇ ਨਿੱਸਲ ਹੋ ਗਿਆ, ਚਾਦਰ

[੧] ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ ਹਰਿ ਸਿਉ ਰਹਾ ਸਮਾਈ। {ਸਾਰੰਗ: ਅਸਟ: ਮਹਲਾ ੧-੧}
[੨] ਟੁੱਟਾ ਹੋਇਆ ॥

ਜਿਸ ਦੀ ਝੁੰਬ ਮਾਰੀ ਹੋਈ ਸਾਸੁ ਸਾਰੇ ਸਰੀਰ ਨੂੰ ਵਿਲ੍ਹਿਟ ਗਈ ਨੀਂਦ ਵਿਚ ਹੀ।

ਜਦੋਂ ਤਿੰਨ ਪਹਿਰ ਰਾਤ ਬੀਤ ਗਈ ਤਾਂ ਅਭਜਾਸੀ ਮਰਦਾਨੇ ਦੀ ਜਾਗ ਖੁੱਲ੍ਹ ਗਈ। ਕੀਹ ਦੇਖਦਾ ਹੈ ਕਿ ਨਾਮ ਜਾਰੀ ਹੈ ਤੇ ਸੁਰਤ ਸੁਖੀ ਹੈ, ਥੋੜਾਂ ਥੋੜਾ ਪਾਲਾ ਜਾਪਦਾ ਹੈ, ਪਰ ਬਹੁਤ ਨਹੀਂ। ਫਿਰ ਅੱਖਾਂ ਖੋਲ੍ਹਕੇ ਅਕਾਸ਼ ਵੰਨੇ ਤੱਕਿਓਸੁ; ਆਖਣ ਲੱਗਾ : ਉੱਠ ਮਨਾ ! ਰਬਾਬ ਵਜਾ, ਕੀਰਤਨ ਕਰ, ਵੇਲਾ ਹੋ ਗਿਆ ਹੈ। ਜਾਂ ਉੱਠਿਆ ਤਾਂ ਕੀਹ ਦੇਖੇ ਕਿ ਲਾਗੇ ਹੀ ਧੂਣੀ ਲਗ ਰਹੀ ਹੈ, ਅੱਗ ਲਟ ਲਟ ਬਲ ਰਹੀ ਹੈ, ਕੁਛ ਲੱਕੜਾਂ ਅਜੇ ਹੋਰ ਪਾਸ ਪਈਆਂ ਹਨ, ਦੇਖਕੇ ਅਚਰਜ ਹੋ ਗਿਆ। ਫਿਰ ਤੱਕੇ ਤਾਂ ਗੁਰੂ ਜੀ ਦਾ ਆਸਣ ਪਿਆ ਹੈ ਪਰ ਆਪ ਸੁਖ ਹੈਨ। ਥੋੜੇ ਚਿਰ ਮਗਰੋਂ ਆਪ ਆ ਗਏ ਤਾਂ ਮਰਦਾਨੇ ਪੁੱਛਿਆ : ਪਾਤਸ਼ਾਹ, ਇਹ ਅੱਗ ਕਿਥੋਂ ਆ ਗਈ ? ਗੁਰੂ ਜੀ ਹੱਸਕੇ ਬੋਲੇ ਜਿਸ ਦਾਤੇ ਦੇ ਨਾਲ ਲੱਗਕੇ ਟਿਕ ਗਿਆਂ ਸੈਂ ਉਸ ਦੀ ਨਦਰ ਹੈ[1], ਉਸ ਨੇ ਕਿਸੇ ਦੇ ਮਨ ਮਿਹਰ ਪਾ ਦਿਤੀ ਹੋਊ।

ਮਰਦਾਨਾ-ਕਿਵੇਂ ਹੋਈ ?

ਗੁਰੂ ਜੀ-ਮਰਦਾਨਿਆਂ, ਤੂੰ ਤਾਂ ਥੱਕਾ ਸੈਂ ਥੋੜੇ ਚਿਰ ਵਿਚ ਹੀ ਤੂੰ ਸੌਂ ਗਿਆ ਸੈਂ। ਅਜੇ ਸਵੀਂ ਸਾਂਝੀ ਸੀ ਕਿ ਬਨ ਵਿਚੋਂ ਇਕ ਕੋਈ ਆਇਆ, ਗੋਹਾਂ ਮਾਰਕੇ ਗੁਜ਼ਾਰਾ ਕਰਨ ਵਾਲਾ ਸ਼ਿਕਾਰੀ; ਉਸ ਦੇ ਸਿਰ ਲੱਕੜਾਂ ਦੀ ਪੰਡ ਸੀ ਤੇ ਹੱਥ ਦੀਣ੍ਹੀ ਬਲਦੀ ਸੀ। ਉਸੇ ਸਾਨੂੰ ਡਿੱਠਾ ਤੇ ਲਕੜਾਂ ਦਾ ਭਾਰ ਭੁੰਜੇ ਧਰਕੇ ਪਾਸ ਆ ਬੈਠਾ ਤੇ ਡਾਢੇ ਪਜਾਰ ਨਾਲ ਆਖਣ ਲੱਗਾ: 'ਸਾਧੂ ਜੀ; ਤੁਸੀਂ ਰਾਤ ਕਿਵੇਂ ਗੁਜ਼ਾਰਸੋ, ਧੂਣੀ ਨਹੀ ਹੈ ? ਤਾਂ ਅਸਾਂ ਆਖਿਆ: 'ਬੀਤ ਜਾਏਗੀ'। ਤਾਂ ਉਸ ਆਖਿਆ: 'ਮੈਂ ਧੂਣੀ ਲਾ ਦਿਆਂ?' ਅਸਾਂ ਆਖਿਆ: 'ਤੂੰ ਟੱਬਰਦਾਰ ਹੈਂ, ਅਜ ਤੈਨੂੰ ਸ਼ਿਕਾਰ ਬੀ ਨਹੀਂ ਮਿਲਿਆ, ਇਨ੍ਹਾਂ ਲਕੜਾਂ ਨੂੰ ਵੇਚਕੇ ਹੀ ਤੂੰ ਅੰਨ ਪਾਣੀ ਲੈਣਾ ਹੋਊ' ! ਤਾਂ ਉਹ ਕਹਿਣ ਲੱਗਾ : 'ਅਸੀਂ ਲੋਕ ਨੀਵੇਂ ਹਾਂ, ਸਾਡਾ ਕਿੱਤਾ ਬੀ ਨੀਵਾਂ ਹੈ, ਪਰ ਹੇ ਸਾਧੂ ਜੀ ਮਹਾਰਾਜ ! ਮੇਰੇ ਮਨ ਡਾਢਾ ਕੁਛ ਹੁੰਦਾ ਹੈ ਕਿ ਤੁਸੀਂ ਰਾਤ ਬਾਹਰੇ ਬੈਠੋ ਤੇ ਪਾਲਾ ਸਹੋ। ਮੇਰੇ ਘਰ ਬਾਲਣ ਹੈਗਾ ਹੈ ਤੇ ਦੋ ਚਾਰ ਦਿਨ ਜੋਗਾ ਗੁਜ਼ਾਰਾ ਬੀ ਹੈ। ਮਾਂ, ਵਹੁਟੀ ਤੇ ਬੱਚੇ ਭੁੱਖੇ ਨਹੀਂ ਰਹਿਣ ਲਗੇ, ਅਰਜ਼ੋਈ ਮੰਨ ਲਵੋ।' ਤਾਂ ਅਸਾਂ ਆਖਿਆ: 'ਜੇ ਤੇਰੇ ਅੰਦਰ ਭਾਉ ਹੋ ਆਇਆ ਹੈ ਤਾਂ ਚੰਗਾ।' ਮਰਦਾਨਿਆਂ ! ਭਾਉ ਦਾ ਅੰਦਰ ਫੇਰਾ ਪੈਣਾ ਉੱਚੇ ਜੀਵਨ ਦਾ ਜਨਮ ਹੁੰਦਾ ਹੈ। ਤਦ ਉਸ ਨੇ ਮਰਦਾਨਿਆਂ ! ਧੂਣੀ ਲਾ ਦਿੱਤੀ; ਬਾਕੀ ਲੱਕੜਾਂ ਕੋਲ ਧਰ ਦਿਤੀਆਂ ਤੇ ਆਪ ਦੂਜੀ ਦੀਣ੍ਹੀ ਬਾਲਕੇ; ਕੁਛ ਦੀਣ੍ਹੀਆਂ ਏਥੇ ਧਰ ਗਿਆ ਤੇ ਬਾਕੀ ਦੀਣ੍ਹੀਆਂ ਨਾਲ ਲੈਕੇ ਟੁਰ ਗਿਆ।

ਮਰਦਾਨਾ-ਪਾਤਸ਼ਾਹ ! ਐਡੇ ਸਿੱਧ ਪੱਧਰੇ ਮਨਾਂ ਵਿਚ ਬੀ ਤੇਰੀ ਕਰਾਮਾਤ ਪੁੜ ਜਾਂਦੀ ਹੈ। ਉਹਨਾਂ ਦੇ ਮਨ ਬੀ ਮਿਹਰ ਪੈ ਜਾਂਦੀ ਹੈ। ਸੁਹਾਣ ਤੇਰੇ ਅਡੋਲ ਦਿਲ ਨੂੰ, ਸੁਹਾਣ ਤੇਰੇ ਸਾਂਈਂ-ਪਜਾਰ ਨੂੰ, ਸੁਹਾਣ ਤੇਰੇ ਸਾਂਈਂ ਨੂੰ ਤੇ ਤੇਰੀਆਂ ਕਰਨੀਆਂ ਨੂੰ। ਪਾਤਸ਼ਾਹ ! ਓਸ ਭਾਉ ਵਾਲੇ ਬੰਦੇ ਤੇ ਤ੍ਰੁੱਠੇ ਹੋਸੋ, ਤੁਸੀਂ ਤਾਂ ਬੜੇ ਕੂਲੇ ਦਿਲ ਵਾਲੇ ਹੋ। ਹਾਇ ਮੇਰੀ ਨੀਂਦ, ਮੈਂ ਕਿਉਂ ਸੌਂ ਗਿਆ? ਮੈਂ ਵੇਖਦਾ ਸਿੱਧੇ ਸਾਦੇ ਮਨ ਦਾ ਭਾਉ, ਉਸ ਦਾ ਆਪਾਵਾਰ ਦਾਨ, ਆਪ ਦਾ ਉਸ ਨੂੰ ਕਬੂਲਣਾ ਤੇ ਮਿਹਰਾਂ ਨਾਲ ਤਾਰਨਾ।

ਗੁਰੂ ਜੀ-ਮਰਦਾਨਿਆਂ ! ਤੂੰ ਬਹੁਤ ਥੱਕਾ ਸੈਂ ਚੰਗਾ ਹੋਇਆ ਸੌਂ ਗਿਆ ਸੈਂ।

ਮਰਦਾਨਾ-ਪਾਤਸ਼ਾਹ! ਇਹ ਦੱਸੋ ਉਸਤੇ ਮਿਹਰ ਹੋਈ ਕਿ ਨਾਂ? ਤਸੀਂ ਤਾਂ ਡਾਢੇ ਤ੍ਰੁੱਠਣਹਾਰ ਹੋ?

ਗੁਰੂ ਜੀ-ਮਰਦਾਨਿਆਂ ! ਉਸ ਦਾ ਭਾਉ ਥਾਂ ਪਿਆ ਹੈ; ਹੁਣ ਉਹ ਲੱਗੇਗਾ ਸਾਂਈਂ ਵਲ, ਭਜਨ ਕਰੇਗਾ, ਕਿਸੇ ਜਨਮ ਬੜਾ ਮਹਾਂ ਪੁਰਖ ਹੋਕੇ ਕਈਆਂ ਨੂੰ ਤਾਰੇਗਾ[1]।

ਮਰਦਾਨਾ-ਸੁਹਾਣ ਤੇਰੀ ਮਿਹਰ ਨੂੰ। ਮੈਨੂੰ ਕੀਹ ਪਤਾ ਸੀ ਕਿ ਜੋ ਮੈਨੂੰ ਅੱਗ ਤੇ ਲੱਕੜਾਂ ਨਹੀਂ

[1] ਅਚਿੰਤ ਕੰਮ ਕਰਹਿ ਪ੍ਰਭ ਤਿਨਕੇ ਜਿਨ ਹਰਿ ਕਾ ਨਾਮੁ ਪਿਆਰਾ। {ਸੋਰਠਿ ਮ: ੩}

[1] ਇਹ ਇਨ੍ਹਾਂ ਮਹਾਂ ਪੁਰਖਾਂ ਦੀ ਆਪਣੀ ਦੱਸੀ ਹੋਈ ਕਿਸੇ ਸਮੇਂ ਦੀ ਆਪ ਬੀਤੀ ਹੈ ਜਦੋਂ ਓਹ ਪੂਰਨ ਗੁਰੂ ਪਿਆਰੇ ਗੁਰਮੁਖ ਹੋਕੇ ਇਸੇ ਪੰਜਾਬ ਦੀ ਧਰਤੀ ਵਿਚ ਰੰਗ ਲਾ ਗਏ ਹਨ।

ਮਿਲੀਆਂ ਇਸ ਨੇ ਕਾਰਣ ਬਣ ਜਾਣਾ ਹੈ ਕਿਸੇ ਦੇ ਮਨ ਭਾਉ ਉਪਜਣ ਤੇ ਉਸ ਦੇ ਤਰ ਜਾਣ ਦਾ ਤੇ ਉਸ ਨੇ ਅਗੋਂ ਕਈ ਕਈਆਂ ਨੂੰ ਤਾਰਨਾ ਹੈ। ਪਾਤਸ਼ਾਹ ! ਮੈਨੂੰ ਸਿਖਾ ਦੇਹ ਰਜ਼ਾ ਦਾ ਸਬਕ। ਤਾਰ ਦੇਹ ਅਪਣੇ ਢਾਡੀ ਨੂੰ ਇਸ ਗੁਰਮੁਖ ਵਾਂਙੂ।

ਗੁਰੂ ਜੀ-ਮਰਦਾਨਿਆਂ ! ਕਹੁ ਧੰਨ ਕਰਤਾਰ ਤੇ ਹੁਣ ਲਾ ਦੇਹ ਕੀਰਤਨ ਦਾ ਰੰਗ।

੨.

**ਜੋਗੀਆਂ** ਨੂੰ ਰਾਤ ਹੀ ਪਤਾ ਲਗ ਗਿਆ ਸੀ ਕਿ ਪਿੱਪਲ ਹੇਠ ਧੂਣੀ ਲੱਗ ਗਈ ਹੈ, ਚਾਹੇ ਅਸਾਂ ਅੱਗ ਨਹੀਂ ਸੀ ਦਿੱਤੀ। ਹੁਣ ਰੋਜ਼ ਦੇ ਕੀਰਤਨ ਨੇ ਦੱਸ ਦਿੱਤਾ ਕਿ ਕੋਈ ਇਲਾਹੀ ਸੰਗੀਤ ਏਥੇ ਹੁੰਦਾ ਰਹਿੰਦਾ ਹੈ ਤੇ ਇਹ ਬੀ ਦਿੱਸਣ ਲੱਗ ਪਿਆ ਕਿ ਸੁਕੇ ਪਿੱਪਲ ਨੂੰ ਕਰੂੰਬਲੀਆਂ ਫੁੱਟ ਪਈਆਂ ਹਨ ਤੇ ਸਾਵਾ ਹੋ ਰਿਹਾ ਹੈ[1]। ਤਦ ਜੋਗੀ ਹੈਰਾਨ ਹੋਏ। ਪਹਿਲਾਂ ਤਾਂ ਖੁਣਸੇ ਸਨ ਕਿ ਇਹ ਕੌਣ ਸਾਧ ਆ ਗਿਆ ਹੈ ਜੋ ਕੰਨ-ਪਾਟਾ ਨਹੀਂ ਤੇ ਜਾਪਦਾ ਹੈ ਸਾਧੂ। ਸੋ ਧੂਣੀ ਨਾ ਲਗਣ ਦੇਕੇ ਹੀ ਸਮਝਦੇ ਸਨ ਕਿ ਭਜਾ ਦਿਆਂਗੇ। ਸਗੋਂ ਇਕ ਥਾਂਵੇਂ ਤਾਂ ਲਿਖਿਆ ਹੈ ਕਿ ਜੋਗੀ ਧੂਣੀ ਖੋਹਕੇ ਲੈ ਗਏ ਸਨ। ਪਰ ਹੁਣ ਜਦ ਪਿੱਪਲ ਹਰਾ ਹੁੰਦਾ ਤੱਕਿਆ ਤਾਂ ਘਬਰਾਏ ਕਿ ਇਹ ਤਾਂ ਕੋਈ ਕਲਾਵਾਨ ਪੁਰਸ਼ ਹੈ, ਜਿਸਦੇ ਬੈਠਣ ਨਾਲ ਸੁੱਕਾ ਬੂਟਾ ਹਰਿਆ ਹੋਇਆ ਹੈ। ਹੈਰਾਨ ਸਨ ਕਿ ਇਹ ਜੋਗੀ ਨਹੀਂ ਹੈ, ਫਿਰ ਕਰਾਮਾਤੀ ਹੈ, ਇਸ ਨੂੰ ਕਿਵੇਂ ਆਪਣੇ ਮਾਰਗ ਵਿਚ ਲੈ ਆਈਏ, ਜੋ ਇਸ ਦੇ ਕੀਤੇ ਤਪ ਦਾ ਸਾਨੂੰ ਲਾਭ ਪੁੱਜੇ। ਇਹ ਵਿਚਾਰਕੇ ਗੁਰੂ ਜੀ ਪਾਸ ਆ ਬੈਠੇ ਤੇ ਪਹਿਲੀ ਗੱਲ ਇਹ ਛੇੜੀਓਨੇ ਕਿ ਹੇ ਬਾਲਕੇ ਤੂੰ ਕਿਸ ਦਾ ਚੇਲਾ ਹੈਂ? ਦੀਖਯਾ ਕਿਸ ਤੋਂ ਲਈ ਹੈ, ਕਿਸ ਸਰਾਫ ਦੇ ਕੰਡੇ ਚੜ੍ਹਿਆ ਹੈਂ? ਕਿਸ ਕਸਵੱਟੀ ਪੂਰਾ ਉਤਰਿਆ ਹੈਂ ? ਤਾਂ ਗੁਰੂ ਬਾਬੇ ਉੱਤਰ ਦਿਤਾ:-

ਮੇਰਾ ਮਨ ਹੀ ਤੋਲਣ ਲਈ ਤੱਕੜੀ ਹੈ, ਮੇਰਾ ਚਿੱਤ ਹੀ ਵੱਟਾ ਹੈ, ਵਾਹਿਗੁਰੂ ਦੀ ਸੇਵਾ ਸਰਾਫ ਹੈ-ਤੋਲਣਹਾਰ, ਪਰਖਣਹਾਰ-ਹਿਰਦੇ ਵਿਚ ਉਸ ਮਾਲਕ ਨੂੰ ਤੋਲਦਾ ਹਾਂ, ਇਸੇ ਅਭਯਾਸ ਵਿਚ ਚਿੱਤ ਰਹਿੰਦਾ ਹੈ। ਮੇਰਾ ਗੁਰੂ ਉਹ ਆਪ ਹੈ, ਕਿਉਂਕਿ ਮੈਂ ਤੋਲਣਹਾਰ, ਕੰਡਾ, ਵੱਟੇ ਤੇ ਤੱਕੜੀ ਉਸੇ ਨੂੰ ਸਿਞਾਤਾ ਹੈ। ਮਨ ਤਾਂ ਜੀਵ ਦਾ ਅੰਨ੍ਹਾਂ ਹੈ, ਰੁਖ਼ ਇਸ ਦਾ ਨੀਵਾਂ ਹੈ ਤੇ ਆਪਣੇ ਆਪ ਵਿਚ ਟਿਕਦਾ ਨਹੀਂ,ਪਰਦੇਸੀਆਂ ਵਾਂਙ ਭਟਕਦਾ ਹੈ-ਸੰਕਲਪ ਵਿਕਲਪ ਵਿਚ। ਸੋ ਤੁਸੀਂ ਦੱਸੋ ਕੋਈ ਹੋਰ ਰਸਤਾ ਹੈ ਚਿਤ ਨੂੰ ਟਿਕਾਉਣ ਦਾ, ਸਿਵਾ ਇਸ ਦੇ ਕਿ ਉਸੇ ਵਿਚ ਸਦਾ ਲਿਵ ਲੱਗੀ ਰਹੇ? ਇਹੋ ਮਾਰਗ ਹੈ, ਇਹੋ ਰਸਤਾ ਹੈ। ਗੁਰੂ ਜੀ ਨੇ ਇਸ ਵਿਚ ਭਾਵ ਇਹ ਦੱਸਿਆ ਹੈ ਕਿ ਮੇਰਾ ਗੁਰੂ ਅਕਾਲ ਪੁਰਖ ਹੈ ਤੇ ਮੇਰਾ ਮਨ ਸਾਧਕ ਤੇ ਜਗਜਾਸੂ ਹੈ। ਇਸ ਪ੍ਰਸ਼ਨ ਉੱਤਰ ਨੂੰ ਗੁਰੂ ਜੀ ਨੇ ਆਪ ਸੂਹੀ ਮ: ੧ ਘਰ ੭ ਵਿਚ ਐਉਂ ਵਰਣਨ ਕੀਤਾ ਹੈ :-

ਸੂਹੀ ਮਹਲਾ ੧ ॥

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥ ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥ ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥ ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥ ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥ ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥ ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥ ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥

ਤਦ ਸਿੱਧਾਂ ਆਖਿਆ:'ਇਹ ਗਲ ਤਾਂ ਸਮਝੀ

[1] ਪੁ: ਜਨਮ ਸਾਖੀ ਵਿਚ 'ਬੋੜ੍ਹ' ਲਿਖਿਆ ਹੈ, ਪਰ ਹੋਰ ਸਾਖੀਆਂ ਵਿਚ, 'ਸ੍ਰੀ ਗੁ: ਨਾ: ਪ੍ਰਕਾਸ਼' ਤੇ 'ਤਵਾ: ਖਾਲਸਾ; ਵਿਚ ਪਿੱਪਲ ਦਾ ਬ੍ਰਿਛ ਲਿਖਿਆ ਹੈ। ਜਿਸ ਬ੍ਰਿਛ ਨੂੰ ਮਗਰੋਂ ਜੋਗੀਆਂ ਸਾੜਿਆ ਤੇ ਫੇਰ ਛੇਵੇਂ ਗੁਰਾਂ ਹਰਾ ਕੀਤਾ, ਓਹ ਇਹੋ ਹੀ ਸੀ ਤੇ ਇਹ ਪਿੱਪਲ ਹੀ ਹੈ। ਇਸ ਪਿੱਪਲ ਦੇ ਪੱਤੇ ਹੀ ਪ੍ਰਸ਼ਾਦ ਵਜੋਂ ਓਥੋਂ ਆਉਂਦੇ ਹਨ।

ਇਹ ਤਾਂ ਤੂੰ ਪ੍ਰਾਪਤ ਹੋ ਚੁਕਿਆਂ ਦੀ ਅਵਸਥਾ ਆਖੀ ਹੈ, ਤੂੰ ਸਾਧਕੀ ਤੇ ਤਪੀ ਜਾਪਦਾ ਹੈ, ਪਰ ਤੂੰ ਅਜੇ ਖੁੱਲ੍ਹਾ ਜਾਪਦਾ ਹੈਂ, ਤੂੰ ਜੋਗ ਦਾ ਭੇਖ ਲੈਕੇ ਦੀਖਯਾ ਪਾਉ ! ਜੋਗ ਸਭ ਤੋਂ ਉੱਤਮ ਮਾਰਗ ਹੈ, ਜੋਗੀ ਬਣ, ਦਰਸ਼ਨ ਲੈ, ਮੁੰਦ੍ਰਾਂ ਪਹਿਨ ਤੇ ਕਿਸੇ ਦਾ ਹੋਕੇ ਰਹੁ, ਐਵੇਂ ਰਹਿਣਾ ਠੀਕ ਨਹੀਂ ਹੈ। ਤਦੋਂ ਗੁਰੂ ਜੀ ਨੇ ਉੱਤਰ ਦਿੱਤਾ-ਚਿੰਨ੍ਹਾਂ ਦੇ ਧਾਰਨ ਨਾਲ ਜੋਗੀ ਨਹੀਂ ਬਣ ਸਕੀਦਾ। ਗੋਦੜੀ, ਡੰਡਾ, ਭਸਮ, ਮੁੰਦ੍ਰਾ, ਸਿਰ ਦਾ ਮੁੰਡਣ, ਸਿੰਙੀ ਵਜਾਉਣੀ, ਇਨ੍ਹਾਂ ਦੇ ਧਾਰਨ ਕਰਨ ਦਾ ਨਾਮ ਜੋਗ ਨਹੀਂ ਹੈ। ਜੋਗ ਗੱਲਾਂ ਨਾਲ ਨਹੀਂ ਹੋ ਸਕਦਾ, ਫਿਰ ਮੜ੍ਹੀਆਂ ਤੇ ਮਸਾਣਾਂ ਵਿਚ ਜਾ ਬੈਠਣਾ ਜੋਗ ਪ੍ਰਾਪਤੀ ਨਹੀਂ ਹੈ, ਨਾ ਦੇਸਾਂ ਪਰਦੇਸਾਂ ਵਿਚ ਘੁੰਮਣਾ, ਤੀਰਥੀਂ ਨ੍ਹਾਉਣਾ ਜੋਗ ਹੈ। ਨਾ ਸਰੀਰ ਅਕੜਾਕੇ ਅੱਖਾਂ ਮੀਟਕੇ ਯਾ ਕਿਸੇ ਸ਼ੈ ਤੇ ਨਜ਼ਰ ਜਮਾਕੇ ਬਹਿ ਰਹਿਣ ਦਾ ਨਾਮ ਜੋਗ ਹੈ, ਜਿਸ ਨੂੰ ਤਾੜੀ ਕਹਿੰਦੇ ਹੋ ?

ਜੋਗੀ-ਫਿਰ ਜੋਗ ਕਿਸ ਦਾ ਨਾਮ ਹੈ ?

ਗੁਰੂ ਜੀ-ਪਹਿਲਾਂ ਸਤਿਗੁਰ ਮਿਲੇ, ਫਿਰ ਸ਼ੱਕ ਸ਼ੁਭੇ ਦੂਰ ਹੋਣ, ਮਨ ਧਾਂਵਦੇ ਨੂੰ ਬੰਨ੍ਹ ਬੰਨ੍ਹ ਰਖੀਏ ਤੇ ਮਨ ਦੇ ਵਿਚ ਹੀ ਮਨ ਨਾਲ ਪਰਚਾ ਪਾਈਏ ਕਿ ਮਨ ਨਾਮ ਜਪੇ, ਅਰਥਾਤ ਨਾਮ ਜਪਦਿਆਂ ਜੇ ਮਨ ਭੱਜੇ ਤਾਂ ਮਨ ਹੀ ਹੋਵੇ ਰੋਕਣ ਵਾਲਾ। ਜੇ ਮਨ ਟਿਕੇ ਤਾਂ ਮਨ ਹੀ ਹੋਵੇ ਪਤੀਜਕੇ ਸੁਖੀ ਹੋਣ ਵਾਲਾ, ਫੇਰ ਅੰਮ੍ਰਿਤ ਚੋਂਦਾ ਹੈ। ਉਹ ਇਸ ਤਰ੍ਹਾਂ ਕਿ ਸਹਿਜ ਦੀ ਸਮਾਧੀ ਲਗ ਜਾਂਦੀ ਹੈ ਜੋ ਰਸ ਰੂਪ ਹੁੰਦੀ ਹੈ। ਹਠ ਦੀ ਸਮਾਧੀ ਨਹੀਂ ਪਰ ਸਹਿਜ ਦੀ ਸਮਾਧੀ, ਅਰਥਾਤ ਉਠਦੇ ਬਹਿੰਦੇ ਟੁਰਦੇ ਫਿਰਦੇ ਗ੍ਰਿਹਸਤ ਦੇ ਵਿਚ ਹੀ ਮਨ ਸੁਤੇ ਸਿਧ ਸਾਂਈਂ ਵਿਚ ਲਿਵ ਲਾਈ ਰੱਖੇ ਤੇ ਆਤਮ ਖੇੜੇ ਵਿਚ ਰਹੇ। ਜੋ ਸਿੰਙੀ ਵਿਚ ਫੂਕ ਨਾਲ ਵਜਾਕੇ ਸ਼ਬਦ ਕੱਢਦੇ ਹੋ, ਉਹ ਸ਼ਬਦ ਨਹੀਂ ਹੈ। ਪਰ ਸ਼ਬਦ ਹੋਵੇ ਜੋ ਵਜਾਉਣ ਤੋਂ ਬਿਨਾਂ ਵੱਜੇ ਤੇ ਜਿਸ ਦਾ ਫਲ ਹੋਵੇ ਨਿਰਭੈ ਪਦ ਦੀ ਪ੍ਰਾਪਤੀ, ਇਸ ਤਰ੍ਹਾਂ ਦਾ ਜੋਗ ਪਾਕੇ ਫੇਰ ਬਨਾਂ ਪਹਾੜਾਂ ਵਿਚ ਨਾ ਲੁਕ ਬਹੀਏ ਪਰ ਮਾਇਆ, ਜੋ ਸੁਰਮੇਂ ਵਾਂਙੂੰ ਕਾਲੀ ਤੇ ਕਾਲਿਆਂ ਕਰਨ ਵਾਲੀ ਹੈ, ਉਸਦੇ ਵਿਚ ਵੱਸੀਏ, ਐਸੀ ਜੁਗਤ ਪ੍ਰਾਪਤ ਕਰੀਏ ਕਿ ਵਿਚ ਵਸਦਿਆਂ ਨਿਰ-ਅੰਜਨ ਰਹੀਏ ਅਰਥਾਤ ਮਾਇਆ ਅਪਣੀ ਕਾਲਕ ਨਾ ਲਾ ਸਕੇ। ਇਹ ਜੀਵਨ 'ਜੀਉਂਦਿਆਂ ਮਰ ਰਹਿਣ' ਦਾ ਜੀਵਨ ਹੈ; ਅਰਥਾਤ ਜੋ ਮਨ ਮਾਇਆ ਦੇ ਮੋਹ ਵਿਚ ਜੀਉਂਦਾ ਹੈ ਉਹ ਮਾਇਆ ਵਿਚ ਵਸਦਾ ਮਾਇਆ ਤੇ ਮੋਹ ਤੋਂ ਅਤੀਤ ਕਰਤਾਰ ਦੇ ਨਾਲ ਲਿਵ ਲੱਗੀ ਦੇ ਜੀਵਨ ਵਿਚ ਜੀਵੇ। ਬਨਾਂ ਵਿੱਚ ਭੱਜਕੇ ਨਾ ਮਾਇਆ ਤੋਂ ਬਚੀਏ, ਵਿੱਚੇ ਰਹਿਕੇ ਮਾਇਆ ਦੇ ਅਸਰ ਤੋਂ ਗਿਰਾਉਟ ਨਾ ਖਾਈਏ, ਇਹ ਜੀਵਨ ਮਰਨਾ ਹੈ।

ਇਹ ਵਾਰਤਾਲਾਪ ਸਤਿਗੁਰ ਜੀ ਨੇ ਇਕ ਸ਼ਬਦ ਵਿਚ ਵਰਣਨ ਕੀਤੀ ਹੈ।

ਸੂਹੀ ਮਹਲਾ ੧ ਘਰੁ ੭

ੴ ਸਤਿਗੁਰ ਪ੍ਰਸਾਦਿ ॥

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥ ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥ ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥੪॥੧॥੮॥[1]

ਜਾਪਦਾ ਹੈ ਕਿ ਸਿੱਧ ਸਮਝ ਗਏ ਕਿ ਗੁਰੂ ਜੀ

[1] ਪੁ: ਜਨਮ ਸਾਖੀ ਵਿਚ ਪ੍ਰਸੰਗ ਏਥੇ ਮੁਕਦਾ ਹੈ, ਹੋਰਨਾਂ ਸਾਖੀਆਂ ਵਿਚ ਗੁ: ਨਾ: ਪ੍ਰ: ਤੇ ਤਵਾ: ਖਾਲਸਾ ਵਿਚ ਅਗੇ ਹੋਰ ਪ੍ਰਸੰਗ ਚਲਦਾ ਹੈ, ਜਿਸ ਦਾ ਸਾਰ ਅਗੇ ਦਿੱਤਾ ਹੈ।

ਗਲ ਪੂਰੀ ਪਤੇ ਦੀ ਕਰਦੇ ਹਨ ਤੇ ਇਨ੍ਹਾਂ ਨੇ ਕੋਈ ਨਵੀਂ ਉੱਚੀ ਗਲ ਚਲਾਈ ਹੈ। ਇਨ੍ਹਾਂ ਨੇ ਬਹਿਸ ਨਾਲ ਨਹੀਂ ਸਾਡੇ ਰਾਹੇ ਟੁਰਨਾ, ਇਨ੍ਹਾਂ ਨੂੰ ਕਿਸੇ ਹੋਰਸ ਤਰ੍ਹਾਂ ਕਾਬੂ ਕਰੀਏ। ਤਦ ਰਾਤ ਨੂੰ ਜਦ ਜੋਗੀਆਂ ਵਿਚ ਪਿਆਲੇ ਦੇ ਦੌਰ ਚੱਲਣ ਦਾ ਵਕਤ ਆਇਆ ਤਾਂ ਗੁਰੂ ਜੀ ਨੂੰ ਸੱਦ ਘੱਲਿਆ ਤੇ ਭੰਗਰ ਨਾਥ ਨੇ ਆਪ ਪਿਆਲਾ ਭਰਕੇ ਗੁਰੂ ਜੀ ਦੇ ਅੱਗੇ ਕੀਤਾ। ਤਦ ਸਤਿਗੁਰਾਂ ਨੇ ਪੁਛਿਆ : ਭੰਗਰ ਨਾਥ, ਇਹ ਕੀ ਹੈ ਤੇ ਇਸ ਦੇ ਪੀਣ ਦਾ ਕੀ ਫਲ ਹੈ ?

ਜੋਗੀ-ਇਹ ਪਿਆਲਾ ਹੈ ਰਸ ਦਾ। ਇਸ ਦੇ ਪੀਣੇ ਨਾਲ ਸਮਾਧੀ ਲਗਦੀ ਹੈ, ਫਿਰ ਮਸਤੀ ਵਿਚ ਅੰਮ੍ਰਿਤ ਧਾਰ ਚੋਂਦੀ ਹੈ ਤੇ ਅਨਾਹਦ ਸ਼ਬਦ ਵਜਦਾ ਹੈ ਤੇ ਉਸ ਮਸਤੀ ਵਿਚ ਦਰਸ਼ਨ ਹੁੰਦਾ ਹੈ।

ਗੁਰੂ ਜੀ-ਜੋਗੀ ਜੀ ! ਇਹ ਜੋ ਤੁਸਾਂ ਰਸ ਬਣਾਇਆ ਹੈ, ਇਹ ਤਾਂ ਔਸ਼ਧੀਆਂ ਦਾ ਰਸ ਹੈ ਤੇ ਨਸ਼ਾ ਦੇਂਦਾ ਹੈ ਤੇ ਮੱਤ ਮਾਰਦਾ ਹੈ। ਫਿਰ ਇਹ ਨਸ਼ਾ ਚੜ੍ਹਕੇ ਬਾਉਰਿਆਂ ਕਰਕੇ ਉਤਰ ਜਾਂਦਾ ਹੈ ਤੇ ਮਗਰੋਂ ਟੋਟ ਪੈਂਦੀ ਹੈ। ਇਸ ਦੀ ਮਸਤੀ ਵਿਚ ਜੋ ਸ਼ਬਦ ਹੁੰਦਾ ਹੋਊ ਉਹ ਦਿਮਾਗ਼ ਦੀ ਖੁਸ਼ਕੀ ਹੈ, ਜੋ ਨਸ਼ੇ ਵਿਚ ਦਰਸ਼ਨ ਹੋਣਗੇ ਸੋ ਭ੍ਰਾਂਤੀ। ਆਪਣੇ ਹੀ ਸੋਚੇ ਸਮਝੇ ਦੇਖੇ ਹੋਏ ਸਾਮਾਨ ਰੂਪ ਧਾਰੀ ਹੁੰਦੇ ਹਨ। ਜਿਥੇ ਹੋਸ਼ ਮਾਰੀ ਜਾਏ ਓਥੇ ਸ਼ਬਦ ਗਿਆਨ ਤੇ ਦਰਸ਼ਨ ਕਿਥੇ? ਓਥੇ ਤਾਂ ਤਮੋਗੁਣੀ ਹੋਵੇਗੀ। ਹੇ ਭੰਗਰ ਨਾਥ! ਅਸਾਂ ਨੇ ਜੇ ਸੁਰਾ ਬਣਾਈ ਹੈ ਸੋ ਸੁਣੋ:-'ਧਿਆਨ' ਦੀ ਔਖਧੀ ਪਾਈ ਹੈ ਤੇ 'ਕਰਨੀ' ਦੀ ਕਸ[1] ਪਾਈ ਹੈ, 'ਪ੍ਰੇਮ' ਦਾ ਪੋਚਾ ਤੇ 'ਗਜਾਨ' ਦੀ ਅੱਗ ਬਾਲੀ ਹੈ, 'ਭਾਉ' ਦਾ ਭਾਂਡਾ ਹੈ, 'ਸੁਰਤ' ਦੀ ਨਾਲ ਹੈ ਇਉਂ ਤਾਂ ਚੁਆਈ ਹੈ ਇਹ ਸੁਰਾ। ਫੇਰ ਚੁਆਕੇ ਅਸਾਂ ਇਹ 'ਦਇਆ' ਦੀ ਸੁਰਾਹੀ ਵਿਚ ਪਾਕੇ ਰੱਖੀ ਹੈ ਤੇ 'ਸਹਜ' ਦੇ ਪਿਆਲੇ ਪਾਕੇ ਪੀਤੀ ਹੈ, ਇਸ ਦਾ ਫਲ ਇਹ ਹੈ ਕਿ ਅੱਠ ਪਹਿਰ ਨਸ਼ਾ ਚੜ੍ਹਿਆ ਰਹਿੰਦਾ ਹੈ। ਉਸ ਨਸ਼ੇ ਦਾ ਰੂਪ ਕੀ ਹੈ ਕਿ ਹਰ ਜਾਏ ਹਰ ਰੰਗੇ ਕਰਤਾਰ ਪਿਆ ਦਿੱਸਦਾ ਹੈ, ਅਪਣੀ ਹੋਂਦ ਤੇ ਅਪਣੇ ਅਨੰਦ ਵਿਚ, ਸੁਗੰਧੀ ਵਾਂਙੂ ਵਜਾਪਕ ਤੇ ਸੂਖਮ, ਪਰ ਪ੍ਰਤੀਤ ਦੇਣਹਾਰ। ਇਹ ਦਰਸ਼ਨ ਨਾ-ਹੱਦ ਵਾਲਾ ਅਨੰਦ ਦੇ ਰਿਹਾ ਹੈ, ਸਾਡੀ ਇਹੀ ਰੌ ਸਦਾ ਲਿਵ ਹੈ। ਇਹੋ ਸਾਡੀ ਸੁਰਾ ਹੈ[1]।

ਇਸ ਵੇਲੇ ਜੋ ਗਲ ਬਾਤ ਛਿੜੀ ਸੀ ਲੰਮੇਰੀ ਹੋ ਗਈ, ਜਿਸ ਵਿਚ ਗੁਰੂ ਜੀ ਨੇ ਉਨ੍ਹਾਂ ਦਾ ਪਿਆਲਾ ਪੀਣਾ ਨਾ ਮੰਨਿਆਂ ਤੇ ਨਾ ਉਹ ਉਕਤ ਜੁਗਤ ਨਾਲ ਗੁਰੂ ਜੀ ਨੂੰ ਮਨਾ ਸਕੇ। ਹੋਰ ਵਿਸ਼ਿਆਂ ਤੇ ਬੀ ਵਾਰਤਾਲਾਪ ਵਿਚ ਓਹ ਜਿੱਤ ਨਾ ਪਾ ਸਕੇ। ਤਦ ਉਹਨਾਂ ਨੂੰ ਖਿਝ ਚੜ੍ਹ ਗਈ। ਹਾਰ ਦਾ ਫਲ ਖਿਝ ਪ੍ਰਸਿੱਧ ਹੈ। ਪਹਿਲੇ ਤਾਂ ਉਹਨਾਂ ਨੂੰ ਡਰਾ ਧਮਕਾ ਕੇ ਬਦਸਲੂਕੀ ਕਰਕੇ ਭਜਾ ਨਾ ਸਕੇ। ਦੂਜੇ ਉਨ੍ਹਾਂ ਨੂੰ ਸ਼ਰਾਬ ਪਿਲਾਕੇ ਮਸਤ ਕਰਕੇ ਆਪਣੇ ਨਾਲ ਨਾ ਰਲਾ ਸਕੇ। ਤੀਜੇ ਬਹਿਸ ਵਿਚ ਹਰਾ ਨਾ ਸਕੇ। ਹੁਣ ਚੌਥੀ ਖੇਡ ਉਹਨਾਂ ਨੇ ਇਹ ਰਚਾਈ ਕਿ ਜੋ ਨਾਟਕਾਂ ਚੇਟਕਾਂ ਵਿਚ ਓਹ ਆਪ ਨੂੰ ਤਕੜੇ ਸਮਝਦੇ ਸੇ ਉਹਨਾਂ ਵਿਚ ਗੁਰੂ ਜੀ ਨੂੰ ਸ਼ਕਤੀਹੀਨ ਸਾਬਤ ਕਰਨ। ਗੁਰੂ ਜੀ ਸਿਧੀਆਂ ਤੇ ਕਰਾਮਾਤਾਂ ਨੂੰ ਮੁਕਤੀ ਮਾਰਗ ਵਿਚ ਸੁਖਦਾਈ ਨਹੀਂ, ਸਗੋਂ ਬੰਧਨ ਦੱਸਿਆ ਕਰਦੇ ਸੇ। ਸੱਤਿਨਾਮ ਵਿਚ ਸਹਿਜ ਸਮਾਧੀ ਲਗੀ ਰਹਿਣ ਨੂੰ ਆਪ ਅਸਲ ਕਰਾਮਾਤ ਦੱਸਦੇ ਸੇ। ਆਪ ਧੁਰੋਂ ਅਵਤਾਰ ਹੋਕੇ ਆਏ ਸੇ, ਸਦਾ ਅਕਾਲ ਪੁਰਖ ਦੀ ਲਿਵ ਵਿਚ ਵੱਸਦੇ ਸੇ। ਤਾਕਤਾਂ ਆਪ ਅੱਗੇ ਮੌਜੂਦ ਸਨ, ਜਿਨ੍ਹਾਂ ਨੂੰ ਵਰਤਦੇ ਨਹੀਂ ਸਨ। ਜੇ ਕਦੀ ਕੋਈ ਆਤਮ ਸ਼ਕਤੀ ਵਰਤੀ ਹੈ ਤਾਂ ਉਪਕਾਰ ਹਿਤ ਜਾਂ ਕਿਸੇ ਦੇ ਮਨ ਨੂੰ ਹਠ (ਜ਼ਿਦ) ਤੋਂ ਕੱਢਣ ਹਿਤ, ਯਾ ਜੋਗੀਆਂ ਆਦਿਕਾਂ ਨੂੰ ਉਹਨਾਂ ਦੀ ਸਿੱਧੀਆਂ ਦੀ ਤੁੱਛਤਾ ਦੱਸਣ ਨਮਿਤ। ਏਕਾਗਰ ਮਨ ਤਾਕਤਵਰ ਹੁੰਦਾ ਹੈ ਤੇ ਏਥੇ ਤਾਂ ਸਾਂਈਂ ਨਾਲ ਸਦਾ ਜੁੜੇ ਮਨ

---

[1] ਲਾਗ

[1] ਜਿਨ੍ਹਾਂ ਪੋਥੀਆਂ ਵਿਚ ਇਹ ਗੱਲ ਬਾਤ ਲਿਖੀ ਹੈ, ਓਥੇ ਛੰਦਾਂ ਵਿਚ ਹੈ, ਪਰ ਗੁਰ ਉਕਤੀਆਂ ਓਥੇ ਗੁਰਬਾਣੀ ਦੀਆਂ ਨਹੀਂ ਹਨ, ਓਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਆਈਆਂ ਤੇ ਬਾਕੀ ਗਲ ਬਾਤ ਵਿਚ ਕੋਈ ਕੋਈ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ ਬੀ। ਸਾਰੰਸ਼ ਅਸਾਂ ਇਹ ਬਾਤ ਚੀਤ ਵਿਚ ਦਿਤਾ ਹੈ।

ਵਾਲੇ ਧੁਰੋਂ ਆਏ ਦਾਤਾ ਜੀ ਸਨ। ਤਾਕਤਾਂ ਸ਼ਕਤੀਆਂ ਦਾ ਜ਼ੋਰ ਸਿੱਧ ਲਾਉਣ, ਤਵਾ: ਖਾ: ਵਿਚ ਲਿਖਿਆ ਹੈ ਕਿ ਸਿੱਧਾਂ ਆਪਣੀਆਂ ਗੋਦੜੀਆਂ ਤੇ ਮ੍ਰਿਗਛਾਲਾ ਆਦਿ ਮਾਨਸਕ ਸ਼ਕਤੀ ਨਾਲ ਹਵਾ ਵਿਚ ਉਡਾਈਆਂ ਤਾਂ ਮਰਦਾਨੇ ਆਖਿਆਂ ਮਹਾਰਾਜ ! ਇਹਨਾਂ ਨੂੰ ਸਿੱਧਾ ਕਰੋ ਤੇ ਇਨ੍ਹਾਂ ਦਾ ਮਾਨ ਤੋੜੋ ਨਹੀਂ ਤਾਂ ਮੈਨੂੰ ਸ਼ਰਮ ਆਸੀ। ਤਾਂ ਗੁਰੂ ਜੀ ਦੀ ਖੜਾਂਵ ਉਡੀ ਤੇ ਜੋਗੀਆਂ ਦੇ ਸਾਮਾਨ ਅੱਗੇ ਭੱਜੇ ਪਏ ਫਿਰਨ, ਜਾਂ ਸਿੱਧਾਂ ਹਾਰ ਮੰਨੀ ਤਾਂ ਖੜਾਂਵ ਬੀ ਹੇਠ ਉਤਰੀ।

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਰਾਤ ਨੂੰ ਜਦ ਗੁਰੂ ਜੀ ਦੀ ਧੂਣੀ ਦਾ ਸਾਮਾਨ ਜੋਗੀਆਂ ਨੇ ਭਾਈ ਬਾਲੇ ਤੋਂ ਖੋਹ ਖੜਿਆ ਤਾਂ ਗੁਰੂ ਕੇ ਹਜ਼ੂਰ ਚਾਰ ਮੇਂਗਣਾਂ ਤੋਂ ਅਖੁੱਟ ਧੂਣੀ ਲਗ ਗਈ। ਜਦ ਸਿੱਧਾਂ ਨੇ ਡਿੱਠਾ ਕਿ ਗੁਰੂ ਜੀ ਤੇ ਸਾਹਮਣੇ ਬੜੀ ਧੂਣੀ ਲਗੀ ਹੈ ਤਾਂ ਓਹਨਾਂ ਨੇ ਮਾਯਾ ਦੀ ਹਨੇਰੀ ਚਲਾਈ, ਪਰ ਅਸਰ ਉਲਟਾ ਪਿਆ ਕਿ ਸਿੱਧਾਂ ਦੀਆਂ ਆਪਣੀਆਂ ਧੂਣੀਆਂ ਤਾਂ ਉਸ ਹਵਾ ਅਗੇ ਉੱਡ ਬੁਝ ਗਈਆਂ, ਪਰ ਗੁਰੂ ਕੀ ਧੂਣੀ ਲਗੀ ਰਹੀ। ਸਵੇਰੇ ਪਾਲੇ ਦੇ ਮਾਰੇ ਸਿੱਧ ਅੱਗ ਲਗੇ ਲੱਭਣ। ਸ਼ਕਤੀ ਬੀ ਲਾਈ ਪਰ ਅੱਗ ਨਾ ਬਲੀ। ਅੰਤ ਹਾਰਕੇ ਭਰਥਰਿ ਨੂੰ ਘੱਲਿਓ ਨੇ ਕਿ ਗੁਰੂ ਜੀ ਤੋਂ ਅੱਗ ਲਿਆਵੇ, ਪਰ ਗੁਰੂ ਜੀ ਨੇ ਆਖਿਆ : 'ਹੇ ਭਰਥਰਿ ਜੋਗੀ ! ਗੋਰਖ ਦੀ ਖੜਾਂਵ ਤੇ ਮੁੰਦਰਾਂ ਲਿਆ ਤਾਂ ਉਸਦੇ ਬਦਲੇ ਅੱਗ ਦਿਆਂਗੇ।' ਸੋ ਲੋੜ ਦੇ ਮਾਰੇ ਇਨ੍ਹਾਂ ਦੋਹਾਂ ਦੇ ਬਦਲੇ ਭਰਥਰਿ ਅੱਗ ਲੈ ਗਿਆ। ਇਸ ਤਰ੍ਹਾਂ ਕਰਨ ਨਾਲ ਲਿਖਿਆ ਹੈ ਕਿ ਗੋਰਖ ਦੀ ਸ਼ਕਤੀ ਟੁਰ ਗਈ, ਸ਼ਰਮ ਦੇ ਮਾਰਿਆਂ ਚਿਤ ਬ੍ਰਿਤੀ 'ਸੰਯਮ'[੧] ਵਿਚੋਂ ਜਾਣੋਂ ਰਹਿ ਗਈ ਹੋਣੀ ਹੈ। ਗੋਰਖ ਨੂੰ ਉਦਾਸ ਦੇਖਕੇ ਭੰਗਰਨਾਥ ਗੁੱਸੇ ਨਾਲ ਭਰਕੇ ਗੁਰੂ ਜੀ ਪਾਸ ਆਇਆ ਤੇ ਤੂੰਬਾ ਅੱਗੇ ਧਰਿਆ ਕਿ ਦੁੱਧ ਨਾਲ ਭਰ ਦਿਓ। ਗੁਰੂ ਜੀ ਨੇ ਭਰਿਆ ਤਾਂ ਪਾਣੀ ਨਾਲ, ਪਰ ਉਹ ਹੋ ਗਿਆ ਦੁੱਧ। ਭੰਗਰ ਉਹ ਲੈ ਗਿਆ ਜੋਗੀਆਂ ਪਾਸ ਤੇ ਸਾਰੇ ਆਪੋ ਵਿਚ ਵੰਡਕੇ ਪੀਣ ਲਗੇ ਤਾਂ ਲਿਖਿਆ ਹੈ ਕਿ ਸਾਰੇ ਰੱਜ ਗਏ ਪਰ ਦੁੱਧ ਨਾ ਮੁੱਕਾ। ਇਸ ਤਰ੍ਹਾਂ ਹੋਰ ਕਈ ਪਰਤਾਵੇ ਤੇ ਕਰਾਮਾਤਾਂ ਦੀਆਂ ਪਰਖਾਂ ਹੋ ਹਟੀਆਂ, ਪਰ ਸਿੱਧ ਜਿੱਤ ਨਾ ਸਕੇ। ਜਦ ਗੁਰੂ ਜੀ ਦੇ ਸੱਚ ਦੀ ਸੱਤਯਾ ਤੇ ਤਾਕਤ ਤੇ ਭਾਰੂ ਨਾ ਪੈ ਸਕੇ, ਤਦ ਜਾਪਦਾ ਹੈ ਕਿ ਉਨ੍ਹਾਂ ਨੇ ਸੋਚਿਆ ਕਿ ਉਹ ਤਾਕਤਾਂ, ਜੋ ਮਨ ਨੂੰ ਸੰਯਮ ਤੇ ਦ੍ਰਿੜ ਕਰਨ ਨਾਲ ਲਭਦੀਆਂ ਹਨ, ਜਿਨ੍ਹਾਂ ਨੂੰ ਜੋਗ ਦਰਸ਼ਨ ਵਿਚ ਵਿਭੂਤੀਆਂ ਲਿਖਿਆ ਹੈ, ਸਾਡੇ ਪਾਸ ਗੁਰੂ ਨਾਨਕ ਦੇਵ ਜੀ ਤੋਂ ਘੱਟ ਹਨ, ਭਰਮ ਪਿਓ ਨੇ ਕਿ ਇਸਨੇ ਸਾਥੋਂ ਵਡੇਰਾ ਕੋਈ ਜੋਗ ਸਾਧਿਆ ਹੈ, ਤਾਂ ਫੇਰ ਸੋਚਣ ਲਗੇ ਕਿ ਇਹ ਥਾਂ ਗੋਰਖ ਮਤਾ ਸਾਡਾ ਭਾਰਾ ਅੱਡਾ ਹੈ, ਇਹ ਇਨ੍ਹਾਂ ਦੀ ਤਾਕਤ ਨਾਲ ਸਾਥੋਂ ਨਾ ਖੁੱਸ ਜਾਵੇ। ਜਿਵੇਂ ਬਨਾਰਸ ਸੰਸਕ੍ਰਿਤ ਪੰਡਤਾਈ ਦਾ ਭਾਰਾ ਅੱਡਾ ਸੀ ਤਿਵੇਂ ਉਸ ਸਮੇਂ ਗੋਰਖ ਮਤਾ ਕੰਨ ਪਾਟਿਆਂ ਜੋਗੀਆਂ ਦੀ ਮਾਨੋ ਰਾਜਧਾਨੀ ਸੀ। ਏਥੇ ਇਹਨਾਂ ਦਾ ਅੱਡਾ ਸੀ ਤੇ ਕਿਸੇ ਖਾਸ ਸਮੇਂ ਸਾਰੇ ਜੁੜਦੇ ਸਨ ਤੇ ਮੇਲਾ ਬੀ ਲਗਦਾ ਸੀ, ਜਦੋਂ ਇਨ੍ਹਾਂ ਦੀ ਬਹੁਤ ਪੂਜਾ ਹੁੰਦੀ ਸੀ। ਇਹ ਮੌਕਾ ਹੁਣ ਓਹੋ ਸੀ ਕਿ ਜਿਸ ਵੇਲੇ ਓਹ ਗੁਰੂ ਜੀ ਨੂੰ ਆਪਣਾ ਬਾਲਕਾ ਬਣਾਕੇ ਲੋਕਾਂ ਵਿਚ ਆਪਣੀ ਜਿੱਤ ਦੱਸਣਾ ਚਾਹੁੰਦੇ ਸਨ। ਪਰ ਹਰ ਗੱਲੇ ਹਾਰ ਹੋਈ ਕਰਕੇ ਹੁਣ ਉਹਨਾਂ ਨੂੰ ਲੋਕਾਂ ਦੀ ਨਜ਼ਰੋਂ ਹੌਲਾ ਕਰਨਾਂ ਚਾਹੁੰਦੇ ਸਨ। ਉਹਨਾਂ ਨੂੰ ਇਹ ਬੀ ਫਿਕਰ ਪੈ ਰਿਹਾ ਸੀ ਕਿ ਜੇ ਅਸੀਂ ਹਾਰਦੇ ਹੀ ਗਏ ਤਾਂ ਸਾਨੂੰ ਏਥੋਂ ਟੁਰਨਾ ਪਊ। ਕਿਉਂਕਿ ਜੇ ਗੁਰੂ ਜੀ ਨੇ ਏਥੇ ਟਿਕਾਣਾ ਪਾਈ ਰਖਿਆ ਤਾਂ ਜੋ ਸਾਡੇ ਮੰਨਣ ਵਾਲੇ ਹਨ ਸੋ ਸਭ ਸਾਥੋਂ ਹਟਕੇ ਉੱਧਰ ਚਲੇ ਜਾਣਗੇ। ਫੇਰ ਇਕ ਤਾਂ ਅੱਡਾ ਹੱਥੋਂ ਜਾਊ, ਇਕ ਬਦਨਾਮੀ ਹੋਊ। ਜਦ ਪਹਿਲੇ ਹੀ ਦਾਉ ਸਾਡੀ ਕੋਈ ਪੇਸ਼ ਨਹੀਂ ਗਈ ਤਾਂ ਕਿਸੇ ਹਿਕਮਤ ਨਾਲ ਗੁਰੂ ਜੀ ਨੂੰ ਏਥੋਂ ਟੋਰੀਏ ਜੋ ਸਾਡਾ ਟਿਕਾਣਾ ਬਣਿਆ ਰਹੇ। ਇਹ ਸੋਚਕੇ ਉਨ੍ਹਾਂ ਨੇ ਇਕ ਦਿਨ ਸਤਿਗੁਰੂ ਜੀ ਨੂੰ ਕਿਹਾ ਕਿ ਤੁਸੀਂ ਏਥੋਂ ਚਲੇ ਜਾਓ। ਗੁਰੂ ਜੀ ਨੇ ਆਖਿਆ ਕਿ ਸਗਲੀ ਧਰਤੀ ਮਾਲਕ ਦੀ ਹੈ ਤੇ ਸਾਨੂ ਕਿਸੇ ਟਿਕਾਣੇ ਨਾਲ ਪਕੜ ਨਹੀਂ ਹੈ, ਚਲੇ ਜਾਵਾਂਗੇ ਪਰ ਤੁਸੀਂ ਜੀਕੂੰ ਸਾਨੂੰ ਟੋਰਦੇ ਹੋ ਉਕਰ ਸਾਡਾ ਜਾਣਾ ਕਠਨ ਹੈ। ਅਸੀਂ ਏਥੇ ਜਾਗਾ ਮੱਲਣ ਤੇ ਤੁਹਾਨੂੰ ਕੱਢਣ

੧ 'ਧਾਰਨਾਂ ਧਿਆਨ ਸਮਾਧੀ' ਤ੍ਰੈਆਂ ਦੀ ਏਕਤਾ ਨੂੰ ਸੰਯਮ ਕਹੀਦਾ ਹੈ।

ਨਹੀਂ ਆਏ। ਅਸੀਂ ਦੇਖਦੇ ਫਿਰਦੇ ਹਾਂ ਕਿ ਜਗਤ ਵਿਚ ਸੱਚ ਦੀ ਅਮੱਸਿਆ ਦੀ ਰਾਤ ਪੈ ਰਹੀ ਹੈ, ਕੋਈ ਥਾਂ ਟਿਕਾਣਾ ਐਸਾ ਹੈ ਕਿ ਜਿਥੇ ਸੱਚ ਦਾ ਚਾਨਣ ਬੀ ਹੋਵੇ ? ਇਸ ਲਈ ਕੋਈ ਥਾਂ ਤੱਕਕੇ ਅਸੀਂ ਏਥੇ ਆਏ ਸਾਂਕਿ ਦੇਖੀਏ ਤੁਸਾਨੂੰ ਆਪਣੀ ਮਹੱਤਤਾਈ ਤੇ ਆਪਣੀ ਪੂਜਾ ਦਾ ਹੀ ਫਿਕਰ ਹੈ ਕਿ ਸ੍ਰਿਸ਼ਟੀ ਸਾਡੇ ਮਗਰ ਲਗੀ ਰਹੇ ਤੇ ਪੂਜਾ ਹੁੰਦੀ ਰਹੇ ਤੇ ਸਾਡੀਆਂ ਸ਼ਕਤੀਆਂ ਦੇ ਭੈ ਹੇਠ ਲੋਕ ਦਬੇ ਰਹਿਣ ਯਾ ਤੁਸੀਂ ਨਿਰਵਾਸ ਹੋ ਕੇ ਜਗਤ ਤਾਰ ਰਹੇ ਹੋ? ਜੋ ਅਸਾਂ ਨੇ ਤੁਸਾਂ ਵਿਚ ਡਿੱਠਾ ਹੈ ਸੋ ਪਹਿਲੀ ਗੱਲ ਹੈ। ਇਹ ਹਾਲਤ ਅੰਧਕਾਰ ਦੀ ਹੈ। ਤੁਹਾਡਾ ਧਰਮ ਸੀ ਆਪ ਵਾਹਿਗੁਰੂ ਨਾਲ ਜੁੜਨਾ, ਮਨ ਦੀਆਂ ਵਾਸ਼ਨਾਂ ਨੂੰ ਵੱਸ ਕਰਨਾ, ਫੇਰ ਮਨ ਨੂੰ ਕੋਹਕੇ ਮੁਰਦਾ ਨਾ ਕਰ ਦੇਣਾ, ਸਗੋਂ ਮਨ ਨੂੰ ਸਾਧਕੇ ਇਕ ਸੁਤੰਤ੍ਰ ਉਡਦੇ ਪੰਛੀ ਵਾਂਙੂ ਆਨੰਦ ਦੇ ਪ੍ਰਕਾਸ਼ ਵਿਚ ਵਸਾ ਦੇਣਾ ਤੇ ਇਸ ਨੂੰ ਕਿਸੇ ਮਾਇਕ ਤੇ ਵਿਕਾਰੀ ਕੈਦ ਵਿਚ ਨਾ ਰਹਿਣ ਦੇਣਾ। ਹੋਣਾ ਸੁਤੰਤ੍ਰ ਪੰਛੀ ਵਤ ਤੇ ਹਨੇਰੇ ਮੈਲੇ ਥਾਂ, ਨਾਲੀਆਂ, ਖੱਡਾਂ ਕਿ ਮੰਦੀਆਂ ਜਾਈਂ ਕਿਤੇ ਕਦਮ ਨਾ ਧਰਨਾ। ਹੁਣ ਸਾਡੇ ਆਖੇ ਲਗੋ ਇਹ ਰਾਹ ਛਡੋ, ਨਾਮ ਜਪੋ, ਜਾਗੋ, ਖੇੜੇ ਦੇ ਘਰ ਆਓ, ਜਗਤ ਨੂੰ ਜਗਾਓ, ਨਾਮ ਦੇ ਲੜ ਲਾਓ ਤੇ ਆਤਮ ਖੇੜੇ ਦੀ ਝੋਲੀ ਪਾਓ। ਤੁਹਾਨੂੰ ਜੋ ਇਹ ਤੌਖਲਾ ਖਾ ਰਿਹਾ ਹੈ ਕਿ ਸਾਡੀ ਪੂਜਾ ਨਾ ਮਰ ਜਾਏ ਸੋ ਸਜਣੋਂ ਸਾਨੂੰ ਪੂਜਾ ਦੀ ਲੋੜ ਨਹੀਂ ਹੈ। ਫਿਕਰ ਨਾ ਕਰੋ, ਅਸਾਂ ਚਲੇ ਜਾਣਾ ਹੈ, ਪਰ ਤੁਸਾਂ ਨਾਲ ਵਿਚਾਰਾਂ ਕਰਕੇ ਜਾਵਾਂਗੇ।

ਪਰ ਇਸ ਸਮਝੌਤੇ ਅਗੇ ਬੀ ਜੋਗੀਆਂ ਦੇ ਮਨ ਠੀਕ ਪਾਸੇ ਨਾ ਆਏ, ਸਗੋਂ ਕਹਿਣ ਲਗੇ ਕਿ ਪਹਿਲਾਂ ਥਾਂ ਦੀ ਮਾਲਕੀ ਦਾ ਫੈਸਲਾ ਕਰ ਲਓ। ਗੁਰੂ ਜੀ ਨੇ ਕਿਹਾ ਕਿ ਸਾਨੂੰ ਤਾਂ ਲੋੜ ਨਹੀਂ ਹੈ। ਜੋਗੀ ਕਹਿਣ ਲੱਗੇ ਕਿ ਜੇ ਪੂਜਾ ਕਰਾਣੀ ਚਾਹੁੰਦੇ ਹੋ ਤਾਂ ਸ਼ਕਤੀ ਦਿਖਾਓ ਤੇ ਨਿਆਂ ਸਾਰਾ ਸ਼ਕਤੀ ਦੇ ਹੱਥ ਹੀ ਰਿਹਾ, ਕਿਸੇ ਹਾਕਮ ਕੋਲ ਨਹੀਂ ਚਲਦੇ, ਧਰਤੀ ਨੂੰ ਹੀ ਪੁੱਛ ਲੈਂਦੇ ਹਾਂ ਕਿ ਹੇ ਧਰਤੀ ਤੂੰ ਜੋਗੀਆਂ ਦੀ ਹੈਂ ਕਿ ਗੁਰੂ ਨਾਨਕ ਜੀ ਦੀ ? ਤਦ ਗੁਰੂ ਜੀ ਮੁਸਕ੍ਰਾਏ ਤੇ ਬੋਲੇ :-

"ਸ਼ਕਤਿਵਾਨ ਏਕੋ ਜਗਤੇਸ਼ਾ ॥ ਹਮਰੈ ਬਿਖੇ ਨਾ ਪਾਯਤ ਲੇਸ਼ਾ। ਅਜਮਤ ਕੋ ਹੰਕਾਰ ਤੁਮਾਰੇ। ਹਮਹਿ ਦਿਖਾਵਹੁ ਦੇਖਨਹਾਰੇ[1] "।

(ਸ੍ਰੀ ਗੁਰੂ ਨਾ: ਪ੍ਰ:)

ਤਦ ਸਿੱਧਾਂ ਨੇ ਅਵਾਜ਼ ਦਿੱਤੀ : 'ਹੇ ਧਰਤੀ ਜੇ ਤੂੰ ਸਾਡੀ ਹੈਂ ਤਾਂ ਬੋਲ ਪਉ ਕਿ ਮੈਂ ਤੁਹਾਡੀ ਹਾਂ ! ਤ੍ਰੈ ਵਾਰੀ ਕਹੁ ਤਾਂ ਜੋ ਕਈ ਸੰਸਾ ਨਾ ਰਹੇ। 'ਇਹ ਕਹਿ ਹਟਣ ਬਾਦ ਧਰਤੀ ਵਿਚੋਂ ਦਬਵੀਂ ਜਿਹੀ ਸੁਰ ਵਿਚ ਅਵਾਜ਼ ਆਈ : 'ਮੈਂ ਸਿੱਧਾਂ ਦੀ ਹਾਂ।' ਦੂਜੀ ਵੇਰ ਫੇਰ ਸਿੱਧਾਂ ਨੇ ਪੁੱਛਿਆ। ਫੇਰ ਅਵਾਜ਼ ਆਈ : 'ਮੈਂ ਨਿਸਚੇ ਸਿੱਧਾਂ ਦੀ ਹਾਂ ਹੋਰ ਕਿਸੇ ਦੀ ਨਹੀਂ।' ਸਿੱਧ ਅਸਚਰਜ ਹੋਕੇ ਦਿਖਾ ਰਹੇ ਸਨ ਤੇ ਗਿੱਥ ਰਹੇ ਸਨ ਕਿ ਹੁਣ ਅਸਾਂ ਗੁਰੂ ਨਾਨਕ ਦੇਵ ਜੀ ਨੂੰ ਸ਼ਕਤੀ ਵਿਚ ਹਰਾ ਲਿਆ ਹੈ। ਹੁਣ ਫੇਰ ਬਫਾਕੇ ਸਿੱਧ ਬੋਲੇ: 'ਕਹੁ ਧਰਤੀ! ਤੂੰ ਕਿਸਦੀ ਹੈਂ? ਤੀਜੀ ਵਾਰ ਬੋਲ ਤੇ ਨਬੇੜਾ ਹੋ ਜਾਏ। ਇਸ ਵੇਲੇ ਗੁਰੂ ਜੀ ਬੋਲੇ : 'ਓਏ ! ਅਜੇ ਤਾਈਂ ਤੂੰ ਬੋਲਣ ਜੋਗਾ ਹੀ ਰਹਿ ਗਿਆ ਹੈਂ ?' ਏਸ ਤੋਂ ਬਾਦ ਸਿੱਧ ਜ਼ੋਰ ਲਾ ਰਹੇ ਪਰ ਅਵਾਜ਼ ਨਾ ਆਈ। ਗੁਰੂ ਜੀ ਛੇਤੀ ਨਾਲ ਉਠੇ। ਜਿਥੋਂ ਅਵਾਜ਼ ਆਉਂਦੀ ਸੀ ਉਥੇ ਜਾ ਖੜੋਤੇ, ਘਾਹ ਫੂਸ ਜੋ ਉਪਰ ਪਏ ਸਨ, ਸੋ ਪਰੇ ਕੀਤਾ। ਸਿੱਧ ਬੀ ਛੇਤੀ ਨਾਲ ਪਹੁੰਚੇ। ਗੁਰੂ ਜੀ ਨੇ ਕਿਹਾ ਇਹ ਥਾਂ ਪੁੱਟੋ। ਸਿੱਧ ਨਾਲੇ ਤਾਂ ਪੁਟਣਾ ਨਾ ਚਾਹੁਣ ਪਰ ਨਾਲੇ ਓਹਨਾਂ ਨੂੰ ਕੋਈ ਉਤਾਵਲੀ ਬੀ ਸੀ। ਆਖਰ ਸ਼ਰਮਿੰਦਿਆਂ ਨੇ ਪੁੱਟਿਆ ਤਾਂ ਹੇਠੋਂ ਇਕ ਸਿੱਧ ਬਾਲਕਾ ਮੋਇਆ ਪਿਆ ਦਿੱਸ ਰਿਹਾ ਸੀ। ਗਲ ਇਹ ਸੀ ਕਿ ਰਾਤ ਨੂੰ ਸਿੱਧਾਂ ਨੇ ਇਕ ਸਿੱਧ ਬਲਕਾ ਟੋਇਆ ਪੁਟਕੇ ਧਰਤੀ ਦੇ ਵਿਚ ਬਿਠਾਇਆ ਸੀ ਤੇ ਉਤੋਂ ਛਤ ਜੇਹੀ ਪਾਕੇ ਮਿਟੀ ਬਰਾਬਰ ਕਰਕੇ ਘਾਹ ਤੇ ਤ੍ਰਿਣ ਉਪਰ ਖਲੇਰ ਦਿਤੇ ਸਨ। ਅਵਾਜ਼ ਲਈ ਡਾਢਾ ਨਿੱਕਾ ਜਿਹਾ ਛੇਕ ਰਖਿਆ ਸਾਨੇ, ਕਿ ਜਦ ਅਸੀਂ ਧਰਤੀ ਨੂੰ ਪੁੱਛਾਂਗੇ ਤਦ ਇਹ ਅਵਾਜ਼ ਜੋ ਬਾਲਕਾ ਦੇਵੇਗਾ ਧਰਤੀ ਦੀ ਸਮਝਕੇ ਸਾਡੀ ਕਰਾਮਾਤ ਮੰਨੀ ਜਾਊ, ਪਰ ਸਿੱਧਾ ਨੂੰ ਇਹ ਨਹੀਂ ਸੀ ਪਤਾ ਕਿ ਇਹ ਖੇਲ ਬੀ ਪੁੱਠੀ ਪਏਗੀ। ਜਗਤ ਗੁਰੂ ਜੀ ਇਹੋ ਜਿਹੀਆਂ ਚਲਾਕੀਆਂ ਵਿਚ

[1] ਸਾਨੂੰ ਦਿਖਾਓ, ਅਸੀਂ ਦੇਖਣਹਾਰ ਹਾਂ।

ਆਉਣ ਵਾਲੇ ਨਹੀਂ ਸਨ। ਓਹ ਜਾਣਦੇ ਸਨ ਕਿ ਜੋਗੀ ਮਾਇਆ ਵਿਚ ਖੇਲ ਰਹੇ ਹਨ। ਵਿਭੂਤੀਆਂ ਬੀ ਇਕ ਮਾਇਆ ਹੈ, ਪਰ ਉਸ ਵਿਚ ਕਪਟ ਤਾਂ ਨਹੀਂ ਹੈ ਤੇ ਹੁਣ ਏਹ ਇੰਨੇ ਨੀਵੇਂ ਉਤਰੇ ਹਨ ਕਿ ਛਲ ਤੇ ਹਥ-ਨਾਟਕ ਕਰਕੇ ਉਸ ਨੂੰ ਸਿੱਧੀਆਂ ਦੱਸਣ ਲੱਗ ਪਏ ਹਨ। ਸੋ ਗੁਰੂ ਜੀ ਨੇ ਪਾਜ ਖੋਹਲ ਦਿੱਤਾ।

ਅਸਲ ਵਿਚ ਕਰਾਮਾਤ ਦੀ ਜੋ ਸਾਧੂ ਪਰਪਾਟੀ ਪਾਉਂਦਾ ਹੈ, ਬਹੁਤ ਔਖਾ ਹੁੰਦਾ ਹੈ। ਜੇ ਕਿਸੇ ਘਾਲੀ ਪੁਰਖ ਵਿਚ ਕੋਈ ਏਕਾਗ੍ਰਤਾ ਦੇ ਕਾਰਣ ਯਾ ਕਿਸੇ ਰਹਿਮਤ ਦੇ ਕਾਰਣ ਕੋਈ ਮਾਨਸਿਕ ਬਲ ਆ ਬੀ ਜਾਵੇ ਤਾਂ ਅਰੋਗ ਅਸੂਲ ਇਹ ਹੈ ਕਿ ਉਹ ਉਸਨੂੰ ਮਨ ਦੇ ਟਿਕਾਉ ਲਈ ਵਰਤੇ ਤਾਂ ਸੁਖੀ ਰਹਿੰਦਾ ਹੈ, ਜੇ ਉਹ ਆਪਣਾ ਐਸ਼੍ਵਰਜ ਤੇ ਲੋਕਾਂ ਵਿਚ ਨਾਮਣਾ ਵਧਾਉਣ ਲਈ ਵਰਤੇ ਤਾਂ ਜਿਵੇਂ ਹਰ ਸ਼ੈ ਵਰਤਿਆਂ ਖਰਚ ਹੁੰਦੀ ਹੈ ਉਹ ਤਾਕਤ ਬੀ ਖਰਚ ਹੁੰਦੀ ਹੈ। ਜਦ ਉਸ ਨੂੰ ਬਾਰ ਬਾਰ ਵਰਤਕੇ ਸਾਧੂ ਘਟਾ ਲੈਂਦਾ ਹੈ ਤਾਂ ਸਾਧੂ ਨੂੰ ਫੇਰ ਬਨਾਵਟਾਂ ਤੇ ਛਲ ਤੇ ਹਥਕੰਡੇ ਕਰਨੇ ਪੈਂਦੇ ਹਨ; ਜੈਸੇ ਯੂਰਪ ਅਮਰੀਕਾ ਵਿਚ ਕਈ 'ਮੀਡਜਮਾਂ' ਨੇ ਸੱਤਯਾ ਹਰਿ ਜਾਣੇ ਦੇ ਬਾਦ ਬਾਜ਼ੇ ਵੇਲੇ ਛਲ ਬੀ ਖੇਡੇ ਤੇ ਕਈ ਵੇਰ ਪਕੜੇ ਗਏ ਹਨ। ਇਸ ਤਰ੍ਹਾਂ ਜਦ ਕੋਈ ਇਕ ਅੱਧੀ ਗੱਲ ਕਿਸੇ ਤਰ੍ਹਾਂ ਕਿਸੇ ਸਾਧਕ ਦੀ ਸਿੱਧੀ ਦਿਖਾ ਜਾਵੇ ਤਾਂ ਉਸ ਨੂੰ ਸਦਾ ਦਿਖਾਉਣ ਦਾ ਸੁਭਾ ਪੈ ਜਾਂਦਾ ਹੈ। ਜਦੋਂ ਐਸਾ ਕਰਨ ਨਾਲ ਬਲ ਹਾਰ ਜਾਂਦਾ ਹੈ ਤਾਂ ਕਦੇ ਤਾਂ ਆਪ ਦੁਖ ਪਾਉਂਦਾ ਹੈ[੧], ਯਾ ਫੇਰ ਦੰਭ ਕਪਟ ਤੇ ਬਨਾਵਟਾਂ ਨਾਲ ਸਿੱਧੀਆਂ ਲਾਉਂਦਾ ਤੇ ਪੀਰੀਆਂ ਜਤਾਉਂਦਾ ਹੈ। ਪਹਿਲੋਂ ਤਾਂ ਉਹ ਮਾਯਾ ਦੇ ਇਕ ਹਨੇਰੇ ਵਿਚ ਹੁੰਦਾ ਹੈ ਕਿ ਮੈਂ ਵੱਡਾ ਬਣਾਂ : ਫੇਰ ਉਹ ਝੂਠ ਫਰੇਬ ਤੇ ਕਪਟ ਦੇ ਨੀਵੇਂ ਕੰਮਾਂ ਵਿਚ ਪੈਕੇ ਆਪਣੇ ਅੰਦਰਲੇ ਨੂੰ ਹੋਰ ਮੈਲਿਆਂ ਕਰ ਲੈਂਦਾ ਹੈ। ਕਈ ਲੋਕ ਫਿਰ ਪੈਸਿਆਂ ਤੋਂ ਬੁਲਾਰੇ ਚੇਲੇ ਰਖਦੇ ਹਨ ਜੋ ਲੋਕਾਂ ਵਿਚ ਕਰਾਮਾਤਾਂ ਦਾ ਰੌਲਾ ਪਾਉਂਦੇ ਹਨ, ਤੇ ਭੋਲੇ ਲੋਕਾਂ ਨੂੰ ਫਸਾਉਂਦੇ ਹਨ। ਅਤੇ ਕਈ ਵੇਰ ਜੋਗੀਆਂ ਦੇ ਉਪਰ ਦੱਸੇ ਕਪਟ ਵਾਂਙੂ ਕਈ ਤਰ੍ਹਾਂ ਦੀਆਂ ਬਨਾਵਟਾਂ ਤੇ ਓਹ ਗਲਾਂ ਵਰਤਦੇ ਹਨ ਜੋ ਜਾਦੂ ਤੇ ਤਮਾਸ਼ਿਆ ਵਾਲੇ ਹਥ ਨਾਟਕਾਂ ਤੇ ਚਲਾਕੀਆਂ ਨਾਲ ਕਰਕੇ ਦਿਖਾਲਦੇ ਹਨ, ਮਾਯਾ ਡਾਢੀ ਹੈ, ਮੋਖ ਦੀ ਇੱਛਾ ਵਾਲੇ ਸਾਧਕ ਸੰਤ, ਜੱਗਯਾਸੂ, ਮਹਾਤਮਾ ਕਦੇ ਏਸ ਰਸਤੇ ਨਾ ਪੈਣ। ਸਾਂਈਂ ਨਾਲ ਲਿਵ ਲੱਗੇ, ਜੀਵਨ ਦੇ ਅਮਲ ਸੱਚ ਪਰ ਟਿਕਣ, ਫਿਰ ਜੋ ਕਰਤਾਰ ਕਰੇ ਸੋ ਹੋਵੇ। ਸਾਧਕ ਪੁਰਖ ਆਪਣੇ ਨਾਮ ਰੰਗ ਵਿਚ ਰਹੇ, ਕਿਸੇ ਦੇ ਭਲੇ ਲਈ ਕਰਤਾਰ ਆਪ ਇਸ ਵਿਚ ਹੋਕੇ ਕੁਛ ਕੌਤਕ ਕਰੇ ਤਾਂ ਹੰਕਾਰ ਨਾ ਕਰੇ। ਸਗੋਂ ਡਰੇ ਕਿ ਇਹ ਕੌਤਕ ਕਿਤੇ ਮੈਨੂੰ ਹੋਰ ਵਡੀ ਹਉਮੈ ਵਿਚ ਨਾ ਫਸਾ ਦੇਵੇ। ਆਪ ਨਾਮ ਜਪੇ। ਹੋਰਨਾਂ ਨੂੰ ਜਪਾਵੇ ਤਾਂ ਹੁਕਮ ਸਮਝਕੇ, ਹੁਕਮ ਹੋਣ ਤੇ ਜਪਾਵੇ, ਕਰਾਮਾਤ ਦੀ ਇੱਛਾ ਵਿਚ ਕਿ ਦਿਖਾਵੇ ਵਿਚ ਕਦੇ ਨਾ ਪਏ। ਜਗਤ ਵਿਚ ਜੋਗੀਆਂ ਦੇ ਉਪਰ ਕਹੇ ਹਾਲ ਵਾਂਙੂ ਅਜ ਕਲ ਬੀ ਕਈ ਪਖੰਡ ਹੋ ਰਹੇ ਹਨ, ਜਗਯਾਸੂਆਂ ਨੂੰ ਸਮਝਕੇ, ਟੁਰਨਾ ਚਾਹੀਏ। ਗਲ ਕੀਹ, ਜਦੋਂ ਜੋਗੀਆਂ ਦਾ ਪਾਜ ਉੱਘੜ ਗਿਆ ਤਾਂ ਉਲਟੀ ਵਰਤ ਗਈ ਕਿ ਜੋ ਥੋੜੀ ਬਹੁਤ ਸੱਤਯਾ ਹਠਾਂ ਤਪਾਂ ਕਰਕੇ ਹੈਸੀ ਬੀ ਤਾਂ ਉਹ ਬੀ ਉਡ ਗਈ। ਕਵਿ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜੋਗੀ ਇਹ ਹਾਰ ਖਾਕੇ ਕੀਕੂੰ ਬੈਠੇ ਹਨ :-

> ਆਪ ਆਪਣੇ ਆਸਨ ਬੈਸੇ ॥
> ਚੋਰ ਨਾਰ ਜਿਉਂ ਤੂਸ਼ਨਿ ਤੈਸੇ ॥ {ਨਾ: ਪ੍ਰ:}

ਸੋ ਜਾਪਦਾ ਹੈ ਕਿ ਜਦ ਇਹ ਉਘਾੜਾ ਹੋ ਗਿਆ ਤੇ ਜੋ ਲੋਕ ਉਥੇ ਸਨ ਸਾਰਿਆਂ ਦੇ ਮੂੰਹ ਓਧਰੋਂ ਮੁੜ ਗਏ ਤਾਂ ਸਾਰੇ ਗੁਰੂ ਜੀ ਵਲ ਉਲਟ ਪਏ। ਜੋਗੀ ਇਕ ਇਕ ਕਰਕੇ ਸ਼ਰਮ ਦੇ ਮਾਰੇ ਖਿਸਕ ਗਏ। ਇਹ ਬੀ ਖਿਆਲ ਪੈਂਦਾ ਹੈ ਕਿ

---

[੧] ਜਿਵੇਂ ਹੁਣੇ ਹੀ ਇਕ ਜੋਗੀ ਪ੍ਰੋਫੈਸਰ 'ਰਾਮਨੇ' ਦੇ ਸਾਹਮਣੇ ਕਿੱਲ ਕਾਂਟੇ ਤੇ ਜ਼ਹਿਰ ਖਾਕੇ ਨਹੀਂ ਸੀ ਮਰਿਆ, ਪਰ ਬਾਰ ਬਾਰ ਐਸਾ ਕਰਨ ਤੇ ਬਲ ਹਾਰ ਗਿਆ ਤੇ ਟਿਕ ਪਰਤਾਵੇ ਵੇਲੇ ਮਰ ਗਿਆ। ਇਸੇ ਕਰਕੇ ਏਕਾਗ੍ਰਤਾ ਦੇ ਸਾਧਨ ਕਰਨ ਵਾਲਿਆਂ ਨੂੰ ਸਤਿਗੁਰ ਜੀ ਦਾ ਹੁਕਮ ਹੈ :-

> ਜੋ ਕੋਊ ਅਪੁਨੀ ਓਟ ਸਮਾਰੈ। ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥ {ਧਨਾ: ਮ: ੫}

ਭਰਥਰਿ ਆਦਿ ਜੋ ਭਲੇ ਜੋਗੀ ਸਨ ਉਹਨਾਂ ਦਾ ਗੁਰੂ ਜੀ ਵਲ ਝੁਕਾਉ ਹੋ ਗਿਆ ਹੈ ਤੇ ਅਗਲੇ ਮਿਲਾਪਾਂ ਵਿਚ ਵਧਦਾ ਵਧਦਾ ਐਸਾ ਹੋਇਆ ਹੈ ਕਿ ਭਰਥਰਿ ਬਾਬਤ ਤਾਂ ਸ੍ਵੈਯਾਂ ਵਿਚ ਲਿਖਿਆ ਹੈ ਕਿ ਭਰਥਰ ਗੁਰੂ ਜੀ ਦੇ ਗੁਣ ਉਚਰਦਾ ਸਦਾ ਫਿਰ ਉਹਨਾਂ ਦੇ ਨਾਲ ਹੀ ਰਿਹਾ। ਗਲ ਕੀ, ਜੋਗੀ ਚਲੇ ਗਏ ਤੇ ਲੋਕਾਂ ਨੇ ਥਾਂਉਂ ਦਾ ਨਾਉਂ 'ਗੋਰਖ ਮਤਾ' ਦੀ ਥਾਂ 'ਸ੍ਰੀ ਨਾਨਕ ਮਤਾ' ਧਰ ਦਿਤਾ[੧], ਜੋ ਅਜ ਤਕ ਪ੍ਰਸਿੱਧ ਹੈ। ਇਹ ਬੀ ਲਿਖਿਆ ਹੈ ਕਿ ਜੋ ਸਿੱਧ ਬਾਲਕਾ ਜ਼ਿਮੀ ਵਿਚ ਲੁਕਾਇਆ ਹੋਇਆ ਸੀ ਤੇ ਮੁਰਦਾ ਨਿਕਲਿਆ ਸੀ ਸੋ ਗੁਰੂ ਮਿਹਰ ਨਾਲ ਸਾਵਧਾਨ ਹੋ ਗਿਆ ਸੀ[੨]।

੩.

ਗੁਰੂ ਜੀ ਤਾਂ ਓਥੋਂ ਹੁਣ ਅਗੇ ਨੂੰ ਰਵਦੇ ਰਹੇ, ਪਰ ਓਥੇ ਲੋਕੀਂ, ਜੋ ਗੁਰੂ ਕੇ ਉਪਦੇਸ਼ ਨਾਲ ਇਸ ਰਾਹੇ ਲਗੇ, ਸੋ ਸ਼ਰਧਾਵਾਨ ਹੋ ਗਏ। ਕੋਈ ਇਕ ਤਿਆਗੀ ਉਨ੍ਹਾਂ ਵਿਚੋਂ ਇਥੇ ਟਿਕ ਗਿਆ ਤੇ ਕੁਟੀ ਪਾਕੇ ਰਹਿ ਪਿਆ ਤੇ ਉਹ ਅਸਥਾਨ ਯਾਤ੍ਰਾ ਦਾ ਅਸਥਾਨ ਬਣਿਆਂ। ਯੂ.ਪੀ. ਵਿਚ ਨਾਨਕ ਪੰਥੀ ਲੋਕ ਕਈ ਜਗਾ ਹਨ। ਇਨ੍ਹਾਂ ਦਾ ਮੁੱਢ ਏਥੋਂ ਹੀ ਤੇ ਅੱਜ ਹੀ ਆਰੰਭ ਹੋਇਆ ਜਾਪਦਾ ਹੈ। ਮਗਰੋਂ ਇਹ ਥਾਨ ਉਦਾਸੀ ਸੰਤਾ ਦਾ ਟਿਕਾਣਾ ਬਣ ਗਿਆ। ਹੁਣ ਤਕ ਓਥੇ ਡੇਰਾ ਹੈ ਤੇ ਆਮ ਲੋਕੀਂ ਤੇ ਗੁਰ ਨਾਨਕ ਪੰਥੀ ਮਾਨਤਾ ਕਰਦੇ ਰਹੇ। ਪਰ ਜੋਗੀਆਂ ਦੀ ਖੁਣਸ ਦਿਲੋਂ ਨਾ ਮਿਟੀ। ਛੇਵੇਂ ਸਤਿਗੁਰਾਂ ਦੇ ਵੇਲੇ ਜੋਗੀਆਂ ਫੇਰ ਧਾਈ ਕੀਤੀ ਤੇ ਏਥੈ ਆਪਣਾ ਬਲ ਪਾਇਆ। ਸਾਧ, ਜੋ ਗੁਰੂ ਕੇ ਸਥਾਨ ਦੀ ਸੇਵਾ ਕਰਦਾ ਸੀ, ਇਕੱਲਾ ਸੀ, ਉਸ ਦੀ ਪੇਸ਼ ਕੋਈ ਜਾਵੇ ਨਾ। ਉਸ ਨੇ ਸਤਿਗੁਰ ਦੀ ਅਰਾਧਨਾ ਆਰੰਭ ਦਿੱਤੀ। ਐਸੀ ਲਿਵ ਲਾਈ ਕਿ ਸ੍ਰੀ ਸਤਿਗੁਰ ਜੀ ਨੂੰ ਖਿੱਚ ਪਈ ਆਪ ਨੂੰ ਅਪਣੇ ਸੁਆਮੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਕੀਤੇ ਅਸਥਾਨ ਦੀ ਬੇ-ਹੁਰਮਤੀ ਕਿਸ ਤਰ੍ਹਾਂ ਭਾ ਸਕਦੀ ਸੀ। ਕਿੱਥੇ ਪੰਜਾਬ, ਕਿੱਥੇ ਪੀਲੀ ਭੀਤ[੧], ਪੰਜ ਛੇ ਸੋ ਕੋਹ ਦਾ ਪੈਂਡਾ, ਪਰ ਆਪ ਟੁਰ ਪਏ। ਪੰਜਾਹ ਕੁ ਅਸਵਾਰ ਤੇ ਡੇਰਾ ਨਾਲ ਲੈ ਲਿਆ। ਮੰਜ਼ਲਾਂ ਕਰਦੇ ਟਿਕਾਣੇ ਆ ਪੁੱਜੇ।

ਜੋਗੀਆਂ ਨੂੰ ਪਤਾ ਲਗ ਗਿਆ ਸੀ ਕਿ ਛੇਵੇਂ ਗੁਰੂ ਸਾਹਿਬ ਆਪਣੇ ਆਦਿ ਗੁਰੂ ਸਾਹਿਬ ਦਾ ਨਿਸ਼ਾਨ ਮਿਟਦਾ ਦੇਖਕੇ ਆ ਗਏ ਹਨ ਤੇ ਉਹਨਾਂ ਦੇ ਅੱਗੇ ਪੇਸ਼ ਨਹੀਂ ਜਾਣੀ, ਸੋ ਉਨ੍ਹਾਂ ਨੇ ਉੱਥੋਂ ਕੂਚ ਦੀ ਠਾਣ ਲਈ, ਪਰ ਜਾਣ ਤੋਂ ਪਹਿਲਾਂ ਉਸ ਪਿੱਪਲ ਨੂੰ, ਜਿਸ ਹੇਠ ਗੁਰੂ ਜੀ ਬੈਠੇ ਸੇ ਤੇ ਦੁਆਲੇ ਯਾਦਗਾਰ ਖੜੀ ਸੀ, ਛਾਪੇ ਰੱਖਕੇ, ਅੱਗ ਲਾਕੇ ਫੂਕ ਦਿਤਾ ਤੇ ਸਾਹਿਬਾਂ ਦੇ ਪੁੱਜਣ ਤੋਂ ਪਹਿਲਾਂ ਆਪ ਰਫੂ-ਚੱਕਰ ਹੋ ਗਏ।

ਸਤਿਗੁਰਾਂ ਨੇ ਪੁਹੁੰਚਕੇ ਓਥੇ ਜਾ ਡੇਰਾ ਪਾਇਆ, ਜੋ ਅਸਥਾਨ ਗੁਰੂ ਨਾਨਕ ਪੰਥੀ ਸਾਧ ਦਾ ਖੁੱਸ ਗਿਆ ਸੀ, ਸੋ ਉਸ ਨੂੰ ਮੁੜਕੇ ਉਸ ਤੇ ਕਾਬਜ਼ ਕਰਵਾ ਦਿਤਾ ਤੇ ਦੋ ਚਾਰ ਆਪਣੇ ਸੂਰਮੇ ਓਥੇ ਛੋੜਕੇ ਪੱਕਾ

---

[੧] ਸਿਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ॥ {ਵਾ: ਭਾ: ਗੁ:}

[੨] ਬਾਲਕੇ ਨੂੰ ਆਤਮ ਬਲ ਨਾਲ ਜਿਵਾ ਦੇਣਾ ਗੁਰੂ ਜੀ ਦੀ ਆਤਮ ਸਤਯਾ ਅਗੇ ਕਠਨ ਨਹੀਂ ਸੀ, ਯਥਾ-"ਸਤਿਗੁਰ ਮੇਰਾ ਮਾਰਿ ਜੀਵਾਲੈ॥" {ਭੈਰਉ ਮਹਲਾ ੫}

ਪਰ ਜੇ ਇਸ ਦੀ ਵ੍ਯਾਖ੍ਯਾ ਸੁਭਾਵਿਕ ਵਿਚ ਹੀ ਟੋਲਣੀ ਹੋਵੇ ਤਾ ਵਿਚਾਰ ਇਉਂ ਬੀ ਚਲ ਸਕਦੀ ਹੈ-ਬਾਲਕੇ ਦਾ ਮਰਨਾ ਯਾ ਮਰਨਾਊ ਹੋ ਜਾਣਾ ਹੇਠਾਂ ਟੋਏ ਵਿਚ ਹਵਾ ਦੇ ਗੰਦੇ ਹੋ ਜਾਣ ਕਰਕੇ ਕੁਦਰਤੀ ਗਲ ਸੀ ਤੇ ਗੁਰੂ ਨਾਨਕ ਦੇਵ ਜੀ ਦਾ ਉਸਦੀ ਆਵਾਜ਼ ਨੂੰ ਖਿੜਕਦੀ ਪਛਾਣਕੇ ਕਾਹਲੀ ਕਰਨੀ ਟੋਏ ਪੁਟਾਉਣ ਦੀ ਉਸ ਨੂੰ ਵੇਲੇ ਸਿਰ ਹਵਾ ਪਹੁੰਚਣ ਤੇ ਬਚਾ ਦੇਣਾ ਯਾ ਬੰਦ ਹੋਈ ਸਾਸ ਵਾਯੂ ਮੁੜ ਜਾਰੀ ਕਰ ਦੇਣੀ, ਕੁਦਰਤੀ ਮਿਹਰ ਹੈ। ਅਜ ਕਲ ਬੀ ਸਾਹ ਰੁਕ ਕੇ ਤਾਜ਼ੇ ਮੋਏ ਨੂੰ ਸਾਹ ਜਾਰੀ ਕਰਾ ਦੇਂਦੇ ਹਨ।

[੧] ਨਾਨਕ ਮਤਾ ਪੀਲੀ ਭੀਤ ਦੇ ਨੇੜੇ ਹੈ, ਖਟੀਮੇ ਸਟੇਸਨ ਤੋਂ ਜਾਈਦਾ ਹੈ, ਸਟੇਸ਼ਨ ਤੋਂ ਅੱਠ ਦਸ ਮੀਲ ਹੈ। ਸਵਾਰੀ ਘੋੜੇ ਦੀ ਦੱਸੀਦੀ ਹੈ। ਰਸਤਾ ਬਰਸਾਤ ਵਿਚ ਖਰਾਬ ਹੁੰਦਾ ਹੈ।

ਪ੍ਰਬੰਧ ਕਰ ਦਿਤਾ। ਮਗਰੋਂ ਜਦ ਬਾਬਾ ਸ੍ਰੀ ਚੰਦ ਜੀ ਦੇ ਮੰਗਣ ਪਰ ਗੁਰੂ ਜੀ ਨੇ ਉਹਨਾਂ ਨੂੰ ਆਪਣੇ ਵੱਡੇ ਸਪੁਤ੍ਰ ਬਾਬਾ ਗੁਰਦਿਤਾ ਜੀ ਦੇ ਦਿੱਤੇ ਤਾ ਉਹਨਾਂ ਨੇ ਉਦਾਸ ਮਾਰਗ ਨੂੰ ਚਾਰ ਚੰਨ ਲਾਏ। ਉਦਾਸ ਸੰਪ੍ਰਦਾ ਦੇ ਪ੍ਰਚਾਰ ਦੇ ਕੰਮ ਦਾ ਸਾਰਾ ਸਿਹਰਾ ਬਾਬਾ ਗੁਰਦਿੱਤਾ ਜੀ ਦੇ ਸਿਰ ਹੈ। ਚਾਰ ਧੂਣੀਆਂ ਅਰਥਾਤ ਚਾਰ ਵਡੇ ਪ੍ਰਚਾਰਕ ਅਥਵਾ ਮੋਢੀਵਾਲ ਆਪ ਨੇ ਹੀ ਪੈਦਾ ਕੀਤੇ, ਇਸ ਤਰ੍ਹਾਂ ਇਹ ਟਿਕਾਣਾ ਬੀ ਫੇਰ ਇਹਨਾਂ ਉਦਾਸੀਆਂ ਦੀ ਸਪੁਰਦੀ ਵਿਚ ਆਇਆ ਜੋ ਹੁਣ ਤਕ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਰਿਆ ਕੀਤਾ ਪਿੱਪਲ ਜਿਸ ਹੇਠ ਆਪ ਓਹਨੀਂ ਦਿਨੀਂ ਟਿਕੇ ਸਨ ਤੇ ਜਿਥੇ ਬੈਠਕੇ ਸੱਚ ਦੀ ਬਿਜੈ ਕਰਕੇ ਦਿਖਾਈ ਸੀ, ਤੇ ਜਿਥੇ ਪਿੱਪਲ ਹਰਾ ਕੀਤਾ ਸੀ, ਉਹ ਨਿਸ਼ਾਨੀ ਮਿਟ ਜਾਣੀ ਸਾਹਿਬਾਂ ਨੂੰ ਨਾ ਸੁਖਾਈ। ਆਪ ਨੇ ਬਹੁਤ ਸਾਰਾ ਕੇਸਰ ਰਗੜਵਾਕੇ ਹੱਥ ਵਿਚ ਲੈ ਲਿਆ ਤੇ ਸੜੇ ਬ੍ਰਿਛ ਪਰ ਤ੍ਰੌਂਕਿਆ ਤੇ ਬਚਨ ਕੀਤਾ:- 'ਸਚ ਦੇ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਸ਼ਾਨੀ ! ਤੂੰ ਨਹੀਂ ਮਿਟਣਾ। ਸੁਰਜੀਤ ਹੋ ਜਾਹ, ਫੇਰ ਫੁੱਟ ਪਉ ਤੇ ਹਰੀ ਰਹੁ। ਤੈਂ ਪੁਰ ਕੇਸਰ ਤ੍ਰੌਂਕਿਆ ਹੈ, ਛੱਟੇ ਮਾਰੇ ਹਨ, ਤੇਰੇ ਪੱਤਿਆਂ ਤੇ ਚਿੱਟੇ ਦਾਗ ਹੋਇਆ ਕਰਨਗੇ, ਯਾਦ ਕਰਾਉਣ ਲਈ ਕਿ ਤੂੰ ਮੁੜ ਜੀਵਿਆਂ ਹੈਂ।'

ਸੋ ਉਹ ਪਿੱਪਲ ਫੇਰ ਹਾਰ ਹੋ ਗਿਆ; ਉਸ ਦੇ ਪੱਤੇ ਪਵਿੱਤ੍ਰ ਯਾਦਗਾਰ ਜਾਣਕੇ ਯਾਤਰੂ ਲਿਆਉਂਦੇ ਹਨ ਤੇ ਚਿੱਟੇ ਨਿਸ਼ਾਨ ਇਹਨਾਂ ਪਰ ਹੁੰਦੇ ਹਨ ਇਸ ਤਰ੍ਹਾਂ ਗੁਰੂ ਬਾਬੇ ਦਾ ਨਿਸ਼ਾਨ ਕਾਇਮ ਕਰਕੇ ਸ੍ਰੀ ਗੁਰੂ ਜੀ ਫੇਰ ਵਾਪਸ ਆਏ।

ਗੀਤ ੧.

## ਅਰਸ਼ੀਆਂ ਦਾ ਸੰਦੇਸ਼

(ਰਾਗ-ਕੌਂਸੀਆ)

ਮੈਂ ਡਿੱਠਾ ਰਾਤ ਫ੍ਰਿਸ਼ਤੇ ਹੇਠ ਆਏ
ਕਿ ਅਸਮਾਨਾਂ ਤੋਂ ਸਰੋਦੇ ਨਾਲ ਲਜਾਏ,
ਸਰੋਦਾਂ ਛਿੜ ਰਹੀਆਂ ਰਸ ਰੰਗ ਭਰੀਆਂ
ਤੇ ਦਫ ਵਜਦੇ ਸੁਹਾਵੇ ਤਾਲ ਲਾਏ।
ਕਿ ਨਚਦੇ, ਹੇਠ ਨੂੰ ਸੁਰ ਤਾਲ ਲਾਂਦੇ,
ਚਲੇ ਸਭ ਰਾਗ ਆਵਨ ਸਾਜ਼ ਚਾਏ।
ਤੇ ਚਲੀਆਂ ਰਾਗਨੀਆਂ ਨਾਲ ਆਵਨ
ਗਲੇ ਮਿੱਠੇ ਸੁਹਾਵੇ ਸੁਰ ਅਲਾਏ।
ਜਿਵੇਂ ਮੋਰਾਂ ਤਿਵੇਂ 'ਪੈਲਾਂ' ਨਾ ਪੈਂਦੀਆਂ
ਜ਼ਿਮੀਂ ਦੇ ਨਾਚ, ਉਨ੍ਹਾਂ ਨਾਚਾਂ ਭੁਲਾਏ।
ਜਾਂ ਦਿੱਤਾ ਦਿਲ, ਸਮਝ ਗਾਵਣ ਦੀਆਈ
ਗੁਰੂ ਆਵਣ ਦਾ ਸੋਹਲਾ ਇਹ ਸੁਣ ਆਏ:-
'ਗੁਰੂ ਨਾਨਕ ਗੁਰੂ ਨਾਨਕ ਪਿਆਰਾ
ਸੁਣੋ ਲੋਕੋ ! ਤੁਸਾਂ ਦੇ ਦੇਸ਼ ਆਏ,
'ਤਿਆਰੀ ਕਰ ਲਵੋ ਆਦਰ ਦੀ ਸਾਰੀ
ਕਿ ਘਰ ਬਨ ਬਾਗ, ਸਭ ਕਰ ਲਓ ਸੁਹਾਏ।
'ਦਿਲ ਅਪਣੇ ਨੂੰ ਬਣਾਵੋ ਤਖਤ ਸੁਹਣਾ,
ਦਿਓ 'ਮੈਂ' ਆਪਣੀ ਹੇਠਾਂ ਵਿਛਾਏ।
ਸੁਗੰਧੀ ਪ੍ਰੇਮ ਦੀ ਛਿੜਕਾ ਦਿਓ ਜੀ
ਦਿਓ 'ਆਪਾ' ਗੁਰੂ ਤੋਂ ਅਜ ਲੁਟਾਏ।
'ਜੋ 'ਆਪਾ' ਹੋ ਗਿਆ 'ਆਪੇ' ਤੋਂ ਖਾਲੀ
ਗੁਰੂ ਨਾਨਕ ਤਦੋਂ ਡੇਰੇ ਆ ਲਾਏ।
'ਤੁਸੀਂ ਪੰਜਾਰਾਂ ਦੇ ਤਦ ਰਸ ਰੰਗ ਮਾਣੋ
ਜਦੋਂ ਆਪਾ ਇਸ ਆਪੇ ਤੋਂ ਘੁਮਾਏ।
'ਦਿਸੇ ਪੰਜਾਰਾ ਤਦੋਂ ਹਰ ਰੰਗ ਵਸਦਾ
ਵਿਛੋੜਾ ਫੇਰ ਨਾ ਆ ਮੂੰਹ ਦਿਖਾਏ।
'ਉਠੋ ਲੋਕੋ ! ਸੁਣੋ ਲੋਕੋ ! ਤੇ ਗਾਵੋ:-
ਕਿ ਔਹ ਆਏ, ਗੁਰੂ ਨਾਨਕ ਅਹੁ ਆਏ।
'ਬੁਸ਼ਾਰਤ[1]' ਦੇ ਦਿਓ ਅਜ ਜਗਤ ਤਾਈਂ
"ਗੁਰੂ ਆਏ ਤੇ ਖੁਸ਼ੀਆਂ ਨਾਲ ਲਜਾਏ।"
'ਮਿਲੋ ਆ ਕੇ, ਹਾਂ ਆਪਾ ਭੇਟ ਧਰਕੇ
ਮਿਲੋ ਐਦਾਂ ਜੋ ਗੁਰ ਗੋਦੀ ਖਿਡਾਏ।
'ਸਫਲ ਜੀਵਨ, ਸਫਲ ਜੀਵਨ ਹੋ ਜਾਵੇ
ਗੁਰੂ ਦੇ ਅੰਗ ਵਿਚ ਰਹੀਓ ਸਮਾਏ'।

---

ਗੀਤ ੨.

ਦਿਖਾ ਦੇ ਦਿਖਾ ਦੇ ਦਿਖਾ ਦੇ ਪਜਾਰਿਆ !
ਜ਼ਰਾ ਮੁਖੜਾ ਸੁਹਾਵਾ ਦਿਖਾ ਦੇ ਸੁਹਣਿਆ !
ਤੇਰੀਆਂ ਚਿਰੋਕੀਆਂ ਉਡੀਕਾਂ ਸੱਜਣਾ !
ਪੁਜਾ ਦੇ, ਪੁਜਾ ਦੇ, ਪੁਜਾ ਦੇ, ਪਜਾਰਿਆ! ੧.

[1] ਖੁਸ਼ਖ਼ਬਰੀ।

ਤੇਰੇ ਨਾਮ ਨੂੰ ਹੀ ਮੈਂ ਧਿਆਵਾਂ
ਦਿਨ ਤੇ ਰਾਤੀਂ ਪਈ ਅਲਾਵਾਂ
ਪਈ ਅਲਾਵਾਂ ਵਾਹ ਵਾ ਵਾਹ;
ਦਿਖਾ ਦੇ ਦਿਖਾ ਦੇ ਦਿਖਾ ਦੇ ਪਜਾਰਿਆ !
ਜ਼ਰਾ ਮੁਖੜਾ ਸੁਹਾਵਾ ਦਿਖਾਦੇ ਸੁਹਣਿਆ ! ੨.
ਹੁਣ ਗੁਰ ਨਾਨਕ ਪਜਾਰੇ ਆਈਂ।
ਫੇਰਾ ਅਜ ਆ ਸਾਡੇ ਪਾਈਂ।
ਫੇਰਾ ਪਾਈਂ ਵਾਹ ਵਾ ਵਾਹ।
ਦਿਖਾ ਦੇ ਦਿਖਾ ਦੇ ਦਿਖਾ ਦੇ ਪਜਾਰਿਆ !
ਜ਼ਰਾ ਮੁਖੜਾ ਸੁਹਾਵਾ ਦਿਖਾਦੇ ਸੁਹਣਿਆਂ ! ੩.

ਸਾਨੂੰ ਚਰਨੀਂ ਆਨ ਲਗਾਈਂ।
ਸਿਕਦੇ ਮੱਥੇ ਠੰਢਕ ਪਾਈਂ।
ਠੰਢਕ ਪਾਈਂ ਵਾਹ ਵਾ ਵਾਹ।
ਦਿਖਾ ਦੇ ਦਿਖਾ ਦੇ ਦਿਖਾ ਦੇ ਪਜਾਰਿਆ !
ਜ਼ਰਾ ਮੁਖੜਾ ਸੁਹਾਵਾ ਦਿਖਾਦੇ ਸੁਹਣਿਆਂ ! ੪.
ਆ ਜਾ ਵਿੱਥਾਂ ਮੇਟ ਗੁਸਾਈਂ।
'ਅਪਨਾ' ਆਖ ਤੇ ਲੈ ਅਪਨਾਈ।
ਲੈ ਅਪਨਾਈ ਵਾਹ ਵਾ ਵਾਹ।
ਦਿਖਾ ਦੇ ਦਿਖਾ ਦੇ ਦਿਖਾ ਦੇ ਪਜਾਰਿਆ !
ਜ਼ਰਾ ਮੁਖੜਾ ਸੁਹਾਵਾ ਦਿਖਾਦੇ ਸੁਹਣਿਆਂ ! ੫.

## ੨੦. ਬਨਾਰਸ-ਪੰਡਤ ਚਤਰ ਦਾਸ [੧]।

**ਸਤਿਗੁਰ** ਜੀ ਬਨਾਰਸ ਆਏ, ਇਹਨੀਂ ਦਿਨੀਂ ਚਤੁਰਦਾਸ ਨਾਮੇ ਇਕ ਬੜਾ ਪ੍ਰਬੀਨ ਪੰਡਤ ਏਥੇ ਪ੍ਰਸਿੱਧ ਸੀ, ਉਸਨੇ ਸਤਿਗੁਰੂ ਜੀ ਦੀ ਮੋਹਿਣੀ ਮੂਰਤ ਦੇਖਕੇ ਪ੍ਰਣਾਮ ਕੀਤੀ ਤੇ ਆਖਣ ਲੱਗਾ-"ਹੇ ਭਗਤ ਜਨ ! ਜਲ ਕਿਨਾਰੇ ਬੈਠੇ ਹੋ, ਸਾਧੂ ਹੋ, ਪਰ ਸਾਲਗਰਾਮ, ਤੁਲਸੀ ਮਾਲਾ ਕੁਛ ਨਹੀਂ, ਪੂਜਾ ਕਿਸ ਤਰ੍ਹਾਂ ਕਰਦੇ ਹੋ ? ਭਗਤੀ ਕਿਸ ਤਰ੍ਹਾਂ ਕਮਾਉਂਦੇ ਹੋ ? ਅਤੀਤ ਹੋ ? ਕਿਵੇਂ ਹੋ ?"

ਤਦ ਸਤਿਗੁਰੂ ਜੀ ਨੇ ਇਸ਼ਾਰਾ ਕੀਤਾ, ਮਰਦਾਨੇ ਨੇ ਰਬਾਬ ਵਿਚ ਬਸੰਤ ਹਿੰਡੋਲ ਦੀ ਸੁਰ ਛੇੜ ਦਿੱਤੀ, ਤਦ ਆਪ ਬੋਲੇ :-

ਮਹਲਾ ੧ ਬਸੰਤੁ ਹਿੰਡੋਲ ਘਰੁ ੨
ੴ ਸਤਿਗੁਰ ਪ੍ਰਸਾਦਿ ॥

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥ ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ॥੧॥ ਰਹਾਉ ॥

ਸਤਿਗੁਰ ਦੇ ਆਤਮਾ ਦੀ ਸੱਚਿਆਈ, ਇਲਾਹੀ ਰੰਗ, ਇਲਾਹੀ ਨਾਦ ਪੰਡਤ ਦਾ ਕਲੇਜਾ ਚੀਰ ਗਏ। ਮਨ ਭਾਵੇਂ ਹੰਕਾਰੀ ਸੀ ਪਰ ਸੱਚ ਨੇ ਤੀਰ ਚੋਭ ਹੀ ਦਿੱਤਾ। ਹੈਰਾਨ ਹੋ ਕਹਿਣ ਲੱਗਾ "ਹੇ ਸਾਧੂ ਜਨ ! ਜੇ ਇਹ ਖੇਤੀ ਅਫਲ ਹੈ ਤਾਂ ਸਫਲ ਖੇਤੀ ਕੌਣ ਹੈ?" ਤਦ ਸਤਿਗੁਰ ਨੇ ਬਾਕੀ ਸ਼ਬਦ ਗਾਂਵਿਆਂ :-

ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥ ੨ ॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ ਤੁਮ੍ਹ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥ ੩ ॥ ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥

ਹੁਣ ਪੰਡਤ ਮੋਮ ਦਿਲ ਹੋਕੇ ਕਹਿਣ ਲੱਗਾ, ਆਪ ਦੀ ਦ੍ਰਿਸ਼ਟੀ ਬਹੁਤ ਉੱਚੀ ਹੈ, ਸਾਧੂ ਹੋ, ਪਰ ਕੁਛ ਵਿਦਯਾ ਚਾਹੀਏ; ਕਹੋ ਤਾਂ ਦਾਸ ਸੇਵਾ ਕਰੇ ?

ਇਹ ਸੁਣਕੇ ਸਤਿਗੁਰ ਸੱਚੇ ਦੇ ਨੈਣ ਭਰ ਆਏ, ਅਪਾਰ ਛਹਿਬਰ ਲੱਗ ਗਈ, ਤਨ ਪੁਲਕਾਵਲੀ ਹੋ ਆਯਾ ਤੇ ਬੜੇ ਵੈਰਾਗ ਵਿਚ ਬੋਲੇ :-

ਬਸੰਤ ਹਿੰਡੋਲ ਮਹਲਾ ੧

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥ਦੁਇ ਮਾਈ ਦੁਇ ਬਾਪਾ ਪੜੀਅਹਿ

[੧] ਗੁ: ਪੂੰਨਮ ਸੰ:ਗੁ: ਨਾ: ਸਾ: ੪੪੯ (੧੯੧੭ ਈ:) ਨੂੰ ਖਾਲਸਾ ਟਰੈਕਟ ਸੁਸਾਇਟੀ ਦੇ ਟਰੈਕਟ ਨੰ: ੫੩੦ (ਨੌਵਾਂ ਭਾਗ) ਵਿਚ ਪ੍ਰਕਾਸ਼ਿਆ ਸੀ।

ਪੰਡਿਤ ਕਰਹੁ ਬੀਚਾਰੋ ॥੧॥ ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥ ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥ ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥ ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥ ੩ ॥ ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥

ਸੁਣਕੇ ਚਤੁਰਦਾਸ ਘਬਰਾਇਆ, ਕੁਛ ਵੈਰਾਗ ਫੁਰ ਆਇਆ, ਆਖਣ ਲੱਗਾ:'ਹੇ ਹਰੀ ਦੇ ਪਿਆਰੇ ! ਆਪ ਕੋਈ ਹੋਰ ਵਿਦਿਆ ਪੜ੍ਹੇ ਹੋ ? ਪੜ੍ਹਾਵਨ ਹਾਰ ਜਾਪਦੇ ਹੋ, ਆਪਣੇ ਚੇਲਿਆਂ ਨੂੰ ਕੀ ਪੜ੍ਹਉਂਦੇ ਹੋ ? ਅਸੀਂ ਤਾਂ ਪਹਿਲੇ ਬਾਵਨ ਅੱਖਰੀ ਪੜ੍ਹਾਉਂਦੇ ਹਾਂ। "

ਇਸ ਗੱਲ ਤੋਂ ਮਗਰੋਂ ਸਤਿਗੁਰ ਤੇ ਪਾਂਡੇ ਦੀ ਗੋਸ਼ਟ ਸ਼ੁਰੂ ਹੋ ਪਈ ਅਤੇ ਢੇਰ ਚਿਰ ਰਹੀ, ਜਿਸ ਦਾ ਫਲ ਇਹ ਹੋਇਆ ਕਿ ਪੰਡਤ ਪੈਰੀਂ ਪਿਆ, ਸਤਿਗੁਰੂ ਜੀ ਨੇ ਨਾਮ ਦਾਨ ਦਿਤਾ ਤੇ ਉਹ ਸਿਮਰਨ ਵਿਚ ਲਗ ਗਿਆ। ਬਨਾਰਸ ਵਿਚ ਪਹਿਲਾ ਸਿਖੀ ਦਾ ਸਿਤਾਰਾ ਇਹ ਸਜਣ ਹੋ ਚਮਕਿਆ।

ਜੋ ਗੱਲ ਬਾਤ ਇਸ ਪਿਆਰੇ ਨਾਲ ਹੋਈ ਸੋ ਸਤਿਗੁਰ ਨੇਂ ਇਕ ਬਾਣੀ ਵਿਚ ਰਚੀ, ਉਸ ਦਾ ਨਾਮ 'ਦੱਖਣੀ ਓਅੰਕਾਰ'[1] ਪ੍ਰਸਿਧ ਹੋਇਆ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਹ ਬਾਣੀ ਸਤਿਗੁਰ ਜੀ ਦੀ ਤੇ ਪੰਡਿਤ ਦੀ ਗੋਸ਼ਟ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾਂ ਵਿਚ ਇਹ ਬਾਣੀ ਭੀ ਇਕ ਬੜੇ ਗੂਹੜ ਕਟਾਖਸ਼ ਦੀ ਭਰੀ ਹੋਈ ਹੈ, ਜਿਸ ਦੇ ਆਸ਼ੇ ਸਿਖਿਆ, ਸੁਖ ਸੁਆਦ ਤੇ ਦਾਰਸ਼ਨਿਕ ਡੂੰਘੀਆਂ ਗਲਾਂ ਨਾਲ ਭਰੇ ਪਏ ਹਨ।

ਬਾਣੀ ਦਾ ਨਾਮ ਦੱਸਦਾ ਹੈ ਕਿ ਸੰਸਕ੍ਰਿਤ ਬੋਲੀ ਦੇ ਅੱਖਰਾਂ ਦੁਆਰੇ ਕਿਸੇ ਪੰਡਤ ਪ੍ਰਤੀ ਉਪਦੇਸ਼ ਹੈ। ਕਈਆਂ ਦਾ ਖਿਆਲ ਹੈ ਕਿ ਨਰਬਦਾ ਨਦੀ ਕਿਨਾਰੇ ਓਅੰਕਾਰ ਦਾ ਮੰਦਰ ਹੈ, ਜਿਥੇ ਪੁਜਾਰੀਆਂ ਨੇ ਓਅੰਕਾਰ ਨੂੰ ਸ਼ਿਵਲਿੰਗ ਦੀ ਮੂਰਤ ਦੇ ਕੇ ਪੂਜਾ ਪ੍ਰਚਾਰੀ ਹੈ। ਇਥੇ ਪਾਂਡਾ ਮੁੰਡਿਆਂ ਨੂੰ ਪੜ੍ਹਾਉਂਦਾ ਤੇ ਲੇਖੇ ਪੱਤੇ ਸਿਖਾਲਦਾ ਦੇਖਕੇ ਸਤਿਗੁਰ ਨੇ ਮੱਤ ਦਿਤੀ ਕਿ ਨਿਰਗੁਣ ਤੇ ਆਤਮ ਰੂਪ ਪਰਮਾਤਮਾਂ ਨੂੰ ਪੱਥਰਾਂ ਦੀ ਲੱਜਜਾ ਵਾਲੀ ਸੂਰਤ ਨਾ ਦਿਓ। ਪਰੰਤੂ ਪੁਰਤਾਨ ਜਨਮ ਸਾਖੀ ਵਿਚ ਓਅੰਕਾਰ ਦਾ ਉਪਦੇਸ਼ ਬਨਾਰਸ ਦੇ ਪੰਡਤ ਚਤਰ ਦਾਸ ਪ੍ਰਤੀ ਹੋਇਆ ਹੀ ਲਿਖਿਆ ਹੈ।

ਵੈਸੇ ਐਉਂ ਪ੍ਰਤੀਤ ਦਿੰਦਾ ਹੈ ਕਿ ਓਅੰਕਾਰ ਪਦ ਪੈਂਤੀ ਵਾਸਤੇ ਬੀ ਵਰਤੀਂਦਾ ਹੋਣਾ ਹੈ, ਜਿੱਕੂੰ ਸਾਡੇ ਦੇਸ ਵਿਚ ਬੀ ਆਖਦੇ ਹਨ ਕਿ 'ਊੜਾ ਐੜਾ ਸਿੱਖ ਲਿਆ ਹੈਸੁ ਕਿ ਨਹੀਂ", ਜਿਸ ਦਾ ਅਰਥ ਹੈ ਕਿ 'ਪੈਂਤੀ ਸਿੱਖੀ ਹੈਸੁ ਕਿ ਨਹੀਂ। ਅੰਗਰੇਜ਼ੀ ਵਿਚ 'ਐਲਫੇਬੈਟ' ਦੀ ਵਿਤਪਤੀ ਵੀ ਇਹੋ ਹੈ ਕਿ ਵਰਣਮਾਲਾ ਦੇ ਪਹਿਲੇ ਦੋ ਅੱਖਰ 'ਐਲਫਾ ਤੇ ਬੀਟਾ' ਪੈਂਤੀ ਦੇ ਅਰਥ ਦੇਂਦੇ ਹਨ। ਫ਼ਾਰਸੀ ਵਿਚ 'ਅਬਜਦ' ਪਦ ਭੀ ਪੈਂਤੀ ਦੇ 'ਅਲਫ਼, ਬੇ, ਜੀਮ, ਦਾਲ ਚਾਰ ਹਰਫਾਂ ਤੋਂ ਹੀ ਸਾਰੇ ਅੱਖਰਾਂ ਦਾ ਵਾਚਕ ਹੋ ਗਿਆ ਹੈ। ਇਸੀ ਤਰ੍ਹਾਂ 'ਓਅੰਕਾਰ' ਭੀ ਪੈਂਤੀ ਦਾ ਸੂਚਕ ਹੈ, ਅਰ ਇਸਦਾ ਅਰਥ ਇਹ ਹੈ ਕਿ 'ਵਰਣਮਾਲਾ' ਦੇ ਅੱਖਰਾਂ ਦਾ ਆਸਰਾ ਲੈ ਕੇ ਉਪਦੇਸ਼ ਦੀ ਰਚਨਾ ਰਚੀ ਗਈ ਹੈ। ਜਿੱਕੂੰ ਕਿਤੇ ਸਤਿਗੁਰ ਨੇ ਪੱਟੀ ਆਖੀ ਹੈ, ਓਸੇ ਤਰ੍ਹਾਂ ਇਹ ਬਾਣੀ ਬੀ ਇਕ ਪੱਟੀ ਵਾਂਙੂ ਹੈ, ਜਿਸ ਦੀ ਬਾਣੀ ਦੇ ਵਿਚੋਂ ਉਗਾਹੀ ਮਿਲਦੀ ਹੈ 'ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ'॥ ਤੇ ਇਸ ਗੱਲ ਦੀ ਉਗਾਹੀ ਬੀ ਕਿ ਕਿਸੇ ਮੁੰਡੇ ਪੜ੍ਹਾਉਣ ਵਾਲੇ ਪਾਂਧੇ ਪਰਿਥਾਇ ਇਹ ਉਪਦੇਸ਼ ਹੋਇਆ ਹੈ-ਇਸ ਰਚਨਾਂ ਦੇ ਵਿਚੋਂ ਹੀ ਮਿਲਦੀ ਹੈ, ਜਿਥੇ ਪਾਂਧੇ ਨੂੰ ਆਖਦੇ ਹਨ-

"ਪਾਂਧਾ ਪੜਿਆ ਆਖੀਐ ਬਿਦਿਆ
ਬਿਚਰੈ ਸਹਜਿ ਸੁਭਾਇ ॥ ॥੫੩॥"

(ਰਾਮ: ਮ:੧ ਦਖ. ਓ)

---

[1] ਡਾਕਟਰ ਚਰਨ ਸਿੰਘ ਜੀ ਬਾਣੀ ਬਿਉਰੇ (ਸੰਨ ੧੯੦੨) ਵਿਚ ਇਕ ਵੀਚਾਰ ਦੱਸਦੇ ਹਨ, ਜਿਸ ਦਾ ਭਾਵ ਇਹ ਹੈ ਕਿ ਬਾਣੀ ਦਾ ਨਾਮ ਓਅੰਕਾਰ ਹੈ ਤੇ ਦੱਖਣੀ ਪਦ ਇਸ ਗਲ ਦਾ ਸੂਚਕ ਹੈ ਕਿ ਰਾਮਕਲੀ ਦਖਣੀ ਭਾਂਤਿ ਦੀ ਹੈ, ਜਿਵੇਂ ਬਿਲਾਵਲ ਤੇ ਵਡਹੰਸ ਆਦਿ ਨਾਲ ਦਖਣੀ ਪਦ ਰਾਗ ਸੂਚਨਾ ਆਇਆ ਹੈ।

ਫਿਰ ਸਾਫ ਪਾਂਧੇ ਨੂੰ ਸਬੋਧਨ ਕਰਦੇ ਹਨ-

'ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ ॥
ਲਿਖ ਰਾਮ ਨਾਮ ਗੁਰਮੁਖ ਗੋਪਾਲਾ ॥'

ਰਚਨਾ ਦਾ 'ਅਰਥ-ਵੇਗ' ਇਹ ਦੱਸਦਾ ਹੈ ਕਿ ਜਿਸ ਤਰ੍ਹਾਂ ਪਾਂਧੇ ਵਰਣ ਮਾਲਾ ਦੇ ਅੱਖਰਾਂ ਵਿਚ ਇਕ ਇਕ ਅੱਖਰ ਨਾਲ ਇਕ ਇਕ ਤੁਕ ਠੱਪਕੇ ਇਕ ਗੀਤ ਸਿਖਾਇਆ ਕਰਦੇ ਹਨ, ਉਸ ਵਿਉਂਤ ਨੂੰ ਸਤਿਗੁਰ ਨੇ ਸੋਧਿਆ ਹੈ ਤੇ ਮੱਤ ਦਿੱਤੀ ਹੈ ਕਿ ਪੈਂਤੀ ਦੇ ਅੱਖ਼ਰਾਂ ਦਾ ਜਦ ਇਹ ਵਰਤਾਉ ਸਿਖਾਓ ਤਾ ਉਸ ਵੇਲੇ ਪਰਮੇਸ਼ਰ ਦੀ ਅਤੇ ਪਰਮਾਰਥ ਦੀ ਮੱਤ ਦਿਓ। ਪਾਂਧਾ ਹੈਰਾਨ ਹੋਕੇ ਝਿਜਕਦਾ ਮਾਲੂਮ ਦੇਂਦਾ ਹੈ, ਉਹ ਡਰਦਾ ਭੀ ਹੈ ਕਿ ਮੈਂ ਵਿਹਾਰੀਆਂ ਦਾ ਉਸਤਾਦ ਪਰਮਾਰਥ ਦੀ ਕੀ ਮੱਤ ਦਿਆਂ, ਅਰ ਕੁਛ ਆਪ ਬੀ ਦੁਨੀਆਂਦਾਰੀ ਦੀ ਮੱਤ ਦਾ ਆਦਮੀ ਜਾਪਦਾ ਹੈ, ਇਸੇ ਕਰਕੇ ਗੁਰੂ ਜੀ ਨੇ ਉਸ ਨੂੰ ਉਸਦੇ ਫਰਜ਼ ਸੁਝਾਕੇ ਸਮਝਾਇਆ ਹੈ।

ਬਾਣੀ ਦੀ ਬੋਲੀ ਸਾਫ ਪੰਜਾਬੀ ਹੈ, ਰਚਨਾਂ ਦਾ ਪਰਵਾਹ ਕੁਦਰਤੀ ਤੇ ਨਿਰ-ਅਟਕਵਾਂ ਹੈ, ਕਈ ਛੰਦ ਦੋਹੇ ਦੀ ਚਾਲ ਵਰਗੇ ਹਨ, ਯਥਾ-'ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ ॥ ਅਰ ਕਈ/ਚਉਪਈ ਦੇ ਵੇਗ ਵਾਂਙੂ ਪੌੜੀਆਂ ਵਰਗੇ ਹਨ ਯਥਾ :-'ਖੋਜਤ ਖੋਜਤ ਅੰਮ੍ਰਿਤੁ ਪੀਆ ॥' ਕਈ ਦੁੱਵਯੇ ਦੀ ਚਾਲ ਦੇ ਹਨ। ਯਥਾ--ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥ ' ਹੋਰ ਛੰਦਾਂ ਦੀ ਚਾਲ ਬੀ ਕਿਸੇ ਕਿਸੇ ਵਿਚ ਹੈ।

ਸਾਧਰਨ ਦੇਖਦਿਆਂ ਪਤਾ ਨਹੀਂ ਲਗਦਾ ਕਿ ਕਿਸ ਬੋਲੀ ਦੀ ਪੈਂਤੀ ਹੈ ਅਰ ਇਸੇ ਕਰਕੇ ਇਸ ਵਿਸ਼ੇ ਵਲ ਸਿਆਣੇ ਗਹੁ ਹੀ ਨਹੀਂ ਕਰਦੇ, ਪਰ ਇਸ ਵਿਚ ਕੋਈ ਸੰਦੇਹ ਵਾਲੀ ਗਲ ਨਹੀਂ ਜਾਪਦੀ ਕਿ ਪੈਂਤੀ ਦੇਵਨਾਗਰੀ ਯਾ ਸੰਸਕ੍ਰਿਤ ਦੀ ਹੈ। ਮੁੱਢ ਵਿਚ 'ਓ, ਸ, ਧੀ' ਦੇਖਕੇ ਭੀ ਟਪਲਾ ਲਗਦਾ ਹੈ ਕਿ ਖਬਰੇ ਕਿਸ ਬੋਲੀ ਦੀ ਪੈਂਤੀ ਹੈ, ਪਰ ਉਸ ਦਾ ਭੇਤ ਇਹ ਹੈ :-

ਪਾਂਧੇ ਜਦ ਵਿਦਯਾਰਥੀ ਦੀ ਪੱਟੀ ਉਤੇ ਪਹਿਲੇ ਅੱਖਰ ਪਾਕੇ ਦੇਂਦੇ ਹਨ, ਤਾਂ ਕੋਈ 'ਸ੍ਰੀ ਗਣੇਸ਼ਾਯ ਨਮ:' ਪਾਉਂਦੇ ਹਨ ਤੇ ਕੋਈ "ਓਨਮ: ਸਿੱਧੰ" "ਮੰਗਲ ਰੂਪ" ਸਿਰੇ ਤੇ ਲਿਖਕੇ ਫੇਰ ਅਗੇ ਅੱਖਰ ਪਾ ਦੇਂਦੇ ਹਨ। ਬੱਚਿਆਂ ਨੂੰ ਉਪਰਲੇ ਮੰਗਲ ਦਾ ਪਤਾ ਨਹੀਂ ਹੁੰਦਾ, ਓਹ ਅੱਖਰ ਸਿੱਖਦੇ ਹਨ, ਓਹ ਮੰਗਲ ਤਾਂ ਪਾਂਧੇ ਦਾ ਇਕ ਸ਼ੁਭ ਰੀਤੀ ਦੇ ਮਗਰ ਟੁਰਨਾ ਹੁੰਦਾ ਹੈ, ਸਤਿਗੁਰ ਜੀ ਓਥੋਂ ਹੀ ਮੁੱਢ ਕਰਦੇ ਹਨ।

ਇਸ ਕਰਕੇ ਪਹਿਲੇ 'ਓ' ਨੂੰ ਲੈਂਦੇ ਹਨ, ਤੇ ਇਸਦੇ ਮੁੱਕਣ ਪਰ 'ਓਨਮ' ਸਾਫ ਦਸਦੇ ਹਨ, ਕਿ ਹੇ ਪਾਂਧੇ ! ਤੂੰ ਆਪਣੇ ਪਹਿਲੇ ਲਿਖੇ 'ਓਨਮ' ਦਾ ਵੀਚਾਰ ਸੁਣ। ਇਸ ਦੇ ਪਿਛੋਂ 'ਸਿਧੰ' ਦੇ ਅਰਥ 'ਸ' ਤੇ 'ਧ' ਲੈਕੇ ਉਪਦੇਸ਼ ਕਰਦੇ ਹਨ। ਇਥੇ ੩ ਅੰਕ ਮੁੱਕ ਜਾਂਦਾ ਹੈ, ਚੋਥੇ ਵਿਚ ਅਨੁਸ੍ਵਾਰ ਨੂੰ ਙਙੇ ਦੇ ਰੂਪ ਵਿਚ ਲੈਂਦੇ ਹਨ, ਇਸ ਦਾ ਸਾਰ ਦੱਸਦੇ ਫਿਰ ਵਰਣਮਾਲਾ ਸ਼ੁਰੂ ਕਰਦੇ ਹਨ।

ਇਹ ਸ਼ੰਕਾ ਹੋ ਸਕਦੀ ਹੈ ਕਿ ਵਰਣਮਾਲਾ ਦੇ ਮੰਗਲ ਵਿਚ 'ਓ' ਹੈ ਤੇ '੧ਓ' ਕਿਉ ਨਹੀਂ। ਉੱਤਰ ਇਹ ਹੈ ਕਿ ਪੈਂਤੀ ਪਾਂਧੇ ਦੀ ਆਪਣੀ ਸੰਸਕ੍ਰਿਤ ਬੋਲੀ ਦੀ ਹੈ ਤੇ ਜੋ ਕੁਛ ਉਸ ਦੀ ਵਰਣਮਾਲਾ ਹੈ ਉਸਦੇ ਕ੍ਰਮ ਵਿਚ ਉਪਦੇਸ਼ ਹੈ, ਗੁਰੂ ਜੀ ਆਪਣੀ ਪੈਂਤੀ ਯਾ ਧਾਰਮਕ ਵਿਦਯਾ ਦੇ ਕ੍ਰਮ ਵਿਚ ਉਪਦੇਸ਼ ਨਹੀਂ ਦੇ ਰਹੇ, ਪੈਂਤੀ ਸੰਸਕ੍ਰਿਤ ਦੀ ਹੈ ਤੇ ਓਸੇ ਵਿਚ ਉਸਦਾ ਕ੍ਰਮ ਵਰਤ ਰਹੇ ਹਨ।

ਪੈਂਤੀ ਵਿਚ ਅੱਖਰ ਦੋ ਤਰ੍ਹਾਂ ਦੇ ਹੁੰਦੇ ਹਨ, ਸ੍ਵਰ ਤੇ ਵਯੰਜਨ। ਸੰਸਕ੍ਰਿਤ ਵਿਚ 'ਅ, ੲ, ੳ, ਰ੍ਰੀ, ਲ੍ਰੀ' ਏਹ ਸ੍ਵਰ ਹਨ ਤੇ ਬਾਕੀ ਦੇ ਵਯੰਜਨ ਹਨ। ਸੋ ਸਤਿਗੁਰ ਜੀ ਨੇ ਪੰਜਵੀਂ ਪਉੜੀ ਤੋਂ ੧੪ ਤਕ ਸ੍ਵਰ ਅੱਖਰਾਂ ਦੁਆਰਾ ਉਪਦੇਸ਼ ਕੀਤਾ ਹੈ। ਰ੍ਰੀ, ਲਰੀ, ਪੰਜਾਬੀ ਬੋਲੀ ਵਿਚ ਨਹੀਂ ਬੋਲੇ ਜਾਂਦੇ, ਇਸ ਕਰਕੇ ਉਨਾਂ ਦਾ ਵਰਤਾਰਾ 'ਰ, ਲ' ਦੀ ਤਰ੍ਹਾਂ ਕੀਤਾ ਹੈ ੧੫ਵੀਂ ਤੋਂ ੧੭ਵੀਂ ਤਕ ਫੇਰ ਪਿੱਛੇ ਰਹੇ ਪਰ ਪੁਨਰ ਦ੍ਰਿਸ਼ਟੀ ਪਾਉਣ ਵਾਂਙੂ ਵੀਚਾਰ ਕਥਿਆ ਹੈ ਤੇ ੧੮ਵੀਂ ਪਉੜੀ ਤੋਂ ਵਯੰਜਨ ਅੱਖਰਾਂ ਦੁਆਰਾ

---

[1] 'ਓਨਮ; ਸਿਧੰ; ਜੈਨੀਆਂ ਤੋਂ ਸ਼ੁਰੂ ਹੋਕੇ ਸਾਰੇ ਪਾਂਧਿਆਂ ਵਿਚ ਪ੍ਰਵਿਰਤ ਹੋਇਆ ਖਿਆਲ ਕੀਤਾ ਜਾਂਦਾ ਹੈ।

ਉਪਦੇਸ਼ ਸ਼ੁਰੂ ਕਰ ਦਿੱਤਾ ਹੈ, ੪੬ ਪੌੜੀ ਤਕ ਏਹ ਮੁੱਕੇ ਹਨ। ਅਗੇ ਇਕ ਅੱਖਰ 'ੜ' ਹੈ ਜੋ ਸੰਸਕ੍ਰਿਤ ਵਿਚ ਨਹੀਂ, ਪਰ 'ਡ' ਨੂੰ ਬਿੰਦੀ ਦੇਕੇ ਲੋੜ ਪਏ ਤੇ ਵਰਤ ਲਿਆ ਕਰਦੇ ਹਨ, ਫੇਰ ਸੰਸਕ੍ਰਿਤ ਦੇ ਬਾਕੀ ਚਾਰ ਅੱਖਰ (ਸ਼', ਸ਼, ਸ, ਹ' ਨੂੰ 'ਸ, ਖ, ਹ, ਸ') ਦੇ ਰੂਪ ਵਿਚ ਵਰਤਿਆ ਹੈ। ਇਸ ਤਰ੍ਹਾਂ ੫੧ ਪਉੜੀਆਂ ਮੁਕਾਕੇ ੫੨ਵੀਂ ਵਿਚ ਆਪਣਾ ਸਾਰ ਮਤ, "ਹੁਕਮ, ਨਦਰ, ਗੁਰੂ" ਦਾ ਉਪਦੇਸ਼ ਦੇਕੇ ੫੩ ਤੇ ੫੪ ਵਿਚ ਫੇਰ ਪਾਂਧੇ ਵਲ ਸਿੱਧਾ ਧਿਆਨ ਕਰਕੇ ਉਸਦੀ ਭੁੱਲ, ਉਸਦਾ ਫ਼ਰਜ਼, ਉਸਦੇ ਜੀਵਨ ਦੇ ਕਰਮ ਦਾ ਆਦਰਸ਼ ਦੱਸਕੇ ਬਾਣੀ ਨੂੰ ਸਮਾਪਤ ਕਰਦੇ ਹਨ, ਇਸ ਕਰਕੇ ਪਉੜੀ ੨੨ ਵਿਚ 'ਙ' ਨੂੰ 'ਗ' ਦੇ ਰੂਪ ਵਿਚ ਤੇ ੪੬ ਵਿਚ 'ਬ' ਨੂੰ ਬਜਾਏ 'ਵ' ਦੇ ਤੇ ੪੩ ਵਿਚ 'ਯ' ਦੀ ਥਾਂ 'ਜ' ਵਾਲੇ ਪਦ ਵਰਤੇ ਹਨ, ਕਿਉਂਕਿ ਪਦ ਪੰਜਾਬੀ ਦੇ ਵਰਤ ਰਹੇ ਹਨ ਤੇ ਪੰਜਾਬੀ ਵਿਚ ਏਹ ਆਵਾਜ਼ਾਂ ਆਪੋ ਵਿਚ ਵਟੀਂਦੀਆਂ ਹਨ। ਪੌੜੀ ੪੨ ਵਿਚ 'ੜ' ਤੇ ੫੨ ਵਿਚ 'ਲ (ਲ਼)' ਫੇਰ ਹੋਣ ਕਰਕੇ ਹੋ ਸਕਦਾ ਹੈ ਕਿ ਪੈਂਤੀ ਮਰਹਟੀ ਬੋਲੀ ਦੀ ਹੋਵੇ ਤੇ ਉਨ੍ਹਾਂ ਦੇ (ਲ਼) ਦੇ ਥਾਂ ਆਇਆ ਹੋਵੇ। ਮਰਹਟੀ ਲਿਪੀ ਹੈ ਤਾਂ ਦੇਵਨਾਗਰੀ ਹੀ, ਪਰ ਵਿਚ 'ਲ' ਅੱਖਰ ਵੱਖਰਾ ਆਉਂਦਾ ਹੈ। ਜਿਸ ਲਲੇ ਦਾ ਉਚਾਰਣ ਮਾਲਵੇ ਵਿਚ ਬੀ ਹੁੰਦਾ ਹੈ।

ਸੂਚਨਾ-ਬਨਾਰਸ ਵਿਚ ਅਨੇਕਾਂ ਲੋਕ ਸ਼ੁਭ ਮਾਰਗ ਵਿਚ ਆਏ, ਪਰੰਤੂ ਦੋ ਬੜੇ ਪ੍ਰਸਿਧ ਤੇ ਵਿਦਵਾਨ ਵੇਦਾਂਤੀ ਪੰਡਤ ਹਰੀ ਲਾਲ ਤੇ ਕ੍ਰਿਸ਼ਨ ਲਾਲ ਵਾਹਿਗੁਰੂ ਜੀ ਦੇ ਪ੍ਰੇਮੀ ਹੋਕੇ ਸਤਿਮਾਰਗ ਤੇ ਆਏ। ਕਾਸ਼ੀ ਤੋਂ ਟੁਰਕੇ ਸਤਿਗੁਰ ਜੀ ਪਟਣੇ ਆਏ। ਜਿੱਥੋਂ ਦੀ ਇਕ ਵਿਥਿਆ ਅਗਲੇ ਪ੍ਰਸੰਗ ਵਿਚ ਹੈ।

# ੨੧. ਪਟਨਾ-ਸਾਲਸ ਰਾਇ[1]।

### ੧. {ਸਿਵਾਣ ਤੇ ਗਤੀ}

ਇਕ ਉਜਾੜ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਲੇਟੇ ਹੋਏ ਹਨ ਤੇ ਮਰਦਾਨਾ ਪਾਸ ਬੈਠਾ ਹੋਇਆ ਕਹਿ ਰਿਹਾ ਹੈ :-

"ਪਾਤਸ਼ਾਹ ! ਤੁਸੀਂ ਆਖਨੇ ਹੋ ਸਾਰੇ ਪਰਮੇਸ਼ੁਰ ਹੈ ਤੇ ਏਹ ਜੋ ਦਿੱਸਦਾ ਹੈ ਦਿੱਸਦੇ ਦੇ ਵਿਚ ਉਹੋ ਹੈ, ਇਹ ਦਿੱਸਦਾ ਉਸਦਾ ਪੁਸ਼ਾਕਾ ਮਾਤ੍ਰ ਹੈ, ਮੈਨੂੰ ਇਹ ਐਕੁਰ ਕਿਉਂ ਨਹੀਂ ਦੀਹਦਾ ?"

ਗੁਰੂ ਜੀ-ਮਰਦਾਨਿਆਂ! ਹੱਛੂੰ ਤਰ੍ਹਾਂ ਵੇਖਿਆਂ ਕਰ। ਜਦ ਕੋਈ ਦੂਰ ਦੀ ਚੀਜ਼ ਵੇਖਣੀ ਹੁੰਦੀ ਹੈ ਤਾਂ ਚੰਗੀ ਤਰ੍ਹਾਂ ਨਜ਼ਰ ਬੰਨ੍ਹਕੇ ਵੇਖੀਦਾ ਹੈ, ਏਸੇ ਤਰ੍ਹਾਂ ਤੂੰ ਮਨ ਨੂੰ ਬੰਨ੍ਹਿਆ ਕਰ, ਜਦ ਠੀਕ ਟਿਕ ਜਾਏਗਾ ਤਾਂ ਮਿਹਰ ਨਾਲ ਪ੍ਰਤੀਤ ਹੋ ਜਾਵੇਗਾ।

ਮਰਦਾਨਾ-ਡਾਢੀਆਂ ਨਜ਼ਰਾਂ ਲਾ ਲਾ ਤੱਕਦਾ ਹਾਂ, ਕੀਰਤਨ ਕਰਦਾ ਹਾਂ ਤਾਂ ਭੀ ਕਈ ਵੇਰੀ ਅੰਦਰੋਂ ਜੁੜ ਜਾਂਦਾ ਹਾਂ, ਪਰ ਸੁਬਹਾਨ ਤੇਰੇ ਕਰਤਾਰ ਨੂੰ, ਕਰਤਾਰ ਦਾ ਝਲਕਾ ਨਹੀਂ ਵੱਜਦਾ। ਤੁਸੀਂ ਆਖਿਆ ਸੀ ਨਾਮ ਜਪਿਆ ਕਰ, ਮੈਂ ਜਪਦਾ ਹਾਂ ਹੁਣ ਤਾਂ ਟੁਰਦਾ ਫਿਰਦਾ ਖਿਆਲ ਰੱਖਦਾ ਹਾਂ, ਪਰ ਹੇ ਕਰਤਾਰ ਦੇ ਮਹਿਰਮ ਜੀ ! ਮਿਹਰ ਵਰਤਾਓ ਦਿਓ ਨਾ ਦੀਦੇ।

ਸਤਿਗੁਰ ਜੀ-ਮਰਦਾਨਿਆਂ ਸਿਮਰਿਆ ਕਰ, ਟਿਕਿਆ ਕਰ। ਵੇਖਾਂ! ਸਿਆਣੇ ਹਦਵਾਣੇ ਦੀ ਬਾਹਰੋਂ ਸਬਜ਼ੀ ਵਿਚੋਂ ਅੰਦਰਲੀ ਲਾਲੀ ਤਕ ਲੈਂਦੇ ਹਨ। ਤੂੰ ਹੋਸ਼ ਵਾਲਾ ਹੈਂ, ਨਜ਼ਰ ਨਾਲ ਸਾਰਾ ਸੰਸਾਰ ਵੇਂਹਦਾ ਹੈਂ, ਕਿਸੇ ਉਪਾਉ ਕਰ ਨਜ਼ਰ ਨੂੰ ਬੀ ਵੇਂਹਦਾ ਹੈਂ ਕਿ ਨਾਂ, ਕਿ ਤੇਰੇ ਪਾਸ ਸਾਂਈਂ ਕਰਤਾਰ ਦੀ ਬਖਸ਼ੀ ਨਜ਼ਰ ਹੈ। ਸਾਰਾ ਜਹਾਨ ਬੋਲਦਾ ਹੈ, ਵਾਜਾਂ ਕੱਢਦਾ ਹੈ, ਕਿਸੇ ਨਾ ਕਿਸੇ ਸੁਰ ਤੇ ਬੋਲਦਾ ਹੈ, ਕੋਈ ਖ਼ਰਜ ਤੇ ਗੱਲਾਂ ਕਰਦਾ ਹੈ, ਕੋਈ ਰਿਖਭ ਤੇ, ਕੋਈ ਪੰਚਮ ਤੇ; ਕੋਈ ਕੁਛ ਗਾਉਂਦੇ ਭੀ ਹਨ ਪਰ ਕਿਸੇ ਨੂੰ ਸਾਰ ਨਹੀਂ, ਤੈਨੂੰ ਕਿਵੇਂ ਸਾਰ ਹੈ ਕਿ ਆਹ ਅਵਾਜ਼ ਪੰਚਮ ਦੀ ਹੈ ਤੇ ਆਹ ਗੰਧਾਰ ਹੈ ਤੇ ਆਹ

[1] ਇਹ ਪ੍ਰਸੰਗ ਗੁ: ਪੁ: ਪੂੰਨਮ ਸੰ: ਗੁ: ਨਾ: ਸਾ: ੪੫੧ (੧੯੨੦ ਈ:) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

ਨਿਖਾਧ ਹੈ ? ਕਿਵੇਂ ਤੂੰ ਆਖ ਦੇਂਦਾ ਹੈਂ ਕਿ ਆਹ ਰਾਮਕਲੀ ਹੈ ? ਕਿਹੜੇ ਤਰਾਜੂ ਤੇ ਤੋਲਦਾ ਹੈਂ ਤੇ ਕਿਹੜੇ ਗਜ਼ ਨਾਲ ਮਿਣਤੀ ਕਰਦਾ ਹੈਂ ? ਕਿਹੜੇ ਸ਼ੀਸ਼ੇ ਵਿਚ ਪਾਕੇ ਵੇਹਨਾ ਹੈਂ ਤੇ ਕਿਹੜੇ 'ਪਾਰਖੂ-ਤੱਤ' ਮੇਲਕੇ ਪਰਖਾਂ ਕਰਦਾ ਹੈਂ ? ਤੇਰੇ ਅੰਦਰ ਤੇਰਾ ਆਪਾ ਕਿਸੇ ਜਾਚ ਨਾਲ ਆਪੇ ਦੱਸ ਦੇਂਦਾ ਹੈ ਕਿ ਆਹ ਤਾਂ ਕਾਨੜਾ ਹੈ ਤੇ ਆਹ ਕਲਿਆਨ ਹੈ, ਆਹ ਤਿੰਨ ਤਾਰ ਹੈ ਤੇ ਆਹ ਚਾਰ। ਕਿਵੇਂ ਪਰਖਦਾ ਹੁੰਦਾ ਹੈਂ ਦੱਸ ਤਾਂ ਸਹੀ ?

ਮਰਦਾਨਾ-ਪਤਸ਼ਾਹ ! ਇਹ ਤਾਂ ਕਈ ਸਮੇਂ ਗਾਉਂਦਿਆਂ, ਅੰਦਰੋਂ ਸੁਰਤ ਜੋੜ ਜੋੜ ਫਰਕ ਸਮਝਦਿਆਂ, ਸਜਾਣਦਿਆਂ ਕੋਈ ਆਪੇ ਸੋਝੀ ਹੋ ਆਈ।

ਸਤਿਗੁਰ-ਠੀਕ ਹੈ ਮਰਦਾਨਿਆਂ ! ਆਪੇ ਸੋਝੀ ਹੋ ਆਉਂਦੀ ਹੈ। ਰਬਾਬ ਉਤੇ ਤਾਂ ਤਾਰਾਂ ਹਨ, ਫੇਰ ਹਰ ਸੁਰ ਲਈ ਸੋਧ ਸਿਧੀ ਹੋਈ ਹੈ ਕਿ ਇਥੋਂ ਟੁਨਕਾਰਿਆਂ ਖ਼ਰਜ ਉਠਦੀ ਹੈ ਤੇ ਏਥੇ ਪੰਚਮ, ਉਧਰ ਤੇਰੇ ਸੰਘ ਵਿਚੋਂ ਭੀ ਸਾਰੀਆਂ ਸੁਰਾਂ ਨਿਕਲਦੀਆਂ ਹਨ, ਦੱਸ ਤਾਂ ਸਹੀ ਉਥੇ ਕਿਹੜੀ ਕਿਹੜੀ ਥਾਂ ਸੁਰ, ਰਿਖਭ, ਗੰਧਾਰ ਲਈ ਲੱਭੀ ਹਈ ? ਤੇ ਕਿਹੜੀਆਂ ਉਂਗਲਾਂ ਨਾਲ ਸਰੀਰ ਦੇ ਕਿਸੇ ਟੁੰਕਾਰ ਦੇਣ ਵਾਲੇ ਵਸੀਲੇ ਨਾਲ ਟਿਕਾਣੇ ਸਿਆਣ ਸਿਆਣ ਕੇ ਪਰਦਿਆਂ ਨੂੰ ਥਰ੍ਰਾਟ ਵਿਚ ਲਿਆਉਂਦਾ ਹੈਂ ? ਸੋਚਕੇ ਦੱਸੀਂ ਕਿ ਓਸੇ ਸੰਘ ਵਿਚੋਂ ਓਸੇ ਹਵਾ ਨਾਲ ਤੂੰ ਕੀਕੂੰ ਸਾਰੀਆਂ ਸੁਰਾਂ ਤੇ ਹਜ਼ਾਰਾਂ ਤਾਨਾਂ ਅੱਡੋ ਅੱਡੀ ਕੱਢ ਲੈਂਦਾ ਹੈਂ, ਤੈਨੂੰ ਬਈ ਕੀਕੂੰ ਅੰਦਰੋਂ ਹਰ ਟਿਕਾਣੇ ਦੀ ਸੋਝੀ ਸਿਆਣ ਆ ਗਈ ਹੈ ?

ਮਰਦਾਨਾ-ਪਾਤਸ਼ਾਹ ! ਗੱਲ ਤਾਂ ਡਾਢੀ ਆਖੀ ਨੇ। ਗਲੇ ਦੀਆਂ ਨਾਲੀਆਂ ਦੀ ਕੋਈ ਸੁਰਤ ਸੋਝੀ ਨਹੀਂ, ਕਦੇ ਓਹ ਟਿਕਾਣੇ ਦੇਖੇ ਭੀ ਨਹੀਂ ਕਿ ਜਿਨ੍ਹਾਂ ਤੋਂ ਸੱਤੇ ਸੁਰਾਂ ਤੇ ਤਾਨਾਂ ਪਈਆਂ ਕੱਢੀ ਦੀਆਂ ਹਨ, ਫੇਰ ਅਸਚਰਜ ਹੈ ਕਿ ਜੋ ਮਨ ਵਿਚ ਚਾਹੋ ਓਹੋ ਰਾਗ ਨਿਕਲਦਾ ਹੈ, ਓਹੋ ਤਾਨ ਉਠਦੀ ਹੈ, ਓਹੋ ਸੁਰ ਬੋਲਦੀ ਹੈ, ਸਮਝ ਨਹੀਂ ਪੈਂਦੀ ਕੀਕੂੰ ?

ਸਤਿਗੁਰ ਜੀ-ਫੇਰ ਹੈ ਨਾ ਕੋਈ ਅੰਦਰ ਜਾਚ, ਕੋਈ ਸਿਆਣ, ਕੋਈ ਸੋਝੀ, ਜਿਸ ਨਾਲ ਤੂੰ ਰਾਗ ਦੀਆਂ ਸਾਰੀਆਂ ਗੱਲਾਂ ਦਾ ਪਾਰਖੂ ਹੈਂ ? ਤੇ ਆਪ ਹੁਨਰੀਆ ਹੈਂ ਕਿ ਜੋ ਚਾਹੇਂ ਅੰਦਰੋਂ ਰਾਗ ਕੱਢਦਾ ਹੈਂ ਤੇ ਉਂਞ ਨਾ ਤੇਰੇ ਸਾਹਮਣੇ ਪੱਟੀ ਹੈ ਨਾ ਬੁਤਕਾ, ਨਾ ਕਾਗਤ ਹੈ ਨਾ ਦੁਆਤ, ਨਾ ਹਕੀਮ ਦੀ ਹੱਟੀ ਹੈ ਨਾ ਪਾਰਖੂ ਦਾ ਤਖਤਾ ਹੈ, ਨਾ ਮਿਣਤੀ ਦਾ ਨਿਸ਼ਾਨ ਹੈ ਨਾ ਗਿਣਤੀ ਦਾ ਅੰਕ, ਆਪੇ ਨੂੰ ਆਪੋ ਵਿਚ ਕਾਈ ਸੋਝੀ ਹੈ, ਕੋਈ ਸਿਆਣ ਹੈ, ਕੋਈ ਜਾਚ ਹੈ ਕਿ ਆਪ ਆਪੇ ਸੁਰਾਂ ਦੇ ਸਾਰੇ ਪ੍ਰਕਾਰਾਂ ਵਿਚ ਗ਼ਮਕਾਂ ਮਾਰਦਾ ਤੇ ਰੰਗ ਰਲੀਆਂ ਖੇਡਦਾ ਹੈਂ, ਮਸਤ ਕਰ ਦੇਂਦਾ ਹੈਂ ਮਸਤ ਹੋ ਹੋ ਜਾਂਦਾ ਹੈਂ; ਮਨ ਨੂੰ ਸੰਸਾਰ ਤੋਂ ਚੁੱਕ ਕੇ ਮਗਨਤਾਈ ਵਿਚ ਚਾੜ੍ਹ ਦੇਂਦਾ ਤੇ ਬਿਸਮਾਦੀ ਜਿਹਾ ਕਰ ਦੇਂਦਾ ਹੈਂ। ਦੱਸ ਇਸ ਤਰ੍ਹਾਂ ਦੀ ਕੋਈ ਸੋਝੀ ਹੈ ਨਾ ਜਿਸ ਨੂੰ ਤੂੰ ਲਖਦਾ ਤਾਂ ਹੈਂ, ਪਰ ਦੱਸ ਨਹੀਂ ਸਕਦਾ।

ਮਰਦਾਨਾ-ਠੀਕ ਹੈ ਜੀ।

ਸਤਿਗੁਰ-ਤਿਵੇਂ ਭਈ ਜਪਦਿਆਂ ਜਪਦਿਆਂ, ਸਿਮਰਦਿਆਂ ਸਿਮਰਦਿਆਂ, ਜੁੜਦਿਆਂ ਜੁੜਦਿਆਂ, ਆਪੇ ਨੂੰ ਆਪੇ ਵਿਚੋਂ ਅੰਦਰੋਂ ਮਿਹਰ ਨਾਲ ਇਕ ਸੋਝੀ ਹੋ ਆਉਂਦੀ ਹੈ, ਉਸ ਸੋਝੀ ਨਾਲ 'ਦਿੱਸਦਾ ਤੇ ਵੱਸਦਾ' ਜੋ ਕੁਛ ਦਿੱਸ ਆਉਂਦਾ ਹੈ ਏਹ ਪੁਸ਼ਾਕਾ ਦੀਹਦਾ ਹੈ ਤੇ ਪੁਸ਼ਾਕੇ ਦੇ ਵਿਚ ਕਰਤਾਰ ਮਾਲਕ ਤੇ ਪਾਲਕ ਆਪਣੇ ਜਲਾਲ ਤੇ ਜੋਬਨਾਂ ਵਿਚ ਦਮਕਾਂ ਮਾਰਦਾ ਅਡੋਲ ਬੀ, ਚੋਜ ਕਰਦਾ ਬੀ ਦਿੱਸ ਪੈਂਦਾ ਹੈ, ਦਿੱਸ ਪੈਂਦਾ ਆਖੀਏ ਕਿ ਕੁਛ ਹੋਰ ? ਸੋਝੀ ਹੋ ਆਉਂਦੀ ਹੈ, ਇਕ ਸਿਆਣ ਜਾਗ ਪੈਂਦੀ ਹੈ, ਰੱਬ ਹੀ ਰੱਬ ਦਾ ਜਲਵਾ ਝਲਕੇ ਮਾਰਦਾ ਪ੍ਰਤੀਤ ਦੇਂਦਾ ਹੈ:-

ਸੋਰਠਿ ਮਹਲਾ ੧ ॥

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ॥ ਰਹਾਉ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ

ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥੫॥੬॥

ਮਰਦਾਨਾ (ਹਾਹੁਕਾ ਲੈਕੇ)-ਪਾਤਸ਼ਾਹ ! ਕਦੇ ਮੇਰੀ ਸੁਰਤ ਨੂੰ ਭੀ ਇਹ ਸਿਆਣ ਆਵੇ, ਕਦੇ ਰਾਗ ਦੀਆਂ ਸੁਰਾਂ ਵਾਂਗੂੰ, ਇਸ ਸੁਰ ਦੀ ਬੀ ਸੁਰਤ ਹੋ ਆਵੇ। ਹੈਂ ਜੀ ! ਤੁਸੀਂ ਗੁਰੂ ਹੋ, ਖੋਲ੍ਹੋ ਨਾ ਬਜਰ ਕਪਾਟ। ਗੱਲ ਸਮਝੇ ਆਉਂਦੀ ਹੈ; ਪਰ ਕੇ ਕਰਾਂ ?

ਸਤਿਗੁਰ-ਮਰਦਾਨਿਆਂ ! ਹੁਣ ਰਾਤ ਬਹੁਤ ਹੋ ਗਈ ਹੈ; ਸਉਂ ਰਹੁ, ਕੱਲ੍ਹ ਤੈਨੂੰ ਏਸ ਗੱਲ ਦੀ ਹੋਰ ਸੋਝੀ ਆ ਜਾਸੀ ਕਿ ਇਕ ਦ੍ਰਿਸ਼ਟਿ ਹੈ ਅੰਦਰ, ਜੋ ਸਾਰੀਆਂ ਸੋਝੀਆਂ ਦੀ ਮਾਂ ਹੈ; ਜੇ ਉਸ ਦੀ ਲੋੜ ਹਈ ਤਾਂ ਬਈ ਗੁਰਮੁਖਿ ਨਾਮ ਜਪਿਆ ਕਰ ਨਿੱਤ।

ਮਰਦਾਨਾ ਮੱਥਾ ਟੇਕ ਕੇ ਕੁਛ ਦੂਰ ਭੁੰਞੇ ਲੇਟ ਗਿਆ ਤੇ ਤਾਰੇ ਗਿਣਦਾ ਤੇ ਉਹਨਾਂ ਵਿਚ ਰੱਬ ਦਾ ਝਲਕਾ ਦੇਖਣ ਦਾ ਧਿਆਨ ਕਰਦਾ ਕਰਦਾ ਸੌਂ ਗਿਆ।

## ੨. (ਦ੍ਰਿਸ਼ਟੀ)

ਇਕ ਰੌਣਕੀ ਨੱਗਰ ਦੇ ਸੁਹਣੇ ਮਹੱਲ ਦੇ ਅੰਦਰ ਇਕ ਸ਼ਾਹ ਤੇ ਨੌਕਰ ਗੱਲਾਂ ਕਰ ਰਹੇ ਹਨ।

ਅਧਰਕਾ-ਮੇਰੇ ਮਾਲਕ ਜੀ ! ਆਪ ਦੀ ਸੇਵਾ ਵਿਚ ਉਮਰਾ ਦਾ ਇਕ ਹਿੱਸਾ ਲੰਘ ਗਿਆ ਹੈ, ਹੀਰੇ, ਲਾਲ; ਪੰਨੇ, ਫੀਰੋਜ਼ੇ, ਨੀਲਮ, ਪੁਖਰਾਜ, ਲਸਨੀਏ; ਗੋਮੇਧ; ਗੁੱਲੀਆਂ ਨਵੇਂ ਰਤਨ ਤੇ ਚੁਰਾਸੀ ਸੰਗ ਆਪ ਦੇ ਪਾਸ ਹਨ, ਰੋਜ਼ ਆਪ ਖੋਲ੍ਹਦੇ; ਵੇਚਦੇ, ਖਰੀਦਦੇ ਹੋ ਤੇ ਡੱਬੇ ਗੰਢਾਂ ਮੈਂ ਬੰਨ੍ਹਦਾਂ ਸਾਂਭਦਾ ਹਾਂ, ਮੈਨੂੰ ਸੋਝੀ ਕੋਈ ਨਹੀਂ ਆਂਵਦੀ ਕਿ ਖਰੇ ਖੋਟੇ ਪਰਖ ਲਿਆ ਕਰਾਂ। ਨਾ ਰੰਗ, ਨਾ ਨੀਰ; ਨਾ ਜ਼ਾਤ; ਨਾ ਵੰਨ ਮੇਰੀ ਸਮਝ ਵਿਚ ਪੈਂਦੀ ਹੈ, ਸੁਣਦਾ ਮੈਂ ਨਿੱਤ ਸਾਰਾ ਕੁਛ ਹਾਂ।

ਸਾਲਸਰਾਇ-ਅਧਰਕੇ ! ਇਹ ਦ੍ਰਿਸ਼ਟੀ ਹੈ, ਕੋਈ ਲੇਖਾ ਨਹੀਂ ਕਿ ਕਿਸੇ ਪਹਾੜੇ ਪੜ੍ਹਾ ਕੇ ਜੋੜ, ਬਾਕੀ, ਗੁਣਾ, ਸਿਖਾ ਦੇਣਾ ਹੈ। ਦੇਖਦਾ ਰਿਹਾ ਕਰ, ਦੇਖਦਾ ਰਿਹਾ ਕਰ, ਦੇਖਦਾ ਰਿਹਾ ਕਰ, ਕਦੇ ਕੋਈ ਛਿਨ ਆਵੇਗੀ ਕਿ ਤੇਰੀ ਨਜ਼ਰ ਟਿਕ ਜਾਵੇਗੀ, ਰਤਨ, ਸੰਗ ਤੇ ਕੱਚ, ਬਲੌਰ ਦੀ ਪਰਖ ਤੇਰੇ ਅੰਦਰੋਂ ਹੋ ਆਵੇਗੀ, ਫੇਰ ਤੂੰ ਪਰਖਿਆ ਕਰੇਂਗਾ ਤੇ ਮੁਸਕ੍ਰਾਇਆ ਕਰੇਂਗਾ।

ਅਧਰਕਾ-ਪਰ ਸੁਆਮੀ ਜੀ, ਜਿਵੇਂ ਹੋਰ ਵਿਦਿਆ ਉਸਤਾਦ ਪੜ੍ਹਾਉਂਦੇ ਹਨ; ਏਸ ਵਿਦਿਆ ਦਾ ਕੋਈ ਸੁਝਾਊ ਰਸਤਾ ਤੇ ਸੋਝੀ ਸਿੱਖਿਆ ਨਹੀਂ ?

ਸਾਲਸ-ਸਭੋ ਕੁਛ ਹੈ ਤੇ ਤੈਨੂੰ ਪ੍ਰਾਪਤ ਹੈ, ਹੋਰਨਾਂ ਵਿਦਿਆਂ ਦੀ ਜੁਗਤ ਬਾਹਰੋਂ ਪਰਖ ਕਰਨ ਦੀ ਹੈ; ਸਿੱਟੇ ਸਿੱਧਾਂਤ ਕੱਢਣ ਦੀ ਹੈ। ਖਟਾਸ ਵਿਚ ਕੁਛ ਪਾਇਆਂ ਜੇ ਸੂੰ ਸੂੰ ਕਰ ਉਠੇ ਤਾਂ ਸਮਝ ਲੀਤਾ ਕਿ ਜੋ ਸ਼ੈ ਏਸ ਵਿਚ ਪਾਈ ਸੀ ਉਹ ਸ਼ੈ ਖਾਰ ਸੀ, ਇਹ ਇਕ ਤ੍ਰੀਕਾ ਹੈ। ਪਰ ਇਸ ਵਿਦਿਆ ਦਾ ਤ੍ਰੀਕਾ ਜੋ ਤੂੰ ਪੁੱਛ ਰਿਹਾ ਹੈਂ ਅੰਦਰੋਂ ਆਪੇ ਨਾਲ ਆਪੇ ਸਿਆਣ ਪਛਾਣ ਦਾ ਹੈ, ਇਹ ਹੋਰ ਤਰ੍ਹਾਂ ਦਾ ਹੈ। ਜਿਸ ਤਰ੍ਹਾਂ ਇਕ ਰਸੋਈਆ ਸੇਰ ਦਾਲ ਪਾਉਂਦਾ ਹੈ ਫੇਰ ਤੋਲਕੇ ਪਾਣੀ ਪਾਉਂਦਾ ਹੈ, ਫੇਰ ਹਿਸਾਬ ਨਾਲ ਤੋਲ ਕੇ ਲੂਣ ਪਾਉਂਦਾ ਹੈ; ਜਦੋਂ ਦਾਲ ਨੂੰ ਰਿੰਨ੍ਹ ਲੈਂਦਾ ਹੈ ਤਾਂ ਉਹ ਠੀਕ ਉਤਰਦੀ ਹੈ। ਦੂਸਰਾ ਤ੍ਰੀਕਾ ਇਹ ਹੈ ਕਿ ਇਕ ਤ੍ਰੀਮਤ ਪਾਣੀ ਧਰਦੀ ਹੈ, ਉਸ ਵਿਚ ਦਾਲ ਪਾਕੇ ਵੇਖਦੀ ਹੈ ਤੇ ਆਖਦੀ ਹੈ ਠੀਕ ਹੈ; ਫੇਰ ਲੂਣ ਤਲੀ ਤੇ ਲੈਕੇ ਇਕ ਨਜ਼ਰ ਦਾਲ ਵਿਚ ਤੇ ਇਕ ਪਾਣੀ ਵੱਨੇ ਪਾਉਂਦੀ ਹੈ ਤੇ ਆਖਦੀ ਹੈ; ਠੀਕ ਹੈ, ਲੂਣ ਝੱਟ ਵਿਚ ਪਾ ਦੇਂਦੀ ਹੈ, ਜਦੋਂ ਦਾਲ ਰਿੱਝ ਜਾਂਦੀ ਹੈ ਤਾਂ ਦੇਖੋ ਲੂਣ ਪਾਣੀ ਪੂਰਾ ਉਤਰਦਾ ਹੈ। ਦੱਸ ਅਧਰਕੇ ! ਇਸਨੇ ਕਿੱਕੂੰ ਸਿਆਣ ਲਿਆ ਸੀ ਕਿ ਲੂਣ ਪੂਰਾ ਹੋਵੇਗਾ ? ਇਹ ਤ੍ਰੀਕਾ ਹੈ 'ਦ੍ਰਿਸ਼ਟੀ' ਦਾ, ਉਹ ਪਹਿਲਾ ਤ੍ਰੀਕਾ ਹੈ 'ਦ੍ਰਿਸ਼ਟਮਾਨੀ' ਪਰਖ ਦਾ। ਇਕ ਤ੍ਰੀਕਾ ਹੋਰ ਸੁਣੀਦਾ ਹੈ 'ਦ੍ਰਿਸ਼ਟਾ' ਦਾ, ਉਹ ਡਿੱਠਾ ਨਹੀਂ, ਸੁਣਿਆ ਹੈ। ਜ੍ਵਾਹਰਾਤ ਦੇ ਤੋਲ ਤੇ ਕੰਮ ਵਿਚ ਜੋ ਰੱਤੀ ਚੌਲ ਆਦਿ ਦਾ ਤ੍ਰੀਕਾ ਹੈ ਇਹ ਹੈ ਦ੍ਰਿਸ਼ਟਮਾਨੀ ਪਰਖ ਦਾ; ਪਰ ਜ੍ਵਾਹਰਾਤ ਦੀ ਜ਼ਾਤ ਪਾਣੀ ਆਦਿ ਦੀ ਪਰਖ 'ਦ੍ਰਿਸ਼ਟੀ' ਦਾ ਤ੍ਰੀਕਾ ਹੈ, ਬੱਚਾ ਵੇਖਿਆ ਕਰ, ਮੈਂ ਜਿਵੇਂ ਅੱਖਾਂ ਅੱਗੇ ਰੱਖਕੇ ਵੇਖਦਾ ਹਾਂ, ਤਿਵੇਂ ਤੂੰ ਵੀ ਕ੍ਰਿਆ ਕਰ, ਤੇਰੀ ਨਜ਼ਰ ਵੀ ਪਾਰਖੂ ਹੋ ਜਾਏਗੀ।

ਅਧਰਕਾ (ਠੰਢਾ ਸਾਹ ਭਰਕੇ; ਡੂੰਘਾ ਅੰਦਰੋਂ

ਗੁੰਮ ਹੋਕੇ)-ਹੱਛਾ ਸ਼ਾਹ ਜੀ ! ਅੱਜ ਕੁਝ ਜੀ ਜੁੜਿਆ ਹੈ, ਤੁਸਾਡੀ ਮਿਹਰ ਨਾਲ ਦੀਦੇ ਖੁੱਲ੍ਹ ਆਸਣ।

ਸਾਲਸ-ਦੇਖਿਆ ਕਰ, ਦੇਖਿਆ ਕਰ, ਦੇਖਿਆ ਕਰ।

ਇਸ ਵੇਲੇ ਇਕ ਨੌਕਰ ਹੇਠੋਂ ਆਇਆ ਤੇ ਆਖਣ ਲਗਾ ਕਿ ਦੁਕਾਨ ਤੇ ਇਕ ਪ੍ਰਦੇਸੀ ਨਵੀਂ ਵੰਨ ਦਾ ਆਇਆ ਖੜਾ ਹੈ ਤੇ ਕੋਈ ਸੌਦਾ ਵੇਚਣ ਨੂੰ ਕਾਹਲਾ ਹੈ। ਇਹ ਸੁਣਕੇ ਸ਼ਾਹ ਤੇ ਅਧਰਕਾ ਹੇਠਾਂ ਹੱਟੀ ਪਰ ਆ ਗਏ ਤੇ ਹੱਟੀ ਪਰ ਆਏ ਬੈਠੇ ਆਦਮੀ ਨਾਲ ਗਲਾਂ ਟੁਰ ਪਈਆਂ :-

ਆਓ ਜੀ ! ਸੇਠ ਜੀ ! ਕਿਸ ਦੇਸ਼ ਤੁਂ ਆਏ ? ਕੀ ਮਾਲ ਲਿਆਏ ?

ਮਰਦਾਨਾ-ਮੱਦ੍ਰ ਦੇਸ਼ ਤੋਂ ਆਏ, ਜਿਥੇ ਪੰਜ ਨਦ ਵਗਦੇ ਹਨ ਤੇ ਇਕ ਲਾਲ ਜੇਹੀ ਗੀਟੀ ਵੇਚਣ ਆਏ ਹਾਂ, ਜੇ ਚਾਰਕੌਡਾਂ ਚਾ ਦਿਓ ਤਾਂ ਅੰਨ ਪਾਣੀ ਹੋ ਜਾਏ।

ਸਾਲਸ-ਦਰਸ਼ਨ ਕਰਾਓ ?

ਮਰਦਾਨੇ ਨੇ ਇਕ ਪੋਟਲੀ ਖੋਹਲਕੇ ਪੰਜ ਛੇ ਮਾਸੇ ਦੀ ਚਮਕਦੀ ਚਮਕਦੀ ਲਾਲੋ ਲਾਲ ਗੀਟੀ ਜੇਹੀ ਅੱਗੇ ਧਰ ਦਿੱਤੀ।

ਸਾਲਸਰਾਇ-(ਹੱਛੂੰ ਤਰ੍ਹਾਂ ਪਰਤ ਪਰਤਕੇ ਦੇਖ ਕੇ)-ਸ਼ੁਕਰ ਹੈ, ਧੰਨ ! ਉਸਤਾਦਾਂ ਦੇ ਵਾਰੇ ਵਾਰੇ ਜਾਈਏ । ਅਧਰਕੇ ! ਬੱਚਾ, ਸੌ ਰੁਪੱਯਾ ਲੈ ਆਉ।

ਅਧਰਕਾ ਸੌ ਰੁਪੱਯਾ ਲੈ ਆਇਆ।

ਸਾਲਸ (ਮਰਦਾਨੇ ਦੇ ਅੱਗੇ ਧਰਕੇ)--ਲਓ ਮਹਾਰਾਜ ਜੀ, ਤੇ ਇਹ ਲਓ ਅਪਣਾ ਲਾਲ, ਸੰਭਾਲ ਕੇ ਪੋਟਲੀ ਵਿਚ ਬੰਨ੍ਹ ਲੈਣਾ।

ਮਰਦਾਨਾ-ਤੇ ਸੌ ਰੁਪੱਯਾ ਕਿਸ ਗੱਲ ਦਾ ਹੈ ?

ਸਾਲਸ (ਚੰਗੀ ਤਰ੍ਹਾਂ ਮਰਦਾਨੇ ਵਲ ਤੱਕਕੇ)-ਇਹ ਸੌ ਰੁਪੱਯਾ ਇਸ ਦੀ ਦਰਸ਼ਨ-ਭੇਟਾ ਹੈ। ਮਲੂਮ ਹੁੰਦਾ ਹੈ, ਇਹ ਸ਼ੈ ਕਿਸੇ ਜੌਹਰੀ ਦੀ ਹੈ ਤੇ ਤੁਹਾਨੂੰ ਉਸਨੇ ਦੇਕੇ ਸ਼ਹਿਰ ਦੇ ਜੌਹਰੀਆਂ ਦੀ ਪਰਖ ਵਾਸਤੇ ਘੱਲਿਆ ਹੈ, ਨਹੀਂ ਤਾਂ ਇਹ ਲਾਲ ਕੌਣ ਵੇਚਦਾ ਹੈ ? ਉਹ ਸੁਭਾਗ ਹੈ ਜਿਸ ਨੇ ਰੰਗ ਦਾ ਇੰਨਾਂ ਚੁਹਚੁਹਾ ਤੇ ਨੀਰ ਦਾ ਐਨਾ ਸਾਫ ਤੇ ਵਡਾ ਲਾਲ ਜ਼ਿੰਦਗੀ ਵਿਚ ਵੇਖ ਲਿਆ ਹੋਵੇ। ਉਸਤਾਦ ਸਾਡੇ ਇਕ ਗਲ ਕਹਿੰਦੇ ਹੁੰਦੇ ਸਨ ਇਸ ਪ੍ਰਕਾਰ ਦੇ ਲਾਲ ਦੀ। ਸੋ ਅਸਾਂ ਅੱਜ ਅੱਖੀਂ ਤੱਕਿਆ ਹੈ। ਉਹ ਆਖਦੇ ਹੁੰਦੇ ਸਨ ਕਿ ਇਸ ਪਾਏ ਦਾ ਰਤਨ ਜਦ ਦੇਖੋ ਤਾਂ ਪਹਿਲਾਂ ਦਰਸ਼ਨ ਭੇਟਾ ਕਰੋ। ਮੁੱਲੋਂ ਇਹ ਲਾਲ ਇੰਨੇ ਮੁੱਲ ਵਾਲਾ ਹੈ ਕਿ ਅਮੁੱਲ ਹੈ। ਸੋ ਅਸਾਂ ਓਹਨਾਂ ਉਸਤਾਦਾਂ ਦੀ ਮੱਤ ਕਮਾਈ ਹੈ, ਆਪ ਇਹ ਦਰਸ਼ਨ ਭੇਟਾ ਲੈ ਜਾਓ।

ਅਧਕਰਾ-ਸ਼ਾਹ ਜੀ ! ਜ਼ਰਾ ਮੈਨੂੰ ਬੀ ਦਿਖਾਉਣਾ ਇਹ ਲਾਲ।

ਸਾਲਸ(ਚਾ ਕੇ)--ਲਓ ਬੱਚਾ ਵੇਖੋ।

ਅਧਰਕਾ (ਵੇਖ ਵੇਖ ਕੇ) -ਸ਼ਾਹ ਜੀ ! ਅੱਜ ਤਾਂ ਮੈਂ ਬੀ ਕੁਛ ਅੱਖ ਵਾਲਾ ਹੋ ਗਿਆ ਹਾਂ। ਸੱਚ ਮੁੱਚ ਇਹ ਬੜੀ ਸੁੱਚੀ ਬੇਰਗ ਡਾਢੀ ਸੁਥਰੀ ਸ਼ੈ ਹੈ। ਮੈਂ ਕਦੇ ਇਹ ਡਲ੍ਹਕ, ਇਹ ਪਾਣੀ ਦੀ ਝਾਲ ਨਹੀਂ ਸੀ ਤੱਕੀ।

ਮਰਦਾਨਾ--ਸ਼ਾਹ ਜੀ ! ਮੈਨੂੰ ਜਦ ਇਹ ਗੀਟੀ ਮਾਲਕ ਨੇ ਦਿੱਤੀ ਸੀ ਤਾਂ ਮੈਂ ਮਾਲਕ ਦੀ ਮਸ਼ਕਰੀ ਸਮਝੀ ਸੀ। ਫਿਰ ਮੈਂ ਕਿਹਾ-ਸ਼ੁਕੀਨਾਂ ਦਾ ਸ਼ਹਿਰ ਹੈ, ਕੋਈ ਬਾਲਾਂ ਦੀ ਖੇਡ ਲਈ ਲੈ ਲਏਗਾ ਤੇ ਪੇਟ ਭਰ ਅੰਨ ਮਿਲ ਜਾਏਗਾ। ਪਰ ਜਦ ਮੈਂ ਪਹਿਲੇ ਦੁਕਾਨਦਾਰ ਨੂੰ ਦਿੱਤੀ ਤਾਂ ਉਸ ਨੇ ਇਕ ਮੂਲੀ ਦੇਕੇ ਕਿਹਾ ਬਈ ਇਹ ਲੈ ਲੈ ਸਾਡੇ ਬਾਲ ਇਸ ਨਾਲ ਦੋ ਘੜੀਆਂ ਖੇਡ ਲੈਣਗੇ। ਮੈਂ ਕਿਹਾ ਦੋ ਚਾ ਦੇਹ, ਤਾਂ ਉਸ ਨੇ ਨਾ ਦਿਤੀਆਂ। ਫੇਰ ਹਿੱਕ ਹਲਵਾਈ ਦੇ ਗਿਆ ਤਾਂ ਉਸ ਸੇਰ ਮਠਿਆਈ ਨਾ ਦਿਤੀ ਤੇ ਇਕ ਬਜਾਜ ਦੇ ਜਾ ਖੜੋਤਾ ਤਾਂ ਓਸ ਦੋ ਗਜ਼ ਖੱਦਰ ਹੀ ਦੇਣ ਨੂੰ ਕਿਹਾ[੧] । ਜਦ ਮੈਂ ਪੈਸੀ ਮੰਗੀ ਤਾਂ ਓਸ ਕਿਹਾ ਕਿਸੇ ਸਰਾਫ ਪਾਸ ਜਾਹ। ਫਿਰ ਮੈਂ ਦੋ ਚਾਰ ਹਟੀਂ ਗਿਆ, ਮੁਲ ਵੱਧ ਵੱਧ ਪੈਂਦਾ ਰਿਹਾ, ਇਸ ਦੇ ਵੱਧ ਮੁੱਲ ਹੋਣ ਦਾ ਮੈਨੂੰ ਹੁਣ ਸੰਸਾ ਹੋ ਗਿਆ ਤਾਂ ਮੈਂ ਢੂੰਡਦਾ ਢੂੰਡਦਾ ਆਪ ਦੇ ਪਾਸ ਆਇਆ, ਆਪ ਨੇ ਮੁੱਲ ਅਮੁੱਲ ਆਖਿਆ ਹੈ ਤੇ ਦਰਸ਼ਨ ਭੇਟਾ ਸੌ ਦਿੱਤਾ ਹੈ। ਇਹ ਮੈਂ ਨਹੀਂ ਲੈਂਦਾ।

ਸਾਲਸ--ਤੁਸੀਂ ਸੌ ਰੁਪੱਯਾ ਤੇ ਲਾਲ ਆਪਣੇ ਸ਼ਾਹ ਪਾਸ ਲੈ ਜਾਓ, ਜੇ ਉਹਨਾਂ ਵੇਚਣਾ ਹੀ ਹੋਇਆ ਤਾਂ ਫੇਰ ਆ ਜਾਣਾ, ਮੁੱਲ ਕਰ ਲਵਾਂਗੇ। ਪਰ ਇਸ ਸ਼ੈ ਦਾ ਮੁੱਲ ਅਮੁੱਲ ਹੈ।

---

[੧] ਸਰਦਾਰ ਖ਼ਜ਼ਾਨ ਸਿੰਘ ਦਾ ਇਤਿਹਾਸ ਪੰਨਾ ੯੩।

ਮਰਦਾਨਾ-ਸ਼ਾਹ ਜੀ ! ਮੈਂ ਰਾਤ ਦਾ ਭੁੱਖਾ ਹਾਂ, ਤੇ ਮੇਰੇ ਮਾਲਕ ਜੀ ਭੁੱਖੇ ਤਾਂ ਨਹੀਂ, ਪਰ ਅੰਨ ਉਹਨਾਂ ਬੀ ਨਹੀਂ ਪਾਇਆ, ਹੁਕਮ ਇਹ ਸੀ ਕਿ ਇਸ ਨੂੰ ਵੇਚਕੇ ਭੋਜਨ ਲੈ ਆਓ।

ਸਾਲਸ-ਤੁਸੀਂ ਇਹ ਲੈ ਜਾਓ, ਭੋਜਨ ਬੀ ਪਹੁੰਚ ਜਾਏਗਾ, ਸਾਨੂੰ ਪਤਾ ਦੱਸ ਜਾਓ, ਫਿਕਰ ਨਾ ਕਰੋ। ਅਸੀਂ ਵਪਾਰੀ ਲੋਕ ਹਾਂ ਤੇ ਆਪ ਦਾ ਸ਼ਾਹ ਬਹੁਤ ਵਡਾ ਵਪਾਰੀ ਜਾਪਦਾ ਹੈ ਤੇ ਉੱਚੀ ਨਜ਼ਰ ਵਾਲਾ ਲਗਦਾ ਹੈ। ਉਹ ਸਾਡੀ ਗੱਲ ਤੇ ਖੁਸ਼ ਹੋਵੇਗਾ; ਨਾਰਾਜ਼ ਨਹੀਂ ਹੋਣ ਲੱਗਾ।

ਮਰਦਾਨਾ(ਜ਼ਰਾ ਮੱਥਾ ਵੱਟਕੇ)-ਪਤਾ ਨਹੀਂ, ਵੱਡਾ ਤਾਂ ਜ਼ਰੂਰ ਹੈ, (ਆਪਣੇ ਆਪ ਨਾਲ) ਪਰ ਜੇ ਵਪਾਰੀ ਹੁੰਦਾ ਤਾਂ ਦੇਸ਼ ਬਦੇਸ਼ ਭੌਣ ਦੀ ਕੀ ਲੋੜ ਸੀ ? ਘਰ ਬੈਠਾ ਹੀ ਅਮੀਰ ਹੋ ਜਾਂਦਾ (ਉੱਚੀ) ਹੱਛਾ ਚਲਦੇ ਹਾਂ।

ਸੋ ਰੁਪੱਯਾ ਤੇ ਲਾਲ ਲੈਕੇ ਮਰਦਾਨਾ ਸਤਿਗੁਰ ਪਾਸ ਪੁੱਜਾ। ਸਤਿਗੁਰ ਦੇਖਕੇ ਹੱਸੇ ਤੇ ਮਰਦਾਨੇ ਨੇ ਲਾਲ ਤੇ ਰੁਪੱਯੇ ਅਗੇ ਧਰੇ ਤੇ ਆਖਿਆ :-

ਆਹ ਲਓ ! ਆਪਣਾ ਤਲਿਸਮ, ਕਿਸੇ ਥਾਂ ਦੋ ਮੂਲੀਆਂ ਮੁੱਲ ਨਹੀਂ ਪੈਂਦਾ ਤੇ ਕਿਸੇ ਥਾਂ ਸੌ ਰੁਪੱਯਾ ਦਰਸ਼ਨ ਭੇਟਾ ਤੇ ਮੁੱਲੋਂ ਅਮੋਲਕ।

ਸਤਿਗੁਰ-ਮਰਦਾਨਿਆਂ ! ਅਮੋਲਕ ਚੀਜ਼ਾਂ ਦਾ ਇਹੋ ਹਾਲ ਹੈ। ਦ੍ਰਿਸ਼ਟੀ ਵਾਲੀ ਥਾਂ 'ਅਮੋਲਕ' ਹਨ ਤੇ ਨਾ ਦ੍ਰਿਸ਼ਟੀ ਵਾਲੀ ਥਾਂ 'ਮੁੱਲ ਰਹਿਤ' ਹਨ।

ਉੱਚੀ ਦ੍ਰਿਸ਼ਟੀ ਮੂਲ ਹੈ, ਜਿਸ ਨੂੰ ਸੋਝੀ ਸਿਆਣ ਨਹੀਂ ਸੀ, ਓਸ ਮੂਲੀ ਮੁੱਲ ਪਾਇਆ, ਜਿਸ ਦੇ ਨੈਣ ਸਨ ਉਸ ਅਮੋਲਕ ਦੱਸਿਆ। ਇਹ ਸੌ ਰੁਪੱਯਾ ਉਸ ਦੀ ਅੰਦਰਲੀ ਦ੍ਰਿਸ਼ਟੀ ਦੀ ਕਦਰ ਹੈ, ਪਰ ਸਾਡਾ ਹੱਕ ਕਾਂਈ ਨਹੀਂ ਕਿ ਬਿਨਾਂ ਕੋਈ ਮਾਲ ਦਿੱਤੇ ਮੁੱਲ ਲਵੀਏ, ਜਾਹੁ ਇਹ ਮੋੜ ਆ।

ਮਰਦਾਨਾ ਥੱਕਾ ਟੁੱਟਾ ਸੀ, ਪਰ ਜਾਣਦਾ ਸੀ ਕਿ ਸੌ ਰੁਪੱਯਾ ਅਨਹੱਕਾ ਹੈ ਤੇ ਗੁਰੂ ਜੀ ਨੇ ਲੈਣਾ ਨਹੀਂ, ਸੋ ਚਾਹੇ ਅਨਚਾਹੇ ਦੇਣ ਮੁੜ ਗਿਆ।

੩.

ਸਤਿਗੁਰ ਜੀ ਓਸੇ ਜੰਗਲ ਵਿਚ ਪਰਮੇਸ਼ੁਰ ਦੇ ਪਜਾਰ ਵਿਚ ਬੈਠੇ ਕਿਸੇ ਡਾਢੀ ਮਿੱਠੀ ਲੈ ਵਿਚ ਗਾਉਂਦੇ ਰਹੇ ਸਨ :-

ਕਿਆ ਸਾਲਾਹੀ ਅਗਮ ਅਪਾਰੈ ॥ ਸਾਚੇ ਸਿਰਜਣਹਾਰ ਮੁਰਾਰੈ ॥ ਜਿਸ ਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ ਮੇਲਾਈ ਹੇ ॥ ੧੩ ॥

{ਮਾਰੂ ਸੋ: ਮ:੧-੨}

ਇਸ ਵੇਲੇ ਅਧਰੱਕਾ ਭੋਜਨ ਪਕਵਾਨ ਲੈਕੇ ਪੁੱਜ ਪਿਆ ਤੇ ਇਸ ਮਿੱਠੀ ਧੁਨਿ ਤੇ ਮਸਤ ਹੋਕੇ ਭਚੱਕ ਰਹਿ ਗਿਆ ! ਨਜ਼ਰ ਬੱਝ ਗਈ ਤੇ ਕੋਈ ਡੂੰਘੀ ਖਿੱਚ ਵੱਜਣ ਲੱਗ ਪਈ। ਜੌਹਰੀ ਹੋਣ ਦਾ ਖਿਆਲ ਭੁੱਲ ਗਿਆ ਤੇ ਆਪ ਆਪੇ ਤੋਂ ਬਾਹਰ ਹੋਕੇ ਕਿਸੇ ਵਿਸਮਾਦ ਵਿਚ ਝੂਮਣ ਲੱਗ ਪਿਆ। ਜਦੋਂ ਗੁਰੂ ਜੀ ਦਾ ਸ਼ਬਦ ਮੁੱਕਾ ਤਾਂ ਪ੍ਰਸ਼ਾਦ ਅੱਗੇ ਰੱਖਕੇ ਪੈਰਾਂ ਤੇ ਢਹਿ ਪਿਆ।

ਹੇ ਨਾਥ ! ਰੱਖ ਲੈ ਮੈਂ ਜੌਹਰੀ ਜਾਣਕੇ ਆਯਾ ਸਾਂ, ਪਰ ਤੁਸੀਂ ਨਾਰਾਇਣ ਦਾ ਰੂਪ ਹੋ ਦਿੱਸੇ ਹੋ। ਤੁਸਾਂ ਵਿਚ ਜੋਤਿ ਚਮਤਕਾਰੇ ਮਾਰਦੀ ਹੈ। ਤੁਸਾਂ ਵਿਚੋਂ ਅੰਮ੍ਰਿਤ ਦੀ ਮਿਠਾਸ ਤੇ ਖੁਸ਼ਬੋ ਲਹਿਰੇ ਮਾਰਦੀ ਹੈ। ਹੇ ਰੱਬੀ ਰੰਗ ਵਾਲੇ ! ਦਰਸ਼ਨ ਭੀ ਦਿੱਤਾ ਨੇ ਸੋਝੀ ਭੀ ਦਿੱਤੀ ਨੇ, ਮੇਲ ਲਓ ਚਿਰੀਂ ਵਿਛੁੰਨੇ ਨੂੰ ਮੇਲ ਲਓ।

ਮਰਦਾਨਾ ਹੁਣ ਜੌਹਰੀ ਦੇ ਘਰ ਰੁਪੱਯੇ ਸੱਟਕੇ ਆ ਗਿਆ ਤੇ ਜੌਹਰੀ ਇਹ ਪਰਮ ਤਯਾਗ ਦੇਖਕੇ ਮਗਰੇ ਮਗਰ ਆਇਆ। ਸਤਿਗੁਰ ਜੀ ਦੇ ਦਰਸ਼ਨ ਕਰਕੇ ਅਸਚਰਜ ਹੋ ਗਿਆ, ਚਰਨ ਬੰਦਨਾਂ ਕੀਤੀ। ਸਤਿਗੁਰ ਜੀ ਨੇ ਆਦਰ ਦਿਤਾ। ਬੈਠ ਗਿਆ ਤੇ ਬੋਲਿਆ :-

ਲਾਲ ਆਪ ਦਾ ਵੇਖਕੇ ਚਿਤ ਬਹੁਤ ਪ੍ਰਸੰਨ ਹੋਇਆ ਹੈ ਤੇ ਹੁਣ ਆਪ ਦੇ ਦਰਸ਼ਨ ਕਰਕੇ ਹੋਰ ਬੀ ਅਨੰਦੁ ਹੋਇਆ ਹੈ; ਆਸਚਰਜ ਹੋ ਰਿਹਾ ਹਾਂ। ਆਪ ਦਾ ਦੇਸ਼, ਨਾਮ ?

ਸਤਿਗੁਰ- ਦੇਸ਼-ਨਿਰੰਕਾਰ।

ਨਾਮ-ਨਿਰੰਕਾਰੀ।

ਸਾਲਸ(ਗਹੁ ਨਾਲ ਤੱਕ ਕੇ ਤੇ ਖਿੱਚ ਖਾਕੇ)- ਕੁਛ ਸਾਨੂੰ ਬੀ ਨਿਰੰਕਾਰ ਦੀ ਸੋਝੀ ਪਾਓ ?

ਸਤਿਗੁਰ-

ਜਹ ਦੇਖਾ ਤਹ ਦੀਨ ਦਇਆਲਾ ॥ ਆਇ ਨ ਜਾਈ ਪ੍ਰਭੁ ਕਿਰਪਾਲਾ ॥ ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥੧॥

{ਮਾਰੂ: ਸੋ: ਮ: ੧-੧੯}

ਸਾਲਸ-ਜੋ ਆਪ ਨੂੰ ਜਿੱਧਰ ਦੇਖੋ ਦਿੱਸਦਾ ਹੈ, ਅਸਾਂ ਨੂੰ ਨਹੀਂ ਦਿੱਸਦਾ।

ਸਤਿਗੁਰ-ਨਿਰਮਲ ਪਾਣੀ ਵਿਚ ਜਾਲਾ ਤੇ ਕੌਲ ਫੁਲ, ਜਿਸਦੇ ਅੰਦਰ ਨਿਰਮਲ ਮਕਰੰਦ ਰਸ ਹੈ, ਦੋਵੇਂ ਹੀ ਵੱਸਦੇ ਹਨ[1]। ਇਕੋ ਜਲ ਦੀ ਹੀ ਦੁਹਾਂ ਨੂੰ ਸੰਗਤ ਹੈ ਪਰ ਕੌਲ ਫੁਲ ਨੂੰ ਜਾਲੇ ਦਾ 'ਸੰਗ-ਦੋਖ' ਨਹੀਂ ਲੱਗਦਾ[2]। ਡੱਡੂ ਬੀ ਓਸੇ ਪਾਣੀ ਵਿਚ ਵੱਸਦਾ ਹੈ, ਪਰ ਓਹ ਕੰਵਲ ਫੁਲ ਨੂੰ ਨਹੀਂ ਸਿਆਣਦਾ, ਅੰਮ੍ਰਿਤ (ਰੂਪੀ ਮਕਰੰਦ ਰਸ) ਨੂੰ ਨਹੀਂ ਲਖਦਾ[3]।

ਡਡੂ ਜਲ ਦੇ ਵਿਚ (ਕੌਲਾਂ ਦੇ ਨਾਲ) ਨਿਤ ਵਸਦਾ (ਹੋਯਾ ਨਹੀਂ ਸੋਝੀ ਪਾਉਂਦਾ ਤੇ ਭੌਰੇ ਭੌਰੀਆਂ) (ਜਲ ਵਿਚ) ਨਹੀਂ ਵਸਦੇ, (ਪਰ) ਉਪਰੋਂ (ਆਕੇ) ਉਸਦੇ ਗੁਣਾਂ ਨੂੰ ਚੁੰਘ (ਪ੍ਰਾਪਤ ਕਰ) ਲੈਂਦੇ ਹਨ[4]।

ਸਾਲਸ ਰਾਇ-ਹੇ ਮਹਾਂ ਪੁਰਖ ਜੀ ! ਇਸ ਵਿਚ ਕਾਰਨ ਕੀ ਹੈ ?

ਸਤਿਗੁਰ-ਅਨੁਭਉ ਦੀ ਕਮੀ, ਜਿਸ ਤਰ੍ਹਾਂ ਚੰਦ੍ਰਮਾਂ ਨੂੰ ਕੁਮੁਦਨੀਆਂ ਦੂਰੋਂ ਹੀ ਦਰਸ਼ਨ ਕਰਕੇ ਖਿੜ ਜਾਂਦੀਆਂ ਹਨ, ਕਾਰਨ ਅਨੁਭਵ ਹੈ[5]।

ਸਾਲਸ-ਸਾਂਈਂ ਦੇ ਸਾਂਈਂ ਲੋਕ ਜੀ ! ਅਨੁਭਵ ਖੋਲ੍ਹੀਏ?

ਸਤਿਗੁਰ-ਜਿਸ ਤਰ੍ਹਾਂ ਭਾਈ ਤੇਰੀ ਦ੍ਰਿਸ਼ਟੀ ਨੂੰ ਹੀਰੇ ਜਵਾਹਰ ਪਰਖਣ ਵਿਚ ਅਨੁਭਉ ਹੋ ਆਯਾ ਹੈ, ਸਾਡੇ ਸਜਣ ਮਰਦਾਨੇ ਨੂੰ ਰਾਗ ਦੀਆਂ ਲਹਿਰਾਂ ਵਿਚ ਅਨਭਉ ਹੋ ਆਇਆ ਹੈ। ਜਿਸ ਤਰ੍ਹਾਂ ਕਵਿ ਨੂੰ ਕਿਸੇ ਉੱਚੇ ਰਸ ਵਿਚ ਅਨਭਉ ਹੋ ਆਉਂਦਾ ਹੈ, ਨਿਰੰਕਾਰੀਆਂ ਦੇ ਅੰਦਰਲੇ ਨੂੰ ਇਕ ਓਸੇ ਤਰ੍ਹਾਂ ਦਾ, ਪਰ ਇਕ ਹੋਰ ਅਗੰਮ ਤਰ੍ਹਾਂ ਦਾ, ਨਿਰੰਕਾਰ ਵਿਚ ਅਨੁਭਉ ਦਾਨ ਮਿਲਦਾ ਹੈ।

ਇਹ ਸੁਣਕੇ ਮਰਦਾਨੇ ਨੂੰ ਪਹਿਲੇ ਦਿਨ ਵਾਲਾ ਸਤਿਗੁਰ ਦਾ ਸਾਰਾ ਉਪਦੇਸ਼ ਯਾਦ ਆ ਗਿਆ, ਓਧਰ ਜੌਹਰੀ ਨੂੰ ਆਪਣੀ ਗੱਲ ਬਾਤ ਚੇਤੇ ਆਈ ਜੋ ਉਸਨੇ ਆਪਣੇ ਸ਼ਾਗਿਰਦ ਅਧਰੱਕੇ ਨਾਲ ਕੀਤੀ ਸੀ। ਦਿਲਾਂ ਵਿਚ ਕੰਘੀਆਂ ਫਿਰ ਗਈਆਂ। ਸਾਲਸ ਦੇ ਦਿਲ ਵਿਚ ਆਦਰ ਤੇ ਪਿਆਰ ਬਹੁਤ ਵਧਿਆ, ਦੋਹੁੰ ਵੱਡਾ ਆਇਆ ਵੇਖਕੇ ਪ੍ਰਸ਼ਾਦ ਵਾਸਤੇ ਬੇਨਤੀ ਕੀਤੀ। ਮਾਯਾ ਤਾਂ ਸਤਿਗੁਰ ਨੇ ਫੇਰ ਦਿਤੀ, "ਫਕੀਰਾਂ ਨੂੰ ਇਸ ਦੀ ਲੋੜ ਨਹੀਂ" ਤੇ ਪ੍ਰਸ਼ਾਦ ਮਰਦਾਨੇ ਨੂੰ ਬੀ ਦਿੱਤਾ ਤੇ ਆਪ ਬੀ ਛਕਿਆ, ਜੋ ਅਧਰੱਕੇ ਨੇ ਬੜੇ ਪ੍ਰੇਮ ਵਿਚ ਮਗਨ ਹੋਕੇ ਛਕਾਇਆ।

ਸਾਲਸ ਰਾਇ-ਹੇ ਨਿਰੰਕਾਰ ਦੇ ਪਿਆਰੇ ਜੀ! ਅਸਾਂ ਨੂੰ ਭੀ ਉਹ ਦ੍ਰਿਸ਼ਟੀ ਦਾਨ ਕਰੋ ਜੋ ਨਿਰੰਕਾਰ ਦਿੱਸ ਆਵੇ।

ਸਤਿਗੁਰ-ਤੇਰੇ ਨੌਕਰ ਨੂੰ ਤਾਂ ਉਹ ਦ੍ਰਿਸ਼ਟੀ ਹੋ ਆਈ ਹੈ। ਗਹੁ ਕਰ ਦੇਖਿਆ ਸੁ ਤੇ ਆਪਾ ਬੰਨ੍ਹਕੇ ਦੇਖਿਆ ਸੁ ਤੇ ਆਪਾ ਵਿਚ ਗੁੰਮ ਕੀਤਾ ਸੁ ਤੇ ਮਿਹਰ ਦਾ ਸਦਕਾ ਦਿਸ ਆਇਆ ਸੂ।

ਇਹ ਸੁਣਕੇ ਜੌਹਰੀ ਨੇ ਦਾਸ ਵੱਲ ਤੱਕਿਆ ਤੇ ਉਸਦੇ ਚਰਨੀਂ ਢੈ ਪਿਆ। ਸਤਿਗੁਰ ਜੀ ਉਸ ਦੀ ਇਸ ਦ੍ਰਵਣਤਾ ਨਿਰਮਾਣਤਾ ਪਰ ਰੀਝਕੇ ਉੱਠੇ, ਆਪਣੇ ਸਿਰ ਪਰ, ਜੋ ਡੇਢ ਗਜ਼ ਸਾਫਾ ਸੀ ਲਾਹਕੇ ਸਾਲਸ ਦੇ ਸਿਰ ਬੰਨ੍ਹ ਦਿਤਾ ਤੇ ਕਰੁਣਾ ਦ੍ਰਿਸ਼ਟੀ ਪਾਕੇ ਉੱਚ ਦ੍ਰਿਸ਼ਟੀ ਦਾਨ ਕਰ ਦਿੱਤੀ। ਉਹ ਕਪੜਾ :-

ਸਾਲਸ ਬਾਂਧਯੋ ਸੀਸ ਪਰ ਸ਼ੀਘਰ ਖੁਲ੍ਹੇ ਕਪਾਟ।
ਗਯਾਨਾਨੰਦ ਪੂਰਨ ਭਯੋ ਠਟਯੋ ਔਰ ਹੀ ਠਾਟ।
ਭਾ ਨਿਹਾਲ ਤਤਕਾਲ ਸ੍ਰੀ ਗੁਰ ਨਾਨਕ ਮਇਆ ਤੇ।
ਉਮਗਯੋ ਪ੍ਰੇਮ ਬਿਸਾਲ ਉਸਤਤਿ ਉਚਰਤਿ ਸ਼ਬਦ ਕਰ।

{ਗੁ: ਨਾਨਕ ਪ੍ਰਕਾਸ਼}

ਇਸ ਤਰ੍ਹਾਂ ਦੋਵੇਂ ਨਿਹਾਲ ਹੋ ਗਏ, ਤਦ ਸਤਿ ਗੁਰ ਨੇ ਵਾਕ ਉਚਾਰਿਆ :-ਭਾਈ ! ਜਿਵੇਂ ਜੌਹਰੀ

---

[1] ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥ {ਮਾਰੂ: ਮ: ੧}

[2] ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥ {ਮਾਰੂ: ਮ:੧}

[3] ਦਾਦਰ ਤੂੰ ਕਬਹਿ ਨ ਜਾਨਸਿ ਰੇ ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤ ਨ ਲਖਸਿ ਰੇ ॥੧॥ ਰਹਾਉ॥ {ਮਾਰੂ: ਮ:੧}

[4] ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥ {ਮਾਰੂ: ਮ: ੧}

[5] ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥੨॥ {ਰਾਗ ਮਾਰੂ ਮ: ੧-੪}

ਦੀ, ਰਾਗੀ ਤੇ ਕਵੀ ਦੀ ਦ੍ਰਿਸ਼ਟਿ ਇਸ ਦ੍ਰਿਸ਼ਟਿ ਹਿਸਾਬ ਤੋਂ ਉੱਚੀ ਹੈ, ਪਰ ਤਦ ਭੀ ਬੇ-ਮਲੂਮੇ ਹਿਸਾਬ ਦੀ ਹੈ। ਇਕ ਹੋਰ ਦ੍ਰਿਸ਼ਟੀ ਹੈ, ਜਿਹੜੀ ਦ੍ਰਿਸ਼ਟੀ ਸਭ ਦ੍ਰਿਸ਼ਟੀਆਂ ਤੋਂ ਪਰੇ ਦੀ ਹੈ, ਇਹ ਤੁਹਾਨੂੰ ਹੁਣ ਫੁਰੀ ਹੈ, ਇਹ ਪੂਰਨ ਅਨਭਉ ਹੈ, ਜਦੋਂ ਦਿੱਸਦੇ ਵੱਸਦੇ ਜਗਤ ਤੋਂ ਧਿਆਨ ਉੱਠਕੇ ਵਿਸਮਾਦ ਦੇ ਘਰ ਚੜ੍ਹਦਾ ਹੈ, ਆਪਾ ਆਪੇ ਵਿਚ ਆਉਂਦਾ, ਲੀਨ ਹੁੰਦਾ ਤੇ ਆਪੇ ਵਿਚ ਜਾਗਦਾ ਹੈ, ਝਲਕਾ ਅਨੰਤ ਅਪਾਰ ਦਾ ਵਜਦਾ ਹੈ, ਤਦੋਂ ਹੱਦਾਂ ਬੰਨੇ ਹੇਠ ਰਹਿ ਜਾਂਦੇ ਹਨ। ਇਹ ਝਲਕਾ ਮਨ ਪਰ ਇਕ ਅਸਰ ਛੱਡ ਜਾਂਦਾ ਹੈ, ਜਿਸ ਨਾਲ ਟੁਰਦੇ, ਫਿਰਦੇ, ਵਸਦੇ ਜਗਤ ਵਿਚ ਵਾਹਿਗੁਰੂ, ਕਰਤਾਰ, ਨਿਰੰਕਾਰ, ਧੰਨ ਨਿਰੰਕਾਰ ਦਾ ਜਲਵਾ ਆਪਾ ਅਨਭਉ ਕਰਾਉਂਦਾ ਰਹਿੰਦਾ ਹੈ। ਫੇਰ ਜੀਵ ਦਿੱਸਦੇ ਨੂੰ ਵੇਖਕੇ ਭੁੱਲਦਾ ਨਹੀਂ, ਦਿੱਸਦਾ ਇਸਨੂੰ ਕੁਛ ਕੁਛ ਪੁਸ਼ਾਕੇ ਦੀ ਨਿਆਈਂ ਦਿੱਸਦਾ ਹੈ, ਵਿਚ ਲੱਸਦਾ ਕਰਤਾਰ ਦਿੱਸਦਾ ਹੈ। 'ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ' ਤੇ ਦੇਖਣਹਾਰ ਉਸ 'ਵਿਚਵਸਦੇ' ਪਿਆਰੇ ਤੋਂ ਬਲਿਹਾਰ ਹੁੰਦਾ ਹੈ :-ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਿਖਿਆ॥

ਸੂਚਨਾ-ਇਸ ਪ੍ਰਕਾਰ ਧਿਆਨ ਮਗਨ ਪੂਰਨ ਰਸ ਨੂੰ ਪ੍ਰਾਪਤ ਹੋਏ ਸਾਲਸ ਤੇ ਅਧਰਕਾ ਵਿਦਾ ਹੋਏ। ਸਤਿਗੁਰ ਕਈ ਮਹੀਨੇ ਉੱਥੇ ਰਹੇ। ਇਥੇ ਗੰਗਾ ਪਾਰ ਪਟਣੇ ਤੋਂ ਤ੍ਰੈ ਮੀਲ ਇਕ ਟਿਕਾਣਾ ਹੈ ਜਿੱਥੇ ਕੱਤਕ ਦੀ ਪੁੰਨਿਆ ਨੂੰ ਹਰੀਹਰ ਛੇਤ੍ਰ ਦਾ ਮੇਲਾ ਲੱਗਦਾ ਹੁੰਦਾ ਸੀ। ਇਸ ਮੇਲੇ ਲਈ ਸਤਿਗੁਰੂ ਏਥੇ ਠਹਿਰੇ ਸਨ ਕਿ ਆਏ ਯਾਤ੍ਰੀਆਂ ਵਿਚ ਉਹਨਾਂ ਦੇ ਅਗਯਾਨ, ਭਰਮ ਤੇ ਅੰਧਕਾਰ ਦੀ ਨਿਵਿਰਤੀ ਦਾ ਦਾਰੂ ਵੰਡਿਆ ਜਾਵੇ। ਆਪ ਦੇ ਗਿਰਦ ਰੋਜ਼ ਭੀੜ ਲੱਗੀ ਰਹੇ, ਰੱਬੀ ਕੀਰਤਨ ਉਪਦੇਸ਼ ਹੋਵੇ, ਮੋਏ ਜਗਤ ਨੂੰ ਜੀਵਨ ਦਾਤ ਮਿਲੇ। ਇਉਂ ਸ਼ਹਿਰ ਪਟਣੇ ਸਿੱਖੀ ਪ੍ਰਚਾਰ ਹੋ ਪਿਆ, ਸੰਗਤ ਆਵੇ, ਸਤਿਸੰਗ ਆਨੰਦ ਰਸ ਦਾ ਅਮਿੱਤ ਪ੍ਰਵਾਹ ਟੁਰ ਪਿਆ।

ਇਹੋ ਕੱਤਕ ਪੁੰਨਿਆਂ ਸਤਿਗੁਰ ਦਾ ਅਵਤਾਰ ਦਾ ਦਿਨ ਹੁਣ ਪ੍ਰਸਿੱਧ ਹੈ, ਇਸੇ ਦਿਨ ਸਤਿਗੁਰ ਜੀ ਨੇ ਪਟਣੇ ਦੀ ਸੰਗਤ ਨਿਹਾਲ ਕੀਤੀ, ਤੇ ਚਾਰ ਮਹੀਨੇ ਰਹਿਕੇ ਟੁਰਨ ਲਗੇ। ਸੰਗਤ ਨੇ ਇਕ ਆਗੂ ਲਈ ਬਿਨੈ ਕੀਤੀ। ਮਹਾਰਾਜ ਨੇ ਅਧਰੱਕੇ ਵਲ ਸੈਨਤ ਕੀਤੀ ਤੇ ਫੇਰ ਬਚਨ ਕੀਤਾ--ਸੰਗਤ ਦੀ ਅਗੁਵਾਨੀ ਸੇਵਾ ਸਾਲਸ ਕਰੇਗਾ, ਸਾਲਸ ਦੇ ਮਗਰੋਂ ਅਧਰੱਕਾ ਕਰੇਗਾ।

ਇਸੇ ਸਾਲਸ ਦੀ ਅਉਲਾਦ ਵਿਚੋਂ ਫਤਹ ਚੰਦ ਮੈਣੀ ਦਸਮੇਂ ਸਤਿਗੁਰ ਦਾ ਪਿਆਰਾ ਹੋਇਆ ਹੈ ਤੇ ਯਾਦਗੀਰੀ ਦਾ ਟਿਕਾਣਾ ਹੁਣ ਤੱਕ ਹੈ ਤੇ ਸ਼੍ਰੋਤ ਹੈ ਕਿ ਅਧਰਕੇ ਦੀ ਔਲਾਦ ਦੇ ਮਸੰਦ ਦਸਮੇਂ ਸਤਿਗੁਰ ਜੀ ਦੀ ਸੇਵਾ ਕਰਦੇ ਰਹੇ ਹਨ ਤੇ ਹੁਣ ਭੀ ਉਨ੍ਹਾਂ ਦੀ ਔਲਾਦ ਪਟਣੇ ਹਰੀਮੰਦਰ ਦੀ ਸੇਵਾ ਵਿਚ ਹੈ।

ਸਾਲਸ ਰਾਇ ਪ੍ਰੇਮੀ, ਨੇਮੀ ਭਜਨੀਕ ਹੋਇਆ ਤੇ ਉਸ ਨੂੰ ਕਵਿਤਾ ਫੁਰਦੀ ਰਹੀ ਹੈ। ਕਈ ਸ਼ਬਦ ਮ: ੧ ਕਰਕੇ ਜਨਮ ਸਾਖੀਆਂ ਵਿਚ ਦਿਤੇ ਹਨ, ਉਸ ਦੀ ਆਪਣੀ ਛਾਪ ਵਾਲਾ ਇਕ ਮਿਲਿਆ ਹੈ :

ਬਿਲਾਵਲ ਸਾਲਸ ਰਾਇ ਜੀ ਕੀ :

ਸਤਿਗੁਰ ਦਾਤਾ ਨਾਮ ਕਾ ਦੀਨੇ ਖੋਲ ਕਪਾਟ ॥ ਏਕ ਜੋ ਵਣਜਾ ਵਣਜਿਆ ਬਹੁਰ ਨ ਆਵੈ ਘਾਟ ॥ ਸਤਿਗੁਰ ਨਾਨਕ ਪੂਰਾ ॥ਬਚਨ ਕਾ ਸੂਰਾ ॥੧॥ ਰਹਾਉ॥ ਅਗਮ ਨਿਗਮ ਦਿਖਲਾਵਤਾ ਖੋਲੇ ਨੇਤ੍ਰ ਕਪਾਟ ਅਨੰਦ ॥ ਜਗ ਵਣਜਾਰਾ ਸਗਲ ਹੈ ਸਾਹ ਏਕ ਭਗਵੰਤ ॥ ਵਣਜ ਹਮਾਰਾ ਸਤਿਗੁਰੂ ਪੂੰਜੀ ਹਮਰੀ ਨਾਮ॥ ਆਠ ਪਹਿਰ ਧੁਨਿ ਲਗ ਰਹੇ ਯਹੀ ਹਮਾਰੇ ਕਾਮ ॥ ਸਾਲਸ ਬਿਨਵੈ ਬੇਨਤੀ ਸੁਣ ਲੈ ਤੂੰ ਕਰਤਾਰ ॥ ਕਾਚੇ ਰੰਗ ਉਤਾਰਕੇ ਸਾਚੇ ਰੰਗ ਅਪਾਰ ॥

# ੨੨. ਗਯਾ [੧]।

ਸਾਲਸਰਾਇ ਤੇ ਅਧਰੱਕੇ ਨੂੰ ਤਾਰਕੇ ਸ੍ਰੀ ਸਤਿਗੁਰੂ ਜੀ ਟੁਰ ਪਏ, ਟੁਰ ਪਏ ਉਪਕਾਰੀ ਬੱਦਲਾਂ ਵਾਂਙੂ ਹੋਰਥੇ ਸ੍ਵਾਂਤੀ ਬੂੰਦਾਂ ਦਾ ਵਰੋਸਾਉ ਕਰਨ ਤੇ ਆ ਗਏ ਰਾਜ ਗਿਰੀ[੨]। ਇਥੇ ਮੇਲਾ ਸੀ। ਮੇਲੇ ਤੇ

[੧] ਇਹ ਪ੍ਰਸੰਗ ਗੁਰਪੁਰਬ ਪੁੰਨਮ (੧੮ ਨੁਵੰਬਰ ੧੯੩੭) ਮਘਰ ਦੀ ੪ ਸੰ: ਗੁ: ਨਾ: ਸਾ: ੪੬੯ ਤੇ ਬਿ ੧੯੯੪ ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

[੨] ਇਤਿਹਾਸ ਖਜ਼ਾਨ ਸਿੰਘ।

ਕਈ ਨਾਸਤਕਾਂ ਨੂੰ ਆਸਤਕ ਬਣਾਕੇ ਆਪ ਪਹੁੰਚੇ ਗਯਾ। ਆਪ ਦਾ ਸੁਹਣਾ ਸੁਹਾਵਾ ਤੇ ਤੇਜ ਜਬ੍ਹੇ ਵਾਲਾ ਨੂਰਾਨੀ ਚਿਹਰਾ ਦੇਖਕੇ ਪੰਡੇ ਬੀ ਆ ਗਏ ਤੇ ਆਖਣ ਲਗੇ ਕਿ ਸ੍ਰੀ ਜੀਓ ! ਪਿੰਡ ਭਰਾਓ, ਪਿਤਰਾਂ ਦਾ ਨਿਸਤਾਰਾ ਕਰਾ ਲਓ। ਤਾਂ ਬਾਬੇ ਕਿਹਾ ਅਸਾਂ ਆਪਣੇ ਪਿਤਰਾਂ ਦਾ ਤੇ ਆਪਣੇ ਸਤਿਸੰਗੀਆਂ ਦਾ ਤੇ ਆਪਣਾ ਬੀ ਦੀਵਾ ਅਤੇ ਕਿਰਿਆ ਕਰਮ ਕਰਾ ਛਡਿਆ ਹੈ[1]। ਅਰ ਐਸੀ ਕਿਰਿਆ ਕੀਤੀ ਹੈ ਜੋ ਅਗਜਾਨ ਦਾ ਅੰਧੇਰਾ ਸਭ ਮਿਟ ਗਿਆ ਹੈ ਤੇ ਸਦਗਤੀ ਹੋ ਗਈ ਹੈ। ਸੁਰਗ ਤੇ ਨਰਕ ਜੋ ਹਨ ਸੋ ਅਗਜਾਨ ਵਿਖੇ ਹਨ, ਤਾਂਤੇ ਜਿਨ੍ਹਾਂ ਨੇ 'ਨਾਮ' ਰੂਪੀ ਦੀਵਾ ਬਾਲਿਆ ਹੈ ਤਿਨਕਾ ਉਧਾਰ ਹੋਇਆ ਹੈ। ਇਸ ਦੇ ਪਰਥਾਇ ਸ੍ਰੀ ਬਾਬਾ ਜੀ ਨੇ ਆਸਾ ਰਾਗ ਵਿਚ ਸ਼ਬਦ ਬੋਲਿਆ :-

ਆਸਾ ਮਹਲਾ ੧ ॥

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥ ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ ਰਹਾਉ ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥

ਅਰਥਾਤ-ਮੇਰਾ ਦੀਵਾ ਇਕ ਪਰਮੇਸ਼ੁਰ ਦਾ ਨਾਮ ਸਿਮਰਨ ਕਰਨਾ ਹੈ, ਉਸ ਵਿਚ 'ਦੁੱਖ' ਦਾ ਤੇਲ ਪਾਇਆ ਹੈ। ਦੀਵਾ ਬਲਦਾ ਹੈ ਤਾਂ ਉਹ ਮੈਨੂੰ ਵਾਹਿਗੁਰੂ ਜੀ ਦੇ ਮਿਲਾਪ-ਰਾਹ ਦਾ ਚਾਨਣਾ ਦੇਂਦਾ ਹੈ ਤੇ ਦੂਜੇ ਪਾਸੇ ਮੇਰੇ ਦੁੱਖ ਘਟਦੇ ਜਾਂਦੇ ਹਨ, ਜਿਕੂੰ ਦੀਵੇ ਬਲਣ ਨਾਲ ਤੇਲ ਘਟਦਾ ਜਾਂਦਾ ਹੈ। ਜੇ ਕੋਈ ਸ਼ੰਕਾ ਕਰੇ ਕਿ ਦੁਖ ਤਾਂ ਕਰਮਾਂ ਦਾ ਫਲ ਹਨ ਅਵੱਸ਼ ਭੋਗਣੇ ਪੈਂਦੇ ਹਨ। ਗੁਰੂ ਜੀ ਦੱਸਦੇ ਹਨ, ਹੇ ਲੋਕੋ ! ਇਸ ਬਿਰਥਾ ਖਯਾਲ ਵਿਚ ਨਾ ਪੈਣਾ ਕਿ ਕਰਮ ਦਗਧ ਨਹੀਂ ਹੋ ਸਕਦੇ। ਜਿਵੇਂ ਸੈਂਕੜੇ ਮਣ ਲਕੜੀ ਵਿਚ ਇਕ ਰੱਤੀ ਅੱਗ ਰੱਖ ਦੇਈਏ ਤਾਂ ਉਹ ਸਾਰੀ ਸੜ ਜਾਂਦੀ ਹੈ, ਤਿਵੇਂ ਨਾਮ ਦੀ ਚਿੰਗਾਰੀ ਨਾਲ ਸਾਰੇ ਕਰਮ ਦਗਧ ਹੋ ਜਾਂਦੇ ਹਨ। ਪਿੰਡ ਤੇ ਪਤਲ ਮੇਰਾ ਵਾਹਿਗੁਰੂ ਹੈ ਤੇ ਕਿਰਿਆ ਮੇਰੀ ਕਰਤਾਰ ਦਾ ਸੱਚਾ ਨਾਮ ਹੈ। ਲੋਕ ਪਰਲੋਕ ਵਿਚ ਤੇ ਅੱਗੇ ਪਿਛੇ ਮੇਰਾ ਆਧਾਰ ਏਹੋ ਹੈ। ਹੇ ਵਾਹਿਗੁਰੂ ਤੇਰੀ ਸਿਫਤ ਕਰਨੀ ਮੇਰੀ ਗੰਗਾ ਤੇ ਕਾਸ਼ੀ (ਤੀਰਥ ਹੈ) ਤੇ ਇਸ ਵਿਚ ਆਤਮਾ ਇਸ਼ਨਾਨ ਕਰਦਾ ਹੈ। ਹਾਂ, ਸਦਾ ਇਸ਼ਨਾਨ ਤਾਂ ਹੁੰਦਾ ਹੈ ਜੇ ਦਿਨ ਰਾਤ ਪਰਮੇਸ਼ੁਰ ਦੇ ਨਾਮ ਵਿਚ ਪ੍ਰੀਤ ਪੈ ਜਾਵੇ ਤਾਂ। ਬ੍ਰਾਹਮਣ ਜੋ ਪਿੰਡ ਭਰਾਉਂਦੇ ਹਨ ਓਹ ਪਿਤਰਾਂ ਤੇ ਦੇਵਤਿਆਂ ਨਾਲ ਰਲਾਉਣ ਵਾਸਤੇ ਹੁੰਦੇ ਹਨ, ਪਰ ਸਾਨੂੰ ਵਾਹਿਗੁਰੂ ਦੀ ਬਖਸ਼ਿਸ਼ ਦਾ ਪਿੰਡ ਪ੍ਰਾਪਤ ਹੈ ਜੋ ਕਦੇ ਮੁੱਕਦਾ ਹੀ ਨਹੀਂ, ਭਾਵ ਓਹ ਸਾਨੂੰ ਅਨੰਤ ਨਾਲ ਮੇਲਦਾ ਹੈ। ਤਦ ਪੰਡੇ ਸ਼ਰਨ ਪੈ ਗਏ।

## ੨੩. ਬੁਧ ਗਯਾ--ਦੇਵਗਿਰ[2]।

ਗਯਾ ਦੇ ਪਾਂਡਿਆਂ ਨੂੰ ਅਸਲੀ ਰਾਹ ਕਲਜਾਨ ਦਾ ਦੱਸਕੇ ਸਤਿਗੁਰੂ ਜੀ ਓਥੋਂ ਟੁਰ ਪਏ। ਜੋ ਬੀਚਾਰ ਦੇ ਕੇ ਸੁਹਣੇ ਗੁਰ ਨਾਨਕ ਨੇ ਉਹਨਾਂ ਨੂੰ ਗਜਾਨ ਨੇਤ੍ਰ ਬਖਸ਼ੇ ਓਹ ਵੀਚਾਰ ਆਪ ਜੀ ਨੇ ਉਪਰਲੇ ਸ਼ਬਦ ਵਿਚ ਦਿਤੇ ਹੈਨ, ਜਿਨ੍ਹਾਂ ਨੂੰ ਪੜ੍ਹਕੇ ਅਜ ਤਕ ਅਨੇਕ ਜੀਵਾਂ ਨੇ ਸੁਖ ਪਾਇਆ ਹੈ।

ਗਯਾ ਤੋਂ ਟੁਰਕੇ ਆਪ ਬੁੱਧ ਗਯਾ[3] ਤੇ ਆਏ। ਏਥੇ ਆਕੇ ਆਪ ਨੇ ਬਾਹਰ ਡੇਰੇ ਲਾ ਦਿਤੇ। ਮਰਦਾਨੇ ਨੇ ਕੀਰਤਨ ਕਰਨਾ ਤੇ ਆਪ ਨੇ ਨਿਜਾਨੰਦ ਵਿਚ ਮਗਨ ਹੋ ਜਾਣਾ। ਇਸ ਕੀਰਤਨ ਨੇ ਬੁੱਧ ਗਯਾ ਦੇ ਮਹੰਤ ਨੂੰ ਖਿੱਚ ਪਾਈ, ਉਸ ਦਾ ਨਾਮ 'ਦੇਵ ਗਿਰ' ਲਿਖਿਆ ਹੈ[4]। ਇਹ ਆਦਮੀ ਸੀ ਤਾਂ

---

[1] ਜਨਮ ਸਾਖੀ ਭਾਈ ਮਨੀ ਸਿੰਘ।

[2] ਇਹ ਪ੍ਰਸੰਗ ਗੁ: ਪੁੰਨਮ ਸੰ: ਗੁ: ਨਾ: ਸਾ: ੪੬੯ (੧੯ ਨਵੰਬਰ ੧੯੩੭ ਈ:) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

[3] ਇਹ ਜਗਾ ਗਯਾ ਤੋਂ ਪੰਜ ਛੇ ਕੋਹ ਤੇ ਹੈ।

[4] ਤਵਾਰੀਖ ਖਾਲਸਾ

ਬੁਧ ਮੰਦਿਰ ਦਾ ਮਹੰਤ, ਪਰ ਸੀ ਲਗ ਪਗ ਸੰਨਜਾਸੀ। ਹਿੰਦੂਆਂ ਨੇ ਜਦ ਬੋਧ ਮਤ ਦੀ ਹਿੰਦੁਸਤਾਨ ਵਿਚੋਂ ਸਮਾਪਤੀ ਕਰ ਦਿੱਤੀ ਤਾਂ ਇਹ ਬੋਧੀ ਅਸਥਾਨ ਬੀ ਸਾਂਭ ਲਿਆ ਸੀ। ਇਥੇ ਬੁਧ ਜੀ ਨੇ ਤਪ ਤਪਿਆ ਤੇ ਉਨ੍ਹਾਂ ਨੂੰ ਆਪਣੇ ਗਜਾਨ ਦਾ ਅਨੁਭਵ ਹੋਇਆ ਸੀ। ਕਿਉਂਕਿ ਹਿੰਦੂ ਬੁਧ ਜੀ ਨੂੰ ਅਵਤਾਰ ਬੀ ਮੰਨਦੇ ਸਨ, ਇਸ ਕਰਕੇ ਇਹ ਅਸਥਾਨ ਬੀ ਉਨ੍ਹਾਂ ਨੇ ਆਪਣੇ ਅਧਿਕਾਰ ਵਿਚ ਕਰ ਲਿਆ ਸੀ। ਇਹ ਮਹੰਤ ਦੇਵਗਿਰ ਬਹੁਤ ਸਾਰੇ ਆਪਣੇ ਛੋਟੇ ਮੰਦਰਾਂ ਦੇ ਮਹੰਤਾਂ ਦਾ ਵਡਾ ਮਹੰਤ ਤੇ ਮਾਨਨੀਯ ਪੁਰਖ ਸੀ, ਪਰ ਸੀ ਸੱਚ ਦਾ ਖੋਜੀ ਤੇ ਵਿਦਵਾਨ। ਵਿਦਜਾ ਨੇ ਇਸ ਦੇ ਮਨ ਨੂੰ ਜਾਣਨਹਾਰ ਤਾਂ ਬਣਾ ਦਿਤਾ ਹੋਇਆ ਸੀ ਤੇ ਉਹ ਵੈਰਾਗੀ ਬੀ ਸੀ, ਪਰ ਉਹ 'ਰਾਗ' ਨੂੰ ਵੈਰਾਗ ਵਿਚ ਪਲਟਦਾ ਪਲਟਦਾ ਇੰਵ ਹੋ ਗਿਆ ਸੀ ਜਿਵੇਂ ਬ੍ਰਿਛ ਦੀ ਡਾਲੀ ਪੱਕੀ ਹੁੰਦੀ ਹੁੰਦੀ ਸੁੱਕ ਜਾਏ ਤਾਂ ਮੂਲੋਂ ਅੜਕ ਤੇ ਪੱਕੀ ਹੋ ਜਾਂਦੀ ਹੈ, ਪਰ ਉਹਦੀ ਇਸ ਪਕਿਆਈ ਤੇ ਕਰੜਾਈ ਵਿਚ ਉਸ ਵਿਚ ਲਚਕ ਨਹੀਂ ਰਹਿੰਦੀ। ਇਹ ਲਚਕ ਇਸ ਵਾਸਤੇ ਨਹੀਂ ਰਹਿੰਦੀ ਕਿ ਉਸ ਵਿਚ ਜਿੰਦ ਕਣੀ ਨਹੀਂ ਰਹਿੰਦੀ। ਜੀਉਂਦੀ ਟਹਿਣੀ ਵਿਚ ਪਕਿਆਈ ਤੇ ਲਚਕ ਦੁਇ ਹੁੰਦੀਆਂ ਹਨ। ਜੀਵਨ- ਮਰਨ ਦੀ ਇਸ ਪ੍ਰਕਾਰ ਦੀ ਜਦ ਗਲ ਬਾਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਝਾਈ ਤਾਂ ਉਸ ਦੀ ਸੋਝੀ ਵਿਚ ਜੀਵਨ ਦਾ ਰੁਮਕਾ ਫਿਰ ਆ ਫਿਰਿਆ। ਸਤਿਗੁਰ ਜੀ ਨੇ ਉਸ ਨੂੰ ਦੱਸਿਆ ਕਿ ਰਾਗ(ਪਜਾਰ) ਮਾੜਾ ਹੈ ਮਾੜੇ ਕਰਮਾਂ ਦਾ, ਰਾਗ ਦੁਖਦਾਈ ਹੋ ਜਾਂਦਾ ਹੈ ਨਾਸ਼ਵੰਤ ਪਦਾਰਥਾਂ ਦਾ, ਪਰ ਅਵਿਨਾਸ਼ੀ ਤੇ ਪ੍ਰਿਯ ਸਰੂਪ ਵਾਲੇ ਦਾ ਰਾਗ(ਪ੍ਰੇਮ) ਮਾੜਾ ਨਹੀਂ, ਕਿਉਂਕਿ ਉਸ ਦੇ ਰਾਗ ਨਾਲ ਪਵਿਤ੍ਰ ਹੋਈਦਾ ਹੈ, ਉਸ ਦਾ ਰਾਗ ਦੁਖਦਾਈ ਨਹੀਂ; ਕਿਉਂਕਿ ਉਹ ਸਦਾ ਥਿਰ ਹੈ, ਕਦੇ ਨਾਸ਼ ਨੂੰ ਪ੍ਰਾਪਤ ਨਹੀਂ ਹੁੰਦਾ; ਇਸ ਕਰਕੇ ਉਸ ਨਾਲ ਕੀਤੇ ਰਾਗ ਦਾ ਅੰਤ ਦੁਖ ਨਹੀਂ ਹੋ ਸਕਦਾ[੧]। ਫੇਰ ਉਹ ਆਨੰਦ ਸਰੂਪ ਹੈ, ਉਸ ਦਾ ਰਾਗ ਸੁਖ ਤੇ ਆਨੰਦ ਦਾਤਾ ਹੈ। ਫੇਰ ਜਿਸ ਵੈਰਾਗ ਨੂੰ ਧਾਰਨ ਕਰਨ ਖ਼ਾਤਰ ਅਸਾਂ ਆਪਣੇ ਮਨ ਨੂੰ ਕੁਹਣਾ ਹੈ, ਇੰਦਰਿਆਂ ਨੂੰ ਮਾਰਨਾ ਤੇ ਸੰਸਾਰ ਤੇ ਇਸ ਦੀ ਰਚਨਾਂ ਨੂੰ ਮਾੜਿਆਂ ਸਮਝਣਾ ਹੈ, ਉਹ ਵੈਰਾਗ ਅਬਿਨਾਸ਼ੀ ਨਾਲ ਰਾਗ-ਕੀਤਿਆਂ ਸਹਜ ਸੁਭਾ ਪ੍ਰਾਪਤ ਹੋ ਜਾਂਦਾ ਹੈ ਤੇ ਉਸ ਦਾ ਅਸਰ ਇਨਸਾਨ ਦੀਆਂ ਤਾਕਤਾਂ ਨੂੰ ਕੁਹਣ ਵਾਲਾ ਨਹੀਂ ਪੈਂਦਾ। ਇਨਸਾਨ ਨਿਰਾ ਬੁੱਧੀ ਨਹੀਂ, ਇਸ ਦੇ ਅਸਲੇ ਵਿਚ ਭਾਵ (ਪ੍ਰੇਮ) ਬੀ ਹੈ। ਜਿਵੇਂ ਤੁਸਾਂ ਵੈਰਾਗ ਧਾਰਿਆ ਹੈ, ਅਰਥਾਤ ਮਨ ਨੂੰ ਮਾਰ ਘੱਤਿਆ ਹੈ ਹੁਣ ਕਿਸੇ ਪਾਸੇ ਦਾ ਰਾਗ ਤੁਹਾਡੇ ਪੱਕ ਗਏ ਮਨ ਬੁੱਧਿ ਨੂੰ ਨਿਵਾ ਨਹੀਂ ਸਕਦਾ, ਉਹ ਸੁੱਕੀ ਟਹਿਣੀ ਵਾਂਙੂ ਪੱਕਾ ਹੋ ਗਿਆ ਹੈ, ਪਰ ਇਸ ਨਾਲ ਕਾਰਜ ਸਿੱਧੀ ਨਹੀਂ ਹੋਈ, ਤਦੇ ਮਨ ਵਿਚ ਲਚਕਦਾਰ ਤੇ ਜੀਉਂਦੀ ਅਪਕੜਤਾ ਨਹੀਂ, ਪਰ ਜਿੰਦ-ਹੀਨਤਾ ਵਾਲੀ ਉਦਾਸੀ ਦਾ ਅਕੜੇਵਾਂ ਜਿਹਾ ਹੈ।

ਦੇਵਗਿਰ ਲਈ ਇਹ ਨਵਾਂ ਸਬਕ ਸੀ, ਉਹ ਸਾਰੇ ਅੰਦਰਲੇ ਭਾਵਾਂ ਨੂੰ ਮਾਰਕੇ ਗਜਾਨਵਾਨ ਹੋਣ ਨੂੰ ਸੰਨਜਾਸ ਤੇ ਸਾਰੇ ਇੰਦਰਿਆਂ ਤੇ ਮਨ ਆਦਿ ਨੂੰ ਕੁਹਕੇ ਏਕਾਗ੍ਰ ਹੋਣੇ ਨੂੰ ਜੋਗ ਜਾਣਦਾ ਸੀ, ਸਤਿਗੁਰ ਨੂੰ ਪੁੱਛਣ ਲੱਗਾ ਕਿ ਫੇਰ ਕੀਹ ਜੀਓ ! ਇੰਦਰੇ ਦਮਨ ਨਹੀਂ ਕਰਨੇ, ਮਨ ਨੂੰ ਨਹੀਂ ਮਾਰਨਾ ? ਸਤਿਗੁਰ ਨੇ ਸਮਝਾਇਆ ਕਿ ਭਾਈ ਇੰਦ੍ਰਿਆਂ ਨੂੰ ਵਿਕਾਰਾਂ ਤੋਂ ਰੋਕਣਾ ਹੈ, ਮਨ ਨੂੰ ਨੀਵਿਆਂ ਖਿਆਲਾਂ ਵਿਚ ਨਹੀਂ ਜਾਣ ਦੇਣਾ। ਸਭ ਅਵਗੁਨ ਤਿਆਗਣੇ ਤੇ ਸ਼ੁਭ ਗੁਣ ਧਾਰਨੇ ਹਨ, ਪਰ ਇਕ ਪਤੀ ਪਰਮੇਸ਼ੁਰ ਦਾ ਮਨ ਵਿਚ ਧ੍ਰਵਾ ਬੰਨ੍ਹਕੇ ਉਸ ਨਾਲ ਪ੍ਰੇਮ ਕਰਨਾ ਹੈ। ਪ੍ਰਯੋਜਨ ਬੁੱਧੀ ਨੂੰ ਨਿਰਮਲ ਕਰਨੇ ਦਾ ਹੈ, ਬੁੱਧੀ ਦੀ ਨਿਰਮਲਤਾ ਲਈ ਵੈਰਾਗ ਵਿਵੇਕ ਵਰਤਣੇ ਹਨ। ਮਨ ਉਤੇ ਇਸ ਨਿਰਮਲ ਬੁਧਿ ਦਾ ਚਰਾਗ਼ ਰੌਸ਼ਨ ਕਰਕੇ ਇਸ ਦੇ ਕੁੰਡੇ ਹੇਠ ਮਨ ਨੂੰ ਟੋਰਨਾ ਹੈ। ਐਸੇ ਪ੍ਰਬੁੱਧ ਹੋਏ ਮਨ ਦੇ ਵੱਸ ਵਿਚ ਇੰਦ੍ਰਿਆਂ ਨੂੰ ਟੋਰਨਾ ਹੈ, ਪਰ ਅੰਦਰ ਜੋ ਸਾਡੇ ਆਤਮਾਂ ਵਿਚ ਪ੍ਰਿਯ ਸਰੂਪਤਾ ਦੀ ਅੰਸ਼ ਹੈ, ਪ੍ਰੇਮ ਹੈ, ਉਸ ਨੂੰ ਬੀ ਵਰਤਣਾ ਹੈ, ਉਸ ਨੂੰ ਮਾਰਨਾ ਨਹੀਂ ! ਉਸ ਨਾਲ ਮਨ ਦੇ ਰੁਖ਼ ਨੂੰ ਉਪਰਲੇ ਪਾਸੇ ਵਲ ਲਗੇ ਰਹਿਣ ਵਾਲਾ ਬਨਾਉਣਾ ਹੈ ਤੇ ਬੁੱਧੀ ਦਾ ਅਲੰਬ ਲੱਭਕੇ ਉਸਨੂੰ ਜੱਫਾ ਮਾਰਨਾ ਹੈ। ਬੁੱਧੀ ਨੇ ਜਦ ਨਿਸਚੇ ਕਰ ਲਿਆ ਕਿ ਜਗਤ ਦਾ ਮੂਲ

---

੧ ਨਾ ਓਹ ਮਰੈ ਨ ਹੋਵੈ ਸੋਗੁ। (ਆਸਾ ਮ: ੧)

ਮਾਲਕ ਪਾਲਕ ਇਕ ਅਕਾਲ ਪੁਰਖ ਹੈ ਤਾਂ ਹੁਣ ਉਸ ਦਾ ਆਲੰਬ ਇਹ 'ਏਕੰਕਾਰ' ਹੈ, ਅਰਥਾਤ ਅਕਾਲ ਪੁਰਖ ਹੈ। ਜਦੋਂ ਮਨ ਬੁੱਧੀ ਵਾਹਿਗੁਰੂ ਵਿਚ ਰਾਗ ਕਰਕੇ ਅਰਥਾਤ ਉਸ ਨੂੰ ਆਪਣਾ ਆਲੰਬ ਬਣਾਕੇ ਉਸ ਨਾਲ ਲਗਾਤਾਰੀ ਲਗਾਉ ਪਾ ਲੈਣਗੇ ਤਾਂ ਉਨ੍ਹਾਂ ਵਿਚ ਵਾਹਿਗੁਰੂ ਤੇ ਵਾਹਿਗੁਰੂ ਵਿਚ ਓਹ ਵੱਸਣਗੇ। ਫੇਰ ਸਾਡਾ ਆਪਾ, ਜੀਵਤ ਆਪਾ ਹੋਵੇਗਾ ਤੇ ਜੀਵਨ ਮੁਕਤੀ ਦੇ ਸੁਖ ਪਾਏਗਾ। ਇਸ ਤਰ੍ਹਾਂ ਸਾਰਾ ਆਪਾ ਅਪਣੇ ਸਾਰੇ ਤਾਣ ਨਾਲ ਜਦ ਸਦਾ ਲਗਾ ਰਹੇਗਾ 'ਇਕ' ਵਿਚ ਤਾਂ 'ਇਕ' ਵਿਚ ਸਮਾਇਆ' ਸਫਲ ਤੇ ਸੁਰਜੀਤ ਗਜਾਨ ਵਾਲਾ ਰਹੇਗਾ। ਇਹ ਆਪਾ--ਇਹ ਆਤਮਾ--ਸ਼ੁਧ ਆਤਮਾ ਹੈ ਤੇ ਇਹ ਕਾਰ ਸਿਰੇ ਚੜ੍ਹਦੀ ਹੈ ਗੁਰ ਸ਼ਬਦ ਦੀ ਕਮਾਈ ਨਾਲ। ਫਿਰ ਇਹ ਸਾਰਾ ਕੁਛ ਸਹਿਜ ਨਾਲ ਪ੍ਰਾਪਤ ਕਰਨਾ ਹੈ। ਸਹਿੰਦੇ ਸਹਿੰਦੇ ਹਠ, ਮਨ ਤੇ ਕੁੰਡਾ, ਤੇ ਆਪਾ ਨਿਵਾਰਨ ਦੇ ਸਾਰੇ ਦੇ ਸਾਰੇ ਕੰਮ ਕਰਨੇ ਹਨ, ਪਰ ਅੰਦਰ ਟੇਕ ਸਾਂਈਂ ਦੀ ਧਰਕੇ ਤੇ ਉਸ ਦੇ ਸਿਮਰਨ ਦੇ ਆਸਰੇ। ਜਦੋਂ ਅੰਦਰ ਠੰਢ ਵਰਤਣੀ ਹੈ ਤਾਂ 'ਸਹਿਜ' ਦਾ ਭਾ ਆ ਜਾਣਾ ਹੈ, ਸਹਿਜ ਅਨੰਦ ਨੇ ਅੰਦਰ ਟਿਕ ਜਾਣਾ ਹੈ। ਇਹ ਕਹਿਕੇ ਸ੍ਰੀ ਗੁਰੂ ਬਾਬਾ ਜੀ ਦੇ ਨੈਣ ਜੁੜ ਗਏ ਤੇ ਆਪ ਦੇ ਜੁੜਦੇ ਜਾਂਦੇ ਨੈਣਾਂ ਦੇ ਨਾਲ 'ਹਰਣੀ ਹੋਵਾ' ਪਦ ਨਿਕਲਿਆ। ਮਰਦਾਨੇ ਨੇ ਰਮਜ਼ ਸਮਝ ਲਈ ਤੇ ਗਉੜੀ ਬੈਰਾਗਣ ਦੇ ਵੈਰਾਗ ਮਈ ਪਰ ਰਸ ਭਰੇ ਸੰਗੀਤ ਵਿਚ ਰਬਾਬ ਦੀਆਂ ਮਿੱਠੀਆਂ ਸੁਰਾਂ ਨਾਲ ਗਾਂਵਿਆਂ :-

ਗਉੜੀ ਬੈਰਾਗਣਿ ਮਹਲਾ ੧ ॥
ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥ ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥ ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥੩॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥

ਦੇਵ ਗਿਰ ਨੂੰ ਸੋਝੀ ਆ ਗਈ, ਹੁਣ ਉਸ ਦੀ ਬ੍ਰਿਤੀ ਵਿਚ ਵਾਹਿਗੁਰੂ ਦੇ ਨਾਮ ਦਾ ਨਿਵਾਸ ਹੋ ਗਿਆ, ਅੱਠ ਪਹਿਰ ਇਕ ਲਿਵ ਦਾ ਰੌ ਟੁਰ ਪਿਆ। ਅਗੇ ਤਾਂ ਆਪਣੇ ਖਿਆਲ ਵਿਚ ਗਿਆਨਵਾਨ ਸੀ, ਪਰ ਗਿਆਨ ਹੋ ਕੇ ਬੀ ਫੁਰਨਿਆਂ ਵਿਚ ਰਹਿੰਦਾ ਸੀ। ਕਥਾ ਵਾਰਤਾ, ਚਰਚਾ ਵੀਚਾਰ, ਸੰਥਾ ਆਦਿ ਵੇਲੇ ਬ੍ਰਹਮ ਦੇ ਸੰਕਲਪ ਮਾਤ੍ਰ ਲੰਘਦੇ ਸਨ, ਪਰ ਹੁਣ ਸਾਂਈਂ ਦੀ ਹੋਂਦ ਇਕ ਰਸਮਯ ਯਾਦ ਲਗਾਤਾਰੀ ਹੋ ਹੋ ਕੇ ਅੰਦਰ ਵਸ ਗਈ। ਮਨ, ਜੋ ਫੁਰਨਿਆਂ ਵਿਚ ਖਿੰਡਦਾ ਤੇ ਨਿਤਾਣਾ ਹੁੰਦਾ ਸੀ, ਇਕ ਨੂੰ ਚੇਤ ਕੇ ਤਾਣ ਤੇ ਸੁਖ ਵਿਚ ਆ ਗਿਆ[1] ।

ਦੇਵ ਗਿਰ ਨੇ ਬਹੁਤ ਦਿਨ ਸਤਿਗੁਰ ਜੀ ਨੂੰ ਪਿਆਰ ਨਾਲ ਪਾਸ ਰੱਖਿਆ, ਉਹਨਾਂ ਦੇ ਦੇਵ ਪ੍ਰਭਾਵ ਦਾ ਉਨ੍ਹਾਂ ਦੇ ਰੱਬੀ ਗਿਆਨ ਦਾ, ਉਨ੍ਹਾਂ ਦੇ ਪਰਮਾਤਮ ਪ੍ਰੇਮ ਦਾ ਰਸ ਮਾਣਿਆ ਤੇ 'ਕੀਰਤਨ ਨਿਰਮੋਲਕ ਹੀਰਾ' ਸੁਣ ਸੁਣ ਕੇ ਆਪਣੇ ਆਪ ਦਾ ਮੁੱਲ ਵਧਾਇਆ[2]।

---

[1] ਚੇਤਹਿ ਏਕੁ ਤਹੀ ਸੁਖੁ ਹੋਇ ॥ (ਦਖਣੀ ਓਅੰਕਾਰ)

[2] ਇਸ ਦੇਵ ਗਿਰ ਤੋਂ ਤੀਜੀ ਪੀੜ੍ਹੀ ਦੇ ਮਹੰਤ, ਸ੍ਰੀ ਗੁਰੂ ਹਰਿਰਾਇ ਜੀ ਦੀ ਸ਼ਰਨ ਪ੍ਰਾਪਤ ਹੋਏ ਤੇ ਆਪਣੇ ਅਸ਼ਾਂਤ ਮਨ ਨੂੰ ਸੁਖੀ ਕਰਕੇ ਸਿਖ ਬਣੇ। ਇਹ ਸੰਤ ਜੀ ਤਿਆਗੀ ਹੋ ਕੇ ਸਾਧੂ ਬਣਕੇ ਸਾਧੂ ਵੇਸ ਵਿਚ ਵਿਚਰੇ ਤੇ ਗੁਰੂ ਜੀ ਦੇ ਵਰ ਨਾਲ ਇੰਨੇ ਵਡੇ ਉਪਕਾਰੀ ਹੋਏ ਕਿ ਲੱਖਾਂ ਨਾਨਕ ਪੰਥੀ ਆਪ ਨੇ ਬਣਾਏ ਤੇ ਪੂਰਬ ਵਿਚ ਤ੍ਰੈ ਚਾਰ ਸੌ ਗੁਰ ਧਾਮ ਬਣਾਏ। ਆਪ ਦਾ ਨਾਮ ਸਤਵੇਂ ਪਾਤਸ਼ਾਹ ਜੀ ਨੇ 'ਭਗਤ ਭਗਵਾਨ' ਰਖਿਆ ਸੀ। ਇਨ੍ਹਾਂ ਡੇਰਿਆਂ ਦੇ ਸੰਤ 'ਭਗਤ ਭਗਵਾਨ ਕੇ' ਕਹਾਉਂਦੇ ਹਨ ਜੋ ਉਦਾਸੀ ਸੰਤ ਹਨ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਆਪ ਦਾ ਪ੍ਰਸੰਗ ਹੈ।

# ੨੪. ਰਾਜੌਲੀ [1]।

ਗਯਾ ਦੇ ਇਲਾਕੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਕਈ ਥਾਂਈਂ ਟਿਕੇ ਹਨ ਤੇ ਜਗਤ ਦਾ ਉਧਾਰ ਕੀਤਾ ਹੈ, ਜਿਸ ਦੇ ਨਿਸ਼ਾਨ ਅਜੇ ਤਕ ਕਿਤੇ ਕਿਤੇ ਮਿਲਦੇ ਹਨ। ਇਨ੍ਹਾਂ ਟਿਕਾਣਿਆਂ ਵਿਚੋਂ ਇਕ ਥਾਂਉਂ ਰਾਜੌਲੀ ਹੈ, ਇਥੇ ਇਕ ਕੱਲ੍ਹਣ ਸ਼ਾਹ ਨਾਮੇ ਫਕੀਰ ਤਪ ਕਰ ਰਿਹਾ ਸੀ[2]। ਅੱਠੇ ਪਹਿਰ ਧੂਣੀ ਧੁਖਦੀ ਰਹਿੰਦੀ ਸੀ ਤੇ ਆਪ ਬੈਠੇ ਤਪਸਯਾ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜਗਤ ਯਾਤ੍ਰਾ ਵਿਚ ਜਿੱਥੇ ਲੋਕਾਂ ਨੂੰ ਰੱਬ ਦੇ ਰਸਤੇ ਲਾਉਂਦੇ ਸਨ, ਓਥੇ ਅਟਕਿਆਂ ਨੂੰ ਸਹਾਰਾ ਦੇ ਅੱਗੇ ਕਰਦੇ ਸਨ ਤੇ ਭੁੱਲਿਆਂ ਨੂੰ ਰਾਹੇ ਪਾਉਂਦੇ ਸਨ। ਜਿਨ੍ਹਾਂ ਦੀ ਨਰਦ ਪੁੱਗਣ ਦੇ ਨੇੜੇ ਆ ਅਟਕੇ ਉਹਨਾਂ ਨੂੰ ਸਿਰੇ ਚਾੜ੍ਹਦੇ ਸਨ। ਕੱਲ੍ਹਣ ਸ਼ਾਹ ਬੀ ਚਿਰਾਂ ਦੇ ਤਪ ਕਰ ਰਹੇ ਸਨ। ਜਦ ਗੁਰੂ ਜੀ ਓਥੇ ਜਾ ਟਿਕੇ ਤਾਂ ਕੀਰਤਨ ਦੀ ਗੱਲ ਬਾਤ ਇਨ੍ਹਾਂ ਦੇ ਕੰਨੀ ਪਾਈ ਤੇ ਇਨ੍ਹਾਂ ਨੇ ਜਾ ਲੁਕ ਛਿਪਕੇ ਕੀਰਤਨ ਸੁਣਿਆ। ਇਸ ਕੀਰਤਨ ਤੇ ਹੋ ਰਹੇ ਸ਼ਬਦਾਂ ਦੇ ਭਾਵ ਨੇ ਮੋਹਿਤ ਕਰ ਲਿਆ। ਫੇਰ ਤਾਂ ਸ਼ੰਕ ਨਿਵਾਰਕੇ ਸਤਿਗੁਰ ਜੀ ਨੂੰ ਮਿਲ ਪਏ ਤੇ ਦਿਲ ਦੇ ਦੁਖ ਸੁਖ ਕਹਿ ਸੁਣਾਏ। ਸਤਿਗੁਰੂ ਜੀ ਨੇ ਮਿਹਰ ਕੀਤੀ, ਜਿਥੇ ਅਟਕੇ ਖਲੇ ਸਨ ਓਥੋਂ 'ਨਾਮ ਮਹਾਂਰਸ' ਦੀ ਦਾਤ ਬਖਸ਼ਕੇ ਸੁੱਚੇ ਗਿਆਨ ਵਿਚ ਆਰੂੜ ਕਰ ਦਿੱਤਾ ਤੇ ਆਪ ਰਮਤੇ ਰਹੇ। ਤਦ ਤੋਂ ਓਥੇ ਦੋ ਅਸਥਾਨ ਚਲੇ ਆਉਂਦੇ ਹਨ ; ਇਕ ਤਾਂ ਛੋਟੀ ਸੰਗਤ ਸਦਾਉਂਦਾ ਹੈ, ਜਿਥੇ ਏਸ ਫਕੀਰ ਦੀ ਧੂਣੀ ਹੁਣ ਤਕ ਚਲੀ ਆਉਂਦੀ ਹੈ। ਦੂਜਾ ਉਹ ਅਸਥਾਨ ਹੈ ਜਿਥੇ ਸ੍ਰੀ ਗੁਰੂ ਜੀ ਟਿਕੇ ਸਨ ਤੇ ਕੱਲ੍ਹਣ ਸ਼ਾਹ ਸ਼ਰਨ ਆਇਆ ਸੀ, ਇਸ ਨੂੰ ਵੱਡੀ ਸੰਗਤ ਆਖਦੇ ਹਨ। ਪਹਿਲੀ ਦਾ ਮੁਜਾਵਰ ਮੁਸਲਮਾਨ ਹੈ ਤੇ ਦੂਜੀ ਦਾ ਉਦਾਸੀ ਸੰਤ ਹੈ[3]।

---

[1] ਇਹ ਪ੍ਰਸੰਗ ਗੁ: ਪੁ: ਪੁੰਨਮ ਸੰ: ਗੁ: ਨਾ: ਸਾ: ੪੬੯ (੧੯੩੭ ਈ:) ਨੂੰ ਖਾ: ਸਮਾ: ਵਿਖੇ ਪ੍ਰਕਾਸ਼ਿਆ ਸੀ।

[2] ਕਲ: ਚਮਤਕਾਰ।

[3] ਗਯਾ ਦੇ ਇਲਾਕੇ ਵਿਚ ਹੋਰ ਗੁਰ ਅਸਥਾਨ ਬੀ ਹਨ, ਖੋਜ ਭਾਲ ਤੇ ਪ੍ਰਚਾਰ ਦੀ ਲੋੜ ਹੈ। ਇਨ੍ਹਾਂ ਵਿਚੋਂ ਇਕ ਟਿਕਾਣਾ ਰਾਜੌਲੀ ਹੈ। ਰਾਜੌਲੀ ਗੁਰ ਅਸਥਾਨ ਦੇ ਹਾਲਾਤ ਬਾਬਤ ਅਸਾਂ ਸ: ਧਰਮ ਸਿੰਘ ਜੀ ਦਿੱਲੀ, ਜੋ ਪ੍ਰਸਿੱਧ ਪੰਥ ਸੇਵਕ ਹੋਏ ਹਨ, ਨੂੰ ਇਕ ਪੱਤ੍ਰ ਰਾਹੀਂ ਖੋਜ ਕਰਨ ਵਾਸਤੇ ਖੇਚਲ ਦਿਤੀ ਸੀ !ਉਨ੍ਹਾਂ ਨੇ ਜੋ ਹਾਲਾਤ ਆਪਣੇ ਸਪੁਤ੍ਰ ਦੀ ਮਾਰਫਤ ਪਤਾ ਕਰਕੇ ਲਿਖੇ ਸਨ ਸੋ ਹੇਠਾਂ ਦੇਂਦੇ ਹਾਂ ਤਾਂ ਜੋ ਪੰਥ ਵਿਚ ਖੋਜ ਦਾ ਸ਼ੌਕ ਵਧਣ ਤੇ ਕੋਈ ਪ੍ਰੇਮੀ ਇਧਰ ਦਾ ਦੌਰਾ ਕਰਕੇ ਹੋਰ ਹਾਲਾਤ ਲੱਭਣ ਤੇ ਫੇਰ ਸਿਖੀ ਦਾ ਪ੍ਰਚਾਰ ਹੋਵੇ। ਹਾਲਾਤ ਇਸ ਪ੍ਰਕਾਰ ਹਨ :-

ਇਕ ਗੁਰਦੁਵਾਰਾ ਕਸਬਾ ਰਾਜੌਲੀ ਖਾਸ ਸ਼ਹਿਰ ਦੇ ਵਿਚਕਾਰ ਹੈ, ਰਾਜੌਲੀ ਇਕ ਤਕੜਾ ਕਸਬਾ ਹੈ, ਜ਼ਿਲਾ 'ਗਯਾ ਜੀ' ਹੈ। ਰਾਜੌਲੀ ਪੁਜਣ ਵਾਸਤੇ ਈ. ਆਈ. ਰੇਲਵੇ ਦੀ (Grand chord line) ਤੇ ਗਯਾ ਤੇ ਹਜ਼ਾਰੀ ਬਾਗ ਰੋਡ ਦੇ ਵਿਚਕਾਰ (Gajhandi) ਸਟੇਸ਼ਨ ਤੋਂ ਇਹ ਕਸਬਾ ੧੦ ਮੀਲ ਦੇ ਕਰੀਬ ਹੈ। ਅਸਵਾਰੀ ਪਹਿਲਾਂ ਬੰਦੋਬਸਤ ਕਰਨ ਨਾਲ ਬੈਲ ਗੱਡੀ ਮਿਲ ਸਕਦੀ ਹੈ, ਰਸਤਾ ਕੱਚਾ ਤੇ ਪਹਾੜੀ ਹੈ, ਨਜ਼ਾਰਾ ਚੰਗਾ ਹੈ।

ਰਾਜੌਲੀ ਵਿਚ ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਗਯਾ ਤੋਂ ਅਗੇਰੇ ਵਲ ਜਾਂਦੇ ਹੋਏ ਠਹਿਰੇ ਹਨ। ਉਸ ਸਮੇਂ ਰਾਜੌਲੀ ਵਿਚ ਇਕ ਅਸਥਾਨ ਤੇ ਇਕ ਮੁਸਲਮਾਨ ਫਕੀਰ 'ਕੱਲ੍ਹਣ ਸ਼ਾਹ' ਜੋ ਪਿਛੋਂ 'ਬਾਬਾ ਕੱਲ੍ਹਣ ਸ਼ਾਹ ਫਕੀਰ' ਕਰਕੇ ਪ੍ਰਸਿੱਧ ਹੋਇਆ, ਬੈਠਾ ਤਪ ਕਰ ਰਿਹਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਨੂੰ ਉਪਦੇਸ਼ ਦੇ ਕੇ ਗਿਆਨ ਬਖਸ਼ਿਆ। ਰਾਜੌਲੀ ਵਿਚ ਉਸ ਸਮੇਂ ਤੋਂ ਦੋ ਗੱਦੀਆਂ ਚਲੀਆਂ ਆ ਰਹੀਆਂ ਹਨ। ਜਿਥੇ ਬਾਬਾ ਕੱਲ੍ਹਣ ਸ਼ਾਹ ਬੈਠਾ ਸੀ ਉਥੇ ਇਕ ਸੁੰਦਰ ਅਸਥਾਨ ਬਣਿਆ ਹੋਇਆ ਹੈ, ਜੋ 'ਛੋਟੀ ਸੰਗਤ' ਦੇ ਨਾਮ ਨਾਲ ਪ੍ਰਸਿਧ ਹੈ। ਜਿਥੇ ਗੁਰੂ ਜੀ ਬੈਠੇ ਸਨ, ਉਸ ਥਾਂ ਤੇ ਬੀ ਇਕ ਭਾਰੀ ਇਮਾਰਤ ਖੜੀ ਹੈ, ਇਸ ਨੂੰ 'ਵੱਡੀ ਸੰਗਤ' ਆਖਦੇ ਹਨ।

(ਬਾਕੀ ਦੇਖੋ ਅਗਲੇ ਪੰਨੇ ੧੯੨ ਪਰ)

{੧੯੧ ਪੰਨਾ ਦੀ ਟੂਕ ਦੀ ਬਾਕੀ}

ਛੋਟੀ ਸੰਗਤ-ਇਥੋਂ ਦਾ ਮਹੰਤ ਸਦਾ ਮੁਸਲਮਾਨ ਹੁੰਦਾ ਚਲਾ ਆਇਆ ਹੈ, ਇਸ ਨੂੰ ਲੋਕੀਂ 'ਸ਼ਾਹ ਸਾਹਿਬ' ਕਰਕੇ ਸੱਦਦੇ ਹਨ। ਪਿਛਲੇ ਕਿਸੇ ਮਹੰਤ ਨੇ ਸ਼ਾਦੀ ਕਦੇ ਨਹੀਂ ਸੀ ਕੀਤੀ ਤੇ ਸਿਰ ਤੇ ਜਟਾਂ ਰਖਦੇ ਸਨ, ਪਰ ਮੌਜੂਦਾ ਮਹੰਤ ਨੇ, ਜੋ ਪਿਛਲੇ ਮਹੰਤ ਦਾ ਚੇਲਾ ਹੈ, ਤੇ ਗੁਜਰਾਂ ਵਾਲੇ (ਪੰਜਾਬ) ਦਾ ਰਹਿਣ ਵਾਲਾ ਹੈ, ਨੇ ਗੱਦੀ ਲੈਣ ਤੋਂ ਕੋਈ ਦਸ ਬਾਰਾਂ ਸਾਲ ਤੋਂ ਮਗਰੋਂ ਸਾਦੀ ਬੀ ਕਰਾ ਲਈ ਹੈ ਤੇ ਜਟਾਂ ਬੀ ਕਟਵਾ ਦਿੱਤੀਆਂ ਹੋਈਆਂ ਹਨ। ਇਸ ਅਸਥਾਨ ਦੇ ਅੰਦਰ ਬਾਬੇ ਕੱਲ੍ਹਣ ਸ਼ਾਹ ਦੇ ਵਕਤ ਤੋਂ ਧੂਣੀ ਧੁਖਦੀ ਆ ਰਹੀ ਹੈ, ਜੋ ਕਦੇ ਬੁਝਣ ਨਹੀਂ ਦਿਤੀ ਜਾਂਦੀ। ਲੋਕੀ ਧੂਣੀ ਦੀ ਰਾਖ ਪ੍ਰੇਮ ਨਾਲ ਮਸਤਕ ਤੇ ਲਾਉਂਦੇ ਹਨ ਤੇ ਇਹੋ ਹੀ ਪ੍ਰਸ਼ਾਦ ਸਮਝੀ ਜਾਂਦੀ ਹੈ। 'ਛੋਟੀ ਸੰਗਤ' ਦੇ ਨਾਲ ਕਾਫੀ ਜਾਇਦਾਦ ਬੀ ਹੈ ਤੇ ਆਮਦਨ ਬੀ ਮਾਕੂਲ ਹੈ।

ਬੜੀ ਸੰਗਤ-ਇਹ ਇਕ ਤਕੜੀ ਇਮਾਰਤ ਹੈ, ਚੁਤਰਫੀ ਮਕਾਨ ਹਨ ਤੇ ਵਿਚਕਾਰ ਬਹੁਤ ਵਡਾ ਸਿਹਨ (ਵਿਹੜਾ) ਹੈ। ਇਸ ਸਿਹਨ ਦੇ ਵਿਚਕਾਰ ਪਾਲਕੀ ਦੀ ਸ਼ਕਲ ਦਾ ਛੋਟਾ ਜਿਹਾ ਇਕ ਕਮਰਾ ਬਣਿਆ ਹੋਇਆ ਹੈ, ਜਿਸ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਇਕ ਚਬੂਤਰੇ ਦੇ ਉਪਰ ਮੰਜੀ ਸਾਹਿਬ ਸਣੇ ਬਿਰਾਜਮਾਨ ਰਹਿੰਦੀ ਹੈ। ਅੰਦਰ ਕੰਧਾਂ ਉਪਰ ਸਿਖ ਗੁਰੂ ਸਾਹਿਬਾਂ ਦੀਆਂ ਦਸਤੀ ਬਣੀਆਂ ਹੋਈਆਂ ਤਸਵੀਰਾਂ ਲਗੀਆਂ ਹੋਈਆਂ ਹਨ। ਮਹੰਤ ਇਕ ਉਦਾਸੀ ਸਾਧੂ ਹੈ। ਗੁਰਦਵਾਰੇ ਦੇ ਨਾਲ ਇਕ ਲੱਖ ਦੀ ਜਾਗੀਰ ਹੈ।

ਲੋਕਾਂ ਨੂੰ ਸਰਧਾ ਬੁਹਤ ਹੈ। ਸ਼ਹਿਰ ਵਿਚ ਜਦ ਕੋਈ ਵਿਆਹ ਸ਼ਾਦੀ ਹੁੰਦੀ ਹੈ ਤਾਂ ਇਹ ਰਸਮ ਹੈ ਕਿ ਲਾੜਾ ਤੇ ਵਹੁਟੀ ਦੋਨੋਂ ਹੀ ਵਾਜੇ ਤੇ ਬਰਾਦਰੀ ਦੇ ਨਾਲ ਪਹਿਲੇ ਛੋਟੀ ਸੰਗਤ ਆਉਂਦੇ ਹਨ ਤੇ ਓਥੇ ਬਕਰਾ ਚੜ੍ਹਾਉਂਦੇ ਹਨ। ਲਾੜੇ ਵਹੁਟੀ ਨੂੰ ਧੂਣੀ ਦੀ ਰਾਖ, ਪਤਾਸੇ ਤੇ ਫੂਲੀਆਂ ਦਾ ਪ੍ਰਸ਼ਾਦ ਮਿਲਦਾ ਹੈ। ਫੇਰ ਲਾੜਾ ਵਹੁਟੀ ਦੋਵੇਂ ਬੜੀ ਸੰਗਤ ਵਿਚ ਆਉਂਦੇ ਹਨ। ਓਥੇ ਘਟੋ ਘਟ ੧ ।) (ਇਸ ਤੋਂ ਵੱਧ ਮਰਜ਼ੀ ਅਨੁਸਾਰ) ਚੜ੍ਹਾਵਾ ਦੇਕੇ ਪ੍ਰਸ਼ਾਦ ਲੈਂਦੇ ਹਨ ਤੇ ਮੱਥਾ ਟੇਕਦੇ ਹਨ। ਕੱਤਕ ਪੂਰਨਮਾਸ਼ੀ ਨੂੰ ਇਥੇ ਮੇਲਾ ਜੁੜਦਾ ਹੈ ਤੇ ਦੂਰੋਂ ਦੂਰੋਂ ਲੋਕੀਂ ਆਉਂਦੇ ਹਨ।

ਨਾ-ਮਿਲਵਰਤਨ ਦੇ ਦਿਨਾਂ ਵਾਲੀ ਮੂਵਮੈਂਟ ਦੇ ਦਿਨਾਂ ਵਿਚ ਲੋਕਲ ਸੇਵਾ ਸੰਮਤੀ ਦੇ ਵਾਲੰਟੀਅਰਾਂ ਨੇ ਮਹੰਤ ਨੂੰ ਕੱਢਕੇ ਵਡੀ ਸੰਗਤ ਗੁਰਦਵਾਰੇ ਤੇ ਕਬਜ਼ਾ ਕਰ ਲਿਆ ਸੀ ਤੇ ਦੋ ਚਾਰ ਵਾਰ 'ਹਜ਼ਾਰੀ ਬਾਗ' 'ਗਿਰਢੀ' ਆਦਿਕ ਦੇ ਸਿਖਾਂ ਪਾਸ ਓਹ ਆਏ ਸਨ ਕਿ ਤੁਸੀਂ ਅਕਾਲੀ ਜੱਥਾ ਭੇਜਕੇ ਗੁਰਦਵਾਰਾ ਸੰਭਾਲ ਲਵੋ, ਪਰ ਕਿਸੇ ਨੇ ਉਸ ਸਮੇਂ ਖਿਆਲ ਨਾ ਕੀਤਾ। ਇਹ ਮੂਵਮੈਂਟ ਢਿੱਲੀ ਹੋ ਜਾਣ ਦੇ ਮਗਰੋ ਫੇਰ ਮਹੰਤ ਨੇ ਕਬਜ਼ਾ ਕਰ ਲਿਆ। ਇਸ ਪਾਸੇ 'ਮੁਹਰੀ' ਇਕ ਜਾਤ ਹੈ ਜੋ ਹਿੰਦੂਆਂ ਵਿਚੋਂ ਹੈ ਤੇ ਆਮ ਕਰਕੇ ਬਾਣੀਆਂ ਦਾ ਪੇਸ਼ਾ ਹੀ ਉਹ ਕਰਦੇ ਹਨ। ਉਹਨਾਂ ਵਿਚ ਪਹਿਲੋਂ ਸਿਖੀ ਦਾ ਪ੍ਰਚਾਰ ਬਹੁਤ ਸੀ ਤੇ ਓਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਖ ਸਨ। ਪਰੰਤੂ ਸਦੀਆਂ ਦੀ ਪ੍ਰਚਾਰ ਦੀ ਥੁੜ ਕਰਕੇ ਹੁਣ ਓਹ ਸਭ ਕੁਛ ਭੁੱਲ ਚੁਕੇ ਹਨ, ਕੇਵਲ ਗੁਰੂ ਜੀ ਦਾ ਨਾਮ ਉਹਨਾਂ ਨੂੰ ਯਾਦ ਹੈ।

ਰਾਜੌਰੀ ਤੋਂ ਪੰਜ ਕੋਹ ਪਰੇ ਇਕ ਗੁਰਦਵਾਰਾ ਹੈ ਜੋ ਅਕਬਰ ਪੁਰ ਕਸਬੇ ਵਿਚ ਹੈ। ਮਹੰਤ ਉਦਾਸੀ ਹੈ ਤੇ ਇਸ ਨਾਲ ਦੋ ਲਖ ਸਾਲਾਨਾ ਦੀ ਜਾਗੀਰ ਦੱਸੀ ਜਾਂਦੀ ਹੈ।

'ਪਟਨੇ' ਤੋਂ 'ਰਾਚੀਂ' ਤਕ ਸਿੱਧੀ ਸੜਕ ਬਣ ਰਹੀ ਹੈ ਜੋ ਖਾਸ ਰਾਜੌਰੀ ਵਿਚ ਦੀ ਲੰਘੇਗੀ।

ਇਸ ਇਲਾਕੇ ਵਿਚ ਹੋਰ ਭੀ ਅਨੇਕਾਂ ਗੁਰੂ ਅਸਥਾਨ ਹਨ ਜੋ ਖੋਜ ਕਰਨ ਤੇ ਪਤਾ ਲੱਗ ਸਕਦੇ ਹਨ।

# ੨੫. ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ[1]।

੧.

"ਜ਼ਰਾ ਤਕੋ ਨਾ ਕਿਹੀਆਂ ਕਾਲੀਆਂ ਘਟਾਂ ਚੜ੍ਹ ਆਈਆਂ ਹਨ। ਨੀਲੇ ਨੀਲੇ ਅਕਾਸ਼ ਤੇ ਉਮਡ ਆ ਰਹੇ ਬੱਦਲ ਕਿਹੇ ਸੁਹਾਵਣੇ ਲਗ ਰਹੇ ਹਨ। ਹਵਾ ਬੀ ਠੰਡੀ ਝੁੱਲ ਪਈ ਹੈ, ਜਿਸ ਨੇ ਸਾਰੀ ਤਪਤ ਪੀ ਲਈ ਹੈ। ਆਈ ਜੀ ਹੁਣ ਬਰਸਾਤ ਆਈ, (ਖੰਘੂਰਾ ਭਰਕੇ) ਪਾਤਸ਼ਾਹ ! ਚੁਮਾਸਾ ਚਲ ਰਿਹਾ ਹੈ, ਇਸ ਰੁੱਤੇ ਤਾਂ ਨਹੀਂ ਫਿਰੀ ਟੁਰੀਦਾ, ਕਿਤੇ ਟਿਕਾਣਾ ਕਰਕੇ ਬਹਿ ਜਾਈਦਾ ਹੈ। ਪੈਂਡੇ ਦੀ ਥਕੌਟ ਬਹੁਤ ਪੈਂਦੀ ਹੈ, ਜੀ ਹੁੱਸਦਾ ਹੈ, ਥਾਂ ਥਾਂ ਦੇ ਪਾਣੀ-ਕਿਤੇ ਕੱਚੇ, ਕਿਤੇ ਮੈਲੇ, ਕਿਤੇ ਥੱਵੇ ਕਿਤੇ ਬੇਥੱਵੇ-ਛੇਤੀ ਛੇਤੀ ਵਟਾਉਂਦਿਆਂ ਬੰਦਾ ਨਰੋਆ ਬੀ ਨਹੀਂ ਰਹਿੰਦਾ। ਉੱਞ ਬੀ ਰੁਤ ਕੱਚੀ ਪੱਕੀ ਹੋ ਜਾਂਦੀ ਹੈ, ਕਦੇ ਰਾਤਾਂ ਨੂੰ ਤ੍ਰੇਲ, ਕਦੇ ਮੀਂਹ, ਕਦੇ ਸੋਕਾ, ਹੁੱਸੜ, ਚੀਹੋਵਟੂ, ਕਦੇ ਠੰਢੀ ਨਿੱਕੀ ਹਵਾ, ਕਦੇ ਗੜਗੱਜ ਤੇ ਬੁੱਲੇ। ਸੱਪ ਸਲੂੰਗੜੇ ਹੁਨਾਲੇ ਬਥੇਰੇ ਪਰ ਅੱਜ ਕਲ ਤਾਂ ਹਨੇਰ ਆਇਆ ਹੋਇਆ ਨੇ, ਤਪਾਲੀਆਂ ਸਪਾਲੀਆਂ ਦੇ ਬੀ ਏਹੋ ਦਿਨ ਹੁੰਦੇ ਹਨ। ਜੀਓ ਲਖ ਸੈ ਵਰਿਹਾਂ ਮੇਰੇ ਸੋਹਣੇ ਸੁਲਤਾਨ ਜੀ ! ਪਰ ਤੱਕੋ ਨਾ ਅਰਾਮ ਤੇ ਟਿਕਾਉ ਦੇ ਦਿਨ ਹਨ। ਆਓ ਕਿਤੇ ਠਹਿਰ ਜਾਈਏ, ਡੇਰਾ ਕਰੀਏ, ਇਹ ਚੁਮਾਸੇ ਦੇ ਦਿਹਾੜੇ ਥਹੁ ਥਿੱਤਾ ਲਾਕੇ ਇਕ ਜਾਗਾ ਬੈਠਕੇ ਸਾਂਈਂ ਦੇ ਗੁਣ ਗਾਵੀਏ। ਤੁਸਾਂ ਨੂੰ ਤਾਂ ਆਪਣੀ ਕੋਈ ਪਰਵਾਹ ਨਹੀਂ, ਪਰ ਪਿਆਰ ਵਾਲਿਆਂ ਤੋਂ ਸਹਿ ਘੱਟ ਹੁੰਦਾ ਹੈ। ਨਾਲੇ ਮੈਂ ਛੇਤੀ ਅਕੁਲਾਉਂਦਾ ਹਾਂ। ਮੇਰੇ ਕਾਣ ਹੀ ਚਾਰ ਦਿਨ ਟਿਕ ਚਲੋ ਕਿਧਰੇ।"

ਇਹ ਪਿਆਰ ਦੀ-ਆਪ ਦੇ ਸਰੀਰ ਨਾਲ ਦਿਲੀ ਮਰਮੀ ਤੇ ਦਰਦ ਭਰੀ ਹੁੱਬ ਦੀ-ਗਲ ਬਾਤ ਸੁਣਕੇ ਰੋਗੀਆਂ ਨੂੰ ਅਰੋਗ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਬੋਲੇ-ਮਰਦਾਨਿਆਂ ! ਸੱਚ ਪਿਆ ਆਹਨਾਂ ਏਂ, ਠੀਕ ਹੈ, ਚੁਮਾਸੇ ਦੀ ਰੁਤ ਇਵੇਂ ਹੀ ਹੁੰਦੀ ਹੈ, ਪਰ ਸੱਜਣਾਂ ਵੇਖ ਚਾਕਰੀਆਂ ਜਿਨ੍ਹਾਂ ਸਿਰ ਚਾਈਆਂ ਉਨ੍ਹਾਂ ਨੂੰ ਏਸ ਰੁਤੇ ਬੀ ਅਰਾਮ ਕਿੱਥੇ ? ਹਲਕਾਰੇ ਚਿੱਠੀਆਂ ਸੁਨੇਹੇ ਲੈਕੇ ਦੇਖ ! ਅਜ ਕਲ ਬੀ ਭੱਜੇ ਫਿਰਦੇ ਹਨ। ਔਹ ਵੇਖ ਸਾਡੇ ਕੋਲ ਦੀ ਇਕ ਲੰਘਕੇ ਗਿਆ ਹੈ, ਕਿਵੇਂ ਭੱਜਾ ਜਾਂਦਾ ਹੈ : ਸਾਹਿਬ ਦੀ ਚਾਕਰੀ ਗਾਖੜੀ ਹੈ, ਜਿਉਂ ਤੋਰੇ ਤੁਰਨਾ, ਜਿਉਂ ਪ੍ਰੇਰੇ ਕਰਨਾ। ਮਾਲਕ ਕਿਸੇ ਕੰਮ ਲਈ ਪਿਆ ਲਈ ਜਾਂਦਾ ਹੈ।

ਮਰਦਾਨਾ-ਸੁਹਾਣ ਤੇਰੀ ਚਾਕਰੀ ਨੂੰ, ਸੁਹਾਣ ਤੇਰੇ ਸਾਹਿਬ ਨੂੰ, ਸੁਹਾਣ ਤੁਧੇ ਨੂੰ (ਹੱਸਕੇ) ਤੇ ਚੁਵਾਲ ਕੁ ਸੁਹਾਣ ਤੇਰੇ ਢਾਡੀ ਨੂੰ ਬੀ। ਪਾਤਸ਼ਾਹ ! ਤੇਰੇ ਤਨ ਤਾਣ ਹੈ ਅਰਸ਼ਾਂ ਦਾ, ਪਰ ਮੇਰੇ ਤਨ ਨਿਤਾਣਪਨ ਹੈ ਕੱਚੇ ਸ਼ੀਰ ਦਾ, ਜੋ ਮੈਂ ਲੋਕਾਂ ਨਾਲੋਂ ਬਹੁਤਾ ਪੀਤਾ ਹੈ। ਮੇਰੇ ਕਾਣ ਹੀ ਠਹਿਰ ਜਾਓ, ਮੇਰਾ ਜੀ ਇਸ ਰੁਤੇ ਟੁਰਨੋਂ ਹੁੱਸਦਾ ਹੈ, ਮੇਰੀ ਖ਼ਾਤਰ ਹੀ ਕਿਤੇ ਚਾਰ ਦਿਨ ਸਸਤਾ ਜਾਓ।

ਗੁਰੂ ਜੀ ਮਰਦਾਨੇ ਦੇ ਇਸ ਪਿਆਰ ਨੂੰ ਸਮਝਦੇ ਸਨ। ਜਦੋਂ ਗੁਰੂ ਜੀ ਆਪਣੇ ਤੇ ਸ੍ਰਮ ਲੈਂਦੇ ਸਨ ਤਾਂ ਮਰਦਾਨਾ ਅਪਣੇ ਥਕਾਨ ਜਾਂ ਭੁੱਖ ਜਾਂ ਕਿਸੇ ਹੋਰ ਲੋੜ ਦੀ ਸ਼ਰਮ ਕਰਕੇ ਚੁੱਪ ਨਹੀਂ ਸੀ ਹੁੰਦਾ ਸਗੋਂ ਬੋਲ ਤੇ ਦੱਸ ਦੱਸ ਤੇ ਆਪਣੀ ਖ਼ਾਤਰ ਵਾਸਤੇ ਪਾ ਪਾ ਕੇ ਉਨ੍ਹਾਂ ਨੂੰ ਆਰਾਮ ਵਿਚ ਟਿਕਾ ਲੈਂਦਾ ਸੀ। ਬਸੰਤ ਰੁਤ ਦੇ ਤੁਰੇ ਹੋਏ ਗੁਰੂ ਜੀ ਕਿਤੇ ਡੇਰਾ ਪਾ ਕੇ ਨਹੀਂ ਰਹੇ ਸਨ, ਕਿਤੇ ਦੋ ਕਿਤੇ ਚਾਰ ਦਿਨ ਠਹਿਰਦੇ 'ਸਤਿਨਾਮ' ਦਾ ਉਪਦੇਸ਼ ਦੇਂਦੇ ਅੱਗੇ ਹੀ ਅੱਗੇ ਜਾ ਰਹੇ ਸਨ ਤੇ ਹੁਣ ਬਰਸਾਤ ਲੱਗ ਰਹੀ ਸੀ। ਤ੍ਰੈ ਚਾਰ ਮਹੀਨੇ ਕੱਟਕੇ ਗਰਮੀ ਦਾ ਸਫਰ

[1] ਇਹ ਪ੍ਰਸੰਗ ਸੰ: ਗੁ: ਨਾ: ਸਾਹਿਬ ੪੬੧ ਮੱਘਰ ਦੀ ੨ (੧੬ ਨਵੰਬਰ ੧੯੨੯ ਈ:) ਨੂੰ ਸ੍ਰੀ ਗੁਰ ਪੁੰਨਮ ਪਰ ਲਿਖਿਆ ਤੇ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ। ਖਿਆਲ ਪੈਂਦਾ ਹੈ ਕਿ ਇਹ ਵਾਕਿਆ ਰਾਜੌਲੀ ਗਯਾ ਦੇ ਕਿਸੇ ਲਾਗਲੇ ਟਿਕਾਣੇ ਹੋਇਆ ਹੈ। ਵਿਸ਼ੇਸ਼ ਖੋਜ ਦੀ ਲੋੜ ਹੈ। ਇਹ ਸਾਖੀ ਪੁਰਾਤਨ ਜਨਮ ਸਾਖੀ ਵਿਚ ਹੈ ਪਰ ਥਾਂ ਦਾ ਪਤਾ ਨਹੀਂ ਦਿੱਤਾ ਹੋਇਆ, ਪਰ ਠੱਗਾਂ ਦੇ ਨਿਸਤਾਰੇ ਤੋਂ ਪਹਿਲੇ ਹੋਣ ਕਰਕੇ ਇਸੇ ਸਮੇਂ ਹੋਈ ਜਾਪਦੀ ਹੈ।

ਕੀਤਾ, ਉਪਦੇਸ਼ ਦਿੱਤੇ ਤੇ ਮੋਏ ਜੀਵਾਲੇ ਜੀਅਦਾਨ ਦੇ ਦੇ ਕੇ। ਹੁਣ ਮਰਦਾਨਾ ਚਾਹੁੰਦਾ ਸੀ ਕਿ ਮੇਰੇ ਸੁਹਣੇ ਮਾਲਕ ਜੀ ਚਾਰ ਦਿਨ ਆਰਾਮ ਕਰਨ। ਸਤਿਗੁਰੂ ਜੀ ਉਸ ਦੇ ਪਿਆਰ ਨੂੰ ਸਤਿਕਾਰ ਦੇਣ ਲਈ ਬੋਲੇ: "ਭਲਾ ਮਰਦਾਨਿਆਂ ! ਜਿਥੇ ਹੁਣ ਕੋਈ ਨਗਰੀ ਆਉਂਦੀ ਹੈ ਚੁਮਾਸੇ ਦੇ ਦਿਨ ਅਟਕ ਜਾਵਾਂਗੇ। "

੨.

**ਸਾਂਈਂ** ਦੀਆਂ ਮਿਹਰਾਂ ਨਾਲ ਇਕ ਉਚੇਰਾ ਥਲ, ਸੁਹਾਵਣਾਂ ਟਿਕਾਣਾ, ਚੰਗਾ ਗਿਰਾਉਂ ਆ ਗਿਆ, ਜਿਸ ਤੋਂ ਬਾਹਰ ਵਾਰ ਇਕ ਕੋਸ ਦੀ ਵਿੱਥ ਤੇ ਇਕ ਆਸਰਾ ਵੇਖ ਕੇ ਸਤਿਗੁਰਾਂ ਨੇ ਟਿਕਾਣਾ ਕਰ ਦਿੱਤਾ। ਮਰਦਾਨਾ ਖੁਸ਼ੀ ਹੋ ਗਿਆ ਕਿ ਨਿੱਤ ਦੇ ਪੈਂਡੇ ਮੁੱਕੇ, ਚਾਹੇ ਚੁਮਾਸੇ ਲਈ ਹੀ ਸਹੀ, ਮੇਰਾ ਮਾਲਕ, ਮੇਰਾ ਪਿਆਰਾ ਦਸ ਦਿਨ ਵੇਲੇ ਸਿਰ ਸਵੇਂਗਾ, ਵੇਲੇ ਸਿਰ ਅੰਨ ਪਾਏਗਾ, ਸੁਖੀ ਹੋਏਗਾ।

ਉਸ ਪਿੰਡ ਵਿਚ ਵੱਸੋਂ ਚੰਗੀ ਸੀ, ਮਾਨੋਂ ਛੋਟਾ ਜਿਹਾ ਕਸਬਾ ਸੀ। ਇਕ ਚੰਗਾ ਸਰਦੇ ਪੁਜਦੇ ਵਾਲਾ ਖੱਤਰੀ ਰਹਿੰਦਾ ਸੀ, ਜੋ ਪਰਮਾਰਥ ਦੀ ਲਗਨ ਵਾਲਾ ਸੀ। ਆਏ ਗਏ ਸਾਧੂ ਸੰਤ ਦੇ ਦਰਸ਼ਨ ਕਰਦਾ, ਸਰੇ ਤਾਂ ਪੂਜਾ ਸੇਵਾ ਬੀ ਕਰਦਾ। ਉਸ ਸੁਣਿਆ ਜੋ ਬਾਹਰ ਕੁਟੀਆ ਵਿਚ ਕੋਈ ਆ ਉਤਰੇ ਹਨ, ਜੋ ਡਾਢੇ ਹੀ ਪਿਆਰੇ ਲਗਦੇ ਹਨ, ਕੀਰਤਨ ਹੁੰਦਾ ਹੈ ਕਿ ਚਲਦੇ ਦਰਯਾ ਅਟਕ ਜਾਂਦੇ ਹਨ ਤਾਂ ਉਹ ਖੱਤ੍ਰੀ ਦਰਸ਼ਨ ਕਰਨ ਆਇਆ। ਕੀਰਤਨ ਹੋ ਰਿਹਾ ਸੀ, ਸ੍ਰੀ ਸਤਿਗੁਰੂ ਜੀ ਅਪਣੇ ਇਲਾਹੀ ਰੰਗਾਂ ਵਿਚ ਜੁੜੇ ਬੈਠੇ ਸਨ, ਮਿੱਠੀ ਮਿੱਠੀ ਹਵਾ ਵਗ ਰਹੀ ਸੀ, ਉਹ ਭੀ ਮੱਥਾ ਟੇਕ ਕੇ ਬਹਿ ਗਿਆ। ਬੈਠਦੇ ਦੇ ਨੈਣ ਰੰਗ ਭਰ ਆਏ, ਛੱਪਰ ਭਾਰੇ ਹੋ ਢੱਠੇ, ਰੰਗ ਲੱਗੇ ਨੈਣ ਬੰਦ ਹੋ ਗਏ, ਅੰਦਰ ਨੂੰ ਮੁੜੇ ਤੇ ਆਪ ਦੇ ਸੁਆਦ ਵਿਚ ਜੁੜੇ, ਪਤਾ ਨਹੀਂ ਰਿਹਾ ਕਿ ਸਮਾ ਕਿੱਥੇ ਲੰਘ ਗਿਆ ਹੈ। ਜਾਂ ਨੈਣ ਖੁੱਲ੍ਹੇ ਤਾਂ ਵੇਖੇ ਕਿ ਕਿੰਨੀਆਂ ਹੀ ਘੜੀਆਂ ਬੀਤ ਚੁਕੀਆਂ ਹਨ। ਹਾਂ, ਖੱਤਰੀ ਨੂੰ ਸੋਝੀ ਆਈ ਕਿ ਇਹ ਸਾਂਈਂ ਦਾ ਕੀਰਤਨ ਹੈ, ਜੋ ਕਾਲ ਨੂੰ ਬੀ ਜਿੱਤ ਲੈਂਦਾ ਹੈ-ਕਾਲ ਦਾ ਗਿਆਨ ਜਿਸ ਦੀ ਤਾਸੀਰ ਅੱਗੇ ਲੋਪ ਹੋ ਜਾਂਦਾ ਹੈ। ਹਾਂ, ਐਸਾ ਕੀਰਤਨ ਕਦੇ ਨਹੀਂ ਸੁਣਿਆਂ ਸੀ ਕਿ ਜੋ ਕਾਲ ਦੇ ਵੇਗ ਨੂੰ ਬੇਮਲੂਮਾ ਕਰਾ ਦੇਵੇ। ਐਸੇ ਦਰਸ਼ਨ ਕਦੇ ਨਹੀਂ ਪਾਏ ਸਨ ਕਿ ਮਨ ਮੋਰ ਵਾਂਗੂੰ ਪੈਲਾਂ ਪਾਉਂਦਾ ਪਿਆ ਪਰਕਰਮਾਂ ਕਰਦਾ ਹੈ, ਦੂਰ ਹੀ ਨਹੀਂ ਹੋਣਾ ਚਾਹੁੰਦਾ।

ਐਉਂ ਮੋਹਿਤ ਹੋਇਆ ਖੱਤ੍ਰੀ ਕੰਮਾਂ ਕਾਜਾਂ ਦੀਆਂ ਖਿੱਚਾਂ ਦੇ ਕਾਰਣ ਕੁਛ ਚਿਰ ਮਗਰੋਂ ਘਰ ਨੂੰ ਮੁੜਿਆ। ਫੇਰ ਫੇਰ ਆਵੇ, ਖੀਵਾ ਹੋਵੇ, ਰਸ ਮਾਣੇ ਤੇ ਦਿਨੋਂ ਦਿਨ ਖਿੱਚ ਵਧੇ ਸੁ। ਆਵੇ, ਸੇਵਾ ਕਰੇ, ਸੁਖ ਪਾਵੇ, ਤਾਂ ਇਕ ਦਿਨ ਐਤਨੀ ਖਿੱਚ ਵਧੀ ਕਿ ਚਿੱਤ ਨਾਲ ਨੇਮ ਕੀਤੋਸੁ ਕਿ ਨਿਤਪ੍ਰਤਿ ਦਰਸ਼ਨ ਲਈ ਆਉਣਾ ਹੈ ਤੇ ਨਾਗਾ ਕਦੇ ਨਹੀਂ ਪਾਉਣਾ ਤੇ ਜਿਸ ਦਿਨ ਨਾਗਾ ਪੈ ਜਾਵੇ ਜਲ ਪਾਣੀ ਕੁਛ ਵੀ ਅੰਗੀਕਾਰ ਨਹੀਂ ਕਰਨਾ[੧]।

੩.

ਨਿਤਾਪ੍ਰਤਿ ਆਵੇ ਖੱਤ੍ਰੀ ਸਤਿਸੰਗ ਕਰਨ, ਦਰਸ਼ਨ ਦਾ ਲਾਹਾ ਲੈਣ, ਸੇਵਾ ਕਰਨ। ਕਦੇ ਅੰਮ੍ਰਿਤ ਵੇਲੇ ਕੀਰਤਨ ਸੁਣੇ, ਕਦੇ ਸੰਝਾਂ ਨੂੰ ਸੋਦਰ ਦਾ ਕੀਰਤਨ ਸੁਣੇ। ਹਾਂ, ਪ੍ਰੇਮੀ ਹੋਇਆ ਅੰਨ ਪਾਣੀ ਦੀ ਸੇਵਾ ਬੀ ਕਰੇ, ਡੇਰੇ ਝਾੜੂ ਪਾਣੀ ਦਾ ਬੀ ਫਿਕਰ ਕਰੇ। ਓਸ ਦੇ ਰਸਤੇ ਵਿਚ ਇਕ ਹਟਵਾਣੀਏ ਦੀ ਹੱਟੀ ਸੀ, ਓਹ ਰੋਜ਼ ਵੇਖੇ ਕਿ ਇਹ ਖੱਤਰੀ ਬਿਨਾ ਨਾਗਾ ਪਾਏ ਦੇ ਰੋਜ਼ ਲੰਘਦਾ ਹੈ, ਹੋਵੇ ਨਾ ਤਾਂ ਪੁੱਛੀਏ ਜੋ ਇਹ ਕਿੱਧਰ ਜਾਂਦਾ ਹੈ। ਅੰਤ ਇਕ ਦਿਨ ਓਸ ਨੇ ਵਾਜ ਮਾਰ ਕੇ ਓਸ ਨੂੰ ਕੋਲ ਸੱਦਿਆ ਤੇ ਪੁੱਛਣਾ ਕੀਤਾ ਜੋ "ਭਾਈ ਜੀਵਨ ਤੇਰੇ, ਸੱਜਣਾਂ ! ਤੂੰ ਅੱਗੇ ਕਦੇ ਕਦਾਈਂ ਏਸ ਰਸਤੇ ਲੰਘਦਾ ਸੈਂ ਜਦੋਂ ਕਿ ਗਿਰਾਉਂ ਤੋਂ ਬਾਹਰ ਜਾਂਦਾ ਸੈਂ, ਹੁਣ ਰੋਜ਼ ਹੀ ਜਾਂਦਾ ਹੈਂ, ਤੁੱਧੇ ਨੂੰ ਕੇਹੀ ਲਗਨ ਲਗ ਪਈ ਹੈ ਜੋ ਰੋਜ਼ ਲੈ ਜਾਂਦੀ ਹੈ ਤੇ ਨਾਗਾ ਨਹੀਂ ਪੈਂਦਾ ?'

ਤਾਂ ਖੱਤਰੀ ਆਖਿਆ 'ਸੱਜਣ ਜੀਉ ! ਬਾਹਰ ਕੁਟੀਆ ਵਾਲੇ ਬਾਗ਼ ਵਿਚ ਕੋਈ ਮਹਾਂ ਜੋਤੀ ਵਾਲੇ ਪੁਰਖ ਆਇ ਉਤਰੇ ਹਨ, ਉਨ੍ਹਾਂ ਦਾ ਸਤਿਸੰਗ ਕਰਨ ਜਾਂਦਾ ਹਾਂ। ਉਹਨਾਂ ਦਾ ਦਰਸ਼ਨ ਬਹੁਤ ਪਿਆਰਾ ਹੈ ਸੋ ਨਿਤਾਪ੍ਰਤਿ ਕਰਨ ਦਾ ਚਸਕਾ ਪੈ ਗਿਆ ਹੈ।' ਤਦ ਹਟਵਾਣੀਏਂ ਆਖਿਆ : 'ਫੇਰ ਜੋ ਐਸੇ ਦਰ-

---

[੧] ਪੁ: ਜ: ਸਾਖੀ।

ਸ਼ਨ ਹੈਨ ਤਾਂ ਅਸਾਂ ਨੂੰ ਬੀ ਕਰਾਉ। " ਖੱਤਰੀ ਨੇ ਕਿਹਾ: "ਜਮ ਜਮ ਕਰੋ, ਆਓ ਮੇਰੇ ਨਾਲ, ਮੈਂ ਨਾਲ ਲੈ ਚਲਦਾ ਹਾਂ। " ਸੋ ਇਕ ਦਿਨ ਉਹ ਹਟਵਾਣੀਆਂ ਬੀ ਨਾਲ ਹੋ ਤੁਰਿਆ।

ਇਹ ਜੋ ਪਿੰਡ ਦੀ ਸੜਕ ਬਾਹਰ ਨੂੰ ਜਾਂਦੀ ਸੀ ਸੋ ਅਗੇ ਜਾਕੇ ਦੋ ਰਾਹਾਂ ਵਿਚ ਵੰਡੀ ਜਾਂਦੀ ਸੀ। ਇਕ ਤਾਂ ਸਿੱਧਾ ਕੁਟੀਆ ਨੂੰ ਜਾਂਦਾ ਸੀ ਅਤੇ ਦੂਸਰਾ ਇਕ ਹੋਰਸ ਪਿੰਡ ਨੂੰ ਜਾਂਦਾ ਸੀ। ਇਸ ਪਿੰਡ ਤੋਂ ਉਰੇ ਇਕ ਮਾੜਾ ਥਾਉਂ ਸੀ ਜਿੱਥੇ ਕੁਛ ਮੰਦੇ ਕਰਮਾਂ ਵਾਲੀਆਂ ਰਹਿੰਦੀਆਂ ਸਨ। ਜਾਂ ਇਹ ਦੋਵੇਂ ਜਣੇ ਉਸ ਟਿਕਾਣੇ ਕੋਲ ਅੱਪੜੇ ਕਿ ਜਿੱਥੇ ਸੜਕਾਂ ਪਾਟਦੀਆਂ ਸਨ, ਤਾਂ ਦੂਸਰੀ ਸੜਕ ਵੱਲੋਂ ਇਕ ਜ਼ਨਾਨੀ ਉਸ ਮੰਦੀ ਵਸਤੀ ਦੀ ਆ ਰਹੀ ਸੀ, ਜਿਸ ਦਾ ਰੰਗ ਰੂਪ ਹਟਵਾਣੀਏਂ ਦੇ ਮਨ ਨੂੰ ਮੋਹ ਗਿਆ। ਉਸਦਾ ਮਨ ਉਸ ਨੂੰ ਮਿਲਣ ਦੇ ਸੰਕਲਪ ਨਾਲ ਖਿੱਚ ਖਾ ਗਿਆ, ਪਰ ਲਾਜ ਦੇ ਕਾਰਨ ਉਹ ਖੱਤਰੀ ਦੇ ਨਾਲ ਟੁਰੀ ਗਿਆ। ਇਉਂ ਸਤਿਗੁਰ ਦੇ ਡੇਰੇ ਆ ਗਏ ਤੇ ਆ ਦਰਸ਼ਨ ਕੀਤੋ ਸੁ। ਦਰਸ਼ਨ ਕਰਕੇ ਠੰਢ ਤਾਂ ਪਈ, ਪਰ ਜੋ ਕੰਡਾ ਅੰਦਰ ਵਿਕਾਰ ਦਾ ਚੁਭ ਰਿਹਾ ਸੀ, ਓਸ ਉਸਦੇ ਮਨ ਨੂੰ ਟਿਕਣ ਨਾ ਦਿਤਾ। ਖੱਤਰੀ ਤਾਂ ਸੇਵਾ ਕਰਦਾ ਰਿਹਾ, ਪਰ ਉਹ ਹਟਵਾਣੀਆਂ ਮਨ ਵਿਚ ਪੁੜੇ ਕੰਡੇ ਦੇ ਕਾਰਨ ਕਦੇ ਦੁਖੀ ਕਦੇ ਦਰਸ਼ਨ ਕਰਕੇ ਕੁਛ ਮੋੜਾ ਖਾਂਦਾ ਦੁਚਿਤਾਈ ਵਿਚ ਰਿਹਾ। ਕੁਛ ਸਮਾਂ ਗੁਰੂ ਜੀ ਪਾਸ ਬੈਠਕੇ ਦੋਵੇਂ ਮੁੜ ਆਏ। ਹੁਣ ਇਹ ਕਾਰ ਬੱਝੀ ਕਿ ਓਸ ਹਟਵਾਣੀਏਂ ਨੇ ਓਸ ਮੰਦੀ ਵਸਤੀ ਵਿਚ ਜਾਣ ਦੀ ਬਾਣ ਪਾ ਲਈ। ਸੋਦਰ ਦੇ ਸਮੇਂ ਦੋਵੇਂ ਗਿਰਾਉਂ ਤੋਂ ਇਕੱਠੇ ਆਵਣ। ਜਿੱਥੋਂ ਸੜਕਾਂ ਵੱਖ ਹੁੰਦੀਆਂ ਸਨ, ਓਥੋਂ ਖੱਤ੍ਰੀ ਤਾਂ ਸਤਿਸੰਗ ਦੇ ਦਰ ਵਲ ਟੁਰ ਪਵੇ ਤੇ ਹਟਵਾਣੀਆਂ ਕੁਸੰਗ ਦੇ ਵੱਲ ਟੁਰ ਪਵੇ । ਖੱਤ੍ਰੀ ਨੇ ਅਪਣੀ ਵਲੋਂ ਕਈ ਵੇਰ ਸਮਝਾਯਾ ਕਿ ਤੂੰ ਮੇਰੇ ਨਾਲ ਟੁਰਿਆ ਸੈਂ ਸਤਿਸੰਗ ਵਾਸਤੇ ਤੇ ਟੁਰ ਜਾਨਾਂ ਹੈਂ ਕੁਸੰਗ ਨੂੰ, ਇਹ ਭਲੀ ਬਾਣ ਨਹੀਂ ਹੈ, ਇਸ ਤੇ ਜਿੱਤ ਪਾਉ, ਤਕੜਾ ਹੋ, ਆਪੇ ਤੇ ਬਿਜੈਮਾਨ ਹੋਕੇ ਭਲੇ ਪਾਸੇ ਲੱਗ, ਪਰ ਉਸਦੇ ਵਿਚਲੇ ਹੋਏ ਮਨ ਉਤੇ ਕੋਈ ਗਲ ਪੋਹੀ ਨਾ।

ਖੱਤਰੀ ਨੂੰ ਹੁਣ ਪ੍ਰੇਮ ਐਸਾ ਲੱਗਾ ਕਿ ਕਦੇ ਕਦੇ ਰਾਤ ਸੋਦਰ ਦਾ ਕੀਰਤਨ ਸੁਣਕੇ ਬੀ ਓਥੇ ਹੀ ਰਹੇ। ਪ੍ਰਸ਼ਾਦ ਉਸਦੇ ਘਰੋਂ ਉੱਥੇ ਅੱਪੜ ਜਾਵੇ, ਸੋਹਿਲੇ ਦਾ ਪਾਠ ਸੁਣਕੇ ਥੋੜਾ ਅਰਾਮ ਕਰੇ, ਅੰਮ੍ਰਿਤ ਵੇਲੇ ਕੀਰਤਨ ਸੁਣਕੇ ਘਰ ਮੁੜੇ। ਰੰਗ ਲਗਦਾ ਗਿਆ ਤੇ ਨਾਮ ਦਾ ਰਸ ਅੰਦਰ ਵੱਸਦਾ ਗਿਆ।

ਇਕ ਦਿਨ ਦੋਹਾਂ ਦੀ ਰਸਤੇ ਜਾਂਦਿਆਂ ਫੇਰ ਵਾਰਤਾ ਛਿੜ ਪਈ। ਖੱਤ੍ਰੀ ਉਸਨੂੰ ਸਤਿਸੰਗ ਦੇ ਭਲੇ ਮਾਰਗ ਦਾ ਉਪਦੇਸ਼ ਕਰੇ, ਪਰ ਉਹ ਹਟਵਾਣੀਆਂ ਕੁਸੰਗ ਦੇ ਛਿਨ ਭੰਗਰ ਰਸਾਂ ਦੀ-ਪਾਣੀ ਉੱਤੇ ਪਤਾਸੇ ਜਿੰਨੇ ਚਿਰ ਵਿਚ ਨਾਸ਼ ਹੋ ਜਾਣ ਵਾਲੇ ਸੁਆਦਾਂ ਦੀ-ਵਡਿਆਈ ਕਰੇ। ਛੇਕੜ ਹਟਵਾਣੀਏ ਨੇ ਹੱਸਕੇ ਆਖਿਆ : ਭਈ ਲੈ ਖਾਂ ਅੱਜ ਪਰਤਾਵਾ ਕਰੀਏ : ਤੂੰ ਚੱਲਿਆ ਹੈਂ ਸਤਿਸੰਗ ਨੂੰ ਤੇ ਮੈਂ ਚੱਲਿਆਂ ਹਾਂ ਕੁਸੰਗ ਨੂੰ, ਆਹ ਥਾਂ ਹੈ ਜਿੱਥੋਂ ਸੜਕਾਂ ਨਿੱਖੜਦੀਆਂ ਹਨ, ਔਹ ਸਾਹਮਣੇ ਵਡਾ ਬਿਰਛ ਏ ਪਿੱਪਲ ਦਾ। ਅੱਜ ਸਾਡੇ ਵਿਚੋਂ ਜਿਹੜਾ ਪਹਿਲੇ ਆਵੇ ਇਸ ਬ੍ਰਿਛ ਹੇਠ ਦੂਸਰੇ ਦੀ ਉਡੀਕ ਕਰੇ। ਕਿਉਂ ਜੋ ਅਸੀਂ ਆਂਵਦੇ ਤਾਂ ਕੱਠੇ ਹਾਂ, ਪਰ ਪਰਤਦੇ ਅੱਗੜ ਪਿੱਛੜ ਹਾਂ। ਅੱਜ ਅਸੀਂ ਇਥੇ ਕੱਠੇ ਹੋਕੇ ਆਪੋ ਵਿਚ ਵਿਚਾਰ ਕਰਾਂਗੇ ਕਿ ਤੂੰ ਕੀ ਲਾਹਾ ਲੈਕੇ ਆਉਂਦਾ ਹੈਂ ਤੇ ਮੈਂ ਕੀ ਲਾਹਾ ਲੈਕੇ ਆਉਂਦਾ ਹਾਂ। ਫੇਰ ਅਸੀਂ ਨਿਰਨੇ ਕਰਾਂਗੇ ਕਿ ਕਿਹੜਾ ਕੰਮ ਚੰਗਾ ਕਰਦਾ ਹੈ, ਕਿਹੜਾ ਰਾਹ ਗੁਣ ਵਾਲਾ ਹੈ ਤੇ ਕਿਹੜਾ ਔਗੁਣ ਵਾਲਾ ਹੈ। ਖੱਤ੍ਰੀ ਨੇ ਹਰਿਆਨ ਹੋਕੇ ਆਖਿਆ: ਭਲਾ ਹੋਵੇ ਇਵੇਂ ਸਹੀ, ਪਰ ਮੈਨੂੰ ਤਾਂ ਇਹ ਸੰਸਾ ਕਾਈ ਨਹੀਂ ਕਿ ਮੇਰੇ ਰਾਹ ਵਿਚ ਕੋਈ ਤੋਟਾ ਹੈ, ਮੇਰੇ ਰਾਹ ਵਿਚ ਤਾਂ ਲਾਹਾ ਹੀ ਲਾਹਾ ਹੈ। ਇਹ ਭੀ ਸਹਿੰਸਾ ਮੈਨੂੰ ਕੋਈ ਨਹੀਂ ਕਿ ਤੇਰਾ ਮਾਰ੍ਗ ਖੋਟਾ ਹੈ, ਉਸ ਰਾਹੇ ਜਦ ਕਦ ਹੈ ਤਾਂ ਤੋਟਾ ਹੈ, ਲਾਹਾ ਕਦੇ ਨਹੀਂ। ਤੋਟਾ ਹੈ ਸਰੀਰ ਦਾ, ਅਬਰੋ ਇੱਜ਼ਤ ਦਾ, ਤੋਟਾ ਧਨ ਦਾ, ਤੋਟਾ ਮਨ ਦਾ। ਹਟਵਾਣੀਏਂ ਆਖਿਆ :-ਚੱਲੋ ਜਿਵੇਂ ਸਮਝੋ ਉਵੇਂ ਸਹੀ ਪਰ ਅੱਜ ਪਰਤਾਵਾ ਕਰਨ ਵਿਚ ਤੇਰਾ ਕੀਹ ਵਿਚਲਦਾ ਹੈ, ਘੜੀ ਦੋ ਘੜੀ ਦੀ ਉਡੀਕ ਹੀ ਹੈ ਨਾ।

੪.

ਇਉਂ ਮਤਾ ਪਕਾਕੇ ਦੋਵੇਂ ਵਿਛੜ ਗਏ। ਸਿਖ ਤਾਂ ਗੁਰੂ ਦੇ ਦਰਬਾਰ ਪਹੁਤਾ। ਅੱਗੇ ਕੀਰਤਨ ਹੋ

ਰਿਹਾ ਸੀ, ਕੰਨੀ ਅਵਾਜ਼ ਪਈ ਸਾਂਈਂ ਜੀ ਦੀ ਸਿਫਤ ਸਲਾਹ ਦੀ, ਮਨ ਹਿੱਲਿਆ, ਉੱਚਾ ਹੋਇਆ, ਅੰਦਰਲੇ ਰਸ ਦਾ ਸੁਆਦ ਆਯਾ, ਟਿਕਕੇ ਬਹਿ ਗਿਆ।

ਉਧਰ ਹਟਵਾਣੀਆਂ ਜਾਂ ਆਪਣੇ ਮਨ ਨੂੰ ਚੰਗੇ ਲੱਗਣ ਵਾਲੇ ਥਾਂ ਪਹੁੰਚਾ ਤਾਂ ਉਸਦੇ ਭਾਗਾਂ ਨੂੰ ਘਰ ਸੁੰਞਾ ਪਿਆ ਸੀ। ਜਿਸ ਨੂੰ ਉਹ ਮਿਲਣ ਗਿਆ ਸੀ ਸੋ ਮੰਦਾ ਸਰੀਰ ਕਿਸੇ ਹੋਰਸ ਗਿਰਾਉਂ ਨੂੰ ਵਾਂਢੇ ਟੁਰ ਚੁਕਾ ਸੀ, ਸੋ ਨਿਰਾਸ ਹੋਕੇ ਇਧਰ ਉਧਰ ਫਿਰਿਆ, ਓੜਕ ਪਿਛੇ ਪਰਤ ਪਿਆ। ਜਿਸ ਟਿਕਾਣੇ ਉਸ ਨੇ ਆਪਣੇ ਸਾਥੀ ਨੂੰ ਮਿਲਣ ਦਾ ਨੇਮ ਬੱਧਾ ਸੀ ਓਸ ਟਿਕਾਣੇ ਆ ਪਹੁੰਚਾ, ਮਿਤ੍ਰ ਨੂੰ ਉਡੀਕਣ ਬਹਿ ਗਿਆ। ਉਡੀਕ ਲੰਮੇਰੀ ਹੋ ਗਈ, ਕਿਉਂ ਜੋ ਇਹ ਛੇਤੀ ਪਰਤ ਆਇਆ ਸੀ; ਸੋ ਬੈਠਾ ਸੋਚੀਂ ਪੈ ਗਿਆ। ਸੋਚਾਂ ਵਿਚ ਪਿਆ ਇਕੱਲਾ ਆਦਮੀ ਕਈ ਵੇਰ ਧਰਤੀ ਖੁਣਨ ਲੱਗ ਪੈਂਦਾ ਹੈ, ਸੋ ਇਹ ਬੀ ਵਹਿਣੀ ਡੁੱਬਾ ਲੱਗਾ ਧਰਤੀ ਖੋਤਰਣ, ਖੋਤ੍ਰਦਿਆਂ ਖੋਤ੍ਰਦਿਆਂ ਇਸ ਨੂੰ ਇਕ ਮੋਹਰ ਲੱਭੀ। ਮੋਹਰ ਤੱਕਕੇ ਬਨੀਆਂ ਬ੍ਰਿਤੀ ਵਾਲਾ ਮਨ ਬੜਾ ਖੁਸ਼ ਹੋਇਆ, ਤਦ ਲੱਕ ਨਾਲੋਂ ਛੁਰੀ ਖੋਹਲ ਹੋਰ ਧਰਤੀ ਖੁਣਨ ਲੱਗਾ, ਜੋ ਮਤਾਂ ਹੋਰ ਮੋਹਰਾਂ ਲੱਭਣ। ਇੰਨੇ ਨੂੰ ਇਕ ਮਿੱਟੀ ਦੇ ਦੱਬੇ ਹੋਏ ਭਾਂਡੇ ਦਾ ਮੂੰਹ ਛੁਰੀ ਨਾਲ ਠਹਿਕਿਆ, ਫੇਰ ਤਾਂ ਹੱਟੀ-ਵਾਨ ਲੱਗਾ ਜ਼ੋਰ ਨਾਲ ਚੁਫੇਰਿਓਂ ਪੁੱਟਣ। ਪੁਟੱਦਾ ਗਿਆ, ਉਡੀਕ ਦਾ ਸਮਾਂ ਬੇਮਲੂਮ ਲੰਘਦਾ ਗਿਆ, ਇਕ ਮੋਹਰ ਦੇ ਲੱਭ ਪੈਣ ਅਤੇ ਭਾਂਡੇ ਦੇ ਦਿੱਸ ਪੈਣ ਨੇ ਉਸ ਨੂੰ ਕੰਮ ਵਿਚ ਲਾਈ ਰਖਿਆ। ਜਦ ਖੋਦ ਚੁਕਾ ਤਦ ਕੀ ਦੇਖੇ ਕਿ ਇਕ ਭਾਂਡਾ ਹੈ, ਜਾਂ ਮੂੰਹ ਤੋਂ ਢੱਕਣ ਉਖੇੜਿਆ ਤਾਂ ਕੀ ਦੇਖੇ ਜੋ ਵਿਚ ਕੋਲੇ ਹਨ, ਜਾਂ ਸਾਰਾ ਫੋਲਿਆਂ ਤਾਂ ਹੇਠਾਂ ਤਕ ਕੋਲੇ ਹੀ ਕੋਲੇ ਨਿਕਲੇ।

ਹੁਣ ਉਹ ਗੁਰੂ ਦਾ ਸਿਖ ਬੀ ਆ ਨਿਕਲਿਆ, ਪਰ ਲੰਗੜਾਉਂਦਾ ਲੰਗੜਾਉਂਦਾ ਆਵੇ। ਇਕ ਜੁੱਤੀ ਤਾਂ ਪਾਈ ਹੋਈ ਤੇ ਦੂਸਰੀ ਦੀ ਅੱਡੀ ਭੰਨੀ ਹੋਈ, ਘਿਸਰ ਘਿਸਰ ਕੇ ਪੈਰ ਨਾਲ ਟੁਰੇ। ਇਉਂ ਆਉਂਦਾ ਤੱਕਕੇ ਹਟਵਾਣੀਏ ਨੇ ਆਖਿਆ : ਭਾਈ ਜੀਵਨੀ ! ਜੁੱਤੀ ਚਾੜ੍ਹ ਲੈ, ਠਿੱਬੀ ਕਰਕੇ ਟੁਰਦਿਆਂ ਖੇਚਲ ਹੁੰਦੀ ਹੋਊ। ਉਸ ਸਿਖ ਨੇ ਤਦ ਆਖਿਆ ਸੱਜਣਾਂ ! ਅਜ ਜਾਂ ਮੈਂ ਗੁਰੂ ਦੇ ਘਰੋਂ ਬਾਹਰ ਆਇਆ ਤਾਂ ਦਰਵਾਜ਼ੇ ਤੋਂ ਨਿਕਲਦਿਆਂ ਸਾਰ ਜੁੱਤੀ ਤਾਈਂ ਅੱਪੜਨ ਤੋਂ ਪਹਿਲਾਂ ਕੰਡਾ ਚੁਭ ਗਿਆ, ਸੋ ਕੰਡਾ ਖਿੱਚ ਕੇ ਕੱਢਿਆ, ਪਰ ਕੁਛ ਵਿਚ ਰਹਿ ਗਿਆ ਹੈ ਤਾਂ ਕਾਰਨ ਮੈਂ ਪੈਰ ਨੂੰ ਲੀਰ ਬੱਧੀ ਹੈ ਤੇ ਜੁੱਤੀ ਠਿੱਬੀ ਕਰਕੇ ਟੁਰਿਆ ਆਉਂਦਾ ਹਾਂ।

ਹਟਵਾਣੀਆਂ-ਹੱਛਾ ਭਾਈ, ਤਾਂ ਫਿਰ ਆ ਰਤਾ ਬਹਿ ਜਾ, ਸਾਹ ਕੱਢ ਲੈ, ਕੁਝ ਗਲ ਬਾਤ ਬੀ ਕਰੀਏ, ਫੇਰ ਟੁਰਾਂਗੇ।

੫.

ਜਾਂ ਬਹਿ ਗਏ ਤਾਂ ਗਲ ਬਾਤ ਛਿੜੀ। ਹਟਵਾਣੀਏ ਨੇ ਆਖਿਆ : "ਵੇਖ, ਭਾਈ ਜੀ ! ਅੱਜ ਮੈਂ ਪਾਈ ਮੋਹਰ ਤੇ ਤੈਨੂੰ ਚੁਭਿਆ ਕੰਡਾ, ਇਹ ਬਾਤ ਪੁੱਛੀ ਚਾਹੀਏ ਜੋ ਤੂੰ ਜਾਵੇਂ ਸੇਵਾ ਕਰਨ ਅਤੇ ਮੈਂ ਜਾਵਾਂ ਪਾਪ ਕਮਾਵਨਿ[੧] "।

ਸਿਖ-ਭਾਈ ਜਿਵੇਂ ਹੋਇਆ ਸੋ ਹੋਇਆ, ਸਤਿਸੰਗ ਚੰਗਾ ਹੈ, ਸੇਵਾ ਕਰਨੀ ਸੁਹਣੀ ਗੱਲ ਹੈ ਤੇ ਪਾਪਾਂ ਦਾ ਮਾਰਗ ਸਦਾ ਖੋਟਾ ਹੈ।

ਹਟਵਾਣੀਆਂ-ਨਹੀਂ ਭਾਈ, ਜਾਂ ਤਾਂ ਤੂੰ ਕਾਰਨ ਦੱਸ, ਨਹੀਂ ਤਾਂ ਗੁਰੂ ਪਾਸ ਚੱਲਦੇ ਹਾਂ ਜੋ ਇਸ ਗਲ ਦਾ ਕੀ ਵੇਰਵਾ ਹੈ ?

ਤਦ ਦੋਵੇਂ ਮੁੜ ਪਏ ਤੇ ਆ ਪੈਰੀਂ ਪਏ। ਸਤਿਗੁਰੂ ਜੀ ਦੇਖਕੇ ਮੁਸਕ੍ਰਾਏ ਤੇ ਮਰਦਾਨਾ ਬੀ ਇਸ ਮੁਸਕ੍ਰਾਹਟ ਨੂੰ ਵੇਖਕੇ ਹੁਸ਼ਿਆਰ ਹੋ ਬੈਠਾ ਕਿ ਇਤਨੇ ਨੂੰ ਹਟਵਾਣੀਏ ਨੇ ਨੈਣ ਨੀਵੇਂ ਕਰਕੇ ਹੱਥ ਜੋੜੇ, ਸੱਚੋ ਸੱਚੀ ਆਪਣੇ ਪਾਪ ਦੀ ਵਿਥਿਆ ਕਹਿ ਸੁਣਾਈ ਤੇ ਜੋ ਦੋਹਾਂ ਨੇ ਨੇਮ ਕੀਤਾ ਸੀ ਸੋ ਬੀ ਆਖ ਸੁਣਾਇਆ, ਤੇ ਪੁੱਛਣਾ ਕੀਤੀ ਕਿ ਹੇ ਪਾਤਸ਼ਾਹ ! ਇਸ ਦਾ ਕਾਰਨ ਅਸਾਂ ਨੂੰ ਦੱਸੋ ਜੋ ਪਾਪ ਨੂੰ ਫਲ ਮੋਹਰ ਲੱਗਾ ਹੈ ਤੇ ਸੇਵਾ ਨੂੰ ਫਲ ਕੰਡਾ ਚੁਭਿਆ ਹੈ ?

ਸਤਿਗੁਰ ਜੀ-ਚੁਪ ਕਰ ਰਹੇ ਤੇ ਬੋਲੇ ਕਾਈ ਨਹੀਂ।

ਹਟਵਾਣੀਆਂ-ਜਿਵੇਂ ਪਾਤਸ਼ਾਹ ਆਪ ਨੂੰ ਭਾਵੇ, ਪਰ ਅਸੀਂ ਮੂਰਖ ਹਾਂ, ਸਾਡੀ ਸਮਝ ਨਹੀਂ

[੧] ਪੁਰਾਤਨ ਜਨਮ ਸਾਖੀ

ਪਉਂਦੀ, ਕਿਰਪਾ ਕਰਕੇ ਭੇਦ ਖੋਹਲ ਦਿਓ ਜੋ ਪਾਪ ਨੂੰ ਫਲ ਕਿਉਂ ਚੰਗਾ ਲੱਗਾ ਹੈ ? ਤਦ ਦਿਆਲ ਸਤਿਗੁਰ ਨੇ ਅਪਣਾ ਪਵਿੱਤ੍ਰ ਹੱਥ ਉਸ ਮਾੜੇ ਕਰਮਾਂ ਵਾਲੇ ਦੇ ਸਿਰ ਨੂੰ ਛੁਹਾਇਆ, ਹਾਂ ਸੁਹਣਾ ਸੁੱਚਾ ਹੱਥ ਮੈਲ ਭਰੇ ਸਿਰ ਨੂੰ ਲਾਇਆ। ਹੱਥ ਧਰਦੇ ਮਿਹਰ ਦੇ ਘਰ ਵਿਚ ਆ ਗਏ ਤੇ ਬੋਲੇ :-

ਭੋਲਿਆ ! ਤੇਰੇ ਪਾਪ ਨੂੰ ਇਕ ਮੁਹਰ ਦਾ ਫਲ ਨਹੀਂ ਲਗਾ ਤੇਰੇ ਪਾਪਾਂ ਦੀ ਹਨਰੀ ਨੇ ਤੇਰੀਆਂ ਮੋਹਰਾਂ ਦਾ ਬ੍ਰਿਛ ਹਲੂਣ ਘੱਤਿਆ, ਸਭ ਝੜ ਪਈਆਂ, ਤੇਰੇ ਜੋਗੀ ਇਕੋ ਰਹਿ ਗਈ। ਕੋਲਿਆਂ ਦਾ ਮਟਕਾ ਮੋਹਰਾਂ ਦਾ ਮਟਕਾ ਹੈਸੀ, ਕਿਸੇ ਰੱਬ ਜੀ ਦੇ ਪਿਆਰੇ ਨੂੰ ਤੂੰ ਇਕ ਮੋਹਰ ਦਿਤੀ ਹੈਸੀ ਉਹ ਪਰਮਪਦ ਦੇ ਭੀਖਕ ਨੂੰ ਦਿੱਤੀ ਇਕ ਮੋਹਰ ਸਹੰਸਰ ਗੁਣਾਂ ਹੋ ਫਲੀ ਸੀ, ਪਰ ਜਿਉਂ ਜਿਉਂ ਤੂੰ ਪਾਪ ਕਮਾਏ ਉਹ ਪੁੰਨਾਂ ਦੀਆਂ ਫਲੀਆਂ ਮੋਹਰਾਂ ਸੜਦੀਆਂ ਗਈਆਂ। ਹਾਂ ਜਾਣ ਲੈ ਕਿ ਤੇਰੇ ਪਾਪਾਂ ਨੇ ਤੇਰੇ ਕੱਠੇ ਕੀਤੇ ਸ਼ੁਭ ਕਰਮਾਂ ਤੇ ਉਨ੍ਹਾਂ ਦੇ ਫਲ ਨੂੰ ਸਾੜ ਸੱਟਿਆ, ਕੇਵਲ ਇਕ ਰਹਿ ਗਿਆ ਜੋ ਤੈਨੂੰ ਏਥੇ ਲੈ ਆਇਆ ਹੈ, ਸੋ ਤੂੰ ਸਮਝ ਲੈ ਕਿ ਇਕ ਮੋਹਰ ਤੈਨੂੰ ਇਹ ਮੱਤ ਦੇਂਦੀ ਹੈ ਕਿ ਤੇਰੇ ਪਾਪਾਂ ਨੇ ਮੈਂ ਵਰਗੀਆਂ ਤੇਰੇ ਭਾਗਾਂ ਵਿਚੋਂ ਅਨੇਕਾਂ ਦੂਰ ਕੀਤੀਆਂ ਹਨ, ਬੀਜਿਆ ਹਰਿਆ ਹੋਣ ਦੀ ਥਾਂ ਕੁਸੰਗ ਨੇ ਸਾੜ ਘੱਤਿਆ, ਕੋਲੇ ਕਰ ਦਿੱਤੇ। ਇਸ ਘਾਲੀ ਪੁਰਖ ਦੀ ਸੇਵਾ ਤੇ ਸਤਿਸੰਗ ਨੇ-ਹਰਿ ਕੀਰਤਨ ਸੁਣਨ ਤੇ ਕਰਨ ਨੇ- ਇਸ ਦੇ ਪਾਪ ਨਾਸ਼ ਕੀਤੇ ਹਨ। ਇਸਦੇ ਪਿਛਲੇ ਕਰਮ ਹੈ ਸਨ ਐਸੇ ਕਿ ਉਹਨਾਂ ਦਾ ਫਲ ਸੂਲੀ ਹੈਸੀ, ਜਿਉਂ ਜਿਉਂ ਇਹ ਸੇਵਾ ਨੂੰ ਆਇਆ, ਜਿਉਂ ਜਿਉਂ ਇਸ ਦੇ ਅੰਦਰ ਰੱਬ ਜੀ ਦੇ ਜਸ ਨਾਲ ਵੈਰਾਗ ਤੇ ਉਮਾਹ ਆਇਆ, ਜਿਉਂ ਜਿਉਂ ਇਸਨੇ ਉਸ ਦਾ ਨਾਉਂ ਲੈਕੇ ਉਸਨੂੰ ਯਾਦ ਕੀਤਾ, ਉਹ ਖੋਟੇ ਕਰਮ ਨਾਸ਼ ਹੋਣ ਲੱਗੇ, ਘਟਦੇ ਘਟਦੇ ਸੂਲੀ ਦੀ ਸੂਲ ਰਹਿ ਗਈ ਜੋ ਸੂਈ ਵਾਂਙੂ ਚੁਭਕੇ ਮਹਾਂ ਦੁੱਖ ਤੋਂ ਛੁਡਾ ਗਈ।

ਦੂਜੀ ਵਿਚਾਰ ਦੀ ਗਲ ਇਹ ਹੈ ਕਿ ਭਾਈ ! ਜਿਉਂ ਜਿਉਂ ਤੂੰ ਵਿਸ਼ਿਆਂ ਵਿਚ ਵਰਤਿਆ ਹੈਂ, ਤੇਰੀਆਂ ਵਾਸ਼ਨਾਂ ਹੋਰ ਖੋਟੀਆਂ ਹੁੰਦੀਆਂ ਗਈਆਂ ਹਨ, ਤੇਰੀ ਰੁਚੀ ਮਾੜੇ ਪਾਸੇ ਵਲ ਹੋਰ ਵਧ ਗਈ ਹੈ। ਜਿਉਂ ਜਿਉਂ ਇਸ ਘਾਲੀ ਨੇ ਸਤਿਸੰਗ ਕੀਤਾ ਹੈ ਇਸ ਦੀਆਂ ਵਾਸ਼ਨਾਂ ਸ਼ੁਭ ਤੇ ਪਵਿੱਤ੍ਰ ਹੁੰਦੀਆਂ ਗਈਆਂ ਹਨ, ਇਸ ਦੀ ਰੁਚੀ ਭਲੇ ਵਲ, ਸੇਵਾ ਵਲ, ਸਤਿਸੰਗ ਵਲ ਵਧ ਗਈ ਹੈ, ਇਸ ਤਰ੍ਹਾਂ ਅੱਗੋਂ ਲਈ ਇਸ ਦੇ ਅੰਦਰ ਹੋਣ ਵਾਲੇ ਕਰਮਾਂ ਦੀ ਸੇਧ 'ਸ਼ੁੱਧ' ਬੱਝ ਗਈ ਹੈ।

ਇਹ ਸੁਣਕੇ ਹਟਵਾਣੀਏਂ ਦੇ ਦਿਲ ਗੱਲ ਪੁੜ ਗਈ, ਕੰਬਿਆ, ਉਹ ਜੋ ਦਾਤੇ ਦਾ ਹੱਥ ਛੁਹਿਆ ਸੀ ਉਹ ਅੱਗ ਦੀ ਚਿੰਗਾਰੀ ਸੀ, ਪਾਪਾਂ ਦੇ ਮੜ੍ਹਿਆਂ ਦੇ ਖੜੇ ਢੇਰ ਨੂੰ ਅੱਗ ਲਾਉਣ ਲਈ। ਜਾਂ ਪਾਪ ਸੜੇ ਤਾਂ ਮਤਿ ਤੋਂ ਮੈਲ ਤੇ ਬੋਝਾ ਉਤਰਿਆ, ਚਰਨੀਂ ਢੱਠਾ, ਆਖਣ ਲੱਗਾ ; ਮਿਹਰ ਕਰੋ ਤੇ ਹੁਣ ਸ਼ੁੱਧ ਮਾਰਗ ਪਾਓ, ਭਲੇ ਕਰਮ ਸਿਖਾਓ ਤੇ ਮਾੜਿਆਂ ਦੇ ਰਾਹੋਂ ਵਰਜ ਲਓ। ਆਪਣੇ ਤਾਣ ਨਾਲ ਰਹਾ ਲਓ, ਅਸਾਂ ਵਿਚ ਜ਼ੋਰ ਆਸੰਙ ਕਾਈ ਨਹੀਂ ਹੈ।

ਤਦ ਗੁਰੂ ਬਾਬਾ ਮਿਹਰਵਾਨ ਹੋਇਆ, ਇਲਾਹੀ ਗਲੇ ਤੋਂ ਧੁਨਿ ਉੱਠੀ, ਮਰਦਾਨੇ ਰਬਾਬ ਛੇੜਿਆ ਤੇ ਸਤਿਗੁਰ ਜੀ ਦੇ ਮੁਖਾਰਬਿੰਦ ਤੋਂ ਮਾਰੂ ਦੀ ਵੈਰਾਗ ਭਰੀ ਸੁਰ ਛਿੜੀ :-

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ
ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ
ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ
॥੧॥ ਚਿਤ ਚੇਤਸਿ ਕੀ ਨਹੀ ਬਾਵਰਿਆ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥
ਰਹਾਉ ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ
ਘੜੀ ਫਾਹੀ ਤੇਤੀ ॥ ਰਸਿ ਰਸਿ ਚੋਗ ਚੁਗਹਿ
ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ
ਅਗਨਿ ਤਿਤੁ ਲਾਗਿ ਰਹੀ ॥ ਕੋਇਲੇ ਪਾਪ
ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ
ਭਈ ॥੩॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ
ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ
॥੪॥੩॥ (ਮਾਰੂ ਮ: ੧)

ਦੈਵੀ ਆਵਾਜ਼, ਮਨ ਵਿਚ ਪੁੜ ਜਾਣ ਵਾਲੇ ਸ਼ਬਦ ਦੇ ਅਰਥ ਦੋਹਾਂ ਤੇ ਕਹਿਰ ਦਾ ਅਸਰ ਕਰ ਗਏ। ਹਟਵਾਣੀਏਂ ਦੇ ਮਨ ਦਾ ਥਰ ਟੁੱਟ ਗਿਆ, ਮਨ ਦ੍ਰਵ ਗਿਆ, ਸੋਝੀ ਆ ਗਈ ਕਿ ਅਸੀਂ ਕਰਮ

ਕਰਨ ਵਾਲੇ ਜੀਵ ਹਾਂ, ਮਨ ਤੇ ਬੁੱਧ ਹੋਣ ਕਰਕੇ ਅਸੀਂ ਸਮਝਦੇ ਹਾਂ ਕਿ ਅਸੀਂ ਜੋ ਕੁਝ ਕਰਦੇ ਹਾਂ ਉਹ ਦੋ ਪ੍ਰਕਾਰ ਦਾ ਹੈ: ਬਲਾ ਤੇ ਬੁਰਾ। ਇਹ ਜੋ ਕੁਛ ਕਰਦੇ ਹਾਂ ਇਸ ਨਾਲ ਰੁਚੀ ਬਣਦੀ ਹੈ,ਰੁਚੀ ਪੱਕ ਪੱਕ ਕੇ ਸੁਭਾਵ ਬਣਦਾ ਹੈ, ਇਸ ਸਾਡੀ ਕਿਰਤ (ਕਰਨੀ) ਦਾ ਫਲ ਸਾਨੂੰ ਫੇਰ ਅੰਦਰੋਂ ਭਲੇ ਬੁਰੇ ਵੱਲ ਟੋਰਦਾ ਹੈ। ਮਾੜੇ ਕਰਮਾਂ ਵਿਚ ਜੋ ਸੁਆਦ ਹੈ, ਉਹ ਮਾਨੋ ਚੋਗ ਹੈ ਜੋ ਸਾਨੂੰ ਫਸਾਉਂਦੀ ਹੈ ਪੰਛੀ ਵਾਂਗੂੰ। ਅੰਦਰੋਂ ਸੁਭਾਵ ਮਾੜੇ ਪਾਸੇ ਵਲ ਰੁਚੀ ਕਰਾਉਂਦਾ ਹੈ, ਬਾਹਰੋਂ ਰਸਦਾਇਕ ਭੋਗ ਆਪਣੇ ਵਿਚ ਖਿੱਚਦੇ ਹਨ, ਇਉਂ ਜੀਵ ਫਸਦਾ ਜਾਂਦਾ ਹੈ, ਮਨ ਮਨੂਰ ਹੁੰਦਾ ਜਾਂਦਾ ਹੈ, ਅਰਥਾਤ ਉੱਚੇ ਰਸਾਂ ਵਲੋਂ ਮਰਦਾ ਜਾਂਦਾ ਹੈ ਤੇ ਨੀਵੇਂ ਰਸਾਂ ਵਿਚ-ਜੋ ਪਾਪ ਕਰਮਾਂ ਵਿਚ ਹੁੰਦਾ ਹੈ-ਅਸ਼ਕਤ ਹੁੰਦਾ ਜਾਂਦਾ ਹੈ। ਇਸ ਦੇ ਮੁੜ ਜੀਵਨ ਦੀ ਆਸ ਨਹੀਂ ਰਹਿੰਦੀ, ਕਿਉਂਕਿ ਨੀਵੇਂ ਰਸਾਂ ਵਿਚ ਮਨ ਖੱਚਤ ਹੋ ਜਾਵੇ ਤਾਂ ਸਾਂਈਂ ਯਾਦ ਨਹੀਂ ਆ ਸਕਦਾ ਤੇ ਵਿਸਾਰੇ ਵਿਚ ਜੋ ਕੋਈ ਸ਼ੁਭ ਗੁਣ ਪੱਲੇ ਹੁੰਦੇ ਹਨ ਉਹ ਸਹਾਇਤਾ ਨਹੀਂ ਕਰ ਸਕਦੇ; ਉਹ ਪਾਪਾਂ ਰੂਪੀ ਕੋਲਿਆਂ ਦੇ ਸੇਕ ਨਾਲ ਗਲਣ ਲਗ ਜਾਂਦੇ ਹਨ। ਸੋ ਫਾਥੇ ਪੰਛੀ ਦੇ ਛੁੱਟਣ, ਜਾਂ ਮਨੂਰ ਹੋਏ ਮਨ ਰੂਪ ਲੋਹੇ ਦੇ ਫੇਰ ਜੀਉ ਪੈਣ ਦਾ ਦਾਰੂ ਨਿਰੇ ਸ਼ੁਭ ਕਰਮ ਨਹੀਂ ਹਨ, ਉਹ ਤਾਂ ਗਲਦੇ ਜਾਣਗੇ ਪਾਪਾਂ ਦੇ ਮਘ ਰਹੇ ਕੋਲਿਆਂ ਦੇ ਸੇਕ ਨਾਲ, ਹਾਂ ਮਨੂਰ ਦੇ ਜੀਉ ਉੱਠਣ ਦਾ, ਜੀਉ ਕੇ ਲੋਹੇ ਤੋਂ ਸੋਨਾ ਹੋ ਜਾਣ ਦਾ ਇੱਕੋ ਤ੍ਰੀਕਾ ਹੈ ਕਿ ਸੱਚਾ ਸਤਿਗੁਰ ਨਾਮ ਰੂਪੀ ਅੰਮ੍ਰਿਤ ਦਾ ਛੱਟਾ ਮਾਰੇ। ਨਾਮ ਦੇ ਤ੍ਰੌਂਕੇ ਨਾਲ ਮਨ ਸਾਂਈਂ ਦੀ ਯਾਦ ਵਿਚ ਆਉਂਦਾ ਹੈ, ਸਾਂਈਂ ਦੀ ਯਾਦ ਸਾਂਈਂ ਨਾਲ ਮੇਲ ਹੈ। ਪਾਪਾਂ ਤੇ ਨੀਵੇਂ ਰਸਾਂ ਨੇ ਸਾਡੇ ਤੇ ਉਸਦੇ ਵਿਚ ਭੁੱਲ ਦਾ ਪਰਦਾ ਤਾਣ ਦਿਤਾ ਸੀ, ਜਦ ਉਹ ਪਰਦਾ ਟੁੱਟਾ ਤਾਂ ਵਿੱਥ ਨਾ ਰਹੀ। ਹੁਣ ਸਾਂਈਂ ਦਾ ਬਲ, ਉਸ ਦਾ ਭਾਵ, ਉਸ ਦੀ ਸਤਜਾ ਦੀ ਛੁਹ ਅਸਾਂ ਵਿਚ ਆਵੇਗੀ, ਉਹ ਸਾਰੀ ਮੁਰਦਿਹਾਨ ਨੂੰ ਮਾਰ ਕੱਢੇਗੀ, ਮੋਇਆ ਮਨ ਜੀਉ ਪਏਗਾ, ਜੀਉਕੇ ਉੱਚੇ ਰਸਾਂ ਦੇ ਅਨੁਭਵ ਵਿਚ ਆਕੇ ਆਤਮ ਰੂਪ ਹੋ ਜਾਵੇਗਾ।

ਸ਼ਬਦ ਦਾ ਭਾਵ ਕੀਰਤਨ ਦੇ ਦੂਵਾ ਦੇਣ ਵਾਲੇ-ਪੰਘਾਰ ਦੇਣ ਵਾਲੇ--ਅਸਰ ਨਾਲ ਅੰਦਰ ਗੱਠ ਗਿਆ, ਜਿਸ ਨਾਲ ਰੁਚੀ ਦਾ ਰੌ ਬਦਲ ਗਿਆ, ਭਲੇ ਪਾਸੇ ਰੁਖ਼ ਹੋ ਗਿਆ, ਧਾ ਕੇ ਚਰਨੀਂ ਢੱਠਾ "ਦਾਤਾ ! ਦਾਤਾ ! ਦਾਤਾ ! ਰੱਖ ਲੈ ਪਾਪੀ ਨੂੰ। "

ਸੂਰੇ ਸਤਿਗੁਰ ਨੇ ਸਿਰ ਕੰਡੀ ਤੇ ਹੱਥ ਫੇਰਿਆ ਤੇ ਆਖਿਆ: 'ਕਹੁ ਵਾਹਿਗੁਰੂ'। ਵਾਹਿਗੁਰੂ ਕਹਾਇਆ? ਨਹੀਂ, ਅੰਦਰ ਪਾ ਦਿਤਾ, ਦੋਹਾਂ ਸਰੀਰਾਂ ਦੇ ਲੂੰ ਲੂੰ ਵਿਚ ਨਾਮ ਦੇ ਫੁਹਾਰੇ ਛੁੱਟੇ, ਦੋਵੇਂ ਨਾਉਂ ਧ੍ਰੀਕ ਸਿਖ ਹੋਏ[1]।

ਕਰਮ ਜੀਵ ਕਰਦਾ ਹੈ, ਆਪਣੇ ਕੀਤੇ ਨੂੰ ਫਲ ਲਗਦੇ ਹਨ। ਪਰ ਜੇ ਨਾਮ ਵਿਚ ਆਵੇ ਤਾਂ ਕਰਮ ਦਗਧ ਹੁੰਦੇ ਹਨ। ਨਾਮ ਦੀ ਲਿਵ ਜੋ ਪ੍ਰੇਮ ਹੈ, ਉੱਚਾ ਰਸ ਹੈ, ਕਰਮ ਤੋਂ ਉਚੇਰਾ ਮਾਰਗ ਹੈ। ਨਾਮ ਪਹਿਲਾਂ ਮਨ ਦੀ ਮੈਲ ਤੇ ਸੁਭਾਵ ਦੇ ਗੰਦ ਨੂੰ ਧੋਂਦਾ ਹੈ, ਮਤ ਵਿੱਚੋਂ ਪਾਪਾਂ ਨੂੰ ਧੋ ਕੱਢਦਾ ਹੈ, ਆਤਮਾ ਸ੍ਵਛ ਹੋ ਜਾਂਦੀ ਹੈ, ਉਹੋ ਨਾਮ ਫੇਰ ਅੰਮ੍ਰਿਤ ਹੋਕੇ ਰਸ ਦੇਂਦਾ ਹੈ :-

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥

{ਸੁਖਮਨੀ}

ਸੂਚਨਾ-ਇਸ ਤਰ੍ਹਾਂ ਇਥੇ ਕੁਛ ਦਿਨ ਬਿਤਾਕੇ ਅਜੇ ਚੁਮਾਸਾ ਟੁਰ ਰਿਹਾ ਸੀ ਕਿ ਕੂਚ ਕਰ ਦਿਤੀ।

## ੨੬. ਮਾਲਦਾ[2]।

ਸ੍ਰੀ ਗੁਰੂ ਜੀ ਕਈ ਥਾਈਂ ਥੋੜਾ ਥੋੜਾ ਠਹਿਰਦੇ ਜੀਆਦਾਨ ਦੇਂਦੇ ਉੱਤਰ ਰੁਖ਼ ਹੋਕੇ ਮੁੰਘੇਰ ਆਏ, ਜਿੱਥੇ ਹੁਣ ਤਕ ਗੁਰਦੁਆਰਾ ਹੈ[3] ਤੇ ਫੇਰ ਭ੍ਾਗਲਪੁਰੇ ਚਲੇ ਗਏ। ਇਸਤੋਂ ਅੱਗੇ ਕਈ

[1] ਪੁਰਾਤਨ ਜਨਮ ਸਾਖੀ

[2] ਇਹ ਪ੍ਰਸੰਗ ਗੁ: ਪੁੰਨਮ ਸੰ: ਗੁ: ਨਾ: ਸਾ: ੪੬੦ (੧੯੩੭ ਈ:) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

[3] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬੀ ਏਥੇ ਦੁਹੀਂ ਥਾਂਈਂ ਜੀਅਦਾਨ ਦੇਣ ਲਈ ਪਹੁੰਚੇ ਸਨ।

ਨਗਰਾਂ ਵਿਚ ਜਗਤ ਨੂੰ ਤਾਰਦੇ ਰਾਜ ਮਹਲ ਆਏ। ਏਥੋਂ ਉੱਤਰ ਪੂਰਬ ਰੁਖ ਹੋਕੇ 'ਮਾਲਦਾ' ਪਹੁੰਚੇ ਤੇ ਸਭਨੀਂ ਥਾਂਈਂ ਨਿਸ਼ਾਨ ਆਪ ਦੇ ਮਿਲਦੇ ਦੱਸੀਦੇ ਹਨ। ਮਾਲਦਾ ਦੀ ਵਸਤੀ ਮਹਾਂ ਨੰਦ ਨਦੀ ਦੇ ਕਿਨਾਰੇ ਹੈ। ਇਥੇ ਇਕ ਰਾਜਿਆਂ ਤੁੱਲ ਸ਼ਾਹੂਕਾਰ ਰਹਿੰਦਾ ਸੀ। ਉਸਦਾ ਨਾਮ ਸੀ 'ਰਾਮ ਦੇਵ ਬਾਬੂ'[1]। ਇਹ ਸੱਜਣ ਦੁਨੀਆਂ ਦੇ ਐਸ਼੍ਵਰਜ ਵਾਲਾ ਸੀ, ਪਰ ਸੀ ਭਲਾ। ਇਸ ਦਾ ਇਕ ਬਾਗ਼ ਸੀ ਜਿਸ ਵਿਚ ਸ੍ਰੀ ਗੁਰੂ ਜੀ ਨੇ ਜਾ ਡੇਰਾ ਲਾਇਆ। ਇਹ ਬਾਗ਼ ਸੀ ਤਾਂ 'ਮਾਲਦਾ' ਨਾਮੀ ਅੰਬਾਂ ਦਾ ਤੇ ਚੰਗੀ ਆਮਦਨ ਦੇਂਦਾ ਸੀ, ਪਰ ਰਾਮਦੇਵ ਬਾਬੂ ਨੇ ਇਸ ਵਿਚ ਸੰਤਾਂ ਦੇ ਠਹਿਰਣ ਲਈ ਕੁਟੀ ਬੀ ਪਾਈ ਹੋਈ ਸੀ। ਕਦੇ ਕੋਈ ਚੰਗਾ ਸਾਧੂ ਆ ਜਾਏ ਤਾਂ ਉਹਨਾਂ ਦੇ ਟਿਕਣ ਦੀ ਏਥੇ ਐਉਂ ਖੁੱਲ੍ਹ ਸੀ ਜਿਵੇਂ ਬਨ ਹੁੰਦਾ ਹੈ। ਇਕ ਦਿਨ ਮਰਦਾਨਾ ਰਬਾਬ ਵਜਾ ਰਿਹਾ ਸੀ, ਮਿੱਠੀ ਮਿੱਠੀ ਫੁਹਾਰ ਪੈ ਰਹੀ ਸੀ ਕਿ ਰਾਮਦੇਵ ਬਾਬੂ ਆ ਗਿਆ। ਉਸ ਵੇਲੇ ਸ੍ਰੀ ਗੁਰੂ ਜੀ ਆਪ ਇਹ ਆਪਣਾ ਸ਼ਬਦ ਗਉੜੀ ਦੀ ਮਧੁਰ ਧੁਨਿ ਵਿਚ ਗਾਉਂ ਰਹੇ ਸੀ:-

ਗਉੜੀ ਮਹਲਾ ੧ ॥

ਚੋਆ ਚੰਦਨੁ ਅੰਕਿ ਚੜਾਵਉ॥ ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧ ॥ ਕਿਆ ਪਹਿਰਉ ਕਿਆ ਓਢਿ ਦਿਖਾਵਉ ॥ ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥ ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ॥ ਲਾਲ ਨਿਹਾਲੀ ਫੂਲ ਗੁਲਾਲਾ ॥ ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥ ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥ ਬਿਨੁ ਜਗਦੀਸ ਭਜੇ ਨਿਤ ਖੁਆਰੀ ॥ ੩ ॥ ਦਰ ਘਰ ਮਹਲਾ ਸੇਜ ਸੁਖਾਲੀ ॥ ਅਹਿਨਿਸਿ ਫੂਲ ਬਿਛਾਵੈ ਮਾਲੀ ॥ ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥ ਹੈਵਰ ਗੈਵਰ ਨੇਜੇ ਵਾਜੇ ॥ ਲਸਕਰ ਨੇਬ ਖਵਾਸੀ ਪਾਜੇ ॥ ਬਿਨੁ ਜਗਦੀਸ ਝੂਠੇ ਦਿਵਾਜੇ ॥੫॥ ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ ਤਾਜ ਕੁਲਹ ਸਿਰਿ ਛਤ੍ਰੁ ਬਨਾਵਉ॥ ਬਿਨੁ ਜਗਦੀਸ ਕਹਾ ਸਚੁ ਪਾਵਉ॥੬॥ ਖਾਨੁ ਮਲੂਕੁ ਕਹਾਵਉ ਰਾਜਾ॥ ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥ ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ ॥ ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥

ਇਸ ਸ਼ਬਦ ਦਾ ਐਸਾ ਅਸਰ ਹੋਇਆ ਕਿ ਰਾਮਦੇਵ ਦੇ ਮਨ ਤੇ ਸੰਸਾਰਕ ਸੁਖਾਂ ਨਾਲੋਂ ਨਾਮ ਸੁਖ ਦੇ ਸਦੈਵੀ ਹੋਣ ਦਾ ਅਸਰ ਪੈ ਗਿਆ। ਫਿਰ ਤਾਂ ਦੁਇ ਵੇਲੇ ਕੀਰਤਨ ਸੁਣੇ ਤੇ ਸ੍ਰੀ ਗੁਰੂ ਜੀ ਨੂੰ ਤੁਰਨੋਂ ਅਟਕਾਵੇ। ਐਸਾ ਪ੍ਰੇਮ ਇਸ ਸਜਣ ਪੁਰਖ ਨੇ ਕੀਤਾ ਕਿ ਸ੍ਰੀ ਗੁਰੂ ਜੀ ਬਾਕੀ ਦੇ ਚੁਮਾਸੇ ਲਈ ਓਥੇ ਹੀ ਟਿਕ ਗਏ[2]। ਮਰਦਾਨਾ ਬੀ ਕਈ ਦਿਨਾਂ ਤੋਂ ਅਟਕਣਾ ਚਾਹੁੰਦਾ ਸੀ, ਉਸ ਦਾ ਮਨੋਰਥ ਵੀ ਪੂਰਾ ਹੋ ਗਿਆ। ਇਥੇ ਚੰਗਾ ਰੰਗ ਸਤਿਸੰਗ ਦਾ ਬਣਿਆ ਰਿਹਾ। ਰਾਮ ਦੇਵ ਦਾ ਸਾਰਾ ਪਰਵਾਰ ਸਿਖ ਹੋਇਆ। ਇਰਦ ਗਿਰਦ ਬੀ ਸਿਖੀ ਫੈਲੀ ਤੇ ਲੋਕਾਂ ਦਾ ਨਿਸਤਾਰਾ ਹੋਇਆ।

ਫੇਰ ਆਪ ਏਥੋਂ ਬੀ ਟੁਰ ਪਏ।

# ੨੭. ਧੰਨ ਹੈ ਪਾਉ। ਠੱਗ ਨਿਸਤਾਰਾ[3]।

੧.

**ਜਗਤ** ਤਾਰਨਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਨਾਲ ਮਰਦਾਨਾ ਟੁਰੇ ਜਾ ਰਹੇ ਸਨ ਕਿ ਰਸਤੇ ਵਿਚ ਇਕ ਵਪਾਰੀ ਮਿਲਿਆ, ਜਿਸ ਦੇ ਪਾਸ ਇਕ ਗੰਢ ਸੀ, ਹੱਥ ਵਿਚ ਤੱਕੜੀ ਤੇ ਕੁਛ ਵੱਟੇ ਬੀ ਸਨ। ਦੂਰੋਂ ਸਤਿਗੁਰੂ ਜੀ ਨੇ ਮਸਤਕ ਡਿੱਠਾ ਤੇ ਖੁਸ਼ ਹੋ ਕੇ ਦੇਖਦੇ ਰਹੇ : ਜਦੋਂ ਉਹ ਨੇੜੇ ਆਯਾ ਤਾਂ ਪੁੱਛਣ ਲਗੇ :- ਤੇਰੇ ਪਾਸ ਕੀ ਹੈ ਭਲੇ ਪੁਰਖਾ ? ਉਸ

[1] ਇਤਿਹਸ ਸ: ਖ: ਸਿੰਘ। [2] ਤਵਾਰੀਖ ਖਾਲਸਾ।

[3] ਇਹ ਪ੍ਰਸੰਗ ਗੁਰਪੁਰਬ ਪੁੰਨਮ ਵੀਰਵਾਰ ੨੧ ਕੱਤਕ ਸੰਮਤ ੪੬੨ ਗੁ: ਨਾ: ਸਾ: (੧੯੩੦ ਈ:) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

ਨੇ ਉੱਤਰ ਦਿੱਤਾ-ਜੀਉ! ਮੇਰੇ ਪਾਸ ਸੋਦਾ ਸੂਤ ਹੈ ਜੋ ਵੇਚਦਾ ਫਿਰਦਾ ਹਾਂ, ਹਥ ਵਿਚ ਤੱਕੜੀ ਤੇ ਵੱਟੇ ਹਨ, ਜਿਨ੍ਹਾਂ ਨਾਲ ਤੋਲਕੇ ਚੀਜ਼ਾਂ ਵੇਚਦਾ ਹਾਂ।

ਸਤਿਗੁਰੂ ਜੀ ਮੁਸਕ੍ਰਾਏ ਤੇ ਬੋਲੇ - ਪੁਰਖਾ! ਸਾਨੂੰ ਆਪਣਾ ਮਾਲ ਤੇ ਵੱਟੇ ਕੰਡੇ ਤਾਂ ਦਿਖਾ ਦੇਹ।

ਵਪਾਰੀ ਨੇ ਖੁਸ਼ ਹੋਕੇ ਸਭ ਕੁਛ ਖੁਹਲਕੇ ਅਗੇ ਧਰ ਦਿਤਾ। ਦਾਤਾ ਸਤਿਗੁਰੂ ਜੀ ਨੇ ਪਹਿਲਾਂ ਵੱਖਰ ਵੇਖੇ ਤੇ ਫੇਰ ਵੱਟੇ ਹੱਥ ਵਿਚ ਚਾ ਚਾ ਕੇ ਤੱਕੇ ਤੇ ਆਖਿਆ:-ਇਨ੍ਹਾਂ ਦੇ ਤੋਲ ਤਾਂ ਦੱਸ ਕਿੰਨੇ ਕਿੰਨੇ ਦੇ ਹਨ? ਵਪਾਰੀ ਨੇ ਸਾਰੇ ਵੱਟਿਆਂ ਦੇ ਤੋਲ ਦੱਸੇ। ਜਦ ਇਕ ਵੱਟੇ ਦਾ ਨਾਉ, ਉਸਨੇ 'ਪਾਉ' ਦੱਸਿਆ ਤਾਂ ਆਪ ਬੋਲੇ 'ਧੰਨ ਹੈ ਪਾਉ'! ਧੰਨ ਹੈ ਪਾਉ' !

ਵਪਾਰੀ ਇਹ ਬਚਨ ਸੁਣਕੇ ਅਸਚਰਜ ਹੋਕੇ ਤੱਕਣ ਲਗ ਗਿਆ। ਕੀ ਵੇਖੇ ਕਿ ਆਪ ਦੇ ਨੈਣ ਅਰਸ਼ਾਂ ਵਲ ਲਗ ਰਹੇ ਹਨ। ਅੱਖ ਦੀ ਕਾਲੀਧਾਰੀ ਉੱਪਰ 'ਨੂੰ ਚੜ੍ਹਦੀ ਜਾਂਦੀ ਹੈ, ਚਿਹਰਾ ਇਕ ਨੂਰ ਦੀ ਆਭਾ ਨਾਲ ਭਰਦਾ ਜਾਂਦਾ ਹੈ ਤੇ 'ਧੰਨ ਪਾਉ' ਦੀ ਮਧੁਰ ਧੁਨੀ ਰਸਨਾ ਤੋਂ ਹੋ ਰਹੀ ਹੈ, ਪਾਸ ਖੜਾ (ਮਰਦਾਨਾ) ਬੀ ਵਿਸਮਾਦ ਰੰਗ ਵਿਚ ਹੋਕੇ ਤੱਕ ਰਿਹਾ ਭਚੱਕ ਹੋ ਗਿਆ ਹੈ ਅਤੇ ਵਪਾਰੀ ਦੇ ਕੰਨਾਂ ਪਰ ਬੀ 'ਧੰਨ ਪਾਉ' ਦੀ ਮਿੱਠੀ ਧੁਨਿ ਅਚਰਜ ਅਸਰ ਕਰ ਰਹੀ ਹੈ। ਐਸਾ ਕੋਈ ਪਰਭਾਉ ਪੈ ਰਿਹਾ ਹੈ ਕਿ ਉਸ ਦੇ ਨੈਣ ਬੀ ਜੁੜਦੇ ਜਾਂਦੇ ਹਨ, ਦਿਲ ਕੱਠਾ ਹੁੰਦਾ ਜਾਂਦਾ ਹੈ ਤੇ ਜਿਵੇਂ ਕਿਸੇ ਮਿੱਠੇ ਰਾਗ ਦੀ ਧੁਨਿ ਅਸਰ ਕਰਦੀ ਹੈ ਉਸ ਤਰ੍ਹਾਂ ਦਾ ਅਸਰ ਪੈ ਪੈ ਕੇ ਮਗਨ ਕਰ ਰਿਹਾ ਹੈ ਉਸ ਦੇ ਵਪਾਰੀ ਮਨ ਨੂੰ, ਜੋ ਕਿ ਰਾਗ ਦੇ ਅਸਰ ਹੇਠ ਘੱਟ ਹੀ ਆਯਾ ਕਰਦਾ ਸੀ।ਮਗਨ ਹੰਦਾ ਬੇਵਸਾ ਹੋਕੇ ਵਪਾਰੀ ਆਪ ਦੇ ਚਰਨਾਂ ਤੇ ਢਹਿ ਪਿਆ ਤੇ ਉਹੋ ਧੁਨਿ, ਜੋ ਇਲਾਹੀ ਗਲੇ ਤੋਂ, ਅਰਸ਼ਾਂ ਵਿਚ ਗੱਡੇ ਨੈਣਾਂ ਵਾਲੇ ਦੇ ਮਿੱਠੇ ਗਲੇ ਤੋਂ ਜ਼ਰਾ ਲਮਕਵੀਂ ਤੇ ਰਸ ਭਰੀ ਹੋ ਕੇ ਆ ਰਹੀ ਸੀ:-

ਪਾਓ! ਪਾਓ!! ਪਾਓ!!!

ਉਹੋ ਧੁਨਿ ਵਪਾਰੀਦੇ ਗਲੇ ਤੋ ਆਰੰਭ ਹੋ ਗਈ:-

ਪਾਓ! ਪਾਓ!! ਪਾਓ!!!

ਇਹ ਧੁਨਿ 'ਪਾਓ' ਦੀ ਵਪਾਰੀ ਦੇ ਗਲੇ ਤੋਂ ਡਾਢੀ ਨਿਮ੍ਰਤਾ ਨਾਲ ਲਗ ਰਹੀ ਹੈ, ਸਿਰ ਵਪਾਰੀ ਦਾ ਚਰਨਾਂ ਕਮਲਾਂ ਤੇ ਪਿਆ ਹੈ ਤੇ ਉਸ ਦਾ ਆਪਾ ਬਿਨ ਜਾਣੇ ਚਰਨਾਂ ਹੇਠ ਵਿਛ ਰਿਹਾ ਹੈ।

ਕਿੰਨੇ ਚਿਰ ਮਗਰੋਂ ਦਾਤੇ ਗੁਰੂ ਜੀ ਨੇ ਹੇਠਾਂ ਵਲ ਤੱਕਿਆ, ਵਪਾਰੀ ਦੀ ਮਧੁਰ ਧੁਨੀ 'ਪਾਓ ਪਾਓ ਦੀ ਸੁਣੀ, ਉਸ ਦੇ ਕੰਬਦੇ, ਪਰ ਚਰਨਾਂ ਪਰ ਟਿਕੇ ਹੋਏ ਦੇ ਮੱਥੇ ਦੇ ਅੰਦਰ ਆਪਣੇ ਪਿਆਰ ਦੀ ਝਰਨਾਟ ਸਹੀ ਕੀਤੀ, ਉਸ ਦੀ ਨਿੰਮ੍ਰਤਾ ਭਰੀ ਅਰਜ਼ੋਈ:-

ਪਾਓ! ਪਾਓ!! ਪਾਓ!!!

ਥੱਰਾਟਾਂ ਛੇੜਨ ਵਾਲੀ ਅਨੁਭਵ ਕੀਤੀ, ਤੁਠੇ, ਤੇ ਐਸੇ ਤੁਠੇ ਕਿ ਉਸਦੇ ਸਿਰ ਤੇ ਹੱਥ ਧਰਿਆ ਤੇ ਫਿਰ ਅਰਸ਼ਾਂ ਵੱਲੇ ਤੱਕ ਉਚਰੇ ਹਾਂ:-

"ਪਾਓ, ਪਾਓ,
ਮਿਹਰ, ਮਿਹਰ, ਮਿਹਰ ਦੀ ਨਜ਼ਰ"

ਹਾਂ, ਦਾਤਾ ਗੁਰੂ ਜੀ ਦੀ ਇਸ ਪਿਆਰ ਭਰੀ ਪੁਕਾਰ ਦਾ ਕੀ ਅਸਰ ਪਿਆ:-

ਅਦਭੁਤ ਭਇਓ ਅਵਰ ਹੀ ਠਾਟਾ।
ਤਿਹ ਛਿਨ ਖੁਲ੍ਹਗੇ ਬਿਕਟ ਕਪਾਟਾ।
ਜਗਜੋ ਗਯਾਨ ਦੁਬਿਧਾ ਸਭ ਖੋਈ।
ਤੀਨ ਲੋਕ ਕੀ ਸੁਧ ਉਰ ਹੋਈ।

(ਗੁ: ਨ: ਪ੍ਰ:)

ਹਾਂ, ਕੁਛ ਛਿਨਾਂ ਪਹਿਲਾਂ ਜੋ ਲੂਣ ਮਿਰਚ ਦੀ ਸੋਝੀ ਵਾਲਾ ਤੱਕੜੀ ਵੱਟੇ ਲਈ ਚਾਰ ਪੈਸਿਆਂ ਦੇ ਮਗਰ ਭੱਜਾ ਜਾ ਰਿਹਾ ਸੀ, ਹੁਣ ਅਪਣੇ ਘਟ ਵਿਚ ਤੋਲਣਹਾਰ ਹੋ ਗਿਆ ਹੈ[੧]। ਉਥੇ ਹੁਣ ਤੁਲ ਰਿਹਾ ਹੈ 'ਆਪਾ' ਤੇ ਆਪੇ ਦਾ ਮਾਲਕ 'ਵਾਹਿਗੁਰੂ'। ਉਥੇ ਤੁਲ ਰਿਹਾ ਹੈ ਪਿਆਰ ਤੇ ਤੁਲ ਰਹੀਆਂ ਹਨ ਪਿਆਰ ਦੀਆਂ ਝਰਨਾਟਾਂ। ਹਾਂ, ਨਾਮ ਦਾ ਵੱਖਰ ਖੁੱਲ੍ਹਾ ਪਿਆ ਹੈ ਤੇ ਸੱਚ ਦਾ ਵਪਾਰ ਹੋ ਇਹਾ ਹੈ। ਉਸਦੇ ਲੂੰਆਂ ਤੇ ਜੀਭ ਪੁਰ ਨਾਮ ਦੀ ਝਰਨਾਟ ਹੈ। ਕਲੇਜੇ ਵਿਚ ਪਿਆਰ ਦੀ ਧੂਹ ਹੈ ਤੇ ਸਿਰ ਵਿਚ ਰਸ ਰੰਗ ਤੇ ਆਪੇ ਦਾ ਚਾਨਣਾ ਪੈਕੇ ਆਪਾ ਕਿਸੇ ਆਨੰਦ ਵਿਚ ਮਗਨ ਹੈ।

'ਪਾਓ' ਦੀ ਮਧੁਰ ਧੁਨਿ, 'ਪਾਓ ਦੀ ਅਰਸ਼ੀ ਅਰਦਾਸ, ਦੈਵੀ ਹਿਰਦੇ ਦੀ ਜਾਈ ਅਰਦਾਸ

---

[੧] ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥ (ਸੂਹੀ ਮ: ੧)

ਵਪਾਰੀ ਨੂੰ ਛੁਹ ਲਾ ਗਈ। ਉਸ ਦੀ ਅਰਦਾਸ 'ਪਾਓ' ਬਹੁਤ ਨੇੜੇ ਦੇ ਸੁਹਣੇ ਕੰਨਾਂ ਨੇ ਸੁਣੀ ਤੇ ਉਸ ਦੀ ਝੋਲੀ ਪੈ ਗਿਆ ਆਤਮ ਦਾਨ। ਆਤਮ ਖ਼ੈਰ ਨਾਲ ਝੋਲੇ ਭਰਕੇ ਵਪਾਰੀ ਸਰਸ਼ਾਰ ਹੋ ਰਿਹਾ ਹੈ। ਕੇਹਾ ਅਚਰਜ ਕੌਤਕ ਵਰਤਿਆ ਹੈ, ਮਿਹਰਾਂ ਦੇ ਹਿਸਾਬ ਕੌਣ ਕਰੇ। ਕਵਿ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਪ੍ਰਸ਼ਨ ਕਰਨੇ ਪਰ ਕਿ ਕਿਉਂ ਇਸ ਪਰ ਇਹ ਮਿਹਰ ਹੋ ਗਈ, ਇਸ ਨੇ ਕਿਹੜਾ ਅਭਿਆਸ ਕੀਤਾ ਸੀ ਕਿ ਬਿਜਲੀ-ਛੁਹ ਛੁਹਿੰਦੇ ਸਾਰ ਭਾਂਬੜ ਹੋ ਬਲਿਆ, ਤਾਂ ਸ੍ਰੀ ਗੁਰੂ ਜੀ ਨੇ ਉੱਤਰ ਦਿਤਾ:-

> ਪੂਰਬ ਜਨਮ ਪੁੰਨ ਇਸ ਕੇਰੇ॥ ਮਿਲਿ ਸਤਿ-ਸੰਗਤਿ ਕੀਨਿ ਘਨੇਰੇ॥ ਦੋਹਰਾ॥ ਦੀਪਕ ਬਾਤੀ ਤੇਲ ਯੁਗ ਪਾਵਕ ਲਾਵਨ ਦੇਰ॥ ਹੁਇ ਹੈ ਰੌਸ਼ਨ ਤੁਰਤ ਜਿਮ ਤਿਉਂ ਇਸਕੋ ਤੂੰ ਹੇਰ॥
> {ਸ੍ਰੀ ਗੁ: ਨਾ: ਪ੍ਰ:}

ਸਤਿਸੰਗ ਨਾਲ ਮਨ ਕਮਾਇਆ ਜਾਂਦਾ ਹੈ, ਉਸ ਵਿਚੋਂ ਮੈਲ ਉੱਗਰ ਉੱਗਰ ਕੇ ਦੂਰ ਹੁੰਦੀ ਹੈ, ਉਸ ਵਿਚ ਨਾਮ ਨੂੰ ਛੇਤੀ ਗ੍ਰਹਿਣ ਕਰਨ ਦੀ ਤਾਕਤ ਆ ਜਾਂਦੀ ਹੈ, ਜਦੋਂ ਹੀ ਕਿ ਮਨ ਕਿਸੇ ਕਾਰਨ ਅਭੇਦ ਅਰਦਾਸ ਵਿਚ ਆ ਗਿਆ, ਕਿਸੇ ਰੂਹਾਨੀ ਅਸਰ ਨਾਲ ਛੁਹ ਗਿਆ, ਕਿਸੇ ਅਦਭੁਤ ਕੌਤਕ ਨਾਲ ਰਗੜ ਖਾ ਗਿਆ, ਉਸੇ ਵੇਲੇ ਨਾਮ ਉਸ ਵਿਚ ਧਸ ਗਿਆ, ਨਾਮ ਦੇ ਅਭਿਆਸ ਨਾਲ ਮਨ ਆਸ ਅੰਦੇਸੇ ਤੇ ਭੈ ਭਰਮ ਤੋਂ ਨਿਕਲਦਾ ਹੈ ਤੇ ਸੱਚ ਵਿਚ ਟਿਕਕੇ ਆਪੇ ਦੇ ਰੰਗ ਵਿਚ ਆ ਜਾਂਦਾ ਹੈ[1]। ਏਥੇ ਤਾਂ ਵਪਾਰੀ ਨੂੰ ਮਿਲ ਪਏ ਅਰਸ਼ ਕੁਰਸ਼ ਦੇ ਦਾਤੇ, ਜਿਨ੍ਹਾਂ ਦੀ ਬਿਜਲੀ-ਛੁਹ ਨੇ ਤਾਰ ਦਿੱਤਾ, ਕਾਹਦੇ ਹਿਸਾਬ ਤੇ ਕਾਹਦੇ ਲੇਖੇ? ਰੂਹਾਨੀ ਅੱਗ ਲਗ ਗਈ ਤੇ ਸਾਰੇ ਕਰਮ ਭਸਮ ਹੋ ਗਏ।

ਵਪਾਰੀ ਸਤਿਗੁਰ ਦੇ ਉਪਦੇਸ਼ ਨਾਲ ਗੁਰਮੁਖ ਹੋਕੇ ਆਪਣੇ ਪਿੰਡ ਚਲਾ ਗਿਆ ਤੇ ਨਾਮ ਦੇ ਵਪਾਰ ਵਿਚ ਲਗ ਪਿਆ, ਆਪ ਜਪੇ ਤੇ ਹੋਰਨਾਂ ਨੂੰ ਜਪਾਵੇ।

੨.

**ਸ੍ਰੀ** ਗੁਰੂ ਜੀ ਉਥੋਂ ਟੁਰੇ, ਮਗਰੇ ਮਰਦਾਨਾ ਬੀ ਟੁਰ ਪਿਆ, ਇਕ ਭਾਰੀ ਉਜਾੜ ਆ ਗਈ, ਚੋਖਾ ਚਿਰ ਇਸਦੇ ਵਿਚੋਂ ਲੰਘਦੇ ਰਹੇ, ਤਦ ਮਰਦਾਨੇ ਨੇ ਆਖਿਆ: ਪਾਤਸ਼ਾਹ ! ਇਹ ਕੇਹੀ ਭਿਆਨਕ ਉਜਾੜ ਆਈ ਹੈ ਕਿ ਜੀ ਸਾਂਈਂ ਦਾ ਕਿਤੇ ਨਹੀਂ ਮਿਲਿਆ?

ਮਰਦਾਨੇ ਦਾ ਵਾਕ-

> ਸੁਨਿਕੈ ਬੋਲੇ ਕ੍ਰਿਪਾ ਨਿਧਾਨਾ:-
> ਇਹ ਨਹਿੰ ਲਖੋ ਉਜਾਰ ਮਹਾਨਾ।
> ਬਡੋ ਨਗਰ ਵਸਦੀ ਅਭਿਰਾਮੂ।
> ਸਿਮਰਨ ਹੋਇ ਜਹਾਂ ਸਤਿਨਾਮੂ ॥੩੬॥
> ਜਹਿ ਪਰਮੇਸ਼ੁਰ ਚਿੱਤ ਨ ਆਵੈ।
> ਸੋ ਵਸਦੀ ਉਦਿਆਨ ਲਖਾਵੈ।
> ਹਰਖ ਨ ਹੋਵੈ ਤਹਾਂ ਕਦਾਈਂ।
> ਜਹਾਂ ਨ ਕਬਹੁੰ ਪ੍ਰਭੂ ਗੁਨ ਗਾਈਂ।
> {ਗੁ: ਨਾ: ਪ੍ਰ:}

'ਮਰਦਾਨਿਆਂ ਉਹ ਉਜਾੜਾਂ ਵੱਸਦੀਆਂ ਹਨ, ਜਿਥੇ ਪਰਮੇਸ਼ੁਰ ਦਾ ਨਾਮ ਚਿਤ ਆਵੇ। ਓਹ ਵਸਤੀਆਂ ਭਯਾਨਕ ਹਨ ਜਿਥੇ ਪਰਮੇਸ਼ੁਰ ਜੀ ਤੋਂ ਵਿਸਾਰਾ ਤੇ ਪਾਪ ਦਾ ਵਾਸਾ ਹੈ। ਪਰਮੇਸ਼ੁਰ ਦੇ ਪ੍ਰੇਮ ਵਿਚ ਸਿੱਕਣ ਸੱਧਰਨ ਵਾਲਿਆਂ ਨੇ ਉਜਾੜਾਂ ਨੂੰ ਵਸਤੀਆਂ ਬਣਾਇਆ ਹੈ। ਜਿਥੇ ਭਾਗਾਂ ਵਾਲੇ; ਸ਼ੌਕਾਂ ਵਾਲੇ ਜਾ ਬੈਠੇ ਤੇ ਜਿਥੇ ਕਿਸੇ ਬੈਠਕੇ ਸਾਂਈਂ ਦੀ ਯਾਦ ਕੀਤੀ ਸੋ ਜਾਈਂ ਸੁਭਾਗ ਹੋ ਗਈਆਂ

ਇਹ ਕਹਿੰਦਿਆ ਆਪ ਦੇ ਨੈਣ ਪ੍ਰੇਮ ਰੰਗ ਨਾਲ ਭਰਕੇ ਜਲ ਲੈ ਆਏ ਤੇ ਮਿੱਠੇ ਸਾਂਈਂ ਦੇ ਕੀਰਤਨ ਨਾਲ ਥਰਰ ਥਰਰ ਕਰਨ ਵਾਲੇ ਸੁਰੀਲੇ ਗਲੇ ਤੋਂ ਇਲਾਹੀ ਨਾਦ ਹੋਇਆ, ਆਸਾ ਰਾਗ ਦੀ ਮਧੁਰ ਸੁਰ ਵਿਚ:-

> ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ॥ਤੇਰੇ

[1] ਨਾਮ ਕਿਵੇਂ ਮਨ ਦੀ ਮੈਲ ਧੋਂਦਾ ਹੈ ਤੇ ਕਿਵੇਂ ਸਾਂਈਂ ਨਾਲ ਮੇਲਦਾ ਹੈ, ਤੇ ਕਮਾਏ ਮਨ ਕਿਵੇਂ ਸਿਮਰਣ ਵਿਚ ਛੇਤੀ ਜਾਂਦੇ ਹਨ ਤੇ ਨਾ ਕਮਾਏ ਮਨ ਕੀਕੂੰ ਨਾਮ ਜਪਨ ਨਾਲ ਸਿਮਰਨ ਵਿਚ ਜਾਂਦੇ ਹਨ, ਇਸ ਵੇਰਵੇ ਲਈ ਪੜੋ ਭਾਈ ਝੰਡੇ ਦਾ ਪ੍ਰਸੰਗ, ਜੋ ਇਸੇ ਗ੍ਰੰਥ ਵਿਚ ਅੱਗੇ ਜਾ ਕੇ ਆਵੇਗਾ।(ਪੰਨਾ ੨੬੨)

ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਈ ਤੇਰੇ ਗੁਣ ਕੇਤੇ ॥੧॥ ਰਹਾਉ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥ ਪੀਰ ਪੈਕਾਂਬਰ ਸਾਲਿਕ ਸਦਿਕ ਛੋਡੇ ਦੁਨੀਆ ਥਾਇ ਪਏ॥੨॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ॥ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

{ਆਸਾ:ਮ:੧}

ਇਹ ਸ਼ਬਦ ਐਸੇ ਵੈਰਾਗ ਦਾ ਨਕਸ਼ਾ ਬੰਨ੍ਹ ਦੇਣ ਵਾਲੀ ਸੁਰ ਵਿਚ ਗਾਂਵਿਆਂ ਗਿਆ ਕਿ ਮਰਦਾਨੇ ਦੇ ਨੈਣਾਂ ਅੱਗੇ ਵਾਹਿਗੁਰੂ ਜੀ ਦੇ ਸ਼ੌਕ ਦਾ ਨਕਸ਼ਾ ਫਿਰ ਗਿਆ, ਵਣ ਤਿਣ ਐਉਂ ਭਾਸਣ ਕਿ ਸ਼ਾਂਈਂ ਦੇ ਮਿਲਾਪ ਲਈ ਤਰਲੇ ਲੈ ਰਹੇ ਹਨ। ਬਨ ਮਾਨੋਂ ਸਾਂਈਂ ਦੇ ਜਗਜਾਸੂਆਂ ਢੂੰਡਾਊਆਂ ਤੇ ਪਿਆਰ ਵਾਲਿਆਂ ਦੇ ਜਤਨਾਂ ਨਾਲ ਭਰਪੂਰ ਹੈ ਤੇ ਰੰਗ ਰੰਗ ਦੇ ਪਿਆਰ-ਭੌਰੇ ਤਰਲੇ ਲੈਣ ਵਿਚ ਰੂਪਧਾਰੀ ਹੋ ਰਹੇ ਹਨ। ਜਦ ਤਕ ਆਪ ਗਾਉਂਦੇ ਰਹੇ ਮਰਦਾਨਾ ਇਸ ਸੁਆਦ ਵਿਚ ਮਗਨ ਬੈਠਾ ਰਿਹਾ, ਜਦ ਸ਼ਬਦ ਬੰਦ ਹੋਇਆ ਤਾਂ ਕਿੰਨਾ ਚਿਰ ਮਗਰੋਂ ਨੈਣ ਖੁੱਲ੍ਹੇ। ਇਕ ਲੰਬਾ ਸਹੂਲਤ ਵਾਲਾ ਸਾਹ ਮਰਦਾਨੇ ਨੇ ਲੈਕੇ ਚਾਰ ਚੁਫੇਰੇ ਤੱਕਿਆ ਤੇ ਆਪਣੇ ਦਾਤਾ ਜੀ ਦੇ ਚਰਨਾਂ ਵੱਲ ਵੇਖਕੇ ਆਖਿਆ–

ਸੁਹਾਣ ਤੇਰੇ ਸ਼ੌਕ ਨੂੰ ! ਸੁਹਾਣ ਤੇਰੇ ਰੰਗ ਨੂੰ!!

ਕੁਛ ਚਿਰ ਮਗਰੋਂ ਅਗੇਰੇ ਟੁਰ ਪਏ। ਉਜਾੜ ਮੁੱਕ ਗਈ, ਕੁਦਰਤ ਦੀ ਕੰਵਾਰੀ ਸੁੰਦਰਤਾ ਸਮਾਪਤ ਹੋ ਗਈ, ਅੱਗੇ ਹੁਣ ਹਰੀਆਂ ਹਰੀਆਂ ਜੂਹਾਂ, ਪਰ ਟਾਂਵੀਆਂ ਟਾਂਵੀਆਂ ਆ ਗਈਆਂ। ਥੋੜੀ ਜਿਹੀ ਵਸੋਂ ਆ ਗਈ। ਇਹ ਪਿੰਡ ਠੱਗਾਂ ਬਦਮਾਸ਼ਾਂ ਦੀ ਵਸਤੀ ਸ੍ਰੀ। ਲਗ ਪਗ ਸਾਰੇ ਜਾਂ ਬਹੁਤੇ ਇਹੋ ਕਾਰ ਕਰਦੇ ਸਨ: ਲੋਕਾਂ ਨੂੰ ਠਗਣਾ, ਲੁੱਟਣਾ, ਮਾਰਨਾ ਤੇ ਫੇਰ ਥਹੁ ਨਾ ਲੱਗਣ ਦੇਣਾ।

ਵਸਤੀ ਵੇਖਕੇ ਸਤਿਗੁਰਾਂ ਬਚਨ ਕੀਤਾ: ਲੈ ਭਲੇ ਸਾਥੀਆ! ਉਜਾੜ ਤਾਂ ਮੁੱਕੀ ਤੇ ਹੁਣ ਤੱਕ ਵਸਤੀ ਆਈ । ਰਾਤ ਇੱਥੇ ਬਿਸਰਾਮ ਕਰੀਏ। ਮਰਦਾਨੇ ਕਿਹਾ-ਸਤਿ ਬਚਨ, ਭਲੀ ਗਲ ਹੈ। ਸ੍ਰੀ ਗੁਰੂ ਜੀ ਬੋਲੇ-ਚਲ ਮਰਦਾਨਿਆਂ ਤੇ ਦੇਖ ਕਰਤਾਰ ਦੇ ਰੰਗ ! ਵਸਤੀ ਤੇ ਉਜਾੜ ਦਾ ਵੇਰਵਾ।

ਇਸ ਤਰ੍ਹਾਂ ਹਾਸ ਬਿਲਾਸ ਕਰਦੇ ਜਾ ਵੜੇ ਵੱਸੋਂ ਵਿਚ। ਇਕ ਘਰ ਅੱਗੇ ਗਏ ਹੀ ਸਨ ਕਿ ਉਸਦੇ ਰਹਿਣ ਵਾਲੇ ਨੇ ਤੱਕਕੇ ਖੁਸ਼ੀ ਕੀਤੀ ਤੇ ਆਖਿਆ "ਆਓ ਭਲੇ ਜੀਓ, ਇਹ ਘਰ ਆਪਦਾ ਹੈ, ਇੱਥੇ ਟਿਕਾਣਾ ਕਰੋ, ਰਾਤ ਅਰਾਮ ਪਾਓ, ਜੋ ਕੁਛ ਹਾਜ਼ਰ ਹੈ ਖਾਓ ਪੀਓ, ਥਕੇਵਾਂ ਲਾਹ ਕੇ ਸਵੇਰੇ ਅੱਗੇ ਟੁਰ ਪੈਣਾ॥" ਗੁਰੂ ਜੀ ਮੁਸਕ੍ਰਾਏ ਤੇ ਉੱਥੇ ਡੇਰਾ ਲਾ ਦਿੱਤਾ। ਮਰਦਾਨਾ ਬੀ ਬਹਿ ਗਿਆ, ਪਰ ਬੁਝੇ ਚਿੱਤ।

ਬਾਕੀ ਦੇ ਠੱਗਾਂ ਨੂੰ ਪਤਾ ਲੱਗਾ ਤਾਂ ਉਸ ਠੱਗ ਨੂੰ ਵੱਖ ਲੈ ਗਏ ਤੇ ਆਪੋ ਵਿਚ ਆਖਣ ਲਗੇ :-

"ਜੋਤ ਲਿਲਾਰ[1] ਬੜੀ ਇਹ ਕੇ
ਧਨ ਹੈ ਬਹੁੰ ਪਾਸ ਚਲਜੋ ਕਿਹ ਥਾਂਈਂ।
ਲੇਹੁ ਸਭੈ, ਨਾ ਦੁਰਾਵਹੁ ਸੋ
ਹਮ ਭੋਰ ਭਈ ਧਨ ਲੇਹਿੰ ਬਟਾਈ॥

{ਨਾ:ਪ੍ਰ:}

ਇਉਂ ਪੱਕੀਆਂ ਪਕਾ ਕੇ ਆਪੋ ਆਪਣੀਆਂ ਢੋਕਾਂ ਵਿਚ ਚਲੇ ਗਏ। ਜਿਸ ਦੇ ਘਰ ਸਤਿਗੁਰ ਜੀ ਰਹੇ ਸਨ, ਓਹ ਤਰਕੀਬਾਂ ਸੋਚਣ ਬਹਿ ਗਿਆ ਕਿ ਰਾਤ ਜਦ ਸੌਂ ਜਾਣਗੇ ਤਾਂ ਐਉਂ ਇਨ੍ਹਾਂ ਦੇ ਕਪੜੇ ਲੱਤੇ ਦੀ ਤਲਾਸ਼ੀ ਕਰਸਾਂ। ਐਉਂ ਧਨ ਹਰ ਲੈਸਾਂ, ਜੇ ਜਾਗ ਪਏ ਤਾਂ ਐਉਂ ਕਰਸਾਂ । ਪਰੰਤੂ ਸਾਂਈ ਦੀ ਭਾਵੀ ਐਸੀ ਵਰਤੀ ਕਿ ਉਹ ਪੈਂਦੇ ਸਾਰ ਘੂਕ ਸੌਂ ਗਿਆ ਤੇ ਸਾਰੇ ਸਾਥੀ, ਜਿਨ੍ਹਾਂ ਨੇ ਉਸ ਦੀ ਮਦਦ ਕਰਨੀ ਸੀ, ਉਹ ਬੀ ਸੌਂ ਗਏ। ਸੁੱਤੇ ਐਸੇ ਕਿ ਸੂਰਜ ਚੜ੍ਹੇ ਤੱਕੇ ਵਸਤੀ ਵਿਚੋਂ ਕਿਸੇ ਦੀ ਜਾਗ ਨਾ ਖੁੱਲ੍ਹੀ। ਆਪ ਸ੍ਰੀ ਗੁਰੂ ਜੀ ਤੇ ਮਰਦਾਨਾ ਕੁਛ ਰਾਤ ਕੀਰਤਨ ਵਿਚ ਰਹੇ, ਫਿਰ ਆਰਾਮ ਕੀਤਾ। ਤੜਕੇ ਉੱਠਕੇ ਖੂਹ ਤੇ ਇਸ਼ਨਾਨ ਪਾਣੀ ਕੀਤਾ ਤੇ ਆਪਣੇ

---

[1] ਪੁ: ਜ: ਸਾਖੀ ਵਿਚ ਠੱਗਾਂ ਦੀ ਬਾਤ ਚੀਤ ਗੁਰੂ ਸਾਹਿਬਾਂ ਦੀ ਇਲਾਹੀ ਸੁਦੰਰਤਾ ਬਾਬਤ ਐਉਂ ਲਿਖੀ ਹੈ :- "ਜਿਸ ਦੇ ਮੁਹਿ ਵਿਚ ਐਸੀ ਜੋਤਿ ਹੈ ਸੋ ਖਾਲੀ ਨਹੀ, ਇਸ ਦੇ ਪੱਲੇ ਬਹੁਤ ਦੁਨੀਆਂ ਹੈ, ਪਰ ਗੁੱਝੀ ਹੈ। "

ਦਾਤੇ ਦੇ ਰੰਗਾਂ ਨੂੰ ਵੇਖਦੇ, ਸਾਰੇ ਸੁਤਿਆਂ ਨੂੰ ਛੱਡ ਕੇ, ਟੁਰ ਪਏ! ਰਾਹ ਵਿਚ ਮਰਦਾਨੇ ਨੇ ਪੁੱਛਿਆ: ਪਾਤਸ਼ਾਹ! ਇਨ੍ਹਾਂ ਨੂੰ ਕੈਸੀ ਨੀਂਦ ਵਾਪਰੀ? ਆਪ ਨੇ ਫੁਰਮਾਇਆ-'ਮਰਦਾਨਿਆਂ! ਇਹ ਸਾਂਈਂ ਦੀ ਪਾਈ ਨੀਂਦ ਹੈ, ਜੋ ਦੁਰਾਚਾਰੀਆਂ ਨੂੰ ਘੇਰੀ ਰੱਖਦੀ ਹੈ'।ਜਾਗਣਾ ਤਾਂ ਸਾਂਈਂ ਨੇ ਆਪਣੇ ਸ਼ੌਕ ਵਾਲਿਆਂ ਨੂੰ ਦਿੱਤਾ ਹੈ ਤੇ ਸੁਹਾਵੀ ਨੀਂਦ ਬੀ ਉਨ੍ਹਾਂ ਨੂੰ ਹੀ ਬਖਸ਼ੀ ਹੈ ।ਮੰਦ ਕਰਮੀ ਪਾਪ ਲਈ ਜਾਗਦੇ ਹਨ ਤੇ ਥਕੇਵੇਂ ਵਿਚ ਸੌਂ ਜਾਂਦੇ ਹਨ। '

ਗੁਰੂ ਜੀ ਤੇ ਮਰਦਾਨਾ ਕੁਛ ਪੰਧ ਲੰਘ ਗਏ ਤਾਂ ਠੱਗਾਂ ਦੀ ਜਾਗ ਖੁੱਲ੍ਹੀ। ਸਾਰੇ ਉਸ ਦੇ ਘਰ ਆ ਜੁੜੇ, ਜਿਸਦੇ ਘਰ ਆਪ ਟਿਕੇ ਸਨ ਤੇ ਕਹਿਣ ਲਗੇ ਕਿ ਮਾਲ ਮਤਾ ਕੱਢ ਕੇ ਸਾਨੂੰ ਹਿੱਸੇ ਪਰਤੀ ਵੰਡ ਦੇਹ। ਉਸ ਨੇ ਆਖਿਆ: ਜਿਵੇਂ ਤੁਸੀਂ ਹੁਣ ਜਾਗੇ ਹੋ ਮੈਂ ਬੀ ਰਾਤ ਦਾ ਪਿਆ ਹੁਣ ਜਾਗਿਆ ਹਾਂ, ਉਹ ਮੁਸਾਫਰ ਤਾਂ ਸਾਡੇ ਸੁੱਤੇ ਪਿਆਂ ਹੀ ਟੁਰ ਗਏ ਹਨ। ਰਾਤ ਤਾਂ ਕੋਈ ਐਸੀ ਦਬਵੀਂ ਨੀਂਦ ਪਈ ਹੈ ਕਿ ਜਾਗ ਹੀ ਨਹੀਂ ਖੁੱਲ੍ਹੀ, ਪਤਾ ਨਹੀਂ ਕੋਈ ਸਾਨੂੰ ਭੰਗ ਪਿਲਾ ਗਿਆ ਕਿ ਉਹ ਮੁਸਾਫਰ ਕੋਈ ਸਿਹਰੀ[1] ਸਨ।

ਪਰ ਦੂਜੇ ਠੱਗ ਮੰਨਦੇ ਨਹੀਂ ਸਨ, ਓਹ ਕਹਿੰਦੇ ਸਨ ਕਿ ਤੂੰ ਸਾਰਾ ਮਾਲ ਤੱਲ ਕਰ ਲਿਆ ਹੈ, ਉਨ੍ਹਾਂ ਨੂੰ ਤੂੰ ਕਿਤੇ ਐਸਾ ਮਾਰ ਮੁਕਾਕੇ ਲੁਕਾਇਆ ਹੈ ਕਿ ਸਾਨੂੰ ਭੀ ਥਹੁ ਨਾ ਪਵੇ। ਇਸ ਤਰ੍ਹਾਂ ਝਗੜਾ ਵਧਦਾ ਗਿਆ, ਓਹ ਮੰਗਣ, ਉਹ ਕੰਨਾਂ ਤੇ ਹੱਥ ਧਰੇ ਤੇ ਫੇਰ ਉਹ ਕਹਿਣ:-

> ਹਾਥ ਲਗਜੋ ਬਹੁਤੋ ਧਨ ਤੋਕਹੁ, ਲਾਲਚ ਧਾਰ ਕੇ ਲੀਨ ਛਪਾਈ। ਸੁ ਨਹਿ ਛੋਡਹਿੰ ਕੈਸੇ ਕਰੋ, ਤੁਮ ਪਾਸ ਹਮਾਰੇ ਤੇ ਲੇਤ ਸਦਾਈ। ਕਿਉਂ ਅਬ ਤੂਸ਼ਨ ਬੈਠ ਰਹਾ ? ਸਭ ਕਾਢਿ ਨਿਕੇਤ ਤੇ ਦੇਹੁ ਦਿਖਾਈ। (ਨਾ: ਪ੍ਰ:)

ਉਸ ਨੇ ਜਦ ਡਿੱਠਾ ਕਿ ਮੇਰੀ ਪੇਸ਼ ਨਹੀਂ ਜਾਂਦੀ ਤਦ ਆਪਣੇ ਪੀਰ ਠੱਗ ਦੀ ਸਹੁੰ ਚਾਈ, ਇਸ ਪਰ ਸਾਰਿਆਂ ਨੂੰ ਅਮੰਨਾ ਆ ਗਿਆ। ਹੁਣ ਸਾਰੇ ਤਿਆਰ ਹੋ ਪਏ ਤੇ ਲੱਗੇ ਪਿੰਡ ਦੇ ਬਾਹਰ ਖੋਜ ਲੱਭਣ। ਜਦ ਖੋਜ ਲੱਭ ਪਿਆ ਤਾਂ ਕੁਛ ਬਹੁਤ ਤਕੜੇ ਜੁਆਨ ਖੋਜ ਦੇ ਮਗਰ ਲੱਗਕੇ ਭੱਜ ਪਏ। ਕੁਛ ਕਹਾਂ ਪਰ ਸ੍ਰੀ ਗੁਰੂ ਜੀ ਤੇ ਮਰਦਾਨੇ ਨੂੰ ਜਾ ਮਿਲੇ।

[1] ਜਾਦੂਗਰੀ ਵਾਲੇ ।

### ੩.

ਜਦ ਠੱਗਾਂ ਨੇ ਦੂਰ ਜਾਂਦਿਆਂ ਨੂੰ ਤੱਕ ਲਿਆ ਤਾਂ ਲਲਕਾਰ ਕੇ ਬੋਲੇ: ਖੜੇ ਰਹੋ, ਕਿੱਥੇ ਜਾਂਦੇ ਹੋ?

ਅਵਾਜ਼ ਸੁਣਕੇ ਜਗਤ ਤਾਰਕ ਗੁਰੂ ਜੀ ਨੇ ਮੁੜਕੇ ਪਿੱਛੇ ਤੱਕਿਆ ਤੇ ਖੜੋ ਗਏ। ਮਰਦਾਨੇ ਕੁਛ ਭਿਆਨਕ ਆਦਮੀ ਆਪਣੇ ਵਲ ਆਉਂਦੇ ਦੇਖ ਕੇ ਭੈ ਖਾਧਾ ਤੇ ਕਹਿਣ ਲੱਗਾ:-ਇਹ ਬੱਟਮਾਰ ਨਜ਼ਰੀ ਪੈਂਦੇ ਹਨ, ਸਾਡੇ ਪਾਸ ਹੈ ਤਾਂ ਕੁਛ ਨਹੀਂ, ਇਨ੍ਹਾਂ ਨੂੰ ਦੱਸ ਦੇਈਏ ਤੇ ਖਹਿੜਾ ਛੁੱਟੇ। ਮੇਰਾ ਰਬਾਬ ਹੈ, ਸੋ ਇਨ੍ਹਾਂ ਬੇਸੁਰਿਆਂ ਦੇ ਕਿਸੇ ਕੰਮ ਨਹੀਂ, ਜੇ ਲੈਣ ਤਾਂ ਜੀ ਸਦਕੇ ਦੇ ਕੇ ਇਨ੍ਹਾਂ ਭੂੰਡਾਂ ਨੂੰ ਮਗਰੋਂ ਲਾਹੀਏ।

ਸ਼ਾਹਾਂ ਦੇ ਪਾਤਸ਼ਾਹ ਸੁਣ ਕੇ ਮੁਸਕ੍ਰਾਏ ਤੇ ਕਹਿਣ ਲੱਗੇ:_

ਮਰਦਾਨਿਆ! ਵੇਖ ਕਰਤਾਰ ਦੇ ਰੰਗ ! ਸਾਨੂੰ ਠੱਗਦੇ ਹਨ ਕਿ ਠੱਗੇ ਜਾਂਦੇ ਹਨ !.. ਹਾਂ ! -ਜਿਸ ਸਾਡੇ ਮਗਰ ਠੱਗ ਲਾਏ ਹਨ ਤਾਂ ਉਹ ਆਪ ਸਾਡੀ ਰਾਖੀ ਲਈ ਬੀ ਆਇਆ ਜਾਣ ।

ਮਰਦਾਨਾ ਚੰਗਾ ਸਤਿਸੰਗੀ ਪੁਰਖ ਸੀ, ਪਰ ਉਸ ਵਿਚ ਉਹ ਧੈਰਯ ਤਾਂ ਨਹੀਂ ਸੀ ਜੋ ਅਰਸ਼ੀ ਜੋਤਿ ਵਿਚ ਸੀ। ਬਚਨ ਸੁਣਕੇ ਕੁਛ ਧੀਰਜ ਆ ਤਾਂ ਗਿਆ ਤੇ ਜਿੰਨਾ ਕੁ ਦਿਲ ਕਾਹਲਾ ਪਿਆ ਸੀ ਉਸ ਤੋਂ ਕੁਛ ਖੜੋ ਬੀ ਗਿਆ ਤੇ ਸਾਂਈਂ ਦੀ ਯਾਦ ਆਧਾਰ ਹੋ ਖਲੋਤੀ, ਪਰ ਫਿਰ ਬੀ ਜ਼ਰਾ ਅਗੇਰੇ ਹੋਕੇ ਸਤਿਗੁਰਾਂ ਦੇ ਪਾਸ ਵਾਰ ਆ ਖਲੋਤਾ।

ਠੱਗਾਂ ਨੇ ਅੱਗੇ ਵਧਕੇ ਕੁਛ ਵੱਧ ਘੱਟ ਆਖਿਆ, ਪਰ ਜਿਉਂ ਜਿਉਂ ਨੇੜੇ ਆਏ ਕੁਛ ਹੋਰਵੇਂ ਹੁੰਦੇ ਗਏ। ਜਦ ਕੋਲ ਆ ਖੜੋਤੇ ਤਾਂ ਪੁਰਾਤਨ ਜਨਮ-ਸਾਖੀ ਵਿਚ ਲਿਖਿਆ ਹੈ ਕਿ 'ਤਬਿ ਦਰਸ਼ਨ ਦੇਖਣੇ ਨਾਲ ਸਭ ਆਇ ਅੰਦਰਹੁ ਨਿਬਲ ਭਏ।

ਜਦ ਓਹ ਘੇਰਾ ਪਾਕੇ ਖੜੋ ਗਏ ਤਾਂ ਸਤਿਗੁਰਾਂ ਪੁੱਛਿਆ:-ਤੁਸੀਂ ਕੌਣ ਹੋ? ਉਨ੍ਹਾਂ ਵਿਚੋਂ ਇਕ ਨੇ ਆਖਿਆ:-ਅਸੀਂ ਮਾਰਿਆ ਪਹਿਲੇ ਕਰਦੇ ਹਾਂ ਤੇ ਲੁੱਟਿਆ ਪਿਛੋਂ ਕਰਦੇ ਹਾਂ। ਅਸੀਂ ਐਸੀ ਸ਼੍ਰੇਣੀ ਦੇ ਠੱਗ ਹਾਂ। ਤੁਸੀਂ ਧਨਵਾਨ ਹੋ, ਰਾਤ ਚੁਪ ਕਰਕੇ

ਰਹਿਕੇ ਸਵੇਰੇ ਖਿਸਕ ਆਏ ਹੋ, ਅਸਾਂ ਤੁਹਾਨੂੰ ਮਾਰ ਦੇਣਾ ਹੈ ਜੋ ਕੁਛ ਪਾਸ ਹੈ ਲੁੱਟ ਲੈਣਾ ਹੈ।

ਮਰਦਾਨਾ ਕੁਛ ਬੋਲਣ ਵੱਲ ਉੱਮਲਦਾ ਸੀ, ਪਰ ਦਾਤਾ ਜੀ ਦੀ ਅਹਿੱਲ ਕ੍ਰਾਂਤੀ ਵੇਖਕੇ ਰੁਕ ਜਾਂਦਾ ਸੀ।

ਗੁਰੂ ਜੀ ਨੇ ਠੱਗਾਂ ਵਲ ਤੱਕ ਕੇ ਕਿਹਾ-ਭਲਾ ਹੋਵੇ ਨੇ ਮਾਰੋ, ਜੀਉ ਸਦਕੇ ਮਾਰੋ , ਪਰ ਇਕ ਕੰਮ ਕਰਿਆ ਜੇ, ਸਾਨੂੰ ਮਾਰਕੇ ਸੱਟ ਨਾ ਜਾਇਆ ਜੇ। ਇਹ ਬਨ ਹੈ, ਕਾਠ ਬਹੁਤ ਪਿਆ ਹੈ, ਸਾਨੂੰ ਮਾਰਕੇ ਅਗਨੀ ਦਾ ਦਾਗ਼ ਦੇਕੇ ਜਾਇਆ ਜੇ, ਜੋ ਸਰੀਰ ਭਸਮ ਹੋ ਜਾਣ। ਤੁਸਾਂ ਲਈ ਵੀ ਭਲਾ ਹੈ, ਜੋ ਖੁਰਾ ਖੋਜ ਸਾਰਾ ਮਿਟ ਜਾਏਗਾ, ਕੋਈ ਸੂੰਹ ਸੁਰਾਗ਼ ਨਾ ਲਗ ਸਕੇਗਾ।

ਤਦ ਇਕ ਠੱਗ ਨੇ ਕਿਹਾ-ਦਾਹ ਦਿਓ ਸੂ! ਕੌਣ ਪਿੱਟਣੇ ਕਰੇ? ਸ਼ਸਤ੍ਰ ਹੀਨ ਹੈ, ਆਓ ਮਾਰੋ, ਕਰੋ ਦੂਰ, ਕੌਣ ਅੱਗਾਂ ਲੱਭਦਾ ਫਿਰੇ ਤੇ ਦਾਗ਼ ਦਿੰਦਾ ਫਿਰੇ।

ਪਰ ਦੂਸਰੇ ਇਕ ਹੋਰ ਠੱਗ ਨੇ ਠਿਠੰਬਰ ਕੇ ਕਿਹਾ ਕਿ ਕਦੇ ਸਾਡੇ ਦਿਲ ਨੇ ਐਸੀ ਝਿਜਕ ਨਹੀਂ ਸੀ ਖਾਧੀ ਜੋ ਅੱਜ ਖਾ ਰਿਹਾ ਹੈ, ਸੋਚ ਤਾਂ ਲਓ। ਕਦੇ ਕਿਸੇ ਸਾਨੂੰ ਖੁਸ਼ੀ ਨਾਲ ਨਹੀਂ ਸੀ ਆਖਿਆ ਕਿ ਬੇਸ਼ਕ ਮਾਰ ਲਓ। ਮਰਨ ਵੇਲੇ ਸਭ ਰੋਂਦੇ ਹਨ, ਵਾਸਤੇ ਪਾਉਂਦੇ ਹਨ, ਹੱਥ ਜੋੜਦੇ ਹਨ। ਕਦੇ ਕੋਈ ਸੂਰਮਾ ਮਿਲਦਾ ਹੈ ਉਹ ਬੀ ਘਾਬਰ ਕੇ ਤੇ ਜੀ ਭਿਆਣਾ ਹੋਕੇ ਲੜਨ ਨੂੰ ਉਠਦਾ ਹੈ ਤੇ ਮਸਾਂ ਮਸਾਂ ਮਾਰੀਦਾ ਹੈ। ਸਾਰੇ 'ਹਾਇ ਨਾ ਮਰੀਏ' ਦੇ ਜਤਨ ਵਿਚ ਹੁੰਦੇ ਹਨ। ਇਹ ਕੌਣ ਹੈ ਜੋ ਹੱਸਕੇ ਮਰਨਾ ਕਬੂਲਦਾ ਹੈ ਤੇ ਮਰਨਾ ਕਬੂਲਦਾ ਡਰਦਾ, ਝਕਦਾ ਝਿਜਕਦਾ ਨਹੀਂ, ਇਸ ਦੀ ਗੱਲ ਤਾਂ ਸਾਰੀ ਸੁਣ ਲਓ। ਨਾਲੇ ਜੇ ਮਾਰਕੇ ਸਾੜ ਦੇਈਏ ਤਾਂ ਗੱਲ ਸਚੀ ਕਹਿੰਦਾ ਹੈ, ਸਾਡਾ ਵੀ ਭਲਾ ਹੈ, ਖੋਜ ਮੂਲੋਂ ਮਿਟ ਜਾਏਗਾ ਤੇ ਜੇ ਸੋਚੀਏ ਕਿ ਇਹ ਬਹਾਨਾ ਕਰਦਾ ਹੈ ਤਾਂ ਸਾਥੋਂ ਭੱਜਕੇ ਕਿੱਥੇ ਜਾ ਸਕਦਾ ਹੈ[੧] । ਅਸੀਂ ਬਹੁਤੇ ਤੇ ਸ਼ਸਤ੍ਰਾਂ ਵਾਲੇ ਹਾਂ। ਚਲੋ ਅੱਗ ਕਿਤੋਂ ਲੈ ਆਵੀਏ ਦੋ ਜਣੇ ਤੇ ਬਾਕੀ ਦੇ ਘੇਰਾ ਪਾਕੇ ਖੜੋਤੇ ਰਹੋ।

ਪ੍ਰ:ਜ: ਸਾਖੀ-'ਅਸਾਂ ਤੇ ਕਹਾਂ ਜਾਂਦਾ ਹੈ।'

ਇਕ ਹੋਰ ਠੱਗ-ਪਰ ਅੱਗ ਕਿੱਥੇ ਹੈ, ਕਿਥੋਂ ਢੂੰਡਣ ਜਾਵਾਂਗੇ? ਕਿਉਂ ਮਰਦਊ ਛੱਡੀ ਜਾਂਦੇ ਹੋ?

ਇਕ ਹੋਰ ਠਗ-ਇਨ੍ਹਾਂ ਨੂੰ ਹੀ ਪੁੱਛੋ ਅੱਗ ਕਿੱਥੇ ਹੈ?

ਤਾਂ ਸਤਿਗੁਰ ਨੇ ਇਕ ਪਾਸੇ ਵੱਲ ਤੱਕਕੇ ਉਨ੍ਹਾਂ ਨੂੰ ਕਿਹਾ, ਔਹ ਤੱਕੋ ਉਧਰ ਧੂੰ ਉਠ ਰਿਹਾ ਹੈ, ਉਥੋਂ ਲੈ ਆਓ ਤੇ ਅਸੀਂ ਇਥੇ ਖੜੇ ਹਾਂ, ਲਕੜਾਂ ਪਈਆਂ ਹਨ ਬਨ ਦੀਆਂ, ਬਾਕੀ ਦੇ ਪਾਸ ਖੜੇ ਰਹੋ।

ਜਿਸ ਠੱਗ ਨੂੰ ਇਹ ਗੱਲ 'ਮਾਰਕੇ ਦਾਹ ਕਰਨ' ਦੀ ਪਸੰਦ ਆਈ ਸੀ ਉਹ ਅੱਗ ਵੱਲ ਉਠ ਦੌੜਿਆ' ਨਾਲ ਇਕ ਦੋ ਹੋਰ ਲੈ ਲਏ। ਜਦ ਇਹ ਥੋੜੀ ਦੂਰ ਗਏ ਤਾਂ ਕੀ ਦੇਖਣ ਕਿ ਇਕ ਆਦਮੀ ਨਗਨ[੧] ਹੈ, ਉਸ ਨੂੰ ਕੁਛ ਆਦਮੀ ਪਕੜਕੇ ਲੈ ਜਾ ਰਹੇ ਹਨ, ਜਿਵੇਂ ਕੋਈ ਕੈਦੀ ਨੂੰ ਲੈ ਜਾਂਦਾ ਹੈ। ਇਹ ਦਿਖਾਵਾ ਓਹਨਾਂ ਨੂੰ ਦਿੱਸੇ ਭਲੀਵੇ, ਪਰ ਜਦ ਗਹੁ ਕਰਨ ਤਾਂ ਖੜਾ ਕੁਝ ਨਾ ਦਿੱਸੇ; ਪਰ ਫਿਰ ਓਹੋ ਨਕਸ਼ਾ ਸਾਫ ਸਾਫ ਨਜ਼ਰ ਪਵੇ।

ਇਸ ਤਰ੍ਹਾਂ ਜਦ ਅੱਗ ਪਾਸ ਪਹੁੰਚੇ ਤਾਂ ਉਹ ਚਿਖਾ ਸੀ, ਜਿਸ ਨੂੰ ਅੱਗ ਹੁਣੇ ਲਾਕੇ ਮੁਰਦੇ ਨੂੰ ਬਾਲਣ ਵਾਲੇ ਗਏ ਜਾਪਦੇ ਸਨ। ਇਕ ਠੱਗ ਨੇ ਅਗੇ ਵਧਕੇ ਡਾਂਗ ਨਾਲ ਬੁਹੜੀ ਅੱਗ ਕੱਢ ਲਈ ਤੇ ਲੈਕੇ ਪੈਰ ਪਿੱਛੇ ਪਾਏ, ਤਾਂ ਕੀਹ ਦੇਖਣ ਕਿ ਉਹੋ ਮਨੁੱਖ ਜੋ ਕੈਦੀ ਵਾਂਙੂ ਜਾਪਦਾ ਸੀ ਹੁਣ ਕਿਸੇ ਅਮੀਰੀ ਠਾਠ ਵਿਚ ਹੈ ਤੇ ਸਤਿਕਾਰ ਨਾਲ ਦੋ ਚਾਰ ਬੰਦੇ ਗਿਰਦ ਹਨ। ਪਹਿਲੇ ਜੋ ਕੈਦ ਕਰਨ ਵਾਲੇ ਜਾਪਦੇ ਸਨ ਉਹ ਤੇ ਇਨ੍ਹਾਂ ਸਤਿਕਾਰ ਵਾਲਿਆਂ ਵਿਚੋਂ ਦੋ ਚਾਰ ਚਰਚਾ ਕਰ ਰਹੇ ਸਨ। ਓਹ ਕਹਿੰਦੇ ਸਨ ਕਿ ਸਾਡੀ ਸਰਕਾਰ ਦੀ ਸ਼ੈ ਹੈ ਤੇ ਪਿਛਲੇ ਕਹਿੰਦੇ ਸਨ ਕਿ ਸਾਨੂੰ ਹੁਕਮ ਹੋਇਆ ਹੈ ਕਿ ਇਸ ਨੂੰ ਤੁਸੀਂ ਲੈ ਆਵੋ।

ਇਹ ਗੱਲ ਵੇਖਕੇ ਠੱਗਾਂ ਤੋਂ ਨਾ ਰਿਹਾ ਗਿਆ, ਪੁੱਛਣ ਲਗੇ ਤੁਸੀਂ ਕੌਣ ਹੋ? ਦਿੱਸਦੇ ਹੋ, ਭਲੀਂਦੇ ਹੋ, ਪਰ ਜਾਪਦਾ ਹੈ ਜਿਵੇਂ ਕੋਈ ਛਲਾਵਾ ਹੋ, ਕਦੇ ਕੈਦੀ ਦਾ ਸਾਂਗ ਹੈ, ਕਦੇ ਸੁਤੰਤ੍ਰਤਾ ਦਾ ਸਾਂਗ ਹੈ: ਆਪੋ ਵਿਚ ਝਗੜਾ ਹੈ। ਗੱਲ ਕੀ ਹੈ? ਦੱਸੋ ਤਾਂ ਸਹੀ।

[੧] ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ {ਵਾਰ ਆਸਾ ਮ:੧}

ਤਦ ਉਨ੍ਹਾਂ ਵਿਚੋਂ ਇਕ ਨੇ ਕਿਹਾ: ਭਾਈ ਇਹ ਪੁਰਖ ਇਕ ਮਰ ਗਏ ਦਾ ਭੌਰ (ਰੂਹ) ਹੈ, ਜਿਸ ਦੀ ਚਿਖਾ ਵਿਚੋਂ ਤੁਸੀਂ ਅੱਗ ਲਿਆਏ ਹੋ। ਇਹ ਮੰਦਕਰਮੀ ਸੀ ਇਸ ਲਈ ਅਸੀਂ ਇਸ ਨੂੰ ਨਰਕਾਂ ਵੱਲ ਲਿਜਾ ਰਹੇ ਸਾਂ, ਇਸ ਨੇ ਜੋ ਮਾੜੇ ਕਰਮ ਕੀਤੇ ਉਹਨਾਂ ਦੇ ਦੁੱਖ ਦਾ ਹੀ ਨਾਮ ਨਰਕ ਹੈ। ਉਹਨਾਂ ਦੇ ਕਰਮਾਂ ਦੇ ਹੀ ਪਛੁਤਾਵੇ, ਹਾਵੇ ਤੇ ਭੋਗਾਂ ਦੀਆਂ ਰੁਚੀਆਂ ਹੋਣੀਆਂ, ਪਰ ਭੋਗ ਪ੍ਰਾਪਤ ਨਾ ਹੋਣੇ, ਅੰਧਕਾਰ ਤੇ ਨੰਗ ਤੇ ਦੁੱਖ ਇਹ ਸਾਰੇ ਰੰਗ ਹਨ ਜੋ ਰੂਹ ਨੇ ਆਪ ਕਮਾਏ ਹਨ। ਸਾਰੇ ਇਹ ਹੁਣ ਭੋਗੇਗਾ, ਪਰ ਅਸੀਂ ਇਸ ਨੂੰ ਲੈ ਜਾ ਰਹੇ ਸਾਂ ਕਿ ਇਹ ਰਾਮਗਣ ਆ ਗਏ ਹਨ, ਅਸੀਂ ਜਮਗਣ ਹਾਂ[1], ਇਹ ਇਸ ਨੂੰ ਸਾਥੋਂ ਖੋਹਕੇ ਲੈ ਚੱਲੇ ਹਨ।

ਠੱਗ-ਕਿਉਂ ਭਾਈ, ਤੁਸੀਂ ਕਿਉਂ ਇਨ੍ਹਾਂ ਤੋਂ ਇਨ੍ਹਾਂ ਦੀ ਮਾਲਕੀ ਖੋਹ ਲੈ ਚੱਲੇ ਹੋ?

ਰਾਮਗਣ-'ਇਹ ਮਹਾਂ ਪਾਪੀ ਥਾ, ਇਸਨੂੰ ਕੁੰਭੀ ਨਰਕ ਮੈਂ ਦੇਣਾ ਥਾ, ਪਰ ਜਿਸ ਗੁਰ ਪਰਮੇਸ਼ੁਰ ਕਉ ਤੁਮ ਮਾਰਣ ਆਏ ਹੋ, ਤਿਸਦੀ ਦ੍ਰਿਸ਼ਟੀ ਇਸ ਕੀ ਚਿਖਾ ਕਾ ਧੂਆਂ ਪਇਆ ਹੈ। ਤਿਸਕਾ ਸੰਦਕਾ ਬੈਕੁੰਠ ਕਉ ਪ੍ਰਾਪਤ ਭਇਆ ਹੈ[2]। '

ਠੱਗ-ਹੈ, ਜਿਸ ਨੂੰ ਅਸੀਂ ਮਾਰਨ ਲਗੇ ਹਾਂ ਉਹ ਕਉਣ ਹੈ?

ਰਾਮਗਣ-ਉਹ ਗੁਰੂ ਪਰਮੇਸ਼ੁਰ ਹੈ, ਗੁਰੂ ਨਾਨਕ, ਜਗਤ ਨੂੰ ਨਿਸਤਾਰਣ ਆਇਆ ਹੈ।

ਇਹ ਸੁਣਕੇ ਠੱਗ ਘਬਰਾਏ ਤੇ ਉਠ ਨੱਠੇ, ਭੱਜਕੇ ਸਾਥੀਆਂ ਪਾਸ ਆਏ ਤੇ ਸ੍ਰੀ ਗੁਰੂ ਜੀ ਦੇ ਚਰਨਾਂ ਪਰ ਧਾਕੇ ਢਹਿ ਪਏ:-ਹੇ ਗੁਰ ਪਰਮੇਸ਼ੁਰ ! ਅਸਾਂ ਨੂੰ ਰਖ ਲੈ।

ਬਾਕੀ ਦੇ ਠੱਗ ਇਹ ਮਾਮਲਾ ਦੇਖਕੇ ਅਚਰਜ ਹੋਕੇ ਕਹਿਣ ਲਗੇ ਤੁਸਾਂ ਨੂੰ ਕੀ ਹੋ ਗਿਆ ਹੈ? ਦੱਸੋ ਤਾਂ ਸਹੀ, ਸੂਰਬੀਰਤਾ ਕਿਥੇ ਗਵਾ ਆਏ ਹੋ?

ਚਿਖਾ ਤੋਂ ਆਯਾ ਇਕ ਠੱਗ-ਸੱਜਣੋਂ ! ਜਿਸ ਨੂੰ ਮਾਰਨ ਲਗੇ ਹੋ, ਇਹ ਗੁਰੂ ਪਰਮੇਸ਼ੁਰ ਹੈ। ਜੀਵਾਂ ਨੂੰ ਮਾਰਕੇ ਤਾਂ ਸਜ਼ਾ ਹੀ ਮਿਲੂ, ਪਰ ਗੁਰੂ ਪਰਮੇਸ਼ੁਰ ਨੂੰ ਮਾਰ ਕੇ ਸਾਡਾ ਕੀ ਬਣੂੰ ?

ਪਹਿਲਾ ਠੱਗ-ਕੀਕੂੰ? ਗੱਲ ਤਾਂ ਸੁਣਾਓ?

ਤਦ ਠੱਗਾਂ ਨੇ ਉਹ ਸਾਰੀ ਵਿਥਿਆ ਜੋ ਡਿੱਠੀ ਸੀ, ਆਖ ਸੁਣਾਈ। ਵਿਥਿਆ ਸੁਣਕੇ ਸਾਰੇ ਘਾਬਰੇ, ਸਾਰੇ ਹੀ ਚਰਨਾਂ ਤੇ ਢਹਿ ਪਏ ਤੇ ਆਖਣ ਲਗੇ:-

ਨਿੰਦ ਜੀਵਕਾ ਹੁਤੀ ਹਮਾਰੀ।
ਮਾਰਹਿਂ ਜੀਵਨ ਬਿਨਾ ਬਿਚਾਰੀ।
ਤੁਮ ਸਮਰੱਥ ਸੰਤ ਸੁਖਦਾਈ।
ਅਪਣੀ ਕਲਾ ਨ ਹਮਹਿ ਦਿਖਾਈ।

(ਨਾ:ਪ੍ਰ:)

ਸ੍ਰੀ ਗੁਰੂ ਜੀ, ਜਦ ਦੇ ਓਹ ਗਏ ਸਨ, ਇਕ ਅਹਿੱਲ ਪਰਬਤ ਦੀ ਤਰ੍ਹਾਂ ਖੜੇ ਸਨ। ਨਜ਼ਰ ਮਾਨੋਂ ਗਡ ਰਹੀ ਸੀ, ਚਿਹਰਾ ਕਿਸੇ ਤੇਜ ਨਾਲ ਦਮਕ ਰਿਹਾ ਸੀ, ਨੈਣ ਬੀ ਮਾਨੋਂ ਝਮਕ ਨਹੀਂ ਸਨ ਰਹੇ, ਸੁਆਸ ਦਾ ਬੀ ਪਤਾ ਨਹੀਂ ਸੀ ਪੈਂਦਾ ਕਿ ਆ ਰਿਹਾ ਹੈ ਕਿ ਨਹੀਂ । ਮਰਦਾਨਾ ਇਹ ਰੰਗ ਦੇਖ ਰਿਹਾ ਸੀ, ਸਦਾ ਪਿਆਰ ਵਿਚ ਜੁੜਿਆ ਪਰ ਸਹਿਮਿਆ ਖੜਾ ਸੀ। ਠੱਗਾਂ ਪਰ ਪੈ ਰਿਹਾ ਸੀ ਭੈ ਦਾ ਬਹੁਤ ਹੀ ਅਸਰ, ਬਿਨੈ ਕਰ ਰਹੇ ਸਨ, ਚਰਨਾਂ ਨੂੰ ਲਿਪਟ ਰਹੇ ਸਨ, ਪਰ ਸਤਿਗੁਰੂ ਜੀ ਅਹਿੱਲ ਉਸੀ ਤਰ੍ਹਾਂ ਖੜੇ ਸਨ, ਨਜ਼ਰ ਟਕ-ਬੰਨ੍ਹੀ ਸੀ ਤੇ ਇਕ ਤੇਜ ਤੇ ਰੋਅਬ ਚਿਹਰੇ ਤੋਂ ਦਮਕ ਰਿਹਾ ਸੀ।

ਕੈਸਾ ਅਦਭੁਤ ਦਰਸ਼ਨ ਹੈ, ਜੋ ਮਾਰਨ ਆਏ ਸਨ, ਚਰਨਾਂ ਵਿਚ ਰੁਲ ਰਹੇ ਤੇ ਤਰਲੇ ਕਰ ਰਹੇ ਹਨ। ਆਪ ਨਾ ਪਹਿਲੋਂ ਡਰੇ ਤੇ ਨਾ ਹੁਣ ਕਿਸੇ ਪਸੀਜਨਾਂ ਵਿਚ ਅਜੇ ਆਏ ਹਨ । ਖੜੇ ਹਨ ਅਰ ਤੇਜ ਦੀਆਂ ਕਿਰਨਾਂ ਚਿਹਰੇ ਤੋਂ ਇਧਰ ਉਧਰ ਝਰ ਝਰਕੇ ਪੈ ਰਹੀਆਂ ਜਾਪਦੀਆਂ ਹਨ ਤੇ ਉਹ ਬਿਨੈ ਕਰ ਰਹੇ ਹਨ:-

ਬਖਸ਼ਹੁ ਬੜੇ ਕਰੇ ਅਪਰਾਧੂ॥
ਪਰਉਪਕਾਰੀ ਹ੍ਵੈ ਜਗ ਸਾਧੂ॥ (ਨਾ: ਪ੍ਰ:)

੪.

"ਚਲਹੁ ਗ੍ਰਾਮ ਸ੍ਰੀ ਪ੍ਰਭੂ! ਬਹੋਰੀ"
ਬਿਨਤੀ ਸਰਬ ਕਰੈਂ ਕਰ ਜੋਰੀ॥ (ਨਾ: ਪ੍ਰ:)

ਠੱਗ ਸਾਰੇ ਹੱਥ ਜੋੜ ਕੇ ਬਿਨਤੀ ਕਰ ਰਹੇ ਹਨ ਕਿ ਹੇ ਪ੍ਰਭੂ! ਇਕ ਵੇਰੀ ਪਿੰਡ ਫੇਰ ਚੱਲੋ, ਅਸੀਂ ਸਾਰੇ ਬੜੇ ਪਾਪ ਕਮਾਉਂਦੇ ਰਹੇ ਹਾਂ, ਰਾਤ ਦਿਨ ਸਾਡੇ ਮਾਰਨ ਲੁੱਟਣ ਵਿਚ ਬੀਤੇ ਹਨ ਸਾਨੂੰ ਰਸਤੇ

[1] ਪੁ: ਜਨਮ ਸਾਖੀ ਵਿਚ ਰਾਮਗਣ ਤੇ ਜਮਗਣ ਪਦ ਹੀ ਵਰਤੇ ਹਨ। [2] ਪੁਰਾਤਨ ਜਨਮ ਸਾਖੀ।

ਪਾਓ। ਅਸੀਂ ਬੜੇ ਪਾਪੀ ਹਾਂ, ਤੇ ਬੜੇ ਮਹਾਨ ਪੁਰਖ ਦੀ ਮਿਹਰ ਬਿਨਾ ਨਹੀਂ ਉਬਰ ਸਕਦੇ। ਨਿੱਕੇ ਮੋਟੇ ਤਾਂ ਬਤੇਰੇ ਸਾਧ ਸੰਤ ਅਸਾਂ ਵੇਖੇ ਤੇ ਕਈ ਵਾਰੀ ਲੁੱਟੇ ਹਨ, ਪਰ ਅਜ ਤੁਸੀਂ ਵਡੇ ਮਹਾਂ ਪੁਰਖ ਮਿਲੇ ਹੋ। ਸਮੁੰਦਰ ਦੀ ਅੱਗ ਨੂੰ ਸਮੁੰਦਰ ਹੀ ਸੰਭਾਲ ਸਕਦਾ ਹੈ, ਬਨਾ ਨੂੰ ਲੱਗੇ ਡੌਂ ਨੂੰ ਮੋਹਲੇਧਾਰ ਬਰਖਾ ਹੀ ਠੀਕ ਕਰ ਸਕਦੀ ਹੈ। ਗਿਰਾਂ ਚੱਲੋਂ; ਕੁਛ ਦਿਨ ਰਹੋ ਤੇ ਸਾਡੇ ਸਾਰੇ ਭਾਈਚਾਰੇ ਨੂੰ ਤਾਰੋ।

ਇਹ ਬਿਨੈ ਸੁਣਕੇ ਆਪ ਦੇ ਨੈਣ ਉਹਨਾਂ ਵਲ ਤੱਕੇ, ਚਿਹਰੇ ਤੇ ਨਰਮੀ ਤੇ ਪਸੀਜਨਾਂ ਦੇ ਰੰਗ ਫਿਰੇ ਤੇ ਬਚਨ ਹੋਇਆ:-ਤੁਸੀਂ ਚੱਲੋ ਅਸੀਂ ਆਉਂਦੇ ਹਾਂ, ਚਰਨਾਂ ਅਗੇ ਲੰਮੇ ਪੈਕੇ ਸੀਸ ਨਿਵਾਉਂਦੇ ਠੱਗ ਵਿਦਾ ਹੋਏ। ਆਪ ਕੁਛ ਚਿਰ ਉਥੇ ਬੈਠੇ ਰਹੇ, ਮਰਦਾਨੇ ਨੇ ਕੀਰਤਨ ਕੀਤਾ ਤੇ ਫੇਰ ਪਿਛਲੇ ਪੈਰੀਂ ਪਰਤ ਪਏ ਜਗਤਾਰਕ ਜੀ।

ਦੀਨ ਭਏ ਅਵਲੋਕਿ ਗੁਸਾਈ ॥
ਹਟੇ ਗ੍ਰਾਮ ਕੀ ਦਿਸ਼ ਤਿਸ ਥਾਈ॥ (ਨਾ: ਪ੍ਰ:)

ਮਰਦਾਨਾ-ਪਾਤਸ਼ਾਹ! ਇਹ ਕੀ ਕੌਤਕ ਵਰਤਿਆ? ਮਾਰਨ ਆਏ ਸਨ ਏਹ, ਆਪ ਬੀ ਅੱਗੋਂ ਤਿਆਰ ਹੋ ਪਏ ਸਾਓ ਮਰਨ ਨੂੰ। ਮੇਰਾ ਜੀ ਕਰੇ ਅਸੀਂ ਦਿਖਾ ਦੇਈਏ ਕਿ ਸਾਡੇ ਪਾਸ ਕੁਛ ਨਹੀਂ, ਨਾਹੱਕ ਕਿਉਂ ਮਾਰਦੇ ਹੋ, ਪਰ ਆਪ ਤੋਂ ਡਰਦੇ ਮੈਂ ਕੁਛ ਨਾ ਕਿਹਾ।

ਗੁਰੂ ਜੀ-ਇਹ ਬੜੇ ਬਿਕਰਾਲ ਠੱਗ ਹਨ, ਪਹਿਲਾਂ ਮਾਰਦੇ ਹਨ ਤੇ ਪਿੱਛੋਂ ਕਪੜੇ ਫੋਲਦੇ ਹਨ। ਇਹ ਕਦ ਸੁਣਦੇ ਸਨ। ਪਾਪ ਕਰਕੇ ਜਿਨ੍ਹਾਂ ਦੇ ਹਿਰਦੇ ਪੱਥਰ ਹੋ ਚੁਕੇ ਹਨ, ਇਨ੍ਹਾਂ ਤੋਂ ਕਰਤਾਰ ਹੀ ਬਚਾਉਂਦਾ ਹੈ।

ਮਰਦਾਨਾ-ਆਪ ਸ਼ਕਤੀ ਨਾ ਵਿਖਾਲਦੇ ਤਾਂ ਇਹ ਕਦ ਟਲਦੇ ਸਨ?.....ਠੀਕ ਹੈ, ਬੜੇ ਬਿਕਰਾਲ ਸਨ।

ਗੁਰੂ ਜੀ-ਅਸਾਂ ਤਾਂ ਸ਼ਕਤੀ ਕੀ ਦਿਖਲਾਉਣੀ ਸੀ, ਹਾਰ ਮੰਨੀ ਕਿ ਚੰਗਾ ਭਾਈ ਮਾਰ ਲਓ। ਹਾਰ ਵਿਚ ਜਿੱਤ ਪਾ ਦੇਣੀ ਕਰਤਾਰ ਦਾ ਕੰਮ ਹੈ।

ਮਰਦਾਨਾ-ਸੁਹਾਣ ਤੇਰੀ ਹਾਰ ਨੂੰ ਜਿਸ ਦੇ ਪੈਰ ਸਦਾ ਜਿੱਤ ਚੁੰਮਦੀ ਹੈ। ਡਾਢਾ ਕੌਤਕ ਵਰਤਾਇਆ ਨੇ।

ਗੁਰੂ ਜੀ-ਕਰਤਾਰ ਦੇ ਰੰਗ ਵੇਖ! ਮਰਦਾਨਿਆਂ! ਉਸ ਨੂੰ ਬਿਰਦ ਬਾਣੇ ਦੀ ਲਾਜ ਹੈ! ਆਪਣੇ ਪਿਆਰਿਆਂ ਦੀ ਸਾਣਥ ਆਪ ਖੜਾ ਹੈ! ਉਸ ਨੂੰ ਮਨਜ਼ੂਰ ਸੀ ਕਿ ਇਨ੍ਹਾਂ ਦਾ ਉਧਾਰ ਹੋਵੇ, ਸ੍ਰਿਸ਼ਟੀ, ਜੋ ਇਨ੍ਹਾਂ ਤੋਂ ਕਸ਼ਟ ਪਾ ਰਹੀ ਹੈ ਛੁੱਟੇ , ਤਾਂ ਉਹ ਸਾਡੇ ਕਦਮ ਇਨ੍ਹਾਂ ਦੀ ਵਸਤੀ ਵਿਚ ਲੈ ਆਇਆ ਸੀ। ਜਾਂ ਇਹ ਪਿੱਛੇ ਆ ਪਏ ਤਾਂ ਜਿਸ ਨੂੰ ਇਨ੍ਹਾਂ ਦੀ ਕਲਜਾਨ ਮਨਜ਼ੂਰ ਸੀ ਸਾਡੀ ਰਸਨਾਂ ਤੇ ਆ ਬੈਠਾ ਤੇ ਅਸਾਂ ਹਾਰ ਮੰਨਕੇ ਦਾਹ ਲਈ ਆਖਿਆ। ਜਦ ਅੱਗ ਦਾ ਪਤਾ ਪੁੱਛਿਓ ਨੇ ਸਾਡੀ ਨਜ਼ਰ ਚਿਖਾ ਤੇ ਜਾ ਪਈ। ਸਾਂਈ ਦੀ ਮਿਹਰ ਨਾਲ ਨਰਕੀ ਜੀਵ ਦੇ ਅਘ ਓਘ ਮਿਟ ਗਏ ਤੇ ਪ੍ਰਕਾਸ਼ ਦੇ ਦੂਤ ਉਸ ਨੂੰ ਛੁਡਾਉਣ ਆ ਗਏ ਤੇ ਇਹ ਕੌਤਕ ਗੁਪਤ ਸ੍ਰਿਸ਼ਟੀ ਵਿਚ ਵਰਤ ਰਿਹਾ ਠੱਗਾਂ ਵਰਗੇ ਪਾਪੀਆਂ ਨੂੰ ਦਿੱਸ ਪਿਆ ਤੇ ਐਉਂ ਦਿੱਸ ਪਿਆ ਜਿਵੇਂ ਉਹਨਾਂ ਦੇ ਕੋਲ ਅੱਖਾਂ ਦੇ ਸਾਹਮਣੇ ਵਰਤ ਰਿਹਾ ਹੈ। ਉਸੇ ਦਾ ਕਰਤਬ ਹੈ ਨਾ, ਕਰਤਾਰ ਦਾ, ਬਖਸ਼ਣਹਾਰ ਦਾ, ਪਤਿਤ ਪਾਵਨ ਦਾ ਕਿ ਪਾਪੀਆਂ ਦੇ ਨੈਣਾਂ ਅੱਗੇ ਪ੍ਰਤੱਖ ਕੌਤਕ ਰਚ ਦਿਤਾ ਤੇ ਉਨ੍ਹਾਂ ਨੂੰ ਡਰਾ ਦਿੱਤਾ। ਓਹ ਮਹਾਨ ਪਾਪਾਂ ਨੂੰ ਕਰ ਕਰਕੇ ਕਠੋਰ ਹੋਏ ਦਿਲ ਭੈ ਵਿਚ ਆਕੇ ਸਾਡੀ ਜਿੰਦ ਦੇ ਪਿਆਸੇ ਭੀ ਨਾ ਰਹੇ ਤੇ ਆਪਣੇ ਪਾਪਾਂ ਦੇ ਭੈ ਵਿਚ ਆ ਗਏ।

ਮਰਦਾਨਾ-ਸੱਚ ਹੈ, ਠੀਕ ਹੈ, ਪਰ ਕੌਤਕ ਹਮਾਤੜਾਂ ਲਈ ਨਹੀਂ ਨਾ ਵਰਤਦੇ। ਚੰਗੇ ਚੰਗ ਸਾਧੂ ਗਜਾਨੀਆਂ ਲਈ ਨਹੀਂ ਵਰਤਦੇ। ਸੁਹਾਣ ਤੇਰੇ ਸਿਦਕ ਨੂੰ ! ਤੇਰੇ ਲਈ ਵਰਤਦੇ ਹਨ ਜੋ ਰੱਬ ਦੀ ਗੋਦ ਦਾ ਬਾਲਕਾ ਹੈਂ, ਜਾਂ ਰੱਬ ਦੀ ਕਲਾ ਹੀ ਸਰੀਰਧਾਰੀ ਹੋ ਰਹੀ ਹੈ। ਸੁਹਾਣ ਤੇਰੀ ਹਾਰ ਨੂੰ ਜੋ ਸਦਾ ਜਿੱਤ ਲੈਂਦੀ ਹੈ। ਕੇਡੇ ਭੋਲੇਪਨ ਨਾਲ ਆਪ ਨੇ ਆਖਿਆ: 'ਭਲਾ ਹੋਵੇ ਨੇ, ਮਾਰੋ, ਜੀ ਸਦਕੇ ਮਾਰੋ' ਮੇਰੇ ਅੰਦਰ ਝਰਨਾਟ ਛਿੜੀ ਦਰਦ ਦੀ ਕਿ ਹੈਂ 'ਮੇਰੇ ਕੂਲੇ ਕੂਲੇ, ਦਿਲ ਵਾਲੇ ਮਾਲਕ ਨੇ ਕੀਹ ਆਖ ਦਿਤਾ ਹੈ, ਪਰ ਮੈਂ ਕੀ ਜਾਣਾ: ਇਹ ਜੋ ਹਾਰ ਆਪ ਨੇ ਮੰਨੀ ਹੈ ਇਸਦੇ ਮਗਰ ਅਰਸ਼ ਦੀ ਤਾਕਤ ਨੇ ਹਿੱਲ ਖਲੋਣਾ ਹੈ ਤੇ ਉਸ ਮਾਲਕ ਨੇ ਆਪਣੇ ਲਾਡਲੇ ਦਾ ਵਾਲ ਵਿੰਗਾ ਨਹੀਂ ਹੋਣ ਦੇਣਾ, ਸਗੋ

ਪਿਆਰੇ ਦੀ ਜਿੱਤ ਕਰਾਵੇਗਾਂ ਤੇ ਪਾਪੀਆਂ ਨੂੰ ਤਾਰੇਗਾ। ਭਲਾ ਅੱਜ ਤਾਂ ਦੱਸ ਦਿਓ ਇਹ ਕੌਤਕਹਾਰ ਓਹ ਹੈ ਕਿ ਤੁਸੀਂ? ਤੁਸੀਂ ਹੀ ਹੋ ਨਾ ਓਹ ਜੋ ਕੋਈ ਕਲਾ ਧਾਰਕੇ ਜਗਤ ਵਿਚ ਪਰਵਿਰਤ ਹੋ ਰਹੇ ਹੋ ਤੇ ਚੋਜ ਕਰ ਰਹੇ ਹੋ? ਕਦੇ ਤਾਂ ਦੱਸ ਛੱਡੋ ਆਪਣੇ ਮਿਰਾਸੀ ਨੂੰ ਭੇਤ ਦੀ ਗਲ। ਇਹ ਸੁਣਦਿਆਂ ਆਪ ਦੇ ਨੈਣ ਮੁੰਦ ਗਏ ਤੇ ਇਲਾਹੀ ਗਲੇ ਤੋਂ ਮਾਝ ਦੀ ਕਲੇਜਾ ਥਰਰਾ ਦੇਣ ਵਾਲੀ ਸੁਰ ਨਿਕਲੀ:-

> ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥ ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ ॥ ਏਕ ਤੂਹੀ ਏਕ ਤੁਹੀ ॥੧॥ਮਃ੧॥ ਨ ਦੇਵ ਦਾਨਵਾ ਨਰਾ ॥ ਨ ਸਿਧ ਸਾਧਿਕਾ ਧਰਾ ॥ ਅਸਤਿ ਏਕ ਦਿਗਰਿ ਕੁਈ ॥ ਏਕ ਤੁਈ ਏਕ ਤੁਈ ॥੨॥ ਮਃ ੧ ॥ ਨ ਦਾਦੇ ਦਿਹੰਦ ਆਦਮੀ ॥ ਨ ਸਪਤ ਜੇਰ ਜਿਮੀ ॥ ਅਸਤਿ ਏਕ ਦਿਗਰਿ ਕੁਈ ॥ ਏਕ ਤੁਈ ਏਕ ਤੁਈ ॥੩॥ ਮਃ ੧ ॥ ਨ ਸੂਰ ਸਸਿ ਮੰਡਲੋ ॥ ਨ ਸਪਤ ਦੀਪ ਨਹ ਜਲੋ ॥ ਅੰਨ ਪਉਣ ਥਿਰੁ ਨ ਕੁਈ ॥ ਏਕੁ ਤੁਈ ਏਕੁ ਤੁਈ ॥੪॥ਮਃ੧॥ ਨ ਰਿਜਕੁ ਦਸਤ ਆ ਕਸੇ ॥ ਹਮਾ ਰਾ ਏਕੁ ਆਸ ਵਸੇ ॥ ਅਸਤਿ ਏਕੁ ਦਿਗਰ ਕੁਈ ॥ ਏਕ ਤੁਈ ਏਕੁ ਤੁਈ ॥੫॥ ਮਃ ੧ ॥ ਪਰੰਦਏ ਨ ਗਿਰਾਹ ਜਰ ॥ ਦਰਖਤ ਆਬ ਆਸ ਕਰ॥ ਦਿਹੰਦ ਸੁਈ ॥ ਏਕ ਤੁਈ ਏਕ ਤੁਈ ॥੬॥ ਮਃ ੧ ॥ ਨਾਨਕ ਲਿਲਾਰਿ ਲਿਖਿਆ ਸੋਇ ॥ ਮੇਟਿ ਨ ਸਾਕੈ ਕੋਇ ॥ ਕਲਾ ਧਰੈ ਹਿਰੈ ਸੁਈ ॥ ਏਕੁ ਤੁਈ ਏਕੁ ਤੁਈ ॥੭॥
>
> (ਵਾਰ ਮਾਝ ਮ: ੧-੧੩)

ਇਹ ਸ਼ਬਦ ਗਾਂਵਿਆਂ ਜਾ ਰਿਹਾ ਹੈ, ਮਰਦਾਨਾ ਨਾਲੇ ਰਬਾਬ ਦੀਆਂ ਸੁਰਾਂ ਛੇੜ ਰਿਹਾ ਹੈ, ਨਾਲੇ ਤ੍ਰਪ ਤ੍ਰਪ ਹੰਝੂ ਕੇਰ ਰਿਹਾ ਹੈ। ਜਿਸ ਪਰਮਾਤਮਾ ਦੀ ਹੋਂਦ ਸਹੀ ਕਰਨ ਲਈ ਅਕਲਾਂ ਵਾਲਾ ਜਗਤ ਤੜਪ ਰਿਹਾ ਹੈ, ਜਿਸ ਪਰਮਾਤਮਾਂ ਦੇ ਪਰਤੱਖ ਨਾ ਦਿੱਸਣ ਕਰਕੇ ਸੋਚਾਂ ਵਾਲਿਆਂ ਦੀ ਅਕਲ ਹੈਰਾਨੀ ਵਿਚ ਤੇ ਕਿਸੇ ਕਿਸੇ ਦੀ ਇਨਕਾਰ ਵਿਚ ਜਾ ਰਹੀ ਹੈ, ਉਸ ਪਰਮਾਤਮਾਂ ਦੀ ਪਰਤੱਖ ਹੋਂਦ ਦੀਆਂ ਝਰਨਾਟਾਂ ਮਰਦਾਨੇ ਨੂੰ ਛਿੜ ਰਹੀਆਂ ਹਨ 'ਏਕ ਤੁਈ ਏਕ ਤੁਈ' ਪਰਤੱਖ਼ ਪਰਤੀਤ ਦੇ ਰਹੀ ਹੈ।

ਸ਼ਬਦ ਦਾ ਭੋਗ ਪੈ ਗਿਆ, ਸ੍ਰੀ ਗੁਰੂ ਜੀ ਨੇ ਮਰਦਾਨੇ ਦੇ ਮੋਢੇ ਤੇ ਹੱਥ ਧਰਕੇ ਹੰਭਲਾ ਮਾਰਿਆ, ਉਠ ਖੜੇ ਹੋਏ ਤੇ ਬੋਲੇ:-ਚਲ ਮਰਦਾਨਿਆਂ! ਦੇਖ ਕਰਤਾਰ ਦੇ ਰੰਗ।

ਮਰਦਾਨਾ-ਸੁਹਾਣ ਤੇਰੇ ਕਰਤਾਰ ਦੇ! ਸੁਹਾਣ ਤੇਰੇ ਸਿਦਕ ਦੇ! ਚੱਲੋ, ਪਰ ਗਿਆਂ ਤੇ ਜੇ ਬਾਕੀ ਦੇ ਨਾ ਮੰਨੇ ਤਾਂ ਫੇਰ ਮਤੇ ਫਸ ਨਾ ਜਾਈਏ?

ਗੁਰੂ ਜੀ-ਦੇਖਿਆ ਨਹੀਂਉਂ ਕਿ ਰੱਖਣਹਾਰ ਨੇ ਕੀਕੂੰ ਰੱਖ ਲਿਆ ਹੈ, ਫਸਿਆਂ ਨੂੰ ਕੱਢ ਲਿਆ ਹੈ? ਜੇ ਕੋਈ ਹੋਰ ਫਸੌਤੀ ਹੋ ਤਾਂ ਕੋਈ ਪਰੋਜਨ ਹੈ ਮਾਲਕ ਦਾ, ਸੋ ਸਿਰੇ ਚੜ੍ਹੇਗਾ। ਅਸੀਂ ਕੀ ਹਾਂ? ਕਾਠ ਦੀਆਂ ਪੁਤਲੀਆਂ, ਵਿਚ ਦੀ ਲੰਘ ਚੱਲਣਾ ਹੈ। ਖਿਲਾਵਣਹਾਰ ਜਾਣੇ ਅਪਣੇ ਪਰੋਜਨਾਂ ਨੂੰ, ਸਦਾ ਸਿਦਕ ਵਿਚ ਰਹੀਏ ਤੇ ਨਾਮ ਜਪੀਏ, ਬਿਰਦ ਬਾਣੇ ਦੀ ਲਾਜ ਵਾਲਾ ਜੋ ਕੁਛ ਕਰਦਾ ਹੈ ਭਲਾ ਕਰਦਾ ਹੈ। ਇਹ ਕਹਿੰਦੇ ਆਪ ਪਿਛਲੇ ਪੈਰੀਂ ਟੁਰ ਪਏ ਤੇ ਮਗਰੇ ਮਰਦਾਨਾ ਵੀ ਟੁਰ ਪਿਆ।

### ੫.

ਠੱਗ ਸਤਿਗੁਰਾਂ ਤੋਂ ਵਿਦਾ ਹੋਕੇ ਵਸਤੀ ਵਿਚ ਪਹੁੰਚੇ, ਅਗੇ ਲੋਕੀਂ ਉਡੀਕ ਵਿਚ ਸਨ ਕਿ ਗੱਬਰ ਮਾਲ ਲੁੱਟਣ ਗਏ ਗੱਭਰੂ ਕਦ ਵਾਪਸ ਆਉਂਦੇ ਹਨ। ਜਦੋਂ ਆਏ ਤਾਂ ਪੁੱਛ ਦੇ ਉੱਤਰ ਵਿਚ ਉਨ੍ਹਾਂ ਕਿਹਾ: ਦੱਸਦੇ ਹਾਂ, ਸਾਰੇ ਜਣੇ ਵੱਡੇ ਥੜੇ ਤੇ ਕੱਠੇ ਹੋ ਜਾਓ।

ਸੁਣਦੇ ਸਾਰ ਸਾਰੇ ਹੋਕਾ ਫਿਰ ਗਿਆ ਤੇ ਠੱਗ ਕੱਠੇ ਹੋ ਗਏ। ਤਦ ਉਨ੍ਹਾਂ ਨੇ, ਜੋ ਮਾਰਨ ਗਏ ਸਨ, ਸਾਰੀ ਵਿਥਿਆ ਕਹਿ ਸੁਣਾਈ। ਸਾਰਿਆਂ ਨੇ ਸੁਣਿਆਂ, ਕੁਛ ਤਾਂ ਅਚਰਜ ਹੋਏ, ਕੁਛ ਭੈ ਖਾ ਗਏ ਤੇ ਕੁਛ ਪ੍ਰਸ਼ਨੋਤਰ ਕਰਨ ਲੱਗੇ।

੧. ਕੀ ਤੁਸਾਂ ਨੇ ਮਾਲ ਆਪ ਤੱਲ ਕਰਕੇ ਸਾਨੂੰ ਠੱਗਣ ਦਾ ਮੱਕੂ ਤਾਂ ਨਹੀਂ ਬੱਧਾ?

੨. ਇਹ ਤਾਂ ਗਲ ਸੌਖੀ ਹੱਲ ਹੋ ਜਾਏਗੀ, ਓਹ ਵਾਪਸ ਆ ਰਹੇ ਹਨ, ਜੀਉਂਦੇ ਦੇਖ ਲਓਗੇ, ਉਨ੍ਹਾਂ ਤੋਂ ਸੁਣ ਲਓਗੇ, ਫੇਰ ਤਸੱਲੀ ਹੋ ਜਾਏਗੀ।

ਦੇਖ ਆਇਆਂ ਵਿੱਚੋਂ ਇਕ ਠੱਗ-ਵਾਹ ਵਾਹ ਸਾਡੇ ਨਸੀਬ, ਜੇ ਅਸਾਂ ਜਗਤ ਠੱਗਿਆ ਤਾਂ ਸਾਡਾ ਆਪੋ ਵਿਚ ਬੀ ਇਤਬਾਰ ਨਹੀਂ। 'ਅਸੀਂ ਭਰਾਵਾਂ

ਨਾਲ ਠਗੀ ਕਰਾਂਗੇ? ਇਹ ਆਪੋ ਵਿਚ ਬੇ-ਇਤਬਾਰੀ ਹੈ, ਸੱਚ ਹੈ ਕਿੱਕਰ ਬੀਜਿਆਂ ਸੂਲਾਂ ਹੀ ਮਿਲਨੀਆਂ ਹੋਈਆਂ। ਅਸਾਂ ਵਿਸਾਹਘਾਤ ਬੀਜੇ ਹਨ, ਸਾਡੇ ਸਾਰਿਆਂ ਦੇ ਦਿਲਾਂ ਵਿਚ ਬੇ-ਵਿਸਾਹੀ ਹੀ ਉੱਗਣੀ ਸੀ, ਉੱਗੀ ਖੜੀ ਹੈ।

੩. ਠੱਗ (ਜੋ ਸੁਣਕੇ ਭੈ ਵਿਚ ਆਇਆ ਸੀ)-ਛੱਡੋ ਇਨ੍ਹਾਂ ਦੀਆਂ ਗੱਲਾਂ, ਗੱਲ ਸੁਣਾਓ, ਪਰ ਦੱਸੋ ਤੁਸਾਂ ਆਪੇ ਸੁਣਿਆਂ ਆਪਣੇ ਕੰਨਾਂ ਨਾਲ ਕਿ 'ਗੁਰੂ ਪਰਮੇਸਰ' ਹੈ?

ਦੇਖ ਆਏ ਠੱਗ-ਹਾਂ?

੪. ਠੱਗ(ਜੋ ਹਰਿਆਨ ਸੀ)-ਕੀ ਤੁਸਾਂ ਚੰਗੀ ਤਰ੍ਹਾਂ ਤਸੱਲੀ ਕੀਤੀ ਸੀ ਕਿ ਮਤਾਂ ਕੋਈ ਨਜ਼ਰਬੰਦੀ ਸਿਹਰ ਹੀ ਨਾ ਹੋਵੇ। ਪਰਤੱਖ ਦਿਨ ਦੀਵੀਂ ਤੁਸਾਂ ਨੇ ਇਹ ਕੌਤਕ ਵਰਤਦਾ ਡਿੱਠਾ?

ਦੇਖ ਆਏ ਠੱਗ-ਜੇ ਤਾਂ ਇਕ ਦੇਖਦਾ ਤਾਂ ਭਖਲਾਵਾ ਹੁੰਦਾ, ਅਸਾਂ ਤਾਂ, ਜਿੰਨੇ ਗਏ ਸਾਂ ਅੱਗ ਲੈਣ, ਡਿੱਠਾ ਪਰਤੱਖ, ਫਿਰ ਉਸ ਵੇਲੇ ਚੰਗੀ ਤਰ੍ਹਾਂ ਤਸੱਲੀ ਕੀਤੀ। ਅਸਾਂ ਰਾਮਗਣਾਂ ਨੂੰ ਉਪਰ ਉਡਦੇ ਤੇ ਅਕਾਸ਼ ਵਿਚ ਜਾਂਦੇ ਡਿੱਠਾ। ਨਾ ਤਾਂ ਅਸੀਂ ਬਾਲ ਹਾਂ, ਨਾ ਅਸੀਂ ਸ਼ਹਿਰਾਂ ਦੇ ਰਹਿਣ ਵਾਲੇ, ਪੰਡਤਾਂ ਦੀਆਂ ਕਥਾਂ ਸੁਣਨ ਵਾਲੇ ਨਰਮ ਦਿਲ ਹਾਂ, ਨਾ ਅਸੀਂ ਪੁੰਨੀ ਹਾਂ ਕਿ ਸਾਡੇ ਪੁੰਨਾਂ ਦੇ ਫਲ ਵਿਚ ਸਾਨੂੰ ਪਰਲੋਕ ਦੇ ਦਰਸ਼ਨ ਹੋਏ ਹਨ। ਅਸੀਂ ਖੂੰਨੀ, ਡਾਕੂ, ਲੁਟੇਰੇ, ਮਹਾਂ ਪੱਥਰ, ਕਰੜੇ ਦਿਲ ਤੇ ਪਾਪੀ, ਅਸੀਂ ਪਰਤੱਖ ਦੇਖੇ ਬਿਨਾਂ ਅਮੰਨੇ ਦੇ ਘਰ ਕਦੇ ਆ ਸਕਦੇ ਹਾਂ?

ਸਾਰੇ ਠੀਕ ਹੈ।

ਦੇਖ ਆਏ ਠੱਗ-ਫਿਰ ਹੁਣ ਇੱਕੋ ਰਸਤਾ ਹੈ, ਜੋ ਸਾਡੀ ਗਲ ਸੱਚ ਮੰਨਦੇ ਹਨ ਓਹ ਸਮਝ ਲੈਣ ਕਿ ਸਾਡੇ ਨਿਸਤਾਰੇ ਦਾ ਵੇਲਾ ਹੈ, ਹੁਣ ਦੇ ਛੁੱਟੇ ਛੁੱਟ ਜਾਵਾਂਗੇ, ਜੇ ਹੁਣ ਬੱਧੇ ਰਹੇ ਤਾਂ ਅੱਗ ਦੇ ਘਰ ਆ ਗਿਆਂ ਬੀ ਪਾਲੇ ਮਰਨ ਵਾਲੀ ਗਲ ਹੈ। ਬਹੁਤੀਆਂ ਗੱਲਾਂ ਦਾ ਕੁਛ ਲਾਭ ਨਹੀਂ, ਜੋ ਸਾਡੇ ਮਗਰ ਹਨ ਓਹ ਸਾਡੇ ਨਾਲ ਸ਼ਰਣ ਲਓ, ਜੋ ਨਹੀਂ ਮੰਨਦੇ ਓਹ ਵਸਤੀ ਛੱਡ ਜਾਓ ਤੇ ਹੋਰਥੇ ਅਪਣਾ ਠੱਗੀ ਡਕੈਤੀ ਦਾ ਅੱਡਾ ਬਣਾ ਲਓ।

ਇਹ ਖਰੀ ਖਰੀ ਗੱਲ ਸੁਣਕੇ ਸਾਰੇ ਮੰਨ ਗਏ ਤੇ ਕਹਿਣ ਲੱਗੇ: ਭਰਾਵਾਂ ਤੋਂ ਅਸਾਂ ਨਹੀਂ ਵਿੱਛੁੜਨਾ।

ਦੇਖ ਆਏ ਠੱਗ-ਫੇਰ ਤਿਆਰ ਹੋ ਜਾਓ ਸ਼ਰਨ ਲੈਣ ਲਈ, ਜੋ ਹੁਕਮ ਦੇਵੇ ਸੋ ਕਰਨਾ ਪਵੇਗਾ। ਦੰਡ ਦੇਵੇ ਤਾ ਝੱਲਣਾ ਪਵੇਗਾ। ਅਸੀਂ ਤਾਂ ਜੋ ਕੁਛ ਵੇਖ ਆਏ ਹਾਂ, ਉਸ ਤੋਂ ਉਹਦੇ ਹੋ ਗਏ ਹਾਂ।

ਸਾਰੇ-ਜੋ ਭਰਾ ਕਰਨਗੇ, ਕਰਾਂਗੇ।

ਇਹ ਸੁਣਕੇ ਸਭਨਾਂ ਨੇ ਇਕ ਸੁਥਰਾ ਥਾਂ ਆਪ ਦੇ ਡੇਰੇ ਲਈ ਤਿਆਰ ਕੀਤਾ ਤੇ ਆਗਤ ਭਾਗਤ ਲਈ ਤਿਆਰ ਹੋ ਗਏ। ਇੰਨੇ ਨੂੰ ਸ੍ਰੀ ਗੁਰੂ ਜੀ ਆ ਗਏ। ਸਭ ਨੇ ਚਰਨਾਂ ਅੱਗੇ ਚੁਫਾਲ ਡਿੱਗਕੇ ਮੱਥਾ ਟੇਕਿਆ, ਚਿਹਰੇ ਦੇ ਦਰਸ਼ਨ ਕੀਤੇ ਤਾਂ ਸਚ ਮੁਚ ਸਾਰਿਆਂ ਨੂੰ ਇਕ ਤੇਜ ਵਾਲਾ ਚਿਹਰਾ ਦਿੱਸਿਆ, ਜਿਸ ਤੇਜ ਦੀ ਆਭਾ ਨੂਮ ਕੱਲ ਉਨ੍ਹਾਂ ਨੇ ਦੌਲਤ ਦੀ ਆਭਾ ਸਮਝਿਆ ਸੀ, ਉਹ ਅਜ ਫਕੀਰੀ ਜਲਾਲ ਭਾਸਿਆ। ਸੁਹਣੇ ਥਾਂ ਆਪ ਦਾ ਡੇਰਾ ਕਰਵਾਇਆ ਤੇ ਭੇਟਾ ਲਿਆ ਲਿਆ ਕੇ ਅੱਗੇ ਧਰੀਆਂ ਤੇ ਮਹਿਮਾਂ ਆਖੀ:-

ਹੁਤੋ ਸਥਾਨ ਜਹਾਂ ਤਿਨ ਨੀਕਾ।
ਤਹਿਂ ਬਿਠਾਇ ਬੇਦੀ ਕੁਲਟੀਕਾ।
ਧਰਹਿਂ ਉਪਾਇਨ, ਬੰਦਨ ਕਰਿਹੀਂ।
ਉਸਤਤਿ ਬਾਰੰਬਾਰ ਉਚਰਿਹੀਂ। {ਨਾ:ਪ੍ਰ:}

ਦਰਸ਼ਨ ਕਰ ਆਏ ਠੱਗ:-

ਜਿਸ ਪ੍ਰਕਾਰ ਹੁਇ ਭਲਾ ਹਮਾਰਾ।
ਸਿਖਵਨ ਸੁਊ ਸਿਖਾਇ ਉਦਾਰਾ।
ਮਾਨਵ ਸਰਬ ਕੁਕਰਮਨ ਲਾਗੇ।
ਸਮਝ ਪਰੀ ਤੁਮ ਦਰਸ਼ਨ ਪਾਗੇ।
{ਗੁ: ਨ; ਪ੍ਰ;}

ਸ੍ਰੀ ਗੁਰੂ ਜੀ-ਹੇ ਰੱਬ ਦੇ ਰਸਤਿਓਂ ਭਟਕੇ ਬੰਦਿਓ! ਇਹ ਜੋ ਭੇਟਾ ਤੁਸਾਂ ਨੇ ਧਰੀਆਂ ਹਨ ਸਭ ਮਾਲ ਠੱਗੀਆਂ ਡਕੈਤੀਆਂ ਦੇ ਹਨ, ਅਸਾਂ ਇਹ ਅੰਗੀਕਾਰ ਨਹੀਂ ਕਰਨੇ।

ਠੱਗ-ਸਾਡਾ ਭਲਾ ਕੀਕੂੰ ਹੋਸੀ? ਸਾਡਾ ਕੁਛ ਮੂੰਹ ਪਾਓ ਤਾਂ ਭਲਾ ਹੋਵੇ।

ਗੁਰੂ ਜੀ-ਤੁਹਾਡਾ ਕੁਛ ਹੈ ਹੀ ਨਹੀਂ, ਜੋ ਹੈ ਸੋ ਹੋਰਨਾਂ ਦਾ, ਇਸ ਦੇ ਮੂੰਹ ਪਾਇਆਂ ਉਨ੍ਹਾਂ ਦਾ ਭਲਾ ਹੋਵੇਗਾ, ਤੁਹਾਡਾ ਬੁਰਾ ਹੋਵੇਗਾ। ਤੁਹਾਡਾ ਕੋਈ ਹੱਕ ਨਹੀਂ ਸੀ ਕਿ ਤੁਸੀਂ ਵਿਸਾਹ ਘਾਤ ਕਰਕੇ, ਜਾਂ ਜੋਰ ਜਬਰੀ ਕਰਕੇ, ਲੋਕਾਂ ਦੀਆਂ

ਜਾਨਾਂ ਮਾਰਕੇ ਉਹਨਾਂ ਦਾ ਧਨ ਖੋਹ ਲਓ ਤੇ ਇਸ ਪਾਪ ਦੀ ਕੌਡੀ ਨੂੰ ਆਪਣੀ ਕਮਾਈ ਸਮਝਕੇ ਵਰਤੋ। ਧਰਮ ਦੀ ਕਿਰਤ ਕਰਨੀ, ਸੱਤਿ ਦਾ ਵਿਹਾਰ ਕਰਨਾ ਤੁਹਾਡਾ ਕਿੱਤਾ ਹੋਣਾ ਚਾਹੀਦਾ ਸੀ।

ਇਹ ਕਹਿਕੇ ਸ੍ਰੀ ਗੁਰੂ ਜੀ ਦੇ ਨੈਣਾਂ ਅੱਗੇ ਜਗਤ ਦੀ ਬਦੀ ਆ ਦਿਸੀ ਤੇ ਆਪ ਨੇ ਵੈਰਾਗ ਮੂਰਤ ਹੋਕੇ ਸਿਰੀ ਰਾਗ ਵਿਚ ਸ਼ਬਦ ਗਾਵਿਆਂ :-

> ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ। ॥੧॥ਰਹਾਉ॥ ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ। ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥ (ਸਿਰੀ ਰਾਗੁ ਮਹਲਾ ੧)

ਇਸਦੀ ਮਧੁਰ ਧੁਨੀ ਤੇ ਸੁੱਚੇ ਭਾਵ ਨੇ ਸਾਰਿਆਂ ਦੇ ਮਨ ਮੋਮ ਕਰ ਦਿਤੇ ਤੇ ਰੋ ਰੋਕੇ ਬੋਲੇ:-

ਅਸੀਂ ਭੁੱਲੇ ਰਹੇ ਹਾਂ, ਕਿਵੇਂ ਸਾਡਾ ਹੁਣ ਪਾਰ ਉਤਾਰਾ ਕਰ, ਕਿਵੇਂ ਸਾਡੇ ਕੀਤੇ ਪਾਪ ਬਿਨਾਸ ਕਰ। ਕਿਵੇਂ ਸਾਡੇ ਕੀਤੇ ਅਨਕੀਤੇ ਕਰ ਦੇ, ਕਿਵੇਂ ਮਿਹਰ ਦੇ ਘਰ ਵਿਚ ਆ[1]।

ਉਹਨਾਂ ਦੀ ਨਿੰਮ੍ਰਤਾ ਤੇ ਪਛੁਤਾਵੇ ਦੀ ਹਾਲਤ ਵੇਖਕੇ ਸ੍ਰੀ ਗੁਰੂ ਜੀ ਨੇ ਫੁਰਮਾਇਆ-ਤੁਹਾਡੇ ਕੀਤੇ ਪਾਪ ਤਾਂ ਬਿਨਾਸ ਹੁੰਦੇ ਹਨ ਜੇ ਸਭ ਤੋਂ ਪਹਿਲਾਂ ਪਛੁਤਾਵਾ ਕਰੋ ਤੇ ਇਹ ਕਿਰਤ ਛੋੜ ਦਿਓ।

ਠੱਗ-ਪਾਤਸਾਹ ! ਅਸੀਂ ਪਾਪੀ ਹਾਂ, ਪਰ ਇਹ ਕਿਰਤ ਸਾਡੀ ਪੁਸ਼ਤੈਨੀ ਹੈ, ਬਾਲਪਨੇ ਤੋਂ ਅਸੀਂ ਨਹੀਂ ਨਹੀਂ: ਮਾਂ ਦੇ ਦੁਧ ਤੋਂ ਅਸਾਂ ਇਹ ਕਿਰਤ ਸਿਖੀ ਹੈ, ਅਸੀਂ ਇਸ ਨੂੰ ਆਪਣਾ ਪੇਸ਼ਾ ਸਮਝਕੇ ਕਰਦੇ ਪੱਥਰ ਹੋ ਚੁੱਕੇ ਹਾਂ। ਜਿੱਡਾ ਕਿ ਮਹਾਨ ਕੌਤਕ ਅਜ ਆਪ ਨੇ ਦਿਖਾਇਆ ਹੈ ਏਡੇ ਪਰਤੱਖ ਤੇ ਮਹਾਨ ਕੌਤਕ ਨੂੰ ਤੱਕੇ ਬਿਨਾਂ ਸਾਡੇ ਪੱਥਰ-ਦਿਲ ਕਦੇ ਨਹੀਂ ਸਨ ਪੰਘਰ ਸਕਦੇ। ਹੁਣ ਅਸੀਂ ਸ਼ਰਣ ਆਏ ਹਾਂ, ਸਾਡੇ ਤੇ ਰਹਿਮ ਕਰੋ, ਕਿਰਤ ਸਾਨੂੰ ਕੋਈ ਨਹੀਂ ਆਉਂਦੀ। ਕਿੰਜ। ਕਰੀਏ? ਜਿਵੇਂ ਫੁਰਮਾਓ ਕਰਾਂਗੇ।

ਗੁਰੂ ਜੀ-ਤੁਸਾਡੇ ਲਾਗੇ ਭੋਆਂ ਪਈਆਂ ਹਨ ਵਿਰਲਾ ਕਿਤੇ ਖੇਤ ਹਰਾ ਦਿੱਸਿਆ ਹੈ। ਫਿਰ ਥੋੜੀ ਦੂਰ ਬਨ ਹੈ ਸੁਹਣਾ, ਸਾਵਾ ਤੇ ਸੁਹਾਵਾ: ਕਿਰਸਾਣੀ ਕਰੋ, ਭੋਹਾਂ ਵਾਹੋ, ਬਨ ਕੱਟੋ ਤੇ ਮਲਗੁਜ਼ਾਰਾਂ ਬਣਾ ਲਓ। ਸਰੀਰ ਤੁਹਾਡੇ ਤਕੜੇ ਹਨ, ਤਕੜਿਆਂ ਲਈ ਕਿਰਸਾਣੀ ਕਰਨੀ ਔਖੀ ਨਹੀਂ। ਕਿਰਤ ਕਰਕੇ ਧਰਮ ਦੀ ਕਮਾਈ ਕਰਕੇ ਖਾਓਗੇ ਤਾਂ ਤੁਹਾਡੇ ਜੀਉ ਖੁਸ਼ ਹੋਣਗੇ, ਜੋ ਦਾਤ ਅਸਾਂ ਬਖਸ਼ਣੀ ਹੈ ਸੋ ਸੰਭਾਲੋਗੇ। ਨਹੀਂ ਤਾਂ ਨਾ ਤਾਂ ਕੀਤੇ ਹੋਏ ਬਖ਼ਸ਼ੀਣਗੇ ਨਾ ਅਗੋਂ ਮਨ ਵਿਚ ਉੱਤਮ ਬੀਜ ਹਰੇ ਹੋਣਗੇ।

ਠੱਗ-ਜੋ ਹੁਕਮ ਕਰੋਗੇ ਕਰਾਂਗੇ, ਇਕ ਵਾਰੀ ਆਖੋ ਜੋ ਤੁਸਾਂ ਦੇ ਕੀਤੇ ਬਖ਼ਸ਼ੇ। ਹੇ ਨਜ਼ਰਾਂ ਨਾਲ ਤਾਰਨਹਾਰ ! ਜਿਵੇਂ ਉਸ ਪਾਪੀ ਨੂੰ ਛੁਡਾਇਆ ਹਈ ਤਿਵੇਂ ਕੁਈ ਨਜ਼ਰ ਪਾ ਤੇ ਅਸਾਂ ਨੂੰ ਬੀ ਕੀਤੇ ਪਾਪਾਂ ਤੋਂ ਛੁਡਾ।

ਗੁਰੂ ਜੀ-ਜੋ ਧਨ ਤੁਸਾਂ ਪਾਸ ਮਾੜੀ ਕਮਾਈ ਦਾ ਹੈ, ਸੋ ਲੁਟਾ ਦਿਓ ਭਲੇ ਅਰਥ, ਗ੍ਰੀਬਾਂ, ਲੋੜ-ਵੰਦਾਂ, ਅਤਿੱਥੀਆਂ ਨੂੰ ਦੇ ਦਿਓ। ਪਰਮੇਸ਼ੁਰ ਦੇ ਨਾਮ ਤੇ ਦੇ ਦਿਓ। ਜੇ ਕੁਛ ਕਿਸੇ ਦਾ ਥਹੁ ਹੋਵੇ ਤੇ ਉਨ੍ਹਾਂ ਦੇ ਪੁਚਾ ਦਿਓ। ਇਹ ਸੁਣਕੇ ਸਭ ਨੇ ਘਰਾਂ ਤੋਂ ਧਨ ਅੱਗੇ ਲਿਆ ਧਰੇ ਤੇ ਜੋ ਹੁਕਮ ਹੋਇਆ ਸੀ ਸਿਰ ਤੇ ਰੱਖ ਲਿਆ। ਇਸ ਤੋਂ ਪਿਛੋਂ ਸਤਿਗੁਰਾਂ ਨੇ ਉਹਨਾਂ ਸਭਨਾਂ ਦੀ ਬਿਨਤੀ ਪਰਵਾਨ ਕੀਤੀ:-

---

[1] ਪੁ: ਜ: ਸਾਖੀ:-ਅਸਾਡੇ ਪਾਪ ਬਿਨਾਸ ਕਰ; ਅਸੀਂ ਮਹਾਂ ਘੋਰ ਪਾਪ ਕਮਾਏ ਹਨ।

ਜੀ ਅਸਾਂ ਕਉ ਨਾਉਂ ਧ੍ਰੀਕ ਕਰ[1]'

ਅਰਥਾਤ ਸਾਨੂੰ ਨਾਮ ਦਾਨ ਦੇਹਿ। ਤਾਂ ਸਭਨਾਂ ਨੂੰ ਨਾਮ ਦਾਨ ਦਿਤਾ। ਸਾਰਿਆਂ ਨੇ ਉਹ ਕਿਰਤ ਛੋੜ ਦਿਤੀ। ਜੋ ਕੁਛ ਪਾਪਾਂ ਦੀ ਕਮਾਈ ਸੀ, ਸੋ ਪੁੰਨ ਦਾਨ ਕਰਕੇ ਭਲੇ ਅਰਥ ਲਾ ਦਿੱਤੀ।

> ਮਾਨੇ ਬਚਨ ਗੁਰੂ ਕੇ ਸਭਹੀ। ਦਰਬ ਲੁਟਾਇ ਦੀਨ ਤਿਨ ਤਬਹੀ । ਖੇਤੀ ਕਰਨ ਲਗੇ ਸਭ ਗ੍ਰਾਮਾਂ। ਪੂਰਬ ਕੋ ਤਜਿ ਦਯੋ ਕੁਕਾਮਾ। ਧਰਮਸਾਲ ਮਿਲ ਸਕਲ ਸਵਾਰੀ। ਭਾਉ ਭਗਤਿ ਕੇ ਭੇ ਅਧਿਕਾਰੀ। ਸਿਮਰਨ ਲਗੇ ਵਾਹਿਗੁਰੂ ਨਾਮੂ। ਸਿਖੀ ਰੀਤਿ ਲੀਨਿ ਅਭਿਰਾਮੂ॥ (ਨਾ: ਪ੍ਰ:)

ਕਰਾਮਾਤ ਦੱਸਣੋਂ ਸੰਕੋਚ ਕਰਨ ਵਾਲੇ ਗੁਰੂ ਦੇ ਨੈਣਾਂ ਦੀ ਦ੍ਰਿਸ਼ਟਿ ਪੈਣ ਨਾਲ ਕੀਹ ਅਚਰਜ ਵਰਤਿਆ ਕਿ ਘੋਰ ਪੱਥਰ ਮੋਮ ਹੋ ਗਏ ਤੇ ਸ਼ੁਭ ਮਾਰਗ ਪੈ ਗਏ। ਪਹਿਲਾਂ ਪਾਪ ਦੀ ਕਮਾਈ ਦੂਰ ਕਰਾਈ, ਅੱਗੋਂ ਧਰਮ ਕਿਰਤ ਤੇ ਲਾਇਆ ਤੇ ਨਾਮ ਦਾਨ ਦੇ ਕੇ ਸੱਚੇ ਰਸਤੇ ਪਾ ਦਿੱਤਾ। ਜਿਉਂ ਜਿਉਂ ਨਾਮ ਅੰਦਰ ਧਸੇ ਤਿਉਂ ਤਿਉਂ ਆਤਮ ਜੀਵਨ ਰਸੇ। ਉਸ ਪਾਪ ਵਸਤੀ ਵਿਚ ਧਰਮਸਾਲ ਬਣਵਾਈ। ਜਿੱਥੇ ਅੱਗੇ ਲੋਕੀਂ ਮੁੱਠੇ ਜਾਂਦੇ ਸਨ, ਹੁਣ ਉੱਥੇ ਸੇਵਾ, ਭਾਉ, ਭਗਤੀ, ਆਦਰ ਹੋਣ ਲੱਗਾ। ਧਰਮਸਾਲ ਇਕ ਅਚਰਜ ਆਸ਼੍ਰਮ ਨੇਕੀ ਦਾ ਗੁਰੂ ਨਾਨਕ ਨੇ ਟੋਰਿਆ ਸੀ। ਕੁਛ ਦਿਨ ਗੁਰੂ ਜੀ ਉਥੇ ਠਹਿਰਕੇ ਸਾਰੀ ਵਸਤੀ[2] ਨੂੰ ਪੁੰਨਾਂ ਵਿਚ ਦ੍ਰਿੜ੍ਹ ਕਰਕੇ ਤੇ ਦ੍ਰਿੜ੍ਹ ਹੋਇਆਂ ਵੇਖਕੇ ਅੱਗੇ ਟੁਰੇ। ਇਹ ਇਨਸਾਨੀ ਦਿਲ ਦਾ ਅਜਬ ਰੌ ਹੈ ਕਿ ਘੋਰ ਪਾਪੀ ਜਦ ਪੁੰਨੀ ਬਣਦੇ ਹਨ ਤਾਂ ਮਹਾਨ ਪੱਕੇ ਪੁੰਨੀ ਬਣਦੇ ਹਨ।

> ਕਿਤਕ ਦਿਵਸ ਬਸ ਕਰਿ ਤਿਹ ਥਾਨਾ। ਭਾਉ ਭਗਤਿ ਬਿਧਿ ਨੀਕ ਦ੍ਰਿੜ੍ਹਾਨਾ। ਬਖ਼ਸ਼ੇ ਸਰਬ ਪਾਪ ਤਿਨ ਕੇਰੇ। ਬਹੁਰ ਚਲਾਏ ਪੰਥ ਭਲੇਰੇ। ਬਿਦਾ ਭਏ ਤਿਨ ਤੇ ਬਰਿਆਈ[3]। ਆਗੇ ਕੀਨੋ ਗਮਨ ਗੁਸਾਈਂ ਮਹਾਂ ਅਘੀ[4] ਜਿਨ ਜਗਤ ਉਧਾਰੇ। ਤਿਨ ਦਰਸਨ ਪਰ ਕਵਿ ਬਲਿਹਾਰੇ।

## ੨੯. ਭਾਈ ਸੂਜਾ[5]।

**ਇਥੋਂ** ਟੁਰਕੇ ਸਨੇ ਸਨੇ ਸ੍ਰੀ ਗੁਰੂ ਜੀ ਭਾਗੀਰਥੀ ਗੰਗਾ ਪਰ ਹੋ ਗਏ ਤੇ ਮੁਰਸ਼ਿਦਾਬਾਦ ਆਏ, ਜਿਸ ਨੂੰ ਆਮ ਲੋਕਾਂ ਮਕਸੂਦਾਬਾਦ ਬੀ ਆਖਦੇ ਹਨ ਤੇ ਇਥੋਂ ਸਾਧੂਆਂ ਦੀਆਂ ਅੰਡੀਆਂ ਤੇ ਗ੍ਰਿਹਸਤੀਆਂ ਦੇ ਪਹਿਨਣ ਦੇ ਰੇਸ਼ਮੀ ਦੁਪੱਟੇ ਤੇ ਸਾਫੇ ਆਦਿਕ ਆਉਂਦੇ ਹਨ। ਇਹ ਚੰਗਾ ਵਡਾ ਨਗਰ ਹੈ; ਕਦੇ ਇਹ ਰਾਜਧਾਨੀ ਬੀ ਸੀ। ਸ੍ਰੀ ਗੁਰੂ ਜੀ ਨੇ ਏਥੇ ਕੁਛ ਦਿਨ ਡੇਰਾ ਲਾ ਦਿਤਾ। ਬਹੁਤ ਲੋਕ ਸਤਿਸੰਗ ਵਿਚ ਲਗਕੇ ਪਰਮੇਸ਼ੁਰ ਦੇ ਪਜਾਰ ਰਸਤੇ ਪੈ ਗਏ। ਅਨੇਕਾਂ ਦੇ ਮੰਦ ਕਰਮ ਛੁੱਟ ਗਏ ਤੇ ਅਨੇਕ ਸ਼ੁਭ ਕਰਮੀ ਤੇ ਨਾਮੀ ਹੋ ਗਏ। ਇਨ੍ਹਾਂ ਵਿਚੋਂ ਸਭ ਤੋਂ ਵਧੀਕ ਨਾਮ ਰੰਗ ਇਕ ਜੜੀਏ ਨੂੰ ਚੜ੍ਹਿਆ, ਜਿਸ ਦਾ ਨਾਉਂ ਸੀ ਸੂਜਾ। ਇਹ ਸੱਜਣ ਆਪਣੀ ਕਿਰਤ ਕਾਰ ਵਿਚ ਰਹਿਣ ਵਾਲਾ ਸੀ। ਮੌਤ ਦਾ ਭੈ ਜਾਣਦਾ ਸੀ ਤੇ ਭਲਿਆਈ ਦਾ ਖੋਜੀ ਸੀ, ਪਰ ਕਿਸੇ ਥਾਵੇਂ ਇਸ ਨੂੰ ਠੰਢ ਨਹੀਂ ਸੀ ਪ੍ਰਾਪਤ ਹੋਈ।ਜਾਂ ਸ੍ਰੀ ਗੁਰੂ ਜੀ ਦਾ ਸਤਿਸੰਗ ਪ੍ਰਾਪਤ ਹੋਇਆ ਤਾਂ ਇਸ ਦੇ ਮਨ ਨੇ ਟੇਕ ਬੱਧੀ ਰੋਜ਼ ਦਰਸ਼ਨ ਕਰੇ, ਸਤਿਸੰਗ ਕਰੇ ਤੇ ਵੱਧ ਤੋਂ ਵੱਧ ਨਾਮ ਵਿਚ ਲਿਵ ਧਾਰੀ ਹੁੰਦਾ ਜਾਵੇ, ਇਥੋਂ ਤਾਂਈਂ

---

[1] ਪੁਰਾਤਨ ਜਨਮ ਸਾਖੀ। [2] ਪੁਰਾਤਨ ਜਨਮ ਸਾਖੀ ਦੀਆਂ ਦਿਤੀਆ ਸਾਖੀਆਂ ਦੇ ਸਿਲਸਲੇ ਵਿਚ ਅਗਰ ਖੋਜ ਹੋਵੇ ਤਾਂ ਇਹ ਟਿਕਾਣਾ ਨਾਨਕ ਮਤੇ ਤੋਂ ਅੱਗੇ ਤੇ ਕਾਮ ਰੂਪ ਦੇਸ਼ ਤੋਂ ਉਰੇ ਹੋਣਾ ਚਾਹੀਏ। ਅਚਰਜ ਨਹੀਂ ਕਿ ਕਿਤੇ ਗਯਾ ਦੇ ਨੇੜੇ ਤੇੜੇ ਕੋਈ ਨਿਸ਼ਾਨ ਹੁਣ ਭੀ ਲੱਭ ਪਵੇ। [3] ਮੱਲੋ ਮੱਲੀ।

[4] ਠੱਗੀ ਤੇ ਡਕੈਤੀ ਹਿੰਦ ਵਿਚ ਮਹਾਨ ਜ਼ੋਰਾਂ ਵਿਚ ਹੋ ਰਹੀ ਸੀ। ਇਸ ਦੇ ਦੂਰ ਕਰਨ ਲਈ ਸਾਧਾਰਣ ਪੁਲਸ ਕਾਫੀ ਨਾ ਸਮਝਕੇ ਵੱਖਰਾ ਮਹਿਕਮਾਂ ਬਣਿਆ ਸੀ। ਠੱਗੀ ਡਕੈਤੀ ਘਟ ਗਈ ਹੈ, ਪਰ ਅਜੇ ਭੀ ਹਿੰਦ ਵਿਚੋਂ ਮੂਲੋਂ ਦੂਰ ਨਹੀਂ ਹੋਈ ।

[5] ਇਹ ਤੇ ਅਗਲਾ ਪ੍ਰਸੰਗ ਗ: ਪੁੰਨਮ ਸੰ: ਗ: ਨਾ: ਸਾ: ੪੬੯ (੧੯੩੭ ਈ:) ਨੂੰ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਆ ਸੀ।

ਕਿ ਇਹ ਪੂਰਨ ਨਾਮ-ਪ੍ਰੇਮੀ ਤੇ ਰਸੀਆ ਹੋ ਗਿਆ। ਸ੍ਰੀ ਗੁਰੂ ਜੀ ਦਾ ਪ੍ਰੇਮ ਇਸ ਅੰਦਰ ਐਸਾ ਧਸਿਆ ਕਿ ਇਸ ਦਾ ਅੰਦਰ ਕਵਿਤਾ ਵਿਚ ਆ ਗਿਆ। ਇਸ ਦੇ ਗੁਰੂ ਉਸਤਤ ਦੇ ਰਚੇ ਛੰਦਾਂ ਵਿਚੋਂ ਇਕ ਛੰਦ ਮਿਲਦਾ ਹੈ ਜੋ ਇਸ ਪ੍ਰਕਾਰ ਹੈ:-

ਸਤਿਗੁਰ ਨਾਨਕ ਪਰਸਿਆ ਸਭ ਪਾਪ ਬਿਨਾਸੇ। ਨਾਮ ਅਮੋਲਕ ਪਾਇਆ ਕਾਰਜ ਭਏ ਰਾਸੇ। ਅਗਮ ਨਿਗਮ ਜਿਸ ਗਾਵਤੇ ਵਹਿ ਸਤਿਗੁਰ ਏਹ। ਜਿਨਕੀ ਕਿਰਪਾ ਤੇ ਭਇਓ ਮੈਂ ਮੁਕਤ ਸੰਦੇਹ। ਕੱਚਾ ਰੰਗ ਉਤਾਰਿਕੇ ਸੁਭ ਰੰਗ ਚੜ੍ਹਾਇਆ । ਸਤਿਗੁਰ ਨਾਨਕ ਦਇਆ ਤੇ ਅਮਰਾਪਦ ਪਾਇਆ।

ਇਸ ਨਗਰੀ ਵਿਚ ਸਤਿਨਾਮ ਦਾ ਨਿਸ਼ਾਨ ਸ੍ਰੀ ਗੁਰੂ ਜੀ ਨੇ ਗੱਡ ਦਿਤਾ। ਸੁਜੇ ਭਗਤ ਦੀ ਸੰਗਤ ਤੇ ਉਲਾਦ ਅਜੇ ਓਥੇ ਦੱਸੀ ਦੀ ਹੈ।

## ੨੯. ਭਾਈ ਰਾਮਦਾਸ।

ਹੁਣ ਸ੍ਰੀ ਸਤਿਗੁਰੂ ਜੀ ਅੱਗੇ ਟੁਰ ਪਏ। ਪਹਿਲਾਂ ਦੱਖਣ ਦਾ ਰੁਖ਼ ਲਿਆ ਤਾਂ ਕ੍ਰਿਸ਼ਨ ਗੰਜ ਜਾ ਨਿਕਲੇ। ਕੁਛ ਦਿਨ ਸਤਿਨਾਮ ਦਾ ਸੋਹਿਲਾ ਸੁਣਕੇ ਕਈ ਥਾਂਈ ਫਿਰਦੇ ਉੱਤਰ ਪੂਰਬ ਰੁਖ਼ ਨੂੰ ਹੋ ਪਏ ਤਾਂ ਆਪ ਸ੍ਰੀ ਰਾਜ ਗੰਜ ਆ ਠਹਿਰੇ । ਕੁਛ ਦਿਨ ਏਥੇ ਨਾਮ ਦਾ ਪ੍ਰਚਾਰ ਕਰਦੇ ਇਧਰ ਉਧਰ ਫਿਰਦਿਆਂ ਤੇ ਥੋੜਾ ਚਿਰ ਟਿਕਦਿਆਂ ਗੁਜ਼ਰਿਆ। ਫੇਰ ਇਕ ਥਾਂ ਆਏ, ਜਿੱਥੇ ਜਲ ਹੀ ਜਲ ਨਜ਼ਰ ਆਵੇ। ਉਥੋਂ ਕੋਈ ਸਿਰ ਧੁਰ ਪਾਰ ਦੀ ਨਜ਼ਰ ਨਾ ਪਵੇ। ਏਥੇ ਆਪ ਜੀ ਵਾਹਿਗੁਰੂ ਜੀ ਦੇ ਰੰਗ ਵਿਚ ਮਗਨ ਖੜੇ ਸਨ, ਮਰਦਾਨਾ ਪੁੱਛਗਿਛ ਕਰ ਰਿਹਾ ਸੀ ਕਿ ਆਪ ਨੇ ਫੁਰਮਾਇਆ, ਦੇਖ ਕਰਤਾਰ ਦੇ ਰੰਗ ਓਹ ਆਪ ਸਭ ਕੁਛ ਕਰ ਰਿਹਾ ਹੈ। ਏਨੇ ਨੂੰ ਇਕ ਬੇੜੀ ਚੰਗੀ ਵੱਡੀ ਆ ਗਈ। ਮਲਾਹਾਂ ਨੇ ਆਪ ਜੀ ਨੂੰ ਕਿਹਾ ਕਿ ਅਸੀਂ ਲੈਣ ਵਾਸਤੇ ਆਏ ਹਾਂ, ਤਾਂ ਹੱਸਕੇ ਸ੍ਰੀ ਗੁਰੂ ਜੀ ਚੜ੍ਹ ਬੈਠੇ। ਉਸ ਮਹਾਨ ਜਲ ਦੇ ਫੈਲਾਉ ਤੋਂ ਪਾਰ ਹੋਏ ਤਾਂ ਕਿਸ਼ਤੀ ਇਕ ਟਿਕਾਣੇ ਜਾ ਲੱਗੀ। ਜੋ ਸਾਧੂ ਕਿਸ਼ਤੀ ਵਿਚ ਲੈਣ ਆਇਆ ਸੀ ਉਹ ਆਪ ਜੀ ਨੂੰ ਇਕ ਪਹਾੜੀ ਜੇਹੀ ਤੇ ਲੈ ਗਿਆ। ਇਥੇ ਜਾਕੇ ਸਾਰੇ ਇਕ ਕੰਦਰਾ ਵਿਚ ਵੜ ਗਏ ਏਥੇ ਅੰਧਕਾਰ ਸਖਤ ਸੀ । ਮਰਦਾਨਾਂ ਘਬਰਾਇਆ ਕਿ ਖਬਰੇ ਕਿਥੇ ਜਾ ਰਹੇ ਹਾਂ। ਕੁਛ ਚਿਰ ਬਾਦ ਅੰਧਕਾਰ ਮੁੱਕ ਗਿਆ ਤੇ ਫੇਰ ਖੁੱਲ੍ਹਾ ਥਾਂ ਆ ਗਿਆ ਤੇ ਕਈ ਸਾਧੂਆਂ ਦੀਆਂ ਧੂਣੀਆਂ ਲਗੀਆਂ ਹੋਈਆਂ ਨਜ਼ਰੇ ਪਈਆਂ। ਤਪਸੀ੍ ਸਾਧੂ ਲੋਕ ਅਨੇਕ ਤਰ੍ਹਾਂ ਨਾਲ ਆਸਣ ਲਾਏ ਬੈਠੇ ਸਨ, ਸਤਿਗੁਰੂ ਜੀ ਨੂੰ ਦੇਖਕੇ ਉਨ੍ਹਾਂ ਸਾਰਿਆ ਨੇ ਉਠਕੇ ਅਦਬ ਨਾਲ ਨਮਸਕਾਰ ਕੀਤੀ ਤੇ ਸਭਨਾਂ ਦੇ ਸ਼ਰੋਮਣੀ ਸਾਧੂ ਨੇ ਬੜੇ ਭਾਉ ਤੇ ਆਦਰ ਨਾਲ ਮੱਥਾ ਟੇਕਕੇ ਸਨਮਾਨ ਕੀਤਾ। ਸ੍ਰੀ ਗੁਰੂ ਜੀ ਨੇ ਭੀ ਸਤਿਕਾਰ ਨਾਲ ਉਸ ਨੂੰ ਗਲੇ ਲਾ ਲਿਆ ਤੇ ਦੁਇ ਬਹੁਤ ਪਯਾਰ ਨਾਲ ਬਿਰਾਜ ਗਏ। ਇਸ ਤਪੋ ਮੂਰਤੀ ਦਾ ਨਾਉਂ ਰਾਮ ਦਾਸ ਲਿਖਿਆ ਹੈ। ਹੁਣ ਕੁਛ ਦਿਨ ਏਥੇ ਟਿਕ ਗਏ। ਖਾਣ ਪੀਣ ਨੂੰ ਏਥੇ ਫਲ ਮਿਲਦੇ ਸਨ ਜੋ ਬੜੇ ਸ੍ਵਾਦੀਕ ਸਨ ਤੇ ਕਈ ਤਰ੍ਹਾਂ ਦੇ ਕੰਦ ਜੋ ਜ਼ਿਮੀਂ ਵਿਚੋਂ ਨਿਕਲਦੇ ਹਨ ਤੇ ਭੁੰਨਕੇ ਖਾਈਦੇ ਹਨ ਨਾਲ ਹੁੰਦੇ ਸਨ। ਏਥੇ ਬਾਬਾ ਜੀ ਦੀ ਕੋਈ ਗੋਸ਼ਟ ਵੀਚਾਰ ਸੁਣਨ ਦਾ ਮਰਦਾਨੇ ਨੂੰ ਅਵਸਰ ਨਹੀਂ ਬਣਿਆ, ਕਿਉਂਕਿ ਰਾਤ ਪੈਂਦਿਆ ਹੀ ਸ੍ਰੀ ਗੁਰੂ ਜੀ ਤੇ ਸ੍ਰੀ ਰਾਮਦਾਸ ਜੀ ਓਥੋਂ ਬੀ ਅਗੇਰੇ ਕਿਸੇ ਤਪੋਭੂਮੀ ਤੇ ਚਲੇ ਜਾਂਦੇ ਤੇ ਧਯਾਨ ਮਗਨ ਟਿਕ ਜਾਂਦੇ ਸਨ ਤੇ ਸ੍ਵੇਰੇ ਆਪਣੇ ਟਿਕਾਣੇ ਆਉਂਦੇ ਸਨ। ਕਈ ਦਿਨ ਇਕਾਂਤ ਵਿਚ ਰਹਿਕੇ ਤੇ ਆਪਣੇ ਰੰਗ ਰਵਕੇ ਸ੍ਰੀ ਗੁਰੂ ਜੀ ਓਥੋਂ ਭੀ ਟੁਰ ਪਏ। ਮਰਦਾਨੇ ਪੁੱਛਿਆ ਆਪ ਕਿਥੇ ਜਾਂਦੇ ਸੇ ? ਤਾਂ ਫੁਰਮਾਉਣ ਲਗੇ:-

ਸਬਦਿ ਰੰਗਾਏ ਹੁਕਮਿ ਸਬਾਏ॥ ਸਾਚੀ ਦਰਗਹ ਮਹਲਿ ਬੁਲਾਏ॥ {ਮਾਝ ਮ: ੧}

{ਢਾਕਾ}

**ਐਉਂ** ਕੁਝ ਸਮਾਂ ਆਪਣੇ ਆਪ ਨੂੰ ਮੂਲੋਂ ਏਕਾਂਤ ਵਿਚ ਰੱਖਕੇ ਹੁਣ ਅੱਗੇ ਨੂੰ ਟੁਰ ਪਏ ਤੇ ਢਾਕੇ ਸ਼ਹਿਰ ਆ ਗਏ। ਸ਼ਹਿਰੋਂ ਬਾਹਰ ਇਕ ਟਿਕਾਣੇ ਆਪ ਟਿਕ ਗਏ। ਅੰਮ੍ਰਿਤ ਵੇਲੇ ਤੇ ਸੰਝਾਂ ਨੂੰ ਨਿੱਤ ਵਾਂਙੂ ਦੋਇ ਵੇਲੇ ਕੀਰਤਨ ਦਾ ਰੰਗ ਲਗ ਜਾਇਆ ਕਰੇ। ਨੇੜੇ

ਨੇੜੇ ਤੋਂ ਲੋਕੀਂ ਆਉਣ ਲੱਗ ਪਏ ਤੇ ਹੌਲੀ ਹੌਲੀ ਸੁਣਨ ਵਾਲੇ ਵਧਦੇ ਗਏ। ਇਕ ਦਿਨ ਇਹ ਸ਼ਬਦ ਕਿਸੇ ਅਚਰਜ ਸੁਆਦ ਵਿਚ ਗਾਂਵਿਆਂ ਗਿਆ:-

ਮਨੁ ਕੁੰਚਰੁ ਕਾਇਆ ਉਦਿਆਨੈ॥

(ਗਉ:ਗੁਆ: ਮਹਲਾ ੧)

ਸੁਣਨ ਵਾਲਿਆਂ ਵਿਚ ਦੋ ਚਾਰ ਸਿਆਣੇ ਪੁਰਖ ਸਨ। ਉਨ੍ਹਾ ਤੇ ਐਸਾ ਅਸਰ ਹੋਇਆ ਕਿ ਉਨ੍ਹਾਂ ਨੂੰ ਖਿੱਚ ਪੈ ਗਈ ਤੇ ਸਤਿਗੁਰਾਂ ਦੇ ਪੈਰੀਂ ਪੈ ਗਏ। ਸਤਿਗੁਰ ਜੀ ਨੇ ਨਾਮ ਦਾਨ ਦੇ ਕੇ ਸੁਖ ਦੇ ਰਸਤੇ ਪਾ ਦਿੱਤਾ। ਹੁਣ ਓਥੋਂ ਦੇ ਉਸ ਵੇਲੇ ਦੇ ਕਈ ਨਾਮੀ ਸਾਧੂਆਂ ਤੱਕ ਸੋਆਂ ਪੁੱਜੀਆਂ। ਦੂਰ ਨੇੜੇ ਦੇ ਸਿੱਧਾਂ ਤਪੀਆਂ ਦੇ ਟਿਕਾਣਿਆਂ ਤੇ ਬੀ ਖ਼ਬਰਾਂ ਗਈਆਂ ਕਿ ਕੋਈ ਐਸੀ ਰੱਬੀ ਜੋਤਿ ਵਾਲਾ ਦਾਤਾ ਢਾਕੇ ਦੇ ਬਾਹਰ ਆ ਬੈਠਾ ਹੈ ਕਿ ਮੋਇਆਂ ਨੂੰ ਜਿਵਾਲਦਾ ਹੈ ਤੇ ਠੰਢਾਂ ਪਾਉਂਦਾ ਹੈ। ਏਹ ਖ਼ਬਰਾਂ ਸੁਣਕੇ ਇਕ ਇਕ ਕਰਕੇ ਓਹ ਸਾਰੇ ਲੋਕ ਆਉਣ ਲੱਗ ਪਏ। ਸ਼ਹਿਰ ਦੇ ਕਿਰਤੀ ਲੋਕ ਤੇ ਰੱਬੀ ਰਸਤੇ ਦੇ ਹੋਰ ਠਰਕੀ ਲੋਕ ਬੀ ਫੇਰੇ ਪਾਉਣ ਲੱਗ ਪਏ। ਸ੍ਰੀ ਬਾਬਾ ਜੀ ਦੇ ਉਪਦੇਸ਼ ਤੇ ਕੀਰਤਨ ਦਾ ਉਹ ਅਸਰ ਹੋਇਆ ਕਿ ਤਪੀ ਤੇ ਸਾਧੂ ਲੋਕ ਸਭ ਬਾਬੇ ਦੇ ਪ੍ਰੇਮੀ ਹੋ ਗਏ। ਸਭ ਤੋਂ ਵਧੀਕ ਜੋ ਗੁਰੂ-ਪ੍ਰੇਮੀ ਹੋ ਗਿਆ ਉਹ ਨੱਥੇ ਸ਼ਾਹ ਨਾਮੇ ਫਕੀਰ ਸੀ, ਜਿਸ ਨੇ ਨਾਮ ਦਾਨ ਲੈਕੇ ਆਪਣੀ ਕਲਯਾਨ ਕੀਤੀ। ਫੇਰ ਆਪ ਪਾਸ ਲੂਣੀਆਂ ਨਾਮੇ ਸਿਧ ਆਇਆ। ਇਹ ਹਠ ਯੋਗੀ ਸੀ, ਸਤਿਗੁਰੂ ਜੀ ਨੇ ਇਸ ਨੂੰ ਨਾਮ ਵਿਚ ਲਾਕੇ ਕੀਤੀ ਤੱਪਸਿਆ ਨੂੰ ਫਲਵਾਨ ਕਰ ਦਿਤਾ। ਇਸੇ ਤਰ੍ਹਾਂ ਸ਼ੇਖ ਅਹਿਮਦ ਨਾਮੇ ਫਕੀਰ ਨੂੰ, ਜੋ ਚਿਲੇ ਕੱਟ ਕੱਟ ਕੇ ਥੱਕ ਰਿਹਾ ਸੀ ਤੇ ਮਨ ਠੌਰ ਨਹੀਂ ਸੀ ਪਾਉਂਦਾ, ਨਾਮ ਭਗਤੀ ਵਿਚ ਦ੍ਰਿੜ੍ਹ ਕੀਤਾ। ਹੋਰ ਬੀ ਰੇਵਾ ਦਾਸ, ਸ਼ਾਮਲ ਨਾਥ, ਚੰਦਨ ਨਾਥ, ਨਰੈਣ ਦਾਸ ਆਦਿਕਾਂ ਦੀਆਂ ਘਾਲਾਂ ਸੁਣ ਸੁਣਕੇ ਉਹਨਾਂ ਦੇ ਅਟਕ ਵਾਲੇ ਥਾਉਂ ਸੁਲਝਾਕੇ ਵਾਹਿਗੁਰੂ ਜੀ ਦੇ ਸ਼ਬਦ ਸੋਹਿਲੇ ਨਾਲ ਜਿਵਾਲ ਦਿਤੇ। ਇਨ੍ਹਾਂ ਲੋਕਾਂ ਦੇ ਨਾਮ ਤੇ ਟਿਕਾਣੇ ਅੱਜ ਤੱਕ ਕਾਇਮ ਦੱਸੀਦੇ ਹਨ[੧]।

ਅਸਲ ਗੱਲ ਇਹ ਹੈ ਕਿ ਸਾਧੂ ਜਨ ਆਪਣੇ ਸਾਧਨਾਂ ਵਿਚ ਤੱਪਸਯਾ ਦੇ ਜ਼ੋਰ ਕੁਛ ਐਸੇ ਭਰਮ ਵਿਚ ਫਸ ਜਾਂਦੇ ਹਨ ਕਿ ਤਪ ਨੂੰ ਹੀ ਸਿੱਧੀ ਸਮਝਣ ਲੱਗ ਪੈਂਦੇ ਹਨ। ਤਪ ਨੇ ਤਾਂ ਮਨ ਨੂੰ ਵਿਕਾਰਾਂ ਤੋਂ ਛੁਡਾਕੇ ਵੈਰਾਗ ਵਿਚ ਲੈ ਆਉਣਾ ਸੀ। ਆਪਣੇ ਵਿਚ ਤਪ ਨੇ ਰੱਖਕੇ ਸਿੱਧੀ ਦੇ ਦਰ ਕਦੋਂ ਪੁਚਾਉਣਾ ਹੋਇਆ। ਇਸੇਤਰ੍ਹਾਂ ਕਈ ਕਰਾਮਾਤਾਂ ਦੀ ਪ੍ਰਾਪਤੀ ਤੇ ਜੋਧਨਾਂ ਵਿਚ ਲਗੇ ਮਿਹਨਤਾਂ ਕਰਦੇ ਰਹਿੰਦੇ ਹਨ ਤੇ ਕਈ ਇਥੋਂ ਤਿਲਕ ਕੇ ਤਾਂਤ੍ਰੀ ਹੋ ਜਾਂਦੇ ਹਨ। ਕਈਆਂ ਨੂੰ ਕਾਂਈਆਂ ਮਾਂਜਣ ਨਾਲ, ਜੋ ਸਰੀਰ ਵਿਚ ਸੁਅਸਤਤਾਈ ਤੇ ਬਲ ਆ ਜਾਂਦਾ ਹੈ ਉਤਨਾ ਹੀ ਬੱਸ ਹੋ ਜਾਂਦਾ ਹੈ ਤੇ ਅੱਗੇ ਪਰਮੇਸ਼ੁਰ ਜੀ ਨਾਲ ਮਿਲਨ ਤੇ ਜੁੜਨ ਵਲ ਯਤਨ ਫੁਰਦਾ ਹੀ ਨਹੀਂ। ਇਸ ਤਰ੍ਹਾਂ ਦੇ ਤਪੀਆਂ ਤੇ ਘਾਲੀਆਂ ਨੂੰ ਗੁਰੂ ਬਾਬੇ ਨੇ ਰਾਹੇ ਪਾਇਆ ਤੇ ਢਾਕੇ ਵਿਚ ਸਤਿਸੰਗ ਦੀ ਨੀਂਹ ਲਾ ਦਿੱਤੀ[੨]।

ਸੂਚਨਾ-ਇਸ ਤੋਂ ਅੱਗੇ ਫਿਰਦੇ ਟੁਰਦੇ ਸਤਿਗੁਰੂ ਜੀ ਇਕ ਟਿਕਾਣੇ ਜਾ ਨਿਕਲੇ, ਜਿਸ ਦਾ ਕੁਝ ਹਾਲ ਅਗਲੇ ਪ੍ਰਸੰਗ ਵਿਚ ਹੈ:-

---

[੧] ਖਾਲਸਾ ਤਵਾਰੀਖ।

[੨] ਜਿਥੇ ਆਪ ਬਿਰਾਜੇ ਸਨ, ਓਥੇ ਚੰਗਾ ਵੱਡਾ ਗੁਰਦਵਾਰਾ ਹੈ, ਇਹ ਹੁਣ ਦੇ ਸ਼ਹਿਰੋਂ ਥੋੜੇ ਮੀਲਾਂ ਦੀ ਵਿੱਥ ਤੇ ਹੈ ਤੇ ਸ੍ਰੀ ਗੁਰੂ ਜੀ ਦੀਆਂ ਚਰਨ ਪਾਦਕਾਂ ਓਥੇ ਹਨ। ਇਹ ਨਾਥ ਸ਼ਾਹ, ਜੋ ਆਦਿ ਗੁਰੂ ਜੀ ਨੂੰ ਮਿਲਿਆ, ਫਕੀਰ ਸੀ, (ਵਿਸ਼ੇਸ ਖੋਜ ਦੀ ਲੋੜ ਹੈ)। ਨੌਵੇਂ ਪਾਤਸਾਹ ਵੇਲੇ ਜੋ ਮਸੰਦ ਨੱਥਾ ਢਾਕੇ ਵਿਚ ਸੀ, ਉਹ ਉਦਾਸੀ ਸ੍ਰੀ ਅਲਮਸਤ ਜੀ ਦਾ ਚੇਲਾ ਸੀ, ਇਸ ਦਾ ਨਾਮ ਗੁਰ ਪ੍ਰਤਾਪ ਸੂਰਜ ਵਿਚ ਭਾਈ ਨਥਾ ਲਿਖਿਆ ਹੈ, ਜਿਸ ਦਾ ਨਾਮ ਨੱਥਾ ਰਾਮ ਬੀ ਸਦਦੇ ਹਨ। ਇਸ ਨੂੰ ਸਤਵੇਂ ਗੁਰਾਂ ਨੇ ਢਾਕੇ ਵਿਚ ਸਿਖੀ ਬਿਥਾਰਨ ਲਈ ਘੱਲਿਆ ਸੀ। ਇਸ ਸਤਿ ਪੁਰਖ ਦੀ ਮਾਤ੍ਰਾ ਭੀ ਉਦਾਸੀ ਸੰਤ ਪੜ੍ਹਦੇ ਹਨ, ਜਿਸ ਵਿਚ ਉਸ ਦੇ ਢਾਕੇ ਘੱਲੇ ਜਾਣ ਦਾ ਤੇ ਨੌਵੇਂ ਸਤਿਗੁਰਾਂ ਦੇ ਪ੍ਰੇਮੀ ਹੋਣ ਦਾ ਜ਼ਿਕਰ ਬੀ ਹੈ। ਨੌਵੇਂ ਤੇ ਦਸਵੇਂ ਸਤਿਗੁਰਾਂ ਵੇਲੇ ਢਾਕੇ ਵਿਚ ਬੁਲਾਕੀ ਦਾਸ ਮਸੰਦ ਸੀ। ਜੋ ਹੁਣ ਸ਼ਹਿਰ ਵਿਚ ਗੁਰਦਆਰਾ ਹੈ ਸੋ ਨਾਵੇਂ ਗੁਰਾਂ ਦੇ ਸ਼ਹਿਰ ਵਿਚ ਬਿਰਾਜਣ ਦੇ ਟਿਕਾਣੇ ਤੇ ਹੈ।

# ੩੦. ਨੂਰ ਸ਼ਾਹ ਨਿਸਤਾਰਾ [੧]।

੧. {ਮਨੌਵਾਦ}।

ਨਾਨਕ ਮਨੁ ਸਮਝਾਈਐ ਗੁਰਕੈ ਸਬਦਿ ਸਾਲਾਹ॥

ਮਰਦਾਨਾ (ਆਪਣੇ ਮਨ ਨਾਲ)-ਸਮਝ ਨਹੀਂ ਆਉਂਦੀ ਮੈਨੂੰ ਕਿਉਂ ਆਖਦੇ ਸਨ ਕਿ ਇਸ ਨਗਰ[੨] ਨਾ ਜਾਹ, ਸਾਡੇ ਪਾਸ ਹੀ ਰਹੁ। ਜਦੋਂ ਢਾਕਿਓਂ ਟੁਰਨ ਲੱਗੇ ਤਾਂ ਮੈਂ ਕਿਹਾ ਸੀ ਕਿ ਇਹ ਥਾਂ ਬੜਾ ਚੰਗਾ ਹੈ ਵੇਲੇ ਸਿਰ ਸਵੀਂਦਾ ਹੈ, ਵੇਲੇ ਸਿਰ ਅੰਨ ਮਿਲਦਾ ਹੈ, ਕੁਛ ਸਮਾਂ ਏਥੇ ਹੀ ਹੋਰ ਕੱਟੀਏ, ਤਾਂ ਆਖਦੇ ਸਨ: "ਨਹੀਂ, ਬੜਾ ਜ਼ਰੂਰੀ ਕੰਮ ਹੈ, ਇਕ ਭਾਰੀ ਉਪੱਦਰ ਮੇਟਣਾ ਹੈ, ਜ਼ਰੂਰੀ ਚੱਲਣਾ ਹੈ, ਛੇਤੀ ਚੱਲਣਾ ਹੈ। " ਤਦੋਂ ਇਕ ਨਹੀਂ ਸਨ ਮੰਨਦੇ। ਸ਼ਹਿਰ ਵਿਚ ਸਿਖੀ ਪਰਵਾਹ ਟੁਰ ਪਿਆ ਸੀ, ਅਨੇਕਾਂ ਮਾਯਾ ਪੂਜ ਵਾਹਿਗੁਰੂ ਜੀ ਦੇ ਪ੍ਰੇਮੀ ਹੋ ਗਏ ਸਨ, ਸਾਰੇ ਆਦਰ ਕਰਦੇ ਸਨ ਅਰ ਟੁਰਨ ਦੇ ਨਾਉਂ ਤੇ ਅੱਠ ਅੱਠ ਹੰਝੂ ਰੋਂਦੇ ਸਨ, ਪਰ ਉਥੋਂ ਹਠ ਕਰਕੇ ਤੁਰ ਹੀ ਆਏ ਤੇ ਇਹ ਕਹਿੰਦੇ ਤੁਰ ਆਏ 'ਕਿ ਉਪੱਦਰ ਮੇਟਣਾ ਹੈ', 'ਕਾਹਲੀ ਹੈ'। ਏਥੇ ਆਏ ਤਾਂ ਤ੍ਰੈ ਦਿਨ ਉਜਾੜ ਵਿਚ ਹੀ ਬੈਠ ਰਹੇ, ਨਾ ਰੋਟੀ ਨਾ ਪਾਣੀ। ਆਪ ਤਾਂ ਸਮਰੱਥ ਹਨ, ਪਰ ਮੈਂ ਕੀ ਕਰਾਂ? ਮੈਨੂੰ ਤਾਂ ਇਹ ਇਕ ਭੁੱਖ ਦਾ ਦੁਖ ਦੂਜੇ ਮੇਰਾ ਸੁਭਾਉ ਘਬਰਾ ਵਾਲਾ। ਮੈਂ ਨਿਕਟ ਵਰਤੀ, ਕਿਰਪਾ ਦਾ ਪਾਤ੍ਰ, ਮੈਂ ਜਾਣਦਾ ਹਾਂ ਜੋਤਿ ਇਲਾਹੀ ਹਨ, ਪਰ ਘਬਰਾ ਘਬਰਾ ਜਾਂਦਾ ਹਾਂ, ਸੰਸੇ ਕਰ ਬੈਠਦਾ ਹਾਂ, ਭੁੱਖਾ ਹੋਕੇ ਛਿੱਥਾ ਵੀ ਹੋ ਪੈਂਦਾ ਹਾਂ। ਮੈਂ ਕਦਰ ਨਹੀਂ ਪਾਉਂਦਾ, ਪਾਉਂਦਾ ਹਾਂ ਤਾਂ ਭੁੱਲ ਭੁੱਲ ਜਾਂਦਾ ਹਾਂ। ਨਿਕਟ ਰਹਿਕੇ ਸੰਸਿਆਂ ਵਿਚ ਜਾਣਾ ਮੈਨੂੰ ਭੁੱਖ ਨਾਲੋਂ ਬੀ ਵੱਡਾ ਦੁੱਖ ਹੈ। ਪਟਣੇ ਵਿਚ ਸਾਲਸ ਰਾਇ ਦਾ ਮੇਲਾ ਕਰਾਕੇ ਮੈਨੂੰ ਦਿਖਾ ਵੀ ਦਿੱਤਾ ਸਾਨੇ ਕਿ ਕਦਰ ਨਾ ਪਾਕੇ, ਪਛਾਣ ਨਾ ਕਰਕੇ ਮੁੱਲ ਨਾ ਪਾਕੇ ਜਗਤ ਕੀਕੂੰ ਦੁਖੀ ਹੈ। ਮੈਂ ਤਦੋਂ ਸਹੁੰ ਬੀ ਖਾਧੀ ਸੀ ਕਿ ਫੇਰ ਕਦੇ ਸੰਸਾ ਨਹੀਂ ਕਰਨਾ, ਨਿਰੰਕਾਰ ਦੀ ਜੋਤਿ ਸਮਝਕੇ ਸਦਾ ਰਜ਼ਾ ਵਿਚ ਟੁਰਾਂਗਾ,ਪਰ ਹਾਇ! ਮੇਰਾ ਕੱਚਾ ਪੀਤਾ ਸ਼ੀਰ! ਮੈਂ ਫੇਰ ਭੌਂਤਲ ਭੌਂਤਲ ਜਾਂਦਾ ਹਾਂ। ਹੁਣ ਤ੍ਰੈ ਦਿਨਾਂ ਦੀ ਭੁੱਖ ਨੇ ਮਾਰ ਮੁਕਾਯਾ, ਮੈਂ ਕੀਹ ਕਰਾਂ? ਕਿਵੇਂ ਹੇ ਪਰਮੇਸ਼ੁਰ ਜੀ! ਮੈਂ ਭੀ ਭੁੱਖ ਤਿਖ ਜਿੱਤ ਲਵਾਂ? ਫੇਰ ਤਾਂ ਖਵਰੇ ਮੈਂ ਰਜ਼ਾ ਤੇ ਟੁਰ ਪਵਾਂ ਤੇ ਕਦੇ ਨਾ ਘਬਰਾਵਾਂ। ਕਦੇ ਫੁਰਮਾਯਾ ਸਾਨੇ:-

ਮਰਦਾਨਿਆਂ ! ਮਰ ਜਾਨਿਆਂ! ਤੂੰ ਕੱਲ੍ਹ ਕੀ ਸ਼ਬਦ ਗਾਂਵਿਆਂ ਸੀ ਚੇਤੇ ਕਰ:-

> ਦਾਦਰ ਤੂੰ ਕਬਹਿ ਨ ਜਾਨਸਿ ਰੇ॥
> ਭਖਸਿ ਸਿਬਾਲੁ ਬਸਸਿ ਨਿਰਮਲ ਜਲ
> ਅੰਮ੍ਰਿਤੁ ਨ ਲਖਸਿ ਰੇ॥ {ਮਾਰੂ ਮ: ੧-੪}

ਬੱਸ ਇਹ ਸ਼ਬਦ ਮੇਰੇ ਤੇ ਹੀ ਘਟਦਾ ਹੈ, ਨਿਰਮਲ ਜਲ ਵਿਚ ਵੱਸਕੇ ਮੈਂ ਡੱਡੂ ਵਾਂਙੂ ਰੋਟੀ, ਪਾਣੀ ਸੁਖ ਆਰਾਮ-ਮਾਯਾ ਸਿਵਾਲ- ਦੇ ਹੀ ਮਗਰੇ ਰਹਿੰਦਾ ਹਾਂ, ਜੋਤਿ ਵਿਚ ਪਤੰਗਾ ਹੋਕੇ ਨਹੀਂ ਮਰ ਮੁੱਕਦਾ।

ਪਰ ਮੈਂ ਕੀ ਕਰਾਂ? ਹੇ ਕਰਤਾਰ! ਤੇਰੀ ਮਾਯਾ ਡਾਢੀ.., ਜਿਸਦਾ ਭੁੱਖ ਨਾਲ ਸੰਘ ਹੀ ਮਿਲ ਜਾਵੇ, ਉਹ ਕੀਰਤਨ ਕੀ ਕਰੇ? ਨਹੀਂ ਪਰ, ਕਿਉਂ, ਉਹ ਪਰਵਾਨਾ ਹੋ ਕੇ ਸ਼ਮਾਂ ਤੇ ਸ਼ਹੀਦ ਹੋ ਜਾਏ। ਦੇਖ ਮਰਦਾਨਿਆਂ! ਤੇਰੀ ਮਾਂ ਦੇ ਪੰਜ ਪੁੱਤ੍ਰ ਹੋਕੇ ਮਰ ਗਏ! ਤੂੰ ਜੰਮਿਆਂ ਤਾਂ ਉਸ ਜਾਤਾ ਸੀ ਕਿ ਇਹ ਬੀ ਮਰ ਹੀ ਜਾਏਗਾ। ਐਵੇਂ ਮੇਰੀ ਕੁੱਖ ਸਤਾਉਣ ਕੋਈ ਵੈਰੀ ਆਯਾ ਹੈ, ਮੋਹ ਦਾ ਚਿਮਟਾ ਲਾ ਕੇ ਭੱਜ ਜਾਵੇਗਾ। ਉਨ ਤੇਰਾ ਨਾਉਂ ਹੀ 'ਮਰਜਾਣਾ' ਰੱਖ ਦਿਤਾ। ਜੇ ਕੁਈ ਆਖੇ-"ਨੀ ਹਾਇ! ਹਾਇ! ਭੈੜੀ !! ਸੁਖੀ ਸਾਂਦੀ! ਪੁੱਤ੍ਰ ਦਾ ਨਾਂ ਕੀ ਰੱਖਿਆ ਈ"? ਤਾਂ ਓਹ ਆਖੇ: "ਮੇਰੇ ਭਾਗੀਂ ਪੁੱਤ੍ਰ ਨਹੀਂ, ਏਹ ਮੇਰੇ ਘਰ ਛਲਾਵੇ ਆਉਂਦੇ ਹਨ, ਮੈਂ ਇਨ੍ਹਾਂ ਦੇ ਜੀਉਣ

[੧] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੯ (੧੯੧੮ ਈ:) ਦੇ ਗੁਰਪੁਰਬ ਪੂੰਨਮ ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਤ ਹੋਇਆ ਸੀ।

[੨] ਪੁਰਾਤਨ ਜਨਮ ਸਾਖੀ ਵਿਚ ਇਹ ਟਿਕਾਣਾ ਕਾਮਰੂਪ ਵਿਚ ਦੱਸਿਆ ਹੈ ਜੋ ਆਸਾਮ ਦਾ ਉਤਰੀ ਹਿੱਸਾ ਹੈ ਤੇ ਜਿਸ ਦਾ ਵੱਡਾ ਨਗਰ ਗੁਹਾਟੀ ਹੈ। ਤਵਾਰੀਖ ਖਾਲਸਾ ਨੇ ਨੂਰ ਸ਼ਾਹ ਦਾ ਟਿਕਾਣਾ ਢਾਕੇ ਤੋਂ ੩ (ਤਿੰਨ) ਕੋਹ ਤੇ ਦੱਸਿਆ ਹੈ, ਜਿਥੇ ਬਰਛਾ ਸਾਹਿਬ ਗੁਰਦਵਾਰਾ ਹੈ

ਦੀ ਆਸ ਹੀ ਲਾਹ ਛੱਡੀ ਹੈ, 'ਮਰਜਾਣਾ' ਨਾਂ ਰੱਖ ਦਿਤਾ ਹੈ, ਮਰੂ ਤਾਂ ਮੈਂ ਰੋਊਂ ਤਾਂ ਨਾਂ, ਆਂਖੂੰ ਉਹ ਜਾਣੇ ਮਰ ਗਿਆ 'ਮਰ ਜਾਣਾ ' ਸੀ, ਮਰ ਗਿਆ ਤਾਂ ਮਰ ਗਿਆ ਸਹੀ"। ਐਸੇ ਬੇਲੋੜੇ ਨਾਉਂ ਵਾਲੇ 'ਮਰ ਜਾਣਿਆਂ !' ਜਦੋਂ ਤੂੰ ਗੁਰੂ ਨਾਨਕ ਨਾਲ ਖੇਡਿਓਂ ਤੇ ਗਾਵਿਓਂ ਤਾਂ ਉਸ ਇਲਾਹੀ ਦਾਤੇ ਨੇ ਤੇਰਾ ਘ੍ਰਿਣਾਂ ਵਾਲਾ ਨਾਉਂ ਬਦਲਕੇ ਮਰਦਾਂ ਦੇ ਮਰਦਾਨ ਵਾਲਾ 'ਮਰਦਾਨਾ' ਨਾਉਂ ਰੱਖਿਆ ਤੇ ਮੇਰੀ ਮਾਂ ਨੂੰ ਆਖਿਆ: "ਸੁੰਗੀਏ! ਤੇਰੇ ਮਰ ਜਾਣੇ ਨੂੰ ਅਸਾਂ ਮਰਦਾਂ ਦੇ ਮਰਦਾਨ ਵਿਚ ਜੀਉਣ ਵਾਲਾ ਮਰਦਾਨਾ ਨਾਉਂ ਬਖਸ਼ਿਆ ਹੈ, ਇਹ ਤੇਰੇ ਮਰ ਜਾਣੇ ਨੂੰ ਅਸਾਂ ਮਰਦਾਂ ਦੇ ਮਰਦਾਨ ਵਿਚ ਜੀਉਣ ਵਾਲਾ ਮਰਦਾਨਾ ਨਾਉਂ ਬਖਸ਼ਿਆ ਹੈ, ਇਹ ਤੇਰੇ ਭਾਗੀਂ ਨਹੀਂ ਜੀਏਗਾ, ਪਰ ਸਾਧ ਸੰਗਤ ਦੇ ਭਾਗੀਂ ਜੀਏਗਾ, ਜਿਨ੍ਹਾਂ ਨੇ ਇਸ ਤੋਂ ਰੱਬ ਦਾ ਜਸ ਸੁਣਕੇ ਜੀਉਣਾ ਹੈ, ਇਹ ਜੀਏਗਾ ਤੇ ਜੀਅਦਾਨ ਦੀ ਗੱਡ ਦਾ ਇਕ ਪਿੰਜ ਬਣੇਗਾ। "ਸੋ ਮਰਜਾਣਿਆਂ! ਜਿਸ ਤੈਨੂੰ ਮੋਏ ਨੂੰ ਜਿਵਾਯਾ, ਜੀਅ-ਦਾਨ ਦੇਕੇ ਜਿਵਾਯਾ, ਜਿਨ ਮਰਦਾਨਾ ਕੀਤਾ, ਉਸ ਉੱਤੇ ਕਿਉਂ ਨਹੀਂ ਮਰ ਮਿਟਦਾ? ਜਿਸ ਬਿਨ ਤੂੰ ਖਿਨ ਰਹਿ ਬੀ ਨਹੀਂ ਸਕਦਾ, ਜਿਸ ਵਿਚ ਤੂੰ ਨਿਰੰਕਾਰ ਵੇਖਦਾ ਹੈਂ, ਕਿਉਂ ਨਹੀਂ ਉਹਦੇ ਸ਼ਬਦ ਉੱਤੇ ਸ਼ਹੀਦ ਹੋ ਜਾਂਦਾ?

ਹਾ! ਕਾਲਜਾ ਗਿਆ, ਕਿਸ ਬੂਹੇ ਅੰਨ ਮੰਗਾਂ। ਜੇ ਸਬਰ ਕਰ ਬੈਠਾ ਰਹਿੰਦਾ ਤਾਂ ਓਥੋਂ ਖਬਰੇ ਰੱਬੀ ਤੋਸ਼ਾ ਆਉਂਦਾ: ਅਰਸ਼ੋਂ ਥਾਲ ਉਤਰਦੇ, ਹੁਣ ਮੈਂ ਅੰਨ ਲਈ ਦੁਆਰ ਦੁਆਰ ਫਿਰ ਰਿਹਾ ਹਾਂ। ਅਜਬ ਸ਼ਹਿਰ ਹੈ। ਯਾ ਅੱਲਾ! ਨੱਵੀਆਂ ਹੀ ਨੱਵੀਆਂ। ਖੇਤ ਵਿਚ ਤਾਂ, ਤੇ ਹੱਟਾਂ ਉੱਪਰ ਤਾਂ, ਘੂਰ ਘੂਰ ਵੇਂਹਦੀਆਂ ਹਨ। ਕੋਈ ਮਰ ਜਾਣੀ ਸੜੇ ਮੂੰਹੋਂ ਨਹੀ ਆਖਦੀ: :"ਭਾਈ ਮੁਸਾਫਰਾ ! ਰੋਟੀ ਖਾ ਲੈ। " ਤੱਕਦੀਆਂ ਹਨ, ਤੱਕਦੀਆਂ ਹਨ। ਕਿਤੇ ਕੋਈ ਭਈਏ ਪਿੱਟੀ ਨਜ਼ਰ ਨਾ ਲਾ ਦੇਵੇ, ਪਰ ਮੈਨੂੰ ਕੇਹੀ ਨਜ਼ਰ, ਮੇਰੇ ਸਿਰਤੇ ਨਜ਼ਰਾਂ ਦਾ ਮਿਹਰਾਂ ਦਾ ਸਾਂਈਂ ਬੈਠਾ ਹੈ।

ਹੈਂ ! ਆਹ ਕੀਹ ਆਯਾ ਹੈ? ਸਾਰਾ ਬਜ਼ਾਰ ਚੁੱਪ ਚਾਂ ਹੈ। ਇਹ ਮੰਦਰ ਕੈਸਾ ਹੈ, ਸਭ ਦਰਵਾਜ਼ੇ ਬੰਦ ! ਇਹ ਸ਼ੇਰ ਦੀ ਮੂਰਤ ਕਿੰਨੀ ਡਰਾਵਣੀ ਅੱਗੇ ਖੜੀ ਕੀਤੀ ਹੈ। ਊਈ, ਸੱਚ ਮੁਚ ਦੀ ਸ਼ੇਰਾਂ ਦੀ ਜੋੜੀ ਖੜੀ ਹੈ ਕਿ ਬੁੱਤ ਹਨ। ਕਾਲਾ ਨੀਲਾ ਰਲਾ ਕੇ ਕੇਹਾ ਰੰਗ ਘਰ ਨੂੰ ਕੀਤਾ ਹੈ। ਔਹ ਉੱਪਰ ਖਿੜਕੀ ਵਿਚੋਂ ਕਿਸੇ ਨੇ ਝਾਕਿਆ ਹੈ, ਕੋਈ ਬੁਲਾਕੇ ਆਖਣ ਲੱਗੀ ਹੈ: 'ਲੈ ਵੀਰਾ ਰੋਟੀ' (ਖੜੋ ਗਿਆ)ਹੈਂ ਕੋਈ ਨਹੀਂ ਬੋਲਿਆ, ਕਿਨ੍ਹੇ ਨਹੀਂ ਕਿਹਾ ਕੁਛ ਖਾ ਲੈ। ਚੰਗਾ ਚਲੋ ਅੱਗੇ। (ਪਰ ਕਦਮ ਨਹੀਂ ਹੱਲਦੇ) ਇਹ ਕੀ ਹੋ ਰਿਹਾ ਹੈ। ਮੇਰੇ ਵਿਚ ਅੰਨ ਦੇ ਤੋਟੇ ਕਰਕੇ ਤਾਣ ਨਹੀਂ ਰਿਹਾ ਭਾਵੇਂ । ਨਹੀਂ, ਟੁਰਨ ਦਾ ਤਾਣ ਤਾਂ ਅਜੇ ਹੈ, ਪਰ ਫੇਰ ਕਦਮ ਕਿਉਂ ਭਾਰੇ ਹੁੰਦੇ ਜਾਂਦੇ ਹਨ?

ਮਰਦਾਨਿਆਂ ਤਕੜਾ ਹੋ ਤੈਨੂੰ ਗੁਰੂ ਬਾਬੇ ਨੇ ਆਖਿਆ ਸੀ ਥੋੜਾ ਚਿਰ ਠਹਿਰ, ਸ਼ਹਿਰ ਅਜੇ ਨਾ ਜਾਹ, ਪਰ ਜਦ ਮੈਂ ਹਠ ਕੀਤਾ ਤਾਂ ਬੋਲੇ:-ਸੰਭਲ ਕੇ, ਆਪਾ ਸੰਭਾਲਕੇ ਜਾਂਵੀਂ, ਜਲਾਲ ਵਿਚ ਰਹੀਂ। ਤੂੰ ਕੋਮਲ ਹੈਂ, ਸੂਖਮ ਗੁਣ ਦਾ ਕਾਰੀਗਰ ਹੈ, ਚਿਤ ਵਿਚ ਇਕ ਐਸੀ ਨਰਮੀ ਰਖਦਾ ਹੈਂ ਕਿ ਜੋ ਸੱਟ ਖਾ ਬੈਠਦੀ ਹੈ। ਜੇ ਚੱਲਿਆ ਹੈਂ ਤਾਂ ਜਲਾਲ ਵਿਚ ਰਹੀਂ। ਹੁਣ ਲਓ ਵੇਖੋ ਮੇਰਾ ਜਲਾਲ ! ਕਦਮ ਹੀ ਨਹੀਂ ਉੱਠਦਾ! ..ਭਲਾ ਦੱਸੋ, ਭੁੱਖੇ ਦਾ ਜਲਾਲ ਕੀ ਕਰੇ? (ਕਲੇਜੇ ਨੂੰ ਮੁੱਕੀ ਮਾਰ ਕੇ) ਹਾਇ ਮੇਰੇ ਪੇਟ ! ਮੈਂ ਆਪਣੇ ਦਾਤੇ ਉੱਤੇ ਕਿੰਤੂ ਕੀਤਾ ਹੈ। ਭੁੱਖਾ ਵੀ ਜਲਾਲ ਵਿਚ ਰਹਿ ਸਕਦਾ ਹੈ? ਜਰੂਰ ਰਹਿ ਸਕਦਾ ਹੈ, ਬਚਨ ਦਾ ਸਦਕਾ। ਤਦੇ ਗੁਰੂ ਨਾਨਕ ਨੇ ਆਖਿਆ ਸੀ ਜਲਾਲ ਵਿਚ ਰਹੀਂ। ਜੇ ਭੁੱਖਾ ਨ ਰਹਿ ਸਕੇ ਤਾਂ ਗੁਰੂ ਆਖਦਾ ਕਿਉਂ? ਤੇ ਪਰਤੱਖ ਹੈ, ਗੁਰੂ ਆਪ ਭੁੱਖਾ ਰਹਿਕੇ ਜਲਾਲ ਰੰਗ ਵਿਚ ਵੱਸਦਾ ਹੈ, ਸੱਚ ਹੈ, ਗੁਰੂ ਸੱਚਾ ਹੈ, ਮੈਂ ਕੱਚਾ ਹਾਂ।

੨. {ਹੌਲ-ਅਚਰਜ !}

ਕਚੀ ਕੰਧ ਕਚਾ ਵਿਚਿ ਰਾਜੁ॥
ਮਤਿ ਅਲੂਣੀ ਫਿਕਾ ਸਾਦ॥ {ਸਿਰੀ: ਮ:੧}

ਇੰਨੇ ਨੂੰ ਉਸ ਸਹਿਮ ਭਰੇ ਘਰ ਦਾ ਇਕ ਬੂਹਾ ਖੁੱਲ੍ਹ ਗਿਆ, ਪਰ ਖੁਹਲਣ ਵਾਲਾ ਕੋਈ ਨਹੀਂ ਦਿੱਸਿਆ। ਮਰਦਾਨੇ ਨੇ ਅੰਦਰ ਤੱਕਿਆ ਇਕ ਡਿਉਢੀ ਹੈ ਤੇ ਅੱਗੇ ਸੁੰਵਾਂ ਵਿਹੜਾ ਹੈ। ਪਰ ਫੇਰ ਐਉਂ ਦਿੱਸਿਆ। ਜਿਵੇਂ ਚਾਦਰ ਵਿਛੀ ਹੈ ਤੇ ਉੱਤੇ ਪੁਲਾਉ ਦਾ ਰਕੇਬ ਪਿਆ ਹੈ ਤੇ ਵਿਚੋਂ ਭਾਫ ਉੱਠ ਰਹੀ ਹੈ ਅਰ ਭਿੰਨੀ ਭਿੰਨੀ ਕੇਸਰ ਤੇ ਸੰਗਤਰੇ ਦੀ ਮੁਸ਼ਕ ਆ ਰ੍ਹਹੀ ਹੈ। ਉਤਾਵਲਾ ਹੋ ਅੰਦਰ ਲੰਘ

ਗਿਆ, ਲੰਘਦੇ ਸਾਰ ਬੂਹਾ ਬੰਦ ਹੋ ਗਿਆ, ਦਿੱਸਿਆ ਕੁਛ ਨਾ ਕਿ ਕਿਸ ਨੇ ਬੂਹਾ ਮੀਟਿਆ ਹੈ। ਇਸ ਗੱਲ ਨੂੰ ਸਮਝਕੇ ਬੀ ਰਕੇਬ ਦੀ ਮੁਸ਼ਕ ਦਾ ਖਿੱਚਿਆ ਮਰਦਾਨਾ ਹੋਰ ਅੱਗੇ ਵਧਿਆ। ਉੱਥੇ ਰਕੇਬ ਤਾਂ ਹੈ ਨਹੀਂ ਸੀ, ਇਕ ਵਿਹੜਾ ਸੀ, ਇਸ ਦੇ ਇਕ ਪਾਸੇ ਇਕ ਕੰਧ ਵਿਚ ਕਿੱਲੀ ਸੀ, ਤੇ ਇਸ ਨਾਲ ਇਕ ਪਿੰਜਰ ਮਨੁੱਖ ਦਾ ਲਟਕ ਰਿਹਾ ਸੀ, ਜੋ ਸਾਰੇ ਦਾ ਸਾਰਾ ਸਰੀਰ ਦੀਆਂ ਹੱਡੀਆਂ ਦਾ ਸਚ ਮੁੱਚ ਦਾ ਪਿੰਜਰ ਸੀ। ਇਕ ਪੈਰ ਤਾਂ ਡਰ ਆਯਾ ਪਰ ਦੂਸਰੇ ਪੈਰ ਵਾਹਿਗੁਰੂ ਕਹਿਕੇ ਸੰਭਲਿਆ। ਅਜੇ ਸੰਭਲਿਆ ਹੀ ਸੀ ਕਿ ਵਿਹੜੇ ਤੋਂ ਅੱਗੇ ਨਜ਼ਰ ਪਈ ਤਾਂ ਇਕ ਦਲਾਨ ਬ੍ਰਾਮਦੇ[1] ਵਾਂਙੂ ਸੀ, ਜਿਸ ਦੇ ਵਿਚਕਾਰ ਦੋ ਥੰਮ੍ਹ ਸਨ,ਇਨ੍ਹਾਂ ਦੋਹਾਂ ਨਾਲ ਦੋ ਸ਼ੇਰਾਂ ਦੇ ਤਕੜੇ ਬੱਚੇ ਬੱਧੇ ਸਨ, ਜੋ ਅੰਦਰ ਆਏ ਪ੍ਰਾਹੁਣੇ ਵੱਲ ਘੂਰ ਘੂਰ ਤੱਕ ਰਹੇ ਸਨ। ਹੁਣ ਫਿਰ ਸਹਿਮ ਦਾ ਲਹਿਰਾ ਵੱਜਾ! ਪਰ ਸਹਿਮ ਖਾ ਰਹੀ ਤੇ ਹੌਲ ਵਿਚ ਜਾ ਰਹੀ ਅਕਲ ਨੇ ਨਜ਼ਰ ਨੂੰ ਫੁਰਤੀ ਨਾਲ ਇਹ ਵੇਖਣ ਵੱਲ ਲਾਯਾ ਕਿ ਸ਼ੇਰ ਬੱਧੇ ਹਨ ਯਾ ਖੁੱਲ੍ਹੇ ਤਦ ਉਹ ਭਾਗਾਂ ਨੂੰ ਬੱਧੇ ਹਏ ਨਜ਼ਰ ਪਏ: ਪਰ ਪੈਰ ਕੁਛ ਹੌਸਲਾ ਖਾਕੇ ਬੀ ਓਥੇ ਹੀ ਠਿਠੰਬਰ ਗਏ। ਜਿਥੇ ਕਿ ਮਰਦਾਨਾ ਹੁਣ ਖੜੋ ਗਿਆ ਸੀ, ਕੁਛ ਸਲਾਮਤੀ ਦਾ ਆਸਰਾ ਲੈਕੇ ਖੜਾ ਸੀ ਕਿ ਪੈਰਾਂ ਵਿਚ ਸੱਰਰ ਸੱਰਰ ਹੋਈ, ਤੱਕੇ ਤਾਂ ਦੋ ਫਨੀਅਰ ਸੱਪ ਸੱਰਰ ਸੱਰਰ ਕਰਦੇ ਉਸ ਦੇ ਪੈਰਾਂ ਵਿਚ ਦੀ ਲੰਘਦੇ ਅਦਰ ਵੱਲ ਜਾ ਰਹੇ ਹਨ। ਇਸ ਵੇਲੇ ਅਚਰਜ ਦਾ ਸਕਤਾ ਛਾ ਗਿਆ, ਨਾ ਮਰਦਾਨਾਂ ਹੋਸ਼ ਵਿਚ ਹੈ; ਨਾ ਬੇਹੋਸ਼ੀ ਵਿਚ, ਨਾ ਸ਼ੇਰਾ ਵੱਲ ਨੂੰ ਬਚਾ ਲਈ ਵਧਦਾ ਹੈ, ਨਾ ਪਹਿਲੇ ਸਹਿਮ ਦਾ ਸਹਿਮਿਆ ਪਿਛੇ ਹਟਦਾ ਹੈ। ਨਾ ਜਿਥੇ ਖੜਾ ਸੀ ਓਥੇ ਕਿਸੇ ਸਲਾਮਤੀ ਵਿਚ ਹੈ ਨਾ ਸਰਕਣ ਵਿਚ ਕਿਤੇ ਸਲਾਮਤੀ ਭਾਸਦੀ ਹੈ। ਇਕ ਚੱਕਰ ਸਿਰ ਨੂੰ ਆਇਆ, ਅਰ ਘਬਰਾਕੇ ਨੈਣ ਬੰਦ ਹੋ ਗਏ। ਹੌਲ ਨੇ ਫੇਰ ਹਿਲਾਯਾ ਤੇ ਨੈਣ ਖੁੱਲ੍ਹੇ। ਸੱਪ ਲੰਘ ਚੁਕੇ ਸਨ, ਸ਼ੇਰ ਖੁੱਲ੍ਹਕੇ ਲੋਪ ਹੋ ਚੁਕੇ ਸਨ। ਇਕ ਸੰਗ ਮਰਮਰ ਦੀ ਚੌਕੀ ਅੱਗੇ ਧਰੀ ਹੈ, ਉਸ ਪਰ ਚੌਲਾਂ ਦੀ ਰਕੇਬੀ ਰੱਖੀ ਹੈ ਖੁਸ਼ਬੋ ਆ ਰਹੀ ਹੈ। ਇਕ ਪਤਲੀ ਸੁਹਲ ਚੁਪ ਚਾਪ ਸੁੰਦਰੀ ਆਈ ਪਾਣੀ ਦਾ ਗਲਾਸ ਧਰ ਗਈ। ਇਕ ਹੋਰ ਆਈ ਮਰਦਾਨੇ ਦੇ ਪਿਛੇ ਚੌਂਕੀ ਬੈਠਣ ਵਾਸਤੇ ਡਾਹ ਗਈ, ਇਕ ਹੋਰ ਆਈ ਚਮਚਾ ਧਰ ਗਈ, ਇਕ ਹੋਰ ਆਈ, ਦੁੱਧ ਦਾ ਛੰਨਾ ਰਖ ਗਈ। ਪਰ ਨਾ ਕੋਈ ਬੋਲੀ ਨਾ ਕੁਈ, ਮਾਨੋਂ ਸਿੰਘਾਸਨ ਬਤੀਸੀ ਦੀਆਂ ਪੁਤਲੀਆਂ ਕੰਮ ਕਰ ਗਈਆਂ ਹਨ।

[1] ਸੰਸਕ੍ਰਿਤ ਵਰ।

### ੩. (ਰੱਜ)

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥

ਮਰਦਾਨੇ ਹੁਣ ਚੰਗੀ ਤਰ੍ਹਾਂ ਪਿਛੇ ਡਿੱਠਾ, ਬੂਹਾ ਤਾਂ ਬੰਦ ਸੀ, ਕਿੱਲੀ ਬੀ ਸੀ, ਪਰ ਨਾਲ ਪਿੰਜਰ ਨਹੀਂ ਸੀ ਲਟਕਦਾ, ਇਕ ਚਾਦਰ ਲਟਕ ਰਹੀ ਸੀ। ਅਗੇ ਡਿਠਾ ਤਾਂ ਦਲਾਨ ਦੀ ਪਰ ਹੋਰ ਕੁਛ ਨਹੀਂ ਸੀ। ਹੇਠਾਂ ਉੱਪਰ ਸੱਜੇ ਖੱਬੇ ਨਜ਼ਰ ਮਾਰੀ ਤਾਂ ਕੋਈ ਭੈ ਦਾ ਸਾਮਾਨ ਯਾ ਅਦਭੁਤ ਨਜ਼ਾਰਾ ਨਹੀਂ ਸੀ। ਹੁਣ ਭੁੱਖ, ਜੋ ਸਹਿਮ ਤੇ ਹੌਲ ਹੇਠਾਂ ਲੁਕ ਗਈ ਸੀ, ਪਰਤੀ ਤੇ ਪੁਲਾਉ ਦੀ ਖੁਸ਼ਬੂ ਨਾਲ ਖੂਬ ਚਮਕੀ, ਆਪ ਬੈਠ ਗਏ, 'ਧੰਨ ਗੁਰੂ ਨਾਨਕ' ਆਖਿਆ ਤੇ ਖੂਬ ਛਕਿਆ। ਕਈ ਪਕਵਾਨ ਆਏ, ਸ੍ਵਾਦੀਕ ਤੇ ਰਸਦਾਂਇਕ, ਖਾਵੇ ਤੇ ਆਖੇ: ਅਚਰਜ ਸ਼ਹਿਰ ਤੇ ਖ਼ਮੋਸ਼ਾਂ ਦਾ ਹੈ, ਨਾ ਕੋਈ ਕੁੰਦਾ ਹੈ ਨਾ ਸਹਿੰਦਾ ਹੈ: ਅਲਾ! ਖ਼ੈਰ ਕਰੀਂ। ਕੋਈ ਜਾਦੂ ਨਾ ਹੋ ਰਿਹਾ ਹੋਵੇ ਯਾ ਮੈਂ ਸੁਪਨੇ ਵਿਚ ਨਾ ਹੋਵਾਂ। ਸਾਮਰਤੱਖ ਹੈ ਕਿ ਭੁਲੇਵਾ? ਪਰ ਪੇਟ ਭਰ ਰਿਹਾ ਹੈ ਭੁੱਖ ਹਟ ਰਹੀ ਹੈ, ਸਾਮਰਤੱਖ ਹੀ ਹੈ। ਰੱਜ ਤਾਂ ਭਲਾ ਸੁਪਨਿਆਂ ਨਾਲ ਤੇ ਟੂਣਿਆਂ ਨਾਲ ਨਹੀਂ ਨਾ ਆ ਜਾਂਦਾ।

ਰੱਜਕੇ ਖਾਧਾ ਤਾਂ ਹੁਣ ਨੀਂਦ ਬੀ ਆਈ, ਪਰ ਪਿਛੇ ਪਰਤਣ ਦੀ ਬੀ ਸੁੱਝੀ। ਨਜ਼ਰ ਚੱਕਕੇ ਪਿਛੇ ਤੱਕਿਆ ਤੇ ਤੁਰ ਪਿਆ। ਜਿਸ ਡਿਉਢੀ ਆਪ ਵੜੇ ਸਨ ਓਥੇ ਮੰਜਾ ਡੱਠਾ ਹੈ ਚਿੱਟੀ ਵਿਛਾਈ ਹੈ, ਆਪ ਬੈਠ ਗਏ, ਬੈਠੇ ਲੇਟ ਗਏ, ਲੇਟੇ ਸਉਂ ਗਏ।

### ੪.(ਨੀਂਦ)

ਬਾਬਾ ਹੋਰੁ ਸਉਣਾ ਖੁਸੀ ਖੁਆਰੁ॥

ਮਰਦਾਨਾ ਜੀ ਸੁੱਤੇ ਸਨ ਖੂਬ ਛਕਕੇ, ਨੀਂਦ ਗੂੜ੍ਹੀ ਪੈ ਗਈ, ਪਰ ਕੁਛ ਚਿਰ ਪਿਛੋਂ ਇਕ ਸੁਪਨਾ

ਆਇਆ ਕਿ ਦੋ ਕਾਲੇ ਬਿੱਲੇ ਪੀਲੀਆਂ ਅੱਖਾਂ ਵਾਲੇ ਆਪ ਵਲ ਤੱਕ ਕੇ ਘੂਰ ਰਹੇ ਹਨ। ਇੱਧਰੋਂ ਅਜੇ ਕੁਝ ਸੋਚ ਹੀ ਰਹੇ ਸਨ ਕਿ ਸੱਰਰ ਕਰਦਾ ਇਕ ਤੀਰ ਕੰਨ ਦੇ ਕੋਲੋਂ ਦੀ ਲੰਘ ਗਿਆ, ਤ੍ਰਬ੍ਰਕੇ ਤੇ ਜਾਗ ਖੁੱਲ੍ਹ ਗਈ। ਨਾ ਤਾਂ ਉਹ ਡਿਉੜ੍ਹੀ ਹੈ, ਨਾ ਦਲਾਨ ਹੈ; ਨਾ ਵਿਹੜਾ, ਨਾ ਸੱਪ ਹਨ, ਨਾ ਸ਼ੇਰ, ਨਾ ਬਿੱਲੇ, ਨਾ ਪਕਵਾਨ ਹੈ, ਨਾ ਪ੍ਰੋਸਨ ਹਾਰੀਆਂ। ਇਕ ਵੱਡਾ ਸਾਰਾ ਕਮਰਾ ਹੈ ਜਿਸ ਦੀਆਂ ਕੰਧਾਂ ਵਿਚ ਸ਼ੀਸ਼ੇ ਤੇ ਨਗਾਂ ਦੀ ਜੜਤਕਾਰੀ ਹੈ, ਛੱਤ ਪਰ ਸੁਨਹਿਰੀ ਕੰਮ ਹੈ ਤੇ ਫਰਸ਼ ਕੀਮਤੀ ਗ਼ਲੀਚਿਆਂ ਦਾ ਹੈ। ਆਪ ਇਕ ਸੁਨਹਿਰੀ ਪਲੰਘ ਤੇ ਬਿਰਾਜਮਾਨ ਹਨ, ਖੁਸ਼ਬੂ ਨੇ ਕਮਰੇ ਵਿਚ ਮੁਸ਼ਕ ਮਚਾ ਰੱਖੀ ਹੈ, ਪਰ ਹੈ ਬੜੀ ਸੂਖਮ ਕਿਸਮ ਦੀ। ਆਪ ਉੱਠ ਬੈਠੇ, ਚਾਰ ਚੁਫੇਰੇ ਤੱਕਿਆ, 'ਆਹ! ਜਗਤ ਵਿਚ ਲੋਕ ਕੈਸੇ ਕੈਸੇ ਸੁਖੀ ਹਨ, ਭਗਵੰਤ ਨੇ ਕੈਸੇ ਕੈਸੇ ਸਾਮਾਨ ਆਰਾਮ ਦੇ ਬਣਾਏ ਤੇ ਬਖ਼ਸ਼ੇ ਹਨ! ਪਰ ਹੈਂ, ਜਗਮਗਾਹਟ ਕੈਸੀ, ਮੈਂ ਤਾਂ ਦਿਨ ਦੁਪਹਿਰੇ ਸੁੱਤਾ ਸਾਂ, ਇਥੇ ਏਹ ਝਾੜ ਫਾਨੂਸ ਲਟਲਟ ਬਲ ਰਹੇ ਹਨ! ਰਾਤ ਪੈ ਗਈ, ਓਹੋ ਹੋ! ਮੈਂ ਮੁੱਠਾ ਗਿਆ, ਸਤਿਗੁਰ ਜੀ ਨੂੰ ਮੈਂ ਆਖਿਆਂ ਸੀ ਜੋ ਮੈਂ ਸਾਯਤ ਦੋ ਸਾਇਤਾਂ ਵਿਚ ਮੁੜ ਆਸਾਂ, ਪਰ ਮੈਂ ਤਾਂ ਰਾਤ ਪਾ ਦਿੱਤੀ, ਕੇ ਕਰਸ਼ਾਂ, ਰਾਹ ਕਿਂਵ। ਲੱਭਸਾਂ? ਚੱਲ ਮਨਾਂ ਉੱਠ ਆਪਣੀ ਉਜਾੜ ਭਾਲੀਏ। ਕਰਤਾਰ, ਨਿਰੰਕਾਰ!

### ੫. {ਮਨ ਮੋਹਿਤ!}

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ॥

ਆਪ ਮੰਜੇ ਤੋਂ ਉੱਠੇ ਤੇ ਦਰਵਾਜ਼ੇ ਵਲ ਨੂੰ ਟੁਰੇ, ਚਾਣਚੱਕ ਜ਼ਿਮੀ ਤੋਂ ਇਕ ਸੁੰਦਰ ਇਸਤ੍ਰੀ ਉਠੀ ਤੇ ਗੋਡੇ ਟੇਕਕੇ ਹੱਥ ਜੋੜਕੇ ਬੋਲੀ: 'ਹੁਕਮ?'

ਮਰਦਾਨਾ-ਰਸਤਾ ਦੱਸੋ ਅਸਾਂ ਜਾਣਾ ਹੈ।

ਤ੍ਰੀਮਤ-ਕਿੱਥੇ?

ਮਰਦਾਨਾ-ਆਪਣੀ ਉਜਾੜ ਨੂੰ।

ਤ੍ਰੀਮਤ-ਕਰਨ ਕੀਹ?

ਮਰਦਾਨਾ-ਅਪਣੇ ਮਾਲਕ ਪਾਸ।

ਤ੍ਰੀਮਤ-ਤੇ ਜੇ ਉਹ ਵੀ ਏਥੇ ਆ ਜਾਵੇ ਤਾਂ।

ਮਰਦਾਨਾ-ਆ ਤਾਂ ਜਾਣਗੇ, ਮੈਨੂੰ ਜੁ ਦੇਰ ਹੋ ਗਈ ਹੈ, ਮੈਂ ਮੰਦਾ ਹਾਂ ਤਾਂ ਉਹ ਤਾਂ ਬਿਰਦਪਾਲ ਹਨ, ਜ਼ਰੂਰ ਲੈਣ ਆਉਣਗੇ। (ਤ੍ਰਬ੍ਰਕ ਕੇ) ਕਿਤੇ ਆ ਹੀ ਤਾਂ ਨਹੀਂ ਗਏ?

ਤ੍ਰੀਮਤ-ਆਏ ਤਾਂ ਨਹੀਂ ਪਰ ਆਉਣਗੇ, ਅਤੇ ਲੈਣ ਨਹੀਂ ਆਉਣਗੇ, ਆਏ ਤਾਂ ਇਥੇ ਹੀ ਰਹਿ ਪੈਣਗੇ। ਸੋ ਤੁਸੀਂ ਨਾ ਜਾਓ, ਇਸ ਹਨੇਰੇ ਵੇਲੇ ਕਿੱਥੇ ਪਏ ਹੱਡ ਗੋਡੇ ਭਨਾਓਗੇ, ਏਥੇ ਜੰਗਲੀ ਜਾਨਵਰ ਨਗਰ ਦੀਆਂ ਕੰਧਾ ਤਕ ਆਉਂਦੇ ਹਨ। ਪਏ ਰਹੋ ਏਥੇ, ਐਸੇ ਸੁਖ ਛੱਡਕੇ ਕਿੱਥੇ ਜਾਦੇ ਹੋ? ਬਹੁਤ ਚਿੱਤ ਹੋਇਆ ਤਾਂ ਸਵੇਰੇ ਚਲੇ ਜਾਣਾ, ਰਾਤ ਤਾਂ ਆਰਾਮ ਕਰ ਲਓ।

ਮਰਦਾਨਾ-(ਸਾਰੇ ਸਾਮਾਨ ਵੱਲ ਤੱਕ ਕੇ)- ਤੁਸੀਂ ਕੌਣ ਹੋ?

ਤ੍ਰੀਮਤ-ਮੈਂ ਦਾਸੀ ਹਾਂ, ਕਦੇ ਮੈਂ ਇਕ ਰਾਜ ਰਾਣੀ ਸਾਂ, ਪਰ ਇਸ ਘਰ ਦੇ ਸੁਖ ਜਦ ਦੇ ਦੇਖੇ ਹਨ, ਪੈਰ ਬਾਹਰ ਨਹੀਂ ਪਾ ਸੱਕੀ, ਤੁਸੀਂ ਭੀ ਐਸਾ ਸੁਖ ਦੇਖੋਗੇ ਕਿ ਕਿਤੇ ਨਹੀਂ ਡਿੱਠਾ ਹੋਊ।

ਮਰਦਾਨੇ ਦੇ ਜੀ ਵਿਚ ਇਹ ਗੱਲਾਂ ਕੁਛ ਪੋਹੀਆਂ। ਕਿੱਥੇ ਤਲਵੰਡੀ, ਕਿਥੇ ਢਾਕਾ, ਪੈਦਲ ਸਫਰ, ਦੁੱਖ, ਭੁੱਖ, ਥਕਾਨ, ਧੁੱਪਾਂ ਦੇ ਕੜਾਕੇ, ਮੀਂਹਾਂ ਦੇ ਸ੍ਰਾਟੇ, ਦਿਨ ਰਾਤ ਦੇ ਜੱਫਰ ਯਾਦ ਕਰ ਕਰ ਕੇ ਕਲੇਜਾ ਕੰਬ ਗਿਆ, ਦੋ ਹੰਝੂ ਭੀ ਭਰ ਆਏ; ਮਨ ਨੇ ਕਿਹਾ: ਭਲਾ ਐਨੇ ਕਸ਼ਟਾਂ ਦੇ ਮਗਰੋਂ ਦੋ ਦਿਨ ਕੋਈ ਰੱਜਕੇ ਸੈਂ ਲਵੇ, ਦੋ ਦਿਨ ਪੇਟ ਭਰ ਅੰਨ ਹੀ ਖਾ ਲਵੇ ਤਾਂ ਕੀਹ ਪਾਪ ਹੈ ? ਮੰਨਿਆਂ ਅਸੀਂ ਭਗਵੰਤ ਜੀ ਦੇ ਸੇਵਕ ਹਾਂ ਤੇ ਉਨ੍ਹਾਂ ਦੇ ਗਜਾਨ ਦੇ ਹਰਕਾਰੇ ਹਾਂ, ਪਰ ਹਰਕਾਰਾ ਬੀ ਤਾਂ ਹੀ ਡਾਕ ਲੈਕੇ ਭੱਜੇਗਾ ਨਾ ਜੇ ਉਸ ਦਾ ਸਰੀਰ ਨੌਂ ਬਰ ਨੌਂ ਹੋਵੇਗਾ ਤਾਂ। ਜੇ ਸਰੀਰ ਹੀ ਹਾਰ ਗਿਆ ਤਾਂ ਡਾਕ ਕੌਣ ਚੁੱਕ ਕੇ ਟੁਰੇਗਾ। ਥਕਾਨ ਮਗਰੋਂ ਨਿਰਾ ਆਰਾਮ ਤਾਂ ਅਣਦੋਸ਼ਾ ਸੁਖ ਹੈ। ਦੋ ਦਿਨ ਤੇ ਹਿਕ ਰਾਤ ਮਗਰੋਂ ਸੈਂ ਜਾਣਾ ਤੇ ਪੇਟ ਭਰ ਅੰਨ ਪਾ ਲੈਣਾ। ਹਾਂ ਜੀ ਚੇਤਾ ਆ ਗਿਆ, ਸਤਿਗੁਰੂ ਨੇ ਆਪ ਕਿਹਾ ਹੈ:- "ਅੰਨੁ ਨ ਖਾਇਆ ਸਾਦੁ ਗਵਾਇਆ"। {ਵਾਰ ਆਸਾ}

ਹੁਣ ਦੇਖਾਂ ਮੈਨੂੰ ਬੀ ਅਨੰਦ, ਸੁਆਦ ਆ ਰਿਹਾ ਹੈ ਤੇ ਰਸ ਬੀ ਚੜ੍ਹ ਰਿਹਾ ਹੈ, ਨਾਮ ਦਾ ਹੋਸੀ! ਠੀਕ ਹੈ, ਸੁਖ ਨਾਲ ਇਕ ਰਾਤ ਹੀ ਸਹੀ ; ਕੱਟ

ਲਈਏ, ਸਵੇਰੇ ਚੱਲ ਮਿਲਾਂਗੇ।

ਮਰਦਾਨਾ-(ਅੱਖਾਂ ਮੀਟ ਕੇ)-ਕਾਕੀ, ਜੇ ਮੈਂ ਰਾਤ ਏਥੇ ਸੈਂ ਰਹਾਂ ਤਾਂ ਕੋਈ ਖੇਚਲ ਤਾਂ ਨਾ ਵਾਪਰੇਗੀ, ਅੱਗੇ ਵਿਹੜੇ ਵਿਚ ਤਾਂ ਬੜੀਆਂ ਬਲਾਈਂ ਨਾਲ ਵਾਹ ਪੈ ਗਿਆ ਸੀ।

ਤ੍ਰੀਮਤ-ਨਹੀਂ ਜੀ ! ਆਰਾਮ ਨਾਲ ਸੁੱਤੇ ਰਹੋ ਤੇ ਜੋ ਚਾਹੋ ਛਕੋ। ਇਹ ਨਿਸ਼ਕਾਮ ਸੇਵਾ ਅਤਿਥੀ ਸੇਵਾ ਦਾ ਛੇਤ੍ਰ ਹੈ, ਡਰ ਤਾਂ ਜੋ ਸੀ ਸੋ ਸੀ, ਤੁਸੀਂ ਦਾਨੇ ਹੋ।

### ੬. {ਮਨ ਸੰਗ੍ਰਾਮ}

ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁਪੂਛਿ ਦੇਖਿਆ ਅਵਰੁ ਨਾਹੀ ਥਾਉ॥

ਮਰਦਾਨਾ ਫੇਰ ਸੋਚੀਂ ਪੈ ਗਿਆ। ਟੁਰਨ ਲੱਗਿਆਂ ਗੁਰੂ ਬਾਬੇ ਆਖਿਆ ਸੀ, 'ਜਲਾਲ ਵਿਚ ਰਹੀਂ'। ਕਿਉਂ ਆਖਿਆ ਸਾਨੇ? ਮੈਂ ਦੋ ਰੋਟੀਆਂ ਲੈਣ ਆਇਆ ਸਾਂ, ਜਲਾਲ ਦੀ ਲੋੜ ਕਿੱਥੇ ਪੈਣੀ ਸੀ? ਭਲਾ ਗੁਰੂ ਬਾਬੇ ਨੂੰ ਸੁਝੀ ਸੀ ਕਿ ਮੈਂ ਐਸੇ ਰਾਜ ਮੰਦਰ ਵਿਚ ਐਸੇ ਪੁੰਨਜਾਰਥੀ ਛੇਤ੍ਰ ਵਿਚ ਜਾ ਵੜਾਂਗਾ ਤੇ ਕਿਤੇ ਲੋੜ ਜਲਾਲ ਵਿਰਤੀ ਦੀ ਵੀ ਪਵੇਗੀ ? ਵਡੇ ਜੁ ਹੋਏ, ਮੱਤ ਦੇ ਦਿੱਤੀ ਹੋਵੇਗੀ ਨੇ ਕਿ ਕਿਤੇ ਮਤਾਂ ਲੋੜ ਪੈ ਜਾਵੇ, ਪਰਦੇਸਾਂ ਦੇ ਮਾਮਲੇ ਹਨ, ਧਰਤੀ ਆਖਦੇ ਹਨ ਓਹੋ ਜਿਹੀ ਜੰਤ੍ਰਾਂ ਮੰਤ੍ਰਾਂ ਦੀ ਹੈ। ਹੂੰ! ਨਹੀਂ ਉਹਨਾਂ ਨੂੰ ਜ਼ਰੂਰ ਪਤਾ ਹੋਊ ? ਓਹ ਤਿੰਨਾਂ ਕਾਲਾਂ ਦੇ ਜਾਨਣਹਾਰ ਹਨ, ਓਹ ਰੱਬ ਦਾ ਰੂਪ ਹਨ। ਨਹੀਂ ਓਇ ਡੂੰਮਾਂ, ਗੁਰੂ ਕੇ ਟਹਿਲੂਆ! ਓਹ ਤਾਂ ਓਹੋ ਹਨ, ਓਹੋ। ਜਾਣਦੇ ਹਨ। ਹੁਣ ਕਿਵੇਂ ਕਰਾਂ? ਉਡੀਕਦੇ ਹੋਣਗੇ। ਹਾਇ ਮੇਰੇ ਮਨ! ਮੇਰੀ ਪ੍ਰੀਤ ਗੁਰੂ ਚਰਨਾਂ ਨਾਲ ਹੈ ਨਹੀਂ।

ਇਹ ਸੋਚਦੇ ਹੀ ਇਕ ਡੋਬ ਪੈ ਗਿਆ ਅਰ ਕਿੰਨਾ ਚਿਰ ਬੇਸੁਧ ਜੇਹੇ ਟਿਕੇ ਰਹੇ। ਹੋਸ਼ ਆਈ ਤਾਂ ਕਹਿ ਰਹੇ ਸਨ, ਭਾਰੀ ਅਵੱਗਜਾ ਹੋ ਗਈ, ਨਹੀਂ ਨਹੀਂ, ਮੇਰੀ ਪ੍ਰੀਤ -ਤਾਰ ਨੂੰ ਗੰਢ ਪੈ ਗਈ, ਆਓ ਵੇ ਕੋਈ ਰੱਖੋ ਵੇ, ਮੇਰੀ ਪ੍ਰੀਤ ਨੂੰ ਵਲ ਪੈ ਗਿਆ ਜੇ। ਓਇ ਮਿਰਾਸੀ! ਤੇਰਾ ਸੜੇ ਪੇਟ, ਆਪੇ ਖਾ ਗਿਓਂ ਰੱਜਕੇ ਖਾ ਗਿਓਂ ਫੇਰ ਸੌਂ ਗਿਓਂ ਤੇ ਸਤਿਗੁਰੂ ਭੁੱਖੇ ਬੈਠੇ ਰਹੇ ਭੁੱਲਿਆ ਤੇ ਭਟਕਿਆ! ਜੇ ਤੈਂ ਅੰਦਰ ਪ੍ਰੀਤ ਹੁੰਦੀ, ਅੰਨ ਲੈਕੇ ਪਿਛਲੇ ਪੈਰੀਂ ਭਜਦੋਂ, ਪਹਿਲਾਂ ਸਤਿਗੁਰ ਨੂੰ ਖੁਲਾਉਂਦੋਂ, ਫੇਰ ਜੋ ਬਚਦਾ ਆਪ ਖ਼ਾਂਦੋਂ, ਹਾਂ, ਤਾਂ ਤੇਰੀ ਪ੍ਰੀਤ ਹੁੰਦੀ। ਪਰ ਮੈਂ ਕਰਾਂ ਕੀਹ ? ਪ੍ਰੀਤ ਹੁੰਦੀ ਅੰਦਰ ਤਾਂ ਪ੍ਰੀਤ ਦਾ ਕੰਮ ਸਰ ਆਉਂਦਾ। ਸੋ ਸਹੀ ਹੋ ਗਿਆ; ਹੇ ਮਨਾਂ! ਕਿ ਤੈਂ ਅੰਦਰ ਪਜਾਰੇ ਦੀ ਪ੍ਰੀਤਿ ਨਹੀਂ। ਹੁਣ ਕਿਸ ਮੂੰਹ ਜਾਵਾਂ ?ਕੀ ਪੱਜ ਪਾਵਾਂ ਤੇ ਆਖਾਂ ਕੀ ਵਰਤੀ ? ਕੀ ਵਰਤੀ, ਜੋ ਵਰਤੀ ਸੁ ਵਰਤੀ। ਆਖਸਾਂ ਜੀ ਮੈਂ ਮੁਰਦਾ ਮਰ ਜਾਣਾ, ਤੂੰ ਜੀਅ-ਦਾਨ ਦੇ ਕੇ ਨਾਮ ਵਿਚ ਸੁਰਜੀਤ ਕੀਤਾ ਸੀ। ਸੋ ਜਿੰਨਾ ਚਿਰ ਤੂੰ ਅੰਦਰ, ਮੈਂ 'ਮਰਦਾਨਾ', ਜਦੋਂ ਤੂੰ ਬਾਹਰ, ਤਦੋਂ ਮੈਂ 'ਮਰ ਜਾਣਾ'। ਮੈਂ ਮਿੱਟੀ ਅੰਧ, ਮੇਰਾ ਕੀ ਤਾਣ ਤੇ ਕੀ ਜ਼ੋਰ? ਤੂੰ ਮੁਰਦਿਆਂ ਦੇ ਕੰਨਾਂ ਵਿਚ ਫੂਕ ਮਾਰਦਾ ਹੈਂ, ਉਹ ਜੀ ਉਠਦੇ ਹਨ, ਤੂੰ ਅੰਗ ਸੰਗ ਵਸਦਾ ਹੈਂ ਓਹ ਪ੍ਰੀਤ ਕਰਦੇ ਹਨ, ਤੂੰ ਅੰਦਰੋਂ ਹੱਲਦਾ ਹੈਂ ਤਾਂ ਉਹੋ ਬੱਸ, ਪ੍ਰੀਤ ਦੀ ਤਾਰ ਢਿੱਲੀ। ਜੋ ਉਹ ਸਮਝ ਬੈਠਦੇ ਹਨ ਕਿ ਸਾਡੀ ਅੰਦਰਲੀ ਆਪਣੀ ਪ੍ਰੀਤ ਹੈ ਓਹ ਤੇਰੀ ਦਾਤ ਹੈ। ਮੈਂ ਕੀ ਕਰਾਂ, ਤੂੰ ਹੈਂ ਬਖਸ਼ੰਦ ਹੈਂ, ਬਖਸ਼ ਲੈ ਤੇ ਫੇਰ ਲੜ ਲਾ ਲੈ।

ਜਾਂ ਮਰਦਾਨਾ ਬਖਸ਼ਿਸ਼ ਦੀ ਸੋਚੀ ਪੈ ਗਿਆ ਤਾਂ ਨੈਣ ਬੰਦ ਹੋ ਗਏ, ਅਰ ਨੈਣਾਂ ਤੋਂ ਛਮਾਂ ਛਮ ਹੰਝੂ ਕਿਰਦੇ ਰਹੇ। ਉਹ ਦਾਸੀ ਭੀ ਤੱਕਦੀ ਰਹੀ, ਜਦ ਨੈਣ ਖੁੱਲ੍ਹੇ ਤਾਂ ਬੋਲੀ: ਮੈਂ ਸਦਕੇ ! ਆਪ ਰੁੰਨੇ ਕਿਉਂ ਹੋ?

ਮਰਦਾਨਾ-ਕੁਛ ਨਹੀਂ, (ਆਪਣੇ ਆਪ ਨਾਲ) ਫੇਰ ਓਇ ਮੂਰਖਾ ਮਰ ਜਾਣਿਆਂ ! ਤੂੰ ਗੁਰੂ ਨਾਨਕ ਦੀ ਕਦਰ ਨਾ ਪਾਈ, ਸਦਾ ਆਪਣਾ ਜਜਮਾਨ ਹੀ ਜਾਣਿਆ। ਭੁੱਲਿਆ! ਗੁਰੂ ਨਾਨਕ ਤੇ ਭੁਖ ? ਕਦੇ ਓਸੁ ਨੂੰ ਭੁਖ ਨੇ ਸਤਾਇਆ ਹੈ ? ਕਦੇ ਪੂਰਨ ਨੂੰ ਭੁਖ ਵਾਪਰ ਸਕਦੀ ਹੈ ? ਤੂੰ ਪਾਪੀ ਹੈਂ ਜਿਸਨੇ ਇਹ ਸੋਚ ਸੋਚੀ ਹੈ ਕਿ ਗੁਰੂ ਨਾਨਕ ਭੁੱਖਾ ਬੈਠਾ ਹੈ ਤੇ ਤੂੰ ਰੋਟੀ ਲੈਕੇ ਕਿਉਂ ਨਹੀਂ ਪੁੱਜਾ। ਉਹਨੂੰ ਤਾਂ ਇਕ ਰੱਬ ਦੇ ਸਲਾਹੁਣ ਦੀ ਭੁੱਖ ਹੈ, ਬਿਯ ਭੁੱਖ ਦਾ ਤਾਂ ਉਹ ਜਾਣੂ ਹੀ ਨਹੀਂ। ਤੂੰ ਸਰਬੱਗ ਨੂੰ ਅਲਪੱਗ ਕਿਉਂ ਜਾਤਾ? ਤੂੰ ਸਦਾ ਰੱਜੇ ਨੂੰ ਭੁੱਖੇ ਕਿਉਂ ਜਾਤਾ ? ਤੂੰ ਦਾਤੇ ਨੂੰ ਲੋੜਵੰਦ ਕਿਉਂ ਸੋਚਿਆ ? ਤੂੰ ਮਿੱਟੀ ਅੰਧ ਹੈਂ, ਉੱਥੇ ਨਾ ਦੁੱਖ ਹੈ ਨਾ ਭੁੱਖ ਹੈ, ਸਦਾ ਇਕ ਉੱਚੇ ਸੁਖ ਦਾ ਰੰਗ ਹੈ। ਪਰ ਬਈ ਨਹੀਂ, ਉਹ ਤਾਂ

ਠੀਕ ਬੇਚਾਹ ਹੈ, ਪਰ ਤੈਨੂੰ ਤਾਂ ਚਾਹ ਹੈ ਨਾ। ਤੂੰ ਤਾਂ ਪੂਰਨ ਨਹੀਂ ਨਾ। ਤੂੰ ਤਾਂ ਲੋੜਵੰਦ ਹੈਂ, ਜੀਵ ਹੈਂ, ਬਈ ਤੂੰ ਘੁੱਸਾ ਹੀ ਘੁੱਸਾ। ਤੈਨੂੰ ਤਾਂ ਸੇਵਾ ਬਣਦੀ ਸੀ। ਤੇਰੇ ਅੰਦਰ ਪ੍ਰੀਤ ਚਾਹੀਦੀ ਸੀ। ਪ੍ਰੀਤ ਹੁੰਦੀ ਤੇਰੇ ਸੰਘੋਂ ਰੋਟੀ ਨਾ ਲਹਿੰਦੀ। ਨਾ ਇਸ ਲਈ ਕਿ ਤੇਰਾ ਪ੍ਰੀਤਮ ਪਜਾਰਾ ਭੁੱਖਾ ਬੈਠਾ ਹੈ, ਪਰ ਇਸ ਲਈ ਕਿ ਪਿਆਰੇ ਨੂੰ ਛਕਦਿਆਂ ਦੇਖੇ ਬਿਨਾਂ ਤੇਰੇ ਸੰਘੋਂ ਗਰਾਹੀ ਲੰਘ ਨਹੀਂ ਸਕਦੀ। ਹੁਣ ਤੈਨੂੰ ਅਕਲ ਸੁੱਝ ਪਈ ਹੈ, ਦੇਖਿਆ ਈ ਅਕਲ ਕਿਹੜੇ ਵੇਲੇ ਆਈ ਹੈ? ਭੁੱਲ ਕੀਤੀ, ਪ੍ਰੀਤ-ਤਾਰ ਨੂੰ ਵਲ ਪਾਯਾ ਤੇ ਹੁਣ ਵਲ ਕੱਢਣ ਦੀ ਥਾਂ ਮਨ ਕਹਿੰਦਾ ਹੈ ਵਲ ਪਿਆ ਹੀ ਨਹੀਂ, ਅਕਲ ਦੀ ਐਨਕ ਲਾ ਲਾ ਵੇਖਦਾ ਤੇ ਆਖਦਾ ਹੈ ਕਿ ਓਹ ਸਦਾ ਰੱਜੇ ਹਨ, ਉਨ੍ਹਾਂ ਨੂੰ ਊਂਘ ਨਾਂ ਭੁੱਖ ਹੈ, ਉਨ੍ਹਾਂ ਦਾ ਤਾਂ ਆਤਮ ਰਾਮ: ਤੇ ਨਿਵਾਸ ਹੈ। ਠੀਕ, ਹੈ ਤਾਂ ਸੱਚ, ਦਰੁਸਤ ਗੱਲ, ਸੱਚ, ਨਿਰਾ ਸੱਚ, ਪਰ ਭੋਲਿਆ! ਤੇਰੀ ਪ੍ਰੀਤ ਕਿੱਥੇ ਗਈ? ਓਹ ਤਾਂ ਬੇਲੋੜ ਹੈਨ ਤੂੰ ਬਲੋੜ ਕਦ ਤੋਂ ਹੋ ਗਿਆ ?ਤੂੰ ਚਰਨਾਂ ਕਮਲਾਂ ਦਾ ਭੌਰਾ, ਤੈਥੋਂ ਰੋਟੀ ਖਾਧੀ ਕਿਵੇਂ ਗਈ? ਤੇਰੇ ਨੈਣਾਂ ਦੇ ਛੱਪਰ ਇਸ ਸੁੰਞੀ ਛੇਜ, ਅੱਗ ਲੱਗਣੀ ਪਲੰਘੜੀ ਤੇ ਕਿਵੇਂ ਮਿਲ ਗਏ? ਮਨਾਂ! ਨਾਂ ਦੇਹ ਧੋਖੇ ਉਹ ਤਾਂ ਪੂਰਨ ਹੈ, ਪਰ ਮੈਂ ਪੂਰਨ ਉਸ ਬਿਨਾਂ ਨਹੀਂ ਹਾਂ।

ਮੈਂ ਅਪੂਰਨ ਹਾਂ ਤੇ ਜੁੜਾਂ ਕਿਵੇਂ ? ਪ੍ਰੀਤ ਨਾਲ, ਤੇ ਪ੍ਰੀਤ ਨੂੰ ਪੈ ਗਿਆ ਵਲ, ਤੇ ਲਓ ਬਈ ਆ ਗਏ ਅਕਲ ਹੁਰੀਂ ਕਿ ਉਨ੍ਹਾਂ ਨੂੰ ਲੋੜ ਹੀ ਕਿੱਥੇ ਸੀ? ਹੇ ਮਨ! ਜਿਸ ਨੇ ਤੇਰਾ ਇਤਬਾਰ ਕੀਤਾ, ਉਹ ਦੋਹੀਂ ਜਹਾਨੀਂ ਮੁੱਠਾ, ਚੱਲ ਹੁੱਜਤੀ ਮਨਾਂ! ਹੁਣ ਤਾਂ ਉੱਠ!

ਤ੍ਰੀਮਤ-ਮਹਾਰਾਜ! ਆਪ ਰੋ ਰਹੇ ਹੋ, ਚਿਤ ਦੀ ਬ੍ਰਿਥਾ ਦੱਸਦੇ ਨਹੀਂ, ਕੁਝ ਕਹੋ ਤਾਂ ਉਪਰਾਲਾ ਹੋ ਜਾਏ ! ਉਹ ਕੀ ਹੈ ਜੋ ਏਥੇ ਪ੍ਰਾਪਤ ਨਹੀਂ ?

ਮਰਦਾਨਾ- ਮੈਥੋਂ ਭੁੱਲ ਹੋ ਗਈ ਹੈ, ਮੈਂ ਆਪਣੇ ਮਾਲਕ ਨੂੰ ਅੰਨ ਨਹੀਂ ਖੁਲਾਯਾ, ਆਪ ਖਾ ਕੇ ਗਾਫ਼ਲ ਸੈਂ ਰਿਹਾ ਹਾਂ।

ਤ੍ਰੀਮਤ-ਬੱਸ, ਵਾਹ ਮਹਾਰਾਜ ! ਆਪ ਨੇ ਇਸ ਘਰ ਨੂੰ ਐਸਾ ਨਿਕੰਮਾ ਖਿਆਲ ਕੀਤਾ ਹੈ। ਜਿਸ ਵੇਲੇ ਆਪ ਦੇ ਅੱਗੇ ਭੋਜਨ ਆਯਾ ਹੈ, ਉਸੇ ਵੇਲੇ ਉਦਜਾਨ ਵਿਚ ਥਾਲ ਪਰੋਸਕੇ ਆਪ ਦੇ ਸੁਆਮੀ ਜੀ ਪਾਸ ਪਹੁੰਚਾਇਆ ਗਿਆ ਸੀ।

ਮਰਦਾਨੇ ਨੇ ਤੱਕਿਆ, ਫੇਰ ਤੱਕਿਆ, ਫੇਰ ਚਿੱਤ ਖਿੜ ਆਇਆ ਕਿ ਅਤਿੱਥੀ ਪੂਜਾ ਹੋਵੇ ਤਾਂ ਐਸੀ, ਜੋ ਆਪਣੇ ਪ੍ਰਾਹੁਣੇ ਦੀ ਭੁੱਲ ਦਾ ਦਾਰੂ ਕਰ ਲਵੇ। ਧੰਨ ਅਤਿੱਥੀ ਸੇਵਾ, ਧੰਨ ਪ੍ਰਾਹੁਣਚਾਰੀ! ਲੈ ਬਈ ਮਨਾਂ ਸੁਖੀ ਹੋ, ਚੱਲ ਮਖੌਲ ਮਾਰਾਂਗੇ, ਸਿੱਖੀ ਤੋਂ ਰਤਾ ਉਰੇ ਖੜੋਕੇ ਮਰਾਸੀ ਬਣਕੇ ਜੁਗਤਾਂ ਕਰਾਂਗੇ, ਕਹਾਂਗੇ ਲਓ ਸਦਾ ਤੁਸੀਂ ਖੁਲਾਂਦੇ ਹੋ, ਅੱਜ ਅਸਾਂ ਆਪ ਨੂੰ ਕੈਸਾ ਸੁਆਦੀ ਥਾਲ ਘੱਲਿਆ? ਓਹ ਹੱਸਣਗੇ ਅਸੀਂ ਦੋ ਹੋਰ ਫਬਦੀਆਂ ਕਹਾਂਗੇ, ਮੌਜ਼ੂ ਹੋਊ। ਮਰਦਾਨਿਆਂ! ਓਇ ਕੀ ਆਖਿਆ ਈ? ਤੂੰ ਮਖੌਲ ਤਾਂ ਕਰੇਂਗਾ, ਪਰ ਕਹੇਂਗਾ:'ਅਸਾਂ ਘੱਲਿਆ ਸੀ'? ਮਖੌਲ ਖੇੜੇ ਲਈ ਹੁੰਦਾ ਹੈ ਕਿ ਇਕ ਝੂਠ ਨੂੰ ਲੁਕਾਉਣ ਵਾਸਤੇ? ਫੇਰ ਮਾਲਕ ਨਾਲ। ਧੰਨ ਮਰਜਾਣਿਆਂ! ਤੇਰਾ ਧੰਨ ਹੈ ਮਨ। ਤੂੰ ਖੁੱਟਰ ਹੈਂ, ਤੇਰਾ ਕੌਣ ਵਿਸਾਹ ਕਰੇ? ਅੱਛਾ ਬਈ ਅਸੀਂ ਉਰੇ ਹਾਂ, ਪਰ ਲੜ ਪੂਰੇ ਦੇ ਲੱਗੇ ਹਾਂ, ਬੱਸ ਏਹੋ ਇਕ ਟੇਕ ਹੈ, ਮੈਂ ਤਾਂ ਜੇਹਾ ਹਾਂ ਤੇਹਾ ਹਾਂ। ਇਹ ਲੋਕ ਕੇਡੇ ਚੰਗੇ ਹਨ। ਐਸੇ ਨੱਗਰ ਵਿਚ ਜਿਥੇ ਐਸੇ ਭਗਤ ਜਨ ਵੱਸਦੇ ਹਨ, ਕੀ ਉਪੱਦਰ ਹੋ ਸਕਦਾ ਹੈ ਜੋ ਗੁਰੂ ਨਾਨਕ ਮੇਟਣ ਆਇਆ ਹੈ! ਦੇਖੋ ਇਧਰ ਮੈਨੂੰ ਪਾਲਦੇ ਹਨ, ਉਧਰ ਸਤਿਗੁਰੂ ਦੀ ਸੇਵਾ ਕਰਦੇ ਹਨ। ਕਿੰਨਾ ਆਦਰ ਹੈ! "ਮਰਦਾਨਿਆਂ ਜਲਾਲ ਵਿੱਚ ਵੱਸੀਂ" ਅਚਾਨਕ ਏਹ ਸ਼ਬਦ ਮਰਦਾਨੇ ਦੇ ਕੰਨਾ ਵਿਚ ਗੂੰਜ ਪਏ, ਮਾਨੋਂ ਕੋਈ ਹੁਣ ਕਹਿ ਰਿਹਾ ਹੈ। (ਘਬਰਾ ਕੇ ਮਰਦਾਨਾ ਸੋਚਦਾ ਹੈ,) ਪਿਆਰੀ ਅਵਾਜ਼ ਹੈ, ਪਰ ਜਲਾਲ ਵਿਚ ਕੀਕੂੰ ਰਹਾਂ? ਬਈ ਮੇਰੇ ਪਰ ਜੋ ਇਨ੍ਹਾਂ ਦਾ ਅਸਰ ਪੈ ਰਿਹਾ ਹੈ, ਨਾ ਪੈਣ ਦਿਆਂ ਤੇ ਆਖਾਂ ਕਿ ਮੇਰਾ ਰੱਬ ਮੈਨੂੰ ਪਾਲ ਰਿਹਾ ਹੈ, ਜਿਸਦੇ ਘਟ ਵਿੱਚ ਰੱਬ ਬੈਠ ਜਾਂਦਾ, ਉਹ ਮੇਰੀ ਸੇਵਾ ਕਰ ਦੇਂਦਾ ਹੈ, ਪ੍ਰੇਰਕ ਪਾਲਣਹਾਰ, ਪਰਵਰਦਗਾਰ ਤੇ ਰੱਖਕ ਉਹੋ ਹੈ। ਹਾਂ, ਮੈਂ ਆਪਣੇ ਅੰਦਰ ਟਿਕਾਣੇ ਸਿਰ ਰਹਾਂ ਤੇ ਉਸ ਨੂੰ ਭੁੱਲਕੇ ਕਿਸੇ ਐਸੇ ਦਾਤੇ ਦੇ ਫਾਹੇ ਨਾ ਫਸ ਜਾਵਾਂ ਜੋ ਆਪ ਮੰਗਤਾ ਹੈ, ਪਰ ਫੇਰ ਇਹ ਬੀ ਨਾਸ਼ੁਕਰੀ ਹੋ ਜਾਊ. ਜਿਸ ਨੇ ਸੇਵਾ ਕੀਤੀ

ਉਸ ਦਾ ਕ੍ਰਿਤੱਗਜ ਨਾ ਹੋਣਾ ਕ੍ਰਿਤਘਨਤਾ ਹੋਊ। ਕਿਵੇਂ ਜਲਾਲ ਤੇ ਰਹਾਂ?

"ਮਰਦਾਨਿਆਂ! ਤੇਰੇ ਪਾਸ ਸੂਖਮ ਕਲਾ ਰਾਗ ਦੀ ਹੈ, ਤੇਰਾ ਚਿੱਤ ਸੁੰਦਰਤਾ ਦਾ ਪ੍ਰੇਮੀ ਹੈ, ਚਾਹੇ ਅਵਾਜ਼ ਦੀ ਹੋਵੇ, ਚਾਹੇ ਫੁੱਲਾਂ ਪੱਤਿਆਂ ਦੀ ਹੋਵੇ, ਚਾਹੇ ਚੰਨ ਤਾਰਿਆਂ ਦੀ ਹੋਵੇ, ਚਾਹੇ ਰੂਪ, ਚਾਹੇ ਸੁੰਦਰ ਇਮਾਰਤਾਂ ਦੀ ਹੋਵੇ, ਤੇਰਾ-ਮਨ ਕਲਾਵਾਨ ਹੋਣਾ ਕਰਕੇ ਸੁੰਦਰਤਾ ਦਾ ਅਕਸ ਹਰ ਥਾਂ ਤੋਂ ਲੈ ਲੈਂਦਾ ਹੈ। ਵੇਖੀਂ ਕਿਤੇ ਦ੍ਰਿਸ਼ਟਮਾਨ ਵਿਚ ਹੋਕੇ ਨਾ ਬਹੀਂ, ਦ੍ਰਿਸ਼ਟਾ ਪਦ ਵਿਚ ਖੇਲੀਂ"। ਗੁਰੂ ਨਾਨਕ ਦੇ ਇਨ੍ਹਾਂ ਵਾਕਾਂ ਦਾ ਅਜ ਕੀਹ ਅਰਥ ਸੀ? ਮਰਦਾਨਾ ਮੁੜ ਮੁੜ ਸੋਚਦਾ ਹੈ।

੭. {ਅਮਲ}

ਸਭਿ ਰਸ ਭੋਗਣ ਬਾਦਿ ਹਹਿ
ਸਭਿ ਸੀਗਾਰ ਵਿਕਾਰ॥ {ਸਿਰੀ: ਮ:੧}

ਹੁਣ ਇਕ ਸੁਨਹਿਰੀ ਚੌਂਕੀ ਵਿਛ ਗਈ, ਇਸ ਪਰ ਖੀਨਖਾਫ ਦਾ ਰੁਮਾਲ ਵਿਛ ਗਿਆ, ਉੱਪਰ ਇਕ ਸੁਰਾਹੀ ਮੀਨਾਕਾਰੀ ਧਰੀ ਗਈ, ਨਾਲ ਇਕ ਪਿਆਲੀ ਆ ਗਈ, ਦੋ ਇਕ ਨਿੱਕੇ ਨਿੱਕੇ ਬੱਚੇ ਬੱਚੀਆਂ, ਕੋਈ ਦਸ ਦਸ ਬਰਸ ਦੇ, ਆ ਗਏ :- ਮਹਾਰਾਜ! ਥਕਤ ਹੋ, ਛਕੋ।

ਮਰਦਾਨਾ-ਕੀ ਹੈ?

ਬੱਚੇ-ਅੰਗੂਰ ਦਾ ਰਸ ਕਾਬਲ ਤੋਂ ਆਯਾ ਹੈ।

ਮਰਦਾਨਾ-ਰਸ ਤਾਜ਼ਾ ਹੈ ਕਿ ਚੁਆਇਆ ਹੋਯਾ?

ਬੱਚੇ-ਅਨ-ਚੁਆਇਆ।

ਮਰਦਾਨਾ(ਸੋਚ ਸੋਚ ਕੇ)-ਕੁਛ ਨਸ਼ਾ ਹੈ ?

ਬੱਚੇ-ਨਹੀਂ ਸਰੂਰ ਹੈ।

ਇਤੁਮਦਿ ਪੀਤੇ ਨਾਨਕਾ ਬਹੁਤੇ ਖਟੀਅਹਿ ਬਿਕਾਰ॥

ਇਹ ਵਾਕ ਕੰਨਾਂ ਵਿਚ ਗੂੰਜ ਪਏ। ਠੀਕ ਹੈ, ਮਰਦਾਨਿਆਂ! ਇਹ ਅਤਿੱਥੀ ਸੇਵਾ ਦਾ ਛੇਤ੍ਰ ਹੈ, ਕਿ ਕੋਈ ਠੱਗ ਦਾ ਘਰ ਹੈ? ਸੇਵਾ ਭਾਉ ਭਗਤੀ ਕੇਹੀ ਤੇ ਅੰਗੂਰਾਂ ਦੇ ਤ੍ਰਕਾਏ ਰਸ ਕਾਹਦੇ?ਬਚ, ਮੂਰਖਾ! ਬਚ। ਚੱਲੀਊ ਸਾਰੀ ਖੇਪ। ...ਪਰ ਖਾਣ ਪੀਣ ਨਾਲ ਧਰਮ ਨੂੰ ਕੀਹ ਜੋੜ ਹੈ। ਬਾਬੇ ਮੇਰੇ ਆਖਿਆ ਹੈ: "ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ।" ਇਹ ਤਾਂ ਖਾਣਾ ਪੀਣਾ ਹੈ ਤੇ ਸਭ ਪਵਿੱਤ੍ਰ ਹੈ। ਜਨਮ ਦੇ ਭੁੱਖੇ ਨੂੰ ਨਿਆਮਤਾਂ ਮਿਲਦੀਆਂ ਹਨ ਤੇ ਨਖ਼ਰੇ ਕਰਦਾ ਹੈ ਤੇ ਕਾਜ਼ੀ ਬਣ ਬਣ ਬਹਿੰਦਾ ਹੈ। ਸਰੂਰ ! ਸਰੂਰ! ਕੀ ਹੁੰਦਾ ਹੈ, ਨਸ਼ਾ? ਨਹੀਂ, ਹਲਕਾ ਜਿਹਾ ਨਸ਼ਾ। ਸਰੂਰ ਤਾਂ ਨਾਮ ਵਿਚ ਵੀ ਹੈ? ਹੈਂ, ਪਰ ਨਾਮ ਵਿਚ ਤਾਂ ਸੋਝੀ ਅਗਮ ਨਿਗਮ ਦੀ ਆਉਂਦੀ ਹੈ ਤੇ ਇਸ ਵਿਚ ਖਬਰੇ ਨੀਂਦ ਆਊ। ਨਹੀਂ ਬਈ ਅੱਗੇ ਹੀ ਬੜੀ ਰਾਤ ਲੰਘ ਗਈ ਹੈ ਚੱਲੋ ਚੱਲੀਏ, ਹੁਣ ਹੋਰ ਬੇਮੁਖ ਨਹੀਂ ਹੋਣਾ। ਹੰਭਲਾ ਮਾਰਕੇ ਉੱਠੇ ਤੇ ਟੁਰ ਪਏ।

ਤ੍ਰੀਮਤ-ਭੋਲੇ ਪਾਤਸ਼ਾਹੋ! ਕਿੱਥੇ ਟੁਰ ਪਏ ਹੋ? ਸਾਰਾ ਜਗਤ ਹੰਢ ਆਏ ਹੋ, ਇੱਥੇ ਟਿਕੋ, ਏਥੇ ਗੱਦੀ ਬਣਾਓ, ਸਾਧੂ ਸੰਤ ਆਪਣੇ ਰੰਗ ਰੰਗੋ ਤੇ ਦੂਰ ਦੇਸੀਂ ਘੱਲੋ, ਆਪ ਏਥੇ ਅਰਾਮ ਕਰੋ।

ਮਰਦਾਨਾ-ਨਹੀਂ ਹੁਣ ਜਾਣਾ ਹੈ।

ਤ੍ਰੀਮਤ-ਚਿੱਤ ਕਰਦਾ ਹੈ?

ਮਰਦਾਨਾ-ਚਿੱਤ ਤਾਂ ਨਹੀਂ ਕਰਦਾ, ਪਰਜਾਣਾ ਹੈ।

ਤ੍ਰੀਮਤ-ਚਿੱਤ ਨੂੰ ਤੰਗੀ ਦੇਣੀ ਚੰਗੀ ਹੈ?

ਮਰਦਾਨਾ-ਨਹੀਂ, ਪਰ ਏਥੇ ਸ਼ਰਾਬ ਵੇਖਕੇ ਜੀ ਉਦਾਸੀ ਖਾ ਇਹਾ ਹੈ।

ਤ੍ਰੀਮਤ-ਸ਼ਰਾਬ ਕਿੱਥੇ, ਇਹ ਤਾਂ ਤਾਜ਼ਾ ਮੁਨੱਕੇ ਦਾ ਰਸ ਹੈ, ਜੋ ਅਕਸਰ ਫਕੀਰ ਪੀਂਦੇ ਹਨ। ਮੁਨੱਕਾ ਲਿਆ, ਦੋਪਹਿਰ ਤਾਜ਼ੇ ਪਾਣੀ ਵਿਚ ਭਿਉਂ ਰੱਖਿਆ, ਫੇਰ ਮਲਕੇ ਨਚੋੜ ਕੇ ਪੀ ਲਿਆ, ਇਹ ਥਕੇਵੇਂ ਨੂੰ ਦੂਰ ਕਰਦਾ ਹੈ। ਨਸ਼ਾ ਕਾਹਦਾ ਤੇ ਸ਼ਰਾਬ ਕਿੱਥੇ?

੮. {ਮਨ-ਜਿੱਤ}

ਬਾਬਾ ਮਾਇਆ ਰਚਨਾ ਧੋਹੁ॥

ਇਹ ਸੁਣਕੇ ਮਰਦਾਨੇ ਦਾ ਜੀ ਥਾਂਵੇਂ ਆਗਿਆ, ਫੇਰ ਬੈਠ ਗਿਆ। ਹੁਣ ਫੇਰ ਮਨ ਦੀ ਉਧੇੜ ਬੁਣ ਸ਼ੁਰੂ ਹੋਈ ਕਿ ਚੱਲੀਏ ਯਾ ਰਾਤ ਅਰਾਮ ਕਰ ਲਈਏ? ਸਾਰੇ ਸੁਖ ਨੂੰ ਨਜ਼ਰ ਮਾਰੀ ਮਨ ਲਲਚ ਗਿਆ ਤੇ ਰਹਿਣ ਤੇ ਕਰ ਆਇਆ। ਲੇਟ ਗਏ, ਨੈਣ ਮੁੰਦੇ ਗਏ ਤੇ ਅੰਦਰੋਂ ਇਕ ਸਰੂਰ ਉਠਿਆ, ਕੁਛ ਅੱਧੀ ਘੜੀ ਕਿ ਘੜੀ ਗੁੰਮ ਰਹੇ, ਫੇਰ ਬਾਵਰੇ ਵਾਂਙ ਉਠੇ; ਗਲਾ ਖੁੱਲਿਆ; ਭਾਵੇਂ ਰਾਤ ਜਾਪਦੀ ਸੀ ਪਰ ਪਿਆਰੀ ਪਿਆਰੀ ਸਿਰੀਰਾਗ[੧] ਦੀ ਇਲਾਹੀ ਧੁਨਿ ਮਰਦਾਨੇ ਦੇ ਗਲੇ ਤੋਂ ਉੱਠੀ, ਆਲਾਪ

[੧] ਇਹ ਰਾਗ ਲੌਢੇ ਪਹਿਰ ਦਾ ਹੈ।

ਹੋਇਆ ਤੇ ਬੇਵਸੇ ਗਾਉਣ ਲੱਗ ਪਏ:-

ੴ ਸਤਿਗੁਰ ਪ੍ਰਸਾਦਿ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ ਰਹਾਉ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੨॥ ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥ ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥੧॥

ਇਹ ਸ਼ਬਦ ਇਸ ਮਿੱਠੀ ਤੇ ਵੈਰਾਗ ਸ਼ੀਲ ਧੁਨਿ ਵਿਚ ਗਾਂਵਿਆਂ ਗਿਆ ਕਿ ਉਸ ਕਮਰੇ ਦੇ ਸਾਰੇ ਸਾਮਾਨ ਅਪਣਾ ਮੋਹਣੀ ਅਸਰ ਖੁਹਾ ਬੈਠੇ। ਮਰਦਾਨੇ ਹੁਰੀਂ ਉੱਠ ਟੁਰੇ ਅਰ ਬਾਹਰ ਨਿਕਲ ਗਏ। ਕਾਹਲੀ ਨਾਲ ਜੁ ਤੁਰੇ, ਅੱਗੇ ਜਾਕੇ ਕੰਧ ਨਾਲ ਵੱਜਾ ਮੱਥਾ ਤਾਂ ਹੋਸ਼ ਪਰਤੀ "ਹੈਂ, ਮੈਂ ਕਿੱਥੇ ਹਾਂ, ਹਨੇਰਾ ਛਾਯਾ ਹੋਇਆ ਹੈ, ਕੋਈ ਰਾਹ ਨਹੀਂ।" ਸੂਰਦਾਸ ਵਾਂਗੂੰ ਕੰਧ ਨਾਲ ਹੱਥ ਰੱਖਕੇ ਟੋਹ ਟੋਹ ਕੇ ਟੁਰ ਰਹੇ ਹਨ, ਚਾਰ ਚੁਫੇਰੇ ਚਾਰੋਂ ਹੀ ਕੰਧਾਂ ਫਿਰ ਆਏ। ਨੁੱਕਰਾਂ ਬੀ ਗਿਣੀਆਂ, ਪਰ ਦਰਵਾਜ਼ਾ ਕਿਤੇ ਨਾ ਹੀ ਲੱਭਾ। ਹੁਣ ਕਰਨ ਤਾਂ ਕੀਹ, ਨਾ ਕਰਨ ਤਾਂ ਕੀਹ। ਹਾਰਕੇ ਬਹਿ ਗਏ। "ਮਰਦਾਨਿਆਂ! ਜਲਾਲ ਵਿਚ ਵਸੀਂ" "ਇਸ ਦਾ ਕੀਹ ਅਰਥ ਸੀ?" ਅੱਜ ਮੈਨੂੰ ਕੀਹ ਹੋ ਗਿਆ, ਮੇਰਾ ਜਲਾਲ ਕਿੱਥੇ ਗਿਆ? ਮਾਰ ਲਿਆ ਇਸ ਪੇਟ ਜ਼ਾਲਮ ਨੇ, ਰੋਜ਼ ਇਸ ਖੂਹ ਨੂੰ ਭਰਿਆ, ਪਰ ਇਹ ਖਾਲੀ ਦਾ ਖਾਲੀ। ਚੰਗੇ ਫਾਥੇ, ਖੂਬ ਜ਼ਰਦੇ ਪੁਲਾ ਉਡਾਏ, ਪਲੰਘਿ ਨਿਵਾਰੀਆਂ ਤੇ ਸੁੱਤੇ, ਫਲ ਨਿਕਲਿਆ ਇਹ। ਹੁਣ ਕੋਈ ਡੌਲ ਕੰਧ ਟੱਪਣ ਦੀ ਕਰੋ। ਇਹ ਸੋਚਦਾ ਹੀ ਸੀ ਕਿ ਕੰਨ ਦੇ ਪਾਸ ਇਕ ਜਾਲੇ ਵਿਚੋਂ ਵਾਜ ਆਈ, "ਕੰਧਾਂ ਬਹੁਤ ਉੱਚੀਆਂ ਹਨ, ਚੜ੍ਹ ਨਹੀਂ ਸਕੋਗੇ। "

ਮਰਦਾਨਾ-ਮੈਂ ਕਿਵੇਂ ਨਿਕਲਾਂ ?

ਅਵਾਜ਼-ਮੂਰਖ ਹੈ ਜੋ ਏਥੋਂ ਨਿਕਲਦਾ ਹੈ, ਕੌਣ ਆਕੇ ਏਥੋਂ ਕਦੇ ਨਿਕਲਿਆ ਹੈ ?

ਮਰਦਾਨਾ (ਆਪਣੇ ਆਪ ਨਾਲ)- ਮਰਜਾਨਿਆਂ ! ਗੁਰੂ ਨਾਨਕ ਸਦਾ ਸੱਚਾ ਹੈ, ਵਰਜਦਾ ਸੀ: ਨਾ ਜਾਹ, ਲੈ ਹੁਣ ਸੁਣ ਲੈ, ਇਥੋਂ ਆਕੇ ਕਦੇ ਕੋਈ ਨਿਕਲਿਆ ਹੈ ! ਮੇਰੇ ਬਾਲ ਬੱਚੇ, ਮੇਰਾ ਪਿੰਡ ਗਿਰਾਂ, ਉਹ ਜੂਹਾਂ ਤੇ ਉਹ ਵਣ ਸਭ ਛੁੱਟ ਗਏ, ਬੱਸ ਰਹਿ ਗਏ ਏਥੇ। ਮਰਦਾਨਿਆਂ !... ਓਇ ਮੇਰੇ ਮਨਾਂ !.... ਬੱਚੇ.... ! ਹਾਇ ਬੱਚੇ ਚੇਤੇ ਆ ਗਏ ਤੇ ਸਤਿਗੁਰ ਨਹੀਂ ਯਾਦ ਆਯਾ ? ਉਹ ਅਚਾਹ ਤਾਂ ਤੇਰੇ ਫਿਕਰ ਵਿਚ ਹੋਊ ਤੇ ਤੈਨੂੰ ਨਿਰਾਸਤਾ ਪੈਣ ਵੇਲੇ ਉਸ ਦਾ ਪਜਾਰ ਚੇਤੇ ਨਹੀਂ ਆਇਆ, ਬੱਚੇ ਚੇਤੇ ਆਏ ਹਨ ! ਹੇ ਮਨ ! ਤੂੰ ਮੈਨੂੰ ਕਿਤੇ ਪਾਰ ਨਾ ਲੰਘਣ ਦਿੱਤਾ, ਜਿਥੇ ਸਾਂ ਓਥੇ ਹੀ ਰੱਖਿਆ। ਇੰਨਾ ਸਤਿਸੰਗ ਕੀਤਾ, ਇੰਨਾ ਕੀਰਤਨ ਉਚਾਰਿਆ, ਫੇਰ ਜੇ ਅੰਤਕਾਲ ਦਾ ਝਲਕਾ ਵੱਜਾ ਹੈ ਤਾਂ ਪਹਿਲੀ ਯਾਦ ਪਜਾਰੇ ਸਤਿਗੁਰੂ ਦੀ ਨਹੀਂ, ਪਹਿਲਾਂ ਓਹੋ ਮੋਹ ਮਮਤਾ ਦੇ ਨਾਤੇ ਯਾਦ ਆਏ ਹਨ। ਹੱਛਾ ਬਈ ਤੂੰ ਬੀ ਟੁਰੀ ਚੱਲ ਤੇ ਅਸੀਂ ਬੀ ਜ਼ੋਰ ਲਾਈ ਚੱਲਣਾ ਹੈ, ਕਿਤੇ ਜਾਕੇ ਤਾਂ ਮਗਰੋਂ ਲਵ੍ਹੇਂਗਾ ਹੀ ਨਾ।

## ੯. {ਤਿਲਕਣ ਬਾਜ਼ੀ}

### ਖਰਾ ਸਿਆਣਾ ਬਹੁਤਾ ਭਾਰ ॥

ਸ੍ਰੀ ਮਰਦਾਨਾ ਜੀ ਹੁਣ ਉੱਚੀ ਬੋਲੇ :-"ਚੰਗਾ ਬਈ, ਸਾਡਾ ਬੀ ਕੋਈ ਸਮਰੱਥ ਦਾਤਾ ਹੋਊ ਤਾਂ ਲੈ ਚਲੂ ਏਥੋਂ ਕੱਢਕੇ ਸਾਨੂੰ।" ਇਹ ਕਹਿਕੇ ਆਪ ਬਹਿ ਗਏ ਤੇ ਚਿੱਤ ਧਿਆਨ ਵਿਚ ਜੋੜਨ ਲੱਗ ਪਏ। ਪਲ ਮਗਰੋਂ ਉਥੇ ਇਕ ਰਾਗ ਦੀ ਧੁਨਿ ਉੱਠੀ, ਮਰਦਾਨੇ ਦੇ ਰਸੀਏ ਕੰਨ ਉਧਰ ਵਲ ਲੱਗ ਗਏ। ਧੁਨਿ ਅਤਿ ਰਸੀਲੀ ਤੇ ਮਾਲਕੌਂਸ ਦੀ ਸੀ।

ਪਹਿਲਾਂ ਤਾਂ ਅਲਾਪ ਹੋਇਆ, ਐਸਾ ਉੱਤਮ ਕਿ ਮਰਦਾਨੇ ਜੈਸੇ ਰਸਿਕ ਦੇ ਦਿਲ ਤੇ ਬੀ ਅਸਰ ਪਿਆ ਤੇ ਆਖਣ ਲੱਗਾ : ਬਈ ਵਾਹ ਵਾਹ ! ਉਧਰ ਤਾਂ ਆਪ ਚਿੱਤ ਨੂੰ ਧਿਆਨ ਵਿਚ ਡੂੰਘਾ ਕਰਕੇ ਜੋੜਨ ਲੱਗੇ ਸਨ, ਇਧਰ ਕੰਨੀ ਬਲੇਲ ਸੰਗੀਤ ਰਸ ਦੀ ਪਈ, ਜਿਸਨੇ ਮਰਦਾਨੇ ਨੂੰ ਬੇਮਲੂੰਮੇ ਆਪਣੀ ਵਲ ਖਿੱਚਣਾ ਸ਼ੁਰੂ ਕੀਤਾ। 'ਵਾਹ ਵਾਹ' ਦਾ ਮੂੰਹੋਂ ਨਿਕਲਨਾ ਦੱਸਦਾ ਹੈ ਕਿ ਰਾਗ ਦੇ ਰਸ ਵਿਚ ਬੇਮਲੂਮੇਂ ਖਿੱਚੀਂਦੇ ਖਿੱਚੀਂਦੇ ਇਸ ਰਾਗ ਦੇ ਰੂਪ ਵਿਚ ਮਗਨ ਹੋ ਰਹੇ ਹਨ, ਬੇਵਸੇ ਕਦੇ 'ਮਰਹਬਾ' ਕਹਿ ਉਠਦੇ ਹਨ, ਕਦੇ 'ਵਾਹ ਵਾਹ' ਕਹਿ ਉੱਠਦੇ ਹਨ, ਕਦੇ 'ਜਜ਼ਾਕ ਅੱਲਾ' ਬੀ ਮੂੰਹ ਤੇ ਆ ਜਾਂਦਾ ਹੈ, ਸਿਰ ਸਰੂ ਵਾਂਗ ਝੂਮਦਾ ਹੈ ਤੇ ਸਰੀਰ ਨਾਲ ਹਿੱਲਦਾ ਹੈ।

ਗਲੇ ਦੇ ਅਲਾਪ ਹੇਠਾਂ ਵੀਣਾਂ ਦੀ ਝੁਨਕਾਰ ਹੈ ਤੇ ਕਦੇ ਟਪਲਾ ਵੱਜਦਾ ਹੈ ਕਿ ਬ੍ਰੀਕ ਸਾਰੰਗੀ ਬੀ ਛਿੜ ਰਹੀ ਹੈ। ਮਸਤ ਅਲੱਸਤ ਅਲਾਪ ਮਸਤ ਕਰ ਰਿਹਾ ਹੈ। ਕਿਤਨਾ ਚਿਰ ਇਹ ਅਲਾਪ ਜਾਰੀ ਰਿਹਾ। ਫਿਰ ਬਦਲਿਆ, ਹੁਣ ਇਸ ਨੇ ਟੋਡੀ ਦੀ ਸ਼ਕਲ ਇਖਤਿਆਰ ਕੀਤੀ, ਬੱਸ ਹੁਣ ਕੀਹ ਸੀ, ਚਿੱਤ ਇਸ ਅਲਾਪ ਨੂੰ ਅਰਪਨ ਹੋ ਗਿਆ। ਮਨ ਦਾ ਸੁਭਾਵ ਹੈ ਸੂਰਤਾਂ ਨੂੰ ਚੰਬੜਨਾ, ਨਾ ਹੋਣ ਤਾਂ ਘੜ ਲੈਣਾ। ਅਲਾਪ ਸੁਣੀਂਦਾ ਹੈ ਤਾਂ ਛੇਤੀ ਨਾਲ ਗਵੱਯੇ ਤੇ ਵਾਜੇ ਵੱਲ ਤੱਕੀਦਾ ਹੈ, ਨਾ ਦਿੱਸੇ ਗਵੱਯੇ ਦੀ ਸੂਰਤ ਅੱਖਾਂ ਬਣਾ ਕੱਢਦੀਆਂ ਹਨ, ਇਹ ਰੂਪ ਦੀ ਕੈਦ ਮਨ ਦਾ ਸੁਭਾਵ ਹੈ। ਖ਼ਯਾਲ 'ਰੂਪ' ਘੜਦਾ ਰਹਿੰਦਾ ਹੈ ਤੇ 'ਨਾਮ' ਧਰਦਾ ਰਹਿੰਦਾ ਹੈ। ਹੁਣ ਮਰਦਾਨੇ ਦਾ ਮਨ ਇਸ ਲਯ ਵਿਚ ਸਾਰਾ ਲੱਗ ਚੁੱਕਾ ਸੀ, ਗਾਉਣ ਵਾਲੇ ਦੀ ਸੂਰਤ ਅੱਖਾਂ ਅੱਗੇ ਫਿਰਦੀ, ਪਰ ਬਣਦੀ ਨਹੀਂ ਸੀ। ਜਿਹੜੀਆਂ ਇਸਤ੍ਰੀਆਂ ਸਵੇਰ ਦੀਆਂ ਵੇਖੀਆਂ ਸਨ, ਉਨ੍ਹਾਂ ਦੀ ਕੋਈ ਸੂਰਤ ਅਖਾਂ ਅਗੇ ਪੈਂਦੀ ਸੀ, ਪਰ ਬੱਝਦੀ ਨਹੀਂ ਸੀ ਕਿ ਇੰਨੇ ਨੂੰ ਉਸ ਥਾਵੇਂ ਮਰਦਾਨੇ ਦੀ ਕੰਡ ਮਗਰੋਂ ਇਕ ਚਾਨਣਾ ਆਇਆ ਜੋ ਠੀਕ ਉਸ ਦੇ ਸਾਹਮਣੇ ਪਾਸੇ ਪਿਆ; ਜਿੱਥੇ ਇਕ ਮੋਰਾਂ ਦੀ ਸ਼ਕਲ ਉਤੇ ਬਣੀ ਹੋਈ ਚੌਂਕੀ ਉੱਚੀ ਵਾਰ ਪਈ ਸੀ, ਗਿਰਦੇ ਰਾਜ ਹੰਸਾਂ ਦੇ ਬੁੱਤ ਖੜੇ ਸੇ। ਚੌਂਕੀ ਪਰ ਇਕ ਅਤਿ ਸੋਹਣੀ ਕੋਈ ਤੀਸ ਬਰਸ ਦੀ ਰਸਿਕ ਗਾਉਣਹਾਰੀ ਬੈਠੀ ਸੀ, ਨੈਣ ਇਤਨੇ ਵਡੇ ਸਨ ਕਿ ਹਰਨਾਂ ਦੇ ਕੀ ਹੁੰਦੇ ਹਨ, ਉਨ੍ਹਾਂ ਵਿਚੋਂ ਇਕ ਬਾਣ ਜਿਹੇ ਵੱਜਦੇ ਸਨ, ਜਿਹੜੇ ਕੁਛ ਸਹਿਮ ਤੇ ਕੁਛ ਸੁਆਦ ਭਰਦੇ ਸਨ। ਹੁਣ ਤਕ ਤਾਂ ਆਪ ਦਾ ਖ਼ਯਾਲ ਲਯ ਵਿਚ ਲੀਨ ਸੀ, ਹੁਣ ਇਸ ਸੂਰਤ ਪਰ ਗਿਆ ! ਆਪ ਦੇ ਸਰੀਰ ਵਿਚੋਂ ਇਕ ਕਾਂਬਾ ਲੰਘਿਆ, ਫੇਰ ਹਥ ਪੈਰ ਸੁੰਨ ਹੋਣ ਲਗੇ। ਇਸ ਵੇਲੇ ਵੀ ਚੇਤੇ ਨੇ ਇਕ ਲਿਸ਼ਕਾਰਾ ਮਾਰਿਆ, ਯਾਦ ਆਯਾ ਕਦੇ ਨੀਲਗਿਰੀ ਦੇ 'ਟੋਡੇ ਜਾਂਗਲੀਆਂ ਦਾ ਹਾਲ ਸੁਣਿਆਂ ਸੀ ਕਿ ਉਨ੍ਹਾਂ ਨੇ ਐਸੀ ਤ੍ਰਾਟਕ ਸਿੱਧੀ ਕੀਤੀ ਹੋਈ ਹੈ ਕਿ ਪੰਛੀਆਂ ਦਾ ਸ਼ਿਕਾਰ ਨੈਣਾਂ ਦੀ ਟੱਕ ਬੰਨ੍ਹਕੇ ਕਰਦੇ ਹਨ ਕਿ ਉਹ ਚੀਂ ਚੀਂ ਕਰਦੇ ਆਪ ਉਨ੍ਹਾਂ ਦੀ ਗੋਦ ਵਿਚ ਆ ਵੜਦੇ ਹਨ। ਟੋਡੀ ਰਾਗ ਦੇ ਅਲਾਪ ਦੇ ਸੰਬੰਧ ਕਰਕੇ ਮਰਦਾਨੇ ਨੂੰ ਟੋਡਿਆਂ ਦਾ ਚੇਤਾ ਆ ਭੀ ਗਿਆ, ਭਰਮ ਉੱਠਿਆ ਬੀ ਕਿ ਮੇਰੇ ਹਥ ਪੈਰ ਜੁ ਝੂਠੇ ਹੁੰਦੇ ਜਾਂਦੇ ਹਨ, ਕਿਤੇ ਮੇਰੇ ਪਰ ਕੋਈ ਵਾਰ ਤਾਂ ਨਹੀਂ ਚੱਲ ਰਿਹਾ? ਮੈਂ ਕਿਸੇ ਦਾ ਸ਼ਿਕਾਰ ਤਾਂ ਨਹੀਂ ਬਣ ਰਿਹਾ ? ਪਰ ਫੇਰ ਛਾ ਰਹੀ ਬੇਸੁੱਧੀ ਵਿਚ ਅੰਦੂਲੇ ਨੇ ਕਿਹਾ: ਰਾਗ ਰੱਬ ਦਾ ਰੂਪ ਹੈ। ਨਾਦ ਆਪ ਪਰਮੇਸ਼ੁਰ ਹੈ। ਇਹ ਨਾਦ ਦਾ ਰਸ, ਰੱਬ ਦਾ ਰਸ ਹੈ। ਹੁਣ ਮਰਦਾਨੇ ਦੀ ਸੁੱਧ ਵਿਚ ਤ੍ਰਿੱਖੀ ਬਦਲੀ ਹੋ ਰਹੀ ਸੀ। ਉਸ ਸੂਰਤ ਨੇ ਗਲਾ ਬੰਦ ਕਰ ਲਿਆ, ਤੇ ਨੈਣਾਂ ਦੀ ਟਕ ਮਰਦਾਨੇ ਦੇ ਨੈਣਾਂ ਵਿਚ ਐਸੀ ਬੱਧੀ ਕਿ ਮਰਦਾਨਾ ਨੈਣ ਝਮਕਣੇ ਭੁੱਲ ਗਿਆ । ਇਸ ਸੂਰਤ ਦੇ ਪਿੱਛੇ ਇਕ ਮੋਟਾ ਬਲੌਰ ਆਪਣੇ ਪਰ ਪੈ ਰਹੀ ਰੌਸ਼ਨੀ ਨੂੰ ਪਰਤਾ ਦੇ ਰਿਹਾ ਸੀ, ਜੋ ਪਰਤਕੇ ਰੌਸ਼ਨੀ ਮਰਦਾਨੇ ਦੇ ਨੈਣਾਂ ਵਿਚ ਉਸ ਸੂਰਤ ਨੂੰ ਡੂੰਘਾ ਕਰ ਰਹੀ ਸੀ। ਮਰਦਾਨੇ ਹੁਰੀਂ ਕੋਮਲ ਕਲਾ ਕੌਸਲੀਏ ਇਸ ਅਸਰ ਹੇਠਾਂ ਬੱਝ ਗਏ। ਸੂਰਤ ਆਪਣੇ ਵਸੋਂ ਨਿਕਲਕੇ ਦੂਏ ਦੇ ਵੱਸ ਵਿਚ ਚਲੀ ਗਈ, ਤਦੇ ਗੁਰੂ ਬਾਬੇ ਨੇ ਆਖਿਆ ਸੀ : "ਜਲਾਲ ਵਿਚ ਵੱਸੀਂ"। ਇਹ ਬੀ ਕਿਹਾ ਸਾਨੇ : "ਮਰਦਾਨਿਆਂ! ਤੂੰ ਰਸੀਆਂ ਹੈਂ ਕੋਮਲ ਉਨਰਾਂ ਦਾ, ਤੇਰੇ ਵਿਚ ਰਾਗ ਦੀ ਸੂਖਮ ਕਲਾ ਵਸਦੀ ਹੈ, ਤੇਰਾ ਮਨ ਸੁਤੇ ਅਕਸ ਲੈਣ ਵਾਲਾ ਹੈ, ਵੇਖੀਂ ਜਲਾਲ ਵਿਚ ਵੱਸੀਂ, ਕਿਤੇ ਰਸੀਆ ਹੋਕੇ ਸੱਟ ਨਾ ਖਾ ਬੈਠੀਂ"। ਪਰ ਚੋਜੀ ਦੇ ਚੋਜ ਹਨ,

ਮਰਦਾਨਾ ਸੱਟ ਖਾ ਗਿਆ। ਮਰਦਾਨਾ ਕਿਉਂ ਸੱਟ ਖਾਵੇ ਜਿਸ ਦੇ ਸਿਰ ਤੇ ਸੂਰਾ ਗੁਰੂ ਹੈ ? ਪਰ ਚੋਜੀ ਦੇ ਚੋਜਾਂ ਦਾ ਚੋਜੀ ਆਪ ਜਾਣੂ ਹੈ, ਇਸ ਲਈ ਮਰਦਾਨਾ ਬੀ ਸੱਟ ਖਾ ਗਿਆ ਹੈ।

ਪਹਿਲਾਂ ਤਾਂ ਮਰਦਾਨੇ ਤੇ ਰਾਗ ਦਾ ਰਸ ਪਿਆ, ਸੁੰਨਤਾ ਛਾ ਗਈ, ਹੱਥ ਪੈਰ ਸੁੰਨ ਹੁੰਦੇ ਗਏ, ਫੇਰ ਨੈਣ ਝਮਕਣਾ ਭੁੱਲ ਗਏ। ਫੇਰ ਮਾਨੋਂ ਪੱਥਰ ਦੀ ਮੂਰਤੀ ਹੋ ਗਏ। ਹੁਣ ਸਾਰਾ ਕੁਛ ਵੱਸੋਂ ਬਾਹਰ ਹੈ, ਬੇਹੋਸ਼ ਬੈਠੇ ਹਨ, ਕੋਈ ਥਹੁ ਥਿੱਤਾ ਨਹੀਂ ਹੈ। ਉਸ ਥਾਂਉ ਦਾ ਰੰਗ ਬਦਲਿਆ, ਚਾਨਣਾ ਹੋ ਗਿਆ, ਉਹ ਸੂਰਤ ਹਿੱਲੀ ਤੇ ਮਰਦਾਨੇ ਦੇ ਕੋਲ ਆਈ ਤੇ ਆਖਿਆ : ਤੂੰ ਕੌਣ ਹੈਂ ?

ਮਰਦਾਨਾ-ਪਤਾ ਨਹੀਂ।

ਸੂਰਤ-ਤੂੰ ਗੱਵਯਾ ਹੈਂ ?

ਮਰਦਾਨਾ-ਜੀ ਹਾਂ।

ਸੂਰਤ-ਗਾਉਂ !

ਤਦ ਮਰਦਾਨੇ ਨੇ ਬੇਸੁਧੀ ਵਿਚ ਗਾਂਵਿਆਂ।

ਸੂਰਤ-ਤੂੰ ਆਦਮੀ ਹੈਂ ?

ਮਰਦਾਨਾ-ਜੀ ਹਾਂ।

ਸੂਰਤ-ਨਹੀਂ ਤੂੰ ਤ੍ਰੀਮਤ ਹੈਂ !

ਮਰਦਾਨਾ-ਜੀ ਹਾਂ।

ਸੂਰਤ-ਤੂੰ ਮੇਢਾ ਹੈਂ ?

ਮਰਦਾਨਾ-ਜੀ ਹਾਂ।

ਮੇਢੇ ਦੀ ਬੋਲੀ ਬੋਲ !

ਮਰਦਾਨੇ ਨੇ ਮਕਿਆਉਣ ਦੀ ਬੋਲੀ ਬੋਲੀ।

ਸੂਰਤ-ਹਾਂ ਸ਼ਾਬਾਸ਼ੇ, ਬੈਠਾ ਰਹੁ ਤੇ ਬੁੱਲੇ ਲੁੱਟ। (ਸਹੀਆਂ ਵਲ ਤੱਕਕੇ) ਆਇਆ ਸੀ ਏਥੇ ਭਾਰਾ ਚੌਧਰੀ, ਸਵੇਰ ਦਾ ਖਪਾ ਮਾਰਿਆ ਸੁ ਸਾਰੇ ਘਰ ਨੂੰ।

ਇਸ ਵੇਲੇ ਇਸ ਦਲਾਨ ਵਿਚ ਸੂਰਜ ਦਾ ਚਾਨਣਾ ਖੁੱਲ੍ਹਾ ਪੈ ਰਿਹਾ ਸੀ, ਰਾਤ ਦਾ ਸਾਮਾਨ ਲੋਪ ਕਰ ਦਿਤਾ ਗਿਆ ਸੀ, ਦਾਸ ਦਾਸੀਆਂ ਹਾਜ਼ਰ ਖੜੇ ਸਨ, ਸਾਰੇ ਗੋਡੇ ਟੇਕਕੇ ਮੱਥੇ ਟੇਕ ਰਹੇ ਸਨ ਤੇ ਗਾਉਂ ਰਹੇ ਸਨ :-

ਧੰਨ ਨੂਰੰਸ਼ਾਹ ਨੂਰਨ,
ਧੰਨ ਤੈਂ ਸਰਕਾਰ ਹੈ।
ਧੰਨ ਹੈਂ ਤੂੰ ਧੰਨ ਰਾਣੀ !
ਧੰਨ ਤੈਂ ਦਰਬਾਰ ਹੈ ।

ਜੋ ਇਸ ਘਰ ਦੇ ਅਸਰ ਤੋਂ ਬੇ-ਅਸਰ ਰਹਿਣ ਵਿਚ ਅੱਜ ਮਰਦਾਨੇ ਨੇ ਤਾਕਤ ਦਿਖਾਈ ਸੀ ਉਹ ਅੱਗੇ ਕਦੇ ਕਿਸੇ ਨਹੀਂ ਦਿਖਾਈ ਸੀ। ਅੱਗੇ ਨੂਰਸ਼ਾਹ ਅਰਥਾਤ ਉਹ ਮੋਹਣੀ ਮੂਰਤ, ਜਿਸ ਨੇ ਮਰਦਾਨੇ ਨੂੰ ਆਪਣੀ ਤ੍ਰਾਟਕ ਸ਼ਕਤੀ ਨਾਲ ਸ਼ਿਕਾਰ ਕੀਤਾ ਹੈ ਬਹੁਤ ਗੁੱਸੇ ਵਿਚ ਸੀ ਕਿ ਇਹ ਕੌਣ ਆਦਮੀ ਆ ਵੜਿਆ ਹੈ ਕਿ ਜਿਸ ਤੇ ਸਾਡਾ ਅਸਰ ਨਹੀਂ ਪੈ ਰਿਹਾ ਤੇ ਇਸ ਤੌਖਲੇ ਵਿਚ ਸੀ ਕਿ ਜੇ ਕਿਤੇ ਇਹ ਸੁੱਕਾ ਨਿਕਲ ਗਿਆ ਤਾਂ ਸਾਰੇ ਚੇਲੇ ਚੇਲੀਆਂ ਪਰ ਬੇ-ਰੋਅਬੀ ਹੋ ਜਾਏਗੀ। ਹੁਣ ਕਾਮਯਾਬ ਹੋ ਕੇ ਸ਼ਿਕਾਰ ਮਾਰ ਕੇ ਨੂਰਸ਼ਾਹ ਆਕੜ ਰਹੀ ਹੈ ਅਰ ਸਾਰੇ ਮੰਦਰ ਵਿਚ ਵਾਹਵਾ ਹੋ ਰਹੀ ਹੈ।

ਮਰਦਾਨੇ ਗ੍ਰੀਬ ਦੀ ਇਹ ਦਸ਼ਾ ਹੈ ਕਿ ਉਸ ਨੂੰ ਆਪਣੇ ਆਪ ਦੀ ਸੁੱਧ ਉੱਕੀ ਨਹੀਂ। ਚੁੰਬਕ ਦੇ ਮਗਰ ਜਿੱਕੁਰ ਲੋਹਾ ਜਾਂਦਾ ਹੈ ਉਹਦੇ ਹੁਕਮ ਦੇ ਮਗਰ ਜਾਂਦਾ ਹੈ। ਜੋ ਉਹ ਕਹੇ ਸੋ ਕਹਿੰਦਾ ਤੇ ਕਰਦਾ ਹੈ। ਏਥੋਂ ਤਾਂਈਂ ਕਿ ਉਹ ਮਿਰਚਾਂ ਖੁਆਕੇ ਕਹਿੰਦੀ ਹੈ ਛੁਹਾਰੇ ਹਨ ਤਾਂ ਉਹ ਕਹਿੰਦਾ ਹੈ ਬੜੇ ਮਿੱਠੇ ਹਨ ਤੇ ਛੁਹਾਰਾ ਦੇਕੇ ਆਖਦੀ ਹੈ ਕਿ ਇਹ ਕੌੜਾ ਹੈ ਤਾਂ ਉਸ ਨੂੰ ਕੌੜਾ ਲਗਦਾ ਹੈ ਤੇ ਥੂ ਥੂ ਕਰਦਾ ਹੈ।

### ੧੦. {ਨਦਰ}

ਬਿਨੁ ਗੁਰ ਮੈਲੁ ਨ ਉਤਰੈ
ਬਿਨੁ ਹਰਿ ਕਿਉ ਘਰ ਵਾਸੁ॥ {ਸਿਰੀ: ਮ:੧}

ਦੁਪਹਿਰ ਢਲ ਪਈ; ਮਰਦਾਨਾ ਸ਼ਹਿਰ ਗਿਆ ਮੁੜਿਆ ਨਹੀਂ। ਸੁਖ ਸਾਗਰ ਗੁਰ ਨਾਨਕ ਜੀ ਉਜਾੜ ਵਿਚ ਬੈਠੇ ਪਿਆਰੇ ਸਿਖ, ਸੇਵਕ ਤੇ ਬਾਲ ਸਖਾਈ ਮਿੱਤ੍ਰ ਲਈ ਸੋਚ ਕਰਨ ਲੱਗੇ। ਜਾਣਦੇ ਸਨ ਕਿ ਅਕਾਲ ਪੁਰਖ ਏਡੇ ਇਕ ਭਾਰੀ ਕੁਫਰ ਗੜ੍ਹ ਨੂੰ ਤੋੜਨ ਵਾਸਤੇ ਸਾਨੂੰ ਲਿਆਇਆ ਹੈ; ਸੋ ਕਿਸੇ ਚੋਜ ਵਿਚ ਮਰਦਾਨੇ ਨੂੰ ਪਾ ਦਿੱਤਾ ਹੈ, ਚਲੋ ਮਿੱਤ੍ਰ ਦੀ ਸਾਰ ਲਈਏ ਤੇ ਮਾਲਕ ਦੀ ਨੌਕਰੀ ਬਜਾ ਲਿਆਈਏ। ਗਹਿਰ ਗੰਭੀਰ ਤੇ ਸ਼ਾਂਤਿ ਦੇ ਸਮੁੰਦਰ, ਸ਼ਕਤੀ ਦੇ ਸਾਗਰ ਸਤਿਗੁਰੂ ਜੀ ਨਗਰ ਵੱਲ ਨੂੰ ਉੱਠ ਟੁਰੇ। ਟੁਰਦੇ ਟੁਰਦੇ ਜਿਧਰ ਚਰਨ ਲਈ ਗਏ ਚਲੇ ਗਏ, ਅੰਤ ਉਸੇ ਟਿਕਾਣੇ ਆ ਕੇ ਖੜੋ ਗਏ। ਕੁਦਰਤ ਐਸੀ ਕਿ ਜਿਸ ਬੂਹੇ ਮਰਦਾਨਾ ਅੰਦਰ ਲੰਘਿਆ ਸੀ ਉਹ ਖੁੱਲ੍ਹਾ ਸੀ। ਸਤਿਗੁਰ ਨੇ ਦੇਖਿਆ

ਕਿ ਅੰਦਰ ਇਕ ਬੜੀ ਗੁਾਂਡੀਲ ਮਜ਼ਬੂਤ, ਮੋਟੇ, ਅਤਿ ਮੋਟੇ ਨੈਣਾਂ ਵਾਲੀ ਇਸਤ੍ਰੀ ਖੜੀ ਹੈ, ਉਸ ਦੇ ਮਗਰ ਦੋ ਸ਼ੇਰਾਂ ਦੇ ਬੱਚੇ ਥੰਮ੍ਹਾਂ ਨਾਲ ਸੰਗਲ ਪਾ ਬੱਧੇ ਹਨ, ਦੋ ਤ੍ਰੈ ਹੋਰ ਜ਼ਨਾਨੀਆਂ ਇਰਦ ਗਿਰਦ ਖੜੀਆਂ ਹਨ। ਮਰਦਾਨਾ ਚੁੱਪ ਕਰਕੇ ਬੈਠਾ ਹੈ। ਇਕ ਜ਼ਨਾਨੀ ਕਹਿ ਰਹੀ ਹੈ : 'ਸ਼ਾਹ ਜੀ ! ਹੁਣ ਮਿਹਰ ਕਰੋ, ਇਸ ਦੀ ਤੰਦ੍ਰਾ ਖੋਲ੍ਹ ਦਿਓ, ਕਾਫੀ ਅਸਰ ਹੋ ਚੁਕਾ ਹੈ, ਹੁਣ ਇਹ ਆਪ ਦਾ ਹੋ ਗਿਆ ਹੈ, ਕਿਤੇ ਜਾਣ ਜੋਗਾ ਨਹੀਂ ਰਿਹਾ, ਏਸੇ ਦਰ ਸੇਵਾ ਕਰੇਗਾ ਤੇ ਦੇਵ ਸ਼ਕਤੀ ਨੂੰ ਪ੍ਰਾਪਤ ਹੋਕੇ ਆਪ ਦਾ ਬਾਲਕਾ ਫਕੀਰ ਬਣੇਗਾ, ਗਾਉਂਦਾ ਚੰਗਾ ਹੈ, ਆਪ ਦੀ ਮੁਰੀਦੀ ਖੂਬ ਵਧੇਗੀ।'

ਨੂਰਸ਼ਾਹ (ਉਹ ਵੱਡੀ ਇਸਤ੍ਰੀ)-ਨਹੀਂ ਬਾਬਾ, ਇਹ ਮਾਮੂਲੀ ਬੰਦਾ ਨਹੀਂ, ਇਹ ਕੋਈ ਚੀਜ਼ ਹੈ। ਤ੍ਰੈ ਦਿਨ ਤ੍ਰੈ ਰਾਤਾਂ ਨੀਂਦ ਵਿਚ ਗੁੱਟ ਰਹੇਗਾ ਤਾਂ ਇਸ ਦਾ ਅੰਦਰਲਾ ਮੱਚ ਮਰੇਗਾ।

ਦੂਸਰੀ ਬੋਲੀ-ਸ੍ਵਾਮਨੀ ਜੀ ! ਏਸ ਦੀ ਸੂਰਤ ਤੇ ਤਰਸ ਆਉਂਦਾ ਹੈ।

ਨੂਰ ਸ਼ਾਹ-ਮਗਰ-ਮੱਛਾਂ ਤੇ ਤਰਸ ? ਐਡੀ ਤਰਸਾਂ ਵਾਲੀ ਆਈ ਹੈ! ਅਸਾਂ ਕੋਈ ਫਾਹੇ ਦਿੱਤਾ ਹੈ? ਬੈਠਾ ਹੈ ਮੌਜ ਵਿਚ। ਜੋ ਖਿਆਲ ਦੇ ਛੱਡੀਦਾ ਹੈ ਉਸੇ ਵਿਚ ਬੁੱਲੇ ਲੁੱਟਦਾ ਹੈ, ਹੁਣ ਅਸਾਂ ਕਿਹਾ ਹੈ ਰੋਟੀ ਖਾਹ, ਦੇਖੋ ਐਵੇਂ ਮੂੰਹ ਮਾਰੀ ਜਾਂਦਾ ਹੈ। ਹੁਣ ਕਹਿੰਦੀ ਹਾਂ, ਤੂੰ ਮੇਢਾ ਹੈਂ ਬੋਲ ! ਦੇਖੋ ਮਕਿਆਉਂਦਾ ਹੈ।

ਇਹ ਤੱਕਕੇ ਸਾਰੀਆਂ ਹੱਸ ਪਈਆਂ। ਇਸ ਵੇਲੇ ਅਚਾਨਕ ਨੂਰਸ਼ਾਹ ਦਾ ਕਲੇਜਾ ਧੜਕਿਆ, ਕਾਰਨ ਕੁਛ ਸੀ ਨਹੀਂ ਤੇ ਇਸਨੇ ਧੜਕ ਕਦੇ ਖਾਧੀ ਨਹੀਂ ਸੀ। ਅੱਜ ਪਹਿਲਾ ਦਿਨ ਸੀ ਕਿ ਕਾਲਜੇ ਨੇ ਧੜਕ ਖਾਧੀ। ਘਬਰਾਕੇ ਇਸ ਨੇ ਨਜ਼ਰ ਚਾਈ, ਅਜੇ ਨਜ਼ਰ ਦਰਵਾਜ਼ੇ ਵੱਲ ਨੂੰ ਉੱਠ ਹੀ ਰਹੀ ਸੀ ਕਿ ਇਕ ਮਿੱਠੀ ਪਰ ਗਰਜਵੀਂ ਅਵਾਜ਼ ਵਿਚ ਸੱਦ ਆਈ :-

"ਸਤਿ ਕਰਤਾਰ !"

ਜਾਂ ਨੂਰ ਸ਼ਾਹ ਨੇ ਨਜ਼ਰ ਚਾਈ ਤਾਂ ਬੂਹਾ ਲੰਘ ਕੇ ਵਿਹੜੇ ਵਿਚ ਇਕ ਮਹਾਨ ਤੇਜਮਯ ਸੂਰਤ ਖੜੀ ਦਿੱਸੀ। ਜਿਸ ਵੱਲ ਤੱਕਦਿਆਂ ਸਾਰ ਨਜ਼ਰ ਖਿਸਿਆਈ ਤੇ ਨੈਣ ਹੇਠਾਂ ਨੂੰ ਢਹਿ ਪਏ। ਇਹ ਭੀ ਪਹਿਲਾ ਦਿਨ ਸੀ ਕਿ ਇਸ ਤ੍ਰਾਟਕ-ਸਿੱਧ ਇਸਤ੍ਰੀ ਦੇ ਨੈਣਾਂ ਨੇ ਕਿਸੇ ਵੱਲ ਤੱਕਣੋਂ ਅਸਮਰੱਥ ਹੋਕੇ ਨੀਵੀਂ ਨਜ਼ਰ ਕੀਤੀ। ਹੁਣ ਇਸ ਨੇ ਚਾਹਿਆ ਕਿ ਮੈਂ ਅੰਦਰ ਚਲੀ ਜਾਵਾਂ ਤੇ ਮੇਰੇ ਬਾਲਕੇ ਬਾਲਕੀਆਂ ਇਸ ਨਾਲ ਨਿਪਟ ਲੈਣ, ਪਰ ਕਦਮ ਪੱਟਣ ਲੱਗਿਆਂ ਪੈਰਾਂ ਨੇ ਹਾਰ ਦਿੱਤੀ। ਫਿਰ ਅੰਦਰੋਂ ਬਲ ਧਾਰਕੇ ਨਜ਼ਰ ਉੱਚੀ ਕੀਤੀ, ਪਰ ਫੇਰ ਛੱਪਰ ਢੈ ਪਏ। ਫਿਰ ਮਨ ਉੱਚਾ ਤੇ ਕੱਠਾ ਕਰਕੇ ਪਿਛੇ ਹਟੀ, ਪਰ ਇਕ ਹੀ ਕਦਮ ਲੱਖਾਂ ਕੋਹਾਂ ਦਾ ਹੋ ਗਿਆ ਤੇ ਪੈਰ ਠਿਠੰਬਰ ਗਏ। ਇਸ ਵੇਲੇ ਇਸ ਨੇ ਬੜੀ ਹਿੰਮਤ ਬੰਨ੍ਹਕੇ ਇਕ ਬਾਲਕੀ ਨੂੰ ਸੈਨਤ ਕੀਤੀ । ਉਹ ਦੌੜਕੇ ਅੰਦਰ ਗਈ ਤੇ ਇਕ ਚਾਂਦੀ ਦਾ ਥਾਲ ਲੈ ਆਈ, ਜਿਸ ਵਿਚ ਭੋਜਨ ਲੱਗਾ ਸੀ। ਉਹ ਲਿਆਕੇ ਅੱਗੇ ਵਧੀ ਤੇ ਥਾਲ ਅੱਗੇ ਕੀਤਾ। ਦੂਸਰੀ ਨੇ ਮਲਕੜੇ ਜਿਹੇ ਬਾਹਰ ਦਾ ਬੂਹਾ-ਜੋ ਭੁੱਲ ਨਾਲ ਖੁੱਲ੍ਹਾ ਰਹਿ ਗਿਆ ਸੀ-ਬੰਦ ਕਰ ਲਿਆ। ਭੋਜਨ ਦੇਖਕੇ ਸ੍ਰੀ ਗੁਰੂ ਜੀ ਨੇ ਹੱਥ ਨਾਲ ਪਰੇ ਕਰਨ ਦੀ ਸੈਨਤ ਕਰਕੇ ਕਿਹਾ : ਅਜੇ ਸਮਾਂ ਨਹੀਂ ਆਇਆ। ਆਪ ਹੁਣ ਅਚੱਲ ਚਿਟਾਨ ਦੀ ਤਰ੍ਹਾਂ ਖੜੇ ਸਨ ਤੇ ਨੈਣਾਂ ਵਿਚ ਇਕ ਅਨੂਠੀ ਦਮਕ ਸੀ, ਮੱਥੇ ਉੱਤੇ ਇਕ ਤੇਜ ਤੇ ਲਾਲੀ ਦੀ ਭਾ ਸੀ, ਬੁੱਲ੍ਹ ਮਿਟ ਰਹੇ ਸਨ ਤੇ ਚਿਹਰਾ ਦੂਹਰੇ ਰੰਗ ਵਿਚ ਦਮਕ ਰਿਹਾ ਸੀ। ਦੋ ਅੱਖਾਂ ਦੋ ਕੰਮ ਕਰ ਰਹੀਆਂ ਸਨ, ਇਕ ਮ੍ਰਿਦੁਲ ਮਰਦਾਨੇ ਵੱਲ ਪੈ ਰਹੀ ਸੀ, ਇਕ ਦਬਾ ਭਰੀ ਨੂਰ ਸ਼ਾਹ ਵੱਲ ਪੈ ਰਹੀ ਸੀ, ਅੱਧਾ ਚਿਹਰਾ ਜਮਾਲ ਨਾਲ ਚਮਕ ਰਿਹਾ ਸੀ, ਅੱਧਾ ਜਲਾਲ ਨਾਲ ਦਮਕ ਰਿਹਾ ਸੀ।

ਇਸ ਘਰ ਵਿਚ ਫੁਰਤੀ ਦਾ ਕਮਾਲ ਸੀ, ਰੋਟੀ ਦੇ ਥਾਲ ਨੂੰ ਨਾਂਹ ਹੋਇਆਂ ਪਲਾਂ ਹੀ ਹੋਈਆਂ ਹੋਣਗੀਆਂ ਕਿ ਇਕ ਹੋਰ ਥਾਲ ਆਇਆ, ਜਿਸ ਦੇ ਵਿਚਕਾਰ ਸੋਨੇ ਦੀ ਰਕੇਬੀ ਸੀ, ਇਸ ਵਿਚ ਬੁੱਕੇ ਮੋਤੀ ਭਰੇ ਸਨ ਤੇ ਗਿਰਦੇ ਥਾਲ ਵਿਚ ਮੋਹਰਾਂ ਬੀੜੀਆਂ ਸਨ। ਇਹ ਤੱਕਕੇ ਗੁਰੂ ਜੀ ਨੇ ਹੱਥ ਨਾਲ ਪਰੇ ਕੀਤਾ, ਕਿ ਲੋੜ ਨਹੀਂ। ਅਜੇ ਇਹ ਇਨਕਾਰ ਹੋ ਹੀ ਚੁਕਾ ਸੀ ਕਿ ਦਸ ਬਾਰਾਂ ਕਾਕੀਆਂ ਕੁਛ ਬਾਲਕੇ ਅੱਠ ਅੱਠ ਬਰਸ ਦੇ ਬੱਚੇ, ਸੂੱਛ ਬਸਤ੍ਰ ਪਹਿਨੇ ਆਕੇ ਚਰਨਾ ਤੇ ਢੈ ਪਏ ਤੇ ਇਕ ਗੀਤ ਗਾਵੇਂ :-

ਜੈ ਜੈ ਜੈ ਹੋ ਸੰਤ ਬੇਖ ਧਰ ਆਏ ॥
ਧੰਨ ਧੰਨ ਗ੍ਰਿਹ ਪਾਵਨ ਕਰਨੇ ਆਏ ॥

ਬੜੀ ਮਿੱਠੀ ਮਧੁਰ ਧੁਨੀ, ਪਿਆਰਾ ਕੋਮਲ ਗਲਾ, ਉਹ ਖਿੱਚਾਂ ਮਾਰਨ ਵਾਲੀ ਧੁਨਿ ਕਿ ਕਾਲਜਾ ਮੁੱਠ ਵਿਚ ਆ ਜਾਏ, ਪਰ ਅਹਿੱਲ ਸਤਿਗੁਰੂ ਜੀ ਉਸੀ ਰੰਗ ਵਿਚ, ਉਸੇ ਰੁਖ਼ ਵਿਚ, ਉਸੇ ਆਸਨ ਖੜੇ ਰਹੇ। ਹੁਣ ਇਕ ਹੱਥ ਉੱਚਾ ਹੋ ਗਿਆ, ਜਿਸ ਵਿਚ ਸੰਗ-ਯਸ਼ਬ ਦੇ ਮਣਕਿਆਂ ਦੀ ਮਾਲਾ ਸੀ ਤੇ ਇਕ ਮਣਕੇ ਪਰ ਉਂਗਲ ਟਿਕ ਗਈ। ਦੂਸਰਾ ਹੱਥ ਅਸਮਾਨਾਂ ਦੀ ਸੈਨਤ ਵੱਲ ਉੱਠ ਰਿਹਾ ਸੀ ਜੋ ਮਰਦਾਨੇ ਰੁਖ਼ ਜਾਪਦਾ ਸੀ, ਯਾ ਜਗਤ ਜਲੰਦੇ ਨੂੰ ਅਸੀਸ ਦੇਣਹਾਰਾ ਸੀ।

ਨੂਰਸ਼ਾਹ ਖੜੀ ਤੱਕਦੀ ਸੀ, ਪਰ ਨੈਣ ਖਿਸਿਆਉਂਦੇ ਸਨ, ਹਿੱਲਦੀ ਸੀ, ਪਰ ਐਸਾ ਦਬਾ ਪਿਆ ਸੀ ਕਿ ਹਿੱਲ ਸਕਦੀ ਨਹੀਂ ਸੀ, ਸੈਨਤਾਂ ਨਾਲ ਸਿੱਖੇ ਹੋਏ ਬਾਲਕੇ ਵੱਧ ਤੋਂ ਵੱਧ ਜੁਗਤਾਂ ਵਰਤ ਰਹੇ ਸੇ। ਇਸ ਰੰਗ ਵਿਚ ਘੜੀ ਇਕ ਲੰਘ ਚੁਕੀ ਸੀ। ਬੇਮਲੂਮੇਂ ਇਸ ਵੇਲੇ ਵਿਚ ਅਚਰਜ ਰੰਗਾਂ ਦੇ ਦੋ ਚਾਰ ਫਕੀਰ ਤੇ ਫਕੀਰਨੀਆਂ ਬੰਨਿਆਂ ਤੇ ਛੱਜਿਆਂ ਉੱਪਰ ਖੜੇ ਹੋ ਗਏ। ਸਭ ਨੇ ਨਜ਼ਰਾਂ ਬੰਨ੍ਹਕੇ ਸਤਿਗੁਰਾਂ ਤੇ ਟਿਕਾ ਦਿੱਤੀਆਂ, ਪਰ ਸਭ ਦੇ ਛੱਪਰ ਢੈ ਢੈ ਪੈ ਰਹੇ ਸਨ। ਸਤਿਗੁਰਾਂ ਤੋਂ ਅਵਾਜ਼ ਆਈ-

"ਧੰਨ ਨਿਰੰਕਾਰ"

ਤਾਂ ਮਰਦਾਨੇ ਨੇ ਕੰਨ ਫੜਕੇ, ਇਧਰ ਉਧਰ ਤੱਕਿਆ, ਕੁਛ ਬੇਚੈਨੀ ਆਈ ਕਿ ਦੂਸਰੀ ਪਲ ਵਿਚ ਜਿੰਨੇ ਖੜੇ ਤ੍ਰਾਟਕਾਂ ਬੰਨ੍ਹ ਰਹੇ ਸਨ, ਕੋਈ ਤਾਂ ਲੰਮੇ ਪੈ ਗਏ, ਕਈ ਗੋਡਿਆਂ ਵਿਚ ਸਿਰ ਪਾਕੇ ਬਹਿ ਗਏ, ਕੋਈ ਚੱਕਰ ਖਾਕੇ ਕੰਧ ਨਾਲ ਸਿਰ ਜੋੜ ਬੈਠਾ ਤੇ ਨੂਰ ਸ਼ਾਹ ਧੜੰਮ ਕਰਕੇ ਢੈ ਪਈ, ਅਰ ਮੱਛੀ ਵਾਂਗ ਬਜਾਕੁਲ ਹੋ ਤੜਫੀ। ਹੁਣ ਸਤਿਗੁਰੂ ਅੱਗੇ ਵਧੇ ਤੇ ਬੋਲੇ :-

"ਰਬ ਦਾ ਬੰਦਾ ਮੋੜ ਦੇਹ, ਫਕੀਰਾਂ
ਨਾਲ ਮਸ਼ਕਰੀ ਭਲੀ ਨਹੀਂ। "

ਨੂਰਸ਼ਾਹ ਨੇ ਘੂਰਕੇ ਮਰਦਾਨੇ ਵੱਲ ਤੱਕਿਆ ਤੇ ਨੈਣ ਬੰਨ੍ਹਕੇ ਕਿਹਾ-ਜਾਹ ਬਈ ਤੇਰੇ ਪਹੁ ਪੰਧ ਮੋਕਲੇ। ਮਰਦਾਨੇ ਦੇ ਨੈਣ ਖੁੱਲ੍ਹ ਗਏ, ਦਿਨ ਦੁਪਹਿਰਾਂ ਡਿਠੀਆਂ। ਬੇ-ਵਸਾ ਉੱਠਕੇ ਤੁਰ ਪਿਆ।ਕੀ ਦੇਖਦਾ ਹੈ ਕਿ ਗੁਰੂ ਨਾਨਕ ਜੀ ਉਸ ਦਲਾਨ ਵਿਚੋਂ ਬਾਹਰ ਨੂੰ ਜਾ ਰਹੇ ਹਨ। ਪਿਆਰੀ ਠੰਢ ਪਾਉਣ ਵਾਲੀ ਕੰਡ ਵੇਖਕੇ ਠਰ ਗਿਆ ਤੇ ਮਗਰ ਮਗਰ ਟੁਰ ਪਿਆ। ਬੰਦੀ ਛੋਰ ਦੀਨਾਂ ਬੰਧੁ ਉਦਿਆਨ ਨੂੰ ਟੁਰ ਗਏ ਤੇ ਮਰਦਾਨਾ ਵੀ ਮਗਰ ਮਗਰ ਟੁਰੀ ਗਿਆ। ਉਸ ਨੂੰ ਅਜੇ ਤਾਂਈਂ ਉਹ ਮਾਲਕੋਂਸ ਤੇ ਟੋਡੀ ਦੇ ਆਲਾਪ ਦਾ ਸੁਆਦ ਆ ਰਿਹਾ ਸੀ, ਤੇ ਉਹ ਗਾਉਣ ਵਾਲੀ ਸੂਰਤ ਤੇ ਕੰਡ ਪਿੱਛੋਂ ਚਾਨਣਾ ਤੇ ਅੱਗੋਂ ਉਹ ਸੂਰਤ-ਜਿਸ ਪਰ ਚਾਨਣਾ ਪੈ ਰਿਹਾ ਸੀ-ਹਨੇਰੇ ਦੇ ਛੱਲਿਆਂ ਵਾਂਗ ਝਲਕੇ ਮਾਰਦੀ ਸੀ, ਹੋਰ ਉਸ ਨੂੰ ਕੁਛ ਯਾਦ ਨਹੀਂ ਸੀ। ਇੰਨੇ ਨੂੰ ਆਪਣਾ ਟਿਕਾਣਾ ਆ ਗਿਆ ਤਾਂ ਸਤਿਗੁਰੂ ਜੀ ਬਹਿ ਗਏ !

## ੧੧. {ਚਾਨਣ}

ਪਾਖੰਡਿ ਪ੍ਰੇਮੁ ਨਾ ਪਾਈਐ ਖੋਟਾ ਪਾਜੁ ਖੁਆਰੁ ॥

ਸਤਿਗੁਰੂ ਜੀ-ਮਰਦਾਨਿਆਂ ! ਲੋਢਾ ਪਹਿਰ ਹੋ ਆਇਆ, ਸ਼ਹਿਰ ਬੀ ਗਿਓਂ, ਵੱਤ ਸਾਡੇ ਖਾਣ ਜੋਗਾ ਅਹਾਰ ਬੀ ਨਾ ਲਿਆਇਓਂ ?

ਮਰਦਾਨਾ:-ਪਾਤਸ਼ਾਹ ! ਆਪ ਨੂੰ ਅਹਾਰ ਪੁੱਜ ਨਹੀਂ ਚੁੱਕਾ ? ਛੇਤ੍ਰ ਵਾਲਿਆਂ ਕਿਹਾ ਸੀ ਅਸੀਂ ਭੇਜ ਚੁੱਕੇ ਹਾਂ।

ਸਤਿਗੁਰੂ ਸੁਣਕੇ ਮਸੁਕ੍ਰਾਏ।

ਸਤਿਗੁਰ-ਮਰਦਾਨਿਆਂ ਹੋ, ਅੱਜ ਕੌਣ ਦਿਨ ਹੈ ?

ਮਰਦਾਨਾ-ਪਾਤਸ਼ਾਹ ! ਆਪ ਦੀ ਵਰ੍ਹੇ ਗੰਢ ਦਾ ਦਿਨ ਹੈ।

ਸਤਿਗੁਰ-ਤੂੰ ਸਾਡਾ ਬਾਲ ਸਖਾਈ ਨਾਲ ਸੈਂ ਵੱਤ ਸਾਡੀ ਕੇ ਸੁੱਖ ਮਨਾਈ ਹਈ ?

ਇਥੇ ਮਰਦਾਨੇ ਦੇ ਨੈਣ ਪਜਾਰ ਤੇ ਵੈਰਾਗ ਨਾਲ ਭਰ ਆਏ-'ਪਾਤਸ਼ਾਹ ! ਮੈਂ ਮੰਦਾ ਤੇ ਮਾੜਾ ਹਾਂ। ਹਿੱਕ ਤਾਂ ਤੇਰੀ ਸਾਰ ਨਹੀਂ ਪਛਾਣਦਾ, ਦੂਜੇ ਤੈਨੂੰ ਇੱਕੋ ਇੱਕ ਪਿਆਰ-ਨਿਸ਼ਾਨਾ ਬਣਾਕੇ ਪਿਆਰ ਨਹੀਂ ਕਰਦਾ ਤੇ ਅੱਜ ਤਾਂ ਮੈਂ ਆਪਣੇ ਮਨ ਨੂੰ ਟੋਲਦਾ ਰਿਹਾ ਹਾਂ, ਪਾਤਸ਼ਾਹ ! ਮੈਂ ਨਹੀਂ ਚੰਗਾ।

ਸਤਿਗੁਰ-ਹੋ ਕਲਿਆਣ ! ਮਰਦਾਨਿਆਂ, ਪਹਿਲਾਂ ਆਪਾ ਹੀ ਟੋਲੀਦਾ ਹੈ, ਆਪਾ ਖੋਜੀਦਾ ਹੈ, ਇਸ ਨੂੰ ਹੀ ਖਨ ਖਨਕੇ ਵੇਖੀਦਾ ਹੈ ! ਫੇਰ ਆਪੇ ਦਾ ਆਪੇ ਨਾਲ ਜੁੱਧ ਹੁੰਦਾ ਹੈ, ਫੇਰ ਆਪਾ ਆਪੇ ਤੇ

ਫਤੇ ਪਾਉਂਦਾ ਹੈ, ਫੇਰ ਆਪਾ ਸੁਤੰਤਰ ਹੋ ਜਾਂਦਾ ਹੈ, ਫੇਰ ਆਪਾ ਆਪੇ ਦੇ ਰਸ ਵਿਚ ਟਿਕਦਾ ਤੇ ਖੀਵਾ ਹੋਕੇ ਦੁਖ ਸੁਖ, ਹਰਖ ਸ਼ੋਕ ਤੋਂ, ਮੋਹ ਮਾਇਆ ਤੋਂ-ਉੱਚਾ ਹੋਕੇ ਦੇਖਣਹਾਰ ਹੋ ਜਾਂਦਾ ਹੈ। ਜੇ ਮਨ ਨੂੰ ਪਰਤਾ ਪਰਤਾ ਫ਼ੋਲ ਫ਼ੋਲ ਕੇ ਵੇਖੀਏ ਹੀ ਨਾਂ, ਇਸ ਦੀਆਂ ਚੋਰੀਆਂ ਦੇ ਜਾਣੂੰ ਹੀ ਨਾ ਹੋਈਏ ਤਾਂ ਇਹ ਆਪੇ ਨੂੰ ਧੋਖੇ ਦੇ ਦੇ ਮਾਰੀ ਜਾਂਦਾ ਹੈ। ਗੁਰਮੁਖ ਸੋ ਜੋ ਮਨ ਦੀਆਂ ਚੋਰੀਆਂ ਦਾ ਜਾਣੂੰ[੧]।

ਮਰਦਾਨਾ-ਪਰ ਮੈਂ ਤਾਂ ਮਿੱਟੀ ਅੰਧ ਹਾਂ।

ਸਤਿਗੁਰ-ਮਰਦਾਨਿਆਂ ! ਇਸ ਸਰੀਰ ਵਿਚ 'ਪਸ਼ੂ-ਬ੍ਰਿਤੀ' ਪ੍ਰਧਾਨ ਹੈ, ਆਪਾ ਹੇਠ ਆਇਆ ਦੁਖ ਪਾ ਰਿਹਾ ਹੈ, ਪਰ ਸਮਝ ਨਹੀਂ ਰਿਹਾ, ਤੂੰ ਘਬਰਾ ਨਹੀਂ, ਤੂੰ ਗੁਰਮੁਖ ਹੋ ਗਿਆ ਹੈਂ। ਜੋ ਆਪਣਾ ਸੁਭਾਵ ਹੈ, ਉਹ ਸਹਿਜੇ ਸਹਿਜੇ ਜਿੱਤੀਦਾ ਹੈ, ਪਹਿਲਾਂ ਪਸ਼ੂ ਤੋਂ ਮਨੁੱਖ ਬਣੀਦਾ ਹੈ ਫੇਰ ਦੇਵਤਾ। ਭਾਗ ਹੋਇਆ ਜੋ ਤੈਨੂੰ ਆਪਾ ਨਜ਼ਰੀਂ ਆ ਗਿਆ, ਹੁਣ ਆਪਾ ਆਪੇ ਤੇ ਛੇਤੀ ਕਾਬੂ ਪਾ ਜਾਏਗਾ। ਕਾਹਲੀ ਨਾ ਕਰੀਂ।

ਮਰਦਾਨਾ (ਹੰਝੂ ਭਰਕੇ)--ਪਾਤਸ਼ਾਹ ! ਮੇਰੀ ਮੌਤ ਮੇਰੇ ਪੇਟ ਦੇ ਹੱਥ ਹੈ।

ਸਤਿਗੁਰ--ਮਰਦਾਨਿਆਂ ! ਪੇਟ ਮਾਇਆ ਹੈ, ਇਹ ਸਰੀਰ ਮਾਇਆ ਹੈ। ਪਰ ਫੇਰ ਇਹ ਸਰੀਰ ਹੀ ਪਿੜ ਹੈ ਜਿੱਥੇ ਛਿੰਝ ਪੈ ਰਹੀ ਹੈ ਤੇ ਅਸਾਂ ਮੱਲ ਮਾਰਨੀ ਤੇ ਉੱਚੇ ਹੋਣਾ ਹੈ। ਸਰੀਰ ਮਾਰਨਾ ਨਹੀਂ, ਸਰੀਰ ਦੀਆਂ ਤਾਕਤਾਂ ਨਸ਼ਟ ਨਹੀਂ ਕਰੀਦੀਆਂ, ਇਨ੍ਹਾਂ ਤਾਕਤਾਂ ਨੂੰ ਕਾਬੂ ਕਰਕੇ, ਇਨ੍ਹਾਂ ਨੂੰ ਉੱਚਿਆਂ ਕਰਕੇ ਆਤਮ ਰੰਗ ਦਾ ਬਲ ਇਨ੍ਹਾਂ ਤੋਂ ਲਈਦਾ ਹੈ। ਸਰੀਰ ਮਾਯਾ ਹੈ, ਮਾਯਾ ਜਿੱਤਣੀ ਹੈ, ਘਬਰਾ ਨਹੀਂ, ਮਾਇਆ ਸਤਿਸੰਗ ਕਰਕੇ ਜਿੱਤਣੀ ਹੈ। ਦੋ ਗੱਲਾਂ ਕਰਿਆ ਕਰ :-

੧. ਮਿੱਟੀ ਨੂੰ ਸਾਬਣ ਨਾਲ ਨਾ ਧੋਇਆ ਕਰ, ਮਿੱਟੀ ਦਾ ਕੁਛ ਨਹੀਂ ਧੋਪਦਾ। ਕਾਇਆਂ ਮਿੱਟੀ ਨੂੰ ਮਾਂਜਣ ਵਾਲੇ ਹਾਰ ਜਾਂਦੇ ਹਨ। ਤੂੰ ਮਿੱਟੀ ਦੇ ਛਲਾਂ ਦਾ ਜਾਣੂੰ ਹੋ ਤੇ ਕਾਬੂ ਪਾ ਤੇ ਜਾਣੂੰ ਹੋਣ ਲਈ ਤੇ ਕਾਬੂ ਪਾਉਣ ਲਈ ਨਾਮ ਦਾ ਵਿਸਾਰਾ ਨਾ ਕੀਤਾ ਕਰ ਤੇ ਚਿੱਤ ਕਰਤਾਰ ਦੀ ਚਰਨ ਸ਼ਰਨ ਪਿਆਰ ਨਾਲ ਰੱਖਿਆ ਕਰ।

੨. ਚਿਤ ਚਰਨ ਸ਼ਰਨ ਰੱਖਣ ਦਾ ਜ਼ੋਰ ਨਹੀਂ ਲਾਈਦਾ, ਸਹਿ-ਸੁਭਾ ਸਾਵਧਾਨਤਾ ਨਾਲ ਲਾਈਦਾ ਹੈ, ਘਬਰਾਈਦਾ ਨਹੀਂ, ਭਰੋਸਾ ਰੱਖੀਦਾ ਹੈ। ਜਦ ਭੁੱਖ ਹੈ, ਦੁਖ ਹੈ, ਲੋੜ ਹੈ, ਮੁਸੀਬਤ ਹੈ ਤਦੋਂ ਨਾਮ ਨਾ ਛੱਡਿਆ ਕਰ[੧]। ਸ਼ਰਨ ਵੱਸਿਆ ਤੇ ਚਰਨ ਗਹੁ ਕਰ ਫੜੀ ਰੱਖਿਆ ਕਰ, ਧੀਰਜ ਧਾਰਕੇ, ਘਾਬਰਿਆ ਨਾ ਕਰ ! ਘਬਰਾ ਬੀ ਤ੍ਰਿਸ਼ਨਾ ਹੈ, ਕਰਤਾਰ ਆਪ ਸਹਾਈ ਹੋਵੇਗਾ। ਜਿਸ ਦੀ ਸ਼ਰਨ ਹਾਂ ਉਹ ਸਾਡਾ ਪਾਲਕ, ਦੁਖ ਹਰਤਾ ਹੈ। ਬਸ ! ਹੁਣ ਇਹ ਕਾਬੂ ਪਾ ਕਿ ਕਿਸੇ ਹਾਲ ਘਬਰਾਉਣਾ ਨਹੀਂ, ਇਸ ਨਾਲ ਲਿਵ ਟੁੱਟ ਜਾਂਦੀ ਹੈ, ਅੰਦਰਲੇ ਨੂੰ ਜੋ ਚਰਨ ਸ਼ਰਨ ਰੱਖੀਦਾ ਹੈ, ਉਹ ਤਾਰ ਟੁੱਟ ਜਾਂਦੀ ਹੈ, ਫੇਰ ਮਨ ਦੇ ਮੰਡਲ ਵਿਚ ਤਾਂ ਸੋਚਾਂ ਹੀ ਸੋਚਾਂ ਹਨ ਤੇ ਝਗੜੇ ਹੀ ਝਗੜੇ ਹਨ, ਕੱਲਯਾਣ ਤਾਂ ਪਾਰ ਪਾਰ ਹੈ, ਲਿਵ ਵਿਚ।

ਮਰਦਾਨਿਆਂ ! ਸਿਮਰਨ ਨਾ ਹਿੱਲੇ, ਧਯਾਨ ਨਾ ਡੋਲੇ; ਤੂੰ ਵਡਭਾਗ ਹੈਂ; ਤੇਰੇ ਤੇ ਮਿਹਰਾਮਤ ਹੋਈ ਹੈ ਆਪਾ ਦੇਖਣ ਦੀ; ਹੁਣ ਹੋਣੀ ਹੈ ਆਪਾ ਵੱਸ ਕਰਨ ਦੀ[੨]।

ਇਸ ਵੇਲੇ ਢਾਕੇ ਦਾ ਇਕ ਸਿਖ; ਜਿਸ ਦੇ ਸਾਹੁਰੇ ਏਸ ਪਿੰਡ ਸਨ; ਦਰਸ਼ਨਾਂ ਨੂੰ ਆ ਗਿਆ, ਆ ਮੱਥਾ ਟੇਕਿਓਸੁ। ਸਤਿਗੁਰ ਨੇ ਅਸੀਸ ਦਿਤੀ, ਉਹ ਬੈਠ ਗਿਆ। ਫੇਰ ਬੋਲਿਆ-ਏਸ ਨਗਰ ਦੇ ਧੰਨ ਭਾਗ, ਆਪ ਨੇ ਚਰਨ ਪਾਏ। ਹੁਣ ਕੁਫ਼ਰ ਟੁੱਟੇਗਾ।

ਮਰਦਾਨਾ-ਤੀਖਣ ਜੀ ! ਕੁਫਰ ਕਿਹਾ ?

ਸਤਿਗੁਰ ਇਸ ਵੇਲੇ ਅੰਤਰ ਧਿਆਨ ਹੋ ਰਹੇ

---

[੧] ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ।
ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ।
{ਮਾਰੂ ਵਾਰ ਮ:੩-੧੨}
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥
{ਸਿਰੀ ਗ: ਵਾ: ਪ: ੪-੧੨}

[੧] ਹਰਿ ਨਾਲ ਰਹੁ ਤੂੰ ਮੰਨ ਮੇਰੇ ਦੂਖ ਸਭਿ ਵਿਸਾਰਣਾ॥
{ਅਨੰਦ। ਰਾਮ: ਮ: ੩ }
[੨] ਮਨ ਜੀਤੈ ਜਗੁ ਜੀਤੁ ॥ {ਜਪੁਜੀ}

ਸਨ, ਸੋ ਦੋਵੇਂ ਜਣੇ ਪਰੇ ਜਾ ਬੈਠੇ।

ਤੀਖਣ-ਏਥੇ ਇਕ ਜਾਦੂ ਘਰ ਹੈ। ਜਿਸ ਨੇ ਦੇਸ਼ ਫਟਕਾ ਸੱਟਿਆ ਹੈ।

ਮਰਦਾਨਾ-ਹਲਾ ! ਏਥੇ ਤਾਂ ਪੁੰਨਿਆਰਥੀ ਛੇਤ੍ਰ ਬੀ ਇੱਕ ਹੈ।

ਤੀਖਣ (ਹੱਸਕੇ)--ਉਹੋ ਕੁਫਰ ਗੜ੍ਹ ਹੈ।

ਮਰਦਾਨਾ-ਵਾਹਿਗੁਰੂ ! ਵਾਹਿਗੁਰੂ !! ਤਦੇ ਹੰਗਾਂ ਭੱਜ ਰਹੇ ਹਨ, ਟੋਟ ਪੈ ਰਹੀ ਹੈ।

ਤੀਖਨ--ਕਿਉਂ ? ਸਤਿਗੁਰ ਮਿਹਰਾਂ ਕਰ ਆਏ ਹਨ ?

ਮਰਦਾਨਾ-ਮੈਂ ਮਿਹਮਾਨੀਆਂ ਖਾ ਆਯਾ ਹਾਂ।

ਤੀਖਣ--ਬਚਕੇ ਤਾਂ ਆ ਗਏ ?

ਮਰਦਾਨਾ--ਮੈਂ ਤਾਂ ਨਹੀਂ ਆਇਆ, ਸਤਿਗੁਰ ਜਾ ਕੇ ਲੈ ਆਏ ਸੇ, ਪਰ ਤੀਖਣ ਜੀ ! ਉਹ ਕੀ ਖੇਡ ਹੈ ?

ਤੀਖਣ ਜੀ--ਮਹਾਰਾਜ ! ਇਕ ਫਕੀਰ ਦੀ ਗੱਦੀ ਹੈ, ਉਸ ਪਰ ਇਕ ਤ੍ਰੀਮਤ ਹੈ। ਉਸ ਦੇ ਘਰ ਵਿਚ ਦੁਨੀਆਂ, ਨਰਕ, ਸੁਰਗ, ਸਭੋ ਕੁਛ ਬਣਿਆ ਹੋਇਆ ਹੈ, ਪਾਤਸ਼ਾਹੀ ਠਾਠ ਹੈ। ਕੋਈ ਐਸੀ ਖੇਡ ਹੈ ਜੋ ਸਮਝ ਨਹੀਂ ਆਉਂਦੀ ਕਿ ਆਦਮੀ ਬੇਵਸਾ ਹੋਕੇ ਉਨ੍ਹਾਂ ਦੇ ਵੱਸ ਪੈ ਜਾਂਦਾ ਹੈ, ਹੋਰ ਗੱਲਾਂ ਭੀ ਉਹ ਅਚਰਜ ਕਰਦੇ ਹਨ। ਭੈ, ਹੈਰਾਨੀ, ਲੋਭ, ਅਨੇਕਾਂ ਰੰਗ ਹਨ। ਧਾਗੇ, ਤਵੀਤ, ਸੁਆਹਾਂ ਮੰਤ੍ਰੇ ਹੋਏ ਦੇਂਦੇ ਹਨ, ਲੋਕਾਂ ਦੀਆਂ ਆਸਾਂ ਪੁਗਦੀਆਂ ਹਨ। ਸਾਰੇ ਪੁੱਤ ਮੰਗਦੇ ਤੇ ਮੁਰਾਦਾਂ ਲੈਂਦੇ ਹਨ, ਪਰ ਭੇਤ ਦਾ ਬਹੁ ਨਹੀਂ ਪੈਂਦਾ। ਮੇਰਾ ਬੀ ਜਾਣ ਆਉਣ ਹੋ ਰਿਹਾ ਸੀ, ਪਰ ਮੈਂ ਸਾਂ ਲੋੜਕੂ ਮਨ ਦੇ ਸੁਖ ਦਾ, ਸੋ ਮੈਨੂੰ ਸੁਖ ਨਾ ਭਾਸਿਆ। ਮੇਰੇ ਭਾਗ ਸਨ, ਢਾਕੇ ਸਤਿਗੁਰ ਮਿਲ ਗਏ ਸਨ ਤੇ ਮੁਰਾਦ ਪਾ ਲਈ ਸੀ।

ਮਰਦਾਨੇ ਦਾ ਇਕ ਰੰਗ ਆਵੇ ਇਕ ਜਾਵੇ, ਉਸ ਨੂੰ ਉਹ ਸ਼ੇਰ ਤੇ ਸੱਪ, ਉਹ ਭੋਜਨ ਤੇ ਖ਼ਾਤਰ, ਉਹ ਮੰਦਰ ਤੇ ਸੰਗੀਤਕ ਧੁਨਾਂ, ਸੱਭੇ ਚੇਤੇ ਆ ਗਈਆਂ, ਉਹ ਤੰਦ੍ਹਾਂ ਤੇ ਬੇਹੋਸ਼ੀ, ਬੇਵਸੀ ਤੇ ਬੇਥੱਵੀ, ਹਾਂ, ਕੰਬ ਗਿਆ।

ਤੀਖਣ--ਤੁਹਾਡੇ ਤੇ ਬੀ ਵਾਰ ਚੱਲ ਗਿਆ ?

ਮਰਦਾਨਾ--ਹੋਰ ਤਾਂ ਕੁਛ ਨਹੀਂ, ਮੈਂ ਰਾਗ ਤੇ ਮੋਹਿਤ ਹੋਕੇ ਬੇਸੁੱਧ ਹੋ ਗਿਆ ਸਾਂ; ਫੇਰ ਤਾਂ ਹੀ ਪਤਾ ਹੈ ਕਿ ਸਤਿਗੁਰ ਕੱਢ ਲਿਆਏ।

ਤੀਖਣ--ਆਪ ਨੂੰ ਫਿਰ ਯਾਦ ਨਹੀਂ ਰਿਹਾ। ਢਾਕੇ ਇਕ ਦਿਨ ਸਤਿਗੁਰਾਂ ਨੇ ਫੁਰਮਾਇਆ ਸੀ ਕਿ ਇਨ੍ਹਾਂ ਦੇਸ਼ਾ ਵਿਚ ਸ਼ਕਤੀ ਦੀ ਪੂਜਾ ਦਾ ਜ਼ੋਰ ਹੈ। ਲੋਕੀਂ ਤੰਤ੍ਰਾਂ ਵਿਚ ਹਨ; ਫਕੀਰ ਸਾਧੂ ਸਭ ਤੰਤ੍ਰ ਮੰਤ੍ਰ ਵਿਚ ਫਸੇ ਹਨ, ਪੰਜਾਬ ਵਿਚ ਗੋਰਖ ਮਤ ਹੈ, ਜੋਗ ਦਾ ਨਾਂ ਲੈਕੇ ਲੋਕੀਂ ਤੰਤ੍ਰ ਮੰਤ੍ਰ ਸਿੱਧੀਆਂ ਵਿਚ ਦੁਖ ਪਾ ਰਹੇ ਹਨ। ਧਰਮ ਨੇਕੀ ਵੰਞ ਹੋ ਰਹੀ ਹੈ ਤੇ ਗਿਰਾਉ ਹੋ ਰਹੇ ਹਨ। ਇਧਰ ਸ਼ਕਤੀ ਦੀ ਉਪਾਸਨਾ ਤੇ ਵਹਿਮ, ਟੂਣਿਆਂ, ਮੰਤ੍ਰਾਂ, ਜੰਤ੍ਰਾਂ ਵਿਚ ਰੁਚੀ ਹੈ।

ਸੋ ਉਧਰ ਸਿੱਧਾਂ ਨੂੰ ਸੁਮੱਤ ਦੇਂਦੇ ਆਏ ਹਨ, ਇਧਰ ਇਨ੍ਹਾਂ ਨੂੰ ਦੇਣਗੇ, ਤੁਸਾਂ ਕੀਹ ਫਸਣਾ ਸੀ, ਸਤਿਗੁਰ ਨੇ ਇਹ ਗੜ੍ਹ ਬਿਜੈ ਕਰਨਾ ਹੈ ਜ਼ਰੂਰ ! ਮੈਨੂੰ ਨਿਸ਼ਚਾ ਹੋ ਗਿਆ ਹੈ। ਓਹਨਾਂ ਸਾਰੇ ਹਨੇਰੇ ਦੂਰ ਕਰਨੇ ਹਨ, ਇਹ ਹਨੇਰਾ ਬੀ ਕੱਟਣਗੇ।

## ੧੨. {ਟੋਟ}

ਨਾ ਸੁਖ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥

ਜਦੋਂ ਸਤਿਗੁਰ ਜੀ ਮਰਦਾਨੇ ਨੂੰ ਨਾਲ ਲੈਕੇ ਨੂਰ ਸ਼ਾਹ ਦੇ ਘਰੋਂ ਨਿਕਲੇ ਤਦੋਂ ਨੂਰਸ਼ਾਹ ਧਰਤੀ ਤੇ ਪਈ ਲੁੱਛ ਰਹੀ ਸੀ, ਉਸਦੇ ਹੰਗਾਂ ਭੱਜ ਰਹੇ ਸਨ, ਸਿਰ ਫੱਟ ਰਿਹਾ ਸੀ ਤੇ ਬੇਚੈਨੀ ਬੇਕਰਾਰ ਕਰ ਰਹੀ ਸੀ। ਬਾਕੀ ਦੇ ਬਾਲਕੇ ਉਸ ਨੂੰ ਪਲੰਘ ਤੇ ਪਾਕੇ ਅੰਦਰ ਲੈ ਗਏ। ਕੋਈ ਤਲੀਆਂ ਝੱਸੇ, ਕੋਈ ਪੱਖਾ ਝੱਲੇ, ਕੋਈ ਗੁਲਾਬ ਦੇ ਛੱਟੇ ਮਾਰੇ, ਕੋਈ ਕੇਉੜੇ ਦੇ ਚਮਚੇ ਮੂੰਹ ਵਿਚ ਪਾਵੇ। ਥੋੜੇ ਚਿਰ ਮਗਰੋਂ ਕਈ ਜਣੇ ਇਕ ਇਕ ਕਰਕੇ ਖਿਸਕਣ ਲੱਗੇ।

ਅੱਜ ਇਸ ਘਰ ਵਿਚ ਹੋਰ ਤਮਾਸ਼ਾ ਵਰਤ ਗਿਆ ਹੈ। ਸਾਰਦ ਜੀ, ਜੋ ਇਕ ਬੁੱਧ ਭਿੱਖੂ ਏਥੋਂ ਦੇ ਚੇਲੇ ਬਣੇ ਹੋਏ ਸਨ, ਪਹਿਲਾਂ ਉੱਠੇ, ਐਉਂ ਜਾਪਿਆ ਜਿਵੇਂ ਜਾਗ ਖੁੱਲ੍ਹਦੀ ਹੈ, ਉਫ਼ ਉਫ਼ ਕਰਕੇ ਤੱਕੇ। ਹੇ ਬੁੱਧ ! ਮੈਂ ਕਿੱਥੇ ਹਾਂ ? ਮੈਂ ਤਯਾਗੀ, ਮੈਨੂੰ ਮੰਦਰਾਂ ਖਾਣਿਆਂ ਨਾਲ ਕੀਹ ? ਹੈਂ ! ਮੈਂ ਇਸਤ੍ਰੀ ਦਾ ਚੇਲਾ, ਮੈਂ ਜਾਦੂ ਟੂਣੇ ਲਿਖਣ ਵਾਲਾ, ਤਵੀਤ ਦੇਣ ਵਾਲਾ, ਮਸਾਣਾਂ ਦੀਆਂ ਸੁਆਹਾਂ ਕੱਠੀਆਂ ਕਰਨ ਵਾਲਾ, ਮੈਂ ਲੋਕਾਂ ਨੂੰ ਝੂਠੀਆਂ ਆਸਾਂ ਲਾਉਣ ਵਾਲਾ ! ਹੇ ਕਿਸਮਤ ! ਹੇ ਕ੍ਰਮ ! ਹੇ ਕਰਮ !

ਮੈਂ ਕਿੱਥੇ ਹਾਂ ?

ਤੁੰਮਨ ਸ਼ਾਹ-ਅੱਲਾਹ ! ਮੈਂ ਕੁਛ ਸੁੱਤਾ ਰਿਹਾ ਹਾਂ ਕਿ ਹਨੇਰੀ ਦੇ ਬੁੱਲੇ ਵਿਚ ਸਾਂ ? ਮੈਂ ਰੱਬੀ ਫਕੀਰ, ਮੁਰਸ਼ਿਦ ਦਾ ਆਸ਼ਕ, ਹੈਂ, ਮੈਂ ਮਰਦੂਦ ਜ਼ਨਾਨੀ ਦਾ ਚੇਲਾ ! ਮੈਂ ਆਬਦ ਜ਼ਾਹਦ, ਮੁੱਤਕੀ, ਪ੍ਰਹੇਜ਼ਗਾਰ, ਮੈਂ ਮਸਾਣ ਜਗਾਉਂਦਾ ਤੇ ਬੀਰਾਰਾਧਨ ਕਰਦਾ ਰਿਹਾ ਹਾਂ, ਲਾਅਨਤ ਹੈ ਮੇਰੇ ਤੇ। ਓ ਸ਼ੈਤਾਨ ਮਰਦੂਦ ! ਦੋਜ਼ਖ ਦੀ ਅੱਗ ਤੇਰੇ ਤੇ ਵਾਫ਼ਰ ਹੋਵੇ। ਤੁਮ ਆਦਮ ਨੂੰ ਬਹਿਕਾਯਾ, ਤੂੰ ਮੈਨੂੰ ਬਹਿਕਾਇਆ; ਇਸ ਚਿਕਾਬੂ ਦੇ ਕਿਲ੍ਹੇ ਵਿਚ ਜਾਦੂਗਰੀ ਦਾ ਅੱਯਾਰ ਮੈਨੂੰ ਬਣਾ ਮਾਰਿਆ। ਅੱਲਾ ! ਮਗ਼ਫਰਿਤ ਕਰ, ਯਾ ਹੂ ! ਮੇਰੇ ਪੀਰ ! ਦਸਤਗੀਰੀ ਕਰ।

ਸੈਨਾ ਨੰਦ-ਰਾਮ ! ਕਿਤਨਾ ਚਿਰ ਸੋਏ, ਕਹਾਂ ਥੇ ਕਹਾਂ ਆ ਨਿਕਲੇ। ਹੈਂ ! ਯੇ ਕਿਆ ਹੈ ? ਬ੍ਰਤੀ ਸਦਾ ਬ੍ਰਤੀ, ਅਰੇ ਹਮ ਭਗਤ ਯਿਹ ਰਾਂਡ, ਇਸ ਕੇ ਚੇਲੇ ਕਿਸ ਤਰ੍ਹਾਂ ਬਨ ਗਏ ? ਹਮ ਨੇ ਕਿਆ ਕੀਆ ? ਮਾਇਆ ! ਹੇ ਭਗਵੰਤ ਤੇਰੀ ਮਾਇਆ ਪ੍ਰਬਲ ਹੈ, ਕਿਸ ਤਰ੍ਹੇ ਘੇਰ ਘੇਰ ਮਾਰਤੀ ਹੈ, ਕਹਾਂ ਫਸ ਗਏ, ਕੈਸੇ ਨਿਕਲੇਂ ?

ਗੋਰਨ ਜੀ-ਚੰਦ੍ਰਾਇਣ ਬ੍ਰਤ ਸਮਾਪਤ ਕਰਕੇ ਚਾਲੀਸ ਦਿਨ ਇਕ ਤੋਲਾ ਬਦਾਮ ਰੋਗਨ ਪਰ ਜੀ ਕੇ ਸਰੀਰ ਕ੍ਰਿਸ਼ਜ ਹੋ ਗਿਆ, ਫਿਰ ਸੋ ਗਏ। ਕਿਸੀ ਨੇ ਆ ਕਰ ਪਾਉਂ ਦਬਾਏ, ਪਤਾ ਨਹੀਂ ਰਹਾ ਫਿਰ ਕਿਆ ਹੂਆ, ਫਿਰ ਹਮ ਨੇ ਹੀ ਗੋਸ਼ਤ ਖਾਏ, ਅਰੇ ਰੇ ਰੇ ! ਹਮ ਜੈਨ, ਪਾਣੀ ਭੀ ਧੋਣ ਕਾ ਪੀਏਂ, ਅੰਨ ਬੀ ਆਪ ਨਾ ਪਕਾਏਂ, ਸਾਂਸ ਤੱਕ ਨਾ ਖੁੱਲ੍ਹਾ ਲੇਂ, ਹਮ ਨੇ ਗੋਸ਼ਤ ਖਾਏ ? ਸੱਚ ਹੈ ! ਹਾਂ ਸੱਚ ਹੈ। ਪੁਦਗਲ ! ਹਾਂ ਪੁਦਗਲ ਤੇਰੀ ਸਤਯਾਨਾਸ, ਮਲੀਨ ਕਰਦੀ ਬੁਧੀ। ਓਹ ਹੋ ! ਯਿਹ ਕਿਆ ਹੈ। ਮਰ ਜਾਏਂ, ਪ੍ਰਿਥਵੀ ਫਟੇ ਕਿ ਹਮ ਗ਼ਰਕ ਜਾਏਂ, ਆਗ ! ਭੜਕ ਕਿ ਹਮ ਛਲਾਂਗ ਮਾਰੇਂ ਔਰ ਜਲ ਜਾਏਂ ਅਰੇ ਰੇ ਰੇ ਰੇ ! (ਅਪਣੇ ਹੱਥ ਆਪ ਟੁੱਕਕੇ) ਹਮ ! ਕਿਸ ਤਰਹ ਫਸ ਗਏ, ਗੋਸ਼ਤ ਖਾਤੇ ਰਹੇ, ਕੈਸੇ ਹੋਗਾ (ਫਿਰ ਹੱਥਾਂ ਨੂੰ ਚੱਕ ਵੱਢੇ) ਗੋਸ਼ਤ ਤੋ ਖਾਇਆ, ਅਬ ਨੂਰ ਸ਼ਾਹ ਕਾ ਗੋਸ਼ਤ ਨੋਚੇਂ, ਚਲੋ ਨੋਚੇਂ। ਪਾਪੀ ਤੋ ਪਾਪੀ ਹੀ ਸਹੀ, ਹਿੰਸਕ ਤੋ ਹਿੰਸਕ ਹੀ ਸਹੀ।

ਜੰਗਲੀ ਜਾਨਵਰ ਦੀ ਤਰ੍ਹਾਂ ਵਹਿਸ਼ੀ ਹੋਕੇ ਉੱਠ ਨੱਠਾ, ਮਗਰੇ ਤ੍ਰੈਏ ਉਹ ਵੀ ਨੱਠੇ, ਬਾਕੀ ਦੋ ਛੋਟੇ ਮੋਟੇ ਚੇਲੇ, ਬਾਲਕੇ ਬਾਲਕੀਆਂ ਬੀ ਮਗਰ ਉੱਠ ਨੱਸੇ। ਜਿਸ ਘਰ ਵਿਚ ਘੰਟਾ ਪਹਿਲਾਂ ਨੂਰ ਸ਼ਾਹ ਦੇ ਦਬਕੇ ਹੇਠਾਂ ਕੋਈ ਸਿਰ ਨਹੀਂ ਪੱਟਦਾ ਸੀ; ਓਥੇ ਸਭ ਦੇ ਨੈਣ ਐਸੇ ਖੁੱਲ੍ਹੇ ਹਨ ਕਿ ਓਸੇ ਦਾ ਗੋਸ਼ਤ ਨੋਚਣ ਦੌੜੇ ਹਨ। ਸਾਰੇ ਉਸ ਕਮਰੇ ਗਏ ਜਿੱਥੇ ਉਹ ਲੇਟੀ ਤੜਫ ਰਹੀ ਸੀ; ਪਰ ਐਉਂ ਹੀ ਕਿ ਸਾਰੇ ਉਸ ਕਮਰੇ ਵੜੇ ਤੇ ਉਸ ਦੀ ਗਿਰਾਂਡੀਲ ਸੂਰਤ ਲੰਮੀ ਪਈ ਦੇਖੀ; ਸਾਰੇ ਅਬਕ ਗਏ; ਬਲਦੇ ਭਬਾਕੇ ਤੇ ਜਿਵੇਂ ਪਾਣੀ ਦਾ ਘੜਾ ਪੈਂਦਾ ਹੈ ਐਉਂ ਠਟਕ ਗਏ। ਇਕ ਸਹਿਮ, ਇਕ ਭੈ; ਢੱਠੇ ਪਏ ਸ਼ੇਰ ਦੀ ਅੱਖ ਦਾ ਕਲੇਜੇ ਬਹਿ ਗਿਆ। ਇਕ ਇਕ ਕਰਕੇ ਅੱਖਾਂ ਝਮਕ ਝਮਕ ਸਿਰ ਸੱਟ ਸੱਟ ਸਾਰੇ ਫੇਰ ਬਾਹਰ ਚਲੇ ਗਏ। ਕੋਈ ਕਿਸੇ ਨੁੱਕਰ, ਕੋਈ ਕਿਸੇ ਖੂੰਜੇ, ਕੋਈ ਕਿਸੇ ਥਾਂਵੇਂ ਗੋਡਿਆਂ ਵਿਚ ਸਿਰ ਦੇ ਦੇ ਰੋਂਦੇ ਤੇ ਪਛੁਤਾਉਂਦੇ ਹਨ।

ਨੂਰ ਸ਼ਾਹ ਸੌਂ ਗਈ ਸੀ ਪਰ ਪਲ ਭਰ। ਜਾਗੀ ਤਾਂ ਤੇਜ ਘੱਟ ਸੀ; ਕਮਜ਼ੋਰੀ ਵਾਪਰ ਰਹੀ ਸੀ। ਹੁਣ 'ਯਾ ਹੂ ਯਾ ਹੂ' ਕਰਦੀ ਉੱਠੀ, ਉੱਠਕੇ ਆਦਮ ਕੱਦ ਸ਼ੀਸ਼ੇ ਦੇ ਸਾਹਮਣੇ ਜਾ ਖੜੋਤੀ, ਆਪਣੀ ਸੂਰਤ ਦੇਖਕੇ ਆਪ ਬੋਲੀ "ਕੋਝੀ ਕੁਰੂਪ" "ਕੋਝੀ ਕੁਰੂਪ", "ਫੇਰ ਪੀਰਾਂ ਦੀ ਚੰਡੀਏ ! ਸ਼ੇਰ ਹੋ ਜਾਹ, ਦੇਖ ਸਾਰਾ ਘਰ ਬਾਗ਼ੀ ਹੋ ਗਿਆ ਹੈ, ਤੂੰ ਢੱਠੀ ਤਾਂ ਮੋਈ। ਏਹ ਸਾਰੇ ਪਸ਼ੂ ਠੀਕ ਕਰ ਤੇ ਸਵਾਰ ਹੋ ਜਾਹ ... ਪਰ ਹਾਏ ਅੰਦਰਲੇ ! ਅੱਜ ਤੂੰ ਕਿਸਨੂੰ ਡਿੱਠਾ ਹੈ ? ਕਿਸ ਨੇ ਤੇਰੇ ਘਰ ਪੈਰ ਪਾਏ ਹਨ, ਤੇਰਾ ਸਾਰਾ ਦਿਮਾਗ਼ ਤੇ ਹੌਸਲਾ ਭੰਨ ਦਿਤਾ ਹੈ। ਬਿਨ ਚੰਗਾਰੇ ਕੌਣ ਅੱਗ ਲਾ ਗਿਆ ਹੈ, ਬਿਨ ਗਰਜੇ ਸ਼ਿਕਾਰ ਖੋਹ ਲੈ ਗਿਆ ਹੈ, ਬਿਨਾ ਲੜੇ ਝੁੱਗਾ ਵੈਰਾਨ ਕਰ ਗਿਆ ਹੈ। ਫੇਰ ਗਾਲ ਕੱਢਣ ਨੂੰ ਜੀ ਨਹੀਂ ਕਰਦਾ, ਮੰਦਾ ਕਹਿਣ ਦਾ ਹੌਸਲਾ ਨਹੀਂ ਪੈਂਦਾ। ਬਦਨ ਨੂੰ ਅੱਗ ਲਾ ਤੋੜ ਵਿਚ ਪਾ ਗਿਆ ਹੈ ਪਰ ਮੇਰਾ ਹੀਆ ਨਹੀਂ ਪੈਂਦਾ ਕਿ ਆਖਾਂ ਕਿ ਓਹ ਬੜਾ ਮਾੜਾ ਸੀ। ਉਹ ਕੋਈ ਵੱਡਾ ਸਿਹਰੀ ਹੈ, ਮੇਰੇ ਸਾਰੇ ਸਿਹਰ ਤੋੜ ਗਿਆ ਹੈ। ਯਾ ਨੂਰਸ਼ਾਹ ! ਤੈਥੋਂ ਬੀ ਵੱਡਾ ਅਤਾਈ ਆ ਟੱਕਰਿਆ। ਕੀ ਇਸ ਨਾਲ ਟਕਰਾਵਾਂ ਕਿ ਸ਼ਰਨ

ਲਵਾਂ ? ਟਕਰਾਇਆਂ ਹਾਰਸਾਂ ਕਿਉਂਕਿ ਮੇਰਾ ਸਾਰਾ ਹੌਸਲਾ ਤੇ ਅੰਦਰਲਾ ਬਲ, ਜਿਸ ਨੇ ਜੈਨ, ਬੁੱਧ, ਭਗਤ, ਸੂਫੀ, ਬ੍ਰਹਮਚਾਰੀ, ਸੰਨਿਆਸੀ ਪ੍ਰਾਜੈ ਤੇ ਵੱਸ ਕਰਕੇ ਆਪਣੇ ਬਾਲਕੇ ਬਣਾਏ ਹੋਏ ਸਨ, ਅੱਜ ਢੈ ਗਿਆ ਹੈ, ਮਨ ਅੰਦਰ ਦੇ ਜਦ ਕਿੰਗਰੇ ਢੈ ਗਏ ਤਦ ਟਾਕਰੇ ਕਾਹਦੇ ? ਸ਼ਰਨ ਲਈਏ, ਸ਼ਰਨ ਲਿਆਂ ਕੁਛ ਮਿਲੇਗਾ ਤੇ ਇਹ ਖਿੰਡਦੀ ਤਾਣੀ ਬਚ ਜਾਏਗੀ, ਤੇ ਹੋ ਸਕਦਾ ਹੈ ਕਿ ਐਸ਼੍ਵਰਜ ਵਧ ਜਾਏ।ਉਹ ਫਕੀਰ ਉੱਚਾ ਹੈ; ਤੇ ਉਸ ਵਿਚ ਵੱਡਾ ਬਲ ਹੈ ਤੇ ਮੈਂ ਓਸ ਦੇ ਬਾਲਕੇ ਨੂੰ ਬੰਨ੍ਹ ਲਿਆ ਸੀ; ਬੱਝਦਾ ਤਾਂ ਨਹੀਂ ਸੀ; ਪਰ ਮੈਂ ਉਸਤਾਦ ਸਾਂ; ਉਸ ਦੀ ਸੰਗੀਤ ਦੀ ਲਗਨ ਨੂੰ ਤਾੜ ਗਈ ਸਾਂ, ਤੇ ਉਥੋਂ ਹੀ ਮੈਂ ਜਾ ਨੱਪਿਆ। ਹਾਂ ਹਾਂ, ਜੇ ਉਸ ਦਾ ਉਸਤਾਦ ਬਲੀ ਸੀ ਤਾਂ ਬਾਲਕਾ ਆਪਣਾ ਛੁਡਾਉਣਾ ਹੀ ਸਾਸੁ ਨਾ। ਮੈਂ ਭੁੱਲ ਕੀਤੀ ਕਿ ਉਸ ਨੂੰ ਬੰਨ੍ਹਿਆਂ। ਪਰ ਨੂਰਸ਼ਾਹ ! ਕੀ ਪਤਾ ਹੁੰਦਾ ਹੈ, ਰੋਜ਼ ਮਾਛੀ ਮੱਛੀਆਂ ਜਾਲ ਵਿਚ ਫੜ ਲਿਆਉਂਦਾ ਹੈ, ਪਰ ਕਦੇ ਜਾਲ ਵਿਚ ਘੜਿਆਲ[1] ਫਾਹ ਬੈਠਦਾ ਹੈ, ਤਦੋਂ ਨਾ ਜਾਲ ਨਾ ਜਾਲੀ: ਮੇਰੇ ਨਾਲ ਅੱਜ ਉਹੋ ਹੋਈ। ... ਪਰ ਕਿਉਂ ? ਹੌਸਲਾ ਨਹੀਂ ਹਾਰਨਾ। ਚਲੋ ਤਲੀਏ ਤੇ ਵੱਡੇ ਸਿਹਰੀ ਦੀ ਸ਼ਰਨ ਪੈਕੇ ਗਿਆ ਬਲ ਮੋੜ ਲਿਆਈਏ।"

ਘਰ ਦੇ ਸਾਰੇ ਭੇਤ ਚਾਕਰਾਂ ਬਾਲਕਿਆਂ ਨੂੰ ਮਲੂੰਮ ਸਨ, ਪਰ ਕਈ ਐਸੇ ਸਨ ਜੋ ਨੂਰਸ਼ਾਹ ਨੇ ਕਿਸੇ ਨੂੰ ਨਹੀਂ ਦੱਸੇ ਹੋਏ ਸਨ, ਉਨ੍ਹਾਂ ਵਿਚੋਂ ਇਕ ਸੀ ਘਰ ਦਾ ਬੰਦ ਕਰ ਦੇਣਾ ਮੂਲੋਂ ਹੀ। ਨੂਰ ਸ਼ਾਹ ਉੱਠੀ ਅਰ ਪਲਾਂ ਵਿਚ ਹੀ ਘਰ ਦੇ ਸਾਰੇ ਰਖਨੇ ਅਖੁੱਲ੍ਹ ਤ੍ਰੀਕੇ ਤੇ ਬੰਦ ਕਰ ਆਈ ਤੇ ਆਪ ਇਕ ਚੋਰ ਰਸਤੇ ਨਿਕਲ ਗਈ।

### ੧੩. {ਨਿਸਤਾਰਾ}

ਸਤਿਗੁਰ ਮੇਲੀ ਭੈ ਵਸੀ ਨਾਨਕ ਪ੍ਰੇਮ ਸਖਾਇ ॥

ਸ੍ਰੀ ਸਤਿਗੁਰ ਜੀ ਪਦਮਾਸਨ ਵਾਂਙ ਚੌਂਕੜਾ ਮਾਰੇ ਬੈਠੇ ਹਨ, ਕੇਵਲ ਨੈਣ ਖੁੱਲ੍ਹਣਹਾਰ ਕੰਵਲਾਂ ਵਾਂਙ ਬੰਦ ਹਨ, ਚਿਹਰੇ ਪਰ ਨੂਰੀ ਭਾ ਦਗ਼ ਦਗ਼ ਕਰ ਰਹੀ ਹੈ, ਮੱਥਾ ਇਲਾਹੀ ਦਮਕ ਨਾਲ ਚਮਕ ਰਿਹਾ ਹੈ, ਸਾਰਾ ਸ਼ਰੀਰ ਕਿਸੇ ਸੁਖ ਦੇ ਰਸ ਵਿਚ ਮਗਨ ਭਾਸ ਰਿਹਾ ਹੈ। ਗਿਰਦ ਗਿਰਦ ਇੰਵ ਜਾਪਦਾ ਹੈ ਕਿ ਕਿਸੇ ਸੁਖ, ਸੁੰਦਰਤਾ ਤੇ ਸੁਆਦ ਦੀ ਨਿੱਕੀ ਨਿੱਕੀ ਫੁਹਾਰ ਪੈ ਰਹੀ ਹੈ। ਥੋੜੀ ਵਿੱਥ ਤੇ ਮਰਦਾਨਾ ਤੇ ਤੀਖਣ ਜੀ ਬੈਠੇ ਹਨ, ਦੋਹਾਂ ਦੇ ਨੈਣ ਬੰਦ ਹਨ, ਅਰ ਰਸ ਵਿਚ ਗੁੱਟੇ ਜਾਪਦੇ ਹਨ। ਸੂਰਜ ਪੱਛੋਂ ਵਲ ਜਾ ਰਿਹਾ ਹੈ, ਇਸ ਦੀ ਧੁੱਪ ਕੁਛ ਪੱਤ੍ਰਾਂ ਵਿਚੋਂ ਕੁਛ ਹੇਠੋਂ ਪਿੱਠ ਵਾਲੇ ਪਾਸਿਓਂ ਥੋੜੀ ਥੋੜੀ ਪੈ ਰਹੀ ਹੈ। ਪੂਰੇ ਵੱਲ ਨੀਲੇ ਸਾਫ ਅਕਾਸ਼ ਦਾ ਰੰਗ ਸੁਆਦ ਬੰਨ੍ਹ ਰਿਹਾ ਹੈ। ਇਸ ਵੇਲੇ ਨੂਰ ਸ਼ਾਹ ਆਈ, ਇਕ ਮੋਤੀਆਂ ਦਾ ਥਾਲ ਆਪ ਚੱਕਕੇ ਲਿਆਈ, ਅੱਗੇ ਧਰ ਦਿੱਤਾ ਤੇ ਮੱਥਾ ਟੇਕਿਆ, ਪਰ ਜਦ ਬੈਠਣ ਲੱਗੀ ਤਾਂ ਤੋੜ ਪਈ ਤੇ ਅੱਗ ਲੱਗੀ। ਘਬਰਾਕੇ ਪਿੱਛੇ ਹਟੀ, ਹੋਰ ਹਟੀ, ਹੋਰ ਹਟੀ, ਕੋਈ ਚਾਲੀ ਗਜ਼ ਪਰੇ ਗਈ ਤਾਂ ਚੈਨ ਆਇਆ। ਏਥੇ ਕੁ-ਬੜਾ ਜੇਰਾ ਕਰਕੇ ਬੈਠ ਗਈ, ਲੱਗੀ ਤੱਕਣ ਪਰ ਝਾਲ ਝੱਲੀ ਨਾ ਜਾਵੇ। ਜਾਦੂਗਰ ਨੈਣ ਉਸ ਇਲਾਹੀ ਦਰਸ਼ਨ ਤੋਂ ਘਬਰਾਕੇ ਢੈ ਢੈ ਪੈਣ ਪਰ ਉਹ ਦਮਾਂ ਦੀ ਗਾਹੜੀ ਹਠ ਕਰਕੇ ਬੈਠ ਹੀ ਗਈ। "ਹੱਛਾ ਬਾਬਾ, ਸਿਹਰੀਆਂ ਦੇ ਸਰਦਾਰਾ ! ਮੈਨੂੰ ਨਹੀਂ ਸੀ ਪਤਾ ਕਿ ਕੋਈ ਨੂਰ ਸ਼ਾਹ ਤੋਂ ਭੀ ਬੜਾ ਹੈ, ਉਂਵ ਨਹੀ ਤਾਂ ਉਂਵ ਸਹੀਂ, ਮੈਂ ਅੱਜ ਨਿਉਂਕੇ ਹੀ ਸਹੀ, ਤੇਰੀ ਬਰਕਤ ਲੈ ਜਾਣੀ ਹੈ, ਪਰ ਲੈ ਜਾਣੀ ਹੈ। ਹੁਣ ਆ ਰਹਿਮ ਕਰ, ਮਾਰ ਨਾ ! ਮੈਂ ਸਾਂਈਆਂ ! ਭੁੱਲ ਕੀਤੀ ਤੇਰੇ ਬਾਲਕੇ ਨੂੰ ਬੰਨ੍ਹਿਆਂ, ਹੁਣ ਆਪ ਬਾਂਦੀ ਹੋਕੇ ਆ ਗਈ ਹਾਂ, ਸ਼ਰਨ ਪਿਆਂ ਨੂੰ ਕੌਣ ਮਾਰਦਾ ਹੈ, ਬੱਸ ਕਰ, ਹੋਰ ਨਾ ਮਾਰ ਬਾਬਾ ! ਬੱਸ ਕਰ। ਜਦ ਕਦਮਾਂ ਵਿਚ ਆ ਪਏ ਫੇਰ ਕੀਹ ?" ਇਸ ਤਰ੍ਹਾਂ ਆਪੇ ਵਿਚ ਗੁਰੂ ਜਗਤ-ਤਾਰਕ ਸਿਹਰ ਤੋੜ ਬਾਬੇ ਨੂੰ ਵਡਾ ਸਿਹਰ ਸਮਝਕੇ ਸ਼ਰਨ ਤਕਾ ਰਹੀ ਸੀ ਕਿ ਜਗਤ ਆਧਾਰ ਜੀ ਦੇ ਨੈਣ ਖੁੱਲ੍ਹੇ। ਇਨ੍ਹਾਂ ਵਿਚੋਂ ਇਕ ਜ਼ੋਰਦਾਰ ਫੁਹਾਰਾ ਕਿਸੇ ਇਲਾਹੀ ਮਿਹਰ ਦਾ ਵੱਸਿਆ ਕਿ ਨੂਰ ਸ਼ਾਹ ਤਾਬ ਨਾ ਲਿਆ ਸਕੀ ਤੇ ਢੈ ਪਈ। ਪਲ ਭਰ ਬੇਸੁੱਧ ਜਿਹੀ ਰਹੀ। ਫਿਰ ਉੱਠੀ ਤਾਂ

[1] ਮਾਗਰ ਮੱਛ, ਸੰਸਾਰ

ਠੰਢ ਵਰਤ ਰਹੀ ਸੀ, ਕਦਮ ਕਦਮ ਅੱਗੇ ਵਧੀ ਤੇ ਨੇੜੇ ਆਕੇ ਰੋ ਕੇ ਬੋਲੀ "ਤੂੰ ਵਡਾ, ਮੈਂ ਇਕਰਾਰ ਕਰਦੀ ਹਾਂ ਤੂੰ ਵੱਡਾ, ਮੇਰਾ ਬਲ ਤੇ ਬੀਰ ਮੇਰੇ ਮੋੜ ਦੇਹ ਸ਼ਰਨ ਪਈ ਦੀ ਲਾਜ ਰੱਖ ਲੈ !"

ਗੁਰੂ ਬਾਬੇ ਦੇ ਚਿਹਰੇ ਤੇ ਇਕ ਮੁਸਕ੍ਰਾਹਟ ਆਈ ਤੇ ਹਟ ਹਟ ਗਈ।

ਨੂਰ ਸ਼ਾਹ-ਹੇ ਮਿਹਰਾਂ ਦੇ ਪਾਤਸ਼ਾਹ, ਹੇ ਜੋਗੀ ਰਾਜ ! ਮੈਂ ਤੇ ਮਿਹਰ ਕਰ।

ਇਸ ਵੇਲੇ ਮਰਦਾਨੇ ਅਤੇ ਤੀਖਣ ਦੇ ਨੈਣ ਖੁੱਲ੍ਹ ਰਹੇ ਸਨ, ਸਤਿਗੁਰ ਦੇ ਜਲਵੇ ਤੇ ਪੈ ਰਹੇ ਸਨ, ਹਾਂ, ਗੁਰ ਨਾਨਕ ਦਾ ਜੋ ਜਲਾਲ ਮਰਦਾਨੇ ਦੇ ਨੈਣੀਂ ਅੱਜ ਪਿਆ ਫੇਰ ਨਹੀਂ ਨਿਕਲਿਆ। ਭਾਵੇਂ ਉਹ ਵੇਖ ਚੁਕਾ ਸੀ ਕਿ ਕੋਈ ਤਾਕਤ ਜੋ ਗੁਰੂ ਦੇ ਸਾਮ੍ਹਣੇ ਆਈ; ਐਸੀ ਨਹੀਂ ਸੀ ਕਿ ਜੋ ਝੁਕ ਨਾ ਗਈ ਹੋਵੇ, ਪਰ ਇਸ ਘੜੀ ਦਾ ਜਲਾਲ ਉਸ ਹੁਲਾਰੇ ਵਿਚ ਸੀ ਕਿ ਮਰਦਾਨੇ ਅੰਦਰ ਗੁਰੂ ਬਾਬੇ ਦੀ ਵਡਿਆਈ ਤੇ ਪਜਾਰ ਡਾਢੇ ਡੂੰਘੇ ਲਹਿ ਗਏ। ਤੀਖਣ ਦੀ ਤਾਂ ਪੁੱਛੋ ਹੀ ਨਾ। ਉਹ ਤਾਂ ਜਗਤ ਦਾ ਭਲਾ ਇਸ ਨਕਸ਼ੇ ਵਿਚ ਦੇਖਕੇ ਗੁਰੂ ਬਾਬੇ ਤੋਂ ਵਾਰਨੇ ਜਾ ਰਿਹਾ ਸੀ।

ਗੁਰੂ ਬਾਬਾ-ਮਰਦਾਨਿਆਂ ! ਇਸ ਦੇ ਕੰਨ ਵੱਲ ਜਾਕੇ ਉੱਚੀ ਕਹੁ, 'ਵਾਹਿਗੁਰੂ' ਤੇ ਦੂਜੇ ਪਾਸੇ ਤੀਖਣਾਂ ! ਤੂੰ ਕਹੁ।

ਦੋਹਾਂ ਨੇ ਇੰਵ ਹੀ ਕੀਤਾ।

ਨੂਰ ਸ਼ਾਹ--ਹੈਂ, ਇਹ ਕੀ ਭਜਾਨਕ ਅਵਾਜ਼ ਹੈ, ਮੈਂ ਗਈ, ਗਈ, ਮਰ ਗਈ, ਹਾ ! ਗਈ। (ਪਲਕੁ ਮਗਰੋਂ) ਮੇਰੀ ਜਾਗ ਖੁਲ੍ਹ ਗਈ, ਮੈਂ ਕਿੱਥੇ ਸੁੱਤੀ ਰਹੀ, ਮੈਂ ਤਾਂ ਪਰਮੇਸ਼ੁਰ ਦੇ ਪਿਆਰ ਵਿਚ ਨਿੱਕੀ ਹੁੰਦੀ ਵਸਦੀ ਸਾਂ, ਨੂਰ ਸ਼ਾਹ ਕਦੋਂ ਆਯਾ ਸੀ ? ਮੈਨੂੰ ਪਿਆਰ ਕਰਦਾ ਤੇ ਕਹਿੰਦਾ ਸੀ 'ਹੋਣਹਾਰ ਹੈਂ'। ਮੈਂ ਜਾਦੂ ਟੂਣੇ ਸਿੱਖੇ ਸਨ; ਮੈਂ ਕੌਣ ਸਾਂ ਤੇ ਫੇਰ ਕੌਣ ਹੋ ਗਈ ਤੇ ਅੱਜ ਕੌਣ ਹਾਂ ? ਐਉਂ ਮਲੂਮ ਹੁੰਦਾ ਹੈ ਕਿ ਬਾਲ ਅਵਸਥਾ ਵਿਚ ਮੈਂ ਰਾਜ਼ੀ ਸਾਂ, ਫੇਰ ਕੋਈ ਤਾਪ ਚੜ੍ਹਿਆ, ਉਮਰਾ ਉਸੇ ਤਾਪ ਵਿਚ ਬਿਤਾਈ, ਅਜ ਉਹ ਤਾਪ ਲਹਿ ਗਿਆ ਹੈ। ਕੀਕੂੰ ਲਹਿ ਗਿਆ ਹੈ ? ਮੇਰੇ ਵਿਚੋਂ ਕੁਛ ਨਿਕਲ ਰਿਹਾ ਹੈ। ਇਹ ਕੀ ਹੈ, ਜੋ ਮੈਨੂੰ ਖਾਲੀ ਕਰ ਗਿਆ ਹੈ, ਕੋਈ ਤਾਪ ਜਾਪਦਾ ਹੈ। ਮੈਂ ਖਾਲੀ ਹੋਕੇ ਸੱਖਣੀ ਸੁੰਞੀ ਨਹੀਂ ਹੋਈ, ਠੰਢ ਪੈ ਰਹੀ ਹੈ, ਹੋਸ਼ ਆ ਰਹੀ ਹੈ। ਇਹ ਮੇਰਾ ਸਰੀਰ ਸੀ ਕਿ ਕੋਈ ਘਰ ਸੀ, ਭੂੰਡਾਂ ਬੀ ਖੱਖਰ ਸੀ, ਜਿਸ ਵਿਚ ਹਜ਼ਾਰਾਂ ਡੇਹਮੂਆਂ ਦੇ ਘਰ ਸਨ।.... ਸਾਰੇ ਉਡ ਗਏ। ਹੈਂ ! ਜ਼ਹਿਰਾਂ ਵਾਲੇ ਸਾਰੇ ਉਡਦੇ ਜਾ ਰਹੇ ਹਨ। ਹਾਇ! ਇਹ ਜ਼ਹਿਰ ਕਿਉਂ ਜ਼ਹਿਰ ਨਾ ਹੋ ਭਾਸੇ। ਮੈਂ ਭੀ ਜ਼ਹਿਰ ਦਾ ਰੂਪ ਬਣੀ ਰਹੀ। ਵਿਹੁ ਨੂੰ ਵਿਹੁ ਕੀ ਭਾਸੇ। ਹੈਂ ! ਨੂਰ ਸ਼ਾਹ ! ਉੱਠ।.... ਕੌਣ ਉੱਠੇ ? ਸ਼ਾਲਾ ਕੇਹੀ ਠੰਢ ਵਰਤਾਈ ਆ, ਮੇਰਾ ਸਾਰਾ ਖ਼ੂਨ ਸਰਦ ਕਰ ਦਿੱਤਾ ਈ; ਮੈਂ ਬਲ ਲੈਣ ਆਈ ਸਾਂ, ਅਗਲਾ ਬੀ ਗੁਆ ਲਿਆ। ਹਾ ! ਮੇਰਾ ਐਸ਼੍ਵਰਜ, ਹਾ ਮੇਰਾ ਪ੍ਰਤਾਪ; ਹਾ ਮੇਰੇ ਸਿਹਰ ਤੇ ਸਿੱਧੀ, ਸਭ ਕੁਛ ਗਿਆ।..... ਵਾਹ ਵਾਹ ! ਉੱਠ। ਠੰਢ ! ਇਹ ਠੰਢ ਬੜੀ ਸੁਆਦਲੀ ਹੈ। ਉਹ ਸਾਰਾ ਤਾਪ ਸੀ ਤਾਪ। ਦੇਖ ਮਨਾਂ ! ਠੰਢ ਪੈ ਗਈ ਹੈ। ਹਾਂ, ਜਾਗ ਸੁਲੱਖੀ ਜਾਗ ਆਈ ਹੈ। ਮੈਂ ਏਸੇ ਜਾਗ ਵਿਚ ਜੀਵਾਂ। ਮੇਰੇ ਲੂੰਆਂ ਵਿਚ ਝਰਨਾਟ ਹੈ, ਲੂੰ ਵੀਣਾਂ ਬਣ ਗਏ ਹਨ, ਸੰਗੀਤ ਕਰ ਰਹੇ ਹਨ, ਕਹਿ ਰਹੇ ਹਨ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ ਇਹ ਵਾਹਿਗੁਰੂ ਕੀ ਹੋਇਆ? ਇਸੇ ਮੇਰੀ ਜਾਗ ਖੋਲ੍ਹੀ ਹੈ ? ਹੇ ਮੇਰੇ ਮਨ। ਤੂੰ ਰਾਗ ਨਾਲ ਲੋਕ ਫਸਾਏ, ਕੀ ਇਸ ਵਾਹਿਗੁਰੂ ਰਾਗ ਨੇ ਤੇਰੀ ਬੰਦ ਖੁਹਲੀ। ਪਿਆ ਰਹੁ ਮਨ ਏਸ ਸੁਖ ਵਿਚ; ਖ਼ਾਕ ਪਾ ਐਸ਼੍ਵਰਜ ਦੇ ਸਿਰ। ਧੂੜੀ ਵਿਚ ਲੇਟਾਂ ਤੇ ਇਹ ਰਾਗ ਸੁਣਦੀ ਰਹਾਂ:--

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।

੧੪. {ਕੇਤੀ ਛੁਟੀ ਨਾਲ}

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥

ਨੂਰ ਸ਼ਾਹ ਟੁਰੀ ਜਾ ਰਹੀ ਹੈ, ਸਿਰ ਤੇ ਇਕ ਪੰਡ ਹੈ, ਕਿਸੇ ਦੇ ਘਰ ਪੁਚਾਕੇ ਦੋ ਆਨੇ ਮਜੂਰੀ ਲਈ ਹੈ। ਇਸ ਦੇ ਚੌਲ ਤੇ ਦਾਲ ਖਰੀਦੇ ਹਨ, ਚੋਰ ਰਸਤੇ ਘਰ ਜਾ ਵੜੀ ਹੈ। ਇਹ ਚੌਲ ਦਾਲ ਚਾੜ੍ਹੇ ਹਨ, ਆਖਦੀ ਹੈ ਇਸ ਘਰ ਨੂੰ ਫੂਕ ਦਿਆਂ ਤੇ ਉਜਾੜ ਵਿਚ ਵੱਸਾਂ, ਪਰ ਫੇਰ ਡਰੀ ਕਿ ਹੁਕਮ ਨਹੀਂ ਲੀਤਾ। ਹੇ ਮਨਾਂ ! ਠੰਢਾ ਦੇ ਸਾਂਈਂ ਨੇ ਤਾਂ ਨਹੀਂ ਸੀ ਕਿਹਾ ਕਿ ਮਜੂਰੀ ਕਰ, ਪਰ ਮੇਰਾ ਮਨ ਆਪੇ ਉਸ ਭੂਤ ਕਮਾਈ ਤੋਂ ਡਰਨ ਲੱਗ ਪਿਆ

ਹੈ। ਫੇਰ ਕੰਬੀ, ਫੇਰ ਟੋਟ ਪੈਣ ਲੱਗੀ, ਪਰ ਚੇਤੇ ਆ ਗਿਆ, ਵਾਹਿਗੁਰੂ, ਵਾਹਿਗੁਰੂ। ਫੇਰ ਰਿੱਧੇ ਚੌਲ ਤੇ ਦਾਲ, ਸਿਰ ਧਰਕੇ ਟੁਰ ਪਈ, ਉਦਿਆਨ ਵਿਚ ਲਿਆਈ; ਲਿਆ ਅੱਗੇ ਧਰੇ। ਹੇ ਠੰਢਾਂ ਦੇ ਸਾਂਈਂ ! ਭੋਜਨ ਛਕੋ, ਭੋਜਨ ਹਾਜ਼ਰ ਹੈ, ਮੇਰੀ ਪਾਪ ਕਮਾਈ ਦਾ ਨਹੀਂ, ਠੰਢਾਂ ਦੇ ਸਾਂਈਂ ਜੀ ! ਮੈਂ ਮਜੂਰੀ ਕਰਕੇ ਹੱਕ ਹਲਾਲ ਦੀ ਕਮਾਈ ਕਰਕੇ ਇਹ ਦੋ ਦਾਣੇ ਲਿਆਈ ਹਾਂ। ਆਪਦਾ ਹੁਕਮ ਸੀ-'ਪ੍ਰਸ਼ਾਦ ਛਕਾ' ਇਹ ਨਿਮਾਣਾ ਪ੍ਰਸ਼ਾਦ ਹਾਜ਼ਰ ਹੈ।

ਸਤਿਗੁਰੂ (ਮੁਸਕ੍ਰਾਕੇ)-ਨੂਰ ਸ਼ਾਹ! ਤੇਰੀ ਹੱਕ ਹਲਾਲ ਦੀ ਕਮਾਈ ? (ਫੇਰ ਮੁਸਕ੍ਰਾਕੇ) ਸ਼ਾਬਾਸ਼ ॥ ਪਰ ਕੁੜੀਏ ! ਮੇਰੀ ਅੱਜ ਵਰ੍ਹੇ ਗੰਢ ਹੈ ਤੇ ਤੇਰੇ ਭੱਠ ਵਿਚ ਜੀਅ ਜੰਤ ਤੜਫ ਰਹੇ ਹਨ। ਮੈਂ ਅੰਨ ਕਿਸ ਤਰ੍ਹਾਂ ਪਾਵਾਂ, ਜਦ ਕਿ ਰੱਬ ਦੇ ਬੰਦੇ ਅਜ ਟੋਟ ਵਿਚ ਤੜਫ਼ ਰਹੇ ਹਨ ? ਠੰਢ ਵਰਤੇ ਤਾਂ ਸੰਘੋਂ ਅੰਨ ਲੰਘੇ।

ਨੂਰ ਸ਼ਾਹ--ਠੰਢਾਂ ਦੇ ਸਾਂਈਂ ! ਸੱਚ ਹੈ, ਮੈਂ ਬੜੀ ਮੂਰਖ ਹਾਂ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ (ਨੈਣ ਮੀਟਕੇ) ਵਾਹਿਗੁਰੂ ਵਾਹਿਗੁਰੂ ਵਾਹਿਗੁਰੂ। ਇਉਂ ਵਾਹਿਗੁਰੂ ਵਾਹਿਗੁਰੂ ਕਹਿੰਦੀ ਹਨੇਰੀ ਵਾਂਗ ਉਡ ਗਈ, ਜਾ ਘਰ ਵੜੀ ਤੇ ਉਥੇ ਗਈ ਜਿਥੇ ਸਾਰੇ ਉਸ ਦੇ ਬਾਲਕੇ; ਜਿਨ੍ਹਾਂ ਵਿਚ ਚੰਗੇ ਚੰਗੇ ਬ੍ਰਤੀ, ਤਪੀ, ਹਠੀ, ਤਯਾਗੀ, ਵਿਰਾਗੀ ਭੀ ਸਨ, ਲੁੱਛ ਰਹੇ ਸਨ ਤੇ ਹਾਵੇ ਕਰ ਰਹੇ ਸਨ। ਉਨ੍ਹਾਂ ਨੂੰ ਕਹਿਣ ਲੱਗੀ :-

ਹੇ ਮੂਰਖੋ ! ਚਲੋ, ਪਰਮੇਸ਼ਰ ਜੀ ਮਨੁੱਖ ਜਾਮੇ ਦੀ ਲਾਲਟੈਣ ਵਿਚ ਠੰਢਾਂ ਦੇ ਸਾਂਈਂ ਬਣਕੇ ਆਏ ਹਨ। ਚਲੋ, ਉਠੋ। ਮੈਂ, ਜਿਸਨੇ ਤੁਸਾਂਨੂੰ ਕੈਦ ਪਾਇਆ ਸੀ, ਚਲੋ ਤੁਹਾਨੂੰ ਛੁਟਕਾਰਾ ਲੈ ਦੇਵਾਂ, ਚਲੋ ਤੁਹਾਡਾ ਤਾਪ ਉਤਰਵਾ ਦੇਵਾਂ, ਚਲੋ ਠੰਢਾਂ ਦੇ ਸਾਂਈ ਦੀ ਸ਼ਰਨ, ਤੁਹਾਨੂੰ ਠੰਢਾਂ ਅਮੁੱਲ ਲੈ ਦੇਵਾਂ।

ਸਾਰੇ ਗੁੱਸੇ ਤੇ ਨਿਰਾਸਤਾ ਵਿਚ ਆਉਂਦੇ ਜਾਂਦੇ ਸਨ, ਦੰਦੀਆਂ ਕ੍ਰੀਚਦੇ ਤੇ ਫੇਰ ਦਬਕਦੇ ਸਨ। ਹੁਣ ਕਾਠ ਦੀਆਂ ਪੁਤਲੀਆਂ ਵਾਂਙ ਉੱਠ ਖੜੇ ਹੋਏ ਤੇ ਮਗਰੇ ਟੁਰ ਪਏ। ਨੂਰ ਸ਼ਾਹ ਨੇ ਸਾਰੇ ਬਾਹਰ ਕੱਢਕੇ ਬਾਜ਼ਾਰ ਵਿਚ ਹੋਕਰਾ ਦੇ ਦਿੱਤਾ :-"ਮੇਰਾ ਘਰ ਲੁੱਟ ਲਓ ! ਸਭ ਖੁੱਲ੍ਹਾ ਪਿਆ ਹੈ।" ਘਰ ਦੇ ਬੂਹੇ ਖੁੱਲ੍ਹੇ ਚੌੜ ਚੁਪੱਟ ਸੱਟਕੇ ਨੂਰ ਸ਼ਾਹ ਚਲੀ ਗਈ, ਪ੍ਰੰਤੂ ਕਿਸੇ ਦਾ ਹੀਆ ਨਹੀਂ ਪਿਆ ਕਿ ਉਸ ਦਾ ਘਰ ਲੁੱਟ ਲਵੇ, ਓਂਵ ਜੰਗਲ ਦੀ ਅੱਗ ਵਾਂਗ ਸਾਰੇ ਸ਼ਹਿਰ ਵਿਚ ਖ਼ਬਰ ਫੈਲ ਗਈ ਕਿ ਨੂਰ ਸ਼ਾਹ ਬਾਲਕਿਆਂ ਸਣੇ ਕਿਤੇ ਚਲੀ ਜਾ ਰਹੀ ਹੈ।

ਇਧਰ ਨੂਰ ਸ਼ਾਹ ਜਾ ਰਹੀ ਹੈ, ਜ਼ੁਬਾਨ ਤੇ ਵਾਹਿਗੁਰੂ ਹੈ, ਲੂੰਆਂ ਵਿਚ ਵਾਹਿਗੁਰੂ ਹੈ, ਕਾਲਜੇ ਠੰਢ ਹੈ, ਉਦਯਾਣ ਵੱਲ ਨੂੰ ਧ੍ਰੂ ਹੈ, ਸਤਿਗੁਰ ਦੇ ਦਰਬਾਰ ਜਾ ਕੇ ਚੁਫਾਲ ਮੱਥਾ ਟੇਕਿਆ, ਨਾਲ ਸਾਰੇ ਬਾਲਕਿਆਂ ਟੇਕਿਆ।

ਸਤਿਗੁਰ (ਸਾਰਦ ਜੀ ਨੂੰ)-ਚਾਨਣ ਚਾਨਣੇ ਦੇ ਪੁੰਜ ਸੂਰਜ ਤੋਂ ਨਿਕਲਦਾ ਹੈ, ਨੇਕੀ ਨੇਕੀ ਦੇ ਪੁੰਜ ਵਾਹਿਗੁਰੂ ਤੋਂ ਹੈ, ਨਿਰੀ ਨੇਕੀ ਕੀ ਹੋਈ ? ਫੋਕੀ ਨੇਕੀ ਵੇਲੇ ਸਿਰ ਹਾਰ ਦੇ ਗਈ, ਥਾਂਘੀ ਬਿਨਾਂ ਰੁੜ੍ਹ ਗਏ। (ਥਾਪੀ ਦੇ ਕੇ) ਈਮਾਨ ਲਿਆ ਕਿ ਵਾਹਿਗੁਰੂ ਅਕਾਲ ਪੁਰਖ ਹੈ, ਭਰੋਸਾ ਕਰ ਵਾਹਿਗੁਰੂ ਅਕਾਲ ਪੁਰਖ ਹੈ, ਮੰਨ ਕਿ ਹਰਦਮ ਸ਼ਰਨ ਉਸਦੀ ਵੱਸਣਾ ਹੈ, ਤਕੜਾ ਹੋ ਤੇ ਕਹੁ 'ਵਾਹਿਗੁਰੂ'।

ਸਾਰਦ ਜੀ ਦੇ ਅੰਦਰ ਇਕ ਠੰਢ ਵਰਤੀ, ਸੁਖ ਹੋਇਆ, ਦਿਲ ਦੀ ਟੇਕ ਕਿਸੇ ਕੇਂਦਰ, ਵਲ ਨੂੰ ਗਈ ਤੇ ਓਟ ਲੈਕੇ ਅੰਦਰੋਂ ਉੱਚਾ ਹੋ ਗਿਆ।

ਫਿਰ ਤੁੰਮਨ ਸ਼ਾਹ ਅੱਗੇ ਹੋਇਆ, ਸੀਸ ਨਿਵਾਇਆ, ਸਤਿਗੁਰ ਨੇ ਸਿਰ ਹੱਥ ਧਰਕੇ ਕਿਹਾ:- ਦੀਸਣਹਾਰ ਦਾ ਇਸ਼ਕ ਕਮਾਕੇ ਫਿਰ ਦ੍ਰਿਸ਼ਟਾ ਪਦ ਵਿਚ ਜਾਣਾ ਔਖੀ ਖੇਡ ਹੈ, ਸੱਪਾਂ ਨਾਲ ਖੇਡਣਾ ਆਸਾਨ ਨਹੀਂ। ਰੱਬ ਰੱਬ ਕੂਕਣਾਂ ਪਰ ਹੋਣਾਂ ਨਫਸ ਦੇ ਬੰਦੇ, ਕਰਨੇ ਕੰਮ ਨਫਸ ਦੇ, ਨਾਮ ਧਰਨਾ ਖ਼ੁਦਾ ਦਾ, ਫਿਰ ਮਾਯਾ ਨੇ ਫਸਾਉਣਾ ਹੀ ਹੋਇਆ ਨਾ। ਦੇਖ ਬੇਟਾ ! ਚੱਕ ਟੇਕ ਮਾਯਾ ਤੇ ਮਨ ਤੋਂ, ਪਰਮੇਸ਼ਰ ਦੇ ਆਸਰੇ ਹੋ, ਕਹੁ 'ਵਾਹਿਗੁਰੂ' !

ਤੁੰਮਨ ਸ਼ਾਹ ਦੇ ਅੰਦਰ ਉਹ ਰੌ ਵਰਤੀ, ਜੋ ਕਦੇ ਤੱਕੀ ਨਹੀਂ ਸੀ। ਆਪੇ ਦੀ ਸੋਝੀ ਹੋ ਆਈ, ਅੰਦਰਲੇ ਦਾ ਰੁਖ਼ ਰੱਬ ਪਾਸੇ ਹੋ ਗਿਆ, ਉਨਮਨ ਹੋ ਗਿਆ, ਉੱਚੀ ਸੁਰਤ ਵਾਲਾ।

ਫਿਰ ਸੈਨਾਨੰਦ ਦੇ ਸਿਰ ਹੱਥ ਧਰ ਬੋਲੇ, ਭਗਤੀ ਭਾਈ ਮਨ ਦੀ, ਮਨ ਨੂੰ ਨਾ ਵੇਖਿਆ, ਨਾ ਜਿੱਤਿਆ, ਇਸ ਨੂੰ ਨਚਾਇਆ; ਵਾਹਿਗੁਰੂ ਦੇ

ਸਦਕੇ ਨਾ ਕੀਤਾ। ਲੋਕਾਂ ਦੇ ਭਗਤ ਕਹਿਣ ਤੇ ਜੋ ਭਗਤੀ ਹੁੰਦੀ ਹੈ, ਉਸ ਨੂੰ ਮਾਇਆ ਨਾਗਨ ਡਸ ਜਾਂਦੀ ਹੈ ਨਾਂ। ਨਾਗਨ ਦਾ ਵਾਰ ਤਦੇ ਚਲਦਾ ਹੈ ਜਦ ਕਿ ਸਿਰ ਤੇ ਕੋਈ ਰਾਖਾ ਨਹੀਂ ਹੁੰਦਾ, ਤਾਂਤੇ ਸੂਰੇ ਦੀ ਸ਼ਰਨ ਸਮਾਉ, ਕਹੁ 'ਵਾਹਿਗੁਰੂ' !

ਇਸ ਭਗਤ ਦੇ ਅੰਦਰੋਂ ਬੀ ਲੋਕਾਂ ਦੀ ਕਦਰ ਦੀ ਮੈਲ ਲੱਥੀ, ਠੰਢ ਵਰਤੀ, ਵਾਹਿਗੁਰੂ ਵੱਲ ਧਿਆਨ ਲੱਗਾ, ਉਨਮਨ ਹੋ ਗਿਆ।

ਫਿਰ ਗੋਰਨ ਜੀ ਦੇ ਸਿਰ ਹੱਥ ਰੱਖਕੇ :-ਬ੍ਰਤ ਰਖੇ, ਸਰੀਰ ਲਿੱਸਾ ਹੋ ਗਿਆ, ਆਲਸ, ਤਮੋਗੁਣ ਵਧ ਗਿਆ, ਨਾ ਮਨ ਵੱਸ ਆਇਆ ਨਾ ਮੈਲ ਨਿਕਲੀ, ਜਦੋਂ ਮਾਇਆ ਖਿਵੀਂ, ਚਕਾਚੂੰਧ ! ਇਕ ਚਮਕਾਰਾ ਹੀ ਮਾਰ ਗਿਆ। ਸਿਦਕ ਕਰ ਕਿ ਸਿਰ ਤੇ ਰੱਬ ਹੈ। ਕਹੁ 'ਵਾਹਿਗੁਰੂ'। ਕਹਿੰਦੇ ਸਾਰ ਗੋਰਨ ਦਾ ਮਨ ਉੱਪਰ ਵਾਹਿਗੁਰੂ ਟੇਕ ਤੇ ਗਿਆ ਤੇ ਉਨਮਨ ਹੋ ਗਿਆ।

ਇਸ ਤਰ੍ਹਾਂ ਇਕ ਇਕ ਨੂੰ ਪਿਆਰ ਦਿੱਤਾ, ਇਕ ਇਕ ਦੀ ਭੁੱਲ ਦਰਸਾਈ, ਇਕ ਇਕ ਨੂੰ ਠੰਢ ਪਾਈ, ਸਾਰੀਆਂ ਰੂਹਾਂ ਨੂੰ ਠਾਰਕੇ ਸੁਖੀ ਕਰਕੇ ਬੋਲੇ:- ਮਰਦਾਨਿਆ ! ਅੱਜ ਕੀ ਦਿਨ ਹੈ ?

ਮਰਦਾਨਾ-ਜੀ ਅੱਜ ਆਪ ਦੀ ਵਰ੍ਹੇ ਗੰਢ ਹੈ।

ਹੁਣ ਸੂਰਜ ਲਟਪਟਾ ਗਿਆ ਸੀ, ਸ਼ਾਮਾਂ ਆ ਰਹੀਆਂ ਸਨ; ਇਸ ਵੇਲੇ ਤੀਖਣ ਜੀ ਜਲ ਲਿਆਏ ਹੱਥ ਧੁਵਾਏ, ਨੂਰ ਸ਼ਾਹ ਨੇ ਪ੍ਰਸ਼ਾਦ ਅੱਗੇ ਰੱਖਿਆ, ਸਤਿਗੁਰੂ ਸੱਚੇ ਸ੍ਰਿਸ਼ਟੀ ਦੇ ਬਚਾਵਣਹਾਰੇ ਨੇ ਓਹ ਦੁਆਨੀ ਦੇ ਚੌਲ ਸਰਿਆਂ ਨੂੰ ਵੰਡੇ ਤੇ ਆਪ ਵੀ ਖਾਧੇ। ਫੇਰ ਮਰਦਾਨੇ ਨੇ ਵਾਹਿਗੁਰੂ ਜੀ ਦੀ ਮਹਿਮਾਂ ਦਾ ਕੀਰਤਨ ਕੀਤਾ।

### ੧੫. { ਬੀਤ ਗਈਆਂ ਦੀ ਸੋਝੀ }

ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥
ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥ ਆਇ ਗਇਆ
ਪਛੁਤਾਵਣਾ ਜਿਉ ਸੁੰਞੈ ਘਰਿ ਕਾਉ॥੩॥

{ਸਿਰੀ ਮ:੧}

ਰਾਤ ਬੀਤ ਚੁਕੀ, ਅੰਮ੍ਰਿਤ ਵੇਲਾ ਹੋ ਆਇਆ, ਮਰਦਾਨੇ ਦੀ ਜਾਗ ਖੁੱਲ੍ਹੀ, ਕੀ ਦੇਖਦਾ ਹੈ ਕਿ ਸਤਿਗੁਰੂ ਵਾਹਿਗੁਰੂ ਦੇ ਪ੍ਰੇਮ ਵਿਚ ਜੁੜੇ ਬੈਠੇ ਹਨ। ਹਾਹੁਕਾ ਭਰਕੇ ਉੱਠਿਆ, ਮਨਾ ! ਪਹਿਲਾਂ ਜਾਗਦੋਂ, ਆਪ ਨ੍ਹਾਉਂਦੋਂ, ਫੇਰ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੋਂ, ਪਰ ਹੱਛਾ ਹੁਣ ਹੀ ਛੇਤੀ ਕਰਾਂ।

ਇਹ ਕਹਿਕੇ ਝੱਟ ਪੱਟ ਤਿਆਰ ਹੋਕੇ ਰਬਾਬ, ਸੁਰੀਲਾ ਮਨ ਮੋਹਨਾ ਰਬਾਬ, ਲੈਕੇ ਬੈਠ ਗਿਆ। ਤਾਰਾਂ ਤੇ ਜਦ ਟੁਹਕਰਾਂ ਵੱਜੀਆਂ ਤਾਂ ਅਰਸ਼ੀ ਧੁਨਿ ਉੱਠੀ, ਨਾਲ ਸੁਰੀਲਾ ਪਿਆਰਾ ਗਲਾ ਛਿੜ ਪਿਆ, ਫੇਰ ਕੀਹ ਸੀ ਇਲਾਹੀ ਰੰਗ ਜੰਮ ਗਿਆ। ਬਾਕੀ ਸੰਗਤ ਬੀ ਨੂਰ ਸ਼ਾਹ ਸਮੇਤ ਉੱਠ ਬੈਠੀ। ਇਸ਼ਨਾਨ ਕੀਤੇ ਤੇ ਉਸੇ ਤਰ੍ਹਾਂ ਦੂਰ ਨੇੜੇ ਬੈਠ ਗਏ। ਮਰਦਾਨੇ ਦੇ ਅੰਦਰਲੇ ਕੱਠੇ ਹੋਏ ਮਨ ਵਿਚੋਂ ਧੁਰ ਦੀ ਬਾਣੀ ਦਾ ਕੀਰਤਨ ਤੇ ਉੱਚੇ ਦਰਜੇ ਦੇ ਰਾਗ ਦੀ ਧੁਨਿ ਉੱਠੀ ! ਸਾਰੇ ਵਾਹਿਗੁਰੂ ਪ੍ਰੇਮ ਵਿਚ ਜੁੜ ਗਏ। ਇਹ ਠੰਢ, ਇਹ ਰੰਗ, ਇਹ ਰਸ ਤੇ ਲੀਨਤਾ ਸੂਰਜ ਚੜ੍ਹੇ ਤਕ ਬਣੀ ਰਹੀ। ਇਸ ਵੇਲੇ ਮਰਦਾਨੇ ਭੋਗ ਪਾਇਆ, ਤੀਖਣ ਜੀ ਸਹੁਰੇ ਪਰਵਾਰ ਸਮੇਤ ਦੁੱਧ ਲੈਕੇ ਆਏ ਹੋਏ ਸਨ। ਸ਼ਹਿਰ ਵਿਚ ਰਾਤ ਦੀ ਹੀ ਧੁੰਮ ਮਚ ਗਈ ਸੀ ਕਿ ਕੋਈ ਐਸਾ ਰੱਬ ਦਾ ਪਿਆਰਾ ਆਯਾ ਹੈ ਜਿਸ ਨੇ ਨੂਰ ਸ਼ਾਹ ਦਾ ਤਲਿੱਸਮ ਤੋੜ ਦਿੱਤਾ ਹੈ ਤੇ ਓਹ ਘਰ ਬਾਰ ਖੁੱਲ੍ਹੇ ਛੱਡਕੇ ਚਰਨੀਂ ਪੈ ਗਈ ਹੈ ਤੇ ਦਸਾਂ ਨਵ੍ਹਾਂ ਦੀ ਕਿਰਤ ਕਰਕੇ ਸਤਿਗੁਰੂ ਜੋਗਾ ਭੋਜਨ ਲੈ ਗਈ ਹੈ। ਘਰ ਘਰ ਵਿਚ ਇਹੋ ਕਥਾ ਸੀ ਤੇ ਹਰ ਦਿਲ ਉਸ ਰੱਬੀ ਨੂਰ ਦੇ ਦੀਦਾਰ ਦੇ ਦਰਸ਼ਨ ਲਈ ਉਮਗ ਰਿਹਾ ਸੀ। ਹੁਣ ਦਿਨ ਨਿਕਲਨ ਤੋਂ ਪਹਿਲਾਂ ਲੋਕੀਂ ਘਰਾਂ ਤੋਂ ਟੁਰ ਰਹੇ ਸਨ ਤੇ ਪਹੁੰਚ ਰਹੇ ਸਨ। ਇਸ ਵੇਲੇ ਖਾਸੀ ਭੀੜ ਉਦਾਲੇ ਜਮਾਂ ਹੋ ਗਈ ਸੀ। ਮਰਦਾਨੇ ਦੇ ਕੀਰਤਨ ਨੇ, ਸਤਿਗੁਰ ਦੇ ਰੱਬੀ ਦੀਦਾਰ ਨੇ ਸਭ ਨੂੰ ਸਤੋਗੁਣੀ ਕਰ ਰੱਖਿਆ ਸੀ। ਦੁੱਧ ਆਇਆ ਤਾਂ ਸਤਿਗੁਰ ਨੇ ਕਿਹਾ: 'ਵਰਤਾ ਦਿਓ'। ਫੇਰ ਆਪ ਇਕ ਸ਼ਬਦ ਦੀ ਸੱਦ ਉਠਾਈ ਤੇ ਫੇਰ ਜਿਉਂ ਵਾਹਿਗੁਰੂ ਪ੍ਰੇਮ ਵਿਚ ਸ਼ੁਰੂ ਹੋਏ, ਐਸੀ ਵਾਰਤਾਲਾਪ ਕੀਤੀ ਕਿ ਸਭ ਦੀ ਬ੍ਰਿਤੀ ਸਾਂਈਂ-ਪ੍ਰੇਮ ਦੇ ਰੰਗ ਰੰਗੀ ਗਈ ਤੇ ਅੰਦਰਲੇ ਦਾ ਵਾਹਿਗੁਰੂ ਵਲ ਰੁਖ਼ ਹੋ ਗਿਆ। ਇਸ ਤਰ੍ਹਾਂ ਗੁਰ ਸਿੱਖੀ ਸਭ

ਨੇ ਧਾਰਨ ਕੀਤੀ ਤੇ ਸੱਚੇ ਪਾਤਸ਼ਾਹ ਨੇ ਸਭ ਨੂੰ ਉਸ ਸੜਕੇ ਚਾੜ੍ਹਿਆ, ਜਿਸ ਦਾ ਅੰਤ ਆਪ ਜੀ ਨੇ ਦੱਸਿਆ ਕਿ ਤੁਸੀਂ ਆਪੇ ਦੀ ਕੈਦ ਤੋਂ ਛੁਟਕੇ ਆਪੇ ਦੇ ਰਸ ਤੇ ਵਾਹਿਗੁਰੂ ਸ਼ਰਨ ਦੇ ਰਸ ਵਿਚ ਸੁਖ ਪਾਓਗੇ।

ਲੰਗਰ ਉੱਥੇ ਹੀ ਤਿਆਰ ਹੋਇਆ, ਸਭ ਨੇ ਛਕਿਆ। ਦੁਪਹਿਰਾਂ ਵੇਲੇ ਜ਼ਰਾ ਇਕਾਂਤ ਹੋਈ ਤਾਂ ਮਰਦਾਨੇ ਨੇ ਕਿਹਾ :-"ਸੱਚੇ ਪਾਤਸ਼ਾਹ ! ਪਰਬਤ ਹੇਠੋਂ ਨਿਕਲਕੇ ਜਿਵੇਂ ਹਲਕਾਪਨ ਆਉਂਦਾ ਹੈ, ਕੱਲ੍ਹ ਦੇ ਮਾਮਲੇ ਤੋਂ ਬਾਦ ਮੈਂ ਇਸ ਤਰ੍ਹਾਂ ਪ੍ਰਤੀਤ ਕਰਦਾ ਹਾਂ। ਇਹ ਨੂਰਸ਼ਾਹ ਪਾਸ ਕੀਹ ਕੌਤਕ ਸੀ ਤੇ ਏਨ੍ਹਾਂ ਕਿੱਥੋਂ ਲਿਆ ਸੀ ?" ਸਤਿਗੁਰ ਜੀ ਬੋਲੇ:-ਨੂਰ ਸ਼ਾਹ ਤੈਨੂੰ ਆਪ ਸੁਣਾ ਦੇਸੀ, ਫੇਰ ਸਮਝ ਲਈਂ, ਜੇ ਕੁਛ ਤੇਰੀ ਸਮਝੇ ਪੈ ਗਿਆ ਤਾਂ। ਇਹ ਸੁਣਕੇ ਨੂਰ ਸ਼ਾਹ ਨੇ ਕਿਹਾ :-

ਹੇ ਠੰਢਾਂ ਦੇ ਸਾਂਈਂ ! ਮਾਯਾ ਦੀ ਖੇਲ ਹੈ। ਮਾਯਾ ਤਾਂ ਹੋਯਾ ਸਾਰਾ ਭੁਲਾਵਾ। ਭੁਲਾਵੇ ਵਿਚ ਭੁਲਾਵੇ, ਹੋਰ ਕੀ ਹੈ ? ਪਰ ਆਗਜ਼ਾ ਹੈ, ਬਿਨੈ ਕਰਦੀ ਹਾਂ:-

ਮੇਰੇ ਪਿਤਾ ਜੀ ਨਰਿੰਦ੍ਰ ਨਾਥ ਗੁਜ਼ਾਰੇ ਮਾਫਕ (ਏਸ ਪਿੰਡ ਦੇ ਚੰਗੇ) ਜ਼ਿਮੀਦਾਰ ਸਨ ਤੇ ਸਾਧੂ ਸੰਤ ਦੇ ਸੇਵੀ ਸਨ। ਸਾਡੇ ਪਿੰਡ ਇਕ ਵੇਰ ਕਿ ਸੂਫੀ ਫਕੀਰ ਆਇਆ, ਜਿਸ ਦਾ ਨਾਮ ਨੂਰ ਸ਼ਾਹ ਸੀ। ਉਹ ਪਿਤਾ ਜੀ ਦੀ ਸੇਵਾ ਤੇ ਰੀਝ ਪਿਆ। ਪਿਤਾ ਜੀ ਇਸ ਪਰ ਬਿਨ ਦੰਮਾਂ ਦੇ ਵਿਕ ਗਏ। ਮੈਂ ਮੁਟਿਆਰ ਅਵਸਥਾ ਵਿਚ ਆ ਰਹੀ ਸਾਂ। ਇਕ ਵੇਰੀ ਮੇਰੀ ਉਂਗਲ ਤੇ ਚੰਦ੍ਰਾ ਹੋ ਪਿਆ, ਪਿੰਡ ਦਾ ਨਾਈ ਆਖੇ ਚੀਰੇ ਬਿਨਾਂ ਰਾਜ਼ੀ ਨਹੀਂ ਹੋਣਾ ਤੇ ਮੈਂ ਚੀਰਾ ਦੁਵਾਵਾਂ ਨਾਂ, ਦਰਦ ਕੋਲੋਂ ਡਰਾਂ, ਬੂਟੀ ਪੱਥਰਚੂਨ ਦੋ ਚਾਰ ਦਿਨ ਬੱਧੀ, ਕੁਆਰ ਗੰਦਲ ਦਾ ਭੜਥਾ, ਆਟੇ ਅਲਸੀ ਦੀ ਲੇਵੀ ਲਾਈ, ਪਰ ਕੁਛ ਨਾਂ ਬਣਿਆ। ਨੂਰ ਸ਼ਾਹ ਨੂੰ ਮੇਰੀ ਖੇਚਲ ਦਾ ਪਤਾ ਲੱਗਾ ਤਾਂ ਪਿਤਾ ਨੂੰ ਕਹਿਣ ਲੱਗੇ ਨਾਈ ਨੂੰ ਚੋਰੀ ਬੁਲਾ ਛੱਡੋ, ਅਸੀਂ ਦੁਪਹਿਰੇ ਆਕੇ ਕਾਰਜ ਕਰਾਂਗੇ। ਪਰ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ, ਦੁਪਹਿਰੇ ਆ ਕੇ ਓਹ ਮੈਨੂੰ ਲੈ ਬੈਠੇ : ਤੇ ਆਖਣ ਲੱਗੇ : ਕਾਕੀ ! ਤੈਨੂੰ ਮਿੱਠੀ ਮਿੱਠੀ ਨੀਂਦ ਆਵੇਗੀ, ਦੇਖ ਸਾਡੇ ਮਸਤਕ ਪਰ ਚਾਨਣਾ ਹੈ, ਪੰਜ ਬੋਦੀਆਂ ਵਾਲਾ ਤਾਰਾ ਹੈ, ਹੱਛੂੰ ਨੀਝ ਲਾਵੇਂ ਤਾਂ ਦਿੱਸਸੀ। ਕਈ ਗੱਲਾਂ ਬਾਤਾਂ ਕਰਦੇ ਰਹੇ, ਮੈਨੂੰ ਪਤਾ ਨਹੀਂ, ਪਰ ਪਿੱਛੋਂ ਪਿਤਾ ਜੀ ਨੇ ਮੈਨੂੰ ਦੱਸਿਆ ਸੀ ਕਿ ਮੈਂ ਤੱਕਦੀ ਤੱਕਦੀ ਸੌਂ ਗਈ ਸਾਂ ਤੇ ਜਦ ਮੈਂ ਸੌਂ ਗਈ ਤਦ ਆਪ ਨੇ ਨਾਈ ਨੂੰ ਸੱਦ ਕੇ ਕਿਹਾ ਕਿ ਚੀਰਾ ਦੇ ਦਿਓ। ਪਿਤਾ ਜੀ ਬੋਲੇ--ਕਾਕੀ ਪੀੜ ਨਾਲ ਜਾਗ ਪਏਗੀ। ਉਹ ਕਹਿਣ ਲੱਗਾ--ਇਹ ਨੀਂਦ ਨਹੀਂ, ਕਦੇ ਨਹੀਂ ਜਾਗੇਗੀ। ਮੇਰੇ ਵਲ ਤੱਕਕੇ ਬੋਲੇ--ਜਾਗਣਾ ਨਹੀਂ-ਗੱਲ ਕੀ ਨਾਈ ਚੀਰਾ ਦੇਕੇ ਸਾਫ ਕਰਕੇ ਮੱਲ੍ਹਮ ਲਾਕੇ ਬੰਨ੍ਹਕੇ ਚਲਾ ਗਿਆ, ਮੇਰੀ ਜਾਗ ਤਦੋਂ ਖੁੱਲ੍ਹੀ ਜਦੋਂ ਨੂਰ ਸ਼ਾਹ ਨੇ ਆਪ ਕਿਸੇ ਤਰ੍ਹਾਂ ਖੋਲ੍ਹੀ। ਇਸ ਕ੍ਰਿਸ਼ਮੇ ਦਾ ਅਸਰ ਮੇਰੇ ਪਿਤਾ ਜੀ ਤੇ ਬਹੁਤ ਪਿਆ। ਨੂਰ ਸ਼ਾਹ ਜਦੋਂ ਬਿਰਧ ਹੋਏ ਤਾਂ ਆਪਣੀ ਚਤੁਰਾਈ ਤੇ ਤ੍ਰਾਟਕ ਮੁੱਦਰਾ[1] ਦੇ ਕੌਤਕ ਪਿਤਾ ਜੀ ਨੂੰ ਸਿਖਾ ਦਿਤੇ ਤੇ ਉਹਨਾਂ ਮਗਰੋਂ ਉਹਨਾਂ ਦੇ ਮੰਤ੍ਰਾਂ, ਜੰਤ੍ਰਾਂ, ਤੰਤ੍ਰਾਂ ਦੇ ਪ੍ਰੇਮੀ ਚੇਲੇ ਬਾਲੇ ਮੇਰੇ ਪਿਤਾ ਦੇ ਗਿਰਦ ਹੋ ਗਏ ਤੇ ਉਹਨਾਂ ਨੂੰ ਨੂਰ ਸ਼ਾਹ ਕਹਿਣ ਲਗ ਪਏ। ਪਿਤਾ ਜੀ ਦਾ ਮੇਰੇ ਵਿਚ ਬਹੁਤ ਪਿਆਰ ਸੀ, ਉਨ੍ਹਾਂ ਨੇ ਮੈਨੂੰ ਇਕ ਦਿਨ ਦੱਸਿਆ ਕਿ ਸਰੀਰ ਦਾ ਭਰੋਸਾ ਨਹੀਂ, ਤੇਰੀਆਂ ਅਖਾਂ ਤੇ ਮੱਥਾ, ਮਨ ਦੀ ਮਰਜ਼ੀ ਤੇ ਮਜ਼ਬੂਤੀ ਮਰਦਾਂ ਤੋਂ ਤਕੜੀ ਹੈ, ਸਾਡੀ ਗਲ ਬਾਤ ਸਿਖ ਲੈ, ਸੁਖ ਪਾਏਂਗੀ, ਇਹ ਦੁਰਲੱਭ ਖੇਡ ਹੈ। ਨੂਰ ਸ਼ਾਹ ਜੀ ਸੂਫੀ ਹੋਕੇ, ਵਿਦਜ਼ਾ ਪਾਕੇ, ਹਠ ਤਪ ਕਰਕੇ ਉਦਾਸ ਰਹੇ ਤੇ ਸਾਰਾ ਅਫ਼ਗਾਨਸਤਾਨ,ਹਿੰਦੁਸਤਾਨ ਫਿਰੇ, ਅੰਤ ਨੀਲਗਿਰੀ (ਦੱਖਣ) ਵਿਚ ਇਕ ਜੰਗਲੀ ਕੌਮ-ਜਿਨ੍ਹਾਂ ਦਾ ਨਾਮ ਟੋਡਾ ਹੈ-ਦੇ ਇਕ ਵਡੇ ਫਕੀਰ ਪਾਸੋਂ ਇਹ ਤਾਕਤ ਤੇ ਜਾਚ ਪਾਈ, ਕਿ ਦੂਜੇ ਆਦਮੀ ਉੱਤੇ ਆਪਣਾ ਵੱਸ ਕੀਕੂੰ ਪਾ ਲਿਆ ਜਾਵੇ। ਇਸ ਨੂੰ ਉਹ ਰੂਹਾਨੀ ਤਾਕਤ ਸਮਝਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ ਮੁਅਜਜ਼ਾ ਯਾ ਕਰਾਮਾਤ ਨਬੀ ਦੀ ਨਿਸ਼ਾਨੀ ਹੈ, ਨੂਰ ਸ਼ਾਹ ਨਬੀ ਸੀ, ਉਨ੍ਹਾਂ ਨੇ ਇਹ

[1] ਪੱਛਮੀ ਭੀ ਹੁਣ ਇਸ ਖੇਲ ਨੂੰ ਸਮਝਦੇ ਹਨ। ਮੈਸਮਰਿਜ਼ਮ ਤੇ ਹਿਪਨਾਟਿਜ਼ਮ ਨਾਮ ਦੇਂਦੇ ਹਨ।

ਤਾਕਤ ਸਾਨੂੰ ਬਖਸ਼ੀ ਅਸੀਂ ਤੈਨੂੰ ਦੇਂਦੇ ਹਾਂ। ਗਲ ਕੀ, ਬਾਪੂ ਜੀ ਨੇ ਸਾਰੀ ਜਾਚ ਤ੍ਰਾਟਕ ਵਿਦਯਾ ਦੀ ਤੇ ਵਰਤਾਰੇ ਅਰ ਹੋਰ ਫੰਧ ਮੈਨੂੰ ਸਿਖਲਾਏ ਤੇ ਉਨ੍ਹਾਂ ਮਗਰੋਂ ਸਾਰੇ ਗ਼ਰਜ਼ੀ ਲੋਕ, ਜਿਨ੍ਹਾਂ ਨੂੰ ਧਾਗੇ ਤਵੀਤ ਮੰਤ੍ਰ ਜੰਤ੍ਰ ਮਿਲਦੇ ਸਨ, ਮੇਰੇ ਗਿਰਦ ਹੋ ਗਏ। ਮੈਨੂੰ 'ਪਾਰਬਤੀ'-ਜੋ ਮੇਰਾ ਨਾਮ ਸੀ-ਸੱਦਣ ਦੀ ਥਾਂ ਨੂਰ ਸ਼ਾਹ ਸੱਦਣ ਲੱਗ ਪਏ। ਮੈਨੂੰ ਬਲਕਾਰ ਬੜਾ ਸੀ ਤੇ ਨਿੱਜ ਨਾ ਹੋਣੀ ਅਕਲ ਤ੍ਰਿੱਖੀ ਸੀ। ਮੈਂ ਆਪਣੀ ਇਸ ਤਾਕਤ ਨੂੰ ਉਪਕਾਰ ਤੇ ਨਾ ਵਰਤਿਆ, ਪਰ ਸਭ ਨੂੰ ਆਪਣੇ ਵੱਸ ਕਰਨਾ ਤੇ ਕਿਸੇ ਨੂੰ ਅੱਗੇ ਟਿਕਣ ਨਾ ਦੇਣਾ, ਏਸ ਵਿਚ ਕਮਾਲ ਕੀਤਾ। ਸੰਸਾਰਕ ਮਾਨਸਕ ਸਭ ਕਰਤਬ ਕਮਾਲ ਕੀਤੇ। ਆਹ ਦੇਖ ਲਓ ਬੁੱਧ ਤੇ ਜੈਨੀ, ਬ੍ਰਹਮਚਾਰੀ, ਸੰਨਯਾਸੀ, ਸੂਫੀ ਤੇ ਭਗਤ ਸਭ ਜ਼ੋਰ ਕੀਤੇ, ਆਪਣੀ ਸੰਪ੍ਰਦਾ ਵਧਾਈ ਤੇ ਮਾਨ ਪਾਯਾ ! ਮੇਰੀ ਵਿਦਯਾ ਵਿਚ ਭੁਲਾਵੇ ਤੇ ਮਾਯਾ ਹੈ, ਇਕ ਨੁਕਤਾ ਮਾਨਸਕ ਏਕਾਗ੍ਰਤਾ ਦਾ ਹੈ, ਜਿਸ ਨੂੰ ਕਲ ਤੱਕ ਮੈਂ ਭੀ ਰੱਬੀ ਤਾਕਤ ਸਮਝਦੀ ਸਾਂ, ਪਰ ਹੁਣ ਸੋਝੀ ਆਈ ਹੈ ਕਿ ਕਿਸੇ ਨੂੰ ਵੱਸ ਕਰਨਾ ਆਪ ਕੈਦ ਪੈਣਾ ਹੈ। ਮੈਂ ਸੱਚ ਆਖਦੀ ਹਾਂ, ਕੱਲ ਏਹ ਕੁਛ ਮੈਨੂੰ ਸ਼ਕਤੀ ਜਾਪਦਾ ਸੀ, ਪਰ ਅੱਜ ਦਿਮਾਗ਼ ਦਾ ਤਪ ਭਾਸਦਾ ਹੈ। ਲੋਕੀਂ ਸਰੀਰ ਨਾਲ ਕੈਦ ਪਾਉਂਦੇ ਹਨ ਮੈਂ ਦਿਮਾਗ਼ੀ ਤੇ ਮਾਨਸਕ ਤਾਕਤਾਂ ਦੀ ਏਕਾਗ੍ਰਤਾ ਨਾਲ ਕੈਦਾਂ ਘੜ ਲਈਆਂ ਸਨ।

(ਸਤਿਗੁਰ ਦੀ ਚਰਨੀਂ ਮੱਥਾ ਟੇਕਕੇ) ਹੇ ਠੰਢਾਂ ਦੇ ਸਾਂਈਂ ਜੀ ! ਕੱਲ੍ਹ ਪਹਿਲਾ ਦਿਨ ਸੀ ਕਿ ਆਪ ਦੇ ਸਵਾਰੇ ਭਗਤ ਪਰ ਮੇਰੀ ਪੇਸ਼ ਨਹੀਂ ਗਈ। ਕੱਲ੍ਹ ਮੇਰੇ ਮਨ ਨੇ ਕਲਵਲੀਆਂ ਖਾਧੀਆਂ, ਪਰ ਜਦੋਂ ਇਨ੍ਹਾਂ ਨੇ ਸੰਗੀਤ ਕੀਤਾ ਤਾਂ ਮੈਨੂੰ ਆਪਣੀ ਤ੍ਰਿੱਖੀ ਅਕਲ ਵਿਚ ਦਾਰੂ ਸੁੱਝ ਪਿਆ। ਮੈਂ ਰਾਗ ਵਿਦਯਾ ਵਿਚ ਨਿਪੁਨ ਸਾਂ, ਮੈਂ ਓਹ ਅਲਾਪ ਕੀਤਾ ਕਿ ਇਨ੍ਹਾਂ ਦੀ ਸੁਰਤ ਵਜਦ ਵਿਚ ਆ ਗਈ, ਰਾਗ ਦੇ ਰਸ ਵਿਚ ਲੱਗਕੇ ਆਪੇ ਤੋਂ ਭੁੱਲੀ, ਠੀਕ ਉਸ ਵੇਲੇ ਮੈਂ ਗਵੱਯੇ ਨੇ ਆਪਣੀ ਸੁਰਤ ਦਾ ਝਲਕਾ ਦੇਕੇ ਇਨ੍ਹਾਂ ਦੀ ਸੁਰਤ ਨੂੰ ਉਖੇੜ ਲਿਆ ਤੇ ਕਾਬੂ ਕਰ ਲਿਆ।

ਮਰਦਾਨਾ (ਘਬਰਾਕੇ)-ਹੇ ਸਤਿਗੁਰ ਜੀ ! ਮੇਰੀ ਮੌਤ ਏਸ ਰਾਗ ਦੇ ਹਥੋਂ ਹੀ ਲਿਖੀ ਸੀ ?

ਸਤਿਗੁਰ-ਮਰਦਾਨਿਆਂ ! ਅਦਬ ਨਾਲ ਬੋਲ, ਰਾਗ ਇਲਾਹੀ ਨਾਦ ਹੈ। ਇਹ ਅਰਸ਼ ਤੋਂ ਆਇਆ ਹੈ, ਹਾਂ, ਸਾਰੀ ਸੁੰਦਰਤਾ ਅਰਸ਼ਾਂ ਦੀ ਘਾੜਤ ਹੈ। ਰਾਗ ਬੰਦੇ ਨੂੰ ਰੱਬ ਦੇ ਦੇਸ਼ ਲੈ ਜਾਣ ਵਾਸਤੇ ਹੈ, ਇਹ ਮਨੁੱਖ ਦੀ ਮੂਰਖਤਾ ਹੈ ਕਿ ਹਰ ਸ਼ੈ ਨੂੰ, ਜੋ ਇਸ ਦੇ ਅੰਦਰਲੇ ਨੂੰ ਉੱਚਿਆਂ ਕਰਨ ਵਾਸਤੇ ਰਚੀ ਗਈ ਹੈ,ਉਸ ਨੂੰ ਆਪਣੇ ਆਪੇ ਦੇ ਓਦਾਲੇ ਕੋਈ ਨਾ ਕੋਈ ਕੂੜੇ ਦੀ ਪਾਲ ਯਾ ਕੰਧ ਉਸਾਰਨ ਵਾਸਤੇ ਤੇ ਕੈਦ ਪਾ ਲੈਣ ਵਾਸਤੇ ਵਰਤਦਾ ਹੈ। ਹੇ ਮਰਦਾਨੇ! ਜੋ ਰਾਗ ਅਸੀਂ ਤੈਥੋਂ ਕਰਵਾਉਂਦੇ ਹਾਂ ਉਹ ਆਪੇ ਨੂੰ ਆਪੇ ਦੀ ਕੈਦ ਤੋਂ ਛੁਡਵਾਕੇ ਸੁਤੰਤ੍ਰ ਕਰਦਾ ਹੈ। ਪਰ ਰਾਗ ਦਾ ਜੋ ਵਰਤਾਉ ਇਸ ਬੀਬੀ ਨੇ ਭੁਲੇਖੇ ਵਿਚ ਕੀਤਾ ਹੈ ਉਹ ਆਪੇ ਨੂੰ ਆਪੇ ਦੀ ਕੈਦ ਵਿਚ ਪਾਉਣ ਦੇ ਮਨੋਰਥ ਵਾਲਾ ਸੀ। ਰਾਗ ਨਾਦ 'ਸਚ' ਹੈ, ਪਰ ਇਸ ਦਾ ਵਰਤਾਉ ਕੱਚਾ ਹੈ। ਬੰਦੇ ਦਾ ਵਰਤਾਓ ਹੀ ਨਰਕ ਹੈ, ਨਹੀਂ ਤਾਂ ਬੰਦੇ ਨੂੰ ਸਾਂਈਂ ਵਲੋਂ ਅਰਸ਼ ਹੀ ਅਰਸ਼ ਪ੍ਰਾਪਤ ਹੈ।

ਇਸ ਪਰ ਮਰਦਾਨੇ ਦੇ ਨੈਣ ਖੁੱਲ੍ਹੇ, ਨੂਰਸ਼ਾਹ ਨੇ ਮੱਥਾ ਟੇਕਿਆ ਤੇ ਫਿਰ ਬੋਲੀ :-ਹੇ ਠੰਢਾਂ ਦੇ ਸਾਂਈਂ ਜੀਉ ! ਮਿਹਰ ਕਰੋ ! ਧੰਨ ਆਪ ਹੋ ਜੋ ਜਗਤ ਨੂੰ ਕੈਦ ਤੋਂ ਛੁਡਾਉਂਦੇ ਹੋ। ਬੰਦੀ ਛੋੜ ਕੈਦਖਾਨੇ ਤੋਂ ਤਾਂ ਕੱਢ ਸਕਦਾ ਹੈ, ਪਰ ਆਪੇ ਦੇ ਉਦਾਲੇ ਆਪੇ ਉਸਾਰੀ ਕੈਦ ਤੋਂ ਕੋਈ ਨਹੀਂ ਛੁਡਾਉਂਦਾ। ਸੱਚ ਕਿਹਾ ਹੈ ਤੀਖਣ ਜੀ ਨੇ, ਕੂੜੇ ਦੀ ਪਾਲ ਆਪ ਤੋੜਦੇ ਤੇ ਸਚਜਾਰ ਕਰਦੇ ਹੋ। ਹੇ ਸੱਚ ਦੀ ਠੰਢ ਤੇ ਠੰਢਾਂ ਪਾਉਣ ਵਾਲੇ, ਤਾਪ ਹਰਨ ਹਾਰ, ਤ੍ਰਾਣ ਕਰਤਾ ! ਆਪ ਧੰਨ ਹੋ !

ਹਾਂ, ਭਾਈ ਮਰਦਾਨਾ ਜੀਉ ! ਮੈਂ ਭੁੱਲੀ ਹੋਈ ਨੇ ਆਪ ਨੂੰ ਏਸ ਦਾਉ ਤੋਂ ਨੱਪਿਆ ਤੇ ਐਸੀ ਮਾਯਾ ਵਰਤਾਕੇ ਸੁਆ ਲਿਆ ਕਿ ਆਪ ਨੂੰ ਮਿਰਚਾਂ ਦੇਕੇ ਕਹਾਂ ਕਹੁ ਮਿਸਰੀ, ਤਾਂ ਤੁਸੀਂ ਆਖਦੇ ਸਾਓ ਕਿ ਠੀਕ ਮਿਠੀ ਹੈ ! ਮੈ ਕਹਾਂ ਤੁਸੀਂ ਮਨੁੱਖ ਨਹੀਂ ਮੇਢੇ ਹੋ, ਤਾਂ ਤੁਸੀਂ ਮੈਂ ਮੈਂ ਕਰਕੇ ਮਕਿਆਉਂਦੇ ਸਾਓ, ਮੈਨੂੰ ਬਖਸ਼ਣਾ, ਮੇਰੀ ਅਵੱਗਯਾ ਬਖਸ਼ਣੀ। ਪਰ ਦੇਖੋ ਭਾਈ ਮਰਦਾਨਾ ਜੀ, ਵੀਰ ਜੀ ! ਕਰਤਾਰ ਦੇ ਰੰਗ। ਮੇਰੀ ਇਹ ਭੁੱਲ ਮੇਰੀ ਕਲਯਾਣ ਦਾ ਕਾਰਨ ਹੋ ਗਈ। ਨਹੀਂ; ਭੁੱਲ ਨੇ ਕੀ ਕਲਯਾਨ ਕਰਨੀ

ਸੀ; ਮੈਂ ਜਲ ਰਹੀ ਸਾਂ, ਕਿ ਜਲ ਰਹੀ ਤੇ ਜਾਲ ਰਹੀ ਸਾਂ, ਜਲੰਦੇ ਜਗਤ ਨੂੰ ਰੱਖਣਹਾਰ ਨੇ ਅੱਜ ਆਪਣੀਆਂ ਮਿਹਰਾਂ ਨਾਲ ਆ ਠੰਢਾਂ ਵਰਤਾਈਆਂ।

ਮਰਦਾਨਾ-ਮੈਂ ਨੂਰਸ਼ਾਹ ਦੀ ਹੁਣ ਗੱਲ ਸਮਝੀ। ਇਹ ਕੋਈ ਚੇਟਕੀ ਕੁੜੀ ਸੀ ਤੇ ਮੈਂ ਜਾਤਾ ਸੀ ਕਿ ਮੈਂ ਕਿਸੇ ਛੇੜੂ ਵਿਚ ਆ ਗਿਆ ਹਾਂ। ਪਾਤਸ਼ਾਹ ! ਕੱਲ੍ਹ ਹੀ ਮੈਂ ਗਿਆ, ਕੱਲ੍ਹ ਹੀ ਛੁਡਾ ਲਿਆਏ ਤੇ ਮੇਰੇ ਭਾਣੇ ਇਕ ਰਾਤ ਵਿਚ ਬੀਤੀ ਹੈ। ਆਪ ਨੇ ਕੱਲ੍ਹ ਬੀ ਦੱਸਿਆ ਸੀ ਕਿ ਉਹੋ ਦਿਨ ਹੈ। ਇਹ ਕੀ ਗੱਲ ਹੈ ?

ਨੂਰ ਸ਼ਾਹ-ਇਹ ਮੈਂ ਦੱਸਦੀ ਹਾਂ। ਜਿਸ ਕਮਰੇ ਵਿਚ ਆਪ ਨੇ ਰਾਤ ਵੇਖੀ ਸੀ ਤੇ ਝਾੜ ਫਨੂਸ ਤੱਕੇ ਸਨ, ਓਹ ਮੇਰੀ ਚਾਤੁਰੀ ਦੀ ਰਾਤ ਸੀ, ਜੋ ਹਨੇਰਾ ਕਰਕੇ ਬਣਾਈ ਗਈ ਸੀ। ਮੇਰੇ ਮੰਦਰ ਵਿਚ ਨਰਕ, ਸੁਰਗ, ਰਾਤ ਦਿਨ, ਸੂਰਜ, ਚੰਦ, ਜੰਗਲ, ਸ਼ਹਿਰ ਸਭ ਨਕਸ਼ੇ ਘੜੇ ਪਏ ਸਨ, ਜੋ ਚਾਹੁੰਦੀ ਸਾਂ ਬਣਾ ਲੈਂਦੀ ਸਾਂ। ਇਸ ਪਰ ਉਸ ਦੇ ਸਾਰੇ ਬਾਲਕੇ ਨੈਣੀਂ ਨੀਰ ਭਰ ਲਿਆਏ ਤੇ ਸਤਿਗੁਰ ਨੇ ਇਹ ਵਾਕ ਮਿੱਠੀ ਧੁਨਿ ਵਿਚ ਉਚਾਰੇ :-

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ॥
ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ॥
ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ॥
ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥ ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ ॥੨॥

{ਸ: ਵਾ: ਤੇ ਵ: ਮ:੧}

੧੯. {ਸਿੱਧਾਂਤ}

ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆਂ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

ਮਰਦਾਨਾ (ਸਤਿਗੁਰ ਅੱਗੇ ਹੱਥ ਜੋੜ ਕੇ)-- ਪਾਤਸ਼ਾਹ ! ਢੀਠਤਾ ਬਖਸ਼ਣੀਂ, ਆਪ ਨੇ ਸਾਨੂੰ ਸਭ ਨੂੰ ਆਪੇ ਨੂੰ ਆਪੇ ਲਾਈ ਕੈਦ ਤੋਂ ਛੁਡਾਯਾ ਤੇ ਸੁਤੰਤ੍ਰ ਕੀਤਾ ਹੈ, ਪਰ ਅਸੀਂ ਫੇਰ ਆਪ ਦੇ ਪਯਾਰ ਦੀ ਬੰਦ ਵਿਚ ਪਏ ਹਾਂ, ਇਹ ਕੀ ਗੱਲ ਹੈ ?

ਸਤਿਗੁਰ-ਮਰਦਾਨਿਆਂ! ਮਾਇਆ ਦੀ ਖਿੱਚ ਨਾਲ ਖਿੱਚੇ ਜਾਣਾ ਮੋਹ ਹੈ। ਜੋ ਪਯਾਰ ਆਪਣੇ ਵੱਸ ਕੀਤਿਆਂ ਬੰਦਿਆਂ ਤੋਂ ਇਹ ਨੂਰਸ਼ਾਹ ਉਮੈਦ ਕਰਦੀ ਸੀ, ਉਹ ਕੈਦ ਤੇ ਗ਼ੁਲਾਮੀ ਹੈ ਤੇ ਅਕਾਲ ਪੁਰਖ ਦੀ ਮਿਹਰ ਨਾਲ ਮਰਦਾਨਿਆਂ :-

ਹੋਂਦਾ ਫੜੀਅਗੁ ਨਾਨਕ ਜਾਣੁ॥
ਨਾ ਹਉ ਨਾ ਮੈ ਜੂਨੀ ਪਾਣੁ ॥

{ਵਾ: ਮਲਾ: ਮ ੧-੧੪}

ਮੈਂ ਤਾਂ ਤੁਹਾਡੇ ਆਪੇ ਨੂੰ ਤੁਹਾਡੇ ਹੀ ਆਪੇ ਦੀ ਕੈਦ ਤੋਂ ਛੁਡਾਉਂਦਾ ਹਾਂ ਤੇ ਕੂੜੇ ਦੀ ਪਾਲ ਤੁੜਾਉਂਦਾ ਹਾਂ, ਜਦੋਂ ਆਪਾ ਛੁੱਟਕੇ ਅਪਣੇ ਧੁਰੇ ਉੱਤੇ, ਅਪਣੀ ਓਟ ਉੱਤੇ ਆ ਜਾਂਦਾ ਹੈ ਉਹ ਆਪਣੇ ਸਰੂਪ ਦੇ ਰਸ ਨੂੰ ਮਾਣਦਾ ਹੈ। ਏਥੋਂ ਫੇਰ ਆਪਾ ਸਾਂਈਂ ਦੇ ਧਯਾਨ ਵਿਚ ਪੈਂਦਾ ਹੈ ਤੇ ਅੰਤ ਸਾਂਈਂ ਨਾਲ ਮਿਲ ਜਾਂਦਾ ਹੈ। ਮੈਂ ਤਾਂ ਆਪਣੇ ਲਈ ਮੋਹ ਤੁਸਾਂ ਤੋਂ ਕਿਤੇ ਬੀ ਨਹੀਂ ਮੰਗਦਾ।

ਮਰਦਾਨਾ--ਪਰ ਅਸੀਂ ਤਾਂ ਕਰਦੇ ਹਾਂ।

ਸਤਿਗੁਰ--ਫਿਰ ਸੁਤੰਤ੍ਰ ਹੋਈ ਆਤਮਾਂ ਵਿਚ ਜੋ ਉਸ ਦੇ ਸਰੂਪ ਦਾ ਗੁਣ ਪ੍ਰੇਮ ਹੈ, ਉਹ ਝਲਕਾ ਮਾਰੇ ਤਾਂ ਮਾਰੇ। ਪ੍ਰੇਮ ਤਾਂ ਆਪੇ ਦਾ ਸਰੂਪ ਹੈ।, ਨਾਲੇ ਉਸ ਦਾ ਸਰੂਪ ਸੁਤੰਤ੍ਰਤਾ ਹੈ, ਕੈਦ ਨਹੀਂ ਹੈ। ਕੈਦ ਤਾਂ ਮੋਹ ਦੀ ਬ੍ਰਿਤੀ ਹੈ, ਜਿਸ ਤੋਂ ਛੁਡਾਉਂਦਾ ...-ਵਾਹਿਗੁਰੂ ਛੁਡਾਉਂਦਾ--ਹੈ। ਜੋ ਆਤਮਾ ਸੁਤੰਤਰ ਹੈ ਉਹ ਉਸ ਇਲਾਹੀ ਜਲਵੇ ਵਿਚ ਹੈ, ਜਿਸ ਨੂੰ ਪ੍ਰੇਮ ਕਹੀਦਾ ਹੈ। ਪ੍ਰੇਮ ਵਾਹਿਗੁਰੂ ਹੈ, ਵਾਹਿਗੁਰੂ ਪ੍ਰੇਮ ਹੈ। ਸੁਤੰਤ੍ਰ ਰੂਹ ਵਾਹਿਗੁਰੂ-ਪ੍ਰੇਮ ਵਿਚ ਹੈ। ਉਸ ਦਾ ਸਰੂਪ ਪ੍ਰੇਮ ਹੈ, ਉਸ ਦੇ ਪ੍ਰੇਮ ਦਾ ਪ੍ਰਕਾਸ਼ ਐਉਂ ਹੈ ਜਿਵੇਂ ਸੂਰਜ ਦਾ ਪ੍ਰਕਾਸ਼ ਚਾਨਣਾ ਹੈ। ਸਮਝ ਭਾਈ ਮਰਦਾਨਾ ! ਇਸੇ ਪ੍ਰੇਮ ਨਾਲ ਮੋਹ ਮਾਯਾ ਦਾ ਹਨੇਰਾ ਤੁਟਦਾ ਹੈ, ਏਸੇ ਨਾਲ ਵਾਹਿਗੁਰੂ ਪਾਈਦਾ ਹੈ ! ਪ੍ਰੇਮ ਸੁਤੰਤ੍ਰਤਾ ਵਾਲਾ ਰੰਗ ਹੈ, ਮੋਹ ਕੈਦ ਹੈ।

ਮਰਦਾਨਾ--ਮੈਂ ਘੋਲੀ, ਮੈਂ ਸਦਕੇ ਤੇਰੀ ਮਿਹਰ ਦਾ ਸਦਕਾ ਮੈਂ ਮਾੜਾ ਬੀ ਸੁਖ ਪਾ ਰਿਹਾ ਹਾਂ।

ਸਾਰਦ ਜੀ--ਹੇ ਸਤਿਗੁਰ ! ਮੈਂ ਸਾਰੀ ਉਮਰ ਤਿਆਗ, ਵੈਰਾਗ, ਹਠ, ਤਪ ਅਸ਼ਟਾਂਗ ਬ੍ਰਤ ਧਾਰੇ ਮੈਂ ਕਿਉਂ ਮਾਰਿਆ ਗਿਆ ?

ਸਤਿਗੁਰ--ਸਜਣੋ ! ਤੁਸੀਂ ਸਾਰੇ ਆਪਣੀ ਕੁਦਰਤ (ਸ਼ਰੀਰ ਦੀ ਫਿਤਰਤ, ਦੇਹ ਦੇ ਸੁਭਾਵ) ਨੂੰ ਤ੍ਰੋੜ ਮਰੋੜ ਕੇ ਇਕ ਦਮ ਕੁਝ ਹੋਰ ਬਣਨਾ ਚਾਹੁੰਦੇ ਹੋ। ਸਰੀਰ ਦੇ ਅੰਦਰ ਜੋ ਤਾਕਤਾਂ ਹਨ

ਇਨ੍ਹਾਂ ਨੂੰ ਪਾਪ ਰੂਪ ਸਮਝਕੇ, ਇਨ੍ਹਾਂ ਨੂੰ ਭੰਨ ਕੇ ਕਿਸੇ ਖਿਆਲੀ ਤਯਾਗ ਵਿਚ ਟਿਕਾਣਾ ਲੋੜਦੇ ਹੋ। ਕੋਈ ਮਨ ਨੂੰ ਰੱਬ ਬਣਾਕੇ ਟੁਰਦਾ ਹੈ ਤੇ ਨਹੀਂ ਸਮਝਦਾ ਕਿ ਨਫਸ ਰੱਬ ਦੇ ਤਖਤ ਤੇ ਬੈਠ ਗਿਆ ਹੈ, ਕੋਈ ਗ੍ਰਿਹਸਤ ਰਾਜ ਤੇ ਰਜੋ ਗੁਣੀ ਸੁਖ ਵਿਚ ਸਮਝਦਾ ਹੈ ਕਿ ਇਹੀ ਪਾਰ ਗਿਰਾਮਤਾ ਹੈ।

ਇਹ ਸਰੀਰ ਇਕ ਟਿਕਾਣਾ ਹੈ, ਇਕ ਰਾਜ ਹੈ, ਕਿਸੇ ਪ੍ਰੋਜਨ ਲਈ ਹੈ। ਇਸ ਦੇ ਅੰਦਰ ਹਰ ਤਾਕਤ ਕਿਸੇ ਸੁਖ ਲਈ ਹੈ। ਸਾਰੀਆਂ ਤਾਕਤਾਂ ਸੁਰਤ ਦਾ ਆਧਾਰ ਹਨ, ਅੰਦਰ ਜੋ ਆਪਾ ਹੈ ਉਸ ਦੇ ਤਾਬਿਆ ਹਨ, ਪਰ ਆਪਾ ਇਨ੍ਹਾਂ ਦੇ ਹੇਠ ਲਗ ਜਾਂਦਾ ਹੈ ਤੇ ਇਹ ਤਾਕਤਾਂ ਬਲ ਪਾਕੇ ਆਪੇ ਨੂੰ ਨੱਪਦੀਆਂ ਹਨ। ਤੁਸੀ ਉਸ ਕੈਦ ਵਿਚ ਪਏ ਇਨ੍ਹਾਂ ਤਾਕਤਾਂ ਨੂੰ 'ਕੈਦ ਰੂਪ' ਸਮਝਕੇ ਕੱਟਦੇ ਹੋ, ਪਰ ਉਹ ਤੁਸਾਡੇ ਸਰੀਰ ਮੰਦਰ ਦੇ ਥੰਮ੍ਹੇ ਹਨ, ਜਿਨਾਂ ਦੇ ਢਹਿਣ ਨਾਲ ਢੈ ਜਾਂਦੇ ਹੋ ਤੇ ਜਦੋਂ ਰੱਬ ਦੇ ਨਾਮ ਹੇਠਾਂ ਕਿ ਧਰਮ ਦੇ ਨਾਮ ਹੇਠਾਂ ਕਿ ਕਿਸੇ ਭਲਿਆਈ ਦੇ ਭੇਖ ਵਿਚ ਕਿਸੇ ਤਾਕਤ ਨੂੰ ਫਿਰ ਪ੍ਰਕਾਸ਼ ਪਾਉਣ ਦਾ ਸਮਾਂ ਮਿਲਦਾ ਹੈ ਤਦ ਸੁਭਾਵ ਉਸ ਨੂੰ ਰਾਹ ਦੇਂਦਾ ਹੈ ਤੇ ਅਸਲੇ ਤੋਂ ਗਿਰਾਉ ਹੋ ਜਾਂਦਾ ਹੈ, ਐਉਂ ਤੁਸੀਂ ਡਿੱਗੇ। ਦਾਰੂ ਆਪਾ ਵਿਨਾਸ਼ਨ ਨਹੀਂ, ਦਾਰੂ ਇਹ ਹੈ ਕਿ ਸਭ ਤਾਕਤਾਂ ਪਰ ਵੱਸ ਪਾਓ, ਆਪੇ ਨੂੰ ਆਪੇ ਦੀ ਕੈਦ ਤੋਂ ਛੁਡਾਓ। ਆਪਾ ਅੰਦਰ ਸਰੀਰਕ, ਮਾਨਸਕ ਸਭ ਰੁਚੀਆਂ; ਤਾਕਤਾਂ ਬ੍ਰਿਤੀਆਂ ਪਰ ਬਲ ਪਾਵੇ, ਆਪਣੇ ਤਾਬੇ ਕਰੇ ਤੇ ਆਪ ਇਸ ਘਰ ਦਾ ਠਾਕਰ ਬਣਕੇ ਅੰਦਰ ਰਾਜ ਕਰੇ। ਤਾਕਤਾਂ ਨੂੰ ਵੱਸ ਕਰੋ, ਤਾਕਤਾਂ ਤੋਂ ਬਲ, ਉਮਾਹ, ਹੁਲਾਰਾ ਲਓ; ਮਾਰੋ ਨਹੀਂ, ਮਾਰਨ ਨਾਲ ਆਪੇ ਪੈਰ ਕੁਹਾੜਾ ਮਾਰ ਬੈਠਦੇ ਹੋ, ਫਿਰ ਲੂਲੇ ਹੋਕੇ ਕਹਿੰਦੇ ਹੋ ਅਸੀਂ ਅਚੱਲ ਅਹਿੱਲ ਪਦ ਪ੍ਰਾਪਤ ਕੀਤਾ ਹੈ।

ਨੂਰ ਸ਼ਾਹ ਨੇ; ਨਹੀਂ ਨਹੀਂ; ਨੂਰ ਸ਼ਾਹ ਮਰ ਗਿਆ, ਪਾਰਬਤੀ ਨੇ ਤੁਸਾਨੂੰ ਕੈਦ ਪਾਇਆ, ਪਰ ਨਾ ਸਮਝੀ ਕਿ ਤੁਹਾਨੂੰ ਕੈਦ ਕਰਨਾ ਆਪ ਬੀ ਕੈਦ ਹੋਣਾ ਹੈ। ਇਸ ਨੂੰ ਸਦਾ ਇਹ ਤੌਖਲਾ ਬਣ ਗਿਆ ਕਿ ਕਿਤੇ ਤੁਸੀਂ ਕੈਦ ਵਿੱਚੋਂ ਨਿਕਲ ਨਾ ਜਾਓ। ਦਿਨ ਰਾਤ ਦਾ ਕੈਦੀਆਂ ਤੇ ਪਹਿਰਾ ਦੇਣਾ ਆਪ ਕੈਦ ਪੈਣ ਤੋਂ ਕਿਸ ਤਰ੍ਹਾਂ ਘੱਟ ਹੈ ? ਪਰ ਇਸ ਨੇ ਇਸ ਕੈਦ ਨੂੰ ਐਸ਼੍ਰਰਜ ਜਾਤਾ। ਇਸੀ ਤਰ੍ਹਾਂ ਮਨੁੱਖ ਦਾ ਆਪਾ ਆਪੇ ਨਾਲ ਦਗ਼ੇ ਕਰਦਾ ਹੈ। ਆਪੇ ਨੂੰ ਚੀਨੋ, ਆਪੇ ਨੂੰ ਪਛਾਣੋਂ, ਆਪੇ ਦੀਆਂ ਚੋਰੀਆਂ ਤੇ ਠੱਗੀਆਂ ਦੇ ਦੇਖਣਹਾਰ ਬਣੋਂ, ਆਪੇ ਤੇ ਵੱਸ ਪਾਓ ਤੇ ਸੁਤੰਤ੍ਰ ਹੋ ਜਾਓ, ਫਿਰ ਤੁਸਾਨੂੰ ਆਪੇ ਦਾ ਜਲਵਾ ਦਿੱਸੇ । ਫਿਰ ਆਪੇ ਨੂੰ ਜਗਤ ਆਧਾਰ, ਜੋ ਸਾਰੇ ਬ੍ਰਹਮੰਡ ਦਾ ਆਸਰਾ ਹੈ, ਪ੍ਰਤੀਤ ਦੇ ਆਵੇ ਤੇ ਮਿਲ ਪਵੇ। ਫਿਰ ਸਦਾ ਸੁਖ ਮਿਲੇ।

ਪਰ ਰਾਹ ਲੰਮਾ ਹੈ, ਜੇਰੇ ਦੀ ਲੋੜ ਹੈ, ਮਨੁੱਖ ਦਾ ਸੁਭਾਵ, ਜੋ ਮੁੱਦਤਾਂ ਦਾ ਉਲਟ ਹੋ ਚੁਕਾ ਹੈ, ਛੇਤੀ ਨਾਲ ਇੱਕੋ ਗਲ ਸੁਣਕੇ ਆਪੇ ਤੇ ਕਾਬੂ ਨਹੀਂ ਪਾ ਸਕਦਾ। ਇਸ ਨੂੰ ਜਿਕੂੰ ਮੁੱਦਤਾਂ ਹੇਠਾਂ ਜਾਣ ਦਾ ਤੇ ਪੁੱਠੇ ਗੇੜ ਦਾ ਅਭਯਾਸ ਹੋਇਆ ਹੈ ਕੋਈ ਸਮਾਂ ਉੱਪਰ ਦੇ ਗੇੜ ਦਾ ਅਭਯਾਸ ਕਰਾਓ। ਅੰਦਰਲੇ ਨੂੰ ਚਰਨ ਸ਼ਰਨ ਰੱਖੋ, ਸ਼ਰਨ ਸੰਭਾਲੋ; ਸ਼ਰਨ ਤੋਂ ਦੂਰ ਨਾ ਜਾਓ ਸ਼ਰਨ ਦਾ ਅਭਯਾਸ ਨਾਮ ਹੈ, ਨਿਰੰਤਰ ਨਾਮ ਵਿਚ ਵੱਸੋ, ਨਾਮ ਸਭ ਸੋਝੀਆਂ ਤੇ ਬਲ ਬਖਸ਼ੇਗਾ। ਸ਼ਰਨ ਵਿਚ ਵੱਸੋ, ਸਦਾ ਸ਼ਰਨ ਦੀ ਓਟ ਰਹੋ ! ਸ਼ਰਨ ਦੇ ਆਸਰੇ ਆਪਾ ਆਪੇ ਨੂੰ ਚੀਨਦਾ ਹੈ, ਸ਼ਰਨ ਦੇ ਆਸਰੇ ਆਪਾ ਆਪੇ ਤੇ ਵਸੀਕਾਰ ਪਾਉਂਦਾ ਹੈ, ਸ਼ਰਨ ਦੇ ਆਸਰੇ ਆਪਾ ਸੁਤੰਤਰ ਹੋਕੇ ਸ਼ਰਨ ਵਿਚ ਸਮਾਈ ਪ੍ਰਾਪਤ ਕਰਦਾ ਹੈ, ਸ਼ਰਨ ਦੀ ਪ੍ਰਾਪਤੀ ਨਾਮ ਹੈ, ਨਾਮ ਕਦੇ ਨਾ ਭੁੱਲੋ।

ਇਸ ਵੇਲੇ ਮਰਦਾਨੇ ਨੇ ਇਕ ਰੱਬੀ ਰੰਗ ਵਿਚ ਆਕੇ ਇਲਾਹੀ ਧੁਨਿ ਵਿਚ ਗਾਂਵਿਆਂ :-

ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ
ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

ਦੋ ਘੜੀਆਂ ਤੱਕ ਇਹ ਦੋ ਤੁਕਾਂ ਇਸ ਪ੍ਰੇਮ ਵਿਚ ਗਾਂਵੀਆਂ ਤੇ ਸਾਰੀ ਸੰਗਤ ਨੇ ਗਾਂਵੀਆਂ ਕਿ ਸਾਰਿਆਂ ਦਾ ਮਨ 'ਸਭਨਾਂ ਜੀਆਂ ਦੇ ਇਕ ਦਾਤੇ' ਦੀ ਯਾਦ ਦਾ ਰੂਪ ਹੋ ਗਿਆ।

ਧੰਨ ਗੁਰੂ ਨਾਨਕ !

ਕੁਛ ਦਿਨ ਉਥੇ ਰਹਿਕੇ ਰੱਬੀ ਰੰਗ ਜਮਾਕੇ ਸਤਿਗੁਰ ਵਿਦਾ ਹੋਏ। ਪਾਰਬਤੀ ਨੇ ਤਲਿੱਸਮ

ਦਾ ਮੰਦਰ ਢਾ ਦਿਤਾ, ਜੋ ਕੁਝ ਪਖੰਡ ਦੀ ਕਮਾਈ ਸੀ, ਲੁਟਾ ਦਿਤੀ, ਰੜੇ ਮੈਦਾਨ ਵਿਚ ਬੈਠ ਗਈ ਤੇ ਸਤਿਨਾਮ ਦਾ ਪੱਲੂ ਫੇਰ ਦਿੱਤਾ। ਸਾਰੇ ਬਾਲਕੇ ਆਜ਼ਾਦ ਹੋ ਗਏ ਤੇ ਸਾਰੇ ਦੇਸ਼ ਵਿਚ ਸਤਿਨਾਮ ਦਾ ਸੋਹਿਲਾ ਲੈਕੇ ਫਿਰ ਨਿਕਲੇ। ਜਿੱਥੇ ਰੜੇ ਵਿਚ ਪਾਰਬਤੀ ਬੈਠੀ ਸੀ ਉੱਥੇ ਧਰਮਸਾਲ ਬਣ ਗਈ, ਲੰਗਰ; ਧਰਮ ਕਿਰਤ ਦਾ ਲੰਗਰ-'ਘਾਲਿ ਖਾਇ ਕਿਛੁ ਹਥਹੁ ਦੇਇ' ਵਾਲਿਆਂ ਦੇ ਪ੍ਰੇਮ ਦਾ ਲੰਗਰ ਵੀ ਲੱਗ ਗਿਆ। ਕੀਰਤਨ ਦਾ ਰੰਗ ਬੱਝ ਗਿਆ। ਉਹ, ਜੋ ਕੈਦ ਪਾਉਂਦੀ ਹੁੰਦੀ ਸੀ, ਰੂਹ ਦੀ ਆਜ਼ਾਦੀ, ਅੰਦਰਲੇ ਦੀ ਸੁਤੰਤ੍ਰਤਾ ਦੀ ਬੰਦੀ-ਛੋੜ ਬਣ ਗਈ। ਟੁਰਨ ਵੇਲੇ ਸਤਿਗੁਰੂ ਤੋਂ ਕੋਈ ਉਹਨਾਂ ਦੇ ਹੱਥਾਂ ਦੀ ਯਾਦਗਾਰੀ ਮੰਗਣ ਲੱਗੀ, ਬਾਬੇ ਦੇ ਹੱਥ ਬਰਛਾ ਸੀ ਉਹੋ ਫੜਾ ਦਿਤਾ। ਇਹ ਬਰਛਾ ਹੁਣ ਤੱਕ ਉਥੇ ਮੌਜੂਦ ਹੈ ਤੇ ਸੰਗਤਾਂ ਨੂੰ ਦਰਸ਼ਨ ਕਰਾਏ ਜਾਂਦੇ ਹਨ [1]!

ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ
ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

## ੩੧. ਭਾਈ ਭੂਮੀਆ [2]।

੧.

ਨ ਜਾਲੀ ਲਾ, ਨ ਪਿੰਜਰਾ ਲੈ,
ਹੁਮਾ ਨੂੰ ਫੜ ਨ ਹੰਸਾਂ ਨੂੰ;
ਨ ਸੋਚੀਂ ਕੈਦ ਪਾਣੇ ਦੀ
ਤੂੰ ਪੰਛੀ ਉੱਚ-ਅੰਸਾਂ ਨੂੰ।
ਨ ਰੀਝਣ ਚੋਗਿਆਂ ਤੇ ੳ,
ਕਿਵੇਂ ਉਤਰਨਗੇ ਜਾਲੀ ਤੇ ?
ਫਸਾ ਸਕਦਾ ਨਹੀਂ ਹੈਂ ਤੂੰ
ਕਿਸੇ ਬਿਧਿ ਸੂਛ-ਵੰਸਾਂ ਨੂੰ।
ਉ ਵਿਚਰਨ ਜਿਸ ਜਗਾ ਖੁੱਲ੍ਹੇ,
ਤੇ ਕਰਦੇ ਕੇਲ ਫਿਰਦੇ ਹਨ,
ਤੂੰ ਜਾ ਉਸ ਥਾਂ ਦਰਸ ਪਰਸਨ,
ਮਿਟਾ ਦਿਲ ਮੈਲ ਮੰਸਾ ਨੂੰ।
ਅਦਬ ਭੈ ਨਾਲ ਜਾਵੀਂ ਤੂੰ,
ਸੁਣੀਂ ਸੰਗੀਤ ਉਹਨਾਂ ਦੇ,
ਲਈਂ ਸਿਖ ਵੱਲ ਨਿਖੇੜਨ ਦਾ,
ਅਸਾਰੋਂ ਸਾਰ-ਅੰਸਾਂ ਨੂੰ।
ਲਈਂ ਫਿਰ ਛੋਹ ਹੰਸਾਂ ਦੀ,
ਤੇ ਸਾਯਾ ਲਈਂ ਹੁਮਾ ਦਾ ਤੂੰ,
ਮੁੜੇਂਗਾ ਫੇਰ ਹੋ ਆਪੇ,
ਹੁਮਾ ਤੂੰ, ਰਾਜ-ਹੰਸਾ ਤੂੰ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਉਬਾਰਨ ਲਈ ਘਰ ਬਾਰ ਤਿਆਗ ਕੇ ਪਰਦੇਸਾਂ ਨੂੰ ਟੁਰੇ ਸਨ ਤਾਂ ਪਹਿਲੋਂ ਆਪ ਨੇ ਤੁਲੰਭੇ ਦੇ ਲਾਗ ਵਾਰ ਵੱਸਦੇ ਜਿਸ ਕੁਫਰ ਗੜ੍ਹ ਨੂੰ ਤੋੜਿਆ ਸੀ, ਉਹ ਸੱਜਣ ਠੱਗ ਦਾ ਠੱਗੀ ਵਾਲਾ ਟਿਕਾਣਾ ਸੀ। ਇਸ ਭੁੱਲੇ ਹੋਏ ਜੰਤ ਨੂੰ ਰਸਤੇ ਪਾ ਕੇ ਤੇ ਇਸ ਦੇ ਪਾਪ ਗ੍ਰਿਹ ਨੂੰ ਗਿਰਵਾ ਕੇ ਪਹਿਲੀ ਧਰਮਸਾਲ ਬਣਾਵਾ ਕੇ ਆਪ ਅੱਗੇ ਟੁਰੇ ਸਨ[3]। ਰਸਤੇ ਵਿਚ ਅਨੇਕਾਂ ਜੀਵ ਤਾਰੇ, ਅਨੇਕਾਂ ਵਡੇ ਪਾਪੀ ਰਸਤੇ ਪਾ ਕੇ ਬਚਾਏ[4]। ਛੇਕੜ ਆਪ ਆਸਾਮ ਪਹੁੰਚੇ। ਏਥੇ ਸਭ ਤੋਂ ਔਖਾ ਥਾਂਉਂ ਇਕ ਚੇਟਕੀ ਫਕੀਰਨ ਨੂਰਸ਼ਾਹ[5] ਨਾਮੇ ਦਾ ਸੀ। ਇਸ ਤ੍ਰੀਮਤ ਫਕੀਰ ਨੇ ਜੋ ਮਰਦਾਂ ਤੋਂ ਵਧੀਕ ਤਕੜੀ ਤੇ ਤ੍ਰੀਮਤਾਂ ਤੋਂ ਵਧੀਕ ਸਿਆਣੀ ਸੀ ਬੜੇ ਬੜੇ ਦਾਨੇ ਤੇ ਸਿਆਣੇ ਸਾਧ, ਅਮੀਰ ਤੇ ਵਡੇ ਲੋਕ ਚੇਲੇ ਬਣਾ ਰਖੇ ਸਨ। ਇਸ ਦੀ ਤ੍ਰਾਟਕ ਮੁਦ੍ਰਾ ਨੇੜੇ ਆਇਆਂ ਨੂੰ ਫਾਹ ਲੈਂਦੀ ਸੀ

[1] ਤਵਾਰੀਖ ਖਾਲਸਾ

[2] ਇਹ ਪ੍ਰਸੰਗ ਗੁਰਪੁਰਬ ਪੂੰਨਮ ਸੰ: ਗੁ: ਨਾ:ਸ: ੪੬੯ ਮੱਘਰ ਦੀ ੧੪ (੨੮ ਨੁਵੰਬਰ ੧੯੩੬) ੧੯੯੩ ਬਿ: ਸ਼ਨੀਵਾਰ ਨੂੰ ਟ੍ਰੈਕਟ ਦੀ ਸੂਰਤ ਵਿਚ ਸੰਗਤਾਂ ਵਿਚ ਪ੍ਰਕਾਸ਼ਿਆ ਸੀ।

[3] ਇਸ ਦੇ ਹਾਲਾਤ ਵਾਚਣ ਲਈ ਪੜ੍ਹੋ ਇਸੇ ਗ੍ਰੰਥ ਦਾ 'ਸੱਜਣ ਠੱਗ' ਨਾਮ ਦਾ ਲੇਖ ਜੋ ਪਿੱਛੇ ਪੰਨਾ ੧੨੦ ਤੇ ਆ ਚੁਕਾ ਹੈ।

[4] ਦੇਖੋ 'ਠੱਗ ਨਿਸਤਾਰਾ' ਨਾਮ ਦਾ ਲੇਖ ਇਸੇ ਪੁਸਤਕ ਦੇ ਪੰਨਾ ੧੯੯ ਤੇ।

[5] ਇਸਦੇ ਹਾਲਾਤ ਵਾਚਣ ਲਈ ਪੜ੍ਹੋ 'ਨੂਰਸ਼ਾਹ ਨਿਸਤਾਰਾ' ਨਾਮ ਦਾ ਇਸੇ ਗ੍ਰੰਥ ਦਾ ਇਸ ਤੋਂ ਪਹਿਲਾ ਲੇਖ ਪੰਨਾ ੨੧੩-

ਤੇ ਇਸ ਦੇ ਰੁਪਏ ਨਾਲ ਛੱਡੇ ਦੂਤ ਦੂਤਣੀਆਂ ਦੂਰ ਨੇੜੇ ਤੋਂ ਲੋਕਾਂ ਨੂੰ ਇਸ ਦੇ ਜਸ ਗਾ ਗਾਕੇ ਇਸ ਦੇ ਫੰਧੇ ਵਿਚ ਫਸਾ ਦੇਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਸੱਚ ਦੇ ਸੂਰਜ ਨੇ ਇਸ ਕੁਫਰ ਗੜ੍ਹ ਨੂੰ ਸੋਧਿਆ। ਇਹ ਬੀਬੀ ਸਿੱਧੇ ਰਸਤੇ ਪੈ ਗਈ। ਪਾਪ ਝੂਠ ਇਸ ਨੇ ਤਿਆਗ ਦਿਤੇ। ਜਦ ਇਹ ਵਾਹਿਗੁਰੂ ਜੀ ਦੇ ਨਾਮ ਦੇ ਰਸਤੇ ਪੈ ਗਈ ਤਾਂ ਸੁਭਾਗ ਹੋ ਗਈ। ਅਨੇਕਾਂ ਲੋਕੀਂ ਜੋ ਇਸ ਦੇ ਮਗਰ ਲੱਗਕੇ ਕੁਰਾਹੇ ਪੈ ਰਹੇ ਸਨ ਸੁਮਾਰਗ ਪੈ ਗਏ। ਇਹ ਭਾਰੀ ਦੁੱਖਾਂ ਦਾ ਟਿਕਾਣਾ ਸੁਖਾਂ ਵਿਚ ਬਦਲਕੇ ਹੁਣ ਸ੍ਰੀ ਗੁਰੂ ਜੀ ਨੂੰ ਇਕ ਹੋਰ ਟਿਕਾਣੇ ਦੀ ਸੂੰਹ ਪਈ ਕਿ ਜਿੱਥੇ ਪੁੰਨ ਦੇ ਭੁਲੇਵੇ ਪਾਪ ਵਰਤ ਰਿਹਾ ਸੀ। ਢਾਕੇ ਦੀ ਇਕ ਵਸਤੀ ਵਿਚ ਇਕ ਜ਼ਿਮੀਂਦਾਰ ਰਹਿੰਦਾ ਸੀ। ਜਾਪਦਾ ਹੈ ਕਿ ਇਹ ਗਿਰਾਂ ਢਾਕੇ ਦੇ ਇਲਾਕੇ ਵਿਚ ਕਿਤੇ ਸੀ। ਇਹ ਆਦਮੀ ਸੀ ਤਾਂ ਜ਼ਿਮੀਂਦਾਰ, ਪਰ ਇਸ ਦਾ ਕਿੱਤਾ ਇਹ ਗੱਲ ਹੋ ਚੁਕੀ ਸੀ ਕਿ ਇਹ ਦਿਨ ਨੂੰ ਰਾਹਾਂ ਖਹਿੜਿਆਂ ਵਿਚ ਤੇ ਹੋਰਥੇ ਧਾੜੇ ਮਾਰਦਾ ਮਰਵਾਉਂਦਾ ਸੀ ਤੇ ਰਾਤ ਵੇਲੇ ਚੋਰੀਆਂ ਕਰਵਾਉਂਦਾ ਸੀ। ਇਸ ਤਰ੍ਹਾਂ ਮਾਲ ਪਦਾਰਥ ਬਹੁਤ ਹੱਥ ਆ ਜਾਣ ਕਰਕੇ ਏਸ ਪਾਸ ਚੋਰ ਤੇ ਧਾੜਵੀ ਨੌਕਰ ਬੀ ਸਨ। ਪਰੰਤੂ ਇਸ ਭੁੱਲੇ ਹੋਏ ਜੀਵ ਨੂੰ ਇਹ ਸੋਝੀ ਕਿਤੋਂ ਪਈ ਹੋਈ ਸੀ ਕਿ ਪਾਪ ਪੁੰਨਾਂ ਦੇ ਬਦਲੇ ਵਟਾਂਦਰਾ ਖਾ ਜਾਂਦੇ ਹਨ, ਇਸ ਕਰਕੇ ਏਸਨੇ ਆਪਣੇ ਘਰ ਵਿਚ ਲੰਗਰ ਵਾਙੂ ਸਦਾਬ੍ਰਤ ਬੀ ਲਾਇਆ ਹੋਇਆ ਸੀ। ਐਤਨਾ ਖੁੱਲ੍ਹਾ ਸੀ ਇਹ ਸਦਾਬ੍ਰਤ ਕਿ ਜੋ ਜੀਵ ਆਵੇ ਤ੍ਰਿਪਤ ਹੋਕੇ ਜਾਵੇ, ਕਿਸੇ ਨੂੰ ਨਾਂਹ ਨਹੀਂ ਸੀ। ਇਸ ਜ਼ਿਮੀਂਦਾਰ ਨੇ, ਜਿਸ ਨੂੰ 'ਭੂਮੀਆ'' ਕਰਕੇ ਲਿਖਿਆ ਹੈ, ਆਪਣੇ ਗਿਰਾਂ ਦੇ ਲੋਕਾਂ ਨੂੰ ਕਹਿ ਛਡਿਆ ਸੀ ਕਿ ਜੇ ਕੋਈ ਸਾਧ ਫਕੀਰ ਆਵੇ ਮੇਰੇ ਘਰ ਘੱਲ ਦਿਓ ਮਤ ਕੋਈ ਹੋਰ ਕਿਸੇ ਅਤਿੱਥੀ ਨੂੰ ਆਪਣੇ ਘਰ ਰੱਖੇ। ਜੋ ਕੋਈ ਰੱਖੇਗਾ, ਤਾਂ ਮੈਂ ਉਸਦਾ ਘਰਬਾਰ ਲੁੱਟ ਲੁਟਾ ਦਿਆਂਗਾ। ਇਸ ਦਾ ਸਦਾਬ੍ਰਤ ਅੱਠੇ ਪਹਿਰ ਚਲਦਾ ਰਹਿੰਦਾ ਸੀ, ਕਿਸੇ ਵੇਲੇ ਕੋਈ ਆਵੇ ਰੋਟੀ ਖਾਕੇ ਜਾਂਦਾ ਸੀ। ਇਸ ਭੁੱਲੇ ਹੋਏ ਜੀਊ ਨੂੰ ਇਹ ਕੁਮਤਿ ਪਈ ਹੋਈ ਸੀ ਕਿ ਮੇਰੇ ਅੰਨ ਦਾਨ ਨਾਲ ਮੇਰਾ ਭਲਾ ਹੁੰਦਾ ਪਿਆ ਹੈ। ਮੈਂ ਜੋ ਧਾੜੇ ਚੋਰੀਆਂ ਦੇ ਪਾਪ ਕਰਦਾ ਕਰਾਉਂਦਾ ਹਾਂ, ਓਹ ਮੈਨੂੰ ਨਹੀਂ ਲਗਦੇ, ਕਿਉਂਕਿ ਮੈਂ ਅੰਨ ਦਾਨ ਸਭ ਤੋਂ ਵੱਡਾ ਪੁੰਨ ਜੋ ਪਿਆ ਕਰਦਾ ਹਾਂ। ਨਾਲੇ ਕਦੇ ਇਹ ਬੀ ਸੋਚ ਲਿਆ ਕਰੇ ਕਿ ਐਡਾ ਵਡਾ ਸਦਾਬ੍ਰਤ ਜੋ ਮੈਂ ਟੋਰਨਾ ਹੋਇਆ ਇਹ ਪਦਾਰਥ ਬਿਨਾਂ ਕਿਵੇਂ ਟੁਰੇ, ਮੈਂ ਜੋ ਲੋਕਾਂ ਤੋਂ ਰੁਪੈ ਖੋਹ ਮਾਰਕੇ ਲੈਂਦਾ ਹਾਂ ਇਸ ਦੇ ਟੋਰਨ ਵਾਸਤੇ ਹੀ ਲੈਂਦਾ ਹਾਂ ਨਾ।

ਸਜਣ ਠੱਗ ਤੇ ਹੋਰ ਇਹੋ ਜੇਹੇ ਭੁੱਲੇ ਹੋਏ ਲੋਕਾਂ ਨੂੰ, ਜਿਨਾਂ ਨੂੰ ਸਤਿਗੁਰ ਨੇ ਤਾਰਿਆ ਸੀ, ਇਹ ਭੁਲੇਖਾ ਨਹੀਂ ਸੀ ਕਿ ਅਸੀਂ ਪੁੰਨ ਪਏ ਕਰਦੇ ਹਾਂ, ਉਹ ਜਾਣਦੇ ਸਨ ਕਿ ਏਹ ਪਾਪ ਕਰਮ ਹਨ। ਉਹਨਾਂ ਨੇ ਪੁੰਨ ਕਰਮਾਂ ਨੂੰ ਪਾਪ ਢਕਣੇ ਦਾ ਪਰਦਾ ਬਣਾਯਾ ਹੋਯਾ ਸੀ, ਪਰ ਏਸ ਧਾੜਵੀ ਨੂੰ ਆਪਣੇ ਪੁੰਨ ਕਰਮਾਂ ਨੇ ਭੁਲੇਵਾਂ ਪਾਯਾ ਹੋਇਆ ਸੀ ਕਿ ਮੈਂ ਪਰਸੁਆਰਥੀ ਹਾਂ ਤੇ ਪੁੰਨੀ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੀੜਾ ਹਰਨ ਵਾਲੇ ਪਵਿਤ੍ਰ ਕੰਨਾ ਨੇ ਸੁਣ ਪਾਈ ਇਹ ਸੋਇ ਤੇ ਦਿਲ ਦ੍ਰਵ ਗਿਆ ਕਿ ਇਸ ਮੂਰਖ ਦੇ ਹੱਥੋਂ ਕਸ਼ਟ ਪਾ ਰਹੀ ਸ੍ਰਿਸ਼ਟੀ ਦਾ ਉਧਾਰ ਕਰੀਏ। ਕੁਰਲਾ ਰਹੀ ਦੁਖੀ ਪਰਜਾ ਦਾ ਸੰਕਟ ਹਰਨ ਵਾਸਤੇ ਗੁਰੂ ਬਾਬੇ ਨੇ ਆਪਣੇ ਚਰਨ ਹੁਣ ਏਸ ਧਰਤੀ ਵਲ ਮੋੜੇ। ਜਾਂਦੇ ਜਾਂਦੇ ਜਾਂ ਆਪ ਓਸ ਪਿੰਡ ਅੱਪੜੇ ਤਾਂ ਇਕ ਭਲੇ ਪੁਰਖ ਦੇ ਘਰ ਜਾ ਖੜੇ ਹੋਏ। ਓਸ ਨੇ ਦਰਸ਼ਨ ਕਰਕੇ ਸੁਖ ਪਾਇਆ, ਚਿਤ ਕੀਤੋਸੁ ਕਿ ਸੇਵਾ ਭਾਉ ਕਰਾਂ, ਅੰਨ ਖੁਲਾਵਾਂ ਤੇ ਰਾਤ ਪਾਸ ਰੱਖਾਂ, ਐਸੇ ਸੁਹਣੇ ਰੂਪ ਰੰਗ ਵਾਲੇ ਸਾਧੂ ਕਦੇ ਨਹੀਂ ਡਿੱਠੇ। ਪਰ ਫੇਰ ਭੂਮੀਏ ਦੇ ਭੈ ਕਰਕੇ ਡਰਿਆ ਤੇ ਕਹਿਣ ਲੱਗਾ 'ਆਓ ਜੀਉ ਆਇਆਂ ਨੂੰ। ਬੈਠੋ ਆਰਾਮ ਕਰੋ ਸੇਵਾ ਦੱਸੋ, ਇਹ ਆਪ ਦਾ ਘਰ ਹੈ। ਪਰ ਹੇ ਹੰਸ ਰੂਪ ਜੀ ! ਸਾਨੂੰ ਆਪਣੇ ਗਿਰਾਂ ਦੇ ਚਉਧਰੀ ਦਾ ਡਰ ਹੈ ਜੋ ਵਡਾ ਜ਼ਿਮੀਂਦਾਰ ਤੇ ਬੜੇ ਪਦਾਰਥ ਵਾਲਾ ਹੈ, ਤੇ ਬੜਾ ਸਦਾਬ੍ਰਤ ਲਾਇਆ ਹੋਇਆ ਹੈ ਸੁ ਆਏ ਗਏ ਦੇ ਵਾਸਤੇ। ਉਸ ਦਾ ਹੁਕਮ ਹੈ ਕਿ ਮਤ ਕੋਈ ਆਪਣੇ ਘਰ ਕਿਸੇ ਆਏ ਸੰਤ, ਫਕੀਰ, ਅਭ੍ਯਾਗਤ ਦਾ ਉਤਾਰਾ ਕਰਾਵੇ ਕਿ

ਸੇਵਾ ਭਾਉ ਕਰੇ। ਸਭ ਕੋਈ ਜੋ ਆਵੇ ਮੇਰੇ ਘਰ ਪੁਚਾ ਦਿਓ। ਜੋ ਕੋਈ ਮੇਰੀ ਆਗਯਾ ਭੰਨੇਗਾ ਉਸ ਦਾ ਘਰ ਮੈਂ ਭੰਨ ਲਵਾਂਗਾ। ਸੋ ਹੇ ਦੇਵ ਮੂਰਤੀ ਭਗਵਾਨ ! ਆਓ ਮੈਂ ਆਪ ਨੂੰ ਉਸ ਦੇ ਘਰ ਪਹੁੰਚਾ ਆਵਾਂ।' ਇਹ ਕਹਿਕੇ ਸਤਿਗੁਰ ਜੀ ਨੂੰ ਨਾਲ ਲੈਕੇ ਟੁਰ ਪਿਆ ਤੇ ਟੁਰਦਾ ਜਾਂਦਾ ਅਸਮਾਨਾਂ ਵਲ ਤੱਕਿਆ ਤੇ ਹਾਹ ਵਾਂਙੂ ਹਾਹ ਮਾਰਕੇ ਤੇ ਠੰਢਾ ਸਾਹ ਲੈਕੇ ਕਹਿਣ ਲੱਗਾ : 'ਹੇ ਨੀਲੇ ਨੀਲੇ ਪਰਦੇ ਦੇ ਉਹਲੇ ਰਹਿਣ ਵਾਲਿਆ ! ਏਸ ਭੂਮੀਏ ਨੇ ਜਗਤ ਦੇ ਤਾਂ ਧਨ ਮਾਲ ਖੋਹ ਲਏ, ਪਰ ਸਾਡੇ ਪੁੰਨ ਕਰਮ ਬੀ ਖੋਹ ਲਏ। ਅਸੀਂ ਭਲਿਆਈ ਕਿਸ ਮੌਕੇ ਤੇ ਕਰੀਏ ਤੇ ਅਪਣੇ ਲਈ ਪੁੰਨਾਂ ਦਾ ਤੋਸ਼ਾ ਕਦੋਂ ਲੱਦੀਏ, ਚੰਗਾ ਹੋਵੇ ਜੋ ਇਹ ਸਾਡੇ ਬੀ ਘਰ ਬਾਰ ਲੁੱਟ ਲਵੇ, ਪਰ ਸਾਨੂੰ ਨੇਕੀਓਂ ਤਾਂ ਨਾ ਵਾਂਜੇ।' ਇਹ ਕਹਿ ਹੋਰ ਸੋਚੀਂ ਪੈ ਗਿਆ ਕਿ ਜੇ ਇਹ ਸਾਡਾ ਸਭ ਕੁਛ ਖੋਹ ਲਵੇ ਤਾਂ ਅਸੀਂ ਫੇਰ ਪੁੰਨ ਕਾਹਦੇ ਨਾਲ ਕਰਾਂਗੇ ! 'ਹੱਛਾ ! ਭਾਵੀ ਪ੍ਰਬਲ ਹੈ। ਸਹੁ ਹੇ ਮਨ ਸਹੁ !' ਇੰਨੇ ਨੂੰ ਭੂਮੀਏ ਦਾ ਘਰ ਆ ਗਿਆ ਤੇ ਉਹ ਬੰਦਾ ਸਤਿਗੁਰਾਂ ਨੂੰ ਸਾਥੀਆਂ ਸਣੇ ਓਥੇ ਛੋੜਕੇ ਨਮਸਕਾਰ ਕਰਕੇ ਚਲਾ ਗਿਆ।

ਜਦ ਭੂਮੀਏ ਨੂੰ ਖ਼ਬਰ ਹੋਈ ਕਿ ਮੇਰੇ ਘਰ ਕੋਈ ਬੜੇ ਤੇਜ ਰੂਪ ਵਾਲਾ ਸੰਤ ਆਇਆ ਹੈ ਤੇ ਉਸਦੇ ਨਾਲ ਉਸਦੇ ਦੇਸ਼ ਦਾ ਕੋਈ ਹੋਰ ਸਾਧੂ ਬੀ ਹੈ, ਹਿਕੇ ਕੋਈ ਹੋਰ ਸੰਤ ਹੈ ਤਾਂ ਉਹ ਆਦਰ ਕਰਨ ਲਈ ਆਇਆ ਤੇ ਬੜੇ ਭਾਉ ਨਾਲ ਸੁਹਣੇ ਟਿਕਾਣੇ ਬਿਠਾਕੇ ਲਗਾ ਖ਼ਾਤਰਦਾਰੀ ਕਰਨ। ਦਰਸ਼ਨ ਕਰਕੇ ਠੰਢ ਪਈ, ਦਿਲ ਨੂੰ ਕਹਿਣ ਲਗਾ ਇਕ ਐਸਾ ਸੁਹਣਾ ਦੀਦਾਰ ਅੱਗੇ ਨਹੀਂ ਸੀ ਕਦੇ ਡਿੱਠਾ। ਖਿੱਚ ਪਵੇ ਸੁ, ਮਿੱਠੇ ਲੱਗਣ ਸੁ, ਪਰ ਸਮਝ ਨਾ ਆਵੇ ਸੁ ਕਿਉਂ ? ਭੂਮੀਏ ਨੇ ਪਹਿਲਾਂ ਬਚਨਾਂ ਦਾ ਆਦਰ ਭਾਉ ਕੀਤਾ। ਫੇਰ ਚਰਨ ਧੋਤੇ ਤੇ ਫੇਰ ਆਖਣ ਲੱਗਾ : ਜੀਓ ਸੰਤ ਜੀ ! ਅੰਨ ਭੋਜਨ ਤਿਆਰ ਹੈ; ਆਓ ਆਪ ਜੀਵੋਂ। ਤਾਂ ਸਤਿਗੁਰ ਜੀ ਨੇ ਆਖਿਆ, 'ਭਾਈ ਭਲਾ ਹੋਵੀ, ਅਸਾਂ ਨੂੰ ਪਹਿਲੋਂ ਦੱਸ ਜੋ ਤੂੰ ਕਿਰਤ ਕੀਹ ਕਰਦਾ ਹੈਂ।' ਇਹ ਸੁਣਕੇ ਭੂਮੀਏ ਦੇ ਜੀ ਵਿਚ ਇਕ ਟੋਆ ਜਿਹਾ ਪੈ ਗਿਆ। ਸੋਚਣ ਲੱਗਾ ਕਿ ਜੇ ਮੈਂ ਆਖਦਾ ਹਾਂ ਕਿ ਮੈਂ ਚੋਰੀ ਕਰਦਾ ਤੇ ਧਾੜੇ ਮਾਰਦਾਂ ਹਾਂ ਤਾਂ ਗਲ ਕੋਝੀ ਹੋਈ ਤੇ ਕੂੜ ਮਾਰਦਾ ਹਾਂ ਤਾਂ ਏਹ ਪੂਰੇ ਭਾਂਡੇ ਜਾਪਦੇ ਹਨ, ਲਖ ਲੈਣਗੇ। ਜੇ ਏਹ ਕਿਤੇ ਕਿਸੇ ਵੈਰੀ ਤੋਂ ਸੁੰਹ ਸੁਣ ਹੀ ਆਏ ਹੋਣ ਕਿ ਮੇਰਾ ਕਿੱਤਾ ਮਾਰਨਾ ਤੇ ਖਹੁਣਾ ਹੈ ਤਾਂ ਮੂੰਹ ਤੇ ਸ਼ਰਮਿੰਦਿਆਂ ਕਰ ਦੇਣਗੇ, ਕਿਵੇਂ ਇਨ੍ਹਾਂ ਅੱਗੇ ਕੂੜ ਕਹਾਂ। ਜਿਸ ਵੇਲੇ ਇਸ ਦਾ ਮਨ ਇਸ ਤਰ੍ਹਾਂ ਦੀਆਂ ਸੋਚਾਂ ਵਿਚ ਸੀ, ਸ੍ਰੀ ਗੁਰੂ ਜੀ ਇਸ ਦੇ ਚਿਹਰੇ ਵਲ ਪਵਿਤ੍ਰ ਨਜ਼ਰ ਪਾਕੇ ਤੱਕ ਰਹੇ ਸਨ। ਇਸ ਨਜ਼ਰ ਨਾਲ ਇਸ ਦੇ ਪਾਪ ਇਸ ਦੇ ਅੰਦਰ ਕੰਬ ਪਏ ਸਨ ਤੇ ਮਨ ਨੇ ਸੋਝੀ ਵਲ ਰੁਖ਼ ਕਰ ਲਿਆ ਪਰ ਕਿਸੇ ਘਬਰਾ ਜੇਹੇ ਵਿਚ। ਇਸ ਘਬਰਾ ਵਿਚ, ਇਸ ਦੁਚਿਤਾਈ ਵਿਚ ਜੋ ਅੰਦਰ ਰੇੜਕਾ ਪਿਆ ਉਸ ਨਾਲ ਮੱਖਣ ਵਾਂਙ ਸੱਚ ਉਪਰ ਤਰ ਆਇਆ ਤੇ ਉਸ ਦੇ ਮੂੰਹੋਂ ਨਿਕਲ ਗਿਆ : ਦਾਤਾ ਮੇਰੇ ! ਰੋਜ਼ੀ ਮੇਰੀ ਮਾੜੀ ਹੈ, ਕਿਰਤ ਮੇਰੀ ਚੰਗੀ ਨਹੀਂ, ਤੁਸੀਂ ਪੁਛਿਆ ਹੈ ਦੱਸ, ਮੈਨੂੰ ਡਰ ਲਗਦਾ ਹੈ ਸੱਚ ਬੋਲਣ ਤੋਂ, ਪਰ ਸੱਚ ਇਹ ਜੇ ਕਿ ਮੈਂ ਦਿਨੇ ਰਾਹ ਖਹਿੜੇ ਲੁੱਟਦਾ ਹਾਂ, ਰਾਤੀ ਚੋਰੀਆਂ ਕਰਵਾਉਂਦਾ ਹਾਂ। ਪਰ ਇਕ ਗੱਲ ਜੇ ! ਮੈਂ ਲਾਉਂਦਾ ਭਲੇ ਅਰਥ ਹਾਂ, ਸਦਾਬ੍ਰਤ ਮੇਰਾ ਜੇ ਜਾਰੀ, ਆਇਆ ਗਿਆ ਸਾਧ ਸੰਤ ਸਭ ਵਰੋਸਾਕੇ ਜਾਂਦਾ ਹੈ ਏਥੋਂ, ਦੂਰੋਂ ਦੂਰੋਂ ਸਾਧੂ ਸੰਤ ਏਥੇ ਆਉਂਦੇ ਹਨ ਤੇ ਮੈਂ ਸੇਵਾ ਕਰਦਾ ਹਾਂ ਹਰ ਤਰ੍ਹਾਂ ਨਾਲ। ਸਭ ਸੰਤ ਪ੍ਰਸੰਨ ਜਾਂਦੇ ਹਨ, ਆਖਦੇ ਹੈਨ ਜੋ ਤੇਰੇ ਜੈਸਾ ਪੁੰਨੀ ਤੂੰਹੋਂ ਹੀ ਹੈਂ। ਸੋ ਮੈਂ ਜਿਨ੍ਹਾਂ ਪਾਸ ਹੈ ਉਹਨਾਂ ਤੋਂ ਖੋਂਹਦਾ ਹਾਂ ਤੇ ਅਭਯਾਗਤਾਂ ਨੂੰ ਵਰੋਸਾਉਂਦਾ ਹਾਂ । ਸਤਿਗੁਰੂ ਜੀ ਮੁਸਕਰਾਏ ਤੇ ਕਹਿਣ ਲਗੇ, 'ਭਲਾ ਹੋਵੀ, ਸੱਚ ਬੋਲਿਆ ਈ।'

ਭੂਮੀਆਂ-ਅੱਗੇ ਤਾਂ ਹੀਏ ਨਾਲ ਕਦੇ ਨਹੀਂ ਕਿਸੇ ਮੈਥੋਂ ਏਦਾਂ ਪੁਛਿਆ ਤੇ ਨਾ ਮੈਂ ਕਦੇ ਆਪਣੇ ਮੂੰਹੋਂ ਆਪਣਾ ਮੜ੍ਹਪਣ ਆਪ ਮੰਨਿਆਂ ਹੈ, ਪਰ ਹੇ ਸੰਤ ! ਤੇਰੇ ਨੈਣਾਂ ਵਿਚ ਪਤਾ ਨਹੀਂ ਕੀਹ ਹੈ, ਅਜ ਪਹਿਲਾ ਦਿਨ ਹੈ ਕਿ ਮੈਂ ਕੰਬਿਆ ਹਾਂ ਤੇ ਆਪਣਾ ਕੀਤਾ ਆਪ ਕਹਿ ਦਿੱਤਾ ਹੈ, ਲਓ ਹੁਣ ਆਓ ਭੋਜਨ ਪਾਓ।

ਸਤਿਗੁਰ-ਜਦ ਭਾਈ ਤੇਰੀ ਕਮਾਈ ਤੂੰ ਆਪ

ਮਾੜੀ ਦੱਸੀ ਹੈ ਤਾਂ ਤੇਰਾ ਭੋਜਨ ਫ਼ਕੀਰਾਂ ਦੇ ਖਾਣ ਦਾ ਨਹੀਂ ਹੈ।

ਭੂਮੀਆ-ਜਦ ਸਭ ਕੁਛ ਮੈਂ ਭਲੇ ਅਰਥ ਲਾਉਂਦਾ ਹਾਂ ਤਾਂ ਬੀ ਕਮਾਈ ਵਿਚ ਦੋਸ਼ ਹੈ ?

ਸਤਿਗੁਰ-ਜਿਨ੍ਹਾਂ ਨੂੰ ਤੂੰ ਮਾਰਦਾ ਹੈਂ, ਖੋਂਹਦਾ ਹੈਂ, ਓਹ ਰੋਂਦੇ ਹਨ, ਦੁਖੀ ਹੁੰਦੇ ਹਨ। ਦੱਸ ਉਸ ਪਦਾਰਥ ਨਾਲ ਬੀਜੇ ਪੁੰਨ ਕਿਸ ਤਰ੍ਹਾਂ ਉੱਗ ਸਕਦੇ ਹਨ। ਸਬੂਤ ਦਾਣੇ ਬੀਜੇ ਤਾਂ ਉਗਦੇ ਹਨ ਕਦੇ ਦਾਲ ਬੀ ਬੀਜੀ ਉੱਗੀ ਹੈ[੧] ?

ਭੂਮੀਆਂ ਸੋਚੀਂ ਪੈ ਗਿਆ : ਉਸ ਦੇ ਪਾਪ ਕੰਬੇ। ਜ਼ਖਮੀ ਕੀਤੇ, ਲੁੱਟੇ, ਖੋਹੇ, ਮਾਰੇ ਲੋਕ, ਤੜਫਦੇ, ਰੋਂਦੇ, ਬਦਅਸੀਸਾਂ ਦੇਂਦੇ ਸਭ ਅੱਖਾਂ ਅੱਗੇ ਆ ਗਏ। ਇਕ ਮੈਦਾਨ ਐਸੇ ਕਸ਼ਟ ਵਿਚ ਦੁਖੀਆਂ ਦਾ ਭਰਿਆ ਹੋਇਆ ਨਜ਼ਰੇ ਪੈ ਗਿਆ। ਭੂਮੀਆਂ ਫੇਰ ਕੰਬਿਆ। ਸਤਿਗੁਰੂ ਦੇ ਇਲਾਹੀ ਨੈਣ ਉਸ ਦੇ ਮੱਥੇ ਨੂੰ ਦੇਖ ਰਹੇ ਸਨ, ਪਰ ਭੂਮੀਆਂ ਦੇਖ ਰਿਹਾ ਸੀ ਤੜਫਣੀਆਂ ਵਿਲਕਣੀਆਂ ਤੇ ਉਸ ਨੂੰ ਮਿਲ ਰਹੀਆਂ ਬਦ ਅਸੀਸਾਂ ਨੂੰ। ਕੁਛ ਦੇਰ ਐਉਂ ਹੋ ਹਵਾ ਕੇ ਫੇਰ ਉਸ ਦੇ ਮਨ ਅਗੋਂ ਇਹ ਦਰਸ਼ਨ ਦੂਰ ਹੋ ਗਿਆ। ਫਿਰ ਸਤਿਗੁਰ ਦੇ ਚਰਨਾਂ ਵਲ ਤੱਕਿਆ ਤੇ ਆਖਣ ਲੱਗਾ, ਤੁਸਾਂ ਠੀਕ ਕਿਹਾ ਹੈ, ਪਰ ਹੁਣ ਤੁਸੀਂ ਭੋਜਨ ਪਾਓ ਜੋ ਮੇਰਾ ਭਲਾ ਹੋਵੇ। ਭਲੇ ਭਲੇ ਏਥੇ ਅੰਨ ਪਾ ਗਏ ਹਨ, ਉਹਨਾਂ ਦੀਆਂ ਅਸੀਸਾਂ ਦਾ ਪੁੰਨ ਫਲ ਬੀ ਤਾਂ ਮੈਨੂੰ ਮਿਲੇਗਾ ਨਾ, ਕਰੋ ਮਿਹਰ !

ਸਤਿਗੁਰ-ਭਾਈ ਇਹ ਕਿਰਤ ਛੋੜ, ਧਰਮ ਕਿਰਤ ਕਰ, ਤਾਂ ਤੇਰਾ ਭਲਾ ਹੋਵੇਗਾ। 'ਰਤੁ ਨਾਲ ਲਿਬੜਿਆ ਧਨ', ਅਸੀਸਾਂ ਨਾਲ 'ਧਰਮ ਧਨ' ਨਹੀਂ ਬਣ ਸਕਦਾ[੨]। ਜੋ ਤੂੰ ਫੇੜੇ ਹਨ, ਫੇੜਿਆਂ ਦਾ ਦੁਖ ਤੂੰ ਸਹਿਣਾ ਹੈ। ਤੇਰੇ ਫੇੜਿਆਂ ਦਾ ਦੁਖ ਤੇਰੇ ਘਰੋਂ ਖਾਣ ਵਾਲਿਆਂ ਨਹੀਂ ਸਹਿਣਾ। ਦੇਖ ਜੇ ਕਿਸੇ ਦਿਨ ਤੂੰ ਰਾਜੇ ਦੇ ਵਹੇ ਚੜ੍ਹ ਗਿਆ ਤਾਂ ਸੂਲੀ ਕੌਣ ਚੜ੍ਹੇਗਾ ਤੂੰ ਕਿ ਤੇਰੇ ਘਰ ਖਾ ਗਏ ਸਾਧ ਫਕੀਰ ? ਏਸੇ ਤਰ੍ਹਾਂ ਵੀਚਾਰ ਲੈ ਕਿ ਧਰਮ ਜਿੱਥੇ ਤੁਲੇਗਾ ਤੂੰ ਉਥੇ ਮਾਰੀਏਂਗਾ[੧] , ਆਪਣੇ ਅੰਦਰ ਝਾਤੀ ਮਾਰ। ਪਾਪ ਕਰ ਕਰ ਕੇ ਤੇਰਾ ਮਨ ਕਠੋਰ ਹੋ ਗਿਆ ਹੈ, ਓਥੇ ਦਇਆ ਨਹੀਂ ਉਪਜਦੀ, ਪਰਮੇਸ਼ੁਰ ਦਾ ਭਉ ਨਹੀਂ ਪੈਂਦਾ। ਹਾਂ ਤੇਰੀ ਨਿਯਤ ਵਿਚ ਜੁ ਨੇਕੀ ਦਾ ਕੁਛ ਮਾੜਾ ਮਾੜਾ ਖਿਆਲ ਰਿਹਾ ਹੈ ਤੇ ਉਹ ਮਰਿਆ ਨਹੀਂ ਉਸ ਦਾ ਸਦਕਾ ਅੱਜ ਤੂੰ ਸੱਚ ਬੋਲਿਆ ਹੈ। ਤੇਰੇ ਇਸ ਸੱਚ ਦੇ ਸਦਕੇ ਤੇਰੇ ਤੇ ਮਿਹਰ ਹੋ ਸਕਦੀ ਹੈ, ਪਰ ਤਾਂ ਜੇ ਤੂੰ ਅਗੋਂ ਨੂੰ ਇਹ ਕਿੱਤਾ ਛੱਡ ਦੇਵੇਂ ਤੇ ਧਰਮ ਕਿਰਤ ਕਰੇਂ। ਧਰਮ ਦੀ ਕਿਰਤ ਵਿਚੋਂ ਭਲੇ ਅਰਥ ਲਾਵੇਂ ਤਾਂ ਤੇਰਾ ਦਿਤਾ ਥਾਂ ਪਵੇਗਾ[੨]। ਭੂਮੀਆਂ ਸੋਚਣ ਲਗ ਪਿਆ, ਸਿਰ ਫੇਰਨ ਲੱਗ ਪਿਆ; "ਊਂ ਊਂ" ਦੀ ਅਵਾਜ਼ ਆਵੇ ਤੇ ਬੰਦ ਹੋ ਹੋ ਜਾਵੇ। ਫੇਰ ਮੱਥੇ ਤੇ ਹੱਥ ਫੇਰਕੇ ਕਹਿਣ ਲੱਗਾ, ਹੇ ਚੀਰਵੀਂ ਨਜ਼ਰਾਂ ਵਾਲਿਆ ! ਅੰਦਰ ਵਿੰਨ੍ਹ ਘੱਤਿਆ ਈ। ਕੀਹ ਆਖਾਂ। ਝੂਠ ਬੋਲਣ ਦੀ ਹਿੰਮਤ ਹਾਰ ਗਈ ਆ, ਵਲਾ ਕਰਨਾ ਭੁੱਲ ਗਿਆ ਈ, ਤੂੰ ਕੋਈ ਆਪ 'ਸੱਚ' ਹੈਂ ਜੋ ਤੇਰੇ ਸਾਹਮਣੇ ਝੂਠ ਆਉਂਦਾ ਨਹੀਂ, ਮੇਰੇ ਅੰਦਰ ਹੀ ਅੰਦਰ ਲੁਕਦਾ ਜਾਂਦਾ ਏ। ਜੋ ਰਤਾ ਭੋਰਾ ਸੱਚ ਮੇਰੇ ਅੰਦਰ ਹਈ ਉਹੋ ਹੰਭਲੇ ਮਾਰ ਮਾਰ ਮੂੰਹ ਚੜ੍ਹ ਬਾਹਰ ਆਉਂਦਾ ਪਿਆ ਏ। ਮੇਰੇ ਤੇ ਮਿਹਰ ਕਰ ਤੇ ਮੇਰੇ ਕੀਤੇ ਹੋਏ ਕਰਮ ਬਖਸ਼ ਦੇਹ, ਪਰ ਹੇ ਬਖਸ਼ਣਹਾਰ ! ਰੱਖ ਭਾਵੇਂ ਮਾਰ, ਮੇਰਾ ਹੋ ਚੁਕਾ ਏ ਸੁਭਾਵ ਏਹੋ ਚੋਰੀਆਂ ਤੇ ਧਾੜੇ, ਮੈਥੋਂ ਏਹ ਨਹੀਓਂ ਛੁੱਟਣੇ। ਮੇਰਾ ਤਾਂ ਲਹੂ ਏਹੋ, ਮੇਰਾ ਸੁਭਾਵ ਏਹੋ, ਪਿਉ ਏਹੋ ਕਿੱਤਾ ਕਰਦਾ ਗਿਆ, ਦਾਦਾ ਇਹੋ ਕਰਦਾ ਰਿਹਾ, ਮੈਂ ਇਹੋ ਕਰਦਾ ਰਿਹਾ, ਪਰ ਮੈਂ ਨੇਕੀ ਤੇ ਲਾਯਾ ਤੇ ਆਪਣਾ ਕਮਾਯਾ।(ਸਿਰ ਫੇਰ ਫੇਰਕੇ) ਕੂੜੀ ਗੱਲ, ਨਹੀ ਮੈਥੋਂ ਨਹੀਂ ਛੁੱਟ ਸਕਦਾ ਏਹ ਕਿੱਤਾ। ਪਰ

---

[੧] ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ {ਆਸਾ ਦੀ ਵਾਰ ਮਹਲਾ ੧}

[੨] ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ {ਵਾਰ ਮਾਝ ਮਹਲਾ ੧}

[੧] ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥ {ਆਸਾ ਦੀ ਵਾਰ ਮਹਲਾ ੧}

[੨] ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ {ਆਸਾ ਦੀ ਵਾਰ ਮਹਲਾ ੧}

ਸੁਹਣਿਆਂ ! ਤੂੰ ਡਾਢਾ ਚੰਗਾ ਏਂ; ਉਹ ਜਾਣੇ ਦੋ ਘੜੀਆਂ ਹੋ ਲਈਂ ਔਖਾ, ਦੋ ਬੁਰਕੀਆਂ ਅੰਨ ਤਾ ਖਾ ਜਾਹ। (ਸੋਚ ਕੇ) ਮੇਰੇ ਜ਼ਿਮੀਂ ਬੀ ਹੈ ਉਸ ਦਾ ਅੰਨ ਆਉਂਦਾ ਹੈ। ਉਸ ਅੰਨ ਦੀ ਰੋਟੀ ਪਕਵਾ ਦੇਂਦਾ ਹਾਂ। ਕਿਵੇਂ ਮੰਨ, ਭੋਜਨ ਪਾ ਤੇ ਮੇਰੇ ਤੇ ਮਿਹਰ ਕਰ।

ਸਤਿਗੁਰ ਜੀ ਹੁਣ ਮਰਦਾਨੇ ਵਲ ਤੱਕੇ। ਮਰਦਾਨੇ ਰਬਾਬ ਛੇੜ ਦਿਤਾ ਤਾਂ ਆਸਾ ਦੀ ਵਾਰ ਦੀ ਇਹ ਪਉੜੀ ਗਾਇਨ ਹੋਈ :-

> ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ
> ਵਰਤਾਇਆ ॥ ਜਿਸੁ ਤੂੰ ਦੇਹਿ ਤਿਸੁ
> ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥
> ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍
> ਕੈ ਹਿਰਦੈ ਸਚੁ ਵਸਾਇਆ ॥ ਮੂਰਖ ਸਚੁ
> ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ ॥
> ਵਿਚਿ ਦੁਨੀਆ ਕਾਹੇ ਆਇਆ ॥ ੮ ॥
>
> {ਆਸਾ: ਵਾਰ: ਮ:੧}

ਇਸ ਪਉੜੀ ਨੂੰ ਭੂਮੀਏ ਨੇ ਸੁਣਿਆ। ਉਸ ਦੇ ਜੀਉ ਤੇ ਨਕਸ਼ ਬੱਝ ਗਿਆ ਕਿ ਸੱਚ ਕੋਈ ਬੜੀ ਅਮੋਲਕ ਚੀਜ਼ ਹੈ। ਆਪ ਸਚ ਬੋਲਿਆ ਸਾਸੁ ਤੇ ਤੱਕ ਰਿਹਾ ਸੀ ਕਿ ਭਾਵੇਂ ਇਹ ਰੱਬ ਦਾ ਪਿਆਰਾ ਸੰਤ ਮੇਰੇ ਪੁੰਨਾਂ ਤੇ ਤਾਂ ਰੀਝ ਨਹੀਂ ਰਿਹਾ, ਪਰ ਉਸ ਸੱਚ ਦੀ ਕਦਰ ਪਾ ਰਿਹਾ ਹੈ। ਫਿਰ ਆਖਣ ਲੱਗਾ, ਤੁਸੀਂ ਸੱਚ ਦੇ ਪਿਆਰੇ ਹੋ, ਮੈਂ ਤਾਂ ਜਾਤਾ ਸੀ ਮੇਰੇ ਸੱਚ ਉਤੇ ਗੁੱਸੇ ਹੋਵੋਗੇ, ਪਰ ਤੁਸੀਂ ਮੇਰੇ ਪੁੰਨਾਂ ਤੇ ਨਹੀਂ ਰੀਝੇ ਤੇ ਇਕ ਨਿੱਕੇ ਜਿਹੇ ਸੱਚ ਤੇ ਰੀਝੇ ਹੋ। ਮੈਂ ਕੀਹ ਕਰਾਂ, ਮੈਂ ਸੋਚਿਆ ਹੈ ਮੈਥੋਂ ਕਿੱਤਾ ਛੁੱਟਣਾ ਨਹੀਂ, ਸੱਚ ਦੇ ਪਿਆਰਿਆਂ ਨੂੰ ਮੈਂ ਕੂੜਾ ਬਚਨ ਕੀਹ ਦੇ ਦਿਆਂ, ਆਪ ਦੇ ਦਰ ਕੂੜ ਦੀ ਜਾਹ ਕੋਈ ਨਹੀਂ ਦੀਹਦੀ।

ਸਤਿਗੁਰ ਸੂਰਾ ਵੈਦ ਸੀ। ਉਹ ਜਾਣਦਾ ਸੀ ਕਿ ਇਸ ਨੇ ਇਹ ਬੀ ਨਿਰੋਲ ਸੱਚ ਕਿਹਾ ਹੈ। ਪੀੜ੍ਹੀਆਂ ਦਾ ਕਿੱਤਾ ਤੇ ਉਮਰਾ ਦਾ ਆਪਣਾ ਸੁਭਾਉ ਕਹਿਣੀ ਮਾਤ੍ਰ ਨਾਲ ਨਹੀਂ ਛੁੱਟ ਸਕਦਾ। ਇਹ ਪਾਪ ਵਿਚ ਪਥਰਾ ਗਿਆ ਦਿਲ ਸਹਿਜੇ ਸਹਿਜੇ ਨਰਮ ਹੋਵੇਗਾ। ਇਸ ਨੂੰ ਉਸ ਰਾਹੇ ਪਾ ਦੇਈਏ ਕਿ ਆਪੇ ਇਸ ਤੋਂ ਬੇਮਲੂੰਮੇ ਇਹ ਮਾੜਾ ਕੰਮ, ਜੋ ਕਰ ਰਿਹਾ ਹੈ, ਛੁੱਟ ਜਾਏ। ਤਾਂ ਸ੍ਰੀ ਗੁਰੂ ਜੀ ਆਖਣ ਲੱਗੇ :- ਭੂਮੀਆਂ ! ਰਬ ਹੈ ਤੇ ਉਸ ਸਦਾ ਰਹਿਣਾ ਹੈ ਤੇ ਹੋਰ ਸਭਨਾਂ ਮਰਨਾ ਹੈ, ਪਰ ਮਰਕੇ ਮਿਟ ਨਹੀਂ ਜਾਣਾ ਮੂਲੋਂ, ਫੇਰ ਰਹਿਣਾ ਹੈ, ਹਾਂ ਜੀਵਨ ਨੇ ਰਹਿਣਾ ਹੈ ਕਿਸੇ ਰੰਗ। ਰਬ ਸੱਚ ਹੈ, ਸੱਚ ਨਾਲ ਮਿਲਦਾ ਹੈ ਤੇ ਸੱਚ ਨਾਲ ਮਿਲਿਆਂ ਹੀ ਕੂੜੇ ਕਰਮਾਂ ਨੇ ਨਾਸ਼ ਹੋਣਾ ਹੈ। ਸਮਝ ਲੈ ਕਿ ਸੱਚ ਹੈ ਸੱਚ ਬੋਲਣਾ, ਤੇ ਸੱਚ ਹੈ ਸੱਚ ਧਾਰਨਾ ਅੰਦਰ ਮਨ ਵਿਚ, ਤੇ ਸੱਚ ਹੈ ਸੱਚ ਨਾਲ ਐਨਾ ਪਿਆਰ ਕਰਨਾ ਕਿ ਭਾਵੇਂ ਕੌੜਾ ਲਗੇ ਸੱਚ ਸੁਣਕੇ, ਪਰ ਉਸ ਨੂੰ ਪਿਆਰ ਕਰੇ ਇਸ ਕਰਕੇ ਕਿ ਇਹ ਸੱਚ ਹੈ। ਜੇ ਇਉਂ ਕਰੇ ਤਾਂ ਫੇਰ ਸੱਚੀ ਸਿਖਿਆ ਲੈਣ ਦਾ ਤੇ ਉਸ ਨੂੰ ਧਾਰਨ ਦਾ ਵੱਲ ਆ ਜਾਂਦਾ ਹੈ। ਸੱਚੀ ਸਿਖਯਾ ਧਾਰਨ ਨਾਲ ਹੀ ਮੁਕਤੀ ਦਾ ਦਰਵਾਜਾ ਖੁੱਲ੍ਹ ਜਾਂਦਾ ਹੈ। ਸੱਚੀ ਸਿਖਿਆ ਹੈ ਉਸ ਦਾ ਨਾਮ। ਪਰਮੇਸੁਰ ਜਿਵੇਂ ਆਪ ਸੱਚ ਹੈ ਤਿਵੇਂ ਉਸ ਦਾ ਨਾਮ ਸੱਚ ਹੈ [੧] ! ਉਸ ਸੱਚੇ ਨਾਮ ਦੀ ਕਰੇ ਅਰਾਧਣਾ, ਹਾਂ ਸੱਚੇ ਨਾਮ ਨੂੰ ਧਿਆਵੇ। ਇਉਂ ਕਿ ਇਸ ਦੇਹੀ ਨੂੰ ਧਰਤੀ ਜਾਣੇ। ਜਿਵੇਂ ਧਰਤੀ ਵਾਹੀ ਤੇ ਸੁਹਾਗੇ ਨਾਲ ਭੰਨੀ ਸਾਧੀ ਦੀ ਹੈ, ਤਿਵੇਂ ਇਹ ਕਾਯਾਂ ਭਲੇ ਕਰਮਾਂ (ਪੁੰਨ ਦਾਨ ਕਰਨ) ਤੇ ਸੱਚ ਬੋਲਣ ਤੇ ਸੱਚ ਧਾਰਨ ਨਾਲ ਸਾਧੀਦੀ ਹੈ। ਇਹ ਸਾਧੀ ਹੋਈ ਧਰਤੀ ਵਿਚ ਫੇਰ ਉਸ ਸੱਚੇ ਦੇ ਸਤਿਨਾਮ ਨੂੰ ਬੀਜੀਦਾ ਹੈ। ਇਹ ਬੀਉ ਫੇਰ ਮੌਲਦਾ ਹੈ ਅੰਦਰ ਆਪਣੇ, ਫੇਰ ਅੰਦਰਲਾ ਤੀਰਥ ਰੂਪ ਹੋ ਜਾਂਦਾ ਹੈ ਤੇ ਇਸ ਜੀਵ ਦਾ ਉਸ ਤੀਰਥ ਤੇ ਨਿਵਾਸ ਹੋ ਜਾਂਦਾ ਹੈ[੨]। ਇਸ ਸੱਚ ਅੰਦਰ ਵਸਦੇ ਸੁਭਾਉ ਵਿਚ ਵਸਦੇ, ਤੇ ਸਰੀਰ ਦੇ ਅੰਗਾਂ ਵਿਚ ਵਸਦੇ ਸਾਰੇ ਪਾਪਾਂ ਨੂੰ ਸੋਧਕੇ ਕੱਢ ਦੇਂਦਾ ਹੈ, ਪਰ ਹੇ ਭੂਮੀਆਂ ! ਸ਼ਰਤ ਇਹ ਹੈ ਕਿ ਸੱਚ ਨੂੰ ਘੁੱਟਕੇ ਖਿੱਚਕੇ ਪੱਲੇ ਬੰਨ੍ਹ ਲਵੇ। ਹਾਂ, ਸੱਚ ਪਾਰ ਉਤਾਰਾ ਕਰ ਦੇਵੇਗਾ ਤੇਰਾ। ਮਿਹਰ ਹੋ ਜਾਏਗੀ ਤੇਰੇ ਉੱਤੇ ਬੀ ਪਰ ਜੇ

---

[੧] ਨਿਹਚੁਲ ਏਕੁ ਨਰਾਇਣੋ ਹਰਿ ਅਗਮ ਅਗਾਧਾ ॥
ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ ॥
{ਮਾਰੂ ਵਾਰ ਮ: ੫-੧੯}

[੨] ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ {ਆਸਾ: ਵਾ: ਮ: ੧}

ਸੱਚ ਨੂੰ ਪੱਲੇ ਰੱਖਿਓਈ ਤਾਂ[1]।

ਭੂਮੀਆ-ਸੱਚ ? ਸੱਚ ? ਸੱਚ ? ਹੱਛਾ ਹੁਣ ਮੈਂ ਸੱਚ ਧਾਰਨ ਕਰ ਲਵਾਂ ? ਸਦਾ ਸੱਚ ਬੋਲਾਂ ? ਸੱਚ ਨੂੰ ਪਿਆਰ ਕਰਾਂ?। ਦੂਜੀ ਗੱਲ, ਕੋਈ ਮੈਨੂੰ ਸੱਚੀ ਗੱਲ ਆਖੇ ਚਾਹੇ ਕੌੜੀ ਹੋਵੇ ਸਹਿ ਲਵਾਂ ਕਿ ਇਹ ਸੱਚੀ ਹੈ? ਹੈਂ ? ਠੀਕ ਹੈ ਜੀਓ ! ਅੰਦਰੋਂ ਸੱਚਾ ਹੋਵਾਂ, ਲੋਕੀਂ ਕੁਛ ਸਮਝਣ ਪਏ, ਮੈਂ ਅੰਦਰੋਂ ਸੱਚਾ ਹੋਵਾਂ, ਹੈਂ ? ਠੀਕ ! ਮੈਂ ਫਿਰ ਸੱਚਾ ਰੱਬ ਲਵਾਂ, ਉਹ ਤਾਂ ਮੇਰੇ ਵੱਸ ਨਾ ਨਾ ਹੋਇਆ, ਪਰ ਹੈ ਉਹ ਸੱਚ, ਹੈਂ ਸੱਚ ਕੀਕੂੰ ਹੋਇਆ ?

ਮਰਦਾਨਾ--ਭਾਈ ਜੋ ਸਦਾ ਹੋਵੇ ਉਹ ਸੱਚ, ਜੋ ਹੈਸੀ ਸਦਾ ਤੋਂ ਉਹ ਸੱਚ, ਜੋ ਹੈ ਹੁਣ, ਜੋ ਹੋਵੇਗਾ ਸਦਾ ਉਹ 'ਸਦਾ ਸੱਚ' ਹੋਇਆ ਨਾ।

ਭੂਮੀਆ-ਠੀਕ; ਉਹ ਰਬ ਸੱਚ ਹੈ, ਸਦਾ ਜੋ ਹੋਇਆ। ਜੋ ਸਦਾ ਹੋਵੇ ਉਹ ਸੱਚ, ਠੀਕ ਹੈ। ਕੂੜ ਤਾਂ ਨਹੀਂ ਨਾ ਸਦਾ ਹੁੰਦਾ, ਉਸ ਨੂੰ ਸੱਚ ਬਣਾ ਕੇ ਬੋਲੀਦਾ ਹੈ, ਤਾਂ ਜਿੰਨਾ ਚਿਰ ਅਗਲੇ ਨੂੰ ਉਸ ਦੇ ਸੱਚੇ ਹੋਣ ਦਾ ਭਰੋਸਾ ਰਹਿੰਦਾ ਹੈ ਉੱਨ੍ਹਾਂ ਚਿਰ ਸੱਚ ਦੀ ਉਮਰ ਹੋਈ। ਜਦੋਂ ਪਤਾ ਲਗ ਗਿਆ ਕਿ ਇਹ ਕੂੜ ਹੈ ਤਾਂ ਉਹ ਸੱਚ ਮਰ ਗਿਆ; ਪਰ ਉਹ ਸੱਚ ਤਾਂ ਸੀ ਹੀ ਨਹੀਂ, ਉਹ ਤਾਂ ਕੂੜ ਸੀ, ਸੋ ਮਰ ਗਿਆ, ਕੂੜ ਮਰਦਾ ਹੈ। ਠੀਕ ਹੈ ਜੀ, ਸੱਚ ਉਹ ਜੋ ਸਦਾ ਰਹੇ ਤੇ ਜੋ ਸਦਾ ਜੀਵੇ ਸੋ ਸੱਚ। ਐਉਂ ਰੱਬ ਜੋ ਸਦਾ ਜੀਉਂਦਾ ਹੈ ਉਹ ਸੱਚ ਹੀ ਹੋਇਆ ਨਾ। ਜਗਤ ਨਹੀਂ ਰਹਿੰਦਾ ਉਹ ਕੂੜ ਹੈ; ਪਰ ਰੱਬ ਰਹਿੰਦਾ ਹੈ ਉਹ ਸੱਚ ਹੈ, ਠੀਕ ਹੈ ਜੀ। ਹਾਂ, ਫਿਰ ਤੁਸਾਂ ਕਿਹਾ ਹੈ ਉਸ ਦਾ ਨਾਮ ਸੱਚ ਹੈ। ਇਹ ਬੀ ਮੈਂ ਅੰਦਰ ਧਾਰ ਲਵਾਂ। ਉਸਦਾ ਨਾਉਂ, ਰੱਬ ਦਾ ਨਾਉਂ ਕੀਕੂੰ ਸੱਚ ਹੈ ? ਹਾਂ, ਰੱਬ ਜੁ ਸੱਚ ਹੋਇਆ ਤਾਂ ਸੱਚੇ ਦਾ ਨਾਉਂ ਬੀ ਸੱਚਾ। ਮੈਂ ਮਰ ਜਾਣਾ ਹੈ ਮੈਂ ਝੂਠਾ ਹਾਂ, ਮੇਰਾ ਨਾਉਂ ਬੀ ਮਰ ਜਾਏਗਾ ਮੇਰੇ ਮਰਨ ਮਗਰੋਂ, ਸੋ ਮੇਰਾ ਨਾਉਂ ਬੀ ਝੂਠਾ। ਐਉਂ ਸੱਚੇ ਦਾ ਨਾਉਂ ਸਚਾ ਆਪੇ ਹੋਯਾ। ਐਉਂ ਕਿ ਐਉਂ ਹੈ ? ਹੈਂ ਜੀਓ ? ਜੀਕੂੰ ਸੂਰਜ ਚਾਨਣ ਹੈ ਤੇ ਉਸ ਦੀ ਧੁੱਪ ਬੀ ਚਾਨਣਾ ਹੈ। ਰੱਬ ਬੀ ਸੱਚ, ਉਸ ਦਾ ਨਾਉਂ ਬੀ ਸਚ। ਰਬ ਸੂਰਜ ਉਸ ਦਾ ਨਾਮ ਧੁੱਪ। ਠੀਕ ਹੈ। ਹੁਣ ਕਾਯਾ ਧਰਤੀ ਵਾਂਙੂ ਸਾਧਣੀ ਹੈ। ਦਇਆ, ਪੁੰਨ ਦਾਨ ਨਾਲ। ਪੁੰਨ ਦਾਨ ਤਾਂ ਮੈਂ ਕਰਦਾ ਹਾਂ, ਇਹ ਤਾਂ ਕਰਨੇ ਜਾਣਦਾ ਹਾਂ, ਪਰ ਦਇਆ ਮੈਂ ਨਾ ਜਾਣੀ ਸੀ। ਹੱਛਾ ਹੁਣ ਦਇਆ ਸਿੱਖਣੀ ਪਈ। ਦਇਆ ਹੋਵੇ ਤਾਂ ਪੁੰਨ ਦਾਨ ਠੀਕ ਹੈ, ਐਵੇਂ ਤਾਂ ਫੋਕੇ ਹੋਏ ਨਾ ਪੁੰਨ ਜਿਵੇਂ ਹੁੰਦੇ ਹਨ ਤੀਲੀਆਂ ਦੇ ਤੀਰ ! ਠੀਕ ਹੈ। ਪਰ ਜੀਓ ਇਹ ਨਾ ਸਮਝਿਆ ਮੈਂ ਕਿ ਆਤਮ ਤੀਰਥ ਕੀਹ ਹੈ ਤੇ ਓਥੇ ਅੰਦਰ ਵੱਸਣਾ ਕੀਹ ਹੈ । ਪਰ ਚੰਗਾ ਮੈਂ ਦਇਆ ਸਿੱਖਾਂ, ਪੁੰਨ ਦਾਨ ਕਰਾਂ, ਜੋ ਕਰਦਾ ਹਾਂ ਤੇ ਸੱਚੇ ਨਾਮ ਨੂੰ ਧਿਆਵਾਂ ਤੇ ਸੱਚੇ ਰੱਬ ਨੂੰ ਮੰਨਾਂ ? ਹੈਂ ਮੰਨਾਂ ? ਹਾਂ, ਅੱਗੇ ਜਾਣਦਾ ਤਾਂ ਹਾਂ ਰੱਬ, ਪਰ ਕਦੇ ਚੇਤੇ ਨਹੀਂ ਰੱਖਿਆ। ਹੱਛਾ ਜੀ ! ਹੁਣ ਗੱਲ ਕੋਈ ਮੋਟੀ ਜੇਹੀ ਕਰਕੇ ਦੱਸ ਦਿਓ ਨਾ।

ਗੁਰੂ ਜੀ--ਭਾਈ ਇਕ ਬਚਨ ਤਾਂ ਇਹ ਹਈ ਕਿ ਸੱਚ ਧਾਰਨ ਕਰ, ਸੱਚ ਬੋਲ, ਸੱਚ ਸੁਣ, ਸੱਚੀ ਸਿੱਖਿਆ ਸੁਣ ਜੋ ਤੈਨੂੰ ਦੇ ਰਹੇ ਹਾਂ, ਅੰਦਰੋਂ ਸੱਚਾ ਰਹੁ, ਸੱਚਾ ਨਾਮ ਜਪੁ। ਦੂਜੀ ਗੱਲ ਹਈ ਇਹ ਕਿ ਦਇਆ ਕਰਿਆ ਕਰ, ਗ਼ੀਬਾਂ ਤੇ ਦਇਆ, ਹੈਂ ? ਤੀਜੀ ਇਹ ਗੱਲ ਕਿ ਤੂੰ ਐਉਂ ਸਮਝ ਲੈ ਕਿ ਲੂਣ ਖਾਕੇ ਬੁਰਾ ਨਾ ਕਰੀਂ ਕਿਸੇ ਦਾ। ਜੇ ਤੂੰ ਤ੍ਰੈ ਬਚਨ ਪਾਲੇਂਗਾ ਤਾਂ ਕਰਮ ਸ਼ੁੱਧ ਹੋ ਜਾਣਗੇ ਤੇ ਮਿਹਰ ਹੋ ਜਾਏਗੀ; ਤੂੰ ਬਖਸ਼ਿਆ ਜਾਏਂਗਾ।

ਭੂਮੀਆ-ਠੀਕ, ਲਓ ਜੀ ਤੁਸਾਂ ਤ੍ਰੈ ਕਰਮ ਦੱਸੇ ਹਨ, ਸੱਚ, ਗ਼ੀਬ ਮਾਰ ਨਾ ਕਰਨੀ, ਦਇਆ ਜਿਹੜੀ ਆਖੀ ਨੇ, ਲੂਣ ਖਾਕੇ ਬੁਰਾ ਨਾ ਕਰਨਾ, ਚੰਗਾ ਜੀ ! ਪਰ ਹੁਣ ਪਹਿਲਾ ਸੱਚ ਇਹ ਜੇ ਜੋ ਮੈਂ ਆਖਿਆ ਏ ਕਿ ਮੈਥੋਂ ਇਹ ਕਿੱਤਾ ਨਹੀਂ ਜੇ ਛੁੱਟਣਾ, ਉਂਦ ਮੈਂ ਜ਼ੋਰ ਲਾਵਾਂਗਾ ਆਪਣੀ ਵਲੋਂ ਜੋ ਛੱਡ ਦਿਆਂ, ਪਰ ਮੈਨੂੰ ਆਪਣੇ ਆਪ ਤੇ ਦ੍ਰਿੜਤਾ ਨਹੀਂ ਜੇ, ਪਰ ਸੱਚ ਬੋਲਾਂਗਾ। ਹੋਰ ਸੱਚ ਜੋ ਤੁਸਾਂ ਆਖੇ ਹਨ, ਹੌਲੇ ਹੌਲੇ ਸਿੱਖ ਲਵਾਂਗਾ, ਪਰ ਦੋ ਤਾਂ ਹੁਣੇ ਧਾਰਦਾ ਹਾਂ। ਇਕ ਬੋਲਣ ਵਾਲਾ ਸੱਚ, ਦੂਸਰੇ ਸੱਚੇ ਦਾ ਨਾਮ ਜਪੀ ਜਾਣਾ। ਸੱਚ ਦਾ ਫਲ ਤਾਂ ਮੈਂ ਪਰਤੱਖ ਜੁ ਦੇਖ ਲਿਆ, ਤੁਸੀਂ ਸੱਚ ਪਰ

[1] ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜ਼ਕਿ ਚਾਲਿਆ ॥ (ਆਸਾ ਦੀ ਵਾਰ ਮ:੧)

ਹੀ ਰੀਝੇ ਹੋ ਨਾ, ਜੋ ਐਨੀ ਮਿਹਰ ਪਏ ਕਰਦੇ ਹੋ। ਦੂਜੀ ਗਲ ਲੂਣ ਖਾਕੇ ਬੁਰਾ ਨਾ ਕਰਨਾ ਤੇ ਤੀਜੀ ਗਲ ਗ੍ਰੀਬ ਮਾਰ ਨਾ ਕਰਨੀ। ਚੰਗਾ ਜੀਓ।

੨.

ਜਿਵੇਂ ਜ਼ੋਰ ਦੀ ਹਵਾ ਵਗੇ ਤਾਂ ਮੈਲੀਆਂ ਮੁਸ਼ਕਾਂ ਦੂਰ ਹੋ ਜਾਂਦੀਆਂ ਹਨ, ਮੀਂਹ ਪਵੇ ਤਾਂ ਛਪੜ ਜੂਹੜ ਤਾਜ਼ੇ ਹੋ ਜਾਂਦੇ ਹਨ, ਚਾਨਣ ਦਾ ਧੱਕਾ ਵਜੇ ਤਾਂ ਹਨੇਰਾ ਦੂਰ ਹੋ ਜਾਂਦਾ ਹੈ, ਭੂਮੀਏਂ ਦੇ ਪਾਪਾਂ ਨੂੰ ਇਉਂ ਦਾ ਧਮਾਕਾ ਦੇਕੇ ਉਪਕਾਰੀ ਸਤਿਗੁਰੂ ਜੀ ਅੱਗੇ ਨੂੰ ਰਮਦੇ ਰਹੇ।

ਭੂਮੀਆ ਹੁਣ ਅਪਣੇ ਕਿੱਤੇ ਨੂੰ ਛੱਡਦਾ ਹੈ, ਦੋ ਚਾਰ ਦਿਨ ਟਿਕਕੇ ਬੈਠਦਾ ਹੈ, ਪਰ ਫੇਰ ਝੱਸ ਆ ਪੈਂਦਾ ਹੈ। ਸੱਚੇ ਦਾ ਨਾਮ ਬੀ ਜਪਦਾ ਹੈ, ਪਰ ਅਜੇ ਨਾਮ ਤਾਂ ਨਵਾਂ ਫੁੱਟਿਆ ਅੰਗੂਰ ਹੈ ਤੇ ਬਣੇ ਹੋਏ ਸੁਭਾਉ ਰੁੱਖ ਹਨ ਪਤਾਲੀਂ ਜੜ੍ਹਾਂ ਵਾਲੇ। ਪਰ ਇਕ ਫਰਕ ਪੈ ਰਿਹਾ ਹੈ, ਅੱਗੇ ਕਰਦਾ ਸੀ ਤਾਂ ਬਫਾਉਂਦਾ ਸੀ ਆਪਣੀ ਕਾਮਯਾਬੀ ਉੱਤੇ, ਹੁਣ ਕਰਦਾ ਹੈ ਤਾਂ ਕਹਿੰਦਾ ਹੈ, ਕੀਹ ਲੀਤਾ ਕਿਸੇ ਦਾ ਧਨ ਹਿਰਕੇ। ਤਦੇ ਸਤਿਗੁਰੂ ਜੀ ਕਹਿੰਦੇ ਸਨ ਛੱਡ ਦੇਹ ਕਿੱਤਾ। ਐਉਂ ਦੇ ਜੱਕੋ ਤੱਕਿਆਂ ਵਿਚ ਸੋਚਨ ਲਗਾ; 'ਉਹ ਹੋ ਮੈਂ ਤਾਂ ਬਚਨ ਦਿਤਾ ਸੀ ਕਿ ਦਇਆ ਕਰਾਂਗਾ ਤੇ ਜੋ ਕੁਛ ਮੈਂ ਕਰਦਾ ਹਾਂ ਇਹ ਤਾਂ ਦਇਆ ਨਹੀਂ'। ਜਾਂ ਇਹ ਸੋਚ ਲੱਗੀ ਵੱਢ ਵੱਢ ਕੇ ਖਾਣ ਤਾਂ ਕਹਿਣ ਲੱਗਾ 'ਮਨਾਂ ਛੱਡ ਹੁਣ ਤੂੰ ਘਰ ਭਨਾਉਣੇ ਤੇ ਰਾਹ ਖਹਿੜੇ ਲੋਕਾਂ ਨੂੰ ਖੋਹਣਾ। ਇਸ ਵਿਚ ਦਇਆ ਨਹੀਂ ਤੇ ਗਰੀਬ ਮਾਰ ਬੀ ਕਈ ਵੇਰ ਹੋ ਜਾਂਦੀ ਹੈ। ਪਰ ਮਨਾਂ ! ਸਦਾਬ੍ਰਤ ਕੀਕੂੰ ਚੱਲੇ, ਨੌਕਰਾਂ ਜੋਗੇ ਰੁਪੈ ਕਿਥੋਂ ਆਉਣ। ਖਰਚ–ਸ਼ਾਹ ਖਰਚ––ਕੀਕੂੰ ਟੁਰਨ ? ... ਹੱਛਾ ਬਈ, ਵਾਹ ਵਾਹ ਫੁਰ ਪਈ, ਚੰਗਾ ...। ਚਲੋ ਰਾਜਾ ਦਾ ਘਰ ਭੰਨੀਏ। ਇਸ ਵਿਚ ਗ਼ਰੀਬ ਮਾਰ ਕੋਈ ਨਹੀਂ, ਰਾਜਾ ਸਭ ਤੋਂ ਵਡਾ ਅਮੀਰ ਹੈ; ਉਸ ਦਾ ਘਰ ਲੁੱਟਣ ਵਿਚ ਕੁਦਇਆ ਵੀ ਕੋਈ ਨਹੀਂ, ਰਾਜੇ ਪਾਸ ਕਿਹੜਾ ਆਪਣਾ ਧਨ ਹੈ ਤੇ ਓਸ ਕਿਹੜਾ ਕੰਗਾਲ ਹੋ ਜਾਣਾ ਹੈ। ਬੱਸ ਠੀਕ ਹੈ, ਮਨ ਮੇਰੇ ! ਚੱਲ ਹੁਣ ਘਰ ਭੰਨ ਰਾਜੇ ਦਾ। ਇੱਕੋ ਵੇਰ ਆ ਜਾਏਗੀ ਮਾਯਾ ਚੋਖੀ ਤੇ ਢੇਰ ਚਿਰ ਲੰਘ ਜਾਏਗਾ।'

ਇਹ ਸੋਚਕੇ ਉਸ ਨੇ ਅਗਲੀ ਰਾਤ ਅਮੀਰਾਂ ਵਾਲੇ ਕਪੜੇ ਪਹਿਨੇ ਤੇ ਮੱਥੇ ਜਿਗਾ ਬੀ ਲਾ ਲਈ, ਸੁਹਣਾ ਸ਼ਾਹਜ਼ਾਦਾ ਬਣਕੇ ਚਾਰ ਘੜੀ ਰਾਤ ਗਈ ਰਾਜ ਦੁਆਰ ਚਲਾ ਗਿਆ ਬੇਝਕ ਤੇ ਆਪਣੇ ਮੂੰਹ ਧਿਆਨ ਅੰਦਰ ਜਾਣ ਲੱਗਾ ਤਾਂ ਦਰਵਾਨ ਨੇ ਕਿਹਾ, ਮਹਾਰਾਜ ਆਪ ਕੌਣ ਹੋ ਜੋ ਅੰਦਰ ਜਾਂਦੇ ਹੋ ?

ਭੂਮੀਏਂ ਨੂੰ ਸੋਚ ਪੈ ਗਈ-ਝੂਠ ਕਹਾਂ ਕਿ ਸੱਚ? ਮਨ ਨੇ ਕਿਹਾ ਪ੍ਰਣ ਜੋ ਕੀਤਾ ਹੈ ਕਹੁ ਸੱਚ। ਤਾਂ ਉਸ ਨੇ ਬੜੀ ਦ੍ਰਿੜ੍ਹਤਾ ਨਾਲ ਆਖਿਆ: ਮੈਂ ਚੋਰ ਹਾਂ। ਦਰਵਾਨ ਸੁਣਕੇ ਘਾਬਰਿਆ, ਫਿਰ ਠਿਠੰਬਰਿਆ ਕਿ ਇਹ ਰਾਜਾ ਦਾ ਕੋਈ ਸਨਬੰਧੀ ਰਾਜ ਕੁਮਾਰ ਹੈ ਜੋ ਬੇਖਟਕੇ ਅੰਦਰ ਲੰਘ ਚਲਿਆ ਸੀ, ਮੈਂ ਰੋਕਿਆ ਹੈ ਤਾਂ ਗੁੱਸੇ ਹੋ ਗਿਆ ਹੈ ਤੇ ਗੁੱਸੇ ਨਾਲ ਆਪ ਨੂੰ ਚੋਰ ਕਹਿੰਦਾ ਹੈ, ਐਸਾ ਨਾ ਹੋਵੇ ਕਿ ਰਾਜਾ ਨੂੰ ਜਾ ਕਹੇ ਕਿ ਦਰਵਾਨ ਨੇ ਮੇਰੀ ਹੱਤਕ ਕੀਤੀ ਹੈ ਤਾਂ ਮੈਂ ਸਜ਼ਾ ਪਾ ਜਾਵਾਂ, ਮੈਂ ਨਵਾਂ ਆਦਮੀ ਹਾਂ। ਤਾਂ ਕਹਿਣ ਲਗਾ–– ਹਛਾ ਮਹਾਰਜ ਜੀ ਜਾਓ ਖਿਮਾਂ ਕਰਨੀ।

ਭੂਮੀਆਂ ਚਲਾ ਗਿਆ ਅੰਦਰ ਨੂੰ, ਉਹ ਰਾਹ ਤੇ ਮਹੱਲ ਦਾ ਜਾਣੂ ਸੀ। ਜ਼ਿਮੀਂਦਾਰ ਵਡਾ ਹੋਣ ਕਰਕੇ ਕਈ ਵੇਰ ਆਇਆ ਗਿਆ ਤੇ ਰਾਜੇ ਦੇ ਮੂੰਹ ਚਿਤ ਲਗਦਾ ਸੀ। ਸਾਰੀਆਂ ਗੁਪਤ ਥਾਂਵਾਂ ਦੀਆਂ ਸੂੰਹਾਂ ਬੀ ਕੱਢ ਕਢਾ ਚੁਕਾ ਸੀ। ਜਾ ਰਾਜੇ ਦਾ ਨਿੱਜ ਦਾ ਥਾਂ ਲੱਭਿਓਸੁ। ਰਾਜੇ ਰਾਣੀ ਦੇ ਗਹਿਣੇ ਲੈ ਦੇਕੇ ਸੁਹਣੀ ਤਰ੍ਹਾਂ ਸੰਭਾਲ ਕੇ ਟੁਰਨ ਲੱਗਾ ਤਾਂ ਇਕ ਸੋਨੇ ਦੀ ਰਕੇਬੀ ਹੋਰ ਦਿੱਸੀਓਸੁ। ਇਸ ਨੂੰ ਚਾਇਓਸੁ ਤਾਂ ਉਸ ਦੇ ਵਿਚ ਕੁਝ ਸੀ, ਟੋਹਕੇ ਦੇਖਣ ਲੱਗਾ ਕਿ ਇਹ ਕੀ ਹੈ ਤਾਂ ਉਹ ਹੱਥਾਂ ਨੂੰ ਲੱਗ ਗਿਆ। ਹਰਿਆਨ ਹੋਕੇ ਚੱਖਿਓਸੁ ਤਾਂ ਉਹ ਹਾਜ਼ਮੇ ਦਾ ਚੂਰਨ ਲੱਗਾ, ਪਰ ਦੇਖੋ ਉਸ ਵਿਚ ਲੂਣ ਸੀ, ਉਹ ਲਗ ਗਿਆ ਭੂਮੀਏਂ ਦੇ ਮੂੰਹ ਨੂੰ। ਭੂਮੀਆਂ ਸੋਚੀਂ ਪੈ ਗਿਆ। .. ਹੈਂ, ਮੈਂ ਤਾਂ ਰਾਜੇ ਦਾ ਲੂਣ ਖਾ ਲਿਆ ਹੈ ! ਸਤਿਗੁਰ ਨਾਲ ਬਚਨ ਕੀਤਾ ਸੀ ਕਿ ਮੈਂ ਤਾਂ ਲੂਣ ਖਾਕੇ ਬੁਰਾ ਨਹੀਂ ਕਰਾਂਗਾ, ਹੁਣ ਚੋਰੀ ਕਿਵੇਂ ਕਰਾਂ, ਪਰ ਨਹੀਂ ਸਤਿਗੁਰ ਦੀ ਸਿਖਯਾ ਏਸ ਵਿਚ ਇਹ ਸੀ ਕਿ

ਆਪਣੇ ਮਿੱਤ੍ਰਾਂ ਤੇ ਸੰਬੰਧੀਆਂ ਦਾ ਬੁਰਾ ਨਹੀਂ ਕਰਨਾ, ਕਿਉਂਕਿ ਖਾਣ ਪੀਣ ਦੀ ਸਾਂਝ ਉਹਨਾਂ ਨਾਲ ਹੁੰਦੀ ਹੈ। ਦੂਜੇ ਇਹ ਬੀ ਹੋਊ ਕਿ ਜਿਸ ਦੀ ਨੌਕਰੀ ਕਰੀਏ ਉਸ ਦਾ ਦਿੱਤਾ ਖਾਈਦਾ ਹੈ, ਉਸ ਦਾ ਬੁਰਾ ਨਾ ਕਰਨਾ ਬੀ ਏਸ ਵਿਚ ਆ ਗਿਆ, ਤੀਸਰੇ ਮੰਗ ਖਾਣ ਵਾਲੇ ਵਾਸਤੇ ਬੀ ਸਿਖਯਾ ਹੋਊ ਕਿ ਜਿਸ ਦਾ ਦਿੱਤਾ ਖਾਣਾ ਹੈ ਦਾਤੇ ਦਾ, ਉਸ ਦਾ ਬੁਰਾ ਨਾ ਕਰੀਏ, ਸੋ ਨਾ ਮੈਂ ਕਿਸੇ ਦਾ ਦਿੱਤਾ ਖਾਂਦਾ ਹਾਂ, ਨਾ ਕਿਸੇ ਦਾ ਚਾਕਰ ਹਾਂ, ਸੰਬੰਧੀਆਂ ਮਿਤ੍ਰਾਂ ਦਾ ਬੁਰਾ ਮੈਂ ਕਰਦਾ ਹੀ ਨਹੀਂ, ਫਿਰ ਸਿੱਖਿਆ ਤਾਂ ਕਮਾਈ ਗਈ ਹੈ, ਹੈਂ ? (ਹੋਰ ਸੋਚ ਕੇ) ਹੈਂ, ਪਰ ਬਚਨ ਤਾਂ ਏਹੋ ਕੀਤਾ ਸੀ ਗੁਰੂ ਜੀ ਨੇ ਕਿ ਲੂਣ ਖਾ ਕੇ ਬੁਰਾ ਨਹੀਂ ਕਰਨਾ। ਲੂਣ ਹੁਣ ਖਾਧਾ ਗਿਆ, ਚਾਹੇ ਕਿਵੇਂ ਖਾਧਾ ਗਿਆ, ਮੈਨੂੰ ਤਾਂ ਬਚਨ ਪਾਲਣਾ ਚਾਹੀਏ। ਜੇ ਮੈਂ ਜੋ ਕੁਛ ਸਮਝਿਆ ਹੈ ਠੀਕ ਨਾ ਨਿਕਲੇ ਤਾਂ ਦਾਤਾ ਗੁਰੂ ਮਿਹਰ ਨਾ ਕਰਸੀ। ਹਾਂ ਜੀ, ਮਿਹਰ ਨਾਲ ਪਾਪ ਬਖਸ਼ੀਣੇ ਹਨ। ਮਿਹਰ ਨਾਲ ਮੈਂ ਸੱਚ ਦੇ ਤੀਰਥ ਤੇ ਅੱਪੜਨਾ ਹੈ। ਮਿਹਰ ਨਾਲ ਮੈਂ ਅੱਗੇ ਜਾਕੇ ਸੁਖੀ ਹੋਣਾ ਹੈ, ਸੋ ਮਿਹਰ ਲੈਣ ਲਈ ਮੈਂ ਹੁਕਮ ਪਾਲਨਾ ਹੈ। ਲੂਣ ਖਾਕੇ ਬੁਰਾ ਨਹੀਂ ਕਰਨਾ ਇਹ ਹੁਕਮ ਹੈਸੀ। ਮੈਂ ਬਚਨ ਦਿੱਤਾ ਹੈ ਕਿ ਕਮਾਵਾਂਗਾ, ਇਹ ਪਾਲਣਾ ਹੈ ਜ਼ਰੂਰ। ... ਹੈਂ ਫੇਰ ਘਰ ਦਾ ਖਰਚ ਕੀਕੂੰ ਟੁਰੂ ? ਹੱਛਾ ਹੋਰ ਰਾਜਾ ਕੋਈ ਚੱਲ ਸੱਲਾਂਗੇ। ਚੱਲ ਮਨਾਂ ਹੁਣ ਚੱਲ। ਇਹੋ ਜਿਹੀਆਂ ਗਿਣਤੀਆਂ ਗਿਣਦਾ ਸਭ ਕੁਛ ਲੀਤਾ ਬੱਧਾ ਓਥੇ ਹੀ ਛੋੜਕੇ ਭੂਮੀਆਂ ਟੁਰ ਗਿਆ ਤੇ ਆਪਣੇ ਸਿਆਣੇ ਰਸਤਿਓਂ ਕਿਸੇ ਚਾਤੁਰੀ ਨਾਲ ਮਲਕੜੇ ਨਿਕਲ ਗਿਆ।

੩.

**ਜਾਂ** ਦਿਨ ਹੋਇਆ ਤਾਂ ਰਾਜੇ ਨੇ ਡਿੱਠਾ ਕਿ ਮੇਰੇ ਹੀਰੇ ਪੰਨੇ ਤੇ ਰਾਣੀ ਦੇ ਸਾਰੇ ਜਵਾਹਰਾਤ ਦੇ ਗਹਿਣੇ ਕੱਠੇ ਕੀਤੇ ਬੱਧੇ ਪਏ ਹਨ। ਖਹੁਲੇ, ਦੇਖੇ ਸਾਰੇ ਜਿਉਂਕੇ ਤਿਉਂ ਸਨ, ਪਰ ਇਹ ਪ੍ਰਤੱਖ ਦਿੱਸਦਾ ਸੀ ਕਿ ਕੋਈ ਚੋਰ ਆਇਆ ਹੈ ਤੇ ਉਹ ਸਭ ਕੁਛ ਲੈ ਚਲਿਆ ਸੀ, ਪਰ ਫੇਰ ਕਿਸੇ ਗੱਲੋਂ ਛੱਡਕੇ ਟੁਰ ਗਿਆ ਹੈ[੧]। ਇਹ ਹੈਰਾਨੀ ਸੀ ਕਿ ਉਹ ਕਿਉਂ ਛੱਡ ਗਿਆ ਹੈ, ਪਰ ਨਾਲ ਹੀ ਰਾਜੇ ਨੂੰ ਗੁੱਸਾ ਸੀ ਕਿ ਮੇਰੇ ਮਹਿਲਾਂ ਤੱਕ ਚੋਰ ਅੱਪੜ ਕੀਕੂੰ ਗਿਆ ਤੇ ਧੁਰ ਅੰਤਹਪੁਰ ਵਿਚ ਵੜ ਕੀਕੂੰ ਗਿਆ। ਸੋ ਪਹਿਲੀ ਪੁੱਛ ਪਹਿਰੇਦਾਰਾਂ ਨੂੰ ਹੋਈ। ਉਹਨਾਂ ਤੋਂ ਪਤਾ ਲਗ ਗਿਆ ਕਿ ਰਾਜਕੁਮਾਰ ਦੇ ਭੇਸ ਵਿਚ ਇਕ ਆਦਮੀ ਅੰਦਰ ਗਿਆ ਹੈ ਰਾਤ ਨੂੰ। ਉਸ ਗੁੱਸੇ ਨਾਲ ਆਖਿਆ ਬੀ ਸੀ ਕਿ ਮੈਂ ਚੋਰ ਹਾਂ, ਪਰ ਨਵੇਂ ਪਹਿਰੇਦਾਰ ਨੇ ਰਾਜਕੁਮਾਰ ਸਮਝ ਕੇ ਉਸ ਨੂੰ ਲੰਘ ਜਾਣ ਦਿਤਾ। ਹੁਣ ਐਸੇ ਦਿਲਾਵਰ ਚੋਰ ਨੂੰ ਪਕੜਨ ਦੀ ਚਾਹ ਰਾਜੇ ਦੇ ਦਿਲ ਵਿਚ ਹੋਰ ਥਾਂ ਕਰ ਗਈ ਕਿ ਜੋ ਤਲੀ ਤੇ ਦੀਵਾ ਧਰਕੇ ਚੋਰੀ ਦਾ ਹੀਆ ਕਰ ਸਕਦਾ ਹੈ। ਸੋ ਹੁਕਮ ਹੋ ਗਿਆ ਤੇ ਕੋਤਵਾਲ ਅਰ ਉਸਦੇ ਸੇਵਕ ਲੱਗੇ ਲੱਭਣ। ਇਨ੍ਹਾਂ ਲੋਕਾਂ ਨੂੰ ਤਰਸ ਦਇਆ ਨਹੀਂ ਹੁੰਦੀ, ਇਨ੍ਹਾਂ ਲੋਕਾਂ ਦਾ ਪਾਪੀਆਂ ਨਾਲ ਵਾਹ ਪੈਕੇ ਏਹ ਹਰ ਕਿਸੇ ਨੂੰ ਮਾੜਾ ਸਮਝਣ ਲੱਗ ਜਾਂਦੇ ਹਨ, ਸੋ ਸ਼ੁਭੇ ਵਿਚ ਹੀ ਕਈ ਫੜੇ ਜਾਣ ਲੱਗ ਪਏ। ਕਈ ਦਿਨ ਬੀਤ ਗਏ, ਪਕੜ ਪਕੜਾਈ ਹੁੰਦੀ ਰਹੀ, ਜਦ ਕੋਈ ਪਤਾ ਨਾ ਲੱਗਾ ਤਾਂ ਮਾਰ ਕੁਟਾਈਆਂ ਟੁਰ ਪਈਆਂ। ਇਹ ਖ਼ਬਰ ਹੁਣ ਭੂਮੀਏ ਨੂੰ ਬੀ ਆ ਲੱਗੀ ਕਿ ਮੇਰੇ ਕੀਤੇ ਅਪਰਾਧ ਦੇ ਬਦਲੇ ਗ਼ਰੀਬ ਮਾਰ ਹੋ ਰਹੀ ਹੈ। ਬੇਗੁਨਾਹ ਫੜੇ ਜਾ ਰਹੇ ਹਨ, ਧਨ ਪੈਸੇ ਵਾਲੇ ਵੱਢੀਆਂ ਦੇ ਕੇ ਛੁੱਟ ਆਉਂਦੇ ਹਨ। ਪਰ ਗ਼ਰੀਬਾਂ ਦੀਆਂ ਪਈਆਂ ਖਲਾਂ ਉਧੜਦੀਆਂ ਹਨ। ਭੂਮੀਏਂ ਸੋਚਿਆ, ਸਤਿਗੁਰਾਂ ਦਾ ਤਾਂ ਮੈਨੂੰ ਹੁਕਮ ਸੀ ਕਿ ਗ਼ਰੀਬ ਮਾਰ ਨਹੀਂ ਕਰਨੀ, ਪਰ ਗ਼ਰੀਬ ਮਾਰ ਹੋ

---

[੧] ਭਾਈ ਗੁਰਦਾਸ ਜੀ ਨੇ ਭੀ ਇਕ ਕਥਾ ਚੋਰ ਤੇ ਸ਼ਾਹ ਦੇ ਘਰ ਜਾਣ ਦੀ ਇਸੇ ਨਾਲ ਮਿਲਦੀ ਜੁਲਦੀ ਲਿਖੀ ਹੈ 'ਚੋਰ ਗਿਆ ਘਰ ਸ਼ਾਹ ਦੇ ਜਾ ਅੰਦਰ ਵੜਿਆ।' {ਵਾਰ ਭਾ: ਗੁ:}

ਸੋ ਹੋ ਸਕਦਾ ਹੈ ਕਿ ਭਾਈ ਗੁਰਦਾਸ ਨੇ ਏਹੋ ਭੂਮੀਏ ਵਾਲੀ ਸਾਖੀ ਸੁਣਕੇ ਕਥਾ ਲਿਖੀ ਹੋਵੇ। ਅਗੋਂ ਗਿਆਨੀਆਂ ਦੇ ਜੋ ਯਾਦ ਹੋਈ ਇਹ ਕਥਾ ਕਿਸੇ ਆਮ ਚੋਰ ਬਾਬਤ, ਸੋ ਭਾਈ ਗੁਰਦਾਸ ਦੀ ਵਾਰ ਤੋਂ ਲਈ ਹੋਵੇ ਜੋ ਓਹ ਲੂਣ ਖਾਕੇ ਬੁਰਾ ਨਾ ਕਰਨ ਦੇ ਵਿਸ਼ੇ ਵਿਚ ਵਰਤਦੇ ਹਨ।

ਰਹੀ ਹੈ। ਭਾਵੇਂ ਮੈਂ ਤਾਂ ਗਰੀਬ ਮਾਰ ਨਹੀਂ ਕਰ ਰਿਹਾ, ਪਰ ਇਹ ਹੋ ਤਾਂ ਮੇਰੇ ਬਦਲੇ ਹੀ ਰਹੀ ਹੈ ਨਾ। ਕਰਾਂ ਮੈਂ ਤੇ ਭਰਨ ਗ਼ਰੀਬ, ਤਾਂ ਤੇ ਇਸ ਗ਼ਰੀਬ ਮਾਰ ਦਾ ਦੋਸ਼ ਮੇਰੇ ਮੱਥੇ ਹੈ। ਚੱਲ ਹੇ ਮਨ ! ਹੁਣ ਮੌਤ ਕਿ ਬੰਦੀ ਜੋ ਮਿਲੇ ਸੋ ਸਹਿ ਲੈ, ਪਰ ਗ਼ਰੀਬਾਂ ਨੂੰ ਛੁਡਾ ਦੇਹ ਤੇ ਸਤਿਗੁਰਾਂ ਦੀ ਮਿਹਰ ਨਾ ਗੁਆ। ਅੰਤ ਨੂੰ ਪਿਛਲੇ ਕੀਤਿਆ ਦਾ ਭੋਗ ਭੋਗਣਾ ਹੀ ਹੈ ਨਾ। ਇਹ ਵੀਚਾਰਕੇ ਭੂਮੀਆਂ ਬਣ ਠਣ ਕੇ ਰਾਜੇ ਦੇ ਦਰਬਾਰ ਪਾਸ ਚਲਾ ਗਿਆ ਤੇ ਅਚਾਨਕ ਮਿਲਣ ਦਾ ਦਾਉ ਤੱਕਦਾ ਰਿਹਾ। ਜਦ ਰਾਜਾ ਦਰਬਾਰੋਂ ਬਾਹਰ ਆਇਆ ਤਾਂ ਦਾਉ ਬਚਾਕੇ ਫੁਰਤੀ ਨਾਲ ਰਾਜੇ ਦੇ ਸਾਹਮਣੇ ਜਾ ਖੜੋਤਾ। ਹੱਥ ਬੰਨ੍ਹਕੇ ਅਰਜ਼ ਕੀਤੀ ਓਸੁ ਕਿ ਹੇ ਰਾਜਨ ! ਤੇਰਾ ਚੋਰ ਮੈ ਹਾਂ, ਮੈਂ ਤੇਰਾ ਧਨ ਮਾਲ ਚੁਰਾਇਆ ਸੀ, ਪਰ ਫੇਰ ਓਥੇ ਹੀ ਛੱਡਕੇ ਟੁਰ ਆਇਆ ਸਾਂ। ਇਹ ਜੋ ਆਪ ਦੇ ਕੋਟਵਾਲ ਦੇ ਕਰਮਚਾਰੀ ਗ਼ਰੀਬਾਂ ਨੂੰ ਮਾਰ ਰਹੇ ਹਨ ਛੁਡਾ ਦੇਹ, ਜੋ ਓਹ ਸਭ ਬੇ-ਗੁਨਾਹ ਹਨ, ਗੁਨਾਹੀ ਮੈਂ ਹਾਂ, ਮੈਨੂੰ ਜੋ ਦੰਡ ਚਿਤ ਆਵੇ ਦਿਓ।

ਰਾਜਾ ਤੇ ਰਾਜੇ ਦੇ ਪਾਸ ਖੜੇ ਅਹਿਲਕਾਰ ਹੱਕੇ ਬੱਕੇ ਰਹਿ ਗਏ ਕਿ ਐਸਾ ਚੋਰ ਕਦੇ ਨਹੀਂ ਸੀ ਸੁਣਿਆ। ਕਿਸ ਦਲੇਰੀ ਤੇ ਹਿਕਮਤ ਨਾਲ ਚੋਰੀ ਕਰਦਾ ਹੈ, ਫਿਰ ਮਾਲ ਧਨ ਛੋੜ ਜਾਂਦਾ ਹੈ। ਫਿਰ ਚੋਰ ਹੋਕੇ ਕਿਤਨਾ ਤਰਸਵਾਨ ਹੈ ਕਿ ਗਰੀਬਾਂ ਦਾ ਦੁੱਖ ਦੇਖ ਨਹੀਂ ਸਕਦਾ, ਇਹ ਧਰਮੀ ਹੈ ਕਿ ਕੁਧਰਮੀ ?

ਤਦ ਰਾਜੇ ਨੇ ਪੁੱਛਿਆ, ਭਾਈ ! ਤੂੰ ਇਤਨਾ ਮਾਲ ਪਦਾਰਥ ਲੈਕੇ ਛੱਡ ਕਿਉਂ ਗਿਆ ? ਕੋਈ ਜਾਗ ਪਿਆ ਸੀ ਕਿ ਤੈਨੂੰ ਕੋਈ ਭੁਲੇਖਾ ਲੱਗਾ ਸੀ ?

ਭੂਮੀਆ-ਨਹੀਂ ਰਾਜਾ ! ਸੱਚ ਇਹ ਹੈ ਕਿ ਮੈਨੂੰ ਕੋਈ ਨਹੀਂ ਸੀ ਫੜ ਸਕਦਾ ਤੇ ਮੈਨੂੰ ਡਰ ਬੀ ਕੋਈ ਨਹੀ ਸੀ, ਪਰ ਮੈਨੂੰ ਗੁਰੂ ਮਿਲਿਆ ਹੈ ਜੋ ਅਕਾਸ਼ਾਂ ਵਿੱਚੋਂ ਉਤਰਿਆ ਹੈ। ਓਨ ਮੈਨੂੰ ਤ੍ਰੈ ਸੁਮੱਤਾਂ ਦਿਤੀਆਂ ਸਨ। ਉਹਨਾਂ ਵਿਚੋਂ ਇਕ ਇਹ ਸੀ ਕਿ ਲੂਣ ਖਾਕੇ ਬੁਰਾ ਨਹੀਂ ਕਰਨਾ। ਜਦ ਆਪ ਦਾ ਮਾਲ ਪਦਾਰਥ ਮੈਂ ਲੈਕੇ ਟੁਰਿਆ ਤਾ ਆਪ ਦਾ ਓਸੇ ਥਾਂ ਪਿਆ ਚੂਰਨ ਕਿਵੇਂ ਮੇਰੇ ਮੂੰਹ ਲਗ ਗਿਆ, ਸੋ ਰਾਜਾ! ਲੂਣ ਖਾਧਾ ਗਿਆ। ਹੁਣ ਮੈਂ ਕਿਵੇਂ ਬੁਰਿਆਈ ਕਰ ਸਕਦਾ ਸਾਂ। ਸੋ ਸਭ ਕੁਛ ਛੋੜਕੇ ਟੁਰ ਗਿਆ। ਰਾਜਾ ਇਹ ਸੁਣਕੇ ਹੋਰ ਅਚਰਜ ਹੋ ਗਿਆ ਕਿ ਹੈਂ ਇਹ ਚੋਰ ਹੈ ਦੁਰਾਚਾਰੀਆਂ ਕਰਨ ਵਾਲਾ ! ਪਰ ਕੈਸਾ ਗੁਰੂ-ਆਗਯਾ ਦਾ ਪ੍ਰੇਮੀ ਹੈ ਕਿ ਅੱਖਰ ਅੱਖਰ ਦੀ ਸਿਖ੍ਯਾ ਪੂਰੀ ਕਰਦਾ ਹੈ। ਇਹ ਕੀਹ ਹੋਇਆ-ਸਰੇਸ਼ਟਾਚਾਰੀ ਕਿ ਦੁਰਾਚਾਰੀ ? ਫੇਰ ਰਾਜੇ ਨੂੰ ਅਪਣੇ ਰਾਜ ਸ਼ਾਸਨ ਦੀ ਗੱਲ ਫੁਰੀ, ਪੁੱਛਣ ਲੱਗਾ, ਓ ਨਿਡਰ ਆਦਮੀ ! ਤੈਨੂੰ ਇਹ ਡਰ ਨਹੀਂ ਆ ਰਿਹਾ ਕਿ ਮੈਂ ਤੈਨੂੰ ਦੰਡ ਦੇ ਸਕਦਾ ਹਾਂ, ਕਿਵੇਂ ਸੱਚ ਸੱਚ ਬਿਨਾਂ ਮਾਰੇ ਕੁੱਟੇ ਆਪੇ ਮੇਰੇ ਦੁਆਰੇ ਆਕੇ ਦੱਸ ਰਿਹਾ ਹੈਂ ?

ਭੂਮੀਆ-ਏਸ ਕਰਕੇ ਰਾਜਾ ! ਕਿ ਮੈਂ ਆਪਣੇ ਸਤਿਗੁਰ ਨਾਲ ਨੇਮ ਕੀਤਾ ਹੈ ਕਿ ਕਦੇ ਝੂਠ ਨਹੀਂ ਬੋਲਾਂਗਾ। ਸੱਚ ਨਾਲ ਪਿਆਰ ਕਰਾਂਗਾ ਤੇ ਸੱਚ ਨੂੰ ਰਿਦੇ ਵਿਚ ਧਾਰਾਂਗਾ। ਏਸ ਲਈ ਮੈਂ ਸੱਚ ਬੋਲ ਰਿਹਾ ਹਾਂ[੧]।

ਰਾਜਾ (ਹੋਰ ਸੋਚ ਵਿਚ ਪੈਕੇ)-ਤੂੰ ਪਕੜਿਆ ਨਹੀਂ ਗਿਆ, ਆਪੇ ਕਿਉਂ ਆ ਗਿਆ ਹੈਂ ਰਾਜ ਦੰਡ ਨੂੰ ਆਪਣੇ ਉਤੇ ਲੈਣ ਵਾਸਤੇ ?

ਭੂਮੀਆ-ਹੇ ਰਾਜਨ ! ਮੈਂ ਬੇਨਤੀ ਕਰ ਚੁਕਾ ਹਾਂ ਕਿ ਮੇਰਾ ਸਤਿਗੁਰ ਨਾਲ ਬਚਨ ਹੈ ਕਿ ਗਰੀਬ ਮਾਰ ਨਹੀਂ ਕਰਾਂਗਾ ਤੇ ਹੁਣ ਆਪ ਦੇ ਕਰਮਚਾਰੀ ਗ਼ਰੀਬਾਂ ਨੂੰ ਮਾਰ ਕੁੱਟ ਰਹੇ ਹਨ ਤੇ ਇਸ ਦਾ ਕਾਰਨ ਮੈਂ ਹਾਂ। ਇਸ ਕਰਕੇ ਮੈਂ ਆਇਆ ਹਾਂ ਕਿ ਕਰਾਂ ਮੈਂ ਤੇ ਭਰਨ ਗ਼ਰੀਬ ! ਇਹ ਕਿਉਂ ? ਨਹੀਂ; ਕਰੇ ਭੂਮੀਆਂ ਤੇ ਭਰੇ ਬੀ ਭੂਮੀਆ।

ਰਾਜਾ ਹੋਰ ਅਚੰਭਾ ਹੋਕੇ-ਹੈਂ, ਓਇ ਤੂੰ ਭੂਮੀਆਂ ਹੈਂ ? ਤੂੰ ਤਾਂ ਸਾਡਾ ਇਕ ਵਡਾ ਜ਼ਿਮੀਂਦਾਰ ਹੈਂ ! ਤੂੰ ਬੜਾ ਦਾਨੀ ਪ੍ਰਸਿੱਧ ਹੈਂ, ਸਾਧ ਸੇਵੀ ਹੈਂ, ਤੂੰ ਚੋਰ ! ਤੂੰ ਤਾਂ ਅਸਾਂ ਧਰਮੀ ਜਾਣਿਆ ਹੋਇਆ ਸੈਂ ?

ਭੂਮੀਆਂ-ਠੀਕ ਹੈ ਜੀਉ ! ਮੈਂ ਬੀ ਆਪਣੇ ਆਪਨੂੰ ਧਰਮੀ ਸਮਝਦਾ ਸਾਂ ਜੋ ਮੈਂ ਚੋਰੀ ਕਰਕੇ ਧਾੜਾ ਮਾਰਕੇ ਧਨ ਲਿਆਉਂਦਾ ਸਾਂ ਸੋ ਮੈਂ ਪਰਸੁਆਰਥ

---

[੧] ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥ ਜਿਨੀ ਸਚੋ ਸਚੁ ਬੁਝਾਇਆ ॥ {ਵਾਰ ਆਸਾ ਮਹਲਾ ੧}

ਤੇ ਸਾਧ ਸੇਵਾ ਤੇ ਲਾਉਂਦਾ ਸਾਂ। ਮੈਂ ਸਮਝਦਾ ਸਾਂ ਕਿ ਮੈਂ ਪੁੰਨੀ ਹਾਂ, ਦਾਨ ਜੁ ਕਰਦਾ ਹਾਂ, ਪਰ ਵੇਖ ਰਾਜਾ ! ਇਕ ਦਿਨ ਆ ਗਿਆ ਉਹ ਸੰਤ, ਸੰਤ ਕਿ ਆਪ ਰੱਬ ਦੀ ਜੋਤਿ, ਓਨ ਮੇਰੇ ਨੈਣ ਖੋਹਲੇ। ਉਹ ਆਖੇ ਤੇਰੇ ਘਰ ਦਾ ਅੰਨ ਨਹੀਂ ਖਾਣਾ, ਤੇਰਾ ਅੰਨ ਪਾਪ ਦੀ ਕਮਾਈ ਦਾ ਹੈ। ਮੈਂ ਪੁੰਨੀ ਬਣ ਬਣ ਬਹਾਂ, ਉਹ ਆਖੇ ਨਹੀਂ, ਤੇਰੀ ਕਮਾਈ ਪਾਪਾਂ ਭਰੀ ਹੈ, ਜਿਸ ਵਿਚ ਲੋਕਾਂ ਦਾ ਦੁੱਖ, ਕਸ਼ਟ ਤੇ ਪੀੜਾ ਭਰੀ ਪਈ ਹੈ। ਲੈ ਰਾਜਾ ਮੈਂ ਮੰਨ ਗਿਆ ਪਰ ਮੈਂ ਕਿਹਾ ਮੇਰਾ ਸੁਭਾਉ ਹੋ ਚੁਕਾ ਹੈ ਇਸ ਕੰਮ ਦਾ, ਉਹ ਛੁੱਟਣ ਨਹੀਂ ਲੱਗਾ। ਤਾਂ ਉਸ ਦਾਤੇ ਨੇ ਮੈਥੋਂ ਤ੍ਰੈ ਪ੍ਰਣ ਲਏ ਜੋ ਮੈਂ ਦੱਸੇ ਹਨ। ਉਹਨਾਂ ਨੇ ਮੈਨੂੰ ਆਖਿਆ ਜੇ ਮਿਹਰ ਦਾ ਲੋੜਵੰਦ ਹੈਂ ਤਾਂ ਏਨ੍ਹਾਂ ਤੇ ਤਨੋਂ ਮਨੋਂ ਅਮਲ ਕਰ। ਜਦ ਉਹ ਟੁਰ ਗਏ ਮੈਂ ਉਹਨਾਂ ਦੇ ਤਿੰਨਾਂ ਹੀ ਹੁਕਮਾਂ ਤੇ ਅਮਲ ਕਰਨ ਲਗਾ। ਹੁਣ ਮੈਂ ਜਦ ਚੋਰੀ ਕਰਨ ਕਿ ਡਾਕੇ ਮਾਰਨ ਵਿਚ ਜਾਵਾਂ ਤਾਂ ਮੈਂ ਕਈ ਵੇਰ ਦੁਖੀ ਹੋ ਜਾਵਾਂ ਲੁਟੀਂਦਿਆਂ ਦਾ ਦੁਖ ਦੇਖਕੇ। ਅੱਗੇ ਤਾਂ ਮੈਂ ਦੁੱਖ ਦੇਕੇ ਦੁਖੀ ਨਹੀਂ ਸਾਂ ਹੁੰਦਾ, ਜਿਵੇਂ ਸ਼ਿਕਾਰੀ ਮਰਦੇ ਪਸ਼ੂ ਪੰਖੀਆਂ ਦੀ ਤੜਫਣੀ ਵੇਖਕੇ ਉਦਾਸੀ ਨਹੀਂ ਖਾਂਦੇ ਤਿਵੇਂ ਮੈਂ ਬੀ ਇਨਸਾਨਾਂ ਦੀ ਤੜਫਣੀ ਵਿਲਕਣੀ ਉੱਤੇ ਨਾ ਪਸੀਜਣ ਨੂੰ ਬਹਾਦਰੀ ਸਮਝਦਾ ਸਾਂ। ਪਰ ਹੁਣ ਗੁਰੂ ਕੀ ਦੱਸੀ ਦਇਆ ਉਪਜਣ ਲਗ ਪਈ, ਨਾਲੇ ਉਹਨਾਂ ਕਿਹਾ ਸੀ ਕਿ ਇਹ ਕਿੱਤਾ ਛੋੜ ਦੇਹ ਮਾੜਾ ਹੈ, ਪਰ ਮੈਥੋਂ ਛੁੱਟੇ ਨਾਂਹ। ਪਰ ਜਦ ਹੁਣ ਜੇ ਕਿਸੇ ਨੂੰ ਖੋਹਾਂ ਤਾਂ ਦਇਆ ਉਪਜੇ, ਮੈਂ ਚਾਹਾਂ ਕਿ ਮੈਂ ਗ਼ਰੀਬ ਨੂੰ ਛੱਡਾਂ ਤੇ ਅਮੀਰਾਂ ਨੂੰ ਲੁੱਟਾਂ, ਪਰ ਕਈ ਵੇਰ ਪਤਾ ਨਾ ਲੱਗੇ ਕਿ ਅਮੀਰ ਹੈ ਕਿ ਗ਼ਰੀਬ। ਸੋ ਮੈਨੂੰ ਫਿਕਰ ਪਿਆ ਕਿ ਇਸ ਕੰਮ ਵਿਚ ਅਣਜਾਣੇ ਗ਼ਰੀਬ ਮਾਰ ਹੋ ਜਾਂਦੀ ਹੈ। ਇਸ ਕਰਕੇ ਮੈਂ ਕਿਹਾ ਕਿਸੇ ਰਾਜੇ ਦਾ ਘਰ ਭੰਨਕੇ ਵਰ੍ਹਾ ਦੋ ਵਰ੍ਹੇ ਆਰਾਮ ਕਰਾਂ ਤੇ ਨਿਰਸੰਸੇ ਹੋ ਜਾਵਾਂ ਕਿ ਗ਼ਰੀਬ ਮਾਰ ਮੈਂ ਨਹੀਂ ਕਰ ਰਿਹਾ। ਇਉਂ ਕਰਕੇ ਰਾਜਾ ! ਤੇਰੇ ਘਰ ਚੋਰੀ ਕਰਨ ਲਈ ਆਇਆ ਸਾਂ, ਇਸੇ ਗ਼ਰੀਬ ਮਾਰ ਨਾ ਕਰਨ ਨੇ ਹੁਣ ਤੇਰੇ ਸਾਹਮਣੇ ਲਿਆ ਖੜਾ ਕੀਤਾ ਹੈ।

ਦੂਜੇ ਉਪਦੇਸ਼ 'ਲੂਣ ਖਾਕੇ ਬੁਰਾ ਨਹੀਂ ਕਰਨਾ' ਨੇ ਮੈਥੋਂ ਤੇਰੀ ਚੋਰੀ ਕੀਤੀ ਦੌਲਤ ਛੁਟਵਾਈ ਸੀ। ਇਸੇ ਨੇ ਸਾਕਾਂ ਮਿਤ੍ਰਾਂ ਤੇ ਜਿਨ੍ਹਾਂ ਦਾ ਕਦੇ ਬੀ ਕੁਛ ਖਾਧਾ ਸੀ, ਉਹਨਾਂ ਦੇ ਬੁਰੇ ਕਰਨੋਂ ਰੋਕ ਲਿਆ ਹੈ । ਤੀਸਰੇ ਇਸ ਪ੍ਰਣ ਨੇ ਕਿ ਸਦਾ ਸੱਚ ਬੋਲਾਂਗਾ, ਆਪ ਦੇ ਸਾਹਮਣੇ ਸਭ ਕੁਛ ਠੀਕ ਠੀਕ ਦੱਸ ਦੇਣ ਲਈ ਆਖਿਆ ਹੈ, ਹੁਣ ਜੋ ਜੀ ਕਰੇ ਕਰੋ, ਮੈਂ ਭੋਗਣ ਲਈ ਤਿਆਰ ਹਾਂ। ਰਾਜਾ ਸੁਣਕੇ ਹੋਰ ਹਰਿਆਨ ਹੋਇਆ। ਸੋਚੇ ਕਿ ਇਸ ਦਾ ਗੁਰੂ ਕੋਈ ਅਚਰਜ ਅਕਲ ਦਾ ਕੋਟ ਹੈ ਕਿ ਕਿਸ ਤਰ੍ਹਾਂ ਇਸ ਤੋਂ ਪਾਪ ਕਰਮ ਛੁਡਵਾਏ ਸੁ। ਝੱਸ ਬੁਰਾ ਹੁੰਦਾ ਹੈ, ਪਰ ਇਹ ਕੀਕੂੰ ਉਸ ਘੇਰੇ ਵਿਚ ਆ ਗਿਆ ਹੈ ਕਿ ਸਾਰਾ ਝੱਸ ਚੋਰੀ ਡਾਕੇ ਦਾ ਇਸ ਦਾ ਆਪੇ ਛੁਟ ਜਾਏ। ਪਰ ਹਾਂ, ਉਹ ਗੁਰੂ ਨਿਰਾ ਅਕਲ ਦਾ ਕੋਟ ਨਹੀਂ, ਜ਼ਰੂਰ ਤੇਜ ਵਾਲਾ ਹੈ, ਸਤਜਾਵਾਲਾ ਹੈ ਕਿ ਜਿਸ ਦੇ ਆਖੇ ਦਾ ਐਡਾ ਡੂੰਘਾ ਅਸਰ ਡਾਕੂਆਂ ਅਤੇ ਚੋਰਾਂ ਤੇ ਹੁੰਦਾ ਹੈ। ਐਸੇ ਗੁਰੂ ਦੇ ਦਰਸ਼ਨ ਕਰਨੇ ਚਾਹੀਏ। ਤਾਂ ਰਾਜਾ ਫੇਰ ਖੁਸ਼ੀ ਨਾਲ ਮੁਸਕ੍ਰਾਇਆ ਤੇ ਕਹਿਣ ਲੱਗਾ-ਤੇਰਾ ਗੁਰੂ ਕਿੱਥੇ ਹੈ?

ਭੂਮੀਏ ਕਿਹਾ : ਓਹ ਆਪਣੇ ਰੰਗ ਚਲੇ ਗਏ ਪਤਾ ਨਹੀਂ ਕਿਧਰ ?

ਰਾਜਾ--ਉਸ ਦਾ ਨਾਉਂ ਕੀ ਹੈ ?

ਭੂਮੀਆ--ਮੈਂ ਤਾਂ ਨਾਮ ਪੁੱਛ ਨਹੀਂ ਸਾਂ ਸਕਿਆ ਪਰ ਲੋਕਾਂ ਮੈਨੂੰ ਪਿੱਛੋਂ ਦੱਸਿਆ ਸੀ ਕਿ ਉਹ ਗੁਰੂ ਨਾਨਕ ਦੇਵ ਜੀ ਸੀਗੇ ਜੋ ਲਾਹੌਰ ਦੇ ਦੇਸ਼ ਤੋਂ ਆਏ ਸੀ।

ਰਾਜਾ (ਕੰਬਕੇ)-ਹੈਂ ! ਓਹੋ ਜਿਸ ਨੂਰਸ਼ਾਹ ਨੂੰ ਸੁਆਰਿਆ ਹੈ ?

ਵਜ਼ੀਰ--ਹਾਂ ਰਾਜਨ ! ਓਹੋ ਹੈ ਗੁਰੂ ਨਾਨਕ ! ਇਧਰ ਦੀ ਲੰਘ ਗਏ ਸੁਣੇ ਹਨ।

ਰਾਜਾ (ਜੀ ਵਿਚ)--ਸ਼ੋਕ ! ਐਸੇ ਮਹਾਂ ਜਯੋਤੀ ਦੇ ਦਰਸ਼ਨ ਨਾ ਹੋਏ।

(ਭੂਮੀਏ ਨੂੰ)-ਸੁਣ ਭਾਈ ! ਤੂੰ ਆਪਣੇ ਮੂੰਹੋਂ ਅਜ ਆਪਣੇ ਪਾਪਾਂ ਨੂੰ ਮੰਨਿਆਂ ਹੈ, ਮੈਨੂੰ ਚਾਹੀਦਾ ਹੈ ਕਿ ਤੈਨੂੰ ਦੰਡ ਦੇਵਾਂ, ਪਰ ਦੰਡ ਦੇਣ ਨਾਲ ਤੂੰ ਕੈਦ ਵਿਚ ਜਾਕੇ ਤੰਗ ਪਵੇਂਗਾ, ਓਥੇ ਹੋਰ ਤੇਰੇ

ਵਰਗੇ ਤੈਨੂੰ ਮਿਲਣਗੇ। ਮੈਨੂੰ ਡਰ ਹੈ ਕਿ ਤੂੰ ਓਥੇ ਉਹਨਾਂ ਦੇ ਕੁਸੰਗ ਨਾਲ ਮੁੜ ਪਾਪਾਂ ਵਿਚ ਪੈ ਜਾਏਂਗਾ। ਜੇ ਮੈਂ ਤੈਨੂੰ ਛੱਡਦਾ ਹਾਂ ਤਾਂ ਮੇਰਾ ਨਿਆਂ ਪੂਰਾ ਨਹੀਂ ਹੁੰਦਾ। ਪਰ ਅਸਲ ਨਿਆਂ ਹੈ ਪਾਪੀਆਂ ਨੂੰ ਸੁਧਾਰ ਦੇਣਾ, ਮੈਨੂੰ ਜਾਪਦਾ ਹੈ ਕਿ ਮੈਥੋਂ ਵੱਡਾ ਬ੍ਰਹਮ ਲੋਕ ਦਾ ਰਾਜਾ, ਤੈਨੂੰ ਦੰਡ ਬੀ ਦੇ ਗਿਆ ਹੈ ਤੇ ਸੁਧਾਰ ਬੀ ਗਿਆ ਹੈ। ਤੂੰ ਜੋ ਪੁੰਨੀ ਮਸ਼ਹੂਰ ਸੈਂ ਅੱਜ ਪਾਪੀ ਪ੍ਰਸਿੱਧ ਹੋ ਗਿਆ ਹੈਂ। ਜਸ ਜੀਵਨ ਅਪਜਸ ਮਰਨ। ਅਪਜਸ ਦੀ ਮੌਤ ਦਾ ਤੈਨੂੰ ਦੰਡ ਆਪੇ ਮਿਲ ਗਿਆ ਹੈ। ਬਾਕੀ ਉਹ ਤੈਨੂੰ ਸੁਧਾਰ ਤੇ ਰਸਤੇ ਐਸਾ ਪਾ ਗਿਆ ਹੈ ਕਿ ਤੂੰ ਆਪ ਸੁਧਰ ਜਾਣਾ ਹੈ, ਖ਼ਬਰੇ ਸੁਧਰ ਹੀ ਗਿਆ ਹੈਂ। ਚੋਰੀ ਹੁਣ ਤੂੰ ਕਰ ਨਹੀਂ ਸਕਦਾ, ਧਾੜਾ ਮਾਰ ਨਹੀਂ ਸਕਦਾ, ਕਿਉਂਕਿ ਇਸ ਵਿਚ ਗ਼ਰੀਬ ਮਾਰ ਹੁੰਦੀ ਹੈ। ਅਮੀਰਾਂ ਤੇ ਰਾਜਿਆਂ ਨੂੰ ਤੂੰ ਲੁੱਟ ਨਹੀਂ ਸਕਦਾ ਜੋ ਜਦ ਸ਼ੁਬਹ ਪਏ ਸਭ ਤੋਂ ਪਹਿਲੋਂ ਤੈਨੂੰ ਪੁੱਛ ਹੋਣੀ ਹੈ ਤੇ ਤੂੰ ਸੱਚ ਬੋਲਣਾ ਹੈ, ਇਉਂ ਤੂੰ ਆਪੇ ਹੀ ਪਕੜੇ ਜਾਣਾ ਹੈ; ਸੋ ਤੇਰੇ ਲਈ ਚੋਰੀ ਧਾੜਾ ਕਰ ਸਕਣਾ ਕਠਨ ਹੋ ਗਿਆ। ਤੇਰੇ ਸੱਚੇ ਵੈਦ ਨੇ ਐਸਾ ਦਾਰੂ ਤੈਨੂੰ ਦਿੱਤਾ ਹੈ ਕਿ ਤੂੰ ਹੁਣ ਆਪੇ ਸਾਧ ਬਣ ਜਾਏਂਗਾ, ਪਰ ਸ਼ਾਬਾਸ਼ੇ ਤੇਰੇ ਕਿ ਤੂੰ ਹੁਕਮ ਤੇ ਪਹਿਰਾ ਦਿੱਤਾ ਹੈ ਤੇ ਜਿੰਦ ਖ਼ਤਰੇ ਵਿਚ ਪਾਕੇ ਬੀ ਤੂੰ ਹੁਕਮ ਪਾਲਿਆ ਹੈ। ਸੋ ਜਦ ਮੈਂ ਦੇਖਦਾ ਹਾਂ ਕਿ ਤੂੰ ਹੁਣ ਭਲਾ ਹੋ ਚਲਿਆ ਹੈਂ ਤੇ ਨਾਲੇ ਤੇਰੇ ਵਿਚ ਬਲ ਹੈ; ਸਾਹਸ ਹੈ, ਸਤਜਾ ਹੈ; ਅਣਖ ਹੈ, ਸੱਚ ਉਤੇ ਪਹਿਰਾ ਦੇਣ ਦਾ ਹੀਆ ਹੈ ਤੇ ਹੁਣ ਇਨ੍ਹਾਂ ਗੁਣਾਂ ਨਾਲ ਤੂੰ ਇਤਨਾ ਭਲਾ ਹੋ ਜਾਣਾ ਹੈ ਕਿ ਮਹਾਤਮਾਂ ਤੇਰੇ ਦਰਸ਼ਨਾਂ ਨੂੰ ਆਯਾ ਕਰਨਗੇ, ਸੋ ਮੈਂ ਖਿਮਾ ਕਰਦਾ ਹਾਂ ਤੇ ਤੈਨੂੰ ਛੱਡਦਾ ਹਾਂ। ਪਰ ਮੇਰੀ ਅੱਖ ਤੇਰੇ ਤੇ ਰਹੇਗੀ, ਇਹ ਦੇਖਣ ਲਈ ਕਿ ਤੂੰ ਗੁਰੂ ਦੇ ਦੱਸੇ ਰਾਹ ਤੇ ਤੁਰ ਰਿਹਾ ਹੈਂ ਤੇ ਪਰਜਾ ਨੂੰ ਦੁਖਾ ਤਾਂ ਨਹੀਂ ਰਿਹਾ।

੪.

ਕੁਛ ਸਮਾ ਲੰਘ ਗਿਆ, ਭੂਮੀਆਂ ਸਚ ਮੁਚ ਸੰਤ ਹੋ ਗਿਆ। ਪਾਪ ਕਰਮ ਉਸ ਦੇ ਸਾਰੇ ਛੁੱਟ ਗਏ। ਦਇਆ ਵਾਲੇ ਪੁੰਨ ਦਾਨ ਉਸ ਵਿਚ ਵੱਸ ਗਏ। ਸੱਚ ਟਿਕ ਗਿਆ ਉਸ ਦੇ ਅੰਦਰ, ਜਿਸ ਨੇ ਸਾਰੇ ਪਾਪ ਧੋ ਕੱਢੇ। ਨਾਮ ਨੇ ਅੰਦਰ ਸਵੱਛ ਕਰ ਦਿਤਾ ਬਰੀਕ ਮੈਲਾਂ ਤੋਂ ਤੇ ਪਿਛਲੇ ਕਰਮਾਂ ਦੀ ਕਾਈ ਤੋਂ। ਨਾਮ ਨੇ ਬਲ ਭਰ ਦਿਤਾ ਨੇਕੀ ਦਾ, ਹਾਂ, ਨਾਮ ਨੇ ਰਸ ਲਾ ਦਿਤਾ ਆਤਮ ਰਸ। ਭੂਮੀਏ ਦੇ ਹੁਣ ਦੇ ਹਾਲ ਸੁਣ ਸੁਣਕੇ ਰਾਜੇ ਨੂੰ ਪ੍ਰਤੀਤ ਹੋ ਆਈ ਕਿ ਇਹ ਪੂਰਨ ਸੰਤ ਹੋ ਗਿਆ ਹੈ ਤਾਂ ਉਸ ਨੇ ਭੂਮੀਏ ਨੂੰ ਸੱਦ ਕੇ ਕਿਹਾ, ਮੈਂ ਤੈਨੂੰ ਗੁਰੂ ਧਾਰਨ ਕਰਦਾ ਹਾਂ ਤੂੰ ਮੈਨੂੰ ਦੀਖਜ਼ਾ ਦੇਹ। ਤਾਂ ਭੂਮੀਏਂ ਆਖਿਆ : ਰਾਜਾ ! ਮੈਂ ਤਾਂ ਅਜੇ ਸਿਖ ਬੀ ਨਹੀਂ ਹਾਂ, ਗੁਰੂ ਤਾਂ ਉਹ ਆਪ ਹੈ, ਜਿਸ ਨੇ ਮੇਰੇ ਜਿਹੇ ਪਾਪੀ ਨੂੰ ਪਾਪ ਵਿਚੋਂ ਕੱਢਕੇ ਮਿਹਰ ਵਿਚ ਪੁਚਾ ਦਿਤਾ। ਰਾਜਾ ! ਮਿਹਰ ਹਈ ਨਾਮ ਰਸ ਵਿਚ ਪਹੁੰਚ ਪੈਣਾ, ਮੈਨੂੰ ਸੋਝੀ ਆਈਏ ਹੁਣ, ਮਿਹਰ ਹੈ-ਨਾਮ ਰਸ, ਨਾਮ ਰਸ। ਹਾਂ ਜੇ ਤੂੰ ਚਾਹੁੰਦਾ ਹੈਂ ਤਾਂ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਕਰ। ਰਾਜੇ ਨੇ ਕਿਹਾ: ਉਹ ਕਿਥੇ ਹਨ? ਤਾਂ ਭੂਮੀਏਂ ਨੇ ਕਿਹਾ ਕਿ ਉਹ ਤਾਂ ਦੂਰ ਚਲੇ ਗਏ ਹਨ ਪਰ ਓਹ ਜਾਨਣਹਾਰ ਹਨ। ਪ੍ਰੇਮ ਦੀ ਆਵਾਜ਼ ਦੂਰ ਤੋਂ ਸੁਣਦੇ ਹਨ ਤੇ ਪ੍ਰੇਮ ਭਾਉ ਕਰਕੇ ਪ੍ਰਗਟ ਹੋ ਜਾਂਦੇ ਹਨ। ਤੂੰ ਧਰਮਸਾਲ ਬਣਾਉ ਜਿੱਥੇ ਕੀਰਤਨ ਹੋਵੇ ਤੇ ਆਪ ਬੀ ਆਕੇ ਸੁਣਿਆ ਕਰ। ਕੀਰਤਨ, ਰਾਜਾ ! ਉਸ ਗੁਰੂ ਦੀ ਬਾਣੀ ਦਾ ਹੋਵੇ, ਜੋ ਮੇਰੇ ਡੇਰੇ ਦੇ ਕੁਛ ਸੱਜਣ ਹੁਣ ਕਰਦੇ ਹਨ। ਗੁਰੂ ਜੀ ਤਾਂ ਤਦੋਂ ਚਲੇ ਗਏ ਸਨ, ਪਰ ਮੇਰੇ ਸੇਵਕ ਨੂਰ ਸ਼ਾਹ ਤੋਂ ਜਾ ਕੇ ਗੁਰੂ ਜੀ ਦੀ ਬਾਣੀ ਕੁਛ ਲਿਖਕੇ ਲੈ ਆਏ ਹਨ, ਉਸ ਦਾ ਅਸੀਂ ਕੀਰਤਨ ਕਰਦੇ ਹਾਂ। ਸੋ ਜੇ ਸ਼ਰਧਾ ਹੋ ਆਈ ਹੈ, ਹੇ ਰਾਜਾ ! ਤਾਂ ਧਰਮਸਾਲ ਪੁਆਓ ਤੇ ਇਹ ਕਾਰਜ ਕਰੋ, ਮੇਰੇ ਘਰ ਹੁਣ ਉਹ ਸਦਾਬ੍ਰਤ ਨਹੀਂ ਰਿਹਾ, ਪਰ ਹਾਂ ਲੰਗਰ ਗੁਰੂ ਕਾ ਹੁੰਦਾ ਹੈ- ਜਿਤਨਾ ਮੇਰਾ ਵਿਤ ਹੈ ਉਸ ਮੁਜਬ, ਜੋ ਧਰਮ ਨਾਲ ਆਉਂਦਾ ਹੈ ਮੈਂ ਵੰਡ ਛਕਦਾ ਹਾਂ। ਤਾਂ ਰਾਜੇ ਨੇ ਧਰਮਸਾਲ ਪੁਆਈ, ਧਰਮਸਾਲ ਨਾਲ ਲੰਗਰ ਲਾ ਦਿਤਾ ਗੁਰੂ ਨਾਨਕ ਦੇ ਨਾਮ ਦਾ। ਜੋ ਕਈ ਆਵੇ ਅਤਿੱਥੀ ਪਰਦੇਸੀ, ਲੋੜਵੰਦ ਸਾਧ ਸੰਤ ਓਥੇ ਪ੍ਰਸ਼ਾਦ ਛਕੇ। ਤੀਸਰੇ ਪਹਿਰ ਓਥੇ ਕੀਰਤਨ ਹੋਵੇ। ਭੂਮੀਏਂ ਦੇ

ਸੇਵਕ, ਜੋ ਹੁਣ ਗੁਰੂ ਕੇ ਸਿਖ ਸਦਾਉਂਦੇ ਸੇ, ਕੀਰਤਨ ਕਰਿਆ ਕਰਨ। ਦੂਰੋਂ ਨੇੜਿਓਂ ਬੀ ਸਿਖ ਕਦੇ ਕਦੇ ਆ ਜੁੜਦੇ ਸਨ। ਰਾਜਾ ਆਪ ਕੀਰਤਨ ਸੁਣਨ ਆਇਆ ਕਰੇ। ਹੋਰ ਕਈਆਂ ਨੂੰ ਬੀ ਪ੍ਰੇਮ ਹੋ ਆਇਆ।

ਭੂਮੀਏ ਤੇ ਰਾਜੇ ਦੀ ਇੰਨੀ ਨਿਸ਼ਾ ਹੋਈ ਕਿ ਉਸ ਨੂੰ ਆਪਣੇ ਵਜ਼ੀਰਾਂ ਵਿਚ ਥਾਉਂ ਦੇ ਦਿਤੀਓਸੁ ਕਿ ਜੋ ਸੱਚਾ, ਭਲਾ ਹੈ, ਦਇਆਵਾਨ ਹੈ ਤੇ ਮਨ ਵਿਚ ਬਲ ਰਖਦਾ ਹੈ ਨੇਕੀ ਦਾ ਤੇ ਭਾਉ ਰਖਦਾ ਹੈ ਰੱਬ ਦਾ, ਇਹ ਰਾਜ ਦੇ ਕੰਮ ਧਰਮ ਨਾਲ ਨਿਬਾਹੇਗਾ। ਆਪ ਰਾਜਾ ਹੁਣ ਏਸ ਅਰਦਾਸ ਵਿਚ ਰਿਹਾ ਕਰੇ ਕਿ ਕਦੇ ਹੇ ਗੁਰੂ ਨਾਨਕ ਤੇਰੇ ਦੀਦਾਰ ਹੋਣ ਤੇ ਮੈਂ ਬੀ ਦਰਸ਼ਨ ਕਰਾਂ ਤੇ ਮਨ ਦੀਆਂ ਮੁਰਾਦਾਂ ਪ੍ਰਾਪਤ ਕਰਾਂ। ਭੂਮੀਆਂ ਜੋ ਭੂਮੀ ਦਾ ਭਾਰ ਤੇ ਪਾਪ ਦਾ ਮੋਢੀਵਾਲ ਸੀ ਹੁਣ ਪਿਆਰ, ਧਰਮ, ਨੇਕੀ ਤੇ ਸੱਚੇ ਨਾਮ ਦਾ ਪ੍ਰਚਾਰ ਕਰਨ ਵਾਲਾ ਹੋ ਗਿਆ। ਥੋਹਰਾਂ ਦਾ ਪੇੜ ਮਲਜਾਗਰ ਦਾ ਚੰਦਨ ਬਣ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ

## ਕਲੀਆਂ ਦੀ ਸੁਗੰਧਿ ਸਦੱਕੜੇ [1]

ਅੱਜ ਨਸੀਮ ਜਦੋਂ ਕਲੀਆਂ ਨੂੰ ਆ ਕੇ ਗੱਲ ਸੁਣਾਈ:-
'ਗੁਰ ਨਾਨਕ ਪ੍ਰੀਤਮ ਕਲ ਆਸਣ ਪੱਕੀ ਏਹ ਅਵਾਈ'।
ਸੁਣ ਕਲੀਆਂ ਭਰ ਚਾਉ ਆਖਿਆ:-'ਸਹੀਓ ਅੱਜ ਨ ਖਿੜਨਾ,
ਕਲ ਪ੍ਰੀਤਮ ਦੇ ਆਯਾਂ ਕੱਠੀ ਦੇਈਏ ਮੁਸ਼ਕ ਲੁਟਾਈ'।

ਸਤਿਗੁਰ ਨਾਨਕ ਦੇਵ ਜੀ ਤੋਂ

## ਨੁਛਾਵਰ-ਤ੍ਰੇਲ[1]

ਪੌਣ-ਲੁਕੇ ਪਾਣੀ ਨੇ ਸਹੀਓ ! ਜਾਂ ਇਹ ਗਲ ਸੁਣ ਪਾਈ;
'ਗੁਰ ਨਾਨਕ ਪ੍ਰੀਤਮ ਕਲ ਆਸਣ ਪਜਾਰ ਛਹਿਬਰਾਂ ਲਾਈ'।
ਪੌਣ ਕੁੱਛੜੋਂ ਤਿਲਕ ਰਾਤ ਨੂੰ ਸ਼ਬਨਮ[2] ਰੂਪ ਬਣਾਕੇ
ਵਿਛ ਗਜਾ ਸਾਰਾ ਧਰਤੀ ਉੱਤੇ, ਚਰਨ ਧੂੜ ਮੁਖ ਲਾਈਂ।

ਸੂਚਨਾ-ਕਾਮਰੂਪ ਇਲਾਕੇ ਤੋਂ ਚੱਲਕੇ ਜਿਸ ਇਲਾਕੇ ਗਏ ਓਥੇ ਇਕ ਮਹਾਨ ਬਨ ਵਿਚ ਗੁਰੂ ਬਾਬੇ ਦਾ ਜਾਣਾ ਲਿਖਿਆ ਹੈ। ਇਸ ਭਿਆਨਕ ਬਨ ਵਿਚ ਕਲਿਜੁਗ ਦਾ ਹਾਜ਼ਰ ਹੋਣਾ ਲਿਖਿਆ ਹੈ[3]। ਜਗਤ ਦੇ ਲੱਗ ਪੱਗ ਸਾਰੇ ਅਵਤਾਰਾਂ ਨਾਲ ਸ਼ੈਤਾਨ ਅਥਵਾ ਮਾਯਾ ਆਦਿਕਾਂ ਦਾ ਆਕੇ ਉਹਨਾਂ ਨੂੰ ਡੇਗਣ ਦਾ ਜਤਨ ਕਰਨਾ ਦੱਸਿਆ ਹੈ। ਕਲਿਜੁਗ ਬੀ ਉਸੀ ਤਰ੍ਹਾਂ ਕੋਈ ਪਰਤਾਵਾ ਹੋਇਆ, ਜੋ ਗੁਰੂ ਬਾਬੇ ਨੂੰ ਹਿਲਾ ਨਹੀਂ ਸਕਿਆ। 'ਕਲਿਜੁਗ ਕੋਈ ਸ਼ੈਤਾਨ ਵਾਂਙੂ ਪੱਕਾ ਤੇ ਰੱਬ ਦਾ ਸ਼ਰੀਕ ਵਜੂਦ ਹੈ' ਇਹ ਗੱਲ ਗੁਰੂ ਘਰ ਵਿਚ ਨਹੀਂ ਮੰਨੀ ਗਈ। ਗੁਰੂ ਬਾਬੇ ਨੇ ਆਪ ਕਿਹਾ ਹੈ ਕਿ ਮਾੜੇ ਗੁਣ ਤੇ ਭੈੜੇ ਲੱਛਣ ਕਲਿਜੁਗ ਹਨ, ਹੋਰ ਕਲਜੁਗ ਕੋਈ ਮੂਰਤੀ ਯਾ ਵਜੂਦ ਨਹੀਂ ਜੋ ਕਿਸੇ ਪਾਸ ਆਕੇ ਬੈਠਾ ਯਾ ਕਿਸੇ ਤੀਰਥ ਤੇ ਵਸਦਾ ਕਿਸੇ ਨੇ ਸੁਣਿਆ ਯਾ ਡਿੱਠਾ ਹੋਵੇ,ਜਿਹਾ ਕੁ ਰਾਮਕਲੀ ਮ: ੧ ਅਸਟਪਦੀਆਂ 'ਸੋਈ ਚੰਦੁ ਚੜਹਿ ਸੇ ਤਾਰੇ' ਵਿਚ ਆਪ ਨੇ ਦੱਸਿਆ ਹੈ, ਕਿ

---

[1] ਸੰ: ਗੁਰ ਨਾਨਕ ਸਾਹਿਬ ੪੬੫ ਦੇ ਗੁਰਪੁਰਬ ਪੁੰਨਮ ਪਰ ਪ੍ਰਕਾਸ਼ਿਤ। [2] ਤ੍ਰੇਲ।
[3] ਤਵਾਰੀਖ ਖਾਲਸਾ ਇਸ ਵਾਕਿਆ ਨੂੰ ਜਗਨ ਨਾਥ ਵਿਚ ਹੋਇਆ ਦੱਸਦੀ ਹੈ।

ਉਹੋ ਚੰਦ ਤਾਰੇ ਸੂਰਜ ਚੜ੍ਹਦੇ ਹਨ, ਕਲਿਜੁਗ ਵੱਖਰਾ ਕਿਵੇਂ ਆਯਾ ਹੈ ? ਕਿਸੇ ਦੇਸ਼ ਆਯਾ ਹੈ ? ਕਿਸ ਤੀਰਥ ਤੇ ਵੱਸਦਾ, ਕਿਤੇ ਮਹਿਲ ਉਸਾਰਕੇ ਬੈਠਾ ਨਹੀਂ ਡਿੱਠਾ ਸੁਣਿਆ। 'ਕਲਿ ਲਖਣ ਵੀਚਾਰਿ' ਕਲਿਜੁਗ ਲੱਛਣਾਂ ਦਾ ਨਾਮ ਹੈ, ਸੋ ਕੀ ਹਨ :-ਪਰਮੇਸ਼ੁਰ ਦਾ ਨਾਮ ਲੈਣ ਵਾਲੇ ਦੀ ਬਦਨਾਮੀ, ਸੱਚ ਵਾਲੇ ਦੀ ਹਾਨੀ, ਤਪ ਵਾਲੇ ਦਾ ਤਪ ਛਿੱਜਣਾ, ਆਦਿ, 'ਆਖੁ ਗੁਣਾਂ ਕਲਿ ਆਈਐ' ਗੁਣਾਂ ਕਰਕੇ ਕਲਜੁਗ ਆਇਆ ਪਛਾਣੀਦਾ ਹੈ।

ਕਲਜੁਗ ਜਿਵੇਂ ਸਤਿਗੁਰਾਂ ਨੂੰ ਪਰਤਾਣ ਆਇਆ ਸੋ ਸਾਖੀ ਇਸ ਪ੍ਰਕਾਰ ਪੁਰਤਾਨ ਜਨਮ ਸਾਖੀ ਵਿਚ ਲਿਖੀ ਹੈ :-

# ੩੨. ਕਲਿਜੁਗ ਦੀ ਸਾਖੀ

**ਤਬਿ** ਬਾਬਾ ਓਥਹੁੰ ਰਵਦਾ ਰਹਿਆ। ਜਾਂਦਾ ਜਾਂਦਾ ਉਦਿਆਨ ਵਿਚ ਗਇਆ, ਜਾਇ ਬੈਠਾ ਤਬ ਪਰਮੇਸਰਿ ਕੀ ਆਗਿਆ ਨਾਲ ਕਲਿਜੁਗ ਛਲਣਿ ਕਉ ਆਇਆ। ਆਣਿ ਰੂਪ ਧਾਰਿਓਸੁ, ਤਬਿ ਬਾਬਾ ਦੇਖੈ ਤਾਂ ਅੰਧੇਰੀ ਬਹੁਤ ਆਈ, ਦਰਖਤ ਲਗੇ ਉਡਣਿ। ਤਬਿ ਮਰਦਾਨਾ ਬਹੁਤ ਭੈਮਾਨ ਹੋਇਆ, ਅਖਿਓਸੁ 'ਜੀਉ ਪਾਤਿਸਾਹੁ, ਆਣ ਉਜਾੜ ਵਿਚ ਪਾਇ ਮਾਰਿਓ, ਗੋਰ ਖਫਣਹੁ ਭੀ ਗਏ।' ਤਬਿ ਗੁਰੂ ਬਾਬੇ ਕਹਿਆ, 'ਮਰਦਾਨਿਆਂ ਕਾਹਲਾ ਹੋਹੁ ਨਾਂਹੀ'। ਤਬਿ ਮਰਦਾਨੇ ਆਖਿਆ, 'ਅੱਜ ਤੋੜੀ ਏਡਾ ਹੋਆ ਹਾਂ, ਇਹ ਬਲਾ ਤਾਂ ਨਾਹੀ ਡਿੱਠੀ, ਜੁ ਏਹੁ ਕਿ ਆਇਆ ਹੈ ਅਸਾਡੇ ਜੀਅੜੇ ਤਾਂਈਂ ?' ਤਬਿ ਅਗਨਿ ਕਾ ਰੂਪੁ ਦਿਖਇਆ ਜੋ ਧੂੰਆਂ ਚਹੁਹਾਂ ਧਿਰਾਂ ਤੋਂ ਉਠਿਆ, ਚਾਰੇ ਕੁੰਡਾਂ ਅਗਨਿ ਹੋਈਆਂ। ਤਬਿ ਮਰਦਾਨਾ ਮੂੰਹ ਢਕ ਕੇ ਪੈ ਰਹਿਆ। ਆਖਿਓਸੁ, 'ਜੀਵਣਾ ਰਹਿਆ।' ਤਬ ਫੇਰ ਪਾਣੀ ਕਾ ਰੂਪ ਹੋਆ, ਘਟਾ ਬੰਨ੍ਹਿ ਆਇਆ, ਲਗਾ ਬਰਸਣ ਪਾਣੀ। ਪਰੁ ਬਾਬੇ ਤੇ ਦੂਰ ਪਵੈ। ਤਬਿ ਗੁਰੂ ਕਹਿਆ, 'ਮਰਦਾਨਿਆਂ, ਮੂੰਹ ਉਘਾੜ; ਉਠ ਬੈਠ, ਰਬਾਬ ਵਜਾਇ।' ਤਬਿ ਮਰਦਾਨਾ ਉਠ ਬੈਠਾ; ਰਬਾਬ ਵਜਾਇਓਸੁ। ਰਾਗੁ ਮਾਰੂ ਕੀਤਾ, ਬਾਬੇ ਸ਼ਬਦੁ ਉਠਾਇਆ :-

ਮਾਰੂ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਡਰਪੈ ਧਰਤਿ ਅਕਾਸੁ ਨਿਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ ॥ ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥੧॥ ਏਕਾ ਨਿਰਭਉ ਬਾਤ ਸੁਨੀ ॥ ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ॥੧॥ ਰਹਾਉ ॥ ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥ ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ॥੨॥ ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥ ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ॥੩॥ ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥ ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥੪॥੧॥

ਤਬਿ ਦੈਤ ਕਾ ਰੂਪ ਧਾਰਿ ਆਇਆ। ਚੋਟੀ ਅਸਮਾਨ ਨਾਲਿ ਕੀਤੀਆਸ। ਜਿਉਂ ਜਿਉਂ ਨੇੜੇ ਆਵੈ, ਤਿਉਂ ਤਿਉਂ ਘਟਦਾ ਜਾਵੈ ॥ ਤਬਿ ਮਨੁੱਖ ਦਾ ਸਰੂਪ ਕਰਿਕੈ ਆਇਆ। ਹਥਿ ਜੋੜਿ ਕਰਿ ਖੜਾ ਹੋਆ। ਤਬਿ ਬਾਬੇ ਪੁੱਛਿਆ: 'ਭਾਈ ਤੂੰ ਕੌਣ ਹੈ? ਤਬਿ ਉਨ ਆਖਿਆ, 'ਜੀ ਮੈਨੂੰ ਤੂੰ ਨਾਹੀ ਜਾਣਦਾ ? ਮੈਂ ਕਲਿਜੁਗ ਹਾਂ, ਅਰ ਤੇਰੇ ਮਿਲਨੇ ਨੂੰ ਆਇਆ ਹਾਂ, ਤੂੰ ਕਰਤੇ ਪੁਰਖ ਕਾ ਵਜ਼ੀਰ ਹੈਂ"। ਤਬਿ ਬਾਬੇ ਨੂੰ ਨਮਸਕਾਰ ਕੀਤੀ। ਆਖਿਓਸੁ : ਜੀ ਕਿਛੁ ਮੈਂ ਤੇ ਲੇਵਹੁ, ਮੇਰੈ ਵਚਨਿਚਲੁ। ਤਬਿ ਗੁਰੂ ਬਾਬੇ ਪੁਛਿਆ, 'ਤੈਂ ਪਾਸ ਕਿਆ ਹੈ ?' ਤਾਂ ਕਲਿਜੁਗ ਆਖਿਆ 'ਮੇਰੇ ਪਾਸ ਸਭੁ ਕਿਛੁ ਹੈ; ਜੇ ਆਖਹੁ ਤਾਂ

---

[੧] ਇਹ ਸਬਦੁ ਪੰਚਮ ਗੁਰੂ ਜੀ ਦਾ ਹੈ। ਪ੍ਰ: ਜਨਮ ਸਾਖੀ ਦੇ ਲਿਖਾਰੀ ਦੀ ਉਕਾਈ ਹੈ ਜੋ ਉਸ ਨੇ ਇਸ ਨੂੰ 'ਮਹਲਾ ੧' ਦਾ ਕਰਕੇ ਲਿਖਿਆ ਹੈ।

ਮੋਤੀਆਂ ਦੇ ਮੰਦਿਰ ਉਸਰਹਿ, ਅਤੇ ਰਤਨਾਂ ਕਾ, ਲਾਲਾਂ ਦਾ ਜੜਾਉ ਕਰਾਂ, ਅਗਰ ਚੰਦਨ ਕਾ ਲੇਪੁ ਦੇਵਾਂ'। ਤਬਿ ਗੁਰੂ ਬਾਬਾ ਬੋਲਿਆ ਸਬਦ ਰਾਗੁ ਸ੍ਰੀ ਰਾਗੁ ਵਿਚ :-

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ॥

ਤਬ ਫਿਰਿ ਕਲਜੁਗਿ ਆਖਿਆ, 'ਜੋ ਜੀ ਜਵੇਹਰਾਂ ਦੀ ਧਰਤੀ ਕਰਾਂ, ਅਰ ਲਾਲਾਂ ਦਾ ਜੜਾਉ ਕਰਹਾਂ, ਇੰਦਰ ਦੀਆਂ ਮੋਹਣੀਆਂ ਲਿਆਵਾਂ।'

ਤਬਿ ਗੁਰੂ ਪਉੜੀ ਦੂਜੀ ਆਖੀ :-

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥

ਤਬਿ ਕਲਜੁਗਿ ਕਹਿਆ, 'ਜੋ ਜੀ ਇਹ ਭੀ ਨਾਹੀ ਲੈਂਦਾ ਤਾਂ ਸਿਧ ਲੈ ਜੋ ਰਿਧਿ ਆਵੈ, ਅਤੇ ਗੁਪਤ ਧਰਤੀ ਵਿਚ ਚਲੁ, ਅਰ ਹਜ਼ਾਰ ਕੋਹਾਂ ਜਾਇ ਪ੍ਰਗਟਿ ਹੋਇ।' ਤਬ ਗੁਰੂ ਪਉੜੀ ਤੀਜੀ ਆਖੀ :-

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥

ਤਬਿ ਕਲਿਜੁਗ ਆਖਿਆ, 'ਕੁਛ ਲੇਵਹੁ, ਸੁਲਤਾਨ ਹੋਵਹੁ, ਰਾਜ ਕਰਹੁ।' ਤਬਿ ਗੁਰੂ ਚਉਥੀ ਪਉੜੀ ਕਹੀ :-

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥

ਤਬਿ ਕਲਜੁਗ ਪਰਦੱਖਣਾ ਕੀਤੀ, ਆਇ ਪੈਰੀ ਪਇਆ। ਆਖਿਓਸੁ, 'ਜੀ ਮੇਰੀ ਗਤਿ ਕਿਉਂ ਕਰਿ ਹੋਵੈ ?' ਤਬਿ ਗੁਰੂ ਨਾਨਕ ਆਖਿਆ, 'ਮੇਰਾ ਸਿਖ ਕੋਟ ਮਧੇ ਕੋਈ ਹੋਵੇਗਾ, ਤਿਸਕਾ ਸਦਕਾ ਤੇਰੀ ਗਤਿ ਹੋਵੇਗੀ।'

ਤਬਿ ਕਲਜੁਗ ਪੈਰੀ ਪਇਆ। ਬਾਬੇ ਵਿਦਾ ਕੀਤਾ। ਬੋਲਹੁ ਵਾਹਿਗੁਰੂ।

ਸੂਚਨਾ--ਇਸ ਤੋਂ ਅੱਗੇ ਪੁ: ਜ: ਸਾਖੀ ਵਿਚ ਕੀੜ ਨਗਰ ਦਾ ਪ੍ਰਸੰਗ ਹੈ। ਫੇਰ ਇਕ ਪਿੰਡ ਗਏ ਜਿੱਥੇ ਅਨਾਦਰ ਬਹੁਤ ਹੋਇਆ, ਸਤਿਗੁਰਾਂ ਵਰ ਦਿਤਾ 'ਵਸਦਾ ਰਹੁ'। ਅਗਲੇ ਪਿੰਡ ਗਏ ਤੇ ਬਹੁਤ ਪ੍ਰੇਮ, ਸਤਿਸੰਗ ਹੋਇਆ, ਓਥੇ ਵਰ ਦਿਤਾ ਇਵ 'ਉਜਾੜ ਹੋਵੇ'। ਮਰਦਾਨੇ ਕਿਹਾ ਇਹ ਚੰਗਾ ਨਿਆਉਂ ਹੈ। ਸਤਿਗੁਰ ਕਿਹਾ 'ਪਹਿਲੇ ਪਿੰਡ ਦੇ ਲੋਕ ਰੋਗੀ ਸਰੀਰ ਵਾਗੂੰ ਹਨ ਜਿੱਥੇ ਜਾਣਗੇ ਹੋਰਨਾਂ ਨੂੰ ਵੀ ਰੋਗ ਲਾਉਣਗੇ। ਉਹ ਬਦੀ ਇੱਕੇ ਥਾਂ ਨੱਪੀ ਚੰਗੀ ਹੈ। ਦੂਸਰੇ ਪਿੰਡ ਦੇ ਲੋਕ ਚੰਦਨ ਸਮਾਨ ਹਨ, ਜਿਤਨੇ ਦੂਰ ਦੂਰ ਜਾਣਗੇ ਆਪਣੀ ਸੁਗੰਧੀ ਲਾਕੇ ਸਤਿਸੰਗਿ, ਨੇਕੀ, ਪ੍ਰੇਮ ਤੇ ਬੰਦਗੀ ਦਾ ਪ੍ਰਚਾਰ ਕਰਨਗੇ।' ਇਸ ਤੋਂ ਅੱਗੇ ਫਿਰ ਸਤਿਗੁਰ ਜੀ ਦਾ ਆਸਾ ਦੇਸ ਵਿਚ ਜਾਣਾ ਤੇ ਸ਼ੇਖ ਫਰੀਦ ਨਾਲ ਸਾਖੀ ਲਿਖੀ ਹੈ।

ਫੇਰ ਬਿਸੀਆਰ ਦੇਸ ਜਾਣਾ ਲਿਖਿਆ ਹੈ। ਝੰਡੇ ਬਾਢੀ ਦਾ ਪ੍ਰਸੰਗ ਏਥੇ ਹੈ। ਨਗਰ ਦਾ ਨਾਉਂ ਛੁਟਘਾਟਕਾ ਦਿਤਾ ਹੈ। 'ਛੁਟਘਾਟਕਾ' (ਅਰਥਾਤ ਚਿਟਾ ਗਾਉਂ) ਤੇ 'ਸਮੁੰਦਰ ਦੀ ਬਰੇਤੀ' ਤੋਂ ਪਤਾ ਲੱਗਾ ਕਿ ਬਿਸਿਆਰ ਦੇਸ ਉਸ ਇਲਾਕੇ ਦਾ ਨਾਮ ਹੈ ਜੋ ਆਸਾਮ ਤੋਂ ਸਮੁੰਦਰ ਤਕ ਚਲਾ ਗਿਆ ਹੈ, ਸੋਨ ਦੀਪ ਆਦਿਕ ਟਿਕਾਣੇ ਬੀ ਏਥੇ ਈ ਹੈਨ। ਏਥੋਂ ਸਮੁੰਦਰ ਵਿਚ ਪੈਣ ਤੇ ਸਮੁੰਦਰ ਦੇ ਲਾਗ ਲਾਗ ਜਹਾਜ਼ੀ ਸਫਰ ਕਰਕੇ ਜਗਨ ਨਾਥ ਅੱਪੜਨਾ ਵੀ ਢੁਕਦੀ ਗੱਲ ਹੈ।

## ੩੩. ਵੱਸਦੇ ਰਹੋ-ਉੱਜੜ ਜਾਓ[1]।

**ਇੱਕਤ** ਨਗਰ ਗੁਰੂ ਨਾਨਕ ਨੂੰ ਆਦਰ ਕਿਸੇ ਨ ਦਿੱਤਾ,

[1] ਸੰ: ਗੁ: ਨਾਨਕ ਸਾ: ੪੫੨ ਦੇ ਗੁਰਪੁਰਬ ਪੁੰਨਮ ਪਰ ਖਾ: ਸ: ਵਿਚ ਪ੍ਰਕਾਸ਼ਿਆ ਸੀ।

"ਵੱਸਦਾ ਰਹੁ" ਵਰ ਦੇਕੇ ਗੁਰ ਨੇ ਰਸਤਾ ਅੱਗੇ ਲਿੱਤਾ।
ਫਿਰ ਇਕ ਨਗਰੀ ਆਦਰ ਹੋਇਆ, ਪਯਾਰ ਅਮਿੱਤਾ ਖਿਲਿਆ;
"ਉੱਜੜ ਜਾਣ ਏ ਲੋਕੀ ਏਥੋਂ" ਇਹ ਵਰ ਗੁਰ ਤੋਂ ਮਿਲਿਆ,
ਮਰਦਾਨੇ ਹੱਸ ਕਿਹਾ "ਗੁਰੂ ਜੀ ! ਇਹ ਕੀ ਨਜ਼ਾਉਂ ਕਿਤੋ ਨੇ?'
"ਵਰ ਵਾਲੇ ਨੂੰ ਸ੍ਰਾਪ, ਸ੍ਰਾਪੀਆਂ ਵਰ ਕਿਉਂ ਆਪ ਦਿਤੋ ਨੇ?
ਮਰਦਾਨੇ ਨੂੰ ਕਿਹਾ ਸਤਿਗੁਰਾਂ: "ਦੋਵੇਂ ਵਰ ਹਨ ਭਾਈ!
"ਪਾਪੀ ਰਹਿਣ ਸਮੇਟੇ ਇਕ ਥਾਂ ਛੂਤ ਨ ਦੁਨੀਆਂ ਲਾਈ।
"ਭਲੇ ਨਗਰ ਦੇ ਲੋਕੀਂ, ਦੁਨੀਆ ਵਿਚ ਸਾਰੀ ਦੇ ਜਾਵਣ,
"ਜਿੱਥੇ ਜਿੱਥੇ ਜਾਣ ਪਿਆਰੇ ਛੁਹ ਨੇਕੀ ਦੀ ਲਾਵਣ।
"ਗੰਦ ਦੱਬੀਏ ਇੱਕੋ ਥਾਂਵੇਂ ਉਸ ਨੂੰ ਦੱਬਣ ਵਰ ਹੈ।
'ਗੰਧਿ ਬੁਹਾਈਏ ਜਗ ਵਿਚ ਸਾਰੇ ਗੰਧਿ ਖਿਲੇਰਨ ਵਰ ਹੈ।"

ਸੂਚਨਾ-ਇਸ ਤੋਂ ਅੱਗੇ ਆਸਾ ਦੇਸ਼ ਵਿਚ ਆਏ; ਓਥੇ ਸ਼ੇਖ ਫਰੀਦ ਮਿਲਿਆ।

ਪੰਜਾਬ ਵਿਚ ਸ਼ੇਖ ਫਰੀਦਾ ਦਾ ਨਾਮ ਪ੍ਰਸਿਧ ਹੈ ਤੇ ਇਨ੍ਹਾਂ ਦੇ ਸ਼ਲੋਕ ਅਜੇ ਤਕ ਬਹੁਤ ਲੋਕਾਂ ਨੂੰ ਯਾਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇੰਨ੍ਹਾਂ ਦੀ ਬਾਣੀ ਭਗਤ ਬਾਣੀ ਵਿਚ ਸ਼ਾਮਲ ਹੈ।

ਫਰੀਦ ਜੀ ੧੧੭੩ ਈ: ਦੇ ਲਗ ਪਗ ਜੰਮੇ ਤੇ ੧੨੬੬ ਈ: ਤੋਂ ਪਹਿਲਾਂ ਪਹਿਲਾਂ ਗੁਜ਼ਰ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ੧੪੬੯ ਈ: ਵਿਚ ਹੋਇਆ ਹੈ, ਇਸ ਕਰਕੇ ਸ੍ਰੀ ਗੁਰੂ ਜੀ ਦੇ ਦਰਸ਼ਨ ਜਿਸ ਫਰੀਦ ਨੇ ਕੀਤੇ ਹਨ, ਉਹ ਸ਼ੇਖ ਬ੍ਰਹਮ ਹੈ, ਪਹਿਲਾ ਫਰੀਦ ਨਹੀਂ। ਪਹਿਲੇ ਫਰੀਦ ਨੇ ਅਜੋਧਨ ਡੇਰਾ ਜਮਾਇਆ ਸੀ; ਜੋ ਉਨ੍ਹਾਂ ਦੇ ਚੇਲਿਆ ਦੇ ਦਰਯਾ ਵਿਚ ਵੁਜ਼ੂ ਕਰਨ ਕਰਕੇ 'ਪਾਕ ਪੱਤਣ' 'ਪਵਿੱਤ੍ਰ ਪੱਤਣ' ਕਹਿਲਾਉਣ ਲਗ ਪਿਆ। ਸਹਿਜੇ ਸਹਿਜੇ ਹਿੰਦੂ ਤੇ ਬੋਧੀ ਸਮੇਂ ਦਾ ਸਦੀਆਂ ਤੋਂ ਪੁਰਾਣਾ ਨਾਮ ਅਜੋਧਨ ਗੁੰਮ ਹੋ ਗਿਆ ਤੇ ਨਗਰੀ ਦਾ ਨਾਉਂ 'ਪਾਕ ਪਟਣ' ਪੈ ਗਿਆ। ਇਥੇ ਫਰੀਦ ਜੀ ਬਹੁਤ ਪ੍ਰਸਿਧ ਫਕੀਰ ਹੋਏ। ਇਕ ਭਾਰੀ ਗੱਦੀ ਕਾਇਮ ਕਰਕੇ ਗਏ। ਉਹਨਾਂ ਦੀ ਔਲਾਦ ਗੱਦੀ ਤੇ ਬੈਠਦੀ ਰਹੀ। ਇਨ੍ਹਾਂ ਦੀ ਕੋਈ ਦਸਵੀਂ ਕੁ ਥਾਵੇਂ ਸ਼ੇਖ ਇਬਰਾਹੀਮ ਗੱਦੀ ਤੇ ਬੈਠਾ। ਇਸ ਬੰਦੇ ਦੇ ਲੱਛਣ ਉਦਾਸੀਆਂ, ਤਪ, ਹਠ, ਜ਼ੁਹਦ, ਫਾਕੇ ਕੜਾਕੇ ਪਹਿਲੇ ਫਰੀਦ ਵਾਲੇ ਸਨ। ਲੋਕੀਂ ਇਸ ਨੂੰ ਫਰੀਦ ਸਾਨੀ, ਫਰੀਦ ਸਾਲਸ ਕਰਕੇ ਸੱਦਣ ਲਗ ਪਏ। ਆਮ ਲੋਕ ਸ਼ੇਖ ਬ੍ਰਹਮ, ਸ਼ਾਹ ਬ੍ਰਹਮ, ਸ਼ੇਖ ਬ੍ਰਹਮ ਸਾਹਿਬ ਤੇ ਬਲ ਰਾਜਾ ਆਦਿਕ ਨਾਵਾਂ ਨਾਲ ਵੀ ਯਾਦ ਕਰਦੇ ਸਨ। ਗੁਰੂ ਸਾਹਿਬ ਜੀ ਦੇ ਘੱਟ ਤੋਂ ਘੱਟ ਦੋ ਵੇਰ ਦਰਸ਼ਨ ਇਸੇ ਨੇ ਕੀਤੇ ਸਨ, ਇਸ ਨਾਲ ਗੋਸ਼ਟ ਹੋਈ ਹੈ। ਜਨਮ ਸਾਖੀਆਂ, ਗੁਰ ਨਾਨਕ ਪ੍ਰਕਾਸ਼ ਤੇ ਹੋਰ ਗ੍ਰੰਥਾਂ ਵਿਚ ਇਸ ਦਾ ਨਾਉਂ ਸ਼ੇਖ ਬ੍ਰਹਮ ਦਿਤਾ ਹੈ, ਅਰ ਦੱਸਿਆ ਹੈ ਕਿ :-

'ਪਟਣ ਕਾ ਪੀਰੁ ਸ਼ੇਖ ਫਰੀਦੁ ਥਾ, ਤਿਸਕੇ ਤਖਤਿ ਤੇ ਸ਼ੇਖੁ ਬ੍ਰਿਹਮ ਥਾ'। ਫਿਰ ਲਿਖਿਆ ਹੈ ; 'ਗੋਸ਼ਿਟਿ ਸ਼ੇਖ ਬ੍ਰਿਹਮ ਬਾਬੇ ਨਾਲਿ ਕੀਤੀ'।

ਇਸ ਤੋਂ ਕੋਈ ਸੰਸਾ ਨਹੀਂ ਰਹਿੰਦਾ ਕਿ ਗੁਰੂ ਜੀ ਦੀ ਗੋਸ਼ਟ ਇਸੇ ਬ੍ਰਿਹਮ (ਇਬਰਾਹੀਮ) ਫਰੀਦ ਸਾਨੀ ਯਾ ਸਾਲਸ ਨਾਲ ਹੋਈ ਹੈ ਅਤੇ ਜੋ ਬਾਣੀ ਬ੍ਰਿਹਮ ਨੇ ਗੁਰੂ ਜੀ ਨਾਲ ਵਾਰਤਾਲਾਪ ਕਰਦਿਆ ਕਹੀ ਹੈ, ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ੇਖ ਫਰੀਦ ਦੀ ਜੋ ਬਾਣੀ ਹੈ ਸੋ ਇਸੇ ਫਰੀਦ ਸਾਨੀ ਸ਼ੇਖ ਇਬ੍ਰਾਹੀਮ ਦੀ ਹੈ। ਆਪ ਦੀ ਰਚਨਾ ਵਿਚ ਫਰੀਦ ਨਾਮ ਆਉਂਦਾ ਹੈ, ਇਹ ਸ਼ੇਖ ਨੇ ਗੱਦੀ ਤੇ ਹੋਣ ਕਰਕੇ ਉਸੇ ਤਰਾਂ ਵਰਤਿਆ ਹੈ, ਜਿਵੇਂ 'ਨਾਨਕ' ਨਾਮ ਸਾਰੇ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਇਚ ਵਰਤਿਆ ਹੈ।

ਦੋ ਵੇਰ ਸਤਿਗੁਰ ਜੀ ਦੇ ਦਰਸ਼ਨ ਸ਼ੇਖ ਨੇ ਕੀਤੇ ਹਨ। ਪਹਿਲੀ ਵਾਰ ਤਾਂ ਐਉਂ ਜਾਪਦਾ ਹੈ

ਕਿ ਸ਼ੇਖ ਘਰ ਬਾਰ ਛਡਕੇ ਕਿਸੇ ਬਨ ਵਿਚ ਤਪੱਸਿਆ ਕਰ ਰਿਹਾ ਹੈ, ਜਿਸ ਦੇਸ਼ ਦਾ ਇਹ ਬਨ ਹੈ ਉਸ ਦਾ ਨਾਉਂ ਆਸਾ[1] ਦੇਸ਼ ਲਿਖਿਆ ਹੈ। ਗੁਰੂ ਬਾਬੇ ਨੇ ਉਸ ਦੇ ਹਠ ਤਪ ਦੀ ਖੁਸ਼ਕੀ ਜਤਾਈ ਹੈ ਤੇ ਨਾਮ ਦੀ ਰਸਦਾਇਕ ਜਿਉਂਦੀ ਕਣੀ ਬਖਸ਼ੀ ਹੈ। ਮਲੂਮ ਹੁੰਦਾ ਹੈ ਕਿ ਇਸ ਦੇ ਵਡੇ ਪਹਿਲਾਂ ਦੁਨੀਆਂ ਦੇ ਐਸ਼੍ਵਰਜ ਵਾਲੇ ਬੀ ਹੋ ਗਏ ਸਨ। ਇਸ ਨੂੰ ਵੈਰਾਗ ਸੀ ਤੇ ਇਹ ਉਸ ਤਰ੍ਹਾਂ ਦੀ ਜ਼ਿੰਦਗੀ ਲੱਭਦਾ ਸੀ, ਜਿਸ ਤਰ੍ਹਾਂ ਦੀ ਕਿ ਇਹ ਆਦਿ ਫਰੀਦ ਦੀ ਸੁਣਦਾ ਸੀ ਤੇ ਜਪ, ਤਪ, ਬ੍ਰਤ, ਜ਼ੁਹਦ ਨਾਲ ਉਸ ਦੀ ਪ੍ਰਾਪਤੀ ਸਮਝਦਾ ਸੀ, ਇਸ ਵਾਸਤੇ ਇਹ ਘਰੋਂ ਕਈ ਵੇਰ ਬਾਹਰ ਜਾ ਕੇ ਦੂਰ ਦੂਰ ਬਨਾਂ ਵਿਚ ਕਠਨ ਤਪ ਕਰਿਆ ਕਰਦਾ ਸੀ। ਗੁਰੂ ਜੀ, ਜੋ ਜਲੰਦਿਆਂ ਨੂੰ ਰਖੱਣ, ਜਗਤ ਨੂੰ ਤਾਰਨ ਆਏ ਸਨ, ਓਹ ਹਠਾਂ ਤਪਾਂ ਵਿਚ ਰੱਬ ਦੀ ਖੋਜ ਕਰ ਰਹੇ, ਸ਼ੌਕ ਤੇ ਤਤਿੱਖਜਾ ਵਾਲੇ ਬੰਦਿਆਂ ਨੂੰ ਜੀਉਂਦੀ ਕਣੀ ਬਖਸ਼ ਕੇ ਸੁਭਾਗ ਕਰਨ ਆਪ ਜਾਇਆ ਕਰਦੇ ਸਨ ਅਤੇ ਜਿੱਥੇ ਤੇ ਜਿਸ ਤਰ੍ਹਾਂ ਕੋਈ ਲੱਗਾ ਸੀ, ਉੱਥੋਂ ਹੀ ਉਸ ਦੀ ਭੁੱਲ ਦੀ ਘੁੰਡੀ ਖੁਹਲਕੇ ਉਸ ਨੂੰ ਸਾਂਈਂ ਦਾ ਮਿਲਾਵੜਾ ਕਰਾ ਦੇਂਦੇ ਸੀ। ਉਹਨਾਂ ਦਾ ਮੁੱਖ ਉੱਦਮ ਇਹ ਰਹਿੰਦਾ ਸੀ ਕਿ ਕਿਵੇਂ ਰੂਹਾਂ ਆਪਣੇ ਰੱਬ ਦੇ ਪ੍ਰੇਮ ਵਿਚ ਜੀਉ ਉੱਠਣ, ਜੀਉ ਜੀਉ ਪੈਣ ਤੇ ਜੀਉ ਜੀਉ ਵੱਸਣ।

ਸੋ ਗੁਰੂ ਜੀ ਫਰੀਦ ਨੂੰ ਪਹਿਲੀ ਵੇਰ ਬਨ ਵਿਚ ਮਿਲੇ ਤੇ ਭੁੱਲ ਕੱਢ ਕੇ ਰਸਤੇ ਪਾ ਗਏ ਹਨ, ਦੂਜੀ ਵੇਰ ਉਸਨੂੰ ਪਾਕ ਪਟਨ ਮਿਲੇ ਹਨ, ਤਦੋਂ ਉਹ ਆਪਣੇ ਟਿਕਾਣੇ ਤੋਂ ਗੁਰੂ ਜੀ ਦੇ ਦਰਸ਼ਨ ਕਰਨ ਆਉਂਦਾ ਹੈ। ਇਸ ਮਿਲਾਪ ਵਿਚ ਉਸ ਤੇ ਫਕੀਰੀ, ਦਰਯਾ ਦਿਲੀ ਦੀ ਬਖਸ਼ਿਸ਼ ਹੋ ਜਾਂਦੀ ਹੈ ਤੇ ਉਸ ਨੂੰ ਮੁਕਤੀ ਪ੍ਰਾਪਤ ਹੋ ਜਾਣ ਦਾ ਵਰ ਮਿਲਦਾ ਹੈ। ਭਾਈ ਮਨੀ ਸਿੰਘ ਜੀ ਦੀ ਜਨਮਸਾਖੀ ਵਿਚ ਦੂਜੀ ਵੇਰ ਮੇਲ ਹੋਣ ਤੋਂ ਪਹਿਲੋਂ ਗੁਰੂ ਜੀ ਮਰਦਾਨੇ ਨੂੰ ਕਹਿੰਦੇ ਹਨ-'ਮਰਦਾਨਿਆਂ! ਪਟਣ ਅਸਾਂ ਨੇ ਜਾਵਣਾ ਹੈ, ਕਿਉਂਕਿ ਸ਼ੇਖ ਫਰੀਦ ਬ੍ਰਹਮ ਨੂੰ ਉਪਦੇਸ ਕੀਤਾ ਸੀ, ਸੋ ਦੇਖਾਂ ਉਸ ਨੂੰ ਉਪਦੇਸ਼ ਚਿਤ ਹੈ ਕਿ ਵਿਸਰ ਗਿਆ ਹੈ। 'ਇਸ ਤੋਂ ਵੀ ਜਾਪਦਾ ਹੈ ਕਿ ਪਹਿਲੀ ਮੁਲਾਕਾਤ ਜੋ ਆਸਾ ਦੇਸ ਵਿਚ ਹੋਈ ਹੈ ਉਹ ਇਸੇ ਸ਼ੇਖ ਬ੍ਰਹਮ ਨਾਲ ਹੋਈ ਹੈ।

ਜੋ ਗਲ ਬਾਤ ਆਸਾ ਦੇਸ਼ ਵਿਚ ਫਰੀਦ ਨਾਲ ਹੁੰਦੀ ਹੈ ਉਸ ਵਿਚ ਫਰੀਦ ਠੇਠ ਪੰਜਾਬੀ ਬੋਲਦਾ ਹੈ। ਉਹਨਾਂ ਵਾਕਾਂ ਵਿਚੋਂ ਜੋ ਸ੍ਰੀ ਗੁਰੂ ਗਰੰਥ ਸਹਿਬ ਜੀ ਵਿਚ ਆਏ ਹਨ, ਜੈਸਾ ਕਿ 'ਬੇੜਾ ਬੰਧਿ ਨ ਸਕਿਓ', ਓਹ ਸ਼ੇਖ ਫਰੀਦ ਦੀ ਬਾਣੀ ਵਿਚ ਦਰਜ ਹਨ। ਇਸ ਗੱਲ ਤੋਂ ਵੀ ਸਾਬਤ ਹੋਇਆ ਕਿ ਆਸਾ ਦੇਸ਼ ਤੇ ਪਟਨ ਵਾਲੇ ਫਰੀਦ ਦੁਇ ਇਕੋ ਸਨ।

## ੩੪. ਗੋਸ਼ਟ ਸ਼ੇਖ ਬ੍ਰਹਮ- ਪਹਿਲੀ[2]।

ਜਬ ਲਗ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥ ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ॥

{ਸਾਰਗ ਮ:੧}

੧.

ਵੇਲਾ ਤਾਂ ਸਵੇਰ ਦਾ ਹੀ ਸੀ, ਪਰ ਧੁੱਪ ਚੜ੍ਹ ਆਈ ਸੀ। ਇਕ ਬਨ ਦੇ ਲਾਗੇ ਇਕ ਪਿੰਡ ਸੀ। ਇਸ ਪਿੰਡੋਂ ਬਾਹਰਵਾਰ ਬਨ ਦੀ ਸੰਨ੍ਹ ਕੋਲ ਇਕ ਖੂਹ ਸੀ। ਇਕ ਮੁਟਿਆਰ ਇਸ ਖੂਹ ਤੇ ਖੜੀ ਪਾਣੀ ਖਿੱਚ ਰਹੀ ਸੀ। ਡੋਲ ਭਰਦੀ ਸੀ ਤੇ ਡੋਹਲ ਦੇਂਦੀ ਸੀ। ਫੇਰ ਭਰਦੀ ਸੀ ਤੇ ਡੋਹਲ ਦੇਂਦੀ ਸੀ। ਇੰਨੇ ਚਿਰ ਨੂੰ ਇਕ ਜ਼ੁਹਦੀ ਫਕੀਰ, ਜੋ ਤਪਾਂ ਹਠਾਂ ਤੇ ਰਿਆਜ਼ਤਾਂ ਨਾਲ ਲਿੱਸੇ ਹੋਏ ਹੋਏ, ਪਰ ਅੱਖਾਂ ਲਾਲ ਵਾਲੇ ਸੇ, ਆ ਨਿਕਲੇ। ਚਾਹੋ ਲਿੱਸੇ

---

[1] ਆਸਾ ਦੇਸ਼ ਤੋਂ ਮੁਰਾਦ-ਆਸਾਮ-ਦੇਸ਼ ਦੀ ਜਾਪਦੀ ਹੈ ਜੈਸਾ ਕਿ ਪਿੱਛੇ ਦੱਸ ਆਏ ਹਾਂ।

[2] ਇਹ ਰਚਨਾਂ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ:੪੭੦ ਮੁਤਾਬਕ ਨਵੰਬਰ ੧੯੩੮ ਨੂੰ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਨੰ:੯੮੩ ਦੀ ਸੂਰਤ ਵਿਚ ਪ੍ਰਕਾਸ਼ੀ ਸੀ।

ਸੇ, ਪਰ ਸ਼ਕਲ ਸੂਰਤ ਜਥੇ ਵਾਲੀ ਸੀ। ਖੂਹ ਦੇ ਲਾਗੇ ਆ ਗਏ ਤੇ ਕਹਿਣ ਲਗੇ-ਕਾਕੋ ! ਘੁੱਟ ਪਾਣੀ ਪਿਲਾ ਦੇ।

ਮੁਟਿਆਰ ਨੇ ਡੋਲ ਵਹਾਇਆ ਸੀ; ਕਹਿਣ ਲੱਗੀ: ਸਾਂਈਂ ਬਹਿ ਜਾਓ, ਪਿਲਾਉਂਦੀ ਹਾਂ। ਪਰ ਕਾਕੀ ਨੇ ਪਾਣੀ ਦਾ ਡੋਲ ਭਰਕੇ ਫੇਰ ਡੋਹਲ ਦਿੱਤਾ ਤੇ ਅੱਗੇ ਵਾਂਗ ਹੀ ਭਰਦੀ ਡੋਹਲਦੀ ਰਹੀ। ਕੁਛ ਚਿਰ ਉਡੀਕਕੇ ਸਾਂਈ ਲੋਕ ਨੇ ਫੇਰ ਕਿਹਾ, ਪਰ ਕੁਛ ਤਮਕ ਜੇਹੀ ਨਾਲ:-ਕਾਕੀ ਪਾਣੀ ਪਿਲਾਉਨੀਏਂ ਕਿ ਨਾ?

ਕਾਕੀ-ਪਿਲਾਉਂਦੀ ਹਾਂ ਫਕੀਰਾ ਬਹਿ ਜਾ ਏਥੇ ਕੋਈ ਚਿੜੀਆਂ ਨਹੀਂ ਕਿ 'ਮਰ ਜਾ' ਕਹਿ ਦੇਣ ਨਾਲ ਮਰ ਵੰਵਸਣ।

ਫਕੀਰ ਬਹਿ ਤਾਂ ਗਿਆ, ਗੁੱਸਾ ਬੀ ਘਟਿਆ, ਪਰ ਹੈਰਾਨੀ ਚੰਬੜ ਗਈ ਕਿ ਮੈਂ ਤਾਂ ਚਿੜੀਆਂ ਦਾ ਕੌਤਕ ਨਿਰਜਨ ਬਨ ਵਿਚ ਕਰ ਬੈਠਾ ਹਾਂ, ਇਸ ਨੂੰ ਕੌਣ ਦੱਸ ਗਿਆ ਹੈ; ਹੋਵੇ ਨਾ ਤਾਂ ਇਹ ਕੁੜੀ ਕੋਈ ਕਣੀ ਵਾਲੀ ਸ਼ੈ ਹੈ! ਬਹਿ ਜਾਓ ਤੇ ਅੰਤਰਾ ਲਓ।

ਅਸਲ ਗਲ ਇਹ ਸੀ ਕਿ ਇਸ ਫਕੀਰ ਨੂੰ ਅੱਜ ਸਵੇਰੇ ਗਹਬਰ ਬਨ ਵਿਚ ਤਪ ਕਰਦਿਆਂ ਜਦ ਤੜਕਾ ਆਇਆ ਤੇ ਚਿੜੀ ਚੂਹਕੀ, ਚਾਨਣ ਪਸਰਿਆ ਤੇ ਕੁਦਰਤ ਅਪਣੇ ਠੰਢੇ ਸੁਹਾਂ ਵਿਚ ਫਬ ਕੇ ਦਿੱਸੀ ਤਾਂ ਕੋਈ ਵਿਸਮਾਦੀ ਅਸਰ ਨਾ ਹੋਇਆ। ਤਪਾਂ ਵਿਚ ਦੱਬੇ ਰਹਿਣ ਕਰਕੇ ਚਿੜੀਆਂ ਦੇ ਬੋਲ ਕੌੜੇ ਲਗੇ ਤੇ ਜਿਸ ਮਨ ਦੀ ਚੁੱਪ ਜੇਹੀ ਹਾਲਤ ਵਿਚ ਇਹ ਸਮਾਧੀ ਮੰਨਦਾ ਸੀ ਉਸ ਵਿਚ ਚਿੜੀਆਂ ਦੇ ਬੋਲ ਇਸ ਨੂੰ ਵਿਘਨਕਾਰੀ ਲੱਗੇ ਤੇ ਗੁੱਸੇ ਵਿਚ ਬੋਲਿਆ, ਸ਼ਾਲਾ! ਮਰ ਵੰਞੋ। ਜਾਂ ਚਿੜੀਆਂ ਫੜਕ ਡਿੱਗੀਆਂ ਤਾਂ ਫਕੀਰ ਨੂੰ ਖਿਆਲ ਆਇਆ ਕਿ ਮੈਂ ਕਿਉਂ ਇਨ੍ਹਾਂ ਨਿਰਦੋਸ਼ੀਆਂ ਨੂੰ ਬਦ-ਅਸੀਸ ਦਿੱਤੀ, ਪਰ ਫੇਰ ਖਿਆਲ ਆਇਆ ਕਿ ਇਕ ਤਾਂ ਪਤਾ ਲਗਾ ਕਿ ਮੇਰੇ ਤੇ ਅੱਲਾ ਮਿਹਰਵਾਨ ਹੋਇਆ ਹੈ ਜੋ ਮੇਰੇ ਕਲਾਮ ਵਿਚ ਤਾਸੀਰ ਤੇ ਤਾਕਤ ਆਈ ਹੈ। ਭਲਾ ਪਰਤਾਵਾ ਲਓ, ਸੋ ਉਸ ਨੇ ਫੇਰ ਆਖਿਆ:-ਸ਼ਾਲਾ! ਜੀ ਵੰਞੋ। ਤਾਂ ਓਹ ਝੱਟ ਉੱਡ ਪਈਆਂ। ਇਸ ਖੁਸ਼ੀ ਨੇ ਉਸ ਨੂੰ ਹੁਣ ਚਉ ਨ ਕਰਨ ਦਿੱਤਾ, ਉੱਠਕੇ ਅਪਣੀ ਕੁਟੀਆ ਵੰਨੇ ਟੁਰ ਪਿਆ। ਸੂਰਜ ਉੱਚਾ ਹੋ ਆਇਆ ਸੀ ਤੇ ਤ੍ਰੇਹ ਲਗ ਰਹੀ ਸੀ ਜਦੋਂ ਕਿ ਖੂਹ ਤੇ ਪੁੱਜਾ ਸੀ।

ਹੁਣ ਜਦ ਕਾਕੀ ਬਹੁਤ ਪਾਣੀ ਰੋਹੜ ਚੁਕੀ ਤਾਂ ਉਸ ਨੇ ਡੋਲ ਭਰਿਆ ਤੇ ਆਖਿਆ ਆ ਸਾਂਈਂ ਲੋਕਾ। ਪਾਣੀ ਪੀ ਲੈ। ਫਕੀਰ ਅੱਗੇ ਆਇਆ ਤ੍ਰੇਹ ਲਗ ਰਹੀ ਸੀ, ਬੁੱਕ ਅੱਡ ਕੇ ਪਾਣੀ ਪੀ ਲਿਓਸੁ ਤੇ 'ਅਲਹਮਦੁਲਿੱਲਾ' ਕਹਿਕੇ ਬਹਿ ਗਿਆ। ਫੇਰ ਬੀਬੀ ਨੂੰ ਕਹਿਣ ਲੱਗਾ: ਕਾਕੋ! ਤੂੰ ਮੈਨੂੰ ਦੱਸ ਕਿ ਚਿੜੀਆਂ ਵਾਲੀ ਗਲ ਦਾ ਤੈਨੂੰ ਕਿਵੇਂ ਪਤਾ ਲੱਗ ਗਿਆ ਤੇ ਇਹ ਪਾਣੀ ਤੂੰ ਕਿਉਂ ਰੋੜਿਆ ਅਜਾਂਈਂ, ਤੇ ਮੈਨੂੰ ਪਿੱਛੋਂ ਪਿਲਾਇਆ?

ਕਾਕੀ-ਸਾਂਈਂ ਲੋਕ ਜੀ, ਇਹ ਗਲਾਂ ਜਾਣ ਲੈਣੀਆਂ ਕੋਈ ਔਖੀ ਗੱਲ ਨਹੀਂ ਹਨ। ਪਰਮੇਸ਼ਰ ਦਾ ਪਾਉਣਾ ਔਖਾ ਹੈ। ਅਜ਼ਮਤੀ ਕਰਾਮਾਤਾਂ ਤਾਂ ਐਵੇਂ ਆ ਜਾਂਦੀਆਂ ਹਨ।

ਫਕੀਰ-ਤੂੰ ਇਹ ਅਜ਼ਮਤ ਕਿਥੋਂ ਪਾਈ ਹੈ?

ਕਾਕੀ-ਮੈਂ ਕੋਈ ਜ਼ੁਹਦ ਥੋੜੇ ਕੀਤੇ ਹਨ। ਮੈਂ ਤਾਂ ਆਪਣੇ ਪਤੀ ਨੂੰ ਪੂਜਿਆ ਹੈ। ਪਤਿਬ੍ਰਤਾ ਹਾਂ ਤੇ ਮੇਰਾ ਮਨ ਪਤੀ ਪ੍ਰੇਮ ਵਿਚ ਜੁੜਿਆ ਰਹਿੰਦਾ ਹੈ, ਇਹੋ ਜੇਹੀਆਂ ਗੱਲਾਂ ਆਪੇ ਦਿੱਸਣ ਭਲੀਣ ਲਗ ਪੈਂਦੀਆਂ ਹਨ। ਪਾਣੀ ਇਸ ਕਰਕੇ ਨਹੀਂ ਪਿਲਾਇਆ ਸੀ ਛੇਤੀ ਤੈਨੂੰ, ਕਿ ਸਾਂਈਂ ਲੋਕਾ! ਇਥੋਂ ਬਾਰਾਂ ਕੋਹ ਤੇ ਮੇਰੀ ਭੈਣ ਦਾ ਪਿੰਡ ਹੈ, ਉਹ ਇਕ ਮਹਾਂ ਪੁਰਖ ਦੇ ਦਰਸ਼ਨਾਂ ਨੂੰ ਗਈ ਹੈ, ਉਸਦੇ ਗੁਆਂਢ ਅੱਗ ਲਗੀ ਹੋਈ ਹੈ ਤੇ ਮੇਰੀ ਭੈਣ ਦੇ ਘਰ ਨੂੰ ਲਗਿਆ ਚਾਹੁੰਦੀ ਸੀ ਕਿ ਸਵੇਰ ਸਾਰ ਆਪਣੇ ਪਤੀ ਦੇ ਧਿਆਨ ਵਿਚ ਬੈਠਿਆਂ ਮੈਂ ਲਖ ਲਿਆ, ਸੋ ਡੋਲ ਲੈਕੇ ਖੂਹ ਤੇ ਭੱਜੀ ਆ ਗਈ, ਪਾਣੀ ਜੋ ਡੋਲ੍ਹਦੀ ਰਹੀ ਹਾਂ, ਅੱਗ ਬੁਝਾਉਂਦੀ ਰਹੀ ਹਾਂ। ਤੁਸਾਂ ਦੀ ਤ੍ਰਿਖਾ ਨਿਵਾਰਨ ਨਾਲੋਂ ਉਹ ਕੰਮ ਬਹੁਤ ਤਾਂਘ ਦਾ ਸੀ, ਇਸ ਕਰਕੇ ਪਹਿਲੋਂ ਅੱਗ ਬੁਝਾਈ ਹੈ। ਭੈਣ ਦਾ ਘਰ ਬਚਿਆ ਹੈ ਤੇ ਸਾਰਾ ਨਗਰ ਬਚ ਗਿਆ ਹੈ, ਜੇ ਅੱਗ ਫੈਲ ਜਾਂਦੀ ਤਾਂ ਖ਼ਬਰੇ ਕਿੰਨਾ ਕੁ ਨੁਕਸਾਨ ਹੁੰਦਾ।

ਫਕੀਰ ਇਹ ਸੁਣਕੇ ਹੋਰ ਹੈਰਾਨ ਹੋਇਆ ਕਿ

ਇਸ ਨੂੰ ਨਾ ਕੇਵਲ ਦਿੱਸ ਪੈਂਦਾ ਹੈ, ਸਗੋਂ ਸ਼ਕਤੀ ਬੀ ਹੋ ਆਈ ਹੈ, ਫੇਰ ਆਖਣ ਲਗਾ-ਕਾਕੋ! ਸੱਚ ਦੱਸ ਤੂੰ ਕਿਥੋਂ ਪਾਈ ਹੈ? ਕਾਕੋ ਬੋਲੀ-ਸਾਂਈਂ ਦੇ ਬੰਦੇ! ਪਾਈ ਕਿਥੋਂ, ਆਪੇ ਆਈ ਹੈ।

ਫਕੀਰ-ਕੀ ਤੈਨੂੰ ਖ਼ੁਦਾ ਦਾ ਸ਼ੌਕ ਨਹੀਂ? ਕਾਕੋ ਬੋਲੀ-ਮੈਂ ਪਤੀ ਨੂੰ ਆਪਣਾ ਪ੍ਰੀਤਮ ਜਾਣਿਆ ਤੇ ਉਸ ਵਿਚ ਮਨ ਜੋੜਿਆ ਹੈ, ਇਹ ਜੋ ਤੁਸੀਂ 'ਪਾਈ' ਕਹਿੰਦੇ ਹੋ, ਇਹ ਤਾਂ ਤਮਾਸ਼ੇ ਹੈਨ, ਇਨ੍ਹਾਂ ਨੂੰ ਪਾਈ ਨਹੀਂ ਸਮਝੀਦਾ। ਪਾਇਆ ਤਾਂ ਮੈਂ ਆਪਣਾ ਪਤੀ ਪਰਮੇਸ਼ੁਰ ਹੈ ਤੇ ਮੇਰੇ ਪਤੀ ਨੇ ਪਾਇਆ ਹੈ ਆਪਣਾ ਪਰਮੇਸ਼ੁਰ ਮਹਾਂ ਪੁਰਖ ਦੇ ਸੰਗ ਨਾਲ, ਜਿਸ ਦੇ ਦਰਸ਼ਨ ਨੂੰ ਭੈਣ ਗਈ ਹੈ।

ਫਕੀਰ ਬੋਲਿਆ-ਤੈਨੂੰ ਤਲਬ ਸਾਂਈਂ ਦੇ ਦੀਦਾਰ ਦੀ ਨਹੀਂ ?

ਕਾਕੀ ਬੋਲੀ-ਮੈਨੂੰ ਤਲਬ ਮੇਰੇ ਪਤੀ ਦੀ ਹੈ, ਮੇਰੇ ਪਤੀ ਨੂੰ ਮੇਰੇ ਸਭ ਫਿਕਰਾਨੇ ਹਨ, ਉਹ ਮੈਨੂੰ ਸਾਂਈਂ ਦੇ ਦਰ ਨਾਲ ਲੈ ਜਾਏਗਾ! ਜਿਵੇਂ ਇਥੇ ਸਾਰੇ ਮੇਰੇ ਖਸਮਾਨੇ ਕਰਦਾ ਹੈ ਉਹ ਖਸਮਾਨਾਂ ਵੀ ਉਹ ਆਪੇ ਕਰੇਗਾ[1]।

੨.

**ਦਿਨ** ਢਲ ਰਿਹਾ ਸੀ ਕਿ ਇਕ ਅਯਾਲੀ ਭੇਡਾਂ ਚਾਰਦੇ ਨੂੰ ਤ੍ਰੇਹ ਲਗੀ, ਇਹ ਬੀ ਉੱਪਰਲੇ ਖੂਹ ਤੇ ਪਾਣੀ ਪੀਣ ਆਇਆ। ਜਦ ਮਣ ਉਤੇ ਚੜ੍ਹਿਆ ਤਾਂ ਕੀ ਵੇਖੇ ਕਿ ਚੌਖਟੇ ਵਿਚਾਲੇ ਇਕ ਹੋਰ ਲੱਕੜ ਪਈ ਹੈ ਤੇ ਉਸ ਨਾਲ ਸੰਗਲ ਬੱਧਾ ਹੈ। ਅਗੇ ਹੋਕੇ ਸਿਰ ਨਿਵਾਕੇ ਤੱਕਿਓਸੁ ਤਾਂ ਕੀ ਦੇਖੇ ਕਿ ਪੈਰਾਂ ਨਾਲ ਸੰਗਲ ਬੰਨ੍ਹਕੇ ਤੇ ਉਹ ਸੰਗਲ ਉਸ ਲੱਕੜ ਨੂੰ ਪਾਕੇ ਇਕ ਆਦਮੀ ਖੂਹ ਵਿਚ ਲਟਕ ਰਿਹਾ ਹੈ। ਪਹਿਲਾਂ ਡਰਿਆ ਕਿ ਮਤੇ ਕੋਈ ਖੁਨਾਮਿਆਂ ਹੋਵੇ, ਜਿਸ ਨੂੰ ਕਿ ਹਾਕਮ ਨੇ ਦੰਡ ਦੇਕੇ ਪੁੱਠਾ ਫਾਹੇ ਦੇ ਦਿਤਾ ਹੈ, ਪਰ ਫੇਰ ਵਿੱਚੋਂ ਵਾਜ ਆਵੇ ਤਾਂ ਪੁਛਿਓਸੁ-ਹੇ ਬੰਦੇ ਸਾਂਈਂ ਦੇ! ਤੂੰ ਕੌਣ ਹੈਂ? ਤਾਂ ਅਵਾਜ਼ ਆਈ-ਦਰਦਮੰਦਾਂ ਨੂੰ ਨਾ ਪੁੱਛ, ਪਾਣੀ ਪੀ ਤੇ ਜਾਹ। ਉਸ ਆਖਿਆ ਭਾਈ! ਕਿਉਂ ਇੱਦਾਂ ਤਸੀਹਾ ਪਾ ਰਿਹਾ ਹੈਂ? ਤਾਂ ਵਾਜ ਆਈ ਭਾਈ ਖ਼ੁਦਾਇ ਦੇ ਮਿਲਨੇ ਖ਼ਾਤਰ। ਗਡਰੀਆ ਬੋਲਿਆ-ਇਵ ਖ਼ੁਦਾਇ ਮਿਲਦਾ ਹੈ? ਫਕੀਰ ਬੋਲਿਆ, ਹੋਰ ਭੇਡਾਂ ਚਾਰਿਆਂ ਮਿਲਦਾ ਹੈ? ਭੇਡ ਚਰਵਾਹੇ ਨੂੰ ਦਿਲ ਲੱਗੀ। ਉਠ ਭੱਜਾ। ਇਕਸ ਹੋਰ ਖੂਹ ਤੇ ਪੁੱਜਾ। ਛੇਤੀ ਛੇਤੀ ਘਾਹ ਖੱਬਲ ਕੱਠਾ ਕਰਕੇ ਰਸਾ ਵੱਟਿਓਸੁ ਤੇ ਖੂਹੇ ਤੇ ਇਕ ਲੱਕੜ ਪਾਕੇ ਇਹ ਰੱਸਾ ਬੰਨ੍ਹਕੇ ਉਸ ਨਾਲ ਤੇ ਆਪਣੇ ਪੈਰਾਂ ਨਾਲ ਵਿਚ ਲਟਕ ਗਿਆ ਤੇ ਲੱਗਾ ਆਪਣੇ ਭੋਲੇ ਤੇ ਸੱਚੇ ਬਿਨ ਵਿੰਗ ਦਿਲ ਨਾਲ ਉਡੀਕ ਕਰਨ ਕਿ ਹੁਣ ਖ਼ੁਦਾਵੰਦ ਆਉਂਦਾ ਹੈ ਤੇ ਹੁਣ ਆਉਂਦਾ ਹੈ। ਚਾਰ ਘੜੀ ਮਗਰੋਂ ਆ ਪਹੁੰਚੇ ਰੱਬ ਦੇ ਪਜਾਰੇ ਮਹਾਂ ਪੁਰਖ ! ਖੂਹ ਤੇ ਚੜ੍ਹ ਗਏ, ਝਾਤ ਮਾਰੀ ਤੇ ਬੋਲੇ-ਬੰਦੇ ਸਾਂਈਂ ਦੇ, ਕਿਸ ਫੇੜੇ ਕਾਰਨ ਦੁਖ ਸਹਿ ਰਿਹਾ ਹੈਂ? ਉਹ ਬੋਲਿਆ-ਫੇੜਿਆ ਕਿਸੀ ਕਾ ਕਿਹੁ ਨਹੀਂ, ਖ਼ੁਦਾ ਦੇ ਦੀਦਾਰ ਕਾਰਨ ਲਟਕ ਪਿਆ ਹਾਂ, ਸਾਂਈਂ ਲੋਕ ਦੱਸਦਾ ਹੈ, ਭੇਡਾਂ ਚਾਰਨ ਵਾਲੇ ਨੂੰ ਭੇਡਾਂ ਚਾਰਿਆਂ ਨਹੀਂ ਮਿਲਦਾ, ਪਰ ਇੰਵ ਮਿਲਦਾ ਹੈ। ਇੰਨੇ ਨੂੰ ਪਾਣੀ ਦੇ ਲੋੜਕੂ ਦੋ ਚਾਰ ਬੰਦੇ ਹੋਰ ਉਥੇ ਆ ਗਏ ਸਨ। ਆਪ ਨੇ ਆਖਿਆ ਇਸ ਨੂੰ ਕੱਢੋ ਭਾਈ! ਜਾਂ ਕੱਢਿਆ ਤਾਂ ਅੱਖਾਂ ਲਾਲ, ਮੱਥਾ ਲਾਲ, ਚਿਹਰਾ ਸੂਹਾ, ਸਾਹ ਕਾਹਲਾ ਤੇ ਨੀਮ ਬਾਉਰੀ ਜੇਹੀ ਹਾਲਤ ਲੱਗੇ। ਆਪ ਨੇ ਆਗਿਆ ਕੀਤੀ ਇਸ ਦੀਆਂ ਪਿੰਨੀਆਂ ਸੂਤੋ। ਕੁਛ ਚਿਰ ਇਉਂ ਕਰਨੇ ਨਾਲ ਚਿਹਰਾ ਮੁਹਰਾ ਠੀਕ ਹੋ ਗਿਆ, ਤਾਂ ਤੱਕਿਓਸੁ ਨੈਣ ਭਰਕੇ-ਚਿਹਰੇ ਤੇ ਅਝੱਲ ਜਲਾਲ ਵੇਖਕੇ ਪੈਰਾਂ ਤੇ ਢਹਿ ਪਿਆ, ਮੇਰੇ ਅੱਲਾ, ਮੇਰੇ ਅੱਲਾ! ਤੂੰ ਆ ਗਿਆ ਹੈਂ, ਹੈਂ? ਤੂੰ ਕੇਡਾ ਬੀਬਾ ਰਾਣਾ ਹੈਂ। ਆ ਮੈਂ ਸਦਕੇ ਆਇਆਂ ਨੂੰ। ਉਹ ਇਉਂ ਪਿਆਰ ਦੇ ਵਾਕ ਕਹੀ ਜਾਏ ਤੇ ਰਬ ਦਾ ਪਿਆਰਾ ਸਿਰ ਤੇ ਮਿਹਰਾਂ ਦਾ ਹੱਥ ਫੇਰੀ ਜਾਵੇ। ਜਦ ਉਸ ਦਾ ਤਨ ਮਨ ਪਿਆਰ ਦੇ ਹੱਥ ਫਿਰਦਿਆਂ ਸੀਤਲ ਹੋ ਗਿਆ ਤਾਂ ਆਪ ਨੇ ਸਿਰ ਚਾਯਾ ਤੇ ਫੇਰ ਪਿਆਰ ਦੇਕੇ ਕਿਹਾ-ਬੰਦੇ ਖ਼ੁਦਾ ਦੇ ਖ਼ੁਦਾ ਤੇਰੇ ਦਿਲ ਵਿਚ ਆਇਆ ਹੈ। ਜਿਸ ਵਿਚ ਭਾਉ ਭਗਤੀ ਤੇ ਉਸ ਦੇ

---

[1] ਇਹ ਵਾਰਤਾ ਕੁਝ ਵੱਧ ਘਟ ਫਰਕ ਨਾਲ ਅਗਲੇ ਗਿਆਨੀ ਸਜਣ ਕਥਾ ਵਿਚ ਪ੍ਰਮਾਣ ਦੇਣ ਵੇਲੇ ਬਾਬੇ ਫਰੀਦ ਦੀ ਸੁਣਾਇਆ ਕਰਦੇ ਸਨ।

ਦੀਦਾਰ ਦਾ ਪਿਆਰ ਆਇਆ ਹੈ। ਪਹਿਲਾ ਕਦਮ ਖ਼ੁਦਾ ਦਾ-ਖ਼ੁਦਾ ਦੀ ਸਿੱਕ ਹੈ[1]। ਫੇਰ ਦੇਖ ਖ਼ੁਦਾ ਦਾ ਫ਼ਜ਼ਲ ਸਾਨੂੰ ਪਾਣੀ ਦੀ ਤ੍ਰੇਹ ਲਾ ਕੇ ਏਸ ਖੂਹ ਤੇ ਲੈ ਆਇਆ ਹੈ, ਜੋ ਤੇਰਾ ਰੱਸਾ ਕੱਚਾ ਸੀ ਤੇ ਟੁੱਟਣੇ ਵਾਲਾ ਸੀ, ਉਸ ਦੇ ਟੁੱਟਣੇ ਤੋਂ ਪਹਿਲੇ ਤੇਰੀ ਪ੍ਰੀਤ ਦੀ ਸਚਿਆਈ ਨੂੰ ਫਲ ਲੱਗਾ ਕਿ ਸਾਨੂੰ ਲੈ ਆਇਆ ਤੇ ਤੂੰ ਖੂਹ ਵਿਚ ਡਿੱਗ ਕੇ ਡੁਬ ਮਰਨੋਂ ਬਚ ਗਿਆ, ਦੂਸਰਾ ਫ਼ਜ਼ਲ ਅੱਲਾ ਦਾ ਇਹ ਹੈ। ਹੁਣ ਰਿਹਾ ਅੱਲਾ ਦਾ ਦਿਦਾਰ-ਸੋ ਖੂਹਾਂ ਵਿਚ ਨਾ ਲਟਕ ਤੇ ਪਾਣੀਆਂ ਨੂੰ ਨਾ ਝਾਤੀ ਮਾਰ, ਪਰ ਮਾਰ ਝਾਤੀ ਆਪਣੇ ਅੰਦਰ। ਉੱਥੇ ਵਸਦਾ ਹੈ ਰੱਬ, ਅੱਲਾ, ਖ਼ੁਦਾ। ਪਰ ਉਸ ਦਾ ਰੂਪ ਨਹੀਓਂ, ਰੰਗ ਨਹੀਓਂ, ਸ਼ਲਕ ਨਹੀਓਂ, ਉਹ ਹਈ ਨਿਰਾ ਨੂਰ ਸੋ ਆਪਣੇ ਅੰਦਰ ਉਸ ਨੂੰ ਵਾਜਾਂ ਮਾਰਿਆ ਕਰ। ਯਾਦ ਕਰਿਆ ਕਰ। ਉਸ ਦਾ ਨੂਰ ਨੈਣਾਂ ਨਾਲ ਨਹੀਂ ਦਿੱਸਦਾ, ਉਸਦਾ ਰੂਪ ਹੈ ਪਿਆਰ ਤੇ ਸੁਆਦ, ਜਦੋਂ ਪਜਾਰ ਨਾਲ ਯਾਦ ਕਰਿਆ ਕਰੇਂਗਾ ਤੇ ਸੁਆਦ ਆ ਜਾਇਆ ਕਰੇਗਾ ਤਾਂ ਸਮਝੀਂ ਅੱਲਾ ਪਿਆ ਦਿਦਾਰੇ ਦੇਂਦਾ ਹੈ। ਉਸ ਦਾ ਰੂਪ ਜੁ ਹੋਇਆ ਅਨੰਦ, ਸੁਆਦ। ਅਯਾਲੀ ਬੋਲਿਆ: ਜਿਵੇਂ ਦਾ ਸੁਆਦ ਹੁਣ ਆਯਾ ਹੈ? ਅੱਲਾ ਵਾਲੇ ਬੋਲੇ-ਹਾਂ, ਇਸ ਤੋਂ ਬੀ ਹੋਰ ਹੋਰ। ਅਯਾਲੀ-ਫੇਰ ਤੂੰਹੋਂ ਕਿਉਂ ਖ਼ੁਦਾ ਨਹੀਂ? ਐਵੇਂ ਪੱਜ ਪਾ ਪਾ ਕੇ ਹੋਰ ਹੋਰ ਦੱਸਨਾ ਏਂ; ਤੂੰਹੀ ਏਂ, ਤੂੰਹੀ ਏਂ; ਅਸਾਂ ਸਿਞਾਣ ਲਿਆ ਹੈ। ਅੱਲਾ ਵਾਲੇ ਨੇ ਫੇਰ ਸਿਰ ਤੇ ਪਿਆਰ ਦਿੱਤਾ ਤੇ ਕਿਹਾ; ਜਿਵੇਂ ਮੈਂ ਪਿਆ ਕਰਨਾ ਵਾਂ ਤਿਵੇਂ ਕਰ।

ਅਯਾਲੀ-ਤੇ ਮੈਂ ਫੇਰ ਭੇਡਾਂ ਪਿਆ ਚਾਰਾਂ ਤੇ ਤੂੰ ਨੱਸ ਜਾਵੇਂ ਆਪਣੇ ਘਰ? ਕੂੜੀਆਂ ਗੱਲਾਂ; ਜਿਵੇਂ ਉਸ ਖੂਹ ਵਿਚ ਲਟਕੇ ਹੋਏ ਕੋਲੋਂ ਨੱਸ ਆਇਆ ਹੈਂ, ਮੇਰੇ ਕੋਲੋਂ ਵੀ ਨੱਸਣਾ ਏਂ? ਨਾ ਭਾਈ! ਅਸਾਂ ਖੂਹੇ ਲਟਕਕੇ; ਮਰਨ ਮਰਾਂਦ ਹੋਕੇ ਤੁਸਾਂਨੂੰ ਲੱਧਾ ਹੈ। ਮੇਰੇ ਅੱਲਾ ਜੀਓ ਜੀ! ਹੁਣ ਨਾ ਜਾਣ ਦੇਸਾਂ, ਰਹੋ ਨ ਮੇਰੇ ਕੋਲੇ ਕੋਲੇ। ਦੁੱਧ ਪਿਲਾਯਾ ਕਰਸਾਂ, ਮੱਖਣ ਖੁਲਾਯਾ ਕਰਸਾਂ, ਤਲੀਆਂ ਝੱਸਿਆ ਕਰਸਾਂ ਮੱਖਣ ਨਾਲ ਬੀਬਾ ਰਾਣਾ; ਰਹੁ ਪਉ ਨਾ ਮੇਰੇ ਕੋਲ। ਇਹ ਕਹਿਕੇ ਬਾਂਹ ਫੜ ਲਈ ਤੇ ਨਾਲ ਦੇ ਨੂੰ ਕਹਿਣ ਲਗਾ; ਆ ਬਈ ਜਬਰਾਈਲਾ! ਆ ਨਾ ਤੂੰ ਬੀ ਨਾਲੇ। ਇਹ ਕਹਿਕੇ ਉਸਦੀ ਬੀ ਬਾਂਹ ਫੜ ਲਈ ਤੇ ਤੁਰ ਪਿਆ। ਸਭ ਦੀ ਆਸ ਪੁਜਾਵਣ ਹਾਰ ਤੁਰ ਪਏ ਨਾਲ। ਉਸਦੀ ਸਫਾਈ ਸਚਾਈ ਤੇ ਤ੍ਰੁਠਦੇ, ਮਿਹਰਾਂ ਕਰਦੇ, ਉਸ ਦੇ ਹਿਰਦੇ, ਅਨਜਾਣ ਹਿਰਦੇ, ਵਿਚ ਰੱਬ ਨੂੰ ਵਸਾਉਂਦੇ ਤੇ ਉਸ ਨੂੰ ਉਸ ਵਿਚ ਟਿਕਾਉਂਦੇ, ਉਸ ਦੇ ਪਾਸ ਰਹੇ ਦੋ ਚਾਰ ਦਿਨ ਉਸ ਦੀ ਢੋਕ ਨਿਮਾਣੀ ਵਿਚ। ਜਦੋਂ ਉਹ ਭਲਾ ਪਰ ਸੱਚਾ ਬੰਦਾ ਸਾਂਈਂ ਦੇ ਅਨੁਭਵ ਵਿਚ ਆ ਗਿਆ ਤਾਂ ਤੁਰ ਪਏ[1]।

੩.

**ਗਹਬਰ** ਬਨ, ਸੰਘਣੇ ਬ੍ਰਿਛ ਛਣ ਛਣ ਕੇ ਕਿਧਰੇ ਪੈਂਦੇ ਹਨ ਧੁੱਪ ਦੇ ਚਟਾਕ। ਹਾਂ, ਇਕ ਥਾਵੇਂ ਬੈਠਾ ਹੈ ਇਹ ਤਪਸੀ-ਤਪੋ ਮੂਰਤੀ। ਕਰ ਰਿਹਾ ਹੈ ਮਨ ਨਾਲ ਵਿਚਾਰਾਂ; ਕਾਸ਼! ਮੇਰਾ ਅੱਲਾ ਉਸ ਕੁੜੀ ਦੇ ਖਸਮ ਵਾਲੇ ਜਿਸਮ ਵਾਲਾ ਹੁੰਦਾ, ਮੈਂ ਬੀ ਉਸ ਦੀ ਸੇਵਾ ਕਰਦਾ, ਰੋਟੀ ਖੁਆਲਦਾ, ਮੁੱਠੀਆਂ ਭਰਦਾ, ਆਮਨੇ ਮੰਨਦਾ, ਰੀਝਾਉਂਦਾ। ਮੈਂ ਭੀ ਹੋ ਜਾਂਦਾ ਕੁੜੀ ਵਾਂਙ ਸੱਤਜਾਵਾਨ ਤੇ ਅੱਲਾ ਵਾਲਾ। ਬੇਚੂਨ, ਬੇਗੂਨ ਬੇਰੰਗ ਅਤੇ ਬੇਰੂਪ ਨੂੰ ਕਿਥੋਂ ਲੱਭਾ, ਕੀਕੂੰ ਸੇਵਾ ਕਰਾਂ, ਕੀਕੂੰ ਰੀਝਾਵਾਂ। ਕਾਸ਼! ਮੈਨੂੰ ਇਹ ਮਰਜ਼ ਲਾਹੱਕ ਨਾ ਹੁੰਦੀ, ਕਾਸ਼! ਮੈਂ ਬੀ ਖਾਂਦਾ, ਪੀਂਦਾ ਤੇ ਮੌਜ ਬਹਾਰਾਂ ਕਰਦਾ। ...ਹਸ਼੍ਰ ...ਹਸ਼੍ਰ.. ਕਾਫਰ। ਹਸ਼੍ਰ ਹਸ਼੍ਰ ਮੇਰੇ ਅਵੈੜੇ ਮਨ! ਖ਼ੁਦਾ ਮਗ਼ਫ਼ਿਰਤ ਕਰੇ, ਇਹ ਦਰਵੇਸ਼ੀ ਚੰਗੀ, ਭੋਗਾਂ ਵਿਚ ਕੀਹ ਪਿਆ ਹੈ। ਸਾਰਾ ਸੰਸਾਰ ਉਸ ਕਾਰੇ ਲਗ ਲਗਕੇ, ਆਪਾ ਖਾ ਖਾ ਕੇ ਖ਼ੁਆਰ ਹੋ

---

[1] ਪੰਜਵੇਂ ਸਤਿਗੁਰਾਂ ਨੇ ਬੀ ਫੁਰਮਾਇਆ ਹੈ:-
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥
ਨਾਨਕ ਤਾਕੈ ਬਲਿ ਬਲਿ ਜਾਸਾ॥੫॥
{ਰਾ.ਗਓ.:ਸੁਖ: ੫:੫-੩}

[1] ਇਹ 'ਖੂਹ ਲਟਕਣ' ਦੀ ਵਾਰਤਾ ਬੀ ਕਥਾ ਵਿਚ ਪ੍ਰਮਾਣ ਦੇਣ ਲਈ ਪਿਛਲੇ ਗਿਆਨੀ ਸਜਣ ਕੁਛ ਕੁਛ ਫਰਕ ਕਰਕੇ ਸ਼ੇਖ ਫਰੀਦ ਦੇ ਸਨਬੰਧ ਵਿਚ ਸੁਣਾਇਆ ਕਰਦੇ ਸਨ।

ਹੋ ਨਿਤਾਣਪੁਣੇ ਤੇ ਰੋਗਾਂ ਨਾਲ ਮਰ ਰਿਹਾ ਹੈ। ਮੁਬਾਰਕ ਹੈ ਇਹ ਜ਼ੁਹਦ, ਇਹ ਭੁੱਖ, ਇਹ ਤਪ, ਇਹ ਸਿੱਕ! ਚੁਪ...ਹੈਂ....ਆਵਾਜ਼ ਆਉਂਦੀ ਹੈ। ਬਨ ਵਿਚ ਕੌਣ ਬੋਲਦਾ ਹੈ। (ਕੰਨਾਂ ਵਿਚ ਉਂਗਲ ਦੇਕੇ) ਰਾਗ ਨਾ ਸੁਣ, ਸ਼ਰ੍ਹਾ ਮਨ੍ਹਾਂ ਕਰਦੀ ਹੈ...ਹਾਂ, ਮਨ੍ਹਾਂ ਤਾਂ ਕਰਦੀ ਹੈ, ਪਰ ਸ਼ਰ੍ਹਾਂ ਬੀ ਇਕਵਾਸੀ ਰੋਟੀ ਹੈ। ਭਲਾ ਜੇ ਕੋਈ ਅੱਲਾ ਦੀ ਹਮਦੋਸਨਾ ਗਾਵੇ ਰਾਗ ਵਿਚ, ਤਾਂ ਰਾਗ ਕਿਉਂ ਮਾੜਾ। (ਕੰਨਾਂ ਵਿਚੋਂ ਉਂਗਲਾਂ ਕੱਢਕੇ) ਸੁਣ ਭਾਈ ਸੁਣ, ਖੁਸ਼ਕੀ ਚੜ੍ਹ ਰਹੀ ਹੈ, ਸੁੱਕ ਰਿਹਾ ਹਾਂ। ਖ਼ਬਰੇ ਕੋਈ ਤਰੌਤ ਹੋਵੇ ਅੱਲਾ ਦੀ। ਜੇ ਕੋਈ ਨਾਪਾਕ ਗਾਇਣ ਹੋਇਆ ਤਾਂ ਕੰਨ ਬੰਦ ਕਰੀਂ, ਹਮਦੋਸਨਾ (ਕੀਰਤੀ) ਹੋਈ ਤਾਂ ਸੁਣ ਲਈਂ। (ਕੰਨ ਲਾਕੇ ਤੇ ਸਾਹ ਵੱਟਕੇ) ਹਾਂ, ਇਹ ਤਾਂ ਖ਼ੁਦਾਵੰਦ ਕ੍ਰੀਮ ਦੀ ਸਿਫਤ ਦੀ ਗਲ ਹੈ। ਹੈਂ, ਰਾਗ ਵਿਚ ਸੁਣਕੇ ਲਕੜੀ ਹੋ ਰਹੀਆਂ ਮੇਰੀਆਂ ਹੱਡੀਆਂ ਵਿਚ ਜਾਨ ਰੁਮਕਦੀ ਹੈ। (ਫੇਰ ਕੰਨ ਲਾਕੇ) ਹੁਣ ਨਹੀਂ ਸੁਣਾਈ ਦੇਂਦੀ। ਬੱਸ ਚੁੱਪ, ਬੱਸ ਹੋ ਗਈ ਅਰਸ਼ੀ ਖ਼ੁਸ਼ ਇਲਹਾਨੀ। ..... ਭਾਗ, ਬੰਦੇ ਦੇ ਭਾਗ! ਹੁਣ ਫੇਰ ਤਪਸ੍ਵੀ ਨੇ ਗਲ ਵਿਚ ਪਾਈ ਕਾਠ ਦੀ ਰੋਟੀ ਨੂੰ ਚੱਕ ਮਾਰਿਆ ਤੇ ਦੋ ਚਾਰ ਕਦਮ ਚੱਲ ਕੇ ਬਹਿ ਗਿਆ...... ਅੱਲਾ ਹੂ.....।

ਜੰਗਲ ਵਿਚੋਂ ਪੈਰਾਂ ਦੇ ਤੁਰਨ ਦੀ ਸਰਸਰਾਹਟ ਹੋਈ, (ਤ੍ਰਬੁਕ ਕੇ) ਦਿਨ ਵੇਲੇ ਨਹੀਂ ਬਈ ਨਿਕਲਦੇ, ਇਹ ਬੰਦਿਆਂ ਦੀ ਪੈਖੜ ਹੈ। ... (ਤੱਕਕੇ) ਔਹ ਆ ਰਹੇ ਹਨ। ਕੌਣ ਹਨ? (ਤੱਕ ਕੇ ਨੀਝ ਨਾਲ) ਦਰਵੇਸ਼ ਜਾਪਦੇ ਹਨ, ਚਲੋ ਚੰਗਾ ਹੋਇਆ, ਅੱਲਾ ਵਾਲੇ ਆਏ, ਅੱਲਾ ਦੀਆਂ ਗਲਾਂ ਹੀ ਸਹੀ, ਕੁਝ ਸੁਣਾਂਗੇ? ਨਹੀਂ ਨਹੀਂ, ਇਹ ਖਬਰੇ ਹਿੰਦੂ ਹੈਨ, ਬੁੱਤਾਂ ਦੀਆਂ ਗਲਾਂ ਕਰਨਗੇ। ਹਿੰਦੂ ਮਾੜੇ ਹਨ, ਕਾਫਰ ਹਨ। ... ਪਰ ਅੱਲਾ ਨੇ ਕਿਉਂ ਬਣਾਏ? ਕੋਈ ਭੇਤ ਹੈ, ਉਸ ਜੋ ਬਣਾਏ ਫੇਰ ਮੈਂ ਕਿਉਂ ਕਹਾਂ ਨਾ ਹੋਣ। ਨਹੀਂ ਚਾਹੀਦੇ ਤਾਂ ਨਾ ਬਣਾਉਂਦਾ। ਬੱਸ ਕਰ ਫਰੀਦਾ! ਘਰ ਛੱਡ, ਬਾਹਰ ਛੱਡ, ਤਪ ਸਾਧ, ਸੁੱਕਕੇ ਪਿੰਜਰ ਬੀ ਫੇਰ ਨਫ਼ਰਤ; ਵੈਰ! ਅੱਲਾ ਤਾਂ ਨਫ਼ਰਤ ਨਹੀਂ, ਵੈਰ ਨਹੀਂ। ਤੂੰ, ਕਿਉਂ?... ਪੁਰਾਣੇ ਵੈਰ ? ਪੁਰਾਣੇ ਵੈਰ ਹਿੰਦੂ ਗ਼ਰੀਬਾਂ ਨਾਲ ਕਾਹਦੇ। ਹਜ਼ਰਤ ਨਾਲ, ਕਿ ਅਲੀ ਨਾਲ ਕਿ ਖ਼ਲੀਫ਼ਿਆਂ ਨਾਲ ਹਿੰਦੂ ਤਾਂ ਨਹੀਂ ਲੜੇ। ਉਹ ਤਾਂ ਉਸ ਪਾਸੇ ਦੇ ਯਹੂਦੀ, ਨਸਾਰਾ (ਈਸਾਈ) ਯਾ ਹੋਰ ਕਿਸੇ ਕੌਮਾਂ ਦੇ ਬੰਦੇ ਹੋਣਗੇ। ਪਹਿਲੋਂ ਤਾਂ ਅਰਬ ਦੇ ਬੁਤਪ੍ਰਮਤ ਹਜ਼ਰਤ ਦੇ ਅਪਣੇ ਭਾਈ ਬੰਦ ਸਨ। ਵੈਰ ਉਨ੍ਹਾਂ ਕਮਾਏ। ਹਿੰਦੂ ਉਥੇ ਕਿਥੇ ਸਨ। ਸਾਡੇ ਸ਼ਰਈ ਕਾਜ਼ੀ ਬੀ ਅਜਬ ਹਨ। ਹਿੰਦੂ ਵਿਚਾਰਿਆਂ ਨਾਲ ਨਫਰਤ ਕਿਉਂ? ਇਨ੍ਹਾਂ ਤਾਂ ਤਦੋਂ ਕੁਛ ਨਾ ਸੋ ਵਿਗਾੜਿਆ। ਸੋ ਮਨਾਂ! ਨਾ ਕਰ ਨਫਰਤ ਕਿਸੇ ਨਾਲ। ਨਫ਼ਰਤ ਕੀਤਿਆਂ ਨਫ਼ਰਤ ਆਪਣੇ ਅੰਦਰ ਵਸਦੀ ਹੈ, ਨਫ਼ਰਤ ਖ਼ਸਲਤ ਸ਼ੈਤਾਨੀ ਹੈ, ਸੋ ਨਫ਼ਰਤ ਕਰਨ ਨਾਲ ਸ਼ੈਤਾਨ ਅੰਦਰ ਆ ਵਸਦਾ ਹੈ। ਫੇਰ ਜਿਥੇ ਨਫ਼ਰਤ ਉਥੇ ਖ਼ੁਦਾ ਕਿੱਥੇ? ਖ਼ਬਰੇ ਤਦੇ ਘਾਲ ਥਾਂ ਨਹੀਂ ਪੈਂਦੀ। ਨਾ ਕਰ ਨਫਰਤ; ਆਉਣ ਦੇਹ, ਕੋਈ ਸਹੀ। ਫਕੀਰ ਤਾਂ ਹੈ। ਹੈਂ...ਠੰਢ ਬੀ ਪਈ ਪੈਂਦੀ ਹੈ।

ਇੰਨੇ ਨੂੰ ਉਹ ਦੋਇ ਬੀ ਪੁੱਜ ਪਏ, ਫਕੀਰ ਉਠਿਆ, ਦੋ ਕਦਮ ਅੱਗੇ ਹੋਇਆ ਤੇ ਬੋਲਿਆ: ਅਲਾਹ, ਅਲਾਹ ਦਰਵੇਸ਼! ਹੋ ਦਰਵੇਸ਼!' ਤਦ ਓਹ ਮੋਹਣੀ ਮੂਰਤ ਜੀ ਬੋਲੇ-'ਅਲਹ, ਫਰੀਦ ਜ਼ੁਹਦੀ, ਆਉ ਫਰੀਦ ਜ਼ੁਹਦੀ. ਅਲਹ, ਅਲਹ'। ਫਕੀਰ ਨੇ ਹੱਥ ਵਧਾਇਆ ਤੇ ਦੋਏ ਦਸਤ ਪੰਜਾ ਲੈਕੇ ਬੈਠ ਗਏ।

ਫਰੀਦ-ਹਿੰਦੂ ਕਿ ਮੁਸਲਮਾਨ?

ਗੁਰੂ ਜੀ-ਅਲਹ, ਅਲਹ ਤੇ ਅਲਹ ਦੇ।

ਫਰੀਦ-ਮੁਬਾਰਕ, ਗ੍ਰਿਹਸਤੀ ਕਿ ਤਿਆਗੀ?

ਗੁਰੂ ਜੀ-ਦੋਏ ਨਾ ਤੇ ਦੋਏ?

ਫਰੀਦ-ਦੋਏ...। ਭਾਈ ਸਾਈਂ ਲੋਕ! (ਕੰਬਕੇ) ਦੋ ਬੇੜੀ ਪੈਰ ਨਾ ਧਰ, ਜਾਂ ਰਬ ਲੱਭ ਜਾਂ ਦੁਨੀਆਂ ਦੀ ਵਡਿੱਤ[੧]।

ਗੁਰੂ ਨਾਨਕ ਦੇਵ ਜੀ-ਭਾਈ ਇਹ ਦੁਬੇੜੀ ਹੈ, ਦੁਬੇੜੇ ਵਿਚ ਹੀ ਪੈਰ ਚੰਗਾ ਹੈ, ਕੋਈ ਤਾਂ ਪਾਰ ਲੱਗਸੀ। ਗ੍ਰਿਹਸਤੀ ਦੀ ਬੇੜੀ ਵੀ ਲੱਦਦੇ, ਅਤੀਤ

---

੧ ਅਕੈ ਤਾਂ ਲੋੜ ਮੁਕੱਦਮੀ ਅਕੈ ਤਾਂ ਅਲਹੁ ਲੋੜੁ॥ ਦੁਹੁ ਬੇੜੀ ਨਾ ਲਤੁ ਧਰ ਮਤ ਵੰਞਹੁ ਵਖਰੁ ਬੋੜਿ॥ {ਪੁ: ਜ: ਸਾਖੀ}

ਦੀ ਬੀ ਲੱਦਦੇ, ਖਬਰੇ ਕਿਹੜੀ ਪੁੱਗਣੀ ਹੈ।

ਫਰੀਦ-ਓਹ ਕਿੰਞ?

ਗੁਰੂ ਜੀ-ਬੇੜੀਆਂ ਦਾ ਦ੍ਰਿਸ਼ਟਾਂਤ ਠੀਕ ਨਹੀਂ। ਨਾ ਪਾਣੀ ਹੈ, ਨਾ ਬੇੜੀ ਹੈ, ਨਾ ਕੋਈ ਡੁਬਦੀ ਹੈ, ਨਾ ਪਾਰ ਕੋਈ ਲਗਦੀ ਹੈ, ਵੱਖਰ ਤਾਂ ਹੈ ਸੱਚ 'ਤੇ ਧਨ ਬੀ ਹੈ ਜੋ ਸੰਚਨਾ ਹੈ ਸੱਚ'। ਓਹ ਸਾਰੇ ਵਿਆਪਕ ਹੈ ਤੇ ਸੁਤੇ ਸੁਭਾਵ ਸਾਰੇ ਥਾਂਈਂ ਹੈ। ਸੋ ਸੱਚ ਨੂੰ ਪਿਆਰ ਕਰੋ ਚਾਹੇ ਹਿੰਦੂ ਬੇੜੀ ਹੈ ਚਾਹੇ ਮੁਸਲਮਾਨ ਬੇੜੀ ਹੈ[1]।

ਫਰੀਦ-ਮਾਯਾ ਨਾਲ ਤਾਂ ਛੁਹਣਾ ਹੀ ਬੁਰਾ ਹੈ, ਜੋ ਇਸ ਨਾਲ ਰਚੇ ਸੋ ਗਏ, ਇਹ ਝੂਠੀ ਹੈ, ਇਸ ਨਾਲ ਜਮਾਏ ਖੇਤ ਉਜੜ ਜਾਂਦੇ ਹਨ। ਇਹ ਪ੍ਰਤੱਖ ਹੈ[2]।

ਗੁਰੂ ਜੀ-ਭਾਈ ਸਾਈਂ ਲੋਕ! ਮਾਯਾ ਨਾਲ ਸਬੰਧ ਤਾਂ ਮੂਲ ਹੋਇਆ ਜਗਤ ਦਾ, ਇਸੇ ਵਿਚ ਤਾਂ ਸੱਚ ਦਾ ਖੇਤ ਲਾਈਦਾ ਹੈ। ਜੇ ਰਾਖਾ ਸੁਚੇਤ ਹੋਵੇ ਤਾਂ ਖੇਤ ਬੋਹਲ ਬਣ ਜਾਂਦਾ ਹੈ, ਉਜੜਦਾ ਨਹੀਂ ਹੈ[3]।

ਹਠੀ ਤਪੀ ਫਰੀਦ ਕੰਬਿਆ ਤੇ ਸਾਂਈਂ ਵਲੇ ਖਿਆਲ ਕਰਕੇ ਬੋਲਿਆ:-

ਫਰੀਦਾ ਤਨੁ ਰਹਿਆ ਮਨੁ ਫਟਿਆ
ਤਾਗਤਿ ਰਹੀ ਨ ਕਾਇ॥ ਉਠੀ ਪੀਰਿ

---

[1] ਗੁਰ ਨਾਨਕ ਦੇਵ ਜੀ ਦੇ ਉਤਰ ਜਨਮ ਸਾਖੀ ਵਾਲੇ ਨੇ ਇਸ ਤਰ੍ਹਾਂ ਸਲੋਕਾਂ ਵਿਚ ਲਿਖੇ ਹਨ:-

ਦੁਹੀ ਬੇੜੀ ਲਤ ਧਰੁ ਦੁਹੀ ਵਖਰ ਚਾੜਿ॥
ਕੋਈ ਬੇੜੀ ਡੁਬਸੀ ਕੋਈ ਲੰਘੇ ਪਾਰਿ॥
ਨਾ ਪਾਣੀ ਨਾ ਬੇੜੀਆ ਨਾ ਡੁਬੈ ਨਾ ਜਾਇ॥
ਨਾਨਕ ਵਖਰੁ ਸਚੁ ਧਨ ਸਹਜੇ ਰਹਿਆ ਸਮਾਇ॥
{ਪੁ: ਜ: ਸਾਖੀ}

[2] ਫਰੀਦ ਚੂੜੇਲੀ ਸਿਉ ਰਤਿਆ ਦੁਨੀਆਂ ਕੂੜਾ ਭੇਤੁ ॥ਨਾਨਕ! ਅਖੀ ਦੇਖਦਿਆਂ ਉਜੜਿ ਵੰਵੈ ਖੇਤੁ॥
{ਪੁ: ਜ: ਸਾਖੀ}

[3] ਫਰੀਦਾ ਧੁਰਹੁ ਧੁਰਹੁ ਹੁੰਦਾ ਆਇਆ ਚੂੜੇਲੀ ਸਿਉ ਹੇਤ॥ ਨਾਨਕ ਖੇਤੁ ਨ ਉਜੜੈ ਜੇ ਰਾਖਾ ਹੋਇ ਸੁਚੇਤ॥ {ਪੁ: ਜ: ਸਾਖੀ}

ਤਬੀਬ ਥੀਓ ਕਾਰੀ ਦਾਰੂ ਲਾਇ[1]।

ਗੁਰੂ ਜੀ-ਸਾਂਈਂ ਦੇ ਢੂੰਡਾਊ ਜੀਓ ! ਜੁਵਾਨੀ ਵਿਚ ਸਾਂਈਂ ਵਲ ਲਗੇ, ਪਰ ਸਜਣ ਪਰਖ ਕੇ ਕਰ। (ਤਦ[2] ਗੁਰੂ ਜੀ ਆਪਣਾ ਰਚਿਆ ਇਕ ਸਲੋਕ ਬੋਲੇ):-

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥ ਪਹਿਲਾ ਵਸਤੁ ਸਿਞਾਣਿਕੈ ਤਾਂ ਕੀਚੈ ਵਾਪਾਰੁ॥ ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥ ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥ ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ ॥ ੨ ॥

{ਸਲੋਕ ਵਾ: ਤੇ ਵ: ਮ:੧}

ਇਹ ਸੁਣਕੇ ਫਰੀਦ ਨੇ ਬੀ ਇਕ ਸ਼ਬਦ ਗਾਂਵਿਆਂ:-

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥੧॥ ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥ ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥ ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥ ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥ ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ[3]॥੩॥੨॥ {ਸੂਹੀ ਲਲਿਤ ਫਰੀਦ ਜੀ}

ਫਰੀਦ ਨੇ ਇਹ ਸ਼ਬਦ ਸੂਹੀ ਵਿਚ ਗਾਂਵਿਆਂ ਸਤਿਗੁਰ ਜੀ ਨੇ ਬੀ ਤਦ ਸੂਹੀ ਵਿਚ ਹੀ ਆਪਣਾ ਸ਼ਬਦ ਗਾਂਵਿਆਂ ਤੇ ਉਸਦਾ ਉੱਤਰ ਦਿੱਤਾ:-

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ

---

[1] ਪੁ: ਜਨਮ ਸਾਖੀ [2] ਪੁ: ਜਨਮ ਸਾਖੀ ਨੇ ਏਥੇ ਜੋ ਸਲੋਕ ਦਿਤਾ ਹੈ ਸੋ ਪੰਚਮ ਗੁਰੁ ਜੀ ਦਾ ਹੈ, ਜਿਸ ਦੀ ਪਹਿਲੀ ਤੁਕ ਹੈ:

ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ॥

[3] ਜਨਮ ਸਾਖੀ ਵਿਚ ਇਸ ਸ਼ਬਦ ਦੇ ਪਾਠ ਦਾ ਥੋੜਾ ਥੋੜਾ ਫਰਕ ਹੈ।

ਪੰਥੁ ਸੁਹੇਲਾ ॥ ੧ ॥ ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥ ੧ ॥ ਰਹਾਉ ॥ ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ੨ ॥ ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥ ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥ ੩ ॥ ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥ ੪ ॥ ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥੨॥੪॥

(ਸੂਹੀ ਮ: ੧)

ਇਹ ਸ਼ਬਦ ਸੂਹੀ ਦੀ ਦਿਲ ਚੀਰਵੀਂ ਸੁਰ ਵਿਚ ਸੁਣਕੇ ਫਰੀਦ ਦਾ ਦਿਲ ਠੰਢ ਦੇ ਘਰ ਆਯਾ, ਪਰਮੇਸ਼ੁਰ ਦੇ ਪਿਆਰ ਦਾ ਸੋਹਿਲਾ ਸੁਣਿਆਂ, ਪਿਆਰ ਦੇ, ਮਿਲਾਪ ਦੇ ਤੇ ਤ੍ਰਿਆਗ ਦੇ ਘਰ ਵਿਚ ਖੁਸ਼ੀ ਦੇ ਬਚਨ ਸੁਣੇ ਤੇ ਸਮਝੇ ਤਦ ਸਤਿਗੁਰ ਜੀ ਬੜੇ ਪਿਆਰੇ ਲੱਗੇ, ਮਨ ਨੇ ਕਿਹਾ: ਇਹ ਹੈ; ਸੱਚ ਦਾ ਰੂਪ, ਮਰਦੇ ਹੱਕ, ਇਹ ਹੈ ਅੰਦਰੋਂ ਪ੍ਰੀਤਵਾਨ ਰਬ ਦਾ, ਇਹ ਹੈ ਸਿਜਦੇ ਲਾਇਕ, ਤਦ ਉਸੇ ਵੇਲੇ ਉਸ ਨੇ ਆਸਾ ਵਿਚ ਇਹ ਸ਼ਬਦ ਗਾਂਵਿਆਂ:-

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥ ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥ ੧ ॥ ਰਹਾਉ ॥ ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ ਤਿਨ੍ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ੨ ॥ ਪਰਵਦਗਾਰ ਅਪਾਰ ਅਗਮ ਬੇਅੰਤ ਤੂ॥ ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ ੩ ॥ ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥ ੪ ॥ ੧ ॥

(ਆਸਾ ਫ਼ਰੀਦ ਜੀ)

ਤਦ ਗੁਰੂ ਜੀ ਸੂਹੀ ਵਿਚ ਗਾਂਵੇਂ ; ਮਰਦਾਨੇ ਰਬਾਬ ਛੇੜ ਦਿਤਾ ਤੇ ਅਚਰਜ ਰੰਗ ਕੀਰਤਨ ਦਾ ਬੱਝ ਗਿਆ। ਫਰੀਦ ਦੇ ਨੈਣ ਜੁੜ ਗਏ।

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥ ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥ ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥ ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥ ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥ ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥ ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥ ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥ ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥ ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥੨॥

(ਸੂਹੀ ਮ:੧ ਸੁਚਜੀ)

ਇਸ ਸ਼ਬਦ ਦੇ ਗਾਯਨ ਵਿਚ ਫਰੀਦ ਦੇ ਨੈਣ ਜੁੜੇ ਰਹੇ। ਮਨ ਟਿਕਦਾ ਟਿਕਦਾ ਇਕ ਸੁਖੋਪਤੀ ਦਾ ਝੂਟਾ ਖਾਕੇ ਕਿਸੇ ਰਸ ਦੇ ਘਰ ਟਿਕ ਗਿਆ। ਅੰਦਰ ਠੰਢ ਵਰਤ ਗਈ। ਕਿੰਨਾ ਚਿਰ ਲੰਘ ਗਿਆ। ਜਦ ਨੈਣ ਖੁੱਲ੍ਹੇ ਤਾਂ ਸਿਰ ਝੁਕ ਗਿਆ। ਆਖਣ ਲੱਗਾ- ਨਵਾਜ਼ਸ਼! ਅੱਜ ਇਹ ਸਤਿਸੰਗ ਲਗਾ ਰਹੇ ਏਥੇ।

ਸੋ ਤ੍ਰੈ ਜਿਉਂ ਉਥੇ ਬੈਠੇ; ਬੈਠੇ ਹੀ ਰਹੇ, ਕਦੇ ਵਾਰਤਾਲਾਪ ਛਿੜੇ, ਕਦੇ ਕੀਰਤਨ ਹੋ ਪਵੇ, ਕਦੇ ਚੁੱਪਾਂ ਦੇ ਘਰ ਟਿਕਾਉ ਹੋ ਜਾਣ। ਐਉਂ ਦਿਹੁੰ ਬੀ ਬੀਤ ਗਿਆ ਤੇ ਰਾਤ ਬੀ ਬੀਤ ਚਲੀ।

### ੪.

**ਪਿਛਲੀ** ਰਾਤ ਹੋ ਗਈ। ਗੁਰੂ ਜੀ ਬੈਠੇ ਬੈਠੇ ਸੁਖਾਸਨ ਰਤਾ ਕੁ ਹੋਏ ਸੇ। ਫਰੀਦ ਜੀ ਨੂੰ ਭੁੱਖ ਲਗ ਰਹੀ ਸੀ ਤੇ ਜਾਗ ਪਏ ਸਨ ਕਿ ਇਕ ਬੰਦਾ; ਜੋ ਇਸ ਸਤਿਸੰਗ ਨੂੰ ਦੇਖ ਗਿਆ ਸੀ, ਦੁੱਧ ਦਾ ਤਬਲਬਾਜ ਭਰ ਕੇ ਲੈ ਆਇਆ। ਵਿਚ ਚਾਰ ਮੁਹਰਾਂ ਭੀ ਪਾ ਲਿਆਇਆ। ਸ਼ੇਖ ਨੇ ਆਪਣੇ ਲਈ ਆਪਣਾ ਹਿੱਸਾ ਦੁੱਧ ਦਾ ਆਪਣੇ ਛੰਨੇ ਪੁਆ ਲਿਆ ਤੇ ਬਾਕੀ ਦਾ ਗੁਰੂ ਜੀ ਤੇ ਮਰਦਾਨੇ ਵਾਸਤੇ ਧਰਵਾ ਦਿਤਾ। ਜਾਂ ਗੁਰੂ ਜੀ ਨੇ ਨੈਣ ਕਟੋਰੇ ਖੋਹਲੇ

ਤਾਂ ਸ਼ੇਖ ਨੇ ਆਪਣੇ ਜਾਗਦੇ ਰਹਿਣ ਦੇ ਮਾਨ ਵਿਚ ਗੁਰੂ ਜੀ ਉਤੇ ਇਕ ਸੈਨਤ ਸੱਟੀ, ਬੋਲਿਆ:-

> ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥ ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ॥੧੧੨॥

ਗੁਰੂ ਜੀ ਸੁਣਕੇ ਮੁਸਕ੍ਰਾਏ। ਫਰੀਦ ਨੂੰ ਕੀਹ ਪਤਾ ਸੀ ਕਿ ਸਦਾ ਮਿਲਿਆਂ ਦੀ ਗਤੀ ਕੀ ਹੁੰਦੀ ਹੈ। ਫੇਰ ਗੁਰੂ ਬਾਬੇ ਨੇ ਬੀ ਸਲੋਕ ਦਿੱਤਾ:-

> ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥੧੧੩॥

ਫ਼ਰੀਦ ਦਾ ਮਤਲਬ ਸੀ ਕਿ ਤੁਸੀਂ ਪਹਿਲੀ ਰਾਤ ਜਾਗੇ ਹੋ ਤੇ ਸੁੱਤੇ ਰਹੇ ਹੋ ਪਿਛਲੀ ਰਾਤ, ਇਸ ਕਰਕੇ ਦੁੱਧ ਤੁਸਾਂ ਨੂੰ ਨਹੀਂ ਮਿਲਿਆ। ਪਰ ਗੁਰੂ ਜੀ ਦਾ ਉੱਤਰ ਇਹ ਸੀ ਕਿ ਸਾਂਈਂ ਜਾਗਦਿਆਂ ਨੂੰ ਚਾਹੇ ਤਾਂ ਨਹੀਂ ਦੇਂਦਾ ਤੇ ਚਾਹੇ ਤਾਂ ਸੁਤਿਆਂ ਨੂੰ ਜਗਾਕੇ ਦੇ ਦੇਂਦਾ ਹੈ, ਕਿਉਂਕਿ ਦੁੱਧ ਦੇ ਤਬਲਬਾਜ ਵਿਚੋਂ ਫਰੀਦ ਨੂੰ ਤਾਂ ਦੁੱਧ ਹੀ ਮਿਲਿਆ ਸੀ ਤੇ ਜੋ ਹਿੱਸਾ ਉਸ ਵਿਚ ਗੁਰੂ ਜੀ ਵਾਸਤੇ ਸੀ ਤੇ ਫਰੀਦ ਨੇ ਜਗਾ ਕੇ ਦਿੱਤਾ ਸੀ ਉਸ ਵਿਚ ਚਾਰ ਮੋਹਰਾਂ ਬੀ ਸਨ, ਉਹ ਸਾਂਈਂ ਨੇ ਗੁਰੂ ਨਾਨਕ ਨੂੰ ਦਿਤੀਆਂ। ਪਰਮਾਰਥਿਕ ਭਾਵ ਗੁਰੂ ਜੀ ਦਾ ਇਹ ਸੀ ਕਿ ਪਿਛਲੀ ਰਾਤ ਦਾ ਤੁਸਾਡਾ ਜਾਗਣਾ ਇਕ ਜ਼ੁਹਦ ਮਾਤ੍ਰ ਹੈ। ਅਸਾਂ ਇਸ ਨੂੰ ਅੰਮ੍ਰਿਤ ਵੇਲਾ ਨਾਉਂ ਦਿਤਾ ਹੈ, ਇਹ ਸੁਆਦ ਦਾ ਵੇਲਾ ਹੈ। ਸਾਡੇ ਗੁਰਮੁਖ ਬਨਾਉਟੀ ਯਾ ਜ਼ੋਰ ਦੇ ਹਠ ਤਪ ਨਹੀਂ ਕਰਦੇ, ਉਨ੍ਹਾਂ ਦੇ 'ਹਠ ਤਪ' ਪਜਾਰ ਦੇ ਸਹਜ ਵਿਚ ਹੁੰਦੇ ਹਨ। ਓਹ ਪਜਾਰ ਵਿਚ ਉਠਦੇ, ਕੀਰਤਨ ਕਰਦੇ ਤੇ ਸਾਂਈਂ ਦੀ ਯਾਦ ਵਿਚ ਖੁਸ਼ ਥੀਂਦੇ ਹਨ, ਉਹ ਰਸ ਮਾਣਦੇ ਹਨ ਉਸ ਦੀ ਯਾਦ ਦਾ; ਉਸ ਦੀ ਸਿਫ਼ਤ ਸਲਾਹ ਦਾ, ਇਸ ਕਰਕੇ ਉਹਨਾਂ ਲਈ ਉਹ ਅੰਮ੍ਰਿਤ ਵੇਲਾ ਹੈ। ਪਰ ਉਂਞ ਭਜਨ ਦੇ ਸੱਭੇ ਵੇਲੇ ਹਨ ਤੇ ਖ਼ਾਲਕ ਨੂੰ ਹਰ ਵੇਲੇ ਹੁਲਾਸ ਵਿਚ ਚੇਤੇ ਕਰਨਾ ਚਾਹੀਦਾ ਹੈ, ਪਰ ਜੋ ਦਾਤ ਹੈ, ਜੋ ਉਹ ਤ੍ਰੁਠਕੇ ਦੇਂਦਾ ਹੈ ਉਹ ਨਿਆਰੀ ਖੇਡ ਹੈ। ਉਹ ਜਦ ਦੇਣ ਤੇ ਆਵੇ ਤਾਂ ਸੁੱਤੇ ਪਜਾਰੇ ਨੂੰ ਜਗਾਕੇ ਅਪਣੀ ਮਿਹਰ ਦੀ ਦਾਤ ਦੇ ਦੇਂਦਾ ਹੈ। ਸੋ ਗੁਰੂ ਜੀ ਨੇ ਹੱਸਕੇ ਕਿਹਾ: ਸ਼ੇਖਾ! ਤਬਲਬਾਜ ਵਿਚ ਹਥ ਫੇਰ। ਜਦ ਸ਼ੇਖ ਨੇ ਹੱਥ ਫੇਰਿਆ ਤਾਂ ਚਾਰ ਮੁਹਰਾਂ ਨਿਕਲੀਆਂ। ਤਦ ਉਸ ਹਠੀ ਤਪੀ ਨੇ ਮਿਹਰਾਂ ਦੇ ਤਕੀਏ ਵਾਲੇ ਗੁਰੂ ਬਾਬੇ ਦੇ ਅਰਥ ਭਾਵ ਨੂੰ ਸਮਝਿਆ। ਤਬਲਬਾਜ ਵਾਲਾ ਜਾ ਚੁਕਾ ਸੀ ਤੇ ਗੁਰੂ ਬਾਬਾ ਹੁਣ ਆਪਣੇ ਰੰਗਾਂ ਵਿਚ ਸੀ।

ਫੇਰ ਗੁਰੂ ਜੀ ਬੋਲੇ-ਸ਼ੇਖ ਜੀ! ਇਕ ਰਾਤ ਤਾਂ ਰੋਜ਼ ਆਉਂਦੀ ਤੇ ਰੋਜ਼ ਮੁੱਕ ਜਾਂਦੀ ਹੇ, ਪਰ ਇਕ ਰਾਤ ਇਕੋ ਵੇਰੀ ਆਕੇ ਇਕੋ ਵੇਰੀ ਮੁਕਦੀ ਹੈ। ਜੋ ਪ੍ਰਿਯ ਦੀ ਆਸਾਵੰਤ ਉਹ ਰਾਤ ਸੌਂਕੇ ਗੁਜ਼ਾਰਦੀ ਹੈ ਸੋ ਵਾਵੀ ਜਾਂਦੀ ਹੈ। ਸ਼ਹੁ ਦਾ ਉਸ ਦੇ ਅੰਗਣੇ ਆਉਣ ਦਾ ਵੇਲਾ ਨੀਯਤ ਨਹੀਂ। ਜਦੋਂ ਆਯਾ ਸੁੱਤੀ ਵੇਖਕੇ ਮੁੜ ਜਾਸੀ। ਤਾਂ ਤੇ ਵਰ ਪ੍ਰਾਪਤ-ਵਰ ਦੀ ਕਾਮਨਾ ਵਾਲੀ-ਬਾਲੀ ਲਈ ਉਹ ਰਾਤ ਜਾਗਕੇ ਗੁਜ਼ਾਰਨੀ ਲੋੜੀਏ। ਉਸ ਰਾਤ ਦੇ ਵੀ ਚਾਰ ਪਹਿਰ ਹਨ। ਓਹ ਚਾਰੇ ਇਕ ਗ਼ਾਫ਼ਲ ਇਸਤ੍ਰੀ ਬਿਰਥਾ ਗੁਆ ਰਹੀ ਹੈ:

ਸ਼ੇਖ ਬੋਲਿਆ-ਉਹ ਇਸਤ੍ਰੀ ਕੌਣ ਹੈ ਤੇ ਉਹ ਰਾਤ ਕਿਹੜੀ ਹੈ ਜਿਸ ਦਾ ਚੁਪਹਿਰਾ ਇਕ ਵਾਰ ਹੀ ਲੰਘ ਜਾਂਦਾ ਹੈ।

ਗੁਰੂ ਜੀ ਬੋਲੇ-ਇਸਤ੍ਰੀ ਤਾਂ ਉਹ ਇਹ ਜੀਵ ਹੈ ਤੇ ਰਾਤ ਉਸ ਦੀ ਉਮਰ ਹੈ ਜਿਸ ਦੇ ਚਾਰ ਹਿੱਸੇ ਹਨ। ਪਹਿਲਾ ਤਾਂ ਹੈ ਬਚਪਨ ਤੇ ਚੜ੍ਹਦੀ ਕੁਮਾਰ ਅਵਸਥਾ ਜੋ ਇਸ ਦੀ ਪਹਿਲਾਂ ਘੋਰ ਅਗਿਆਨ ਤੇ ਫੇਰ ਗਹਿਲੜੀ ਚਾਉ ਭਰੀ ਉਮਰ ਦੀ ਗਾਫਲੀ ਵਿਚ ਲੰਘ ਜਾਂਦੀ ਹੈ। ਜਮ ਦਿਨ ਇਸਦੇ ਖਾ ਜਾਂਦਾ ਹੈ। ਵਿਕਾਰ ਇਸ ਦੇ ਜਾਗ ਪੈਂਦੇ ਤੇ ਇਸਨੂੰ ਲੁੱਟਣ ਦੇ ਆਹਰ ਵਿਚ ਹੋ ਜਾਂਦੇ ਹਨ। ਇਸ ਪਹਿਲੇ ਪਹਿਰ ਵਿਚ ਅਪਣੇ ਰੱਖਣਹਾਰ ਵਲ ਨਜ਼ਰ ਨਹੀਂ ਪੈਂਦੀ, ਅਗਿਆਨ ਹਨੇਰੇ ਵਿਚ ਬੀਤ ਜਾਂਦੀ ਹੈ। ਦੂਜੀ ਆਈ ਜੁਆਨੀ, ਇਸ ਪਹਿਰ ਵਿਚ ਹੰਕਾਰ ਤੇ ਗਾਫਲੀ ਤੇ ਭੋਗਾਂ ਦੀ ਰੁਚੀ ਪ੍ਰਬਲ ਹੁੰਦੀ ਹੈ। ਮਾਨੋਂ ਇਹ ਬੀ ਸੁੱਤਿਆਂ ਬੀਤਦੀ ਹੈ ਤੇ ਰੁਖ਼ ਰੱਖਣਹਾਰ ਵੱਲ ਨਹੀਂ ਪਲਟਦਾ। ਫਿਰ ਤੀਜਾ ਪਹਿਰ ਆ ਜਾਂਦਾ ਹੈ ਜਦੋਂ ਭਰ ਜੁਆਨੀ ਅਤੇ ਬੁਢਾਪੇ ਦੇ ਵਿਚਲੀ 'ਪੁਰ' ਅਵਸਥਾ ਆਉਂਦੀ ਹੈ। ਇਸਤ੍ਰੀ ਪੁਤ੍ਰ ਤੇ ਪਦਾਰਥਾਂ ਦੇ ਮੋਹ ਦੀ ਨੀਂਦ

ਵਿਆਪਦੀ ਹੈ, ਜਗਤ ਵਿਚ ਸ਼ੋਭਾ ਦੀ ਚਾਹ ਜਗਤ ਪਿਆਰਾ ਲਾਉਂਦੀ ਹੈ। ਇਸ ਵਿਚ ਬੀ ਰੱਖਣਹਾਰ ਦੇ ਨਾਮ ਵਲ ਰੁਚੀ ਨਹੀਂ ਪਲਟਦੀ; ਕਾਲ ਇਨ੍ਹਾਂ ਨੂੰ ਖਾਈ ਜਾਂਦਾ ਹੈ, ਮਾਇਆ ਮੋਹ ਜਾਗਣ ਨਹੀਂ ਦੇਂਦਾ ਤੇ ਸੰਤਾਪ ਜੰਜਾਲਾਂ ਦੇ ਵਧ ਜਾਂਦੇ ਹਨ। ਹੁਣ ਰਾਤ ਦਾ ਚਉਥਾ ਪਹਿਰ ਆ ਜਾਂਦਾ ਹੈ। ਗ਼ਾਫ਼ਲ ਰਹੀ ਜੀਵ-ਇਸਤ੍ਰੀ ਜੁਆਨੀ, ਬਲ, ਧਨ ਪਦਾਰਥ, ਪੁਤ੍ਰ ਸਦਾ ਨਾਲ ਰਹਿਣੇ ਸਮਝਦੀ ਸੀ, ਪਰ ਹੁਣ ਵਿਯੋਗ ਪੈਂਦੇ ਹਨ। ਸਰੀਰ ਛਿਜਦਾ ਹੈ, ਨੈਣਾਂ ਦੀ ਜੋਤਿ ਘਟਦੀ ਹੈ, ਹੱਥ ਪੈਰ ਕੰਬਣ ਲਗ ਜਾਂਦੇ ਹਨ ਪਰ ਉਹ ਗ਼ਾਫ਼ਲ ਸੁੱਤੀ ਪਈ ਹੈ। ਹਾਂ, ਜਿਨ੍ਹਾਂ ਦੀ ਨੀਂਦ ਪਿਛਲੇ ਪਹਿਰਾਂ ਵਿਚ ਕਦੇ ਖੁੱਲ੍ਹ ਗਈ ਸੀ ਤੇ ਜੋ ਨਾਮ ਵਿਚ ਲਗਕੇ ਜਾਗ ਨੂੰ ਸਫਲ ਕਰਦੇ ਰਹੇ ਸੇ, ਉਹਨਾਂ ਦਾ ਇਹ ਪਹਿਰ ਸਫਲਾ ਹੈ ਤੇ ਅੱਗੋਂ ਨੂੰ ਜਨਮ ਮਰਨ ਤੇ ਹੋਰ ਦੁਖ ਦੂਰ ਹੋ ਜਾਣਗੇ। ਸੋ ਸ਼ੇਖ ਜੀ! ਕਰਤਾਰ ਦਾ ਨਾਮ ਅੰਦਰ ਵੱਸੇ ਬਿਨਾਂ ਚਾਰੇ ਪਹਿਰ ਗ਼ਾਫ਼ਲੀ ਵਿਚ ਬੀਤੇ, ਇਸ ਦਾ ਫਲ ਉਸ ਨੂੰ ਚਾਰੇ ਹੀ ਜੁਗਾਂ ਵਿਚ ਦੁਖ-ਪ੍ਰਾਪਤੀ ਮਿਲਦਾ ਹੈ। ਐਉਂ ਕਿ ਜਦ ਚਾਰ ਪਹਿਰ ਉਮਰਾ ਦੇ ਬੀਤ ਜਾਂਦੇ ਹਨ ਤਾਂ ਪ੍ਰਾਣਾਂ ਦੀ ਗੰਢ ਖੁੱਲ ਜਾਂਦੀ ਹੈ, ਜੀਵਾਤਮਾ ਸ਼ਰੀਰ ਛੱਡਕੇ ਉਠ ਤੁਰਦਾ ਹੈ। ਸਾਰੀ ਉਮਰ ਗ਼ਾਫ਼ਲੀ ਵਿਚ ਗੁਜ਼ਾਰਨ ਕਰਕੇ ਉਹ ਕੈਦ ਜਿਹੀ ਵਿਚ ਹੁੰਦਾ ਹੈ, ਉਨ੍ਹਾਂ ਹੀ ਪਦਾਰਥਾਂ ਦੇ ਮੋਹ ਵਿਚ, ਜਿਨ੍ਹਾਂ ਨੇ ਜਾਗ ਨਹੀਂ ਸੀ ਖੁੱਲ੍ਹਣ ਦਿੱਤੀ। ਫੇਰ ਮਾਇਆ ਦੇ ਮੋਹ ਵਿਚ ਜੋ ਭਲੇ ਬੁਰੇ ਪਾਪ ਪੁੰਨ ਕੀਤੇ ਸੇ ਉਹਨਾਂ ਦੇ ਸੰਸਕਾਰ ਨਾਲ ਗਏ ਹਨ; ਉਹ ਦੁਖ ਸੁਖ ਦੇਂਦੇ ਹਨ। ਕੇਵਲ ਨਾਮ ਦੇ ਪ੍ਰੇਮੀ, ਜੋ ਜਾਗਦੇ ਰਹੇ ਸੇ, ਸੋ ਸੁਖੀ ਹੁੰਦੇ ਹਨ। ਸੋ ਜਾਗ ਤਾਂ ਅੰਤ੍ਰੀਵ ਚਾਹੀਏ ਰੂਹ ਦੀ ਹਰ ਸਮੇਂ, ਜੋ ਨਾਸ਼ਮਾਨਾ ਨੂੰ ਨਾਸ਼ਮਾਨ ਸਮਝ ਲਵੇ, ਅਵਿਨਾਸ਼ੀ ਨੂੰ ਅਵਿਨਾਸ਼ੀ ਜਾਣ ਲਵੇ! ਅਤੇ ਫੇਰ ਅਵਿਨਾਸ਼ੀ ਨਾਲ ਪਿਆਰ ਕਰੇ ਤੇ ਨਾਸ਼ਮਾਨ ਦੇ ਵਿਚ ਵਸਦਿਆਂ ਇਸ ਦੇ ਨਸ਼ੇ[1] ਦੇ ਅਸਰ ਹੇਠ ਨੀਂਦ (ਗ਼ਾਫ਼ਲੀ) ਵਿਚ ਨਾ ਜਾਵੇ।

ਸ਼ੇਖ ਨੇ ਇਹ ਵੈਰਾਗ ਤੇ ਉਸ ਦੇ ਦਾਰੂ ਦਾ ਉਪਦੇਸ਼ ਸੁਣਕੇ ਆਖਿਆ; ਵਾਹ ਵਾਹ ਸਾਂਈਂ ਦੇ ਪਿਆਰੇ ਸਦਾ ਜਾਗਣਹਾਰ; ਆਪ ਧੰਨ ਹੋ! ਇਸ ਤਰ੍ਹਾਂ ਉਥੇ ਸਤਿਸੰਗ ਤੇ ਗੋਸਟ ਹੁੰਦੀ ਰਹੀ।

ਦਿਨ ਚੜ੍ਹ ਆਇਆ ਸੀ; ਪਰ ਸ਼ੇਖ ਜੀ ਲਈ ਅਜ ਨਵਾਂ ਦਿਨ ਚੜ੍ਹਿਆ ਸੀ। ਜ਼ੁਹਦੀ ਤਾਂ ਸੇ-ਤਪੋ ਮੂਰਤੀ ਹੋ ਰਹੇ ਸੇ-ਰਸ ਦੀ ਕਸਰ ਸੀ। ਬਾਬੇ ਦੀ ਮੇਹਰ ਰਸ ਦੇਸ਼ ਵਿਚ ਲੈ ਗਈ। ਜੀਵਣ ਕਣੀ-ਚਮਕਦੀ ਹੀਰਾ ਕਣੀ-ਨਿੱਕੀ ਜਿਹੀ, ਕਿਣਕਾ ਮਾਤ੍ਰ ਵਸ ਗਈ ਸ਼ੇਖ ਦੇ ਅੰਦਰ। ਹੁਣ ਜੰਗਲ ਦੀ ਲੋੜ ਨਹੀਂ ਸੀ। ਸਿਰ ਹੇਠਾਂ ਕਰਕੇ ਤਪ ਸਾਧਣ ਤੇ ਹਬਸ ਦਮ ਕਰਨ ਦੀ ਜ਼ਰੂਰਤ ਚੁੱਕ ਗਈ ਸੀ। ਬਨ ਬੀ ਹੁਣ ਨਹੀਂ ਸੀ ਲੋੜੀਦਾ। ਸੋ ਗੁਰੂ ਬਾਬੇ ਦੇ ਟੁਰਨ ਵੇਲੇ ਨਾਲ ਹੀ ਉਠ ਟੁਰਿਆ। ਹਾਂ ਜੀ, ਸਾਰੇ ਟੁਰ ਪਏ-ਗੁਰੂ ਨਾਨਕ-ਰਸਿਕ ਬੈਰਾਗੀ ਨਾਨਕ-; ਰਸੀਆ ਮਰਦਾਨਾ ਤੇ ਸ਼ੇਖ ਫਰੀਦ। ਤਬਲਬਾਜ ਉਥੇ ਹੀ ਰਿਹਾ ਤੇ ਮਾਯਾ ਦੇ ਸ੍ਵਾਮੀ ਮਾਯਾ ਤੋਂ ਅਤੀਤ ਬਰਕਤਾਂ ਪਾਕੇ ਟੁਰ ਆਏ। ਚੋਖੇ ਦਿਨ ਚੜ੍ਹੇ ਤਬਲਬਾਜ ਵਾਲਾ ਆਯਾ ਕਿ ਅਸੀਸ ਲਵਾਂ, ਪਰ ਫਕੀਰ ਟੁਰ ਚੁਕੇ ਸੇ ਤੇ ਤਬਲਬਾਜ ਪਿਆ ਸੀ-ਹਾਂ ਲਿਖਿਆ ਹੈ ਕਿ ਮੋਹਰਾਂ ਨਾਲ ਭਰਿਆ ਪਿਆ ਸੀ। ਡਿੱਠੋਸੁ ਤੇ ਹਾਹੁਕਾ ਖਾਧੋਸੁ, ਹਾਇ, ਮੈਂ ਮਾਯਾ ਦੀ ਵਾਸ਼ਨਾਂ ਧਾਰਕੇ ਦੁੱਧ ਲਿਆਯਾ ਸੀ, ਮਾਯਾ ਮਿਲੀ; ਜੇ ਕਦੇ ਮੈਂ ਭਗਵੰਤ ਦੀ ਭਾਵਨਾ ਧਾਰਕੇ ਲਿਆਉਂਦਾ ਤਾਂ ਸਦਗਤੀ ਪਾਉਂਦਾ। ਕਣੀ ਵਾਲੇ ਮਿਲੇ, ਪਰ ਮਾਯਾ ਦਾ ਲੋਭ ਮੈਨੂੰ ਛਲ ਗਿਆ।

ਹੁਣ ਟੁਰੇ ਟੁਰੇ ਜਾਂਦੇ ਉਹ ਆਸਾ ਨਾਮੇ ਦੇਸ ਦੀ ਰਾਜਧਾਨੀ ਆਏ, ਜਿੱਥੋਂ ਦਾ ਰਾਜਾ ਸਜਾਮ ਸੁੰਦਰ ਸੀ ਤੇ ਜੋ ਮਰ ਗਿਆ ਸੀ। ਲੋਕ ਦੁਖ ਵਿਚ ਸੇ ਕਿ ਇਕ ਰਾਜਾ ਮਰ ਗਿਆ ਤੇ ਦੂਜੇ ਉਸ ਦਾ ਸਸਕਾਰ ਨਹੀਂ ਹੁੰਦਾ, ਕਿਉਂਕਿ ਉਸ ਝੂਠ ਬੋਲਿਆ ਸੀ ਜੀਉਂਦੇ। ਉੱਥੋਂ ਦੇ ਸਿਆਣੇ ਕਹਿ ਰਹੇ ਸੇ ਕਿ ਇਸ ਦੀ ਗਤੀ ਤਾਂ ਹੋਵੇ ਜੇ ਸੱਚੇ ਸਾਧੂ ਦੇ ਚਰਨ ਇਸ ਨੂੰ ਛੁਹਣ, ਹਿਕੇ ਇਸ ਨਗਰੀ ਵਿਚ ਪੈਣ। ਜਦ ਦਰਵਾਜ਼ੇ ਪਾਸ ਗਏ ਤਾਂ ਲੋਕਾਂ ਡਿੱਠਾ ਸਾਧੂ

[1] ਇਹ ਵਾਰਤਾਲਾਪ ਇਸੇ ਸ਼ਬਦ ਦਾ ਖੁੱਲ੍ਹਾ ਅਨੁਵਾਦ ਹੈ ਜੋ ਤੁਖਾਰੀ ਰਾਗ ਵਿਚ ਹੈ ਤੇ ਜਿਸ ਦੀ ਪਹਿਲੀ ਤੁਕ ਹੈ :-ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ॥

ਆਏ ਹਨ। ਮਿੰਨਤਾਂ ਕਰਨ ਜੋ ਚਰਨ ਪਾਓ ! ਤਾਂ ਗੁਰੂ ਜੀ ਨੇ ਸ਼ੇਖ ਨੂੰ ਕਿਹਾ ਤੂੰ ਅੱਗੇ ਹੋ ਤੇ ਪੈਰ ਧਰ। ਪਰ ਉਸ ਆਖਿਆ-ਜੀਓ ਜੀ ! ਮੇਰੀ ਕੀ ਮਜਾਲ ਹੈ ਕਿ ਮੈਂ ਪੈਰ ਧਰਾਂ। ਇਹ ਦਾਤਾ ! ਤੇਰਾ ਹੀ ਕੰਮ ਹੈ। ਤਦ ਗੁਰੂ ਨਾਨਕ ਦੇਵ ਜੀ ਆਪਣੇ ਨਿਰੰਕਾਰ ਦੇ ਪਜਾਰ ਵਿਚ ਅੰਦਰ ਵੜੇ। ਤਦ ਉਸ ਦੀ ਗਤੀ ਹੋਈ। ਫੇਰ ਤਾਂ ਸਾਰੇ ਧੁੰਮ ਗਈ ਕਿ ਕੋਈ ਡਾਢੇ ਰੱਬ ਦੇ ਪਜਾਰੇ ਆਏ ਹਨ, ਪੂਰੇ ਭਾਂਡੇ ਸਾਧੂ ਤੇ ਮਹਾਂ ਪੁਰਖ ! ਹੁਣ ਆਪ ਜੀ ਨੇ ਇਕ ਥਾਂਵੇਂ ਡੇਰਾਂ ਕੀਤਾ ਤੇ ਸ੍ਰੀ ਗੁਰੂ ਜੀ ਨੇ ਇਕ ਵੈਰਾਗ ਦਾ ਸ਼ਬਦ ਗਾਇਆ ਮਾਰੂ ਵਿਚ ਤੇ ਮਰਦਾਨੇ ਰਬਾਬ ਦੀ ਟੁੰਕਾਰ ਲਾਈ, ਸਮਾਂ ਬੱਝ ਗਿਆ ਰਸਮਈ ਵੈਰਾਗ ਦਾ। ਜਗਤ ਦੀ ਅਸਾਰਤਾ ਤੇ ਨਾਮ ਦੇ ਨਾਲ ਹੋਰ ਗੁਣ ਕੀਹ ਧਾਰਨੇ ਚਾਹੀਏ ਉਹ ਸ਼ਬਦ ਵਿਚ ਆ ਗਏ। ਸ਼ੇਖ ਸੁਣਕੇ ਬਹੁਤ ਸੁਖੀ ਹੋਇਆ ਤੇ ਆਈਆਂ ਸੰਗਤਾਂ ਨਿਹਾਲ ਹੋਈਆਂ। ਸ਼ਬਦ ਇਹ ਸੀ:-

> ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥ ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥ ੧ ॥ ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥ ੧ ॥ ਰਹਾਉ ॥ {ਮਾਰੂ ਮ:੧-੨}

ਸ੍ਰੀ ਗੁਰੂ ਜੀ ਤਾਂ ਅਪਣੇ ਰੰਗ ਮਗਨ ਹੋ ਗਏ ਪਰ ਸ਼ੇਖ ਜੀ ਸਾਵਧਾਨ ਬੈਠੇ ਰਹੇ। ਸ਼ਹਿਰ ਦੇ ਲੋਕਾਂ ਨੇ ਹੁਣ ਰੋਟੀ ਆਂਦੀ ਤੇ ਸ਼ੇਖ ਨੂੰ ਜਾਗਦਾ ਬੈਠਾ ਦੇਖ ਤੇ ਚੇਲਾ ਸਮਝਕੇ ਅੱਗੇ ਧਰੀ; ਹੋਰ ਲੋਕ ਬੀ ਭੇਟਾ, ਪੂਜਾ, ਖਾਣ ਪੀਣ ਦੇ ਸਾਮਾਨ ਲੈ ਲੈ ਟੁਰੇ ਆਉਣ। ਜਦੋਂ ਰੋਟੀਆਂ ਸ਼ੇਖ ਫ਼ਰੀਦ ਅੱਗੇ ਧਰੀਆਂ ਤਾਂ ਉਹ ਆਖੇ ਜੋ ਮੈਂ ਤਾਂ ਖਾਧੀ ਹੈ। ਲੋਕਾਂ ਡਿੱਠਾ ਕਿ ਸਵੇਰ ਦੇ ਆਏ ਹਨ, ਰੋਟੀ ਇਹਨਾਂ ਖਾਧੀ ਨਹੀਂ, ਪਾਸ ਇਨ੍ਹਾਂ ਦੇ ਹੈ ਨਹੀਂ, ਕਾਠ ਦੀ ਗੋਲ ਗੋਲ ਸ਼ੈ ਇਸ ਪਾਸ ਸਹੀ ਹੁੰਦੀ ਹੈ, ਤਦ ਉਨ੍ਹਾਂ ਨੇ ਕਿਹਾ-ਹੇ ਫਕੀਰ ! ਕੀਹ ਤੂੰ ਉਸ ਦੇਸ਼ ਦਾ ਕੋਈ ਕੂੜਿਆਰ ਤਾਂ ਨਹੀਂ, ਜਿਸ ਦੇਸ ਫਰੀਦ ਰਹਿੰਦਾ ਹੈ, ਜਿਸਨੇ ਕਾਠ ਦੀ ਰੋਟੀ ਬਣਾਕੇ ਪਾਸ ਰੱਖੀ ਹੋਈ ਹੈ? ਤੇ ਜਦ ਕੋਈ ਪੁੱਛੇ ਰੋਟੀ ਖਾਓਗੇ ਤਾਂ ਆਖਦਾ ਹੇ ਮੈਂ ਤਾਂ ਰੋਟੀ ਖਾਧੀ ਹੋਈ ਹੈ ਤੇ ਮੇਰੇ ਪੱਲੇ ਬੀ ਬੱਧੀ ਹੋਈ ਹੈ। ਇਹ ਸੁਣਕੇ ਫਰੀਦ ਨੂੰ ਮਨ ਵਿਚ ਸ਼ਰਮ ਆਈ ਕਿ ਇਥੋਂ ਦੇ ਰਾਜੇ ਦੀ ਕਿਸੇ ਇਕ ਝੂਠ ਕਰਕੇ ਗਤੀ ਨਹੀਂ ਹੋਈ ਸੀ, ਜੋ ਗੁਰੂ ਨਾਨਕ ਨੇ ਮਿਹਰ ਕੀਤੀ ਹੈ ਤਾਂ ਹੋਈ ਹੈ ਤੇ ਮੈਂ ਤਾਂ 'ਰੋਟੀ ਖਾਓ' ਕਹਿਣ ਵਾਲਿਆਂ ਤੋਂ ਬਚਣ ਲਈ ਟਾਲੇ ਦੇ ਵਾਕ ਕਹਿ ਦੇਂਦਾ ਹਾਂ ਕਿ ਖਾਧੀ ਹੈ ਤੇ ਮੇਰੇ ਪਾਸ ਬੀ ਹੈ, ਇਹ ਝੂਠ ਕੀਕੂੰ ਬਖ਼ਸ਼ੀਵੇਗਾ। ਗੁਰੂ ਨਾਨਕ ਜੋ ਗਲ ਗਲ ਵਿਚ 'ਸੱਚ' ਪਿਆ ਕੂਕਦਾ ਹੈ ਉਹ ਸੱਚਾ ਹੈ, ਸਾਡੀ ਤਾਂ ਗਲ ਗਲ ਵਿਚ ਕੂੜ ਸਿੰਜਰ ਰਿਹਾ ਹੈ। ਸੱਚ ਖਰਾ ਕਠਨ ਹੈ। ਚੰਗਾ, ਇਸ ਰਬ ਦੇ ਪਿਆਰੇ ਦੇ ਮਿਲਣ ਨਾਲ ਇਹ ਬਰੀਕੀਆਂ ਸੁੱਝੀਆਂ ਹਨ ਤੇ ਨਾਮ ਵਿਚ ਰਸ ਪਿਆ ਹੈ। ਹੁਣ ਸ਼ਰਮ ਕਾਹਦੀ। ਝੂਠ ਛੱਡਿਆਂ ਹੀ ਭਲਾ; ਸੋ ਕਾਠ ਦੀ ਰੋਟੀ ਸੱਟ ਪਾਈਓਸੁ। ਹੁਣ ਗੁਰੂ ਜੀ ਦੇ ਬੀ ਨੈਣ ਖੁੱਲ੍ਹ ਰਹੇ ਸਨ ਤੇ ਤੱਕ ਰਹੇ ਸਨ। ਸਾਰਾ ਕੌਤਕ ਸਮਝਿਆ ਤੇ ਹੱਸਕੇ ਕਿਹਾ-ਸ਼ੇਖ ਜੀ ! ਰੋਟੀ ਖਾਓ, ਤਾਂ ਉਨ੍ਹਾਂ ਕਿਹਾ, ਜੀਵੇ ਸਲਾਮਤ ਬਖਸ਼ੋ। ਤਬ ਬਾਬੇ ਨੇ ਆਏ ਪ੍ਰਸ਼ਾਦੇ ਸਭ ਵੰਡ ਦਿਤੇ ਤੇ ਸਭ ਨੂੰ ਪ੍ਰਸੰਨ ਕੀਤਾ। ਵਿਹਲੇ ਹੋਕੇ ਸ਼ੇਖ ਵਲ ਫੇਰ ਤੱਕੇ, ਮੁਸਕ੍ਰਾਏ ਤੇ ਸ਼ੇਖ ਪੁਰ ਖੁਸ਼ੀ ਹੋਏ ਤੇ ਆਖਣ ਲੱਗੇ: ਸ਼ੇਖਾ ! ਖ਼ੁਦਾ ਤਾਂ ਤੁਸਾਂ ਵਿਚ ਹੈ, ਉਸ ਦੇ ਮਿਲਣ ਦਾ ਜ਼ੁਹਦ ਬੀ ਹੈ, ਘਾਲ ਬੀ ਹੈ, ਪਰ ਤੂੰ ਪੀਰ ਕਰ। ਤਦ ਸ਼ੇਖ ਆਖਿਆ-'ਚੰਗਾ ਹੋਵੇ ਜੀ"। ਇਸ ਵੇਲੇ ਲੌਢਾ ਪਹਿਰ ਹੋ ਰਿਹਾ ਸੀ ਤੇ ਸ਼ੇਖ ਹੁਣ ਉਥੋਂ ਟੁਰਨ ਦੇ ਖ਼ਿਆਲ ਵਿਚ ਸੀ ਸੋ ਇਸ ਤ੍ਰਾਂ ਦੀ ਹੋਰ ਵਾਰਤਾਲਾਪ ਦੇ ਮਗਰੋਂ ਸ਼ੇਖ ਨੇ ਵਿਦਾ ਲੀਤੀ। ਸ੍ਰੀ ਗੁਰੂ ਜੀ ਗਲ ਲਾਕੇ ਮਿਲੇ। ਲਿਖਿਆ ਹੈ ਸ੍ਰੀ ਰਾਗ ਵਿਚ ਗੁਰੂ ਜੀ ਨੇ ਇਕ ਸ਼ਬਦ ਉਚਾਰਿਆ। 'ਆਵਹੁ ਭੈਣੇ ਗਲਿ ਮਿਲਹੁ ਅੰਕਿ ਸਹੇਲੜੀਆਹ'। ਇਉਂ ਦੀ ਗੋਸ਼ਟ ਤੇ ਪਜਾਰ ਭਾਵ ਦੇ ਵਟਾਂਦਰੇ ਹੁੰਦਿਆਂ ਸ਼ੇਖ ਜੀ ਤਾਂ ਵਿਦਾ ਹੋਏ ਤੇ ਆਪਣੇ ਦੇਸ਼ ਗਏ, ਗੁਰੂ ਜੀ ਉਸ ਦੇਸ਼ ਕੁਛ ਸਮਾਂ ਟਿਕ ਗਏ ਤੇ ਉੱਥੇ 'ਸਤਿਨਾਮ' ਦਾ ਝੰਡਾ ਝੁਲਾ ਦਿਤਾ। ਬਹੁਤ ਲੋਕ ਨਾਮ ਜਪੁ ਦੇ ਮਾਰਗ ਤੇ ਆਏ। ਲਿਖਿਆ ਹੈ ਉਸ ਆਸਾ ਨਾਮੇ ਦੇਸ਼ ਵਿਚ ਗੁਰੂ ਬਾਬੇ ਨੇ ਇਕ ਮੰਜੀ ਬੀ ਬਖਸ਼ੀ।

ਸੂਚਨਾ-'ਇਤਿਹਾਸਿਕ ਪਹਿਲੂ ਅੱਗੇ 'ਗੋਸ਼ਟ ਸ਼ੇਖ ਬ੍ਰਹਮ ਦੂਜੀ' ਦੇ ਅੰਤ ਪਰ ਆਏਗਾ। {ਪੰਨਾ-੪੦੧}

ਗੀਤ-

# ਕਿੱਥੇ ਨੀ ਗੁਰੁ ਨਾਨਕ ਵੱਸਦਾ [1] ?

ਟੇਕ-ਕਿੱਥੇ ਨੀ ਗੁਰ ਨਾਨਕ ਵਸਦਾ?

ਜੰਗਲ ਬੇਲੇ ਜਲ ਥਲ ਢੂੰਡੇ, ਕਿਤੇ ਨਹੀਂ ਨੀ ਦਿਸਦਾ।
ਜੋਗੀ ਤਪੀ ਸਿਆਣੇ ਪੁੱਛੇ ਭੇਤ ਨ ਕੋਈ ਦਸਦਾ,
ਜਿਤ ਵਲ ਸੁੰਹ ਪਵੇ ਉਠ ਭਾਲਾਂ ਪਰ ਉਹ ਭਾਲ ਨ ਫਸਦਾ।
ਆਖਣ 'ਕਦੇ ਫਧੀਂਦਾ ਨਾਹੀਂ' ਦਿਲ ਮੇਰਾ ਸੁਣ ਖਸਦਾ,
ਹੈ ਲੁਕਿਆ, ਪਰ ਖਿੱਚ ਪਾਂਵਦਾ ਖਿੱਚ ਤਣਾਵਾਂ ਕਸਦਾ।
ਐਸੀ ਛੇੜ ਝਰਨਵੀਂ ਛੇੜੇ, ਕਰ ਬਿਹਬਲ ਦਿਲ ਖਸਦਾ।
ਦਿਲ ਪੰਘਰ ਪੰਘਰ ਵਹਿ ਤੁਰਦਾ, ਪਜਾਰ ਪਜਾਰ ਵਿਚ ਧਸਦਾ।
ਇਕ ਦਿਨ ਐਕੁਰ, ਗੁੰਮ ਗੁੰਮਦਿਆਂ, ਅਰਸ਼ੋਂ ਝਲਕਾ ਵਸਦਾ,
ਕੀ ਵੇਖਾਂ ਗੁਰ ਨਾਨਕ ਅੰਦਰ, ਅੰਦਰ ਸ਼ੀਸ਼ੇ ਲਸਦਾ।
ਇਹ ਲਿਸ਼ਕਾਰਾ ਬਾਹਰ ਪੈਂਦਾ, ਵਣ ਤਿਣ ਲਸਦਾ ਦਿਸਦਾ।
ਰੰਗ-ਰਤੜਾ, ਹਰਿ ਜਾਈਂ ਵਸਦਾ ਰਸੀਆ ਹੋ ਰਸ ਰਸਦਾ।
ਦੇ ਦਰਸ਼ਨ ਅੱਖਾਂ ਮਸਤਾਂਦਾ, ਵੇਖੇ ਮਸਤਿਆਂ ਹਸਦਾ,
ਹੱਸੇ, ਰਸੇ, ਰਸਾਵੇ ਰਸੀਆ, ਹਾਸਜੋਂ ਅੰਮ੍ਰਿਤ ਵਸਦਾ।
ਖਿੱਚ-ਤਣੀ ਕੁਈ ਲਾਕੇ ਖਿੱਚਦਾ, ਡੋਰੀ ਪਾ ਕੋਈ ਕਸਦਾ।
ਜਿਤ ਵਲ ਨਜ਼ਰ ਉਤੇ ਵਲ ਦਿਸਦਾ ਹਰ ਹਰ ਦੇ ਵਿਚ ਵਸਦਾ।
ਵੱਸ ਆਇਆ ਫਿਰ ਛੋੜ ਨ ਜਾਂਦਾ ਲੜ ਲਾ ਫੇਰ ਨ ਨਸਦਾ।
ਦਿਲ ਮੰਦਰ ਗੁਰ ਨਾਨਕ ਵਸਦਾ, ਝਾਤੀ ਪਾਇਆਂ ਦਿਸਦਾ।
ਅੰਦਰ ਦਿਸਿਆਂ ਵਣ ਤਿਣ ਦਿੱਸੇ, ਜਲ ਥਲ ਘਟ ਘਟ ਵਸਦਾ।

# ਗੀਤ [2] !

ਦੁਆਰੇ ਤੇਰੇ ਆ ਗਿਆ[3]

ਅਸਥਾਈ- ਨਾਮ ਦਾ ਝੰਮਕਾ ਤੇਰਾ ਖੇੜਾ ਕੋਈ ਲਾ ਗਿਆ,
ਅੱਖ ਦਾ ਮਟੱਕਾ ਦਾਤਾ ! ਜਿੰਦ ਨਵੀਂ ਪਾ ਗਿਆ।
ਅੰਤਰਾ- ਆਪੇ ਤੂੰ ਪਿਆਰ ਦਿੱਤਾ, ਨੈਣਾਂ ਦਾ ਦੀਦਾਰ ਦਿੱਤਾ,
ਮਿਹਰਾਂ ਵਾਲਾ ਨੂਰ ਦਾਤਾ ! ਖੁੱਲ੍ਹਾ ਤੂੰ ਵਸਾ ਗਿਆ।
ਦਿਨੇ ਰਾਤ ਏਹੋ ਹਾੜੇ, ਲਾਈਆਂ ਨੂੰ ਤੂੰ ਤੋੜ ਚਾੜ੍ਹੇਂ,
'ਟੁੱਟੀਆਂ ਨੂੰ ਗੰਢਣ', ਦਾਤਾ ! ਬਿਰਦ ਤੈਨੂੰ ਭਾ ਗਿਆ।
ਧੰਨ ਗੁਰ ਨਾਨਕ ਤੂੰ, ਅਰਸ਼ਾਂ ਦਾ ਮਾਲਿਕ ਤੂੰ,
ਮੰਗਦਾ ਏ ਖੈਰ ਦਿਲ ਦੁਆਰੇ ਤੇਰੇ ਆ ਗਿਆ।

---

[1] ਇਹ ਗੀਤ ਸੰ: ਗੁ: ਨਾ: ਸਾ: ੪੫੨ (੧੯੨੧ ਈ:) ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਹੋਇਆ ਸੀ। [2] ਇਹ ਗੀਤ ਸੰ: ਗੁ: ਨਾ: ਸਾ: ੪੫੮ ਮੁਤਾਬਿਕ ੧੯੨੬ ਈ: ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ। [3] ਧਾਰਨਾ-ਹੀਰ ਦੇ ਵਿਯੋਗ ਰਾਂਝਾ ...

ਸੂਚਨਾ-ਆਸਾ ਦੇਸ਼ ਤੋਂ ਅੱਗੇ ਗੁਰੂ ਜੀ ਦਾ ਬਿਸਿਆਰ ਦੇਸ ਜਾਣਾ ਤੇ ਝੰਡੇ ਬਾਢੀ ਦਾ ਮਿਲਣਾ ਦੱਸਿਆ ਹੈ। ਕਈ ਖੋਜਕਾਂ ਨੇ ਆਸਾ ਦੇਸ਼ ਨੂੰ ਨੀਲੀਬਾਰ ਪਾਕਪਟਨ ਤੇ ਬਿਸਿਆਰ ਦੇਸ਼ ਨੂੰ ਹਿਮਾਲੇ ਦੀ ਬੁਸ਼ਾਇਰ ਰਜਾਸਤ (ਰਾਮਪੁਰ ਬੁਸ਼ਾਇਰ) ਸਮਝਿਆ ਹੈ, ਪਰ ਬਿਸਿਆਰ ਦੇਸ਼ ਤੋਂ ਸਤਿਗੁਰੂ ਜੀ ਫੇਰ ਝਟ ਇਕ ਟਾਪੂ ਵਿਚ ਚਲੇ ਗਏ ਦੱਸੀਦੇ ਹਨ। ਜੋ ਬੁਸ਼ਾਇਰ ਤੋਂ ਹੋ ਨਹੀਂ ਸਕਦਾ। ਸੋ ਜਾਪਦਾ ਹੈ ਕਿ ਆਸਾ ਦੇਸ਼ ਤੋਂ ਮੁਰਾਦ ਆਸਾਮ ਦੀ ਹੈ। ਕਾਮ ਰੂਪ ਆਸਾਮ ਵਿਚ ਹੈ।

ਗੁਰੂ ਜੀ ਆਸਾਮ ਤੋਂ ਮਨੀ ਪੁਰ ਵਾਲੇ ਪਾਸੇ ਫਿਰਦੇ ਰਹੇ ਹਨ, ਤਵਾਰੀਖ ਖਾਲਸਾ ਨੇ ਵੀ ਇਹੋ ਪਾਸਾ ਸਮਝਿਆ ਹੈ।

ਉਹਨਾਂ ਬਨਾਂ ਪਹਾੜਾਂ ਤੋਂ ਹੁੰਦੇ ਚਿਟਾਗਾਉਂ ਪੁੱਜੇ ਹਨ ਤੇ ਫੇਰ ਸਮੁੰਦਰ ਦੇ ਕਿਨਾਰੇ ਸੋਨ ਦੀਪ ਆਦਿ ਟਾਪੂਆਂ ਦਾ ਸੈਲਾ ਕਰਦੇ ਸਮੁੰਦਰੋਂ ਸਮੁੰਦਰ ਜਗਨਨਾਥ ਪੁੱਜੇ ਹਨ। ਕਿਉਂਕਿ ਬਿਸਿਆਰ ਦੇਸ਼ ਵਿਚ ਦੱਸਿਆ 'ਤਿਤ ਸਮੈ ਬੈਠਾ ਸਮੁੰਦਰ ਕੀ ਬਰੇਤੀ ਵਿਚ ਨਗਰ ਛੁਠ ਘਾਟਕਾ'। ਹਾ: ਵਾ: ਸਾਖੀ ਵਿਚ 'ਛੁਟਾਘਾਟਕ' ਲਿਖਿਆ ਹੈ। 'ਛੁਟਾਘਾਟਕ' ਮਾਲੂਮ ਹੁੰਦਾ ਹੈ ਕਿ ਚਿਟਾ ਗਾਉਂ ਯਾ ਚਿਟਾ ਗਾਂਗ ਹੈ ਜੋ ਅੱਜ ਕੱਲ ਉਸਦਾ ਨਾਮ ਹੈ, ਅਰ ਉਥੋਂ ਸਮੁੰਦਰ ਬੀ ਨੇੜੇ ਹੈ।

# ੩੫. ਭਾਈ ਝੰਡਾ ਜੀਓ[੧]।

੧.

**ਸਵੇਰਾਂ** ਹੋ ਗਈਆ ਹਨ, ਸਮੁੰਦਰ ਵਲੋਂ ਠੰਢੀ ਠੰਢੀ ਹਵਾ ਆ ਰਹੀ ਹੈ, ਝੰਡਾ ਅੱਖਾਂ ਨੂਟੀ ਬੈਠਾ ਹੈ, ਸਾਹ ਬੀ ਧੀਮੇ ਤੇ ਬੱਝਵੇਂ ਆ ਰਹੇ ਹਨ, ਪਰ ਕਿਸੇ ਕਿਸੇ ਵੇਲੇ 'ਉਫ਼' ਦੀ ਅਵਾਜ਼ ਆਕੇ ਨੈਣ ਖੁੱਲ੍ਹਦੇ ਹਨ, ਇਧਰ ਉਧਰ ਤੱਕਦਾ ਹੈ, ਫਿਰ ਆਸਨ ਟਿਕਾ ਕੇ ਨੈਣ ਬੰਦ ਕਰਦਾ ਤੇ ਸਾਹ ਲੰਮਾ ਕਰਕੇ ਲੈਂਦਾ ਹੈ, ਕੁਛ ਅੰਦਰ ਨੂੰ ਰੋਕਦਾ ਤੇ ਫੇਰ ਸਹਿਜ ਨਾਲ ਸਾਹ ਬਾਹਰ ਕੱਢਦਾ ਹੈ, ਐਉਂ ਕਰਦਾ ਕਰਦਾ ਫੇਰ ਟਿਕ ਜਾਂਦਾ ਹੈ, ਪਰ ਕੁਛ ਚਿਰ ਮਗਰੋਂ ਫੇਰ 'ਉਫ਼' ਜਿਹੀ ਅਵਾਜ਼ ਕਰਕੇ, ਅੱਖਾਂ ਖੋਹਲਕੇ ਚੁਫੇਰੇ ਤੱਕਦਾ, ਮੱਥੇ ਤੇ ਹੱਥ ਫੇਰਦਾ ਹੈ। ਇਵੇਂ ਹੀ ਕਰਦੇ ਨੂੰ ਕਿੰਨਾ ਚਿਰ ਬੀਤਿਆ। ਸੂਰਜ ਉੱਚਾ ਹੋ ਆਇਆ, ਝੰਡਾ ਉੱਠਿਆ। ਇੰਨੇ ਨੂੰ ਬੂਹਾ ਖੜਕਿਆ; ਝੰਡੇ ਖੋਹਲਿਆ। ਇਕ ਜੁਆਨ ਗੱਭਰੂ ਸੁਹਣੀ ਨੁਹਾਰ ਤੇ ਰਾਜਸੀ ਸੁਨੁੱਪਣ ਵਾਲਾ, ਕੱਪੜੇ ਬੀ ਜ਼ਰਾ ਸੁਥਰੇ ਤੇ ਵਧੀਆ ਪਹਿਨੇ ਹੋਏ, ਅੰਦਰ ਆਇਆ।

ਝੰਡਾ-ਆਉ ਮਿੱਤਰ ਪਿਆਰੇ ! ਜੀਉ ਆਏ, ਸਦਕੇ ਆਏ।

ਇੰਦਰ ਸੈਣ-ਕਹੁ ਸੱਜਣਾਂ, ਕਿਵੇਂ ਬੀਤ ਰਹੀ ਹੈ?

ਝੰਡਾ-ਚੰਗੀ ! ਜਗਤ ਖੁਸ਼ੀਆਂ ਵਿਚ ਹੈ ਤੇ ਸਾਡੇ ਅੰਦਰ ਨੇਹੁੰ ਤੇ ਨੇਹੁੰ ਦੀ ਪੀੜ ਹੈ, ਜੁਗ ਜੁਗ ਜੀਵੇ ਸਾਡੀ ਇਹ ਪੀੜ। ਜੇ ਸਾਡੇ ਅੰਦਰ ਰੰਗ ਨਹੀਂ ਲੱਗਣਾ ਤਾਂ ਪੀੜ ਹੀ ਜੀਵੇ।

ਇੰਦਰ ਸੈਣ-ਸੱਚ ਕਿਹਾ ਹੈ ਨੇ, ਲੋਚਾ ਲੱਗੀ ਰਹੇ, ਲੋਚਾ ਨਾਲ ਜਗਜਾਸੂ ਤਾਂ ਹਾਂ ਹੀ ਨਾ।

ਝੰਡਾ-ਤਰਲਾ ਤਾਂ ਬਣਿਆਂ ਰਹਿੰਦਾ ਹੈ ਨਾ, ਜੇ ਲੋਚਾ ਅੰਦਰ ਨਾ ਹੋਵੇ ਤਾਂ ਤਰਲਾ ਬੀ ਮਰ ਜਾਂਦਾ ਹੈ। ਫੇਰ ਜਗਤ-ਜੀਵਾਂ ਵਾਂਗੂੰ ਆਸਾ ਤ੍ਰਿਸ਼ਨਾਂ ਦੀਆਂ ਲੋੜਾਂ ਵਿਚ ਆਪਾ ਗੁਆਚ ਜਾਂਦਾ ਹੈ, ਜੀਵ ਫੇਰ ਉਹਨਾਂ ਦਾ ਹੀ ਰੂਪ ਹੋਕੇ ਦਸੋ ਦਿਸ਼ਾ ਧਾਉਂਦਾ ਰਹਿੰਦਾ ਹੈ, ਪਰ ਜੇ ਅੰਦਰ ਲੋਚਾ ਲੱਗੀ ਰਹੇ, ਤਰਲਾ ਬਣਿਆ ਰਹੇ, ਤਦ ਐਤਨਾ ਤਾਂ ਦਿੱਸਦਾ ਰਹਿੰਦਾ ਹੈ ਕਿ ਆਹ ਮੈਂ ਹਾਂ ਤਰਲੇ ਲੈਣਹਾਰ ਤੇ

---

[੧] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ: ਨਾ: ਸ: ੪੬੨ ਕੱਤਕ ਦੀ ੨੧ ਵੀਰਵਾਰ ੬ ਨਵੰਬਰ ੧੯੩੦, ਸੰ: ੧੯੮੭ ਬਿ: ਲਈ ਲਿਖਿਆ ਗਿਆ ਸੀ ਤੇ ਖਾ: ਟ੍ਰੈਕਟ ਸੁ: ਵਲੋਂ ਪ੍ਰਕਾਸ਼ਿਆ ਗਿਆ ਸੀ।

ਆਹ ਮੇਰੇ ਮਨ ਦੇ ਤ੍ਰੰਗ ਹਨ ਜੋ ਭਜਾਈ ਫਿਰਦੇ ਹਨ, ਪਰ ਦੱਸ ਸੱਜਣਾ ! ਤੂੰ ਕਿਹਾ ਕਰਦਾ ਹੈਂ: ਸਮਾਂ ਨੇੜੇ ਹੈ, ਹੈ ਨੇੜੇ ? ਆਪਣੇ ਤਰਲੇ ਨਾਲ ਗੁਆਚ ਜਾਣੋਂ ਤਾਂ ਬਚੇ ਹਾਂ ਪਰ ਸੋਝੀ ਨਹੀਓਂ ਪੈਂਦੀ।

ਇੰਦਰਸੈਣ (ਮੁਸਕ੍ਰਾਕੇ)-ਸਮਾਂ ਪੁੱਗਾ ਖੜਾ ਹੈ, ਇਹੋ ਭਾਸਦਾ ਹੈ, ਇਹੋ ਦਿਲ ਸ਼ਾਹਦੀ ਦਿੰਦਾ ਹੈ, ਹੁਣ ਹੋਰ ਬੀ ਲੱਛਣ ਆਣ ਢੁੱਕੇ ਹਨ, ਜਿਵੇਂ ਬਰਖਾ ਤੋਂ ਪਹਿਲੇ ਹੁੱਸੜ ਪੈਂਦਾ ਹੈ ਤਿਵੇਂ ਹੁਣ ਬਨਾਵਟੀ ਸਾਧ ਆ ਰਹੇ ਹਨ, ਕੀ ਜਾਣੀਏ ਸੱਚੇ ਦੇ ਆਉਣ ਦੇ ਏਹ ਲੱਛਣ ਹੋਨ।

ਝੰਡਾ-ਹੱਛਾ, ਉਹ ਕਿਵੇਂ ਹੋਈ ਮੰਤ੍ਰੀ ਦੀ ਗੱਲ ਬਾਤ, ਹੈਂ?

ਇੰਦਰਸੈਣ-ਹਾਂ, ਉਹੋ ਗੱਲ, ਮੰਤ੍ਰੀ ਦੇ ਘਰ ਪੁਤ੍ਰ ਹੋ ਪਿਆ ਹੈ, ਉਸ ਸ਼ਾਕਤਕ ਜੋਗੀ ਦਾ ਫੜ ਹੋਰ ਟੁਰ ਪਿਆ ਹੈ। ਮੰਤ੍ਰੀ ਚੰਗਾ ਭਲਾ ਸਿਆਣਾ ਹੈ, ਪਰ ਕੁਰਾਹੇ ਪਈਆਂ ਤ੍ਰੀਮਤਾਂ ਮੱਤ ਮਾਰ ਛੋੜਦੀਆਂ ਹਨ। ਉਹਦੀ ਨਾਰ ਆਖਦੀ ਹੈ ਕਿ ਇਹ ਸਾਧ ਹੈ, ਜੋਗੀ ਹੈ, ਇਸ ਦਾ ਮਤ ਧਾਰਨ ਕਰੋ, ਜਿਸ ਦੀ ਸੁਆਹ ਦੀ ਚੂੰਢੀ ਨਾਲ ਪੁਤ੍ਰ ਹੋ ਪਿਆ ਹੈ। ਮੰਤ੍ਰੀ ਵੀ ਮਗਰ ਲਗ ਟੁਰਿਆ ਹੈ, ਰਾਜਾ ਨੂੰ ਬੀ ਪ੍ਰੇਰਦਾ ਹੈ। ਪਰ ਰਾਜਾ ਜੀ ਤੇ ਕੁਛ ਪੁੰਹਦਾ ਪਾਂਹਦਾ ਨਹੀਂ, ਓਹ ਸਾਰੀ ਗੱਲ ਮੇਰੇ ਨਾਲ ਵਰਤਦੇ ਹਨ ਤੇ ਮੈਂ ਜਦ ਆਖਦਾ ਹਾਂ ਇਹ ਨਾਟਕੀ ਲੋਕ ਹਨ ਜਿਨ੍ਹਾਂ ਨੂੰ ਭਗਵੰਤ ਦੇ ਰਸਤੇ ਦੀ ਕਾਈ ਸੋਝੀ ਨਹੀਂ, ਤਾਂ ਉਨ੍ਹਾਂ ਦੀ ਨਿਸ਼ਾ ਖਾਤਰ ਹੋ ਜਾਂਦੀ ਹੈ। ਕੱਲ ਤਾਂ ਮੈਂ ਮੰਤ੍ਰੀ ਨੂੰ ਬੀ ਝਾੜਿਆ ਸੀ ਤੇ ਕਿਹਾ ਸੀ ਕਿ ਕਿਉਂ ਜਨਮ ਬਿਰਥਾ ਗੁਆਉਂਦੇ ਹੋ, ਗਿਆਨ ਧਿਆਨ ਦੇ ਰਸਤੇ ਟੁਰੋ, ਚੇਟਕੀ ਫਕੀਰਾਂ ਤੇ ਲੋਭੀ ਜੋਗੀਆਂ ਦੇ ਅੰਦਰ ਗਿਆਨ ਦੀ ਸੋਝੀ ਨਹੀਂ ਹੁੰਦੀ, ਓਹ ਮਾਇਆ ਜਾਲ ਵਿਚ ਹੀ ਖੇਡਾਂ ਖੇਡਦੇ ਹਨ ਤੇ ਰੱਬੀ ਰੰਗ ਉਨ੍ਹਾਂ ਨੇ ਉਤੋਂ ਮਾਂਗਵੇਂ ਖੰਭ ਲਾਏ ਹੋਏ ਹੁੰਦੇ ਹਨ। ਮੰਤ੍ਰੀ ਮੰਨ ਤਾਂ ਜਾਂਦਾ ਹੈ, ਪਰ ਤ੍ਰਿਯਾਜਾਲ ਵਿਚ ਮੁੜ ਮੁੜ ਫਸਦਾ ਹੈ। ਪਿਆਰੇ ਮਿੱਤ੍ਰ ਜੀ ! ਇਸਤ੍ਰੀ ਮਨੁੱਖ ਦਾ ਸਾਥੀ ਹੈ, ਮਿਤ੍ਰ ਬੀ ਤਕੜਾ ਹੈ, ਪਰ ਜੇ ਕਦੇ ਪੁੱਠੇ ਰਾਹੇ ਪੈ ਜਾਵੇ ਤੇ ਪਤੀ ਦੀ ਮੱਤ ਮਾਰਨੀ ਚਾਹੇ ਤਾਂ ਫਿਰ ਇਸ ਜਿਹਾ ਕੁਰਾਹੇ ਪਾਉਣ ਵਾਲਾ ਬੀ ਹੋਰ ਕੋਈ ਨਹੀਂ।

ਝੰਡਾ-ਸੱਚ ਕਿਹਾ ਨੇ, ਪਰਮਾਤਮਾ ਦੀ ਪ੍ਰਾਪਤੀ ਦੇ ਨਿਰੋਲ ਢੂੰਡਾਊ ਹੋਣਾ, ਆਪੇ ਨੂੰ ਨਿਰਮਲ ਕਰਨਾ ਤੇ ਗਿਆਨ ਵਿਚ ਆਉਣਾ ਇਹ ਸੋਧ ਕਿਸੇ ਵਿਰਲੇ ਬੰਦੇ ਦੀ ਹੀ ਬੱਝਦੀ ਹੈ। ਸਰੀਰਕ ਲੋੜਾਂ ਤੇ ਮਨ ਦੀਆਂ ਕਾਮਨਾਂ ਦੇ ਬੱਧੇ ਲੋਕੀਂ ਭਲੇ ਪਾਸੇ ਲੱਗਦੇ ਹਨ, ਜਿੱਥੇ ਰਤਾ ਕੁ ਬੀ ਮੁਰਾਦ ਪੁਗਦੀ ਦਾ ਭਰਮ ਪਵੇ ਉੱਤੇ ਹੀ ਢਹਿ ਪੈਂਦੇ ਹਨ। ਕੌਣ ਹੈ ਜੋ ਆਪਣੀ ਸੋਧ ਤੋਂ ਨਾ ਉੱਕੇ ? ਸਰੀਰ ਨੂੰ ਪਰਾਲਬਧ ਤੇ ਛੱਡੇ, ਮਨ ਨੂੰ ਨੱਥਕੇ ਟੁਰੇ ਤੇ ਸਚ ਦੀ ਭਾਲ ਕਰੇ? ਬੜਾ ਔਖਾ ਰਾਹ ਹੈ।

ਇੰਦਰ ਸੈਣ-ਇਹ ਪਹਿਲੀ ਔਖੀ ਘਾਟੀ ਹੈ। ਸਾਧ ਫ਼ਕੀਰ ਭੀ ਹੁਣ ਜੋ ਆਮ ਮਿਲਦੇ ਹਨ, ਮਨੁੱਖ ਦੀ ਲੋੜ ਦੇ ਜਾਣੂੰ ਹਨ। ਲੋੜਾਂ ਪੂਰੀਆਂ ਕਰਨ ਦੇ ਦਾਵੇ ਬੰਨ੍ਹਕੇ, ਅਨੇਕ ਜਾਲ ਤਾਣਕੇ ਜੀਵਾਂ ਨੂੰ ਫਸਾ ਕੇ ਆਪਣੇ ਆਰਾਮ ਤੇ ਸੁਖ ਦੇ ਰਸਤੇ ਕੱਢ ਲੈਂਦੇ ਹਨ। ਉਹ ਕੌਣ ਹੋਵੇ ਜੋ ਆਤਮਾ ਦਾ ਜਾਣੂੰ ਹੋ ਕੇ ਬੇਲੋੜ ਹੋਵੇ ਆਪਣੀਆਂ ਲੋੜਾ ਤੋਂ, ਤੇ ਫੇਰ ਲੋੜ ਰੱਖੇ ਅਸਾਂ ਮੂਰਖਾਂ ਨੂੰ ਪਾਰ ਉਤਾਰਨ ਦੀ, ਆਏ ਜਗਿਆਸੂ ਨੂੰ ਸੱਚ ਦੇ ਰਸਤੇ ਪਾ ਦੇਵੇ।

ਝੰਡਾ-ਸੱਜਣਾਂ ! ਸੱਚ ਦੇ ਪਰਖਣ ਵਾਲੇ ਥੁਹੜੇ, ਸੱਚ ਦੇ ਮਗਰ ਲੱਗਣ ਵਾਲੇ ਥੁਹੜੇ, ਸੱਚ ਨੰਗਾ, ਨਿਧੜਕ ਤੇ ਖੁਰਦਰਾ ਕਿਸ ਨੂੰ ਭਾਵੇ? ਸੱਚ ਜਾਣੋਂ, ਮੈ ਤਾਂ ਫਿਰ ਫਿਰਕੇ ਤੱਕਿਆ ਹੈ, ਜਿੱਥੇ ਬਹੁਤੀਆਂ ਭੀੜਾਂ ਕਿਸੇ ਦੇ ਮਗਰ ਹਨ ਉਥੇ ਬਨਾਉਟ ਦਾ ਹਿੱਸਾ ਬਾਹਲਾ ਹੁੰਦਾ ਹੈ, ਇਸ ਕਰਕੇ ਮੈਂ ਤਾਂ ਹਾਂਡ ਛੱਡ ਦਿੱਤੀ ਹੈ। ਇਕ ਤੂੰ ਸੱਚ ਦਾ ਪਿਆਰਾ ਤੇ ਸੱਚ ਦਾ ਢੂੰਡਾਊ ਬੇਲੀ ਮਿਲਿਆ ਹੈਂ, ਤੇਰੇ ਨਾਲ ਸਤਿਸੰਗ ਕਰ ਲਈਦਾ ਹੈ। ਬਾਕੀ ਪ੍ਰਾਰਥਨਾ ਕਰੀਦੀ ਹੈ ਤੇ ਆਸ ਰੱਖੀਦੀ ਹੈ, 'ਦਿਆਲ ਹੋਵੇਗਾ ਤਾਂ ਆਪੇ ਦੇਵੇਗਾ'।

ਇੰਦਰ ਸੈਣ-ਭਾਈ ! ਜੋ ਜੋ ਕੁਛ ਪੜ੍ਹੀਏ ਤੇ ਫੇਰ ਵਿਚਾਰੀਏ ਤੇ ਉਸ ਪੁਰ ਟੁਰੀਏ ਤਾਂ ਆਪਾ ਗੁਆਚਣੋਂ ਤਾਂ ਬਚ ਰਹਿੰਦਾ ਹੈ, ਨਾ ਸਹੀ ਪਾਰ ਉਤਾਰਾ, ਬੰਦਾ ਡੁਬਦਾ ਤਾਂ ਨਹੀਂ। ਇਹ ਜਿਹੜਾ ਪੜ੍ਹ ਗੁੜ੍ਹ, ਸਮਝ ਬੁੱਝ ਕੇ ਫੇਰ ਮਨ ਦੀਆਂ ਆਸਾਂ ਤ੍ਰਿਸ਼ਨਾਂ ਦੇ ਮਗਰ ਉੱਠ ਭੱਜਣਾ ਹੈ, ਵਿਸ਼ੇ ਵਿਕਾਰਾਂ

ਦੇ ਹੱਥ ਵਿਕੇ ਰਹਿਣਾ ਹੈ, ਇਹ ਤਾਂ ਮਨੁੱਖ ਹੋਕੇ ਬੈਲ ਦਾ ਜੀਵਨ ਹੈ, ਵਿਕਾਰਾਂ ਦੇ ਹੱਥ ਰੱਸੀ ਹੈ ਤੇ ਸਾਡੇ ਮਨ ਨੂੰ ਨੱਥ ਪਈ ਹੈ।

ਝੰਡਾ-ਸੱਚ ਹੈ, ਪਹਿਲਾ ਕੰਮ ਤਾਂ ਹੈ ਮਨ ਨੂੰ ਤੱਕਣਾ, ਫੇਰ ਮਨ ਨੂੰ ਵਰਜਣਾ, ਸਰੀਰ ਨੂੰ ਥੰਮ੍ਹ ਥੰਮ੍ਹ ਕੇ ਰੱਖਣਾ ਤੇ ਜੋ ਸਮਝ ਆਇਆ ਹੈ ਉਸ ਉਤੇ ਪਹਿਰਾ ਦੇਣਾ ਹੈ, ਐਉਂ ਨੱਕ ਦੀ ਸੇਧੇ ਟੁਰਿਆ ਚੱਲੇ।

ਇੰਦਰਸੈਣ-ਸੱਚ ਹੈ, ਪਹਿਲਾ ਕੰਮ ਜੀਵ ਦਾ ਹੈ ਮਨੁੱਖ ਬਣਨੇ ਦਾ। ਅਸੀਂ ਸਾਰੇ ਪਸ਼ੂ ਹਾਂ, ਜਿਵੇਂ ਭਰਥਰੀ ਨੇ ਸਿੰਗ ਪੂਛ ਬਿਨਾਂ ਆਦਮੀ ਬੀ ਇਕ ਪਸ਼ੂ ਹੀ ਦੱਸੇ ਹਨ। ਕਰੀਏ ਬੀ ਕੀਹ ! ਭੁੱਖ, ਤ੍ਰੇਹ ਆਦਿ ਸਾਰੀਆਂ ਲੋੜਾਂ ਪਸ਼ੂਆਂ ਵਾਂਙੂੰ ਹੀ ਹਨ ਪਸ਼ੂ-ਬ੍ਰਿਤੀ ਮੁੜ ਮੁੜ ਅੰਦਰੋਂ ਪੁੰਗਰਦੀ ਹੈ, ਸਾਧ ਫਕੀਰ ਪਸ਼ੂ-ਬ੍ਰਿਤੀ ਵਿਚ ਹਨ, ਪੜ੍ਹੇ ਲਿਖੇ ਗਿਆਨੀ ਧਿਆਨੀ ਪਸ਼ੂ ਬ੍ਰਿਤੀ ਨੇ ਕੀਲ ਰੱਖੇ ਹਨ, ਪਰ ਫੇਰ ਲੋਹੜਾ ਇਹ ਪੈਂਦਾ ਹੈ ਕਿ ਰਹਿਬਰੀਆਂ ਕਰਨ ਵਾਲੇ ਆਗੂ ਪਹਿਲੋਂ ਪਸ਼ੂ ਬ੍ਰਿਤੀ ਦਾ ਮੂੰਹ ਮੋੜਨਾ ਨਹੀਂ ਸਿਖਾਲਦੇ। ਪਸ਼ੂ ਬ੍ਰਿਤੀ ਦਾ ਸੋਧਣ ਹੈ ਕਠਨ; ਖਰਾ ਕਠਨ। ਮਨੁਖ ਬੇ ਧਿਆਨੇ ਪਸ਼ੂ ਬ੍ਰਿਤੀ ਵਿਚ ਟੁਰਦਾ ਹੈ। ਆਪ ਨੂੰ ਮਨੁੱਖ ਕਦੇ ਖਿਆਲ ਕਰੇ ਤਾਂ ਕੁਛ ਫਿਕਰ ਪਵੇ। ਪਰ ਮਨੁੱਖ ਸਮਝਦਾ ਹੀ ਨਹੀਂ ਕਿ ਮੈਂ ਮਨੁੱਖ ਹਾਂ ਤੇ ਮਨੁੱਖ ਦੀ ਸ਼ੋਭਾ ਮਨੁਖਤਾਈ ਦੀ ਕਰਨੀ ਹੈ। ਮਨੁਖ ਦਾ ਮਨ ਜੋਖਣਾ ਜਾਣਦਾ ਹੈ, ਜੋ ਜ਼ੋਖੇ ਪੂਰਾ ਜੋਖੇ ਤਾਂ ਜੋਖ ਕੇ ਜਾਚੀ ਹੋਈ ਉਤੇ ਪਹਿਰਾ ਦੇਵੇ, ਫੇਰ ਵੇਖੇ ਕਿ ਮਨੁੱਖਪੁਣਾ ਕੀ ਹੈ, ਭਾਈ ! ਫੇਰ ਅੱਗੇ ਟੁਰੇ।

ਝੰਡਾ-ਸੱਚ, ਪਹਿਲਾਂ ਬੰਦੇ ਦਾ ਕਰਮ ਸੰਵਰੇ, ਫੇਰ ਬੰਦਾ ਆਤਮ ਸੋਝੀ ਦੇ ਰਸਤੇ ਪਵੇ। ਕੁਸੰਗ ਬੁਰਾ, ਰਬ ਕੁਸੰਗ ਤੋਂ ਬਚਾਵੇ, ਇਹੋ ਡਾਢਾ ਦੁਖ ਹੈ। ਹਾਂ ਸੱਚੀ, ਇਕ ਗਲ ਕੰਨੇ ਪਈ ਹੈ ਕਿ ਦੇਸ਼ ਵਿਚ ਕੋਈ ਸਾਧੂ ਫਿਰ ਰਿਹਾ ਹੈ, ਜਿਸ ਦੀ ਪਛਾਣ ਨਹੀਂ ਹੁੰਦੀ ਕਿ ਹਿੰਦੂ ਹੈ ਕਿ ਮੁਸਲਮਾਨ। ਲੋਕੀ ਘਾਬਰਦੇ ਹਨ ਤੇ ਪਰੇ ਪਰੇ ਹੁੰਦੇ ਹਨ, ਨੇੜੇ ਨਹੀਂ ਕੋਈ ਜਾਂਦਾ। ਕਈ ਭਰਮਾਂ ਵਾਲੇ ਥਾਂਈਂ ਤਾਂ ਜਦ ਜਾ ਖੜੋਂਦੇ ਹਨ ਤਾਂ ਲੋਕੀਂ ਮਗਰੋਂ ਚਉਂਕਾ ਫੇਰਦੇ ਹਨ[1]।

ਇੰਦਰਸੈਣ ਮੁਸਕ੍ਰਾਇਆ ਤੇ ਫੇਰ ਅਕਾਸ਼ ਵਲ ਤੱਕ ਕੇ ਬੋਲਿਆ-ਹਾਂ, ਸੁਣਿਆਂ ਤਾ ਮੈਂ ਬੀ ਹੈ, ਸ਼ੈਤ ਉਹੋ ਹੈ ਜਿਸਨੇ ਨੂਰਸ਼ਾਹ ਦਾ ਕੁਫਰਗੜ੍ਹ ਤੋੜਿਆ ਹੈ।

ਝੰਡਾ-ਹਛਾ! ... ਇਹ ਨਿਸ਼ਾਨੀ ਤਾਂ ਡਾਢੀ ਸੁਹਣੀ ਹੈ।

ਇੰਦਰ ਸੈਣ-ਦੇਖੋ ! ਉਡੀਕੋ ! ਗ਼ੈਬ ਦੇ ਪਰਦਿਆਂ ਵਿਚ ਸਾਂਈਂ ਜਾਣੇ ਕੀ ਕੀ ਹੈ ਤੇ ਸਾਡੇ ਲਈ ਕਿਹੜੀ ਵਸਤੂ ਉਥੇ ਹੈ, ਜੇ ਪਰਾਰਬਧ ਹੈ ਤਾਂ ਦਾਤੇ ਦਾ ਹੱਥ ਗ਼ੈਬ ਵਿਚੋਂ ਕੁਛ ਦੇ ਦੇਂਦਾ ਹੈ।

ਇਸ ਤਰ੍ਹਾਂ ਵਾਰਤਾਲਾਪ ਕਰਕੇ ਕੁਝ ਚਿਰ ਮਗਰੋਂ ਇੰਦਰਸੈਣ ਚਲਾ ਗਿਆ ਤੇ ਝੰਡਾ ਆਪਣੇ ਆਹਰੇ ਲਗ ਪਿਆ।

੨.

**ਮਰਦਾਨਾ**-ਪਾਤਸ਼ਾਹ ! ਡਾਢੇ ਕਰੜੇ ਦੇਸ਼ ਵਿਚ ਆਏ ਹਾਂ, ਸਾਰੇ ਹਿੰਦੂ ਹਨ ਤੇ ਅਚਰਜ ਹਿੰਦੂ, ਕੋਈ ਲਾਗੇ ਛੁਹਣ ਨਹੀਂ ਦੇਂਦਾ। ਅੱਜ ਇੱਥੇ ਬੈਠਿਆਂ ਬੀ ਦੂਸਰਾ ਦਿਨ ਚੜ੍ਹਿਆ ਹੈ, ਨਗਰੀ ਪਾਸ ਹੈ, ਆਗਯਾ ਦਿਓ ਤਾਂ ਜਾਵਾਂ ਕੁਛ ਮੰਗ ਪਿੰਨ ਕੇ ਢਿੱਡ ਭਰਾਂ?

ਗੁਰੂ ਨਾਨਕ ਦੇਵ-ਜਾਹੁ ਮਰਦਾਨਾ ! ਮੰਗਣਾ ਕਾਸਨੂੰ ਹੈ? ਇਕ ਸਾਂਈਂ ਤੋਂ ਜੁ ਮੰਗਿਆ; ਹੁਣ ਕਿਸੇ ਹੋਰਸ ਤੋਂ ਕਾਸਨੂੰ ਮੰਗਣਾ ਹੋਇਆ ? ਤੂੰ ਜਾਹ ਨਗਰੀ ਇਕ ਝੰਡਾ ਬਾਢੀ ਹੈ, ਪਾਖਰ ਤਿਸ ਦੇ ਪਿਤਾ ਦਾ ਨਾਮ ਹੈ, ਪਤਾ ਪੁੱਛਦਾ ਜਾਹ, ਉਹ ਅੰਨ ਪਾਣੀ ਦੀ ਸੇਵਾ ਕਰੇਗਾ।

ਮਰਦਾਨਾ ਮੱਥਾ ਟੇਕਕੇ ਚਲਾ ਗਿਆ, ਨਗਰੀ ਜਾ ਵੜਿਆ। ਅੱਗੇ ਜੋ ਮਿਲੇ, ਮਰਦਾਨਾ ਚਾਹੇ ਕਿ ਇਸ ਪਾਸੋਂ ਝੰਡੇ ਦਾ ਘਰ ਪੁੱਛਾਂ, ਪਰ ਕਿਸੇ ਦਾ ਮੱਥਾ ਮਰਦਾਨੇ ਨੂੰ ਐਡਾ ਚੰਗਾ ਨਾ ਲੱਗੇ ਕਿ ਹੀਆ ਕਰਕੇ ਪੁੱਛੇ। ਇੰਨੇ ਨੂੰ ਇਕ ਭਾਉਂਦੇ ਮੱਥੇ ਵਾਲਾ ਤੁਰਿਆ ਆਵੇ, ਉਸ ਨਾਲ ਚਾਰ ਸ਼ਰੀਰ ਸ਼ੋਭਾ ਵਾਲੇ ਬੀ ਸਨ, ਦੁਇ ਚਾਕਰ ਬੀ ਮਗਰ ਸਨ, ਮੱਥਾ ਤੱਕ ਕੇ ਮਰਦਾਨੇ ਨੇ ਬੇਝਕ ਹੋ ਉਸ ਤੋਂ ਪੁੱਛਿਆ-ਭਾਈ! ਨਿਰੰਕਾਰ ਤੇਰਾ ਭਲਾ ਕਰੇ, ਝੰਡੇ ਬਾਢੀ ਦੇ ਘਰ ਦਾ ਪਤਾ ਤਾਂ ਦੱਸ?

ਉਸ ਮਨੁੱਖ ਨੇ ਮਰਦਾਨੇ ਦੇ ਨੈਣਾਂ ਵੱਲ

[1] ਜਨਮ ਸਾਖੀ।

ਤੱਕਿਆ, ਤੱਕ ਕੇ ਖਿੜਿਆ, ਸਾਥੀਆਂ ਤੇ ਚਾਕਰਾਂ ਨੂੰ ਕਹਿਣ ਲੱਗਾ-ਤੁਸੀਂ ਚਲੋ, ਮੈਂ ਇਸ ਨਿਰੰਕਾਰ ਦਾ ਨਾਂ ਲੈਣ ਵਾਲੇ ਨੂੰ ਝੰਡੇ ਦੇ ਘਰ ਅਪੜਾ ਆਵਾਂ। ਤਾਂ ਨਾਲ ਦੇ ਚਾਕਰਾਂ ਆਖਿਆ-ਸਾਹਿਬ ਜੀ ! ਅਸੀਂ ਅਪੜਾ ਆਉਂਦੇ ਹਾਂ, ਤੁਸੀਂ ਕਾਸਨੂੰ ਔਖੇ ਹੁੰਦੇ ਹੋ।

ਮਰਦਾਨਾ-ਮੈਨੂੰ ਪਤਾ ਦੱਸ ਦਿਓ, ਨਾ ਸਾਹਿਬ ਜੀ ਖੇਚਲ ਕਰਨ ਨਾ ਸੇਵਕ ਜੀ।

ਉਹ ਮਰਦ ਬੋਲਿਆ-ਭਾਈ ਨਿਰੰਕਾਰ ਦਾ ਨਾਂ ਲੈਣ ਵਾਲੇ ! ਇਹ ਮੇਰਾ ਹੀ ਕੰਮ ਹੈ, ਆਓ।

ਤਾਂ ਨਾਲ ਲੈ ਕੇ ਟੁਰ ਪਿਆ ਤੇ ਪੁੱਛਣ ਲੱਗਾ ਕਿ "ਭਾਈ ! ਤੂੰ ਝੰਡੇ ਨੂੰ ਕਿਵੇਂ ਜਾਣਦਾ ਹੈਂ? ਕਦ ਦੀ ਸਿਆਣ ਹੈ ਤੇਰੀ, ਤੂੰ ਇਸ ਦੇਸ਼ ਦਾ ਨਹੀਂ ਜਾਪਦਾ?" ਤਾਂ ਮਰਦਾਨੇ ਆਖਿਆ-"ਮੇਰਾ ਦੇਸ਼ ਤਾਂ ਲਾਹੌਰ ਦਾ ਪਰਗਨਾ ਹੈ ਤੇ ਝੰਡੇ ਨੂੰ ਹਉਂ ਨਹੀਂ ਜਾਣਦਾ, ਨਾ ਸਿਆਣਦਾ ਹਾਂ, ਮੇਰਾ ਸਾਹਿਬ ਸਿਆਣਦਾ ਹੈ, ਉਸ ਮੈਨੂੰ ਘੱਲਿਆ ਹੈ"।

ਝੰਡੇ ਦਾ ਰਸਤਾ ਦੱਸਣ ਵਾਲਾ ਇੰਦ੍ਰਸੈਣ ਸੀ, ਜੋ ਇਹ ਨਿਰੰਕਾਰ ਦਾ ਨਾਂ ਲੈਕੇ ਬੋਲਣ ਵਾਲੇ ਨੂੰ ਆਪਣੇ ਸਤਿਸੰਗੀ ਮਿੱਤਰ ਦੇ ਘਰ ਛੱਡਣ ਲਈ ਆਪ ਆਇਆ ਹੈ। ਘਰ ਅਪੜਾ ਕੇ ਤੇ ਝੰਡੇ ਨਾਲ ਮਿਲਾਕੇ ਇੰਦਰਸੈਣ ਆਪਣੇ ਘਰ ਨੂੰ ਚਲਾ ਗਿਆ।

ਝੰਡੇ ਨੇ ਮਰਦਾਨੇ ਨੂੰ ਆਦਰ ਨਾਲ ਬਹਾਇਆ ਤੇ ਫੇਰ ਪੁੱਛਿਆ: "ਭਲੇ ਪੁਰਖ ਜੀ ! ਆਪ ਕਿਸ ਦੇਸ਼ ਤੋਂ ਆਏ ਹੋ? ਦਾਸ ਨੂੰ ਕੀਹ ਆਗਯਾ ਹੈ?

ਮਰਦਾਨਾ-ਦੇਸ਼ ਸਾਡਾ ਤਾਂ ਉਤਰਾ ਖੰਡ ਦੇ ਹੇਠਲੀਆਂ ਪੱਧਰਾਂ ਹਨ, ਜਿੱਥੇ ਕਿ ਪੰਜ ਦਰਯਾ ਵਗਦੇ ਹਨ, ਕਹੀਦੇ ਪੰਜ ਹਨ, ਉਂਜ ਹੈਨ ਸੱਤ, ਸਪਤ ਸਿੰਧੁ ਧਰਤੀ ਹੈ, ਪਰਗਨਾ ਲਾਹੌਰ ਹੈ ਰਾਜਧਾਨੀ, ਤਿਸਦੇ ਲਾਗ ਦੇ ਅਸੀਂ ਹਾਂ।

ਝੰਡਾ-ਧੰਨ ਭਾਗ, ਜੀਉ ਆਇਆਂ ਨੂੰ ! ਕਿਵੇਂ ਆਏ ਹੋ ? ਅਗੇ ਸਿਆਣ ਨਹੀਂ ਸਾਡੀ ਤੁਹਾਡੀ, ਹੁਣ ਸਿਆਣ ਹੋਈ ਹੈ, ਘਰ ਟੁਰ ਕੇ ਆਏ ਹੋ, ਕਰੋ ਕੋਈ ਮਿਹਰ, ਦਿਓ ਆਗਯਾ?

ਮਰਦਾਨਾ-ਤੁਸੀਂ ਡਾਢੇ ਮਿੱਠੇ ਮਿੱਠੇ ਬੋਲਦੇ ਹੋ, ਜਾਣੀਏ ਆਪਣੇ ਦੇਸ਼ ਦੇ ਹੀ ਹੋ, ਇਸ ਪਰਦੇਸ਼ ਵਿਚ ਮਿਲ ਪਏ ਹੋ। ਸਿਆਣ ਮੈਨੂੰ ਤਾਂ ਕਾਈ ਨਹੀਂ, ਪਰ ਮੇਰੇ ਸਾਹਿਬ ਨੂੰ ਤੁਸਾਂ ਦੀ ਸਿਆਣ ਹੋਸੀ ਜੋ ਨਾਉਂ ਦੱਸਕੇ ਤੁਸਾਂ ਦੇ ਘਰ ਘੱਲਿਆ ਹੈ ਨੇ।

ਝੰਡਾ (ਹਰਿਆਨ ਹੋਕੇ)-ਹੱਛਾ... ! ਤੁਸਾਂ ਦੇ ਸੁਹਣੇ ਸਾਹਿਬ ਜੀਉ ਦਾ ਕੀ ਨਾਮ ਹੈ ?

ਮਰਦਾਨਾ-ਸ੍ਰੀ ਗੁਰੂ ਨਾਨਕ ਦੇਵ ਨਿਰੰਕਾਰ ਦੀ ਜੋਤਿ ਵਾਲੇ, ਜਿਨ੍ਹਾਂ ਨੂੰ ਅਜਾਣ ਲੋਕ 'ਨਾਨਕ ਤਪਾ' ਕਰਕੇ ਵੀ ਸੱਦਦੇ ਹਨ।

ਝੰਡਾ-ਸ੍ਰੀ ਗੁਰੂ ਨਾਨਕ ਦੇਉ ਨਿਰੰਕਾਰ ਦੀ ਜੋਤਿ ! ਧੰਨ ਭਾਗ ਮੇਰੇ ! ਮੈਨੂੰ ਐਸੇ ਉੱਚੇ ਨੇ ਯਾਦ ਕੀਤਾ ਹੈ, ਜਿਸ ਨੂੰ ਤੁਸਾਂ ਨਿਰੰਕਾਰ ਦੀ ਜੋਤਿ ਆਖਿਆ ਹੈ। ਤੁਹਾਡਾ ਮੂੰਹ ਖੰਡ ਨਾਲ ਭਰਾਂ ! ਨਿਰੰਕਾਰ ਦੀ ਜੋਤਿ ਵਾਲੇ ਨੂੰ ਲੱਭਦਿਆਂ ਆਹ ਦਿਨ ਆ ਗਏ ਹਨ ਤੇ ਜੇ ਹੁਣ ਜੋਤਿ ਸਰੂਪ ਨੇ ਮੈਨੂੰ ਭਾਲ ਲਿਆ ਹੈ ਤੇ ਤੁਸਾਂ ਨੂੰ ਘੱਲਿਆ ਹੈ ਤਾਂ ਧੰਨ ਭਾਗ ! ਸਚ ਮੁਚ ਧੰਨ ਭਾਗ!!

ਪਰ (ਸਿਰ ਫੇਰਕੇ) ਸੱਜਣ ਜੀ! ਉਦਾਸ ਨਾ ਹੋਣਾ, ਸਮਾਂ ਕਲਜੁਗ ਦਾ ਹੈ, ਧਰਮ ਦੇ ਤ੍ਰੈ ਪੈਰ ਖਿਸਕ ਚੁਕੇ ਹਨ, ਚੌਥੇ ਦਾ ਚੌਥਾ ਹਿਸਾ ਬੀ ਖਿਸਕ ਰਿਹਾ ਹੈ। ਕਾਲੀ ਰਾਤ ਪੈ ਰਹੀ ਹੈ, ਜਾਂ ਤਾਂ ਲੱਭਦੇ ਹਨ ਆਪਣੇ ਸੁਖਾਂ ਤੇ ਨਾਮਣਿਆਂ ਲਈ ਲੋਕਾਂ ਨੂੰ ਮਗਰ ਲਾਕੇ ਟੁਰਨ ਵਾਲੇ ਸਾਧੂ ਯਾ ਮਿਲਦੇ ਹਨ ਧਾਗੇ ਤਵੀਤ, ਤੰਤ੍ਰ; ਮੰਤ੍ਰ; ਜਾਦੂ, ਟੂਣੇ ਕਰਨ ਵਾਲੇ, ਸ਼ਕਤੀ ਦੇ ਉਪਾਸਕ, ਨਾਟਕਾਂ ਚੇਟਕਾਂ ਵਾਲੇ; ਜਿਨ੍ਹਾਂ ਦੇ ਮਗਰ ਲਗਿਆਂ ਮਨ ਦੀ ਮੈਲ ਨਹੀਂ ਉਤਰਦੀ, ਸਗਵੀਂ ਹੋਰ ਚੰਬੜਦੀ ਹੈ। ਹਾਂ ਜੀ, ਸੱਚ ਹੈ ! ਤ੍ਰਿਸ਼ਨਾਂ ਦਾ ਬੱਧਾ ਜੀਵ ਅੱਗੇ ਹੀ ਤ੍ਰਿਸ਼ਨਾਂ ਵਿਚ ਡੁੱਬਾ ਪਿਆ ਹੈ, ਉਤੋਂ ਜਪ ਤਪ ਜੋਗ ਸਾਧਨ ਕਰਨੇ ਤਾਂ ਤ੍ਰਿਸ਼ਨਾਂ ਵਾਲੇ ਕੰਮਾਂ ਨੂੰ ਕਾਮਯਾਬ ਕਰਨੇ ਵਾਸਤੇ ਤਾਂ ਤ੍ਰਿਸ਼ਨਾਂ ਹੀ ਜਪਾਂ, ਤਪਾਂ ਨਾਲ ਵਧੀ ਨਾਂ; ਬਣਿਆ ਕੀ ? ਸਜਣ ਜੀ ! ਅਕਸਰ ਵੇਰ ਤਾਂ ਦੰਭ, ਭੇਖ ਤੇ ਆਪਾ ਪਾਲਣ ਦੇ ਦਰਸਨ ਮੇਲੇ ਹੀ ਹੁੰਦੇ ਰਹੇ ਹਨ, ਨਿਰੰਕਾਰ ਦੇ ਰੰਗ ਰੱਤਾ, ਅਚਾਹ, ਬੇਪਰਵਾਹ, ਨਿਰੰਕਾਰ ਦੇ ਰੰਗ ਵਿਚ ਰੰਗ ਦੇਣ ਵਾਲਾ ਅਜੇ ਨਹੀਂ ਲੱਭਾ। ਲੱਭਦਾ ਭੀ ਕੀਕੂੰ ? ਸਾਡੇ ਮਨ ਜੋ ਮੈਲੇ ਹੋਏ, ਸਾਡੀ ਢੂੰਡ ਹੀ ਕਸਰਾਂ ਵਾਲੀ ਹੈ, ਅਚਾਹ ਜਜੋਤੀ ਮਹਾਂ ਪੁਰਖ

ਤਾਂ ਆਪੇ ਹੀ ਆਪਣੇ ਆਪ ਨੂੰ ਲਭਾਵੇ ਨਾਂ। ਖ਼ਬਰੇ ਕੋਈ ਤੁਠ ਪਿਆ ਤੇ ਆਪੇ ਆ ਗਿਆ ਹੈ ਜਜੋਤੀ ਸਰੂਪ। ਧੰਨ ਭਾਗ ! ਤੁਸਾਂ ਗੁੱਸੇ ਨਾ ਹੋਣਾ, ਅੱਗ ਨਾਲ ਹੱਥ ਸਿਕ ਜਾਵੇ ਤਾਂ ਹੱਥਾਂ ਨੂੰ ਹਰ ਲਿਸ਼ਕਾਰ ਤੋਂ ਸੰਕੋਚ ਹੋ ਜਾਂਦਾ ਹੈ। ਖਿਮਾਂ, ਖਿਮਾਂ, ਸੰਤ ਜੀ ! ਧੰਨ ਨਿਰੰਕਾਰ ਦਾ ਨਾਉਂ ਲੈਣ ਵਾਲੇ ਜੀ ! ਮੈਂ ਜੋ ਆਪ ਨੇ ਕਿਹਾ ਅਮੰਨਾ ਕੀਤਾ ਹੈ, ਇਹ ਤਾਂ ਆਪਨੂੰ ਮੈਂ ਹਡਬੀਤੀਆਂ ਤੇ ਜਗਵਰਤਾਰਾ ਸੁਣਾਇਆ ਹੈ।

ਮਰਦਾਨਾ-ਸੱਜਣਾਂ ! ਸੱਚ ਦਾ ਕਾਹਦਾ ਗਿਲਾ? ਸੱਚ ਸੱਚ ਹੈ, ਜੇ ਕਦੇ ਜਗਤ ਵਿਚ ਅੰਧਕਾਰ ਨਾ ਹੁੰਦਾ ਤਾ ਸਾਂਈਂ ਸੂਰਜ ਕਿਉਂ ਉਪਾਉਂਦਾ ? ਸੱਚ ਦੀ ਕਾਲੀ ਰਾਤ ਪੈ ਗਈ ਹੈ ਤਾਂ ਹੀ-ਨਿਰੰਕਾਰ ਨੇ ਆਪਣੀ ਜਜੋਤੀ ਵਿਚ ਧਰਕੇ ਇਕ ਨਿਰੰਕਾਰੀ ਘੱਲਿਆ ਹੈ ਨਾ, ਜੋ ਜਗਤ ਨੂੰ ਘਰ ਘਰ ਦਰ ਦਰ ਫਿਰ ਕੇ ਤਾਰ ਰਿਹਾ ਹੈ।

ਵੇਖ, ਮਿਤਰਾ ! ਤੈਨੂੰ ਇਕ ਰਮਜ਼ ਬੁਝਾਵਾਂ ਇਸ ਅਰਸ਼ਾਂ ਤੋਂ ਉਤਰੇ ਨੂਰ ਦੀ। ਜਿਥੇ ਜਿਥੇ ਪਰਮੇਸ਼ੁਰ ਦੇ ਢੂੰਡਾਊ ਮੁੱਦਤਾਂ ਤੋਂ ਕੋਈ ਹਨ, ਕੋਈ ਤਪ, ਕੋਈ ਗਿਆਨ, ਕੋਈ ਧਿਆਨ, ਚਾਹੇ ਕਿਸੇ ਤਰ੍ਹਾਂ ਦੇ ਸਾਧਨ ਕਰ ਰਹੇ ਹਨ, ਇਹ ਓਥੇ ਪੁੱਜ ਕੇ ਅੱਪੜਦਾ ਹੈ ਤੇ ਆਪਣੀ ਇਲਾਹੀ ਛੋਹ ਨਾਲ ਜੀਵਿਆਂ ਕਰਕੇ ਸਾਰੇ ਸਾਧਨਾਂ ਨੂੰ ਭਾਗ ਲਾ ਦਿੰਦਾ ਹੈ। ਇਹ ਦਾਤਾ ਪਿਛਲੇ ਜਨਮਾਂ ਤੋਂ ਲੱਗੇ, ਪਰ ਸਿਰੇ ਨਾ ਚੜ੍ਹੇ ਜਗਜਾਸੂਆਂ ਨੂੰ ਖੋਜ ਖੋਜਕੇ ਲੱਭਦਾ ਹੈ ਤੇ ਉਨ੍ਹਾਂ ਨੂੰ ਸਿਰੇ ਚਾੜ੍ਹਦਾ ਹੈ। ਜਿਵੇਂ ਕੋਈ ਤਕੜਾ ਖਿਲਾੜੀ ਸਮਿਆਂ ਤੋਂ ਅਟਕ ਭਟਕ ਰਹੀਆਂ ਨਰਦਾਂ ਨੂੰ ਚਾਤੁਰੀ ਨਾਲ ਪੁਗਾ ਦਿੰਦਾ ਹੈ। ਜਿੱਥੇ ਜਿੱਥੇ ਤੇ ਜਿਸ ਜਿਸ ਨਿਸ਼ਚੇ ਵਿਚ ਜੋ ਕੋਈ ਹੈ ਉਥੋਂ ਹੀ ਉਸ ਨੂੰ ਚੁੱਕਦਾ ਹੈ, ਭੁੱਲਾਂ ਸੋਧਕੇ ਆਪਣੀ ਛੁਹ ਲਾਕੇ ਉਸ ਨੂੰ ਸਾਂਈਂ ਦੇ ਸਿੱਧੇ ਰਾਹ ਪਾ ਦੇਂਦਾ ਹੈ। ਤੁਸੀਂ ਮੈਨੂੰ ਆਖਸੋ ਇਹ ਚਾਕਰ ਜੁ ਹੋਇਆ, ਆਪਣੇ ਮਾਲਕ ਦੇ ਸੋਹਿਲੇ ਗਾਉਂਦਾ ਹੈ ਤੇ ਮੈਂ ਤਾਂ ਹਾਂ ਹੀ ਜਾਤ ਦਾ ਜਸ ਕਰਨ ਵਾਲਾ ਮਿਰਾਸੀ, ਮੈਂ ਤਾਂ ਸੋਹਿਲੇ ਗਾਉਣੇ ਹੀ ਹੋਏ, ਪਰ ਮਿਤਰਾ ! ਮੈਂ ਇਸ ਨੂਰ ਤੋਂ ਸੱਚ ਸਿੱਖਜ਼ਾ ਹੈ ਤੇ ਮੈਂ ਹੁਣ ਸੱਚ ਦੇ ਸੋਹਿਲੇ ਗਾਉਂਦਾ ਹਾਂ। ਸੱਚ ਸੱਚ, 'ਸਚ ਸਭਨਾ ਹੋਇ ਦਾਰੂ' ਇਹ ਜਜੋਤਿ ਨਿਰੰਜਨੀ ਦਾ ਵਾਕ ਹੈ। ਮੇਰੇ ਸੋਹਿਲੇ ਹੁਣ ਸੱਚ ਦੇ ਦਾਰੂ ਨਾਲ ਸੁਧਾ ਸੋਨਾ ਹੋ ਰਹੇ ਹਨ।

ਝੰਡਾ-ਠੀਕ ਆਖਦੇ ਹੋ, ਤੁਸਾਡੀ ਰਸਨਾ ਵਿਚ ਸੁਆਦ ਹੈ, ਸੁਣਕੇ ਕੰਨਾਂ ਨੂੰ ਰਸ ਆਉਂਦਾ ਹੈ, ਸੱਚ ਦੀ ਚੱਸ ਬਿਨਾਂ ਬਾਣੀ ਮਧੁਰ ਨਹੀਂ ਹੁੰਦੀ, ਮੈਂ ਇਕ ਗੱਲ ਪੁਛਾਂ, ਉਦਾਸ ਤਾਂ ਨਾ ਹੋਸੋ?

ਮਰਦਾਨਾ-ਜੀਉ ਸਦਕੇ ਪੁਛੋ !

ਝੰਡਾ-ਜਿਧਰੋਂ ਆਏ ਹੋ, ਓਧਰ ਇਕ ਭਾਰਾ ਕੁਫ਼ਰ ਗੜ੍ਹ ਸੀ-ਨੂਰ ਸ਼ਾਹ ਦੀ ਗੱਦੀ-ਉਸ ਨੂੰ ਕਿਸ ਨੇ ਤੋੜਿਆ ਹੈ ? ਸੋਆਂ ਸੁਣੀਆਂ ਹਨ, ਪਰ ਪੱਕੀ ਗੱਲ ਅੱਖੀਂ ਡਿੱਠੀ ਕਿਸੇ ਦੀ ਜ਼ੁਬਾਨੀ ਨਹੀਂ ਸੁਣੀ, ਤੁਸੀਂ ਦੇਸਾਂ ਪਰਦੇਸਾਂ ਨੂੰ ਗਾਹੁੰਦੇ ਆ ਰਹੇ ਹੋ, ਕੋਈ ਸੋਝੀ ਹੋਵੇ ਨੇ ? ਕੋਈ ਕਨਸੋ ਕੰਨੀ ਪਈ ਹੋਵੇ ਨੇ ?

ਮਰਦਾਨਾ (ਕੁਛ ਰੰਗ ਬਦਲ ਕੇ)-ਮਿਤਰਾ ! ਸੋ ਕਨਸੋ ਕਾਹਦੀ ! ਅੱਖੀਂ ਡਿੱਠੀ ਤੇ ਹੱਡ ਵਰਤੀ ਦੱਸ ਸਕਦਾ ਹਾਂ।

ਝੰਡਾ-ਅੱਖੀਂ ਡਿੱਠੀ ਤੇ ਹਡ ਵਰਤੀ ਸੁਣਕੇ ਜੋ ਪਤੀਆ ਬੱਝਦਾ ਹੈ ਹੋਰਵੇਂ ਨਹੀਂ ਬੱਝਦਾ, ਧੰਨ ਭਾਗ ! ਕੁਛ ਸੁਣਾਓ ਨਾ।

ਮਰਦਾਨਾ-ਉਹ ਕੁਫਰ ਗੜ੍ਹ ਇਸੇ ਸਤਿਗੁਰ ਨਾਨਕ ਦੇਵ ਨੇ ਤੋੜਿਆ ਹੈ ਤੇ ਇਹ ਅਵਗੁਣਿਹਾਰ, ਜੋ ਤੁਸਾਂ ਮੂਹਰੇ ਬੈਠਾ ਹੈ, ਇਹੋ ਹੀ ਉਸ ਜਾਲ ਵਿਚ ਜਾ ਫਸਿਆ ਸੀ। ਇਸੇ ਨਿਕਾਰੀ ਚਿੜੀ ਦੀ ਬੰਦ ਖਲਾਸ ਲਈ ਬੰਦੀ ਛੋੜ ਗੁਰੂ ਨਾਨਕ ਉਸ ਕੁਫਰਗੜ੍ਹ ਵਿਚ ਗਿਆ, ਜਿਸ ਦੇ ਬਦ ਨਿਵਾਰਨਹਾਰ ਹੱਥਾਂ ਨੇ ਨਾ ਕੇਵਲ ਮੇਰੇ ਗਲੇ ਦੀ ਸਿਲਕ ਕੱਟੀ, ਸਗੋਂ ਨੂਰ ਸ਼ਾਹ ਦੀ ਬੰਦ ਵਿਚ ਪਏ ਸਾਰੇ ਬੰਦੀ ਗਨ ਛੁਡਾ ਦਿੱਤੇ ਤੇ ਨੂਰਸ਼ਾਹ ਨੂੰ ਬੀ ਅੰਧਕਾਰ ਦੇ ਬੰਦੀ ਖਾਨੇ ਵਿਚੋਂ ਕੱਢਕੇ ਚਾਨਣੇ ਵਿਚ ਲੈ ਆਂਦਾ ਤੇ ਸਾਂਈ ਦੇ ਲੜ ਲਾ ਕੇ ਐਸਾ ਆਤਮ ਬਲ ਤੇ ਪਰਤਾਪ ਬਖਸ਼ਿਆ ਕਿ ਸੰਗਤ ਉਸ ਦੇ ਲੜ ਲਾਈ। ਨੂਰ ਸ਼ਾਹ ਹੁਣ ਨੂਰ ਵਿਚ ਹੈ, ਨੂਰ ਉਸ ਤੋਂ ਝਰਦਾ ਹੈ ਤੇ ਜਗਤ ਰੌਸ਼ਨ ਹੁੰਦਾ ਹੈ।

ਝੰਡਾ-ਤੁਸੀਂ ਅੱਠ ਪਹਿਰ ਨੂਰ ਕੋਲ ਰਹਿਣ ਵਾਲੇ, ਤੁਸੀਂ ਨੂਰ ਸ਼ਾਹ ਦੇ ਅੰਧਕਾਰ ਵਿਚ ਕਿਵੇਂ ਜਾ ਫਸੇ?

ਮਰਦਾਨਾ-ਮੈਂ ਪਿਛੋਂ ਤਪਹੀਣਾ ਹਾਂ, ਜਾਤ ਮੇਰੀ ਨੀਵੀਂ ਹੈ, ਸੁਹਬਤ ਬੀ ਪਹਿਲੇ ਰੱਬ ਦੇ ਪਿਆਰਿਆਂ ਦੀ ਨਹੀਂ ਸੀ, ਨਾ ਹੀ ਕਿਸੇ ਗੁਣ ਦਾ ਤਾਣ ਮੇਰੇ ਅੰਦਰ ਸੀ। ਆਪਣੀ ਮਿਹਰ ਦੇ ਤਾਣ ਦਾਤਾ ਜੀ ਨੇ ਮੇਰੀ ਉਂਗਲ ਫੜੀ, ਮੈਨੂੰ ਮੇਰੀ 'ਤਾਂ ਨਾ ਰੀ ਰੀ' ਤੇ ਪ੍ਰਸੰਨ ਹੋ ਕੇ ਆਪਣਾ ਸਾਥੀ ਬਣਾ ਲਿਆ। ਝੂਠੀਆਂ ਵਾਰਾਂ ਤੇ ਕੁਸ਼ਾਮਤਾਂ ਦੇ ਗੀਤ ਗਾਉਣ ਵਾਲੇ ਨੂੰ ਨਿਰੰਕਾਰ ਦਾ ਕੀਰਤਨੀਆਂ ਤੇ ਸੱਚ ਦੇ ਸੋਹਿਲੇ ਗਾਉਣ ਵਾਲਾ ਬਣਾ ਲਿਆ। ਮੈਂ ਆਪਣੇ ਆਪ ਵਿਚ ਨਿਤਾਣਾਂ ਬੋਟ ਹਾਂ, ਦਾਤੇ ਦੇ ਖੰਭਾਂ ਨਾਲ ਉਡਦਾ ਹਾਂ। ਜਦੋਂ ਮੈਂ ਆਪੇ ਵਿਚ ਆ ਜਾਵਾਂ ਮੈਂ ਨਿਤਾਣਾ ਹੋਣ ਕਰਕੇ ਔਖਾ ਹੁੰਦਾ ਹਾਂ, ਪਰ ਉਹ ਅਕਾਰਣ ਪ੍ਰੇਮ ਕਰਨ ਵਾਲਾ ਆਪਣੇ ਤਾਣ ਨਾਲ ਮੈਨੂੰ ਉਬਾਰਦਾ ਹੈ। ਸੱਜਣਾ ! ਮੈਨੂੰ ਰਾਗ ਦਾ ਠਰਕ ਬਾਹਲਾ ਹੈ, ਭੁੱਖ ਦੇ ਹੋਟੇ ਮੈਂ ਥੱਕਾ ਮਾਂਦਾ ਨੂਰ ਸ਼ਾਹ ਦੇ ਦੁਆਰੇ ਜਾ ਖੜੋਤਾ, ਉਸ ਇਕ ਅਚਰਜ ਰੰਗ ਦੇ ਰਾਗ ਦੀ ਗਵਾਈ ਤੇ ਸਾਜ਼ਾਂ ਦੀ ਨਿਪੁਨ ਵਜੰਤ੍ਰੀ ਨਾਲ ਮੈਨੂੰ 'ਰਾਗ-ਮਸਤ' ਕਰ ਲਿਆ। ਗੁਰੂ ਨਾਨਕ ਨੇ ਮੈਨੂੰ 'ਕੀਰਤਨ-ਮਸਤ' ਕੀਤਾ ਸੀ, ਇਸ ਵੇਲੇ ਮੈਂ ਅਡੋਲ ਹੀ ਕੀਰਤਨ ਤੋਂ ਭੁਲਕੇ 'ਰਾਗ-ਮਸਤ' ਹੋ ਗਿਆ। ਐਉਂ ਮੈਂ ਨਿਤਾਣਾ ਆਪਣੇ ਤਾਣ ਆਕੇ ਫਸ ਗਿਆ, ਮੈਂ ਮਾਨੋ ਬੋਟ ਹੋ ਗਿਆ, ਦਾਤੇ ਦੇ ਖੰਭ ਜੁ ਮੈਂ ਵਿਸਾਰ ਦਿਤੇ; ਪਰ ਮਿਹਰਾਂ ਤੇ ਪਿਆਰਾਂ ਵਾਲੇ ਨੇ ਇਸ ਬੋਟ ਨੂੰ, ਫੇਰ ਪਿੰਜਰਿਓਂ ਕੱਢਕੇ ਤੇ ਆਪਣੇ ਖੰਭ ਲਾਕੇ ਅਪਣੀ ਚਰਨ ਸ਼ਰਨ ਅਰਸ਼ਾਂ ਵਿਚ ਉਡਾ ਲਿਆ।

ਝੰਡਾ-ਮੈਂ ਗੱਲ ਟੁਕਦਾ ਹਾਂ, ਪਰ ਜੋ ਸਮਝੇ ਨਾ ਪਵੇ ਉਹ ਨਿਸ਼ੰਕ ਹੋਕੇ ਪੁਛ ਲੈਣਾ ਸਤਿਸੰਗ ਵਿਚ ਚੰਗੀ ਗਲ ਹੁੰਦੀ ਹੈ।

ਮਰਦਾਨਾ-ਜੀ ਸਦਕੇ ਪੁਛੋ।

ਝੰਡਾ-ਮੈਂ 'ਰਾਗ-ਮਸਤ' ਤੇ 'ਕੀਰਤਨ-ਮਸਤ' ਦਾ ਫਰਕ ਨਹੀਂ ਸਮਝਿਆ।

ਮਰਦਾਨਾ (ਮੁਸਕ੍ਰਾਕੇ)-ਰਾਗ ਇਕ ਵਿਦਯਾ ਹੈ, ਰਾਗ ਇਕ ਗੁਣ ਤੇ ਹੁਨਰ ਹੈ, ਜਿਸ ਨਾਲ ਦਿਲ ਵਲਵਲੇ ਦੇ ਦੇਸ਼ ਜਾਂਦਾ ਹੈ। ਰਾਗ ਇਕ ਬੋਲੀ ਹੈ ਜੋ ਕਵਿਤਾ ਤੋਂ ਬੀ ਸੂਖਮ ਹੈ, ਰਾਗ ਇਕ ਚਿੱਤ੍ਰਕਾਰੀ ਹੈ ਜੋ ਪੱਥਰ ਦੀ ਸ਼ਿਲਪਕਾਰੀ ਤੇ ਰੰਗ ਦੀ ਮੁਸੱਵਰੀ ਤੋਂ ਬਰੀਕ ਹੈ। ਰਾਗ ਜਦ ਕੋਈ ਗਾਉਂਦਾ ਹੈ ਮਨ ਉਸ ਦੇ ਮਗਰ ਜਾਂਦਾ ਹੈ। ਰਾਗ ਜਿਸ ਵਿਚ ਕੋਈ ਕਵਿਤਾ, ਗੀਤ, ਨਹੀਂ ਗਾਵਿਆਂ ਜਾਂਦਾ, ਪਰ ਨਿਰਾ ਰਾਗ ਹੀ ਆਪਣੇ ਆਪ ਵਿਚ ਗਾਂਵਿਆ ਜਾਂ ਬਜਾਇਆ ਜਾਵੇ ਉਹ ਇਕ ਬੋਲੀ ਹੈ, ਇਕ ਅਗੁਵਾਨੀ ਹੈ, ਇਕ ਮੋਹਿਤਾ ਹੈ, ਜੋ ਅਪਣੀ ਖੈਂਚ ਨਾਲ ਮਨਾਂ ਨੂੰ ਕਿਸੇ ਰਸ ਦੇਸ ਵਿਚ ਲੈ ਜਾਂਦੀ ਹੈ। ਜਿਨ੍ਹਾਂ ਭਾਵਾਂ ਵਿਚ ਮਨ ਐਉਂ ਚਲਾ ਜਾਂਦਾ ਹੈ, ਓਹ ਅਕਸਰ ਸਾਡੀ ਸਮਝ ਵਿਚ ਪਏ ਤੋਂ ਬਿਨਾਂ ਸਾਨੂੰ ਆਪਣੇ ਵਿਚ ਖਿੱਚ ਲੈ ਜਾਂਦੇ ਹਨ। ਕੋਈ ਡਾਢਾ ਸੁਰਤ ਦਾ ਜੋੜਣਹਾਰ ਸਮਝਦਾ ਹੈ ਕਿ ਕਿਹੜਾ ਰਾਗ, ਕੀਹ ਵਲਵਲਾ ਕੀਹ ਭਾਵ ਉਪਜਾ ਰਿਹਾ ਹੈ। ਅਕਸਰ ਗਵੱਯੇ ਤੇ ਗੁਣੀ ਜਨ ਰਾਗਾਂ ਦੇ ਨਾਵਾਂ, ਪਰਸਪਰ ਫਰਕਾਂ, ਸੁਰਾਂ ਸੁਰਤੀਆਂ, ਮੂਰਛਨਾ, ਤਾਲਾਂ ਆਦਿ ਦੇ ਗ੍ਯਾਤਾ ਤੇ ਉਸਤਾਦ ਹੁੰਦੇ ਹਨ, ਪਰ ਕਿਹੜਾ ਰਾਗ ਕੀਹ ਤਾਸੀਰ ਪੈਦਾ ਕਰ ਰਿਹਾ ਹੈ? ਕਿਹੜੇ ਵਲਵਲੇ ਨੂੰ ਛੇੜ ਰਿਹਾ ਹੈ? ਇਨ੍ਹਾਂ ਗੱਲਾਂ ਦਾ ਮਾਹਿਰ, ਹਾਂ ਤਾਸੀਰ ਨੂੰ ਸਮਝਣਹਾਰ, ਵਿਰਲਾ ਕਿਤੇ ਕੋਈ ਰਸਿਕ ਹੁੰਦਾ ਹੈ। ਮੇਰਾ ਦਾਤਾ ਇਸ ਭੇਤ ਦਾ ਜਾਣੂ ਹੈ, ਉਸ ਨੇ ਰਾਗ ਦੀ ਇਸ ਤਾਸੀਰ ਵਾਲੇ ਗੁਣ ਨੂੰ ਲਿਆ ਹੈ ਤੇ ਆਤਮ ਰੰਗ ਉਪਜਾਉਣ ਲਈ ਰਾਗ ਵਰਤਿਆ ਹੈ। ਫਿਰ ਸਾਡੇ ਸੁਖੱਲ ਲਈ ਇਹ ਕੀਤਾ ਹੈ ਕਿ ਪਰਮੇਸ਼ੁਰ ਦੇ ਜਸ ਦੇ ਸ਼ਬਦ ਰਚੇ ਹਨ, ਮਨ ਨੂੰ ਮਾਯਾ ਤੋਂ ਉਪਰਾਮ ਕਰਨ ਤੇ ਵਿਕਾਰਾਂ ਤੋਂ ਉਦਾਸ ਕਰਨ ਦੇ, ਆਪੇ ਨੂੰ ਆਪੇ ਵਿਚ ਜਾਗ ਦੇਣ ਦੇ, ਵਾਹਿਗੁਰੂ ਦੇ ਪਿਆਰ ਵਿਚ ਝੁਮਾ ਦੇਣ ਦੇ ਐਸੇ ਵਲਵਲੇ ਤੇ ਭਾਵ ਉਪਜਾਣ ਵਾਲੇ ਸ਼ਬਦ ਕਹੇ ਹਨ ਕਿ ਸੁਣੋ ਤਾ ਉੱਚੀ ਰੌ ਦੀ ਜਾਨ ਪੈ ਜਾਵੇ। ਸ਼ਬਦਾਂ ਨੂੰ ਉਨ੍ਹਾਂ ਦੇ ਅਨੁਕੂਲ ਭਾਵ ਪੈਦਾ ਕਰਨ ਵਾਲੇ ਰਾਗਾਂ ਵਿਚ ਪਾਕੇ ਗਾਉਣ ਦੇ ਆਪ ਉਸਤਾਦ ਹਨ ਤੇ ਮੈਂ ਉਹਨਾਂ ਦਾ ਨਿਮਾਣਾ ਨਕਲੀਆ ਹੋਣ ਦਾ ਮਾਣ ਰਖਦਾ ਹਾਂ। ਸੋ ਉਹ ਰਾਗ ਜਿਸ ਵਿਚ ਦਾਤੇ ਨੇ ਵਾਹਿਗੁਰੂ ਦਾ ਜਸ ਤੇ ਉੱਚੇ ਵਲਵਲਿਆਂ ਦੇ ਭਾਵ ਗਾਇਨ ਕੀਤੇ ਹਨ ਉਹ ਕੀਰਤਨ ਹੈ ੧, ਤੇ ਨਿਰਾ ਰਾਗ ਰਾਗ ਹੈ ੨, ਤੇ

ਵਿਕਾਰਾਂ ਦੇ ਭਾਵਾਂ ਨੂੰ ਉਦੀਪਨ ਕਰਨ ਵਾਲੇ ਬੋਲਾਂ ਵਾਲਾ ਰਾਗ, ਰਾਗ ਜੈਸੀ ਉੱਚੀ ਸ਼ੈ ਦਾ ਨੀਵਾਂ ਵਰਤਾਉ ਹੈ। ੩।

ਮੈਂ ਜੋ 'ਕੀਰਤਨ-ਮਸਤ' ਕਿਹਾ ਸੀ ਉਸ ਦਾ ਮਤਲਬ ਇਹ ਸੀ ਕਿ ਨਿਰੰਕਾਰ ਦੀ ਸਿਫਤ ਸਾਲਾਹ ਵਾਲੇ ਸ਼ਬਦਾਂ ਤੇ ਭਾਵਾਂ ਨਾਲ ਭਰਿਆ ਰਾਗ ਸੁਰਤ ਨੂੰ ਜਗਤ ਤੋਂ ਉੱਚਾ ਕਰਕੇ ਆਪੇ ਵਿਚ ਟਿਕਾ ਦਿੰਦਾ ਹੈ ਤੇ ਵਾਹਿਗੁਰੂ ਦੇ ਪਿਆਰ ਵਿਚ ਮਗਨ ਕਰ ਦਿੰਦਾ ਹੈ। ਪਰ ਨਿਰਾ ਰਾਗ ਉਸ ਵਲਵਲੇ ਵਿਚ ਮਦਹੋਸ਼ ਕਰ ਦਿੰਦਾ ਹੈ ਕਿ ਜਿਸ ਵਲਵਲੇ ਦੀ ਤਾਸੀਰ ਉਸ ਰਾਗ ਵਿਚ ਹੁੰਦੀ ਹੈ। ਜੇ ਉਹ ਭੀ ਵੈਰਾਗ ਆਦਿ ਉਪਜਾਉਂਦਾ ਹੈ ਤਾਂ ਚੰਗਾ ਹੈ, ਪਰ ਵਜੰਤ੍ਰੀ ਤੇ ਗਵੱਯੇ ਲੋਕ ਅਕਸਰ ਉਸ ਦਾ ਵੇਗ ਸਰੀਰਕ ਭਾਵਾਂ ਵਲ ਪਾਉਂਦੇ ਹਨ। ਸੋ ਜਦ ਨਿਰੰਕਾਰ ਦੇ ਕੀਤਰਨ ਤੋਂ ਵਿਰਵੇ ਹੋ ਕੇ, ਰਾਗ ਦੀਆਂ ਉੱਤਮ ਤਾਸੀਰਾਂ, ਪ੍ਰੇਮ; ਉਤਸ਼ਾਹ, ਵੈਰਾਗ ਆਦਿ ਤੋਂ ਬੇਪਰਵਾਹ ਹੋਕੇ ਐਵੇਂ ਰਾਗ ਸੁਣੋ ਤੇ ਸੁਰਤ ਨੂੰ ਮਗਰੇ ਛੱਡ ਦਿਓ ਤਾਂ ਸੁਰਤ ਬੇਮਲੂਮ ਕਿਸੇ ਉਸ ਵਲਵਲੇ ਵਿਚ ਮਗਨ ਹੋ ਜਾਏਗੀ ਕਿ ਜਿਸ ਵਲ ਵਜੰਤ੍ਰੀ (ਜਾਣੇ ਚਾਹੋ ਅਨਜਾਣੇ) ਸਾਨੂੰ ਲਿਜਾ ਰਿਹਾ ਹੈ। ਹੁਣ ਸਮਝ ਗਏ ਹੋ ?

ਝੰਡਾ-ਠੀਕ ਸਮਝ ਗਿਆ ਹਾਂ; ਸੋ ਤੁਸੀਂ ਉਸ ਵੇਲੇ ਰਾਗ ਦੀ ਕਿਸੇ ਅਨਜਾਣੀ ਤਾਸੀਰ ਵਿਚ ਮਗਨ ਹੋਕੇ, ਜਿਸ ਨੂੰ ਤੁਸਾਂ ਆਪ 'ਕੀਰਤਨ' ਕਿਹਾ ਹੈ, ਉਸ ਤੋਂ ਉੱਕ ਗਏ ?

ਮਰਦਾਨਾ-ਮੈਂ ਰਾਗ ਦੀ ਆਪਣੀ ਤਾਸੀਰ ਨੂੰ ਪਰਖਣ ਵਲ ਨਾ ਪਿਆ ਕਿ ਇਹ ਕਿਸ ਵਲਵਲੇ ਦੀ ਤਾਸੀਰ ਵਾਲਾ ਹੈ, ਰਾਗ ਦੀ ਉੱਤਮਤਾ ਤੇ ਤੀਖਣਤਾ ਤੇ ਰਾਗ ਕਰਨ ਵਾਲੇ ਦੀ ਕਾਰੀਗਰੀ ਦੀ ਮਹਿਮਾ ਦੇ ਭਾਵ ਵਿਚ ਆਕੇ 'ਰਾਗ-ਮਸਤ' ਹੋ ਗਿਆ, ਉਸ ਵੇਲੇ ਉਸ ਜਾਦੂਗਰ ਨੇ ਉਹ ਕਰਤੱਬ ਵਰਤਿਆ ਜਿਸ ਨਾਲ ਇਕ ਆਦਮੀ ਦੂਸਰੇ ਦੀ ਮਰਜ਼ੀ ਤੇ ਕਾਬੂ ਪਾਕੇ ਉਸਦੀ ਮਰਜ਼ੀ ਤੇ ਖਿਆਲ ਨੂੰ ਆਪਣੀ ਮਰਜ਼ੀ ਦੇ ਵੱਸ ਵਿਚ ਕਰ ਲੈਂਦਾ ਹੈ। ਉਹ ਮੂਰਖਾਂ ਨੂੰ ਤਾਂ ਤਾਕਤ ਤੇ ਕਰਾਮਾਤ ਭਾਸਦੀ ਹੈ, ਪਰ ਕਰਨ ਵਾਲੇ ਲੋਕ ਇਸਤੋਂ ਸ੍ਵਾਰਥ ਸਿੱਧੀਆਂ ਦਾ ਕੰਮ ਲੈਂਦੇ ਹਨ, ਇਹ ਇਕ ਪ੍ਰਕਾਰ ਦਾ ਕ੍ਰਿਸ਼ਨ ਜੋਗੀ[1] ਹੈ ਤੇ ਇਸਦਾ ਨੀਵਾਂ ਵਰਤਾਉ ਚੰਗਾ ਨਹੀਂ ਹੈ।

ਝੰਡਾ-ਤਾਂਤ੍ਰਿਕ ਕਰਤਬ ਤੇ ਸ਼ਾਕਤਕਾਂ ਦੇ ਕਾਰਨਾਮੇ ਮੈਂ ਬੀ ਡਿੱਠੇ ਹਨ, ਤੁਸਾਂ ਦੇ ਆਖੇ ਮੁਜਬ ਓਹ ਤਾਂ ਕਲਜਾਣ ਦੇ ਰਸਤੇ ਦੇ ਸਹਾਇਕ ਨਹੀਂ, ਕਿਉਂਕਿ ਉਹਨਾਂ ਦਾ ਅਕਸਰ ਵਰਤਾਉ ਤਾਂ ਵਾਸ਼ਨਾ ਤ੍ਰਿਸ਼ਨਾ ਦੇ ਪੂਰੇ ਕਰਨ ਵਲ ਤੇ ਸ਼ਰੀਰਕ ਲੋੜਾਂ ਤੇ ਸੁਆਦਾਂ ਨੂੰ ਵਧਾਉਣ ਤੇ ਪਦਾਰਥਾਂ ਦੇ ਜਮ੍ਹਾਂ ਕਰਾ ਦੇਣ ਵਾਲਾ ਹੈ, ਸੋ ਉਹ ਤਾਂ ਮਾਯਾ ਵੱਲ ਲੈ ਜਾ ਰਿਹਾ ਹੈ, ਸਗੋਂ ਆਤਮਾ ਵਲੋਂ ਵਧੇਰੇ ਪਿੱਠ ਕਰਾ ਰਿਹਾ ਹੈ। ਤੁਸਾਂ ਨੇ ਇਹ ਸਾਰੀ ਵਾਰਤਾ ਸੱਚ ਆਖੀ ਹੈ। ਹਾਂ ਸੱਚੀ, ਇਹ ਦੂਸਰੇ ਦੇ ਮਨ ਤੇ ਕਾਬੂ ਕਿਵੇਂ ਪਾ ਲੈਂਦੇ ਹਨ ?

ਮਰਦਾਨਾ-ਮੈਨੂੰ ਇਸ ਅਮਲ ਦੀ ਜਾਚ ਤਾਂ ਨਹੀਂ ਹੈ; ਪਰ ਦਾਤਾ ਜੀ ਨੇ ਮੈਨੂੰ ਦੱਸਿਆ ਸੀ ਕਿ ਜਦੋਂ ਅਸੀਂ ਕਿਸੇ ਅਮਲ ਕਰਨ ਵਾਲੇ ਦੇ ਅੱਗੇ ਮਨ ਵਿਛਾ ਦੇਈਏ ਤੇ ਉਹ ਅੱਖਾਂ ਨਾਲ ਕਿ ਹੱਥਾਂ ਨਾਲ ਕਿ ਬਚਨਾਂ ਨਾਲ ਸਾਡੇ ਦਿਲ ਵਿਚ ਖਿਆਲ ਪਾ ਪਾ ਕੇ ਆਪਣੇ ਮਗਰ ਲਈ ਚੱਲੇ ਤਾਂ ਨੀਮ ਬੇਹੋਸ਼ੀ ਜਿਹੀ ਹੋਕੇ ਉਸ ਦੀ ਮਰਜ਼ੀ ਦੇ ਵੱਸ ਵਿਚ ਹੋ ਜਾਈਦਾ ਹੈ। ਅੱਗੋਂ ਉਹ ਜੇ ਵੈਰਾਗਵਾਨ ਹੋਵੇ, ਮਾਯਾ ਅਤੀਤ ਹੋਵੇ ਤਾਂ ਸੁਆਰਥ ਦੇ ਕੰਮ ਨਾ ਕੱਢੇਗਾ, ਪਰ ਐਸਾ ਹੋਣਾ ਕਠਨ ਹੈ। ਫਿਰ ਜੇ ਉਹ ਸੁਆਰਥੀ ਨਾ ਬੀ ਹੋਵੇ ਤਾਂ ਬੀ ਉਸ ਅੱਗੇ ਮਨ ਵਿਛ ਵਿਛ ਕੇ ਦਬੇਲ ਜਿਹਾ ਹੋ ਜਾਂਦਾ ਹੈ। ਰਾਜ ਯੋਗ ਨਾਲ, ਭਗਤੀ ਯੋਗ ਨਾਲ ਨਾਮ ਦੇ ਰੰਗ ਰਸ ਨਾਲ, ਸਹਿਜ ਯੋਗ ਨਾਲ ਤਾਂ ਅੰਦਰਲਾ ਉੱਚਾ, ਸੁੱਚਾ, ਦੂਸਰਿਆਂ ਦੇ ਆਸਰਾਂ ਹੇਠ ਨਾ ਆਉਣ ਵਾਲਾ ਸਾਖੀ ਪਦ ਵਿਚ, ਜਿਸ ਨੂੰ ਫਾਰਸੀ ਬੋਲੀ ਵਿਚ ਹਾਲਤ ਫ਼ਾਇਲੀਅਤ ਕਹੀਦਾ ਹੈ, ਉਸ ਵਿਚ ਟਿਕ ਕੇ ਇਕ ਸ਼ਖਸੀਅਤ ਤੇ ਤਾਕਤਵਰ ਵਜਕਤੀ ਬਣ ਜਾਂਦਾ ਹੈ, ਪਰ ਇਸ ਉਪਰ ਕਥੀ ਗੱਲ ਨਾਲ ਤਾਂ ਹਾਲਤ ਮਫ਼ੂਲੀਅਤ ਵਿਚ ਜਾਕੇ ਦਬੇਲ ਜਿਹਾ ਹੋ ਜਾਂਦਾ। ਹਾਂ, ਜੇ ਕੋਈ ਕਿਸੇ ਦੇ ਸ਼ਰੀਰਕ ਰੋਗਾਂ ਜਾਂ ਭੈੜੀਆਂ ਵਾਦੀਆਂ ਦਾ ਇਸ ਨਾਲ ਇਲਾਜ

---

[1] ਉਹ ਜੋਗ ਜੋ ਵਾਸ਼ਨਾ ਤ੍ਰਿਸ਼ਨਾ ਦੀ ਪੂਰਣਤਾ ਵਲ ਲੈ ਜਾਵੇ।

ਕਰੇ ਤਾਂ ਗੱਲ ਵੱਖਰੀ ਹੈ।

ਝੰਡਾ-ਠੀਕ ਕਿਹਾ ਨੇ, ਤ੍ਰਿਸ਼ਨਾ ਤਾਂ ਮਨੁੱਖ ਦੇ ਅੰਦਰ ਇਸ ਦੀ ਆਗੂ ਹੋਈ; ਉਹ ਸੱਚ ਦੇ ਰਸਤੇ ਤੁਰਨ ਨਹੀਂ ਦੇਂਦੀ, ਸੱਚ ਤੇ ਖੜਾ ਤਾਂ ਉਪਕਾਰੀ ਹੋਵੇਗਾ, ਨਿਜ ਦਾ ਪਾਲੂ ਨਹੀਂ ਹੋਵੇਗਾ। ਪਰ ਜੋ ਮਾਰਗ ਆਪ ਨੇ ਕਹੇ ਹਨ ਕਠਨ ਬੜੇ ਹਨ, ਆਪੇ ਹੋ ਨਹੀਂ ਆਉਂਦੇ ਤੇ ਜੋਗੀ ਮਿਲਦੇ ਨਹੀਂ, ਭਗਤ ਭੀ ਦੁਰਲੱਭ ਹੁੰਦਾ ਜਾਂਦਾ ਹੈ ਤੇ ਉਧਰ ਸੱਚੇ ਗਿਆਨੀ ਦਾ ਬੀ ਕਾਲ ਹੈ। ਅਸਾਂ ਤਾਂ ਹਾਰਕੇ ਇਹ ਰਾਹ ਫੜਿਆ ਹੈ ਕਿ ਮਿਲ ਬੈਠਦੇ ਹਾਂ, ਧਰਮ ਪੁਸਤਕਾਂ ਦਾ ਵਿਚਾਰ ਤੇ ਪਾਪਾਂ ਨੂੰ ਜਿੱਤਣ ਦਾ ਜਤਨ ਕਰਦੇ ਹਾਂ। ਕਦੇ ਮਨ ਨੂੰ ਸੰਕਲਪਾਂ ਤੋਂ ਰੋਕ ਰੋਕ ਬਹਿੰਦੇ ਹਾਂ ਏਕਾਂਤ। ਕਦੇ ਸਰਬ ਅਨਾਤਮ ਤੋਂ ਖਿਆਲ ਨੂੰ ਮੋੜਦੇ ਹਾਂ। ਚਾਹੇ ਕੁਛ ਬਣੇ ਚਾਹੇ ਨਾ, ਆਪਣੀ ਵਲੋਂ ਤਰਲੇ ਲੈਂਦੇ ਰਹਿੰਦੇ ਹਾਂ। ਕਈ ਵੇਰ ਸਾਧ ਫ਼ਕੀਰ ਹੋ ਜਾਣ ਨੂੰ ਦਿਲ ਕਰਦਾ ਹੈ, ਪਰ ਸਾਧਾਂ ਫ਼ਕੀਰਾਂ ਨੂੰ ਡੋਲਦੇ ਤੇ ਅੰਨ ਬਸਤ੍ਰ ਲਈ ਕੋਈ ਰਚਨਾਂ ਰਚਦੇ ਵੇਖਕੇ ਆਖਦੇ ਹਾਂ ਕਿ ਨਾ ਬਈ ਇਸ ਨਾਲੋਂ ਕਿਰਤ ਮਜੂਰੀ ਕਰਕੇ ਖਾਣਾ, ਵਿਕਾਰਾਂ ਤੋਂ ਬਚਣਾ ਤੇ ਮਨ ਨੂੰ ਮੋੜਨ ਵਲ ਲਗੇ ਰਹਿਣਾ ਚੰਗਾ ਹੈ, ਹੋਰ ਮੈਲ ਤਾਂ ਨਹੀਂ ਨਾ ਪੈਂਦੀ।

ਮਰਦਾਨਾ-ਸੱਚ ਹੈ ਤੇ ਸੁਹਣਾ ਹੈ, ਗੱਲ ਤਾਂ ਕਾਈ ਵੱਡੀ ਨਹੀਂ, ਪਰ ਹੈ ਬੀ ਡਾਢੀ, ਸਮਝੇ ਪੈ ਗਈ ਤਾਂ ਸਵੱਲੀ, ਨਾ ਪਈ ਤਾਂ ਔਖੀ।

ਇਹ ਕਹਿਕੇ ਮਰਦਾਨੇ ਨੇ ਧੁੱਪ ਵਲ ਡਿੱਠਾ, ਝੰਡਾ ਸਮਝ ਗਿਆ ਕਿ ਮੈਂ ਆਪਣੇ ਸ਼ੌਕ ਵਿਚ ਇਨ੍ਹਾਂ ਨੂੰ ਢੇਰ ਚਿਰ ਗੱਲਾਂ ਵਿਚ ਪਾਈ ਰਖਿਆ ਹੈ, ਸਮਾਂ ਚੋਖਾ ਬੀਤ ਚੁਕਾ ਹੈ ਤੇ ਘਰ ਆਏ ਨੂੰ ਮੈਂ ਨਾ ਪਾਣੀ ਨਾ ਧਾਣੀ ਪੁੱਛਿਆ, ਨਾ ਆਉਣ ਦਾ ਪਰੋਜਨ, ਇਹ ਮੈਂ ਭਲੀ ਨਹੀਂ ਕੀਤੀ, ਤਾਂ ਆਖਣ ਲੱਗਾ:-

ਨਿਰੰਕਾਰ ਦੇ ਪਿਆਰੇ ! ਮੈਂ ਮੂਰਖ ਹਾਂ, ਆਪ ਨੂੰ ਅੰਨ ਜਲ ਨਹੀਂ ਪੁੱਛਿਆ, ਆਉਣੇ ਦਾ ਪਰੋਜਨ ਨਹੀਂ ਪੁੱਛਿਆ ਤੇ ਆਪਣੇ ਸੁਖ ਦੇ ਮਗਰ ਲੱਗ ਕੇ ਪ੍ਰਸ਼ਨਾਂ ਵਿਚ ਆਪ ਨੂੰ ਲਾਈ ਟੁਰਿਆ ਗਿਆ ਹਾਂ; ਕਿਰਪਾ ਕਰਕੇ ਕੁਝ ਖਾਓ ਪੀਓ, ਸੇਵਾ ਦੱਸੋ ?

ਮਰਦਾਨਾ-ਸੱਚ ਤੇ ਨਿਰੋਲ ਸੱਚ ਇਹ ਹੈ ਕਿ ਮੈਂ ਤਾਂ ਆਇਆ ਹੀ ਸ਼ਹਿਰ ਵਿਚ ਖਾਣ ਲਈ ਸਾਂ। ਮੈਂ ਜੋਤਿ ਨਿਰੰਜਨੀ ਨੂੰ ਕਿਹਾ ਸੀ ਕਿ ਕਿਤੇ ਕੁਝ ਮੰਗ ਕੇ ਖਾ ਆਵਾਂ, ਲੋਕੀਂ ਸਾਥੋਂ ਪਰੇ ਹਟਦੇ ਹਨ, ਭੇਸ ਵੇਖਕੇ ਖਬਰੇ ਕੀਹ ਸਮਝਦੇ ਹਨ। ਪਰ ਮਾਲਕ ਜੀ ਨੇ ਆਖਿਆ ਕਿ ਮੰਗਣ ਦੀ ਲੋੜ ਨਹੀਂ, ਨਿਰੰਕਾਰ ਪਿਆਰ ਨਾਲ ਖੁਲਾਵੇਗਾ। ਇਹ ਆਖਕੇ ਆਪ ਨੇ ਆਪ ਦਾ ਪਤਾ ਦਿੱਤਾ ਕਿ ਉਸ ਦੇ ਘਰ ਚਲੇ ਜਾਓ। ਸੋ ਮੇਰਾ ਪਰੋਜਨ ਹੀ ਰੋਟੀ ਖਾਣ ਦਾ ਹੈਸੀ ਜਾਂ ਜੋ ਕੁਛ ਮਿਲ ਜਾਵੇ, ਤੇ ਸਾਹਿਬ ਜੀ ਦਾ ਘੱਲਣ ਵਿਚ ਕੀਹ ਪਰੋਜਨ ਹੈ ਓਹ ਆਪ ਜਾਣਦੇ ਹਨ।

ਝੰਡਾ-ਵਾਹ ਸੱਜਣਾ! ਖੁਸ਼ ਕਰ ਦਿੱਤਾ ਈ, ਕਾਹਨੂੰ ਕੋਈ ਸਾਧ ਐਉਂ ਸਾਫ ਸੱਚ ਆਖਦਾ ਹੈ? ਵਾਹ ਵਾਹ ਜੋਤਿ ਨਿਰੰਜਨੀ ਦੇ ਸਾਥੀਆ ! ਅੱਜ ਜਾਪਦਾ ਹੈ ਸੱਚ ਰੂਪ ਧਾਰਕੇ ਆਇਆ ਹੈ ਮੈਨੂੰ ਤਾਰਣ। ਹੱਛਾ ਇਹ ਦੱਸ ! ਆਪ ਨੇ ਬੀ ਤਾਂ ਭੋਜਨ ਨਹੀਂ ਨਾ ਕੀਤਾ ਹੋਊ ?

ਮਰਦਾਨਾ-ਮੈਂ ਹਾਂ ਦਾਸ ਤੇ ਜੀਵ, ਉਹ ਹਨ ਸਾਹਿਬ ਤੇ ਜਗੋਤਿ ਰੂਪ, ਭੁੱਖ ਤ੍ਰਿਖਾ ਉਨ੍ਹਾਂ ਨੂੰ ਨਹੀਂ ਸਤਾਉਂਦੀਆਂ। ਕਿਸ ਆਧਾਰ ਉਹ ਨਹੀ ਘਾਬਰਦੇ? ਉਹ ਜਾਣਨ। ਆਖਦੇ ਹਨ ਕਿ ਕੋਈ ਟਿਕਾਣਾ ਐਸਾ ਹੈ ਕਿ ਨਾਮ ਦਾ ਆਧਾਰ ਸਰੀਰ ਨੂੰ ਬੀ ਪਾਲਦਾ ਹੈ[1], ਕੀ ਜਾਣੀਏਂ ਜੋ ਆਪ ਦੇ ਪ੍ਰੇਮੀ ਹਨ ਘਰ ਘਰ ਵਿਚ, ਰਸੋਈ ਪਕਾ ਕੇ, ਥਾਲ ਪ੍ਰੋਸ ਕੇ, ਆਪ ਦਾ ਧਿਆਨ ਧਾਰ ਕੇ ਅਰਦਾਸ ਕਰਦੇ ਹਨ ਕਿ ਆਪ ਦੀ ਰਸਨਾ ਇਸ ਦਾ ਸੁਆਦ ਲਵੇ, ਉਹ ਕੋਈ ਆਧਾਰ ਅਰਦਾਸਾਂ ਦੀਆਂ ਤਰਬਾਂ ਤੇ ਥ੍ਰਰਾਉਂਦਾ ਉਨ੍ਹਾਂ ਦੇ ਸੂਖਮ ਆਪੇ ਨੂੰ ਮਿਲਦਾ ਰਹਿੰਦਾ ਹੈ, ਸਾਂਈਂ ਜਾਣੇ ਜਾਂ ਓਹ ਆਪ।

ਝੰਡਾ-ਪਰ ਉਂਜ ਉਹਨਾਂ ਅੱਜ, ਭੋਜਨ ਤਾ ਨਹੀਂ ਪਾਇਆ ਅਜੇ ?

ਮਰਦਾਨਾ-ਨਾ ਕੇਵਲ ਅੱਜ, ਸਗੋਂ ਕਲ ਪਰਸੋਂ ਦੇ ਪੌਣ ਅਹਾਰੀ ਹੀ ਹਨ।

---

[1] ਤਿਸੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖਵਾਸੁ॥ {ਸਲੋਕ ਵਾਰਾਂ ਤੇ ਵਧੀਕ: ਮ ੩-੧੬}

ਝੰਡਾ-ਲਓ ਫੇਰ ਤੁਸੀਂ ਤਾਂ ਜੋ ਤਿਆਰ ਹੈ ਪਾ ਲਓ ਤੇ ਉਹਨਾਂ ਵਾਸਤੇ ਲੈਕੇ ਮੈਂ ਤੁਸਾਂ ਦੇ ਨਾਲ ਚਲਦਾ ਹਾਂ, ਮੈਂ ਉਹਨਾਂ ਨੂੰ ਖੁਆਲ ਕੇ ਖਾਵਾਂਗਾ।

ਮਰਦਾਨਾ-ਗੱਲ ਤਾਂ ਸੁਹਣੀ ਹੈ, ਪਰ ਉਹਨਾਂ ਦੇ ਖਾਧੇ ਬਿਨਾਂ ਮੈਂ ਕੀਕੁਰ ਖਾਵਾਂ? ਪਹਿਲੋਂ ਸਾਹਿਬ ਖਾਵੇ ਤਾਂ ਮਗਰੋਂ ਨਫਰ ਮੂੰਹ ਪਾਵੇ।

ਝੰਡਾ-ਇਹ ਬੀ ਖਰੀ ਗੱਲ ਆਖੀ ਨੇ!

ਤਦ ਝੰਡੇ ਨੇ, ਜੋ ਰਾਜੇ ਦੇ ਮਹਿਲਾਂ ਦਾ ਕਾਰੀਗਰ ਸੀ[1] ਉਸ ਦੇ ਬਾਗ ਤੋਂ ਕੁਛ ਫਲ ਮੰਗਵਾਏ ਤੇ ਕੁਛ ਰਿੱਧਾ ਪੱਕਾ ਘਰੋਂ ਤਿਆਰ ਕੀਤਾ ਕਰਾਇਆ ਨਾਲ ਲਿਆ ਤੇ ਮਰਦਾਨੇ ਨੂੰ ਨਾਲ ਲੈਕੇ ਟੁਰ ਪਿਆ।

੩.

**ਜਾਂ** ਦੋਵੇਂ ਜਣੇ ਸ਼ਹਿਰੋਂ ਬਾਹਰ ਉਜਾੜ ਵਿਚ ਆਏ, ਜਿੱਥੇ ਗੁਰੂ ਬਾਬਾ ਬੈਠਾ ਸੀ ਤਾਂ ਮਰਦਾਨੇ ਨੇ ਆਕੇ 'ਕਰਤਾਰ ਕਰਤਾਰ' ਉਚਾਰ ਚਰਨਾਂ ਤੇ ਸਿਰ ਧਰਿਆ। ਝੰਡੇ ਨੇ ਬੀ ਚੰਗੇਰ ਧਰਕੇ ਚਰਨਾਂ ਕੋਲ ਸੀਸ ਨਿਵਾਕੇ 'ਕਰਤਾਰ ਕਰਤਾਰ' ਆਖਿਆ ਤਾਂ ਗੁਰੂ ਨਾਨਕ ਅਰਸ਼ਾਂ ਦੇ ਨੂਰ ਨੇ ਆਖਿਆ:-; 'ਆਉ! ਝੰਡਾ!' ਤਾਂ ਝੰਡੇ ਨੇ 'ਜੀਉ' ਆਖ ਕੇ ਪ੍ਰਸ਼ਾਦਿ ਅੱਗੇ ਧਰਿਆ। ਆਪ ਬੋਲੇ-ਝੰਡਿਆ, ਇਹ ਕੀ ਲੈ ਆਇਆ ਹੈਂ? ਤਾਂ ਉਸ ਆਖਿਆ: 'ਜੀਉ! ਭੋਜਨ ਹੈ, ਆਪ ਅੰਗੀਕਾਰ ਕਰੋ ਤੇ ਆਪਣੇ ਸੇਵਕ ਨੂੰ ਅਚਵਾਓ।'ਤਾਂ ਸਤਿਗੁਰ ਜੀ ਨੇ ਆਖਿਆ- 'ਝੰਡਿਆ! ਇਸ ਭੋਜਨ ਦੇ ਬਖਰੇ ਕਰ, ਇਕ ਬਖਰਾ ਮਰਦਾਨੇ ਨੂੰ ਦੇਹ ਜੋ ਖਾਵੇ ਤੇ ਤ੍ਰਿਪਤ ਹੋਕੇ ਹਰਿ ਗੁਣ ਗਾਵੇ।' ਇਹ ਸੁਣਕੇ ਮਰਦਾਨੇ ਆਖਿਆ-'ਸਾਹਿਬਾ! ਇਹ ਕਿਵੇਂ ਗੱਲ ਢੁਕਦੀ ਹੈ ਕਿ ਆਪ ਨਾ ਅਚੋ ਤੇ ਮੈਂ ਖਾਵਾਂ। ਪਹਿਲਾਂ ਸਾਹਿਬ ਪਿਛੋਂ ਚਾਕਰ।' ਤਾਂ ਗੁਰੂ ਨਾਨਕ ਜੀ ਹੱਸੇ ਤੇ ਆਖਣ ਲੱਗੇ 'ਮਰਦਾਨਿਆਂ! ਤੈਨੂੰ ਭੁੱਖ ਲੱਗੀ ਹੈ ਤੂੰ ਖਾਹ। ਤੂੰ ਝੰਡੇ ਦਾ ਪ੍ਰਾਹੁਣਾ ਹੈਂ, ਤੂੰ ਪਹਿਲਾਂ ਖਾ ਲੈ। ਝੰਡਾ ਟੁਰ ਕੇ ਸਾਡੇ ਪਾਸ ਆਇਆ ਹੈ, ਇਹ ਸਾਡਾ ਪ੍ਰਾਹੁਣਾ ਹੈ, ਇਸ ਨੂੰ ਪਹਿਲਾਂ ਖੁਲਾਉਣਾ ਸਾਡਾ ਧਰਮ ਹੈ, ਪਿੱਛੋਂ ਅਸੀਂ ਖਾਵਾਂਗੇ।' ਤਦ ਮਰਦਾਨਾ ਬਚਨ ਮੰਨਕੇ ਅੰਨ ਖਾਣ ਲੱਗਾ!

ਝੰਡਾ ਹੈਰਾਨ ਹੋ ਗਿਆ ਕਿ ਕਿੱਡੇ ਆਦਰ ਵਾਲੇ ਹਨ, ਪਰ ਇਹ ਨਾ ਸਮਝਿਆ ਕਿ ਮੈਨੂੰ ਪਹਿਲਾਂ ਕੀਹ ਖੁਆਲਣਗੇ, ਉਸ ਜਾਤਾ ਕਿ ਮਰਦਾਨੇ ਤੋਂ ਮਗਰੋਂ ਅੰਨ ਖਾਣ ਦੀ ਮੇਰੀ ਵਾਰੀ ਆਵੇਗੀ ਤੇ ਫੇਰ ਜਗੋਤੀ ਰੂਪ ਜੀ ਆਪ ਛਕਣਗੇ। ਝੰਡਾ ਇਨ੍ਹਾਂ ਸੋਚਾਂ ਵਿਚ ਹੀ ਸੀ ਕਿ ਸਤਿਗੁਰ ਜੀ ਨੇ ਪੁਛਿਆ: ਝੰਡਿਆ! ਇਹ ਭੋਜਨ ਤੂੰ ਆਪਣੇ ਘਰੋਂ ਲਿਆਇਆ ਹੈਂ?

ਝੰਡਾ-ਜੀਉ ਜੀ! ਭੋਜਨ ਤਾਂ ਪਰਮੇਸ਼ੁਰ ਦੇ ਘਰੋਂ ਆਇਆ ਹੈ ਮੈਂ ਕੌਣ ਵਿਚਾਰਾ ਹਾਂ?

ਗੁਰੂ ਜੀ-ਝੰਡਿਆ! ਭੋਜਨ ਘੱਲਣ ਵਾਲੇ ਪਰਮੇਸ਼ੁਰ ਨੂੰ ਤੂੰ ਜਾਣਦਾ ਹੈਂ?

ਝੰਡਾ-ਇਹ ਤਾਂ, ਹੇ ਨਿਰੰਕਾਰੀ ਜੀ ! ਸਭ ਕੋਈ ਜਾਣਦਾ ਹੈ ਜੋ ਪਰਮੇਸ਼ੁਰ ਹੈ ਤੇ ਉਹ ਪਾਲਣਾ ਕਰਦਾ ਹੈ।

ਗੁਰੂ ਜੀ-ਕੀ ਤੂੰ ਪਰਮੇਸ਼ੁਰ ਨੂੰ ਜਾਣਿਆ ਹੈ ?

ਝੰਡਾ (ਕੁਛ ਹਰਿਆਨ ਹੋ ਕੇ )-ਜੀਉ! ਜਾਣਿਆ ਹੈ ਤਾਂ ਸਤਿਸੰਗ ਵਲ ਚਿਤ ਨੂੰ ਰੁਚੀ ਰਹਿਦੀ ਹੈ।

ਗੁਰੂ ਜੀ-ਜੇ ਜਾਣਿਆਂ ਹੈ ਤਾਂ ਵਿਆਕੁਲ ਕਾਸ ਨੂੰ ਹੋਇਆ ਕਰਦਾ ਹੈਂ? ਵਿਆਕੁਲਤਾ ਤਾਂ ਨਾ ਜਾਣਨੇ ਦੀ ਨਿਸ਼ਾਨੀ ਹੈ। ਜਿਸ ਜਾਤਾ ਹੈ ਉਹ ਕਿਉਂ ਘਾਬਰਦਾ ਹੈ? ਝੰਡਿਆ ! ਚੰਗੀ ਤਰ੍ਹਾਂ ਵਿਚਾਰ ਤੂੰ ਜਾਤਾ ਨਹੀਂ ਹੋਣਾ[1]।

ਝੰਡਾ-ਕਿਵੇਂ ਜੀਉ! ਵਿਆਕੁਲ ਤਾਂ ਬੜਾ ਰਹਿੰਦਾ ਹਾਂ।

ਗੁਰੂ ਜੀ-ਜਿਸ ਘਟ ਵਿਚ ਪਰਮੇਸ਼ੁਰ ਦੀ ਜਾਣ ਆਈ ਹੈ, ਉਥੇ ਫੇਰ ਘਬਰਾ ਨਹੀਂ। ਉਹ ਜੋਤਿ ਸਰੂਪ ਹੈ, ਗਿਆਨ ਸਰੂਪ ਹੈ। ਜਦ ਸਾਡੀ ਜਾਣ ਵਿਚ ਗਿਆਨ ਸਰੂਪ ਆ ਗਿਆ ਤਾਂ ਦੁਚਿ-

---

[1] ਹਾ: ਬਾ: ਵਾ: ਜ: ਸਾਖੀ ਝੰਡਾ ਉਥੇ ਦੇ ਰਾਜੇ ਦਾ ਤ੍ਰਿਖਾਣ ਬੀ ਆਹਾ ।

[1] ਜੋ ਸ਼ਬਦ ਝੰਡੇ ਪ੍ਰਤਿ ਉਪਦੇਸ਼ ਦਾ ਬਾ: ਵਾ: ਜਨਮ ਸਾਖੀ ਵਿਚ ਦਿਤਾ ਹੈ; ਸੋ ਪੰਜਵੇਂ ਸਤਿਗੁਰਾਂ ਦਾ ਹੈ। ਉਂਵ ਉਪਦੇਸ਼ ਸਾਰਾ ਨਾਮ ਦਾ ਹੋਇਆ ਹੈਸੀ।

ਤਾਈ ਨਹੀਂ ਰਹਿੰਦੀ, ਦੁਚਿਤਾਈ ਬਿਨਾਂ ਵਿਆਕੁਲਤਾ ਨਹੀਂ ਹੁੰਦੀ।

ਝੰਡਾ (ਸੋਚ ਕੇ)-ਠੀਕ।

ਗੁਰੂ ਜੀ-ਭਲਾ ਝੰਡਿਆ! ਜਦੋਂ ਤੂੰ ਸਵੇਰੇ ਉੱਠਕੇ ਮਨ ਦੀਆਂ ਦੌੜਾਂ ਨੂੰ ਠੱਲ੍ਹਦਾ ਹੈਂ, ਭਗਵੰਤ ਵੱਲੇ ਖਿਆਲ ਨੂੰ ਮੋੜਦਾ ਹੈਂ ਤਦੋਂ ਤਾਂ ਉਸ ਵਲ ਧਿਆਨ ਪੈਂਦਾ ਹੈ, ਪਰ ਜਦੋਂ ਕੰਮ ਕਾਜ ਵਿਚ ਮਗਨ ਹੁੰਦਾ ਹੈਂ, ਸਾਰਾ ਦਿਨ, ਤਦੋਂ ਮਨ ਉਸ ਕੰਮ ਵਿਚ ਹੁੰਦਾ ਹੈ ਮਗਨ, ਤਦੋਂ ਤੂੰ ਕੰਮ ਕਾਜ ਨੂੰ ਜਾਣਦਾ ਹੈਂ, ਭਗਵੰਤ ਨੂੰ ਨਹੀਂ ਜਾਣਦਾ।

ਝੰਡਾ-ਹਾਂ ਜੀ, ਸੱਚ ਤਾਂ ਇਹੋ ਹੈ।

ਗੁਰੂ ਜੀ-ਤਾਂ ਤੂੰ ਪਰਮੇਸ਼ਰ ਨੂੰ ਅਜੇ ਨਹੀਂ ਜਾਣਦਾ, ਕਿਉਂ ਜੋ ਜਦੋਂ ਆਸਣ ਲਾ ਬੈਠਦਾ ਹੈਂ ਤਾਂ ਮਨ ਦਸੋ ਦਿਸ਼ਾਂ ਵਲ ਧਾਂਵਦਾ ਹੈ, ਤੈਥੋਂ ਰੁਕਦਾ ਨਹੀਂ, ਕਦੇ 'ਨਾਮ ਰੂਪ' ਮਿਥਿਆ ਖਿਆਲ ਕਰ ਕਰਕੇ; 'ਅਨਾਮ ਅਰੂਪ' ਦਾ ਇਕ ਆਪਣਾ ਸੁਨ ਵਰਗਾ ਖਿਆਲ ਬਣਾ ਬਣਾਕੇ ਉਸ ਵਿਚ ਟਿਕਣ ਦੇ ਤਰਲੇ ਲੈਂਦਾ ਹੈਂ, ਸੋ ਉਹ ਤਾਂ ਵਕਤ ਲੰਘਿਆ ਤਰਲਿਆਂ ਵਿਚ। ਦਿਹਾੜੀ ਕੰਮਾਂ ਦੀ ਜਾਣ, ਸਿਆਣ ਤੇ ਭੁਗਤਾਉਣ ਵਿਚ ਸਮਾਂ ਲੰਘ ਗਿਆ। ਰਾਤ ਨੀਂਦ ਵਿਚ ਸੁੱਤਿਆਂ ਜਾਂ ਸੁਪਨਿਆਂ ਵਿਚ ਰੁਝਿਆਂ ਲੰਘ ਗਈ। ਪਰਮੇਸ਼ਰ ਨੂੰ ਤੂੰ ਕਦੋਂ ਜਾਣਦਾ ਹੁੰਦਾ ਹੈ।

ਆਪਣੇ ਮਨ ਦੀ ਇਹ ਵਿਵੇਚਨਾ ਤੇ ਅਪਣੇ ਰੁਝੇਵੇਂ ਦਾ ਇਹ ਹਿਸਾਬ ਸੁਣਕੇ ਝੰਡਾ ਘਬਰਾਇਆ, ਘਬਰਾਕੇ ਵਿਚਾਰ ਵਿਚ ਪੈ ਗਿਆ। ਵਿਚਾਰ ਨੇ ਦੱਸਿਆ ਕਿ ਜੋਤਿ ਨਿਰੰਜਨੀ ਜੀ ਸੱਚ ਕਹਿ ਰਹੇ ਹਨ, ਮਨ ਮੇਰਾ ਹੈ ਤੇ ਉਸ ਦੀ ਦਸ਼ਾ ਆਪ ਦੱਸ ਰਹੇ ਹਨ। ਆਖਣ ਲੱਗਾ: ਸੱਚ ਕਿਹਾ ਨੇ, ਐਵੇਂ ਹੀ ਚਿੱਤ ਵਿਚ ਸਤਿਸੰਗ ਦਾ ਮਾਨ ਧਾਰੀ ਬੈਠਾ ਹਾਂ, ਆਪਣੇ ਪੋਲ ਦੀ ਆਪ ਨੂੰ ਸੋਝੀ ਨਾ ਪਈ।

ਗੁਰੂ ਜੀ-ਝੰਡਿਆ! ਜੋ ਕਿਸੇ ਦੇ ਅੰਦਰ ਧਨ ਹੈ ਤੇ ਉਸ ਨੂੰ ਹਰ ਵੇਲੇ ਅਪਣੇ ਧਨ ਦਾ ਗਿਆਨ ਨਹੀਂ ਰਹਿੰਦਾ ਤਾਂ ਉਹ ਕਿਸੇ ਲੋੜ ਵੇਲੇ ਧਨ ਦੇ ਅੰਦਰ ਹੁੰਦਿਆਂ ਸੁੰਦਿਆਂ ਥੁੜ ਖੜੋਵੇਗਾ। ਉਸ ਵੇਲੇ, ਉਸ ਛਿਨ, ਜਦੋਂ ਕਿ ਧਨ ਦੇ ਅੰਦਰ ਹੋਣ ਦਾ ਗਿਆਨ ਉਸ ਨੂੰ ਭੁੱਲ ਗਿਆ ਹੈ, ਧਨ ਦਾ ਉਸ ਲਈ ਹੋਣਾ ਨਾ ਹੋਣਾ ਬਰਾਬਰ ਹੈ, ਉਸ ਨੇ ਹੁੰਦੇ ਧਨ ਨੂੰ ਨਹੀਂ ਜਾਣਿਆਂ।

ਝੰਡਾ ਅੱਖਾਂ ਮੀਟੀ ਦਿਲ ਦਾ ਸਾਰਾ ਤਾਣ ਲਾਕੇ ਸਮਝਣ ਵੱਲ ਲੱਗ ਰਿਹਾ ਸੀ। ਜਾਂ ਆਪ ਚੁੱਪ ਹੋ ਗਏ ਤਾਂ ਬੰਦ ਅੱਖਾਂ ਵਿਚ ਹੀ ਸਿਰ ਹਿਲਾ ਹਿਲਾਕੇ ਕਹਿਣ ਲੱਗਾ:-ਠੀਕ, ਠੀਕ। ... ਝੰਡੇ ਨੇ ਅਪਣੇ ਘਰ ਵਿਚ ਵੱਸਦੇ ਠਾਕੁਰ ਨੂੰ ਹੁੰਦਿਆਂ ਸੁੰਦਿਆਂ ਨਹੀਂ ਜਾਣਿਆਂ ਪਰ ਨਹੀਂ ਜਾਣਿਆਂ। ਠੀਕ ਹੈ, ਉਹ ਕਾਹਦਾ ਜਾਣਿਆਂ ਜੁ ਅੱਠੇ ਪਹਿਰ ਭੁੱਲ ਪਈ ਰਹੀ, ਕਦੇ ਸੰਝ ਵੇਲੇ ਬਰਸਾਤ ਦੇ ਬੱਦਲਾਂ ਵਿਚੋਂ ਤਰਲੇ ਲੈ ਲੈਕੇ ਕੋਈ ਕਿਰਨ ਦਿੱਸੀ, ਕੋਈ ਉਹਲੇ ਹੋ ਗਈ। ਇਸ ਹਿਸਾਬ ਤਾਂ ਅਸਾਂ ਨਹੀਂ ਜਾਤਾ, ਨਹੀਂ ਸਿਆਤਾ, ਨਹੀਂ ਪਛਾਤਾ। (ਸਿਰ ਫੇਰਕੇ) ਆਹ! ਐਵੇਂ ਬੀਤ ਗਈ... ਬਿਰਥਾ ਲੰਘ ਗਈ।

ਗੁਰੂ ਜੀ-ਝੰਡਿਆ! ਨਿਰਾਸ ਬੀ ਨਾ ਹੋ ਜੋ ਤੈਨੂੰ ਲਗਨ ਲੱਗੀ ਹੈ[1], ਜੋ ਤੈਨੂੰ ਭਗਵੰਤ ਦੇ ਮਿਲਾਪ ਦੀ ਤ੍ਰਿਖਾ ਹੈ ਸੋ ਭੀ ਧੰਨਤਾ ਜੋਗ ਹੈ, ਉਸੇ ਨੇ ਮਿਲਾਉਣਾ ਹੈ। ਜਿਸ ਦੇ ਅੰਦਰ ਦਰਸ਼ਨ ਦੀ ਸਿੱਕ ਨਹੀਂ, ਤਾਂਘ ਨਹੀਂ, ਉਹ ਤਾਂ ਮੁਰਦੇ ਸਮਾਨ ਹੈ[2]। ਮੁਰਦੇ ਨੂੰ ਮਿਲਾਪ ਦੇ ਕੋਈ ਅਰਥ ਨਹੀਂ ਹੁੰਦੇ। ਤੇਰਾ ਮਨ ਜੀਉਂਦਾ ਹੈ ਜੋ ਸਿੱਕਦਾ ਹੈ। ਸਮਝਣ ਗੋਚਰੀ ਗੱਲ ਇਹ ਹੈ ਕਿ ਤੂੰ ਉਸ ਨੂੰ ਜਾਣਿਆਂ ਨਹੀਂ, ਸਹੀ ਨਹੀਂ ਕੀਤਾ।

ਝੰਡਾ(ਤੜਫ ਕੇ)-ਕਿਵੇਂ ਜਾਣਾ? ਕਿਵੇਂ ਸਿਆਣਾਂ?

ਗੁਰੂ ਜੀ-ਪਰਮੇਸ਼ਰ ਅਨੰਤ ਹੈ, ਉਸ ਦਾ ਕੋਈ ਆਦਿ ਨਹੀਂ, ਕੋਈ ਅੰਤ ਨਹੀਂ। ਅਸੀਂ ਅੰਤ ਵਾਲੇ ਹਾਂ। ਅਨੰਤ ਤੇ ਅੰਤ ਵਾਲੇ ਵਿਚ ਵਿੱਥਾਂ ਪਈਆਂ ਹਨ, ਇਹ ਵਿੱਥਾਂ ਦੂਰ ਕਰਨੀਆਂ ਹਨ।

ਝੰਡਾ (ਤਰਲੇ ਦੀ ਸੁਰ ਵਿਚ)-ਕਿਵੇਂ, ਜੀਓ ਜੀ, ਕਿਵੇਂ?

ਗੁਰੂ ਜੀ-ਅਨੰਤ ਤੇ ਅੰਤ ਵਾਲੇ ਵਿਚ ਇਕ

---

[1] ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ ॥ {ਗਉ: ਸੁਖ:}

[2] ਫਰੀਦਾ ਜਿਤੁ ਤਨਿ ਬਿਰਹੁ ਨਾ ਊਪਜੈ ਸੋ ਤਨੁ ਜਾਣੁ ਮਸਾਣੁ ॥ {ਸਲੋਕ ਫਰੀਦ ਜੀ}

ਵਿੱਥ ਕਾਲ ਦੀ ਹੈ, ਸਮੇਂ ਦੀ। ਸਾਡੇ ਸਾਰੇ ਅੰਤ ਵਾਲਿਆਂ ਦਾ ਕਾਲ (ਸਮਾਂ) ਛਿਨ ਛਿਨ ਕਰਕੇ ਲੰਘਦਾ ਹੈ, ਜੇ ਅਸੀਂ ਛਿਨ ਛਿਨ ਸੰਭਾਲ ਕਰੀਏ ਤਾਂ ਹਰ ਛਿਨ ਸੰਭਾਲਦਿਆਂ ਸਾਰੀਆਂ ਛਿਨਾਂ ਦੀ ਇਕ ਮਾਨੋ ਲੜੀ ਜਿਹੀ ਬਣ ਜਾਏਗੀ, ਇਸ ਨੂੰ ਕਹਾਂਗੇ' ਸੰਭਾਲ ਦੀ ਲੜੀ। ਇਹ ਲੜੀ ਇਕ ਤਰ੍ਹਾਂ ਦੀ ਲਗਾਤਾਰ ਹੋ ਜਾਏਗੀ; ਮਾਨੋਂ ਅਸਾਂ ਕਾਲ ਦੀ ਹਰ ਛਿਨ ਨੂੰ ਸੰਭਾਲ ਕੇ ਆਪਣੇ ਤੇ ਅਨੰਤ ਦੇ ਵਿਚਾਲੇ ਕਾਲ ਦੀ ਨਦੀ ਉੱਤੇ, ਇਕ ਪੁਲ ਬੰਨ੍ਹ ਲਿਆ ਤੇ ਇਸ ਵਿੱਥ ਨੂੰ ਮਾਨੋਂ ਦੂਰ ਕਰ ਲਿਆ ਹੈ।

ਝੰਡਾ-ਠੀਕ ਹੈ, ਠੀਕ ਹੈ, ਕਿਹਾ ਸੁਹਣਾ ਕਰਕੇ ਸਮਝਾਇਆ ਨੇ, ਪਰ ਇਸ ਨੂੰ ਕਰਣੀ ਕਰਤੱਬ ਵਿਚ ਕੀਕੂੰ ਲਿਆਉਣਾ ਹੈ, ਉਹ ਜ਼ਰਾ ਖੋਹਲਕੇ ਦਸੋ ਨਾ ਜੀਉ? ਕਿਉਂਕਿ ਮੇਰਾ ਮਨ ਸ਼ਾਸਤ੍ਰ ਬੁੱਧੀ ਦੇ ਮਗਰ ਲੱਗਕੇ ਹੋਰਵੇਂ ਹੋਰਵੇਂ ਸਮਝਦਾ ਰਿਹਾ ਹੈ, ਜਿਸ ਨਾਲ ਮਨ ਤਾਂ ਸਬੁੱਧ ਹੁੰਦਾ ਗਿਆ ਹੈ, ਪਰ ਹੁਣ ਸੋਝੀ ਪੈਂਦੀ ਹੈ ਕਿ ਅੰਦਰ ਪੁੜਿਆ ਘਟਿਆ ਕੁਛ ਨਹੀਂ। ਕਰਨੀ ਕਰਤੱਵ ਦਾ ਵੱਲ ਠੀਕ ਨਹੀਂ ਆਇਆ, ਤਾਂ ਹੀ ਸਦਾ ਵਿਆਕੁਲ ਹੁੰਦਾ ਰਿਹਾ ਹਾਂ।

ਗੁਰੂ ਜੀ-ਪਰਮੇਸ਼ੁਰ ਹੈ, ਇਹ ਗੱਲ ਤਾਂ ਪਰਤੱਖ ਹੈ, ਉਸ ਦਾ ਸਰੂਪ 'ਹੈ' ਹੀ ਤਾਂ ਹੈ 'ਸ਼ੱਤਜ' ਸਰੂਪ, 'ਹੈ' ਸਰੂਪ, ਠੀਕ ਹੈ?

ਝੰਡਾ-ਜੀਉ ਹਾਂ ਸੱਤਿ, ਤਿੰਨੇ ਕਾਲ ਸੱਤਿ ਸਦਾ ਸਤਿ, 'ਉਹ ਹੈ', ਇਹੋ ਦੱਸਿਆ ਨੇ ਨਾ?

ਗੁਰੂ ਜੀ-'ਹੈ' 'ਉਹ ਹੈ', ਇਹ ਉਸ ਦਾ ਇਕ ਸਰੂਪ ਹੈ, 'ਉਹ ਹੈ', ਇਹ ਭਾਵ ਸਾਡੇ ਅੰਦਰ ਨਹੀਂ ਹੈ। ਸਾਡੇ ਅੰਦਰ 'ਉਹ ਹੈ' ਇਹ ਭਾਵ ਕਿਵੇਂ ਵੱਸ ਜਾਵੇ ਤਾਂ ਉਸ ਦਾ ਸਰੂਪ ਅੰਦਰ ਵੱਸ ਗਿਆ, ਸਾਡੀ ਜਾਣ ਵਿਚ ਆ ਗਿਆ, ਪਰ ਅਸੀਂ ਕਾਲ ਵਿਚ ਵੱਸਦੇ ਹਾਂ, ਕਾਲ ਸਾਡਾ ਛਿਨ ਛਿਨ ਕਰਕੇ ਲੰਘਦਾ ਹੈ, ਮਨ ਦਾ ਸੰਕਲਪ ਛਿਨ ਛਿਨ ਵਿਚ ਹੋਰਨਾਂ ਪਰਚਿਆਂ, ਸੋਚਾ ਵਿਚ ਤੁਰਿਆ ਜਾ ਰਿਹਾ ਹੈ, ਮਾਨੋਂ ਸਾਡਾ ਸਾਰਾ ਕਾਲ ਇਸ 'ਹੈ' ਭਾਵਨਾਂ ਦੇ ਵਿਸਾਰੇ ਵਿਚ ਲੰਘ ਜਾਂਦਾ ਹੈ। ਜੇ ਅਸੀਂ ਵਿਸਾਰੇ ਦੀ ਥਾਂ ਯਾਦ ਨੂੰ ਕਹੋ, ਯਾ ਚੇਤੇ ਨੂੰ ਕਹੋ ਯਾ ਸਿਮਰਣ ਨੂੰ ਕਹੋਂ, ਅੰਦਰ ਪਾ ਲਈਏ......

ਝੰਡਾ (ਜ਼ਰਾ ਕਾਹਲਾ ਹੋਕੇ)-ਕਿਵੇਂ?

ਗੁਰੂ ਜੀ-'ਪਰਮੇਸ਼ੁਰ 'ਹੈ' ਇਹ ਗੱਲ ਹਰ ਛਿਨ ਅਸੀਂ ਯਾਦ ਰੱਖੀਏ, ਸਾਡੇ ਚੇਤੇ ਵਿਚੋਂ 'ਉਹ ਹੈ' ਇਹ ਗੱਲ ਕਿਸੇ ਛਿਨ ਨਾ ਨਿਕਲੇ, ਤਾਂ ਸਮਝ ਲੈ ਕਿ ਇਹ ਸਿਆਣ ਲਗਾਤਾਰ ਸਿਆਣ ਹੋ ਕੇ ਸਾਨੂੰ ਉਸ ਦੇ 'ਹੈ' ਹੋਣ ਦੀ ਬੱਝ ਜਾਏਗੀ ਕਿ ਨਾ? ਹਰ ਛਿਨ ਯਾਦ ਰਹੇ ਕਿ ਉਹ 'ਹੈ' ਤਾਂ ਕੋਈ ਛਿਨ ਨਾ ਆਊ ਕਿ ਸਾਨੂੰ 'ਹੈ' ਭੁੱਲ ਜਾਵੇ, ਤਦ 'ਹੈ' ਦੀ ਗਿਆਤ ਲਗਾਤਾਰ ਸਾਡੇ ਅੰਦਰ ਹੋ ਗਈ, ਅਸੀਂ ਕਾਲ ਦੀ ਨਦੀ ਉੱਤੇ ਪੁਲ ਬਣਾਕੇ ਅਨੰਤ ਦੇ ਦੇਸ਼ ਨਾਲ ਜਾ ਛੋਹੇ ਕਿ ਨਾ? 'ਅੰਤ ਵਾਲੇ' ਦੇ ਅੰਦਰ 'ਅਨੰਤ' ਦੀ 'ਹੈ' ਦਾ ਭਾਵ ਇਕ ਤਰ੍ਹਾਂ ਨਾਲ ਲਗਾਤਾਰ ਭਾਵ ਹੋ ਗਿਆ।

ਝੰਡਾ-ਠੀਕ ਹੈ, (ਠੰਢਾ ਸਾਹ ਲੈ ਕੇ) ਕਿਵੇਂ ਕੱਖ ਦੇ ਉਹਲਿਓਂ ਲੱਖ ਕੱਢ ਦਿਖਾਇਆ ਨੇ!

ਗੁਰੂ ਜੀ-ਫਿਰ ਇਸ ਲਗਾਤਾਰ ਹੋਂਦ ਦਾ ਅੰਦਰ ਅਭਿਆਸ ਕਰੋ, 'ਕਰਤਾਰ ਹੈ' 'ਮੇਰੇ ਅੰਦਰ ਹੈ', 'ਹੈ' 'ਹੈ' ਚਿੰਤਨ ਕਰਦਿਆਂ, ਚੇਤੇ ਵਿਚ 'ਹੈ' ਵੱਸ ਜਾਏਗੀ[1]। ਫਿਰ ਚੇਤੇ ਵਿਚ ਰੱਖੀ ਗੱਲ ਧੁਰ ਅੰਦਰਲੇ ਚਿੱਤ ਵਿਚ ਉਤਰ ਜਾਏਗੀ। ਕੋਈ ਦਿਨ ਐਸਾ ਆਵੇਗਾ ਕਿ ਇਹ ਪ੍ਰਵਾਹ ਲਗਾਤਾਰੀ ਹੋ ਜਾਏਗਾ; ਸੁਭਾਵਕ ਹੋ ਜਾਏਗਾ, ਸੁਤੇ ਸਿੱਧ ਟੁਰਦਾ ਰਹੇਗਾ, ਤਦੋਂ ਸਮਝੀਂ ਕਿ ਪਰਮੇਸ਼ੁਰ ਨੂੰ ਕੁਛ ਜਾਣਿਆ ਹੈ।

ਝੰਡਾ-ਸਤਿਸੰਗੀ ਕਹਾਉਣ ਵਾਲੇ ਲੋਕ ਕਿ ਗਿਆਨੀ ਲੋਕ ਕਥਾ ਕਰਨ ਵੇਲੇ ਕਿ ਸਮਝਣ ਸਮਝਾਉਣ ਵੇਲੇ, ਕਿ ਚਰਚਾਵਾਦ ਵੇਲੇ ਜਾਂ ਕੋਈ ਵਿਰਲੇ ਘੜੀ ਅੱਧ ਘੜੀ ਬੈਠ ਕੇ ਤਰਲਾ ਲੈ ਕੇ ਸਮਝਦੇ ਹਨ ਕਿ ਅਸਾਂ ਸਾਂਈਂ ਨੂੰ ਜਾਣ ਲਿਆ ਹੈ। ਇਹੋ ਭੁੱਲ ਭਲਿਆਂ ਨੂੰ ਵਾਪਰ ਰਹੀ ਹੈ, ਅੱਠਾਂ ਪਹਿਰਾਂ ਵਿਚੋਂ ਸੱਤ ਪਹਿਰ ਤੇ ਪੌਣੀਆਂ ਅੱਠ ਘੜੀਆਂ

[1] ਹੈ ਹੈ ਕਰਿ ਕੈ ਓਹਿ ਕਰੇਨਿ ॥ ਗਲ੍ਹਾ ਪਿਟਨਿ ਸਿਰੁ ਖੋਹੇਨਿ ॥ ਨਾਉ ਲੈਨਿ ਅਰੁ ਕਰਨਿ ਸਮਾਇ ॥ ਨਾਨਕ ਤਿਨ ਬਲਿਹਾਰੈ ਜਾਇ ॥ ੬ ॥ {ਸਲੋਕ ਵਾਰਾਂ ਤੇ ਵਧੀਕ:ਮ੧:੬}

ਭੁੱਲ ਵਿਚ ਵੱਸਦੇ, ਮਨੋਂ ਦੂਰੀ ਵਿਚ ਰਹਿੰਦੇ, ਵਿੱਥਾਂ ਤੇ ਖੜੋਕੇ ਕਾਲ ਦੀ ਨਦੀ ਵਿਚ ਕੱਖ ਪਲਾਹ ਇਕੱਠੇ ਕਰਦਿਆਂ ਲੰਘ ਜਾਂਦੇ ਹਨ, ਫਿਰ ਅਸੀਂ ਕਹਿੰਦੇ ਹਾਂ ਅਸੀਂ ਸਤਿਸੰਗੀ ਹਾਂ, ਰੱਬ ਦੇ ਪ੍ਰੇਮੀ ਹਾਂ, ਭਲੇ ਹਾਂ, ਵੈਰਾਗੀ ਹਾਂ, ਅਸਾਂ ਜਾਤਾ ਹੈ, ਬਾਕੀ ਦਾ ਜਗਤ ਮਗਨ ਅਵਸਥਾ ਵਿਚ ਹੈ; ਫਿਰ ਅਸੀ ਉਹਨਾਂ ਨੂੰ ਉਪਦੇਸ਼ ਦੇਣ ਬੀ ਤੁਰ ਪੈਂਦੇ ਹਾਂ। ਭੁੱਲ ਦਰ ਭੁੱਲ ਹੁੰਦੀ ਹੈ। ਸ਼ੋਕ ਹੈ ਆਪੇ ਤੇ, ਹਾਂ, ਮੈਨੂੰ ਸ਼ੋਕ ਹੈ ਆਪਣੇ ਆਪੇ ਤੇ।

ਗੁਰੂ ਜੀ-ਕਾਲ ਛਿਨ ਛਿਨ ਕਰਕੇ ਟੁਰ ਰਿਹਾ ਹੈ, ਪਰ ਭਾਸਦਾ ਇਕ ਵਗਦੀ ਧਾਰਾ ਵਾਂਙੂ ਹੈ, ਤਿਵੇਂ ਛਿਨ ਛਿਨ ਵਿਚ ਸਾਂਈਂ ਨੂੰ ਯਾਦ ਰੱਖੋ, ਇਹ ਛਿਨ ਛਿਨ ਦੀ ਯਾਦ ਇਕ ਅਵਿਰਲ ਧਾਰਾ ਵਾਂਙੂ ਪਰਵਾਹ ਬਣ ਜਾਏਗੀ। ਜਿਵੇਂ ਧਨੀ ਨੂੰ ਆਪਣੇ ਧਨ ਦਾ ਗਿਆਨ ਲਗਾਤਾਰੀ ਹੈ, ਤਦੇ ਹੀ ਉਹ ਧਨ ਦਾ ਸੁਖ ਮਾਣਦਾ ਹੈ, ਤਿਵੇਂ ਸਾਈਂ ਦੀ ਹੋਂਦ ਦਾ ਅਭਿਆਸ ਲਗਾਤਾਰ ਹੋਕੇ ਗਿਆਨ ਰੂਪ ਹੋ ਜਾਏਗਾ, ਲਗਾਤਾਰ 'ਹੈ' ਦਾ ਭਾਵ ਚੇਤੇ ਵਿਚ ਵਸਦਾ ਵਸਦਾ ਚਿੱਤ ਵਿਚ ਟਿਕ ਜਾਏਗਾ ਤੇ ਚੇਤੇ ਵਿਚ ਲਗਾਤਾਰੀ ਗਿਆਨ ਭਾਸੇਗਾ, ਇਸ ਤੋਂ ਸੁਆਦ, ਰਸ ਤੇ ਅਨੰਦ ਮਿਲੇਗਾ।

ਝੰਡਾ-ਮੈਂ ਜਜੋਤ ਨਿਰੰਜਨੀ ਜੀ! ਸਮਝ ਲਿਆ ਹੈ, ਸੁਆਦ ਆਇਆ ਹੈ, ਪਰ ਡਰਦਾ ਹਾਂ ਕੁਛ ਚਿਰ ਨੂੰ ਛਿਨ ਛਿਨ ਦੀ ਯਾਦ ਭੁੱਲ ਜਾਏਗੀ। ਸੁਣਦੇ ਤੇ ਸਮਝਦੇ ਸਾਰ ਰੌ ਟੁਰ ਨਹੀਂ ਪੈਂਦਾ, ਪਰ ਆਪ ਦੇ ਬਚਨ ਦਾ ਸਦਕਾ ਹੁਣ ਟੁਰਦਾ ਲਗਦਾ ਹੈ, ਕਿਤੇ ਇਹ ਘੜੀ ਕੁ ਨੂੰ ਖੜੋ ਨਾ ਜਾਵੇ।

ਗੁਰੂ ਜੀ-ਝੰਡਿਆ ! ਗੱਲ ਤਾਂ ਗਹੁ ਕਰਕੇ ਪਕੜਨ ਵਾਲੀ-ਮਨ ਦੇ ਪੱਲੇ ਵਿਚ ਪਾਕੇ ਖਿੱਚਕੇ ਗੰਢ ਦੇ ਲੈਣ ਵਾਲੀ-ਹਈ ਇਹੋ। ਜੇ ਕਿਸੇ ਦਾ ਮਨ ਉੱਚਾ ਸੁੱਚਾ ਹੈ, ਤਾਂ ਸੁਣਦੇ ਸਾਰ ਇਹ ਯਾਦ ਦਾ ਰਉ ਟੁਰ ਪਏਗਾ। ਇਹ ਮਨ ਦੀ ਅਵਸਥਾ ਦੀ ਗੱਲ ਹੈ। ਕਈ ਮਨ ਐਸੇ ਹਨ ਕਿ ਸੁਣਦੇ ਸਾਰ ਲੱਗ ਪੈਂਦੇ ਹਨ, ਪਰ ਐਸੇ ਮਨ ਵਿਰਲੇ ਹਨ॥ ਕਮਾਏ ਹੋਏ ਮਨ ਜੋ ਦੀਵੇ, ਵੱਟੀ, ਤੇਲ ਦੇ ਮੇਲ ਵਾਂਙੂ ਤਿਆਰ ਹੁੰਦੇ ਹਨ, ਲਾਟ ਦੀ ਛੂਹ ਲਗਦੇ ਸਾਰ ਬਲ ਪੈਂਦੇ ਹਨ, ਪਰ ਜੋ ਮਨ ਕਮਾਏ ਹੋਏ ਨਹੀਂ, ਜਿਨ੍ਹਾਂ ਨੂੰ ਵੈਰਾਗ, ਸਤਿਸੰਗ ਆਦਿ ਕੋਈ ਤਰਲੇ ਪਹਿਲੇ ਕਿ ਹੁਣ ਨਹੀਂ ਲੰਘੇ, ਉਹ ਲੱਗ ਤਾਂ ਪੈਂਦੇ ਹਨ, ਪਰ ਫਿਰ ਭੁੱਲਦੇ ਹਨ।-ਸਾਹਿਬ-ਸੱਚੇ ਸਾਹਿਬ ਦੀ ਯਾਦ ਤੋਂ ਵਿਸਰ ਵਿਸਰ ਜਾਂਦੇ ਹਨ, ਉਹਨਾਂ ਨੂੰ ਫਿਰ ਇਕ ਹੋਰ ਸਮਝ ਕਰਨੀ ਪੈਂਦੀ ਹੈ।

ਝੰਡਾ-ਉਹ ਜ਼ਰੂਰ ਦੱਸੋਂ, ਮੈਨੂੰ ਆਪਣੇ ਮਨ ਤੇ ਪਤੀਜਣਾ ਨਹੀਂ ਕਿ ਹੁਣ ਵਾਂਙੂ ਟੁਰਿਆ ਰਹੇਗਾ, ਮੇਰਾ ਮਨ ਕੱਚਾ ਹੈ, ਖਿਆਲ ਕਰਦਾ ਹੈ ਕਿ ਮੈਂ ਵਧੀਆ ਕਿਸਮ ਦਾ ਹਾਂ ਪਰ ਹੈ ਸਾਧਾਰਣ ਜੇਹਾ ਤੇ ਕੱਚਾ ਜੇਹਾ।

ਗੁਰੂ ਜੀ-ਕਦੇ ਮੁੰਡੇ ਪੜ੍ਹਦੇ ਡਿੱਠੇ ਨੀ! ਇਕ ਇਕ ਪਦ ਨੂੰ ਕਿੰਨੀ ਕਿੰਨੀ ਵਾਰੀ ਘੋਖਦੇ ਹਨ। ਘੋਖਦਿਆਂ ਘੋਖਦਿਆਂ ਉਹ ਪਦ, ਉਸ ਦਾ ਅਰਥ ਉਨ੍ਹਾਂਦੇ ਚੇਤੇ ਵਿਚ ਬੈਠਦਾ, ਹੇਠਾਂ ਚਿਤ ਵਿਚ ਲਹਿ ਜਾਂਦਾ ਹੈ, ਫਿਰ ਕਦੇ ਨਹੀਂ ਭੁੱਲਦਾ। ਸੋ ਕਿਸੇ ਗੱਲ ਨੂੰ ਘੜੀ ਮੁੜੀ ਚੇਤੇ ਵਿਚ ਵਸਾਉਂਦਿਆਂ ਉਹ ਅੰਦਰ ਘਟ ਵਿਚ, ਦਿਲ ਦੇ ਹੇਠਲੇ ਪਰਤ ਵਿਚ ਬੈਠਕੇ ਪੱਕੀ ਹੋ ਜਾਂਦੀ ਹੈ, ਉਹੋ ਸਾਡਾ ਗਿਆਨ ਹੈ ਤੇ ਉਹੋ ਸੁਖ ਦੇਂਦਾ ਹੈ। ਸੋ ਜੋ ਗੱਲ ਇਕੋ ਵਾਰੀ ਸੁਣਕੇ ਚੇਤੇ ਵਿਚ ਨਹੀਂ ਵਸ ਜਾਂਦੀ ਉਸ ਨੂੰ ਜੀਭ ਨਾਲ ਦੁਹਰਾਈਦਾ ਹੈ ਘੜੀ ਮੁੜੀ ਉਚਾਰੀਦਾ ਹੈ, ਰਟਨ ਕਰੀਦਾ ਹੈ ਉਹ ਫਿਰ ਚੇਤੇ ਵਿਚ ਵੱਸਦੀ ਹੈ। ਭਾਵ ਇਹ ਕਿ ਚੇਤੇ ਵਿਚ ਕਿਸੇ ਸ਼ੈ ਨੂੰ ਵਸਾਉਣ ਲਈ ਉਸ ਦਾ ਬਾਰ ਬਾਰ ਰਟਨ ਕਰਨਾ ਸਹਾਈ ਹੁੰਦਾ ਹੈ: ਜਿਵੇਂ ਤੈਨੂੰ ਦੱਸਿਆ ਸੀ ਕਿ ਚੇਤੇ ਵਿਚ ਕਿਸੇ ਗਲ ਨੂੰ ਬਾਰਬਾਰ ਵਸਾਇਆਂ ਉਹ ਗਲ ਚਿੱਤ ਵਿਚ ਮਨ ਦੇ ਹੇਠਲੇ ਪਰਤ ਵਿਚ ਵਸ ਜਾਂਦੀ ਹੈ। ਸੋ ਪਰਤੱਖ ਹੈ ਕਿ ਚੇਤੇ ਵਿਚ ਵਸਾਉਣ ਲਈ ਬਹੁਤ ਵੇਰੀ ਸਾਨੂੰ ਰਸਨਾ ਦੇ ਰਟਨ ਤੋਂ ਸਹਾਇਤਾ ਮਿਲ ਜਾਂਦੀ ਹੈ। ਇਹ ਗਲ ਕਿ ਰਟਨ ਨਾਲ-ਬਾਰ ਬਾਰ ਉਚਾਰਨ ਨਾਲ-ਜਪਣ ਨਾਲ, ਚੇਤੇ ਵਿਚ, ਯਾਦ ਵਿਚ ਸਿਮਰਨ ਵਿਚ ਗੱਲ ਵੱਸ ਜਾਂਦੀ ਹੈ, ਪਰਤੱਖ ਹੈ। ਸਾਡੇ ਮਨ ਦੀ ਅੰਦਰਲੀ ਕਲਾ ਦੀ ਬਨਾਵਟ ਐਸੀ ਹੈ ਤੇ ਹਰ ਕੋਈ ਸਮਝਦਾ ਹੈ। ਜਿਤਨੇ ਵਿਦਵਾਨ ਹਨ ਸਭ ਨੇ ਵਿਦਯਾ ਇਸੇ ਤਰ੍ਹਾਂ ਰਟ ਰਟ ਤੇ ਯਾਦ

ਕਰ ਕਰਕੇ ਅੰਦਰ ਵਸਾਈ ਹੈ। ਸੋ ਝੰਡਿਆ! ਜੋ ਤੌਖਲਾ ਹੋਵੇ ਕਿ 'ਸਾਈਂ ਦੀ ਹੋਂਦ' ਸਾਡੀ ਯਾਦ ਵਿਚ ਲਗਾਤਾਰੀ ਨਿਵਾਸ ਨਹੀਂ ਕਰੇਗੀ ਤਾਂ ਸਾਂਈ ਦਾ 'ਨਾਮ' ਰਸਨਾ ਤੇ ਬਿਠਾਕੇ ਜਪ ਕਰੀਏ, ਰਟਨ ਕਰੀਏ, ਬਾਰ ਬਾਰ ਉਚਾਰੀਏ। ਇਸ ਰਸਨਾ ਦੇ ਅੱਭਯਾਸ ਨਾਲ, ਇਸ ਜੀਭ ਨਾਲ ਨਾਮ ਜਪਣ ਨਾਲ ਸਾਂਈ ਦੀ ਹੋਂਦ ਯਾਦ ਵਿਚ ਵੱਸ ਜਾਏਗੀ, ਯਾਦ ਵਿਚੋਂ ਕਿਸੇ ਵੇਲੇ ਨਾ ਨਿਕਲਣ ਦੇਣ ਨਾਲ ਇਹ ਭਾਵ ਚਿੱਤ ਵ੍ਰਿਚ ਮਨ ਦੇ ਹੇਠਲੇ ਪਰਤ ਵਿਚ ਲਗਾਤਾਰੀ ਰੰਗ ਵਿਚ ਟਿਕ ਜਾਏਗਾ।

ਝੰਡਾ ਸਾਹ ਘੁੱਟ ਘੁੱਟ ਕੇ, ਸਾਰਾ ਧਯਾਨ ਲਾ ਲਾਕੇ ਸਮਝ ਰਿਹਾ ਸੀ। ਹੁਣ ਇਕ ਲੰਮਾ ਸਾਹ ਲੈ ਕੇ ਤੇ, 'ਉਫ' ਜਿਹੀ ਮੱਧਮ ਅਵਾਜ਼ ਕਰਕੇ ਆਖਣ ਲਗਾ-ਸੁਆਦ ਆ ਗਿਆ ਹੈ, ਸਮਝੇ ਪੈ ਗਿਆ ਹੈ, ਜੇ ਆਪ ਮੂਰਖ ਨੂੰ ਸਮਝਾਉਂਦੇ ਥੱਕ ਨਾ ਗਏ ਹੋਵੋ ਤਾਂ ਇਕ ਗੱਲ ਹੋਰ ਸਮਝਾ ਦਿਓ? ਇਹ ਤਾਂ ਡਾਢਾ ਸੁਹਣਾ ਸਮਝੇ ਪੈ ਗਿਆ ਹੈ ਕਿ ਸਾਂਈ ਦੀ 'ਹੋਂਦ' ਸਾਡੀ ਯਾਦ ਵਿਚ ਹਰ ਛਿਨ ਵੱਸੇ, ਜੋ ਐਉਂ ਮਨ ਦੀ ਸੂਖਮ ਗਤੀ ਵਿਚ ਯਾਦ, ਅਰਥਾਤ ਸਾਂਈਂ ਦੀ ਹੋਂਦ ਦੀ 'ਯਾਦ', ਲਗਾਤਾਰੀ ਹੋਕੇ ਨਾ ਵੱਸੇ, ਭੁੱਲ ਭੁੱਲ ਜਾਵੇ, ਮੁੜ ਮੁੜ ਚੇਤੇ ਆਵੇ, ਮੁੜ ਮੁੜ ਭੁੱਲ ਭੁੱਲ ਜਾਵੇ, ਤਾਂ ਸਾਂਈ ਦਾ ਨਾਮ ਰਸਨਾ ਨਾਲ ਜਪੇ। ਇਹ ਅੱਭਯਾਸ 'ਸਾਂਈਂ' ਦੀ ਹੋਂਦ ਦੇ ਭਾਵ' ਨੂੰ ਯਾਦ ਵਿਚ ਲਗਾਤਾਰੀ ਕਰ ਦੇਵੇਗਾ। ਡਾਢਾ ਸੁਆਦ ਆਇਆ ਹੈ। ਲੋਕੀ ਜੋ ਹੁੱਜਤਾਂ ਘੜਿਆ ਕਰਦੇ ਹਨ, ਵਿਚਾਰ ਨਹੀਂ ਕਰਦੇ। ਮੇਰੇ ਜਹੇ ਮੂਰਖਾਂ ਨੂੰ ਨਾਮ ਜਪਣ ਨਾਲ ਨਾਮ-ਸਿਮਰਣ ਪ੍ਰਾਪਤ ਹੋਵੇਗਾ, ਇਹੋ ਦੱਸਿਆ ਜੇ ਨਾ? (ਸਿਰ ਹਿਲਾਕੇ ਤੇ ਤੱਕਕੇ ਚਿਹਰੇ ਵੱਲ ਜਿਧਰੋਂ ਹਾਂ ਦਾ ਇਸ਼ਾਰਾ ਜਾਪਦਾ ਸੀ ) ਕਿ ਸਿਮਰਣ ਨਾਲ ਪਰਮੇਸ਼ੁਰ ਦੀ ਹੋਂਦ ਦਾ ਭਾਵ ਚਿੱਤ ਵਿਚ ਟਿਕ ਜਾਏਗਾ। ਮੈਂ ਐਉਂ 'ਸਮਝਿਆ ਹੈ ਕਿ ਫਿਰ ਉਠਦਿਆਂ ਬਹਿਦਿਆਂ, ਟੁਰਦਿਆਂ ਸੁੱਤਿਆਂ ਹਰ ਵੇਲੇ' ਹੈ ਦਾ ਭਾਵ' ਇਕ ਲਗਾਤਾਰੀ ਭਾਵ ਅੰਦਰ ਰਹੇਗਾ। ਭਲਾ ਜੀ, ਫੇਰ ਕੰਮ ਕਾਜ ਤੇ ਹੋਰ ਰੁਝੇਵੇਂ ਤਾਂ ਉਧਰੋਂ ਨਹੀਂ ਉਕਾ ਦੇਣਗੇ?

ਗੁਰੂ ਜੀ-ਝੰਡਿਆ! ਜਦ ਮਨ ਦੇ ਦੂਸਰੇ ਤਬਕ ਵਿਚ-ਸੰਸਕਾਰੀ ਮਨ ਵਿਚ[1], ਨਾਮ ਵੱਸ ਜਾਵੇਗਾ ਤਦ ਫਿਰ ਕੰਮ ਕਾਜ ਤਾਂ ਸਾਡਾ ਉਪਰਲਾ ਮਨ ਕਰਦਾ ਹੈ ਨਾ, ਉਹ ਪਿਆ ਕਰੇਗਾ, ਪਰ ਉਸ ਦੇ ਅੰਦਰ ਨਾਮ ਦਾ ਰੌ ਜਾਰੀ ਰਹੇਗਾ। ਜਦ ਹੀ ਕਿ ਉਪਰਲਾ ਮਨ ਰੁਝੇਵੇਂ ਤੋਂ ਵਿਹਲਾ ਹੋਵੇਗਾ ਕੀ ਦੇਖੇਗਾ ਕਿ ਅੰਦਰੋਂ ਕਿਸੇ ਅਨਜਾਣੇ ਪਰਤ ਵਿਚੋਂ ਨਾਮ ਦੀ ਰੁਚੀ ਜ਼ੋਰ ਦੇ ਰਹੀ ਹੈ, ਫਿਰ ਕੀ ਦੇਖੇਗਾ ਕਿ ਰੌ ਟੁਰ ਪਿਆ ਤੇ ਮਨ ਸਿਮਰਨ ਵਿਚ ਹੈ। ਇਸ ਤ੍ਰਹਾਂ ਜਪਣ ਵਾਲਿਆਂ ਦੀ ਰਸਨਾ ਦਾ ਪਰਵਾਹ ਤਾਂ ਟੁਰਦਾ ਹੀ ਜਾਪਦਾ ਹੈ। ਰੁਝੇਵੇਂ ਦੀ ਪਈ ਆਰਜ਼ੀ ਮੈਲ ਬੀ ਉਹਨਾਂ ਦੀ ਛੇਤੀ ਦੂਰ ਹੋ ਜਾਂਦੀ ਹੈ। ਰੁਝੇਵੇਂ ਵੇਲੇ ਇਸੇ ਅੰਦਰਲੇ ਮਨ ਵਿਚ ਜਪ ਜਾਰੀ ਰਹਿਣ ਕਰਕੇ ਤੇ ਫੇਰ ਵਿਹਲੇ ਹੋਕੇ ਤੇ ਸਮਝ ਕੇ ਜਪੇ ਸਿਮਰਣ ਦੇ ਟੁਰ ਪੈਣ ਨਾਲ ਉਹ ਰੁਝੇਵੇਂ ਵੇਲੇ ਆ ਪਈ ਮੈਲ ਪਹਿਲੋਂ ਕੱਟੀ ਜਾਂਦੀ ਹੈ ਤੇ ਫੇਰ ਉਹ ਜਪ ਸਿਮਰਨ ਹੋ ਜਾਂਦਾ ਹੈ।

ਝੰਡਾ-ਠੀਕ, ਆਪ ਨੇ ਇਹ ਸਮਝਾਇਆ ਹੈ ਕਿ ਇਹ ਭਾਵ 'ਹੈ' ਦਾ ਯਾ ਇਉਂ ਕਹੋ ਕਿ ਵਾਹਿਗੁਰੂ ਦੀ ਹੋਂਦ ਦਾ ਗਿਆਨ ਯਾ ਉਸ ਦਾ; ਸਤਿ ਸਰੂਪ' ਐਉਂ ਲਗਾਤਾਰੀ ਹੋ ਜਾਏਗਾ ਸਾਡੇ ਅੰਦਰ; ਇਹ ਭਾਵ ਆਪਣੇ ਆਪ ਨੂੰ ਲਖਾਉਂਦਾ ਰਹੇਗਾ ਸਾਡੇ ਅੰਦਰ।

ਗੁਰੂ ਜੀ-ਹਾਂ, 'ਹੈ' ਦਾ ਭਾਵ ਜਦ ਅੰਦਰ ਲਗਾਤਾਰੀ ਹੋ ਜਾਏਗਾ, ਅੰਦਰਲਾ ਸਾਡਾ ਇਕ ਉਚਿ ਆਣ ਉੱਤੇ ਆਪੇ ਨੂੰ ਪ੍ਰਤੀਤ ਕਰੇਗਾ, ਇਕ ਜਾਗ੍ਰਤ ਦਾ ਭਾਵ ਕਿ 'ਮਾਨੋ ਸੁੱਤੇ ਹੋਏ ਸਾਂ, ਹੁਣੇ ਜਾਗੇ ਹਾਂ,' ਅੰਦਰ ਜਾਰੀ ਰਹੇਗਾ, ਤਾਜ਼ਗੀ ਤਾਜ਼ਗੀ ਹਲਕਾ ਹਲਕਾਪਨ ਭਾਸੇਗਾ। ਇਸ ਤਰ੍ਹਾਂ ਦੇ ਸੁਆਦ ਅੰਦਰਲੇ ਆਪੇ ਵਿਚ ਪ੍ਰਤੀਤ ਹੋਣਗੇ, ਉਸ ਹਾਲਤ ਨੂੰ ਉਨਮਨ ਕਹੀਦਾ ਹੈ ਕਿ ਮਨ ਉਚਯਾਣ ਵਿਚ ਆ ਗਿਆ ਹੈ। ਯਾ ਇਉਂ ਕਹੋ ਕਿ ਆਪਾ ਦਬਾਵਾਂ ਤੇ ਗਿਰਾਵਾਂ ਤੋਂ ਛੁੱਟਕੇ ਉੱਚਾ ਹੋ ਗਿਆ ਹੈ। ਇਹ ਉਚਯਾਣ ਆਕੜ ਹੈਂਕੜ ਨਾ ਸਮਝਣੀ।

---

[1] ਮਨ ਦਾ ਉਹ ਹਿੱਸਾ ਜਿਸ ਵਿਚ ਸੰਸਕਾਰ ਰਹਿੰਦੇ ਹਨ। ਇਸ ਮਨ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਤਲ ਹੀਅਲ' ਲਿਖਿਆ ਹੈ। ਤਲ ਹੀਅਲ=ਤਲਵਾਂ ਹਿਰਦਾ, ਅਰਥਾਤ ਹੇਠਲਾ ਮਨ। ਯਥਾ:-ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲ ਕਹੀਐ॥ {ਪ੍ਰਭਾ: ਮ: ੧-੬}}

ਉਹ ਹੈਂਕੜ ਮਨ ਦੀ ਅਹੰਕਾਰ ਬ੍ਰਿਤੀ ਹੈ, ਇਹ ਉਚਜਾਣ ਆਪੇ ਦਾ ਆਪੇ ਵਿਚ ਆਕੇ ਉੱਚੇ ਹੋਣਾ ਹੈ ਉਨ੍ਹਾਂ ਅਸਰਾਂ ਤੋਂ ਜੋ ਉਸ ਨੂੰ ਨੀਵਾਂ ਕਰੀ ਰੱਖਦੇ ਹਨ, ਜਿਵੇਂ ਹੁਣ ਤੇਰਾ ਮਨ ਪ੍ਰਤੀਤ ਕਰ ਰਿਹਾ ਹੈ। ਅੰਦਰਲੇ ਦੀ ਅਸਲੀ ਉਚਜਾਣ ਤੇ ਹੈਂਕੜ ਵਾਲੀ ਉਚਾਜਾਣ ਦਾ ਫਰਕ ਹੁਣ ਸਮਝ ਲਿਆ ਨੇ? ਜਗਤ ਦੇ ਮਾਮਲਿਆਂ ਦੀਆਂ ਸੋਚਾਂ ਵਿਚਾਰਾਂ ਮਨ ਨੂੰ ਨੀਵਾਂ ਕਰੀ ਰੱਖਦੀਆਂ ਹਨ' ਸਦਾ ਨੀਵੇਂ ਰਹਿਣ ਕਰਕੇ ਮਨੁੱਖ ਨੂੰ ਮਨ ਦੀ ਅਸਲੀ ਉਚਜਾਣ ਦੀ ਸੋਝੀ ਨਹੀ ਪੈਂਦੀ, ਜਦੋਂ ਸਾਂਈ ਦੀ ਯਾਦ ਨਾਲ ਮਨ ਤੋਂ ਆਸ, ਅੰਦੇਸੇ, ਸੋਚਾਂ, ਆਦਿਕਾਂ ਦੇ ਬੋਝ ਢਹਿ ਪੈਂਦੇ ਹਨ ਤਾਂ ਮਨ ਇਸ ਉਚਿਆਣ ਨੂੰ ਅਨੁਭਵ ਕਰਦਾ ਹੈ[੧]।

ਝੰਡਾ-ਜੀ ਹਾਂ, ਮੇਰੇ ਨਿਰੰਕਾਰ ਦੇ ਪਿਆਰੇ ਜੀਉ! ਸਮਝਿਆ ਹੈ। ਹਾਂ, ਗੱਲ ਇਕ ਹੋਰ ਪੁੱਛਣ ਵਾਲੀ ਹੈ?

ਗੁਰੂ ਜੀ-(ਇਸ਼ਾਰਾ ਕਰਕੇ)-ਪੁੱਛੋ।

ਝੰਡਾ-ਇਹ ਜੋ ਆਪ ਨੇ ਫੁਰਮਾਇਆ ਹੈ ਸਾਡੇ ਮਨ ਤੇ ਸੁਭਾਵ ਦੀ ਬਣਤਰ ਐਸੀ ਹੈ ਕਿ ਜੋ ਗੱਲ ਅਸੀਂ ਬਾਰ ਬਾਰ ਰਟਨ ਕਰਾਂਗੇ ਸੋ ਚੇਤੇ ਵਿਚ ਵੱਸ ਜਾਏਗੀ, ਮੈਂ ਸਮਝ ਲਈ ਹੈ। ਜਿਸ ਗੱਲ ਦਾ ਚੇਤਾ ਅਸੀਂ ਲਗਾਤਾਰ ਰੱਖਾਂਗੇ, ਸੋ ਗੱਲ ਸਾਡੇ ਅੰਦਰ ਸਾਡਾ ਗਿਆਨ ਬਣ ਜਾਏਗੀ-ਲਗਾਤਾਰੀ ਗਿਆਨ, ਜਿਵੇਂ ਉਹ ਗਜਾਨ ਸਾਡਾ ਆਪਣਾ ਹੈ ਤੇ ਉਸ ਤੋਂ ਅਸੀਂ ਸੁਖ ਰਸ ਮਾਣਦੇ ਹਾਂ। ਇਉਂ ਮੈਂ ਸਮਝਿਆ ਹੈ ਕਿ ਉਹ ਇਕ ਲਗਾਤਾਰੀ 'ਭਾਵ' ਯਾ 'ਸੁਭਾਵ' ਹੋ ਜਾਏਗਾ। ਜਿਹੜੀ ਗੱਲ ਤੁਸਾਂ ਇਹ ਆਖੀ ਹੈ ਕਿ ਜੋ ਬਾਤ ਅਸੀਂ ਬਾਰ ਬਾਰ ਸਿਮਰਣ ਕਰਾਂਗੇ ਉਹ ਸਾਡੇ ਚਿੱਤ ਵਿਚ ਟਿਕ ਜਾਏਗੀ, ਸਾਡੇ ਮਨ ਦੇ ਹੇਠਲੇ ਪਰਤ ਵਿਚ ਬਹਿ ਜਾਵੇਗੀ, ਇਹ ਮਨ ਦਾ ਹੇਠਲਾ ਪਰਤ, ਜਾਂ ਚਿੱਤ ਵਿਚ ਬੈਠਣਾ ਕੀ ਗੱਲ ਹੋਈ? ਹੇਠਲਾ ਪਰਤ ਮਨ ਦਾ ਕੀਹ ਹੈ?

ਗੁਰੂ ਜੀ-ਝੰਡਿਆ! ਗੱਲ ਜ਼ਰਾ ਗਹੁ ਕਰਨ ਵਾਲੀ ਹੈ। ਚਿੱਤ ਦਾ ਅਰਥ ਤਾਂ ਹਰ ਮਤਿ ਵਾਲੇ ਆਪੋ ਆਪਣੇ ਆਸ਼ੇ ਮੁਜਬ ਕਰਦੇ ਹਨ, ਅਸੀਂ ਤੈਨੂੰ ਇਕ ਗੱਲ ਸਮਝਾਉਣੀ ਸੀ, ਪਦਾਂ ਦੇ ਅਰਥ ਨਹੀਂ ਸਨ ਬੰਨ੍ਹਣੇ, ਪਰ ਤੂੰ ਪੁੱਛਿਆ ਹੈ ਤਾਂ ਹੁਣ ਸਮਝ ਲੈ। ਸਾਡਾ ਜੋ ਇਸ ਜੜ੍ਹ ਸਰੀਰ ਦੇ ਅੰਦਰ ਚੇਤੰਨ ਹਿੱਸਾ ਹੈ ਉਸ ਦੇ ਅਸੀਂ ਸਾਰੇ ਗਿਆਤਾ ਨਹੀਂ ਹਾਂ। ਉਹ ਅਸੀਂ ਹਾਂ, ਉਹ ਸਾਡਾ ਆਪਾ ਹੈ ਯਾ ਸਾਰਾ ਕੁਛ ਆਪਣਾ ਹੈ, ਪਰ ਅਸੀਂ ਉਸ ਸਾਰੇ ਦੇ ਜਾਣੂੰ ਨਹੀਂ। ਜੀਵ ਉਸਦੇ ਉਤਨੇ ਹਿੱਸੇ ਦਾ ਜਾਣੂ ਹੈ, ਜਿਤਨੇ ਵਿਚ ਕਿ ਸੋਚ ਵਿਚਾਰ, ਪਛਾਣ ਆਦਿਕ ਹਨ। ਜਿਹਾ ਮਨ ਸੋਚਦਾ ਹੈ, ਸਮਝਦਾ ਹੈ, ਉਸ ਦੀ ਜੀਵ ਨੂੰ ਖ਼ਬਰ ਹੈ, ਬਾਕੀ ਦੇ ਦੀ ਨਹੀਂ। ਕਈ ਵੇਰ ਟਪਲਾ ਖਾ ਜਾਈਦਾ ਹੈ ਕਿ ਸੋਚਣ ਸਮਝਣ ਵਾਲੇ ਮਨ ਨੂੰ ਸਾਰਾ ਮਨ, ਸਾਰਾ ਆਪਾ, ਸਾਰੀ ਜਿੰਦ ਸਮਝ ਲਈਦਾ ਹੈ, ਪਰ ਇਹ ਠੀਕ ਨਹੀਂ, ਇਸ 'ਸਾਡੇ ਸੋਚਾਂ ਵਾਲੇ ਮਨ ਦਾ ਇਕ ਹੋਰ ਪਰਤ ਯਾ ਹਿੱਸਾ ਹੈ, ਜਿਸ ਵਿਚ ਸਾਡੇ ਇਸ ਮਨ ਦੇ ਵਿਚਾਰ ਆਦਿ ਅਕਸ ਪਾਉਂਦੇ ਹਨ ਤੇ ਮਾਨੋ ਓਥੇ ਅਕਸ ਕੱਠੇ ਹੁੰਦੇ ਹਨ, ਯਾ ਇਓਂ ਕਹੀਏ ਕਿ ਉਸ ਮਨ ਵਿਚ ਸਾਡੇ ਸਾਰੇ ਅਭਿਆਸ 'ਸੰਸਾਰਕ' ਬਣਕੇ ਜਮ੍ਹਾਂ ਹੁੰਦੇ ਹਨ, ਉਹ ਮਨ ਸੋਚਦਾ ਵਿਚਾਰਦਾ ਤੋਲਦਾ ਸਾਨੂੰ ਪ੍ਰਤੀਤ ਨਹੀਂ ਦੇਂਦਾ।

ਝੰਡਾ (ਕੁਛ ਕਾਹਲਾ ਹੋਕੇ)-ਫੇਰ ਉਸ ਦੀ ਸਾਨੂੰ ਸੋਝੀ ਕਿਵੇਂ ਹੁੰਦੀ ਹੈ ਜੀ?

ਗੁਰੂ ਜੀ-ਉਸ ਦੀ ਸੋਝੀ ਅੰਦਰਲੀ ਰੁਚੀ ਤੋਂ ਥੋੜੀ ਜਿਹੀ ਹੋ ਜਾਂਦੀ ਹੈ। ਜਿਵੇਂ ਕੋਈ ਆਦਮੀ ਦਸ ਬਾਰਾਂ ਵਰ੍ਹੇ ਰੋਜ਼ ਸ਼ਰਾਬ ਪੀਂਦਾ ਰਹਿੰਦਾ ਹੈ, ਉਸ ਦਾ ਸ਼ਰਾਬ ਦਾ ਅਭਿਆਸ ਸ਼ਰਾਬ ਦੇ ਖਿਆਲਾਂ ਨੂੰ ਲੈ ਲੈ ਕੇ ਇਸ ਦੂਸਰੇ ਮਨ ਵਿਚ ਉਤਰਦਾ ਤੇ ਉੱਥੇ ਜਮ੍ਹਾਂ ਹੁੰਦਾ ਜਾ ਰਿਹਾ ਹੈ, ਇਸ ਨੂੰ ਕਹੀਦਾ ਹੈ ਕਿ ਸ਼ਰਾਬ ਦੇ ਸੰਸਕਾਰ ਉਸ ਦੇ ਹੇਠਲੇ ਪਰਤ ਵਿਚ ਕੱਠੇ ਹੋ ਗਏ ਹਨ। ਰੋਜ਼ ਦੀਆਂ ਵਿਚਾਰਾਂ, ਗੱਲਾਂ ਤੇ ਕਰਨੀਆਂ ਦੇ ਅਕਸ ਜੋ ਮਨ ਤੇ ਪੈ ਕੇ ਇਕ ਤਰਾਂ ਨਾਲ ਇਕੱਤ੍ਰ ਹੋ ਰਹੇ ਹਨ, ਸੋ ਸੰਸਕਾਰ ਸਮਝ ਲਓ। ਮਨ ਦਾ ਉਹ ਪਰਤ, ਜਿਸ ਵਿਚ ਇਹ ਸੰਸਕਾਰ ਜਮਾਂ ਹੁੰਦੇ ਹਨ, ਆਪਣੇ ਆਪ ਨੂੰ ਸੋਚ, ਵਿਚਾਰ, ਖਿਆਲ ਜੋਖ ਦੇ ਰੂਪ ਵਿਚ ਨਹੀਂ ਦੱਸਦਾ, ਪਰ 'ਰੁਚੀਆਂ' ਦੇ ਰੂਪ ਵਿਚ ਦੱਸਦਾ ਹੈ। ਜਿਵੇਂ ਬਾਰਾਂ ਬਰਸ

[੧] ਆਸਾ ਅੰਦੇਸਾ ਦੁਇ ਪਟ ਜੜੇ।

ਦਾ ਸ਼ਰਾਬੀ ਜਦ ਕਿਸੇ ਭਲੀ ਸੁਹਬਤ ਵਿਚ ਬੈਠ ਕੇ ਜਾਂ ਸ਼ਰਾਬ ਦੇ ਸਰੀਰ ਪੁਰ ਬੁਰੇ ਅਸਰ ਵੇਖਕੇ ਸ਼ਰਾਬ ਨੂੰ ਛੱਡ ਦਿੰਦਾ ਹੈ ਤਾਂ ਇਹ ਕੰਮ ਉਸ ਦੇ ਪਰਤੱਖ ਮਨ (ਸਗਜਾਤ ਮਨ) ਨੇ ਕੀਤਾ ਹੈ, ਜਿਸ ਨੇ ਇਸ ਦਾ ਅਵਗੁਣ ਸਿਆਣਕੇ ਇਸ ਨੂੰ ਮਾੜਾ ਸਹੀ ਕਰ ਲਿਆ ਹੈ, ਪਰ ਉਸ ਗੁਪਤ ਮਨ ਨੇ (ਜਿਥੇ ਸੰਸਕਾਰ ਜਮ੍ਹਾਂ ਹਨ) ਇੰਨੀ ਛੇਤੀ ਸ਼ਰਾਬ ਨੂੰ ਨਹੀਂ ਛੱਡਿਆ। ਉਸ ਵਿਚ ਸ਼ਰਾਬ ਦੇ ਸੰਸਕਾਰ ਬੈਠੇ ਹੋਏ ਹਨ, ਜਦ ਠੰਢੀ ਹਵਾ ਵਗੇਗੀ, ਬੱਦਲ ਜੁੜਨਗੇ ਯਾ ਸ਼ਰਾਬ ਦੀ ਮੁਸ਼ਕ ਆਵੇਗੀ, ਕਿਤੇ ਕਲਾਲਖਾਨਾ ਦਿੱਸੇਗਾ ਤਾਂ ਉਸਦੇ ਅੰਦਰੋ ਸ਼ਰਾਬ ਪੀਣ ਦੀ ਰੁਚੀ ਉੱਠੇਗੀ, ਉਸ ਦਾ ਪਰਤੱਖ (ਯਾ ਸਗਜਾਤ) ਮਨ ਤਾਂ ਸ਼ਰਾਬ ਦੇ ਔਗੁਣ ਚਿਤਵ ਰਿਹਾ ਹੈ, ਪੀਣੋਂ ਨਫਰਤ ਕਰ ਰਿਹਾ ਹੈ, ਪਰ ਫਿਰ ਰੁਚੀ ਜ਼ੋਰ ਪਾ ਰਹੀ ਹੈ, ਇਹ ਰੁਚੀ ਕਿਥੋਂ ਆ ਰਹੀ ਹੈ ? ਸੋਚਣ ਦੀ ਗੱਲ ਹੈ। ਇਹ ਰੁਚੀ ਬਾਰਾਂ ਵਰ੍ਹੇ ਦੇ ਸੰਚਰੇ ਸੰਸਕਾਰਾਂ ਦੀ ਹੈ ਜੋ ਗੁਪਤ ਮਨ ਵਿਚੋਂ ਉੱਠ ਰਹੀ ਹੈ। ਇਹ ਅਕਾਰਣ ਰੁਚੀ, (ਪਰਤੱਖ ਮਨ ਦੇ ਵਿਚਾਰਾਂ ਤੋਂ ਵਿਰੁੱਧ ਬੀ ਉੱਠ ਰਹੀ ਰੁਚੀ) ਉਸ ਗੁਪਤ ਮਨ ਦਾ ਪਤਾ ਦੇ ਰਹੀ ਹੈ ਜੋ ਆਪਣਾ ਆਪ ਅੰਦਰ ਲੁਕੋਈ ਬੈਠਾ ਹੈ।

ਫਿਰ ਇਕ ਹੋਰ ਤਰ੍ਹਾਂ ਬੀ ਪਤਾ ਲੱਗਦਾ ਹੈ, ਦਿਨ ਨੂੰ ਜੋ ਕੰਮ ਕਰੋ ਰਾਤ ਨੂੰ ਉਹਨਾਂ ਦੇ ਹੂ-ਬ-ਹੂ ਨਕਸ਼ੇ ਯਾ ਹੋਰ ਹੋਰ ਵਟਾਵੇਂ ਰੂਪ ਧਾਰਕੇ ਨਕਸ਼ੇ ਸੁਪਨਿਆਂ ਵਿਚ ਵੇਖੋਗੇ। ਦਿਨ ਦੀਆਂ ਅਪੂਰਣ ਤ੍ਰਿਸ਼ਨਾਂ ਕਈ ਵੇਰ ਰਾਤ ਨੂੰ ਸੁਪਨਿਆਂ ਵਿਚ ਪੂਰਣ ਹੁੰਦੀਆਂ ਹਨ, ਇਹ ਸਾਰਾ ਕੁਛ ਗੁਪਤ ਮਨ ਕਰਦਾ ਹੈ, ਕਿਉਂਕਿ ਪਰਤੱਖ ਮਨ ਤਾਂ ਉਸ ਵੇਲੇ ਸੌਂ ਰਿਹਾ ਹੈ। ਸੁੱਤਾ ਆਦਮੀ ਜਾਗ੍ਰਤ ਵਾਂਙੂ ਸੋਚਦਾ ਵਿਚਾਰਦਾ, ਜੋਖਦਾ ਨਹੀਂ, ਕਿਉਂਕਿ ਪਰਤੱਖ ਮਨ ਤਾਂ ਜਾਗ੍ਰਤ ਵਿਚ ਹੀ ਨਹੀਂ, ਹੁਣ ਕੌਣ ਹੈ, ਜੋ ਸੁਪਨਿਆਂ ਵਿਚ ਦੇ ਵਰਤੇ ਮਾਮਲਿਆਂ ਦੀਆਂ ਮੂਰਤਾਂ ਅਨੇਕ ਤਰ੍ਹਾਂ ਦੀ ਵਚਿੱਤ੍ਰਤਾ ਵਿਚ ਦਿਖਾ ਰਿਹਾ ਹੈ! ਇਹ ਉਹ ਦੂਸਰਾ ਮਨ ਹੈ, ਜੋ ਸੋਚਾਂ, ਵਚਨਾਂ, ਕਰਨੀਆਂ ਦੇ ਸੰਸਕਾਰਾਂ ਦੇ ਵਚਿੱਤ੍ਰ ਨਕਸ਼ੇ ਅਨੇਕ ਰੂਪਾਂ ਵਿਚ ਵਟਾ ਵਟਾ ਕੇ ਦਿਖਾ ਰਿਹਾ ਹੈ। ਸੋ ਝੰਡਿਆ! ਸੁਪਨਿਆਂ ਵਿਚ ਜੋ ਜਾਗਦਾ ਹੈ ਸੋ ਮਨ ਉਹ ਹਈ।

ਝੰਡਾ-ਠੀਕ ਸਮਝਾਇਆ ਨੇ ਸ਼ਾਹਾਂ ਦੇ ਸ਼ਾਹ ਜੀਉ! ਮੈਂ ਤਾਂ ਸੁੱਤਾ ਹੀ ਰਿਹਾ ਹਾਂ। ਸੱਭੇ ਗੱਲਾਂ ਪੜ੍ਹੀਆਂ ਹਨ ਪਰ ਸਮਝ ਵਿਚ ਪੁੜੀਆਂ ਕੋਈ ਨਾ। ਸੰਸਕਾਰ ਕਦੇ ਪੜ੍ਹਿਆ, ਕਈ ਵੇਰ ਵਰਤਿਆ, ਪਰ ਸੋਝੀ ਨਾ ਆਈ ਕਿਹ ਅਸਲ ਭਾਵ ਕੀ ਹੈ। ਹੁਣ ਦਾਤਾ ਜੀ! ਇਹ ਪੁੱਛਣਾ ਹੈ ਕਿ ਅਸੀਂ ਦਿਨ ਰਾਤ ਸੁਆਰਥਾਂ ਵਿਚ ਲਗੇ ਰਹਿੰਦੇ ਹਾਂ ਤੇ ਅਕਸਰ ਵਿਕਾਰਾਂ ਵਾਲੇ ਕੰਮ ਕਰਦੇ ਹਾਂ, ਭੁੱਖ ਤ੍ਰੇਹ ਤੇ ਹੋਰ ਸਰੀਰਕ ਭੁੱਖਾਂ ਦੇ ਪੂਰੇ ਕਰਨ ਦੇ ਜਤਨਾਂ ਵਿਚ ਫਿਰਦੇ ਹਾਂ, ਸਾਡੇ ਅੰਦਰ ਸਾਰਾ ਦਿਨ ਸੰਸਕਾਰ ਓਹੋ ਹੀ ਇਕੱਠੇ ਹੁੰਦੇ ਹੋਣਗੇ, ਇਸ ਤਰ੍ਹਾਂ ਨਾਲ ਸਾਡਾ ਹੇਠਲਾ ਮਨ ਤਾਂ ਸਰੀਰਕ ਕਾਮਨਾਂ, ਸਰੀਰਕ ਭੁੱਖਾਂ, ਸਰੀਰਕ ਵਿਕਾਰਾਂ ਦੇ ਸੰਸਕਾਰਾਂ ਨਾਲ ਭਰਿਆ ਹੋਇਆ ਮਾਨੋਂ ਇਕ ਤਲਾਉ ਹੋਵੇਗਾ, ਉਸ ਵਿਚ ਰੁਚੀਆਂ ਦੇ ਤ੍ਰੰਗ ਤਾਂ ਸੰਸਾਰਕ ਤੇ ਵਿਕਾਰੀ ਹੀ ਉਦੇ ਹੋਣਗੇ, ਫਿਰ ਇਹ ਤਾਂ ਅਸੀਂ ਆਪ ਆਪਣੇ ਆਪੇ ਨੂੰ ਵੰਜਾ ਚੁਕੇ ਹਾਂ। ਹੁਣ ਸਾਡੀ ਰੁਚੀ ਉੱਚੇ ਪਾਸੇ ਦੀ ਕੀਕੂੰ ਹੋਵੇਗੀ!

ਗੁਰੂ ਜੀ-ਭਾਈ! ਇਸੇ ਕਰਕੇ ਤਾਂ ਭਲਿਆਈ ਤੇ ਉਚਿਆਈ ਨੂੰ ਸਮਝ ਸਮਝਕੇ ਉਸ ਪਰ ਟੁਰਨ ਦੇ ਸੰਕਲਪ ਤੇ ਇੰਦੀਏ ਬੰਨ੍ਹ ਬੰਨ੍ਹ ਕੇ ਜਗਯਾਸੂ ਲੋਕ ਤੇ ਨੇਕੀ ਦੇ ਤਰਲੇ ਲੈਣ ਵਾਲੇ ਮੁੜ ਮੁੜ ਕੇ ਡਿਗਦੇ ਹਨ। ਮਨ ਦੀਆਂ ਲੁਕੀਆਂ ਪਈਆਂ ਰੁਚੀਆਂ ਜੀਵਾਂ ਦੇ 'ਸਮਝੇ ਤੇ ਚੰਗਾ ਜਾਣੇ' ਰਸਤੇ' ਦੇ ਵਿਰੁੱਧ ਉਨ੍ਹਾਂ ਨੂੰ ਲੈ ਜਾਂਦੀਆਂ ਹਨ।

ਝੰਡਾ-ਫੇਰ ਸਾਡੀ ਕਲਿਆਣ ਅਸੰਭਵ ਹੋ ਗਈ?

ਗੁਰੂ ਜੀ-ਅਸੰਭਵ ਤਾਂ ਨਹੀਂ, ਉਖੇਰੀ ਹੈ ਤੇ ਸਮਾਂ ਮੰਗਦੀ ਹੈ।

ਝੰਡਾ-ਕਿਵੇਂ ਸਾਂਈਂ ਸਾਹਿਬ ਜੀਉ?

ਗੁਰੂ ਜੀ-ਜਿਵੇਂ ਅਸਾਂ ਆਪਣੇ ਉਸ ਗੁਪਤ ਮਨ ਦੇ ਖਜ਼ਾਨੇ ਨੂੰ ਮਾੜੇ ਸੰਸਕਾਰਾਂ ਨਾਲ ਭਰਿਆ ਹੈ ਤਿਵੇਂ ਹੁਣ ਭਲੇ ਸੰਸਕਾਰਾਂ ਨਾਲ ਭਰੀਏ।

ਝੰਡਾ-ਉਹ ਜੋ ਭਰ ਰਿਹਾ ਹੈ ਕੀਕੂੰ ਸੱਖਣਾਂ ਹੋਵੇ ਤੇ ਦੂਜੀ ਵਸਤੂ ਉਸ ਵਿਚ ਕੀਕੂੰ ਪਵੇ?

ਗੁਰੂ ਜੀ-ਜੋ ਵਸਤੂ ਉਥੇ 'ਵਿਕਾਰਾਂ ਦੇ ਸੰਸ-

ਕਾਰਾਂ ਰੂਪੀ ਭਰ ਰਹੀ ਹੈ, ਉਸ ਵਿਚ 'ਭਲਿਆਈ ਤੇ ਉਚਿਆਈ' ਦੇ ਸੰਸਕਾਰਾਂ ਰੂਪੀ ਵਸਤੂ ਪਾਈ ਜਾਓ ਤਾਂ 'ਵਿਕਾਰ ਦੇ ਸੰਸਕਾਰਾਂ' ਰੂਪੀ ਵਸਤੂ ਉਥੋਂ ਆਪੇ ਦੂਰ ਹੋ ਜਾਏਗੀ।

ਝੰਡਾ-ਆਪ ਦਾ ਇਹ ਭਾਵ ਹੈ ਕਿ ਜੇ ਗੁਪਤ ਮਨ ਵਿਚ, ਜੋ ਮਾੜੀ ਵਸਤੂ ਨਾਲ ਭਰ ਰਿਹਾ ਹੈ, ਕਿਸੇ ਚੰਗੀ ਵਸਤੂ ਨੂੰ ਭਰੀਏ ਤਾਂ ਪਹਿਲੀ ਵਸਤੂ ਆਪੇ ਨਿਕਲ ਜਾਵੇਗੀ।

ਗੁਰੂ ਜੀ-ਜਿਵੇਂ ਮੈਲੇ ਪਾਣੀ ਨਾਲ ਭਰੀ ਪਰਾਤ ਨੂੰ ਮੀਂਹ ਵੱਸਦੇ ਵਿਚ ਧਰ ਦਿਓ ਤਾਂ ਉਤੋਂ ਨਿਰਮਲ ਨੀਰ ਪੈ ਪੈ ਕੇ ਪਰਾਤ ਨੂੰ ਨਿਰਮਲ ਜਲ ਨਾਲ ਭਰਦਾ ਹੈ, ਮੈਲਾ ਪਾਣੀ ਆਪੇ ਨਿਕਲਦਾ ਨਿਕਲਦਾ ਮੁੱਕ ਜਾਂਦਾ ਹੈ। ਜੇ ਤਾਂ ਪਰਾਤ ਨੂੰ ਡੋਹਲ ਸਕੀਏ ਤਾਂ ਮੈਲਾ ਪਾਣੀ ਨਿਕਲ ਗਿਆ, ਪਰ ਜੇ ਡੋਹਲ ਨਾ ਸਕੀਏ ਤਾਂ ਮੀਂਹ ਵੱਸਦੇ ਵਿਚ ਪਈ ਪਰਾਤ ਦਾ ਮੈਲਾ ਪਾਣੀ ਆਪੇ ਮੁੱਕ ਜਾਏਗਾ, ਤਾਜ਼ਾ ਮੀਂਹ ਦਾ ਪਾਣੀ ਪੈ ਪੈਕੇ। ਇਵੇਂ ਦ੍ਰਿਸ਼ਟਾਂਤ ਮਾਤ੍ਰ ਪਰਾਤ ਦੀ ਗੱਲ ਕਹੀ ਹੈ ਜੋ ਸਮਝ ਪੈ ਜਾਏ ਅਸਲੀ ਗੱਲ ਸਾਫ ਸਾਫ।

ਝੰਡਾ-ਸੁਆਦ ਆ ਗਿਆ ਹੈ, ਕਿਰਪਾ ਕਰਕੇ ਦਸੋ ਕਿ ਮੈਲ ਨਾਲ ਅੱਟੇ ਮਨ ਵਿਚ ਕੀ ਵਸਤੂ ਪਾਈਏ?

ਗੁਰੂ ਜੀ-ਨੇਕੀਆਂ।

ਝੰਡਾ-ਨੇਕ ਕਰਮ?

ਗੁਰੂ ਜੀ-ਸ਼ੁਭ ਵਿਚਾਰਾਂ, ਪਵਿੱਤ੍ਰ ਸੋਚਾਂ, ਸ਼ੁਭ ਬਚਨ, ਸ਼ੁਭ ਕਰਮ।

ਝੰਡਾ-ਕਿੰਨਾਂ ਜ਼ੋਰ ਲਾਈਏ, ਮੈਂ ਆਪਣੀ ਹਡ ਵਰਤੀ ਅਰਜ਼ ਕਰਦਾ ਹਾਂ, ਨਾਂ ਤਾਂ ਨਿਰੇ ਨੇਕ ਵਿਚਾਰਾਂ ਵਾਲੇ ਨਾ ਸੁਧਾ ਨੇਕ ਗੱਲਾਂ ਤੇ ਨੇਕ ਕਰਮਾਂ ਵਾਲੇ ਹੋ ਸਕੀਦਾ ਹੈ, ਬਹੁਤ ਕੁਛ ਸੰਵਰ ਜਾਂਦਾ ਹੈ, ਪਰ ਪੇਸ਼ ਨਹੀਂ ਜੇ ਜਾਂਦੀ, ਸੱਚਾ ਬਚਨ ਜੇ, ਬਖਸ਼ ਲੈਣਾ।

ਗੁਰੂ ਜੀ-ਤੁਸੀਂ ਨਿਰੋਲ ਸੱਚ ਕਹਿ ਰਹੇ ਹੋ। ਇਹੋ ਤਾਂ ਮੁਸ਼ਕਲ ਹੈ ਕਿ ਬੰਦੇ ਦੀ ਅੰਦਰਲੀ ਰੁਚੀ ਉਸ ਨੂੰ ਨਿਰੋਲ ਨੇਕੀ ਤੇ ਆਉਣ ਨਹੀਂ ਦੇਂਦੀ। ਅੰਦਰਲੀ ਮੈਲ ਕੱਢਣ ਦਾ ਜਤਨ ਕਰਦਿਆਂ ਬੰਦਾ ਹਾਰਦਾ ਹੈ, ਉਤੋਂ ਹੋਰ ਹੋਰ ਮੈਲ ਰੋਜ਼ ਦੀਆਂ ਗਿਰਾਵਟਾਂ ਦੀ ਅੰਦਰ ਜਾਂਦੀ ਰਹਿੰਦੀ ਹੈ, ਕੁਛ ਧੋਪਦੀ ਹੈ, ਕੁਛ ਹੋਰ ਪੈਂਦੀ ਹੈ, ਇਸ ਕਰਕੇ ਨਿਰੇ ਸ਼ੁਭ ਕਰਮਾਂ ਤੇ ਟੇਕ ਧਾਰਨੀ ਸਿਰੇ ਨਹੀਂ ਅਪੜਾਉਂਦੀ। ਕਰਮ ਸ਼ੁਭ ਕਰਨੇ ਹਨ, ਸੋਚ ਭਲੀ ਕਰਨੀ ਹੈ, ਸਾਰਾ ਤਾਣ ਲਾਉਣਾ ਹੈ, ਪਰ ਕੁਛ ਹੋਰ ਬੀ ਚਾਹੀਦਾ ਹੈ, ਜੋ ਰਹਿ ਰਹਿ ਜਾਂਦੀ ਕਸਰ ਨੂੰ ਪੂਰਾ ਕਰੇ। ਸ਼ੁਭ ਗੁਣਾਂ ਨੂੰ ਧਾਰਨ ਕੀਤੇ ਬਿਨਾਂ ਕਾਰਜ ਨਹੀਂ ਸੰਵਰਦਾ, ਪਰ ਸਾਡੇ ਅੰਦਰ ਅਵਗੁਣਾਂ ਦੇ ਸੰਸਕਾਰ ਭਰੇ ਪਏ ਹਨ, ਇਹੋ ਤਾਂ ਮੁਸ਼ਕਲ ਹੈ ਜੋ ਓਹ ਨਹੀਂ ਧੋਪਦੇ।

ਝੰਡਾ-ਜੀ ਫਿਰ ਇਸ ਨੂੰ ਹੱਲ ਕਰੋ ਨਾ?

ਗੁਰੂ ਜੀ-ਕਰ ਆਏ ਹਾਂ, ਜੋ ਤੈਨੂੰ ਪਹਿਲਾਂ ਸਮਝਾਇਆ ਹੈਸੀ, ਉਹ ਇਸੇ ਮੁਸ਼ਕਲ ਦਾ ਹੱਲ ਸੀ।

ਝੰਡਾ ਹੁਣ 'ਗੁਪਤ ਤੇ ਪ੍ਰਤਖ ਮਨ' ਦੇ ਹਾਲਾਤ ਨੂੰ ਸਮਝਦਾ ਪਹਿਲੇ ਉਪਦੇਸ਼ ਨੂੰ ਮਾਨੋਂ ਭੁੱਲ ਰਿਹਾ ਸੀ। ਸੁਣਕੇ ਸਤਿਗੁਰ ਜੀ ਦਾ ਇਹ ਵਾਕ ਮੁੜ ਲੱਗਾ ਸਾਰੀ ਸੋਚ ਮੁੱਢੋਂ ਸੁੱਢੋਂ ਕਰਨ। ਸੋਚ ਸੋਚ ਕੇ ਬੋਲਿਆ-ਨਿਰੰਕਾਰ ਦੇ ਪਿਆਰੇ ਜੀਓ! ਮੁੜ ਜਿੱਥੇ ਗਲ ਹੁਣ ਆਈ ਹੈ, ਇਥੋਂ ਚਾਕੇ ਲੈ ਚੱਲਣ ਦੀ ਮਿਹਰ ਚਾ ਕਰੋ ਨਾ, ਮੈਨੂੰ ਸਾਰੀ ਗੱਲ ਚੇਤੇ ਤਾਂ ਆ ਗਈ ਹੈ, ਪਰ ਜਿੱਥੇ ਹੁਣ ਹਾਂ ਇਥੋਂ ਲੜ ਨਹੀਂ ਪਿਆ ਮੇਲਦਾ ਮੇਰਾ ਮੂਰਖ ਮਨ ਉਸ ਪਹਿਲੀ ਗੱਲ ਨਾਲ।

ਗੁਰੂ ਜੀ-ਝੰਡਾ! ਇਹ ਤਾਂ ਅਸਾਂ ਵੇਖ ਲਿਆ ਹੈ ਤੇ ਹਰ ਕਿਸੇ ਨੂੰ ਤਜਰਬਾ ਹੈ ਕਿ ਮਨੁੱਖ ਅਪੂਰਨ ਹੈ ਤੇ ਇਸ ਦਾ ਮਨ ਅਵਗੁਣੀਂ ਭਰਪੂਰ ਹੈ, ਅਵਗੁਣਾਂ ਵਿਚੋਂ ਗੁਣ ਨਹੀਂ ਉਪਜ ਸਕਦੇ, ਇਸ ਲਈ ਅਸੀਂ ਤੱਕਣਾ ਹੈ ਕਿ ਗੁਣਾਂ ਦਾ ਨਿਵਾਸ ਕਿਥੇ ਹੈ? ਸਾਰੇ ਗੁਣਾਂ ਦਾ ਨਿਵਾਸ ਪਰਮੇਸ਼ੁਰ ਵਿਚ ਹੈ। ਬਿਨਾਂ ਗੁਣਾਂ ਦੇ ਸਾਡੀ ਸਫਾਈ ਨਹੀਂ ਹੁੰਦੀ, ਕਲਜਾਣ ਨਹੀਂ। ਅਸੀਂ ਅਵਗੁਣਾਂ ਨਾਲ ਭਰਪੂਰ ਗੁਣਾਂ ਤੋਂ ਰਹਿਤ ਹਾਂ, ਸਾਰੇ ਗੁਣ ਪਰਮੇਸ਼ਰ ਜੀ ਵਿਚ ਹਨ[1]। ਹੁਣ ਅੱਗੇ ਗੱਲ ਸਾਫ ਹੈ।

ਝੰਡਾ-ਆਪ ਹੀ ਕਿਰਪਾ ਕਰੋ।

---

[1] ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥ (ਜਪੁਜੀ)

ਗੁਰੂ ਜੀ-ਜਿਸ ਵਿਚ ਸਾਰੇ ਗੁਣ ਹਨ ਉਸ ਨੂੰ ਅੰਦਰ ਵਸਾਈਏ। ਮੈਲੇ ਪਾਣੀ ਵਾਲੀ ਪਰਾਤ ਨੂੰ ਉੱਦਮ ਨਾਲ ਚਾਕੇ ਬੱਦਲਾਂ ਹੇਠ ਧਰੀਏ। ਬਦਲਾਂ ਦੀ ਵੱਸਦੀ ਮੋਹਲੇਧਾਰ ਵਰਖਾ ਆਪਣੇ ਨਿਰਮਲ ਨੀਰ ਨਾਲ ਉਸ ਨੂੰ ਭਰ ਭਰ ਕੇ ਨਿਰਮਲ ਕਰ ਦੇਵੇਗੀ, ਮੈਲਾ ਪਾਣੀ ਆਪੇ ਦੂਰ ਹੋ ਜਾਏਗਾ।

ਝੰਡਾ-ਕਿਵੇਂ?

ਗੁਰੂ ਜੀ-ਜੋ ਤੁੱਧੇ ਨੂੰ ਸਮਝਾਇਆ ਸੀ ਕਿ ਉਸ ਪਰਮੇਸ਼ੁਰ ਦਾ ਸਰੂਪ ਹੈ ਹੋਂਦ, ਨਿਰੋਲ ਹੋਂਦ ਉਹ 'ਹੈ' ਅਰਥਾਤ 'ਸਤਿ' ਹੈ, ਉਸਦਾ ਇਹ ਸਰੂਪ ਚਿੰਤਨ ਕਰੀਏ। ਜਾਂ ਇਉਂ ਆਖੀਏ ਕਿ ਉਸ ਸਭ ਗੁਣੀ ਭਰਪੂਰ ਦਾ ਸਿਮਰਨ ਕਰੀਏ। ਉਹ ਸਭ ਗੁਣੀ ਭਰਪੂਰ ਹੈ, ਉਹ ਨੇਕੀ ਕੁੱਲ ਹੈ, ਜਿਉਂ ਜਿਉਂ ਉਸ ਨੇਕੀ ਕੁੱਲ ਦੀ, ਸਰਬ ਗੁਣੀ ਭਰਪੂਰ ਦੀ ਸ਼ੁਧੀ ਪਵਿੱਤ੍ਰਤਾ ਰੂਪ ਵਾਲੇ ਦੀ ਅਸੀਂ ਯਾਦ ਕਰਾਂਗੇ ਉਸ ਹੋਂਦ ਦਾ ਭਾਵ, ਉਸਦਾ ਗੁਣੀ ਭਰਪੂਰ ਸਰੂਪ, ਉਸ ਦੇ ਗੁਣਾਂ ਦਾ ਅਕਸ ਪਰਤੱਖ ਮਨ ਵਿਚ ਆ ਆ ਕੇ, ਸੰਸਕਾਰ ਬਣ ਬਣ ਕੇ, ਸੰਸਕਾਰ ਜਿਥੇ ਰਹਿੰਦੇ ਹਨ, ਉਸ ਮਨ ਵਿਚ ਉਤਰੇਗਾ, ਤਿਉਂ ਤਿਉਂ ਮਨ ਦੇ ਸੰਸਕਾਰਾਂ ਵਾਲੇ ਟਿਕਾਣੇ ਵਿਚੋਂ ਮਾੜੇ ਸੰਸਕਾਰਾਂ ਦਾ ਸਾਮਾਨ ਉਛਲ ਉਛਲਕੇ ਡੁੱਲ੍ਹਣ ਲੱਗ ਜਾਏਗਾ ਤੇ ਨੇਕੀ ਦਾ ਸਾਮਾਨ ਭਰਨ ਲੱਗ ਜਾਏਗਾ। ਸਮਾਂ ਪਾਕੇ ਉੱਥੇ ਸਾਈਂ ਦਾ ਸਰੂਪ, ਉਸ ਦੀ ਹੋਂਦ ਦਾ ਭਾਵ, ਉਸ ਦਾ ਗੁਣੀ ਭਰਪੂਰ ਸਤਿ ਸਰੂਪ ਲਬਾਲਬ ਭਰ ਜਾਏਗਾ।

ਫਿਰ ਸਾਡੀਆਂ ਰੁਚੀਆਂ ਸਭ ਨੇਕ ਹੋ ਜਾਣਗੀਆਂ, ਸਾਡੇ ਮਨ ਦਾ ਸਾਰਾ ਵਜੂਦ ਸਤਿ ਸਰੂਪ ਨਾਲ ਭਰ ਭਰਕੇ ਸਤਿ ਸਰੂਪ ਹੋ ਜਾਏਗਾ, ਮਨ ਨੂੰ ਸੋਝੀ ਹੋਵੇਗੀ ਕਿ ਮੇਰੇ ਅੰਦਰ ਵੱਸ ਰਹੇ ਹਨ ਦੋ ਜਹਾਨਾਂ ਦੇ ਮੀਤ ਜੀ। ਫਿਰ ਉਸ ਸਤਿ ਸਰੂਪ ਦੇ ਅੰਦਰ ਨਿਵਾਸ ਦਾ ਪਵਿਤ੍ਰ ਰਸ ਆਵੇਗਾ, ਅਨੰਦ ਆਵੇਗਾ। ਉਸ ਮਨ ਦੇ ਅੰਦਰਲੇ ਪਰਤ ਵਿਚੋਂ ਨੇਕੀ ਤੇ ਪ੍ਰੇਮ ਦੀਆਂ ਰੁਚੀਆਂ ਉਪਜਣਗੀਆਂ ਜੋ ਪਰਤੱਖ ਮਨ ਦੇ ਯਤਨਾਂ ਦੀਆਂ ਸਹਾਇਕ ਹੋਣਗੀਆਂ, ਮਾਨੋਂ ਨੇਕੀ ਦੀ ਰਾਸ ਅੰਦਰ ਜਮਾਂ ਹੋ ਜਾਏਗੀ, ਐਉਂ ਸਾਡੇ ਵਿਚ ਗੁਣ ਸਾਗਰ ਦੇ ਗੁਣ ਬੀ ਆ ਜਾਣਗੇ। ਨਾਮ ਜਪਿਆਂ ਪਾਪ ਧੋਪੇ, ਸਾਂਈਂ ਆਇਆ, ਸਾਂਈਂ ਆਂਇਆਂ ਉਸਦੇ ਗੁਣ ਆਏ। ਫੇਰ ਸਮਝੋ ਕਿ ਨਾਮ ਅੰਦਰ ਰਚ ਗਿਆ ਹੈ[1]।

ਝੰਡਾ-ਜੋ ਆਪ ਨੇ ਸਮਝਾਇਆ ਸੀ ਕਿ ਪਰਮੇਸ਼ੁਰ ਜੀ ਦਾ ਸਿਮਰਨ ਕਰੋ, ਸਿਮਰਨ ਨਾਲ ਸਾਡਾ ਇਹ ਮਨ ਸਾਂਈ ਦੀ 'ਹੋਂਦ' ਦੇ ਸੰਸਕਾਰ ਅੰਦਰਲੇ ਸੰਸਕਾਰਾਂ ਵਾਲੇ ਮਨ ਵਿਚ ਲੈ ਜਾਏਗਾ, ਇਉਂ ਅੰਦਰਲਾ ਘਟ 'ਸਾਂਈ' ਦੀ ਹੋਂਦ ਦੇ ਭਾਵ ਨਾਲ ਭਰ ਜਾਏਗਾ! ਉਸ ਦਾ ਸਰੂਪ ਅੰਦਰ ਵਸ ਜਾਏਗਾ, ਉਹ ਸਾਂਈਂ ਸਰਬ ਗੁਣਾਂ ਦਾ ਸੋਮਾਂ ਹੈ 'ਨੇਕੀ ਸੁਧੀ ਤੇ ਨੇਕੀ ਸਾਰੀ' ਹੈ, ਉਸ ਦੀ ਛੁਹ ਸਾਰੇ ਅਵਗੁਣਾਂ ਨੂੰ ਦੂਰ ਕਰਦੀ ਹੈ। ਜਿਵੇਂ ਸੂਰਜ ਦਾ ਪ੍ਰਕਾਸ਼ ਅੰਧਕਾਰ ਨੂੰ ਮਾਰਦਾ ਹੈ, ਤਿਵੇਂ ਉਸ ਦੇ ਅੰਦਰ ਵਸ ਜਾਣ ਨਾਲ ਸਭ ਅਵਗੁਣ ਦੂਰ ਹੋ ਕੇ ਗੁਣ ਭਰ ਜਾਣਗੇ, ਫਿਰ ਆਪਾ ਆਪੇ ਸ਼ੁੱਧ ਹੋ ਜਾਏਗਾ ਤੇ ਆਪਣੇ ਕਰਤਾਰ ਨਾਲ ਮਿਲ ਜਾਏਗਾ, ਇਹੋ ਆਪ ਨੇ ਸਮਝਾਇਆ ਹੈ ਨਾ?

ਗੁਰੂ ਜੀ-ਭਲੇ ਪੁਰਖਾ! ਇਹੋ। ਸਾਡੀ ਮਤਿ, ਸਾਡਾ ਅੰਦਰਲਾ ਮਨ, ਸੁਰਤ, ਸਾਰਾ ਕੁਛ ਭਰ ਰਿਹਾ ਹੈ ਪਾਪਾਂ ਦੀ ਮੈਲ ਨਾਲ, ਉਹ ਧੋਪ ਸਕਦਾ ਹੈ ਕੇਵਲ ਨਾਮ ਨਾਲ। ਬੱਸ ਇਹੋ ਸਿੱਧਾਂਤ ਹੈ[2], ਸਮਝ ਇਸ ਨੂੰ ਕਿਸੇ ਤਰ੍ਹਾਂ ਨਾਲ ਲਓ।

ਝੰਡਾ-ਠੀਕ ਫੁਰਮਾਯਾ ਨੇ, ਨਾਮ ਕੀਕੂੰ ਜਪਾਂ?

ਗੁਰੂ ਜੀ-ਸਾਰਾ ਵੇਰਵਾ ਇਸ ਦੇ ਜਪਣ ਦੀ ਵਯਾਖਯਾ ਦਾ ਦੱਸ ਚੁਕੇ ਹਾਂ, ਹੁਣ ਜੇ ਥੋੜੇ ਅੱਖਰਾਂ ਵਿਚ ਸਮਝਣਾ ਹਈ ਤਾਂ ਫੇਰ ਸੁਣ ਲੈ। ਨਾਮ ਦਾ ਉਪਦੇਸ਼ ਤੇ ਨਾਮ ਦੀ ਮਹਿਮਾਂ ਉੱਚੀ ਹੈ। ਨਾਮ ਹੀ ਦਾਰੂ ਹੈ, ਨਾਮ ਹੀ ਅਰੋਗਤਾਈ ਹੈ, ਨਾਮ ਦੇ ਤੁੱਲ ਹੋਰ ਕੁਛ ਨਹੀ। ਪਰ ਨਾਮ ਅਮੋਲਕ ਹੈ, ਇਸ ਦੀ ਕਦਰ ਵਿਰਲਾ ਕੋਈ ਜਾਣਦਾ ਹੈ[3]।

---

[1] ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥ {ਬਿਲਾਵਲ ਮ: ੧}

[2] ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ {ਜਪੁਜੀ}

[3] ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ {ਸਿਰੀ ਰਾਗੁ ਛੰਤ ਮ: ੫, ਡਖਣਾ}

ਸੋ ਪਹਿਲਾਂ ਇਸ ਦੀ ਕਦਰ ਇਸ ਦੇ ਜਪਣ ਹਾਰ, ਜਾਣਨਹਾਰ ਤੋਂ ਸੁਣਕੇ ਮਨ ਵਿਚ ਧਾਰ ਲਈ, ਅਮੰਨਾ ਕੀਤਾ, ਭਰੋਸਾ ਬੰਨ੍ਹਿਆ। ਫਿਰ ਇਸ ਨਾਲ ਪ੍ਰੇਮ ਕੀਤਾ। ਅਰਥਾਤ ਪ੍ਰੇਮ ਨਾਲ ਜਪਣਾ ਅਰੰਭਿਆ। ਅੰਤਰ ਗਤ ਤੀਰਥ ਹੈ ਇਕ, ਅਰਥਾਤ ਸਾਡਾ ਆਪਣਾ ਮਨ ਇਕ ਤੀਰਥ ਹੈ। ਉਸ ਤੀਰਥ ਵਿਚ ਇਸ਼ਨਾਨ ਕਰਨਾ ਸਿੱਖਿਆ। ਉਹ ਐਉਂ ਕਿ ਜੀਭ ਨਾਮ ਜਪੇ, ਮਨ ਸਿਮਰਨ ਵਿਚ ਜਾਵੇ। ਜਿਸ ਨੂੰ ਸਿਮਰਦਾ ਹੈ, ਉਸ ਦੇ ਗੁਣਾਂ ਨੂੰ ਗਾਉਂਦਾ ਸਿਫਤ ਸਲਾਹ ਦੇ ਭਾਵ ਵਿਚ ਭਰਦਾ ਉਸ ਦੇ ਨਾਲ ਪ੍ਰੇਮ ਵਿਚ ਆਵੇ। ਇਹ ਅੰਤਰ ਮੁਖ ਇਸ਼ਨਾਨ ਹੈ[1]। ਬੱਸ ਇਸ ਨਾਲ ਮਨ-ਪਰਤੱਖ ਮਨ ਜੋ ਹੈ ਸੋ-ਤਾਂ ਨਿਰਮਲ ਹੁੰਦਾ ਹੈ। ਇਸੇ ਨਾਲ ਮਨ ਦਾ ਸੰਸਕਾਰਾਂ ਨੂੰ ਲਈ ਬੈਠਾ ਹਿੱਸਾ ਬੀ ਸਮਾਂ ਪਾ ਕੇ ਨਿਰਮਲ ਹੋ ਜਾਂਦਾ ਹੈ। ਇਸ ਮਨ ਵਿਚ ਸਾਈਂ ਨਾਮ ਦੇ ਵੱਸ ਗਿਆਂ, ਉਸ ਦੇ ਸਤਿ ਸਰੂਪ ਦੇ ਨਿਵਾਸ ਤੋਂ ਫਿਰ ਇਕ ਸੁਹਾਓ ਤੇ ਸੁੰਦਰਤਾ ਦੀ ਪ੍ਰਤੀਤੀ ਉਪਜ ਪੈਂਦੀ ਹੈ[2] ਤਦੋਂ ਅਨੰਦ ਸਰੂਪ ਵਿਚ ਮਿਲਕੇ ਜੀਵ ਅਨੰਦ ਮਾਣਦਾ ਹੈ। ਸੋ ਪੁਰਖਾ! ਇਹ ਸਾਰੀ ਗਲ ਬਾਤ ਨੂੰ ਅਸੀਂ ਨਾਮ ਕਹਿੰਦੇ ਹਾਂ। ਨਾਮ ਨਾਲ ਕਲਿਆਣ ਹੈ, ਨਾਮ ਦੀ ਸ਼ਰਨ ਲਓ, ਸਾਰੀ ਵਿਆਕੁਲਤਾ ਤੇ ਘਬਰਾ ਹਟ ਜਾਣਗੇ।

ਝੰਡਾ-ਅੱਛਾ ! ਇਤਨਾ ਸਾਰਾ ਜੋ ਕੁਛ ਆਪ ਨੇ ਸਮਝਾਇਆ ਹੈ ਨਾਮ ਹੈ! ਅਸਾਂ ਨਾਮ ਨਿਰਾ ਕਿਸੇ ਦੇ ਨਾਉਂ ਨੂੰ ਜਾਣ ਰਖਿਆ ਸੀ।

ਗੁਰੂ ਜੀ-ਨਾਮ ਵਿਦਯਾ ਹੈ, ਨਾਮ ਪਰਮੇਸੁਰ ਦਾ ਨਾਉਂ ਹੈ, ਨਾਮ ਪਰਮੇਸ਼ੁਰ ਦੇ ਗੁਣਾਂ ਦਾ ਸਰੋਵਰ ਹੈ, ਨਾਮ ਉਸਦਾ ਸਰੂਪ ਹੈ[3]। ਆਪੇ ਨੂੰ ਸਾਂਈਂ ਨਾਲ ਲਾਈ ਰੱਖਣਾ ਨਾਮ ਹੈ, ਨਾਲ ਲੱਗੇ ਰਹਿਕੇ ਰੰਗ ਤੇ ਰਸ ਵਿਚ ਜੀਉਣਾ ਨਾਮ ਹੈ[1]; ਨਾਮ ਜੋ ਕੁਛ ਕਿਹਾ ਹੈ, ਅਜੇ ਹੋਰ ਹੈ। ਨਾਮ ਇਕ ਤਿਆਰੀ ਤੇ ਜਤਨ ਹੈ ਜੋ ਸੁਭ ਕਰਮਾਂ ਤੋਂ ਉਪਰਲਾ ਸਾਧਨ ਤੇ ਦਰਜਾ ਹੈ। ਆਪਣੇ ਆਪ ਨੂੰ ਸਾਂਈਂ ਦੇ ਅਸਰ ਹੇਠ ਲਿਆਉਣਾ ਨਾਮ ਹੈ। ਜਿਵੇਂ ਪਾਲੇ ਲਗਦੇ ਸਰੀਰ ਨੂੰ ਸੂਰਜ ਦੇ ਸਨਮੁਖ ਕਰਨਾ ਅਪਣੇ ਪਾਲੇ ਨੂੰ ਹਰਨਾਂ ਹੈ, ਤਿਵੇਂ ਅਵਗੁਣੀ ਭਰਪੂਰ ਮਨ ਨੂੰ ਸਾਂਈਂ ਦੇ ਸਨਮੁਖ ਕਰਨਾ ਤੇ ਕਰੀ ਰਖਣਾ ਮਨ ਦੇ ਅਵਗੁਣਾਂ ਨੂੰ ਹਰ ਲੈਣਾ ਹੈ। ਇਹ ਮਨ ਨੂੰ ਸਾਂਈਂ ਦੇ ਅਸਰਾਂ ਲਈ ਉਸ ਦੇ ਸਨਮੁਖ ਕਰਨਾ ਤੇ ਰੱਖਣਾ, ਇਹ ਰੁਖ਼, ਇਹ ਝੁਕਾਉ, ਇਹ ਯਾਦ ਇਹ ਯਤਨ ਸਭ ਨਾਮ ਹੈ।

ਝੰਡੇ ਦਾ ਅੰਦਰ ਸੰਸਿਆ ਤੇ ਦੁਬਿਧਾ ਦੀਆਂ ਵਿਚਾਰਾਂ ਤੋ ਸਾਫ ਹੋ ਗਿਆ ਸੀ। ਉਸ ਨੂੰ ਨਿਰਮਲ ਸੋਝੀ ਤੇ ਅਮੰਨਾ ਹੋਇਆ ਸੀ, ਉਹ ਸੁਣ ਸੁਣਕੇ ਪਿਆਰ ਦੇ ਉੱਚੇ ਵਲਵਲਿਆਂ ਨਾਲ ਭਰ ਰਿਹਾ ਸੀ, ਸਿਮਰਨ ਦੀ ਰੌ ਮਨ ਵਿਚ ਟੁਰ ਪਈ ਸੀ ਤੇ ਸੁਆਦ ਆ ਰਿਹਾ ਸੀ, ਹੁਣ ਹੋਰ ਕੁਛ ਨਾ ਬੋਲਿਆ ਤੇ ਰਸ ਮਗਨ ਹੋ ਗਿਆ।

ਉਧਰ ਮਰਦਾਨਾ ਭੋਜਨ ਖਾਕੇ, ਦੂਰ ਜਾ ਕੇ ਕੁਰਲਾ ਪਾਣੀ ਕਰ ਦਬੇ ਪੈਰੀਂ ਉਰੇ ਆਕੇ ਮਲਕੜੇ ਜੇਹੇ ਕੋਲ ਆ ਬੈਠਾ ਸੀ। ਜਦ ਬਾਤ ਚੀਤ ਬੱਸ ਹੋਈ ਤੇ ਉਸ ਨੇ ਝੰਡੇ ਨੂੰ ਟਿਕਿਆ ਹੋਇਆ ਡਿੱਠਾ ਤਾਂ ਹੌਲੇ ਜਿਹੇ ਦਾਤਾ ਜੀ ਨੂੰ ਕਹਿਣ ਲਗਾ-ਹਾਂ, ਹੁਣ ਤਾਂ ਪ੍ਰਾਹੁਣਚਾਰੀ ਕਰ ਚੁਕੇ ਹੋ, ਆਏ ਅਤਿੱਥੀ ਨੂੰ ਰੱਬੀ ਖਾਣਾ ਖੁਆਲ ਚੁਕੇ ਹੋ, ਹੁਣ ਤਾਂ ਆਪਣੇ ਸਰੀਰ ਨੂੰ ਕੁਛ ਅੰਨ ਪਾਣੀ ਦਾ ਆਧਾਰ ਦਿਓ?

ਸਤਿਗੁਰੂ ਸੁਣਕੇ ਮੁਸਕ੍ਰਾਏ ਤੇ ਕਹਿਣ ਲਗੇ ਮਰਦਾਨਿਆਂ! ਠਹਿਰ ਜਾਹ, ਖੁਆਲਣਾ ਖਾਣ ਨਾਲੋਂ ਬਰਕਤ ਵੰਦਾ ਹੈ।

੪.

**ਸਮਾਂ** ਲੰਘਦਾ ਗਿਆ, ਪਰ ਮਰਦਾਨੇ ਦੇ ਦਿਲ ਨੂੰ ਆਪਣੇ ਪਿਆਰੇ ਦੀ ਭੁੱਖ ਚੈਨ ਨਹੀਂ ਸੀ ਲੈਣ ਦਿੰਦੀ, ਚਾਹੁੰਦਾ ਸੀ ਕਿ ਕਿਵੇਂ ਕੁਛ ਮੂੰਹ ਪਾਉਣ।

---

[1] ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥ (ਜਪੁਜੀ)

[2] ਸਤਿ ਸੁਹਾਣੁ ਸਦਾ ਮਨਿ ਚਾਉ ॥ (ਜਪੁਜੀ)

[3] ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥ (ਸਿਰੀ ਰਾ: ਮ: ੧)

[1] ਨਾਨਕ ਨਾਮ ਨ ਛੋਡੈ ਸਾਧਨ ਨਾਮਿ ਸਹਿਜ ਸਮਾਣੀਆਂ ॥ (ਰਾਗ ਗਉੜੀ ਪੂ: ਛੰ: ਮ: ੧)

ਦੋ ਤ੍ਰੈ ਵੇਰੀ ਉਸ ਦੇ ਬੋਲਣ ਨਾਲ ਝੰਡੇ ਦਾ ਧਿਆਨ ਆਪਣੀ ਮਗਨਤਾ ਵਲੋਂ ਇਸ ਪਾਸੇ ਪਰਤਿਆ, ਕਿ ਹੈਂ ! ਅਜੇ ਤਕ ਦਾਤਾ ਸਾਂਈਂ ਜੀ ਭੁੱਖੇ ਹਨ ਤੇ ਮੈਂ ਸੁਆਰਥੀ ਨੇ ਉਹਨਾਂ ਤੋਂ ਅੰਮ੍ਰਿਤ ਭੋਜਨ ਖਾ ਖਾ ਕੇ ਬੱਸ ਨਹੀਂ ਕੀਤੀ ਤੇ ਉਹਨਾਂ ਨੂੰ ਦੋ ਪੈਸੇ ਭਰ ਅੰਨ ਮੂੰਹ ਪਾਉਣ ਦਾ ਬੀ ਵਿਹਲ ਨਹੀਂ ਲੈਣ ਦਿੱਤਾ ! ਨਾਮ ਸਿਮਰਦਾ, ਜਿਸਦੀ ਰੌ ਅੰਦਰ ਟੁਰ ਪਈ ਸੀ-ਹੱਥ ਜੋੜ ਕੇ ਆਖਣ ਲੱਗਾ :-ਨਿਰੰਕਾਰ ਦੀ ਜਜੋਤ ਜੀ ! ,ਆਪ ਭੋਜਨ ਪਾਓ।

ਗੁਰੂ ਜੀ-ਅਜੇ ਕਿਸੇ ਹੋਰਸ ਨੂੰ ਖੁਆਲਣਾ ਹੈ ਪਹਿਲੋਂ।

ਝੰਡਾ-ਪਾਤਸ਼ਾਹ ! ਫਿਰ ਇੱਥੇ ਉਦਿਆਨ ਵਿਚ ਨਾ ਬੈਠੋ ਤੇ ਇਸ ਦਾਸ ਤੇ ਡੇਰੇ ਚੱਲੋ[1]।

ਮਿਹਰਾਂ ਦੇ ਸਾਂਈਂ ਸੁਣ ਕੇ ਟੁਰ ਪਏ ਤੇ ਰਸਤੇ ਵਿਚ ਵਾਰਤਾਲਾਪ ਜੁ ਹੋਈ ਉਸ ਤੋਂ ਝੰਡੇ ਨੇ ਸਮਝ ਲਿਆ ਕਿ ਆਪ ਇੰਦਰਸੈਨ ਨੂੰ 'ਅੰਮ੍ਰਿਤ ਦਾਨ' ਦਾ ਭੋਜਨ ਪਾਉਣਗੇ। ਝੰਡੇ ਨੂੰ ਇਹ ਬੀ ਹਸਮੋਸ ਆਇਆ ਕਿ ਮੈਂ ਆਪਣੇ ਮਿੱਤਰ ਨੂੰ ਪਹਿਲੋਂ ਕਿਉਂ ਨਾ ਸੱਦ ਲਿਆ, ਉਹ ਬੀ ਅੰਮ੍ਰਿਤ ਵਚਨ ਸੁਣਦਾ ! ਇਸ ਤਰ੍ਹਾਂ ਵਿਚਾਰਦਾ ਸਤਿਗੁਰਾਂ ਨੂੰ ਘਰ ਡੇਰਾ ਕਰਾਕੇ ਗੁਰੂ ਜੀ ਦੀ ਆਗਜਾ ਵਿਚ ਇੰਦਰ ਸੈਣ ਨੂੰ ਸੱਦਣ ਚਲਾ ਗਿਆ ਤੇ ਉਸ ਨੂੰ ਮਿਲ ਕੇ ਕਹਿਣ ਲੱਗਾ:-

ਕਰਹਿਂ ਹੇਤ ਜਿਹ ਗਜਾਨ ਧਿਆਨਾ॥
ਮਿਲਾ ਸੰਤ ਪੂਰਨ ਗਤਿ-ਦਾਨਾ ॥੪॥
ਚਲਹੁ ਬੁਲਾਵਤ, ਅਬ ਤਿਹ ਪਾਹੀ॥
ਤੁਮ ਬਿਨ ਅਸਨ ਅਚਤ ਸੋ ਨਾਹੀ॥

(ਨਾ: ਪ੍ਰ:

ਇੰਦਰ ਸੈਣ ਸੁਣ ਕੇ ਖੁਸ਼ ਹੋਇਆ। ਦੋਵੇਂ ਇਕੱਠੇ ਟੁਰ ਪਏ। ਰਸਤੇ ਵਿਚ ਝੰਡੇ ਨੇ ਸਾਰੀ ਗੱਲ ਬਾਤ ਸੁਣਾਈ ਤੇ ਦੱਸਿਆ ਕਿ ਕੱਲ ਜਿਸ ਆਦਮੀ ਨੂੰ ਤੁਸੀਂ ਛੱਡ ਆਏ ਸਾਓ ਮੇਰੇ ਘਰ, ਸੋਈ ਪੁਰਖ ਸੀ ਉਸ ਜੋਤਿ ਨਿਰੰਜਨੀ ਦਾ ਕੀਰਤਨੀਆਂ। ਉਸ ਦੀਆਂ ਗੱਲਾਂ ਤੋਂ ਗੁਰੂ ਨਾਨਕ ਦੇਵ ਜੀ ਦੇ ਵਾਕਾਂ ਤੋਂ ਜਾਣ ਪੈਂਦਾ ਹੈ ਕਿ ਉਹ ਸਾਨੂੰ ਜਾਣਦੇ ਹਨ ਤੇ ਸਾਡੇ ਤਾਰਨ ਨਮਿੱਤ ਏਧਰ ਆਏ ਹਨ। ਕੀਕੂੰ ਜਾਣਦੇ ਹਨ ? ਕਦੋਂਕਣੇ ਜਾਣਦੇ ਹਨ? ਤੁਸੀਂ ਵਿਚਾਰ ਕਰੋ। ਮੈਨੂੰ ਤਾਂ ਜਾਪਦਾ ਹੈ ਕਿ ਉਹਨਾਂ ਦਾ ਅੰਦਰਲਾ ਦਿੱਬ ਜਜੋਤੀ ਹੈ ਅਰ ਉਹ ਸੁਤੇ ਸਿੱਧ ਹੀ ਉਹ ਕੁਛ ਜਾਣਦੇ ਹਨ ਜੋ ਅਸੀਂ ਅਕਲਾਂ ਫਿਕਰਾਂ ਨਾਲ ਬੀ ਨਹੀਂ ਜਾਣਦੇ। ਫਿਰ ਝੰਡੇ ਨੇ ਮਰਦਾਨੇ ਨਾਲ ਹੋਈ ਗੱਲ ਬਾਤ ਤੇ ਸਤਿਗੁਰਾਂ ਦੇ ਉਚਾਰੇ ਵਾਕ-ਜਿਵੇਂ ਕੁ ਯਾਦ ਸਾਸੁ-ਇੰਦ੍ਰ ਸੈਣ ਨੂੰ ਸੁਣਾਏ। ਇੰਦਰ ਸੈਣ ਕਦੇ ਮੁਸਕ੍ਰਾਉਂਦਾ ਸੀ, ਕਦੇ ਅੱਥਰੂ ਭਰਦਾ ਸੀ ਤੇ ਕਦੇ ਸੋਚ ਵਿਚ ਲਹਿ ਜਾਂਦਾ ਸੀ, ਫੇਰ ਹੱਸਦਾ ਤੇ ਆਖਦਾ ਸੀ:-ਆਪੇ ਹੀ ਦਿਆਲ ਹੁੰਦਾ ਹੈ ਤਾਂ ਜੀਵਾਂ ਦਾ ਕੁਛ ਬਣਦਾ ਹੈ।

ਇਸ ਤਰ੍ਹਾਂ ਆਪੋ ਵਿਚ ਵਾਰਤਾਲਾਪ ਕਰਦੇ ਤੇ ਗੱਲਾਂ ਸਮਝਦੇ ਸਮਝਾਉਂਦੇ ਅਚਰਜ ਹੁੰਦੇ ਤੇ ਸ਼ੁਕਰ ਵਿਚ ਪੈਂਦੇ ਦੁਏ ਟੁਰੀ ਆਏ। ਜਾਂ ਆ ਟਿਕਾਣੇ ਪੁੱਜੇ ਤਾਂ ਇੰਦਰ ਸੈਣ ਨੇ ਅੱਗੇ ਹੋਕੇ ਮੱਥਾ ਟੇਕਿਆ। ਮਾਨੁੱਖ ਕੁਲ ਦੇ ਸ਼ਰੋਮਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਸ਼ੀਰਵਾਦ ਦਿੱਤੀ:-ਆਓ ਭਾਈ ਇੰਦਰ ਸੈਣ ! ਰਾਜ਼ੀ ਹੋ?

ਇੰਦਰ ਸ਼ੈਣ ਦਰਸ਼ਨ ਕਰਦੇ ਸਾਰ ਐਉਂ ਖਿੱਚ ਖਾ ਗਿਆ ਸੀ ਜਿਵੇਂ ਕੋਈ ਮੁੱਦਤਾ ਦੇ ਜਾਣੇ ਸਿਆਣੇ ਪਰਮ ਹਿਤੂ ਜੀ ਮਿਲਦੇ ਹਨ। ਡਾਢੇ ਪਿਆਰ ਵਿਚ ਆਕੇ ਕਹਿਣ ਲਗਾ; 'ਆਪ ਦੀ ਮਿਹਰ ਹੈ, ਤੁੱਠੇ ਹੋ, ਬਿਰਦ ਸੰਭਾਲਿਆ ਨੇ। ਮੁੱਦਤਾਂ ਤੋਂ ਤਰਲੇ ਲੈ ਰਹੇ ਸਾਂ, ਹੁਣ ਚਾਨਣਾ ਦਿਓ ਤੇ ਪਰਦਾ ਉਠਾਕੇ ਦਿਖਾ ਦਿਓ ਜੋ ਹੈ ਦੇਖਣੇ ਯੋਗ?'

ਗੁਰੂ ਜੀ-ਜੋ ਮਨ ਨਾਲ ਸੋਚੀਦਾ ਹੈ ਉਹ ਜਾਣਨਾ ਹੈ, ਗਿਆਨ ਹੈ, ਪਰ ਮਨ ਦੀ ਸੋਚ ਵਿਚ ਉਹ ਨਹੀਂ ਆ ਸਕਦਾ ਜੋ ਸੋਚ ਤੋਂ ਪਰੇ ਹੈ, ਇਹੋ ਪਰਦਾ ਹੈ ਜੋ ਆਪ ਅਸਾਂ ਆਪੇ ਅੱਗੇ ਤਾਣ ਰੱਖਿਆ ਹੈ। ਇੰਦਰ ਸੈਣ ! ਘਾਲ ਜੋ ਕਰਦੇ ਰਹੇ ਹੋ ਤੇ ਜੋ ਕਰੀਦੀ ਹੈ ਉਹ ਨੂਰ ਲਈ ਹੀ ਕਰੀਦੀ ਹੈ, ਪਰ ਨੂਰ ਤਾਂ ਖੁੱਲ੍ਹਦਾ ਹੈ ਜੇ ਮਨ ਤੋਂ ਪਰੇ ਪ੍ਰਤੀਤੀ ਦੇ

---

[1] ਪੁ: ਜਨਮ ਸਾਖੀ ਵਿਚ ਲਿਖਿਆ ਹੈ ਕਿ ਝੰਡਾ ਗੁਰੂ ਜੀ ਨੂੰ ਘਰ ਲੈ ਗਿਆ, ਪਰ ਨਾ: ਪ੍ਰ: ਤੇ ਬਾ: ਵਾ: ਜਨਮ ਸਾਖੀ ਵਿਚ ਉਦਿਆਨ ਬੈਠੇ ਰਹੇ ਹੀ ਦੱਸਿਆ ਹੈ।

ਦੇਸ਼ ਨੂੰ ਟੁਰੀਏ ਤਾਂ। ਉਸ ਦਾ ਮਾਰਗ, ਪ੍ਰੇਮ ਹੈ, ਭਗਤੀ ਹੈ।

ਇੰਦਰ ਸੈਣ-ਸੱਚ ਹੈ, ਭਗਤੀ ਅੰਤ ਨੂੰ ਮਿਲਾਉਂਦੀ ਹੈ ਤੇ ਗਿਆਨ ਅੰਤ ਨੂੰ ਪਰਦਾ ਦੂਰ ਕਰਦਾ ਹੈ, ਪਰ ਮਨਾਂ ਦੇ ਰੁਖ਼ ਅੱਡਰੇ ਹਨ। ਝੰਡੇ ਦਾ ਰੁਖ਼ ਭਗਤੀ ਵਲ ਵਧੇਰੇ ਪੈਂਦਾ ਹੈ, ਮੇਰਾ ਗਿਆਨ ਵੰਨੇ, ਹਾਂ ਦੋਵੇਂ ਸਤਿਸੰਗੀ। ਸਾਧਨ ਦੋਹਾਂ ਨੇ ਇਕੋ ਕੀਤੇ ਹਨ:-ਮਨ ਨੂੰ ਧਾਵਣੋ ਵਰਜਣਾ, 'ਹਾਂ, ਨਾਮ ਰੂਪ ਤੋਂ ਮਨ ਨੂੰ ਹਟਾ ਹਟਾ ਕੇ ਇਕ 'ਸਾਰ' ਤੇ ਟਿਕਣ ਦਾ ਜਤਨ ਕਰਦੇ ਰਹੇ ਹਾਂ, ਪਰ ਬਣਿਆ ਨਹੀਂ ਕੁਛ, ਇਕ ਸੁਨ ਜਿਹੀ ਵਿਚ ਟਿਕਾਉ ਜਿਹਾ ਕੁਛ ਭਾਸਦਾ ਹੈ ਜੋ ਉੱਕ ਉੱਕ ਜਾਂਦਾ ਹੈ, ਜਾਂ ਜਿਸ ਤੋਂ ਛੇਤੀ ਉਟਕ ਉਟਕ ਜਾਈਦਾ ਹੈ। ਕੋਈ ਰੇਖ ਵਿਚ ਮੇਖ ਮਾਰੋ, ਕੋਈ ਸਰ ਸੰਧ ਕੇ ਛਡੋ ਜੋ ਹਨੇਰਾ ਜਿਹਾ, ਜਿਹੜਾ ਰਹਿੰਦਾ ਹੈ, ਦੂਰ ਹੋਵੇ। ਕੁਛ ਦਿਨ ਅਸਾ ਦੋਹਾਂ ਕੁਛ ਜੋਗ ਸਾਧਨ ਬੀ ਕੀਤੇ ਹਨ, ਪਰ ਸੰਸਾ ਘਟ ਵਿਚ ਆ ਆ ਉਖੇੜਦਾ ਰਹਿੰਦਾ ਹੈ। ਹਾਂ ਇਕ ਗਲ ਕਦੇ ਕਦੇ ਮੇਰੇ ਤੇ ਵਾਪਰਦੀ ਹੈ ਐਉਂ ਭਾਸਦਾ ਰਿਹਾ ਹੈ ਕਿ ਮਿਹਰ ਹੋਵੇਗੀ, ਆਪ ਆਵੇਗਾ, ਲੜ ਲਾਵੇਗਾ।

ਗੁਰੂ ਜੀ-ਫਿਰ ਇੱਛਾ ਕੀ ਹੈ, ਲੋੜ ਕਿਵੇਂ ਹੈ?

ਇੰਦਰ ਸੈਣ-

ਬਹੁਤ ਦਿਨਨ ਕੀ ਹਮ ਉਰ ਚਾਹੂ। ਕਰਹੁ ਦ੍ਵੈਤ ਸਭ ਉਰ ਦੇ ਦਾਹੂ ॥੪੪॥ ਗਜ਼ਾਨਾਨੰਦ ਦਾਨ ਕੋ ਦੀਜੈ। ਹਮ ਪਰ ਸੰਤ ਕ੍ਰਿਪਾਲ ! ਪ੍ਰਸੀਜੈ। ਕੋਟਕ ਜਨਮ ਬਿਤੀਤੇ ਭੂਲੇ। ਨਿਜ ਸਰੂਪ ਤੇ ਭੇ ਪ੍ਰਤਿਕੂਲੇ॥੪੫॥ ਸੋ ਸਰੂਪ ਅਬ ਦੇਹੁ ਦਿਖਾਈ। ਜਾਂ ਮੈਂ ਕਬਹੂ ਨ ਆਵਨ ਜਾਈ ਹਿਰਖ ਸ਼ੋਕ ਕੇ ਦੁੰਦ ਬਿਹੀਨਾ। ਜੋ ਕਿਹ ਮਲ ਤੇ ਹ੍ਵੈ ਨ ਮਲੀਨਾ॥੪੬॥

ਸੁਣਕੇ ਸ੍ਰੀ ਗੁਰੂ ਜੀ ਮੁਸਕ੍ਰਾਕੇ ਬੋਲੇ-ਜੇ ਗਜ਼ਾਨਾਨੰਦ ਦੀ ਇੱਛਾ ਹੈ ਤਾਂ ਸਾਨੂੰ ਗੁਰ ਦੱਛਨਾ ਕੀਹ ਦਿਓਗੇ?

ਇੰਦਰ ਸੈਣ-ਜੋ ਆਗਜ਼ਾ ਕਰੋ।

ਗੁਰੂ ਜੀ-ਸਰਬੰਸ ਦੇ ਦਿਓ।

ਇੰਦਰ ਸੈਣ ਜੀ ਕਹਿਨ ਲਗੇ:

ਹਮਰਾ ਧਨ ਧਾਨਾ। ਸਦਨ ਸਹਿਤ ਤੁਮ ਚਰਨ ਚਢਾਨਾਂ। ਹਮ ਨਹਿ ਗ੍ਰਹਨ ਕਰੈਂ ਅਬ ਕੋਊ। ਜੋ ਸਰਬੰਸ ਹੁਤੋ ਦਿਯ ਸੋਊ॥੫੨॥ (ਨਾ: ਪ੍ਰ:)

ਗੁਰੂ ਜੀ-ਹੁਣ ਤੁਸਾਂ ਪਾਸ ਆਪਣਾ ਕੀ ਰਹਿ ਗਿਆ ਹੈ?

ਇੰਦਰ ਸੈਣ-ਇਕ ਇਹ ਸਰੀਰ।

ਗੁਰੂ ਜੀ-ਇਹ ਬੀ ਦੇ ਦਿਓ।

ਇੰਦਰ ਸੈਣ-ਸਤਿ ਬਚਨ, ਇਹ ਬੀ ਅਰਪਣ ਹੈ ਆਪ ਦੇ।

ਗੁਰੂ ਜੀ-ਹੁਣ ਆਪ ਪਾਸ ਆਪਣਾ ਕੀ ਬਾਕੀ ਹੈ?

ਇੰਦਰ ਸੈਣ-ਅੰਤਹਕਰਣ।

ਗੁਰੂ ਜੀ-ਇਹ ਬੀ ਅਰਪ ਦਿਓ, ਕਿਉਂਕਿ ਇਹ ਬੀ ਤੁਹਾਡੇ ਸਰਬੰਸ ਵਿਚੋਂ ਹੈ। ਇਹ ਬੀ ਤੁਹਾਡੀ 'ਮੈਂ' ਨਹੀਂ ਪਰ ਮੈਂ ਦਾ 'ਮੇਰਾ'; ਤੁਹਾਡੀ ਵਸਤੂ ਜਿਸ ਦੇ ਤੁਸੀਂ ਮਾਲਕ ਹੋ।

ਇੰਦਰ ਸੈਣ-ਇਹ ਬੀ ਸਮਰਪਣ ਹੈ।

ਗੁਰੂ ਜੀ-ਹੁਣ ਜੋ ਸੰਸਾ ਤੁਹਾਨੂੰ ਹੈ ਉਹ ਪੁੱਛੋ ਜਿਸ ਕਰਕੇ ਗਜ਼ਾਨ ਵਿਚ ਕਸਰ ਹੈ।

ਇੰਦਰ ਸੈਣ ਨੇ ਜਦ ਪ੍ਰਸ਼ਨ ਕੀਤਾ ਤਾ ਦਾਤਾ ਜੀ ਨੇ ਆਖਿਆ, ਭਾਈ ! ਇਹ ਜੋ ਹੁਣ ਤੁਹਾਨੂੰ ਸੰਕਲਪ ਫੁਰਦੇ ਹਨ ਜਿਨ੍ਹਾਂ ਕਰਕੇ ਸੰਸੇ ਪੁੱਛਦੇ ਹੋ, ਸੋ ਤਾਂ ਮਨ ਦਾ ਧਰਮ ਹੈ, ਮਨ ਨੂੰ ਫੁਰਨਾ ਫੁਰਦਾ ਹੈ, ਸੰਕਲਪ ਉਪਜਦੇ ਹਨ, ਸੰਸੇ ਉਠਦੇ ਹਨ, ਮਨ ਤੁਸੀਂ ਸਾਨੂੰ ਅਰਪ ਚੁਕੇ ਹੋ, ਸਾਨੂੰ ਅਰਪੀ ਸ਼ੈ ਨਾਲ ਤੁਸੀਂ ਜੋ ਸੰਕਲਪ ਕਰਦੇ ਹੋ, ਸੋ ਹੁਣ ਤੁਹਾਡਾ ਧਰਮ ਨਹੀਂ ਹੈ। ਇਹ ਸੁਣਕੇ ਦੋਵੇਂ ਅੰਦਰ ਇਕ ਅਚਰਜ ਦਸ਼ਾ ਵਿਚ ਹੋ ਗਏ। ਸੰਕਲਪ ਫੁਰਨੋਂ ਰੁਕ ਖਲੋਤਾ, ਫੁਰੇ ਤਾਂ ਅੰਦਰੋਂ ਹੀ ਦੂਜਾ ਫੁਰਨਾ ਫੁਰੇ ਕਿ ਇਹ ਧਰਮ ਨਹੀਂ। ਇਉਂ ਜਤਨ ਕਰਦੇ ਦੋਵੇਂ ਇਕ ਟਿਕਾਉ ਜਿਹੇ ਵਿਚ ਹੋ ਗਏ। ਫਿਰ ਗੁਰੂ ਜੀ ਨੇ ਕਿਹਾ ਤੁਸਾਂ ਦੇ ਅੰਦਰ ਜੋ ਆਪਣੀ ਚਿਤਵਨਾ ਤੇ ਹਉਂ ਮਾਤ੍ਰ ਹੈ ਸੋ ਬੀ ਅੰਤਹਕਰਣ ਦਾ ਧਰਮ ਹੈ ਜੋ ਤੁਸੀਂ ਦੇ ਚੁਕੇ ਹੋ। ਇਹ ਕਹਿਦਿਆਂ ਆਪ ਦੇ ਨੈਣਾਂ ਨੇ ਇਕ ਐਸਾ ਬਾਣ ਮਾਰਿਆ ਕਿ ਦੁਹਾਂ ਦਾ ਆਪਾ ਦੂਈ ਦੀ ਛੋਹ ਤੋਂ ਪਰੇ ਹੋ ਗਿਆ, ਜੋ ਪਰਛਾਈਂ ਕਿ ਹਉਂ ਹਉਂ ਮੈਂ

ਮੈਂ ਦੇ ਫੁਰਨੇ ਨੇ ਪਾਈ ਹੋਈ ਸੀ ਸੋ ਦੂਰ ਹੋਈ ਤੇ ਓਹ ਦੁਇ ਅਪਣੇ 'ਆਪੇ' ਵਿਚ ਟਿਕ ਗਏ। ਜੋ ਗਲ ਕਦੇ ਉਨ੍ਹਾਂ ਨੇ ਅਪਣੇ ਸਾਧਨਾਂ ਨਾਲ ਅਪਣੇ ਤਜਰਬੇ ਵਿਚੋਂ ਨੇਹੀਂ ਸੀ ਲੰਘਦੀ ਵੇਖੀ ਅੱਜ ਲੰਘੀ, ਹਾਂ ਦੂਹਾਂ ਨੂੰ ਅਨੁਭਵ ਹੋ ਗਈ। ਕੁਝ ਚਿਰ ਮਗਰੋਂ ਨੈਣ ਖੁੱਲ੍ਹੇ ਤਾਂ ਸ੍ਰੀ ਸਤਿਗੁਰ ਜੀ ਬੋਲੇ-

ਤੁਸਾਂ ਦਾ ਧਨ ਧਾਮ ਸਰੀਰ ਅੰਤਹਕਰਨ ਸਭ ਕੁਛ ਤੁਸਾਂ ਦਾ ਹੈ, ਤੁਸਾਂ ਪਾਸ ਰਹੇ ਜਦ ਤਕ ਹੈ ਸਰੀਰ, ਅਸਾਂ ਨੂੰ ਕਾਈ ਸ਼ੈ ਦੀ ਲੋੜ ਨਹੀਂ। ਅਸਾਂ ਲਏ ਸਨ ਤੁਸਾਨੂੰ 'ਮੈਂ ਮੇਰੀ' ਤੋਂ ਚੁੱਕਕੇ ਅਸਲ 'ਮੈਂ' ਦਾ ਝਲਕਾ ਦਿਖਾਵਣ ਵਾਸਤੇ। 'ਮੈਂ ਮੇਰੀ' ਅੰਦਰੋਂ ਉਠਦੀਆਂ ਨਹੀਂ, ਇਸ ਕਰ ਕੇ ਆਪੇ ਵਿਚ ਟਿਕਾਉ ਨਹੀਂ ਮਿਲਦਾ ਅਸਾਂ ਤੁਸਾਨੂੰ ਤੁਹਾਡੀ ਸਾਰੀ ਮੈਂ ਤੇ ਮੇਰੀ ਓਪਰੀ ਕਰਕੇ ਦਿਖਾਈ ਹੈ, ਹੁਣ ਬਾਕੀ ਕੀ ਰਿਹਾ? ਆਪੇ ਦਾ ਆਪੇ ਵਿਚ ਆਪੇ ਨੂੰ ਪ੍ਰਤੀਤ ਕਰਨਾ, ਸੋ ਪ੍ਰਤੀਤੀ ਤੁਸਾਂ ਨੇ ਹੁਣ ਮਾਣ ਲਈ ਹੈ, ਹਾਂ ਦੇਖ ਲਈ ਹੈ। ਹੁਣ ਕਦੇ ਇਸ 'ਮੈਂ ਮੇਰੀ' ਨੂੰ, ਜੋ ਓਪਰੀ ਕੀਤੀ ਨੇ, ਆਪਨੀ ਨਾ ਕਰਿਓ, ਤਾਂ ਗਿਆਨ, ਜੋ ਹੁਣ ਦਾਨ ਹੋਯਾ ਹੈ, ਟਿਕਿਆ ਰਹੇਗਾ, ਨਹੀਂ ਤਾਂ ਮੁੜ ਸਿਥਲਤਾ ਹੋਵੇਗੀ। ਢਿੱਲ ਪਏਗੀ। ਇਸ ਲਈ ਨਾਮ ਅਭਿਆਸ ਦੀ ਸਦਾ ਲੋੜ ਹੈ, ਜਦੋਂ ਸਿਥਲਤਾ ਹੋਵੇ ਤਾ ਅਭਿਆਸ ਨਾਲ ਦੂਰ ਹੁੰਦੀ ਹੈ ਤੇ ਇਹ ਜੋ ਝਲਕਾ ਤੁਸਾਨੂੰ ਹੁਣ ਵੱਜਾ ਹੈ, ਸੋ ਮੁੜ ਵਜਦਾ ਰਹਿੰਦਾ ਹੈ, ਤਾਂ ਤੇ ਨਾਮ ਦਾ ਲੜ ਘੁੱਟ ਕੇ ਫੜ ਲਓ।

ਹੁਣ ਟੁਰੋ ਅੱਗੇ, ਆਤਮਾ ਦਾ ਪਰਮਾਤਮਾ ਨਾਲ ਮੇਲ। ਸ਼ੁੱਧ ਹੋਏ ਨਿਰਮਲ ਤੇ ਨਿਹਕੇਵਲ ਹੋਏ ਆਤਮਾ ਵਿਚ ਬੀ 'ਪਹਿਲੋਂ ਕਮਾਈ ਭਗਤੀ' ਦੇ ਅਤਿ ਸੂਖਮ ਤੇ ਸਮਝੋਂ ਪਰੇ ਪ੍ਰੇਮ ਭਾਵ ਦੀ ਲੋੜ ਹੈ, ਜੋ ਇਸ ਆਤਮਤੱਤ ਨੂੰ, ਜਿਸ ਨੂੰ ਤੁਸਾਂ ਅਨੁਭਵ ਕੀਤਾ ਹੈ, ਪਰਮੇਸ਼ਰ ਜੀ ਨਾਲ ਮੇਲ ਦੇਂਦਾ ਹੈ। ਨਿਰਾ ਆਤਮਾਂ ਦਾ ਨਿਹਕੇਵਲ ਹੋ ਜਾਣਾ ਕਾਫੀ ਨਹੀਂ, ਨਿਹਕੇਵਲ ਹੋਕੇ ਪਰਮਾਤਮਾਂ ਜੀ ਨੂੰ ਮਿਲੀਦਾ ਹੈ। ਇਥੇ ਨਦਰ ਦਾ ਕ੍ਰਿਸ਼ਮਾ ਕੰਮ ਕਰਦਾ ਹੈ। ਜੀਵਾਤਮਾ ਜਦ ਇਥੇ ਆਵੇ ਤਾ ਕੋਈ ਕ੍ਰਿਸ਼ਮਾ 'ਅਨੰਤ' ਵਿਚੋਂ ਤੇ 'ਅਨੰਤ' ਵਲੋਂ ਸ੍ਵਛੰਦ ਵਰਤਦਾ ਹੈ ਜੋ ਜੀਵ ਤੱਤ ਨੂੰ ਪਰਮ ਤੱਤ (ਪਰਮਾਤਮ ਤੱਤ੍ਵ) ਨਾਲ ਮੇਲ ਲੈਂਦਾ ਹੈ[੧]। ਜੀਵ ਤੱਤ੍ਵ ਦਾ ਨਿਰੋਲ ਹੋਕੇ ਬ੍ਰਹਮ ਤੱਤ੍ਵ ਵਿਚ ਮਿਲਾਪ ਇਹ ਜੀਵ ਤੱਤ੍ਵ ਦਾ ਕਰਤੱਵ ਨਹੀਂ ਇਹ ਬ੍ਰਹਮਤੱਤ੍ਵ ਦੀ ਮਿਹਰ ਹੁੰਦੀ ਹੈ, ਇਸਨੂੰ ਨਦਰ ਆਖੀਦਾ ਹੈ। ਇਹ ਅਸਾਂ ਤੁਸਾਨੂੰ ਤੁਹਾਡੀ ਸਮਝ ਪੈਣ ਵਾਲੀ ਬੋਲੀ ਵਿਚ ਸਮਝਾਇਆ ਹੈ ਜਿਸਦਾ ਤੁਹਾਨੂੰ ਸੁਭਾਵ ਪਿਆ ਹੋਇਆ ਹੈ। ਮੋਟੇ ਅੱਖਰਾ ਵਿਚ ਸਮਝ ਲਓ ਕਿ ਸਾਡੇ ਅੰਦਰਲੇ ਦੀ ਉੱਨਤੀ ਤਾਂ ਹੀ ਹੁੰਦੀ ਹੈ ਜੇ ਇਹ ਪਰਮੇਸ਼ਰ ਜੀ ਦੇ ਪ੍ਰੇਮ ਵਿਚ ਆਵੇ ਤਾਂ। ਪ੍ਰੇਮ ਕਰਨ ਦਾ ਢੰਗ ਪ੍ਰੇਮ ਦਾ ਵਰਤਾਉ, ਪ੍ਰੇਮ ਦਾ ਸਰੂਪ ਹੈ 'ਨਾਮ'। ਨਾਮ ਦਾ ਸਾਰਾ ਪ੍ਰਕਰਣ ਝੰਡਾ ਸਮਝ ਚੁਕਾ ਤੇ ਤੁਸਾਂ ਨੂੰ ਦੱਸ ਚੁਕਾ ਹੈ। ਨਾਮ ਨਾਲ ਆਪਾ ਆਪੇ ਵਿਚ ਆ ਜਾਂਦਾ ਹੈ ਤੇ ਸਾਰੇ ਰੋਕਣ ਵਾਲੇ ਸਾਮਾਨਾਂ ਤੋਂ ਉੱਚਾ ਹੋ ਜਾਂਦਾ ਹੈ ਤੇ ਹਰ ਪ੍ਰਕਾਰ ਦੇ ਆਵਰਣ ਤੋਂ ਛੁੱਟਦਾ ਹੈ। ਇਸ ਦੇ ਆਸ ਅੰਦੇਸੇ ਦੇ ਪਟ ਟੁੱਟਦੇ ਹਨ। ਨਾਮ ਰੂਪੀ ਪ੍ਰੇਮ ਦਾ ਅੰਦਰ ਨਿਵਾਸ ਹੋਣ ਕਰਕੇ ਉਸ ਆਪੇ ਵਿਚ ਪਰਮੇਸੁਰ ਜੀ ਵਲ ਝੁਕਾਉ ਹੁੰਦਾ ਹੈ, ਤਾਂਘ ਤੇ ਉਲਾਰ ਹੁੰਦਾ ਹੈ, ਉਸ ਉਲਾਰ ਪਰ ਪਰਮੇਸ਼ਰ ਜੀ ਦੀ ਮਿਹਰ ਪੈਕੇ ਉਸਨੂੰ ਚਰਨ ਸ਼ਰਨ, ਜਾਂ ਕਹੋ ਆਪਣੇ ਸਰੂਪ ਵਿਚ, ਲੈ ਲੈਂਦੀ ਹੈ। ਇਹ ਪਰਮ ਪਦ ਹੈ, ਇਹੀ ਗਿਆਨ ਹੈ, ਇਹੀ ਵਸਲ ਹੈ। ਜੇ ਜੀਵ ਲਗਾਤਾਰ ਅਭਿਆਸ ਵਿਚ ਨਾ ਰਹੇ ਤੇ ਸਮਝ ਵਿਚ ਗਯਾਨ ਦੀਆਂ ਗੱਲਾਂ ਪੈ ਜਾਣ ਤਾ ਜੋ ਗਿਆਨ ਹੁੰਦਾ ਹੈ ਉਹ ਅਸਲੀ ਗਿਆਨ ਨਹੀਂ ਹੁੰਦਾ, ਉਹ ਮਨ ਦਾ ਧਰਮ ਹੈ,-ਜਾਣਨਾ ਮਾਤ੍ਰ। ਉਹ ਗਯਾਨ ਦੇਸ ਕਾਲ ਵਿਚ ਹੈ, ਉਸ ਨਾਲ ਜੀਵ ਛੁੱਟਦਾ ਨਹੀਂ। ਹਾਂ, ਨਾਮ ਦੇ ਰੰਗ ਨਾਲ, ਪ੍ਰੇਮਾ ਭਗਤੀ ਨਾਲ ਜੋ ਕੁਛ ਅੰਤ ਨੂੰ ਪ੍ਰਾਪਤ ਹੁੰਦਾ ਹੈ, ਸੋ ਅਸਲ ਗਿਆਨ ਹੈ, ਸਫਲ ਗਿਆਨ ਹੈ, ਅਨੁਭਵ ਹੈ, ਸੋ ਪ੍ਰਾਪਤੀ ਹੈ, ਯਥਾਰਥ ਹੈ[੨], ਸੋ ਪ੍ਰੇਮ ਮੁੱਖ ਵਸਤੂ ਹੈ; ਹੋਰ

---

[੧] ਬਾਬਾ ਜੁਗਤਾ ਜੀਉ ਜੁਗਹਿ ਜੁਗ ਜੋਗੀ ਪਰਮ ਤੰਤ ਮਹਿ ਜੋਗੰ॥ (ਆਸਾ ਮ: ੧)

[੨] ਯਥਾ ਸ੍ਰੀ ਗੁਰੂ ਗਰੰਥ ਵਾਕ:-ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥ (ਗਉੜੀ ਬਾ: ਅ: ਮ: ੫)

ਚੰਚਲਤਾਈਆਂ ਹਨ ਮਨ ਬੁੱਧਿ ਦੀਆਂ।

ਇੰਦਰ ਸੈਣ-ਝੰਡੇ ਨੂੰ ਆਪ ਦੇ ਨਾਮ ਦੀ ਗੱਲ ਸਮਝਾਉਣ ਨਾਲ ਸੋਝੀ ਹੋ ਆਈ ਹੈ। ਆਪ ਦੀ ਦੱਸੀ ਨਾਮ ਦੀ ਵਿੱਦਯਾ ਕੁਛ ਝੰਡੇ ਤੋਂ ਤੇ ਕੁਛ ਹੁਣ ਆਪ ਜੀ ਤੋਂ ਮੈਂ ਸਮਝੀ ਹੈ। ਸੁਖੀ ਹੋ ਗਏ ਹਾਂ ਦੋਵੇਂ, ਚਿਤ ਵਿਚੋਂ ਸੰਸੇ ਉਠ ਗਏ ਹਨ ਤੇ ਪਰਮੇਸ਼ੁਰ ਜੀ ਦਾ ਪਿਆਰ ਤੇ ਧਿਆਨ ਆਕੇ ਇਸ ਨੂੰ ਸੁਧ ਸੁਖ ਰੂਪ ਕਰ ਰਿਹਾ ਹੈ। ਆਪਾ ਸਾਰੇ ਸੰਬੰਧਾਂ ਤੋਂ ਨਿਹਕੇਵਲ ਹੋ ਸਾਂਈਂ ਦੇ ਰੰਗ ਵਿਚ ਮਗਨ ਹੋ ਰਿਹਾ ਹੈ। ਆਪ ਨੇ ਸਾਡੇ ਸਾਰੇ ਛੌੜ ਕੱਟੇ ਹਨ ਤੇ ਉਹ ਰਸਤੇ ਪਾਇਆ ਹੈ ਕਿ ਸਰੀਰ ਸ਼ੁੱਧ ਹੋ ਜਾਏ; ਅੰਤਹਕਰਣ ਸ਼ੁੱਧ ਹੋ ਜਾਣ, ਮਾੜੇ ਸੰਸਕਾਰ, ਦ੍ਵੈਤਤਾਈ ਦੇ ਸੰਸਕਾਰ ਨਾ ਰਹਿਣ, ਸਰੀਰ, ਮਨ, ਬੁੱਧਿ ਸਾਰੇ 'ਮੈਂ' ਨਾ ਭਾਸਣ, ਪਰ 'ਮੇਰੇ' ਤੇ ਫਿਰ ਇਸ 'ਮੇਰਿ' ਸਾਰੀ ਨਾਲ ਸੰਬੰਧ ਟੁੱਟ ਜਾਏ ਤੇ 'ਮੈਂ' ਰਹਿ ਜਾਏ। 'ਮੈਂ' ਜਦ ਜਗਤ ਵੱਲ, ਪਸਾਰੇ ਵੱਲ, ਗ੍ਰਹਣ ਵੱਲ ਰੁਖ ਕਰੇਗੀ ਤਾਂ ਉਹ ਹੋਵੇਗੀ ਹਉਮੈਂ, ਜੋ ਫਿਰ ਓਪਰੀ ਸ਼ੈ ਹੈ, ਤੇ ਜੇ ਉਹ 'ਮੈਂ' ਰੁਖ ਕਰੇਗੀ ਪਰਮੇਸ਼ੁਰ ਜੀ ਦੇ ਵੱਲ, ਉਧਰ ਰਾਗ ਕਰੇਗੀ ਤੇ ਇਧਰੋਂ ਵਿਰਾਗ, ਅਰਥਾਤ ਸੁਤੇ ਵਿਰਾਗ ਵਿਚ ਹੋਵੇਗੀ ਤਾਂ ਅਨੰਤ ਆਪਣੀ ਮਿਹਰ ਨਾਲ ਉਸ ਨੂੰ ਆਪਣਾ ਲਏਗਾ। ਉਹ ਅਵਸਥਾ ਹੋਵੇਗੀ ਭਗਤੀ ਦੀ, ਉਹੀ ਹੋਵੇਗੀ ਸਫਲ ਗਿਆਨ ਦੀ। ਹੋਰ ਗਿਆਨ, ਕਥਨੀ ਮਾਤ੍ਰ ਵਾਚਜ ਗਿਆਨ ਤਾਂ ਮਨ ਦਾ ਧਰਮ ਹੈ। ਫਿਰ ਆਪ ਨੇ ਸਮਝਾਇਆ ਹੈ ਕਿ ਅਸਲੀਅਤ ਦੀ ਪ੍ਰਾਪਤੀ ਲਈ ਜਦ ਤਕ ਦੇਹੀ ਹੈ, ਜਦ ਤਕ ਦੇਹ ਵਿਚ ਅੰਤਹਕਰਣ ਹਨ, ਜਦ ਤਕ ਇਹ ਟੁਰਦਾ ਫਿਰਦਾ; ਖਾਂਦਾ ਪੀਂਦਾ ਤੇ ਕੰਮ ਕਰਦਾ ਹੈ; ਤਦ ਤਕ ਅੰਤਹਕਰਣ ਕੰਮ ਕਰਦੇ ਹਨ, ਇਸ ਦਾ ਧਰਮ ਹੈ ਸਿਮਰਣ ਵਿਚ ਰਹੇ; ਜਿਸ ਦਾ ਭਾਵ ਇਹ ਹੈ ਕਿ ਲਗਾਤਾਰ ਪ੍ਰੇਮ ਵਿਚ ਰਹੇ। ਸਿਮਰਣ ਪ੍ਰੇਮ ਹੈ। ਪ੍ਰੇਮ ਸਿਮਰਣ ਹੈ। ਇਸ ਨਾਲ ਜਗਤ ਦੇ ਵਿੱਚੇ ਵਸਦਾ ਜੀਵ ਹੋ ਜਾਵੇਗਾ ਉੱਚਾ, ਸੁੱਚਾ, ਸੁਖੀ ਤੇ ਰਸ ਵਿਚ, ਜਾਂ ਜੀਵਨ ਮੁਕਤ। ਕੰਮ ਕਰੇਗਾ, ਪਰ ਲਿਪਾਇਮਾਨ ਨਹੀਂ ਹੋਵੇਗਾ। ਸੁਖੀ ਹੋਵੇਗਾ, ਸੁਖ ਇਸ ਤੋਂ ਦਾਨ ਹੋਵੇਗਾ, ਪਰ ਇਹ ਹਉਂ ਵਿਚ ਨਹੀਂ ਹੋਵੇਗਾ ! ਇਹ ਮੈਂ ਸਮਝਿਆ ਤੇ ਲਖਿਆ ਹੈ ਆਪ ਦੀ ਮਿਹਰ ਨਾਲ, ਕੀਤੇ ਬਚਨਾਂ ਨਾਲ, ਝੰਡੇ ਤੋਂ ਸੁਣੇ ਆਪ ਦੇ ਵਾਕਾਂ ਤੋਂ ਤੇ ਆਪ ਦੀ ਕ੍ਰਿਪਾ ਦ੍ਰਿਸ਼ਟੀ ਨਾਲ, ਜੋ ਆਪ ਨੇ ਅਸਾਂ ਪਰ ਪਾਕੇ ਸਾਡੇ ਛੌੜ ਕੱਟੇ ਹਨ। ਭੁੱਲ ਹੋਵੇ ਤਾਂ ਸਹੀ ਕਰ ਦਿਓ। ਖਿਮਾ ਕਰਨੀ ਮੈਂ ਆਪਣੇ ਢੰਗ ਨਾਲ ਗੱਲ ਸਮਝੀ ਹੈ ਤੇ ਦਲੇਰੀ ਕਰਕੇ ਦੁਹਰਾਈ ਹੈ !

ਗੁਰੂ ਜੀ-ਤੁਸੀਂ ਠੀਕ ਸਹੀ ਕੀਤਾ ਹੈ, ਤੁਸਾਂ ਦੋਹਾਂ ਪਰ ਸਾਂਈਂ ਦੀ ਮਿਹਰ ਹੈ, ਜੀਵੇ ਹੋਏ ਹੋ। ਦੇਖੋ! ਇਲਾਹੀ ਰੌ ਚਲ ਰਹੀ ਹੈ ਤੁਹਾਡੇ ਜਾਗੇ ਹੋਏ ਆਪੇ ਵਿਚ। ਪਰ ਇਹ ਨਾ ਸਮਝਣਾ ਕਿ ਪਰਮ ਪਦ ਦੀ ਅਵਸਥਾ, ਜੋ ਸਤਜ ਹੈ ਉਹ ਕਿਸੇ ਜੜ੍ਹਤਾ ਤੁੱਲ ਹੈ।

ਦੋਏ ਹੁਣ ਇਲਾਹੀ ਰੰਗ ਵਿਚ ਰੱਤੇ ਬੈਠੇ ਸਨ।

ਕੁਛ ਚਿਰ ਮਗਰੋਂ ਇੰਦਰ ਸੈਣ ਨੂੰ ਯਾਦ ਆਇਆ ਕਿ ਮੈਨੂੰ ਤਾਂ ਝੰਡਾ ਲਿਆਇਆ ਸੀ ਕਿ ਤੂੰ ਆਵੇਂ ਤਾਂ ਉਹ ਭੋਜਨ ਪਾਉਣ ਤੇ ਮੈਂ ਆ ਕੇ ਅਪਣੇ ਆਤਮ ਰਸ ਪੀਣ ਵਿਚ ਲਗ ਪਿਆ ਤੇ ਦਾਤੇ ਜੀਦੇ ਅਹਾਰ ਪਾਉਣ ਵਲ ਧਿਆਨ ਹੀ ਨਹੀਂ ਦਿਤਾ, ਤਦ ਅਧੀਨ ਹੋ ਕੇ ਬਿਨੈ ਕੀਤੀ ਕਿ ਆਪ ਹੁਣ ਕੁਛ ਅੰਗੀਕਾਰ ਕਰੋ। ਤਦੋਂ ਗੁਰੂ ਬਾਬੇ ਜੀ ਕੁਛ ਮੂੰਹ ਪਾਇਆ ਤੇ ਦੋਹਾਂ ਪ੍ਰਬੁਧ ਹੋਏ ਸੱਜਣਾਂ ਨੂੰ ਬੀ ਦਿੱਤਾ। ਉਨ੍ਹਾਂ ਬੀ ਖਾਧਾ। ਝੰਡਾ ਤਾਂ ਖਾਕੇ ਇਸ ਤਰ੍ਹਾਂ ਟਿਕਿਆ ਕਿ ਸਰੀਰ ਦੀ ਸੁਧ ਨਾ ਰਹੀ; ਜੁੜ ਗਿਆ ਐਸਾ ਕਿ ਦੇਹ ਤੋਂ ਮਾਨੋਂ ਬੇਖ਼ਬਰ ਹੈ। ਇੰਦਰ ਸੈਣ ਬੀ ਟਿਕ ਗਿਆ, ਪਰ ਉਹ ਉਸ ਤਰ੍ਹਾਂ ਦੇਹ ਤੋਂ ਬੇਖ਼ਬਰ ਨਹੀਂ ਹੋਇਆ, ਉਂਵ ਦੋਇ ਆਤਮ ਰਸ ਵਿਚ ਮਗਨ ਹੋ ਗਏ।

ਦੋਨੋ ਬੈਠੇ ਹੋਇ ਅਡੋਲਾ।
ਸੁਖ ਆਤਮ ਕੋ ਪਾਇ ਅਮੋਲਾ।

(ਨਾ: ਪ੍ਰ:)

ਤ੍ਰੈ ਪਹਿਰ-ਰਾਤ ਇਸ ਤਰ੍ਹਾਂ ਬੀਤ ਗਈ। ਜਦ ਸੂਰਜ ਚੜ੍ਹਿਆ ਤਾਂ ਸਤਿਗੁਰਾਂ ਨੇ ਦੋਹਾਂ ਦੀ ਸਮਾਧਿ ਖੁਲ੍ਹਾਈ ਤੇ ਖ਼ੁਸ਼ੀ ਕੀਤੀ।

੫.

**ਸ਼ਹਿਰ** ਵਿਚ ਧੁੰਮ ਪੈ ਗਈ ਕਿ ਕੋਈ ਤਪਾ ਆਇਆ ਹੈ ਜਿਸ ਨੇ ਰਾਜੇ ਸੁਧਰ ਸੈਣ ਦੇ ਭਣੇਵੇਂ

ਇੰਦਰ ਸੈਣ ਨੂੰ ਜੀਵਨ ਮੁਕਤ ਕੀਤਾ ਹੈ ਅਤੇ ਜਿਸ ਨੇ ਝੰਡੇ ਨੂੰ ਜੀਅਦਾਨ ਦਿੱਤਾ ਹੈ ਤੇ ਉਹ ਦੋਵੇਂ ਵਡੇ ਸਾਧੂ ਤੇ ਸਾਧਨਾਂ ਕਰਨ ਵਾਲੇ ਉਸ ਨੂੰ ਅਰਸ਼ੀ ਸਤਿਗੁਰ ਮੰਨ ਗਏ ਹਨ, ਤਦੋਂ ਲੱਗੇ ਸ਼ਹਿਰ ਤੇ ਲਾਗ ਲਾਗ ਦੇ ਲੋਕੀਂ ਆਉਣ। ਸਤਿਗੁਰੂ ਜੀ ਬੀ ਲਗੇ ਨਾਮ ਦਾ ਦਾਨ ਬਖਸ਼ਣ। ਇਸ ਤਰ੍ਹਾਂ ਦੂਰ ਨੇੜੇ ਤੋਂ ਆ ਆ ਕੇ ਲੋਕੀਂ ਤਰੇ। ਸੰਗਤ ਬਣ ਗਈ। ਝੰਡੇ ਦੇ ਘਰ ਸੰਗਤ ਦੇ ਪ੍ਰਵਾਹ ਟੁਰੇ ਰਹਿਣ, ਲੰਗਰ ਲਗਾ ਰਹੇ ਤੇ ਜਗਤ ਰੱਖਿਆ ਦਾ ਕਾਰਜ ਹੁੰਦਾ ਰਹੇ।

ਹੁੰਦੇ ਹੁੰਦੇ ਇਹ ਖ਼ਬਰ ਰਾਜਾ ਸੁਧਰ ਸੈਣ ਨੂੰ ਪਹੁੰਚੀ। ਨਵਾਂ ਸ਼ਾਕਤਕ ਜੋਗੀ, ਜੋ ਰਿਧੀਆਂ ਸਿੱਧੀਆਂ, ਟੂਣੇ ਟਾਮਣ ਕਰਦਾ ਸੀ ਤੇ ਵਜ਼ੀਰ ਦੇ ਘਰ ਵਿਚ ਕੁਛ ਸਤਿਕਾਰ ਰਖਦਾ ਸੀ, ਵਜ਼ੀਰ ਦੇ ਰਸਤੇ ਰਾਜਾ ਜੀ ਨੂੰ ਕੁਛ ਵਿਚਲਾਉਣ ਲਗਾ। ਰਾਜੇ ਨੇ ਬੀ ਸੁਣਕੇ ਅਚਰਜ ਮੰਨਿਆਂ, ਚਿੱਤ ਵਿਚ ਕਈ ਤ੍ਰੰਗ ਲੰਘੇ, ਪਰ ਸੀ ਵਿਚਾਰਵਾਨ, ਸੋਚਣ ਲਗਾ ਕਿ ਇੰਦਰ ਸੈਣ ਮੇਰਾ ਭਣੇਵਾਂ ਭੁੱਲਣ ਵਾਲਾ ਨਹੀਂ, ਉਸ ਨੂੰ ਧਰਮ ਦੀ ਸਾਰੀ ਸੋਝੀ ਹੈ ਤੇ ਛੋਟੀ ਉਮਰਾ ਤੋਂ ਅਗਮ ਨਿਗਮ ਦੇ ਪਤੇ ਲਾਉਂਦਾ ਹੈ, ਉਸਨੇ ਕੁਛ ਸ਼ਕਤੀ ਜ਼ਰੂਰ ਵੇਖੀ ਹੋਊ। ਇਹ ਵਿਚਾਰ ਕੇ ਉਸ ਨੇ ਆਦਮੀ ਘੱਲਿਆ ਕਿ ਝੰਡੇ ਦੇ ਘਰ ਜਾਓ ਤੇ ਜਿਸ ਨੂੰ ਉਸ ਨੇ ਗੁਰੂ ਬਣਾਇਆ ਹੈ ਉਸ ਨੂੰ ਲੈ ਆਓ।

ਉਸ ਆਦਮੀ ਨੇ ਆਕੇ ਜਦ ਰਾਜੇ ਦਾ ਸੰਦੇਸਾ ਦਿੱਤਾ ਤਾਂ ਇੰਦਰ ਸੈਣ ਉੱਥੇ ਹੀ ਸੀ, ਆਖਣ ਲੱਗਾ;-ਤੂੰ ਜਾ, ਮੈਂ ਆਪ ਰਾਜਾ ਜੀ ਪਾਸ ਆਕੇ ਸਾਰੀ ਗੱਲ ਬਾਤ ਕਰਦਾ ਹਾਂ।

ਸਤਿਗੁਰ ਜੀ ਨੇ ਇੰਦਰ ਸੈਣ ਵਲ ਤੱਕ ਕੇ ਕਿਹਾ: ਪੁਰਖਾ ! ਕਾਸਨੂੰ ਜਾਂਦਾ ਹੈਂ ? ਕਰਤਾਰ ਦੀ ਰਜ਼ਾ ਵਲ ਵੇਖ, ਜੋ ਕਰੇਗਾ ਸੋ ਭਲਾ ਕਰੇਗਾ, ਭੈ ਕਿਸਦਾ ਤੇ ਜਾਣਾ ਕਿਸ ਕੋਲ ?

ਤਦ ਇੰਦਰ ਸੈਣ ਨੇ ਹੱਥ ਜੋੜ ਕੇ ਕਿਹਾ ਕਿ ਮਾਲਕ ਜੀਉ ! ਰਾਜਾ ਮੇਰਾ ਮਾਮਾ ਹੈ ਸੱਕਾ ਤੇ ਉਹ ਨੇਕ ਰਾਜਾ ਹੈ, ਧਰਮ ਪਾਲਦਾ ਹੈ, ਪ੍ਰਜਾ ਦਾ ਨਿਆਈਂ ਹੈ, ਸਤਿਸੰਗ ਬੀ ਕਰਦਾ ਹੈ, ਉਸ ਪਰ ਆਪ ਦੀ ਮਿਹਰ ਚਾਹੀਏ। ਇਹ ਕਿਸੇ ਨੇ ਰਾਜੇ ਨੂੰ ਕੋਈ ਉਲਟ ਪੁਲਟ ਗੱਲਾਂ ਦੱਸੀਆਂ ਹਨ, ਇਸ ਕਰਕੇ ਮੇਰਾ ਚਿੱਤ ਹੈ ਕਿ ਮੈਂ ਜਾਵਾਂ, ਰਾਜੇ ਨੂੰ ਦੱਸਾਂ, ਸੱਚ ਦੀ ਸੋਝੀ ਨਾਲ ਉਹ ਜਾਗੇ ਤੇ ਆਪ ਟੁਰਕੇ ਚਰਨਾਂ ਵਿਚ ਆਵੇ। ਜਿਵੇਂ ਅਸਾਂ ਤੇ ਮਿਹਰ ਹੋਈ ਹੈ, ਆਪ ਦੀ ਮਿਹਰ ਉਸ ਪਰ ਬੀ ਹੋਵੇ: ਸਾਡਾ ਪਰਵਾਰ ਤੇ ਦੇਸ਼ ਸੁਖੀ ਵੱਸੇ।

ਤਦ ਸ੍ਰੀ ਗੁਰੂ ਜੀ ਨੇ ਫੁਰਮਾਇਆ-ਜਾਓ ਸਾਂਈਂ ਭਲਾ ਕਰੇ।

ਤਦ ਇੰਦਰ ਸੈਨ ਉਠਕੇ ਰਾਜੇ ਪਾਸ ਗਿਆ ਤੇ ਆਪਣੀ ਤੇ ਝੰਡੇ ਦੀ ਸਾਰੀ ਹਡਬੀਤੀ ਰਾਜੇ ਨੂੰ ਸੁਣਾਈ, ਜਿਵੇਂ ਉਪਦੇਸ਼ ਹੋਇਆ ਸੀ ਸਾਰਾ ਸੁਣਾਇਆ, ਜਿਵੇਂ ਮਿਹਰ ਦੀ ਦ੍ਰਿਸ਼ਟਿ ਨਾਲ ਦੋਹਾਂ ਨੂੰ ਅਨੰਤ ਦੀ ਛੁਹ ਮਿਲੀ ਸੀ ਸੋ ਸਾਰੀ ਵਿਥਿਆ ਦੱਸੀ।

ਰਾਜਾ ਜਿਉਂ ਜਿਉਂ ਸੁਣਦਾ ਗਿਆ ਤਿਉਂ ਤਿਉਂ ਪ੍ਰੇਮ ਵਿਚ ਭਿਜਦਾ ਗਿਆ, ਸਰੀਰ ਪਰ ਪੁਲਕਾਵਲੀ ਆ ਗਈ ਤੇ ਨੈਣ ਭਰ ਕੇ ਆਖਣ ਲੱਗਾ-ਮੈਨੂੰ ਬੀ ਦਰਸ਼ਨ ਕਰਾਓ ਉਸ ਜੋਤਿ ਨਿਰੰਜਨੀ ਦੇ ਜੋ ਮੈਂ ਬੀ ਨਿਸਤਾਰਾ ਪਾਵਾਂ। ਜਿਸ ਦੀ ਇਤਨੀ ਮਹਿਮਾ ਤੁਸਾਂ ਕੀਤੀ ਹੈ, ਜਿਸ ਦਾ ਚਰਚਾ ਘਰ ਘਰ ਹੈ, ਜਿਸ ਦਾ ਨਾਉਂ ਤੇ ਉਪਦੇਸ਼ ਸੁਣਕੇ ਖਿਚ ਪੈਂਦੀ ਹੈ ਤੇ ਪਿਆਰ ਜਾਗਦਾ ਹੈ, ਬੇਟਾ ਜੀਓ ! ਮੈਨੂੰ ਬੀ ਦਰਸਨ ਕਰਾਓ।

ਇੰਦਰ ਸੈਣ-ਮਹਾਰਾਜ ਜੀ ! ਫਿਰ ਮਨ ਨੂੰ, ਜੋ ਪਿਆਰ ਵਿਚ ਆਇਆ ਹੈ, ਪਿਆਰ ਵਿਚ ਭਰਿਆ ਹੀ ਲੈ ਚੱਲੋ, ਆਪ ਟੁਰਕੇ ਚੱਲੋ, ਭੇਟਾ ਨਾਲ ਲੈ ਚਲੋ, ਨਿੰਮ੍ਰ ਹੋ ਕੇ ਸ਼ਰਨ ਗਹੋ, ਤਦ ਜੀਵਨ ਰਸ ਲਹੋ।

ਭਣੇਵੇ ਦੀ ਸਿੱਖਿਆ ਮੰਨਕੇ ਸੁਧਰ ਸੈਣ ਰਾਜਾ ਹੋ ਕੇ ਰਾਜ ਮਦ ਤਿਆਗਕੇ ਗੁਰੂ ਜੀ ਦੇ ਦਰਸ਼ਨਾਂ ਲਈ ਝੰਡੇ ਦੇ ਘਰ ਟੁਰ ਕੇ ਆਇਆ:

ਪਗ ਨੰਗੇ ਮਨ ਦੀਨ ਹ੍ਵੈ,
ਪ੍ਰੇਮ ਸੰਗ ਤਿਹ ਆਨ।
ਕਰ ਬੰਦੇ ਬੰਦਨ ਕਰੀ,
ਧਰ ਪਰ ਦੰਡ ਸਮਾਨ।
ਕਰ ਅਸ਼ਟਾਂਗ ਚਰਨ ਅਨੁਰਾਗਾ।
ਪਰਜੋ ਰਹਜੋ ਉਠਤ ਨ ਬਡਭਾਗਾ।

(ਨਾ: ਪ੍ਰ:)

ਰਾਜੇ ਦੀ ਨਿੰਮ੍ਰਤਾ ਤੇ ਪ੍ਰੇਮ ਦੇਖਕੇ ਸਤਿਗੁਰ ਜੀ ਨੇ ਪਿੱਠ ਤੇ ਥਾਪੀ ਦਿੱਤੀ ਤੇ ਨਾਮ ਦਾਨ ਬਖਸ਼ਿਆ। ਰਾਜੇ ਦੇ ਅੰਦਰ ਸੁਖ ਤੇ ਠੰਢ ਆਈ। ਨਾਮ ਦੇ ਰੰਗ ਨੇ ਹੱਬੀ ਚਾਉ ਭਰ ਦਿੱਤਾ, ਚਰਨਾਂ ਨੂੰ ਪਰਸਦਾ ਹੈ, ਨੈਣ ਭਰਦਾ ਹੈ ਤੇ ਸ਼ੁਕਰ ਸ਼ੁਕਰ ਕਰਦਾ ਹੈ। ਦਰਸ਼ਨ ਕਰਦਾ ਰੱਜਦਾ ਨਹੀਂ। ਅੰਤ ਸਤਿਗੁਰਾਂ ਦੇ ਹਜ਼ੂਰ ਅਰਦਾਸ ਕਰਕੇ ਉਹਨਾਂ ਨੂੰ ਆਪਣੇ ਘਰ ਲੈ ਗਿਆ, ਬਹੁਤ ਆਦਰ ਤੇ ਭਾਉ ਕਰਕੇ ਸੇਵ ਕਮਾਈ। ਸੰਗਤ ਬੀ ਉੱਥੇ ਆਵੇ, ਝੰਡਾ ਬੀ ਸੇਵਾ ਵਿਚ ਰਹੇ ਤੇ ਇੰਦਰ ਸੈਣ ਬੀ ਰਹੇ। ਅੰਮ੍ਰਿਤ ਵੇਲੇ ਕੀਰਤਨ ਹੋਵੇ, ਸੰਝਾਂ ਸਮੇਂ ਫੇਰ ਕੀਰਤਨ ਹੋਵੇ, ਦਿਨ ਭਰ ਸਤਿਸੰਗ ਹੋਵੇ ਤੇ ਨਾਮ ਦਾ ਪਰਵਾਹ ਚੱਲੇ। ਕੋਈ ਮਹੀਨਾ ਭਰ ਮਾਲਿਕ ਜੀ, ਗੁਰੂ ਦਾਤਾ ਜੀ ਰਾਜਾ ਦੇ ਅਧਿਕ ਪ੍ਰੇਮ ਕਰਕੇ ਉਸ ਦੇ ਪਾਸ ਰਹੇ। ਅੰਤ ਉਹ ਸਮਾਂ ਆ ਗਿਆ ਜਦੋਂ ਉਪਕਾਰੀ ਸਤਿਗੁਰੂ ਜੀ ਨੇ ਹੋਰ ਪਾਸੇ ਆਪਣਾ ਨੂਰ ਲਾਕੇ ਤਾਰਨ ਦਾ ਸੰਕਲਪ ਕੀਤਾ, ਤਾਂ ਰਾਜਾ ਬਿਹਬਲ ਹੋ ਗਿਆ, ਰੋ ਰੋ ਕੇ ਬੇਨਤੀਆਂ ਕਰਕੇ ਕਹਿਣ ਲੱਗਾ, ਹੇ ਮਾਲਿਕ ਜੀਓ !

> 'ਗਜ ਬਾਜੀ[1], ਸਭ ਰਾਜ ਸਮਾਜਾ।
> 'ਨਿਜ ਕਰ ਝੰਡੇ ਕੋ ਦਿਹੁ ਆਜਾ।
> 'ਮੋ ਕੋ ਲੇਹੁ ਆਪਨੇ ਸਾਥਾ।
> ਰਹਿ ਨ ਸਕੌਂ ਤੁਮ ਬਿਨ ਜਗ ਨਾਥਾ।
> 'ਮੀਨ ਨੀਰ ਗਤਿ ਸ੍ਰੀ ਪ੍ਰਭੁ ਸੰਗਾ[2]।
> ਅਸ ਕਹਿਤਜੋ ਓਰ ਪ੍ਰੇਮ ਉਮੰਗਾ।
> ਪੁਲਕਾਵਲਿ ਤਨ ਗਦਗਦ ਬਾਨੀ[3]।
> ਤਿਹ ਛਿਨ ਨ੍ਰਿਪ ਕੀ ਗਤਿ ਬਿਕੁਲਾਨੀ[4]।
> ਦੇਖ ਪ੍ਰੀਤ ਅਸ ਉਰ ਕੀ ਸਾਚੀ।
> ਸ੍ਰੀ ਨਾਨਕ 'ਜੀ ਗਿਰਾ ਉਬਾਚੀ[5]
> 'ਧਰਹੁ ਧਜਾਨ ਨਿਤ ਉਰ ਅਵਨੀਪਾ !
> 'ਮੈਂ ਹੌਂ ਤੁਮਰੇ ਸਦਾ ਸਮੀਪਾ।
> 'ਸੁਚ ਸੋਂ ਪੰਚਾਂਮ੍ਰਿਤ[6] ਕਰਿਵਾਵਹੁ।
> 'ਟਕਾ ਰਾਖਿ ਅਰਦਾਸ ਅਲਾਵਹੁ।
> 'ਹਾਜ਼ਰ ਹੋਵੌਂ ਆਨ ਤਬ ਕਰੌਂ ਕਾਮਨਾ ਪੂਰ।'
> ਅਸ ਕਹਿ ਬਹੁਧੀਰਜ ਦਯੋ ਭੂਪਤਕੋ ਜਗਮੂਰ[7]

ਫਿਰ ਰਾਜਾ ਨੂੰ ਆਪ ਨੇ ਵਰ ਦਿੱਤਾ ਕਿ ਸਤਾਰਾਂ ਰਾਜੇ ਤੇਰੇ ਆਲੇ ਦੁਆਲੇ ਰਹਿੰਦੇ ਹਨ, ਓਹ ਸਭ ਤੇਰੀ ਸ਼ਰਨ ਆ ਜਾਣਗੇ, ਤੇਰਾ ਰਾਜ ਵਧੇਗਾ, ਪਰ ਤੂੰ ਧਰਮ ਕਰਨਾ ਹੈ !

ਫਿਰ ਆਪ ਨੇ ਇੰਦਰ ਸੈਣ ਨੂੰ ਮੰਜੀ ਦੇਣੀ ਚਾਹੀ, ਕਿਉਂਕਿ ਸੰਗਤ ਬਹੁਤ ਹੋ ਗਈ ਸੀ ਤੇ ਇਕ ਐਸੇ ਗੁਰਮੁਖ ਦੀ ਲੋੜ ਸੀ ਕਿ ਜੋ ਸੰਗਤ ਦੀ ਅਗੁਵਾਨੀ ਕਰੇ ਤੇ ਸੱਚੇ ਨਾਮ ਦਾ ਪ੍ਰਵਾਹ ਜਾਰੀ ਰਹੇ। ਪਰ ਇੰਦਰ ਸੈਣ ਨੇ ਹੱਥ ਜੋੜਕੇ ਅਰਦਾਸ ਕੀਤੀ ਕਿ 'ਆਪ ਇਹ ਪਦਵੀ ਝੰਡੇ ਨੂੰ ਬਖਸ਼ੋ, ਇਹ ਭਾਰਾ ਕੰਮ ਉਹ ਗੁਰਮੁਖ ਹੀ ਕਰ ਸਕੇਗਾ। ਮੈਨੂੰ ਵਰ ਦਾਨ ਦਿਓ ਕਿ ਮੈਂ ਨਾਮ ਰੰਗ ਵਿਚ ਰਹਾਂ, ਸਾਧ ਸੰਗਤ ਦੀ ਸੇਵਾ ਕਰਾਂ ਤੇ ਝੰਡੇ ਨਾਲ ਮੇਰੀ ਨਿਭ ਆਵੇ।' ਸਤਿਗੁਰ ਜੀ ਬੜੇ ਪ੍ਰਸੰਨ ਹੋਏ ਤੇ ਮੰਜੀ ਝੰਡੇ ਨੂੰ ਬਖ਼ਸ਼ੀ। ਰਾਜੇ ਨੂੰ ਬੀ ਤਾਕੀਦ ਕੀਤੀ ਕਿ ਤੂੰ ਵਧੇਂਗਾ, ਫਲੇਂ ਫੁਲੇਂਗਾ, ਪਰ ਝੰਡੇ ਦਾ ਸਦਾ ਸਨਮਾਨ ਰੱਖਣਾ, ਇਸ ਨੂੰ ਅਸਾਂ ਗੁਰਮੁਖ ਪਦ ਬਖਸ਼ਿਆ ਹੈ। ਰਾਜੇ ਤੇ ਇੰਦਰ ਸੈਣ ਅਤੇ ਸਾਰੀ ਸੰਗਤ ਨੇ ਸੀਸ ਨਿਵਾਇਆ। ਬਖਸ਼ਿੰਦ ਤੇ ਤਾਰਨਹਾਰ ਦਾਤੇ ਨੇ ਸਭ ਤੋਂ ਵਿਦਾ ਲਈ ਤੇ ਅੱਗੇ ਨੂੰ ਟੁਰ ਪਏ।

ਸੂਚਨਾ–ਝੰਡੇ ਦੀ ਵਾਰਤਾ ਪੁਰਾਤਨ ਜਨਮ ਸਾਖੀ ਵਿਚ ਬਿਸੀਅਰ ਦੇਸ਼ ਦੀ ਲਿਖੀ ਹੈ, ਝੰਡੇ ਨੂੰ ਮੰਜੀ ਉੱਥੇ ਮਿਲੀ ਦੱਸੀ ਹੈ। ਨਗਰ ਦਾ ਨਾਮ ਛੁਟਘਾਟਕਾ ਦਿੱਤਾ ਹੈ, ਜੋ, ਜੈਸਾ ਕਿ ਅਸੀਂ ਪਿੱਛੇ ਦੱਸ ਆਏ ਹਾਂ, ਚਿਟਾ ਗਾਉਂ ਯਾ ਚਿਟਾ ਗਾਂਗ ਦਾ ਵਿਗੜਿਆ ਨਾਮ ਜਾਪਦਾ ਹੈ।

---

[1] ਹਾਥੀ ਘੋੜੇ। [2] ਜਿਵੇਂ ਮੱਛੀ ਪਾਣੀ ਬਿਨਾ ਨਹੀਂ ਰਹਿ ਸਕਦੀ, (ਉਹ) ਹਾਲਤ (ਹੈ) ਮੇਰੀ ਪ੍ਰਭੂ ਜੀ ਨਾਲ। [3] ਸਰੀਰ ਦੇ ਲੂੰ ਖੜੇ ਹੋ ਗਏ ਤੇ ਕੰਠ ਰੁਕ ਗਿਆ। [4] ਵਿਆਕੁਲ ਹੋ ਗਈ। [5] ਬਚਨ ਕਹੇ [6] ਕੜਾਹ ਪ੍ਰਸ਼ਾਦਿ। [7] ਜਗਤ ਦੇ ਮੂਲ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ।

ਅੱਗੇ ਚੱਲਕੇ ਸ੍ਵਰਨ ਪੁਰ ਦਾ ਜ਼ਿਕਰ ਹੈ, ਉਹ ਸੋਨ ਦੀਪ ਦਾ ਨਾਉਂ ਹੀ ਜਾਪਦਾ ਹੈ। ਇਹ ਦੀਪ ਬ੍ਰਹਮ ਪੁੱਤ੍ਰਾ ਦੇ ਇਕ ਮੁਹਾਣੇ ਤੋਂ ਪੂਰਬ ਰੁਖ਼ ਸਮੁੰਦਰ ਵਿਚ ਹੈ, ਚਿਟਾ ਗਾਉਂ ਤੋਂ ਹੇਠਾਂ ਵਾਰ ਹੈ। ਇਸ ਤੋਂ ਜਾਪਦਾ ਹੈ ਕਿ ਖੋਜ ਕੀਤਿਆਂ ਇਹ ਟਿਕਾਣਾ ਇਸ ਪਾਸੇ ਵਲ ਲੱਭੇਗਾ। ਕਈ ਸਿਆਣਿਆਂ ਨੇ, ਜੋ ਬਿਸੀਅਰ ਦੇਸ਼ ਨੂੰ ਰਾਮ ਪੁਰ ਬੁਸ਼ਾਇਰ ਸਮਝਿਆ ਹੈ ਯਾ ਈਰਾਨ ਦਾ ਬੁਸ਼ਹਿਰ ਖਿਆਲ ਕੀਤਾ ਹੈ, ਉਹ ਠੀਕ ਨਹੀਂ ਜਾਪਦਾ, ਤਵਾਰੀਖ ਖਾਲਸਾ ਨੇ ਮਨੀ ਪੁਰ ਦੀ ਤਦੋਂ ਰਾਜਧਾਨੀ ਅਸੀਮਫਲ ਨੂੰ ਇਹ ਥਾਂ ਲਿਖਿਆ ਹੈ, ਇਹ ਬੀ ਆਸਾਮ ਤੋਂ ਅੱਗੇ ਹੇਠਲੇ ਪਾਸੇ ਵੱਲ ਹੈ।

ਭਾਈ ਸਾਹਿਬ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਪਾਸ ਇਕ ਸੌ ਕੁ ਬਰਸ ਦੀ ਪੁਰਾਣੀ ਪ੍ਰਾਣ ਸੰਗਲੀ ਲਿਖਤ ਦੀ ਹੈ, ਇਸ ਵਿਚ ਲਿਖਾਰੀ ਜੀ ਨੇ ਇਹ ਇਬਾਰਤ ਲਿਖੀ ਹੈ:-

"ਲਿਖਤ ਪ੍ਰਾਣ ਸੰਗਲੀ ਬਾਬਾ ਕਾ ਬੋਲਣਾ ਸੇਤ ਬੰਦ ਰਾਮੇਸ੍ਵਰ ਬਸ਼ਹਿਰ ਦੇਸ਼ ਨਗਰ ਛਾਟੇ ਘੰਟਕਾ ਰਾਜੇ ਸ਼ਿਵਨਾਭ ਪਾਸਹੁ ਪੈੜਾ ਮੋਖਾ ਲੈ ਆਇਆ, ਤਦ ਬਾਬਾ ਪਉਣ ਅਹਾਰੀ ਥਾ ਝੰਡਾ ਬਾਢੀ ਸਾਥ ਥਾ। ਝੰਡੇ ਬਾਢੀ ਕਉ ਪ੍ਰਾਪਤ ਹੋਈ, ਤਿਸਕੀ ਮੰਡੀ ਬਿਸਹਰ ਦੇਸ ਮੇਂ ਹੈ, ਉਥੇ ਝੰਡੇ ਬਾਢੀ ਕਉ ਕਿਰਪਾ ਹੋਈ। ਚਉਦਹ ਸਇ ਸਹਿਰ ਉਸ ਕੀ ਪੈਰੀ ਪੜਤਾ ਹੈ, ਪੰਜ ਮਣ ਲੂਣ ਤਿਸਕੇ ਲੰਗਰ ਲਗਤਾ ਹੈ। "

ਇਸ ਤੋਂ ਪਤਾ ਚੱਲਿਆ ਕਿ ਬਸ਼ਹਿਰ ਦੇਸ ਤੇ ਨਗਰ ਛਾਟੇ ਘੰਟਕਾ ਦੱਖਣ ਦੇ ਅਖੀਰ ਸੇਤਬੰਦ ਰਾਮੇਸ੍ਵਰ ਦੇ ਕਿਤੇ ਨੇੜੇ ਹੈ। ਸੋ ਇਸ ਲਿੱਖਤ ਤੋਂ ਖੋਜਕ ਲਈ ਇਕ ਹੋਰ ਟੋਹ ਇਸ ਟਿਕਾਣੇ ਦੇ ਲੱਭਣ ਦੀ ਮਿਲ ਗਈ, ਪਰ ਇਹ ਥਹੁ ਨਹੀਂ ਕਿ ਇਸ ਲੇਖਕ ਨੇ ਖੋਜ ਕਰਕੇ ਲਿਖਿਆ ਹੈ ਕਿ ਐਵੇਂ:-

ਇਹ ਪੋਥੀ ਪ੍ਰਾਣ ਸੰਗਲੀ ੧੯੯੨ ਦੀ ਲਿਖੀ ਹੋਈ ਹੈ ਤੇ ਲਿਖਾਰੀ ਦੱਸਦਾ ਹੈ ਕਿ ਮੈਂ ਬੁੰਦੇਲ ਖੰਡ ਦੇ ਕਾਲਪੀ ਸ਼ਹਿਰ ਵਿਚ ਬਾਬਾ ਬ੍ਰਹਮ ਗਣੇਸ਼ ਦੀ ਧਰਮਸਾਲ ਵਿਚ ਬਹਿ ਕੇ ਲਿਖੀ ਹੈ। । ਹੋ ਸਕਦਾ ਹੈ ਕਿ ਇਸ ਧਰਮਸਾਲਾ ਵਿਚੋਂ ਬਸ਼ਹਿਰ ਦੇਸ਼ ਦਾ ਕੋਈ ਥਹੁ ਪਤਾ ਵੀ ਮਿਲ ਸਕੇ।

੨. ਬਾਲੇ ਵਾਲੀ ਜਨਮ ਸਾਖੀ ਵਿਚ ਝੰਡੇ ਦੀ ਇਕ ਹੋਰ ਸਾਖੀ ਬੀ ਹੈ, ਉੱਥੇ ਬੀ ਬਾਢੀ ਝੰਡਾ ਤੇ ਬਿਸਿਆਰ ਦੇਸ ਲਿਖਿਆ ਹੈ। ਸਾਖੀ ਓਹੋ ਹੈ ਜਿਸ ਦਾ ਗਿਆਨੀ ਲੋਕ "ਸੁਖੀ ਬਸੈ ਮਸਕੀਨੀਆਂ" ਦੇ ਅਰਥ ਵੇਲੇ ਦ੍ਰਿਸ਼ਟਾਂਤ ਦਿਆ ਕਰਦੇ ਹਨ। ਇਸ ਜਨਮ ਸਾਖੀ ਵਾਲਾ ਲਿਖਦਾ ਹੈ ਕਿ ਝੰਡੇ ਨੇ ਗੁਰੂ ਜੀ ਦੇ ਪ੍ਰਸਾਦਿ ਵਾਸਤੇ ਰਾਜੇ ਦੇ ਮੱਲ ਨਾਲ ਘੋਲ ਕਰਨਾ ਚਾਹਿਆ। ਮੱਲ ਨੇ ਡਿੱਠਾ ਕਿ ਇਹ ਤਾਂ ਕਮਜ਼ੋਰ ਤੇ ਅਨਾੜੀ ਹੈ, ਮੇਰੀ ਇਕ ਉਖੇੜ ਨਾਲ ਮਰ ਜਾਏਗਾ, ਤਾਂ ਉਸ ਤੋਂ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਮੈਂ ਤਾ ਸੰਤ ਸੇਵਾ ਲਈ ਆਇਆ ਹਾਂ ਕਿ ਜੇ ਮੈਂ ਹਾਰ ਗਿਆ ਤਦ ਬੀ ਕੁਛ ਮਾਇਆ ਤਾਂ ਮਿਲੇਗੀ ਹੀ। ਇਹ ਸੁਣਕੇ ਪਹਿਲਵਾਨ ਨੂੰ ਪ੍ਰੇਮ ਹੋ ਆਇਆ ਤੇ ਜਾਣਕੇ ਢਹਿ ਪਿਆ ਜੋ ਝੰਡੇ ਨੂੰ ਜਿੱਤ ਦਾ ਇਨਾਮ ਮਿਲ ਜਾਵੇ। ਗੁਰੂ ਜੀ ਨੇ ਝੰਡੇ ਤੇ ਮੱਲ ਦੋਹਾਂ ਨੂੰ ਤਾਰਿਆ।

ਪਰੰਤੂ ਜਾਪਦਾ ਹੈ ਕਿ ਇਹ ਸਾਖੀ ਲਿਖਣ ਵੇਲੇ ਕਰਤਾ ਭੁੱਲ ਗਿਆ ਹੈ ਕਿ ਮੈਂ ਪਿੱਛੇ ਝੰਡੇ ਦੀ ਸਾਖੀ ਲਿਖ ਆਇਆ ਹਾਂ ਤੇ ਗੁਰੂ ਜੀ ਉਸ ਨੂੰ ਮੰਜੀ ਬਖਸ਼ ਚੁਕੇ ਹਨ। ਹੋ ਸਕਦਾ ਹੈ ਕਿ ਇਹ ਸਾਖੀ ਗੁਰੂ ਜੀ ਦੇ ਮਿਲਾਪ ਤੋਂ ਪਹਿਲਾਂ ਕਿਸੇ ਹੋਰਸ ਸੰਤ ਦੀ ਸੇਵਾ ਵਿਚ ਯਾ ਗੁਰੂ ਜੀ ਦੇ ਮਿਲਾਪ ਵੇਲੇ ਵਰਤੀ ਹੋਵੇ।

# ੩੯. ਸਤਿਗੁਰ ਨਾਨਕ ਦੇਵ ਜੀ ਦੀ ਜਗਨ ਨਾਥ ਫੇਰੀ [੧]।

੧.

**ਨੀਲਾ** ਨੀਲਾ ਸਮੁੰਦਰ ਉਪਰ ਤਣੇ ਹੋਏ ਨੀਲੇ ਅਕਾਸ਼ ਵਾਂਗੂੰ ਹੇਠਾਂ ਵਿਛਿਆ ਪਿਆ ਨਿੱਕੀ ਨਿੱਕੀ ਲਹਿਰ ਨਾਲ ਸੁਹਾਵਾ ਹੋ ਰਿਹਾ ਹੈ। ਉਹ ਅਸਮਾਨਾਂ ਦੇ ਤਾਰੇ ਸਮੁੰਦਰ ਵਿਚ ਡਲ੍ਹਕਾਂ ਦੇ ਰਹੇ ਹਨ। ਤਾਰਿਆਂ ਦੀ ਫੌਜ ਜਿਵੇਂ ਅਸਮਾਨਾਂ ਵਿਚੋਂ ਟੁਰੀ ਜਾ ਰਹੀ ਹੈ ਤਿਵੇਂ ਤਿਵੇਂ ਸਮੁੰਦਰ ਵਿੱਚੋਂ। ਹੁਣ ਤਾਂ ਵੇਖੋ ਕੋਈ ਕੋਈ ਤਾਰਾ ਬਾਕੀ ਰਹਿ ਗਿਆ ਹੈ, ਹਨੇਰੇ ਦਾ ਘੋਪਾ ਬੀ ਪਤਲਾ ਪੈਂਦਾ ਜਾ ਰਿਹਾ ਹੈ। ਇਸ ਵੇਲੇ ਸਮੁੰਦਰ ਦੇ ਕਿਨਾਰੇ ਥੋੜੀ ਵਿੱਥ ਪਰ ਇਕ ਬ੍ਰਾਹਮਣ ਜੀ ਮਹਾਰਾਜ ਪਦਮਾਸਨ ਲਾਈ ਬੈਠੇ ਹਨ। ਆਪ ਨੇ ਇਸ ਤਰ੍ਹਾਂ ਮੂੰਹ ਉੱਚਾ ਕੀਤਾ ਹੈ ਕਿ ਨਜ਼ਰ ਅਕਾਸ਼ਾਂ ਵਿਚ ਗੱਡ ਗਈ ਹੈ, ਸਿਰ ਪਿੱਠ ਨਾਲ ਜਾ ਲਗਾ ਹੈ, ਸੁਆਸ ਇਨਾ ਧੀਮਾ ਹੈ ਕਿ ਮਾਨੋਂ ਆ ਹੀ ਨਹੀਂ ਰਿਹਾ। ਤਾੜੀ ਅਕਾਸ਼ ਵਿਚ ਲਗ ਰਹੀ ਹੈ। ਵਸਤੀ ਵਲੋਂ ਇਕ ਆਦਮੀ ਆਇਆ, ਬ੍ਰਾਹਮਣ ਜੀ ਨੂੰ ਮੱਥਾ ਟੇਕਿਆ ਤੇ ਕੁਛ ਮਾਇਆ ਉਸ ਤੂੰਬੇ ਵਿਚ, ਜੋ ਤਾੜੀ ਵਾਲੇ ਮਹਾਤਮਾਂ ਦੇ ਅੱਗੇ ਪਿਆ ਸੀ, ਪਾਕੇ ਪਰੇ ਜਾਕੇ ਬੈਠ ਗਿਆ। ਇਸ ਤਰ੍ਹਾਂ ਜਿਉਂ ਜਿਉਂ ਸੋਝਲਾ ਹੁੰਦਾ ਗਿਆ, ਹੋਰ ਹੋਰ ਮਨੁੱਖ ਤੇ ਤੀਵੀਆਂ ਆਉਂਦੇ ਗਏ, ਇਥੋਂ ਤਾਈਂ ਕਿ ਸੂਰਜ ਚੜ੍ਹਦੇ ਤਾਈਂ ਦੋ ਚਾਰ ਸੌ ਦੀ ਭੀੜ ਲਗ ਗਈ। ਬ੍ਰਾਹਮਣ ਜੀ ਕੁਛ ਦਿਨ ਚੜ੍ਹੇ ਤ੍ਰਾਟਕ ਖੋਲ੍ਹਿਆ ਕਰਦੇ ਸਨ ਤੇ ਉਸ ਵੇਲੇ ਕੁਝ ਤ੍ਰਿਲੋਕੀ ਦੀ ਗਲ ਬਾਤ ਸੁਣਾਯਾ ਕਰਦੇ ਸਨ, ਸੋ ਹੁਣ ਸਾਰੇ ਇਸ ਉਡੀਕ ਵਿਚ ਬੈਠੇ ਹਨ ਕਿ ਕਦੋਂ ਆਪ ਤਾੜੀ ਖੋਹਲਦੇ ਹਨ, ਤ੍ਰਾਟਕ ਛੋੜਦੇ ਹਨ, ਹੇਠਾਂ ਤੱਕਦੇ ਹਨ ਤੇ ਅਜ ਵੇਖੋ ਅਗਮ ਨਿਗਮ ਦੇ ਕੀ ਕੌਤਕ ਸੁਣਾਉਂਦੇ ਹਨ। ਇੰਨੇ ਨੂੰ ਦੋ ਮੁਸਾਫਰ ਆ ਗਏ, ਦੋਵੇਂ ਸਾਧੂ ਜਾਪਦੇ ਸੇ। ਇਕ ਦੇ ਚੇਹਰੇ ਪਰ ਨੂਰ ਤੇ ਪ੍ਰਭਾਵ ਐਉਂ ਦਾ ਸੀ ਕਿ ਮਾਨੋਂ ਕੁਦਰਤ ਤੇ ਹੁਕਮ ਕਰਨ ਵਾਲਾ ਕੋਈ ਅਚਰਜ ਜਲਵਾ ਦਿੱਸ ਰਿਹਾ ਹੈ, ਦੂਸਰੇ ਦੇ ਚਿਹਰੇ ਤੇ ਮਿੱਠਤ, ਪਯਾਰ ਤੇ ਸੇਵਾ ਦਾ ਰੰਗ ਲਹਿਰੇ ਲੈ ਰਿਹਾ ਸੀ। ਇਹ ਦੋਵੇਂ ਆਕੇ ਖੜੇ ਹੋ ਗਏ, ਕੁਝ ਚਿਰ ਤੱਕਦੇ ਰਹੇ। ਖ਼ਲਕਤ ਦੀ ਨਜ਼ਰ ਵੀ ਉਠੀ ਤੇ ਉਹਨਾਂ ਤੇ ਜਾ ਪਈ, ਬੇਵੱਸੇ ਸਭ ਦੇ ਸਿਰ ਝੁਕ ਗਏ। ਕੁਝ ਚਿਰ ਦੋਵੇਂ ਤੱਕਦੇ ਰਹੇ, ਫਿਰ ਇਕ ਨੇ ਅੱਗੇ ਵਧਕੇ ਬ੍ਰਾਹਮਣ ਦੇ ਅਗੋਂ ਉਸ ਦਾ ਪੈਸਿਆਂ ਵਾਲਾ ਤੂੰਬਾ ਚਾ ਕੇ ਉਸੇ ਦੀ ਪਿੱਠ ਪਿੱਛੇ ਧਰ ਦਿੱਤਾ ਤੇ ਆਪ ਪਿੜ ਦੇ ਵਿਚ ਬੈਠ ਗਏ।

ਸੂਰਜ ਹੁਣ ਉੱਚਾ ਹੋ ਆਇਆ ਸੀ, ਅਸਮਾਨ ਵਿਚ ਧੁੱਪ ਦੀ ਲਿਸ਼ਕ ਵਿਚ ਨਜ਼ਰ ਘਬਰਾਉਂਦੀ ਸੀ, ਵੇਲਾ ਹੋ ਗਿਆ ਕਿ ਹੁਣ ਤਾੜੀ ਖੁਲ੍ਹ ਜਾਏ, ਸੋ ਬ੍ਰਾਹਮਣ ਜੀ ਨੇ ਸਹਿਜੇ ਸਹਿਜੇ ਧੌਣ ਨਰਮ ਕਰਨੀ ਸ਼ੁਰੂ ਕੀਤੀ ਸਹਿਜੇ ਸਹਿਜੇ ਨੈਣ ਬੰਦ ਕੀਤੇ ਸਹਿਜੇ ਸਹਿਜੇ ਧੌਣ ਟਿਕਾਣੇ ਲੈ ਆਏ, 'ਅਹੋ ਧੰਨਯ' ਦੀ ਅਵਾਜ਼ ਆਈ। ਨੈਣ ਫੇਰ ਖੋਲ੍ਹੇ ਤੇ ਚਾਰ ਚੁਫੇਰੇ ਤੱਕੇ ਤੇ ਬੋਲੇ : 'ਸੁਖੀ ਰਹੋ। ਵਿਸ਼ਨੂੰ ਭਗਵਾਨ ਪ੍ਰਸੰਨ ਥੇ, ਨਾਰਦ ਜੀ ਸੇ ਪ੍ਰੇਮ ਵਾਕ ਕਰ ਰਹੇ ਥੇ। ਅਦਭੁਤ ਕਥਾ ਹੋ ਰਹੀ ਥੀ। ਬ੍ਰਹਮਪੁਰੀ ਮੇਂ ਅਹਿਲਾਦ ਥਾ; ਸ਼ਿਵਪੁਰੀ ਮੇਂ ਆਜ ਸੰਕੀਰਤਨ ਹੋ ਰਹਾ ਹੈ, ਨਟ ਰਾਜ ਨਾਚ ਕਰ ਰਹੇ ਹੈਂ। ਸੁਖੀ ਬਸੋ ਭਾਈ ! ਪਰਜਾ ਕੇ ਭਾਗ ਅੱਛੇ ਹੈਂ, ਆਨੰਦ ਸੇ ਰਹੋ, ਧਨ ਸੇ ਧਾਮ ਭਰੇ ਰਹੇਂ।'

ਮੁਸਾਫਰ-ਬ੍ਰਾਹਮਣ ਰਾਜ ਜੀ ! ਆਪ ਨੇ ਕੀ ਵਾਕ ਉਚਾਰਿਆ ਹੈ?

ਇਹ ਪ੍ਰਸ਼ਨ ਸੁਣਦੇ ਹੀ ਬ੍ਰਾਹਮਣ ਦੀ ਨਜ਼ਰ ਇਸ ਪਾਸੇ ਪਈ। ਦਿਲ ਵਿਚ ਇਕ ਚੂੰਢੀ ਭਰੀ ਗਈ, ਇਕ ਕਾਂਬਾ ਸਰੀਰ ਵਿਚੋਂ ਲੰਘਿਆ, ਅੱਖਾਂ ਵਿਚ ਇਕ ਖਿਸਖਿਸੀ ਜੇਹੀ ਝਰਨਾਟ ਫਿਰੀ। ਜਵਾਬ ਦੇਣ ਵੱਲੋਂ ਜੀਭ ਬੰਦ ਪਾਈ। ਦੈਵੀ ਮੁਸਾਫਰ ਨੇ ਫੇਰ ਉਹੋ ਪ੍ਰਸ਼ਨ ਕੀਤਾ। ਹੁਣ ਬੜਾ

[੧] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੫੨ (੧੯੨੧ ਈ:) ਗੁਰਪੁਰਬ ਪੁੰਨਮ ਤੇ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸਿਆ ਸੀ।

ਹੀਆ ਕਰਕੇ ਸ਼ਰਧਾ ਘਟਣ ਦੇ ਭੈ ਤੋਂ ਕੁਛ ਬਲ ਪਾਕੇ ਮਨ ਉੱਚਾ ਕੀਤਾ ਤੇ ਦਬੀ ਜਿਹੀ ਅਵਾਜ਼ ਵਿਚ ਬੋਲਿਆ:-

ਬ੍ਰਾਹਮਨ (ਘੂਰ ਕੇ)-ਅਗਮ ਨਿਗਮ ਕੀ ਬਾਤੇਂ ਹੈਂ; ਤੁਮ... ਕਿਆ ਜਾਨੋ... ਬਾਲਕੇ !

ਮੁਸਾਫਰ-ਆਪ ਅੰਤਰਯਾਮੀ ਹੋ?

ਬ੍ਰਾਹਮਨ (ਅੱਖਾਂ ਮੀਟਕੇ)-ਯੋਗ ਬਲ ਸੇ।

ਮੁਸਾਫਰ-ਐਉਂ ਗੁਪਤ ਨੂੰ ਵੇਖਦੇ ਹੋ ਜਿਵੇਂ ਪਰਤੱਖ ਜਗਤ ਨੂੰ?

ਬ੍ਰਾਹਮਨ-ਯੋਗ ਬਲ ਸੇ (ਥਥਲਕੇ) ਹਸਤਾਮਲ ਵਤ।

ਮੁਸਾਫਰ-ਆਪ ਦਾ ਤੂੰਬਾ ਕਿੱਥੇ ਹੈ?

ਬ੍ਰਾਹਮਨ-(ਅੱਗੇ, ਐਧਰ, ਉਧਰ ਵੇਖ ਕੇ)-ਹੈਂ, ਕਿਧਰ ਗਿਆ ਸ਼ਾਲਾ ?

ਮੁਸਾਫਰ-ਤ੍ਰਿਲੋਕੀ ਤੇ ਅਗਮ ਨਿਗਮ ਦੇ ਦ੍ਰਿਸ਼ਟਾ ਜੀ ! ਆਪਣੇ ਤੂੰਬੇ ਦਾ ਤੁਹਾਨੂੰ ਪਤਾ ਨਹੀਂ ਕਿ, 'ਸ਼ਾਲਾ ਕਿੱਧਰ ਗਿਆ ?'

ਬ੍ਰਾਹਮਨ (ਖਿੜ ਕੇ)-ਸਰਾਪ ਦੇਗਾ, ਨਹੀਂ ਬਤਾਓ ਕਿਧਰ ਹੈ?

ਮੁਸਾਫਰ-ਤ੍ਰਾਟਕ ਲਗਾਓ, ਸਮਾਧੀ ਜਮਾਓ ਅੰਤ੍ਰ ਮੁਖ ਹੋ ਜਾਓ, ਲਿਆਓ ਪਤਾ।

ਬ੍ਰਾਹਮਨ (ਸ਼ਰਮਿੰਦਾ ਹੋ ਕੇ)-ਕਿੱਧਰ ਹੈ? ਬਤਾਓ, (ਘੂਰ ਕੇ ਸ਼ਹਿਰ ਵਾਸੀਆਂ ਨੂੰ) ਬਤਾਓ ਕਿੱਧਰ ਹੈ?

ਸਾਰੇ ਲੋਕੀਂ ਹੱਸ ਪਏ।

ਬ੍ਰਾਹਮਣ (ਖਿਸਿਆਕੇ)-ਜਿਸ ਨਗਰੀ ਮੇਂ ਸਾਧੂ ਬ੍ਰਾਹਮਨ ਸੇ ਮਸਖਰੀ, ਉਹ ਨਗਰੀ ਉਜੜੀ।

ਇਸ ਵਾਕ ਦੇ ਓਚਰਦੇ ਸਾਰ ਦੋਹਾਂ ਮੁਸਾਫਰਾਂ ਵਿਚੋਂ ਸੇਵਾ ਭਾਵ ਵਾਲੇ ਨੇ ਮੋਢੇ ਤੋਂ ਲਾਹਕੇ ਕੁਝ ਖੁਹਲਿਆ, ਵਿਚੋਂ ਇਕ ਸੁੰਦਰ ਸਾਜ਼ ਨਿਕਲਿਆ, ਜਿਸ ਨੂੰ ਉਸ ਨੇ ਵਜਾਯਾ, ਐਸਾ ਮਿੱਠਾ ਤੇ ਸੁੰਦਰ ਕਿ ਸਭ ਦੇ ਦਿਲ ਖਿੱਚ ਹੋ ਗਏ ਅਰ ਮੋਹਿਤ ਹੋਕੇ ਹੋਰ ਸਭ ਕੁਝ ਭੁੱਲ ਗਏ। ਅੱਧੀ ਘੜੀ ਇਹ ਸਾਜ਼ ਵਜਦਾ ਰਿਹਾ, ਧਨਾਸਰੀ ਦੀ ਮਿੱਠੀ ਲੈ ਕਿ ਅਚਰਜ ਅਲਾਪ ਵਿਚ ਰਸ ਦਾ ਰੰਗ ਜਮਾਉਂਦੀ ਰਹੀ ਕਿ ਅਚਾਨਕ ਦੂਸਰੇ ਮੁਸਾਫਰ ਜੀ ਦਾ ਇਲਾਹੀ ਗਲਾ ਖੁੱਲ੍ਹਿਆ ਤੇ ਰੱਬੀ ਨਾਦ ਦੀ ਧੁਨਿ ਉੱਠੀ :-

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥ ੧ ॥ ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥ ੧ ॥ ਰਹਾਉ ॥ ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥ ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥ ੨ ॥ ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ ੩ ॥ ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥ ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥ ੪ ॥ ੧ ॥ ੬ ॥ ੮ ॥

(ਧਨਾਸਰੀ ਮਹਲਾ ੧ ਘਰੁ ੩)

ਇਹ ਸ਼ਬਦ ਦੇ ਗਾਵੇਂ ਜਾਣ ਦਾ ਇਕ ਲਿਵਲੀਨ ਕਰ ਲੈਣ ਵਾਲਾ ਅਸਰ ਸੀ, ਇਸਦੇ ਅਰਥ ਭਾਵ ਵਿਚ ਬ੍ਰਾਹਮਣ ਰਾਜ ਜੀ ਦੇ ਸਾਰੇ ਪਖੰਡ ਦਾ ਉਘਾੜਾ ਸੀ, ਜ਼ਮਾਨੇ ਵਿਚ ਵਰਤ ਰਹੀ ਭੁੱਲ ਦਾ ਨਕਸ਼ਾ ਸੀ। ਲੋਕਾਂ ਤੇ ਡਾਢਾ ਡੂੰਘਾ ਅਸਰ ਪਿਆ।

ਮੁਸਾਫਰ-ਹੇ ਜੋਗੀ ਰਾਜ ! ਤੂੰਬਾ ਆਪ ਨੂੰ ਅਜੇ ਤੱਕ ਨਹੀਂ ਦਿੱਸਿਆ ਤੇ ਤ੍ਰਿਲੋਕੀ ਦੀ ਖ਼ਬਰ ਤੁਸੀਂ ਰੋਜ਼ ਦੇਂਦੇ ਹੋ। ਤੂੰਬਾ ਆਪ ਦੀ ਪਿੱਠ ਪਿੱਛੇ ਪਿਆ ਹੈ, ਆਪ ਨੂੰ ਉਸਦਾ ਪਤਾ ਨਹੀਂ। ਇਹ ਜੋਗ ਹੈ ਕਿ ਅਜੋਗ ਹੈ ?

ਸਾਰੇ ਭਗਤ ਜਨਾਂ ਦੀ ਸ਼ਰਧਾ ਇਸ ਵੇਲੇ ਸੱਟ ਖਾ ਗਈ। ਕਈ ਤਾਂ, ਜੋ ਬਹੁਤ ਮੁਗਧ ਸੇ, ਅਜੇ ਬੀ ਬ੍ਰਾਹਮਨ ਦੇ ਨਾਲ ਕੁਝ ਹਮਦਰਦੀ ਵਿਚ ਸੇ, ਪਰ ਬਾਕੀ ਦੇ ਕੋਈ ਹੱਸ ਰਹੇ ਸਨ, ਕੋਈ ਸੈਨਤਾਂ ਕਰ ਰਹੇ ਸਨ ਤੇ ਕੋਈ ਰੱਬੀ ਮੁਸਾਫਰਾਂ ਵੱਲ ਤੱਕ ਤੱਕ ਕੇ ਅਸਚਰਜ ਹੋ ਰਹੇ ਸਨ ਕਿ ਇੰਨੇ ਨੂੰ ਉਹਨਾਂ ਨੇ ਇਕ ਹੋਰ ਸ਼ਬਦ ਗਾਂਵਿਆ। ਸਾਰੇ ਦਿਲ ਖਿੱਚ ਹੋ ਗਏ ਤੇ ਉਸ ਧੁਨਿ ਵਿਚ ਮਗਨ ਹੋ ਗਏ। ਜੋਗੀ ਬ੍ਰਾਹਮਨ ਇਸ ਵੇਲੇ ਖਿਸਕੰਤ ਹੋ ਗਿਆ ਤੇ ਕਿਸੇ ਨੂੰ ਉਸ ਦਾ ਧਿਆਨ ਬੀ ਨਾ ਰਿਹਾ। ਸ਼ਬਦ ਸਮਾਪਤ ਹੋਣ ਪਰ ਲੋਕਾਂ

ਨੇ ਬੇਨਤੀ ਕੀਤੀ ਕਿ ਆਪ ਸ਼ਹਿਰ ਚਲੋ, ਪਰ ਆਪ ਓਥੇ ਹੀ ਟਿਕੇ ਰਹੇ ਤੇ ਲੋਕ ਪ੍ਰਣਾਮ ਕਰ ਕਰ ਕੇ ਚਲੇ ਗਏ। ਫੇਰ ਦੁਪਹਿਰੇ ਕੁਛ ਸੱਜਣ ਭੋਜਨ ਲੈ ਆਏ ਤੇ ਵਾਰਤਾਲਾਪ ਕਰਦੇ ਰਹੇ।

੨.

**ਜਦ** ਲੋਕੀਂ ਸ਼ਹਿਰ ਵਿਚ ਘਰੋ ਘਰੀ ਗਏ ਤਾਂ ਸਵੇਰ ਵਾਲੀ ਕਥਾ ਮਸ਼ਹੂਰ ਹੋ ਗਈ। ਜਿੱਥੇ ਵੇਖੋ ਇਹੋ ਗੱਲ, ਜਿੱਥੇ ਸੁਣੋ ਇਹੋ ਕਹਾਣੀ। ਲੋਕੀਂ ਸੁਣਦੇ ਸਨ, ਹੱਸਦੇ ਸਨ ਤੇ ਫੇਰ ਉਨ੍ਹਾਂ ਰੱਬੀ ਬੰਦਿਆਂ ਦੇ ਦੀਦਾਰ ਦੀ ਚਾਹ ਕਰਦੇ ਸਨ। ਏਹ ਰੱਬੀ ਬੰਦੇ ਕੌਣ ਸਨ ? ਕਲਿਤਾਰਨ ਭਗਵਾਨ ਗੁਰੂ ਨਾਨਕ ਨਿਰੰਕਾਰੀ, ਜੋ ਆਸਾਮ, ਕਛਾਰ, ਪੂਰਬੀ ਬੰਗਾਲ, ਬ੍ਰਹਮਾਂ ਦਾ ਸੈਲਾ ਕਰਦੇ ਸਮੁੰਦਰ ਰਸਤੇ ਰਾਤ 'ਪੁਰੀ' ਅੱਪੜੇ ਸਨ। ਪੁਰੀ ਜਗਨ ਨਾਥ ਦਾ ਨਾਮ ਹੈ, ਜੋ ਸਮੁੰਦਰ ਕਿਨਾਰੇ ਹਿੰਦੂਆਂ ਦਾ ਭਾਰੀ ਤੀਰਥ ਹੈ, ਜਿਸ ਦੀ ਬਾਬਤ ਖਿਆਲ ਹੈ ਕਿ ਕਦੇ ਬੋਧੀਆਂ, ਕਦੇ ਵਾਮੀਆਂ, ਕਦੇ ਵੈਸ਼ਨਵਾਂ ਦੇ ਹੱਥ ਸੀ ਪਰ ਹੁਣ ਵੈਸ਼ਨਵ ਮੰਦਰ ਹੈ ਤੇ ਬਾਰ੍ਹਵੀਂ ਸਦੀ ਤੋਂ ਵੈਸ਼ਨਵਾਂ ਦਾ ਤੀਰਥ ਰਾਜ ਹੈ। ਹਾੜ ਸੁਦੀ ਪੰਚਮੀ ਨੂੰ ਏਥੋਂ ਰਥ ਨਿਕਲਦਾ ਹੈ। ਖਿਚੜੀ ਦਾ ਲੰਗਰ ਚਲਦਾ ਹੈ, ਕਲੇਵਰ ਚੜ੍ਹਦਾ ਹੈ। ਓਸ ਸਮੇਂ ਕਈ ਹੋਰ ਰਸਮਾਂ ਰਿਵਾਜ ਜਾਰੀ ਸਨ ਤੇ ਬੁੱਤ ਪ੍ਰਸਤੀ ਕਮਾਲ ਤੇ ਸੀ, ਪਖੰਡ ਦਾ ਜ਼ੋਰ ਸੀ, ਲੋਕੀਂ ਏਥੇ ਆਕੇ ਮਰਨਾ ਤੇ ਰਥ ਅੱਗੇ ਲੰਮੇ ਪੈਕੇ ਆਤਮਘਾਤ ਕਰਨਾ ਧੰਨ ਸਮਝਦੇ ਸਨ। ਇਸ ਪ੍ਰਕਾਰ ਦੇ ਬਨਾਵਟੀ ਰੰਗਾਂ ਵਿਚ ਸਤਿਨਾਮ ਦਾ ਚਾਨਣ ਪਾਉਣ ਮਹਾਰਾਜ ਉਥੇ ਅੱਪੜੇ ਸਨ। ਅੱਪੜਦੇ ਹੀ ਸ਼ਹਿਰ ਵਿਚ ਆਪ ਦੇ ਕੌਤਕ ਦੀ ਕਥਾ ਹੋ ਰਹੀ ਸੀ। ਅਨੇਕਾਂ ਲੋਕ ਦਿਹਾੜੀ ਦਰਸ਼ਨ ਵਾਸਤੇ ਗਏ।

ਰਾਤ ਆਈ ਤੇ ਬੀਤ ਗਈ, ਅਗਲੇ ਦਿਨ ਲੋਕੀਂ ਫੇਰ ਬ੍ਰਾਹਮਣ ਜੀ ਮਹਾਰਾਜ ਦੀ ਤਾੜੀ ਤੱਕਣ ਗਏ। ਕੁਛ ਮਖੌਲ ਨਾਲ, ਕੁਛ ਵਹਿਮ ਹੇਠ ਤੇ ਕੁਛ ਤੱਕਣ ਕਿ ਦੇਖੋ ਕੀ ਹੁੰਦਾ ਹੈ? ਪਰ ਉਹ ਤਾਂ ਹੁਣ ਹੈ ਨਹੀਂ ਸੀ। ਉਸੇ ਥਾਂ ਦੈਵੀ ਨਾਦ ਹੋ ਰਿਹਾ ਸੀ, ਭਾਈ ਮਰਦਾਨਾ ਜੀ ਕੀਰਤਨ ਕਰ ਰਹੇ ਸਨ ਤੇ ਮਹਾਰਾਜ ਸਮਾਧੀ ਵਿਚ ਬੈਠੇ ਸਨ। ਕੀਰਤਨ ਦਾ ਅਨੰਦ ਇਤਨਾ ਦਿਲ-ਖਿੱਚਵਾਂ ਸੀ ਕਿ ਸਾਰੇ ਆਏ ਸੱਜਣ ਪੱਥਰ ਦੀਆਂ ਮੂਰਤਾਂ ਵਾਂਗ ਟਿਕ ਕੇ ਸੁਣਦੇ ਰਹੇ। ਜਦੋਂ ਸੂਰਜ ਉੱਚਾ ਹੋਯਾ ਤਦੋਂ ਭਾਈ ਮਰਦਾਨੇ ਭੋਗ ਪਾਇਆ। ਸਤਿਗੁਰਾਂ ਨੇ ਵਾਹਿਗੁਰੂ ਜੀ ਦੇ ਯਸ਼ ਤੇ ਨਾਮ ਦੀ ਕੁਛ ਪਿਆਰ ਭਰੀ ਗੱਲਬਾਤ ਸੁਣਾਈ ਤੇ ਕਿਤਨੇ ਸੱਜਣ ਨਾਮ ਧ੍ਰੀਕ ਹੋਏ, ਅਰਥਾਤ ਪਰਮੇਸ਼ੁਰ ਦੀ ਯਾਦ ਸਿਮਰਨ ਵਿਚ ਆਏ। ਸੋ ਉਥੇ ਹੁਣ ਨਿੱਕੇ ਜਿਹੇ ਸਤਿਸੰਗ ਦਾ ਰੰਗ ਜੰਮ ਗਿਆ।

ਜਿਉਂ ਜਿਉਂ ਪ੍ਰਭਾਤ ਵਧੀ ਆ ਰਹੀ ਸੀ ਘਰ ਬੈਠੇ ਜੋਗੀ ਰਾਜ ਜੀ ਖੁਣਸ ਰਹੇ ਸਨ। ਕਦੇ ਸੋਚਦੇ ਸਨ ਕਿ ਓਥੇ ਆਪ ਜਾ ਕੇ ਚੇਲੇ ਬਾਲੇ ਨਾਲ ਲਿਜਾਕੇ ਤੇ ਯੋਗ ਦਰਸ਼ਨ ਅੱਗੇ ਰੱਖਕੇ ਬਹਿਸ ਵਿਚ ਉਨ੍ਹਾਂ ਨੂੰ ਹਰਾਈਏ। ਆਪਣਾ ਵਿਦਯਾ ਬਲ ਉਨ੍ਹਾਂ ਨੂੰ ਢਾਰਸ ਦੇਂਦਾ ਸੀ, ਪਰ ਜਦ ਉਹ ਭੈ ਭਰੀ ਝਰਨਾਟ ਚੇਤੇ ਆਉਂਦੀ ਸੀ ਤਾਂ ਜੀ ਬੈਠ ਜਾਂਦਾ ਸੀ ਅਤੇ ਚਰਚਾ ਕਰਕੇ ਗਈ ਬਾਜ਼ੀ ਜਿੱਤਣ ਦੀ ਆਸ ਟੁੱਟ ਜਾਂਦੀ ਸੀ। ਫਿਰ ਦਿਲ ਨੂੰ 'ਅਹੋ ਦੈਵ ਗਤੀ, ਅਹੋ ਦੈਵ ਗਤੀ, ਆਖਕੇ ਚਉ ਦੇਂਦੇ ਸਨ, ਪਰ ਜੋ ਬਣੀ ਬਣਾਈ ਰੁੜ੍ਹ ਗਈ ਸੀ ਉਸ ਦਾ ਵਿਯੋਗ ਚਉ ਬੀ ਨਹੀਂ ਸੀ ਕਰਨ ਦੇਂਦਾ ! ਇਸ ਤਰ੍ਹਾਂ ਦੀ ਬੇਤਾਬੀ ਵਿਚ ਉਸ ਦਾ ਵਕਤ ਲੰਘ ਰਿਹਾ ਸੀ, ਪਰ ਸੁੱਝਦਾ ਕੁਛ ਨਹੀਂ ਸੀ। ਪੁਰੀ ਵਿਚ ਸੰਸਕ੍ਰਿਤ ਵਿਦਯਾ ਦਾ ਜ਼ੋਰ ਸੀ ਤੇ ਅਛੇ ਅਛੇ ਪੰਡਤ ਇਥੇ ਰਹਿੰਦੇ ਸਨ। ਹਿੰਦੂ ਤੀਰਥਾਂ ਪਰ ਪਾਂਡੇ ਹੁੰਦੇ ਹਨ ਜੋ ਮੁਸਾਫਰਾਂ ਲਈ ਪੁਜਾਰੀ ਤੇ ਉਪਦੇਸ਼ ਦਾਤਾ ਤੋਂ ਵੱਖਰਾ ਸਰਾਂ ਵਾਲੇ ਦਾ ਕੰਮ ਬੀ ਦੇਂਦੇ ਸਨ। ਇਨ੍ਹਾਂ ਪੰਡਿਆ ਵਿਚ ਇਕ ਧਾਤ੍ਰੀ ਨਾਮੇਂ ਪੰਡਾ ਸੀ, ਜਿਸ ਦਾ ਪ੍ਰਸਿੱਧ ਨਾਮ ਕਲਜੁਗੀ[੧]

---

[੧] ਚੋਥੇ ਜੁਗ ਕਲਜੁਗ ਦਾ ਪ੍ਰਸੰਗ ਜਨਮ ਸਾਖੀ ਵਿਚ ਜਿਵੇਂ ਹੈ ਪਿੱਛੇ ਆ ਚੁਕਾ ਹੈ। ਤਵਾਰੀਖ ਖਾਲਸਾ ਨੇ ਏਸ ਪੰਡੇ ਦਾ ਨਾਮ ਕਲਜੁਗ ਲਿਖਿਆ ਹੈ ਅਤੇ ਇਸ ਉਪੱਦ੍ਰਵੀ ਪੰਡੇ ਦੀ ਸਾਖੀ ਨੂੰ ਹੀ ਕਲਜੁਗ ਦੀ ਸਾਖੀ ਦੱਸਿਆ ਹੈ। 'ਕਲਜੁਗ' ਐੱਲ ਕਈ ਉਪੱਦ੍ਰਵੀ ਲੋਕਾਂ ਦੀ ਅੱਜ ਕੱਲ ਬੀ ਦੇਖੀਦੀ ਹੈ।

ਸੀ ਕਿਉਂਕਿ ਇਹ ਬੜਾ ਦਿਲ ਚਲਾ ਸੀ ਤੇ ਉਪੱਦ੍ਰਵੀ ਆਦਮੀ ਸੀ। ਸਾਰੇ ਲੋਕ ਇਸ ਤੋਂ ਡਰਦੇ ਸਨ। ਇਸ ਦਾ ਗੁੰਡਪੁਣਾ ਸਾਰੇ ਭਲੇ ਮਾਣਸਾਂ ਦੇ ਡਰ ਦਾ ਕਾਰਨ ਹੋ ਰਿਹਾ ਸੀ। ਲਹੌਰ ਪਸ਼ੌਰ ਦੇ ਲੋਕੀਂ ਇਸ ਦੇ ਜਜਮਾਨ ਸਨ। ਜਿਸ ਦੇਸ਼ ਨੂੰ ਅਸੀਂ ਅੱਜ ਪੰਜਾਬ ਆਖਦੇ ਹਾਂ, ਏਥੋਂ ਦੇ ਲੋਕੀ ਇਸ ਪਾਸ ਜਾਕੇ ਉਤਰਦੇ ਸਨ, ਇਸ ਕਰਕੇ ਇਸ ਪਾਸ ਮਾਇਆ ਬੀ ਅਮਿੱਤ ਆਉਂਦੀ ਸੀ ਤੇ ਬਲ ਪ੍ਰਾਕ੍ਰਮ ਬੀ ਬੜਾ ਰੱਖਦਾ ਸੀ। ਮੰਦਰ ਬਾਗ਼ ਤੇ ਸੁਖ ਦੇ ਸਾਮਾਨ ਇਸ ਪਾਸ ਬੜੇ ਸਨ, ਲੋਕਾਂ ਪਰ ਤੇਜ ਬੀ ਰਖਦਾ ਸੀ। ਇਸ ਆਦਮੀ ਪਾਸ ਜੋਗੀ ਰਾਜ ਜੀ ਆਪਣੀ ਵਿਥਯਾ ਲੈਕੇ ਗਏ। ਕਲਜੁਗ ਅਗੇ ਵਿਥਯਾ ਸੁਣ ਚੁੱਕਾ ਸੀ, ਪਰ ਬ੍ਰਾਹਮਣ ਨੇ ਜਦ ਆਪਣੇ ਦੁਖ ਦੀ ਸੁਣਾਈ ਤੇ ਦੱਸਿਆ ਕਿ 'ਮੇਰੇ ਹੀ ਸਿਰ ਨਹੀਂ ਬਣੀ, ਇਹ ਤੁਹਾਡੇ ਸਭਨਾਂ ਦੇ ਸਿਰ ਬਣੀ ਹੈ; ਓਹ ਸੁਣਿਆਂ ਹੈ ਜਿੱਥੇ ਜਾਂਦੇ ਹਨ ਅਗਲੇ ਪੂਜਜ ਲੋਕਾਂ ਦੀ ਪੂਜਾ ਖਿੱਚ ਲੈਂਦੇ ਹਨ। ਢਾਕੇ ਵਿਚ ਨੂਰ ਸ਼ਾਹ ਵਰਗੇ ਗੱਦੀ ਦਾਰਾਂ ਦੇ ਬੋਲ ਬਾਲੇ ਕਰ ਆਏ ਹਨ, ਤੁਸੀਂ ਕਿਸ ਬਾਗ਼ ਦੀ ਮੂਲੀ ਹੋ? ਚੰਗਾ ਹੋਵੇ ਕਿ ਜੜ੍ਹ ਫੜਨ ਤੋਂ ਪਹਿਲਾਂ ਪਹਿਲਾਂ ਏਥੋਂ ਕੱਢ ਦਿਓ, ਪਿੱਛੋਂ ਕੱਢਣਾ ਔਖਾ ਕੰਮ ਹੋ ਜਾਵੇਗਾ। ਅਜੇ ਤ੍ਰੈ ਚਾਰ ਦਿਨ ਹੀ ਹੋਏ ਹਨ, ਫਿਰ ਦੇਖੋ ਕਿ ਕਿਤਨੇ ਲੋਕ ਸਵੇਰੇ ਜਾਂਦੇ ਤੇ ਮੱਥੇ ਟੇਕਦੇ ਹਨ। ਆਪ ਨੂੰ ਪਤਾ ਨਹੀਂ ਕਿ ਉਹਨਾਂ ਦੇ ਨਾਲ ਇਕ ਨੀਚ ਜ਼ਾਤ ਦਾ ਡੂਮ ਹੈ, ਹਿੰਦੂ ਮੁਸਲਮਾਨ ਨੂੰ ਇਕ ਕਰ ਰਹੇ ਹਨ, ਵਰਨ ਭੇਖ ਦੇ ਵੈਰੀ ਹਨ। ਦੱਸੋ ਜੇ ਪੈਰ ਪਸਰ ਗਏ ਤਾਂ ਕੀ ਕਰੋਗੇ?' ਇਸ ਤਰ੍ਹਾਂ ਦੀਆਂ ਭੜਕਾਵੀਆਂ ਗੱਲਾਂ ਸੁਣ ਸੁਣ ਕੇ ਧਾਤ੍ਰੀ ਪੰਡਾ ਤੱਤਾ ਹੋ ਗਿਆ ਤੇ ਗੁੱਸੇ ਵਿਚ ਆ ਕੇ ਤਦਬੀਰਾਂ ਸੋਚਣ ਲੱਗਾ, ਪਰ ਉਸ ਦਾ ਦਿਲ ਕੁਛ ਥੋੜੀ ਸੁਨਸਨੀ ਖਾ ਜਾਏ, ਜਿਸ ਦਾ ਉਸ ਨੂੰ ਪਤਾ ਨਾ ਲਗੇ। ਗੁੱਸੇ ਤੇ ਸੁਨਸਨੀ ਦੇ ਅਸਰਾਂ ਹੇਠ ਉਸ ਨੂੰ ਇਹ ਸੁੱਝੀ ਕਿ ਪਹਿਲਾਂ ਕਿਸੇ ਹੱਥ ਸੁਨੇਹਾ ਘੱਲੀਏ। ਸੋ ਇਕ ਦਾਸ ਨੂੰ ਘੱਲਿਆ, ਜਿਸ ਨੇ ਜਾਕੇ ਗੁਰੂ ਜੀ ਨੂੰ ਆਖਿਆ ਕਿ ਪੰਡਿਆਂ ਦੇ ਸ਼ਿਰੋਮਣੀ ਜੀ ਆਖਦੇ ਹਨ ਕਿ ਆਪ ਏਥੋਂ ਚਲੇ ਜਾਓ, ਕਿਸੇ ਹੋਰ ਦੇਸ਼ ਵਿਚਰੋ, ਇਹ ਤੀਰਥ ਮਹਾਂ ਪਵਿਤ੍ਰ ਥਾਉਂ ਸਾਡਾ ਹੈ, ਇਥੇ ਨਾ ਟਿਕੋ।

ਗੁਰੂ ਜੀ-ਸੁਣ ਭਾਈ ! ਪੰਡ ਰਾਜ ਜੀ ਨੂੰ ਕਹੁ, ਅਸੀਂ ਆਪ ਨਹੀਂ ਆਏ, ਘੱਲੇ ਆਏ ਹਾਂ, ਸੱਦੇ ਉਠ ਜਾਵਾਂਗੇ[1]।

ਦਾਸ-ਮਹਾਰਾਜ! ਪੰਡਾ ਸਾਡਾ ਬੜਾ ਡਾਢਾ ਹੈ, ਰਾਜਾ ਤਕ ਉਸ ਦਾ ਆਮਨਾ ਮੰਨਦੇ ਹਨ। ਆਪ ਦਾ ਸੁਖ ਆਗਯਾ ਮੰਨ ਹੀ ਲੈਣ ਵਿਚ ਹੈ।

ਗੁਰੂ ਜੀ-ਸੁਖ ਤਾਂ ਆਗਯਾ ਮੰਨਣ ਵਿਚ ਹੈ, ਪਰ ਆਗਯਾ ਜੇ ਨਿਰੰਕਾਰ ਜੀ ਦੀ ਹੋਵੇ ਤਾਂ। ਬਾਕੀ ਆਗਯਾ ਜੋ ਹਉਂ ਹੰਕਾਰ ਦੀਆਂ ਹਨ, ਖਿਝ ਵਿਚੋਂ ਨਿਕਲਦੀਆਂ ਹਨ, ਉਹ ਆਗਯਾ ਨਹੀਂ ਹਨ।

ਦਾਸ-ਫਿਰ ਆਪ ਦੇ ਬਾਬ ਬੁਰੀ ਹੋਵੇਗੀ।

ਗੁਰੂ ਜੀ-ਬਾਬ ਨਿਰੰਕਾਰ ਦੇ ਹੱਥ ਹੈ ਜਿਹੀ ਕਰੇਗਾ ਤੇਹੀ ਸੁਹਾਣ।

ਦਾਸ-ਫੇਰ ਆਪ ਚਲੇ ਨਹੀਂ ਜਾਓਗੇ?

ਗੁਰੂ ਜੀ-ਸਭ ਕੁਛ ਚਾਲ ਵਿਚ ਹੈ, ਅਸਾਂ ਕਿੱਥੇ ਅਟਕਣਾਂ ਹੈ, ਨਦੀਆਂ ਕਦੇ ਅਟਕਦੀਆਂ ਨਹੀਂ, ਪੌਣ ਦਾ ਵੇਗ ਕਦੇ ਰੁਕਿਆ ਨਹੀਂ, ਕੁਦਰਤੀ ਸਾਮਾਨ ਸਭ ਚਲ ਰਹੇ ਹਨ, ਪਰ ਕੁਦਰਤ ਦਾ ਚੱਲਣਾ ਕਾਦਰ ਦੇ ਬੱਧੇ ਵੇਗ ਵਿਚ ਹੈ, ਜਿਉਂ ਪ੍ਰੇਰੇ ਕਰਨਾ, ਜਿਉਂ ਟੋਰੇ ਟੁਰਨਾ।

ਦਾਸ ਜੀ ਜਦ ਕੋਈ ਵਾਹ ਨਾ ਗਈ ਤਾਂ ਉਸ ਜਾ ਪੰਡੇ ਨੂੰ ਦੱਸਿਆ ਕਿ ਉਹ ਤਾਂ ਕੋਈ ਐਸੇ ਪੀਡੇ ਬਦਾਮ ਹਨ ਜੋ ਕਿਸੇ ਹਥੌੜੇ ਨਾਲ ਭੱਜ ਨਹੀ ਸਕਦੇ। ਕੌੜਾ ਵਾਕ ਆਖਦੇ ਨਹੀਂ, ਲੜਦੇ ਨਹੀਂ, ਜ਼ੋਰ ਨਹੀਂ ਕਰਦੇ, ਸਹਿੰਦੇ ਹਨ; ਸਹਾਰਦੇ

[1] ਗੁਰ ਨਾਨਕ ਪ੍ਰਕਾਸ਼ ਤੇ ਤਵਾਰੀਖ ਖਾਲਸਾ ਕਲਜੁਗ ਦਾ ਮਿਲਣਾ ਜਗਨ ਨਾਥ ਵਿਚ ਦੱਸਦੇ ਹਨ, ਹੋਰ ਲੇਖਕ ਕੋਈ ਪਹਿਲੇ ਤੇ ਕੋਈ ਮਗਰੋਂ। ਪੁਰਾਤਨ ਜਨਮ ਸਾਖੀ ਨੇ ਕਾਮਰੂਪ ਦੇਸ਼ ਤੋਂ ਟੁਰਕੇ ਅਗਲੇ ਬਨ ਵਿਚ ਹੋਈ ਸਾਖੀ ਦੱਸੀ ਹੈ, ਜੋ ਅਸੀਂ ਪਿੱਛੇ ਦੇ ਆਏ ਹਾਂ।

[1] ਘਲੇ ਆਵਹਿ ਨਾਨਕ ਸਦੇ ਉਠੀ ਜਾਹਿ ॥
{ਵਾਰ ਸਾਰੰਗ ਮਹਲਾ ੨}

ਹਨ, ਝੱਲਦੇ ਹਨ ਪਰ ਓਸ ਝੱਲਣ ਤੇ ਸਹਾਰਨ ਵਿਚ ਕੋਈ ਅਮਿਟ ਤਾਕਤ ਤੇ ਅਟੁੱਟ ਬਲ ਹੈ, ਜਿਸ ਵਿਚ ਦੂਸਰੇ ਦੀ ਹਾਰ ਹੈ। ਓਹ ਆਪ ਦਾ ਹੁਕਮ ਏਥੋਂ ਟੁਰ ਜਾਣ ਦਾ ਨਹੀਂ ਮੰਨਦੇ।

ਜਿਸ ਦੀ ਹੈਂਕੜ ਅਗੇ ਸਭ ਝੁਕਦੇ ਸਨ, ਉਸ ਅਗੇ ਕਿਸੇ ਦਾ ਨਾ ਝੁਕਣਾ ਇਕ ਭਾਰੀ ਕ੍ਰੋਧ ਪੈਦਾ ਕਰਨ ਵਾਲਾ ਸੀ, ਸੋ ਪੰਡੇ ਹੁਰੀਂ ਆਪਣੀਆਂ ਆਈਆਂ ਤੇ ਆ ਗਏ। ਹੁਕਮ ਹੋ ਗਿਆ ਕਿ ਸੌ ਲੱਠ ਬਾਜ਼ ਲੌਢੇ ਪਹਿਰ ਚੱਲੇ ਅਰ ਉਹਨਾਂ ਨੂੰ ਧੱਕ ਕੇ ਚਿਲਕਾ ਝੀਲ ਤਕ ਦੇਸ ਬਦਰ ਕਰ ਆਵੇ, ਨਾ ਮੰਨਣ ਤਾਂ ਖੰਡਾ ਖੜਕ ਪਵੇ। ਇਹ ਖ਼ਬਰ ਮਸ਼ਹੂਰ ਹੋ ਗਈ। ਥੋੜੇ ਜੇਹੇ ਲੋਕੀਂ, ਜੋ ਪ੍ਰੇਮੀ ਹੋ ਗਏ ਸਨ, ਫਿਰ ਉਹਨਾਂ ਨੇ ਜਾਕੇ ਪੰਡੇ ਨੂੰ ਸਮਝਾਇਆ ਪਰ ਉਹ ਕਿਸੇ ਦੇ ਆਖੇ ਨਾ ਲੱਗਾ। ਨਿਰਾਸ ਹੋਕੇ ਫਿਰ ਉਹਨਾਂ ਨੇ ਜਾ ਗੁਰੂ ਬਾਬੇ ਨੂੰ ਦੱਸਿਆ ਕਿ ਅਜ ਇਹ ਭਾਣਾ ਵਰਤਣਾ ਹੈ, ਸੋ ਆਪ ਸਾਡੇ ਨਾਲ ਚਲੋ ਤਾਂ ਆਪ ਨੂੰ ਕਿਤੇ ਲੁਕਾ ਲਵੀਏ, ਫਿਰ ਸਹਿਜੇ ਸਹਿਜੇ ਰਾਜੇ ਨੂੰ ਆਖ ਵੇਖਕੇ ਪੰਡੇ ਨੂੰ ਠੀਕ ਕਰ ਲਵਾਂਗੇ। ਸਤਿਗੁਰ ਨੇ ਉਤਰ ਦਿੱਤਾ ਇਹ ਪਹਿਰਾ ਚੌਥੇ ਜੁਗ ਕਲਜੁਗ ਦਾ ਕਹੀਦਾ ਹੈ, 'ਜੇ ਕੋ ਨਾਉ ਲਏ ਬਦਨਾਵੀ' ਇਸ ਦਾ ਲੱਛਣ ਹੈ, ਨੱਸ ਲੁਕ ਕੇ ਕਿੱਥੇ ਜਾਣਾ ਹੋਇਆ? ਕਲਜੁਗ ਦੇ ਸਮੇਂ ਜੰਮੇ ਜੀਵਾਂ ਨੇ ਏਸੇ ਸਮੇਂ ਹੀ ਕਲਜਾਣ ਲੱਭਣੀ ਹੈ, ਕਲਜੁਗ ਦੀ ਕਲਜਾਣ ਨਾਮ ਵਿਚ ਹੈ। 'ਨਾਮ' ਕਲਜੁਗ ਤੋਂ ਮਹਾਨ ਬਲ ਰਖਦਾ ਹੈ, ਏਸ ਪੰਡੇ ਦਾ ਕੀਹ ਹੈ? ਜਿਸ ਦਾ ਨਾਮ ਯਾ ਅੱਲ ਮਾਤ੍ਰ ਕਲਜੁਗ ਹੈ। ਅਸੀਂ ਜਿਸ ਦੇ ਹਾਂ ਉਸ ਦੀ ਟੇਕ ਤੇ ਬੈਠੇ ਹਾਂ, ਜੋ ਉਹ ਚਾਹੇਗਾ ਹੋਵੇਗਾ। ਇਸ ਤਰ੍ਹਾਂ ਨਾਲ ਲੋਕੀ ਮਿੰਨਤਾ ਤਰਲੇ ਕਰ ਚੁਕੇ ਪਰ ਆਪ ਨੂੰ ਡੁਲਾ ਨਹੀਂ ਸਕੇ। ਸੋ ਕੁਛ ਸੱਜਣ ਤਾਂ ਪੰਡੇ ਤੋਂ ਡਰਕੇ ਐਧਰ ਉਧਰ ਹੋ ਗਏ, ਪਰ ਕੁਛ ਬੈਠ ਗਏ ਕਿ ਓਹ ਜਾਣੇ ਜਾਨ ਜਾਏ ਪਰ ਇਸ ਦੈਵੀ ਮੂਰਤਿ ਦੀ ਰਾਖੀ ਜਰੂਰ ਕਰਨੀ ਹੈ। ਲੌਢਾ ਪਹਿਰ ਹੋ ਗਿਆ, ਮਰਦਾਨਾ ਉਸੇ ਵੇਲੇ ਦਾ ਕੁਛ ਘਬਰਾ ਰਿਹਾ ਸੀ, ਓਸਦਾ ਦਿਲ ਵਿਦਯਾ-ਸੰਗੀਤ ਵਿਦਯਾ-ਦਾ ਕੋਮਲ ਰਸੀਆ ਹੋਣ ਕਰਕੇ ਸੂਹਲ ਸੀ ਤੇ ਉਹ ਅਸਰਾਂ ਨੂੰ ਛੇਤੀ ਲੈਂਦਾ ਸੀ। ਨਾਮ ਦਾ ਰਸੀਆ ਵੀ ਸੀ ਪਰ ਅਜੇ ਅਭੈ ਪਦ ਤੋਂ ਕੁਛ ਉਰੇ ਸੀ। ਇੰਨੇ ਨੂੰ ਗਰਦ ਉਠੀ, ਹਨੇਰੀ ਵਗੀ, ਬੱਦਲ ਗੱਜੇ, ਬਿਜਲੀ ਕੜਕੀ, ਸਮੁੰਦਰ ਵਿਚ ਖਿਲਬਿਲੀ ਮਚੀ, ਉਹ ਨਕਸ਼ਾ ਭੈ ਦਾ ਬੱਝਾ ਕਿ ਮਰਦਾਨੇ ਦਾ ਦਿਲ ਕੁਛ ਕੰਬ ਗਿਆ। ਉਧਰੋਂ ਸੌ ਕੁ ਮਰਦਾਂ ਦੇ ਮਾਰੇ ਬਕਾਰੇ ਦੀ ਅਵਾਜ਼ ਆਵੇ। ਮਰਦਾਨਾ ਹੋਰ ਘਾਬਰਿਆ।

ਗੁਰੂ ਜੀ-ਮਰਦਾਨਿਆਂ! ਵਾਹਿਗੁਰੂ ਦਾ ਧਿਆਨ ਧਰ, ਵਾਹਿਗੁਰੂ ਦਾ ਸਿਮਰਨ ਕਰ, ਵਾਹਿਗੁਰੂ ਦਾ ਜਾਪ ਜਪ। ਕੀਰਤਨ ਤੇ ਸਿਫਤ ਸਲਾਹ ਵਿਚ ਜਾਹ। ਵਾਹਿਗੁਰੂ ਆਪ ਹੈ, ਸਾਰੇ ਹੈ ਤੇ ਪਯਾਰ ਕਰਦਾ ਹੈ। ਤੂੰ ਅਡੋਲ ਹੋ, ਡੋਲਿਆਂ ਮਨ ਮਹਾਰਾਜ ਦੇ ਨਾਲੋਂ ਵਿੱਥ ਤੇ ਹੋ ਜਾਂਦਾ ਹੈ। ਮਹਾਰਾਜ ਦੇ ਨਾਲ ਜੁੜ, ਅੰਦਰੋਂ ਜੁੜ ਤੇ ਸਾਵਧਾਨ ਹੋ ਜਾਹ। ਨਹੀਂ, ਨਾਮ ਜਪੀ ਜਾਹ, ਬੇਸ਼ਕ ਉੱਚੀ ਉੱਚੀ ਜਪ; ਇਹ ਟੇਕ ਹਈ ਸਜਣਾਂ, ਕਰ ਤੇ ਦੇਖ। ਕੁਦਰਤ ਦੇ ਤੱਤ ਘੁਲ ਰਹੇ ਹਨ, ਤੈਨੂੰ ਕੀਹ? ਭਉ ਕਾਹਦਾ, ਜਦ ਅਸੀਂ ਨਿਰਭਉ ਨਾਲ ਜੁੜ ਰਹੇ ਹਾਂ। ਇੰਨੇ ਨੂੰ ਕਣੀ ਕਣਾ ਥੰਮ੍ਹ ਗਿਆ, ਹਵਾ ਅਜੇ ਕੁਛ ਫਰਾਟੇ ਮਾਰਦੀ ਸੀ ਪਰ ਗਰਦ ਘਟ ਗਈ। ਪੰਡੇ ਦੀ ਸੈਨਾ ਆ ਗਈ। ਪੰਜਾਹ ਕੁ ਆਦਮੀ ਤਾਂ ਪਿੜ ਲਾਕੇ ਸਤਿਗੁਰ ਦੇ ਆਲੇ ਦੁਆਲੇ ਘੇਰਾ ਪਾਕੇ ਡਾਂਗਾਂ ਸੂਤਕੇ ਖੜੇ ਹੋ ਗਏ ਤੇ ਪੰਜਾਹ ਕੁ ਨੇ ਪਿੜ ਵਿਚ ਲੁੱਡੀ ਪਾਉਣੀ ਸ਼ੁਰੂ ਕਰ ਦਿਤੀ। ਕੋਈ ਨੱਚੇ ਕੋਈ ਟੱਪੇ, ਕੋਈ ਗੱਤਕੇ ਖੇਲਣ, ਕੋਈ ਮਹਾਰਾਜ ਵਲ, ਤੱਕਕੇ ਡਰ ਵਾਲੀਆਂ ਸ਼ਕਲਾਂ ਬਨਾਉਣ, ਕੋਈ ਸੋਟਾ ਉਲਾਰਕੇ ਆਉਣ ਤੇ ਫੇਰ ਭੱਜ ਜਾਣ। ਮਰਦਾਨੇ ਦਾ ਰੰਗ ਪੀਲਾ ਹੁੰਦਾ ਜਾਏ, ਸਹਿਮ ਨਾਲ ਨੇਤਰ ਬੰਦ ਕਰੀ ਜਾਏ, ਪਰ ਸਤਿਗੁਰ ਅਡੋਲ, ਅਹਿੱਲ, ਜਿਸ ਤਰ੍ਹਾਂ ਬੈਠੇ ਸੇ ਬੈਠੇ ਰਹੇ, ਨਾ ਡਰੇ ਸਹਿੰਮੇ, ਨਾ ਕੰਬੇ ਹਿੱਲੇ, ਅੱਖਾਂ ਉੱਪਰ ਵਾਰ ਦੇ ਰੁੱਖ਼ ਰੱਖਕੇ ਬੱਝਵੀਂ ਟਕ ਵਿਚ ਤੇ ਮੱਥਾ ਡਾਢੇ ਜਬ੍ਹੇ ਵਾਲੇ ਰੰਗ ਵਿਚ ਸੀ। ਗੱਤਕੇ ਬਾਜ਼ ਗੱਤਕਾ ਖੇਡਕੇ ਗੱਤਕਾ ਉਲਾਰ ਕੇ ਆਵੇ ਕਿ ਮਾਨੋਂ ਮਾਰਦਾ ਹੈ, ਪਰ ਫੇਰ ਪੈਂਤੜਾ ਬਦਲਕੇ ਚਲਾ ਜਾਵੇ, ਜਾਵੇ ਤਾਂ ਐਉਂ ਜਿੱਕੂੰ ਇਕ

ਖੇਲ ਕਰਕੇ ਆਪਣੀ ਅਟਖੇਲੀ ਅਦਾ ਵਿਚ ਗਿਆ ਹੈ, ਪਰ ਦਿਲੋਂ ਮਹਾਰਾਜ਼ ਨਾਲ ਅੱਖ ਮੇਲਕੇ ਇਕ ਕਾਂਬਾ ਖਾਕੇ ਜਾਵੇ ਅਰ ਸਰੀਰ ਵਿਚ ਝੁਨਝੁਨੀ ਖਾ ਜਾਵੇ। ਹੁਣ ਕੁਝ ਗੱਤਕੇ ਬਾਜ਼ ਬਲਦੇ ਮੁਆਤਿਆਂ ਦੇ ਗੱਤਕੇ ਖੇਡਣ ਲੱਗੇ ਤੇ ਉਸੇ ਤਰ੍ਹਾਂ ਉੱਲਰ ਕੇ ਆਉਣ, ਪਰ ਉਸੇ ਤਰ੍ਹਾਂ ਆਪਣੇ ਕਲੇਜੇ ਵਿਚ ਧੜਕਾ ਖਾ ਕੇ ਪਿੱਛੇ ਹਟਣ। ਫੇਰ ਕੁਝ ਤਲਵਰੀਏ ਲਗੇ ਖੇਡਾਂ ਕਰਨ ਅਰ ਚਮਕਦੀ ਤਲਵਾਰ ਧੁਈ ਝਈਆਂ ਲੈ ਲੈਕੇ ਆ ਪੈਣ। ਇਸ ਵੇਲੇ ਮਰਦਾਨਾ ਮੂੰਹ ਕੱਜਕੇ ਲੰਮਾ ਪੈ ਗਿਆ। ਮਹਾਰਾਜ ਨੇ ਕਿਹਾ-ਉੱਠ ਰਬਾਬ ਵਜਾ ਕਿ ਬਾਣੀ ਆਈ ਹੈ। ਮਰਦਾਨਾ ਉੱਠਿਆ, ਅੰਗਾਂ ਵਿਚ ਕੋਈ ਬਿਜਲੀ ਦੀ ਰੌ ਫਿਰ ਗਈ ਦੀ ਮਲੂਮੀ ਦਿਤੀ ਤੇ ਸਾਵਧਾਨ ਹੋ ਕੇ ਸੁਰ ਛੇੜ ਬੈਠਾ ਗਉੜੀ ਦੀ। ਤਦਿ ਸ੍ਰੀ ਸਤਿਗੁਰ ਦੇ ਦੈਵੀ ਗਲੇ ਤੋਂ ਇਕ ਡਾਢੇ ਬਲਕਾਰ ਵਾਲੀ ਮੇਘ ਸਮਾਨ ਗਰਜ ਭਰੀ ਧੁਨਿ ਉੱਠੀ:-

> ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥
> ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥
> ਤੁਧੁ ਬਿਨੁ ਦੂਜੀ ਨਾਹੀ ਜਾਇ ॥
> ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥ ੧ ॥
> ਡਰੀਐ ਜੇ ਡਰੁ ਹੋਵੈ ਹੋਰੁ ॥
> ਡਰਿ ਡਰਿ ਡਰਣਾ ਮਨ ਕਾ ਸੋਰੁ ॥ ੧ ॥
> ਰਹਾਉ ॥ ਨ ਜੀਉ ਮਰੈ ਨ ਡੂਬੈ ਤਰੈ ॥
> ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥
> ਹੁਕਮੇ ਆਵੈ ਹੁਕਮੇ ਜਾਇ ॥
> ਆਗੈ ਪਾਛੈ ਹੁਕਮਿ ਸਮਾਇ ॥ ੨ ॥
>
> {ਗਉੜੀ ਮਹਲਾ ੧

ਇਸ ਸ਼ਬਦ ਦਾ ਉਹ ਪ੍ਰਭਾਉ ਪਿਆ ਕਿ ਸਾਰੇ ਨੱਚਣ ਟੱਪਣ ਵਾਲੇ, ਸਾਰੇ ਭੂਤ ਨਾਚ ਕਰਕੇ ਡਰ ਦਾ ਸਮਾਂ ਬੰਨ੍ਹ ਦੇਣ ਵਾਲੇ ਜਿਥੇ ਜਿਥੇ ਸਨ ਖੜੇ ਹੋ ਗਏ ਅਰ ਸ਼ਬਦ ਦੀ ਲੈ ਵਿਚ ਮੋਹਿਤ ਜੇਹੇ ਹੋਕੇ ਹਿਲਣੋਂ ਜੁਲਣੋਂ ਰਹਿ ਗਏ। ਜਿਸ ਵੇਲੇ ਤੋਂ ਇਹ ਕੌਤਕ ਵਰਤਾਏ ਜਾ ਰਹੇ ਸਨ, ਉਸ ਵੇਲੇ ਤੋਂ ਜੋਗੀ ਰਾਜ ਬ੍ਰਾਹਮਣ ਗੁਰੂ ਜੀ ਦੇ ਪਿਛਲੇ ਪਾਸੇ ਪੰਜ ਕੁ ਕਦਮ ਤੇ ਖੜਾ ਸੀ। ਜੋ ਤਾੜੀ ਉਹ ਸਵੇਰ ਵੇਲੇ ਅਸਮਾਨਾਂ ਵਿਚ ਲਾਇਆ ਕਰਦਾ ਸੀ, ਅੱਜ ਸ੍ਰੀ ਗੁਰੂ ਜੀ ਦੀ ਪਿੱਠ ਤੇ ਜਮਾਈ ਖੜਾ ਹੈ। ਰੱਬ ਜਾਣੇ ਅਪਣੇ ਅੰਦਰੋਂ ਕੀਹ ਸੰਕਲਪ ਕਰਕੇ ਉਹ ਧਿਆਨ ਜਮਾਈ ਖੜਾ ਹੈ ਪਰ ਜੋ ਕੁਝ ਹੈ ਉਹ ਚੰਗਾ ਨਹੀਂ, ਦੁੱਪਰਿਆਰ ਦਾ ਹੈ।

ਉੱਧਰ ਜਦੋਂ ਸ਼ਬਦ ਦੀ ਧੁਨੀ ਸਭ ਨੂੰ ਇਕ ਅਹਿੱਲ ਜਿਹਾ ਬਣਾਕੇ ਖੜਾ ਕਰ ਗਈ ਤਾਂ ਪੰਡਾ ਆਪ ਅੱਗੇ ਵਧਕੇ ਆਇਆ, ਬੜੀ ਗੁਸੈਲ ਤੇ ਬਿਕਰਾਲ ਸੂਰਤ ਧਾਰੀ ਹੋਈ, ਪਰ ਜਿਉਂ ਜਿਉਂ ਨੇੜੇ ਆਇਆ ਕਦਮਾਂ ਦਾ ਤ੍ਰਿਖਾਪਨ ਘਟਦਾ ਗਿਆ, ਪੰਜ ਕੁ ਕਦਮਾਂ ਤੇ ਖੜੋਕੇ ਬੜਾ ਭੈ ਦੇਣ ਲੱਗਾ, ਪਰ ਉਸ ਦੇ ਅੰਦਰ ਐਉਂ ਪ੍ਰਤੀਤ ਦੇਵੇ ਕਿ ਜੀਕੂੰ ਕਮਜ਼ੋਰ ਕਰਨ ਵਾਲੀ ਝਰਨਾਟ ਛਿੜਦੀ ਹੈ। ਦੂਸਰੀ ਛਿਨ ਵਿਚ ਕੀਹ ਦੇਖਦਾ ਹੈ ਕਿ ਜੋਗੀ ਰਾਜ ਦੇ; ਜੋ ਗੁਰੂ ਸਾਹਿਬ ਜੀ ਦੀ ਪਿੱਠ ਪਿੱਛੇ ਤ੍ਰਾਟਕ ਜੋੜੀ ਖੜਾ ਸੀ, ਅੱਖਾਂ ਦੇ ਛੱਪਰ ਢੈ ਪਏ ਹਨ, ਇਕ ਚੱਕਰ ਜਿਹਾ ਖਾਂਦਾ ਜਾਂਦਾ ਹੈ, ਲੱਤਾਂ ਲੜਖੜਾਂਦੀਆਂ ਹਨ ਤੇ ਇਸ ਤਰ੍ਹਾਂ ਹੁੰਦਾ ਹੁੰਦਾ ਧਰਤੀ ਤੇ ਬਹਿੰਦਾ ਬਹਿੰਦਾ ਢੈ ਪੈਂਦਾ ਤੇ ਸਿਰ ਮੂਧੇ ਪੈ ਜਾਂਦਾ ਹੈ। ਉਹ ਐਉਂ ਬਿਲਕੁਲ ਬੇਹੋਸ਼ ਹੋ ਗਿਆ। ਇਹ ਦੇਖਕੇ ਪੰਡੇ ਤੇ ਇਕ ਹੋਰ ਸਹਿਮ ਛਾਉਂਦਾ ਹੈ ਤੇ ਅਗੇ ਹੋਕੇ ਕੁਛ ਭਰਵੀਂ ਸੁਰ ਵਿਚ ਆਖਦਾ ਹੈ, ਹੇ ਤਪੇ!.... ਤੂੰ ਡਰਦਾ ਨਹੀਂ ਹੈਂ (ਅੱਖਾਂ ਚਮਕਾ ਕੇ) ਕਿਉਂ...?

ਇਸ ਵੇਲੇ ਮਰਦਾਨਾ ਭੈ ਵਿਚੋਂ ਨਿਕਲ ਚੁਕਾ ਸੀ, ਉਸ ਨੇ ਹੁਣ ਬੜੇ ਦਿਲ ਨਾਲ ਸਾਜ਼ ਛੇੜ ਦਿਤਾ ਤੇ ਸ੍ਰੀ ਗੁਰੂ ਜੀ ਨੇ ਫੇਰ ਇਕ ਬੜੀ ਭਰਵੀਂ ਤੇ ਮੇਘਸਮਾਨ ਖਿਚਣ ਵਾਲੀ ਸੁਰ ਵਿਚ ਗਾਂਵਿਆਂ।

> [1]ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥ ੧ ॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥ ੧ ॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ॥ ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥ ੨ ॥ ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ

---

[1] ਇਹ ਸ਼ਬਦ ਗਉੜੀ ਰਾਗ ਵਿਚ ਹੈ।

{ਗ:ਗਉ:ਗੁਆਹੇਰੀ:ਮ ੧-੧}

ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ ॥੩॥੧॥

ਇਸ ਵੇਰ ਡਾਢਾ ਸਹਿਮਵਾਂ ਅਸਰ ਪਿਆ, ਸਾਰੇ ਲੱਠ ਬਾਜ਼ ਬੈਠ ਗਏ, ਪੰਡਾ ਆਪ ਬੈਠ ਗਿਆ ਤੇ ਬੋਲਿਆ:-

ਤਪਾ ਜੀ! ਮੈਂ ਸੁਖ ਸਬੀਲੀ ਨਾਲ ਸੁਨੇਹਾ ਘੱਲਿਆ ਸੀ, ਆਪ ਗਏ ਨਹੀਂ?

ਗੁਰੂ ਜੀ-ਲੈ ਜਾਏਗਾ ਤਾਂ ਚਲੇ ਜਾਵਾਂਗੇ।

ਪੰਡਾ-ਕੌਣ ?

ਗੁਰੂ ਜੀ-ਘੱਲਣ ਵਾਲਾ।

ਪੰਡਾ(ਡਰਕੇ)-ਉਹ ਕੌਣ ਹੈ?

ਗੁਰੂ ਜੀ-ਜਿਸ ਤੋਂ ਸਾਰੇ ਡਰਦੇ ਹਨ ਤੇ ਜੋ ਕਿਸੇ ਤੋਂ ਨਹੀਂ ਡਰਦਾ।

ਪੰਡਾ-ਉਹ ਕੌਣ ਹੈ?

ਗੁਰੂ ਜੀ-ਕਰਣੇ ਹਾਰ, ਕੌਤਕ ਹਾਰ।

ਪੰਡਾ-ਉਹ ਕਿੱਥੇ ਹੈ?

ਗੁਰੂ ਜੀ-ਐਥੇ।

ਪੰਡਾ-ਦਿੱਸਦਾ ਨਹੀਂ ?

ਗੁਰੂ ਜੀ-ਪਾਪੀਆਂ ਦੇ ਦਿਲਾਂ ਪਰ ਡਰ ਪਾਉਣ ਵਿਚ ਰੁੱਝ ਰਿਹਾ ਹੈ।

ਪੰਡਾ-ਪਾਪੀ ਕੌਣ ਹਨ?

ਗੁਰੂ ਜੀ-ਜੋ ਡਰਦੇ ਹਨ।

ਪੰਡਾ-ਡਰਦੇ ਕੌਣ ਹਨ?

ਗੁਰੂ ਜੀ-ਜੋ ਪਾਪੀ ਹਨ।

ਪੰਡਾ(ਗੱਲ ਟਾਲਕੇ)-ਕੀ ਤੁਸੀਂ ਤਾਂਤ੍ਰੀ ਹੋ ਜੋ ਹਿੱਲੇ ਜੁੱਲੇ ਨਹੀਂ, ਡਰਾਂ ਤੋਂ ਡਰੇ ਨਹੀਂ ਤੇ ਡਰਾ ਰਹੇ ਹੋ?

ਗੁਰੂ ਜੀ-ਮੈਂ ਨਾ ਡਰਦਾ ਹਾਂ, ਨਾ ਡਰ ਦੇਂਦਾ ਹਾਂ, ਮੈਂ ਕਰਨਹਾਰ ਦੇ ਭੈ ਵਿਚ ਹਾਂ ਤੇ ਚਾਹੁੰਦਾ ਹਾਂ ਕਿ ਸਭ ਉਸ ਦੇ ਭੈ ਵਿਚ ਹੋਣ। ਉਸ ਦਾ ਭੈ ਪਾਪ ਰਹਿਤ ਕਰਦਾ ਹੈ, ਪਾਪ ਰਹਿਤ ਹੋਣਾ ਨਿਰਭੈ ਹੋਣਾ ਹੈ, ਸੋ ਉਸ ਦਾ ਭੈ ਕਰਨਾ ਨਿਰਭੈ ਹੋਣਾ ਹੈ।

ਪੰਡਾ-ਭੈ ਤਾਂ ਨਿਰਬਲ ਖਾਂਦੇ ਹਨ?

ਗੁਰੂ ਜੀ-ਨਿਰਬਲ ਹੈ ਉਹ ਜੋ ਸੱਚ ਤੋਂ ਪਰੇ ਜਾਂਦਾ ਹੈ, ਹਾਂ ਨਿਰਬਲ ਉਹੋ ਹੈ ਜੋ ਪਾਪ ਕਰਦਾ ਹੈ, ਪਾਪ ਨਿਰਬਲਤਾਈ ਉਤਪੰਨ ਕਰਦਾ ਹੈ, ਨਿਰਬਲਤਾਈ ਡਰ ਨੂੰ ਵਾਜਾਂ ਮਾਰਦੀ ਹੈ।

ਪੰਡਾ-ਤਾਂ ਤੂੰ ਨਿਸ਼ਪਾਪ ਹੈਂ? ਸੱਤਜ਼ਵਾਨ ਹੈਂ? ਜੇ ਹੁਣੇ ਮੇਰਾ ਕੁਤਕਾ ਪਾਰ ਕਰੇ ਤਾਂ ਕੀ ਤੂੰ ਪਾਪੀ ਹੈਂ?

ਗੁਰੂ ਜੀ-ਮਰ ਜਾਣਾ, ਹਾਰ ਜਾਣਾ, ਅਪਕੀਰਤੀ ਵਿਚ ਆ ਜਾਣਾ, ਏਹ ਪਾਪਾਂ ਦੀਆਂ ਨਿਸ਼ਾਨੀਆਂ ਨਹੀਂ, ਨਾ ਡਰ ਜਾਣ ਦੇ ਚਿੰਨ੍ਹ ਹਨ। ਨਿਰਭੈ ਰਹਿਣਾ, ਹਾਂ ਅਭੈ ਹੋ ਜਾਣਾ ਅਪਜਸ ਤੋਂ, ਅਪਕੀਰਤੀ ਤੋਂ, ਸਰੀਰਕ ਕਸ਼ਟਾਂ ਤੋਂ, ਮੌਤ ਤੋਂ, ਇਹ ਸੱਤਜ ਦੇ ਪਿਆਰ ਨਾਲ ਹੁੰਦਾ ਹੈ। ਅਪਜਸ, ਕਸ਼ਟ ਤੇ ਮੌਤ ਪਾਪ ਦੀ ਨਿਸ਼ਾਨੀ ਨਹੀਂ; ਨਾ ਭੈ ਦੀ ਦਲੀਲ ਹਨ। ਮਰ ਜਾਏਗਾ ਸਰੀਰ ਜਿਸ ਮਰਨਾਂ ਹੈ ਜ਼ਰੂਰ। ਕਸ਼ਟ ਭੋਗੇਗੀ ਦੇਹ ਜੋ ਨਿਤ ਭੋਗਦੀ ਹੈ। ਅਪਜਸ ਹੋਏ ਨਾਉਂ ਦਾ ਜੋ ਕਦੇ ਪ੍ਰਸਿਧ ਨਹੀਂ ਸੀ ਤੇ ਫੇਰ ਪ੍ਰਸਿੱਧ ਹੋਕੇ ਲੋਕਾਂ ਦੇ ਦਿਲਾਂ ਤੋਂ ਲਹਿ ਗਿਆ; ਜਸ ਦੇਣ ਵਾਲੇ ਜਸ ਮੋੜਕੇ ਲੈ ਗਏ; ਅਭੈ ਪਦ ਵਾਲੇ ਦਾ ਕੀ ਘਟਿਆ। ਜੀਉ ਨਾ ਮਰੇਗਾ, ਨਾ ਕਸ਼ਟ ਪਾਏਗਾ, ਨਾ ਅਪਕੀਰਤੀ ਨਾਲ ਉਦਾਸ ਹੋਵੇਗਾ।

ਪੰਡਾ-(ਘਬਰਾ ਕੇ)-ਮੇਰੇ ਪਾਸ ਬੜਾ ਐਸ੍ਵਰਜ ਹੈ, ਅਰ ਮੈਂ ਚਾਹੁੰਦਾ ਹਾਂ ਕਿ ਮੇਰੀ ਆਪ ਦੀ ਬਣ ਆਵੇ, ਜੋ ਚਾਹੋ ਲਓ, ਆਰਾਮ ਕਰੋ, ਵਧੋ ਫੁਲੋ, ਪਰ ਮੇਰੀ ਆਨ ਬਾਨ ਰਹੇ। ਲਾਜ ਰਖੋ, ਲਾਜ ਰਖਾਓ। ਮੋਤੀਆਂ ਦੇ ਮੰਦਰ, ਐਸ੍ਵਰਜ, ਸਿੱਧੀਆਂ ਹੁਕਮ ਹਾਸਲ ਸਭ ਹਾਜ਼ਰ ਹੈ। ਮੈਂ ਤਾਂਤ੍ਰੀ ਵਿੱਦਯਾ ਦਾ ਬੀ ਆਚਾਰਯ ਹਾਂ।

ਗੁਰੂ ਜੀ ਨੇ ਇਹ ਸੁਣਕੇ ਇਕ ਸ਼ਬਦ ਗਾਵਿਆਂ, ਇਸ ਦੇ ਅਸਰ ਨਾਲ ਪੰਡੇ ਨੂੰ ਹੋਸ਼ ਆ ਗਈ ਤੇ ਬੋਲਿਆ:-

ਤੁਸੀਂ ਬ੍ਰਹਮ ਗਿਆਨੀ ਮਲੂਮ ਹੁੰਦੇ ਹੋ?

ਗੁਰੂ ਜੀ-ਬ੍ਰਹਮ ਗਜਾਨ ਬ੍ਰਹਮ ਨੂੰ ਹੈ ਕਿਸੇ ਹੋਰ ਦੇ ਗਜਾਨ ਦਾ ਵਿਸ਼ਾ ਬ੍ਰਹਮ ਨਹੀਂ।

ਪੰਡਾ-ਮੈਨੂੰ ਦਿੱਸਦਾ ਹੈ ਕਿ ਤੁਹਾਨੂੰ ਬ੍ਰਹਮ ਦਾ ਗਜਾਨ ਹੈ, ਜੇ ਬ੍ਰਹਮ ਦਾ ਗਿਆਨ ਬ੍ਰਹਮ ਬਿਨਾਂ ਕਿਸੇ ਨੂੰ ਨਹੀਂ ਤਾਂ ਤੁਸੀਂ ਬ੍ਰਹਮ ਹੋ, ਕਿਉਂਕਿ ਬ੍ਰਹਮ ਗਜਾਨ ਬਿਨਾਂ ਤੁਸਾਂ ਵਰਗਾ ਕੋਈ ਹੋ ਨਹੀਂ ਸਕਦਾ।

ਗੁਰੂ ਜੀ-ਬ੍ਰਹਮ ਅਮਿੱਤ ਹੈ, ਅਨੰਤ ਹੈ,

ਅਨਾਦਿ ਹੈ।

ਪੰਡਾ-ਬ੍ਰਹਮ ਨਿਰਗੁਣ ਬੀ ਹੈ, ਸਰਗੁਣ ਬੀ ਹੈ, ਬ੍ਰਹਮ ਬ੍ਰਹਮ ਬੀ ਹੈ ਤੇ ਈਸ਼ਰ ਬੀ ਹੈ, ਈਸ਼ਰ ਗੁਪਤ ਬੀ ਤੇ ਪ੍ਰਗਟ ਬੀ, ਈਸ਼ਰ ਵਿਦੇਹ ਬੀ ਹੈ ਤੇ ਦੇਹ ਬੀ ਧਾਰਦਾ ਹੈ; ਤੂੰ ਦੇਹ ਧਾਰੀ ਬ੍ਰਹਮ ਹੈਂ।

ਗੁਰੂ ਜੀ-ਦੇਹ ਇਕ ਦੇਸ਼ੀ ਹੈ, ਬ੍ਰਹਮ ਸਰਬ ਦੇਸ਼ੀ ਹੈ।

ਪੰਡਾ (ਖਿਸਿਆ ਕੇ)-ਤੇਰੇ ਵਿਚ ਬ੍ਰਹਮੱਤ੍ਵ ਪੂਰਨ ਹੈ, ਜਿਵੇਂ ਲੋਹੇ ਵਿਚ ਅਗਨੀ ਦਾ ਪ੍ਰਵੇਸ਼। ਹਾਂ ਮੈਨੂੰ ਦਿੱਸਿਆ ਹੈ ਨੂਰ। ਤੇਰੇ ਪਿੱਛੇ ਇਕ ਬ੍ਰਾਹਮਣ ਮਰ ਰਿਹਾ ਹੈ। ਇਸ ਦੀ ਹੱਤਯਾ ਕਿਸ ਨੂੰ?

ਗੁਰੂ ਜੀ-ਜਿਸ ਨੇ ਇਸ ਨੂੰ ਮਾਰਨ ਘੱਲਿਆ, ਉਸ ਦੇ ਸਿਰ ਇਸ ਦੇ ਮਰਨ ਦੀ ਹੱਤਯਾ, ਮੈਂ ਮਰਨ ਮਾਰਨ ਵਿਚ ਨਹੀਂ, ਮੈਂ ਵੈਰ ਮੋਹ ਵਿਚ ਨਹੀਂ, ਮੈਂ ਆਪਣੇ ਪਿਆਰੇ ਦੇ ਰੰਗ ਵਿਚ ਟੁਰ ਰਿਹਾ, ਬੈਠ ਰਿਹਾ, ਲੇਟ ਰਿਹਾ, ਹੱਸ ਰਿਹਾ, ਖਾ ਰਿਹਾ ਤੇ ਸੌਂ ਰਿਹਾ ਹਾਂ।

ਪੰਡਾ(ਅੱਖਾਂ ਮੀਟਕੇ, ਫਿਰ ਖੋਲ੍ਹ ਕੇ)-ਮਿਹਰ?

ਗੁਰੂ ਜੀ-ਹਾਂ ਮਿਹਰ, ਰੱਬ ਦੇ ਘਰ ਮਿਹਰ, ਰੱਬ ਦੇ ਬੰਦੇ ਘਰ ਮਿਹਰ, ਹਾਜ਼ਰਾਂ ਕੂੰ ਮਿਹਰ।

ਪੰਡਾ ਉੱਠਕੇ ਬੇਸੁਧ ਬ੍ਰਾਹਮਣ ਨੂੰ ਚਾ ਲਿਆਇਆ ਤੇ ਚਰਨਾਂ ਅੱਗੇ ਪਾ ਦਿੱਤਾ। ਜੋਗੀ ਰਾਜ ਦੀਆਂ ਅੱਖਾਂ ਤਾੜੇ ਲਗ ਰਹੀਆਂ ਸਨ, ਸਾਹ ਕਿਸੇ ਅਨੋਖੀ ਤਰ੍ਹਾਂ ਆ ਰਹੇ ਸਨ, ਹੱਥ ਪੈਰ ਢਿੱਲੇ ਸਟੀਜੇ ਪਏ ਸਨ, ਸਤਿਗੁਰੂ ਵੇਖ ਕੇ ਮੁਸਕ੍ਰਾਏ ਤੇ ਬੋਲੇ-

ਚਿਟਾਨ ਨਾਲ ਟੱਕਰ ਮਾਰਿਆਂ ਆਪਣਾ ਸਿਰ ਪਾਟਦਾ ਹੈ; ਖੂਹ ਖੱਟਿਆਂ ਖਾਤਾ ਮਿਲਦਾ ਹੈ, ਜਾਦੂ ਕੀਤਿਆਂ ਜਾਦੂ ਪੈਂਦਾ ਹੈ। ਨਿਰਵੈਰ ਪਿਆ ਹੈ ਚਿਟਾਨ ਹੈ, ਉਸ ਨੂੰ ਵੈਰ ਦੀ ਟੱਕਰ ਮਾਰਿਆਂ ਆਪਣਾ ਸਿਰ ਖੁੱਲ੍ਹਦਾ ਹੈ! 'ਨਿਰਵੈਰ' ਇਕ ਬਲੌਰ ਦਾ ਚਿਟਾਨ ਹੈ, ਜਿਸ ਵਲ ਮਾਨਸਕ ਲਹਿਰਾਂ ਘੱਲੀਆਂ ਟਕਰਾ ਕੇ ਪਰਤਦੀਆਂ ਤੇ ਅਪਣੇ ਤੇ ਆਕੇ ਪੈਂਦੀਆਂ ਤੇ ਆਪੇ ਨੂੰ ਮੂਰਛਤ ਕਰਦੀਆਂ ਹਨ। ਮਾਨਸਕ ਬਲ ਨਿਰਵੈਰ ਬਲ ਨਾਲ ਟਕਰਾ ਕੇ ਆਪੇ ਨੂੰ ਮਾਰਦਾ ਹੈ। ਕੌਣ ਕਿਸ ਨੂੰ ਮਾਰਦਾ ਹੈ? ਆਪਾ ਆਪੇ ਨੂੰ ਮਾਰਦਾ ਹੈ। ਆਪਾ ਸੱਤਿ ਨੂੰ ਉਲਟਾ ਕੇ ਅਸੱਤਿ ਦੀ ਓਟ ਲੈ ਕੇ ਸਤਿ ਨਾਲ ਟਕਰਾਉਂਦਾ ਹੈ ਤੇ ਲੰਮੇ ਸਾਹ ਲੈਂਦਾ ਹੈ। ਹਾਂ, ਮਰਦਾਨਿਆਂ! ਬਈ, ਲਾ ਇਸ ਬ੍ਰਾਹਮਣ ਨੂੰ ਆਪਣੇ ਅਛੂਤ ਜਾਤੀ ਦੇ ਚਰਨ ਜੋ ਕੁਲੀਨ ਮਹਾਂ ਰਿਸ਼ੀ ਦੀ ਹੋਸ਼ ਪਰਤੇ ਤੇ ਜਾਗ ਜੀ ਉੱਠੇ।

ਮਰਦਾਨੇ ਨੇ ਉੱਠਕੇ ਹਿਲਾਯਾ, ਸਿਰ ਤੇ ਰਬਾਬ ਦੀ ਠੁਹਕਰ ਨਾਲ ਪਜਾਰ ਦਿੱਤਾ, ਤਾਂ ਜੋਗੀ ਰਾਜ ਦੀਆਂ ਅੱਖਾਂ ਬੰਦ ਹੋ ਗਈਆਂ, ਸੁਆਸ ਠੀਕ ਹੋ ਗਿਆ ਤੇ ਚਿਹਰੇ ਦੀ ਕ੍ਰਾਂਤਿ ਬਦਲ ਗਈ ਤੇ ਕੋਈ ਕੱਚੀ ਘੜੀ ਵਿਚ ਉੱਠਕੇ ਬੈਠ ਗਿਆ। ਇਹ ਕ੍ਰਿਸ਼ਮਾਂ ਵੇਖ ਕੇ ਪੰਡੇ ਦਾ ਹਿਰਦਾ ਹੁਣ ਸਾਰਾ ਬਦਲ ਗਿਆ, ਇਸ ਦਾ ਅਸਰ ਉਸਦੇ ਡੂੰਘੇ ਅੰਦਰ ਗਿਆ ਕਿ ਇਹ ਜ਼ਰੂਰ ਮਹਾਂ ਪੁਰਖ ਹੈ, ਇਸ ਵਿਚ ਮਹਾਨ ਸ਼ਕਤੀ ਹੈ, ਜਿਸ ਤੋਂ ਬੇਸੁੱਧ ਕਰ ਕੇ ਸੱਟ ਦੇਣ ਵਾਲਾ ਅਸਰ ਪਾਉਂਦਾ ਪਾਉਂਦਾ ਬ੍ਰਾਹਮਣ ਆਪ ਬੇਸੁੱਧ ਹੋ ਕੇ ਮਰ ਚੱਲਿਆ ਸੀ। ਇਸ ਵਿਚ ਫਿਰ ਕਿੱਡੀ ਤਾਕਤ ਹੈ ਕਿ ਝੱਟ ਵੱਲ ਕਰ ਦਿਤਾ ਹੈਸੁ। ਇਹ ਫਿਰ ਬਖਸ਼ਿਸ਼ ਦਾ ਸਮੁੰਦਰ ਹੈ, ਸ਼ਾਂਤੀ ਦਾ ਭੰਡਾਰ ਹੈ, ਫਿਰ ਅਭੈ ਹੈ। ਗਲ ਕਰਦਾ ਹੈ ਤਾਂ ਪੰਡਤਾਈ ਤੇ ਵਿਦਵਤਾ ਮਾਤ ਪੈਂਦੀਆਂ ਹਨ, ਸਚ ਮੁੱਚ ਇਹ ਅਵਤਾਰ ਹੈ। ਅਵਤਾਰ ਤੋਂ ਘੱਟ ਕਿਸੇ ਵਿਚ ਇਹ ਗੁਣ ਨਹੀਂ ਹੋ ਸਕਦੇ, ਹੁਣ ਸ਼ਰਣ ਲੈਣੀ ਹੀ ਠੀਕ ਹੈ।

ਪੰਡਾ-ਮਹਾਰਾਜ! ਮੇਰਾ ਉਧਾਰ ਕ੍ਰੀਕੂੰ ?

ਗੁਰੂ ਜੀ-ਕੁਲੱਛਨ ਛੱਡਿਆਂ।

ਪੰਡਾ-ਕੁਲੱਛਨ ਕੀ ਕੀ ਹਨ?

ਗੁਰੂ ਜੀ-ਅਸੱਤਿ, ਝੂਠ।

ਪੰਡਾ-ਜੀ ਹੋਰ?

ਗੁਰੂ ਜੀ-ਜਿੱਥੇ ਵਾਹਿਗੁਰੂ ਦਾ ਸਿਮਰਨ ਹੋਵੇ, ਕੀਰਤਨ ਹੋਵੇ, ਪਰਮੇਸ਼ੁਰ ਦਾ ਪਿਆਰ ਧਿਆਨ ਹੋਵੇ, ਅਰਥਾਤ ਜਿੱਥੇ 'ਨਾਮ' ਹੈ ਉਥੇ ਅਦਬ ਕਰਿਆ ਕਰ, ਪਰਮੇਸ਼ੁਰ ਦੇ ਪਿਆਰਿਆਂ ਨੂੰ ਡਰਾਇਆ ਨਾ ਕਰ।

ਪੰਡਾ-ਮੇਰਾ ਉਧਾਰ?

ਗੁਰੂ ਜੀ-ਨਾਮ ਜਪੁ। ਨਾਮ ਸਿਮਰ, ਨਾਮ ਧਜਾਊ, ਨਾਮ ਵਿਚ ਖੇਡ, ਇੱਲਤਾਂ ਛੱਡ ਦੇਹ!

ਪੰਡਾ-ਸੱਤਿ ਬਚਨ। ਪਰ ਜੀ ਜਗਤ ਵਿਚ

ਵੱਸਦਿਆਂ ਝੂਠ, ਕੁਸੱਤ; ਜ਼ੋਰ, ਧੱਕਾ, ਇਨ੍ਹਾਂ ਗੱਲਾਂ ਦੀ ਲੋੜ ਪੈ ਜਾਂਦੀ ਹੈ।

ਗੁਰੂ ਜੀ-ਕਮਜ਼ੋਰ ਦਿਲਾਂ ਨੂੰ ਲੋੜ ਪੈਂਦੀ ਹੈ। ਜਾਣ ਹੇ ਪੰਡੇ! ਕਿ ਹੈਂਕੜ ਵਾਲੇ ਜ਼ੋਰ ਵਾਲੇ ਨਹੀਂ ਹੁੰਦੇ, ਜ਼ੋਰ ਅੰਦਰਲੇ 'ਟਿਕਾਉ' ਤੋਂ 'ਸੱਤ' ਦੀ ਦ੍ਰਿੜ੍ਹਤਾ ਪਰ ਹੁੰਦਾ ਹੈ। ਡਰ ਜਾਣਾ ਬੀ ਕਮਜ਼ੋਰੀ ਹੈ, ਪਰ ਡਰਾਉਣਾ ਵੀ ਦਲੀਲ ਕਮਜ਼ੋਰੀ ਦੀ ਹੈ। ਬੜੇ ਬੜੇ ਪਾਤਸ਼ਾਹ, ਜੋ ਜ਼ੋਰ ਜ਼ੁਲਮ ਕਰਦੇ ਹਨ ਡਰਦੇ ਮਾਰੇ ਕਰਦੇ ਹਨ ਕਿ ਮਤਾਂ ਸਾਨੂੰ ਕੋਈ ਮਾਰ ਨਾ ਸੁੱਟੇ। ਨਿਰਭੈ ਹੋਣਾ, ਅਭੈ ਪਦ ਤੇ ਟਿਕਣਾ, ਨਾ ਡਰਨਾ ਨਾ ਡਰਾਉਣਾ ਇਹ ਤਾਕਤ ਹੈ ਜੋ ਸਰੀਰ ਮਨ ਤੇ ਆਤਮਾ ਦੇ ਬਲੀ ਹੋਣ ਦੀ ਦਲੀਲ ਹੈ।

ਮੇਰਾ ਸਿਖ ਨਾ ਡਰੇਗਾ ਨਾ ਡਰਾਏਗਾ, ਮੇਰਾ ਸਿਖ ਆਪਣੇ ਜੀਵਨ ਦੇ ਬੇੜੇ ਨੂੰ 'ਸੱਚ' ਦੇ ਧ੍ਰੂ ਨਿਹਾਰ(ਕੁਤਬਨੁਮਾ) ਦੀ ਸੇਧ ਤੇ ਟੋਰੇਗਾ; ਮੇਰਾ ਸਿਖ ਅੰਦਰੋਂ ਹਰ ਵੇਲੇ ਵਾਹਿਗੁਰੂ ਨਾਲ ਜੁੜਿਆ, ਉਸ ਸਰਬ ਸ਼ਕਤੀਮਾਨ ਦੀ ਜੀਵਨ ਰੌ ਨਾਲ ਹਰ ਵੇਲੇ ਸੁਰਜੀਤ, ਦਮਬਦਮ ਤਾਜ਼ਗੀ ਵਿਚ, ਸਦਾ ਜਾਗ ਵਿਚ, ਜ਼ਿੰਦਗੀ ਦੇ ਹੁਲਾਰਿਆਂ ਵਿਚ ਜੀਵਨ ਕਣੀ ਨਾਲ ਦਗ ਦਗ ਕਰਦਾ, ਜੀਉਂਦਾ ਜਾਗਦਾ ਵਿਚਰੇਗਾ।

ਮਹਾਰਾਜ ਦੇ ਵਾਕਾਂ ਦਾ ਅਚਰਜ ਅਸਰ ਪਿਆ, ਪੰਡਾ ਸਿਖ ਹੋ ਗਿਆ, ਨਾਮ ਧਰੀਕ ਹੋਇਆ। ਜੋ ਲੱਠ ਬਾਜ਼ ਆਏ ਸਨ, ਸਾਰੇ ਸੁਣ ਰਹੇ ਸਨ, ਵੇਖ ਰਹੇ ਸਨ, ਸਾਰੇ ਸ਼ਰਧਾਵਾਨ ਹੋ ਗਏ ਤੇ ਮੱਥਾ ਟੇਕਕੇ ਵਿਦਾ ਹੋਏ। ਆਪ ਨੇ ਆਪਣਾ ਡੇਰਾ ਸਮੁੰਦਰ ਦੇ ਪਾਸੇ ਹੀ ਰੱਖਿਆ, ਜਿਥੇ ਇਸ ਵੇਲੇ ਤਕ ਗੁਰੂ ਨਾਨਕ ਸਾਹਿਬ ਜੀ ਦੀ ਬਾਉਲੀ ਹੈ। ਇਸ ਦਾ ਜਲ ਮਿੱਠਾ ਹੈ, ਚਾਹੇ ਸਮੁੰਦਰ ਦੇ ਨੇੜੇ ਹੈ ਤੇ ਹੋਰ ਖੂਹਾਂ ਦਾ ਜਲ ਖਾਰਾ ਹੈ। ਪੰਡੇ ਤੇ ਸੰਗਤ ਨੇ ਸ਼ਹਿਰ ਜਾਣ ਲਈ ਜ਼ੋਰ ਲਾਇਆ, ਪਰ ਮਹਾਰਾਜ ਜੀ ਨੇ ਕਿਹਾ ਕਿ ਅਜੇ ਇਕ ਅੱਧ ਦਿਨ ਹੁਕਮ ਏਥੇ ਹੀ ਹੈ। ਮਰਦਾਨਾ ਉਜਾੜ ਤੋਂ ਕਾਹਲਾ ਪੈ ਰਿਹਾ ਸੀ ਤੇ ਵਸਤੀ ਵਿਚ ਜਾਣ ਲਈ ਤਾਂਘ ਰਿਹਾ ਸੀ, ਪਰ ਮਾਲਕ ਦੀ ਰਜ਼ਾ ਵਿਚ ਖੁਸ਼ ਸੀ, ਆਪਣੇ ਸੰਗੀਤ ਦੇ ਰੰਗ ਵਿਚ ਮਗਨ ਤੇ ਉੱਚ ਉਡਾਰੀਆਂ ਵਿਚ ਰਹਿੰਦਾ ਸੀ।

੩.

**ਰਾਤ** ਗੁਜ਼ਰੀ, ਅੰਮ੍ਰਿਤ ਵੇਲਾ ਆ ਗਿਆ, ਮਰਦਾਨੇ ਨੇ ਕੀਰਤਨ ਆਰੰਭ ਕੀਤਾ। ਸਚੇ ਪਾਤਸ਼ਾਹ ਜੀ 'ਆਪੇ ਰਸੀਆ ਆਪਿ ਰਸੁ ਆਪੇ ਰਾਵਣ ਹਾਰ' ਦੇ ਸੰਗੀਤ ਕੀਰਤਨ ਤੇ ਸਿਫਤ ਸਲਾਹ ਦੇ ਰੰਗ ਵਿਚ ਰੰਗੇ ਅਡੋਲ ਬੈਠੇ ਹਨ। ਸੰਗਤ ਆਉਣੀ ਆਰੰਭ ਹੋ ਗਈ। ਸੂਰਜ ਚੜ੍ਹੇ ਤਕ ਠੱਠ ਬੱਝਾ ਰਿਹਾ, ਫਿਰ ਭੋਗ ਪਿਆ, ਕੜਾਹ ਪ੍ਰਸਾਦ ਵਰਤਿਆ, ਸੰਗਤ ਵਿਦਾ ਹੋਈ। ਅਜ ਸੰਗਤ ਨੇ ਸ਼ਹਿਰ ਚੱਲਣ ਵਾਸਤੇ ਬਹੁਤ ਅਰਜ਼ੋਈ ਕੀਤੀ, ਪਰ ਆਪ ਨੇ ਆਖਿਆ ਕਿ ਅਜ ਦਾ ਦਿਨ ਹੁਕਮ ਏਥੇ ਰਹਿਣ ਦਾ ਹੈ, ਕੱਲ ਜੋ ਨਿਰੰਕਾਰ ਕਰਾਵੇਗਾ ਹੋਵੇਗਾ। ਜੰਤੀ ਦੇ ਵੱਸ ਜੰਤ ਹੈ, ਜਿਉਂ ਵਜਾਏਗਾ ਵੱਜੀਏਗਾ।

ਲੌਢੇ ਪਹਿਰ ਜੋਗੀ ਰਾਜ ਬ੍ਰਾਹਮਣ ਦਰਸ਼ਨ ਨੂੰ ਆਇਆ, ਮੱਥਾ ਟੇਕਕੇ ਬੈਠ ਗਿਆ, ਸਤਿਗੁਰਾਂ ਨੇ ਆਦਰ ਦਿਤਾ, ਪਜ਼ਾਰ ਕੀਤਾ ਤੇ ਸੁਖ ਪੁੱਛੀ। ਤਦ ਜੋਗੀ ਨੇ ਆਖਿਆ-ਮਹਾਰਾਜ! ਆਪ ਦੇ ਬਲ ਅੱਗੇ ਮੈਂ ਝੁਕ ਚੁੱਕਾ ਹਾਂ, ਆਪ ਦੀ ਕਰਨੀ ਕੀਰਤਿ ਦਾ ਲੋਹਾ ਮੰਨ ਚੁੱਕਾ ਹਾਂ, ਪਰ ਮੇਰੇ ਸ਼ੰਕੇ ਅਜੇ ਨਿਵਿਰਤ ਨਹੀਂ ਹੋਏ।

ਗੁਰੂ ਜੀ-ਨਿਵਾਰ ਲਓ। ਮਨ ਮੰਨੇ ਨਾ ਤਾਂ ਮਨ ਟਿਕੇ ਕਿਵੇਂ? ਟਿਕੇ ਨਾ ਤਾਂ ਉੱਚਾ ਕਿਵੇਂ ਹੋਵੇ? ਉੱਚਾ ਨਾ ਹੋਵੇ ਤਾਂ ਸਾਂਈਂ ਤਾਰ ਨਾਲ ਸੁਰ ਹੋਵੇ ਕਿਵੇਂ? ਜੀਉਂਦੀ ਤਾਰ ਨਾਲ ਨਾ ਸੁਰ ਹੋਵੇ ਤਾਂ ਆਪ ਜੀਵੇ ਕਿਵੇਂ? ਜੇ ਜੀਵੇ ਨਾ ਉਹ ਪਰਮ ਪਦਾਰਥ ਪਾਵੇ ਕਿਵੇਂ? ਸੋ ਪੁੱਛ ਹੇ ਬ੍ਰਾਹਮਣ ਰਾਜ! ਸ਼ੰਕਾ ਨਿਵਾਰ ਲੈ।

ਬ੍ਰਾਹਮਣ-ਆਪ ਨੇ ਕਿਹਾ ਹੈ: ਨਾਮ ਜਪੋ ਅਸੀਂ ਭੀ ਨਾਮ ਜਪਦੇ ਸਾਂਏਂ, ਪੰਡਾ ਵੀ ਨਾਮ ਜਪਦਾ ਆਹਾ, ਫੇਰ ਅਸੀਂ ਖੁਨਾਮੀ ਨਿਕਲੇ ਤੇ ਆਪ ਨੇ ਸਾਨੂੰ ਫੇਰ ਨਾਮ ਹੀ ਆਖਿਆ।

ਗੁਰੂ ਜੀ-ਤੁਸੀਂ ਨਾਮ ਨਹੀਂ ਜਪਦੇ ਸਾਓ ਤੁਸੀਂ ਕਿਸੇ ਭੁਲੇਵੇਂ ਵਿਚ ਸਾਓ। ਮੂੰਹ ਤੋਂ ਕਿਸੇ ਦੇਵਤਾ ਦਾ ਨਾਮ ਐਵੇਂ ਘੜੀ ਦੋ ਘੜੀ

ਲਈ ਲਈ ਜਾਣਾ ਨਾਮ ਕੀਕੂੰ ਹੈ?

ਬ੍ਰਾਹਮਣ-ਰੱਬ ਦਾ ਨਾਮ ਲਈ ਜਾਣਾ ਨਾਮ ਨਹੀਂ ਹੈ?

ਗੁਰੂ ਜੀ-'ਰੱਬ ਦਾ ਨਾਮ' ਆਖੋ, ਪਰ ਨਾਮ ਵਿਚ ਭਾਵਨਾ ਧਾਰਕੇ ਨਾਮ ਲਓ।

ਬ੍ਰਾਹਮਣ-ਕਿਵੇਂ?

ਗੁਰੂ ਜੀ-ਨਾਮ ਤੋਂ ਪਹਿਲੇ 'ਨਾਮੀ' 'ਹੈ' ਇਹ ਨਿਸ਼ਚਾ ਧਾਰੋ। ਖ਼ਯਾਲ ਕਰੋ ਕਿ 'ਨਾਮੀ' ਹੈ। ਇਸ ਦਿੱਸਦੇ ਤੇ ਵੱਸਦੇ ਸੰਸਾਰ ਵਿਚ ਇਸ ਦਾ ਮਾਲਕ ਤੇ ਪਾਲਕ ਵੱਸਦਾ ਹੈ, ਉਹ ਇਸ ਵਿਚ ਹੈ, ਪਰ ਦਿੱਸਦਾ ਨਹੀਂ। ਉਸ ਦਾ ਰੂਪ ਰੇਖ ਰੰਗ ਨਹੀਂ ਹੈ ਪਰ ਹੈ ਘਟਿ ਘਟਿ। ਉਹ ਨਿਰੰਕਾਰ ਹੈ। ਉਹ ਜੋਤਿ ਸਰੂਪ ਹੈ, ਸਾਡਾ ਅੰਦਰਲਾ ਭੀ ਜੋਤਿ ਹੈ। ਹਾਂ, ਨਿਰੰਕਾਰ ਮਿੱਟੀ ਅੰਧ ਵਾਙੂ ਨਹੀਂ, ਉਹ ਜੀਉਂਦਾ, ਜਾਗਦਾ, ਸਦਾ ਸੁਰਜੀਤ ਆਤਮਤੱਤ ਹੈ। ਉਸ ਦੇ ਰੰਗ, ਉਸ ਦੇ ਕਰਨੇ, ਉਸ ਦੇ ਵਿਚਾਰ, ਉਸ ਦੇ ਤਰੰਗ ਉਹੀ ਜਾਣੇ ਕਿਉਂਕਿ ਓਹ ਸਾਡੇ ਵਰਗੇ ਨਹੀਂ। ਚਾਨਣੇ ਦੀ ਲਹਿਰ ਤੇ ਕਰਨੇ ਮਿੱਟੀ ਸਮਾਨ ਨਹੀਂ ਹੁੰਦੇ। ਉਹ ਜੋਤਿ ਹੈ, ਸਾਡੇ ਅੰਦਰ ਸਾਡਾ ਅੰਦਰਲਾ ਬੀ ਜੋਤਿ ਹੈ, ਜੇ ਦੋਹਾਂ ਦਾ ਮੇਲ ਰਹੇ ਤਾਂ ਸਾਡੀ ਨਿੱਕੀ ਜੋਤਿ ਦਾ ਚਾਨਣਾ ਵਧ ਜਾਵੇ; ਇਉਂ ਸਾਡਾ ਅੰਦਰਲਾ ਖਿੜਿਆ ਰਹੇਗਾ। ਨਹੀਂ ਤਾਂ ਬੁਝੇ ਦੀਵੇਂ ਵਾਂਙ ਢੱਠਾ ਜਿਹਾ ਤੇ ਸੋਚਾਂ ਵਿਚ ਦਿੱਸਣ ਵਾਲੇ ਦੀ ਤ੍ਰਿਸ਼ਨਾ ਵਿਚ ਮਨ ਰਹੇਗਾ ਤੇ ਦੁਖ ਪਾਏਗਾ। ਸੋ ਉਸ ਮਹਾਂ ਜੋਤੀ ਨਿਰੰਕਾਰ ਨਾਲ ਸਾਡੀ ਵਿੱਥ ਕਿਵੇਂ ਨਾ ਪਵੇ, ਇਹ ਸਾਡਾ ਪਰਮ ਪਰਮਾਰਥ ਹੈ। ਉਸ ਜੋਤੀ ਸਰੂਪ ਨੂੰ ਆਖੋ 'ਨਾਮੀ' ਤੇ ਉਸ ਦੇ ਨਾਉਂ ਨੂੰ ਆਖੋ 'ਨਾਮ'। ਸੋ ਨਾਮ ਵਿਚ ਨਾਮੀ ਦੀ ਭਾਵਨਾ ਧਾਰੋ, ਮਨ ਵਿਚ ਨਾਮ ਦਾ ਧ੍ਰੁਵਾ ਬੰਨ੍ਹੋ ਕਿ ਉਸ ਦਾ ਨਾਮ ਜਪਦੇ ਹਾਂ। ਹੁਣ ਸੋਚ ਕਰੋ ਕਿ ਜਦ ਕਿਸੇ ਦਾ ਨਾਮ ਲਈਏ ਤਾਂ ਧਯਾਨ ਨਾਮੀ ਵੱਲ ਚਲਾ ਜਾਂਦਾ ਹੈ ਕਿ ਨਾ ? ਧਯਾਨ ਇਸ ਜਗਤ ਦਾ ਸਾਰਾ ਸਾਰ ਹੈ। ਜਿਸ ਕੰਮ ਵੱਲ ਧਯਾਨ ਹੈ ਉਹ ਹੋ ਰਹਿਆ ਹੈ, ਜਿਸ ਵਲੋਂ ਧਯਾਨ ਮੁੜਿਆ ਉਹ ਕੰਮ ਰਹਿ ਗਿਆ। ਹਾਲੀ ਧਯਾਨ ਹਲ ਤੇ ਬੌਲਦਾਂ ਵਿਚ ਦੇਂਦਾ ਹੈ ਤਾਂ ਹਲ ਵਹਿੰਦਾ ਹੈ। ਵਿਦਯਾਰਥੀ ਦਾ ਧਯਾਨ ਵਿਦਯਾ ਵਿਚ ਜਾਂਦਾ ਹੈ ਤਾਂ ਵਿਦਯਾ ਪੜ੍ਹੀ ਜਾਂਦੀ ਹੈ। ਪਰ ਸਾਡਾ ਧਯਾਨ ਦ੍ਰਿਸ਼ਟਮਾਨ ਤੋਂ ਉਚੇਰਾ ਨਹੀਂ ਉਠਦਾ, ਅਸਾਂ ਨਾਮੀ ਵਿਚ ਭਾਵਨਾ ਧਾਰਕੇ ਨਾਮ ਜਪਣਾ ਹੈ ਜਿਸ ਨਾਲ ਧਯਾਨ ਨੇ ਨਾਮੀ ਵਿਚ ਜਾਣਾ ਹੈ।

ਸੋ (੧) ਉਸ ਸਾਰੀ ਕ੍ਰਿਯਾ ਨੂੰ ਜੋ ਧਿਆਨ ਨੂੰ ਦ੍ਰਿਸਟਮਾਨ ਤੋਂ ਚੁੱਕਣ ਤੇ ਦ੍ਰਿਸ਼ਟਾ ਵਿਚ ਲਾਉਣ ਤੇ ਖਰਚ ਹੁੰਦੀ ਹੈ, 'ਨਾਮ' ਆਖਦੇ ਹਨ। ਜਦ ਨਾਮ ਦੁਆਰਾ ਧਯਾਨ ਸਾਂਈਂ ਵਲ ਲਗ ਗਿਆ, ਤਦ (੨) ਉਸ ਧਿਆਨ ਦੇ ਲਗੇ ਰਹਿਣ ਨੂੰ 'ਨਾਮ' ਆਖਦੇ ਹਨ। ਜਦੋਂ (੩) ਉਹ ਲੱਗਾ ਧਿਆਨ ਸਾਂਈਂ ਵਲੋਂ ਪਯਾਰ ਵਲਵਲੇ ਤੇ ਜੀਵਨ ਰੌ ਨਾਲ ਭਰੇ ਤ੍ਰੁੰਗ ਲੈ ਲੈ ਖੀਵਾ ਹੁੰਦਾ ਹੈ, ਮਿਹਰ ਦੀ ਲਹਿਰ ਇਸ ਵਿਚ ਠਾਠਾਂ ਮਾਰਦੀ ਆਉਂਦੀ ਹੈ, ਉਸਨੂੰ ਨਾਮ ਆਖਦੇ ਹਨ। ਜਦੋਂ(੪) ਇਸ ਰੰਗ ਵਿਚ ਰੰਗੇ ਹੋਇਆਂ ਘਟ ਘਟ ਵਿਚ, ਵਣ ਤ੍ਰਿਣ ਵਿਚ, ਪਯਾਰਾ ਹੀ ਪਯਾਰਾ ਦਿੱਸਦਾ ਹੈ, ਉਸ ਨੂੰ ਨਾਮ ਆਖਦੇ ਹਨ। (੫) ਧਯਾਨ ਨੂੰ ਦ੍ਰਿਸ਼ਟਮਾਨ ਉਤੋਂ ਚੁੱਕਣ ਦੇ 'ਪ੍ਰਿਥਮ ਤਰੱਦਦ' ਤੋਂ ਲੈ ਕੇ ਨਾਮੀ ਦੇ ਪ੍ਰਾਪਤ ਹੋ ਜਾਣ ਤਕ ਦੇ ਸਾਰੇ ਰੰਗ ਨੂੰ ਅਸੀਂ ਨਾਮ ਆਖਦੇ ਹਾਂ। ਨਾਮ ਨਿਰਾ ਰਟਨ ਮਾਤ੍ਰ ਨਹੀਂ, ਨਾਮ ਰਟਣ ਹੈ, ਜਪ ਹੈ, ਸਿਮਰਨ ਹੈ। ਨਾਮ ਜੀਵਨ ਹੈ, ਨਾਮ ਮਿਹਰ ਹੈ, ਨਾਮ ਰੂਹ ਤੇ ਰੱਬ ਦਾ ਸੰਜੋਗ ਹੈ, ਉਸ ਨਾਲ ਪਯਾਰ, ਪ੍ਰੇਮ, ਤ੍ਰੁੰਗ, ਸੁਖ, ਰਸ, ਰੰਗ ਮਾਨਣ ਦਾ ਨਾਮ ਹੈ। ਅਸੀਂ ਜਦ 'ਨਾਮ' ਆਖਦੇ ਹਾਂ ਤਾਂ ਜੀਭ ਨਾਲ ਵਾਹਿਗੁਰੂ ਉਚਾਰਨ ਤੋਂ ਲੈਕੇ ਨਾਮ ਵਿਚ ਪ੍ਰਾਪਤ ਹੋ ਰੱਬੀ ਰੌ ਵਾਲੇ ਜੀਵਨ ਦੇ ਸਾਰੇ ਹੁਲਾਰਿਆਂ ਤੇ ਉਮਾਹਾਂ ਦਾ ਇਕ ਉੱਜਲ ਪ੍ਰਜ੍ਵਲਤ ਦਗ਼ ਦਗ਼ ਕਰਦਾ ਸੂਰਜ ਦੇਖਦੇ ਹਾਂ। ਨਾਮ ਹੈ ਨਾਮੀ ਵੱਲ ਲੱਗਣਾ ਤੇ ਇਸ ਤੋਂ ਲੈ ਕੇ ਨਾਮ ਵਲੋਂ ਮਿਹਰ ਦਾ ਵਰਸਾਉ, ਹਾਂ ਉਸ ਵਲੋਂ ਉਤਰ ਰਹੇ ਪਿਆਰ, ਉਮਾਹ, ਅੰਦਰਲੀ ਸੋਝੀ ਤੱਕ ਦਾ ਨਾਉਂ 'ਨਾਮ' ਹੈ। ਸੋ ਤੁਸੀਂ ਵੇਖ ਲਓ ਜੋ ਤੁਸੀਂ ਨਾਮ ਜਪਦੇ ਸਾਓ, ਓਹ ਤੇ ਏਹ, ਕੁਛ ਫਰਕ ਰਖਦੇ ਹਨ?

ਬ੍ਰਾਹਮਣ (ਠੰਢਾ ਸਾਹ ਲੈਕੇ)-ਆਪ ਧੰਨਯ ਹੋ। ਮੇਰੇ ਸੁੱਤੇ ਦੀ ਜਾਗ ਖੋਲ੍ਹੀ ਜੇ, ਮੈਂ ਤਾਂ ਨਿਰਾ ਮਟਰ ਮਟਰ ਸ਼ਿਵ ਸ਼ਿਵ ਕਰਨ ਨੂੰ ਕਿ ਲੋਕੀਂ ਪਏ ਸੁਣਨ ਕਿ ਭਗਤ ਹੈ ਤੇ ਜੀਭ ਤਾਲੂ ਨਾਲ ਪਈ ਵੱਜੇ ਦੰਦ ਪਏ ਦੰਦਾਂ ਨਾਲ ਖਾਣ ਖੜੱਕਾ ਤੇ ਹੱਥ ਨਾਲ

ਪਿਆ ਮਣਕੇ ਤੇ ਮਣਕਾ ਠਾਹ ਠਾਹ ਵੱਜੇ, ਇਸ ਨੂੰ ਦੋ ਤ੍ਰੈ ਘੜੀ ਕਰ ਉੱਠਣਾ ਨਾਮ ਜਾਣਦਾ ਸਾਂ। ਹੁਣ ਪਤਾ ਲੱਗਾ ਕਿ ਜੀਭ ਨਾਲ ਜਪਣਾ ਨਿਸ਼ਫਲ ਹੈ।

ਗੁਰੂ ਜੀ-ਫੇਰ ਭੁੱਲ ਵਿਚ ਚਲੇ ਗਏ ਹੋ। ਜੀਭ ਨਾਲ ਜਪਣਾ ਸਫਲ ਨਾਮ ਹੈ। ਜਪਣਾ ਕਰਮ ਹੀ ਜੀਭ ਦਾ ਹੈ, ਜੀਭ ਅੱਖਰ ਉਚਾਰਦੀ ਹੈ, ਨਾਮ ਭੀ ਅੱਖਰਾਂ ਦਾ ਹੈ। ਪਿਆਰਿਆ! ਸਾਰੀ ਗਲ ਮੁੜ ਸਮਝ ਲੈ: 'ਨਾਮ' ਆਤਮ-ਜਾਗ ਨੂੰ ਆਖੀਦਾ ਹੈ। ਮਨ 'ਮਾਇਆ' ਦੇ 'ਬਿਸਮਾਦ' ਵਿਚ ਸੌਂ ਰਿਹਾ ਹੈ, ਮਰਨ ਤੁੱਲ ਨੀਂਦ ਵਿਚ ਹੈ, ਇਸ ਦਾ ਜਾਗ ਉੱਠਣਾ ਤੇ ਉਸ ਜਾਗ ਵਿਚ ਫਿਰ ਜਾਗਦੇ ਰਹਿਣਾ ਨਾਮ ਹੈ। ਸਰੀਰ ਦੀ ਨੀਂਦ ਕਿ ਜਾਗ ਕੋਈ ਅਰਥ ਨਹੀਂ ਰੱਖਦੀ। ਮਨ 'ਮਾਇਆ ਬਿਸਮਾਦ' ਦੀ ਮੂਰਛਾ ਤੋਂ ਉੱਠਕੇ 'ਆਤਮ ਬਿਸਮਾਦ' ਦੀ ਜਾਗ੍ਰਤ ਵਿਚ ਆਕੇ ਇਕ ਰੱਬੀ ਜੀਵਨ ਦੀ ਰੌ ਵਿਚ ਵੱਸਦਾ ਹੈ, ਪਰੰਤੂ ਆਰੰਭ ਤਾਂ 'ਜੀਭ ਦੇ ਨਾਮ ਜਪਣ ਤੋਂ ਹੀ ਹੁੰਦਾ ਹੈ।

ਬ੍ਰਾਹਮਣ-ਜੀ ਫੇਰ ਮੇਰੀ ਭੁੱਲ ਦਿਖਲਾਓ ਜੋ ਮੈਂ ਨਿਰਸੰਸੇ ਸਮਝ ਜਾਵਾਂ!

ਗੁਰੂ ਜੀ-ਤੇਰੀਆਂ ਭੁੱਲਾਂ ਦੋ ਹਨ, ਇਕ ਇਸ ਤੋਂ ਪਹਿਲੀ ਤੇ ਇਕ ਮਗਰਲੀ।

ਨਾਮ ਤੋਂ ਪਹਿਲਾਂ ਨਾਮੀ ਦਾ ਥਹੁ ਪਤਾ ਸੁਣੀਂਦਾ ਹੈ। ਪਹਿਲਾਂ 'ਨਾਮੀ' ਹੈ ਫੇਰ 'ਨਾਮ' ਹੈ, ਫੇਰ 'ਨਾਮੀ' ਹੈ। ਆਦਿ ਤੇ ਅੰਤ ਨਾਮੀ ਹੈ ਵਿਚ ਨਾਮ ਹੈ। ਪਹਿਲਾਂ ਨਾਮੀ ਦੇ ਗੁਣ ਸੁਣੀਂਦੇ ਹਨ-ਕਿ ਉਹ ਪਿਆਰ ਕਰਦਾ ਹੈ, ਪਾਲਦਾ ਹੈ, ਮੱਤ ਦੇਂਦਾ ਹੈ, ਆਪਣੇ ਨਾਲ ਰੱਖਣਾ ਲੋਚਦਾ ਹੈ, ਉਹ ਸਦਾ ਹੈ, ਉਸ ਨਾਲ ਮਿਲਕੇ ਅਸੀਂ ਸਦਾ ਸੁਖੀ ਹੋ ਸਕਦੇ ਹਾਂ। ਉਸ ਵਿਚ ਅੱਪੜਨਾ ਸਾਡੇ ਜੀਵਨ ਦਾ ਪ੍ਰਯੋਜਨ ਹੈ। ਜੀਉਂਦੇ ਜੀ ਉਸ ਦੇ ਨਾਲ ਹੋ ਜਾਣਾ ਤੇ ਨਾਲ ਵੱਸਣਾ ਸਾਡਾ ਪਰਮਾਰਥ ਹੈ। ਪਰ ਹਾਂ ਅਸੀਂ ਦੁਖੀ। ਇਹ ਦੁੱਖ ਨਾਮੀ ਤੋਂ ਵਿਛੁੱੜੇ ਰਹਿਣ ਕਰਕੇ ਹੈ। ਹਰ ਪ੍ਰਾਣੀ ਨੂੰ ਇਹ ਇੱਛਾ ਹੈ ਤੇ ਜਿਸ ਲਈ ਸਾਰੇ ਜਤਨ ਕਰਦੇ ਹਨ ਕਿ ਸੁਖੀ ਹੋਈਏ ਪਰ ਮਾਇਆ ਵਿਚ ਸੁਖ ਨੂੰ ਭਾਲਣ ਕਰਕੇ ਸਾਰੇ ਦੁਖੀ ਹੀ ਰਹਿੰਦੇ ਹਨ, ਕਿਉਂਕਿ ਮਾਇਆ ਪਰਮੇਸ਼ਰ ਤੋਂ ਉਲਟ ਭੁਲਾਵੇ ਦਾ ਨਾਮ ਹੈ, ਮਾਇਆ ਪਰਮੇਸ਼ੁਰ ਤੇ ਸਾਡੇ ਵਿਚ 'ਵਿੱਥ' ਦਾ ਨਾਮ ਹੈ ਤੇ ਸੱਚਾ ਸੁਖ ਹੈ ਉਸ ਨਾਲ ਮੇਲ ਵਿਚ। ਸੋ ਜੇ ਸਦਾ ਸੁਖ ਦੀ ਇੱਛਾ ਹੋਵੇ ਤਾਂ ਆਦਮੀ ਮਾਇਆ ਤੋਂ ਉੱਠਣ ਤੇ ਨਾਮੀ ਵਿਚ ਜਾਣ ਦੀ ਇੱਛਾ ਕਰਦਾ ਹੈ। ਜੋ ਐਸੀ ਇੱਛਾ ਕਰੇ, ਉਹ ਨਾਮੀ ਦੇ ਗੁਣ, ਸਿਫਤ, ਸਰੂਪ, ਲਛਣਾਂ ਦਾ ਹਾਲ ਸਮਝਦਾ ਹੈ। ਸਮਝਦਾ ਸੁਣਦਾ ਇਸ ਲਈ ਹੈ ਕਿ ਦੇਖ ਤਾਂ ਉਸ ਨੂੰ ਸਕਦਾ ਨਹੀਂ, ਕਿਉਂਕਿ ਉਹ ਅਗੋਚਰ ਹੈ, ਤਾਂਤੇ ਇਕ ਖਿਆਲ ਬਨਾਉਂਦਾ ਹੈ ਨਾਮੀ ਦੇ ਸਰੂਪ ਤੇ ਗੁਣਾਂ ਦਾ। ਆਪਣੇ ਅੰਦਰ ਇਕ ਧ੍ਰੁਵਾ ਬੰਨ੍ਹਦਾ ਹੈ ਨਾਮੀ ਦਾ ਤੇ ਪ੍ਰਯੋਜਨ ਬਣਾਉਂਦਾ ਹੈ ਨਾਮ ਵਿਚ ਧਿਆਨ ਲਾ ਲੈਣ ਦਾ। ਸੋ ਤੁਸਾਡੀ ਪਹਿਲੀ ਭੁੱਲ ਇਹ ਹੈ ਕਿ ਤੁਸੀਂ ਨਾਮੀ ਦਾ ਖਿਆਲ ਬੰਨ੍ਹੇ ਬਿਨਾਂ ਤੇ ਧਿਆਨ ਨੂੰ ਦ੍ਰਿਸ਼ਟਮਾਨ (ਦਿੱਸਣ ਵਾਲੇ ਪਦਾਰਥਾਂ) ਤੋਂ ਚੁੱਕ ਕੇ ਨਾਮੀ ਵਿਚ ਲਾ ਲੈਣ ਦਾ ਪ੍ਰਯੋਜਨ ਧਾਰੇ ਬਿਨਾਂ ਨਾਮ ਰਟਨਾ ਸ਼ੁਰੂ ਕਰਦੇ ਹੋ। ਜਦ ਨਾਮ ਦੇ ਅਰਥ ਵਲ ਪਹਿਲਾਂ ਭਾਵਨਾ ਹੀ ਨਹੀਂ ਧਾਰੀ ਤਾਂ ਦੱਸੋ ਕਿਸਦਾ ਨਾਮ ਜਪਦੇ ਹੋ? ਪਹਿਲਾਂ ਪਰਮੇਸ਼ੁਰ ਵਿਚ ਭਾਵਨਾ ਧਾਰੋ, ਫੇਰ ਨਾਮ ਜਪੋ, ਇਹ ਜਾਣਕੇ ਕਿ ਇਹ ਨਾਮ ਉਸ ਮਾਲਕ ਪਾਲਕ ਦਾ ਹੈ। ਜਪਦਿਆਂ ਇਸ ਕੋਸ਼ਿਸ਼ ਵਿਚ ਰਹੋ ਕਿ 'ਹਾਜ਼ਰਾ ਹਜ਼ੂਰ ਦੀ' ਹਜ਼ੂਰੀ ਵਿਚ ਯਕੀਨ ਕਰਕੇ ਨਾਮ ਜਪ ਰਹੇ ਹਾਂ।

ਬ੍ਰਾਹਮਣ-ਠੀਕ ਹੈ, (ਸਿਰ ਹਿਲਾਕੇ) ਸਵਾਦ ਆ ਗਿਆ ਹੈ। ਫੇਰ ਜੀ! ਜਦ ਇਹ ਇਹ ਖਿਆਲ ਬਣਾ ਲਿਆ ਤੇ ਮਨ ਲਗ ਗਿਆ ਫੇਰ ਜੀਭ ਦੀ ਕੀ ਲੋੜ ਰਹੀ?

ਗੁਰੂ ਜੀ-ਏਥੇ ਹੀ ਨੁਕਤੇ ਦੀ ਗੱਲ ਹੈ। ਜੇ ਤਾਂ ਇਹ 'ਨਾਮੀ ਦੇ ਵਜੂਦ ਜਾਂ ਖਿਆਲ' ਤੇ 'ਨਾਮੀ' ਵਿਚ ਧਿਆਨ ਜੋੜ ਲੈਣ' ਦਾ ਪ੍ਰਯੋਜਨ ਸਮਝ ਵਿਚ ਆਉਂਦਿਆਂ ਮਨ ਵਿਚ ਲਗਾਤਾਰ ਹੁਲਾਰਾ ਉਸ ਦੀ ਯਾਦ ਦਾ ਆ ਗਿਆ, ਸਾਂਈਂ ਦੀ ਕੀਰਤੀ ਤੇ ਪਿਆਰ ਜਾਗ ਪਿਆ, ਅਰਥਾਤ ਖਿਆਲ ਫੌਰਨ 'ਅਨੁਭਵ' ਵਿਚ ਬਦਲ ਗਿਆ ਤਦ ਕਾਰਜ ਹੋ ਗਿਆ, ਨਾਮ ਪ੍ਰਾਣਾਂ ਵਿਚ ਵੱਸ ਜਾਏਗਾ, ਪਰ ਰਿਖੀ ਜੀ! ਐਸਾ ਹੁੰਦਾ ਨਹੀਂ ਸਿਵਾ ਬਖਸ਼ੇ ਹੋਇਆਂ ਦੇ। 'ਖਿਆਲ ਰੱਬ ਦੀ ਹੋਂਦ' ਦਾ ਯਾ

ਉਸ ਦੇ ਵਜੂਦ ਦਾ ਧ੍ਰੁਵਾ' ਬੰਨ੍ਹ ਲਈਦਾ ਹੈ ਕਿ ਇਸ ਦਿੱਸਦੇ ਜਗਤ ਦਾ 'ਕਰਨਹਾਰ ਹੈ' ਤੇ ਉਸ ਨੂੰ ਮਿਲਣਾ ਸਾਡਾ ਜੀਵਨ ਦਾ ਪ੍ਰਯੋਜਨ ਹੈ। ਪਰ ਫੇਰ ਭੁੱਲ ਜਾਈਦਾ ਹੈ, ਅਰਥਾਤ ਸਾਡਾ ਧਿਆਨ 'ਮਾਯਾ' ਤੋਂ ਉੱਠਕੇ ਇਕ ਦਮ 'ਨਾਮੀ' ਪਰ ਨਹੀਂ ਜਾ ਲੱਗਦਾ। ਸਮਝ ਭਾਵੇਂ ਸਮਝ ਜਾਵੇ, ਪਰ ਧਯਾਨ ਜਿੱਥੇ ਹੈ ਉੱਥੇ ਹੀ ਹੈ, ਇਹ ਦ੍ਰਿਸ਼ਟਮਾਨ ਤੋਂ ਉੱਠਕੇ ਦ੍ਰਿਸ਼ਟਾ ਪਰ ਨਿਰੰਤਰ ਟਿਕ ਨਹੀਂ ਜਾਂਦਾ। ਇਸ ਗਲ ਲਈ ਕਿ ਧਿਆਨ ਭੁੱਲ ਵਾਲੇ ਥਾਂਉ ਤੋਂ ਉੱਠੇ ਸਾਨੂੰ ਕੋਈ ਤਰੱਦਦ ਕਰਨਾ ਪੈਂਦਾ ਹੈ, ਓਹ ਤਰੱਦਦ ਸਾਡੇ ਸਰੀਰ ਧਾਰੀ ਹੋਣ ਕਰਕੇ ਸਰੀਰਕ ਲੋੜੀਦਾ ਹੈ।

ਫੇਰ ਸਮਝ ਲੈਣਾ ਕਿ ਦਿਲ ਦਾ ਇਕ ਤਰੱਦਦ ਤਾਂ ਪਹਿਲਾਂ ਅਸਾਂ ਕਰ ਲਿਆ ਹੈ,-'ਰੱਬ ਹੈ', ਅਸਾਂ ਸਮਝ ਲਿਆ ਹੈ ਕਿ ਉਸ ਨੂੰ ਮਿਲਨਾ ਅਸਾਂ ਪ੍ਰਯੋਜਨ ਬਣਾ ਲਿਆ ਹੈ ਤੇ ਮਾਯਾ ਤੋਂ ਧਯਾਨ ਉੱਚਾ ਕਰਕੇ ਉਸ ਉਤੇ ਲਾਉਣਾ ਹੈ। ਇਹ ਪ੍ਰਯੋਜਨ ਬੀ ਅਸੀਂ ਵਿਚਾਰ ਲਿਆ ਹੈ, ਪਰ ਧਯਾਨ ਸਾਡੇ ਆਖੇ ਨਹੀਂ ਲਗਦਾ। ਇਸ ਧਯਾਨ ਨੂੰ ਮੋੜਨ ਦਾ ਤਰੱਦਦ ਕਰਨਾ ਹੈ। ਤਦ ਵਿਚਾਰ ਸਾਨੂੰ ਇਕ ਹੋਰ ਗੱਲ ਦੱਸਦੀ ਹੈ ਕਿ ਮਨ ਦਾ ਅਸਰ ਸਰੀਰ ਤੇ ਪੈਂਦਾ ਹੈ ਤੇ ਸਰੀਰ ਦਾ ਅਸਰ ਮਨ ਤੇ ਪੈਂਦਾ ਹੈ। ਜੋ ਕੰਮ ਸਰੀਰ ਕਰੇ ਮਨ ਉਸੇ ਦਾ ਅਕਸ ਲੈ ਲੈਂਦਾ ਹੈ। ਜੇ ਹੱਥਾਂ ਨਾਲ ਸਾਰਾ ਦਿਨ ਕਚਾਲੂ ਪੁੱਟੋ ਤਾਂ ਰਾਤ ਸੁਫਨੇ ਮਨ ਨੂੰ ਕਚਾਲੂ ਪੁੱਟਣ ਦੇ ਆਉਂਦੇ ਹਨ। ਜੇ ਮਨ ਉਦਾਸ ਹੋ ਜਾਏ ਤਾਂ ਸਰੀਰ ਢਿੱਲਾ ਤੇ ਕਮਜ਼ੋਰ ਹੋ ਜਾਂਦਾ ਹੈ। ਇਹ ਗਲ ਸਮਝਕੇ ਅਸੀਂ ਉਸ ਰੂਪ ਰੇਖ ਤੋਂ ਪਰੇ ਰਹਿਣ ਵਾਲੇ, ਪਰ ਸਾਡੇ ਅੰਗ ਸੰਗ ਰਹਿਣ ਵਾਲੇ ਨਾਮੀ ਦਾ ਇਕ 'ਅੱਖਰਾਂ ਵਾਲਾ ਨਾਮ' ਲੱਭਦੇ ਹਾਂ ਤੇ ਉਸ 'ਅੱਖਰਾਂ ਵਾਲੇ ਨਾਮ' ਨੂੰ ਜੀਭ ਤੇ ਰੱਖ ਦੇਂਦੇ ਹਾਂ, ਅਤੇ ਜੀਭ ਨਾਲ ਜਪਦੇ ਹਾਂ:-

'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।'

ਜਦ ਜੀਭ ਇਹ ਕੰਮ ਕਰਦੀ ਹੈ ਤਦ ਧਯਾਨ-ਜੋ ਮਾਇਆ ਵਿਚ ਹੈ-ਮੋੜਾ ਖਾਂਦਾ ਹੈ ਤੇ 'ਵਾਹਿਗੁਰੂ, ਵਾਹਿਗੁਰੂ' ਇਹਨਾਂ ਅੱਖਰਾਂ ਵੱਲ ਆਉਂਦਾ ਹੈ। ਅੱਗੇ ਅਸਾਂ ਆਪਣੇ ਅੰਦਰ, ਵਾਹਿਗੁਰੂ ਦੇ ਵਜੂਦ, ਉਸਦੀ 'ਹੈ' ਯਾ 'ਹੋਂਦ' ਦਾ ਖਿਆਲ ਕਾਇਮ ਕਰ ਲਿਆ ਹੋਇਆ ਹੈ; ਉਸ ਦੇ ਸਰੂਪ, ਗੁਣਾਂ, ਸਿਫਤ ਸਲਾਹਾਂ ਦਾ ਕੋਈ ਰੂਪ ਬੰਨ੍ਹ ਲਿਆ ਹੋਯਾ ਹੈ, ਉਸ ਵਿਚ ਲਿਵਲੀਨ ਹੋਣਾ ਪ੍ਰਯੋਜਨ ਬਣਾ ਲਿਆ ਹੋਯਾ ਹੈ, ਜੋ ਸਾਡਾ ਧਿਆਨ ਝੱਟ ਮਾਇਆ ਤੋਂ ਉੱਠਕੇ ਮਾਨਸਕ ਮੰਡਲ ਵਿਚ ਚਲਿਆ ਜਾਂਦਾ ਹੈ। ਲਗਾਤਾਰ ਨਾਮ ਇਸੇ ਕਰਕੇ ਜਪੀਦਾ ਹੈ ਕਿ ਸਰੀਰਕ ਠੁਹਕਰ ਦਾ ਅਕਸ ਮਾਨਸਕ ਮੰਡਲ ਤੇ ਪੈਕੇ ਮਾਨਸਕ ਮੰਡਲ ਈਸ਼੍ਵਰ ਧਯਾਨੀ ਹੋ ਜਾਵੇ। ਇਸ ਤਰ੍ਹਾਂ ਫਿਰ ਨਾਮ ਮਾਨਸਕ ਮੰਡਲ ਤੋਂ ਉੱਚਾ ਹੋਕੇ 'ਆਤਮ ਮੰਡਲ' ਵਿਚ ਲੈ ਜਾਂਦਾ ਹੈ ਤੇ ਫੇਰ 'ਨਾਮੀ' ਦੇ ਦੁਆਰੇ ਜਾ ਪਹੁੰਚੀਦਾ ਹੈ। ਸਮਝਣ ਸਮਝਾਉਣ ਮਾਤ੍ਰ ਲਈ ਐਉਂ ਕਹੀਦਾ ਹੈ, ਜੀਕੂੰ ਕਿਹਾ ਹੈ।

ਬ੍ਰਾਹਮਣ-ਬਹੁਤ ਠੀਕ ਹੈ।

ਗੁਰੂ ਜੀ-ਮਨੁੱਖ ਸਾਰਾ ਧਯਾਨ ਸਰੀਰਕ ਮੰਡਲ ਵਿਚ ਲਾਈ ਰੱਖਦਾ ਹੈ। ਵੇਖੋ ਲਗ ਪਗ ਪੌਣੇ ਤ੍ਰੈ ਪਹਿਰ ਰੋਜ਼ ਸਵੀਂਦਾ ਹੈ, ਇਹ ਸਰੀਰਕ ਸੁਖ ਵਾਸਤੇ ਹੈ; ਪੌਣੇ ਤ੍ਰੈ ਪਹਿਰ ਰੋਜ਼ ਲਗ ਪਗ ਰੋਜ਼ੀ ਕਮਾਉਣ ਦੇ ਕੰਮਾਂ ਪੁਰ ਖਰਚ ਹੁੰਦੇ ਹਨ, ਤਦ ਬੀ ਸਰੀਰਕ ਮੰਡਲ ਵਿਚ ਹੀ ਧਿਆਨ ਰਿਹਾ, ਬਾਕੀ ਪੌਣੇਂ ਤ੍ਰੈ ਪਹਿਰ ਹੱਸਣ, ਖੇਡਣ, ਸੈਲ, ਤਮਾਸ਼ੇ, ਭਾਈਚਾਰੇ ਦੇ ਕੰਮਾਂ ਵਿਚ ਲੰਘ ਜਾਂਦੇ ਹਨ, ਉਹ ਬੀ ਸਰੀਰਕ ਮੰਡਲ ਵਿਚ ਧਿਆਨ ਨੂੰ ਰੱਖਦੇ ਹਨ, ਸੋ ਅੱਠੇ ਪਹਿਰ ਸਰੀਰਕ ਮੰਡਲ ਵੱਲ ਰੁਖ਼ ਰਖਿਆਂ ਬੀਤੇ, ਹੁਣ ਧਿਆਨ ਮਾਨਸਕ ਮੰਡਲ ਵਿਚ ਜਾਵੇ ਕੀਕੂੰ ਤੇ ਕਿਹੜੇ ਵੇਲੇ? ਭਾਵੇਂ ਕੋਈ ਪੜ੍ਹਿਆ ਹੈ ਭਾਵੇਂ ਨਹੀਂ, ਅੱਠੇ ਪਹਿਰ ਉਸਦਾ ਧਿਆਨ ਸਰੀਰਕ ਮੰਡਲ ਵਿਚ ਹੈ। ਸੋ ਸਿੱਧਾਂਤ ਇਹ ਹੈ ਕਿ ਸਰੀਰਕ ਮੰਡਲ ਵਿਚ ਲੱਗ ਰਹੇ ਧਿਆਨ ਨੂੰ ਕਿਸੇ ਸਰੀਰਕ ਕ੍ਰਿਆ ਨਾਲ ਚੁੱਕੀਦਾ ਹੈ, ਉਹ ਹੈ ਰਸਨਾ ਨਾਲ ਨਾਮ ਦਾ ਜਪਣਾ, ਜਿਸ ਨਾਲ ਧਯਾਨ ਨਾਮੀ ਦੇ ਖਿਆਲ, ਉਸ ਦੀ ਸਿਫਤ ਸਲਾਹ ਤੇ ਸਰੂਪ ਵੱਲ ਜਾਂਦਾ ਹੈ ਤੇ ਸਹਿਜੇ ਸਹਿਜੇ ਬੇ-ਮਲੂਮੇ ਇਸ ਅਭਿਆਸ ਨਾਲ ਇਹ ਧਿਆਨ ਮਾਨਸਕ ਮੰਡਲ ਵਿਚ ਟਿਕ ਜਾਂਦਾ ਹੈ।

ਬ੍ਰਾਹਮਣ-ਜੋਗ ਅਭਿਆਸ ਨਾਮ ਤੋਂ ਉੱਚਾ ਹੈ?

ਗੁਰੂ ਜੀ-ਅੱਭਯਾਸ ਧਿਆਨ ਨੂੰ ਮਾਇਆ ਤੋਂ

ਚੁਕ ਕੇ ਨਿਰੰਕਾਰ ਵਿਚ ਲੈ ਜਾਣ ਦੇ ਹੋਰ ਕਈ ਹਨ, ਪਰ ਉਹਨਾ ਨਾਲ ਜੀਵ ਏਕਾਂਤ ਵਾਸੀ ਹੋ ਜਾਂਦਾ ਹੈ! ਕੱਲਜਾਣ ਦੀ ਲੋੜ ਹਰ ਪ੍ਰਾਣੀ ਨੂੰ ਹੈ। ਜੇ ਹਰ ਪ੍ਰਾਣੀ ਏਕਾਂਤ ਵਾਸੀ ਹੋ ਜਾਏ ਤਾਂ ਕੁਛ ਸਮੇਂ ਵਿਚ ਜਗਤ ਸਮਾਪਤੀ ਹੋ ਜਾਵੇ। ਜੇ ਜਗਤ ਸਮਾਪਤੀ ਹੋ ਜਾਏ ਤਾ ਇਕ ਗੱਲ ਹੈ, ਪ੍ਰੰਤੂ ਜੋ ਅੰਦਰਲੇ ਦੀ ਸਿੱਖਿਆ ਤੇ ਉੱਨਤੀ ਇਕ ਦੂਜੇ ਨਾਲ ਵਾਹ ਪੈਣ ਨਾਲ ਹੁੰਦੀ ਹੈ, ਉਹ ਰਹਿ ਜਾਂਦੀ ਹੈ ਤੇ ਏਕਾਂਤ ਵਿਚ ਅੰਦਰਲ਼ਾ ਏਕਾਂਤ ਜੋਗੀ ਹੀ ਹੋ ਜਾਂਦਾ ਹੈ। ਐਉਂ ਜੇ ਸਾਰੇ ਬਨੀਂ ਜਾ ਬੈਠਣ ਤਾਂ ਰੋਟੀ ਸਾਰੇ ਕਿੱਥੋਂ ਖਾਣ, ਸੋ ਹੋ ਹੀ ਨਹੀਂ ਸਕਦਾ ਕਿ ਸਾਰੇ ਬਨ ਵੱਸਕੇ ਸਾਧਨ ਕਰਨ, ਬਨ ਵੱਸਕੇ ਸਾਰੇ ਭੁੱਖੇ ਹੋ ਕੇ ਹੀ ਮਰ ਜਾਣਗੇ। ਇਸ ਕਰਕੇ ਸਾਧਨ ਐਸਾ ਲੋੜੀਏ ਕਿ ਜੋ ਬੇਮਲੂਮੇ ਅਸਰ ਕਰੇ, ਦੁਨੀਆਂ ਦੇ ਕਾਰ ਵਿਹਾਰ ਟੁਰੇ ਰਹਿਣ। ਜੀਵ ਕਿਰਤ ਕਰਕੇ ਰੋਟੀ ਖਾਂਦਾ ਰਹੇ, ਪਰ ਅੰਦਰੋਂ ਧਿਆਨ ਮਾਯਾ ਤੇ ਸੰਸਾਰ ਤੋਂ ਉੱਚਾ ਹੁੰਦਾ ਜਾਵੇ ਅਤੇ ਵਾਹਿਗੁਰੂ ਵਲ ਰੁਖ ਕਰਦਿਆਂ ਕਰਦਿਆਂ ਨਿਰੰਤਰ ਅੰਦਰੋਂ ਰੱਬ ਨਾਲ ਮੇਲ ਹੋ ਜਾਵੇ। ਫੇਰ ਅੰਦਰੋਂ ਸਾਂਈਂ ਨਾਲ ਮਿਲਿਆ ਰਹੇ ਤੇ ਹੱਥ ਨਾਲ ਕਾਰ ਬੀ ਕਰਦਾ ਰਹੇ। ਇਹਾ ਤ੍ਰੀਕਾ ਸਿਮਰਨ ਦਾ ਹੈ, ਜਿਸ ਨੂੰ ਅਸਾਂ 'ਨਾਮ' ਕਿਹਾ ਸੀ। ਅੰਦਰੋਂ ਮਿਲਿਆ ਰਹਿਣਾ ਕੋਈ ਮੁਰਦਾ ਮੇਲ ਨਹੀਂ, ਕੋਈ ਦੋ ਜੜ੍ਹ ਚੀਜ਼ਾਂ ਦਾ ਸੰਗਮ ਨਹੀਂ, ਪਰ ਉਹ ਮੇਲ ਜੀਵਨ ਹੈ, ਆਤਮ ਜੀਵਨ। ਕਿਉਂਕਿ ਉਹ 'ਜੀਵਨ ਤੱਤਾਂ' ਦਾ ਮੇਲ ਹੈ। ਅਸਲ ਜੀਵਨ ਬੀ ਉਹ ਹੈ। ਜਿਸ ਦੇ ਮਨ ਵਿਚ ਸਾਂਈਂ ਵੱਸਿਆ ਉਹ ਜੀਉਂਦਾ ਹੈ[੧]। ਜਿਸ ਦੇ ਅੰਦਰ ਨਹੀਂ ਵੱਸਿਆ ਉਹ ਮੁਰਦਾ ਹੈ। ਨਾਮ ਲਗਾਤਾਰ ਰੌ ਹੈ ਸਾਡੇ ਧਯਾਨ ਦੀ ਸਾਂਈਂ ਵੱਲ, ਤੇ ਲਗਾਤਾਰ ਰੌ ਹੈ ਸਾਂਈਂ ਦੇ ਪਯਾਰ ਦੀ ਸਾਡੇ ਵੱਲ। ਹਾਂ, ਉਹ ਇਕ ਜੀਵਨ ਹੁਲਾਰਾ ਹੈ।

ਬ੍ਰਾਹਮਣ-ਦੂਸਰੀ ਭੁੱਲ ਬੀ ਦੱਸੋ ਕ੍ਰਿਪਾ ਕਰਕੇ?

ਗੁਰੂ ਜੀ-ਦੂਸਰੀ ਭੁੱਲ ਇਹ ਹੈ ਕਿ ਜਦ ਤੁਸੀਂ ਨਾਮ ਜਪਦੇ ਹੋਏ ਨਹੀਂ ਵੇਖਦੇ ਕਿ ਧਯਾਨ ਮਾਯਾ ਮੰਡਲ ਤੋਂ ਉੱਠਕੇ ਮਾਨਸਕ ਤੇ ਆਤਮਕ ਮੰਡਲ ਵੱਲ ਜਾ ਰਿਹਾ ਹੈ ਕਿ ਨਹੀਂ, ਤੁਹਾਡੇ ਅੰਦਰ ਮਾਯਾ ਦੀ ਪ੍ਰਬਲਤਾ ਉਹੋ ਰਹਿੰਦੀ ਹੈ। ਕੋਈ ਰੁਮਕਾ ਰੱਬੀ ਨਹੀਂ ਫਿਰਦਾ, ਕਦੇ ਸਿਫਤ ਸਲਾਹ ਨਹੀਂ ਆਉਂਦੀ, ਕਦੇ ਤੁਸੀਂ ਉਨਮਨ ਨਹੀਂ ਹੁੰਦੇ, ਕਦੇ ਚਾਉ ਵਿਚ ਨਹੀਂ ਆਉਂਦੇ, ਕਦੇ ਭੈ ਵਿਚ ਨਹੀਂ ਜਾਂਦੇ, ਕਦੇ ਪਯਾਰ ਰੌ ਨਹੀਂ ਫਿਰਦੀ, ਕਦੇ ਵੈਰਾਗ ਦੀ ਰਮਜ਼ ਨਹੀਂ ਵੱਜਦੀ, ਕਦੇ ਵਲਵਲਾ ਨਹੀਂ ਉਠਦਾ, ਕਦੇ ਸ਼ੁਕਰ ਦਾ ਭਾਵ ਨਹੀਂ ਉਮਗਦਾ। ਫੇਰ ਤੁਸੀਂ ਲੱਗ ਕੇ ਜਪਦੇ ਵੀ ਨਹੀਂ। ਏਵੇਂ ਕਹਿ ਛੱਡਦੇ ਹੋ ਕਿ ਜਪਦੇ ਹਾਂ। ਬ੍ਰਾਹਮਣ ਰਾਜ! ਇਹ ਬੀ ਜ਼ਰੂਰੀ ਹੈ ਕਿ ਆਤਮਾ ਦਾ ਜੱਗਜਾਸੂ ਸਤਿਸੰਗ ਨੂੰ ਪ੍ਰਾਪਤ ਹੋਵੇ, ਅਰਥਾਤ ਨਾਮ ਜਪਣ ਵਾਲੇ ਜੀਉਂਦੇ ਦੀ ਸੁਹਬਤ ਕਰੇ। ਨਾਮੀ ਦਾ ਆਦਰਸ਼ ਅੰਦਰ ਲੈ ਕੇ ਨਾਮ ਜਪੇ ਤਾਂ ਫੇਰ ਜੀਉ ਉਠੇਗਾ, ਹਾਂ ਜਪਣਾ ਹੀ 'ਜਾਗ੍ਰਤ' ਨੂੰ ਲੈ ਆਏਗਾ[੧]। ਤੁਸੀਂ ਮੁੱਢ ਵਿਚ 'ਸਾਂਈਂ ਦਾ ਸਰੂਪ', 'ਮਿਲਾਪ ਦਾ ਪ੍ਰਯੋਜਨ' ਕੋਈ ਧ੍ਰੁਵਾ ਨਹੀਂ ਬੰਨ੍ਹਦੇ ਤੇ ਨਾ ਹੀ ਜਪਦੇ ਹੋਏ ਵੇਖਦੇ ਹੋ ਕਿ ਕੀ ਬਣ ਰਿਹਾ ਹੈ। ਜਦ ਨਾਮ ਕੋਈ ਜਪੇਗਾ ਜ਼ਰੂਰ ਨਾਮੀ ਅੰਦਰ ਆਵੇਗਾ ਤੇ ਮਨ ਉਨਮਨ ਹੋਵੇਗਾ।

ਬ੍ਰਾਹਮਣ-ਜੀ ਮੇਰੀ ਨਿਸ਼ਾ ਹੋਈ ਹੈ।

ਗੁਰੂ ਜੀ-ਹੁਣ ਤੁਸੀਂ ਧਰਮਸਾਲ ਬਣਾਓ, ਉੱਥੇ ਸਤਿਸੰਗ ਦਾ ਸਰੰਜਾਮ ਕਰੋ।

ਬ੍ਰਾਹਮਣ-ਸਤਿ ਬਚਨ, ਹੋਰ ਕੁਛ ਆਗਯਾ?

ਗੁਰੂ ਜੀ-ਹੋਰ ਬਾਣੀ ਜੋ ਸਾਨੂੰ ਧੁਰੋਂ ਅਨੁਭਵ ਹੁੰਦੀ ਹੈ, ਤੁਸੀਂ ਲਿਖ ਲਓ, ਇਸ ਦਾ ਕੀਰਤਨ ਕਰਿਆ ਕਰੋ। ਬਾਣੀ ਦੇ ਕੀਰਤਨ ਨਾਲ ਮਨ ਸਿਫਤ ਸਲਾਹ ਦੇ ਘਰ ਜਾਵੇਗਾ[੨]। 'ਯਾਦ ਰਖੋ:-ਉਹ ਦਿਲ ਮੁਰਦਾ ਹੈ, ਜਿਸ ਵਿਚ ਸਿਫਤ ਸਲਾਹ ਦਾ ਰੁਮਕਾ ਨਹੀਂ ਫਿਰਦਾ। ਜ਼ਿਮੀਂ, ਅਸਮਾਨ,

---

[੧] ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥ (ਮਾਝ ਵਾ: ਮ: ੧)

[੧] ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥
(ਸਲੋਕ ਮਹਲਾ ੫-੧੩)

[੨] ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ (ਜਪੁਜੀ)

ਤਾਰੇ, ਚੰਦ, ਸੂਰਜ, ਪਾਣੀ, ਪੌਣ ਸਭ ਸਿਫਤ ਸਲਾਹ ਵਿਚ ਲੈ ਜਾਂਦੇ ਹਨ, ਜੇ ਇਹ ਨਾ ਲੈ ਜਾਣ ਤਦ ਮਨ ਮਰਿਆ ਜਾਣੋ। ਜੇ ਜੀਉਣਾ ਚਾਹੋ ਤਦ ਬਾਣੀ ਦਾ ਕੀਰਤਨ ਕਰੋ, ਮੋਇਆ ਮਨ ਸਿਫਤ ਸਲਾਹ ਦੇ ਘਰ ਆਕੇ ਜੀਵੇ। ਬਾਣੀ ਮਨ ਵਿਚ ਨਾਮ ਦੀ ਮਹਿਮਾ ਦ੍ਰਿੜ੍ਹ ਕਰਦੀ ਹੈ। ਬਾਣੀ ਨਾਮ ਦੀ ਗੋਦ ਹੈ, ਬਾਣੀ ਤੋਂ ਨਾਮ ਵਿਚ, ਨਾਮ ਤੋਂ ਬਾਣੀ ਵਿਚ ਖੇਲਦੇ 'ਜਾਗੇ ਮਨ' ਅੰਨਦ ਲੈਂਦੇ ਹਨ। ਦੇਖ ਬ੍ਰਾਹਮਣ ਰਾਜ! ਤੂੰ ਪੜ੍ਹਿਆ ਹੈਂ, ਪੜ੍ਹਿਆ ਹੁੱਜਤੀ ਬਹੁਤ ਹੁੰਦਾ ਹੈ, ਯਾਦ ਰੱਖ ਪਰਮੇਸ਼ੁਰ ਦੇ ਦੇਸ਼ ਗੱਲਾਂ ਤੇ ਹੁੱਜਤਾਂ ਨਾਲ ਨਹੀਂ ਜਾ ਹੁੰਦਾ। ਅਕਲ ਦੀਵਾ ਹੈ, ਚਾਨਣ ਹੈ, ਜੇ ਇਸ ਨੂੰ ਠੀਕ ਤਰ੍ਹਾਂ ਵਰਤੋ ਤਾਂ। ਇਸ ਨਾਲ ਸਾਹਿਬ ਦੀ ਸੇਵਾ ਕਰੀਦੀ ਹੈ। ਸੂਛ ਅਕਲ ਤੇ ਪ੍ਰਯੋਜਨ ਨੂੰ ਲੱਭਣ ਵਾਲੀ ਵਿੱਦਯਾ ਸਹਾਇਕ ਹਨ ਨਾਮ ਦੀਆਂ, ਹਾਂ, ਨਿਰੰਕਾਰ ਦੇ ਦੇਸ਼ ਨਾਮ ਅਭਯਾਸ ਦੀ ਕਰਨੀ ਨਾਲ ਜਾਈਦਾ ਹੈ। ਨਿਰੀ ਵਿੱਦਯਾ ਨਾਲ ਸਮਝ ਵਿਚ ਤਾਂ ਕੁਛ ਆ ਜਾਂਦਾ ਹੈ, ਪਰ ਧਯਾਨ ਮਾਯਾ ਤੋਂ ਨਹੀਂ ਉਠਦਾ। ਮਾਯਾ ਤੋਂ ਮਨ ਦਾ ਧਯਾਨ ਨਾਮ ਨਾਲ ਉਠਦਾ ਹੈ। ਨਾਮ ਨੇ ਹੀ ਗਯਾਨ ਵਿਚ ਯਾ ਅਨੁਭਵ ਵਿਚ ਲੈ ਜਾਣਾ ਹੈ। ਸਾਰੀਆਂ ਨੇਕੀਆਂ ਤੇ ਸਾਧਨਾਂ ਦੀ ਸਫਲਤਾ ਅਨੁਭਵ ਵਿਚ ਹੈ। ਜਾਹੁ ਤੈਨੂੰ ਨਾਮ ਦੀ ਬਖ਼ਸ਼ਿਸ਼ ਹੋਈ, ਜਪੁ ਅਰ ਵੱਸ, ਉਨਮਨ ਹੋ ਅਰ ਦੇਖ ਕਿ ਨਿਰੰਕਾਰ ਦਾ ਪਯਾਰ ਕੀ ਹੈ।

ਇਹ ਕਹਿੰਦਿਆਂ ਗੁਰੂ ਬਾਬੇ ਦਾ ਹੱਥ ਬ੍ਰਾਹਮਣ ਦੇ ਸਿਰ ਤੇ ਪਿਆ:-

> ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ
> ਮਾਰਿ ਕਢੀਆ ਬੁਰਿਆਈਆ॥

ਬ੍ਰਾਹਮਣ ਦੇ ਸਿਰ ਨੂੰ ਚੱਕ੍ਰ ਆਕੇ 'ਕੜਕ' ਜੇਹੀ ਹੋਈ, ਮਾਨੋਂ ਕੋਈ ਛੌੜ ਕੱਟਿਆ ਗਿਆ। ਸਰੀਰ ਤੋਂ ਆਵਰਨ ਢਹਿ ਪਿਆ। ਜਾਗ ਆਈ, ਆਪ ਹਲਕਾ ਫੁੱਲ ਹੋ ਗਿਆ, ਸਰੀਰ ਦਾ ਭਾਰ ਮਾਨੋਂ ਹੈ ਹੀ ਨਹੀਂ, ਅੱਖਾਂ ਵਿਚ, ਸਰੂਰ ਭਰ ਗਿਆ। ਲੂੰ ਲੂੰ ਵਿਚੋਂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦੀ ਝਰਨਾਟ ਫਿਰ ਨਿਕਲੀ, ਮਨ ਆਪੇ ਤੋਂ ਉਚੇਰਾ ਹੋਕੇ 'ਦ੍ਰਿਸ਼ਟਾ ਰੰਗ' ਵਿਚ ਆ ਗਿਆ। ਤ੍ਰਾਟਕਾਂ ਨੇ ਮਾਯਾ ਲੀਨ ਕਰਕੇ ਪੱਟ ਛੱਡਿਆ ਸੀ, ਅੱਜ ਡਿੱਠਾ ਕਿ ਗੁਰੂ ਬਾਬਾ ਜਦ 'ਨਾਮ' ਆਖਦਾ ਹੈ, ਤਦੋਂ ਕੀ ਆਖਦਾ ਹੈ, ਸਮਝੀਦਾ ਨਹੀਂ, ਪਰ ਐਉਂ ਬੁੱਝੀਦਾ ਹੈ ਤੇ ਪ੍ਰਤੀਤ ਕਰੀਦਾ ਹੈ। ਵਾਹ ਵਾਹ ਹੇ ਬ੍ਰਾਹਮਣ ਤੇਰੇ ਭਾਗ!

ਕੁਛ ਚਿਰ ਮਗਨ ਰਹਿਕੇ ਬ੍ਰਾਹਮਣ ਮੱਥਾ ਟੇਕਕੇ 'ਨਾਮ ਦਾਨ' ਲੈਕੇ, ਹਾਂ 'ਜੀਆ ਦਾਨ' ਲੈਕੇ ਦੁਖ ਦੇਣ ਦੇ ਬਦਲੇ ਅਮਰ ਸੁਖ ਲੈਕੇ ਨਗਰੀ ਨੂੰ ਚਲਾ ਗਿਆ ਤੇ ਉਹ ਮੌਜਾਂ ਦਾ ਸਾਂਈਂ ਸਮੁੰਦਰ ਕਿਨਾਰੇ ਹੀ ਵਿਚਰਦਾ ਰਿਹਾ।

੪.

**ਬ੍ਰਾਹਮਣ** ਜੋ ਹੁਣ ਜੀਵਨ ਕਣੀ ਨਾਲ ਮਘ ਉੱਠਿਆ ਸੀ, ਪੰਡੇ ਦੇ ਘਰ ਗਿਆ ਤੇ ਸਾਰੀ ਵਿੱਥਿਆ ਸੁਣਾਈਓਸੁ। ਧਰਮਸਾਲ ਤੇ ਸਤਿਸੰਗ ਵਾਲੀ ਗੱਲ ਬੜੀ ਦਿਲ ਲੱਗੀਓ ਨੇ। ਓਸੇ ਦਿਨ ਜਗਨਨਾਥ ਦੇ ਮੰਦਰ ਦੇ ਨੇੜੇ ਇਕ ਮਕਾਨ ਲੀਤਾ ਗਿਆ, ਜਿਸ ਨੂੰ ਧਰਮਸਾਲ ਥਾਪ ਲਿਆ। ਇਸ ਟਿਕਾਣੇ ਦਾ ਨਾਉਂ ਅੱਜ ਤੱਕ ਮੰਗੂ ਮੱਠ ਹੈ[੧]।

ਪਾਂਡੇ ਤੇ ਬ੍ਰਾਹਮਣ ਦੇ ਜੀ ਵਿਚ ਆਈ ਕਿ ਗੁਰੂ ਬਾਬੇ ਨੂੰ ਬੜੀ ਧੂੰਮ ਧਾਮ ਨਾਲ ਸ਼ਹਿਰ ਵਿਚ ਲਿਆਈਏ। ਸੰਗਤ ਸਾਰੀ ਦੀ ਖੁਸ਼ੀ ਬੀ ਇਸੇ ਗੱਲ ਵਿਚ ਸੀ, ਸ਼ਹਿਰ ਵਾਸੀ ਬੀ ਬਾਬੇ ਦੀ ਕਰਨੀ ਕੀਰਤਿ ਸੁਣਕੇ ਪ੍ਰੇਮੀ ਹੋ ਰਹੇ ਸਨ। ਦੂਰ ਨੇੜੇ ਬੀ ਬਾਬੇ ਦੇ ਕਰਤੱਵਾਂ ਦੀ ਧੁੰਮ ਪੈ ਰਹੀ ਸੀ। ਸੋ ਬੜੀ ਧੂਮ ਧਾਮ ਦੀ ਆਸ ਸੀ। ਸਲਾਹ ਇਹ ਸੀ ਕਿ ਵਾਜੇ, ਢੋਲ, ਨਗਾਰੇ, ਤੂਤੀਆਂ, ਗਤਕੇਬਾਜ਼ਾਂ ਦੀਆਂ ਟੋਲੀਆਂ, ਆਸਾ ਬਰਦਾਰ ਤੇ ਕੋਤਲਾਂ ਦੇ ਜਲੂਸ ਵਿਚ ਹਾਥੀ ਯਾ ਰਥ ਪਰ ਬਿਠਾਕੇ ਸ੍ਰੀ ਗੁਰੂ ਜੀ ਨੂੰ ਸਮੁੰਦ੍ਰ ਦੇ ਕਿਨਾਰੇ ਤੋਂ

[੧] ਮੰਗੂ ਮੱਠ ਉਦਾਸੀਆਂ ਦੇ ਹੱਥ ਸੁਣੀਂਦਾ ਹੈ, ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਇਸ ਨਾਲ ਦੋ ਪਿੰਡ ਜਾਗੀਰ ਸਨ ਜੋ ਸਾਧੂ ਵੇਚ ਕੇ ਖਾ ਗਏ ਹਨ ਤੇ ਹੁਣ ਮੰਦਰ ਬੀ ਢੈ ਰਿਹਾ ਹੈ। ਉਦਾਸੀ ਸੰਤਾਂ ਦਾ ਤੇ ਗੁਰਦੁਆਰਾ ਕਮੇਟੀਆਂ ਦਾ ਧਰਮ ਹੈ ਕਿ ਇਤਿਹਾਸਕ ਨਿਸ਼ਾਨ ਵਿਰਾਨ ਨਾ ਹੋਣ ਦੇਣ।

ਧਰਮਸਾਲ ਆਂਦਾ ਜਾਵੇ। ਉਹਨਾਂ ਲੋਕਾਂ ਅੱਗੇ ਇਹ ਕੋਈ ਕਠਨ ਗੱਲ ਨਹੀਂ ਸੀ। ਸਾਰੀ ਤਿਆਰੀ ਇਕ ਦਿਨ ਵਿਚ ਹੋ ਗਈ ਅਰ ਇਹ ਜਲੂਸ ਸ਼ਹਿਰ ਵਲੋਂ ਗੁਰੂ ਬਾਬੇ ਨੂੰ ਲੈਣ ਵਾਸਤੇ ਟੁਰਿਆ।

ਉਧਰ ਆਪ ਸਮੁੰਦਰ ਦੇ ਕਿਨਾਰੇ ਬੈਠੇ ਸਨ ਦੇਖਕੇ ਹੱਸ ਪਏ ਤੇ ਕਹਿਣ ਲੱਗੇ ਮਰਦਾਨਿਆਂ! ਦੇਖ ਕਰਤਾਰ ਦੇ ਰੰਗ, ਅੱਗੇ ਤਾਂ ਪਾਂਡਾ ਕਲਜੁਗ ਬਣਕੇ ਆਯਾ ਸੀ ਤੇ ਅੱਜ ਕਲਜੁਗ ਸੱਚੀ ਮੁੱਚੀ ਆ ਰਿਹਾ ਹਈ। ਦੱਸ ਅੱਜ ਡਰਨਾ ਹਈ ਕਿ ਨਾਂ?

ਮਰਦਾਨਾ ਹੱਸ ਕੇ ਬੋਲਿਆ:-ਸੁਹਾਣ ਤੇਰੀ ਕੁਦਰਤ ਨੂੰ, ਮੈਂ ਤਾਂ ਡਰਾਕੁਲ ਹਾਂ; ਪਰ ਤੇਰੇ ਚਰਨ ਲੱਗਾ ਮੈਂ ਕਿਉਂ ਡਰਾਂ।

ਗੁਰੂ ਜੀ-ਲੈ ਫੇਰ ਰਬਾਬ ਸੰਭਾਲ ਤੇ ਉੱਠ, ਚੱਲ ਚਲੀਏ।

ਹੁਕਮ ਹੁੰਦੇ ਹੀ ਮਰਦਾਨਾ ਉੱਠ ਬੈਠਾ ਤੇ ਆਪ ਵਸਤੀ ਨੂੰ ਰਵਦੇ ਰਹੇ। ਇੱਕਸ ਹੋਰ ਰਸਤੇ ਥਾਣੀ ਪੁਰੀ ਵਿਚ ਜਾ ਵੜੇ ਤੇ ਧਰਮਸਾਲਾ ਜਾ ਬਿਰਾਜੇ। ਇਧਰ ਜਦ ਸਾਰਾ ਵਹੀਰ ਤੇ ਸਤਿਸੰਗੀ ਅੱਪੜੇ ਤਾਂ ਅੱਗੇ ਗੁਰੂ ਬਾਬਾ ਤੇ ਮਰਦਾਨਾ ਦੋਵੇਂ ਨਹੀਂ ਸਨ ਤੇ ਰੇਤੇ ਪਰ ਮੋਟੇ ਅੱਖਰਾਂ ਵਿਚ "ਸਤਿਨਾਮ" ਲਿਖਿਆ ਹੋਇਆ ਸੀ।

ਇਸ ਵੇਲੇ ਨਿਰਾਸਤਾ ਦਾ ਅੰਤ ਕੋਈ ਨਾ ਰਿਹਾ। ਪ੍ਰੇਮੀਆਂ ਦੇ ਦਿਲਾਂ ਪਰ ਬੜਾ ਵਿਛੋੜੇ ਦਾ ਅਸਰ ਪਿਆ। ਉਹਨਾਂ ਜਾਤਾ ਕਿ ਸਤਿਗੁਰੂ ਆਪਣੇ ਰਾਹੇ ਪੈ ਗਏ। ਬਿਜਲੀ ਵਾਂਗ ਆਏ ਸਨ, ਸਾਡੇ ਪਾਪਾਂ ਦੇ ਮੜ੍ਹੇ ਸਾੜਕੇ ਫੇਰ ਬਦਲਾਂ ਵਿਚ ਜਾ ਛਿਪੇ ਹਨ। ਉਸੇ ਟਿਕਾਣੇ ਸਾਰੀ ਸੰਗਤ ਬੈਠ ਗਈ, ਢਾਈ ਘੜੀ ਸਭ ਨੇ ਬੈਠਕੇ ਕੀਰਤਨ ਕੀਤਾ ਅਰ ਗੁਰੂ ਬਾਬੇ ਦੇ ਧਯਾਨ ਵਿਚ ਸ਼ਬਦ ਗਾਵੇਂ। ਕੀਰਤਨ ਦੇ ਮਗਰੋਂ ਸਭਨਾਂ ਦੇ ਦਿਲਾਂ ਤੇ ਕੁਛ ਢਾਰਸ ਆ ਗਈ, ਕੁਛ ਮਨ ਖਿੜ ਆਇਆ ਤੇ ਘਰਾਂ ਨੂੰ ਮੁੜ ਪਏ। ਜਦ ਬਾਜ਼ਾਰ ਵਿਚ ਆਏ ਤਾਂ ਮਿੱਠੀ ਮਿੱਠੀ ਧੁਨਿ ਕੰਨਾਂ ਵਿਚ ਪਈ ਪਵੇ, ਜਦ ਧਰਮਸਾਲਾ ਦੇ ਬੂਹੇ ਵੜੇ ਤਾਂ ਕੀ ਵੇਖਦੇ ਹਨ ਕਿ 'ਸਾਂਈਂ ਦਾ ਘੱਲਿਆ ਆਉਣ ਵਾਲਾ ਤੇ ਸਾਂਈ ਦਾ ਸੱਦਿਆ ਜਾਣ ਵਾਲਾ' ਦਾਤਾ ਗੁਰੂ ਜੋਤਿ ਜਗਾਈ ਬੈਠਾ ਹੈ। ਕੀਰਤਨ ਹੋ ਰਿਹਾ ਹੈ ਤੇ ਧਰਮਸਾਲ ਜਗਮਗ ਜਗਮਗ ਕਰ ਰਹੀ ਹੈ। ਜਦੋਂ ਮਰਦਾਨੇ ਨੇ ਭੋਗ ਪਾਇਆ ਤਾਂ ਪਾਂਡੇ ਨੇ ਕਿਹਾ; 'ਪਾਤਸ਼ਾਹ ਆਪ ਧੰਨਜ ਹੋ, ਬੜੀ ਮਿਹਰ ਕੀਤੀ, ਅਸਾਂ ਭੁੱਲ ਕੀਤੀ ਸੀ, ਸੂਰਜ ਨੂੰ ਘਰ ਲਿਆਉਣ ਵਾਸਤੇ ਮਸਾਲ ਬਾਲਕੇ ਲੈ ਟੁਰੇ, ਸਮੁੰਦਰ ਨੂੰ ਘਰ ਲਿਆਉਣ ਵਾਸਤੇ ਪਾਣੀ ਦੀਆਂ ਕਟੋਰੀਆਂ ਭਰ ਲੈ ਟੁਰੇ। ਤੂੰ ਧੰਨ ਹੈ, ਤੇਰਾ ਹਰ ਕੌਤਕ ਇਕ ਛੌੜ ਕੱਟਣ ਵਾਲਾ ਤੀਰ ਹੈਂ, ਤੇਰੀ ਹਰ ਕਰਨੀ ਵਿਚ ਸਾਡੀ ਕਲਯਾਣ ਹੈ, ਹੇ ਆਤਮ ਦਾਤੇ! ਮਿਹਰ ਕਰ।'

ਇਸ ਵੇਲੇ ਗੁਰੂ ਜੀ ਨੇ ਸਿਰੀ ਰਾਗ ਦਾ ਸ਼ਬਦ 'ਮੋਤੀ ਤ ਮੰਦਰ ਊਸਰਹਿ' ਜੋ ਆਪ ਨੂੰ ਬੜਾ ਪਿਆਰਾ ਸੀ ਬੜੇ ਵੈਰਾਗ ਦੀ ਸੁਰ ਵਿਚ ਗਾਂਵਿਆਂ।

ਹੁਣ ਧਰਮਸਾਲ ਵਿਚ ਕੀਰਤਨ ਸ਼ੁਰੂ ਹੋ ਗਿਆ ਸੰਗਤ ਦਾ ਸਤਿਸੰਗ ਠੀਕ ਤਰ੍ਹਾਂ ਬੱਝ ਗਿਆ। ਸ਼ਹਿਰ ਦੇ ਲੋਕਾਂ ਤੇ ਪਾਂਡਿਆਂ ਵਿਚ ਇਹ ਚਰਚਾ ਰਹੀ ਕਿ ਗੁਰੂ ਬਾਬਾ ਜੀ ਆਰਤੀ ਵੇਲੇ ਜਗਨ ਨਾਥ ਦੇ ਮੰਦਰ ਵਿਚ ਕਦੀ ਨਹੀਂ ਆਏ। ਰਾਜਾ[੧] ਵੀ ਕੀਰਤੀ ਸੁਣ ਰਿਹਾ ਸੀ ਤੇ ਸ਼ਰਧਾਵਾਨ ਹੋ ਰਿਹਾ ਸੀ। ਇਕ ਦਿਨ ਸਾਰਿਆਂ ਸਲਾਹ ਕਰਕੇ ਰਾਜਾ ਨੂੰ ਕਿਹਾ ਕਿ ਗੁਰੂ ਜੀ ਨੂੰ ਆਰਤੀ ਵੇਲੇ ਆਉਣ ਲਈ ਤੁਸੀਂ ਬੇਨਤੀ ਕਰ ਘੱਲੋ। ਸੋ ਜਦੋਂ ਉਹ ਬਿਨਯ ਗੁਰੂ ਜੀ ਪਾਸ ਅੱਪੜੀ ਤਾਂ ਉਹਨਾਂ ਨੇ ਅਚਰਜ ਹੋਕੇ ਕਿਹਾ ਕਿ ਜਗਨ ਨਾਥ ਦੀ ਆਰਤੀ ਹੈ? 'ਜਗਤ ਦੇ ਨਾਥ ਦੀ ਆਰਤੀ' ਰੋਜ਼ ਹੁੰਦੀ ਹੈ ਤੇ ਅਸੀਂ ਗ਼ੈਰ ਹਾਜ਼ਰ ਰਹਿੰਦੇ ਹਾਂ! ਹਾਂ ਬਈ ਚੱਲਾਂਗੇ, ਸਿਰ ਦੇ ਜ਼ੋਰ ਚੱਲਾਂਗੇ, ਕਹੁ ਰਾਜਾ ਨੂੰ ਅੱਜ ਆਵਾਂਗੇ।

ਪਾਂਡੇ ਤਾਂ ਸ਼ਾਇਦ ਸਮਝਦੇ ਸਨ ਕਿ ਸ਼ਹਿਰ ਦੀ ਮਾਨਤਾ ਸਾਰੀ ਗੁਰਾਂ ਵੱਲ ਚਲੀ ਗਈ ਹੈ ਤੇ ਜ਼ੋਰ ਇਨ੍ਹਾਂ ਅੱਗੇ ਚੱਲਦਾ ਨਹੀਂ, ਇਕ ਚਾਲ ਨਾਲ ਹੀ ਕਾਰਜ ਕਰ ਲਈਏ। ਜੇ ਆਪ ਆਰਤੀ ਵਿਚ ਆ ਜਾਇਆ ਕਰਨਗੇ ਤਾਂ ਇਨ੍ਹਾਂ ਦੇ ਮਗਰ ਲੱਗੀ ਸੰਗਤ ਨਾਲ ਆਊ ਤੇ ਲੋਕਾਂ ਵਿਚ ਪਰਚਾ

---

[੧] ਇਸ ਦਾ ਨਾਮ ਕ੍ਰਿਸ਼ਨ ਲਾਲ ਲਿਖਿਆ ਹੈ, ਮੰਦਰ ਦਾ ਪ੍ਰਬੰਧ ਇਸੇ ਦੀ ਉਲਾਦ ਦੇ ਹੱਥ ਦੱਸੀਦਾ ਹੈ।

ਬਣਿਆ ਰਹੂ ਅਤੇ ਇਹ ਨਵੀਂ ਸੰਗਤ ਮੰਦਰ ਦੀ ਪੂਜਾ ਤੋਂ ਵੱਖਰੀ ਨਾ ਹੋ ਜਾਊ ਤੇ ਸਾਡਾ ਤੋਰਾ ਤੁਰਿਆ ਰਹੂ। ਪਰ ਚੋਜੀ ਸਤਿਗੁਰ ਨਾਨਕ ਕਿਸੇ ਹੋਰ ਹੀ ਸੰਕਲਪ ਤੋਂ ਟੁਰ ਪਏ ਤੇ ਆਰਤੀ ਵੇਲੇ ਆ ਅੱਪੜੇ। ਸਾਰਿਆਂ ਨੇ ਬੜੇ ਆਦਰ ਨਾਲ ਬਿਠਾਇਆ। ਆਰਤੀ ਦੀ ਤਯਾਰੀ ਹੋ ਰਹੀ ਸੀ, ਇਕ ਸੋਨੇ ਦਾ ਥਾਲ ਸੀ, ਜਿਸ ਵਿਚ ਹੀਰੇ ਮੋਤੀ ਜੜੇ ਹੋਏ ਸਨ, ਵਿਚਕਾਰ ਚਉਮੁਖੀਆਂ ਦੀਵਾ ਸੀ, ਜਿਸ ਵਿਚ, ਘਿਉ ਤੇ ਬੱਤੀਆਂ ਪਾਈਆਂ ਗਈਆਂ। ਇਕ ਪਾਸੇ ਥਾਲ ਵਿਚ ਧੂਪ ਧੁਖਾਈ ਗਈ ਤੇ ਇਕ ਪਾਸੇ ਥਾਲ ਵਿਚ ਚਾਂਦੀ ਦੀ ਰਕੇਬੀ ਪਰ ਸੰਦਲ ਬੂਰ ਪਿਆ ਸੀ, ਜਿਸ ਦੇ ਉੱਤੇ ਮੁਸ਼ਕ ਕਾਫੂਰ ਦੀ ਡਲੀ ਰੱਖੀ ਸੀ ਤੇ ਅੱਗ ਲਾਈ ਸੀ। ਮੂਰਤੀ ਪਰ ਚੌਰ ਹੋ ਰਿਹਾ ਸੀ, ਢੋਲਕੀ ਵੱਜ ਪਈ, ਛੈਣੇ ਸ਼ੁਰੂ ਹੋ ਗਏ, ਨਾਲ ਬੀਨ ਛਿੜ ਪਈ, ਸਾਰੇ ਜਣੇ ਅਦਬ ਨਾਲ ਉੱਠਕੇ ਖੜੇ ਹੋ ਗਏ ਤੇ ਜਗਨ ਨਾਥ ਦੀ ਮੂਰਤੀ ਦੀ ਆਰਤੀ ਸ਼ੁਰੂ ਹੋ ਗਈ।

ਗੁਰੂ ਸਾਹਿਬ ਜੀ ਮਲਕੜੇ ਜਿਹੇ ਉੱਠੇ, ਉੱਠੇ ਪਿੱਛੇ ਹਟੇ ਤੇ ਪਰੇ ਵਾਰ ਓਥੇ ਜਾ ਕੇ ਬੈਠ ਗਏ ਜਿਥੇ ਕਿ ਛੱਤ ਨਹੀਂ ਸੀ; ਅਸਮਾਨਾਂ ਦੇ ਖੁੱਲ੍ਹੇ ਦਰਸ਼ਨ ਹੁੰਦੇ ਸਨ। ਏਥੇ ਬੈਠਕੇ ਆਪ ਨੇ ਅਸਮਾਨਾਂ ਵੱਲ ਤੱਕਿਆ; ਇਕ ਲੰਮਾ ਸਾਹ ਲਿਆ ਤੇ ਫੇਰ ਅਡੋਲ ਹੋ ਗਏ। ਐਸੇ ਟਿਕੇ ਕਿ ਅੰਦਰ ਮੂਰਤੀ ਦੀ ਆਰਤੀ ਬੀ ਮੁੱਕ ਗਈ, ਪਰ ਆਪ ਅਜੇ ਟਿਕੇ ਹੋਏ ਹਨ, ਨੈਣ ਖੁੱਲ੍ਹੇ ਹਨ, ਕੋਈ ਅਚਰਜ ਤੌਰ ਤੇ ਰਸਭਿੰਨੜੀ ਭਿੱਜ ਅੱਖਾਂ ਵਿਚ ਲਸ ਲਸ ਕਰ ਰਹੀ ਹੈ, ਕੋਈ ਕੋਈ ਟੇਪਾ ਤ੍ਰੇਲ ਮੋਤੀ ਵਾਂਙ ਅੱਖਾਂ ਤੋਂ ਬਾਹਰ ਗੱਲ੍ਹਾਂ ਤੇ ਆ ਆ ਦਮਕ ਰਿਹਾ ਹੈ। ਚਿਹਰੇ ਤੇ ਜਾਪਦਾ ਹੈ ਕਿ ਅਰਸ਼ਾਂ ਦੀ ਕੋਈ ਫੁਹਾਰ ਪੈ ਰਹੀ ਅਜਬ ਸੁਹਣੀ ਤਰੌਤ ਦਿਖਾ ਰਹੀ ਹੈ। ਮੱਥਾ ਖਿੜਿਆ ਹੈ, ਡਲ੍ਹਕ ਵਿਸਮਾਦੀ ਹੈ ਤੇ ਇਕ ਪਯਾਰ ਦੀ ਖਿੱਚ ਅਗੰਮੀ ਐਉਂ ਫੈਲ ਰਹੀ ਹੈ ਜਿਵੇਂ ਕਿਸੇ ਮੇਘ ਤੋਂ ਮੀਂਹ ਪੈਂਦਾ ਹੈ। ਉਧਰ ਆਰਤੀ ਮੁਕਾਕੇ ਜਦ ਸਾਰੇ ਜਣੇ ਬੈਠੇ ਤਾਂ ਗੁਰੂ ਸਾਹਿਬ ਨਜ਼ਰ ਨ ਆਏ। ਰਾਜੇ ਨੇ ਪੁੱਛਿਆ: "ਗੁਰੂ ਬਾਬਾ ਜੀ ਕਹਾਂ ਹੈਂ? ਤਾ ਕਿਸੇ ਨੇ ਆਖਿਆ ਕਿ ਓਹ ਸ਼ਾਇਦ ਖਿਸਕ ਗਏ, ਆਰਤੀ ਵਿਚ ਸ਼ਾਮਲ ਨਹੀਂ ਹੋਏ। ਹੁਣ ਭਾਲ ਹੋਈ ਤਾਂ ਪਤਾ ਲੱਗਾ ਕਿ ਖੁੱਲੇ ਅੰਬਰ ਹੇਠ ਪਰੇ ਵਾਰ ਬੈਠੇ ਹਨ। ਰਾਜਾ ਕੁਛ ਹੈਰਾਨ, ਕੁਛ ਗੁੱਸੇ ਭਰਿਆ ਉਠਿਆ, ਨਾਲ ਲੋਕ ਭੀ ਉੱਠੇ, ਪੰਡਾਂ ਤੇ ਬ੍ਰਾਹਮਣ ਰਾਜ ਭੀ ਵਿਚ ਸਨ। ਜਦ ਪਾਸ ਵਾਰ ਆਏ ਤਾਂ ਉਸ ਕਦੇ ਨਾ ਡਿੱਠੇ ਰੰਗ ਵਿਚ ਗੁਰੂ ਜੀ ਨੂੰ ਵੇਖਕੇ ਸਾਰੇ ਠਿਠੰਬਰ ਗਏ। ਰਾਜਾ ਬੀ ਅੜਕ ਗਿਆ। ਕੁਛ ਸਮੇਂ ਮਗਰੋਂ ਗੁਰੂ ਜੀ ਨੇ 'ਧੰਨ ਕਰਤਾਰ! 'ਧੰਨ ਕਰਤਾਰ!' ਆਖਿਆ ਤੇ ਸਾਵਧਾਨ ਹੋ ਬੈਠੇ। ਹੁਣ ਰਾਜੇ ਨੇ ਅੱਗੇ ਵਧਕੇ ਆਖਿਆ:-

ਗੁਰੂ ਜੀ! ਆਪ ਨੇ ਆਖਿਆ ਸੀ ਅਸੀਂ ਤੁਸਾਂ ਨਾਲ ਸ੍ਰੀ ਜਗਨਨਾਥ ਜੀ ਦੀ ਆਰਤੀ ਵਿਚ ਸ਼ਾਮਲ ਹੋਵਾਂਗੇ ਤੇ ਤੁਸੀਂ ਖਿਸਕ ਕੇ ਬਾਹਰ ਹੀ ਚਲੇ ਆਏ। ਇਹ ਕੀ ਕਾਰਣ ਸੀ?

ਗੁਰੂ ਜੀ-ਆ ਰਾਜਾ, ਅਸੀਂ ਤਾਂ ਜਗਤ ਦੇ ਨਾਥ ਦੀ ਆਰਤੀ ਕਰਦੇ ਰਹੇ ਹਾਂ; ਤੁਸੀਂ ਆਪੂੰ ਉਸ ਦੀ ਆਰਤੀ ਵਿਚ ਸ਼ਾਮਲ ਨਹੀਂ ਹੋਏ।

ਰਾਜਾ (ਹੈਰਾਨ ਹੋ ਕੇ)-ਅਸੀਂ ਤਾਂ ਕਰਦੇ ਰਹੇ ਹਾਂ, (ਪਾਸੇ ਤੱਕਕੇ) ਕਿਉਂ ਬਈ?

ਸਾਰੇ-ਜੀ ਸਰਕਾਰ! ਸਾਰੇ ਆਰਤੀ ਉਤਾਰਕੇ ਆਏ ਹਾਂ।

ਰਾਜਾ-ਆਪ ਬਚਨ ਦੇਕੇ ਨਹੀਂ ਆਏ।

ਗੁਰੂ ਜੀ-ਬਈ ਰਾਜਾ! ਜਗਤ ਦੇ ਨਾਥ ਦੀ ਆਰਤੀ ਅਸਾਂ ਕੀਤੀ, ਤੁਹਾਨੂੰ ਨਜ਼ਰੀਂ ਨਹੀਂ ਆਏ। ਤੁਸੀਂ ਕਿਸ ਜਗਤ ਦੇ ਹੱਥਾਂ ਵਿਚ ਅਨਾਥ ਦੀ ਅਨਾਰਤੀ ਕਰਦੇ ਰਹੇ ਹੋਵੋਗੇ, ਤਾਂ ਤੇ ਦੇਖ ਨਹੀਂ ਸਕੇ ਹੋਵੇਗੇ।

ਰਾਜਾ-(ਘਬਰਾਕੇ)-ਹਮ ਨਹੀਂ ਸਮਝੇ।

ਗੁਰੂ ਜੀ-ਜੋ ਜਗਤ ਦਾ ਨਾਥ ਹੈ, ਜਗਤ ਉਸ ਦੇ ਅਧੀਨ ਹੈ। ਜੋ ਅਧੀਨ ਹੈ ਓਹ ਆਪਣੇ ਮਾਲਕ ਸ੍ਵਾਮੀ ਦੀ ਆਰਤੀ ਕਰਦਾ ਹੈ ਪਰ ਜੋ ਆਪ ਚੇਤਨ ਹੀ ਨਹੀਂ, ਚੇਤਨ ਉਸ ਨੂੰ ਘੜਦੇ ਹਨ, ਪਹਿਨਾਉਂਦੇ ਹਨ, ਪੂਜਦੇ ਹਨ, ਓਹ ਜਗਤ ਦੇ ਹੱਥਾਂ ਵਿਚ ਅਨਾਥ ਹੈ, ਚਾਹੇ ਜਗਤ ਉਸ ਨੂੰ ਪੂਜੇ, ਚਾਹੇ ਅਨਾਦਰ ਕਰੇ। ਆਰਤੀ ਕਰਨੀ, ਆਰਤ ਹੋ ਕੇ ਨਿਉਂਕੇ ਬੇਨਤੀ ਕਰਨੀ। ਆਪਣੇ

ਕਰਨਹਾਰ ਅੱਗੇ ਨਿਉਂਕੇ ਪ੍ਰਾਰਥਨਾਂ ਕੀਰਤੀ ਕਰਨੀ ਤਾਂ ਆਰਤੀ ਹੈ, ਪਰ ਆਪਣੇ ਕੀਤੇ ਦੇ ਅੱਗੇ ਆਰਤੀ ਕਰਨੀ ਅਨਾਰਤੀ ਕਰਨੀ ਹੈ।

ਰਾਜਾ ਸੁਣਕੇ ਸੋਚੀਂ ਭੀ ਪੈ ਗਿਆ, ਪਰ ਤਪ ਭੀ ਉਠਿਆ। ਢੇਰ ਚਿਰ ਸਾਰੇ ਮਾਮਲੇ ਅਤੇ ਲੋਕਾਂ ਦੀ ਸ਼ਰਧਾ ਦੀ ਵੀਚਾਰ ਕਰਕੇ ਫੇਰ ਬੋਲਿਆ-ਕੀਹ ਆਰਤੀ ਕੀਤੀ ਨੇ, ਸੁਣਾਓ ਤਾਂ ਸਹੀ? ਉਸ ਦੇ ਇਹ ਆਖਦਿਆਂ ਗੁਰੂ ਜੀ ਨੇ ਇਸ਼ਾਰਾ ਕੀਤਾ ਤੇ ਮਰਦਾਨਾ ਜੋ ਪਾਸ ਆਯਾ ਬੈਠਾ ਸੀ, ਰਬਾਬ ਛੇੜ ਬੈਠਾ। ਆਪ ਦਾ ਚਿਹਰਾ ਉਵੇਂ ਉਚੇਰਾ ਹੋ ਗਿਆ, ਉਹੋ ਤ੍ਰੇਲ ਭਿੰਨੀ ਰਸ ਭਿੰਨੜੀ ਛਬੀ ਛਾ ਗਈ। ਸ਼ਬਦ ਧਨਾਸਰੀ ਦੀ ਗੰਭੀਰ ਸੁਰ ਵਿਚ ਹੋਇਆ:-

ਰਾਗੁ ਧਨਾਸਰੀ ਮਹਲਾ ੧॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥ ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥ ੪ ॥ ੩ ॥- ੧੩

ਫੇਰ ਗੁਰੂ ਜੀ ਰਾਜੇ ਵਲ ਮੂੰਹ ਕਰਕੇ ਬੋਲੇ-ਹੇ ਰਾਜਨ ! ਜੋ ਜਗਤ ਦਾ ਨਾਥ ਹੈ, ਸੋ ਸਾਰੇ ਬ੍ਰਹਮੰਡ ਵਿਚ ਹੈ[1] ਇਕ ਨੁੱਕਰ ਵਿਚ ਲੁਕ ਨਹੀਂ ਰਿਹਾ, ਉਸ ਦੀ ਆਰਤੀ ਇਕ ਥਾਲ ਤੇ ਟਿਮਟਿਮੇ ਦੀਵੇ ਨਾਲ ਨਹੀਂ ਹੋ ਸਕਦੀ। ਇਹ ਜੋ ਆਕਾਸ਼ ਹੈ, ਜੋ ਸਾਰੇ ਵਿਆਪਕ ਹੈ, ਇਹ ਸਾਰਾ ਇਕ ਥਾਲ ਹੈ, ਇਸ ਵਿਚ ਅਨੇਕਾਂ ਚੰਦ ਸੂਰਜ ਦੀਵੇ ਤਾਰਾ ਮੰਡਲ ਧਰਤੀ ਤੋਂ ਮੋਤੀ ਜੜਤ ਵਾਂਙੂ ਦਿੱਸਦੇ ਹਨ! ਜਗਤ ਦੇ ਚੰਦਨ ਬਨਾਂ ਦੀ ਸੁਗੰਧੀ ਧੂਪ ਧੁਖ ਰਹੀ ਹੈ, ਪਵਨ ਚੌਰ ਕਰ ਰਹੀ ਹੈ, ਸਾਰੇ ਬਨਾਂ ਦੇ ਫੁਲ ਪੁਸ਼ਪ ਚੜ੍ਹ ਰਹੇ ਹਨ, ਅਨਾਹਦ ਸ਼ਬਦ ਦਾ ਕੀਰਤਨ ਹੋ ਰਿਹਾ ਹੈ, ਇਸ ਕੁਦਰਤੀ ਆਰਤੀ ਦੇ ਦਰਸ਼ਨ ਕਰਕੇ ਸਿਫਤ ਸਲਾਹ ਦੇ ਵਿਸਮਾਦ ਵਿਚ ਚਲੇ ਜਾਣਾ, ਦੱਸ ਉਸ ਨਿਰੰਕਾਰ ਦੀ ਆਰਤੀ ਇਸ ਤੋਂ ਸਿਵਾ ਹੋਰ ਕਿਸੇ ਤਰ੍ਹਾਂ ਹੋ ਸਕਦੀ ਹੈ?

ਰਾਜਾ-ਕਿਆ ਉਸ ਜਗਤ ਨਾਥ ਦੀਆਂ ਅੱਖਾਂ ਹਨ ਕਿ ਉਹ ਆਰਤੀ ਵੇਖਦਾ ਹੈ? ਕੀ ਉਸ ਦਾ ਨੱਕ ਹੈ ਕਿ ਸੁੰਘਦਾ ਹੈ? ਪੈਰ ਹਨ ਕਿ ਚੱਲਕੇ ਆਉਂਦਾ ਹੈ?

ਗੁਰੂ ਜੀ-ਓਸ ਦੀ ਕੋਈ ਅੱਖ ਨਹੀਂ, ਕਿਉਂਕਿ ਉਹ ਇੰਦਰੇ ਧਾਰੀ ਨਹੀਂ; ਪਰ ਹਜ਼ਾਰਾਂ ਅੱਖਾਂ ਓਸਦੀਆਂ ਜਾਣੋਂ, ਕਿਉਂਕਿ ਉਹ ਅੰਤ੍ਰਯਾਮੀ ਹੈ। ਉਹ ਇੰਦ੍ਰੇ ਨਹੀਂ ਰੱਖਦਾ, ਪਰ ਸਰਬੱਗ ਹੋਣ ਕਰਕੇ ਉਹ ਹਰ ਸ਼ੈ ਦਾ ਆਪ ਰਸਿਕ ਤੇ ਰਸਿਕ ਹੋਣ ਕਰਕੇ ਉਹ ਇੰਦ੍ਰੇ ਧਾਰੀਆਂ ਤੋਂ ਵਿਸ਼ੇਸ਼ ਗਜਾਨੀ ਹੈ। ਉਸ ਦੇ ਪੰਜ ਭੌਤਕ ਪੈਰ ਨਹੀਂ, ਪਰ ਓਹ ਚੱਲਣ ਵਾਲੇ ਸਾਰੇ ਵੇਗਵਾਨਾਂ ਤੋ ਵਧੀਕ ਵੇਗਵਾਨ ਹੈ। ਉਹ ਚਾਨਣਾ ਹੈ, ਓਸ ਦਾ ਚਾਨਣਾ ਸਭਨਾਂ ਵਿਚ ਹੈ, ਓਸ ਦੇ ਚਾਨਣ

---

[1] ਸੁਣਿਆ ਹੈ ਕਿ ਪੰਡਤ ਹਰਾ ਸਿੰਘ ਜੀ ਨਿਰਮਲੇ ਸੰਤ ਜੀ ਨੇ ਆਪਣੇ 'ਗੁਰੂ ਪਾਰਿਜਾਤ' ਗ੍ਰੰਥ ਵਿਚ ਇਸੇ ਪ੍ਰਸੰਗ ਵਿਚ ਇਹ ਸਲੋਕ ਲਿਖਿਆ ਹੈ-"ਅਸਮਦੀਯੋ ਜਗਨ ਨਾਥ ਵਰਤਤੇ ਸਕਲਾਂਤਰੇ ॥ ਸਰਬ ਵਯਾਪੀ ਯਥਾਂ ਦੇਵਾ ਤਥਾ 'ਨੀਰਾਂਜਨੰ' ਵਿਭੋ॥" ਅਰਥ- ਮੇਰਾ ਜਗਨ ਨਾਥ ਸਾਰੇ (ਜਗਤ ਵਿਚ) ਵਜਾਪ ਰਿਹਾ ਹੈ, ਜੈਸੇ ਮੇਰਾ 'ਦੇਵ' ਸਰਬ ਵਜਾਪੀ ਹੈ ਤੈਸੇ ਉਸ ਦੀ ਆਰਤੀ ਭੀ ਸਰਵ ਵਿਆਪਕ ਹੈ।

ਨਾਲ ਸਾਰੇ ਚਾਨਣਾ ਹੁੰਦਾ ਹੈ। ਉਸ ਨੂੰ ਕੋਈ ਰੌਸ਼ਨ ਨਹੀਂ ਕਰ ਸਕਦਾ, ਪਰ ਹਰ ਰੌਸ਼ਨੀ ਨੂੰ ਰੌਸ਼ਨੀ ਉਸ ਨੇ ਦਿੱਤੀ ਹੈ। ਉਸ ਨੂੰ ਕੋਈ ਨਹੀਂ ਜਾਣਦਾ, ਪਰ ਸਭ ਨੂੰ ਗਯਾਨ ਉਸ ਨੇ ਦਿੱਤਾ ਹੈ।

ਰਾਜਾ-ਐਸਾ ਜੋ ਅਗੰਮ ਹੈ, ਉਸ ਨੂੰ ਫੇਰ ਕੋਈ ਕਿੱਕੂੰ ਜਾਣੇ ?

ਗੁਰੂ ਜੀ-ਉਸ ਦੀ ਜੋਤਿ ਸਭ ਨੂੰ ਜਯੋਤੀ-ਮਾਨ ਕਰ ਰਹੀ ਹੈ ਤੇ ਆਪਾ ਨਹੀਂ ਲਖਾ ਰਹੀ, ਉਸ ਜਯੋਤੀ ਨੂੰ ਦੇਖ ਕੋਈ ਨਹੀਂ ਸਕਦਾ, ਪਰ ਉਸ ਦੀ ਲੱਖਤਾ ਹੋ ਸਕਦੀ ਹੈ, ਜੇ ਗੁਰੂ ਦੁਆਰਾ ਉਸ ਦੀ ਸ਼ਰਨ ਲਈਏ ਤਾਂ।

ਰਾਜਾ-ਗੁਰੂ ਕੌਣ ਹੈ?

ਗੁਰੂ ਜੀ-ਜੋ ਵਾਹਿਗੁਰੂ ਵਿਚ ਹੈ ਤੇ ਜੋ ਜਗਤ ਵਿਚ ਹੈ।

ਰਾਜਾ-ਉਹ ਕਿਥੇ ਹੈ?

ਗੁਰੂ ਜੀ-ਜਿਥੇ ਲੋੜ ਤੇ ਭਾਵਨੀ ਹੈ।

ਰਾਜਾ ਸੋਚੀਂ ਪੈ ਗਿਆ, ਬ੍ਰਹਮੰਡ ਦੇ ਨਾਥ ਦੀ ਆਰਤੀ ਸੁਣੀ, ਆਰਤੀ ਦੇ ਅਰਥ ਸਮਝੇ, ਅੰਦਰ ਸੋਝੀ ਹੋ ਆਈ, ਸਾਰੀ ਉਮਰ ਆਪਣੇ ਹੱਥ ਦੀ ਘੜੀ ਮੂਰਤ ਪੂਜਦੇ ਰਹੇ, ਜਿਸ ਨੇ ਸਾਨੂੰ ਘੜਿਆ ਉਸ ਜਗਨ ਨਾਥ ਦੀ ਕੋਈ ਪੂਜਾ ਨਾ ਕੀਤੀ ! ਸਰਬ ਪੂਜਾ ਉਸ ਮਹਾਂ ਜਯੋਤੀ ਵਾਸਤੇ ਸੀ, ਉਸ ਦੇ ਭੁਲੇਵੇਂ ਜੜ੍ਹ ਪਦਾਰਥਾਂ ਅਗੇ ਆਰਤ ਹੋ ਹੋ ਆਰਤੀ ਕੀਤੀ। ਸੋਚਾਂ ਸੱਚ ਸਨ, ਸੱਚ ਦਮਕ ਮਾਰਦਾ ਸੀ, ਕੁਛ ਲੋਕ ਲਾਜ ਦਬਾਉਂਦੀ ਸੀ। ਪਰ ਸੂਰਜ ਜਦ ਚੜ੍ਹੇ ਪੂਰੇ ਵੱਲ ਨੂੰ ਘਟਾਂ ਭੀ ਹੋਣ ਉਹ ਆਖਰ ਬੱਦਲਾਂ ਦੇ ਪੜਦੇ ਪਾੜ੍ਹ ਨਿਕਲ ਹੀ ਆਉਂਦਾ ਹੈ। ਸੱਚ ਰਾਜੇ ਦੇ ਅੰਦਰ ਆਇਆ, ਦਿਲ ਪਾਟ ਪਿਆ ਤੇ ਰਾਜਾ ਬਿਹਬਲ ਹੋ ਕੇ ਬੋਲਿਆ: ਹੇ ਜਗਨ ਨਾਥ ਦੇ ਪਿਆਰੇ ! ਕੋਈ ਸੋਝੀ ਪਾ।

ਗੁਰੂ ਜੀ-ਸੋਝੀ ਤਾਂ ਅੰਦਰ ਹੈ, ਰਾਜਨ ! ਓਹ ਜਯੋਤੀ ਸਰੂਪ ਤੇਰੇ ਅੰਦਰ ਹੈ, ਉਸ਼ ਨੂੰ ਯਾਦ ਵਿਚ ਲਿਆ ਕਿ ਅੰਦਰ ਹੈ। ਫੇਰ ਸੁਖ ਵਿਚ ਆ ਕਿ ਮੇਰਾ ਸਾਂਈਂ ਮੇਰੇ ਪਾਸ ਹੈ। ਉਸ ਦੇ ਪਿਆਰ ਵਿਚ ਆ, ਉਸ ਅਗੇ ਆਰਤ ਹੋ ਕੀਰਤੀ ਕਰ, ਸਦਾ ਉਸ ਦੀ ਯਾਦ ਵਿਚ ਰਹੁ, ਤੇਰਾ ਮਨ ਉੱਚਾ ਉਠ ਆਵੇਗਾ ਰੌ ਫਿਰੇਗੀ, ਅੰਦਰ ਉਸਰੱਗੀ ਆਵੇਗੀ, ਜਾਗ੍ਰਤ ਹੋ ਆਵੇਗੀ, ਉਸ ਜਾਗ ਵਿਚ ਜੀਓ। ਹੇ ਰਾਜਾ ! ਭਲੇ ਇਨਸਾਨ ਜਗਤ ਵਿਚ ਹਨ, ਨੇਕੀ, ਪੁੰਨ, ਭਲਜਾਈ ਚੰਗੀ ਹੈ, ਪਰ ਜਦ ਤਕ ਅੰਦਰ ਜਾਗ ਨਹੀਂ ਤਦ ਤਕ ਉੱਚਾ ਤੇ ਅਸਲੀ ਜੀਵਨ ਪ੍ਰਾਪਤ ਨਹੀਂ, ਜੀਵਨ ਬਿਨਾਂ ਜੀਵ ਮੁਰਦਾ ਹੈ। ਫੁੱਲ ਸੁਹਾਵਾ ਹੈ, ਰੰਗ ਕੋਮਲਤਾ ਵਾਲਾ ਹੈ, ਪਰ ਫੁੱਲ ਉਹ ਸੁਫਲ ਹੈ ਜੋ ਸੁਗੰਧੀ ਨਾਲ ਲਪਟਾਂ ਮਾਰ ਰਿਹਾ ਹੈ। ਜਿਸ ਦੇ ਅੰਦਰ ਜਾਗ੍ਰਤ ਹੋਵੇ, ਦਿਲ ਉਮਾਹ ਵਿਚ ਹੋਵੇ, ਰਸ ਦੇਸ਼ ਦੀ ਝਰਨਾਟ ਹੋਵੇ, ਆਤਮ ਦੇਸ਼ ਦਾ ਉਮਾਹ ਹੋਵੇ, ਉਹ ਨਰ ਸਫਲ ਹੈ। ਜਿਵੇਂ ਪਸੂਆਂ ਤੋਂ ਅਸੀਂ ਉਚੇਰੇ ਜੀਵ ਹਾਂ, ਇਸ ਤਰ੍ਹਾਂ ਮਨੁੱਖ ਸ਼੍ਰੇਣੀ ਤੋਂ ਉਹ ਉਚੇਰਾ ਜੀਵ ਹੈ ਜਿਸ ਦੇ ਅੰਦਰ ਪਰਮੇਸ਼ਰ ਜੀ ਦੇ ਪਿਆਰ ਦੀ ਲਹਿਰ ਓਤ ਪੋਤ ਵਜਦੀ ਹੈ। ਜੀਵ ਦੀ ਆਰਤੀ ਚਰਨਾਂ ਕਮਲਾਂ ਵਿਖੇ ਜਾ ਟਕਰਾਉਂਦੀ ਹੈ, ਚਰਨਾ ਕਮਲਾਂ ਤੋਂ ਮਿਹਰ ਦੀ ਲਹਿਰ ਜੀਵ ਦੇ ਅੰਦਰ ਆ ਵੱਜਦੀ ਹੈ। ਰਸ ਰੰਗ ਦੀ ਸਾਂਟ ਹੁੰਦੀ ਹੈ, ਨਹੀਂ ਤਾਂ ਹੇ ਰਾਜਨ ! ਪੂਜਾ ਇਕ ਤ੍ਰੀਕਾ ਹੈ ਜਿਸ ਵਿਚ ਜਾਨ ਨਹੀਂ।

ਰਾਜਾ-ਸੱਤਿ ਹੈ। ਹੇ ਭਗਵਨ ! ਉਮਰਾ ਇਸੇ ਤਰ੍ਹਾਂ ਬੀਤੀ ਹੈ, ਕੋਈ ਜੀਵਨ ਦੀ ਕਣੀ ਫਿਰ ਪਾ ਦਿਓ ਜੋ ਜੀ ਪਈਏ।

ਸਤਿਗੁਰ ਜੀ ਨੇ ਰਾਜਾ ਵੱਲ ਕ੍ਰਿਪਾ ਕਟਾਖਯ ਨਾਲ ਤੱਕਿਆ ਤੇ ਕਿਸੇ ਡਾਢੇ ਪਯਾਰ ਵਿਚ ਆਕੇ ਆਖਿਆ ਕਹੁ:-

'ਵਾਹਿਗੁਰੂ'

ਕਰ ਪ੍ਰਤੀਤ-

ਵਾਹਿਗੁਰੂ

ਦੇਖ ਅੰਦਰ ਹੁਲਾਰਾ-

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।

ਕਿਸੇ ਅਚਰਜ ਝਰਨਾਟ ਛਿੜਵੀਂ ਲਹਿਰ ਵਿਚ ਦਾਤਾ ਸਾਂਈਂ ਜੀ ਬੋਲੇ ਕਿ ਰਾਜਾ "ਵਾਹਿਗੁਰੂ" "ਵਾਹਿਗੁਰੂ" ਕਰਦਾ ਅੰਦਰ ਗੁੰਮ ਹੁੰਦਾ ਗਿਆ, ਗੁੰਮ ਹੁੰਦਾ ਹੁੰਦਾ ਮੁੜ ਪਰਤਿਆ ਤਾਂ ਠੰਢ ਪੈ ਰਹੀ ਸੀ, ਇਕ ਜਾਗ੍ਰਤ ਪ੍ਰਤੀਤ ਦੇ ਰਹੀ ਸੀ, ਆਪ ਉੱਚਾ ਉੱਚਾ, ਪਰ ਸੀਤਲ ਤੇ ਦੇਖਣਹਾਰ

ਹੋ ਰਿਹਾ ਸੀ, ਉਨਮਨੀ (ਮਨ ਦੇ ਉੱਚੇ ਹੋ ਜਾਣ ਦੀ) ਲਹਿਰ ਟਕਰਾ ਰਹੀ ਸੀ, ਸਾਰੇ ਸਰੀਰ ਵਿਚ ਵਾਹਿਗੁਰੂ ਦੀ ਮਿੱਠੀ ਧੁਨਿ ਆਪੂੰ ਹੋ ਰਹੀ ਸੀ, ਸੁਆਦ ਅਗੰਮੀ ਆ ਰਿਹਾ ਸੀ। ਇਸ ਰਸ ਵਿਚ ਭਰਕੇ ਚਰਨੀ ਢੱਠਾ। । ਤਾਰਨਹਾਰ ਦਾਤੇ ਨੇ ਸਿਰ ਤੇ ਪਜਾਰ ਦਿਤਾ ਤੇ ਆਖਿਆ-'ਨਿਹਾਲ'।

ਨਿਹਾਲ ਹੋ ਗਿਆ ਰਾਜਾ, ਨਿਹਾਲ ਹੋ ਗਈ ਸੰਗਤ। ਨਿਰਵੈਰ ਦਾਤੇ ਦੇ ਪਜਾਰ ਨੇ ਸੁੱਤੇ ਜਗਾ ਦਿਤੇ, ਮੋਏ ਜਿਵਾ ਦਿਤੇ, ਰੱਬ ਨਾਲੋਂ ਟੁੱਟੇ ਜੋੜ ਦਿਤੇ, ਅਗੰਮ ਵਿਚ ਜੀਵਨ ਰੌਆਂ ਦੇ ਰਸਤੇ ਖੋਹਲ ਦਿਤੇ, ਹਾਂ ਜੀ, 'ਨਾਮ ਧਰੀਕ' ਕਰ ਦਿਤੇ।

ਪੁਰੀ ਵਿਚ ਸਤਿਸੰਗ ਦਾ ਸੂਰਜ ਚੜ੍ਹ ਪਿਆ, ਸਾਧ ਸੰਗਤ, ਧਰਮਸਾਲ, ਵਾਹਿਗੁਰੂ ਪ੍ਰੇਮ ਦਾ ਪ੍ਰਵਾਹ ਟੁਰ ਪਿਆ। ਐਉਂ ਰੇਤ ਥਲਿਆਂ ਵਿਚ ਖਜੂਰਾਂ ਦੀਆਂ ਝੰਗੀਆਂ ਤੇ 'ਚਸ਼ਮੇ ਲਾਕੇ ਬਾਬਾ ਖੁਸ਼ੀ ਹੁੰਦਾ ਹੈ। ਪਰ ਸੰਗਤਾਂ ਜੋ ਜੀ ਉਠਦੀਆਂ ਹਨ ਉਹ ਬਾਬੇ ਤੋਂ ਵਿਛੁੜਨਾਂ ਨਹੀਂ ਚਾਹੁੰਦੀਆਂ, ਗੁਰੂ ਬਾਬਾ ਹੁਕਮ ਦੀ ਤਾਰ ਦੇ ਮਗਰ ਉੱਠ ਤੁਰਦਾ ਹੈ। ਉਸ ਵੇਲੇ ਪ੍ਰੇਮ ਬਿਰਹੋਂ ਦਾ ਅਜਬ ਨਕਸ਼ਾ ਬੱਝਦਾ ਹੈ, ਛੇਕੜ ਰਜ਼ਾ ਆਉਂਦੀ ਹੈ ਤਾਂ ਗੁਰੂ ਬਾਬਾ ਰਵਦਾ ਰਹਿੰਦਾ ਹੈ ਤੇ ਸੰਗਤਾਂ ਪ੍ਰਾਪਤ ਕੀਤੇ ਅਮਰ ਜੀਵਨ-ਸਤਿਸੰਗ ਕੀਰਤਨ ਦੇ ਆਸਰੇ ਗੁਰੂ ਬਾਬੇ ਨਾਲ ਅੰਤਰ ਆਤਮੇ ਮਿਲੇ ਜੀਵਨ-ਸਫਲ ਕਰਦੀਆਂ ਹਨ। ਐਉਂ ਦੋ ਤ੍ਰੈ ਮਹੀਨੇ ਸੰਗਤਾਂ ਦੇ ਪ੍ਰੇਮ ਕਰਕੇ ਸਤਿਗੁਰੂ ਜੀ ਓਥੇ ਰਹੇ, ਫੇਰ ਵਾਹਿਗੁਰੂ ਦੇ ਹੁਕਮ ਵਿਚ ਓਥੋਂ ਰਵਦੇ ਰਹੇ।

## ੩੭. ਕਟਕ ਫੇਰੀ

**ਇਹ** ਪ੍ਰਸੰਗ ਸਿਖ ਪੁਸਤਕਾਂ ਵਿਚ ਨਹੀਂ ਹੈ, ਪਰ ਕਟਕ ਵਿਚ ਵਿਦਮਾਨ ਗੁਰਦੁਆਰਾ ਦਾਤਣ ਸਾਹਿਬ ਦੇ ਮਹੰਤ ਜੀ ਤੋਂ ਮਿਲਿਆ ਹੈ। ਜਾਪਦਾ ਹੈ ਕਿ ਸੂਰਨ ਦੀਪ ਆਦਿ ਥਾਵਾਂ ਤੋਂ ਜਹਾਜ਼ੀ ਸਫਰ ਕਰਕੇ ਗੁਰੂ ਜੀ ਪਹਿਲੋਂ ਕਟਕ ਆਏ ਯਾ ਪੁਰੀ। ਪੁਰੀ ਪਹਿਲੇ ਪਹੁੰਚਣਾ ਤੇ ਓਥੋਂ ਉੱਤਰ ਰੁਖ਼ ਹੋ ਵਤਨਾਂ ਨੂੰ ਪਰਤਿਆਂ ਪਹਿਲਾਂ ਵਡਾ ਸ਼ਹਿਰ ਕਟਕ ਆਉਂਦਾ ਹੈ, ਸੋ ਅਗਲਬ ਹੈ ਕਿ ਪਰਤਣ ਵੇਲੇ ਹੀ ਏਥੇ ਟਿਕੇ ਹੋਣ। ਮਹੰਤ ਜੀ ਦੱਸਦੇ ਹਨ ਕਿ ਉਹਨਾ ਨੂੰ ਇਹ ਪ੍ਰਸੰਗ ਪੁਸ਼ਤ ਦਰ ਪੁਸ਼ਤ ਵਡਿਆਂ ਤੋਂ ਤੁਰਿਆ ਆਇਆ ਮਿਲਿਆ ਹੈ। ਮਹੰਤ ਜੀ ਨੇ ਪ੍ਰਸੰਗ ਇਸ ਪ੍ਰਕਾਰ ਦੱਸਿਆ ਹੈ:-ਨਗਰ ਕਟਕ ਦੇ ਨੇੜੇ ਸ਼ਹਿਰੋਂ ਬਾਹਰ ਮਹਾਂ ਨਦੀ ਦੇ ਕੰਢੇ ਇਕ ਸੁਹਾਵਣੇ ਥਾਂ ਸਤਿਗੁਰ ਨੇ ਡੇਰਾ ਪਾਇਆ। ਨਗਰ ਦਾ ਹਾਕਮ ਇਕ ਨੇਕ ਹਿੰਦੂ ਸੀ ਜੋ ਸਤਿਗੁਰਾਂ ਦਾ ਜਸ ਸੁਣਕੇ ਦਰਸ਼ਨਾਂ ਨੂੰ ਆਇਆ। ਇਸ ਪੁਰਸ਼ ਨੇ ਗੁਰੂ ਕੇ ਉਪਦੇਸ਼ ਧਾਰਣ ਕੀਤੇ ਤੇ ਸੁਖੀ ਹੋ ਗਿਆ। ਇਸ ਤੋਂ ਪਹਿਲਾਂ ਇਹ ਇਕ 'ਚੈਤਨਜ ਭਾਰਤੀ' ਨਾਮੇ ਸਾਧੂ ਦਾ ਚੇਲਾ ਸੀ, ਦੱਸਦੇ ਹਨ ਕਿ ਇਸ ਨੇ ਭੈਰੋਂ ਦੀ ਉਪਾਸਨਾ ਕਰਕੇ ਉਸ ਨੂੰ ਸਿੱਧ ਕੀਤਾ ਹੋਇਆ ਸੀ। ਚੈਤਨਜ ਭਾਰਤੀ ਨੂੰ ਆਪਣੇ ਚੇਲੇ ਦਾ, ਜੋ ਨਗਰ ਦਾ ਮਾਲਕ ਸੀ, ਗੁਰੂ ਜੀ ਦਾ ਸਿਖ ਬਣਨਾ ਪਸੰਦ ਨ ਆਯਾ ਤਾਂ ਉਸ ਨੇ 'ਭੈਰੋਂ' ਨੂੰ ਸਤਿਗੁਰਾਂ ਨਾਲ ਉਪੱਦ੍ਰਵ ਕਰਨੇ ਵਾਸਤੇ ਘੱਲਿਆ। ਭੈਰਵ ਨੇ ਬੱਦਲ, ਬਿਜਲੀ ਦੀ ਗਰਜ, ਤੂਫਾਨ, ਅੱਗ ਦਾ ਮੀਂਹ ਤੇ ਕਰੜੀ ਜਲ ਧਾਰਾ ਰੂਪੀ ਬਰਖਾ ਆਦਿ ਡਰਾਵਣੇ ਸਾਮਾਨ ਕਰਕੇ ਉਸ ਬਨ ਵਿਚ ਬੇਘਰ ਬੈਠਿਆਂ ਨੂੰ ਦੁਖ ਦੇਣਾ ਤੇ ਡਰਾਉਣਾ ਆਰੰਭ ਕੀਤਾ, ਪਰ ਉਸਦੀ ਪੇਸ਼ ਕੁਛ ਨ ਗਈ ਤੇ ਅੰਤ ਸਤਿਗੁਰਾਂ ਦੀ ਸ਼ਰਨੀ ਪੈ ਗਿਆ। ਇਹ ਆਪਣੇ ਦੇਵਤੇ ਦੀ ਹਾਰ ਵੇਖਕੇ ਚੈਤਨਜ ਭਾਰਤੀ ਬੀ ਸਤਿਗੁਰਾਂ ਦੀ ਸ਼ਰਨੀ ਆ ਪਿਆ। ਚੈਤਨਜ ਆਪਣੇ ਹੱਥ ਵਿਚ 'ਸਹਾਰੇ' ਪੇੜ ਦੀ ਟਹਿਣੀ ਲਿਆਇਆ ਜੋ ਉਸ ਨੇ ਭੇਟਾ ਕੀਤੀ। ਚੈਤਨਜ ਭਾਰਤੀ ਨੂੰ ਗੁਰੂ ਜੀ ਨੇ ਸਤਿਨਾਮ ਦੇ ਲੜ ਲਾ ਕੇ ਤਾਰਿਆ ਤੇ ਨਾਟਕਾਂ ਚੇਟਕਾਂ ਵਿਚੋਂ ਚਾਕੇ ਉੱਚਾ ਕਰ ਦਿਤਾ। ਉਸ ਦੀ ਭੇਟਾ ਕੀਤੀ 'ਸਹਾਰੇ' ਦੀ ਟਹਿਣੀ ਦੀ ਗੁਰੂ ਜੀ ਨੇ ਦਾਤਣ ਕੀਤੀ। ਉਹ ਦਾਤਣ ਉੱਥੇ ਹੀ ਭਾਰਤੀ ਨੇ ਗੱਡ ਦਿਤੀ ਤੇ ਉਹ ਪੁੰਗਰ ਪਈ, ਹੁਣ ਉਹ ਬੜਾ ਭਾਰੀ ਪੁਰਾਤਨ ਬ੍ਰਿਛ ਹੈ। ਉਥੇ ਗੁਰਦੁਆਰਾ ਬਣਿਆਂ ਜੋ ਉਧਰ ਦੇ ਘਰਾਂ ਵਾਂਗ ਬਣਦਾ ਪੁਰਾਤਨ ਹੁੰਦਾ ਹੁਣ ਤਕ ਚਲਾ ਆਯਾ

ਹੈ। ਹੁਣ ਉਹ ਖਸਤਾ ਹਾਲਤ ਵਿਚ ਸੀ। ਪੁਜਾਰੀ ਤਦ ਤੋਂ ਪੁਸ਼ਤ ਬ-ਪੁਸ਼ਤ ਉਥੇ ਦਾ ਹੀ ਵਾਸੀ ਚਲਾ ਆਯਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੀ ਸਥਾਪਤ ਹਨ। ਗੁਰਦੁਆਰਾ ਖਸਤਾ ਹਾਲਤ ਵਿਚ ਤੱਕ ਕੇ ਬਾਬਾ ਕਰਤਾਰ ਸਿੰਘ ਜੀ ਨੇ, ਜੋ ਕਟਕ ਕਾਲਜ ਵਿਚ ਪ੍ਰੋਫੈਸਰ ਯਾ ਪ੍ਰਿੰਸੀਪਲ ਹੋਕੇ ਗਏ ਸਨ, ਉੱਦਮ ਕੀਤਾ ਤੇ ਬੜੇ ਸ਼੍ਰਮ ਨਾਲ ਰੁਪੱਯਾ ਕੱਠਾ ਕਰਕੇ ਸੁਹਣਾ ਪੱਕਾ ਗੁਰਦੁਆਰਾ ਬਣਵਾ ਦਿਤਾ ਹੈ[1]।

## ੩੯. ਮਰਦਾਨਾ ਨਿਹਾਲ।

ਤਦ[2] ਬਾਬਾ ਅਤੇ ਮਰਦਾਨਾ ਓਥਹੁੰ ਰਵਦੇ ਰਹੇ, ਜੋ ਜਾਂਦੇ ਜਾਂਦੇ ਵਡੀ ਉਜਾੜਿ ਵਿਚਿ ਜਾਇ ਪਏ[3], ਤਬ ਉਥੇ ਕੋਈ ਮਿਲੇ ਨਾਹੀਂ, ਤਬ ਮਰਦਾਨੇ ਨੂੰ ਬਹੁਤ ਭੁਖਿ ਲਾਗੀ ਤਾਂ ਮਰਦਾਨੇ ਆਖਿਆ: ਸੁਹਾਨਿ ਤੇਰੀ ਭਗਤਿ ਨੂੰ ਅਸੀਂ ਡੂਮ ਸੇ, ਮੁਲਖ ਦੇ ਟੁਕੜੇ ਮੰਗਿ ਖਾਂਦੇ ਥੇ, ਉਥਹੁੰ ਬੀ ਗਵਾਇਆ, ਅਸੀਂ ਤਾਂ ਵਡੀ ਉਜਾੜਿ ਵਿਚਿ ਆਏ ਪੈਇ ਹਾਂ। ਕਦੇ ਖੁਦਾਇ ਕਾਢੇ ਤਾਂ ਨਿਕਲਹਿ, ਹੁਣਿ ਕੋਈ ਸੀਂਹੁ ਬੁਕਿ ਪਵੈਗਾ ਤਾਂ ਮਾਰਿ ਜਾਵੇਗਾ।' ਤਬਿ ਬਾਬੇ ਆਖਿਆ: 'ਮਰਦਾਨਿਆਂ ਤੇਰੇ ਨੇੜੇ ਕੋਈ ਨਹੀਂ ਆਂਵਦਾ ਪਰ ਤੂੰ ਉਸੀਆਰੁ ਹੋਹੁ'। ਆਖਿਉਸ 'ਜੀ ਕਿਉਂ ਕਰ ਉਸੀਆਰੁ ਹੋਵਾਂ ਉਜਾੜਿ ਵਿਚਿ ਆਇ ਪਇਆ'। ਤਬ ਬਾਬੇ ਆਖਿਆ: 'ਮਰਦਾਨਿਆਂ ਅਸੀਂ ਉਜਾੜਿ ਵਿਚਿ ਨਹੀਂ, ਅਸੀਂ ਵਸਤੀ ਵਿਚ ਹਾਂ, ਜਿਥੈ ਨਾਉ ਚਿਤਿ ਆਂਵਦਾ ਹੈ'। ਓਥੇ ਬਾਬੇ ਸ਼ਬਦ ਬੋਲਿਆ:-

ਆਸਾ ਘਰੁ ੪ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

ਤਬ ਬਾਬੇ ਆਖਿਆ : 'ਮਰਦਾਨਿਆਂ ਸਬਦ ਚਿਤਿ ਕਰਿ, ਤਉ ਬਾਝੁ ਬਾਣੀ ਸਿਰਿ ਨਾਹੀ ਆਵਦੀ'। ਤਬਿ ਗੁਰੂ ਬਾਬੇ ਆਖਿਆ: 'ਮਰਦਾਨਿਆਂ ਰਬਾਬੁ ਵਜਾਇ'। ਤਬ ਮਰਦਾਨੇ ਆਖਿਆ: 'ਜੀ ਮੇਰਾ ਘਟੁ ਭੁੱਖ ਦੇ ਨਾਲਿ ਮਿਲਿ ਗਇਆ ਹੈ ਮੈਂ ਇਹ ਰਬਾਬੁ ਵਜਾਇ ਨਾਹੀ ਸਕਦਾ'। ਤਬ ਬਾਬੇ ਆਖਿਆ: 'ਮਰਦਾਨਿਆਂ ਚਲੁ ਪਿਛੈ ਕਿਸੈ ਵਸਦੀ ਜਾਹਾਂ।'

'ਅਜੀ ਮੈਂ ਵਸਦੀ ਭੀ ਨਾਹੀ ਜਾਇ ਸਕਦਾ, ਮੇਰਾ ਭੁੱਖ ਨਾਲਿ ਘਟੁ ਮਿਲਿ ਗਇਆ ਹੈ, ਹਉ ਮਰਦਾ ਹਾਂ।' ਤਬਿ ਬਾਬੇ ਆਖਿਆ 'ਮਰਦਾਨਿਆਂ ਹਉ ਤੈਨੂੰ ਆਈ ਬਿਨਾਂ ਮਰਣਿ ਨਾਹੀਂ ਦੇਂਦਾ,

---

[1] ਇਹ ਪ੍ਰਸੰਗ ਤੇ ਕਲਜੁਗ ਵਾਲੀ ਸਾਖੀ ਜੋ ਪਿਛੇ ਆ ਚੁਕੀ ਹੈ, ਤੇ ਪੁਰੀ ਵਾਲਾ ਪ੍ਰਸੰਗ ਤਿੰਨਾ ਵਿਚ ਹੀ ਇਕ ਝਲਕ ਇਕੋ ਜਿਹੀ ਹੈ। ਹੋ ਸਕਦਾ ਹੈ ਕਿ ਇਹੋ ਇਕੋ ਪ੍ਰਸੰਗ ਹੋਵੇ ਤੇ ਇਥੇ 'ਕਟਕ' ਵਿਚ ਹੀ ਵਰਤਿਆ ਹੋਵੇ, ਇਹ ਵੀ ਅਗਲਬ ਹੈ ਕਿ ਤ੍ਰੈਏ ਅਡ ਅਡ ਥਾਂਵਾਂ ਤੇ ਇਸ ਤਰ੍ਹਾਂ ਦੇ ਉਪੱਦ੍ਰਵ ਹੋਏ ਹੋਣ।

[2] ਇਹ ਵਾਰਤਾ ਪੁਰਾਤਨ ਜਨਮ ਸਾਖੀ ਵਿਚ ਇਿੰਵ ਹੀ ਲਿਖੀ ਹੈ।

[3] ਇਹ ਬਨ ਕਿੱਥੇ ਸੀ, ਖੋਜ ਗੋਚਰੀ ਬਾਤ ਹੈ ਅਜੇ।

ਉਸੀਆਰ ਹੋਹੁ'। ਤਬ ਮਰਦਾਨੇ ਆਖਿਓਸੁ 'ਜੀ ਹਉ ਕਿਉ ਕਰਿ ਉਸੀਆਰੁ ਹੋਵਾ? ਹਉ ਮਰਦਾ ਹਾਂ, ਜੀਵਣੇ ਦੀ ਗਲਿ ਰਹੀ'। ਤਬ ਮਰਦਾਨੇ ਆਖਿਆ, 'ਜੀ ਮੈਨੂੰ ਦੁਖ ਨਾ ਦੇਇ'। ਤਾਂ ਬਾਬੇ ਆਖਿਆ: 'ਮਰਦਾਨਿਆਂ ! ਇਸ ਰੁਖੁ ਦੇ ਫਲ ਖਾਹਿ, ਪਰੁ ਰਜਿ ਕੇ ਖਾਹਿ, ਜਿਤਨੇ ਖਾਇ ਸਕਦਾ ਹੈਂ ਪਰੁ ਹੋਰੁ ਪਲੈ ਬੰਨਿ ਨਾਹੀਂ'। ਤਬਿ ਮਰਦਾਨੇ ਆਖਿਆ : 'ਜੀ ਭਲਾ ਹੋਵੇ'। ਤਾਂ ਮਰਦਾਨਾ ਲਗਾ ਖਾਵਣ, ਫਲਾਂ ਕਾ ਸੁਆਦ ਆਇਓਸੁ, ਆਖੈ 'ਹੋਵੈ ਤਾਂ ਸਭੇ ਖਾਇ ਲਈ, ਫਿਰਿ ਹਥਿ ਆਵਨਿ ਕਿ ਨਾ ਆਵਨਿ, ਕਛੁ ਪਲੈ ਭੀ ਬੰਨਿ ਲੇਈ ਮਤੁ ਹਥਿ ਆਵਨਿ ਕਿ ਨਾ ਆਵਨਿ'। ਤਬ ਮਰਦਾਨੇ ਆਖਿਆ: 'ਭੁਖ ਲਗੇਗੀ ਤਾਂ ਖਾਵਾਂਗਾ'। ਮਰਦਾਨੇ ਪਲੇ ਭੀ ਬੰਨ ਲਏ। ਜਾਂਦੇ ਜਾਂਦੇ ਮਰਦਾਨੇ ਨੂੰ ਫਿਰ ਭੁੱਖ ਲਾਗੀ ਤਾਂ ਆਖਿਓਸੁ: 'ਕੁਛ ਖਾਵਾਂ' ਜਾਂ ਮੁਹਿ ਪਾਇ ਤਾਂ ਉੜੈ ਵੇਲੇ ਢਹਿ ਪਇਆ। ਤਬ ਬਾਬੈ ਆਖਿਆ: 'ਕਿਆ ਹੋਆ ਵੇ ਮਰਦਾਨਿਆਂ ?' 'ਜੀਉ ਪਾਤਿਸ਼ਾਹ ! ਤੁਧੁ ਆਖਿਆ ਸੀ ਜੋ ਖਾਹਿ ਸੋ ਖਾਹਿ ਵਧਦੇ ਪਲੈ ਬੰਨ੍ਹਿ ਨਾਹੀ, ਮੈਂ ਆਖਿਆ: ਕੁਛ ਪਲੈ ਭੀ ਬੰਨਿ ਲਈ ਮਤੁ ਹਥਿ ਆਵਨਿ ਕਿ ਨਾ ਆਵਨਿ, ਸੋ ਮੈ ਮੁਹਿ ਪਾਏ ਸਨ, ਮੇਰਾ ਇਹੁ ਹਵਾਲੁ ਹੋਇ ਗਇਆ'। ਤਬਿ ਬਾਬੇ ਆਖਿਆ 'ਮਰਦਾਨਿਆਂ ਤੁਧੁ ਬੁਰਾ ਕੀਤਾ ਸੀ ਜੋ ਮੁਹਿ ਪਾਇ ਸਨਿ, ਏਹੁ ਵਿਖ ਫਲਿ ਸਨਿ,। ਪਰ ਬਚਨ ਕਰਿਕੈ ਅੰਮ੍ਰਤ ਫਲੁ ਹੋਏ ਸਨਿ'। ਤਬ ਬਾਬੇ ਮਥੈ ਉਪਰਿ ਪੈਰ ਰਖਿਆ ਤਬ ਚੰਗਾ ਭਲਾ ਹੋਆ, ਉਠਿ ਬੈਠਾ। ਤਬਿ ਮਰਦਾਨੇ ਆਖਿਆ: 'ਸੁਹਾਣ ਤੇਰੀ ਭਗਤਿ ਨੂੰ ਅਤੇ ਤੇਰੀ ਕਮਾਈ ਨੂੰ, ਅਸੀਂ ਤਾਂ ਡੂਮਿ ਮੰਗਿ ਪਿੰਨਿ ਖਾਧਾ ਲੋੜਹਾਂ, ਤੂੰ ਅਤੀਤੁ ਮਹਾਂ ਪੁਰਖ ਖਾਹਿ ਪੀਵਹਿ ਕਿਛੁ ਨਾਹੀ, ਅਤੇ ਵਸਦੀ ਵੜੈ ਨਾਹੀ, ਹਉ ਕਿਉਂ ਕਰਿ ਤੁਧੁ ਨਾਲਿ ਰਹਾਂ? ਅਸਾਂ ਨੂੰ ਵਿਦਾ ਕਰ'। ਤਬ ਬਾਬੇ ਆਖਿਆ; 'ਮਰਦਾਨਿਆਂ ਮੇਰੀ ਬਹੁਤ ਖੁਸੀ ਹੈ ਤੁਧੁ ਉਪਰਿ, ਤੂੰ ਕਿਉਂ ਵਿਦਾ ਮੰਗਦਾ ਹੈਂ ਮੈਬਾਵਹੁ?' ਤਬਿ ਮਰਦਾਨੇ ਆਖਿਆ: 'ਸੁਹਾਣ ਤੇਰੀ ਖੁਸ਼ੀ ਨੂੰ, ਪਰ ਮੇਰੀ ਵਿਦਾ ਕਰਿ, ਹਉਂ ਆਪਣੇ ਘਰਿ ਜਾਵਾਂ'। ਤਬ ਬਾਬੇ ਆਖਿਆ: ਮਰਦਾਨਿਆਂ ! ਕਿਵੇਂ ਰਹੈ ਭੀ?' ਤਾਂ ਮਰਦਾਨੇ ਆਖਿਆ: 'ਹਉ ਤਾਂ ਰਹਾਂ ਜੇ ਮੇਰੀ ਭੁਖ ਗਵਾਵਹਿ, ਜੋ ਤੇਰਾ ਅਹਾਰੁ ਹੋਵੇ ਸੋ ਮੇਰਾ ਹੋਵੈ, ਸੋ ਮੇਰਾ ਅਹਾਰੁ ਕਰਹਿ, ਜੇ ਤੂੰ ਏਹਾ ਕੰਮ ਕਰਹਿ ਤਾਂ ਤੇਰੇ ਨਾਲਿ ਰਹਾਂ। ਜਾਂ ਏਹੁ ਬਚਨੁ ਕਰਹਿ ਜੋ ਮੇਰੇ ਕਰਮ ਭੀ ਨਾ ਬੀਚਾਰਿਹ ਤਾਂ ਹਉ ਤੇਰੇ ਨਾਲੇ ਰਹਾਂ, ਜੋ ਏਹੁ ਤੂੰ ਕੰਮੁ ਕਰੇਂ ਨਾਹੀ ਤਾ ਮੈਨੂੰ ਵਿਦਾ ਕਰਿ'। ਤਬਿ ਗੁਰੂ ਬਾਬੇ ਆਖਿਆ: 'ਜਾਹਿ ਵੇ ਮਰਦਾਨਿਆਂ ਤੂੰ ਦੀਨ ਦੁਨੀਆਂ ਨਿਹਾਲੁ ਹੋਆ!' ਤਬਿ ਮਰਦਾਨਾ ਉਭਰਿ ਪੈਰੀਂ ਪਇਆ, ਗੁਰੂ ਬਾਬੇ ਇਤਨੀਆਂ ਵਸਤੂ ਦਿੱਤੀਆਂ, ਮੱਥਾ ਚੁਕਦਿਆਂ ਨਾਲਿ ਅਗਮ ਨਿਗਮ ਦੀ ਸੋਝੀ ਹੋਇ ਆਈ; ਤਾਂ ਮਰਦਾਨਾ ਬਾਬੇ ਨਾਲਿ ਲਗਾ ਫਿਰਣਿ।

ਸੂਚਨਾ-ਜਾਪਦਾ ਹੈ ਕਿ ਏਥੋਂ ਅਗੇ ਹੁਣ ਪਰਤਵਾਂ ਸਫਰ ਹੀ ਜਾਰੀ ਹੈ। ਅਨੇਕ ਥਾਂਈਂ ਵਿਚਰਦੇ ਆਗਰੇ ਆਏ, ਜਿਥੋਂ ਦਾ ਇਕ ਪ੍ਰਸੰਗ ਅੱਗੇ ਹੈ:-

## ੩੯. ਮਾਈ ਜੱਸੀ [1]

੧.

ਤੇਰੇ ਵਿਛੋੜਿਆਂ ਨੇ ਦਿਲ ਚਾਉ ਖਾ ਲਿਆ ਹੈ,
ਆ ਆ ਕੇ ਕੌਲ ਖਿੜਿਆ ਮੁਰਝਾ ਮੇਰਾ ਗਿਆ ਹੈ।
ਜਿੰਦੇ ! ਜਿ ਹੁਣ ਬੀ ਆਵੇਂ ਜਿੰਦੜੀ ਰੁਮਕ ਪਵੇ ਮੁੜ,
ਖੂੰ-ਗੇੜ ਛਿੜ ਪਵੇ ਦਿਲ ਢਿੱਲਾ ਜੋ ਪੈ ਗਿਆ ਹੈ।
ਆ ਆ ਕਿ ਰੂਹ ਉਡਾਰੂ ਦਰਸ਼ਨ ਤੇਰੇ ਦੇ ਸਦਕੇ,
ਠਹਿਰੇ ਕਿ ਕਸਦ ਜਿਸਨੇ ਕਰ ਜਾਣਦਾ ਲਿਆ ਹੈ।
ਆ ਆ ਤੇ ਤਾਣ ਭਰ ਦੇ ਕਰ ਦੇ ਆ ਸਿੱਕ ਪੂਰੀ,

[1] ਇਹ ਲੇਖ ਗੁਰਪੁਰਬ ਪੁੰਨਮ ਸੰਮਤ ਗੁਰ ਨਾਨਕ ਸਾਹਿਬ ੪੬੮ ਮੱਘਰ ਦੀ ੧੪ ਸੰ: ਬਿ: ੧੯੯੩ (੨੮ ਨਵੰਬਰ ੧੯੩੬) ਸੁਕਰਵਾਰ ਨੂੰ 'ਖਾਲਸਾ ਸਮਾਚਾਰ' ਦਾ ਮੁਖ ਲੇਖ ਹੋਕੇ ਤੇ ਟ੍ਰੈਕਟ ਦੇ ਆਕਾਰ ਵਿਚ ਸੰਗਤਾ ਵਿਚ ਪ੍ਰਕਾਸ਼ਿਆ ਸੀ।

ਆ ਆ ਕਿ ਦੇਖ ਲੇਵਾਂ,-ਪਜਾਰਾ ਹੁਣ ਆਗਿਆ ਹੈ।
ਆ ਆ ਕਿ ਰੁੱਤ ਫਿਰੀ ਹੈ, ਪਤ ਪਤ ਪਿਆ ਝੜੈਂਦਾ,
ਸ਼ਾਖਾਂ ਤੇ ਕੰਬਣੀ ਹੈ, ਬਨ ਸਹਿਮ ਛਾ ਗਿਆ ਹੈ।
ਬੁਲਬੁਲ ਹੈ ਰਾਹ ਤਕੇਂਦੀ, ਸ਼ਾਖੋ ਹੈ ਸ਼ਾਖ ਫਿਰਦੀ,
ਵੇਲਾ ਖ਼ਿਜ਼ਾ ਦਾ ਹੁਣ ਤਾਂ ਆਖ਼ਰ ਤੇ ਆ ਗਿਆ ਹੈ।
ਆਖ਼ਰ ਤੇ ਹੈ ਖ਼ਿਜ਼ਾਂ ਹੁਣ, ਆਖ਼ਰ ਤੇ ਜਾਨ ਮੇਰੀ।
ਆ ਜਾ ਬਸੰਤ ! ਆ ਜਾ, ਵੇਲਾ ਵਿਹਾ ਰਿਹਾ ਹੈ।

**ਇਕ** ਸੁਥਰੇ ਦਲਾਨ ਵਿਚ ਇਕ ਲਾਲ ਪੱਥਰ ਦਾ ਛੋਟਾ ਜਿਹਾ ਥੜਾ ਹੈ, ਜ਼ਿਮੀਂ ਤੋਂ ਹੱਥ ਕੁ ਭਰ ਉੱਚਾ ਹੈ ਉਸ ਤੇ ਵਿਛਿਆ ਹੈ ਕੱਢਿਆ ਹੋਇਆ ਚਿੱਟਾ ਕਪੜਾ ਤੇ ਉਤੇ ਧਰੀ ਹੈ ਇਕ ਮਰਜੰਗੀ, ਜਿਸ ਵਿਚ ਪਿੱਤਲ ਦੀਆਂ ਤ੍ਰੈ ਮੂਰਤੀਆਂ ਧਰੀਆਂ ਹਨ। ਇਕ ਮੂਰਤੀ ਹੈ ਰਾਮ ਜੀ ਦੀ, ਦੂਸਰੀ ਸੀਤਾ ਜੀ ਦੀ, ਤੀਸਰੀ ਲਛਮਣ ਜੀ ਦੀ। ਤ੍ਰੈ ਨਾਲੋ ਨਾਲ ਹਨ, ਪਰ ਉਂਞ ਰਾਮ ਜੀ ਦੀ ਰਤਾ ਅਗੇਰੇ ਵਾਰ ਹੈ, ਸੀਤਾ ਜੀ ਦੀ ਰਤਾ ਪਿਛੇਰੇ ਤੇ ਲਛਮਣ ਜੀ ਦੇ ਉਸ ਤੋਂ ਰਤਾ ਹੋਰ ਪਿਛੇਰੇ। ਇਸ ਮਰਜੰਗੀ ਦੇ ਸਾਹਮਣੇ ਬੈਠੀ ਹੈ ਇਕ ਨਾਰਿ ਸਫ ਵਿਛਾਕੇ ਤੇ ਉਸ ਦੇ ਉਤੇ ਆਸਣ ਡਾਹਕੇ ਕਾਲਾ।

ਇਹ ਬੀਬੀ ਹੈ ਜਵਾਨੀ ਤੋਂ ਰਤਾ ਕੁ ਲੰਘੀ ਉਮਰ ਦੀ। ਇਸ ਨੇ ਨੈਣ ਜਮਾਏ ਹੋਏ ਹਨ ਸ੍ਰੀ ਰਾਮ ਚੰਦ੍ਰ ਜੀ ਦੀ ਪਿੱਤਲ ਦੀ ਪ੍ਰਤਿਮਾ ਉਤੇ। ਕੁਛ ਚਿਰ ਮਗਰੋਂ ਇਸ ਨੇ ਨੈਣ ਭਮਕੇ ਤੇ ਆਖਦੀ ਹੈ ਮੇਰੇ ਪੂਜਯ ਪ੍ਰਿਯਤਮ ! ਕਿਉਂ ਨਹੀਂ ਇਕ ਵੇਰੀ ਨੈਣ ਖੁਹਲਕੇ ਮੈਂ ਵਲ ਤੱਕਦੇ। ਉਮਰ ਬੀਤ ਗਈ ਪੂਜਨ ਕਰਦਿਆਂ, ਪਰ ਮੇਰੇ ਭਾਗ, ਮੇਰੇ ਕਰਮ, ਮੈਂ ਪਤਿਤ ! ਆਪ ਮੇਰੇ ਤੇ ਨਹੀਂ ਪਸੀਜੇ। ਮੈਂ ਸੁਣਿਆ ਹੈ ਕਿ ਤੁਸੀਂ ਕਈ ਵੇਰ ਭਗਤਾਂ ਨੂੰ ਮਿਲੇ ਹੋ, ਮੇਰੀ ਵਾਰ ਕਿਉਂ ਦੇਰ ਹੈ ? ਹਾ ! ਹਾ ! ਮੈਂ ਭਗਤ ਨਹੀਂ, ਮੈਂ ਕਰਮ ਹੀਣ ਹਾਂ, ਜਨਮਾਂ ਤੋਂ ਗੁਨਹਗਾਰ ਹਾਂ। ਪਤਿਤ ਹਾਂ। ਪਰ ਗੱਲ ਕੀਹ ਸੀ? ਉਸ ਨੂੰ ਕਿਉਂ ਪੁੱਕਰੇ ਸਾਓ ? ਨਹੀਂ, ਮੈਂ ਉਸ ਤੋਂ ਬੀ ਨੀਵੀਂ ਹਾਂ।

'ਹਾਂ, ਹਾਂ... ਭਗਤੀ ਕਠਨ ਹੈ, ਪੂਜਨ ਔਖਾ ਹੈ, ਜੀਵਨ ਨੂੰ ਸਭ ਪਾਸਿਓਂ ਪਵਿਤ੍ਰ ਰੱਖਕੇ ਪੂਜਾ ਭਾਗ ਵਿਚ ਰਹਿਣਾ ਕਰੜਾ ਹੈ। ਸਭ ਕੁਛ ਕੀਤਾ ਪਰ ਇਹ ਮੇਰੇ ਰਾਮ ਮੇਰੇ ਤੇ ਨਹੀਂ ਤ੍ਰੁਠੇ। ਅਜੇ ਮੇਰੀ ਭਗਤੀ ਵਿਚ ਕਸਰ ਹੈ। ... ਹੈ...।'

ਇਉਂ ਆਖਦੀ ਕੁਛ ਬਾਉਲੀਆਂ ਵਾਙੂ ਉੱਠੀ, ਦਲਾਨ ਦੇ ਦੂਸਰੇ ਸਿਰੇ ਚਲੀ ਗਈ। ਇਕ ਤਖ਼ਤ ਪੋਸ਼ ਤੇ ਵੀਣਾਂ ਪਈ ਸੀ, ਚਾ ਲਿਆਈ, ਫਿਰ ਮੂਰਤੀ ਦੇ ਸਾਹਮਣੇ ਆਕੇ ਮੂਰਤੀ ਵਾਂਙੂ ਅਚੱਲ ਹੋਕੇ ਬੀਬੀ ਬੈਠ ਗਈ ਪਰ ਉਸ ਦੀਆਂ ਉਂਗਲੀਆ ਵੀਣਾ ਦੀਆਂ ਤਾਰਾਂ ਤੇ ਇਕ ਅਨੋਖੇ ਨਾਚ ਵਿਚ ਨ੍ਰਿਤਕਾਰੀ ਕਰਨ ਲਗ ਪਈਆਂ। ਥੋੜੀ ਦੇਰ ਮਗਰੋਂ ਬੀਬੀ ਦਾ ਗਲਾ ਖੁੱਲ੍ਹਿਆ ਤੇ ਡਾਢੀ ਦਰਦ ਭਰੀ ਸੁਰ ਵਿਚ ਇਹ ਲਾਡ ਭਰਿਆ ਗੀਤ ਗਾਂਵਿਆਂ ਗਿਆ:-

ਬੋਲਤੇ ਨਹੀਂ ਹੋ? ਆਂਖੇ ਨ ਖੋਲਤੇ ਹੋ,
ਭਗਤੀ ਮੇਰੀ ਕਾ ਕਿਆ ਤੋਲ ਤੋਲਤੇ ਹੋ ?
ਮਿਰਨਾਲ ਤਾਰ ਕਾ ਕਿਆ ਤੋਲ ਤੁਲ ਸਕੇਗਾ
ਮਕੜੀ ਕੀ ਤਾਰ ਕਾ ਕਿਆ ਮੋਲ ਮਿਲ ਸਕੇਗਾ?
ਬਿੰਦੂ ਤੋ ਸ਼ੂਨ ਹੈ ਕੀਮਤ ਬੀ ਸ਼ੂਨ ਹੈ,
ਪਰਖਤੇ ਹੋ ਬਾਂਦੀ ? ਬਾਂਦੀ ਤੋਂ ਊਨ ਹੈ !
ਬਿਰਦ ਕੋ ਸੰਭਾਲੋ ਅਪਨੇ ਕੋ ਹੇ ਪ੍ਰਭੂ !
ਅਵਗੁਣ ਚਿਤਾਰੀਏ ਨਾ ਪਤਿਤੋਂ ਕੇ ਤੁਮ ਕਬ੍ਰੂ।
ਪਹਿਲੇ ਯੁਗੋਂ ਮੈਂ ਤਾਰੇ ਕਿਤਨੇ ਪਤਿਤ ਉਬਾਰੇ,
ਜੱਸੀ ਕੋ ਹੇ ਪ੍ਰਭੂ ! ਕਲਜੁਗ ਮੇਂ ਲੇਹੁ ਤਾਰੇ।

ਇਹ ਗੀਤ ਇਸ ਦਿਲ ਖਿੱਚ ਰਹਾ, ਲਯ, ਸੁਰ ਤੇ ਤਾਲ ਵਿਚ ਗਾਂਵਿਆਂ ਗਿਆ ਕਿ ਸੁਣਦੇ ਦਾ ਕਲੇਜਾ ਕੱਢ ਲਵੇ। ਗਾਉਣੇ ਵਾਲੀ ਨੇ, ਜਿਸ ਦਾ ਨਾਉਂ ਜੱਸੀ ਸੀ, ਆਪਣਾ ਉਮਰ ਦਾ ਵਿੰਜੋਗ ਇਸ ਵਿਚ ਅੰਕਿਤ ਕੀਤਾ ਸੀ। ਆਪ ਗਉਂਦੀ ਗਉਂਦੀ ਮੋਮ ਹੋ ਗਈ ਸੀ, ਨੈਣਾਂ ਤੋਂ ਨੀਰ ਜਾਰੀ ਸੀ। ਹੱਥ ਹੁਣ ਖੜੋ ਗਏ, ਵੀਣਾਂ ਚੁਪ ਹੋ ਗਈ; ਦਲਾਨ ਵਿਚ ਸਨਾਟਾ ਛਾ ਗਿਆ, ਜੱਸੀ ਦੀ ਸਰੁਤ ਜੁੜ ਗਈ, ਐਉਂ ਭਾਸਿਆ ਕਿ ਮੂਰਤ ਹਿੱਲ ਪਈ ਹੈ, ਆਦਮ ਕੱਦ ਹੋ ਗਈ ਹੈ, ਨੈਣ ਖੁੱਲ੍ਹ ਗਏ ਹਨ ਤੇ ਬੁਲ੍ਹ ਕੁਛ ਫਰਕ ਰਹੇ ਹਨ ਮਾਨੋ ਕੁਛ ਕਹਿ ਰਹੇ ਹਨ। ਜੱਸੀ ਨੇ ਜਾਤਾ ਅਜ ਭੱਗਤੀ ਪੂਰੀ ਹੋ ਗਈ। ਹਾਂ, ਅੱਗੇ ਬੀ ਕਈ ਵੇਰ ਲਾਡ ਵਾਲੇ ਉਲਾਹਮਿਆਂ ਨਾਲ ਸੰਤਾਂ ਭਗਤਾਂ ਤੇ ਪਸੀਜਿਆ ਹੈ ਅਜ ਬੀ ਓਸੇ ਬਿਰਦ ਦੀ ਲਾਜ ਆ ਗਈ ਸੂ। ਪਰ ਸੀ ਜੱਸੀ

ਸਿਆਣੀ ਤੀਵੀਂ; ਨੈਣ ਖੁਹਲਕੇ ਲੱਗੀ ਤੱਕਣ, ਇਹ ਸੱਚ ਹੈ ਕਿ ਭੁਲਾਵਾ ਕਿ ਮੇਰੇ ਮਨ ਦਾ ਅਪਣਾ ਭਖ਼ਲਾ? ਨੈਣ ਖੁਹਲਕੇ ਦੇਖੇ ਤਾਂ ਮੂਰਤੀ ਓਸੇ ਤਰ੍ਹਾਂ ਮਰਜੰਗੀ ਵਿਚ ਅਡੋਲ ਖੜੀ ਹੈ। ਤਾਂ ਫੇਰ ਦਿਲ ਟੁੱਟਾ ਤੇ ਹੋਰ ਰੋਈ ਕਿ ਕਲਯੁਗ ਘੋਰ ਹੋ ਗਿਆ ਹੈ। ਹੁਣ ਦੇਵਤੇ ਦੀ ਕਿਤਨੀ ਪੂਜਾ ਕਰੋ ਆਪਣਾ ਧਾਤੂ ਰੂਪ ਛੋੜਕੇ ਸਜਿੰਦ ਰੂਪ ਨਹੀਂ ਧਾਰਦਾ। ਇਸ ਤਰਾਂ ਦੇ ਹਾਵੇ ਵਿਚ ਬੈਠੀ ਸੀ ਕਿ ਦਾਸੀ ਆ ਗਈ-ਧਾਬਲੀ। ਇਹ ਮੁਟਿਆਰ ਬੀਕਾਨੇਰ ਦੀ ਸੀ ਤੇ ਬੀਬੀ ਦੀ ਸੇਵਾ ਕਰਦੀ ਹੁੰਦੀ ਸੀ, ਕਿਸੇ ਸਮੇਂ ਕਾਲ ਦੀ ਮਾਰੀ ਘਰੋਂ ਟੁਰ ਪਈ ਸੀ ਤੇ ਕਈ ਦਾਨਿਆਂ, ਸਿਆਣਿਆਂ, ਪੰਡਤਾਂ ਦੇ ਘਰਾਂ ਵਿਚ ਨੌਕਰੀ ਕਰਦੀ ਕੁਛ ਹੋਸ਼ ਵਾਲੀ ਹੋ ਗਈ ਹੋਈ ਸੀ। ਸੀ ਪਿਆਰ ਵਾਲੀ, ਸੋ ਜੱਸੀ ਦੇ ਘਰ ਆਕੇ ਇਸ ਦੇ ਪਿਆਰ ਵਿਚ ਬੱਝ ਕੇ ਇਸ ਪਾਸ ਟਿਕ ਗਈ ਹੋਈ ਸੀ। ਆਕੇ ਆਖਣ ਲੱਗੀ ਕੋਈ ਮਹਾਤਮਾ ਆਏ ਹਨ ਤੇ ਮੈਂ ਉਨ੍ਹਾਂ ਨੂੰ ਸੁਫੇ ਵਿਚ ਬਿਠਾ ਆਈ ਹਾਂ ਆਦਰ ਨਾਲ, ਤੇ ਕਹਿ ਆਈ ਹਾਂ ਕਿ ਮਾਤਾ ਜੀ ਪੂਜਾ ਵਿਚ ਬੈਠੇ ਹਨ ਉਠਣਗੇ ਤਾਂ ਆਉਣਗੇ। (ਚਿਹਰੇ ਵਲ ਤੱਕ ਕੇ) ਤੇ ਹੈਂ ਹੈਂ, ਫੇਰ ਰੁਦਨ ! ਵਾਹ ਸ੍ਵਾਮਣੀ ! ਦੀਦੇ ਗਾਲ ਲਓਗੇ ਰੋ ਰੋ ਕੇ। ਮੂਰਤੀਆਂ ਕੋਈ ਹੰਝੂ ਵੇਖਦੀਆਂ ਹਨ ਕਿ ਰੋਣਾ ਤੇ ਡੁਸਕਾਰੇ ਸੁਣਦੀਆਂ ਹਨ, ਮੈਂ ਤਾਂ ਪੰਡਤ ਦੇ ਘਰ ਸੁਣਿਆਂ ਸੀ ਕਿ ਇਹ ਤਾਂ ਮਨ ਟਿਕਾਉਣ ਲਈ ਧਿਆਨ ਦਾ ਆਸਰਾ ਮਾਤ੍ਰ ਹੁੰਦੀਆਂ ਹਨ। ਐਨੀ ਉਮਰ ਹੋ ਗਈ, ਕਦੀ ਏਹ ਬੋਲੀਆਂ ਹਨ? ਕਦੇ ਨਹੀਂ ਬੋਲਣਗੀਆਂ, ਸ੍ਵਾਮਨਿ ! ਆਪਣੇ ਨੈਣ ਖੋਰੇ ਨਾ ਕਰੋ। ਇਹ ਪਿਆਰ ਦੀ ਝਿੜਕ ਸੁਣਕੇ ਜੱਸੀ ਨੂੰ ਗੁੱਸਾ ਨਹੀਂ ਆਇਆ, ਸਗੋਂ ਕੁਛ ਸੋਚ ਕਰਨ ਲੱਗ ਪਈ। ਫੇਰ ਕਹਿਣ ਲੱਗੀ:-ਧਾਬਲੀ ! ਤੇਰੇ ਵਿਚ ਸ਼ਰਧਾ ਨਹੀਂ, ਤੂੰ ਜਾਂਗਲੀ ਹੈਂ, ਕਲਜੁਗ ਹੈ, ਦੇਵ ਮੌਨ ਹਨ, ਜਦੋਂ ਮੇਰੀ ਭਗਤੀ ਦੀ ਅਗਨੀ ਦਾ ਤੇਜ ਵਧੇਗਾ ਏਹ ਬੋਲ ਪੈਣਗੇ।

ਧਾਬਲੀ-ਹੱਛਾ ਜੀਓ, ਤਾਂ ਫੇਰ ਅੱਖਾਂ ਦਾ ਬਹੁਤਾ ਬਚਾਉ ਕਰੋ ਜੋ ਓਦੋਂ ਦਰਸ਼ਨ ਜੋਗੀਆਂ ਰਹਿ ਜਾਣ। ਰੋ ਰੋ ਕੇ ਗਾਲ ਲਈਆਂ ਤੇ ਤਦੋਂ ਤੁਸੀਂ ਦੇਖ ਨਾ ਸਕੇ ਤਾ ਜਿਹੇ ਦੇਵਤਾ ਪ੍ਰਗਟੇ ਜਿਹੇ ਨਾ ਪ੍ਰਗਟੇ।

ਜੱਸੀ ਹੱਸ ਪਈ ਤੇ ਰਾਮ ਰਾਮ, ਸੀਆ ਬਰ ਰਾਮ ਚੰਦ੍ਰ ਕੀ ਜੈ, ਕਹਿੰਦੀ ਉਠ ਖੜੀ ਹੋਈ। ਵੀਣਾਂ ਸਾਂਭ ਦਿਤੀਓ ਸੁ, ਦੂਸਰੇ ਕਪੜੇ ਪਹਿਨਕੇ ਸੁਫੇ ਵਿਚ ਚਲੀ ਗਈ ਤੇ ਜਾ ਉਸ ਸਾਧੂ ਨੂੰ 'ਜੈ ਸੀਤਾ ਰਾਮ' ਆਖੀ। ਸਾਧੂ ਨੇ ਅਸ਼ੀਰਵਾਦ ਦਿੱਤੀ 'ਰਾਮ ਕਲਯਾਨ ਕਰੇ' ਤੇ ਫੇਰ ਗੱਲ ਬਾਤ ਛੇੜ ਦਿੱਤੀਓ ਸੁ:-

ਮਾਤਾ ! ਅਸੀਂ ਆਏ ਹਾਂ ਅਜੁੱਧਿਆ ਤੋਂ, ਤੁਹਾਡੀ ਕੀਰਤੀ ਉਥੇ ਸੁਣੀ ਸੀ ਕਿ ਤੁਸੀਂ ਬੜੇ ਪ੍ਰੇਮ ਨਾਲ ਰਾਮ ਮੂਰਤੀ ਦੀ ਭਗਤੀ ਕਰ ਰਹੇ ਹੋ। ਅਸਾਂ ਕਿਹਾ ਕਿ ਜਦ ਅਸੀਂ ਬਿੰਦਰਾਬਨ ਜਾਵਾਂਗੇ ਤਾਂ ਮਾਈ ਦਾ ਬੀ ਆਗਰੇ ਜਾ ਕੇ ਦਰਸ਼ਨ ਕਰਾਂਗੇ।

ਮਾਈ-ਸੁਣੋ ਬਾਵਾ ਜੀ ! ਮੇਰੀ ਭਗਤੀ ਕੁਛ ਨਹੀਂ। ਬਚਪਨ ਤੋਂ ਮੈਨੂੰ ਕੋਈ ਬੈਰਾਗੀ ਸਾਧੂ ਮੂਰਤੀ ਦਾ ਪੂਜਨ, ਆਰਤੀ ਆਦਿ ਸਿਖਾ ਗਏ ਸਨ। ਜਿਵੇਂ ਉਹ ਕਹਿ ਗਏ ਸਨ ਮੈਂ ਕਰਦੀ ਰਹੀ ਹਾਂ। ਹੁਣ ਉਮਰਾ ਚਾਲੀਆਂ ਤੋਂ ਕਿਤੇ ਲੰਘ ਗਈ ਹੈ, ਮੈਂ ਦਿਨ ਸੰਜਮ ਦੇ ਬਿਤਾਏ ਹਨ, ਪਵਿਤ੍ਰਤਾ ਵਿਚ ਰਹੀ ਹਾਂ, ਬ੍ਰਤ ਧਾਰਨ ਕਰਦੀ ਰਹੀ ਹਾਂ ਸਾਰੇ ਸਾਲ ਦੇ, ਤੀਰਥ ਬੀ ਪਰਸੇ ਹਨ[1], ਪ੍ਰੰਤੂ ਮੇਰੇ ਉਪਾਵਾਂ ਨੂੰ ਫਲ ਨਹੀਂ ਪਿਆ।

ਸਾਧੂ-ਕਲਿਯੁਗ ਹੈ, ਦੇਵਤਾ ਨਹੀਂ ਸਜੀਵ ਹੋ ਕੇ ਹੁਣ ਮਰਜੰਗੀ ਤੋਂ ਚਲਾਇਮਾਨ ਹੁੰਦੇ, ਪਰ ਭਗਤੀ ਬ੍ਰਿਥਾ ਨਹੀਂ ਜਾਂਦੀ।

ਜੱਸੀ-ਜਦ ਸ਼ੌਕ ਹੋਵੇ ਦਰਸ਼ਨ ਦਾ ਤੇ ਪੂਰਾ ਨਾ ਹੋਵੇ ਤਾਂ ਨਿਰਾਸਤਾ ਹੁੰਦੀ ਹੈ। ਆਪਣੀ ਕਸਰ ਬੀ ਹੁੰਦੀ ਹੈ।

ਸਾਧੂ-ਮਾਤਾ! ਉਹ ਮੂਰਤੀ ਪੂਜਨ, ਅਰਚਾ, ਬੰਦਨ, ਧੂਪਦੀਪ ਪੁਸ਼ਪ ਨਈਵੇਦ ਏਹ ਪਹਿਲਾ ਪਾਦ ਸੀ। ਇਸ ਤੋਂ ਅੱਗੇ ਚੱਲਣਾ ਚਾਹੀਦਾ ਸੀ ਜੇ ਸੀ ਸ਼ੌਕ ਦਰਸ਼ਨ ਦਾ ਤਾਂ।

ਮਾਈ-ਹੱਛਾ, ਅਗਲਾ ਪਾਦ ਕੀਹ ਸੀ?

ਸਾਧੂ-ਭਜਨ ਗਾਇਨ।

---

[1] ਤਵਾਰੀਖ ਖਾਲਸਾ

ਜੱਸੀ-ਰਾਮ ਗੁਣ ਕਥਨ ਕਰਦੀ ਰਹੀ ਹਾਂ, ਰਾਮ ਮੂਰਤੀ ਅੱਗੇ ਵੀਣਾਂ ਨਾਲ ਗਾਉਂਦੀ ਬੀ ਰਹੀ ਹਾਂ।

ਸਾਧੂ-ਨਹੀਂ, (ਸਿਰ ਹਿਲਾ ਕੇ) ਮੂਰਤੀ ਦੇ ਅੱਗੇ ਨਹੀਂ। ਜੋ ਦਰਸ਼ਨ ਦੀ ਇੱਛਾ ਹੋਏ ਤਾ ਦੇਖੋ ਨਾ ਕਲਯੁਗ ਦਾ ਬੀਚਾਰ ਬੀ ਕਰੋ ਨਾ, ਦੇਵਤਾ ਮੂਰਤੀ ਵਿਚ ਆਕੇ ਪ੍ਰਗਟ ਨਹੀਂ ਹੁੰਦਾ, ਦੇਵਤਾ ਸਜਿੰਦ ਵਿਚ ਆਉਂਦਾ ਹੈ ਏਸ ਸਮੇਂ।

ਜੱਸੀ (ਜ਼ਰਾ ਘਬਰਾ ਕੇ)-ਸਜਿੰਦ ? ਕੀਹ ਭਾਵ ? ਜੀਵ ਵਿਚ, ਕਿਸੇ ਮਨੁੱਖ ਵਿਚ ?

ਸਾਧੂ (ਜੱਸੀ ਦਾ ਘਬਰਾ ਤਕ ਕੇ)-ਮਾਤਾ ! ਪ੍ਰਾਣੀ ਮਾਤ੍ਰ ਵਿਚ ਨਹੀਂ, ਪਰੰਤੂ ਕਿਸੀ ਦਿਵਯ ਸਰੀਰ ਵਿਚ ਐਸੇ ਸਮੇਂ ਕਿ ਜਦੋਂ ਉਹ ਹੋ ਜਾਏ ਪ੍ਰੇਮ ਨਾਲ ਦ੍ਰਵੀਭੂਤ ਤਾਂ ਆਵੇਸ਼ ਹੋ ਜ਼ਾਂਦਾ ਹੈ ਠਾਕੁਰ ਦਾ।

ਜੱਸੀ (ਸਿਰ ਹਿਲਾਕੇ)-ਰਸਤਾ ਖ਼ਤਰੇ ਵਾਲਾ ਹੈ। ਮੂਰਤੀ ਪੂਜਨ ਵਿਚ ਖ਼ਤਰਾ ਕੋਈ ਨਹੀਂ ਕਿ ਸਾਨੂੰ ਕੋਈ ਧੋਖਾ ਦੇ ਜਾਏਗਾ। ਆਚਰਨ ਦੀ ਸ਼ੁੱਧਤਾ ਮੂਰਤੀ ਪੂਜਨ ਨਾਲ ਖ਼ਤਰੇ ਵਿਚ ਨਹੀਂ ਪੈਂਦੀ।

ਸਾਧੂ-ਮੈਂ ਸੁਣਿਆ ਹੈ ਕਿ ਆਪ ਸਾਧੂ ਮਹਾਤਮਾਂਵਾਂ ਨੂੰ ਮਿਲਦੇ ਹੋ।

ਜੱਸੀ-ਹਾਂ ਮਿਲਦੀ ਹਾਂ, ਪਰ ਕਿਸੇ ਵਿਚ ਪੂਜਯ ਬੁੱਧੀ ਧਾਰਨ ਨਹੀਂ ਕਰਦੀ, ਸਭ ਨੂੰ ਸਤਿਸੰਗੀ ਸਮਝਕੇ ਸਤਿਕਾਰ ਕਰਦੀ ਹਾਂ, ਕਿਉਂਕਿ ਮੈਂ ਦਰਸ਼ਨ ਚਾਹੁੰਦੀ ਹਾਂ ਰਾਮ ਦੇ, ਰਾਮ ਤੋਂ ਘੱਟ ਨੂੰ ਮੈਂ ਨਹੀਂ ਲੋਚਦੀ।

ਸਾਧੂ (ਮੱਥੇ ਤੇ ਆਏ ਵੱਟ ਖੋਹਲ ਕੇ)-ਮਾਤਾ! ਤੇ ਰਸਤਾ ਉਹੋ ਹੈ ਜੋ ਮੈਂ ਦੱਸਦਾ ਹਾਂ। ਰਾਮ ਕੀ ਲੀਲ੍ਹਾ ਦੇਖੋ।

ਜੱਸੀ-ਲੀਲ੍ਹਾ ! ਲੀਲ੍ਹਾ ਜੋ ਸਾਰੇ ਸੰਸਾਰ ਵਿਚ ਹੋ ਰਹੀ ਹੈ ਦੇਖ ਰਹੀ ਹਾਂ ਰਾਮ ਦੀ।

ਸਾਧੂ-ਨਹੀਂ ਮਾਤਾ ! ਪਰਮ ਪਵਿੱਤ੍ਰ ਮਨੁੱਖਾਂ ਦਾ ਸਮੁਦਾਯ ਮਿਲਕੇ ਜੋ ਲੀਲ੍ਹਾ ਰਾਮ ਨੇ ਕੀਤੀ ਹੈ ਸੰਸਾਰ ਵਿਚ, ਓਹ ਉਹ ਲੀਲ੍ਹਾ ਕਰਦੇ ਹਨ। ਭਗਤ ਜਨ। ਉਸ ਲੀਲ੍ਹਾ ਨੂੰ ਪ੍ਰਤੱਖ ਹੁੰਦਿਆਂ ਦੇਖਕੇ ਸ਼ਰਧਾ ਭਗਤੀ ਵਧਦੀ ਹੈ ਤੇ ਕਦੇ ਕਦੇ ਉਹ ਜੋ ਲੀਲ੍ਹਾ ਕਰ ਰਿਹਾ ਹੁੰਦਾ ਹੈ ਰਾਮ ਦੀ, ਉਸ ਵਿਚ ਆਵੇਸ਼ ਹੋ ਜਾਂਦਾ ਹੈ ਰਾਮ ਦਾ। ਉਹ ਸਮਾਂ ਹੁੰਦਾ ਹੈ ਦਰਸਨ ਦਾ। ਸਾਖਿਆਤ ਉਸ ਵੇਲੇ ਠਾਕੁਰ ਉਹੋ ਕੁਛ ਕਰਦਾ ਹੈ ਜੋ ਆਪਣੇ ਸ਼ਰੀਰ ਵੇਲੇ ਕਰਦਾ ਹੁੰਦਾ ਸੀ।

ਜੱਸੀ-ਰਾਮ ਲੀਲ੍ਹਾ ਜੋ ਅੱਸੂ ਦੇ ਮਹੀਨੇ ਪੈਂਦੀ ਹੈ, ਹੁਣ ਤਾਂ ਉਹ ਪਠਾਣ ਪਾਤਸ਼ਾਹ ਨਹੀਂ ਕਰਨ ਦੇਂਦੇ।

ਸਾਧੂ-ਹਾਂ ਰੋਕਾਂ ਪਾਉਂਦੇ ਹਨ, ਪਰ ਉਹ ਅੱਸੂ ਮਾਸ ਵਾਲੀ ਨਹੀਂ। ਇਹ ਤਾਂ ਖ਼ਾਸ ਚੁਣ ਕਰਕੇ ਮਹਾਂ ਪੁਰਖ ਲੋਗੋਂ ਕਾ ਸਮੁਦਾਯ ਸਾਰਾ ਨਾਟ ਕਰਤਾ ਹੈ, ਸਾਰਾ .. ਹਰ ਦਿਨ।

ਜੱਸੀ-ਜਿਸ ਤਰ੍ਹਾਂ ਰਾਸ ਪੈਂਦੀ ਹੈ ਕ੍ਰਿਸ਼ਨ ਜੀ ਦੀ?

ਸਾਧੂ-ਹਾਂ, ਮਾਤਾ ! ਪਰੰਤੂ ਇਸ ਵਿਚ ਆਮ ਖਾਸ ਨਹੀਂ, ਚੁਣੇ ਹੋਏ ਭਜਨ ਵਾਲੇ ਪਵਿੱਤ੍ਰ ਆਤਮਾ ਨਾਟ ਕਰਦੇ ਹਨ।

ਜੱਸੀ-ਹੁਣ ਮੈਂ ਸਮਝੀ।

ਸਾਧੂ-ਉਹਨਾਂ ਵਿਚ ਆਵੇਸ਼ ਹੁੰਦਾ ਹੈ ਸ੍ਰੀ ਰਾਮ ਜੀ ਦਾ, ਨਿੱਤ ਨਹੀਂ, ਕਦੇ ਕਿਸੇ ਨਾਟ ਵੇਲੇ। ਜੈਸੇ ਸਾਡੇ ਪਰਸੋਂ ਭੀਲਨੀ-ਲੀਲ੍ਹਾ ਦੇ ਸਮੇਂ ਨਾਟਯ ਕਰਨ ਵਾਲੇ ਮਹਾਤਮਾ 'ਰਾਮ ਆਵੇਸ਼' ਵਿਚ ਆ ਗਏ ਸਨ। ਵਾਹ ਵਾਹ ਅਸਚਰਜ ਆਨੰਦ ਸੀ। ਆਪ ਦੇਖੋ ਮਾਤਾ ਜੀ ! ਦੇਖਣ ਵਿਚ ਕੋਈ ਕਿਹਾ ਦੋਸ਼ ਹੈ। ਮਾਤਾ ! ਰਾਮ ਕੀ ਪਾਵਨ ਲੀਲ੍ਹਾ ਤੋ ਹੈ।

ਜੱਸੀ (ਸ਼ਰਧਾ ਨਾ ਕਰਕੇ)-ਦੋਸ ਕਿਉਂ ਪੁੰਨਯ ਹੈ, ਪਰ ਕੀ ਹਾਕਮਾਂ ਦੀ ਰੋਕ ਕੋਈ ਨਹੀਂ?

ਸਾਧੂ-ਨਹੀਂ, ਓਹ ਕੁਛ ਦਾਨ ਲੈਂਦੇ ਹਨ, ਫਿਰ ਰੋਕ ਨਹੀਂ ਰਹਿੰਦੀ।

ਜੱਸੀ-ਭਲਾ ! ਤਾਂ ਫੇਰ ਕਦ ਤੇ ਕਿੱਥੇ ਅਵਸਰ ਹੈ?

ਸਾਧੂ ਨੇ ਆਪਣਾ ਟਿਕਾਣਾ ਦੱਸਿਆ ਤੇ ਵੇਲਾ ਦੱਸਿਆ। ਜੱਸੀ ਨੇ ਕੁਛ ਆਪ ਦੀ ਭੇਟਾ ਕੀਤਾ ਤੇ ਸਾਧੂ ਜੀ ਵਿਦਾ ਹੋਏ।

੨.

ਲੀਲ੍ਹਾ ਵਾਸਤੇ ਇਕ ਉਚੇਚਾ ਥਾਉਂ ਬਣਿਆ

ਹੋਇਆ ਹੈ, ਜਿਸ ਨੂੰ ਰੰਗ ਭੂਮੀ ਕਹਿੰਦੇ ਹਨ। ਉਤੇ ਇਕ ਦੋ ਪਰਦੇ ਬੀ ਹਨ ਤੇ ਅੱਗੇ ਰਾਮ ਜੀ ਦੀ ਲੀਲ੍ਹਾ ਪੈ ਰਹੀ ਹੈ, ਜਿਵੇਂ ਪੈਂਦੀ ਹੈ ਕ੍ਰਿਸ਼ਨ ਜੀ ਦੀ ਰਾਸ ! ਲੋਕੀਂ ਦੇਖ ਰਹੇ ਹਨ। ਲੀਲ੍ਹਾ ਬਹੁਤ ਅੱਛੀ ਪੈ ਰਹੀ ਹੈ, ਜੀਕੂ ਚੰਗੇ ਸਿਆਣੇ ਨਾਟਯ ਵਿਦਯਾ ਦੇ ਜਾਣੂ ਪਾਤ੍ਰ ਨਾਟ ਕਰਦੇ ਹਨ। ਜੱਸੀ ਬੀ ਬੈਠੀ ਹੈ ਤੇ ਉਹ ਸਾਧੂ ਜੀ ਇਸ ਦੇ ਪਾਸ ਬੈਠੇ ਹਨ ਇਸ ਲਈ ਕਿ ਜਿਸ ਵੇਲੇ ਆਵੇਸ਼ ਦਾ ਕੋਈ ਸਮਾਂ ਆਵੇ ਤਾ ਉਹ ਜੱਸੀ ਨੂੰ ਦੱਸ ਸਕਣ ਤੇ ਜੱਸੀ ਉਸ ਵੇਲੇ ਉਹ ਆਸ ਪੂਰਨ ਕਰ ਲਵੇ ਜੋ ਸ੍ਰੀ ਰਾਮ ਦਰਸ਼ਨ-ਪ੍ਰਤੱਖ ਦਰਸ਼ਨ-ਦੀ ਉਸ ਨੂੰ ਲਗ ਰਹੀ ਸੀ ਬਾਲਪਨ ਤੋਂ ਤੇ ਜਿਸ ਨੂੰ ਉਹ ਸਮਝਦੀ ਸੀ ਕਿ ਮੂਰਤੀ ਵਿਚ ਜਾਨ ਪੈਕੇ ਹੋ ਜਾਣਗੇ। ਹੁਣ ਉਹ ਮਹਾਤਮਾ ਦੀ ਗੱਲ ਤੇ ਅਮੰਨਾ ਕਰਕੇ ਆਵੇਸ਼ ਦੇ ਦਰਸ਼ਨ ਲਈ ਲੀਲ੍ਹਾ ਵਾਲੇ ਥਾਂ ਰੋਜ਼ ਆਉਂਦੀ ਹੈ, ਪਰ ਜੰਗਲੀ ਜ਼ਨਾਨੀ ਧਾਬਲੀ ਆਪਣੀ ਸ੍ਵਾਮਨਿ ਦਾ ਸੰਗ ਨਹੀਂ ਛੋੜਦੀ। ਉਹ ਬੀ ਨਾਲ ਬੈਠੀ ਵੇਖ ਰਹੀ ਹੈ ਕਿ ਕਿਸ ਵੇਲੇ 'ਇਨਸਾਨ ਰਾਮ' ਰੱਬ ਰਾਮ' ਹੁੰਦਾ ਹੈ। ਉਸ ਨੂੰ ਸ਼ਰਧਾ ਨਹੀਂ ਉਹ ਤਾਂ ਅਪਣੀ ਸ੍ਵਾਮਨਿ ਦੀ ਪਿਆਰੀ ਹੈ ਤੇ ਉਸ ਦੀ ਰਾਖੀ ਆਈ ਬੈਠੀ ਹੈ ਕਿ ਕਿਸੇ ਦੇ ਛਲ ਹੇਠ ਨਾ ਆ ਜਾਵੇ। ਹਾਂ, ਉਹ ਤੱਕ ਰਹੀ ਹੈ ਕਿ ਪਰਖ ਦੇ ਵੇਲੇ ਉਹ ਆਪਣੀ ਮਾਲਕਾਣੀ ਨੂੰ ਕੋਈ ਉਕਾਈ ਨਾ ਕਰਨ ਦੇਵੇ। ਅਚਾਨਕ ਜਿਸ ਵੇਲੇ ਬਭੀਖਣ ਨੂੰ ਰਾਜ ਤਿਲਕ ਦੇਣ ਦਾ ਨਾਟਯ ਹੋ ਰਿਹਾ ਸੀ ਤਾਂ ਸਾਧੂ ਨੇ ਕਿਹਾ ਕਿ ਦੇਖੋ ਹੁਣ ਆਵੇਸ਼ ਹੈ। ਜੱਸੀ ਨੇ ਡਿੱਠਾ ਕਿ ਜੋ ਮਹਾਤਮਾ ਰਾਮ ਦਾ ਸਰੂਪ ਬਣਕੇ ਨਾਟ ਕਰ ਰਿਹਾ ਹੈ, ਇਕਤੇਜ ਤੇ ਜਲਾਲ ਵਿਚ ਆ ਗਿਆ ਹੈ। ਸਚਮੁਚ ਚਿਹਰਾ ਬਦਲ ਗਿਆ ਹੈ, ਜੱਸੀ ਦੇ ਅੰਦਰ ਸਮਿਆਂ ਦੀ ਸੱਧਰ ਸੀ ਪ੍ਰਤੱਖ ਦਰਸ਼ਨ ਦੀ, ਉਸ ਵੇਲੇ ਦਰਸ਼ਨ ਕਰ ਕਰਕੇ ਬਿਨਤੀ ਵਿਚ ਪੈ ਗਈ:-

'ਹੇ ਸੀਯਬਰ ਰਾਮ ਚੰਦ੍ਰ ! ਤੁਸੀਂ ਆਏ ਹੋ ਤੇ ਆਏ ਹੋ ਭਗਤ ਬਭੀਖਨ ਨੂੰ ਤਾਰਨ ਤਾਂ ਮੈਂ ਭੀ ਭਿਖਾਰਨ ਹਾਂ ਦਰਸ਼ਨ ਦੀ। ਰੰਗ ਭੂਮੀ ਤੋਂ ਉਤਰ ਕੇ ਆਓ ਤੇ ਚਰਨ ਕਮਲਾਂ ਤੇ ਇਹ ਨਮਸਕਾਰ ਨੂੰ ਸਹਿਕਦਾ ਮੱਥਾ ਲੁਆ ਲਓ, ਮੇਰਾ ਜਨਮ ਸਕਾਰਥਾ ਹੋ ਜਾਏ।'

ਇਸ ਤਰ੍ਹਾਂ ਦੀ ਬੇਨਤੀ ਮਨੋਂ ਮਨ ਕਰਦੀ ਮਾਨੋਂ ਲੀਨ ਹੋ ਗਈ। ਸਾਧੂ ਕੋਈ ਕੋਈ ਗੱਲ ਕਰਦਾ ਹੈ ਪਰ ਮਾਈ ਮਗਨ ਹੈ ਆਪਣੀ ਬਿਨੈ ਵਿਚ ਤੇ ਨਹੀਂ ਸੁਣ ਰਹੀ ਜੋ ਉਹ ਸੁਣਾ ਰਿਹਾ ਹੈ, ਧਾਬਲੀ ਤੱਕ ਰਹੀ ਹੈ ਕਦੇ ਸ੍ਰੀ ਰਾਮ ਵਲ, ਕਦੇ ਸਾਧੂ ਵਲ ਤੇ ਕਦੇ ਆਪਣੀ ਸ੍ਵਾਮਨਿ ਵਲ ਤੇ ਬੇ-ਮਲੂਮੇ ਸਿਰ ਨਿਵਾ ਰਹੀ ਹੈ ਅਪਣੀ ਸ੍ਵਾਮਨਿ ਵਲ ਤੇ ਕਹਿ ਰਹੀ ਹੈ ਮਨੋਂ ਮਨ: ਹੇ ਮੇਰੀ ਪਿਆਰੀ ! ਰਾਮ ਤਾਂ ਤੇਰੇ ਵਿਚ ਹੈ ਘਟ ਘਟ ਵਾਲਾ ਰਾਮ ! ਹਾਂ ਮੇਰਾ ਰਾਮ ਤੇਰੇ ਵਿਚ ਹੈ, ਤੇਰਾ ਰਾਮ ਪਤਾ ਨਹੀਂ ਕਿੱਥੇ ਹੈ। ਫੇਰ ਕਹਿੰਦੀ ਹੈ ਦਿਲ ਨੂੰ ਕਿ ਜੇ ਉਹ ਰੰਗ ਭੂਮੀ ਤੇ ਬੈਠਾ ਰਾਮ ਦਾ ਸਰੂਪ ਓਹੋ ਰਾਮ ਹੈ ਜੋ ਤ੍ਰੇਤੇ ਵਿਚ ਹੈਸੀ ਤਾ ਉਸ ਨੂੰ ਕਿਉਂ ਨਹੀਂ ਪਤਾ ਲਗਾ ਮੇਰੀ ਸ੍ਵਾਮਨਿ ਦੇ ਪਿਆਰ ਦਾ ਜੋ ਕੁੱਠੀ ਪਈ ਹੈ ਦਰਸ਼ਨ ਸਿੱਕ ਵਿਚ ਤੇ ਭਿੱਜੀ ਪਈ ਹੈ ਕਿਸੇ ਬੇਨਤੀ ਵਿਚ। ਫੇਰ ਸੋਚਦੀ ਹੈ ਕਿ ਮੈਂ ਅਨਪੜ੍ਹ ਹਾਂ, ਖਬਰੇ ਸ੍ਵਾਮਨਿ ਕਿਨ੍ਹਾਂ ਬਰੀਕੀਆਂ ਵਿਚ ਹੈ।

ਜੱਸੀ ਬਿਨੈ ਵਿਚ ਮਗਨ ਬੈਠੀ ਰਹੀ। ਲੀਲਾ ਅਜ ਦੀ ਪੈ ਹਟੀ। ਸਾਧੂ ਪਾਸ ਬੈਠਾ ਕਹਿ ਰਿਹਾ ਹੈ, ਮਾਤਾ ! ਲੀਲ੍ਹਾ ਸਮਾਪਤ ਹੈ। ਮਾਤਾ ਬੇਨਤੀ ਕਰ ਕਰਕੇ ਤੇ ਅੰਦਰੋਂ ਅੰਦਰ ਰੋ ਰੋ ਕੇ ਨਿਰਬਲ ਹੋ ਰਹੀ ਸੀ। ਸੁਣਿਓਸੁ ਤੇ ਧਾਬਲੀ ਦਾ ਆਸਰਾ ਲੈਕੇ ਉੱਠਣ ਲੱਗੀ ਤਾ ਸਾਧੂ ਨੇ ਕਿਹਾ : ਕਿਉਂ ਮਾਤਾ ! ਅੱਜ ਉਮਰਾ ਦੀਂ ਸਿੱਕ ਪੂਰੀ ਹੋ ਗਈ ? ਪਰ ਜੱਸੀ ਨੇ ਜੁਵਾਬ ਨਾ ਦਿੱਤਾ ਤੇ ਸੀਸ ਨਿਵਾ ਕੇ ਆ ਗਈ। ਅਜੁੱਧਿਆ ਪ੍ਰਵੇਸ਼ ਤੋਂ ਮਗਰੋਂ ਲੀਲ੍ਹਾ ਸਮਾਪਤ ਹੋ ਗਈ, ਪਰੰਤੂ ਲੋਕਾਂ ਨੇ ਲੀਲ੍ਹਾ ਵਾਲਿਆਂ ਨੂੰ ਮੁੜ ਕਿਹਾ ਕਿ ਨਵੇਂ ਸਿਰੇ ਲੀਲ੍ਹਾ ਪਵੇ। ਕਿਉਂਕਿ ਸਾਰਾ ਰੰਗ ਬਹੁਤ ਪ੍ਰਬੀਨਤਾ ਨਾਲ ਹੁੰਦਾ ਸੀ ਤੇ ਅਸਰ ਕਰਦਾ ਸੀ। ਲੋਕੀਂ ਫੇਰ ਵੇਖਣਾ ਚਾਹੁੰਦੇ ਸਨ, ਸੋ ਲੀਲ੍ਹਾ ਮੁੜ ਪੈਣ ਲੱਗ ਪਈ ਜੱਸੀ ਬੀ ਜਾਂਦੀ ਰਹੀ। ਉਹ ਸਦਾ ਆਪ ਵਿਚ ਦੋਸ਼ ਦੇਖਦੀ ਸੀ ਤੇ ਚਾਹੁੰਦੀ ਸੀ ਕਿ ਖਬਰੇ ਮੇਰੀ ਕਸਰ ਹਟੇ ਤਾਂ ਦਰਸ਼ਨ ਹੋਣ। ਪਰ ਜਿੰਨੀ ਵੇਰੀ ਉਸ ਨੂੰ ਮਹਾਤਮਾਂ ਨੇ ਆਵੇਸ਼ ਦਾ ਸਮਾਂ ਦੱਸਿਆ ਉਂਨੀ ਵੇਰ ਹੀ ਜੱਸੀ ਮਨੋਂ ਮਨ ਬਿਨੈ ਵਿਚ ਗਈ,

ਪਰ ਕਦੇ ਲੀਲ੍ਹਾ ਪਾ ਰਹੇ ਤੇ ਰਾਮ ਬਣੇ ਹੋਏ ਪਾਤ੍ਰ ਨੇ ਅੰਤ੍ਰਯਾਮਤਾ ਨਾਲ ਜੱਸੀ ਦੀ ਬੇਨਤੀ ਨਾ ਸੁਣੀ। ਜੱਸੀ ਨੇ ਮਾਯਾ ਬੀ ਕਈ ਵੇਰ ਭੇਟ ਕੀਤੀ, ਸਾਧੂ ਨੂੰ ਭੀ ਮਾਯਾ ਦਿਤੀ, ਰਾਮ ਜੀ ਦਾ ਸਰੂਪ ਬਣਨ ਵਾਲੇ ਪਾਤ੍ਰ ਨੂੰ ਘਰ ਸੱਦਕੇ ਬੀ ਸਤਿਕਾਰ ਕੀਤਾ ਤੇ ਮਾਯਾ ਦਿਤੀ ਪਰ ਇਹ ਗਲ ਨਾ ਸਿਰੇ ਚੜ੍ਹੀ ਕਿ ਜੱਸੀ ਨੂੰ ਉਸ ਦੇ ਅੰਤਰਯਾਮੀ ਹੋਣ ਦਾ ਨਿਸ਼ਚਾ ਹੋ ਜਾਏ। ਅੰਤ ਹਾਰ ਕੇ ਉਸ ਨੇ ਜਾਣਾ ਛੱਡ ਦਿਤਾ ਤੇ ਸਾਧੂ ਨੂੰ ਪਤਾ ਲਗ ਗਿਆ ਕਿ ਇਹ ਇਸਤ੍ਰੀ ਹੋਸ਼ ਵਾਲੀ ਹੈ ਤੇ ਇਕ ਪੈਰ ਤਾਂ ਚੁਕਦੀ ਹੈ ਜੇ ਅਗਲਾ ਟਿਕਾ ਲੈਂਦੀ ਹੈ। ਇਸ ਨੇ ਸਹੀ ਕਰ ਲਿਆ ਹੈ ਕਿ ਇਨ੍ਹਾਂ ਲੀਲ੍ਹਾਂ ਦੇ ਸਰੂਪਾਂ ਵਿਚ ਜੋ ਆਵੇਸ਼ ਦੀ ਕਥਾ ਹੈ ਸੋ ਠੀਕ ਨਹੀਂ ਤੇ ਜਾਂਗਲੀ ਧਾਬਲੀ ਨੇ ਤਾਂ ਸਾਧੂ ਨੂੰ ਕਹਿ ਦਿਤਾ-"ਭਾਈ ਰਾਮ ਨੂੰ ਕੋਈ ਅਵਤਾਰ ਮੰਨੇ ਕੋਈ ਦੇਵਤਾ, ਕੋਈ ਧਰਮੀ ਰਾਜਾ ਮੰਨੇ ਕਿ ਮਹਾਤਮਾ ਆਪੋ ਆਪਣੀ ਭਾਵਨਾ ਹੈ। ਪਰ ਜੇ ਤੁਸਾਡੇ ਬਣਾਏ ਸਰੂਪ ਵਿਚ ਰਾਮ ਜੀ ਦੀ ਆਤਮਾ ਪ੍ਰਵੇਸ਼ ਕਰਦੀ ਹੈ ਤਾਂ ਉਹ ਭਜਨ ਵਿਚ ਲੀਨ ਕਿਉਂ ਨਹੀਂ ਹੋ ਜਾਂਦਾ, ਉਸ ਪਾਸੋਂ ਫੇਰ ਲੀਲ੍ਹਾ ਕਿਸ ਤਰ੍ਹਾਂ ਪਾਈ ਜਾਂਦੀ ਹੈ। ਜਦ ਰਾਮ ਜੀ ਦੇ ਸਪਰਸ਼ ਨਾਲ ਇਕ ਪਥਰਾਈ ਇਸਤ੍ਰੀ ਜੀਉ ਪੈਂਦੀ ਹੈ ਤਾਂ ਆਵੇਸ਼ ਨਾਲ ਇਹ ਰਾਮ ਰੂਪ ਕਿਉਂ ਨਹੀਂ ਹੋ ਗਿਆ। (ਜੱਸੀ ਵੱਨੇ ਤੱਕ ਕੇ) ਦੇਖ ਮੇਰੀ ਸੁਆਣੀ ! ਫੁਲਾਦ ਨਾਲ ਚੁੰਬਕ ਛੋਹੇ ਕਿ ਰਗੜੇ ਤਾ ਮੈਂ ਸੁਣਿਆਂ ਹੈ ਕਿ ਫੁਲਾਦ ਚੁੰਬਕ ਹੋ ਜਾਂਦਾ ਹੈ। ਹੈ ਨਾ?

ਜੱਸੀ ਉਸ ਦੀ ਮੋਟੀ ਪਰ ਸਾਧਾਰਨ ਅਕਲ ਦੀ ਗਲ ਉਤੇ ਖੁਸ਼ ਹੋ ਹੱਸ ਪਈ।

੩.

**ਜੱਸੀ** ਦੀ ਲਗਨ ਹੁਣ ਐਉਂ ਪ੍ਰਸਿੱਧ ਹੋ ਗਈ ਜਿਵੇਂ ਕੁਛ ਸਮੇਂ ਬਾਦ ਮੀਰਾਂਬਾਈ ਦੀ ਲਗਨ ਪ੍ਰਸਿੱਧ ਹੋਈ ਸੀ, ਲਗੇ ਅਨੇਕਾਂ ਮਤਾਂ ਮਤਾਂਤ੍ਰਾਂ ਦੇ ਸੰਤ ਆਉਣ ਜਾਣ। ਜੱਸੀ ਆਪਣੀ ਲੋੜ ਦੀ ਪੂਰਨਤਾ ਦੇ ਸ਼ੌਕ ਵਿਚ ਸਭ ਨੂੰ ਮਿਲ ਲੈਂਦੀ। ਭਗਤ ਜਨ ਇਸ ਦੀ ਪੂਜਾ ਦੇਖਦੇ ਤੇ ਭਜਨ ਸੁਣਦੇ ਤਾਸੀਰ ਵਾਲੇ, ਤੇ ਇਸ ਦੀ ਭਗਤੀ ਤੇ ਅਸ਼ ਅਸ਼ ਕਰ ਉਠਦੇ। ਪਰ ਇਸ ਨੇ ਆਪਣੇ ਅੰਦਰ ਇਕ ਪਾਰਖੂ ਕਸਵੱਟੀ ਬਣਾ ਰਖੀ ਸੀ ਪੁਰਖਾਂ ਨੂੰ ਪਛਾਣਨ ਦੀ, ਉਸ ਤੋਂ ਪਰਖੇ ਹਰੇਕ ਨੂੰ ਤੇ ਉਸ ਦੀ ਕਸਵੱਟੀ ਤੇ ਉਸ ਨੂੰ ਵਾਂਛਤ ਰਾਮ ਨਾ ਦਿੱਸ ਆਵੇ। ਇਕ ਵੇਰ ਕਿਸੇ ਡਾਢੇ ਚਾਤੁਰ ਨੇ ਉਸ ਦੇ ਵਿਸ਼ਵਾਸ਼ ਤੋਂ ਆਪਣੇ ਆਪ ਨੂੰ ਲਾਭਵੰਦ ਬਨਾਉਣ ਦਾ ਬਹੁਤ ਚਲਾਕੀ ਦਾ ਕੌਤਕ ਕੀਤਾ। ਉਸ ਨੇ ਦੱਸਿਆ ਕਿ ਏਹ ਜੋ ਮੂਰਤੀਆਂ ਹਨ, ਮੂਰਤੀਆਂ ਮੂਰਤੀਆਂ ਵਿਚ ਫ਼ਰਕ ਹੈ। ਜੋ ਮੂਰਤੀ ਕਿਸੇ ਰਾਮ ਭਗਤ ਨੇ ਆਪਣੇ ਨੈਣ-ਜਲ ਸਿੰਚ ਸਿੰਚਕੇ ਬਣਾਈ ਹੈ, ਉਹ ਮੂਰਤੀ ਭਗਤੀ ਦੀ ਤੀਖਣਤਾ ਤੇ ਤੀਬ੍ਰਤਾ ਦੇ ਤਾਉ ਨਾਲ ਪ੍ਰਾਣਮਯ ਹੋ ਜਾਂਦੀ ਹੈ ਤੇ ਠਾਕੁਰ ਦਾ ਸਾਖਜਾਤਕਾਰ ਹੋ ਜਾਂਦਾ ਹੈ। ਪੈਸੇ ਲੈਕੇ ਪਥੇਰੇ ਦੀ ਘੜੀ ਮੂਰਤੀ ਵਿਚ ਇਹ ਗੁਣ ਨਹੀਂ ਹੁੰਦਾ। ਜੱਸੀ ਇਸ ਤੇ ਬੀ ਅਮੰਨਾ ਕਰ ਬੈਠੀ। ਇਸ ਆਦਮੀ ਨੇ ਦੱਸਿਆ ਕਿ ਬਿਜੈ ਦਸਮੀ ਦੀ ਰਾਤ ਮੇਰੀ ਰਾਮ ਮੂਰਤੀ ਜੋ ਐਸੀ ਹੈ ਬੋਲ ਪੈਂਦੀ ਹੈ ਤੇ ਵਰ ਦਾਨ ਦੇਂਦੀ ਹੈ। ਜੋ ਪੁਛੋ ਉਸ ਦਾ ਉੱਤਰ ਬੀ ਦੇਂਦੀ ਹੈ। ਬਿਜੈ ਦਸਮੀ ਤਕ ਉਤਾਵਲੀ ਹੋ ਹੋ ਉਡੀਕ ਕੀਤੀ ਜੱਸੀ ਨੇ। ਜਦੋਂ ਦਿਨ ਆਇਆ ਜੱਸੀ ਗਈ ਠੀਕ ਵੇਲੇ ਸਿਰ ਤੇ ਧਾਬਲੀ ਨਾਲ ਗਈ। ਉਸ ਨੇ ਨਾ ਜਾਣ ਦਿਤੀ, ਪਰ ਨਾ ਜਾਣ ਦਿੱਤੀ ਆਪਣੀ ਸ੍ਵਾਮਨਿ ਇਕੱਲੀ। ਉਥੇ ਜਾਕੇ ਜੱਸੀ ਬੈਠ ਗਈ ਅਰਾਧਨਾ ਕਰਨ ਮੂਰਤੀ ਦੇ ਸਾਹਮਣੇ ਸ਼ਰਧਾ ਧਾਰਕੇ। ਤਾੜੀ ਲਾਕੇ ਬੈਠਿਆਂ ਅਚਾਨਕ ਇਕ ਅਵਾਜ਼ ਆਈ ਕੜੱਕ ਕਰਕੇ ਧਮਾਕੇ ਦੀ, ਨੈਣ ਜੁੜ ਗਏ ਜਿਨ੍ਹਾਂ ਦੇ ਖੁੱਲ੍ਹੇ ਸਨ ਤੇ ਖੁਲ੍ਹ ਗਏ ਜਿਨ੍ਹਾਂ ਦੇ ਬੰਦ ਸਨ, ਪਰ ਫੇਰ ਮਿਟ ਗਏ ਉਹਨਾਂ ਦੇ ਬੀ। ਅੰਦਰ ਧੂਆਂ ਜਿਹਾ ਹੋ ਗਿਆ ਫੇਰ ਉੱਜਲ ਚਾਨਣਾ ਚਮਕ ਪਿਆ, ਮੂਰਤੀ ਦੇ ਨੈਣ ਹਿੱਲੇ ਤੇ ਅਵਾਜ਼ ਆਈ 'ਅਹੋ ਭਗਤ ਜਨ ! ਮਾਂਗੋ ਵਰ ਦਾਨ, ਮਾਂਗੋ ਦੇਨੇ ਆਏ ਹੈਂ। ...ਵਰੰ ਬ੍ਰੂਹ, 'ਵਰੰ ਬ੍ਰੂਹ'। ਜੱਸੀ ਨੇ ਡਿੱਠਾ ਮੂਰਤ ਉਹੋ ਹੈ ਜੋ ਖੜੀ ਸੀ ਪਰ ਬੋਲਦੀ ਹੈ ਤੇ ਕਹਿੰਦੀ ਹੈ ਵਰੰ ਬ੍ਰੂਹ। ਧਾਬਲੀ ਤੱਕ ਰਹੀ ਸੀ, ਪਰ ਕਿਸੇ ਹੋਰ ਨਜਰ ਨਾਲ, ਹੌਲੇ ਜਿਹੇ ਸ੍ਵਾਮਨਿ ਦੇ ਕੰਨਾਂ ਵਿਚ ਕਹਿੰਦੀ ਹੈ 'ਉੱਚੀ ਨਾ ਮੰਗੀਂ,ਮਨ ਵਿਚ ਮੰਗੀਂ'। ਜੱਸੀ ਅਗੇ ਹੀ ਮਨ ਵਿਚ ਬਿਨੈ ਕਰ ਰਹੀ ਸੀ ਕਿ

ਹੇ ਭਗਵਾਨ ! ਹੇ ਠਾਕੁਰ ! ਮੇਰੀ ਮੂਰਤੀ ਵਿਚ ਵੀ ਪਰਵੇਸ਼ ਕਰੋ ਮੈਂ ਨਿਤ ਦਰਸ਼ਨ ਪਾਇਆ ਕਰਾਂ, ਹੇ ਰਾਮ ! ਮੇਰੀ ਹੋਰ ਕੋਈ ਜਾਚਨਾ ਨਹੀਂ। ਜੇ ਆਪ ਇਥੇ ਪ੍ਰਗਟੇ ਹੋ ਤਾਂ ਓਥੇ ਬੀ ਪ੍ਰਗਟ ਹੋ ਸਕਦੇ ਹੋ। ਮੈਨੂੰ ਆਪਣੇ ਭਗਤ ਨੂੰ ਮੁਥਾਜ ਨਾ ਕਰੋ ਹੋਰਨਾਂ ਦਾ, ਆਪਣੀ ਚੇਰੀ ਜਾਣਕੇ ਮੇਰੇ ਆਪਣੇ ਗ੍ਰਿਹ ਆਓ। ਮੈਨੂੰ ਨਿਤ ਨਿਤ ਦਰਸਨ ਦਿਓ, ਕਦੇ ਕਦੇ ਦਿਓ ਪਰ ਦਿਓ ਮੇਰੀ ਪੂਜੀ ਗਈ ਮੂਰਤੀ ਵਿਚ। ਜੱਸੀ ਇਸ ਬੇਨਤੀ ਵਿਚ ਦਿਲੋਂ ਨਿਮਗਨ ਹੋ ਰਹੀ ਸੀ। ਉਸ ਨੇ ਉੱਚੀ ਕੁਛ ਨਾ ਮੰਗਿਆ; ਜਿਸ ਨੂੰ ਪੁਜਾਰੀ ਸੁਣ ਸਕਦਾ। ਉਸ ਜਾਤਾ ਕਿ ਮੂਰਤੀ ਦੇ ਤੇਜ ਪ੍ਰਭਾਵ ਕਰਕੇ ਮਾਤਾ ਮੂਰਛਿਤ ਹੋ ਗਈ ਹੈ, ਸੋ ਹਿਲਾ ਹਿਲਾ ਕੇ ਜਗਾਉਣ ਲੱਗਾ, ਜਦ ਮਾਈ ਨੇ ਨੈਣ ਖੋਹਲੇ ਤਾਂ ਕਹਿਣ ਲੱਗਾ: ਮਾਤਾ ! ਦੇਖ ਦਰਸ਼ਨ, ਪ੍ਰਤੱਖ ਦਰਸ਼ਨ; ਮਾਂਗ ਮਨ ਕੀ ਮੁਰਾਦ, ਤੇਰੀ ਭਗਤੀ ਪ੍ਰਵਾਨ ਭਈ ਹੈ ! ਦੇਖੋ ਪ੍ਰਤੱਖ ਠਾਕੁਰ ਕਹਿ ਰਹੇ ਹੈਂ: ਵਰੰ ਬ੍ਰੂਹ, ਵਰੰ ਬ੍ਰੂਹ। ਹੁਣ ਜੱਸੀ ਨੇ, ਜੋ ਕਿਸੇ ਦਾ ਬੀ ਜੀ ਦੁਖਾਕੇ ਰਾਜ਼ੀ ਨਹੀਂ ਸੀ, ਆਖਿਆ: 'ਹੇ ਰਾਮ ! ਦੇਹ ਦਰਸ਼ਨ, ਦਰਸ਼ਨ, ਦਰਸ਼ਨ, ਸਦਾ ਦਰਸ਼ਨ। ਤੇਰਾ ਦੀਆ ਹੋਰ ਸਭ ਕੁਛ ਹੈ, ਦੇਹ ਦਰਸ਼ਨ, ਦੇਹ ਦਰਸ਼ਨ।'

ਮੂਰਤੀ ਤੋਂ ਅਵਾਜ਼ ਆਈ: ਤਥਾਸਤੂ, ਤਥਾਸਤੂ, ਤਥਾਸਤੂ: ('ਐਸਾ ਹੀ ਹੋਵੇ, ਐਸਾ ਹੀ ਹੋਵੇ, ਐਸਾ ਹੀ ਹੋਵੇ'))। ਜੱਸੀ ਸਮਝੀ ਕਿ ਮੂਰਤੀ ਤੋਂ ਮੂਰਤੀਮਾਨ ਹੋਇਆ ਦੇਵ ਅਜੇ ਹੋਰ ਕਹੇਗਾ ਤਥਾਸਤੂ, ਕਿ ਅਚਾਨਕ ਓਸੇ ਤਰ੍ਹਾਂ ਦਾ ਧਮਾਕਾ ਫੇਰ ਹੋਇਆ। ਧੂੰਆਂ ਜਿਹਾ ਹੋਕੇ ਫੇਰ ਚਾਨਣ ਪੈ ਗਿਆ। ਹੁਣ ਉਹ ਮੂਰਤੀ ਮੂਰਤੀ ਸੀ-ਪਾਖਾਣ ਦੀ ਮੂਰਤੀ। ਜੱਸੀ ਨੇ ਮਾਇਆ ਭੇਟ ਕੀਤੀ, ਫੇਰ ਨਮਸਕਾਰ ਕੀਤੀ ਤੇ ਟੁਰ ਆਈ। ਘਰ ਜਾਕੇ ਲੱਗੀ ਫੇਰ ਉਹੋ ਆਪਣੇ ਨਿੱਤ ਦੇ ਪੂਜਨ ਵਿਚ। ਇਹ ਨੇਮ ਤਾਂ ਉਸ ਨੇ ਛੱਡਿਆ ਹੀ ਨਹੀਂ ਸੀ। ਹੁਣ ਰੋਜ਼ ਉਡੀਕਾਂ ਕਰੇ ਕਿ ਮੇਰੀ ਮੂਰਤੀ ਬੀ ਬੋਲਦੀ ਹੈ ਕਿਸੇ ਦਿਨ, ਵਰ ਜੁ ਹੋਇਆ ਸੀ, ਪਰ ਉਹ ਮੂਰਤੀ ਨਾ ਬੋਲੀ ਪਰ ਨਾ ਬੋਲੀ। ਉਸ ਮੰਦਰ ਦਾ ਪੁਜਾਰੀ ਫੇਰ ਕਈ ਵਾਰ ਆਇਆ ਕਿ ਚਲੋ ਦਰਸ਼ਨ ਕਰੋ ਤੁਸਾਨੂੰ ਦਰਸ਼ਨ ਦਾ ਵਰ ਮਿਲਿਆ ਹੈ, ਪਰ ਜੱਸੀ ਫੇਰ ਨਾ ਗਈ ਤੇ ਇਹੋ ਕਹਿ ਛੱਡਿਆ ਕਿ ਠਾਕੁਰ ਦਾ ਉਹ ਇਕੋ ਦਰਸ਼ਨ ਬੱਸ ਹੈ।

੪.

**ਜੱਸੀ** ਇਸ ਤਰ੍ਹਾਂ ਦੇ ਕਈ ਕੌਤਕ ਲੋਕਾਂ ਦੇ ਦੇਖਦੀ ਰਹੀ। ਇਕ ਵੇਰ ਇਕ ਤ੍ਰੀਮਤ ਆਈ ਤੇ ਕਹਿਣ ਲੱਗੀ: 'ਮਾਤਾ ! ਤੂੰ ਸਿਆਣੀ ਹੋਕੇ ਕਿਥੇ ਫਸੀ ਪਈ ਹੈਂ। ਮੂਰਤੀਆਂ ਵਿਚ ਕਦੇ ਜਿੰਦ ਪਈ ਹੈ? ਤੂੰ ਹੋਈ ਸਜਿੰਦ ਬੀਤਰਾਗ ਸਾਧੂ ਟੋਲ। ਰਾਮ ਆਪਣੇ ਭਗਤਾਂ ਵਿਚ ਰਹਿੰਦਾ ਹੈ। ਕ੍ਰਿਸ਼ਨ ਆਪਣੇ ਭਗਤਾਂ ਵਿਚ ਰਹਿੰਦਾ ਹੈ। ਜੋ ਪੂਰਨ ਪ੍ਰੇਮ ਵਿਚ ਨਿਮਗਨ ਹੋ ਗਏ ਹਨ, ਉਹਨਾਂ ਵਿਚ ਭਗਵਾਨ ਦਾ ਨਿਵਾਸ ਹੋ ਜਾਂਦਾ ਹੈ। ਉਹਨਾਂ ਦੀ ਸੇਵਾ ਪੂਜਾ ਨਾਲ ਉਹਨਾਂ ਵਿਚੋਂ ਭਗਵਾਨ ਮਿਲਦਾ ਹੈ। ਕੋਈ ਐਸਾ ਲੱਭ ਤੇ ਉਸ ਨੂੰ ਗੁਰੂ ਧਾਰਨ ਕਰ। ਦੇਖ ਦੱਤਾ ਤ੍ਰੇਯ ਨੇ ੨੪ ਗੁਰੂ ਧਾਰਨ ਕੀਤੇ ਸਨ ਤੇ ਤੂੰ ਇਕ ਬੀ ਨਹੀਂ ਕੀਤਾ'। ਜੱਸੀ ਨੂੰ ਸੋਚ ਪੈ ਗਈ ਕਿ ਗਲ ਠੀਕ ਹੈ, ਪਰ ਸੋਚਿਓਸੁ ਕਿ ਗਲ ਕੁਛ ਖ਼ਤਰੇ ਵਾਲੀ ਬੀ ਹੈ, ਪਰ ਉਸ ਮਾਈ ਦਾ ਤ੍ਰਿਸਕਾਰ ਨਾ ਕੀਤੋਸੁ। ਇਹ ਮਾਈ ਆਉਂਦੀ ਜਾਂਦੀ ਰਹੀ ਤੇ ਇਸ ਨੇ ਇਕ ਮਹਾਤਮਾ ਦੀ ਉਪਮਾ ਕਰ ਕਰਕੇ ਜੱਸੀ ਦੀ ਸ਼ਰਧਾ ਉਸ ਪਰ ਟਿਕਾ ਹੀ ਦਿਤੀ। ਪਹਿਲੇ ਤਾਂ ਜੱਸੀ ਦਰਸ਼ਨਾਂ ਨੂੰ ਉਹਨਾਂ ਦੇ ਟਿਕਾਣੇ ਆਪ ਗਈ, ਫੇਰ ਓਹ ਬੀ ਕਦੇ ਕਦੇ ਜੱਸੀ ਦੇ ਘਰ ਆਏ। ਗਲ ਬਾਤ ਉਹਨਾਂ ਦੀ ਚਤੁਰਤਾ ਦੀ ਸੀ। ਸ਼ਾਸਤ੍ਰ ਪੜ੍ਹੇ ਸਨ, ਕੁਛ ਦੋ ਇਕ ਕ੍ਰਿਆ ਯੋਗ ਦੀਆਂ ਦੇ ਬੀ ਜਾਣੂ ਸੇ। ਹੌਲੀ ਹੌਲੀ ਜੱਸੀ ਪਤੀਜ ਗਈ, ਪਰ ਧਾਬਲੀ ਇਕ ਅਚਰਜ ਜਾਂਗਲੀ ਜ਼ਨਾਨੀ ਸੀ, ਉਹ ਬ੍ਰੀਕੀਆਂ ਭਾਵੇਂ ਨਹੀਂ ਸੀ ਜਾਣਦੀ, ਪਰ ਸਿੱਧੀ ਤੇ ਸਾਧਾਰਨ ਅਕਲ ਉਸ ਦੀ ਬੜੀ ਸਾਫ ਸੀ, ਉਸ ਨੂੰ ਸ੍ਵਾਮਨਿ ਦੀ ਸਲਾਮਤੀ ਦਾ ਤੌਖਲਾ ਹਰ ਵੇਲੇ ਰਹਿੰਦਾ ਸੀ। ਉਸ ਨੂੰ ਭਰਮ ਪੈਣ ਲਗ ਗਿਆ ਕਿ ਇਥੇ ਕੁਛ ਮਾਇਆ ਦੀ ਖੇਡ ਹੈ। ਮਹਾਤਮਾ ਤੇ ਮਹਾ ਪੁਰਖ ਤਾਂ ਜਗਤ ਵਿਚ ਹੋਣੇ ਲੋੜੀਏ ਤੇ ਹੈਨ ਬੀ, ਪਰ ਏਹ ਆਪ ਆਪਣੀ ਪ੍ਰਸਿੱਧੀ ਲਈ ਦੂਤ ਘੱਲਣੇ ਜ਼ਰੂਰ ਬਨਾਵਟ ਦੀ ਗੱਲ ਹੈ ਇਸ ਕਰਕੇ ਧਾਬਲੀ ਖੋਜ ਵਿਚ ਲੱਗੀ ਰਹੀ। ਜੱਸੀ

ਨੂੰ ਜਦੋਂ ਭਰੋਸਾ ਬੱਝ ਖੜੋਤਾ ਤਾਂ ਉਸ ਮਹਾਤਮਾ ਨੇ ਐਉਂ ਪੈਂਤੜਾ ਬਦਲਨਾ ਅਰੰਭਿਆ ਕਿ ਜਿਸ ਨਾਲ ਅੰਤ ਜੱਸੀ ਨੂੰ ਇਹ ਸਿਦਕ ਹੋ ਜਾਏ ਕਿ ਇਹ ਮਹਾਤਮਾ ਹੀ ਈਸ਼੍ਵਰ ਹੈ, ਹੋਰ ਈਸ਼੍ਵਰ ਕੋਈ ਨਹੀਂ। ਇਹੀ ਰਾਮ ਹੈ, ਹੋਰ ਰਾਮ ਕੋਈ ਨਹੀਂ। ਜਦੋਂ ਇਨ੍ਹਾਂ ਨੂੰ ਆਪਣੇ ਥਾਂ ਤਸੱਲੀ ਹੋ ਗਈ ਕਿ ਜੱਸੀ ਨੂੰ ਭਰੋਸਾ ਬੱਝ ਗਿਆ ਹੈ ਤਾਂ ਇਕ ਦਿਨ ਏਹ ਸਫੁਟ ਹੋ ਪਏ ਤੇ ਕਹਿਣ ਲਗੇ:-ਜੱਸਾਂ ! ਦੇਖ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਕਿਹਾ ਸੀ ਕਿ ਸਾਰੇ ਧਰਮ ਤਿਆਗ ਦੇਹ ਕੇਵਲ ਇਕ ਮੇਰੀ ਸ਼ਰਨ ਲੈ, ਤੂੰ ਫੇਰ ਮੈਨੂੰ ਸਦਾ ਪ੍ਰਾਪਤ ਹੋਵੇਂਗਾ ਤੇ ਮੇਰੇ ਪਾਸ ਰਹੇਂਗਾ। ਹੁਣ ਸੋਚ ਜੱਸਾ ! ਜੇ ਤੂੰ ਸ੍ਰੀ ਕ੍ਰਿਸ਼ਨ ਦੀ ਸ਼ਰਨ ਲਵੇਂ ਜਿਸ ਦੀ ਕਿ ਅਰਜਨ ਨੇ ਲਈ ਸੀ ਤਾਂ ਉਹ ਕ੍ਰਿਸ਼ਨ ਤਾਂ ਹੁਣ ਅਵਜਕਤ ਹੈ। ਉਹ ਹੁਣ ਕ੍ਰਿਸ਼ਨ ਤੇ ਨਹੀਂ ਕਿ ਜੋ ਦੇਹ ਵਾਲਾ ਹੋਕੇ ਅਰਜਨ ਦੇ ਪਾਸ ਬੈਠਾ ਸੀ। ਉਸ ਵੇਲੇ ਕ੍ਰਿਸ਼ਨ ਸਦੇਹ ਸੀ ਤੇ ਆਪਣੀ ਰਸਨਾ ਨਾਲ ਕਹਿ ਰਿਹਾ ਸੀ ਮੇਰੀ ਸ਼ਰਨ ਲੈ। ਉਹ ਕ੍ਰਿਸ਼ਨ ਬੋਲਦਾ ਸੀ, ਸੁਣਦਾ ਸੀ, ਜਵਾਬ ਦੇਂਦਾ ਸੀ, ਖਾਂਦਾ ਸੀ, ਪੀਂਦਾ ਸੀ ਹੁਣ ਉਹੋ ਸ੍ਰੀ ਕ੍ਰਿਸ਼ਨ ਅਵਜਕਤ ਰੂਪ ਵਿਚ ਹੈ ਤੇ ਹੁਣ ਜੋ ਉਸ ਕ੍ਰਿਸ਼ਨ ਦੀ ਸ਼ਰਨ ਲੈਣਗੇ ਉਹ ਅਵਜਕਤ ਦੀ ਸ਼ਰਨ ਲੈਣਗੇ। ਜਿਨ੍ਹਾਂ ਬਾਬਤ ਓਥੇ ਹੀ ਕ੍ਰਿਸ਼ਨ ਨੇ ਕਿਹਾ ਹੈ ਕਿ ਹੇ ਅਰਜਨ ਕਠਨ ਹੈ ਰਸਤਾ ਉਹਨਾਂ ਦਾ ਜੋ ਅਵਜਕਤ ਦੀ ਸ਼ਰਨ ਲੈਂਦੇ ਹਨ। ਸੋ ਹੁਣ ਤੂੰ ਆਪਣੇ ਇਸ਼ਟ ਦੇਵ ਬਾਬਤ ਸੋਚ ਸਮਝ ਲੈ ਕਿ ਭੀਲਣੀ ਨੂੰ ਤਾਰਨ ਵਾਲਾ ਰਾਮ ਤਾ ਹੁਣ 'ਅਵਜਕਤ' ਹੈ, ਉਹ ਸਰੀਰ ਧਾਰੀ ਰਾਮ ਭੀਲਣੀ ਦੇ ਬੇਰ ਖਾ ਲੈਣ ਵਾਲੇ ਰੂਪ ਵਿਚ ਨਹੀਂ ਹੈ।

ਜੱਸੀ (ਮਾਨੋ ਸੁੱਤੀ ਜਾਗ ਕੇ)-ਤਾਂ ਭਗਵਨ ! ਤਾਤਪਰਜ ਕੀ ਹੋਇਆ ?

ਮਹਾਤਮਾ-ਇਹ ਕਿ ਕਿਸੇ ਸਦੇਹ ਮਹਾਤਮਾ ਨੂੰ ਕ੍ਰਿਸ਼ਨ ਸਮਝਕੇ, ਯਾ ਆਪਣੀ ਸ਼ਰਧਾ ਮੂਜਬ 'ਰਾਮ' ਸਮਝਕੇ ਉਹਦੀ ਸ਼ਰਨ ਲਈ ਜਾਵੇ। ਉਸ ਦੀ ਸ਼ਰਨ ਸ੍ਰੀ ਕ੍ਰਿਸ਼ਨ ਜੀ ਦੀ ਸ਼ਰਨ ਹੈ, ਸ੍ਰੀ ਰਾਮ ਜੀ ਦੀ ਸ਼ਰਨ ਹੈ। ਹੋਰ...।

ਜੱਸੀ-ਰਾਮ ਤਾਂ ਸਾਖਜਾਤ ਅਵਤਾਰ ਹਨ ਰੱਬ ਦਾ ਤੇ ਕ੍ਰਿਸ਼ਨ ਤਾਂ...। ਉਹ ਮੇਰਾ ਇਸ਼ਟ ਨਹੀਂ ਹਨ। ਮੈਨੂੰ ਨਹੀਂ ਪਤਾ ਇਨ੍ਹਾਂ ਦੀ ਵਡਿੱਤ ਦਾ।

ਮਹਾਤਮਾ-ਸਾਨੂੰ ਦੋਏ ਇਕ ਹਨ, ਤੁਸੀਂ ਆਪਣੇ ਇਸ਼ਟ ਪਰ ਟਿਕੇ ਰਹੋ, ਪਰ ਰਾਮ ਬੀ ਹੁਣ ਅਵਜਕਤ ਹੈ, ਕਿਸੇ ਵਜਕਤੀ ਵਾਲੇ ਵਿਚ ਰਾਮ ਬੁੱਧੀ ਧਾਰਨ ਕਰੋ।

ਜੱਸੀ-ਤੇ ਉਹ ਰਾਮ ਫੇਰ ਏਸ ਤਰ੍ਹਾਂ ਮਿਲਣਗੇ?

ਮਹਾਤਮਾ-ਮਹਾਤਮਾ ਦੇ ਸਰੀਰ ਵਿਚ ਰਾਮ ਕ੍ਰਿਸ਼ਨ ਸਾਰੇ ਵਜਾਪਕ ਹਨ।

ਧਾਬਲੀ ਸੁਣਦੀ ਸੀ, ਠੰਢਾ ਸਾਹ ਲੀਤੋਸੁ ਤੇ ਹੱਸਕੇ ਬੋਲੀ:-ਸ੍ਵਾਮਿਨਿ ! ਮੇਰਾ ਰਾਮ ਤਾਂ ਫੇਰ ਤੂੰ ਹੈਂ, ਮੈਂ ਤੇਰੀ ਸ਼ਰਨ ਲੈ ਕੇ ਰਾਮ ਨੂੰ ਪ੍ਰਾਪਤ ਹੋ ਗਈ ਹਾਂ।

ਮਹਾਤਮਾ-ਤੂੰ ਸ੍ਵਾਮਿ ਭਗਤ ਹੈਂ। ਸ਼ਾਬਾਸ਼ !

ਜੱਸੀ-ਹੱਛਾ ਮਹਾਂਰਾਜ ! ਫੇਰ ਕੋਈ ਕਲਾ ਵਰਤਾਓ ਕਿ ਮੇਰੇ ਅੰਦਰੋਂ ਲਗਨ ਨਿਕਲ ਜਾਵੇ ਤੇ ਕਿਸੇ ਦੇਹਧਾਰੀ ਉਤੇ ਸ਼ਰਧਾ ਆ ਜਾਵੇ ਕਿ ਇਹ ਰਾਮ ਹੈ। ਮਹਾਤਮਾ ਨੂੰ ਤਾਂ ਮੈਂ ਮੰਨਦੀ ਹਾਂ ਕਿ ਮਹਾਤਮਾ ਹੋ ਸਕਦੇ ਹਨ, ਸਤਿਸੰਗ ਬੀ ਸੁਖਦਾਈ ਹੈ ਉਹਨਾਂ ਦਾ, ਪਰ ਉਹੀ ਹਨ ਰਾਮ, ਉਹੀ ਹਨ ਕ੍ਰਿਸ਼ਨ, ਜੋ ਸੋ ਰਾਮ ਤੇ ਜੋ ਸੇ ਕ੍ਰਿਸ਼ਨ ਤੇ ਫੇਰ ਕੋਈ ਈਸ਼੍ਵਰ ਨਹੀਂ ਉਹਨਾਂ ਤੋਂ ਛੁਟ, ਏਥੇ ਅਜੇ ਮਨ ਨਹੀਂ ਆਉਂਦਾ, ਕਸਰ ਹੋਊ ਮੇਰੇ ਵਿਚ, ਆ ਜਾਊ ਮਨ ਏਥੇ ਕਿਸੇ ਦਿਨ।

ਮਹਾਤਮਾ-ਜੇ ਇਨ੍ਹਾਂ (ਆਪਣੀ ਵੱਲ ਇਸ਼ਾਰਾ ਕਰਕੇ) ਚਰਨਾਂ ਦਾ ਪ੍ਰੇਮ ਬਣਿਆ ਰਿਹਾ ਤਾਂ ਤੁਸਾਂ ਦਾ ਭਰਮ ਨਵਿਰਤ ਹੋ ਜਾਏਗਾ ਕਿ ਕੋਈ ਹੋਰ ਰਾਮ ਨਹੀਂ ਹੈ, ਸਿਵਾ ਇਸ ਸਾਮਰਤੱਖ ਸਦੇਹ ਰਾਮ ਮੂਰਤੀ ਦੇ।

ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਕਰਦੇ ਕੁਛ ਚਿਰ ਮਗਰੋਂ ਮਹਾਤਮਾ ਚਲੇ ਗਏ।

### ੫.

**ਅਜ** ਜੱਸੀ ਦੇ ਜੀਵਨ ਵਿਚ ਇਕ ਬੜਾ ਫਰਕ ਆਇਆ। ਉਹ ਕਿਸੇ ਚਿੰਤਾ ਵਿਚ ਗਈ, ਕਿਸੇ ਦੁਚਿਤਾਈ ਵਿਚ ਪੈ ਗਈ। ਜੋ ਕਦਮ ਮਹਾਤਮਾ ਅਜ ਚਾ ਗਏ ਸਨ, ਉਹ ਸਮਝਦੇ ਸਨ ਕਿ ਪੱਕਾ ਹੈ, ਪਰ ਉਸ ਨਾਲ ਜੱਸੀ ਸੰਸਿਆਂ ਦੀ ਨੈਂ

ਵਿਚ ਰੁੜ੍ਹ ਰਹੀ ਸੀ ਤੇ ਹਿੱਲ ਪਏ ਸਿਦਕ ਦੇ ਘੁੰਮਣ ਘੇਰ ਵਿਚ ਘੁਮਾਟੀਆਂ ਖਾ ਰਹੀ ਸੀ, ਪਰ ਥੋੜੇ ਚਿਰ ਮਗਰੋਂ ਕੀ ਦੇਖਦੀ ਹੈ ਕਿ ਧਾਬਲੀ ਬਜ਼ਾਰੋਂ ਫਟਕੜੀ ਲੈ ਆਈ ਤੇ ਜੱਸੀ ਦੇ ਸਿਰ ਤੋਂ ਵਾਰ ਰਹੀ ਹੈ। ਫੇਰ ਉਸ ਦੇ ਪੁੱਛਦੇ ਪੁਛਾਂਦੇ ਫਟਕੜੀ ਲੈਕੇ ਧਾਬਲੀ ਨੇ ਜਾ ਬਲਦੇ ਚੁੱਲ੍ਹੇ ਵਿਚ ਪਾਈ। ਹੈਰਾਨ ਹੋਕੇ ਜੱਸੀ ਨੇ ਪੁੱਛਿਆ: 'ਨਿੱਕੋ ਕੀ ਕੀਤਾ ਈ? ਹੱਸ ਪਈ ਧਾਬਲੀ ਤਾੜੀ ਮਾਰਕੇ, ਕਹਿਣ ਲੱਗੀ: 'ਸੁਆਣੀ ਜੀ ! ਤੁਸਾਂ ਨੂੰ ਨਜ਼ਰ ਲਗ ਗਈ ਹੈ। ਮੈਂ ਫਟਕੜੀ ਵਾਰਕੇ ਚੁੱਲ੍ਹੇ ਪਾਈ ਹੈ ਜੋ ਨਜ਼ਰ ਲਹਿ ਜਾਵੇ ਤੇ ਨਜ਼ਰ ਲਾਉਣ ਵਾਲੇ ਦੇ ਸਿਰ ਜਾ ਪਵੇ।'

ਜੱਸੀ-ਮੈਂ ਕੋਈ ਬੱਚੀ ਹਾਂ ਜੋ ਨਜ਼ਰ ਲਗਦੀ ਹੈ ਤੇ ਮੈਨੂੰ ਕਿਸ ਨੇ ਨਜ਼ਰ ਲਾਉਣੀ ਹੈ?

ਧਾਬਲੀ-ਉਹ ਜੋ ਹਮਾਤਮਾ, ਨਾ ਨਾ ਮਹਾਤਮਾ ਅਜ ਆਇਆ ਸੀ ਤੇ ਅੱਗੇ ਬੀ ਕਈ ਵੇਰ ਆਇਆ ਹੈ, ਉਸ ਦੇ ਡੇਲੇ ਬੜੇ ਤੇ ਵਡੇ ਵਡੇ ਸਨ ਤੇ ਅਜ ਤਾਂ ਬਹੁਤ ਘੂਰ ਘੂਰ ਕੇ ਤੱਕਦਾ ਸੀ ਤੁਸਾਂ ਵਲ। ਉਹ ਨਜ਼ਰ ਲਾਉਂਦਾ ਰਿਹਾ ਹੈ ਜਿਨਾਂ ਚਿਰ ਕਿ ਉਹ ਬੈਠਾ ਰਿਹਾ ਹੈ ਤੁਸਾਂ ਦੇ ਸਾਹਮਣੇ ਗੱਲਾਂ ਕਰਦਾ। ਤੁਸਾਂ ਨੂੰ ਨਜ਼ਰ ਲਗਦੀ ਰਹੀ ਹੈ ਓਸਦੀ। ਮੈਂ ਦੇਖਦੀ ਰਹੀਂ ਹਾਂ, ਹਾਂ ਸਚੀਂ ਮੁੱਚੀਂ।

ਜੱਸੀ-ਉਹ ਤਾਂ ਕਹਿੰਦਾ ਸੀ ਮੈਂ ਰਾਮ ਹਾਂ।

ਧਾਬਲੀ-ਭਲਾ ਜੇ ਰਾਮ ਏਹੋ ਜਿਹਾ ਹੀ ਹੈ ਤਾਂ ਉਸ ਰਾਮ ਨੂੰ ਛੱਡ ਦੇਹ। ਮੈਂ ਜਾਤਾ ਸੀ ਤੇਰਾ ਰਾਮ ਸੁਹਣਾ ਹੈ। ਜੇ ਉਹ ਰਾਮ ਬੀ ਨਜ਼ਰਾਂ ਟਪਾਰਾਂ ਕਰਦਾ ਹੈ ਤਾਂ ਕੀ ਲੈਣਾ ਈ ਓਸ ਤੋਂ: ਛੱਡ ਦੇਹ ਸਾਰੀ ਖੇਡ।

ਜੱਸੀ-ਹੁਣ ਸੋਚਾਂ ਦੇ ਘੁੰਮਣ ਘੇਰ ਵਿਚੋਂ ਨਿਕਲ ਆਈ ਤੇ ਹੱਸ ਪਈ। ਕਹਿਣ ਲੱਗੀ 'ਧਾਬਲੀ ਤੂੰ ਬੜੀ ਮੂੰਹ ਫਟ ਹੋ ਗਈ ਹੈਂ।'

ਧਾਬਲੀ-ਲੈ ਮੈਂ ਕੋਈ ਮਾੜੀ ਗੱਲ ਆਖੀ ਹੈ? ਮੈਂ ਤਾਂ ਰਾਮ ਨੂੰ ਸੁਹਣਾ ਜਾਣਦੀ ਹਾਂ। ਭਲਾ ਜਿਸ ਨੂੰ ਸੀਤਾ ਵਰਗੀ ਸੁੰਦਰੀ ਨੇ ਵਰਿਆ ਉਹ ਸੁਹਣਾ ਸਡੌਲ ਹੋਸੀ ਗੋਲ ਗੋਲ, ਮਿੱਠਾ ਮਿੱਠਾ। ਉਹ ਕਦੇ ਇਸ ਹਮਾਤਮਾ, ਨਾ ਨਾ ਮਹਾਤਮਾ ਵਰਗਾ ਹੋ ਸਕਦਾ ਹੈ? ਜਿਸ ਦੇ ਨੈਣਾਂ ਤੋਂ ਮੈਨੂੰ ਜਾਂਗਲੀ ਨੂੰ ਅਜ ਡਰ ਲਗਦਾ ਰਿਹਾ ਹੈ? ਓਹ ਰਾਮ ਤਾ ਜ਼ਰੂਰ ਸੁਹਣਾ ਹੋਊ ਜਿਸ ਨੂੰ ਜਨਕ ਵਰਗੇ ਗਿਆਨੀ ਨੇ ਆਪਣੀ ਸੁਡੌਲ ਪੁੱਤ੍ਰੀ ਦਾ ਵਰ ਪਰਵਾਨ ਕੀਤਾ ਸੀ। ਹੁਣ ਸਮਝੇ ਓ ?

ਜੱਸੀ (ਹੱਸ ਪਈ ਫੇਰ)-ਹਾਂ ਸਮਝੀ ਹਾਂ, ਮੈਨੂੰ ਜਾਪਦਾ ਹੈ ਤੈਨੂੰ ਕੁਝ ਹੋਰ ਪਤਾ ਹੈ।

ਧਾਬਲੀ-ਹਾਂ ਹੈ।

ਜੱਸੀ-ਦੱਸ ਦੇਹ।

ਧਾਬਲੀ-ਗੁੱਸੇ ਤਾਂ ਨਾ ਹੋਸੋ ? ਤੁਸੀਂ ਉਸ ਨੂੰ ਰਾਮ ਜੋ ਜਾਣ ਲਿਆ ਏ, ਉਸ ਦੀ ਮਾੜੀ ਗੱਲ ਸੁਣ ਲੈਸੋ?

ਜੱਸੀ-ਨਹੀਂ, ਗੁੱਸੇ ਨਹੀਂ ਹੁੰਦੀ।

ਧਾਬਲੀ-ਜਿਹੜੀ ਮਾਈ ਉਸਦੇ ਗੁਣ ਗਾਉਂਦੀ ਹੈ ਇੱਥੇ ਆਕੇ, ਉਸ ਨੂੰ ਉਹ ਦਰਮਾਹਾਂ ਦੇਂਦਾ ਹੈ ਕਿ ਲੋਕਾਂ ਦੇ ਘਰੀਂ ਜਾਕੇ ਉਹਨਾਂ ਨੂੰ ਉਸ ਦੇ ਚੇਲੇ ਬਣਾਵੇ।

ਜੱਸੀ (ਤ੍ਰਬ੍ਹਕ ਕੇ)-ਤੈਨੂੰ ਕਿਵੇਂ ਪਤਾ ਹੈ?

ਧਾਬਲੀ-ਮੈਨੂੰ ਸਾਡੇ ਪੰਸਾਰੀ ਨੇ ਦੱਸਿਆ ਹੈ ਜਿਸ ਤੋਂ ਮੈਂ ਲੂਣ ਤੇ ਗਰਮ ਮਸਾਲਾ ਲਿਆਉਂਦੀ ਹਾਂ। ਉਹ ਕਹਿੰਦਾ ਸੀ ਏਹ ਮਾਈ ਤੇ ਇਸ ਦਾ ਮਹਾਤਮਾ ਤੁਹਾਡੇ ਘਰ ਜਾਂਦੇ ਹਨ, ਤੁਹਾਨੂੰ ਪਤਾ ਨਹੀਂ ਕਿ ਇਹ ਇਕ ਦੁਕਾਨਦਾਰੀ ਹੈ। ਮਾਈ ਜੱਸੀ ਤਾਂ ਬੜੀ ਮਹਾਤਮਾ ਹੈ ਆਪ, ਨਿਰਛਲ, ਸੂਧੀ, ਭਗਤੀ ਭਾਵ ਨਾਲ ਭਰੀ, ਉਸ ਨੇ ਇਸ ਨੂੰ ਨਹੀਂ ਪਛਾਤਾ ? ਤਾਂ ਮੈਂ ਕਿਹਾ ਪਛਾਣ ਲਵੇਗੀ ਹੌਲੀ ਹੌਲੀ।

ਜੱਸੀ-ਸੱਚ?

ਧਾਬਲੀ-ਹਾਂ ਸੁਆਣੀ ਸੱਚ। ਮੈਂ ਫੇਰ ਹੋਰਥੋਂ ਬੀ ਪਤੇ ਕੀਤੇ ਹਨ। ਗੱਲ ਠੀਕ ਹੈ। ਅਜ ਭੈੜਾ, ਜਿੰਨਾ ਚਿਰ ਬੈਠਾ ਰਿਹਾ ਹੈ ਤੈਨੂੰ ਨਜ਼ਰ ਹੀ ਲਾਉਂਦਾ ਰਿਹਾ ਹੈ-(ਤ੍ਰਬ੍ਹਕ ਕੇ) ਵੇਖਿਆ ਈ ਹੁਣ ਤੇਰਾ ਚਿਹਰਾ ਟਹਿਕ ਆਇਆ ਹੈ। ਨਜ਼ਰ ਉਤਰ ਗਈ ਏ। ਸ਼ਾਵਾਸ਼ੇ ਮੇਰੀ ਫਟਕੜੀ ਦੇ!

੬.

**ਜੱਸੀ** ਸਾਧਾਂ ਮਹਾਤਮਾ ਨੂੰ ਮਿਲਦੀ ਹੈ, ਪਰ ਹੁਣ ਕੁਛ ਸੰਕੋਚ ਅੰਦਰ ਰੱਖਕੇ ਮਿਲਦੀ ਹੈ। ਉਸ ਦੇ ਅੰਦਰ ਇਕ ਕਵਿ-ਹਿਰਦੇ ਵਾਂਗ ਸੁੰਦਰਤਾ ਦਾ

ਪ੍ਰਭਾਉ ਸੀ, ਜਿਸ ਨਾਲ ਰਲਿਆ ਇਕ ਕੁਆਰਾ ਕੁਆਰਾ ਚਾਉ ਸੀ ਭੋਲੇ ਭਾ ਵਾਲਾ, ਇਕ ਨਿਰਛਲ ਨਿਰਸੰਸੇ ਵਾਲਾ ਭਰੋਸਾ ਸੀ ਹਰ ਇਕ ਦੇ ਸਾਫ ਤੇ ਸੱਚੇ ਹੋਣ ਦਾ। ਹੁਣ ਉਸ ਭਰੋਸੇ ਵਿਚ ਸੰਸੇ ਨੇ ਥਾਂ ਕਰ ਲਈ ਤੇ ਉਸ ਦੀ ਵਰਤੋਂ ਵੇਲੇ ਉਹ ਸੰਸਾ 'ਸੰਗ' ਜੇਹੀ ਬਣ ਗਿਆ। ਪਰ ਉਹ ਅਜੇ ਆਏ ਗਏ ਸਾਧੂ ਨੂੰ ਮਿਲਦੀ ਹੈ। ਜਿਨ੍ਹਾਂ ਆਪਣੇ ਮਤ ਵਾਲਿਆਂ ਨੂੰ ਚੰਗਾ ਜਾਣਦੀ ਹੈ ਉਹਨਾਂ ਨੂੰ ਤਾਂ ਸੰਗ ਰਹਿਤ ਦਿਲ ਨਾਲ ਮਿਲਦੀ ਹੈ, ਪਰਾਂ ਨਵਿਆਂ ਨੂੰ ਅੰਦਰ 'ਸੰਗ' ਤੇ ਬਾਹਰ ਕੁਛ 'ਵਿੱਥ' ਰੱਖਕੇ ਮਿਲਦੀ ਹੈ। ਜੱਸੀ ਨਾਲ ਐਸੇ ਵਰਤਾਉ ਕਿਉਂ ਹੁੰਦੇ ਸਨ? ਕਦੇ ਉਸ ਦੇ ਭਗਤੀ ਭਾਵ ਤੇ ਪ੍ਰੇਮ ਝੁਕਾਉ ਤੋਂ ਲਾਭ ਲੈਣ ਲਈ, ਕਦੇ ਉਸ ਨੂੰ ਮਗਰ ਲਾਉਣ ਲਈ ਕਿ ਇਸ ਦੇ ਚੇਲੀ ਬਣ ਜਾਣ ਨਾਲ ਬਹੁਤ ਹੋਰ ਚੇਲੇ ਬਣਨਗੇ ਤੇ ਕਦੇ ਪਦਾਰਥ ਮੁੱਛਣ ਲਈ ਉਪਰਾਲੇ ਹੁੰਦੇ ਸਨ। ਚਾਹੇ ਉਹ ਬਚ ਹੀ ਜਾਂਦੀ ਰਹੀ ਹੈ, ਪਰ ਇਹ ਬਚਾਉ ਆਪਣੀ ਹੋਸ਼ ਨਾਲ ਹੁੰਦਾ ਰਿਹਾ ਹੈ। ਦੂਜੇ ਪਾਸੇ ਉਸ ਦੀ ਲਗਨ ਜਾਰੀ ਸੀ ਕਿ ਦਰਸ਼ਨ ਕਰਨੇ ਹਨ ਤੇ ਆਪਣਾ ਪੂਜਨ ਨਹੀਂ ਛੱਡਣਾ।

ਮਥੁਰਾ ਦੇ ਤਦੋਂ[੧] ਦੇ ਇਕ ਰਾਮ ਮੰਦਰ ਵਿਚ ਦੱਖਣੀ ਬ੍ਰਾਹਮਨ 'ਰਾਮ ਰਵਨ' ਮੁੱਖ ਪੁਜਾਰੀ ਸੀ, ਇਹ ੨੪ ਘੰਟੇ ਵਿਚ ਆਪਣੀ ਪੂਜਜ ਮੂਰਤੀ ਦੇ ਸਰੀਰ ਕ੍ਰਿਆ ਦੇ ਕੌਤਕ ਕਰਦੇ ਰਹਿਣ ਵਿਚ ਨਿਪੁੰਨ ਸੀ। ਆਦਮੀ ਉਂਵ ਵੀ ਚੰਗਾ ਸੀ, ਆਚਰਨ ਬੀ ਪਵਿੱਤ੍ਰ ਸੀ। ਮੂਰਤੀ ਪੂਜਨ ਤੇ ਕਰਮ ਕਾਂਡੀ ਇਸ ਦਾ ਮਤ ਸੀ। ਜੱਸੀ ਦਾ ਇਸ ਵਿਚ ਵਿਸ਼ਵਾਸ਼ ਸੀ। ਇਕ ਦਿਨ ਉਹ ਉਚੇਚੇ ਕਰਕੇ ਤੇ ਆਪਣੇ ਖਿਆਲ ਦੇ ਵਿਰੁੱਧ ਠਾਕੁਰ ਦੀ ਪੂਜਾ ਦਾ ਨਾਗਾ ਪਾਕੇ ਬੀ ਆਗਰੇ ਆਇਆ। ਆਗਰਾ ਤਦੋਂ ਅੱਜ ਵਾਲਾ ਆਗਰਾ ਨਹੀਂ ਸੀ ਤੇ ਨਾ ਤਾਜ ਮਹਲ ਦਾ ਰੋਜ਼ਾ ਓਥੇ ਬਣਿਆ ਸੀ, ਪਰ ਤਾਂ ਬੀ ਖ਼ਾਸੀ ਰੌਣਕ ਦਾ ਸ਼ਹਿਰ ਸੀ। ਰਾਮ ਰਵਨ ਮਾਈ ਦੇ ਘਰ ਆਇਆ। ਮਾਈ ਬੜੇ ਸਤਿਕਾਰ ਨਾਲ ਮਿਲੀ ਤੇ ਗਲ ਬਾਤ ਛਿੜੀ ਵਿਚ ਉਸ ਨੇ ਸਾਰੇ ਆਪਣੇ ਤਜਰਬੇ ਸੁਣਾਏ। ਰਾਮ ਰਵਨ ਫ਼ਿਕਰ ਵਿਚ ਪੈ ਗਿਆ। ਫੇਰ ਕੁਛ ਹੋਰ ਸੋਚ ਵਿਚ ਚਲਾ ਗਿਆ। ਛੇਕੜ ਕਹਿਣ ਲਗਾ: ਬੀਬੀ, ਮੂਰਤੀ ਪੂਜਾ ਵਾਲਾ, ਜੋ ਕਿਸੀ ਕੋ ਨਾ ਮਿਲੇ, ਤੋ ਬਚਾਉ ਮੈਂ ਰਹਿਤਾ ਹੈ।- ਹਾਂ....ਹਾਂ.... ਤੁਮ ਕੋ ਜੋ ਦਰਸ਼ਨ ਕੀ ਲਗਨ ਹੈ ਠਾਕੁਰ ਪੂਰੀ ਕਰੇ। ਆਪਣੇ ਇਸ਼ਟ ਦੇਵ ਕੇ ਪ੍ਰੇਮ ਮੇਂ ਸਾਵਧਾਨ ਰਹੋ, ਪਰ ਮਾਨੁਖ ਮੇਂ ਵਿਸ਼ਵਾਸ਼ ਬੁਧੀਮਤਾ ਸੇ ਕਰਨਾ। ਕਿਆ ਕੋਈ ਦੂਸਰੇ ਇਸ਼ਟ ਕਾ ਬੀ ਸਾਧੂ ਆਇਆ ਥਾ?

ਜੱਸੀ-(ਸੋਚ ਕੇ)-ਆਪ ਦਾ ਭਾਵ ਹੈ ਕ੍ਰਿਸ਼ਨ ਉਪਾਸਕ ਤੋਂ?

ਰਾਮ ਰਵਨ-ਰਾਮ ਰਾਮ ਰਾਮ! ਅਪਨੇ ਇਸ਼ਟ ਕੇ ਬਿਨਾਂ ਪਰ-ਇਸ਼ਟ ਕਾ ਨਾਮ ਰਸਨਾ ਪਰ ਨਾ ਲਾਓ। ਧਨੁਖ ਬਾਨ ਵਾਲੇ ਕੇ ਪ੍ਰੇਮ ਮੇਂ ਰਹੋ। ਮੁਰਲੀ ਵਾਲੇ ਕੇ ਪ੍ਰੇਮ ਮੇਂ ਨਾ ਜਾਓ।

ਜੱਸੀ-ਤਾਂ ਉਹੋ ਗੱਲ ਹੈ ਨਾ। ਹਾਂ ਜੀ, ਆਇਆ ਸੀ ਇਕ ਓਸ ਮਤ ਦਾ ਆਦਮੀ। ਉਹ ਲਗਦਾ ਤਾਂ ਚੰਗਾ ਸੀ, ਆਖਦਾ ਸੀ ਤੇਰੇ ਵਿਚ ਸਭ ਕੁਛ ਹੈ: ਭਗਤੀ, ਪ੍ਰੇਮ, ਪੂਜਨ, ਪਵਿੱਤਤ੍ਰਾ, ਪਰੰਤੂ ਕਸਰ ਹੈ ਤਾਂ ਤੇਰੀ ਪੂਜਜ ਮੂਰਤੀ ਵਿਚ, ਤੂੰ ਮੁਰਲੀ ਮਨੋਹਰ ਦੀ ਮੂਰਤੀ ਦਾ ਪੂਜਨ ਕਰ। ਹੈ ਤਾਂ ਗਲ ਪਿਛੋਂ ਇਕੋ, ਪਰ ਉਸ ਮੂਰਤੀ ਵਾਲਾ ਭਗਤੀ ਨੂੰ ਛੇਤੀ ਥਾਂ ਪਾਉਂਦਾ ਹੈ ਅਰ ਪ੍ਰਤੱਖ ਜਲਦੀ ਹੁੰਦਾ ਹੈ। ਦੇਖ ਖਾਂ ਸ੍ਰੀ ਜੈ ਦੇਵ ਸੁਆਮੀ ਜੀ, ਜੋ ਆਦਿ ਭਗਤ ਹਨ, ਇਕ ਦਿਨ ਆਪਣੇ ਗੀਤ ਗੋਬਿੰਦ ਲਿਖਦੇ ਲਿਖਦੇ ਇਕ ਸਲੋਕ ਲਿਖਣ ਵੇਲੇ ਸੰਸੇ ਵਿਚ ਆਕੇ ਬਾਹਰ ਚਲੇ ਗਏ। ਮਗਰੋਂ ਸ੍ਰੀ ਕ੍ਰਿਸ਼ਨ ਜੀ ਨੇ ਮਨੁੱਖ ਰੂਪ ਧਾਰਕੇ-ਹੂਬਹੂ ਜੈ ਦੇਵ ਵਰਗਾ-ਉਸ ਦੇ ਘਰ ਫੇਰਾ ਪਾਇਆ ਤੇ ਉਸ ਦੇ ਕਾਗਜ਼ਾਂ ਪੁਰ ਇਕ ਸ਼ਲੋਕ ਰਚ ਕੇ ਆਪ ਲਿਖ ਕੇ ਚਲੇ ਗਏ। ਕਦੇ ਕਲਜੁਗ ਵਿਚ ਕੋਈ ਹੋਰ ਦੇਵਤਾ ਪ੍ਰਗਟ ਹੋਇਆ ਸੁਣਿਆਂ ਜੇ, ਜੋ ਇਸ ਤਰ੍ਹਾਂ ਦਾ ਪਤੀਆ ਦੇ ਗਿਆ ਹੋਵੇ? ਮੈਂ ਕਿਹਾ: ਤੁਸੀਂ ਸੱਚ ਆਖਦੇ ਹੋ, ਪਰ ਮੇਰੀ ਉਮਰ ਬੀਤ ਗਈ ਹੈ ਧਨੁਸ਼ ਬਾਣ ਵਾਲੀ ਮੂਰਤੀ ਦੇ ਪੂਜਨ ਵਿਚ, ਹੁਣ ਆਪਣੇ

[੧] ਇਸ ਸਮੇਂ ਮਗਰੋਂ ਮਥੁਰਾ ਕਈ ਵੇਰ ਲੁੱਟੀ, ਢਾਹੀ ਤੇ ਕਤਲਾਮੀ ਗਈ ਹੈ।

ਪੂਜਨ ਨੂੰ ਬਦਲਣਾ ਕਠਨ ਹੈ। ਇਸ ਤਰ੍ਹਾਂ ਦੇ ਇਕ 'ਹੋਰ ਆਏ ਸਨ, ਉਹ ਆਖਦੇ ਸਨ ਕਿ ਸਿੱਧੀ ਕ੍ਰਿਸ਼ਨ ਮੂਰਤੀ ਦੇ ਪੂਜਨ ਵਿਚ ਹੀ ਹੈ ਤੇ ਬਾਲ ਕ੍ਰਿਸ਼ਨ ਦੀ ਮੂਰਤੀ ਦੇ ਪੂਜਨ ਵਿਚ ਹੈ। ਮੈਂ ਅਚਰਜ ਹੋਕੇ ਪੁੱਛਿਆ ਕਿ ਬਾਲਕ੍ਰਿਸ਼ਨ ਜੀ ਕੋਈ ਹੋਰ ਹੋਏ ਹਨ?

ਜਿਸ ਜਿਸ ਵੇਲੇ ਜੱਸੀ 'ਕ੍ਰਿਸ਼ਨ' ਪਦ ਮੂੰਹੋਂ ਉਚਾਰਦੀ ਸੀ, ਰਾਮ ਰਵਨ ਜੀ ਇਕ ਵੇਰ ਕੰਨਾਂ ਵਿਚ ਉਂਗਲਾਂ ਦੇ ਕੇ ਰਾਮ ਰਾਮ ਕਹਿ ਲੈਂਦੇ ਸਨ ਫੇਰ ਅਗੋਂ ਗੱਲ ਸੁਣਦੇ ਸਨ।

ਜੱਸੀ-ਤਾਂ ਉਹ ਕਹਿਣ ਲਗੇ ਕਿ ਸ੍ਰੀ ਕ੍ਰਿਸ਼ਨ ਜੀ ਤਾਂ ਉਹੋ ਹਨ, ਪਰ ਅਸੀਂ ਉਹਨਾਂ ਦੀ ੧੨ ਬਰਸ ਤਕ ਦੀ ਵਰੇਸ ਦਾ ਪੂਜਨ ਕਰਦੇ ਹਾਂ। ਮੈਂ ਅਚਰਜ ਹੋਕੇ ਪੁੱਛਿਆ: ਇਸ ਦਾ ਕਾਰਣ ਕੀ ਹੈ ਕਿ ਇਕੋ ਵਯਕਤੀ ਦੀ ਇਕ ਅਵਸਥਾ ਦਾ ਤਾਂ ਪੂਜਨ ਕਰਨਾ ਤੇ ਬਾਕੀ ਨੂੰ ਛਡ ਦੇਣਾ। ਓਹ ਜ਼ਰਾ ਮੁਸਕ੍ਰਾਏ ਤੇ ਕਹਿਣ ਲਗੇ: ਕਈ ਕਾਰਣ ਹਨ, ਪਰ ਮੁੱਖ ਕਾਰਣ ਇਹ ਹੈ ਕਿ ਬਾਲਕ ਦੀ ਪ੍ਰਸੰਨਤਾ ਸੁਲਭ ਹੁੰਦੀ ਹੈ। ਉਹ ਥੋੜੇ ਪ੍ਰੇਮ ਨਾਲ ਦਇਆ ਕਰ ਦੇਂਦਾ ਹੈ।

ਲਓ ਭਗਤ ਜੀ! ਇਹ ਗੱਲ ਮੇਰੇ ਦਿਲ ਲਗੀ ਤੇ ਮੈਂ ਕਿਹਾ ਐਤਕੀਂ ਜਦ ਤੁਸੀਂ ਮਿਲੋਗੇ ਤਾਂ ਕਹਾਂਗੀ ਕਿ ਤੁਸੀਂ ਮੈਨੂੰ ਕੋਈ ਸ੍ਰੀ ਰਾਮ ਜੀ ਦੀ ਬਾਲ-ਮੂਰਤੀ ਲੈ ਦਿਓ।

ਰਾਮ ਰਵਨ ਸੁਣਕੇ ਹੱਸ ਪਏ ਤੇ ਕਹਿਣ ਲੱਗੇ ਪਰ-ਇਸ਼ਟ ਵਾਲੇ ਸਾਧੂ ਕਾ ਸੰਗ ਕੁਸੰਗ ਤੁਲਯਾ ਹੈ ਬੇਟਾ! ਲਗੇ ਰਹੋ ਅਪਨੇ ਕਾਮ ਮੇਂ। ਘਬਰਾਉ ਨਹੀਂ। ਕੋਈ ਔਰ ਅੰਨਯ ਮਤਾਵਲੰਬੀ ਬੀ ਆਇਆ ਥਾ?

ਜੱਸੀ-ਜੀ ਇਕ ਮਾਈ ਆਈ ਸੀ, ਉਹ ਬੰਗਾਲ ਦੀ ਸੀ। ਉਹ ਸ਼ਕਤੀ ਨੂੰ ਪੂਜਦੀ ਸੀ ਤੇ ਮੈਨੂੰ ਆਖਦੀ ਸੀ ਸੋ ਪਰਮਾਤਮਾ ਹੈ ਸੋ ਸ਼ਿਵ ਰੂਪ ਹੈ। ਸ਼ਿਵ ਕੀ ਸ਼ਕਤੀ ਸਭ ਕਾਮ ਕਰਤੀ ਹੈ, ਉਹ ਆਪ ਤੋ ਨਿਰਗੁਨ ਰੂਪ ਵਿਆਪਕ ਹੈ। ਸ਼ਕਤੀ ਕਾ ਪੂਜਨ ਕਰਨਾ ਚਾਹੀਏ! ਸ੍ਵਾਮੀ ਜੀ! ਉਹਨਾਂ ਵਿਚ ਤਾਂ ਮਾਸ ਦਾ ਬੀ ਤਿਆਗ ਨਹੀਂ, ਮੈਂ ਤਾਂ ਏਸੇ ਗੱਲ ਤੋਂ ਉਦਾਸ ਹੋ ਗਈ ਕਿ ਹੈਂ ਸ਼ਕਤੀ ਜੀਵ ਹਿੰਸਾ ਤੋਂ ਅਪ੍ਰਸੰਨ ਨਹੀਂ ਹੁੰਦੀ? ਤਾਂ ਉਹ ਕਹਿਣ ਲੱਗੀ ਕਿ ਉਤਪਤ ਤੇ ਪਰਲੈ ਦੁਇ ਉਸ ਦੇ ਕੰਮ ਹਨ। ਗੱਲਾਂ ਤਾਂ ਓਹ ਕਰਦੀ ਸੀ ਕਈ ਪਤੇ ਦੀਆਂ, ਪਰ ਸ੍ਵਾਮੀ ਜੀ! ਮੈਨੂੰ ਉਸ ਦੀ ਦੱਸੀ ਧਿਆਨ ਮੂਰਤੀ ਤੋਂ ਭੈ ਲਗਦਾ ਸੀ। ਉਹ ਟੁਰ ਗਈ ਜੁਆਲਾ ਮੁਖੀ ਨੂੰ, ਲਾਹੌਰ ਦੇ ਸਮੀਪ ਕਾਂਗੜੇ ਦੇ ਪਰਬਤ ਵਿਚ।

ਰਾਮ ਰਵਨ-ਬੇਟਾ ਛੋੜ ਦੇ ਮਤ ਮਤਾਂਤਰੋਂ ਕੇ ਸਾਧੂਓਂ ਕੋ ਮਿਲਨਾ, ਏਕ ਕੇ ਹੋ ਰਹਿਣਾ ਸਰੇਸ਼ਟ ਹੈ। ਦੂਸਰੇ ਮਤ ਵਾਲੇ ਸਾਧੂ ਬੀ ਹਰ ਜੀਵ ਕੋ ਅਪਣੇ ਇਸ਼ਟ ਦੇਵ ਕੇ ਨਿਸਚੇ ਸੇ ਹਿਲਾ ਦੇਤੇ ਹੈਂ, ਹਿਲਤੇ ਰਹਿਨੇ ਸੇ ਕਾਰਯ ਕੀ ਸਿੱਧੀ ਪ੍ਰਾਪਤ ਨਹੀਂ ਹੋਤੀ। ਅਬ ਨਾ ਮਿਲਾ ਕਰੋ ਅਪਨੇ ਮਤ ਕੇ ਸਾਧੂਓਂ ਕੇ ਸਿਵਾ ਕਿਸੀ ਕੋ। ਦੂਸਰੀ ਬਾਤ ਯਹ ਕਰੋ ਕਿ ਜਿਸ ਮੂਰਤੀ ਕਾ ਪੂਜਨ ਕਰਤੇ ਹੋ ਵੁਹ ਛੋਟੀ ਹੈ, ਵੋਹ ਤੁਮਾਹੇ ਬਾਲਪਨੇ ਕੇ ਲੀਏ ਠੀਕ ਥੀ। ਅਬ ਹਮ ਤੁਮ ਕੋ ਏਕ ਪਾਸ਼ਾਣ ਕੀ ਬੜੀ ਮੂਰਤੀ ਭੇਜੇਂਗੇ, ਇਸ ਕੋ ਸਥਾਪਨ ਕਰਨੇ ਕੋ ਹਮ ਆਪ ਆਏਂਗੇ। ਵਿਧੀ ਸੰਯੁਕਤ ਸਥਾਪਨ ਕਰੇਂਗੇ। ਵਹੁ ਮੂਰਤੀ ਬੜੀ ਦਿਬਯ ਹੈ। ਉਸ ਕੇ ਪੂਜਨ ਧਿਆਨ ਸੇ ਤੁਮਾਰੇ ਹਿਰਦੇ ਮੇਂ ਆਕਰਖਣ ਹੋਗਾ, ਔਰ ਆਨੰਦ ਰਹੋਗੇ। ਜੱਸੀ ਨੇ ਸਤਿਬਚਨ ਆਖਿਆ। ਇਸ ਤਰ੍ਹਾਂ ਅਪਣੇ ਇਸ਼ਟ ਦੇਵ ਦੇ ਪੂਜਨ ਵਿਚ ਬੀਬੀ ਨੂੰ ਪ੍ਰਪੱਕ ਕਰਕੇ ਰਾਮ ਰਵਨ ਜੀ ਰਮਤੇ ਰਹੇ। ਕੁਛ ਦਿਨਾਂ ਮਗਰੋਂ ਇਕ ਬਸਤਰਾਂ ਦੇ ਪਲੰਦੇ ਵਿਚ ਮੂਰਤੀ ਨੂੰ ਲੁਕਾਕੇ-ਮੁਸਲਮਾਨਾਂ ਦੇ ਭੈ ਤੋਂ ਡਰਦੇ-ਬੀਬੀ ਦੇ ਘਰ ਲੈ ਆਏ। ਪੁਰਾਤਨ ਪਿੱਤਲ ਦੀ ਮੂਰਤੀ ਦੀ ਮਰਜੰਗੀ ਉਸੇ ਦਲਾਨ ਵਿਚ ਉੱਚੇ ਥਾਉਂ ਪਰ ਧਰ ਦਿੱਤੀ ਤੇ ਉਸੇ ਥੜੇ ਤੇ ਇਸ ਮੂਰਤੀ ਨੂੰ ਵਿਧੀ ਸੰਯੁਕਤ ਸਥਾਪਨ ਕਰ ਦਿੱਤਾ। ਰਾਮ ਰਵਨ ਨੇ ਹੁਣ ਬੀਬੀ ਨੂੰ ਦ੍ਰਿੜਤਾ ਦਾ ਉਪਦੇਸ਼ ਦਿੱਤਾ ਤੇ ਕਿਹਾ ਕਿ ਤੂੰ ਭਗਤ ਹੈਂ ਨਿਜ ਕੋ ਉੱਤਮ ਕਰਕੇ ਮਾਨ। ਹਰ ਸਾਧੂ ਕੋ ਪੂਜਨ ਯੋਗ ਨਾ ਮਾਨਾ ਕਰ, ਅੰਨਯਮਤੀ ਸਾਧੂ ਕਾ ਸਤਿਸੰਗ ਨਾ ਕੀਆ ਕਰ।

ਸਚਮੁਚ ਇਹ ਮੂਰਤੀ ਅਪਣੇ ਕਲਾ ਕੌਸਲ ਦੀ ਵਿਦਯਾ ਮੂਜਬ ਇਕ ਨਮੂਨਾ ਸੀ ਕੋਮਲ

ਉਨਰੀ ਦਾ। ਮੂਰਤੀ ਸੰਗਮਰਮਰ ਦੀ ਸੀ ਤੇ ਰੰਗ ਬੀ ਚੜ੍ਹੇ ਸਨ, ਚਿਹਰੇ ਤੇ ਰੰਗ ਸਾਂਵਲੀ ਭਾ ਦਾ ਸੀ, ਨੈਣ ਸੁਹਣੇ ਕਿਸੇ ਅਰਥ ਨੂੰ ਲੈਕੇ ਬਣਾਏ ਗਏ ਸਨ। ਧਨੁਖ ਬਾਣ ਮੋਢੇ ਤੇ ਸੀ, ਪਰ ਚਿਹਰੇ ਤੇ ਹੱਥਾਂ ਦਾ ਰੌ ਐਦਾਂ ਦਾ ਸੀ ਕਿ ਕਿਸੇ ਭਗਤ ਉਤੇ ਦਇਆਲ ਹੋਕੇ ਅਸੀਸ ਦੇ ਰਹੇ ਹਨ। ਜੱਸੀ ਦੇ ਨੈਣ ਇਹ ਪ੍ਰਭਾਵ ਦੇਖਕੇ ਮੋਹੇ ਗਏ, ਸਮਝੀ ਕਿ ਸਚ ਮੁਚ ਇਹ ਮੂਰਤੀ ਜ਼ਰੂਰ ਦਰਸ਼ਨ ਕਰਾ ਦੇਵੇਗੀ। ਰਾਮ ਰਵਨ ਜੀ ਨੇ ਆਪਣੇ ਖਿਆਲ ਤੋਂ ਤਾਂ ਅਪਣੇ ਇਸ਼ਟ ਮੁਜਬ ਠੀਕ ਕੀਤਾ, ਪਰ ਉਹਨਾਂ ਨੂੰ ਇਹ ਥਹੁ ਨਹੀਂ ਸੀ ਕਿ ਜੱਸੀ ਦੇ ਅੰਦਰ ਕਿਸੇ ਚੇਤਨ ਦੇ ਦਰਸ਼ਨਾਂ ਦੀ ਸਿੱਕ ਹੈ ਤੇ ਮੂਰਤੀ ਪੂਜਨ ਤੋਂ 'ਇਹ' ਇਹ ਸਮਝਦੀ ਹੈ ਕਿ ਉਹ ਜੀਵਨ ਵਾਲਾ ਮੂਰਤੀ ਵਿਚ ਆਕੇ ਮੂਰਤੀ ਨੂੰ ਸਜੀਵ ਕਰ ਦੇਂਦਾ ਹੈ। ਹੁਣ ਜੱਸੀ ਨੂੰ ਉਹ ਸੁਆਦ ਆਉਂਦਾ ਹੈ ਜੋ ਕਿਸੇ ਕੋਮਲ ਉਨਰੀਏ ਦੇ ਕਮਾਲ ਨਾਲ ਬਣੀ ਮੂਰਤੀ ਦੇਖ ਕੇ ਆਉਂਦਾ ਹੈ, ਪਰ ਉਹ ਉਸ ਨੂੰ ਮੂਰਤ ਦੀ ਸ਼ਕਤੀ ਸਮਝਦੀ ਹੈ। ਰਾਮ ਰਵਨ ਨੇ ਇਹ ਸ਼ੈ ਕੋਈ ਪੁਰਾਤਨ ਕਿਤੋਂ ਲੱਭੀ ਸੀ ਕਿ ਜਦੋਂ ਹਿੰਦ ਵਿਚ ਬੁਤ ਤਰਾਸ਼ੀ ਦਾ ਉਨਰ ਕਮਾਲ ਤੇ ਹੁੰਦਾ ਸੀ ਤੇ ਜਿਨ੍ਹਾਂ ਦੇ ਰਹੇ ਖਹੇ ਸਾਮਾਨਾਂ ਦੀ ਕਾਰੀਗਰੀ ਨੂੰ ਦੇਖ ਦੇਖਕੇ ਜਗਤ ਦੇ ਕਲਾ ਕੌਸਲੀਏ ਅਜ ਅਸਚਰਜ ਹੁੰਦੇ ਹਨ। ਖ਼ੈਰ, ਰਾਮ ਰਵਨ ਦੀ ਜੁਗਤ ਕੁਛ ਕਾਰਗਰ ਪੈ ਗਈ, ਜੱਸੀ ਹੁਣ ਅੰਨਜਮਤੀ ਸਾਧੂਆਂ ਨੂੰ ਨਹੀਂ ਮਿਲਦੀ, ਕੇਵਲ ਰਾਮ ਉਪਾਸਕ ਬੈਰਾਗੀਆਂ ਨੂੰ ਹੀ ਮਿਲਦੀ ਹੈ। ਉਹ ਆਪਣੇ ਆਪ ਨੂੰ ਹੁਣ ਉੱਚਾ ਸ਼੍ਰੇਸ਼ਟ ਬੀ ਮੰਨਦੀ ਹੈ, ਜਿਵੇਂ ਰਾਮਰਾਵਨ ਨੇ ਕਿਹਾ ਸੀ। ਇਸ ਨਾਲ ਉਸ ਦੇ ਜੀ ਵਿਚ ਕੁਛ ਅਹੰ ਦੀ ਸੁਰਤ ਬੀ ਹੋ ਆਈ ਹੈ ਤੇ ਨਿਜ ਨੂੰ ਉੱਤਮ ਜਾਣਦੀ ਹੈ। ਹੁਣ ਉਹ ਪੂਜਨ ਕਰਦੀ ਹੈ ਤੇ ਮੂਰਤ ਦੀ ਸੁੰਦਰਤਾ ਨਾਲ ਮੋਹਿਤ ਹੋ ਹੋ ਜਾਂਦੀ ਹੈ, ਬੀਨਾਂ ਲੈਕੇ ਭਜਨ ਗਾਉਂਦੀ ਹੈ, ਪਰ ਉਹ ਅੰਦਰਲੀ ਅਗਨ, ਕਿ ਮੂਰਤਿ ਦੇ ਸਾਖਯਾਤ ਜੀਵਤ ਰੂਪ ਵਿਚ ਦਰਸ਼ਨ ਹੋਣ, ਮਿਟਦੀ ਨਹੀਂ। ਮਾਈ ਨੇਕ ਸੀ, ਉਪਕਾਰੀ ਸੀ, ਪੂਜਨ ਵਾਲੀ ਮੰਨੀ ਜਾਂਦੀ ਸੀ, ਭਜਨ ਗਾਉਂਦੀ ਸੀ, ਇਸ ਕਰਕੇ ਸ਼ਹਿਰ ਦੀਆਂ ਕੁਛ ਮਾਈਆਂ ਦਾ ਪਰਚਾ ਪੈ ਗਿਆ ਸੀ ਇਸ ਪਾਸ ਆਉਣ ਜਾਣ ਤੇ ਸਤਿਸੰਗ ਕਰਨ ਦਾ। ਇਸ ਰੰਗ ਵਿਚ ਸਮਾਂ ਬੀਤਦਾ ਗਿਆ ਤੇ ਮਾਈ ਹੁਣ ਬੁਢਾਪੇ ਵਿਚ ਪੈਰ ਰੱਖ ਖੜੋਤੀ।

੨.

**ਇਕ** ਦਿਨ ਮਾਈ ਮੂਰਤੀ ਦੇ ਅੱਗੇ ਬੈਠੀ ਭਜਨ ਗਾਉਂ ਰਹੀ ਸੀ:-ਕਿ ਧਾਬਲੀ ਕੋਈ ਕੰਮ ਕਰਨ ਗਈ ਹੋਈ ਬਜ਼ਾਰੋਂ ਘਰ ਮੁੜਕੇ ਆਈ ਤਾਂ ਕੀਹ ਦੇਖੇ ਕਿ ਜੱਸੀ ਬੀਨਾਂ ਵਜਾਉਂਦੀ ਤੇ ਗਾਉਂਦੀ ਚੁਪ ਹੁੰਦੀ ਜਾਂਦੀ ਹੈ। ਛੇਕੜ ਉਂਗਲੀਆਂ ਖੜੋ ਗਈਆਂ ਤੇ ਹੱਥ ਹੇਠਾਂ ਢੈ ਪਏ ਤੇ ਮੂਰਤੀ ਵ੍ਰਤੂ ਅਚੱਲ ਹੋਈ ਜੱਸੀ ਬੈਠੀ ਰਹੀ, ਕਿਤਨਾ ਚਿਰ ਇਸੇ ਤਰ੍ਹਾਂ, ਉਸ ਥਾਵੇਂ। ਧਾਬਲੀ ਅਜ ਕਾਹਲੀ ਸੀ ਕੁਛ ਕਹਿਣ ਨੂੰ ਪਰ ਸੁਣਨ ਵਾਲੇ ਕੰਨ ਉਸ ਨੇ ਬੇਤਿਆਰ ਪਾਏ। ਸੋ ਧਾਬਲੀ ਉਸ ਦੇ ਮੂੰਹ ਵਲ ਧਿਆਨ ਬੰਨ੍ਹ ਕੇ ਤੱਕਦੀ ਕੁਛ ਖੁਸ਼ੀ, ਕੁਛ ਤਰਸ ਤੇ ਕੁਛ ਹਰਿਆਨੀ ਦੇ ਭਾਵ ਵਿਚ ਆਈ ਬੈਠ ਗਈ ਇਕ ਪਾਸੇ। ਕੁਛ ਚਿਰ ਬਾਦ ਜੱਸੀ ਨੂੰ ਲੰਮੇ ਲੰਮੇ ਸਾਹ ਆਏ, ਠੰਢੇ ਠੰਢੇ ਤੇ ਫੇਰ ਨੈਣ ਖੁੱਲ੍ਹੇ। ਫੇਰ ਇਧਰ ਉਧਰ ਤੱਕਕੇ ਧਾਬਲੀ ਡਿੱਠੀਓਸੁ ਤਾਂ ਹੱਥ ਮੂੰਹ ਨਾਲ ਲਾਕੇ ਇਸ਼ਾਰਾ ਕੀਤੋਸੁ ਜੋ ਧਾਬਲੀ ਸਮਝ ਗਈ ਤੇ ਛੇਤੀ ਨਾਲ ਜਾਕੇ ਥੋੜਾ ਗਰਮ ਦੁੱਧ ਲੈ ਆਈ ਜੋ ਜੱਸੀ ਨੇ ਘੁੱਟ ਘੁੱਟ ਕਰਕੇ ਪੀਤਾ। ਸਰੀਰ ਵਿਚ, ਜੋ ਸਵੇਰ ਦਾ ਬੈਠਾ ਬੈਠਾ ਠੰਢ ਨਾਲ ਜਕੜ ਗਿਆ ਸੀ, ਨਿੱਘ ਫਿਰੀ, ਤਦ ਉੱਠਕੇ ਆਪਣੇ ਆਰਾਮ ਵਾਲੇ ਥਾਂ ਚਲੀ ਗਈ ਤੇ ਜਾਂਦੇ ਸਾਰ ਸੌਂ ਗਈ। ਜਦੋਂ ਦੁਪਹਿਰ ਤੋਂ ਕੁਛ ਪਹਿਲੇਂ ਉੱਠੀ ਤਾਂ ਧਾਬਲੀ ਨੇ ਭੋਜਨ ਖੁਲਾਯਾ ਤੇ ਫੇਰ ਆਖਣ ਲੱਗੀ ਕਿ ਮੈਂ ਤੁਸਾਂ ਨਾਲ ਇਕ ਗੱਲ ਕਰਨੀ ਹੈ।

ਜੱਸੀ-ਰੋਟੀ ਖਾ ਲੈ, ਚੌਂਕਾ ਸਾਂਭ ਲੈ, ਫੇਰ ਚੁਬਾਰੇ ਵਿਚ ਆ ਜਾਹ, ਮੈਂ ਉਪਰ ਚੱਲੀ ਹਾਂ।

ਕੁਛ ਚਿਰ ਪਿਛੋਂ ਧਾਬਲੀ ਚੁਬਾਰੇ ਆ ਗਈ ਤੇ ਕਹਿਣ ਲੱਗੀ, ਸ੍ਵਾਮਨਿ! ਵੇਖ ਜਿਸ ਨੂੰ ਤੂੰ ਰੋਂਦੀ ਸੈਂ ਆ ਗਿਆ ਈ।

ਜੱਸੀ-(ਤ੍ਰਭ੍ਰਕਕੇ, ਚੁਫੇਰੇ ਵੇਖਕੇ)-ਕਿੱਥੇ, ਕੌਣ? ਇਹ ਕਹਿੰਦਿਆਂ ਇਕ ਕੰਬਣੀ ਲੂਆਂ ਚੋਂ ਲੰਘ ਗਈ।

ਧਾਬਲੀ-ਕੌਣ, ਨਹੀਂ ਮੈਨੂੰ ਪਤਾ, ਬਾਹਰ ਇਕ ਥਾਵੇਂ ਇਕ ਬੈਠਾ ਹੈ, ਤੂੰ ਤਾਂ ਸਾਧ ਹੀ ਆਖੇਂਗੀ, ਪਰ ਉਹ ਹਈ ਉਹ ਕੁਛ ਜੋ ਤੂੰ ਕਹਿੰਦੀ ਏਂ ਹੁੰਦਾ ਏ ਦਿਲ ਦੀ ਆਪੇ ਜਾਣ ਲੈਣ ਵਾਲਾ।

ਜੱਸੀ-ਮੂਰਖ! ਤੈਨੂੰ ਕੀਹ ਪਤਾ ਏ ਇਨ੍ਹਾਂ ਗੱਲਾਂ ਦਾ!

ਧਾਬਲੀ-ਮੂਰਖ ਨੂੰ ਠੀਕ ਕੁਛ ਨਹੀਂ ਪਤਾ, ਪਰ ਪਿਆਰ ਨੂੰ ਪਤੇ ਪੈ ਜਾਂਦੇ ਨੇ (ਚੁਟਕੀ ਮਾਰਕੇ), ਹਾਂ ਪਿਆਰ ਨੂੰ ਪਤੇ ਪੈ ਜਾਂਦੇ ਹਨ।

ਜੱਸੀ-ਖੋਹਲ ਕੇ ਗਲ ਦੱਸ।

ਧਾਬਲੀ-ਇਕ ਆਇਆ ਬੈਠਾ ਏ ਕੋਈ ਬਾਹਰ ਪੁਰਾਣੀ ਨਿੰਮ ਦੀ ਛਾਵੇਂ ਡਾਢਾ ਚੰਗਾ ਲਗਦਾ ਏ। ਜਿੰਨੇ ਤੁਸਾਂ ਕੋਲ ਆਏ ਕੋਈ ਉਸ ਦੀਆਂ ਤਲੀਆਂ ਜੇਹਾ ਨਹੀਂ, ਨੈਣਾਂ ਜੇਹਾ ਤਾਂ ਕਿੱਥੋਂ ਲੱਭਣਾਂ ਏ। ਚੱਲ ਉਸ ਨੂੰ ਮਿਲ। ਏਹ ਰੋਣ ਛੁਟ ਜਾਣ ਤੇ ਤੇਰੇ ਦੀਦੇ ਬਚ ਰਹਿਣ।

ਜੱਸੀ-ਹੁਣ ਹਾਂਭ ਮੁੱਕ ਚੁਕੀ ਹੈ, ਕਿਸੇ ਪਾਸ ਨਹੀਂ ਜਾਣਾ, ਬਥੇਰੇ ਦੇਖ ਚੁਕੀ ਹਾਂ ਤੇ ਥੱਕ ਲੱਥੀ ਹਾਂ।

ਧਾਬਲੀ-ਪਰ ਭੁੱਖ ਤਾਂ ਨਹੀਂ ਆ ਨਾ ਲੱਥੀ। ਵਿਲੂੰ ਵਿਲੂੰ ਤਾਂ ਓਸੇ ਤਰ੍ਹਾਂ ਕਰਦੀ ਏਂ ਨਾ!

ਜੱਸੀ-ਜਾਹ ਹੁਣ ਸੌਣ ਦੇਹ ਰਤਾ।

ਧਾਬਲੀ-ਚੰਗਾ, ਜਾਨੀ ਆਂ। (ਜਾ ਕੇ ਫੇਰ ਮੁੜ ਆਈ) ਮੈਨੂੰ ਦੱਸ ਖਾਂ ਜੇ ਕੋਈ ਮਰ ਜਾਂਦਾ ਏ ਤਾਂ ਮਾਸ ਦਾ ਸਰੀਰ ਸਾਰਾ ਪਿਆ ਹੁੰਦਾ ਏ, ਉਸ ਵਿਚ ਜਾਨ ਮੁੜਕੇ ਨਹੀਂ ਆਉਂਦੀ, ਮੂਰਤੀ ਕੀਕੂੰ ਪਹਿਲਾਂ ਮਾਸ ਦੀ ਬਣੇਗੀ?ਫੇਰ ਜਾਨ ਕੀਕੂੰ ਆਵੇਗੀ ਓਸ ਵਿਚ?

ਜੱਸੀ-ਜਾਹ ਜਾਹ ! ਠਾਕੁਰ ਸਭ ਕੁਛ ਕਰ ਸਕਦਾ ਏ।

ਧਾਬਲੀ-ਫੇਰ ਠਾਕੁਰ ਭਗਤਾਂ ਵਾਸਤੇ ਏਥੇ ਹੀ ਕਿਉਂ ਨਾ ਰਹਿ ਪਿਆ। ਜਦੋਂ ਸੀਗਾ ਮਾਸ ਵਾਲੇ ਸਰੀਰ ਵਾਲਾ ਲੋਕਾਂ ਵਾਂਙੂ; ਤਦੋਂ ਉਹ ਕਿਉਂ ਟੁਰ ਗਿਆ। ਕੀਹ ਸੁ ਪਿਆਰ ਭਗਤਾਂ ਨਾਲ ਐਵੇਂ ਭਗਤ ਰੋ ਰੋ ਮਰਦੇ ਨੇ ਉਹਦੇ ਪਿੱਛੇ। ਆਹ!

ਜੱਸੀ-ਉਹਦੀ ਮਰਜ਼ੀ।

ਧਾਬਲੀ-ਫੇਰ ਤਾਂ ਚਾਹੀਦਾ ਹੈ ਕਿ ਤੇਰੀ ਮਰਜ਼ੀ ਮਰ ਜਾਏ। ਜੇ ਉਹਦੀ ਮਰਜ਼ੀ ਹੋਸੀ ਜਾਣ ਵਿਚ ਤੇ ਮੁੜ ਨਾ ਆਉਣ ਵਿਚ ਤਾਂ ਤੂੰ ਆਪਣੀ ਮਰਜ਼ੀ ਨੂੰ ਫੂਕ, ਉਹਦੀ ਮਰਜ਼ੀ ਵਿਚ ਖੁਸ਼ ਹੋ, ਰੋ ਰੋ ਤਾਂ ਨਾ ਮਰੇਂ।

ਜੱਸੀ (ਤ੍ਰਭ੍ਰਕ ਕੇ)-ਹੈਂ! ਰਾਮ ਰਾਮ; ਮੂਰਖ ਦੇ ਮੂੰਹੋਂ ਕੀਹ ਨਿਕਲਿਆ ਏ?

ਧਾਬਲੀ-ਸੁਣ ਮੂਰਖ ਦੀ ਗੱਲ, ਮਰਜ਼ੀ ਫੇਰ ਹੋ ਆਈ ਸੁ ਤੇ ਆ ਗਿਆ ਈ, ਹੁਣ ਸਾੜ ਆਪਣੀ ਮਰਜ਼ੀ ਨਾ ਜਾਣ ਦੀ।

ਜੱਸੀ (ਹੱਸਕੇ)-ਤੈਨੂੰ ਕੀਹ ਪਤਾ ਏ ਧਾਬਲੀ!

ਧਾਬਲੀ-ਬੇ ਪਤਿਆਂ ਨੂੰ ਲਗਦਾ ਏ ਪਤਾ ਬੇ ਪਤਿਆਂ ਦਾ, ਤੇ ਹੇ ਪਤਿਆਂ ਵਾਲੀਏ! ਹਈ ਪਤਾ ਤਾਂ ਲੱਭ ਲੈ ਸੁ! ਉਮਰਾ ਗੁਆ ਲਈਆ ਰੋ ਰੋ ਕੇ ਦੀਦੇ ਖੋਰੇ ਕਰ ਕਰਕੇ, ਲੱਭ ਲੈ ਸੁ। ....ਹਾਂ ਹੁਣ, ਘੜਾ ਲੈ ਸੋਨੇ ਦੀ ਪ੍ਰਿਤਮਾ'।

ਜੱਸੀ (ਤਮਕ ਕੇ)-ਕੀ ਪਤਾ ਏ ਮੂਰਖ ਤੈਨੂੰ ?

ਧਾਬਲੀ-ਏਨਾਂ ਪਤਾ ਏ ਕਿ ਜੋ ਪਰੀਖਿਆ ਲੈਂਦੀ ਹੁੰਦੀ ਸੈਂ ਸਾਧਾਂ ਦੀ ਤੇ ਕੋਈ ਨਾ ਉਤਰਿਆ ਪੂਰਾ, ਹੁਣ ਆ ਗਿਆ ਏ ਪੂਰਾ ਉਤਰਨ ਵਾਲਾ। ਬੱਸ ਹੋਰ ਕੀ ਪਤਾ ਏ। ਜਿਹੜਾ ਭਗਤਾਂ ਦੇ ਪਰਤਾਵੇ ਝੱਲ ਕੇ ਪੂਰਾ ਉਤਰ ਪਿਆ ਉਹ ਰੱਬ, ਜਿਹੜੇ ਪੂਰੇ ਉਤਰ ਗਏ ਉਸ ਦੇ ਪਰਤਾਵੇ ਵਿਚ ਸੋ ਭਗਤ।

ਜੱਸੀ-ਕਿਹੜਾ ਰੱਬ?

ਧਾਬਲੀ-ਮੈਨੂੰ ਖ਼ਬਰੇ, ਮੈਂ ਸੁਣਿਆਂ ਸੀ ਨਿੱਕੇ ਹੁੰਦਿਆਂ ਕਿ ਰਹਿੰਦਾ ਏ ਉਹ ਨੀਲੇ ਅੰਬਰਾਂ ਦੇ ਉਪਰ ਕੋਈ, ਜੋ ਵਡਾ ਏ ਸਭ ਦਾ।

ਜੱਸੀ-ਬਸ ਏਨੀ ਹਈ ਨਾ ਅਕਲ!

ਧਾਬਲੀ-ਵੱਧ ਅਕਲ ਰੋਣ ਦੀ ਹੈ ਨਾ ਮੂਰਤਾਂ ਅਗੇ ਬਹਿ ਬਹਿ ਕੇ ਸਾਰੀ ਉਮਰਾ, ਨਾ ਕੋਈ ਸੁਣੇ ਨਾ ਵੇਖੇ ਨਾ ਬੋਲੇ, ਨਾ ਆਖੇ ਸ਼ਾਵਾਸ਼ੇ ਤੇ ਨਾ ਆਖੇ ਫਿਟੇ ਮੂੰਹ।

ਜੱਸੀ ਸਹਿ ਨਾ ਸਕੀ ਇਹ ਬੇਸਤਿਕਾਰੀ ਦੇ ਵਾਕ, ਧੱਪਾ ਉਲਾਰਕੇ ਪਈ, ਪਰ ਧਾਬਲੀ ਦੌੜ ਚੁਕੀ ਸੀ ਤੇ ਹੇਠਾਂ ਉਤਰ ਗਈ ਸੀ।

ਜੱਸੀ ਚੁਬਾਰੇ ਵਿਚ ਬੈਠੀ ਸੀ, ਲੇਟ ਗਈ ਤੇ

ਸੌਂ ਗਈ। ਸੌਣੇ ਸਾਰ ਉਸ ਨੂੰ ਸੁਪਨਾ ਆ ਗਿਆ। ਕੀ ਦੇਖਦੀ ਹੈ ਕਿ ਧਾਬਲੀ ਉਸ ਨੂੰ ਮੱਲੋ ਮੱਲੀ ਮੋਢੇ ਤੇ ਚਾਕੇ ਨਿੰਮਾਂ ਦੇ ਬਨ ਵਿਚ ਲੈ ਗਈ ਹੈ ਜਿੱਥੇ ਸਭ ਤੋਂ ਵਡੇ ਨਿੰਮ ਦੇ ਹੇਠ ਕੋਈ ਬੈਠਾ ਹੈ ਚੌਂਕੜੀ ਮਾਰੇ। ਜੱਸੀ ਉਤਾਵਲੀ ਹੋਈ ਦਰਸ਼ਨਾਂ ਲਈ, ਪਰ ਉਸ ਦੇ ਭਾਗਾਂ ਨੂੰ ਉਹ ਚਿੱਟੇ ਚਾਦਰੇ ਦੀ ਬੁਕਲ ਮਾਰਕੇ ਮੂੰਹ ਸਿਰ ਵਲ੍ਹੇਟ ਕੇ ਬੈਠੇ ਹੋਏ ਸਨ। ਜੱਸੀ ਚਾਰ ਚੁਫੇਰੇ ਘੁੰਮੀ, ਕਾਹਲੀ ਹੋਈ ਪਰ ਦਰਸ਼ਨ ਨਾ ਹੋਏ, ਤਾਂ ਉਸ ਨੂੰ 'ਅੰਦਰ ਲੁਕੀ ਦਰਸ਼ਨ ਨ ਹੋ ਸਕਣ ਦੀ ਨਿਰਾਸਤਾ' ਉੱਭਰ ਆਈ ਤੇ ਗੁੱਸਾ ਬਣ ਗਈ, ਜ਼ੋਰ ਦੀ ਧੱਪਾ ਮਾਰਿਓਸੁ ਧਾਬਲੀ ਦੇ ਸਿਰ ਉਤੇ,-ਮੂਰਖ ਕਹਿੰਦੀ ਸੀ, ਚਲੋ ਚਲੋ, ਆਏ ਹਨ, ਦਰਸ਼ਨ ਕਰੋ, ਐਹ ਕਰਾਏ ਨੀ ਦਰਸ਼ਨ? ਧਾਬਲੀ ਨੱਸ ਗਈ ਤੇ ਜੱਸੀ ਦਾ ਧੱਪਾ ਵੱਜਾ ਇਕ ਨਿੰਮ ਦੇ ਤਣੇ ਨਾਲ, ਹੱਥ ਨੂੰ ਹੋਈ ਪੀੜ ਤਾਂ ਉਸ ਦੀ ਜਾਗ ਖੁੱਲ੍ਹ ਗਈ। ਉੱਠ ਕੇ ਦੇਖੇ ਤਾਂ ਨਾ ਨਿੰਮਾਂ ਹਨ ਨਾ ਦਰਸ਼ਨ ਪਰ ਧਾਬਲੀ ਖੜੀ ਹੈ। ਚੰਗੀ ਤਰ੍ਹਾਂ ਹੋਸ਼ ਕਰਕੇ ਜੱਸੀ ਕਹਿਣ ਲਗੀ: ਕਿਉਂ ਆਈਏਂ ਫਿਰ? ਧਾਬਲੀ ਕਹਿਣ ਲਗੀ ਹੇਠਾਂ ਆਇਆ ਹੈ ਪੰਸਾਰੀ, ਕੋਈ ਗੱਲ ਕਰਨੀ ਚਾਹੁੰਦਾ ਹੈ।

ਜੱਸੀ-ਤੂੰ ਚੱਲ ਸੁਫੇ ਵਿਚ ਬਿਠਾ ਸੂ, ਮੈਂ ਆਉਂਦੀ ਹਾਂ। ਥੋੜੀ ਦੇਰ ਮਗਰੋਂ ਜੱਸੀ ਹੇਠਾਂ ਉਤਰੀ ਤੇ ਸੁਫੇ ਵਿਚ ਜਾ ਬੈਠੀ। ਪੰਸਾਰੀ ਨੇ, ਜਿਸ ਨੂੰ ਲੋਕ 'ਕਸਤੂਰੀਆ' ਕਹਿੰਦੇ ਸਨ, ਮੱਥਾ ਟੇਕਿਆ।

ਜੱਸੀ-ਜੀਉਂਦਾ ਰਹੁ, ਜੁਆਨੀਆਂ ਮਾਣੇਂ। ਕੀਕੂੰ ਆਇਆਂ ਹੈਂ ਕਾਕਾ?

ਕਸਤੂਰੀਆ-ਮਾਤਾ ! ਨਿੰਮਾਂ ਵਾਲੇ ਟਿਕਾਣੇ ਕੋਈ ਕੁਛ ਦਿਨਾਂ ਦਾ ਆ ਉਤਰਿਆ ਹੈ ਉਜਾੜ ਵਿਚ, ਲਗਦਾ ਹੈ ਜਿਵੇਂ ਕੋਈ ਤਪੋ ਮੂਰਤੀ ਹੈ, ਪਰ ਤਪੋ ਮੂਰਤੀ ਤਾਂ ਸੁਕੇ ਪਿੰਜਰ ਹੁੰਦੀਆਂ ਹਨ, ਇਹ ਹੈ ਕੋਈ ਤੇਜਮਈ ਪ੍ਰਫੁੱਲਤਾ ਵਾਲੀ ਮੂਰਤੀ। ਦਰਸ਼ਨ ਕਰਕੇ ਠੰਢ ਪੈਂਦੀ ਏ। ਆਪ ਬਚਨ ਕਰਦੇ ਹਨ ਤਾਂ ਜਾਪਦਾ ਹੈ ਮੂਲੋਂ ਕੋਈ ਨਵੀਂ ਖੇਡ ਹੈ। ਕੋਈ ਅਜਿਹੀ ਗਲ ਨਹੀਂ ਕਰਦੇ ਜੋ ਆਮ ਆਏ ਗਏ ਮਹਾਤਮਾ ਲੋਕ ਕਰਦੇ ਹਨ। ਭਜਨ ਗਾਉਂਦੇ ਹਨ ਕੋਈ ਹੋਰਵੇਂ ਰੰਗ ਦੇ, ਪਰ ਮਾਤਾ! ਇਉਂ ਜਾਪਦਾ ਹੈ ਕਿ ਵਗਦੀ ਜਮਨਾ ਬੀ ਖੜੋ ਗਈ ਹੈ ਮਾਨੋ ਸੁਣਨ ਵਾਸਤੇ। ਜੇ ਚਿਤ ਕਰੇ ਤਾਂ ਤੁਸੀਂ ਬੀ ਦੇਖ ਆਓ। ਆਮ ਖੇਡ ਨਹੀਂ ; ਕੋਈ ਖਾਸ ਅਣੋਖੀ ਰਹਸ੍ਯ ਦੀ ਗਲ ਜਾਪਦੀ ਹੈ। ਮੈਂ ਜੈਨੀ ਹਾਂ ਅਸੀਂ ਲੋਕ ਦੂਸਰਿਆਂ ਦੇ ਅੱਗੇ ਘੱਟ ਝੁਕਦੇ ਹਾਂ, ਮੇਰਾ ਸੀਸ ਨੀਉਂ ਗਿਆ ਓਥੇ ਤੇ ਮੈਂ ਮੰਨ ਗਿਆਂ ਹਾਂ ਕਿ ਪਰਮੇਸ਼ੁਰ ਜ਼ਰੂਰ ਹੈ ਤੇ ਏਸ ਸਰੀਰ ਵਿਚੋਂ ਲਾਟਾਂ ਮਾਰਕੇ ਪਿਆ ਆਪ ਆਪਾ ਦਿਖਾਉਂਦਾ ਹੈ। ਹੋਰ ਅਚਰਜ ਦੀ ਗਲ ਹੈ ਕਿ ਮੁਸਲਮਾਨ ਫਕੀਰ ਜੋ ਕਿਸੇ ਹਿੰਦੂ ਅੱਗੇ ਨਹੀਂ ਝੁਕਦੇ ਓਥੇ ਗਏ ਤੇ ਝੁਕੇ ਹਨ। ਕੱਲ ਤਾਂ ਮੈਂ ਬੀ ਕਾਜ਼ੀ ਨੂੰ ਝੁਕ ਕੇ ਸਲਾਮ ਕਰਦਿਆਂ ਡਿੱਠਾ ਹੈ।

ਜੱਸੀ-ਕਿਸ ਮਤ ਦਾ ਹੈ?

ਕਸਤੂਰੀਆ-ਮਾਤਾ! ਕਾਰਕ ਜਾਪਦਾ ਹੈ ਆਪ? ਕਿਸੇ ਮਤ ਦਾ ਉਪਾਸਕ ਨਹੀਂ ਜਾਪਦਾ, ਪਰ ਕਿਸੇ ਮਤ ਦੀ ਨਿੰਦਾ ਬੀ ਨਹੀਂ ਕਰਦਾ। ਸਭ ਦੇ ਗੁਣ ਚੁਣ ਲੈਂਦਾ ਹੈ, ਕਿਸੇ ਦੇ ਅਵਗੁਣ ਨਾਲ ਵਾਸਤਾ ਨਹੀਂ ਰੱਖਦਾ। ਕਿਸੇ ਨੂੰ ਕਿਸੇ ਥਾਓਂ, ਜੇ ਉਹ ਸੱਚ ਵਿਚ ਲੱਗਾ ਹੈ ਤਾਂ ਭੁਤਲਾਉਂਦਾ ਨਹੀਂ, ਉਸ ਦੀ ਗ਼ਲਤੀ ਕੱਢਕੇ ਸਿਧੇ ਰਾਹ ਪਾ ਦੇਂਦਾ ਹੈ। ਮੈਨੂੰ ਤਾਂ ਧੁਰੋਂ ਆਇਆ ਲਗਦਾ ਹੈ। ਉਸ ਵਿਚ ਆਪਣਾ ਤੇਜ ਹੈ, ਪ੍ਰਭਾਉ ਹੈ, ਸ਼ਕਤੀ ਹੈ, ਵਿਭੂਤੀ ਹੈ ਆਤਮ।

ਪੰਸਾਰੀ ਮਹੱਲੇ ਵਿਚ ਭਲਾ ਪੁਰਖ ਮਸ਼ਹੂਰ ਸੀ। ਮਾਈ ਜਾਣਦੀ ਸੀ ਕਿ ਇਹ ਵਲਾਂ ਛਲਾਂ ਵਾਲਾ ਬੰਦਾ ਨਹੀਂ। ਉਸ ਨੂੰ ਯਕੀਨ ਆ ਗਿਆ ਕਿ ਇਹ ਸਚ ਕਹਿੰਦਾ ਹੈ ਤੇ ਧਾਬਲੀ ਮਰ ਜਾਣੀ ਬੀ ਸੱਚ ਹੀ ਆਖਦੀ ਸੀ ਕਿ ਕੋਈ ਨਵੀਂ ਸ਼ੈ ਆਈ ਹੈ, ਕਹਿਣ ਲਗੀ: 'ਹਛਾ ਬੱਚਾ, ਜਿਸ ਵੇਲੇ ਜਾਓ ਮੈਨੂੰ ਨਾਲ ਲੈ ਚੱਲਣਾ।'

ਪੰਸਾਰੀ-ਮਾਤਾ! ਮੈਂ ਦੋ ਕੁ ਘੜੀਆਂ ਨੂੰ ਜਾਣਾ ਹੈ, ਸ਼ਾਮਾਂ ਤੋਂ ਪਹਿਲੇ, ਉਹਨਾਂ ਦੇ ਨਾਲ ਜੋ ਸਾਥੀ ਹੈ ਕੀਰਤਨ ਕਰਦਾ ਹੈ ਉਸ ਵੇਲੇ। ਤੁਸੀਂ ਤਿਆਰ ਰਹਿਣਾ, ਮੈਂ ਜਾਣ ਵੇਲੇ ਵਾਜ ਮਾਰ ਲੈਸਾਂ। ਮਾਈ ਨੇ ਕਿਹਾ ਸਤਿ ਬਚਨ ਤੇ ਪੰਸਾਰੀ ਸੀਸ ਨਿਵਾਕੇ ਟੁਰ ਗਿਆ। ਮਾਈ ਹੁਣ ਸੋਚੀਂ ਪੈ ਗਈ, ਰਾਮ

ਰਵਨ ਜੀ ਨੇ ਕਿਹਾ ਸੀ ਕਿਸੇ ਅਨਮਤੀ ਨੂੰ ਨਹੀਂ ਮਿਲਣਾ, ਉਹ ਮਹਾਤਮਾਂ ਹੈ, ਉਸ ਦਾ ਬਚਨ ਮੋੜਨਾ ਵਰ ਨਹੀਂ। ਜਾਣ ਨੂੰ ਜੀ ਬੀ ਕਰਦਾ ਹੈ, ਜੀਵਨ, ਖ਼ਬਰੇ ਕਿੰਨਾ ਕੁ ਹੈ, ਨਿਰਾਸ ਮਰ ਗਈ ਤਾਂ ਜਨਮ ਗਿਆ, ਜੇ ਮੌਕਾ ਸਚ ਮੁਚ ਅਲੌਕਿਕ ਤੇ ਪੁੰਨਜਮਈ ਹੈ ਤਾਂ ਗੁਵਾਉਣ ਦੀ ਹੁਣ ਉਮਰਾ ਕਿੱਥੇ! ਖ਼ਬਰੇ ਕਿਸ ਕੱਖ ਦੇ ਉਹਲਿਓਂ ਲੱਖ ਨਿਕਲ ਪੈਣਾ ਹੈ। ਇਹ ਜੈਨੀ ਕਹਿੰਦਾ ਹੈ: ਚੰਗੇ ਹਨ, ਇਹ ਭਲਾ ਹੈ, ਬੇਗ਼ਰਜ਼ ਹੈ, ਏਨ੍ਹ ਕੁਛ ਡਿੱਠਾ ਹੀ ਹੋਊ ਨਾ। ਹੈਂ......ਕਿਵ ਕਰਾਂ?

ਧਾਬਲੀ-ਸੋਚਨੀ ਕੀ ਪਈ ਏਂ, ਸੁਹਣੀਏਂ! ਰਾਮ ਰਾਵਨ ਕਹਿ ਗਿਆ ਸੀ ਕਿ ਕਿਸੇ ਹੋਰ ਮਤ ਦੇ ਠਾਕੁਰਾਂ ਦੇ ਮੰਨਣ ਵਾਲੇ ਨੂੰ ਨਹੀਂ ਮਿਲਣਾ ਤੇ ਇਹ ਤਾਂ ਕਿਸੇ ਠਾਕੁਰ ਦਾ ਬੀ ਮੰਨਣ ਵਾਲਾ ਨਹੀਂ। ਇਹ ਤਾਂ ਆਪ ਹੋਇਆ, ਏਸ ਤੋਂ ਕਦੋਂ ਉਹ ਵਰਜ ਗਿਆ ਸੀ। ਸ੍ਵਾਮਨਿ! ਜੇ ਕਦੇ ਰਾਮ ਰਵਨ ਦੇ ਨੈਣ ਪੈ ਗਏ ਏਸ ਉਤੇ ਤਾਂ ਭੁੱਲ ਜਾਸੂਗੇ ਸਾਰੇ ਆਪਣੇ ਪਹਿਲੇ ਕੀਤੇ ਕਰਾਏ ਹਠ। ਵੇਖ ਤਾਂ ਸਹੀ! ਵੇਖੇ ਸੁਣੇ ਦਾ ਫਰਕ ਏ। ਵੇਖੇਂਗੀ ਤਾਂ ਪਤਾ ਲੱਗੂਗਾ।

ਜੱਸੀ ਨੇ ਸੋਚਿਆ: ਪੰਸਾਰੀ ਦੱਸ ਗਿਆ ਹੈ ਕਿ ਓਹ ਕਿਸੇ ਪਰਵਿਰਤ ਮਾਰਗ ਦੇ ਅਨੁਯਾਈ ਨਹੀਂ ਹਨ। ਓਥੇ ਕੋਈ ਨਵੀਂ ਖੇਡ ਹੈ, ਨਵਾਂ ਰੰਗ ਹੈ ਤੇ ਸੱਚ ਦਾ ਰੰਗ। ਸੋ ਜਾਣ ਵਿਚ ਰਾਮ ਰਵਨ ਸ੍ਵਾਮੀ ਜੀ ਦੀ ਆਗਜਾ ਦਾ ਉਲੰਘਨ ਨਹੀਂ ਹੁੰਦਾ।

ਇਹ ਧਾਬਲੀ ਜਾਂਗਲੀ ਹੈ, ਮੈਂ ਜਾਣਦੀ ਹਾਂ, ਵਿਦਵਾਨ ਨਹੀਂ ਹੈ, ਬਰੀਕ ਅਕਲ ਨਹੀਂ ਸੂ, ਪਰ ਸਾਧਾਰਣ ਅਕਲ ਕੇਡੀ ਖਰੀ ਖਰੀ ਸੂ। ਝੱਟ ਪਤੇ ਦੀ ਕਹਿ ਦੇਂਦੀ ਹੈ! ਫੇਰ ਹੈ ਪਿਆਰ ਤੇ ਕਿਸੇ ਪਤੇ ਵਾਲੀ। ਇਹ ਕਦੇ ਕਿਸੇ ਤੇ ਨਹੀਂ ਪਤੀਜੀ, ਅਜ ਇਹ ਬੀ ਪਤੀਜੀ ਹੋਈ ਹੈ। ਚੱਲੋ ਖਬਰੇ ਇਹ ਧਾਬਲੀ ਹੀ ਕੁਛ ਗੁੱਝੇ ਰੰਗ ਵਾਲੀ ਹੋਵੇ ਜੋ ਨੌਕਰਾਣੀ ਬਣਾਕੇ ਮੇਰੇ ਪਾਸ ਭਗਵੰਤ ਨੇ ਛੱਡੀ ਹੋਈ ਹੈ। ਇਉਂ ਵਿਚਾਰਾਂ ਵਿਚਾਰ ਕੇ ਮਾਈ ਤਿਆਰ ਹੋ ਗਈ ਅਰ ਪੰਸਾਰੀ ਦੇ ਵਾਜ ਮਾਰਨ ਤੇ ਉਸ ਦੇ ਨਾਲ ਤੁਰ ਪਈ। ਧਾਬਲੀ ਬੀ ਆਪਣਾ ਬੀਕਾਨੇਰੀ ਘੱਗਰਾ ਚੋਲੀ ਪਹਿਨ ਕੇ ਤੇ ਭੋਛਣ ਉਤੇ ਲੈ ਕੇ ਦਾਨਾ ਪਹਿਰਾਵਾ ਕਰਕੇ ਨਾਲ ਟੁਰ ਪਈ।

### ੮.

**ਨਿੰਮਾਂ** ਵਾਲੇ ਟਿਕਾਣੇ ਜਾ ਕੇ ਜੱਸੀ ਨੇ ਕੀਹ ਡਿੱਠਾ ਕਿ ਇਕ ਦਿਬਯ ਮੂਰਤੀ ਤੇਜ ਦੇ ਪੁੰਜ ਮਹਾਂ ਪੁਰਖ ਜੀ ਬੈਠੇ ਹਨ, ਨੈਣ ਬੰਦ ਹਨ, ਭਜਨ ਗਾਂਵਿਆਂ ਜਾ ਰਿਹਾ ਹੈ ਤੇ ਦੂਰ ਦੂਰ ਪੰਜ ਦਸ ਮੂਰਤਾਂ ਬੈਠੀਆਂ ਹਨ। ਕੋਈ ਤਾਂ ਸ਼ਹਿਰ ਦੇ ਲੋਕ ਹਨ, ਪਰ ਵਿਚ ਦੋ ਤ੍ਰੈ ਮੰਨੇ ਪ੍ਰਮੰਨੇ ਸਾਧੂ ਮਹਾਤਮਾਂ ਬੀ ਹਨ ਤੇ ਦੋ ਤ੍ਰੈ ਸੂਫੀ ਫਕੀਰ ਬੀ ਹਨ ਤੇ ਸਚ ਮੁਚ ਕਾਜ਼ੀ ਸਾਹਿਬ ਤੇ ਉਸ ਦਾ ਪੁਤਰ ਬੀ ਬੈਠੇ ਹਨ। ਇਕ ਨਜ਼ਰ ਸਾਰਿਆਂ ਵਲ ਮਾਰਕੇ ਜੱਸੀ ਦੀ ਨਜ਼ਰ ਟਿਕ ਹਈ ਤਪੋ ਮੂਰਤੀ ਉਤੇ ਤੇ ਜੀਉ ਨੂੰ ਖਿੱਚ ਪਈ। ਇਹ ਖਿੱਚ ਕਦੇ ਕਿਸੇ ਸੂਰਤ ਉਤੇ ਨਹੀਂ ਸੀ ਪਈ। ਦੇਖੋ ਇਸ ਖਿੱਚ ਦਾ ਤਣੁੱਕਾ ਵੱਜਾ ਮੱਥੇ ਤੇ ਦੋਹਾਂ ਭਰਵੱਟਿਆਂ ਦੇ ਵਿਚਕਾਰ ਤੇ ਨੈਣਾਂ ਦੇ ਅੰਦਰੋਂ ਐਉਂ ਜਾਪਿਆ ਕਿ ਇਨ੍ਹਾਂ ਨੂੰ ਤਣਾਵਾਂ ਪੈ ਗਈਆਂ ਹਨ ਤੇ ਇਨ੍ਹਾਂ ਦੋਹਾਂ ਤਣਾਵਾਂ ਦੀ ਕੱਸ ਪੈਂਦੀ ਹੈ ਸੀਸ ਵਿਚ ਉਸ ਥਾਂਉਂ ਦੇ ਹੇਠ ਕਿ ਜਿਹੜੀ ਬਚਪਨ ਵਿਚ ਸਿਰ ਵਿਚ ਹਥ ਲਾਯਾਂ ਪੋਲੀ ਪੋਲੀ ਲਗਦੀ ਹੈ ਤੇ ਜਿਥੇ ਟੋਹਣ ਨਾਲ ਹੱਡੀ ਪ੍ਰਤੀਤ ਨਹੀਂ ਹੋਇਆ ਕਰਦੀ। ਇਸ ਤਰ੍ਹਾਂ ਦੀ ਖਿੱਚ ਨਾਲ ਉਪਰ ਨੂੰ ਖਿੱਚੀਂਦੇ ਮਾਈ ਦੇ ਨੈਣ ਬੰਦ ਹੋ ਗਏ। ਅਜ ਪਹਿਲਾ ਦਿਨ ਸੀ ਕਿ ਮਾਈ ਨੇ ਇਸ ਤਰ੍ਹਾਂ ਦੀ ਖਿੱਚ ਦਾ ਤਜਰਬਾ ਕੀਤਾ ਕਿ ਜਿਸ ਦਾ ਉਥਾਨ ਤਾਂ ਕਾਲਜੇ ਵਿਚੋਂ ਹੋਵੇ ਤੇ ਤਣੁੱਕਾ ਜਾਕੇ ਵੱਜੇ ਮਸਤਕ ਵਿਚ ਤੇ ਫਿਰ ਖਿੱਚ ਲਗ ਜਾਏ ਹੋਰ ਉਪਰ ਸੀਸ ਵਿਚ ਅੰਦਰਵਾਰ ਇੱਕੋ ਥਾਂ। ਹੁਣ ਗਾਂਵੇਂ ਜਾ ਰਹੇ ਭਜਨ ਦੀ ਸਮਾਪਤੀ ਹੋ ਗਈ ਸੀ, ਪਰ ਹੁਣ ਖੁੱਲ੍ਹੇ ਇਲਾਹੀ ਬੁੱਲ੍ਹ ਤਪੋ ਮੂਰਤੀ ਦੇ ਆਪਣੇ ਤੇ ਇਲਾਹੀ ਗਲੇ ਤੋਂ ਨਾਦ ਹੋਇਆ[੧]-

ਤਿਲੰਗ ਮ:੧॥

ਇਆਨੜੀਏ ਮਾਨੜਾ ਕਾਇ ਕਰੇਹਿ॥

[੧] ਤਾਂ ਬਾਬੇ ਜੀ ਨੇ ਸਬਦ ਬੋਲਿਆ (ਤਵਾ: ਖਾ:)

ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥ ੧ ॥ ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥ ੨ ॥ ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥ ੩ ॥ ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥ ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥ ੪ ॥ ੨ ॥ ੪ ॥

ਇਸ ਸ਼ਬਦ ਦੀ ਸੁਰ ਤਿਲੰਗ ਰਾਗ ਦੀ ਸੀ ਤੇ ਬੜੀ ਹਿਰਦਯ ਵੇਧਕ ਸੀ। ਲਹਿ ਗਈ ਜੱਸੀ ਦੇ ਅੰਦਰ ਇਸ ਦੀ ਤਾਸੀਰ, ਸਿਆਣੀ ਸੀ ਆਪ ਰਾਗ ਵਿਚ, ਪਰ ਏਥੇ ਡਿੱਠੋਸੁ ਰਾਗ ਦੇ ਕਮਾਲ ਦੇ ਨਾਲ ਤਾਸੀਰ ਦਾ ਕਮਾਲ ਭਾਵੇਂ ਲਾਹੌਰ ਦੀ ਬੋਲੀ ਵਿਚ ਸੀ ਉਹ ਭਜਨ, ਪਰ ਉਸ ਦਾ ਲਗ ਪਗ ਸਾਰਾ ਭਾਵ ਉਸ ਦੀ ਸਮਝੇ ਪੈ ਗਿਆ। ਜੱਸੀ ਬੀ ਪਿੱਛੇ ਖਬਰੇ ਇਸੇ ਦੇਸ਼ ਦੀ ਹੋਵੇ। ਭਜਨ ਦੀ ਜੋ ਸਮਝ ਉਸ ਨੂੰ ਆਈ ਸੀ ਉਸ ਤੋਂ ਉਸ ਨੂੰ ਸੋਝੀ ਆਈ ਆਪਣੀਆਂ ਭੁੱਲਾਂ ਦੀ। ਦਿਲ ਨੇ ਕਿਹਾ: ਇਨ੍ਹਾਂ ਚਰਨਾਂ ਤੇ ਸੀਸ ਧਰ ਦੇ ਤੇ ਜੋ ਹੁਕਮ ਹੋਵੇ ਸੋ ਕਰ। ਬੀਤਰਾਗਤਾ ਹੈ ਤਾਂ ਏਥੇ, ਵੈਤ੍ਰਿਸ਼ਨਤਾ ਹੈ ਤਾਂ ਏਥੇ, ਭਗਤੀ ਹੈ ਤਾਂ ਏਥੇ, ਰਸ ਹੈ ਤਾਂ ਏਥੇ। ਸੋ ਜਦ ਸ਼ਬਦ ਦਾ ਭੋਗ ਪਿਆ ਤਾਂ ਉੱਠੀ ਤੇ ਜਾ ਚਰਨਾਂ ਤੇ ਸੀਸ ਧਰਿਓਸੁ। ਗੁਰੂ ਬਾਬੇ ਨੇ, ਹਾਂ ਜੀ, ਧੰਨ ਸ੍ਰੀ ਗੁਰੂ ਨਾਨਕ ਨੇ, ਸੀਸ ਤੇ ਹੱਥ ਧਰਿਆ ਤੇ ਆਖਿਆ: "ਆਉ ਸਿਆਣੀਓਂ ਇਆਣੀਏਂ! ਕਿਸ ਗਲ ਦਾ ਮਾਨ ਧਾਰਿਆ ਈ? ਜੇ ਤਾਂ ਤੈਨੂੰ ਦਿੱਸ ਪੈਂਦਾ, ਤੇਰੇ ਆਖੇ ਦੇਹ ਧਾਰ ਲੈਂਦਾ ਤਾਂ ਮਾਣ ਦੀ ਥਾਂ ਸੀ। ਸਾਰੀ ਉਮਰਾ ਕੀਰਣੇ ਤੇ ਪ੍ਰਲਾਪ (ਕਰਨ ਪਲਾਹ) ਕਰਦੀ ਰਹੀ, ਹੰਕਾਰ ਕਿਸ ਗਲ ਦਾ? ਲੋਭ ਲਗਾ ਰਿਹਾ ਕਿ ਪ੍ਰਾਪਤੀ ਮੈਨੂੰ ਹੋਵੇ; ਸੋਭਾ ਮੇਰੀ ਹੋਵੇ, ਭਗਤਾਂ ਵਿਚ ਮੇਰੀ ਗਿਣਤੀ ਹੋਵੇ, ਪਰ ਅੰਦਰ ਸੋਝੀ ਇਤਨੀ ਨਾ ਆਈ ਕਿ ਦੇਹ ਨਹੀਂ ਰਹਿੰਦੀ, ਇਹ ਬਿਨਸ ਜਾਂਦੀ ਹੈ। ਜੋ ਬਿਨਸ ਜਾਂਦੀ ਹੈ ਉਸ ਦੀ ਮੂਰਤੀ ਬਨਾਉਂਦੇ ਹਨ ਕਿ ਕਿਵੇਂ ਨੁਹਾਰ ਹੀ ਦਿੱਸਦੀ ਰਹੇ, ਪਰ ਉਹ ਬੋਲਦੀ ਚਾਲਦੀ ਨਹੀਂ। ਜੇ ਭਲਾ ਉਹੋ ਮੰਨ ਲਓ ਕਿ ਫੇਰ ਜੀਉਂਦੀ ਦੇਹ ਬਣ ਬੀ ਜਾਏ ਤਾਂ ਉਹ ਫੇਰ ਬਿਨਸੇਗੀ ਕਿਉਂਕਿ ਦੇਹ ਦਾ ਧਰਮ ਹੈ ਬਿਨਸ ਜਾਣਾ! ਜੋ ਉਪਜਦੀ ਬਿਨਸਦੀ ਹੈ ਉਹ ਅਬਿਨਾਸ਼ੀ ਠਾਕੁਰ ਕੀਕੂੰ ਹੋਈ? ਠਾਕੁਰ ਤਾਂ ਸਦਾ ਜੀਉਂਦਾ ਹੈ, ਅਬਿਨਾਸ਼ ਹੈ। ਪਰ ਜੋ ਅਬਿਨਾਸ਼ ਹੈ ਉਹ ਰੂਪ ਰੰਗ ਰੇਖ ਤੋਂ ਨਿਆਰਾ ਹੈ ਘਟ ਘਟ ਵਿਚ ਉਸ ਦਾ ਟਿਕਾਣਾ ਹੈ। ਜਿਸ ਘਟ ਵਿਚ ਉਸ ਦਾ ਟਿਕਾਣਾ ਹੈ, ਜਿਸ ਘਟ ਵਿਚ ਉਹ ਪ੍ਰਗਟਿਆ ਹੈ ਅਨੁਭਵ ਦੁਆਰਾ, ਓਹ ਘਟ ਉਸ ਦਾ ਮੰਦਰ ਹੈ। ਅਬਿਨਾਸ਼ੀ ਦ੍ਰਿਸ਼ਟਮਾਨ ਨਹੀਂ, ਕਿਉਂਕਿ ਦ੍ਰਿਸ਼ਟਮਾਨ ਨਾਸ਼ਮਾਨ ਹੁੰਦਾ ਹੈ। ਅਬਿਨਾਸ਼ੀ ਕਦੇ ਇੰਦਰੀਆਂ ਦਾ ਵਿਸ਼ਾ ਨਹੀਂ ਹੁੰਦਾ, ਕਿਉਂਕਿ ਜਿਸ ਨੂੰ ਇੰਦ੍ਰੇ ਵਿਸ਼ੈ ਕਰਦੇ ਹਨ ਉਹ ਦ੍ਰਿਸ਼ਟਮਾਨ ਹੈ। ਦ੍ਰਿਸ਼ਟਮਾਨ ਨਾਸ਼ਮਾਨ ਹੈ। ਨਿਰੰਕਾਰ ਅਬਿਨਾਸ਼ੀ ਹੈ, ਉਹ

ਹੈ, ਸਾਰੇ ਹੈ, ਪਰੀਪੂਰਣ ਹੈ, ਘਟ ਘਟ ਵਿਚ ਹੈ, ਤੇਰੇ ਬੀ ਘਟ ਵਿਚ ਹੈ, ਹਾਂ ਸ਼ਹੁ ਤਾਂ ਤੇਰੇ ਹਿਰਦੇ ਦੇ ਨੇੜੇ ਤੋਂ ਨੇੜੇ ਹੈ ਤੇ ਤੂੰ ਅਪਣੇ ਤੋਂ ਬਾਹਰ ਉਸ ਨੂੰ ਢੂੰਡਦੀ ਰਹੀ। ਸੋ ਤੈਨੂੰ ਹੁਣ ਤਕ ਸ਼ਹੁ ਦੇ ਸਾਰੇ ਮੌਜੂਦ ਹੋਣ ਦਾ ਤੇ ਤੇਰੇ ਅੰਦਰ ਹੋਣ ਦਾ ਨਿਹਚਾ ਨਾ ਬੱਝਾ, ਉਸ ਸਰਬ ਸ਼ਕਤੀਮਾਨ ਦਾ ਭੈ ਨਾ ਪਿਆ, ਉਸ ਅੰਦਰ ਬੈਠੇ ਪ੍ਰੇਮ ਸਰੂਪ ਦਾ ਪ੍ਰੇਮ ਨਾ ਪਿਆ। ਇਸ ਤਰ੍ਹਾਂ ਕਰਦੀ ਤੂੰ, ਜੋ ਆਪ ਨੂੰ ਸਿਆਣੀ ਸਮਝਦੀ ਸੈਂ, ਬੱਚਿਆਂ ਵਾਂਗੂੰ ਇਵਾਣੀ ਹੋ ਗਈ, ਹਾਂ ਅਨਜਾਣ ਹੀ ਰਹਿ ਗਈ। ਇਹ ਹੈ ਕਿ ਨਾ ਅਨਜਾਣਪੁਣਾ? ਦੱਸ ਇਵਾਣੀ ਬਾਲੀ ਨੂੰ 'ਸਦਾ ਬਾਲਾ ਸ਼ਹੁ' ਕੀਕੂੰ ਵਰੇ: ਸ਼ਹੁ ਤਾਂ ਸਿਆਣਾ ਹੈ ਤੇ ਤੂੰ ਇਵਾਣੀ। ਤੂੰ ਪਹਿਲਾਂ ਸਿਆਣ ਨਾ ਕੀਤੀ, ਫੇਰ ਪਿਆਰ ਨਾ ਕੀਤਾ, ਸੋ ਕੰਤ ਨਾ ਮਿਲਿਆ ਪਰ ਨਾ ਮਿਲਿਆ, ਹੁਣ ਮਿਲੇ ਕੀਕੂੰ ?" ਇਹ ਕਹਿਕੇ ਆਪ ਚੁਪ ਹੋ ਗਏ।

ਜੱਸੀ ਦਾ ਸਿਰ ਅਜੇ ਢੱਠਾ ਪਿਆ ਸੀ। ਆਪ ਦਾ ਮਿਹਰਾਂ ਵਾਲਾ ਹੱਥ ਉਸ ਦੇ ਸੀਸ ਤੇ ਧਰਿਆ ਪਿਆ ਸੀ। ਜੱਸੀ ਇਸ ਵੇਲੇ ਮਨ ਹੀ ਮਨ ਵਿਚ ਕਹਿ ਰਹੀ ਸੀ ਕਿ ਹੇ ਦਾਤਾ! ਹੇ ਸ਼ਹੁ ਨੂੰ ਮਿਲੇ ਹੋਏ ਰੱਬ! ਦੱਸ ਫੇਰ ਮੈਂ ਕੀਹ ਕਰਾਂ? ਜੱਸੀ ਮਨ ਹੀ ਮਨ ਅਰਦਾਸ ਕਰ ਰਹੀ ਹੈ ਅਗੇ ਵਾਂਗੂ, ਪਰ ਦੇਖੋ ਏਥੋਂ ਝਟ ਉੱਤਰ ਮਿਲਦਾ ਹੈ। ਆਪ ਹੁਣ ਫੇਰ ਬੋਲੇ: ਸੁਣ ਬੀਬੀ! ਸ਼ਹੁ ਤੇਰੇ ਅੰਦਰ ਹੈ, ਉਹ ਵਿਆਪਕ ਹੈ, ਇਕ ਦੇਸ਼ੀ ਨਹੀਂ, ਉਹ ਸਰਬ ਦੇਸ਼ੀ ਹੈ। ਤੇਰੇ ਨੇੜੇ ਹੈ, ਅੰਦਰ ਹੈ, ਹਾਜ਼ਰਾ ਹਜ਼ੂਰ ਹੈ। ਉਸ ਵਿਚ ਭਰੋਸਾ ਧਾਰ; ਜਦ ਉਸ ਦੀ ਹੋਂਦ ਤੇ ਭਰੋਸਾ ਹੋ ਗਿਆ ਤਾਂ ਫੇਰ ਉਸ ਨੂੰ ਯਾਦ ਰੱਖ। ਜੇ ਇਹ ਗੱਲ ਭੁੱਲ ਗਈ ਕਿ ਉਹ ਮੇਰੇ ਅੰਦਰ ਹੈ ਤਾਂ ਫੇਰ ਵਿਛੁੜ ਗਈ ਤੂੰ ਉਸ ਤੋਂ। 'ਉਹ ਹੈ, ਉਹ ਪਿਆਰਾ ਹੈ, ਮੇਰਾ ਪਿਆਰਾ ਹੈ' ਇਹ ਗੱਲ ਅੰਦਰ ਟਿਕੀ ਰਹੇ, ਇਸ ਅੱਗੇ ਭੁੱਲ ਦਾ ਪਰਦਾ ਨਾ ਤਣੇ, ਇਉਂ ਜੋ ਠਾਕੁਰ ਕਿ ਅੰਦਰ ਪ੍ਰਾਪਤ ਹੈ ਉਸ ਦੀ ਹਜ਼ੂਰੀ ਵਿਚ ਰਹੁ, ਉਸ ਦੀ ਹੋਂਦ ਦੀ ਯਾਦ ਵਿਚ ਰਹੁ। ਫੇਰ ਜੋ ਕੁਛ ਵਾਪਰੇ-ਉਸ ਦਾ ਕੀਤਾ ਸਮਝ, ਉਸ ਨੂੰ ਭਲਾ ਕਰਕੇ ਮੰਨ। ਜਦ ਐਸਾ ਦ੍ਰਿੜ ਨਿਸਚਾ ਹੋ ਜਾਏਗਾ, ਅਵਗੁਣ ਦੂਰ ਰਹਿਣਗੇ ਤਾਂ ਉਹ ਆਪ ਤੇਰੀ ਰਹਿਬਰੀ ਕਰੇਗਾ ਕਿ ਜੋ ਤੇਰੇ ਅੰਦਰ ਸੀ ਹੈ ਤੇ ਹੋਵੇਗਾ ਸਦਾ। ਪੂਜਣ ਉਸ ਦਾ ਇਹ ਹੈ ਕਿ ਉਸ ਨੂੰ ਤੂੰ ਪ੍ਰੇਮ ਪਦਾਰਥ ਨਾਲ ਸਦਾ ਚੇਤੇ ਵਿਚ ਰੱਖਣਾ ਹੈ। ਹੁਣ ਉਹ ਤੇਰੀ ਅਗੁਵਾਨੀ ਕਰੇਗਾ, ਜੋ ਕਹੇ ਸੋ ਕਰਨਾ, ਉਸ ਦੀ ਰਜ਼ਾ ਵਿਚ ਮਰਜ਼ੀ ਮੇਲਣੀ। ਹਾਂ, ਸ਼ਹੁ ਕਹੇ ਸੋ ਕਰਨਾ, ਅਪਣੀ ਮਰਜ਼ੀ ਨਹੀਂ ਮਨਾਉਣੀ, ਉਸ ਦੀ ਰਜ਼ਾ ਵਿਚ ਮਰਜ਼ੀ ਮੇਲਣੀ। ਇਉਂ ਆਪਾ ਭਾਵ ਕਿ ਹਉਮੈਂ ਗੁਵਾਚਦੀ ਹੈ। ਸਾਡੇ ਤੇ ਉਸ ਵਿਚ ਕੰਧਾਂ ਦੇ ਪਰਦੇ ਨਹੀਂ, ਬਸਤਰ੍ਹਾਂ ਦੇ ਪਰਦੇ ਨਹੀਂ, ਪਰ ਹਉਮੈਂ ਦਾ ਪਰਦਾ ਹੈ। ਇਹ ਇਉਂ ਦੂਰ ਹੁੰਦਾ ਹੈ ਜਿਕੂੰ ਤੈਨੂੰ ਦਸਿਆ ਹੈ। ਜਦ ਹਉਂ ਗਈ, ਅਰਥਾਤ ਆਪਾ ਭਾਵ ਗਿਆ ਤਦ ਭਰੋਸੇ ਨਾਲ, ਯਾਦ ਨਾਲ, ਪ੍ਰੇਮ ਨਾਲ ਇਸਤ੍ਰੀ-ਜਗਜਾਸੂ ਰੂਪ ਇਸ੍ਰਤੀ-ਪਤੀ ਦੇ ਵਰੇ ਜਾਣ ਵਾਲੇ ਰੰਗ ਵਿਚ ਆ ਗਈ। ਹੁਣ ਉਹ ਜਦੋਂ ਨਦਰ ਕਰਕੇ ਦੇਖੇਗਾ, ਮਿਹਰ ਦੀ ਦ੍ਰਿਸ਼ਟਿ ਪਾਵੇਗਾ, ਉਹ ਸੁਹਾਗਵੰਤੀ ਹੋ ਜਾਏਗੀ। ਉਹੀ ਸੁੰਦਰ ਹੋਵੇਗੀ, ਉਹੋ ਹੀ ਭਗਤ ਹੋਊ, ਉਹੋ ਸਿਆਣੀ ਅਰਥਾਤ ਗਿਆਨਵਾਨ ਕਹੀ ਜਾਵੇਗੀ। ਸੋ ਇਨ੍ਹਾਂ ਗੁਣਾਂ ਤੋਂ ਬਿਨਾਂ, ਇਸ ਪ੍ਰੇਮਾ ਭਗਤੀ ਤੋਂ ਬਿਨਾਂ, ਇਸ਼ ਗਿਆਨ ਧਿਆਨ ਤੇ ਬੂਝ ਦੇ ਬਾਝੋਂ, ਜੋ ਤੈਨੂੰ ਦੱਸੀ ਹੈ, ਤੂੰ ਠਾਕੁਰ ਨੂੰ ਲੱਭਦੀ ਰਹੀ, ਦਰਸ਼ਨ ਤੇ ਮਿਲਾਪ ਟੋਲਦੀ ਰਹੀ, ਤੂੰ ਇਵਾਣੀ ਬਾਲੀ ਹੀ ਰਹੀ! ਹਾਂ ਜੱਸੀ! ਤੂੰ ਅਨਜਾਣ ਰਹੀ, ਗਿਆਨ ਹੀਨ ਰਹੀ, ਤੈਨੂੰ ਸੋਝੀ ਨਾ ਆਈ ਕਿ ਕਿਸ ਸ਼ੈ ਦੀ ਕੀਹ ਕੀਮਤ ਹੈ। ਪਿਆਰ ਅਮੋਲਕ ਸ਼ੈ ਹੈ, ਇਸ ਨੂੰ ਅਮੋਲਕ ਥਾਵੇਂ ਲਾਈਏ ਤਾਂ ਇਸ ਦਾ ਮੁੱਲ ਪੈਂਦਾ ਹੈ। ਬਿਨਸਨਹਾਰ ਨਾਲ ਕਰੋ ਤਾਂ ਉਹ ਬਿਨਸੇਗਾ, ਮਨ ਤਦ ਪੱਛੋਤਾਉ ਵਿਚ ਜਾਵੇਗਾ। ਤਾਂ ਤੇ ਅਪਣੇ ਪਿਆਰ ਕੀ ਕੀਮਤ ਪਛਾਣਨੀ ਸੀ ਕਿ ਕੀਹ ਇਸ ਦਾ ਮੁੱਲ ਬਿਨਸਨਹਾਰ ਸਰੀਰਾਂ ਉਤੇ ਵਿਕ ਜਾਣ ਵਿਚ ਪੈਣਾ ਹੈ ਤੇ ਇਸ ਨੂੰ ਚੇਤਨ ਦੇ ਨਾਮ ਤੇ ਸਾਜੇ ਨਿਰਜਿੰਦਾਂ ਦੇ ਅਰਪਣ ਕਰ ਦੇਣ ਵਿਚ ਪੈਣਾ ਹੈ।ਤੂੰ ਤਾਂ ਲਾਲ ਅਮੋਲ ਨੂੰ ਨਾਸ਼ਮਾਨ ਸਰੀਰ ਦੇ ਰੂਪ ਦਰਸ਼ਨ ਵਿਚ ਲਾਕੇ ਡਾਢੇ ਸਸਤੇ

ਭਾ ਵੇਚ ਦਿਤਾ। ਸੋਚ ! ਤੇਰੀ ਰੂਹ ਅਵਿਨਾਸ਼ ਹੈ, ਨਿਰੰਕਾਰ ਅਵਿਨਾਸ਼ ਹੈ। ਅਵਿਨਾਸ਼ੀ ਦਾ ਅਵਿਨਾਸ਼ੀ ਨਾਲ ਪ੍ਰੇਮ ਕਰਨਾ ਇਹ ਹੈ ਪ੍ਰੇਮ ਦਾ ਮੁੱਲ ਤੇ ਠੀਕ ਠੀਕ ਮੁੱਲ। ਜੱਸੀ ! ਮੁੱਢੋਂ ਹੀ ਸੇਧ ਬੰਨ੍ਹੀਏ ਅਵਿਨਾਸ਼ੀ ਦੀ। ਅਵਿਨਾਸ਼ੀ ਨਿਰੰਕਾਰ ਹੈ, ਤੇਰੀ ਆਤਮਾ ਅਵਿਨਾਸ਼ੀ ਹੈ, ਅਵਿਨਾਸ਼ੀ ਦਾ ਅਵਿਨਾਸ਼ ਨਾਲ ਪ੍ਰੇਮ ਅਵਿਨਾਸ਼ੀ ਹੈ[1]।

ਹੁਣ ਜੱਸੀ ਦਾ ਸਿਰ ਬਾਬਾ ਜੀ ਨੇ ਚੁੱਕ ਦਿੱਤਾ ਸੀ ਜ਼ੋਰ ਨਾਲ। ਜੱਸੀ ਉਠ ਕੇ ਬੈਠ ਗਈ ਸੀ। ਸਰੀਰ ਹਲਕਾ ਫੁੱਲ ਸੀ। ਇਕ ਠੰਢ, ਇਕ ਸੁਆਦ ਲੂੰ ਲੂੰ ਵਿਚ ਭਰ ਰਿਹਾ ਸੀ। ਉਧਰ ਜੋ ਕੁਛ ਸ਼ਬਦ ਵਿਚ ਆਇਆ ਸੀ, ਜੋ ਕੁਛ ਗੁਰੂ ਬਾਬੇ ਸਮਝਾਇਆ ਸੀ ਉਹ ਗਜਾਨ ਵਾਲਾ ਪ੍ਰਕਾਸ਼ ਹੋਕੇ ਸਮਝ ਨੂੰ ਉੱਜਲ ਕਰ ਗਿਆ ਸੀ। ਮਨ ਨੂੰ ਕਹਿ ਰਹੀ ਸੀ: ਠੀਕ, ਮੈਂ ਅਗਜਾਨ ਵਿਚ ਰਹੀ, ਮੈਂ ਭੁੱਲ ਵਿਚ ਰਹੀ, ਗੱਲ ਨਿੱਕੀ ਜਿਹੀ ਸੀ, ਪਰ ਸਮਝੇ ਨਾ ਪਈ। ਨਿੱਕੀ ਨਹੀਂ ਏਡੀ ਵੱਡੀ ਸੀ ਕਿ ਮੇਰੀ ਨਿੱਕੀ ਜਿਹੀ ਸਮਝ ਵਿਚ ਉਹ ਨਾ ਪਈ, ਪਰ ਨਾ ਪਈ। ਸਫਲ ਗਜਾਨ, ਹਿਰਦੇ ਦੀ ਨੀਂਦਰ ਖੋਹਲ ਦੇਣ ਵਾਲਾ ਗਜਾਨ, ਭਗਤੀ, ਸਫਲ ਭਗਤੀ ਮੇਲ ਦੇਣ ਵਾਲੀ ਭਗਤੀ ਅੱਜ ਦਿੱਸੀ ਹੈ। ਪਰ ਹਾਂ, ਸਚੀਂ, ਮੇਰੇ ਪਾਸ ਕਰਨ ਯੋਗ ਕੰਮ ਕੀਹ ਰਹੇਗਾ? ਜੋ ਮੈਂ ਸਮਝਿਆ ਹੈ ਇਹ ਬੀ ਰੂਪ ਰੇਖ ਤੋਂ ਨਿਆਰਾ ਜਿਹਾ ਰੰਗ ਹੈ, ਮਨ ਦਾ ਭਾਵ ਹੈ ਜੋ ਅਰੂਪ ਹੈ ਤੇ ਅਪਕੜ ਹੈ। ਮੈਂ ਕਿਸ ਸ਼ੈ ਨੂੰ ਫੜਾਂਗੀ? ਮਨ ਕਿਸ ਪਰਚੇ ਪਰਚੇਗਾ? ਇਸ ਅਵੈੜੇ ਮਨ ਨੇ ਤਾਂ ਆਪਣੇ ਰਾਹ ਫੜਨੇ ਹਨ। ਕੌਣ ਰੋਕੇਗਾ ਇਸ ਦਾ ਵੇਗ? ਪੁੱਛਾਂ? ਪੁੱਛਣਾਂ ਬੇਅਦਬੀ ਹੈ ! ਇਸ ਵੇਲੇ ਧਾਬਲੀ ਉਸ ਦੇ ਮੂੰਹ ਵਲ ਤੱਕ ਰਹੀ ਸੀ, ਐਉਂ ਨਾ ਕਿ ਜਿਵੇਂ ਨੌਕਰ ਦੇਖੇ ਮਾਲਕ ਦੇ ਮੂੰਹ ਵਲ, ਪਰ ਐਉਂ ਕਿ ਜਿਵੇਂ ਲੋਂਹਦੀ ਮਾਂ ਦੇਖਦੀ ਹੈ ਉਸ ਪੁੱਤ ਦੇ ਮੂੰਹ ਵਲ ਜੋ ਚਿਰਾਂ ਪਿਛੋਂ ਘਰ ਆਉਂਦਾ ਹੈ। ਕਹਿਣ ਲੱਗੀ; 'ਸ੍ਵਾਮਨਿ! ਪੁੱਛ ਲੈ ਹੁਣ ਹੋਰ ਕੁਛ। ਏਹ ਤਾਂ ਰਸ ਦੇ ਮੇਘ ਹਨ, ਅਜ ਆਏ ਨੀ ਏਥੇ ਵਰਖਾ ਕਰਨ, ਕੱਲ ਹੋਰਥੇ ਜਾ ਝੜੀ ਲਾਉਣਗੇ। ਭਰ ਲੈ ਅਜ ਆਪਣੇ ਖੇਤ। ਭਰ ਲੈ ਆਪਣੇ ਤਲਾਉ ਤੇ ਆਪਣੇ ਤਲਾਉ ਤੇ ਅਪਣੇ ਘੜੇ।'

(ਉਪਰ ਨੂੰ ਤੱਕਕੇ) 'ਹਾਏ! ਮੇਰੇ ਸੁੱਕੇ ਬੇਨੀਰੇ ਬੀਕਾਨੇਰ, ਕਦੇ ਝੜ ਲਗੇ ਤੇਰੇ ਉੱਤੇ ਬੀ। ....ਹੇ ਬੀਬੀ ਪੁੱਛ ਲੈ। 'ਧਾਬਲੀ ਦੀ ਵੇਲੇ ਸਿਰ ਦੀ ਕਹੀ ਗੱਲ ਨੇ ਉਸ ਦੇ ਅੰਤਰਯਾਮੀ ਹੋਣ ਦਾ ਝਾਂਵਲਾ ਭਾਵੇਂ ਜੱਸੀ ਦੇ ਦਿਲ ਤੇ ਨਾ ਪਾਇਆ ਪਰ ਉਹ ਸਮਝ ਗਈ ਕਿ ਇਹ ਸੱਚੇ ਪਿਆਰ ਦੇ ਕ੍ਰਿਸ਼ਮੇ ਹਨ ਜੋ ਧਾਬਲੀ ਦੇ ਅੰਦਰ ਹੈ। ਧਾਬਲੀ ਦੇ ਕਹਿਣ ਨੇ ਜੱਸੀ ਦਾ ਹੌਸਲਾ ਵਧਾ ਦਿੱਤਾ ਤੇ ਉਸ ਨੇ ਹੱਥ ਜੋੜਕੇ ਕਿਹਾ: 'ਦਾਤਾ, ਦਾਤਾ, ਦਾਤਾ! ਮੇਰੇ ਮਨ ਨੂੰ ਕੋਈ ਆਹਰ ਦਿਓ! ਨਿਰਾ ਗਿਆਨ ਵੀਚਾਰ, ਜੋ ਅਰੂਪ ਜਿਹਾ ਜਾਪਦਾ ਹੈ, ਮਨ ਹਰ ਵੇਲੇ ਕੀਕੂੰ ਫੜਕੇ ਰਖੇਗਾ? ਇਹ ਪੈ ਜਾਇਆ ਕਰੇਗਾ ਫੇਰ ਫੁਰਨਿਆਂ ਦੇ ਰਾਹ।'

ਗੁਰੂ ਬਾਬਾ-'ਵਾਹਿਗੁਰੂ ਅੰਦਰ ਹੈ, ਸਾਡੇ ਨੇੜੇ ਤੋਂ ਨੇੜੇ ਹੈ' ਇਹ ਗੱਲ ਕਿਸੇ ਵੇਲੇ ਭੁੱਲ ਵਿਚ ਨਹੀਂ ਪਾਉਣੀ। ਯਾਦ ਰਖਣਾ ਮਨ ਦਾ ਇਕ ਕਰਮ ਵਾਂਙੂ ਕੰਮ ਹੈ, ਜੇ ਮਨ ਇਸ ਯਾਦ ਨੂੰ ਸੰਸਾਰਕ ਫੁਰਨਿਆਂ ਵਿਚ ਰਲਾ ਦੇਵੇ ਤਾਂ ਰਸਨਾਂ ਉਤੇ ਪਰਮੇਸ਼ੁਰ ਦਾ ਨਾਮ ਵਸਾਉ। ਰਸਨਾ ਜਪ ਕਰੇ ਨਾਮ ਦਾ, ਮਨ ਲਾਵੇ ਆਪ ਨੂੰ ਸਾਂਈਂ ਉਤੇ, ਉਸ ਦੇ ਪਿਆਰ, ਉਸ ਦੇ ਗੁਣਾਂ ਉਤੇ, ਉਸ ਦੇ ਸਰੂਪ ਉਤੇ। ਮਨ ਦਾ ਇਹ ਕਰਮ ਨਾਮ ਸਿਮਰਣ ਹੈ, ਇਹ ਅਬਿਨਾਸ਼ੀ ਦੀ ਪੂਜਾ ਹੈ ਤੇ 'ਅਬਿਨਾਸ਼ੀ ਪੂਜਾ' ਨਿਰੰਕਾਰ ਦੀ ਪੂਜਾ ਹੈ। ਨਿਰੰਕਾਰ ਵਲ, ਜਿਸਦਾ ਰੂਪ ਰੇਖ ਰੰਗ ਨਹੀਂ ਹੈ, ਜਦ ਸੇਧ ਬੰਨ੍ਹੀਦੀ ਹੈ ਤਾਂ ਨਿਸਚੇ ਦੇ ਘਰ ਜਾਈਦਾ ਹੈ ਕਿ 'ਓਹ ਹੈ' ਤੇ ਇਹ ਉਸ ਦੀ "ਹੈ" ਪਕਾਈਦੀ ਹੈ ਉਸਦਾ ਨਾਮ ਸਿਮਰ ਕੇ ਅਤੇ ਸਿਮਰਨ ਦੇ ਘਰ ਜਾਈਦਾ ਹੈ 'ਨਾਮ ਜਪ ਕੇ'। ਸੋ ਰਸਨਾ ਤੇ ਬਿਠਾ ਨਾਮ ਕਰਤਾਰ ਦਾ, ਇਹ ਹੋਊ ਤੇਰੀ ਸਰੀਰਕ ਪੂਜਾ। ਇਹ ਕਰਮ ਹੈ, ਪਰ ਇਹ ਧਰਮ ਸਰੂਪੀ ਕਰਮ ਹੈ, ਇਹ ਮਾਨਸਿਕ ਕਰਮ ਹੈ। ਇਸ ਸੇਵਾ ਨਾਲ ਸਫਲੇਗਾ ਤੇਰਾ ਸਰੀਰ ਤੇ ਨਾਲੇ ਮਨ। ਨਾਮ

---

[1] ਇਹ ਵਾਰਤਾਲਾਪ ਪਿੱਛੇ ਆਏ ਸ਼ਬਦ ਦਾ ਖੁੱਲ੍ਹਾ ਅਨੁਵਾਦ ਹੈ।

ਜਪ ਨਾਲ ਮਨ ਵਿਚ ਸਿਮਰਨ ਹੁੰਦਾ ਹੈ ਨਾਮ ਦਾ ਤੇ ਮਨ ਦੇ ਸਿਮਰਨ ਨਾਲ ਜੀਵ ਸਾਂਈਂ ਨਾਲ ਜੁੜਿਆ ਰਹਿੰਦਾ ਹੈ। ਐਉਂ ਨਾਮ ਜਪਣ ਵਾਲਾ ਨਾਮੀ-ਨਿਰੰਕਾਰ-ਨਾਲ ਮਿਲਿਆ ਰਹਿੰਦਾ ਹੈ। ਇਸ ਮੇਲ ਵਿਚੋਂ ਫੇਰ ਰਸ ਆਉਂਦਾ ਹੈ, ਆਨੰਦ ਮਿਲਦਾ ਹੈ। ਫਿਰ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਨਾਮ ਦਾ ਆਖਣਾ ਜੀਵਨ ਬਣ ਜਾਂਦਾ ਹੈ ਸਾਡੇ ਜੀਵਨ ਦਾ। ਜੱਸੀ! ਸਦਾ ਸਿਮਰਣ ਵਿਚ ਵੱਸਣਾ। ਸਿਮਰਨ ਹੈ ਸੇਵਾ, ਪੂਜਾ, ਪਿਆਰ ਉਸ ਨਿਰੰਕਾਰ ਅਬਿਨਾਸ਼ੀ ਦਾ। ਤਦ ਗੁਰੂ ਬਾਬੇ ਨੇ ਜੱਸੀ ਨੂੰ ਇਹ ਸ਼ਬਦ ਬਖਸ਼ੀਸ਼ ਕੀਤਾ:-

ਆਸਾ ਮਹਲਾ੧॥

ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥ ੧ ॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥ ੧ ॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥ ੨ ॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥ ੩ ॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥ ੪ ॥ ੩ ॥

ਜੱਸੀ ਤਰ ਗਈ, ਸੁਖ ਰੂਪ ਹੋ ਗਈ, ਸਿਮਰਨ ਜੀਵਨ ਵਾਲਾ ਹੋ ਗਿਆ। 'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ' ਵਾਲੀ ਗਲ ਹੋ ਗਈ। ਸੁੱਤੀ ਸੁੱਤੀ ਨੂੰ ਅਰਸ਼ਾਂ ਤੋਂ ਆਈ ਰੱਬੀ ਜੋਤ ਨੇ ਉਠਾਲ ਕੇ ਸਾਹਿਬ ਦੀ ਦਾਤ ਬਖਸ਼ ਦਿਤੀ, ਗੁਰੂ ਬਾਬੇ ਦੇ ਕਰਾਮਾਤੀ ਨੈਣਾਂ ਨੇ ਨਾਮ ਦੀ ਛੁਹ ਲਾ ਦਿਤੀ ਜੱਸੀ ਨੂੰ।

੯.

**ਜੱਸੀ** ਗੁਰੂ ਬਾਬੇ ਨੂੰ ਆਪਣੇ ਘਰ ਲੈ ਗਈ। ਦਸ ਦਿਨ ਸ੍ਰੀ ਗੁਰੂ ਜੀ ਓਥੇ ਰਹੇ। ਸਤਿਸੰਗ ਦਾ ਪ੍ਰਵਾਹ ਟੁਰ ਪਿਆ। ਅਨੇਕਾਂ ਜੀਵ ਭੁੱਲੇ ਭਟਕੇ ਸਾਧਨਾਂ ਵਿਚ ਅਟਕੇ ਆਕੇ ਤਰੇ। ਰਾਮ ਰਵਨ ਨੂੰ ਸੁਧ ਪਹੁੰਚੀ ਕਿ ਜੱਸੀ ਨੇ ਉਪਾਸਨਾ ਬਦਲ ਲਈ ਹੈ, ਉਹ ਨਿਰੰਕਾਰ ਦੀ ਭਗਤੀ ਵਿਚ ਤੇ ਕਰਮ ਕਾਂਡ ਦੀ ਥਾਂ ਸਫਲ ਗਿਆਨ ਵਿਚ ਬਦਲ ਗਈ ਹੈ, ਤਾਂ ਉਹ ਆਇਆ ਧਾਈ ਕਰਕੇ ਕਿ ਅੱਗੇ ਬੈਠੇ ਹੋਣਗੇ ਅਨਜਮਤੀ ਸਾਧੂ ਜਿਨ੍ਹਾਂ ਨੂੰ ਪ੍ਰਾਜੈ ਕਰਾਂਗਾ! ਪਰ ਬੈਠੇ ਸਨ ਅੱਗੇ ਰੱਬੀ ਬਖਸ਼ਿਸ਼ਾਂ ਦੇ ਸਰੂਪ ਤੇ ਸਾਖਜਾਤ ਆਪ। ਦੇਖਕੇ ਝਿਜਕਿਆ, ਕੰਬਣੀ ਆਈ, ਪ੍ਰਭਾਵ ਛਾਇਆ ਤੇ ਅੰਦਰੋਂ ਦਬ ਜੇਹਾ ਗਿਆ। ਪਰ ਧਰਮ ਦੇ ਪੱਖ ਭਾਵ ਦਾ ਗੁੱਸਾ ਚੜ੍ਹਿਆ। ਫਿਰ ਠਿਠੰਬਰ ਗਿਆ ਅੰਦਰੇ। ਜੱਸੀ ਨੇ ਸਤਿਕਾਰ ਦਿਤਾ; ਗੁਰੂ ਬਾਬੇ ਨੇ ਵੀ ਡਿੱਠਾ ਕਿ ਜੱਸੀ ਦਾ ਕਰਮ ਕਾਂਡ ਦਾ ਸਿੱਖਜਕ ਆਯਾ ਹੈ ਜੋ ਹੈ ਉਂਵ ਭਲਾ। ਉਸ ਵਲ ਤੱਕੇ ਤੇ ਬੋਲੇ:-'ਆਓ ਰਾਮ ਰਵਨ! ਰਾਮ ਰਵ ਰਿਹਾ ਹੈ ਘਟ ਘਟ ਵਿਚ। ਆਪਣੇ ਪਿਆਰੇ ਨੂੰ ਇਕ ਦੇਸ਼ ਵਿਚ ਨਹੀਂ ਬੰਨ੍ਹੀਦਾ। ਦੇਖ, ਨੈਣ ਖੋਹਲ, ਵੇਖ ਸਾਰੇ ਵਿਆਪਕ'। ਰਾਮ ਰਵਨ ਨੂੰ ਇਕ ਵਜਾਪਕ ਵਜੂਦ ਵਾਲੇ ਦਾ ਰੌਂ ਜਿਹਾ ਭਾਸਿਆ ਅੰਦਰ ਫਿਰਦਾ। ਪਰ ਰਾਮ ਰਵਨ ਆਪਣੇ ਮਤ ਦਾ ਚੰਗਾ ਜਾਣੂ ਸੀ, ਆਪਾ ਸੰਭਾਲਕੇ ਉੱਤਰ ਪ੍ਰਸ਼ਨ ਲਗਾ ਕਰਨ ਪਰ ਥੋੜੇ ਚਿਰ ਵਿਚ ਰੁਕ ਗਿਆ, ਮੰਨਣਾ ਪਿਓਸੁ ਕਿ ਨਿਰੰਕਾਰ ਸਾਕਾਰ ਤੋਂ ਤੇ ਸਰਗੁਨ ਤੋਂ ਪਰੇ ਹੈ ਤੇ ਸਭ ਤੋਂ ਉੱਚਾ ਹੈ, ਉਸ ਦਾ ਲਖਾਇਕ ਉਸ ਦਾ ਨਾਮ ਹੈ ਤੇ ਨਾਮ ਸਿਰ ਪੂਜਾ ਦੇ ਪੂਜਾ ਹੈ। ਰਾਮ ਰਵਨ ਰਹਿ ਪਿਆ ਉਥੇ ਕੁਛ ਦਿਨ ਤੇ ਤਰ ਗਿਆ ਸਤਿਸੰਗ ਕਰਕੇ ਅਰਸ਼ੀ ਨੂਰ ਦਾ।

ਐਉਂ ਆਗਰੇ ਵਿਚ ਲਾਕੇ ਜਾਗ ਸੱਚੇ ਨਾਮ ਦੀ ਤੇ ਭੁਲੇਵਿਆਂ ਵਿਚੋਂ ਕੱਢਕੇ ਘਾਲਾਂ ਵਾਲਿਆਂ ਨੂੰ, ਗੁਰੂ ਬਾਬਾ ਰਵਦਾ ਰਿਹਾ ਜਿਵੇਂ ਰਉਂ ਜਾਂਦੀ ਹੈ ਉਪਕਾਰੀ ਪੌਣ ਦੇਸ਼ ਤੋਂ ਦੇਸ਼ ਨੂੰ।

ਜੱਸੀ ਹੁਣ ਆਗਰੇ ਵਿਚ ਗੁਰ ਸਿੱਖੀ ਦਾ ਥੰਮ੍ਹ ਬਣ ਗਈ। ਰਾਮ ਰਵਨ ਆਗਰੇ ਹੀ ਟਿਕ ਗਿਆ। ਧਾਬਲੀ, ਮੂਰਖ ਧਾਬਲੀ, ਜੋ ਸਭ ਨੂੰ ਟਿਚਕਰ ਕਰਦੀ ਮਲੂੰਮ ਹੁੰਦੀ ਹੁੰਦੀ ਸੀ, ਅਜ ਉਹ ਬੀ

ਲਗ ਗਈ ਸਿਮਰਨ ਵਿਚ। ਗੁਰੂ ਬਾਬੇ ਨੂੰ ਇਹ ਬੜਾ ਸ਼ੌਕ ਸੀ ਕਿ ਜਿਥੇ ਘਾਲੀ ਬੰਦੇ ਹੋਣ, ਚਾਹੇ ਕਿਸੇ ਪ੍ਰਕਾਰ ਦੀ ਘਾਲ ਕਰਦੇ ਹੋਣ, ਪਰ ਹੋਣ ਆਪਣੀ ਘਾਲ ਵਿਚ ਸਰਲ ਤੇ ਸੱਚੇ ਤਾਂ ਪੁੱਜਕੇ ਜਾਣਾ ਤੇ ਮਿਹਰਾਂ ਨਾਲ ਉਨ੍ਹਾਂ ਨੂੰ ਉਭਾਰਕੇ ਸਤਿ ਮਾਰਗ ਤੇ ਲਾ ਦੇਣਾ। ਉਹੋ ਜਿਹੇ ਇਕ ਆਦਮੀ ਦੇ ਸੰਵਰ ਜਾਣ ਨਾਲ ਫਿਰ ਸੰਵਰ ਜਾਣਾ ਉਹਨਾਂ ਦੀਆਂ ਸੰਗਤਾਂ ਨੇ ਤੇ ਉਪਕਾਰ ਹੋ ਜਾਣਾ ਬਹੁਤ ਵਡਾ ਤੇ ਵਿਸਥਾਰ ਵਾਲਾ। ਹਾਂ ਆਗਰੇ ਵਿਚ ਨੀਉਂ ਬੰਨ੍ਹਕੇ ਜੱਸੀ ਦੇ ਘਰ ਨੂੰ ਧਰਮਸਾਲ ਬਣਾ ਕੇ ਬਾਬਾ ਰਵਦਾ ਰਿਹਾ। ਲਓ ਹੁਣ ਅਜ ਤਾਂਈਂ ਉਹ ਘਰ ਹੈ ਜੋ ਧਰਮਸਾਲ ਗੁਰੂ ਕੀ ਤੇ ਆਖਦੇ ਹਨ ਲੋਕੀਂ ਉਸ ਨੂੰ 'ਮਾਈ ਥਾਨ[1]'।

{ਇਤਿਹਾਸਕ ਪਹਿਲੂ}

ਆਗਰੇ ਵਿਚ ਪਹਿਲੀ ਫੇਰੀ ਸਤਿਗੁਰੂ ਨਾਨਕ ਦੇਵ ਜੀ ਨੇ ਪਾਈ ਤੇ ਸਤਿਸੰਗ ਦੀ ਨੀਂਹ ਧਰੀ। ਮਾਈ ਜੱਸੀ ਨੂੰ ਤਾਰਿਆ (ਤਵਾਰੀਖ ਖਾਲਸਾ੧-੧) ਫੇਰ ਗੁਰੂ ਹਰਿਗੋਬਿੰਦ ਸਾਹਿਬ ਜੀ ਆਗਰੇ ਆਏ ਹਨ ਜਹਾਂਗੀਰ ਦੇ ਨਾਲ।

{ਗੁ: ਪ੍ਰ: ਸੂ: ਰਾਸ:੪, ਅੰ-੫੭}

ਫੇਰ ਆਗਰੇ ਆਏ ਸਨ ਨਾਵੇਂ ਸਤਿਗੁਰੂ ਜੀ ਭੀ ਤੇ ਆਪ ਜੀ ਦੇ ਪਵਿਤ੍ਰ ਸਰੀਰ ਨੂੰ ਉਥੇ ਹੀ ਗ੍ਰਿਫਤਾਰ ਕੀਤਾ ਸੀ ਅਨਜਾਈ ਔਰੰਗਜ਼ੇਬ ਦੇ ਹਾਕਮ ਨੇ। ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਤਦੋਂ ਏਥੇ ਇਕ ਮਾਈ ਭਾਗੋ ਰਹਿੰਦੀ ਸੀ ਗੁਰੂ ਅਰਜਨ ਦੇਵ ਜੀ ਤੋਂ ਵਰੋਸਾਈ ਹੋਈ। ਗੁਰੂ ਘਰ ਦੀ ਨਾਮ ਸਿਮਰਣ ਵਿਚ ਨਿਪੁਨ ਸਿੱਖਣੀ। ਇਹ ਮਾਈ ਨਾਵੇਂ ਸਤਿਗੁਰਾਂ ਦੇ ਵੇਲੇ ਏਥੇ ਸੀ ਤੇ ਦਰਸ਼ਨ ਯਾਚਨਾ ਵਿਚ ਸੀ ਕਿ ਜਦੋਂ ਸ੍ਰੀ ਗੁਰੂ ਜੀ ਨੂੰ ਭਾਣੇ ਵਰਤਾਉਣ ਦਾ ਸਮਾਂ ਆ ਗਿਆ। ਸੋ ਆਪ ਪਹਿਲੇ ਆਗਰੇ ਆਏ, ਮਾਈ ਭਾਗੋ ਨੂੰ ਨਿਹਾਲ ਕੀਤਾ। ਯਾਦ ਰਹੇ ਕਿ ਇਹ ਮਾਈ ਭਾਗੋ ਉਹ ਨਹੀਂ ਸੀ ਜੋ ਦਸਮੇਂ ਗੁਰਾਂ ਨੂੰ ਖਿਦਰਾਣੇ ਦੇ ਜੰਗ ਵਿਚ ਮਿਲੀ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਤਦੋਂ ਏਸੇ ਮਾਈ ਥਾਨ ਟਿਕਾਣੇ ਟਿਕੇ ਸਨ ਤੇ ਗੁਰੂ ਕ ਬਾਗ਼ ਮਗਰੋਂ ਟਿਕੇ ਸਨ ਕਿ ਜਿੱਥੇ ਗ੍ਰਿਫਤਾਰੀ ਹੋਈ ਸੀ। ਇਸ ਕਰਕੇ ਇਸ ਗੁਰ ਦਵਾਰੇ ਨੂੰ ਨਾਵੇਂ ਪਾਤਸ਼ਾਹ ਦਾ ਬੀ ਕਹਿ ਲਿਆ ਜਾਂਦਾ ਹੈ। 'ਗੁਰੂ ਅਸਥਾਨ ਦਰਸ਼ਨ' ਵਿਚ ਇਉਂ ਲਿਖਿਆ ਹੈ:-

ਮਾਈ ਥਾਨ ਮਹੱਲੇ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਯਾਦਗਾਰ ਵਿਚ ਗੁਰਦੁਆਰਾ ਹੈ। ਬੜਾ ਸੁਹਣਾ ਬਣਿਆ ਹੋਇਆ ਹੈ। ਰਿਹੈਸ਼ ਤੇ ਲੰਗਰ ਦਾ ਪ੍ਰਬੰਧ ਚੰਗੀ ਤਰ੍ਹਾਂ ਹੋ ਸਕਦਾ ਹੈ। ਦੂਜਾ ਗੁਰਦਵਾਰਾ ਬਾਗ਼ ਵਿਚ ਹੈ। .....ਗੁਰੂ ਨਾਨਕ ਦੇਵ ਜੀ ਬੀ ਆਗਰੇ ਆਏ, ਮਾਈ ਜੱਸੀ ਨੂੰ 'ਇਆਨੜੀਏ ਮਾਨੜਾ ਕਾਇ ਕਰੇਹਿ' ਸ਼ਬਦ ਦ੍ਵਾਰਾ ਉਪਦੇਸ਼ ਦੇ ਕੇ ਉਸ ਤੋਂ ਮੂਰਤੀ ਪੂਜਾ ਤੇ ਬੁੱਤ ਛੁੜਾਏ।

ਸੂਚਨਾ-ਚਰਣ ਹੁਣ ਦੇਸ਼ ਵਲ ਨੂੰ ਮੁੜ ਰਹੇ ਸਨ, ਹੁਣ ਰੁਖ਼ ਵਧੇਰੇ ਦੇਸ਼ ਵੱਲ ਦਾ ਹੋ ਗਿਆ, ਰਸਤੇ ਵਿਚ ਬੀ ਰੱਬੀ ਕੰਮ ਕਰਦੇ ਰਹੇ ਅਰ ਕਦੀ ਪਸਿੱਤੇ ਪਾਸੇ ਬੀ ਨਿਕਲ ਜਾਂਦੇ ਰਹੇ ਜਾਪਦੇ ਹਨ। ਸਾਰੇ ਕੌਤਕ ਤਾਂ ਮਿਲਦੇ ਨਹੀਂ ਪਰ ਬਾਲੇ ਵਾਲੀ ਸਦੀਂਦੀ ਜਨਮ ਸਾਖੀ ਵਿਚ ਇਕ ਭਾਰੀ ਜਗਤ ਦੀ ਪੀੜਾ ਮੇਟਣ ਦਾ ਪ੍ਰਸੰਗ ਦਿਤਾ ਹੈ ਜੋ ਅਵਧ ਦੇ ਲਾਗੇ ਰੁਹੇਲੇ ਪਠਾਂਣਾਂ ਦੇ ਇਲਾਕੇ ਵਿਚ ਵਰਤਿਆ, ਉਹ ਅਗਲੇ, ਪ੍ਰਸੰਗ ਵਿਚ ਹੈ:-

# ੪੦. ਰੁਹੇਲ ਖੰਡ ਦੇ ਕੌਤਕ[2]।

੧ ਵਿਛੋੜਾ!

**ਪਿਰ** ਭਾਵੈ ਪ੍ਰੇਮ ਸਖਾਈ॥ ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ॥ {ਮਲਾਰ ਮਹਲਾ ੧ ਅਸਟ:}

[1] ਤਵਾਰੀਖ ਖਾਲਸਾ ਹਿ: ੧ ਭਾਗ ੧

[2] ਇਹ ਪ੍ਰਸੰਗ ਸੰਮਤ ਗੁਰ ਨਾਨਕ ਸਾਹਿਬ ੪੪੩ (੧੯੧੨ ਈ:) ਦੇ ਗੁਰਪੁਰਬ ਪੁੰਨਮ ਪਰ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦਾ ਟ੍ਰੈਕਟ ਹੋਕੇ ਪ੍ਰਕਾਸ਼ਿਆ ਸੀ। ਨਾਉਂ ਸੀ-'ਮੇਰਾ ਚੋਜੀ ਪਿਆਰਾ'।

ਪਜਾਰੀ, ਮਿੱਠੀ, ਠੰਢੀ ਤੇ ਸੁਹਾਵਣੀ ਗੁਲਾਬੀ ਰੁੱਤ ਹੈ। ਦੋ ਕੁ ਦਿਨ ਨਿੱਕੀ ਨਿੱਕੀ ਬਰਖਾ ਪੈਕੇ ਹਟੀ ਹੈ, ਜਿਸ ਨੇ ਏਸ ਰੁੱਤ ਨੂੰ ਭਿੰਨੀ ਭਿੰਨੀ ਤੇ ਸੁਆਦਲੀ ਕਰ ਦਿੱਤਾ ਹੈ। ਅੰਮ੍ਰਿਤ ਵੇਲਾ ਹੈ, ਤ੍ਰੇਲ ਦੇ ਮੋਤੀਆਂ ਵਰਗੇ ਕਿਣਕੇ ਫੁਲ ਡਾਲੀਆਂ ਪੱਤਿਆਂ ਤੇ ਪੈ ਰਹੇ ਹਨ। ਮੱਧਮ ਪਰ ਗਲੱਕੜੀਆਂ ਭਰਨ ਵਾਲੀ ਠੰਢੀ ਠੰਢੀ ਪੌਣ ਰੁਮਕ ਰਹੀ ਹੈ। ਅਕਾਸ਼ ਦਾ ਨੀਲ ਤਾਰਿਆ ਨਾਲ ਜੜਿਆ ਡਲ੍ਹਕਾਂ ਮਾਰ ਰਿਹਾ ਹੈ। ਧਰਤੀ ਦਾ ਹਰਿਆ ਭਰਿਆ ਫੈਲਾਉ ਫੁੱਲਾਂ ਦੀ ਜੜਤ ਨਾਲ ਹੁਲਾਰੇ ਦੇ ਰਿਹਾ ਹੈ। ਇਸ ਵੇਲੇ ਇਕ ਪਥਰੀਲੇ ਟਿੱਲੇ ਤੋਂ ਆਸਾ ਰਾਗ ਦੀ ਪਜਾਰੀ ਸੁਰ ਆ ਰਹੀ ਹੈ। ਰਾਗ ਹੋ ਰਿਹਾ ਹੈ ਕਿ ਸੁਰਗ ਦੇ ਬੂਹੇ ਜ਼ਮੀਨ ਵਲ ਕਰਕੇ ਕਿਸੇ ਨੇ ਖੁਹਲ ਦਿਤੇ ਹਨ। ਉਹ ਮਿਠਾਸ ਹੈ ਕਿ ਕੰਨ ਸਾਰੀ ਸੁਰਤੀ ਲੈਕੇ ਉਸ ਲਯ ਵਿਚ ਜੁੜਦੇ ਹੀ ਜਾਂਦੇ ਹਨ। ਐਉਂ ਨਹੀਂ ਜਾਪਦਾ ਕਿ ਕੋਈ ਕੀਰਤਨ ਕਰ ਰਿਹਾ ਹੈ ਪਰ ਐਉਂ ਮਾਲੂੰਮ ਹੁੰਦਾ ਹੈ ਕਿ ਹਵਾ ਦੇ ਸਮੁੰਦਰ ਉਤੇ ਕੋਈ ਸੰਗੀਤ ਦੇ ਤਰੰਗ ਮਲਕੜੇ ਜਿਹੇ ਤਾਰੀ ਜਾ ਰਿਹਾ ਹੈ। ਇਸ ਤਰ੍ਹਾਂ ਦੀ ਕੋਮਲਤਾ ਤੇ ਨਰਮੀ ਹੈ ਕਿ ਸੁਣਨ ਵਾਲਾ ਮਨ ਕਿਸੇ ਦੂਸਰੀ ਕੋਮਲਤਾ ਦੀ ਦੁਨੀਆਂ ਵਿਚ ਤਾਰੀਆਂ ਲਾਉਣ ਲਗ ਜਾਂਦਾ ਹੈ। ਇਸ ਪਜਾਰੀ ਅਵਾਜ਼ ਦੇ ਵਿੱਚ ਵਿੱਚ ਕਿਸੇ ਵੇਲੇ ਕੋਈ ਹੋਰ ਅਵਾਜ਼ ਸਲੋਕ ਦੇਂਦੀ ਹੈ। ਇਹ ਦੈਵੀ ਸੁਰ ਐਸੀ ਰਸ ਭਰੀ ਹੈ ਕਿ ਝੱਟ ਲਿਵ ਦੇ ਮੰਡਲ ਵਿਚ ਲੈ ਜਾਂਦੀ ਹੈ। ਇਸ ਸੁਰ ਦੇ ਸਿਵਾ ਸੰਸਾਰ ਦਾ ਕੋਈ.ਹੋਰ ਸੰਗੀਤ ਨਹੀਂ ਕਰ ਸਕਦਾ ਕਿ ਸੁਣਦਿਆਂ ਸਾਰ ਇਕ ਤਰ੍ਹਾਂ ਦੀ ਉੱਚੀ ਤੇ ਠੰਢੀ ਆਸ ਜੀ ਵਿਚ ਪੈਦਾ ਕਰੇ ਕਿ ਜੋ ਚਿੱਤ ਨੂੰ ਕਿਸੇ ਉੱਤਮ ਸਿਦਕ ਵਿਚ ਲੈ ਜਾਵੇ ਕਿ ਜਿੱਥੇ ਸਰੀਰ ਦੇ ਜੰਜਾਲ ਸਾਰੇ ਭੁੱਲ ਜਾਣ ਅਰ ਇਕ ਠਹਿਰੇ ਹੋਏ ਸਮੁੰਦਰ ਵਾਂਗੂੰ ਅਡੋਲਤਾ ਤੇ ਰਸ ਛਾ ਜਾਵੇ ਤੇ ਲਿਵ ਲਗ ਜਾਵੇ। ਇਸ ਪਿਆਰੇ ਕੀਰਤਨ ਦੀ ਖਿੱਚ ਉਸ ਟਿੱਲੇ ਦੇ ਉਪਰ ਬੇ-ਵਸਿਆਂ ਧ੍ਰੂ ਲੈ ਜਾਂਦੀ ਹੈ। ਇਕ ਕੁਦਰਤ ਦੀ ਡੌਲੀ ਹੋਈ ਸਿਲ ਹੈ, ਜਿਸ ਪਰ ਇਕ ਐਸੀ ਸੂਰਤ ਬੈਠੀ ਹੈ ਕਿ ਜਿਸ ਦੇ ਉਦਾਲੇ ਨੂਰ ਦੀ ਫੁਹਾਰ ਛੁਟ ਰਹੀ ਹੈ, ਚਾਨਣਾ ਹੈ, ਪਰ ਸੂਰਜ ਵਰਗਾ ਨਹੀਂ। ਵਧੀਕ ਜ਼ੋਰਦਾਰ ਹੈ, ਪਰ ਚੁਭਵਾਂ ਘਬਰਾ ਵਾਲਾ ਤੇ ਤੱਤਾ ਨਹੀਂ, ਬਿਜਲੀ ਵਰਗਾ ਹੈ, ਪਰ ਚੰਚਲਤਾ ਤੇ ਕੜਕ ਤੋਂ ਸਾਫ਼ ਹੈ; ਚਿੱਟਾ ਵਧੀਕ ਹੈ ਪਰ ਅੱਖਾਂ ਨੂੰ ਚੁੰਧਿਆਉਂਦਾ ਨਹੀਂ, ਚੰਦ ਜਿਹਾ ਦੁਧਵਾਨੀ ਹੈ ਪਰ ਮਸਤੀ ਤੇ ਲੈ ਨਿਰਾਲੀ ਰਖਦਾ ਹੈ। ਇਹ ਕਿਹਾ ਨਹੀਂ ਜਾ ਸਕਦਾ ਕਿ ਇਹ ਚਾਨਣਾ ਉਸ ਸੂਰਤ ਦੇ ਆਪਣੇ ਸਰੀਰ ਵਿਚੋਂ ਨਿਕਲ ਰਿਹਾ ਹੈ ਜਾਂ ਉਦਾਲੇ ਉਮੰਡ ਰਿਹਾ ਹੈ, ਪਰ ਇਸ ਵਿਚ ਖਿੱਚ ਉਹ ਹੈ ਜੋ ਜੀ ਧ੍ਰੂਹੀਦਾ ਹੈ ਤੇ ਖਿੱਚਿਆਂ ਚਰਨਾਂ ਤੇ ਪਹੁੰਚੇ ਬਿਨਾਂ ਉਰੇ ਅਟਕ ਨਹੀਂ ਸਕੀਦਾ। ਇਸ ਧ੍ਰੂਹ ਲੈਣ ਵਾਲੀ ਸੂਰਤ ਦੇ ਕੋਲ ਇਕ ਸੰਗੀਤ ਦਾ ਅਵਤਾਰ, ਇਕ ਅਚਰਜ ਹੀ ਤਰ੍ਹਾਂ ਦਾ ਛੇ ਤਾਰਾਂ ਤੇ ਤਰਬਾਂ ਨਾਲ ਭਰਪੂਰ ਇਲਾਹੀ ਸਾਜ਼ ਲਈ ਬੈਠਾ ਵਜਾ ਰਿਹਾ ਹੈ। ਉਹ ਰੰਗ ਹੈ, ਉਹ ਸੁਆਦ ਹੈ, ਉਹ ਸੁਖ ਹੈ ਕਿ ਸਰੀਰ ਯਾ ਤਾਂ ਗੁੰਮ ਹੁੰਦਾ ਜਾਂਦਾ ਭਾਸਦਾ ਹੈ ਯਾ ਅੰਦਰਲੀਆਂ ਕਲਾਂ ਤੋਂ ਲੈਕੇ ਲੂੰਆਂ ਤਕ ਸਾਰਾ ਸਮਾਜ ਇਕ ਸੁਖ ਦੇ ਰੂਪ ਵਿਚ ਪਲਟਾ ਖਾਈ ਜਾਂਦਾ ਹੈ। ਮੱਥਾ ਨਿਉਂਦਾ ਹੈ ਤੇ ਫੇਰ ਉੱਠਣਾ ਭੁੱਲ ਜਾਂਦਾ ਹੈ, ਮਨ ਐਸਾ ਨਿੰਮ੍ਰਤਾ ਵਿਚ ਜਾਂਦਾ ਹੈ ਕਿ ਆਪਣਾ ਰੰਗ ਛੱਡਕੇ ਜਿਸ ਅੱਗੇ ਨਿਉਂਦਾ ਹੈ ਉਸੇ ਵਿਚ ਰੰਗਿਆ ਜਾਂਦਾ ਹੈ, ਜਿਸ ਤਰ੍ਹਾਂ ਗੁਲਾਬ ਦੇ ਲਾਗੇ ਪਿਆ ਬਲੌਰ ਗੁਲਾਬੀ ਹੋ ਜਾਂਦਾ ਹੈ। ਇਸ ਦਰਸ਼ਨ, ਇਸ ਪਿਆਰੇ ਦਰਸ਼ਨ, ਇਸ ਇਲਾਹੀ ਦਰਸ਼ਨ ਦਾ ਉਹ ਝਲਕਾ ਹੈ ਕਿ ਅੱਖਾਂ ਮਧੁ ਭਰੀਆਂ ਹੋ ਕੇ ਪਹਿਲੇ ਰਸੀਲੀਆਂ ਹੋ ਜਾਂਦੀਆਂ ਹਨ, ਫੇਰ ਰਸ ਦਾ ਉਹ ਜ਼ੋਰ ਵਧਦਾ ਹੈ ਕਿ ਛੱਪਰਾਂ ਤਕ ਭਾਰੇ ਹੋ ਜਾਂਦੇ ਹਨ, ਫੇਰ ਰਸ ਨਾਲ ਭਾਰੇ ਨੈਣਾਂ ਨੂੰ ਅਧਿਮੀਟੇ ਕਰਕੇ ਪੁਤਲੀਆਂ ਨੂੰ ਉਲਟੇਵੇਂ ਵੇਗ ਨਾਲ ਉਪਰ ਚਾੜ੍ਹਦਾ ਹੈ। ਇਉਂ ਰਸ ਭਰੇ ਕੰਵਲ ਨੈਣ ਰਸ ਦੀ ਬਹੁਲਤਾ ਨਾਲ ਮਾਨੋ ਉਲਟਦੇ ਹਨ ਤੇ ਉਲਟਦੇ ਹੀ ਬਾਹਰ ਵਲੋਂ ਮਿਟ ਜਾਂਦੇ ਹਨ; ਮਿਟਿਆਂ ਦਾ ਚਾਨਣਾ ਜੋ ਬਾਹਰ ਦੇ ਸੁਹਣੱਪ ਵਿਚ ਲੱਗਕੇ ਬਾਹਰ ਦਰਸ਼ਨ ਕਰਦਾ ਸੀ ਹੁਣ ਅੰਦਰ ਦੀ ਸੁੰਦਰਤਾ ਦੇ ਕਿਣਕੇ-ਨੁਕਤੇ ਜਾਂ ਕੇਂਦਰ ਉੱਤੇ ਜਾਕੇ ਐਸਾ ਟਿਕਦਾ ਹੈ ਕਿ ਫੇਰ ਰਸ ਹੀ ਰਸ

ਰਹਿ ਜਾਂਦਾ ਹੈ ਤੇ ਅਜਾਣੇ ਹੀ ਕਿਸੇ ਮਹਾਂ ਰਸ ਦੇ ਸਾਗਰ ਦੀ ਸ਼ਰਨ ਵਿਚ ਮਹਾਂ ਰਸੀਆ ਹੋ ਗੁੰਮਦਾ ਜਾਂਦਾ ਹੈ।

ਉਹ ਰਸ, ਜੋ ਧੁਰ ਅੰਦਰ ਤਕ ਅਸਰ ਕਰੇ, ਸਮੇਂ ਦਾ ਪਤਾ ਨਹੀਂ ਲੱਗਣ ਦੇਂਦਾ ਤੇ ਥਹੁ ਨਹੀਂ ਰਹਿੰਣ ਦੇਂਦਾ ਕਿ ਕਿਸ ਥਾਂ ਬੈਠੇ ਸਾਂ ਤੇ ਕਿੱਥੇ ਹਾਂ ਤੇ ਪਤਾ ਨਹੀਂ ਪੈਣ ਦੇਂਦਾ ਕਿ ਕੀਹ ਕੀਹ ਕਾਰਨ ਤੇ ਕੌਤਕ ਵਰਤ ਗਏ ਹਨ। ਜੇ ਕਿਤੇ ਮਹਾਂ ਰਸ ਆ ਜਾਵੇ ਤਾਂ ਕਾਲ ਦੀ ਗਤੀ ਤੇ ਦੇਸ਼ ਥਾਉਂ ਦਾ ਥਹੁ ਥਿੱਤਾ ਤੇ ਕਾਰਣ, ਵਰਤੋਂ, ਹੋਣੀ ਦਾ ਅਨੁਮਾਨ ਕਦ ਲੱਗਣ ਦੇਂਦਾ ਹੈ।

ਸੂਰਜ ਨੇ ਹੁਣ ਪੂਰਬ ਵਲੋਂ ਧਰਤੀ ਦੇ ਨਾਲ ਮਿਲਵੀਂ ਸੇਧ ਦੀਆਂ ਅਨੁਕੂਲ ਲਾਸਾਂ ਛੱਡੀਆਂ। ਇਹ ਕਿਰਨਾਂ ਕਿਹੀਆਂ ਪ੍ਯਾਰੀਆਂ ਹਨ! ਜਿਸ ਨੂਰ ਦੀ ਟਿੱਕੀ ਵਿਚੋਂ ਨਿਕਲਦੀਆਂ ਹਨ, ਕੈਸੀ ਪਿਆਰੀ ਲਗਦੀ ਹੈ! ਇਕ ਵਾਰ ਤੱਕ ਲਿਆਂ ਸਾਰੇ ਸਰੀਰ ਵਿਚੋਂ ਖੁਸ਼ੀ ਦੀ ਲਹਿਰ ਨਿਕਲਦੀ ਹੈ; ਦੋ ਪਲ ਖੜੋ ਰਿਹਾਂ ਐਉਂ ਜਾਪਦਾ ਹੈ ਕਿ ਇਸ ਤੇਜ ਦੇ ਸਮੁੰਦਰ ਵਿਚ ਇਸ਼ਨਾਨ ਹੋਕੇ ਜੀ ਹੌਲਾ ਫੁੱਲ ਹੋ ਗਿਆ ਹੈ। ਉਧਰ ਸੂਰਜ ਕਿਰਨਾਂ ਛੱਡਦਾ ਹੈ, ਇਧਰ ਉੱਚ ਸੰਗੀਤ ਸਮਾਪਤ ਹੋ ਜਾਂਦਾ ਹੈ। ਇਤਨਾ ਕਾਲ ਉਹਨਾਂ ਦੋਹਾਂ ਦੈਵੀ ਸੁਰਤਾਂ ਦਾ ਅਡੋਲ ਬੈਠਿਆਂ ਲੰਘਦਾ ਹੈ, ਤਾਂ ਤੇਜਮਯ ਸਰੂਪ ਵਾਲੇ ਨੇਤ੍ਰ ਖੋਲ੍ਹਕੇ 'ਨਿਰੰਕਾਰ, ਨਿਰੰਕਾਰ' ਦਾ ਸ਼ਬਦ ਐਸੀ ਅਸਚਰਜ ਲਹਿਰ ਨਾਲ ਆਖਦੇ ਹਨ ਕਿ ਅੱਖਾਂ ਅਗੋਂ ਸਾਰਾ ਸੰਸਾਰ ਲੋਪ ਹੋਕੇ ਕੇਵਲ ਇਕ ਆਨੰਦ ਦਾ ਪ੍ਰਭਾਉ ਹੀ ਰਹਿ ਜਾਂਦਾ ਹੈ। ਏਨੇ ਨੂੰ ਆਪ 'ਕਰਤਾਰ! ਕਰਤਾਰ' ਦਾ ਵਾਕ ਉਚਾਰਦੇ ਹਨ, ਸਾਰੀ ਸ੍ਰਿਸ਼ਟੀ ਇਕ ਅਸਚਰਜ ਸੁੰਦਰਤਾ ਦੇ ਰੰਗ ਵਿਚ ਰੰਗੀ ਹੋਈ ਨਜ਼ਰ ਪੈਣ ਲੱਗ ਜਾਂਦੀ ਹੈ। ਪਲ ਕੁ ਮਗਰੋਂ ਆਪ ਆਖਦੇ ਹਨ:- "ਭਾਈ ਮਰਦਾਨਾ! ਤੂੰ ਅਸਾਂ ਥੀਂ ਕੁਛ ਦਿਨ ਲਾਂਭੇ ਹੋ ਰਹੁ"। ਇਹ ਵਾਕ ਸਨ ਤਾਂ ਪ੍ਰੇਮ ਨਾਲ ਭਰੇ ਪਰ ਸੁਣਨ ਵਾਲੇ ਨੂੰ ਅਣੀਦਾਰ ਕਟਾਰੀ ਤੋਂ ਤਿੱਖੇ ਹੋ ਲੱਗੇ, ਅੱਖਾਂ ਵਿਚੋਂ ਜਲਧਾਰਾ ਵਹਿ ਤੁਰੀ ਤੇ ਹੰਝੂ ਕੇਰ ਕੇ ਆਖਣ ਲੱਗਾ:-

ਹੇ ਜੋਤ ਨਿਰੰਜਨੀ! ਮੈਂ ਮੁੱਢ ਤੋਂ ਭੁੱਲਾ ਤੇਰੇ ਘਰ ਦਾ ਮਿਰਾਸੀ, ਕਿਸੇ ਗੁਣ ਤੇ ਗੱਲ ਜੋਗਾ ਨਹੀਂ, ਸਦਾ ਤੋਂ ਤੂੰ ਆਪਣਾ ਆਪੇ ਹੀ ਜਾਣਿਆਂ ਤੇ ਲੜ ਲਾਇਆ, ਆਪ ਹੀ ਨਿਵਾਜਿਆ ਤੇ ਨਾਲ ਰਖਿਆ, ਮੈਂ ਫੇਰ ਭੀ ਭੁੱਲਾ, ਪਰ ਤੂੰ ਸਦਾ ਬਖਸ਼ਿਆ। ਮੈਂ ਪੈਰ ਪੈਰ ਤੇ ਸਿਦਕ ਦੀ ਪੌੜੀਓਂ ਤਿਲਕਿਆ ਤੇ ਦੁੱਖ ਭੁੱਖ ਦਾ ਮਾਰਿਆ ਡਡਿਆਇਆ, ਪਰ ਤੂੰ ਸਦਾ ਬਾਂਹ ਫੜੀ ਤੇ ਲਡਿਆਇਆ। ਹੇ ਆਪੇ ਪਸੀਜਣ ਵਾਲੇ ਸਤਿਗੁਰੂ! ਹੇ ਸਾਡੇ ਦੁੱਖ ਦੇਖਕੇ ਸਚਖੰਡ ਤੋਂ ਆਪ ਆਕੇ ਤਾਰਣਹਾਰੇ ਜਯੋਤੀ ਸਰੂਪ! ਹੇ ਸਦਾ ਮੇਲਣ ਵਾਲੇ ਬਖਸ਼ਿੰਦ ਦਾਤਿਆ! ਮੈਂ ਔਗਣਹਾਰ ਨੂੰ ਚਰਨੀ ਲਾਈ ਰੱਖ ਤੇ ਆਪਣੇ ਤੋਂ ਨਾ ਵਿਛੋੜ। ਕੋਈ ਗੁਣ ਪੱਲੇ ਹੋਵੇ ਤਾਂ ਮੈਂ ਆਖਾਂ, ਮੈਂ ਤਾਂ ਹਾਂ ਹੀ ਉੱਕਾ ਸੱਖਣਾ। ਹੇ ਕੱਖੋਂ ਹੌਲਿਆਂ ਨੂੰ ਮਾਣ ਦੇਣ ਵਾਲਿਆ! ਆਪਣੇ ਚਰਨਾਂ ਦੇ ਵਿਛੋੜੇ ਦਾ ਦਾਗ਼ ਨਾ ਦੇਹ।

ਸਤਿਗੁਰੂ ਨਾਨਕ ਦੇਵ-ਮਰਦਾਨਿਆਂ ! ਸੰਸਾਰ ਵਿਚ ਸਭ ਤੋਂ ਵੱਡਾ ਦੁਖ ਹੀ ਵਿਛੋੜਾ ਹੈ, ਅਰ ਵਿਛੋੜਾ ਹੀ ਸਾਰੇ ਦੁੱਖਾਂ ਦੀ ਮਾਂ ਹੈ। ਸੰਸਾਰ ਸਾਰਾ ਜੇ ਆਪਣੇ ਪਯਾਰੇ ਵਾਹਿਗੁਰੂ ਤੋਂ ਨਾ ਵਿਛੁੜੇ ਤਾਂ ਸੰਸਾਰ ਬੈਕੁੰਠ ਹੈ। ਮੈਂ ਜਾਣਦਾ ਹਾਂ ਕਿ ਵਿਛੋੜੇ ਦੀ ਪੀੜ ਤੈਨੂੰ ਦੁੱਖ ਦੇਵੇਗੀ, ਅਰ ਮੈਂ ਤੈਥੋਂ-ਜੋ ਮੇਰੇ ਪ੍ਰੀਤਮ ਪਰਮੇਸ਼ਰ ਜੀ ਦੇ ਕੀਰਤਨ ਸੁਣਾਉਂਦਾ ਹੈਂ-ਨਹੀਂ ਵਿਛੁੜਿਆ ਲੋੜਦਾ, ਪਰ ਕੀਹ ਕਰੀਏ, ਮਰਦਾਨਿਆਂ! ਕੰਮ ਬੀ ਤਾਂ ਕਰਨੇ ਹੋਏ।

ਮਰਦਾਨਾ-ਹੇ ਪ੍ਰੇਮ ਦੇ ਹੁਲਾਰਿਆਂ ਨਾਲ ਭਰੇ ਪ੍ਰੀਤਮ ਜੀ! ਆਪ ਦੇ ਕੰਮਾਂ ਵਿਚ ਮੈਂ ਕੁਛੋ ਨਾਂ ਕੂਆਂਗਾ, ਜੋ ਜੋ ਕਰਸੋ ਵੇਖਾਂਗਾ, ਜੋ ਆਖੋਗੇ ਆਪ ਦੀ ਕਿਰਪਾ ਨਾਲ ਕਰਾਂਗਾ, ਜਿਵੇਂ ਕਿਵੇਂ, ਬਣ ਪਵੇ, ਧ੍ਰੋਹੀ ਜੇ, ਮੈਨੂੰ ਇਕੱਲਿਆਂ ਨਾ ਛੱਡੋ। ਹੇ ਸਤਿਗੁਰ ਦਾਤੇ! ਮੈਂ ਤੇਰਾ ਹਾਂ, ਮੈਂ ਠੀਕ ਤੇਰਾ ਹਾਂ, ਮੈਂ ਔਗਣਹਾਰਾ ਤੇਰਾ ਹਾਂ, ਹੇ ਬਾਬਾ ਨਾਨਕ ! ਜੇਹਾ ਕੇਹਾ ਹਾਂ ਤੇਰਾ ਹਾਂ, ਮੈਂ ਤੇਰਾ ਹਾਂ, ਤੇਰਾ ਹਾਂ, ਤੇਰਾ ਹਾਂ।

ਸਤਿਗੁਰ ਨਾਨਕ ਦੇਵ ਜੀ-ਸੱਜਣਾ! ਅਸੀਂ ਤੈਥੋਂ ਵਿਛੁੜਨਾਂ ਤਾਂ ਨਹੀਂ ਲੋੜਦੇ, ਪਰ ਕਾਰਜ ਹੀ ਐਸਾ ਹੈ ਜੋ ਇਨ੍ਹਾਂ ਤੇਰੇ ਪ੍ਰੇਮ ਪ੍ਰਵੇਧੇ ਨੇਤਰਾਂ ਨੇ

ਦੇਖਕੇ ਝੱਲਣਾ ਨਹੀਂ ਹੈ। ਇਹ ਕਰਤਾਰ ਦੀ ਰਜ਼ਾਇ ਹੈ, ਹੁਕਮ ਜਾਣਕੇ ਸੱਜਣਾਂ ਏਸ ਅੱਗੇ ਪਜਾਰ ਦੀ ਗਿੱਚੀ ਨਿਵਾ ਦੇਣੀ ਹੀ ਲਾਭਵੰਦੀ ਹੈ। ਹੋਰ ਅੰਤਰ ਆਤਮੇ ਜਦ ਤੂੰ ਸਾਡੇ ਨਾਲ ਹੈਂ ਤਾਂ ਕਾਹਦਾ ਵਿਛੋੜਾ?

ਮਰਦਾਨਾ-ਸੱਤ ਬਚਨ ਮੇਰੇ ਮਾਲਕ ਜੀ! ਆਪ ਦੀ ਰਾਇ ਸਿਰ ਮੱਥੇ ਤੇ ਹੈ। ਪਰ ਜੋਤਿ ਨਿਰੰਜਨੀ ਜੀ! ਆਪਦਾ ਵਿਛੋੜਾ ਕੀਕੂੰ ਨਿਭੇਗਾ?

ਸਤਿਗੁਰੂ ਜੀ-ਮਰਦਾਨਿਆ! ਜਿਸ ਵਿਛੋੜੇ ਵਿਚ 'ਭੁੱਲ' ਆ ਰਲੇ ਉਹ 'ਮਾਰੂ ਵਿਛੋੜਾ' ਹੁੰਦਾ ਹੈ, ਜਿਸ ਵਿਚ 'ਯਾਦ' ਰਹੇ ਉਹ ਜੀਉਂਦਾ ਵਿਛੋੜਾ ਹੈ ਤੇ ਫੇਰ ਮੇਲਦਾ ਹੈ, ਏਸ ਯਾਦ ਵਾਲੇ ਵਿਛੋੜੇ ਨੂੰ ਹੀ ਬਿਰਹਾ ਆਖੀਦਾ ਹੈ। ਜਿਨ੍ਹਾਂ ਦੇ ਅੰਦਰ ਬਿਰਹਾ ਨਹੀਂ ਉਹ ਸਾਂਈਂ ਵਲੋਂ ਮਰ ਜਾਂਦੇ ਹਨ। ਜਿਨ੍ਹਾਂ ਦੇ ਅੰਦਰ ਸਾਂਈਂ ਦਾ ਬਿਰਹਾ ਜਾਗ ਪੈਂਦਾ ਹੈ, ਉਨ੍ਹਾਂ ਦੇ ਅੰਦਰ ਸਾਂਈਂ ਵਾਲੀ ਜਾਨ ਰੁਮਕ ਪੈਂਦੀ ਹੈ। ਸੱਜਣਾਂ! ਸਾਂਈਂ ਦਾ ਸਿਮਰਨ ਕਰਦਿਆਂ ਤਾਂ ਸਦਾ ਮੰਗਲ ਹੀ ਮੰਗਲ ਹੈ। ਜਿਤਨਾ ਕਾਲ ਸਾਡਾ ਫੇਰ ਮੇਲਾ ਨਹੀਂ ਹੁੰਦਾ, ਨਿਰੰਕਾਰ ਦਾ ਸਿਮਰਨ ਕਰਦੇ ਰਹਿਣਾ, ਫੇਰ ਉਹ ਮਾਲਕ ਪਾਲਕ ਸਦਾ ਅੰਗ ਸੰਗ ਹੈ ਤੇ ਰਹੇਗਾ।

ਮਰਦਾਨਾ-ਹੇ ਬਿਰਦ ਪਾਲਕ ਸਤਿਗੁਰੂ ਜੀ! ਬਰਸਾਂ ਹੋ ਗਈਆਂ ਹਨ ਘਰਾਂ ਤੋਂ ਨਿਕਲਿਆਂ ਤੇ ਬੇਬੇ ਜੀ ਆਪ ਦੇ ਦਰਸ਼ਨਾਂ ਲਈ ਜੀ ਭਿਆਣੇ ਹੋ ਹੋ ਜਾਂਦੇ ਹਨ, ਆਪ ਨੇ ਕੱਲ ਆਗਜਾ ਕੀਤੀ ਸੀ ਕਿ ਬੇਬੇ ਯਾਦ ਕਰ ਰਹੀ ਹੈ ਤੇ ਅਸਾਂ ਹੁਣ ਸੁਲਤਾਨ ਪੁਰੇ ਚੱਲਣਾ ਹੈ। ਹੇ ਦੀਨ ਦਿਆਲ ਜੀ! ਆਪ ਦਾ ਬਚਨ ਹੈ ਕਿ ਬੇਬੇ ਜਦੋਂ ਯਾਦ ਕਰੇਗੀ ਪਹੁੰਚਾਂਗੇ ਤੇ ਆਪ ਹੁਣ ਹੋਰ ਕਾਰਜ ਵਿਚ ਵਿਚਰਨ ਲੱਗੇ ਹੋ। ਬੇਬੇ ਦਾ ਕੋਮਲ ਹਿਰਦਾ ਬਹੁਤ ਵਿਰਾਗ ਕਰੇਗਾ। ਆਪ ਦਇਆ ਦੇ ਸਮੁੰਦਰ ਹੋ, ਕੋਮਲ ਹੋ ਤੇ ਪਜਾਰੇ ਹੋ।

ਸਤਿਗੁਰੂ ਜੀ-ਮਰਦਾਨਿਆਂ! ਭਲੇ ਵੇਲੇ ਚੇਤਾ ਕਰਾਇਆ ਹਈ? ਪਰ ਕੀਹ ਕਰੀਏ, ਏਥੇ ਸ੍ਰਿਸ਼ਟੀ ਬਹੁਤ ਦੁਖੀ ਹੈ ਘੋਰ ਪਾਪ ਹੋ ਰਿਹਾ ਹੈ, ਪਰਮੇਸ਼ੁਰ ਦੇ ਬੰਦੇ ਖੇਦ ਪਾ ਰਹੇ ਹਨ। ਮਰਦਾਨਿਆਂ! ਅਜ ਰਾਤ ਅਸਾਨੂੰ ਡਾਢੇ ਰੋਣ ਤੇ ਕੀਰਨਿਆਂ ਦੀ ਅਵਾਜ਼ ਆਈ। ਜਦ ਇਹ ਕੁਰਲੱਟ ਸੁਣਿਆਂ ਤਾਂ ਅੱਖਾਂ ਖੋਲ੍ਹਕੇ ਚੁਫੇਰੇ ਡਿੱਠਾ, ਕਿਤੇ ਜੀ ਸਾਂਈਂ ਦਾ ਨਹੀਂ ਬੋਲਦਾ ਸੀ। ਜਦ ਫੇਰ ਨੈਣ ਮੀਟੇ ਤਾਂ ਬੜੇ ਹਾਵਿਆਂ ਦੀ ਆਵਾਜ਼ ਆਈ। ਮਰਦਾਨਿਆਂ ਤ੍ਰੈ ਵਾਰ ਏਸੇ ਤਰ੍ਹਾਂ ਹੋਇਆ। ਇਹ ਹੰਝੂਆਂ ਮੇਰੀ ਛਾਤੀ ਤੇ ਪਈਆਂ ਹਨ, ਪਰਮੇਸ਼ੁਰ ਜੀ ਦੇ ਪੁਤ੍ਰਾਂ ਦੇ ਵਿਰਲਾਪ ਨੇ ਇਹ ਕਲੇਜਾ ਵਿੰਨ੍ਹਿਆ ਹੈ, ਏਸ ਕਰ ਕੇ ਸਜਣਾਂ ਹੁਣ ਏਥੇ ਠਹਿਰਨਾ ਹੈ ਤੇ ਸੁਖ ਦੇਣਾ ਹੈ। ਸੁਖ ਦੇਕੇ ਫੇਰ ਬੇਬੇ ਜੀ ਦੇ ਦਰਸ਼ਨ ਕਰਾਂਗੇ।

ਮਰਦਾਨਾ-ਹੇ ਦਇਆ ਦੀ ਨਿਧਿ ਜੀ! ਏਸ ਬਨ ਵਿਚ ਤਾਂ ਜੀ ਸਾਂਈਂ ਦਾ ਨਹੀਂ ਹੈ, ਰੋਣਹਾਰਾ ਕੌਣ ਹੈ?

ਸਤਿਗੁਰ ਜੀ-ਮਰਦਾਨਿਆਂ! ਕਰਤਾਰ ਦੇ ਰੰਗ ਦੇਖ-

> ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥ ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥
>
> {ਵਾਰ ਮਲਾ: ਮਹਲਾ ੧-੨੨}

ਐਸ ਤਰ੍ਹਾਂ ਦਾ ਕੋਈ ਕਲੇਸ਼ ਵਰਤ ਰਿਹਾ ਹੈ। ਪਰਮੇਸ਼ੁਰ ਜੀ ਦੇ ਪਜਾਰੇ ਵਿਚ ਪਏ ਖੇਦ ਝੱਲਦੇ ਹਨ। ਨਾਮੀ ਪੁਰਖ ਦਾ ਖੇਦ ਕਰਤਾਰ ਕਿਵੇਂ ਝੱਲੇ।

ਮਰਦਾਨਿਆਂ! ਤੂੰ ਓਦਰਨਾ ਨਹੀਂ; ਤਕੜੇ ਰਹਿਣਾ, ਇਹ ਅਸੀਂ ਅੱਡ ਨਹੀਂ ਹੋਣ ਲਗੇ; ਭੋਰਾ ਕੁ ਵਿਛੋੜਾ ਹੈ ਤੇ ਵਿਛੋੜੇ ਨੂੰ ਮੇਲ ਹੁੰਦਾ ਹੈ।

ਮਰਦਾਨਾ-ਪਜਾਰ ਦੇ ਚਸ਼ਮੇ ਤੇ ਪ੍ਰੇਮ ਦੇ ਸੋਮੇਂ ਸਤਿਗੁਰੂ ਜੀ! ਕਿਰਪਾ ਕਰਕੇ ਦੱਸੋ ਕਿ ਦਾਸ ਕਿਤ ਵਲ ਤੇ ਕਿਸ ਦਿਨ, ਕਿਸ ਜਗਾ ਆਪਦੇ ਇਸ ਪਿਆਰੇ ਦਰਸ਼ਨ ਦੀ ਤਾਂਘ ਕਰਦਾ ਹੋਇਆ ਉਡੀਕੇ?

ਸਤਿਗੁਰ ਜੀ-ਮਰਦਾਨਿਆਂ! ਤੂੰ ਖਸਮੋਂ ਘੁੱਥਾ ਨਹੀਂ ਹੈਂ, ਤੇਰੇ ਸਿਰ ਤੇ ਸਤਿ ਕਰਤਾਰ ਹੈ। ਜਿਤ ਵਲ ਤੇਰੇ ਪੈਰ ਲੈ ਜਾਣ ਚਲਿਆ ਜਾਵੀਂ ਤੇ ਜਿਤ ਦਿਨ ਤੇਰੇ ਅੰਦਰ ਪ੍ਰੇਰਨਾ ਫੁਰੇ ਓਸ ਦਿਨ ਏਥੇ ਜਾਂ ਜਿਥੇ ਪੈਰ ਲੈ ਜਾਣ ਆ ਜਾਵੀਂ, ਆਪਣੀ ਮੱਤਿ ਵਿਚ ਨਾ ਰਲਾਵੀਂ ਤਾਂ ਕਰਤਾਰ ਆਪ ਸਾਰੇ ਕਾਰਜ ਸਾਰੇਗਾ।

ਮਰਦਾਨਾ-ਸਤਿ ਬਚਨ ਮਹਾਰਾਜ ਜੀ! ਸਤਿ ਕਰਤਾਰ! ਸਤਿ ਕਰਤਾਰ! ਸਤਿ ਕਰਤਾਰ!

ਮਰਦਾਨਾ 'ਕਰਤਾਰ, ਕਰਤਾਰ' ਆਖਦਾ, ਚਰਨਾਂ ਤੇ ਝੁਕਦਾ, ਫੇਰ ਫੇਰ ਮੱਥਾ ਟੇਕਦਾ, ਨੈਣਾਂ ਤੋਂ ਛਹਿਬਰ ਲਾਉਂਦਾ, ਪਿਛਲੇ ਪੈਰੀਂ ਮੁਖ ਸਤਿਗੁਰ ਵੱਲ ਸਨਮੁਖ ਰੱਖਕੇ ਇਸ ਟਿੱਬੀ ਜੇਹੀ ਤੋਂ ਉਤਰਦਾ ਕਿਧਰੇ ਬਨਾਂ ਵਿਚ ਲੋਪ ਹੋ ਗਿਆ।

## ੨. ਗ਼ੁਲਾਮੀ।

ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥

(ਸੂਹੀ ਮਹਲਾ ੧)

**ਜਾਂ** ਮਰਦਾਨਾ ਗੁੰਮ ਹੋ ਗਿਆ ਤਾਂ ਅਕਾਸ਼ ਵਿਚ ਬੱਦਲ ਛਾ ਗਏ। ਗੁਰੂ ਨਾਨਕ ਦੇਵ ਜੀ ਦੇ ਉਦਾਲੇ ਜੋ ਚਾਨਣਾ ਝੂੰਮ ਰਿਹਾ ਸੀ, ਉਹਨਾਂ ਦੇ ਅੰਦਰ ਲੋਪ ਹੋਣ ਲਗ ਪਿਆ। ਚਿਹਰੇ ਵਿਚ ਇਕ ਹੋਰ ਤਰ੍ਹਾਂ ਦੀ ਸੁੰਦਰਤਾਈ ਆ ਗਈ, ਜਿਸ ਤਰ੍ਹਾਂ ਦੀ ਦੁਨੀਆਂ ਦੇ ਮੋਹ ਵਿਚ ਲੱਗੇ ਹੋਏ ਲੋਕਾਂ ਨੂੰ ਪਜਾਰੀ ਲੱਗਿਆ ਕਰਦੀ ਹੈ। ਉਮਰਾ ਕੁਛ ਗੱਭਰੂ ਜੇਹੀ ਦਿੱਸਣ ਲੱਗ ਪਈ, ਐਉਂ ਜਾਪੇ ਕੋਈ ਭੋਲਾ ਭਾਲਾ, ਸਿੱਧਾ, ਸਾਫ, ਸੁਹਣਾ ਤੇ ਚੰਗਾ ਘਰਾਣੇ ਦਾ ਜੁਆਨ ਹੈ, ਜਿਸ ਦੀ ਡੀਲ ਸੁਡੌਲ ਹੈ ਤੇ ਸਰੀਰ ਤਕੜਾ ਹੈ। ਕੰਮ ਕਾਜ ਸਿਪਾਹੀ-ਗੀਰੀ ਸੁਹਣੀ ਕਰ ਸਕਦਾ ਹੈ ਤੇ ਸੁਹਣਾ ਸੂਰਮਾ ਬਣ ਸਕਦਾ ਹੈ। ਪਰ ਉਹ ਰੰਗ ਰੂਪ, ਜੋ ਅੰਮ੍ਰਿਤ ਵੇਲੇ ਸੀ, ਹੁਣ ਕਿਤੇ ਲੁਕਾ ਲਿਆ ਜਾਪਦਾ ਹੈ। ਏਸ ਸੂਰਤ ਵਿਚ ਕੁਛ ਸਮਾਂ ਬੈਠ ਰਹੇ ਕੁਛ ਬੂੰਦਾ ਬਾਂਦੀ ਹੋਣ ਲੱਗ ਪਈ, ਏਤਨੇ ਨੂੰ ਇਕ ਰੁਹੇਲਾ ਪਠਾਣ ਘੋੜੇ ਤੇ ਚੜ੍ਹਿਆ ਆ ਨਿਕਲਿਆ। ਦੂਰੋਂ ਹੀ ਨੇਹਰਕੇ ਡਿੱਠੋਸੁ ਕਿ ਕੌਣ ਇਕੱਲਾ ਸਿਲ ਤੇ ਬੈਠਾ ਹੈ, ਦੇਖਦੇ ਸਾਰ ਓਸ ਦੇ ਚਿਤ ਨੇ ਭੈ ਖਾਧਾ ਤੇ ਇਕ ਝਰਨਾਟ ਸਰੀਰ ਵਿਚੋਂ ਲੰਘੀ। ਫੇਰ ਘੋੜਾ ਮਲਕੜੇ ਜਿਹੇ ਉਰੇ ਲਿਆਇਆ, ਪਰ ਡਰਦਾ ਡਰਦਾ, ਜਦ ਡੀਲ ਨੁਹਾਰ ਤੱਕੀ ਤਾਂ ਦੂਜਾ ਭੈ ਉਪਜਿਆ ਕਿ ਸ਼ਸਤ੍ਰ ਧਾਰੀ ਨਾ ਹੋਵੇ, ਤਦੋਂ ਉੱਚੀ ਦਿੱਤੀ ਬੋਲਿਆ ਜੋ 'ਤੂੰ ਕੌਣ ਹੈਂ?' ਪਰ ਸ੍ਰਿਸ਼ਟੀ ਦਾ ਭਾਰ ਹਰਨ ਵਾਲੇ ਕੌਤਕਹਾਰ ਜੀ ਚੁੱਪ ਰਹੇ। ਤਦ ਉਸ ਨੇ ਨੇੜੇ ਆਕੇ ਪਛਾਣਿਆਂ ਕਿ ਕੋਈ ਰਾਹ ਗੁਆਚਾ ਮੁਸਾਫਰ ਹੈ, ਤਕੜਾ ਜੁਆਨ ਹੈ ਜੇ ਫੜ ਲਿਚੱਲੀਏ ਤਾਂ 'ਗ਼ੁਲਾਮ' ਚੰਗਾ ਬਣੇਗਾ।

ਹੇ ਕਰਤਾਰ! ਇਸ ਪ੍ਰਿਥਵੀ ਦੇ ਜੀਵਾਂ ਦੇ ਦਿਲ ਕੇਡੇ ਕਾਲੇ ਹੋ ਜਾਂਦੇ ਹਨ; ਪਾਪ ਕਰਦੇ ਕਰਦੇ ਕੈਸੇ ਅੰਧਕਾਰ ਵਿਚ ਪੈ ਜਾਂਦੇ ਹਨ, ਜੋ ਤੈਨੂੰ ਤੇ ਤੇਰਿਆਂ ਨੂੰ ਬੀ ਨਹੀਂ ਪਛਾਣਦੇ। ਕੈਸਾ ਕਾਲਾ ਦਿਲ ਹੈ ਜੋ ਜਗਤ ਦੇ ਛੁਟਕਾਰਾ ਦੇਣ ਹਾਰੇ ਨੂੰ ਗ਼ੁਲਾਮ ਬਣਾਉਣ ਲਈ ਸੋਚ ਸੋਚਦਾ ਹੈ। ਕਿਆ ਐਸ਼ਾ ਦਿਲ ਦਗਧ ਨਹੀਂ ਹੋ ਜਾਂਦਾ? ਪਰ ਹੇ ਕਰਤੇ ਕਰਤਾਰ! ਤੂੰ ਜੀਵਾਂ ਨੂੰ ਮਰਜ਼ੀ ਦੀ ਸੁਤੰਤ੍ਰਤਾ ਬਖਸ਼ੀ ਹੈ, ਆਪਣੀ ਦਾਤ ਕਦ ਤੂੰ ਕਿਸੇ ਤੋਂ ਖੁਹੰਦਾ ਹੈਂ? ਆਪਣੀ ਏਸ ਅਕਲ ਤੇ ਅਕਲ ਦੀ ਖੁੱਲ੍ਹ ਨਾਲ ਕੋਈ ਚਾਹੇ ਦੇਵਤਾ ਬਣੇ ਚਾਹੇ ਪਾਪੀ।

ਹਿਰਦਾ ਕੰਬਦਾ ਹੈ, ਕਲੇਜਾ ਬੈਠਦਾ ਹੈ, ਸੋਚ ਦਿਮਾਗ਼ ਤੋਂ ਬਾਉਲੀ ਹੋਕੇ ਖਹਿੜਾ ਛੁਡਾਉਂਦੀ ਹੈ ਕਿ ਹਾਇ ! ਐਸੇ ਪਿਆਰ ਦੇ ਸੋਮੇਂ ਜਗਤ ਰੱਖਜਕ ਦੀ ਸ਼ਾਨ ਵਿਚ ਇਹ ਗੱਲਾਂ ਸੁਣੀਏ ? ਪਰ ਧੰਨ ਉਹ ਕੋਮਲ ਦਿਲ ਸੀ ਜਿਸ ਨੇ ਸਾਨੂੰ ਛੁਡਾਉਣ ਖ਼ਾਤਰ ਆਪਣੇ ਤੇ ਕੈਦਾਂ ਤੇ ਚੱਕੀਆਂ ਝੱਲੀਆਂ, ਹੋਰ ਕੌਣ ਐਸਾ ਪਿਆਰ ਕਰ ਸਕਦਾ ਹੈ?

ਔਹ ਦੇਖੋ ਦੁਸ਼ਟ ਰੁਹੇਲੇ ਨੇ ਘੋੜੇ ਤੋਂ ਉੱਤਰ ਪਜਾਰ ਪੁੰਜ ਦੀ ਵੀਣੀ ਫੜਕੇ ਕਿਹਾ ਹੈ: ਮੇਰੇ ਮਗਰ ਟੁਰ ਤੂੰ ਮੇਰਾ ਗੋਲਾ ਹੋ ਗਿਆ ਹੈਂ, ਖ਼ਬਰਦਾਰ !'

ਗੋਬਿੰਦ ਰੂਪ ਗੁਰੂ ਨਾਨਕ ਦਾ ਰੰਗ ਨਹੀਂ ਪਲਟਦਾ, ਕੋਈ ਬੱਦਲੀ ਭਰਵੱਟਿਆਂ ਤੇ ਨਹੀਂ ਛਾਉਂਦੀ, ਉਸੇ ਜੁੜੇ ਤੇ ਖਿੜੇ ਮੱਥੇ ਟੁਰ ਪੈਂਦੇ ਹਨ ਪਾਪ ਦੇ ਦੁਖ ਦਾ ਕੈਦੀ ਜੋਤਿ ਨਿਰੰਜਨੀ ਨੂੰ ਮਗਰ ਲਾ ਕੇ ਲੈ ਟੁਰਦਾ ਹੈ ਅਰ ਓਹ ਉਸ ਦੇ ਮਗਰ ਉਸੇ ਤਰ੍ਹਾਂ ਚੁਪ ਚਾਪ ਟੁਰੇ ਜਾ ਰਹੇ ਹਨ ਜਿਸ ਤਰ੍ਹਾਂ ਅਡੋਲ ਬੈਠੇ ਸਨ।

ਕੌਣ ਜਾ ਰਿਹਾ ਹੈ? ਗੁਰ ਨਾਨਕ ਪਜਾਰ, ਆਪਣੇ ਤਨ ਨੂੰ ਬੈ ਕਰਾਉਣ ਲਈ ਜਾ ਰਿਹਾ ਹੈ। ਕੌਤਕਹਾਰ ਦੇ ਕੌਤਕ ! ਪਾਪੀ ਰੂਹਾਂ ਦੀ ਖਾਤਰ 'ਪੁੰਨਾਂ ਦਾ ਪੁੰਜ' ਪਾਪੀਆਂ ਦੇ ਮਗਰ ਜਾ ਰਿਹਾ ਹੈ। ਰੋਗੀਆਂ ਦੇ ਗੰਦੇ ਘਰ ਵਿਚ ਹਕੀਮ ਰੋਗੀ

ਬਣਕੇ ਤੁਰਿਆ ਜਾ ਰਿਹਾ ਹੈ। ਰੁਹੇਲਾ ਸਤਿਗੁਰੂ ਜੀ ਨੂੰ ਆਪਣੇ ਘਰ ਲੈ ਗਿਆ, ਉਸ ਦੀ ਵਹੁਟੀ ਵੇਖ ਕੇ ਅਸਚਰਜ ਹੋਈ, ਆਖਣ ਲੱਗੀ ਇਹ ਤਾਂ ਕੋਈ ਸੁੰਦਰ ਤੇ ਤਕੜਾ ਜੁਆਨ ਹੈ, ਕਿਥੋਂ ਫੜ ਲਿਆਇਆ ਹੈਂ?

ਰੁਹੇਲਾ-ਬੀਵੀ ! ਇਸ ਗ਼ੁਲਾਮ ਦਾ ਢੇਰ ਮੁੱਲ ਮਿਲੇਗਾ, ਅੱਜ ਭਲਾ ਸ਼ਿਕਾਰ ਮਿਲਿਆ ਹੈ।

ਬੀਵੀ-ਖਾਂ ਜੀ ! ਇਸਨੂੰ ਵੇਚੋ ਨਹੀਂ, ਘਰ ਰੱਖੋ, ਵੇਖੋ ਤਾਂ ਸਹੀ ਕੈਸਾ ਸੁਹਣਾ ਹੈ, ਇਹਦੀ ਮਾਂ ਰੋ ਰੋ ਕੇ ਫਾਹੀ ਨਾ ਹੋ ਜਾਏਗੀ? ਏਸ ਦੀ ਭੈਣ ਵੈਣ ਪਾਉਂਦੀ ਨੂੰ ਗ਼ਸ਼ਾਂ ਨਾ ਪੈਣਗੀਆਂ ? ਏਸ ਦੀ ਨਾਰ ਕੀਰਨੇ ਕਰਦੀ ਮਰ ਹੀ ਨਾ ਜਾਏਗੀ। ਜਿਨ੍ਹਾਂ ਦੇ ਘਰ ਦਾ ਇਹ ਹੀਰਾ ਗੁਆਚ ਗਿਆ ਹੈ ਓਹ ਸਾਰੇ ਹੀਰਾ ਕਣੀਆਂ ਨਾ ਚੱਟ ਜਾਣਗੇ ? ਏਸ ਦਾ ਚਿਹਰਾ ਵੇਖਕੇ ਤਾਂ ਜੀ ਕਰਦਾ ਹੈ ਜੋ ਏਸ ਨੂੰ ਪਿਆਰਿਆਂ ਪਾਸ ਅਪੜਾਈਏ ਤੇ ਪਾਪ ਨਾ ਕਰੀਏ।

ਰੁਹੇਲਾ-ਹਸ਼ਤ ਮੂਰਖ ! ਆਪਣੇ ਵਪਾਰ ਦਾ ਸਤਯਾਨਾਸ ਕਰਦੀ ਹੈਂ ? ਏਸ ਦੇ ਮੁੱਲ ਵਿਚ ਅਰਾਕੀ ਘੋੜੇ ਮਿਲਣਗੇ ! ਤੂੰ ਕਾਇਰ ਤਰਸ ਵਾਲੀ ਕਿੱਥੋਂ ਹੋ ਗਈ?

ਬੀਵੀ-ਭਲਾ ਨਾ ਸਹੀ, ਪਰ ਵੇਚੋ ਨਾ। ਵੇਖੋ ਖਾਂ ਕੇਹੇ ਕੂਲੇ ਕੂਲੇ ਹੱਥ ਹਨ, ਇਹ ਗ਼ੁਲਾਮੀ ਵਿਚ ਖ਼ਬਰੇ ਕਿਨ੍ਹਾਂ ਦੁਖ਼ਾਂ ਦੇ ਮੂੰਹ ਆਉਣਗੇ, ਆਪਣੇ ਘਰ ਰੱਖੋ ਤੇ ਆਪਣਾ ਪੁੱਤ ਬਣਾ ਲਵੋ।

ਰੁਹੇਲਾ-ਚੁੱਪ ਮੂਰਖ, ਏਸ ਨੂੰ ਜ਼ਰੂਰ ਵੇਚਣਾ ਹੈ ਤੇ ਘੋੜੇ ਲੈਣੇ ਹਨ।

ਅਗਲੇ ਭਲਕੇ ਵਾਹਿਗੁਰੂ ਦਾ ਪਿਆਰਾ ਮੰਡੀ ਵਿਚ ਵਿਕਣ ਗਿਆ। ਜਿਨ੍ਹਾਂ ਜ਼ਾਲਮਾਂ ਦੀ ਪ੍ਰਿਥਵੀ ਪਰ ਆਣ ਉਤਰਿਆ ਹੈ, ਉਹਨਾਂ ਜ਼ਾਲਮਾਂ ਦੇ ਜ਼ੁਲਮ ਨੂੰ ਅਪਣੇ ਪਰ ਸਹਿ ਸਹਿਕੇ ਸੁਆਦ ਚੱਖਦਾ ਹੈ ਕਿ ਇਸ 'ਭੂਮ ਰੰਗਾਵਲੀ' ਨੂੰ ਜ਼ਾਲਮ ਮਨੁੱਖ ਨੇ 'ਵਿਸੂਲਾ ਬਾਗ!' ਕਿੱਕੂੰ ਬਣਾ ਧਰਿਆ ਹੈ, ਹਾਂ, ਮਨੁੱਖ ਹੀ ਹੈ ਜਿਸਨੇ ਸੁਹਣੇ ਬਾਗ਼ ਨੂੰ ਜ਼ਹਿਰੀਲਾ ਬਨ ਬਣਾ ਦਿੱਤਾ ਹੈ।

ਮੰਡੀ ਵਿਚ ਖ਼ਰੀਦਾਰਾਂ ਦੀ ਭੀੜ ਆ ਜੁੜੀ, ਸਾਰੇ ਏਧਰ ਹੀ ਤੱਕਣ। ਵੱਧ ਤੋਂ ਵੱਧ ਮੁੱਲ ਪਵੇ, ਅਖ਼ੀਰ ਦੋ ਅਰਾਕੀ ਘੋੜੇ ਮੁੱਲ ਪਿਆ ਤਾਂ ਰੁਹੇਲਾ ਵਟਾਂਦਰਾਂ ਕਰਕੇ ਲੈ ਗਿਆ। ਰੱਬ ਦੀ ਰਜ਼ਾ ਵਿਚ ਟੁਰਨ ਵਾਲੀ ਪਿਆਰੀ ਜੋਤਿ, ਰੱਬ ਦੇ ਦਰ ਦੀ ਪ੍ਰੇਮ ਮੂਰਤੀ ਤੇ ਰੱਬ ਦੇ ਪਜਾਰ ਦਾ ਜੇਠਾ ਫਲ ਸ੍ਰੀ ਗੁਰੂ ਨਾਨਕ ਅਜ

> "ਮੁਲ ਖਰੀਦੀ ਲਾਲਾ ਗੋਲਾ
> ਮੇਰਾ ਨਾਉ ਸਭਾਗਾ ॥'

ਸਚ ਮੁਚ ਗੋਲਾ ਹੋ ਟੁਰਿਆ ਹੈ ਤੇ ਪਜਾਰੇ ਪ੍ਰੀਤਮ ਵਾਹਿਗੁਰੂ ਨੂੰ ਖ਼ੁਸ਼ ਕਰਨ ਲਈ 'ਆਪ ਵਿਚਾਈ' ਨੂੰ ਅੱਖਰ ਅੱਖਰ ਵਰਤਕੇ ਦਿਖਾ ਰਿਹਾ ਹੈ। ਕਲੇਜਾ ਥੰਮ੍ਹ ਲੈਣਾ ! ਸਤਿਗੁਰ ਨਾਨਕ ਵਿਕ ਗਿਆ ਹੈ। ਜਨਮ ਸਾਖੀ ਵਿਚ ਐਉਂ ਲਿਖਿਆ ਹੈ:-

> 'ਉਹ ਰੋਹੇਲਾ ਸ੍ਰੀ ਗੁਰੂ ਜੀ ਨੂੰ ਵੇਚਣ ਵਾਸਤੇ ਲੈ ਗਿਆ... ਤੇ ਗੁਰੂ ਨਾਨਕ ਜੀ ਉਹਨਾਂ ਨੂੰ ਤਾਰਨ ਵਾਸਤੇ ਓਸ ਦੇਸ ਵਿਚ ਆਏ ਤੇ ਆਪਣੇ ਆਪ ਨੂੰ ਵਿਚਾਵਣ ਵਾਸਤੇ... ਤਾਂ ਓਹ ਰੁਹੇਲਾ ਗੁਰੂ ਜੀ ਨੂੰ ਵੇਚਣ ਨੂੰ ਲੈ ਗਿਆ, ਦੋਇ ਘੋੜੇ ਵੱਟ ਕੇ ਲੈ ਗਿਆ।'

ਗੁਰੂ ਨਾਨਕ ਸੂਰਯੋਦੈ ਵਿਚ ਐਦਾਂ ਲਿਖਿਆ ਹੈ:-

> ਤਿਹ ਤਾਰਨ ਹਿਤ ਕ੍ਰਿਪਾ ਨਿਧਾਨਾ।
> ਚਲੇ ਬਿਕਨ ਤਬ ਸੰਗ ਪਠਾਨਾ।
> ਏਕ ਮੁਗਲ ਸੋਂ ਮੋਲ ਚੁਕਾਵਾ।
> ਦੋ ਘੋੜੇ ਲੈ ਘਰ ਮੈਂ ਆਵਾ।

ਆਹ ਪਿਆਰਿਓ ! ਦੁਖੀਆਂ ਦੇ ਦੁੱਖ ਹਰਨ ਖ਼ਾਤਰ ਜੋਤਿ ਨਿਰੰਜਨੀ ਨੇ ਆਪਣੇ ਆਪ ਨੂੰ ਵਿਚਵਾ ਦਿੱਤਾ ਜੇ। ਕੌਣ ਸ੍ਰਿਸ਼ਟੀ ਨੂੰ ਐਤਨਾ ਪਿਆਰ ਕਰ ਸਕਦਾ ਹੈ? ਕੌਣ ਹੈ ਜੋ ਦੁਖੀਆਂ ਦੇ ਦੁੱਖ ਦੂਰ ਕਰਨੇ ਲਈ ਆਪ ਬੀਮਾਰੀ ਨੂੰ ਆਪਣੇ ਪਰ ਖਿੱਚਦਾ ਹੈ। ਕੌਣ ਹੈ ਜੋ ਸਾਰਾ ਸੁਤੰਤ੍ਰ ਹੋਕੇ ਬੰਦੀ-ਗਣਾਂ ਨੂੰ ਸੁਤੰਤ੍ਰ ਕਰਨ ਖਾਤਰ ਆਪ ਬੰਦੀ ਵਿਚ ਪੈਂਦਾ ਹੈ। ਜਿਸ ਸਤਿਗੁਰ ਦੇ ਇਕ ਰੋਮ ਦੇ ਤੁੱਲ ਕ੍ਰੋੜ ਬ੍ਰਹਮੰਡ ਨਹੀਂ ਤੁਲਦਾ, ਉਹ ਸਤਿਗੁਰੂ ਸ੍ਰਿਸ਼ਟੀ ਦੇ ਪਿਆਰ ਵਿਚ ਦੋ ਘੋੜਿਆਂ ਤੋਂ ਵਿਕਦਾ ਹੈ।

### ੩. ਛੁਟਕਾਰਾ।

> ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥ {ਸ: ਵਾ: ਤੇ ਵ: ਮ: ੧-੧੩}

ਹੁਣ ਸਤਿਗੁਰ ਕੌਤਕਹਾਰ ਜੀ ਆਪਣੇ ਨਵੇਂ

ਟਿਕਾਣੇ ਪਹੁੰਚੇ-ਇਕ ਤਕੜਾ ਵਲਿਆ ਹੋਇਆ ਘੇਰਾ ਸੀ, ਜਿਸ ਦੇ ਵਿਚ ਕਈ ਥਾਂ ਫੁਲਵਾੜੀਆਂ ਸਨ ਤੇ ਕਈ ਥਾਂ ਮਕਾਨ ਸਨ। ਇਕ ਸੁੰਦਰ ਅਸਥਾਨ ਮਾਲਕ ਦੇ ਰਹਿਣ ਦਾ ਸੀ। ਜਦੋਂ ਘਰ ਵਿਚ ਨਵੇਂ ਆਏ ਗੋਲੇ ਦਾ ਪਤਾ ਲੱਗਾ ਤੇ ਉਸਦੇ ਭੋਲਾਪਨ ਅਰ ਸੁੰਦਰਤਾ ਦੀ ਧੁੰਮ ਪਈ ਤਾ ਮਾਲਕਾਣੀ ਨੇ ਬੁਲਵਾਕੇ ਤੱਕਿਆ ਕਿ ਸੋਹਣਾ ਹੈ, ਤਦ ਵਹੁਟੀ ਗਭਰੂ ਨੇ ਇਹ ਸਲਾਹ ਕੀਤੀ ਕਿ ਸਵੇਰ ਵੇਲੇ ਪਾਣੀ ਇਸ਼ਨਾਨ ਵਾਸਤੇ ਲੈਣ ਇਹ ਜਾਯਾ ਕਰੇ, ਹੋਰ ਕੰਮ ਨਾ ਕਰੇ।

ਹੈਰਾਨੀ ਦੀ ਇਹ ਗੱਲ ਹੈ ਕਿ ਐਸੇ ਪੱਥਰ ਚਿੱਤ ਲੋਕਾਂ ਦੇ ਵਿਚ ਸਵੇਰੇ ਇਸ਼ਨਾਨ ਦੀ ਕੀਹ ਲੋੜ ਸੀ ? ਪਰ ਕਾਰਨ ਹੋਰ ਵਰਤ ਰਿਹਾ ਸੀ। ਉਸ ਸਮੇਂ ਕਈ ਇਕ ਲੋਕ, ਜੋ ਫਕੀਰਾਂ ਦੀਆਂ ਗੱਦੀਆਂ ਤੇ ਸਨ, ਸਹਿਜੇ ਸਹਿਜੇ ਬੜੇ ਜਰਵਾਣੇ ਹੋ ਗਏ ਸਨ। ਇਕ ਪਾਸੇ ਤਾਂ ਇਨ੍ਹਾਂ ਨੂੰ ਮੁਰੀਦ ਤੇ ਚੇਲੇ ਚੜ੍ਹਾਵੇ ਲੈਕੇ ਮੱਥੇ ਟੇਕਣ ਆਉਂਦੇ ਸਨ, ਦੂਏ ਪਾਸੇ ਗਿਰਦ ਦੇ ਪਿੰਡਾਂ ਗਿਰਾਵਾਂ ਤੋਂ ਜੋਰੋ ਜੋਰੀ ਮਾਮਲੇ ਉੱਘਰਦੇ ਸਨ ਤੇ ਤੀਜੇ ਪਾਸੇ ਦੂਤ ਤੇ ਸਵਾਰ ਛੱਡੇ ਰਹਿੰਦੇ ਸਨ ਜੋ ਸੜਕਾਂ ਤੇ ਰਾਹਾਂ ਤੋਂ ਮਾਲ ਖੋਹੰਦੇ ਤੇ ਬੰਦੇ ਫੜ ਲਿਆਉਂਦੇ ਸਨ। ਇਸ ਪ੍ਰਕਾਰ ਦੇ ਅਜੀਬ ਨਕਸ਼ੇ ਥਾਓਂ ਥਾਈਂ ਦਿੱਸਦੇ ਸਨ। ਇਹ ਕਾਰਣ ਸੀ ਕਿ ਇਸ ਅਨੋਖੇ ਮਾਲਕ ਨੂੰ ਸਵੇਰੇ ਉੱਠਣ ਇਸ਼ਨਾਨ ਆਦਿ ਕਰਣ ਦੀ ਲੋੜ ਪੈਂਦੀ ਸੀ, ਤਾਂ ਜੋ ਧਰਮੀ ਹੋਣ ਦਾ ਤਮਾਸ਼ਾ ਬਣਿਆ ਰਹੇ। ਏਸ ਕਾਰਜ ਲਈ ਮੁਲਾਣੇ ਲੋਕ ਮੁਸਲਮਾਨਾਂ ਵਿਚ ਤੇ ਵੱਧੀ ਲਈ ਪੰਡਤ ਹਿੰਦੂਆਂ ਵਿਚ ਆਪਦਾ ਜੱਸ ਕਰਦੇ ਸਨ ਕਿ ਇਹ ਬੜੇ ਭਾਰੇ ਪੀਰ ਤੇ ਕਰਾਮਾਤੀ ਫਕੀਰ ਹਨ। ਇਸ ਕਰਾਮਾਤੀ ਸੂਰਤ ਦੇ ਨਿਬਾਹ ਲਈ ਸਵੇਰੇ ਜਾਗ ਕੇ ਨ੍ਹਾਉਣ ਦੇ ਕਾਰਜ ਵਿਚ ਜਿਸ ਸੇਵਾ ਦੀ ਲੋੜ ਸੀ, ਉਹ ਫਾਹੀ ਦੀ ਤਾਣੀ ਤਣਨੀ ਗੁਰੂ ਬਾਬੇ ਦੇ ਸਪੁਰਦ ਹੋਈ, ਜਿਸ ਪਰ ਆਪ ਨੇ ਉਚਾਰਿਆ ਹੈ:-

> ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥ ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥
>
> (ਵਾ: ਮਲਾ: ਮ: ੧)

ਕੁਦਰਤ ਕਾਦਰ ਦੀ ਕਾਦਰ ਦੇ ਹੁਕਮ ਵਿਚ ਹੈ, ਭਲਾ ਕੁਦਰਤ ਇਹ ਕਦ ਝੱਲ ਸਕਦੀ ਸੀ ਕਿ ਕਾਦਰ ਦੀ ਜੋਤਿ ਵਿਚੋਂ ਪ੍ਰਗਟੇ ਜੋਤੀ ਸਰੂਪ ਸ੍ਰੀ ਗੁਰੂ ਨਾਨਕ ਜੀ ਪਾਣੀ ਢੋਂਦੇ ਫਿਰਨ ! ਜਿਸ ਹੁਕਮ ਨੇ ਆਕਾਰ ਕੀਤੇ ਤੇ ਸਾਜਨਾ ਸਾਜੀ, ਓਸ ਹੁਕਮ ਦੇ ਮੰਡਲ ਦੇ ਵਾਸੀ ਗੁਰੂ ਨਾਨਕ ਜੀ ਪਰ ਕਿਸ ਦਾ ਹੁਕਮ ਚੱਲ ਸਕਦਾ ਸੀ ? ਕੁਦਰਤ ਦੇ ਉਸ ਅਟੱਲ ਸਦਾਚਾਰੀ ਨਿਯਮ ਨੇ ਵੇਗ ਖਾਧਾ ਅਰ ਹੁਕਮ ਹੋ ਗਿਆ ਕਿ ਏਸ ਨਗਰ ਦਾ ਪਾਣੀ ਸੁੱਕ ਜਾਵੇ। ਜਾਂ ਗੁਰੂ ਬਾਬਾ ਜੀ ਤੜਕੇ ਪਾਣੀ ਲੈਣ ਗਏ ਤਾਂ ਖੂਹ ਦਾ ਪਾਣੀ ਸੁੱਕ ਗਿਆ, ਗੁਰੂ ਬਾਬਾ ਜੀ ਮੁੜ ਆਏ ਕਿ ਖੂਹ ਵਿਚ ਪਾਣੀ ਨਹੀਂ ਹੈ। ਜਾਂ ਦੂਜੇ ਖੂਹ ਪਰ ਗਏ ਤਾਂ ਪਾਣੀ ਓਥੋਂ ਵੀ ਜੁਆਬ ਦੇ ਗਿਆ। ਲੱਗੀ ਖੂਹ ਖੂਹ ਦੀ ਭਾਲ ਹੋਣ, ਪਰ ਪਾਣੀ ਕਿਤੇ ਨਾਂ ਰਿਹਾ। ਦਿਨ ਚੜ੍ਹੇ ਸਾਰੇ ਸ਼ਹਿਰ ਵਿਚ ਹਰੋਲੀ ਮਚ ਗਈ। ਬਾਬਾ ਗਣੇਸ਼ਾ ਸਿੰਘ ਜੀ ਕਵਿ ਨੇ ਗੁਰੂ ਨਾਟਕ ਸੂਰਯੋਦੈ ਵਿਚ ਇਸ ਘਬਰਾ ਦਾ ਐਉਂ ਹਾਲ ਲਿਖਿਆ ਹੈ:-

> ਸ਼ੋਰ ਪਰਯੋ ਤਬ ਸਗਰੇ ਦੇਸ਼। ਰਹਯੋ ਨ ਕਹੂੰ ਨੀਰ ਕੋ ਲੇਸ਼। ਆਪਸ ਮੈਂ ਸਭ ਕਰੇਂ ਬਖਾਨਾ। ਇਹ ਕਯਾ ਅਚਰਜ ਭਇਓ ਮਹਾਨਾ। ਕਾਲ ਨਿਸਾ ਜਲ ਭਰ ਸਭ ਸੋਏ। ਸੂਕਯੋ ਆਜ ਨਾ ਕਿਤਹੂੰ ਜੋਏ। ਮੁਖ ਮਲੀਨ ਉਪਜਯੋ ਅਤਿ ਤ੍ਰਾਸਾ। ਤਜੀ ਸਭੀ ਜਗ ਜੀਵਨ ਆਸਾ। ਬਧੀ ਦੇਸ਼ ਮੈਂ ਚਿੰਤ ਬਿਸਾਲਾ। ਤਾਂ ਮੈਂ ਸ੍ਰੀ ਗੁਰ ਰਹੇ ਖੁਸ਼ਾਲਾ। ਜਾਂਹਿ ਨਾਮ ਭਵ ਮਿਟੈਂ ਕਲੇਸ਼ਾ। ਤਾਂਹਿ ਹੋਇ ਕਿਮ ਦੁਖ ਕੀ ਲੇਸ਼ਾ ॥੨੦॥

ਪਾਣੀ ਤਾ ਅਜੇ ਲੋਕਾਂ ਦੇ ਘਰੀਂ ਥੋੜਾ ਬਹੁਤ ਸੀ, ਪਰ ਇਕ ਦਮ ਅੱਗੋਂ ਸੁੱਕ ਜਾਣ ਦੀ ਨਿਰਾਸ਼ਾ ਨੇ ਲੱਕ ਤੋੜ ਦਿਤੇ ਸਨ। ਹਰਜਾਨ ਪਰੇਸ਼ਾਨ ਸਾਰੇ ਹੋ ਰਹੇ ਸਨ। ਜੀਵ ਮਾਤ੍ਰ ਦੁਖੀ ਸੀ, ਪਰ ਸ੍ਰੀ ਗੁਰੂ ਜੀ ਓਸੇ ਤਰ੍ਹਾਂ ਆਨੰਦ ਤੇ ਗਦਗਦ ਸਨ। ਇਹ ਗੱਲ ਕਈ ਇਕ ਸਿਆਣਿਆਂ ਦੀ ਨਜ਼ਰ ਪਈ, ਉਹਨਾਂ ਨੇ ਰਲਕੇ ਮਾਲਕ ਨੂੰ ਜਾ ਕਿਹਾ ਕਿ ਭਾਈ ਸਾਰਾ ਜਹਾਨ ਪੀਲਾ ਵਸਾਰ

ਹੋ ਰਿਹਾ ਹੈ, ਪਰ ਤੇਰਾ ਨਵਾਂ ਗ਼ੁਲਾਮ ਓਸੇ ਤਰ੍ਹਾਂ ਸੂਹਾ ਘੁੱਟ ਹੈ। ਇਸ ਪਾਣੀ ਸੁੱਕਨ ਤੇ ਉਸ ਦੇ ਖੁਸ਼ੀ ਰਹਿਣ ਤੇ ਭੈ ਭੀਤ ਨਾ ਹੋਣ ਵਿਚ ਕੋਈ ਡੂੰਘਾ ਭੇਤ ਹੈ, ਜਿਸ ਨੂੰ ਖੋਲ੍ਹਣਾ ਚਾਹੀਏ।

ਮਾਲਕ ਨੇ ਆਪ ਬੀ ਡਿੱਠਾ ਕਿ ਜਿਸ ਸਮੇਂ ਦਾ ਆਯਾ ਹੈ ਇਸ ਉਤੇ ਇਕੋ ਰੰਗ ਹੈ। ਨਵਾਂ ਫੜਿਆ ਗਿਆ ਸੀ, ਇਸ ਦੇ ਚਿਹਰੇ ਪਰ ਚਿੰਤਾ ਨੇ ਬੀ ਫੇਰਾ ਨਹੀਂ ਪਾਇਆ। ਗ਼ੁਲਾਮੀ ਦੇ ਭੈ ਨੇ ਭੀ ਡਰਾਯਾ ਨਹੀਂ ਤੇ ਪਾਣੀ ਨਾ ਮਿਲਣ ਦੇ ਸਾਂਝੇ ਦੁਖ ਨੇ ਭੀ ਉਦਾਸ ਨਹੀਂ ਕੀਤਾ ਕਾਰਣ ਕੋਈ ਜ਼ਰੂਰ ਹੈ।

ਸ਼ਾਮਾਂ ਵੇਲੇ ਗੁਰੂ ਬਾਬੇ ਨੂੰ ਫੇਰ ਪਾਣੀ ਦੀ ਭਾਲ ਦਾ ਹੁਕਮ ਹੋਇਆ, ਪਰ ਪਾਣੀ ਦੇ ਪ੍ਰਬੰਧ ਵਾਲੇ ਅਵੈਵ ਹੁਕਮਾਂ ਦੇ ਬੱਧੇ ਪਾਣੀ ਦਾ ਆਕਾਰ ਦਿਖਾਉਣੋਂ ਠਾਕੇ ਜਾ ਚੁਕੇ ਸਨ, ਪਾਣੀ ਕਿੱਥੋਂ ਮਿਲਦਾ? ਜਿਸ ਹੁਕਮ ਨਾਲ ਕੁਦਰਤ ਦੇ ਅਵੈਵ ਅੱਡ ਅੱਡ ਤਰ੍ਹਾਂ ਦੇ ਆਕਾਰ ਤੇ ਸਾਮਾਨ ਰਚਦੇ ਹਨ, ਉਹ ਹੁਕਮ ਵਰਜਵੀਂ ਆਗਜ਼ਾ ਦੇ ਚੁਕਾ ਹੈ, ਪਾਣੀ ਕੀਕੂੰ ਸਾਕਾਰ (ਰੂਪ ਵਾਲਾ) ਨਜ਼ਰੀਂ ਪਵੇ? ਜਾਂ ਡੂੰਘੇ ਹਨੇਰੇ ਲੱਥੇ ਗੁਰੂ ਬਾਬਾ ਜੀ ਮੁੜੇ ਆ ਰਹੇ ਸਨ ਤਾਂ ਹੰਕਾਰੀ ਮਾਲਕ ਖੜਾ ਤੱਕ ਰਿਹਾ ਸੀ, ਚਾਰ ਚੁਫੇਰੇ ਹਨੇਰਾ ਸੀ, ਪਰ ਗੁਰੂ ਬਾਬੇ ਦੇ ਦੁਆਲੇ ਚਾਨਣਾ ਸੀ। ਤਾਂ ਮਾਲਕ ਨੇ ਕੀ ਡਿੱਠਾ ਕਿ ਗਾਗਰ ਬੀ ਸਿਰ ਤੋਂ ਉਚੇਰੀ ਜਿਹੀ ਹੈ, ਮਾਨੋਂ ਸਤਿਗੁਰ ਨੇ ਚੁੱਕੀ ਹੋਈ ਨਹੀਂ। ਹੁਣ ਤਾਂ ਉਸ ਦਾ ਬਾਕੀ ਦਾ ਧਿਰਾਸ ਟੁੱਟ ਗਿਆ, ਕੁਛ ਭੈ ਛਾ ਗਿਆ, ਲੂੰਆਂ ਵਿਚ ਕੰਬਣੀ ਜਿਹੀ ਛਿੜ ਪਈ; ਅੱਖਾਂ ਅੱਗੇ ਕੁਛ ਹਨੇਰੇ ਦੇ ਛੱਲੇ ਫਿਰ ਨਿਕਲੇ। ਏਨੇ ਨੂੰ ਗੁਰੂ ਬਾਬਾ ਜੀ ਨੇੜੇ ਆ ਗਏ, ਮਿੱਠੇ ਤੇ ਪਜਾਰੇ ਗਲੇ ਤੋਂ ਸੁਰ ਭਰੀ ਆਵਾਜ਼ ਨਿਕਲੀ, ਕਿ 'ਜਲ ਤਾਂ ਕਿਸੇ ਚਸ਼ਮੇ ਖੂਹ ਵਿਚ ਨਹੀਂ ਹੈ।' ਮਾਲਕ ਜੁਵਾਬ ਨਹੀਂ ਦੇ ਸਕਿਆ; ਹੋਰ ਕੰਬਿਆ ਅਰ ਦੂਸਰੀ ਪਲ ਵਿਚ ਚੱਕਰ ਖਾਧੋਸੁ, ਕੋਈ ਜ਼ਬਰਦਸਤ ਤਾਕਤ ਸਿਰ ਨੂੰ ਹੇਠਾਂ ਕਰਦੀ ਜਾਪੀ ਅਰ ਦੂਜੀ ਪਲ ਵਿਚ ਗੁਰੂ ਬਾਬੇ ਦੀ ਚਰਨੀਂ ਢੈ ਪਿਆ ਤੇ ਆਖਣ ਲੱਗਾ: ਹੇ ਕਿਸੇ ਗੁੱਝੀ ਕਲਾ ਦੇ ਮਾਲਕਾ ! ਬਖਸ਼ ਲੈ ਤੇ ਬਖਸ਼ਾ ਲੈ। ਮੈਂ ਮੂਰਖ ਹਾਂ ਅਰ ਸਮਝ ਨਹੀਂ ਸਕਦਾ ਕਿ ਇਹ ਕੀ ਖੇਲ ਹੈ। ਤੂੰ ਕੋਈ ਕਲਾਧਾਰੀ ਹੈਂ ਜਿਸ ਦੀ ਮੈਂ ਅਵੱਗਜਾ ਕੀਤੀ ਹੈ ਤੇ ਇਹ ਫਲ ਪਾਇਆ ਹੈ।'

ਗੁਰੂ ਬਾਬੇ ਨੇ ਆਪਣੇ ਪੈਰ ਪਰੇ ਕਰਕੇ ਕਿਹਾ:'ਤੇਰੇ ਹੁਕਮ ਵਿਚ ਤਾਂ ਸਾਰੇ ਹਨ, ਖਿਜ਼ਰ ਨੂੰ ਹੁਕਮ ਦੇਹ ਜੋ ਜਲ ਘੱਲੇ।'

ਮਾਲਕ-ਮੇਰੇ ਹੁਕਮ ਵਿਚ ਮੇਰੇ ਹੀ ਵਰਗੇ ਤ੍ਰਿਸ਼ਨਾਲੂ ਜੀਵ ਹਨ, ਖਿਜ਼ਰ ਮੇਰਾ ਹੁਕਮ ਕਦ ਮੰਨਦਾ ਹੈ?

ਸਤਿਗੁਰ ਜੀ-ਫਿਰ ਜੇ ਪਾਣੀ ਪੈਦਾ ਕਰਨੇ ਦੀ ਸ਼ਕਤਿ ਨਹੀਂ ਤਾਂ ਇੰਦ੍ਰਜਾਲ ਰਚਕੇ ਸ੍ਰਿਸ਼ਟੀ ਨੂੰ ਇਹ ਦੱਸਿਆ ਕਿ ਮੇਰੇ ਹੁਕਮ ਵਿਚ ਸਭ ਕੁਛ ਹੈ, ਤੇਰਾ ਮਨ ਕਿਕੂੰ ਤਸੱਲੀ ਵਿਚ ਵਸਦਾ ਤੇ ਸੁਖੀ ਰਹਿੰਦਾ ਹੈ?

ਮਾਲਕ-ਸ਼ੈਤਾਨ ਮਲਊਨ ਨੇ ਕੁਛ ਪਰਦਾ ਪਾਈ ਰੱਖਿਆ ਹੈ।

ਸਤਿਗੁਰ ਜੀ-ਬਾਹਰੋਂ ਆਉਣ ਵਾਲਾ ਸ਼ੈਤਾਨ ਕਿਨ੍ਹ ਕਦੇ ਡਿੱਠਾ ਹੈ? ਸ਼ੈਤਾਨ ਆਪਣਾ ਹੀ ਮਨ ਹੈ। ...ਆਪਣੇ ਦੋਸ਼ ਦੂਸਰੇ ਦੇ ਸਿਰ ਦਿੱਤਿਆਂ ਜੀ ਦੀ ਤੰਗੀ ਘੱਟ ਨਹੀਂ ਸਕਦੀ।

ਮਾਲਕ-(ਘਬਰਾਇਆ ਚੱਕਰਾਇਆ)-ਸ਼ੈਤਾਨ ਕੋਈ ਚੀਜ਼ ਨਹੀਂ?

ਸਤਿਗੁਰ-ਜੇ ਤੂੰ ਨਹੀਂ ਸੈਂ, ਉਹ ਤੂੰ ਬਣਕੇ ਦਿਖਾਇਆ, ਇਹ ਕਰਤਬ ਸ਼ੈਤਾਨਪੁਣੇ ਦਾ ਸੀ।

ਇਹ ਕਹਿਕੇ ਸਤਿਗੁਰ ਜੀ ਇਕ ਪੱਥਰ ਤੇ ਬੈਠ ਗਏ ਤੇ ਉਹ ਦੋਸ਼ੀ ਹੁਣ ਗੋਡੇ ਟੇਕਕੇ ਸਾਹਮਣੇ ਹੋ ਬੈਠਾ ਤੇ ਬੋਲਿਆ-ਸ਼ੈਤਾਨਪੁਣੇ ਕੀਤੇ ਤਾਂ ਮੈਂ ਪਰ ਪ੍ਰੇਰਕ ਸ਼ੈਤਾਨ ਨਹੀਂ ਸੀ?

ਸਤਿਗੁਰ-ਤੇਰਾ ਆਪਣਾ, ਲਾਲਚ, ਤੇਰੀ ਆਪਣੀ ਮੰਦ ਵਾਸ਼ਨਾ, ਤੇਰਾ ਕ੍ਰੋਧ, ਤੇਰਾ ਹੰਕਾਰ ਏਹ ਸਾਰੇ ਤੇਰੇ ਪ੍ਰੇਰਕ ਸਨ, ਬਾਹਰੋਂ ਕੌਣ ਤੇਰੀ ਧੌਣ ਨੱਪਦਾ ਤੇ ਅੰਦਰ ਵੜਕੇ ਕਲਾ ਮਰੋੜਦਾ ਸੀ? ਭਲਾ ਜੇ ਤੂੰ ਸ਼ੈਤਾਨ ਨੂੰ ਵੱਖਰਾ ਮੰਨਦਾ ਹੈਂ ਤਾਂ ਵੀ ਸ਼ੋਕ ਹੈ ਤੇਰੇ ਉਤੇ ਜੋ ਸ਼ੈਤਾਨ ਦੀਆਂ ਸ਼ੈਤਾਨੀਆਂ ਦਾ ਵਸੀਲਾ ਬਣਿਆ!

ਦੋਸ਼ੀ-ਹੈ ਤਾਂ ਏਸੇ ਤਰ੍ਹਾਂ, ਪਰ...।

ਸਤਿਗੁਰੂ-ਪਰ ਕਾਹਦੀ, ਤੂੰ ਜੇ ਆਪਣੇ ਉੱਚੇ ਅਸਲੇ ਤੇ ਰਹਿੰਦਾ, ਆਪਣਾ ਫਰਜ਼ (ਧਰਮ) ਪਛਾਣਦਾ, ਤੂੰ ਹੁਣ ਨਾਲੋਂ ਦਿੱਸਣ ਨੂੰ ਚਾਹੇ ਗ਼ਰੀਬ ਹੁੰਦਾ ਪਰ ਅੰਤਰ ਆਤਮੇਂ ਬਲਵਾਨ ਹੁੰਦਾ। ਤੇਰੇ ਅੰਦਰ ਜੋਤਿ ਜਗਮਗ ਕਰ ਰਹੀ ਸੀ, ਉਹ ਤੇਰੀ ਹੀ ਪੈਦਾ ਕੀਤੀ ਕੁਨਾਲੀ ਹੇਠ ਨਾ ਨੱਪੀ ਜਾਂਦੀ। ....ਤੂੰ ਆਪ ਹੀ ਆਪਣੇ ਆਪ ਨਾਲ ਵੈਰ ਕਮਾਯਾ ਹੈ।

ਦੋਸ਼ੀ-ਹੁਣ, ...ਹੁਣ ਮੈਂ ਕੀ ਕਰਾਂ?

ਸਤਿਗੁਰੂ(ਉਸੇ ਵੇਗ ਵਿਚ)-ਬੇ-ਗੁਨਾਹਾਂ ਨੂੰ ਤੂੰ ਕੈਦ ਕੀਤਾ, ਪਸ਼ੂਆਂ ਵਾਂਙ ਮੁੱਲ ਵੇਚਿਆ। ਬੇ-ਜ਼ੁਬਾਨ ਪਸ਼ੂਆਂ ਨੂੰ ਤੂੰ ਫੜਿਆ ਅਰ ਮੁੰਜ ਦੇ ਥੱਬਿਆਂ ਵਾਂਗ ਕੁੱਟਿਆ। ਧਰਮ ਦੇ ਖੋਜ ਵਾਲਿਆਂ ਨੂੰ ਗੁਮਰਾਹ ਕਰਕੇ ਆਪਣੇ ਦਾਸ ਤੇ ਪਾਪ ਕਰਮਾਂ ਦੇ ਸਹਾਈ ਬਣਾਇਆ। ਸਾਈਂ ਦੀ ਯਾਦ ਵਾਲਿਆਂ ਨੂੰ ਤੂੰ ਕੈਦੇ ਪਾਇਆ; ਤੇਰੇ ਪਰ ਕਿਉਂ ਨਾ ਤੇਰੇ ਕਰਮਾਂ ਦਾ ਉਲਟਾ ਗੇੜ ਪਏਗਾ। ਸਮਝ ਕਿ ਤੇਰੇ ਚਲਾਏ ਤੀਰ ਤੁਰੀ ਹੀ ਜਾ ਰਹੇ ਹਨ, ਉਹ ਅਗੰਮ ਵਿੱਥਾਂ ਚੀਰਕੇ ਅੰਤ ਤੈਨੂੰ ਆਕੇ ਵੱਜਣੇ ਹਨ। ਵਿੱਥਾ ਦੇ ਪੈਂਡੇ ਬੱਝਵੀਂ ਸੇਧ ਵਿਚ ਨਹੀਂ, ਪਰ ਚੱਕ੍ਰਾਕਾਰ ਹਨ। ਤੂੰ ਜੋ ਦੁੱਖ ਦੇ ਬਾਣ ਚਾਲੇ ਪਾਏ ਸਨ ਉਹ ਗੇੜ ਖਾਕੇ ਆ ਰਹੇ ਹਨ ਤੇ ਚਲਾਉਣ ਵਾਲੇ ਨੂੰ ਹੀ ਵਿੰਨ੍ਹਣ ਵਾਲੇ ਹਨ।

ਦੋਸ਼ੀ-ਕੀਹ ਮੇਰੇ ਲਈ ਕੋਇ ਉਪਾਇ ਨਹੀਂ?... ਮੈਂ ਪਾਪੀ ਤੇ ਦੁਖੀਆ ਹਾਂ... ਮੇਰੇ ਪਿੱਛੇ ਸਾਰਾ ਨਗਰ ਦੁਖੀ ਹੈ... ਮੇਰੇ ਹਾਲ ਤੇ ਮੇਹਰ ਹੋ ਸਕਦੀ ਹੈ?...ਨਹੀਂ?... ਹੱਛਾ, ਜੋ ਡੰਡ ਚਾਹੋ ਸੋ ਦਿਓ...।

ਸਤਿਗੁਰ-ਤੇਰਾ ਨਗਰ ਤੇਰੇ ਨਾਲ ਤੇਰੇ ਵਰਗਾ ਕਠੋਰ ਚਿੱਤ ਹੋ ਗਿਆ ਹੈ। ਜੋ ਤੇਰੇ ਸਾਏ ਹੇਠ ਸਨ ਉਹ ਚਾਹੀਦੇ ਸਨ ਕ੍ਰਿਪਾ ਦਾ ਰੂਪ ਤੇ ਸੁਖਦਾਤੇ ਬਣਦੇ ਤੂੰ ਆਪਣੇ ਨਾਲ ਉਹਨਾ ਨੂੰ ਭੀ ਡਾਕੂ ਤੇ ਬਰਦੇ ਫਰੋਸ਼ ਬਣਾ ਲਿਆ ਹੈ। ਤੇਰਾ ਬੋਝ ਭਾਰੀ ਤੇ ਕਰੜਾ ਹੈ।

ਗੁਰੂ ਬਾਬੇ ਦੀ ਤਿੱਖੀ, ਚੀਰਵੀਂ ਨਜ਼ਰ ਤੇ ਹੁਕਮ ਭਰੀ, ਪਰ ਅਡੋਲ, ਭੈ ਭਰਵੀਂ ਆਵਾਜ਼ ਉਸ ਦੇ ਆਤਮਾਂ ਦੇ ਖਿੜਕੇ ਖੋਲ੍ਹਕੇ ਅੰਦਰ ਘਾਉ ਪਾ ਰਹੀ ਸੀ। ਉਸ ਪਰ ਇਕ ਤਰ੍ਹਾਂ ਦਾ ਭੈ ਛਾ ਰਿਹਾ ਸੀ ਤੇ ਸਾਰੇ ਸਰੀਰ ਦੇ ਵਿਚ ਕਾਂਬਾ ਝੰਝੂਣੀਆਂ ਦੇ ਰਿਹਾ ਸੀ, ਕਰਮਾਂ-ਕੀਤੇ ਕਰਮਾਂ-ਦੇ ਸਮੂਹ ਖੜੇ ਸਨ ਤੇ ਉਹ ਆਪਣੇ ਆਪ ਨੂੰ ਦੋਸ਼ਾਂ ਦੇ ਅੱਗੇ ਬੇ-ਜਵਾਬ ਖੂਨੀ ਵਾਂਙੂ ਖੜਾ ਵੇਖਦਾ ਸੀ। ਕੀਹ ਕਲਾ ਗੁਰੂ ਬਾਬੇ ਨੇ ਦਬਾਈ ਕਿ ਸਾਰਾ ਚੱਕਰ ਹੀ ਉਸ ਦਾ ਉਲਟ ਗਿਆ ਸੀ। ਘਰ ਵਿਚ ਤੇ ਨੇੜੇ ਨੇੜੇ ਖਬਰ ਨਿਕਲ ਗਈ ਸੀ ਕਿ ਨਵੇਂ ਫੜਕੇ ਆਂਦੇ ਅੱਗੇ ਮਾਲਕ ਜੀ ਝੁਕੇ ਬੈਠੇ ਹਨ। ਲੋਕੀਂ ਸੁਣ ਸੁਣਕੇ ਆ ਰਹੇ ਸਨ, ਜੁੜਦੇ ਜਾਂਦੇ ਸਨ ਤੇ ਗੁਰੂ ਬਾਬੇ ਦਾ ਹੁਕਮ ਸੁਣ ਰਹੇ ਸਨ ਅਰ ਸਾਰੇ ਕੁਛ ਕੰਬ ਤੇ ਹੈਰਾਨ ਹੋ ਰਹੇ ਸਨ।

ਦੋਸੀ (ਮਾਲਕ)-ਹੇ ਜਗਤ ਰਾਇ ! ਕ੍ਰਿਪਾ ਕਰਕੇ ਬਖ਼ਸ਼ਣਾ ?

ਸਤਿਗੁਰ-ਹੇ ਹੇਠਾਂ ਅੱਗ ਬਾਲਕੇ ਅਟਾਰੀ ਤੇ ਸੌਣ ਵਾਲੇ ! ਬੰਦੀ ਖਾਨਾ ਖੋਹਲਕੇ ਬੇ-ਦੋਸ਼ਿਆ ਨੂੰ ਛੱਡ ਦੇਹ ਤੇ ਜਿਤਨੇ ਗ਼ੁਲਾਮ ਸ਼ਹਿਰ ਵਿਚ ਬੰਨ੍ਹਕੇ ਆਂਦੇ ਯਾ ਮੁੱਲ ਲਏ ਹੋਏ ਹਨ, ਤੋਰ ਦੇਹ। ਸੱਜਰੇ ਪਾਪਾਂ ਤੋਂ ਝਟਪਟ ਹੌਲਾਗਿਰੀ ਕਰ। ਮਾਲ ਜੋ ਲੁੱਟ ਦਾ ਹਈ, ਘਰੀਂ ਪੁਚਾ, ਨਹੀਂ ਤਾਂ ਲੁਟਾਦੇ ਲੋੜਵੰਦਾਂ ਨੂੰ ਤੇ ਠੱਗੀ ਨਾਲ ਚੇਲਿਆਂ ਤੋਂ ਜੋ ਠੱਗਿਆ ਹੈ ਮੋੜ, ਗਰੀਬਾਂ ਨੂੰ ਦੇਹ। ਹਾਂ, ਤੇ ਕਹੁ ਮੇਰੇ ਦੇਸ਼ ਵਿਚ ਗ਼ੁਲਾਮੀ ਤੇ ਜ਼ੁਲਮ ਨਹੀਂ ਰਹੇਗਾ।

ਇਹ ਜ਼ੋਰਦਾਰ ਹੁਕਮ ਭਰੇ ਵਾਕ ਸੁਣਕੇ ਸਾਰਿਆਂ ਦੇ ਸਿਰ ਝੁਕੇ, ਹਾਹੁਕਿਆਂ ਤੇ ਪਛਤਾਵਿਆਂ ਦੀ ਇਕ ਦੁਖ ਭਰੀ ਕਸੀਸ ਨਾਲ ਖਿੱਚਵੀਂ ਆਹ ਨਿਕਲੀ ਤੇ 'ਬਹੁਤ ਅੱਛਾ' ਇਕ ਗੂੰਜ ਵਿਚ ਸੁਣਾਈ ਦਿਤਾ।

ਓਸੇ ਵੇਲੇ ਮਿਸਾਲਾਂ ਆ ਹਾਜ਼ਰ ਹੋਈਆਂ, ਉਹ ਦੇਖੋ ਵਾਹਿਗੁਰੂ ਦਾ 'ਮੁਲ ਖਰੀਦੀ ਲਾਲਾ ਗੋਲਾ' ਕੈਦ ਦੀਆਂ ਕੋਠੜੀਆਂ ਵਲ ਨਾਲ ਜਾ ਰਿਹਾ ਹੈ। ਜੋ ਆਪ ਬੰਦੀ ਵਿਚ ਪਿਆ ਸੀ ਬੰਦੀਖਾਨੇ ਖੁਲ੍ਹਾਕੇ ਬੰਦੀਆਂ ਨੂੰ ਛੁਡਾ ਰਿਹਾ ਹੈ। ਜੋ ਵਿਕ ਰਿਹਾ ਸੀ, ਵਿਕਿਆਂ ਨੂੰ ਅਮੁੱਲ ਫ਼ੁਰਮਾਨ ਨਾਲ, ਅਮੁੱਲ ਬਖਸ਼ੀਸ਼ ਕਰ ਰਿਹਾ ਹੈ। ਤੱਕੋ; ਜੋ ਵਰਿਹਾਂ ਤੋਂ ਜਕੜੇ ਪਏ ਸਨ ਖੁੱਲ੍ਹ ਪਾ ਰਹੇ

ਹਨ। ਹਾਂ, ਜੋ ਛੁਟਦਾ ਹੈ ਆਪਣੇ ਬੰਦੀ ਛੋੜ ਵਲ ਤੱਕਦਾ ਹੈ, ਸ਼ੁਕਰ ਨਾਲ ਟੁੱਟ ਪੈਂਦਾ ਹੈ, ਚਰਨੀਂ ਢਹਿੰਦਾ ਹੈ ਤੇ ਅਸੀਸ ਲੈਂਦਾ ਹੈ 'ਕਰਤਾਰ ਚਿਤ ਆਵੇ।'

ਔਹ ਦੇਖੋ ਡਾਢੀ ਸੁੰਦਰ ਨੁਹਾਰ ਦਾ ਆਦਮੀ ਛੁਟਕਾਰਾ ਪਾਕੇ ਨਿਕਲਦਾ ਹੈ, ਬੰਦੀ ਛੋੜ ਨੂੰ ਵੇਖਦਾ ਹੈ, ਵੇਖਦਾ ਕੀ ਹੈ ਤ੍ਰਬ੍ਰਕਦਾ ਹੈ ਤੇ ਆਖਦਾ ਹੈ।

ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥
ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥
ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥
{ਗਉੜੀ ਮਹਲਾ ੧}

ਫੇਰ ਪੈਰਾਂ ਨੂੰ ਐਸਾ ਚੰਬੜਦਾ ਹੈ ਕਿ ਛੱਡਣਾ ਹੀ ਭੁੱਲ ਜਾਂਦਾ ਹੈ !

ਇਸ ਦੇ[1] ਮੂੰਹੋਂ 'ਨਾਨਕ' ਨਾਮ ਨਿਕਲਣਾ ਸੀ ਕਿ ਬਿਜਲੀ ਚਮਕ ਗਈ। ਸਾਰੇ ਆਖਣ ਲੱਗ ਪਏ, ਸੱਚ ਹੈ ਇਹ ਜਲਾਲ ਪੀਰ ਬਾਬੇ ਨਾਨਕ ਦਾ ਹੈ। ਨਾਨਕ ਪੀਰ ਦੀ ਸਾਰ ਪੈਣੀ ਸੀ ਕਿ ਦੋਸ਼ੀਆਂ ਦੇ ਡਰੇ ਹੋਏ, ਦੁਖੀਆਂ ਦੇ ਵੈਰਾਗੇ ਹੋਏ ਕਲੇਜੇ ਹੋਰ ਪੰਘਰ ਗਏ। ਹੁਣ ਤਾਂ ਦੋਸ਼ੀ ਸਾਹ ਲੈ ਲੈ ਕੇ ਲੱਗੇ ਰੋਣ: "ਅਸਾਂ ਰੱਬ ਦੇ ਘੱਲੇ ਬਾਬੇ ਨਾਨਕ ਦੀ ਬੇਅਦਬੀ ਕੀਤੀ ਹੈ। " ਪਹਿਲੇ ਤਾਂ ਡਰ ਪੈ ਰਿਹਾ ਸੀ ਕਿ ਮਤੇਂ ਕੋਈ ਵਲੀ ਯਾ ਫਰੇਸ਼ਤਾ ਆਯਾ ਹੈ, ਪਰ ਹੁਣ ਜਦ ਨਾਮ ਪਛਾਤਾ ਤਾਂ ਸਮਝੇ ਕਿ ਗੁਰੂ ਆਯਾ ਹੈ। ਕਿਉਂਕਿ ਏਸ ਗੱਲ ਦੀ ਸੋ ਤਾਂ ਸਾਰੇ ਦੇਸਾਂ ਵਿਚ ਫੈਲੀ ਹੋਈ ਸੀ ਇਕ ਗੁਰੂ ਨਾਨਕ ਨਾਮੇ ਕੋਈ ਬੜਾ ਮਰਦ ਪ੍ਰਗਟ ਹੋਇਆ ਹੈ।

੪.

**ਸਤਿਗੁਰ** ਬਾਬੇ ਨੇ ਹੁਣ ਸ਼ਹਿਰ ਦਾ ਦੌਰਾ ਕੀਤਾ, ਹਰ ਘਰ ਦੇ ਗ਼ੁਲਾਮ ਛੁਡਾਏ। ਬਾਬੇ ਨੇ ਗ਼ੁਲਾਮੀ ਦਾ ਕੌਤਕ ਕੀ ਖੇਡਿਆ ਸੀ, ਸਾਰੀ ਗ਼ੁਲਾਮੀ ਦੀ ਜੜ੍ਹ ਮੇਖ ਹੀ ਉਡਾ ਕੱਢੀ। ਅੱਧੀ ਰਾਤ ਵਿਹਲੇ ਹੋਕੇ ਸਤਿਗੁਰ ਨੇ ਵਡੇ ਦੋਸ਼ੀ ਦੇ ਘਰ ਬਿਸਰਾਮ ਕੀਤਾ। 'ਹੁਕਮ' ਨੇ ਹੁਣ ਪਾਣੀ ਨੂੰ ਖੂਹ ਵਿਚ ਲੈ ਆਂਦਾ, ਸਾਰਾ ਨਗਰ ਸੁਖੀ ਹੋ ਗਿਆ।

ਹੁਣ ਉਸ ਦੋਸ਼ੀ, ਜਿਸ ਨੂੰ ਬਾਬਾ ਗਣੇਸ਼ਾ ਸਿੰਘ 'ਮੀਰ' ਕਰਕੇ ਲਿਖਦੇ ਹਨ, ਅੱਜ ਪਹਿਲਾ ਦਿਨ ਸੀ ਕਿ ਸੱਚੀ ਮੁੱਚੀ ਨ੍ਹਾਤਾ ਤੇ ਸੱਚੀ ਮੁੱਚੀ ਸਾਈਂ ਦੀ ਦਰਗਾਹ ਵਿਚ ਰੋਇਆ। ਦਿਨ ਚੜ੍ਹੇ ਫੇਰ ਗੁਰੂ ਬਾਬੇ ਨੇ ਸਾਰਿਆਂ ਨੂੰ ਸਤਿ ਉਪਦੇਸ਼ ਕੀਤਾ, ਭਗਤੀ ਦਾਨ ਦਿਤੀ, ਸਾਰਿਆਂ ਦੇ ਸਰੀਰ ਵਿਚੋਂ ਪਜਾਰ ਦੀ ਝਰਨਾਟ ਲੰਘਾ ਦਿੱਤੀ। ਓਹ, ਜੋ ਕੱਲ ਪਾਪੀ ਸਨ, ਅਜ ਪ੍ਰੇਮ ਦੇ ਰਸਤੇ ਪੈ ਗਏ ਹਨ। ਜੈਸਾ ਕਿ ਲਿਖਦੇ ਹਨ:-

ਪਗ ਪਾਹੁਲ ਪੁਨ ਦੀਨਿ ਕ੍ਰਿਪਾਲਾ॥ ਕੀਨੇ ਸਗਲੇ ਲੋਗ ਨਿਹਾਲਾ॥ ਨਾਮ ਦਾਨ ਸਚ ਧਰਮ ਦ੍ਰਿੜਾਵਾ॥ ਪਾਪ ਕਰਮ ਸਭ ਤੇ ਛੁਟਕਾਵਾ ॥ ਧਰਮਸਾਲ ਬਨਵਾਈ ਸੁੰਦਰ ॥ ਬੈਠਤ ਭਏ ਤਹਾਂ ਗੁਨ ਮੰਦਿਰ ॥ ਸ਼ਰਧਾ ਜੁਤਿ ਸੇਵਨ ਸਭ ਲਾਗੇ ॥ ਗੁਰ ਚਰਨਨ ਮੈ ਕਰਿ ਅਨੁਰਾਗੇ॥

ਫੇਰ ਲਿਖਿਆ ਹੈ ਕਿ ਗੁਰੂ ਜੀ ਨੇ ਮੀਰ ਨੂੰ ਇਕ ਵੱਡੀ ਢੀਮ ਚੁੱਕਣੇ ਨੂੰ ਕਿਹਾ ਅਰ ਦੇਖੋ:-

ਜਬੈ ਮੀਰ ਵਹ ਢੀਮ ਉਪਾਰੀ ॥
ਨਿਕਸਜੋ ਤਹਾਂ ਖਜ਼ਾਨਾ ਭਾਰੀ ॥

ਗੁਰੂ ਬਾਬੇ ਨੇ ਇਹ ਦੱਸਿਆ ਕਿ ਦੇਖ ਜਿਸ ਮਾਇਆ ਦੀ ਖ਼ਾਤਰ ਪਾਪ ਕਰਦੇ ਰਹੇ ਹੋ, ਓਹ ਸਹੁਰੀ ਕੀ ਸ਼ੈ ਹੈ। ਮਾਇਆ ਕਰਤੇ ਦੇ ਹੁਕਮ ਵਿਚ ਵਰਤਦੀ ਹੈ ਉਸ ਹੁਕਮੀ ਦੇ ਨਾਲ ਪਿਆਰ ਪਾਓ। ਮਾਯਾ, ਜੋ ਹੁਕਮ ਵਿਚ ਮਿਲੇ ਸਫਲੀ ਕਰੋ, ਜ਼ੋਰ ਜ਼ੁਲਮ ਨਾਲ ਕੋਈ ਨਾ ਕੱਠੀ ਕਰੋ। ਸਿਖ ਮੁਸਾਫਰ ਅਭਜਾਗਤ ਆਵੇ ਕਿਸੇ ਨੂੰ ਨਹੀਂ ਫੜਨਾ, ਸਭ ਤਰ੍ਹਾਂ ਸੇਵਾ ਕਰਨੀ। ਇਕ ਵਡੀ ਬਣੀ ਇਮਾਰਤ ਧਰਮਸਾਲ ਰਚ ਦਿਤੀ ਗਈ ਤੇ ਉਸ ਥਾਂ ਸਤਿਸੰਗ ਦਾ ਪ੍ਰਵਾਹ ਚਲਾ ਦਿਤਾ। ਆਏ ਗਏ ਪਰਦੇਸੀਆਂ ਲਈ ਨਾਲ ਕੁਟੀਆਂ ਦੀ ਤਿਆਰੀ ਹੋ ਗਈ। ਇਸ ਤਰ੍ਹਾਂ ਮਨੁੱਖ ਮਾਤ੍ਰ ਦੇ ਇਕ ਭਾਰੀ ਦੁਖਦਾਈ ਕਿਲ੍ਹੇ ਨੂੰ ਉਖੇੜਕੇ ਤੇ ਦੁਖ ਦਾਤਿਆਂ

[1] ਭਾਈ ਹਰਾ, ਜੋ ਪੰਜਾਬ ਦਾ ਸੀ ਤੇ ਸਫਰ ਜਾਂਦਾ ਇਨ੍ਹਾਂ ਨੇ ਫੜ ਰਖਿਆ ਸੀ, ਕੈਦ ਵਿਚ ਸਤਿਗੁਰ ਜੀ ਨੂੰ ਧਿਆਉਂਦਾ ਰਿਹਾ ਤੇ ਅੱਜ ਪਰਤੱਖ ਡਿੱਠਾ ਕਿ ਸਤਿਗੁਰ ਲੋਕ ਪ੍ਰਲੋਕ ਸਹਾਈ ਹੈ, ਏਥੇ ਓਥੇ ਦਾ ਤਾਣ ਕਰਤਾ ਹੈ।

ਦੀ ਇਕ ਭਾਰੀ ਛਾਵਣੀ ਨੂੰ ਕੇਵਲ ਨਿੰਮ੍ਰਤਾ, ਗ਼ਰੀਬੀ, ਆਪਾ ਵਾਰਨ, ਪ੍ਰੇਮ ਤੇ ਸੱਚੇ ਹੁਕਮ ਦੇ ਬਲ ਨਾਲ ਸ੍ਰੀ ਗੁਰੂ ਜੀ ਸਰ ਕਰਕੇ ਟੁਰ ਪਏ। ਦੇਖੋ ਜਿਥੇ ਬਾਬਾ ਬੰਦੀ ਵਿਚ ਪੈਕੇ ਆਇਆ ਸੀ ਓਥੇ ਸਾਰਿਆਂ ਨੂੰ ਵਾਹਿਗੁਰੂ ਜੀ ਦੀ ਬੰਦਸ਼ ਵਿਚ ਪਾਕੇ ਤੁਰਿਆ ਹੈ। ਧੱਕੇ ਨਾਲ ਬੰਦੀ ਵਿਚ ਪਿਆ, ਸਾਰਿਆਂ ਨੂੰ ਜ਼ੋਰ ਜ਼ੁਲਮ ਤੋਂ ਕੱਢਕੇ ਹਉਂ ਤੇ ਪਾਪ ਦੇ ਜਕੜਾਂ ਤੋਂ ਛੁਡਾਕੇ ਪ੍ਰੇਮ ਦੀ ਬੰਦਸ਼ ਵਿਚ ਬੰਨ੍ਹ ਚੱਲਿਆ ਹੈ ਤੇ ਨਾਮ ਦੀ ਰੱਤੀ ਦਾਨ ਦੇ ਚਲਿਆ ਹੈ।

## ੫. ਮੇਲ।

> ਲਾਲਾ ਗੋਲਾ ਧਣੀ ਕੋ ਕਿਆ ਕਹਉ ਵਡਿਆਈਐ ॥ ਭਾਣੈ ਬਖਸੇ ਪੂਰਾ ਧਣੀ ਸਚੁ ਕਾਰ ਕਮਾਈਐ ॥ ਵਿਛੁੜਿਆ ਕਉ ਮੇਲਿ ਲਏ ਗੁਰ ਕਉ ਬਲਿ ਜਾਈਐ ॥ ੩ ॥
>
> {ਮਾਰੂ ਮਹਲਾ ੧ ਅਸਟ-੪}

**ਜਿਸ** ਟਿੱਬੀ ਤੋਂ ਸਤਿਗੁਰ ਜੀ ਰੁਹੇਲੇ ਦੇ ਹੱਥ ਆਪ ਪਕੜੀਏ ਸਨ ਫੇਰ ਹੁਣ ਓਥੇ ਆ ਬਿਰਾਜੇ, ਓਹੋ ਰੁਹੇਲਾ ਫੇਰ ਲੰਘਿਆ ਤਾਂ ਓਸ ਪਛਾਤਾ। ਜਾਤੋਸੁ ਕਿ ਜਿੱਥੇ ਮੈਂ ਏਸ ਨੂੰ ਵੇਚ ਆਯਾ ਸਾਂ ਓਥੋਂ ਭੱਜ ਆਇਆ ਹੈ, ਚਲੋ ਅੱਜ ਫੇਰ ਫੜਕੇ ਲੈ ਚੱਲੀਏ, ਨਿਖਾਸ ਚੱਲ ਵੇਚੀਏ ਤੇ ਦੋਇ ਘੋੜੇ ਹੋਰ ਮੁੱਲ ਵੱਟੀਏ। ਇਸ ਰੁਹੇਲੇ ਦਾ ਇਹੋ ਵਪਾਰ ਬਣ ਰਿਹਾ ਸੀ, ਰਾਹ ਖਹਿੜੇ ਜਦ ਕੋਈ ਪਰਦੇਸੀ ਮਿਲੇ ਤਾਂ ਬੰਨ੍ਹ ਲਿਜਾਣਾ ਤੇ ਜਾ ਵੇਚਣਾ। ਪਾਰਲਾ ਨਗਰ ਤਾਂ ਸਤਿਗੁਰ ਸਾਰਾ ਸਾਫ ਕਰ ਆਏ ਸਨ। ਡਾਕੂਆਂ, ਬੰਦੇ ਬੰਨ੍ਹਾਂ ਤੇ ਧਰਮ ਦੀ ਆੜ ਹੇਠ ਪਾਪ ਕਮਾਉਣ ਵਾਲਿਆਂ ਦੀ ਵਿੱਸ ਝਾੜਕੇ ਉਹਨਾਂ ਨੂੰ ਸੁਖਦਾਤੇ ਬਣਾ ਆਏ ਸਨ, ਪਰ ਇਹ ਪਾਪੀ ਅਜੇ ਬਾਕੀ ਸੀ, ਸੋ ਅੱਜ ਫੇਰ ਏਸ ਦੇ ਸ਼ੁੱਧ ਕਰਨ ਲਈ ਮਗਰ ਲੱਗ ਟੁਰੇ[੧]। ਜਦ ਉਸ ਦੇ ਘਰ ਆਏ ਤਾਂ ਉਸ ਦੀ ਨਾਰਿ ਨੇ ਪਛਾਣਿਆਂ; ਤੱਕਿਆ। ਇਸ ਵੇਲੇ ਬਾਬਾ ਅਪਣੇ ਰੂਹਾਨੀ ਤੇਜ ਵਿਚ ਦਮਕ ਰਿਹਾ ਸੀ। ਰੁਹੇਲੀ ਦਾ ਤੱਕਣਾ ਕੀਹ ਸੀ ਸੂਰਜ ਮੰਡਲ ਤੇ ਨਜ਼ਰ ਟਿਕਾਉਣੀ ਸੀ। ਨਜ਼ਰ ਮੁੜ ਗਈ ਤੇ ਇਕ ਡੂੰਘੇ ਭੈ ਦਾ ਅਸਰ ਲੈ ਗਈ, ਕੰਬੀ ਤੇ ਤ੍ਰਾਸ ਖਾਕੇ 'ਹਾਏ ਹਾਏ' ਕਰਨ ਲੱਗ ਗਈ। ਰੁਹੇਲੇ ਨੇ ਪੁੱਛਿਆ ਕੀ ਹੋਇਆ, ਤਾਂ ਉਹ ਬੋਲੀ ਕਿ 'ਤੱਕ ਤਾਂ ਸਹੀ ਤੂੰ ਕਿਸ ਨੂੰ ਫੜ ਲਿਆਇਆ ਹੈਂ? ਦੇਖ ਖਾਂ। ਇਹ ਆਦਮੀ ਹੈ? ਇਹ ਤਾਂ ਕੋਈ ਫਰਿਸ਼ਤਾ ਮਨੁੱਖ ਜਾਮੇ ਵਿਚ ਹੈ, ਤੂੰ ਜੋ ਫੇਰ ਫੜ ਲਿਆਇਆ ਹੈਂ ਤੂੰ ਦੋਜ਼ਖ ਦੀ ਅੱਗ ਆਪਣੇ ਲਈ ਤਿਆਰ ਕੀਤੀ ਹੈ, ਭਲਾ ਹੋਵੇ ਜੋ ਭੁਲ ਬਖ਼ਸ਼ਾਵੇਂ !' ਰੁਹੇਲੇ ਨੇ ਕਿਹਾ, 'ਬਾਉਲੀ ਹੋ ਗਈ ਹੈਂ ਕਿਧਰੇ?'

ਰੁਹੇਲੀ ਬੋਲੀ–ਜ਼ਰਾ ਨਜ਼ਰ ਭਰ ਕੇ ਚਿਹਰੇ ਵੱਲ ਤੱਕ ਤਾਂ ਸਹੀ ਤੇ ਜ਼ਰਾ ਹੋਸ਼ ਤਾਂ ਕਰ, ਸੋਚ ਜੋ ਮੁੜ ਮੁੜ ਓਸੇ ਥਾਂ ਆਉਂਦਾ ਹੈ, ਤੇਰੀ ਕੈਦ ਤੇ ਵਿਕਰੀ ਤੋਂ ਡਰਦਾ ਨਹੀਂ ਉਹ ਮਨੁੱਖ ਹੋ ਸਕਦਾ ਹੈ? ਇਹ ਗੱਲ ਕੁਛ ਕਾਟ ਕਰ ਗਈ, ਰੁਹੇਲੇ ਨੇ ਨਜ਼ਰ ਭਰ ਡਿੱਠਾ ਤਾਂ ਕੀ ਵੇਖੇ ਕਿ ਇਕ ਤਰ੍ਹਾਂ ਤਿੱਖੇ ਚਾਨਣੇ ਦੀਆਂ ਕਿਰਨਾਂ ਸਤਿਗੁਰੂ ਜੀ ਦੇ ਸਰੀਰ ਦੇ ਉਦਾਲੇ ਚੱਕਰ ਫੇਰ ਲਾ ਰਹੀਆਂ ਹਨ ਅਰ ਐਸ ਤਰ੍ਹਾਂ ਦੇ ਤੇਜ ਚੁਫੇਰੇ ਮੀਂਹ ਵਸ ਰਿਹਾ ਜਾਪਦਾ ਹੈ ਕਿ ਮਾਨੋਂ ਕੋਈ ਬਲੌਰ ਚਮਕ ਰਿਹਾ ਹੈ। ਹਾਂ, ਐਸੇ ਤੇਜ ਤੋਂ ਪਾਪਾਂ ਦੇ ਮੜ੍ਹੇ ਸੜ ਉੱਠੇ। ਰੁਹੇਲੇ ਦੀ ਦੇਖਦਿਆਂ ਸਾਰ ਚੀਕ ਨਿਕਲ ਗਈ, ਬਿਹਬਲ ਹੋਕੇ ਚਰਨਾ ਤੇ ਢੱਠਾ ਤੇ ਬੋਲਿਆ: 'ਹੇ ਨੂਰ ਹੀ ਨੂਰ, ਸਾਰੇ ਨੂਰ, ... ਹੈਂ, ਹੇ ਨੂਰ... !'

ਸਤਿਗੁਰ ਨੇ ਬੜੇ ਜਬ੍ਹੇ ਦੀ ਸੁਰ ਵਿਚ ਕਿਹਾ– ਹੇ ਪੈਰ ਕੁਹਾੜਾ ਮਾਰਨਹਾਰੇ, ਸਿਆਣੇ ! ਜਿੰਨੇ ਜੀਵ ਤੂੰ ਬੰਦੀ ਪਾਏ ਓਤਨੇ ਬੰਦ ਤੇਰੀ ਅਪਣੀ ਰੂਹ ਦੇ ਉਦਾਲੇ ਪੈਂਦੇ ਗਏ ਹਨ ! ਤੂੰ ਹੁਣ ਕੈਦ ਹੈਂ ਅਰ ਕੈਦ ਤੋਂ ਛੁੱਟ ਨਹੀਂ ਸਕਦਾ, ਜਦ ਤਕ ਕਿ ਜੀਵਨ ਪ੍ਰਯੰਤ ਰੱਬ ਦੀ ਯਾਦ ਵਿਚ ਨਾ ਲੱਗੇਂ। ਇਕੋ ਦਾਰੂ ਹੈ ਤੇਰੇ ਛੁਟਕਾਰੇ ਦਾ, ਕਹੁ ਹੈ ਮਨਜ਼ੂਰ ?

ਰੁਹੇਲਾ–ਹੇ ਨੂਰ ਹੀ ਨੂਰ ! ਬਖ਼ਸ਼ ਲੈ ! ਜੋ ਕਰਾਵੇਂ ਸੋ ਕਰਸਾਂ, ਮੈਂ ਤਾਂ ਮਾੜਾ; ਨੀਵਾਂ ਤੇ

---

[੧] ਬਾਲੇ ਦੀ ਸਾਖੀ ਵਿਚ ਤ੍ਰੈ ਵੇਰ ਸਤਿਗੁਰ ਦਾ ਇਹ ਕੌਤਕ ਕਰਨਾ ਲਿਖਿਆ ਹੈ ਤੇ ਬਾਬਾ ਗਣੇਸ਼ਾ ਸਿੰਘ ਜੀ ਨੇ ਸੱਤ ਵੇਰ ਲਿਖਿਆ ਹੈ।

ਨੀਚ ਹਾਂ। ਤਦ ਸਤਿਗੁਰ ਨੇ ਕ੍ਰਿਪਾ ਕੀਤੀ ਅਰ ਉਹ ਰੁਹੇਲਾ ਸਿਖ ਹੋਇਆਂ ਤੇ ਓਸ ਨੇ-

ਤਜਯੋ ਕੁਕਰਮਨ ਕੋ ਜੁ ਸੁਭਾਵਾ।
ਸੇਵ ਬੰਦਗੀ ਮੈਂ ਚਿਤ ਲਾਵਾ।
ਨਾਮ ਦਾਨ ਇਸ਼ਨਾਨ ਦ੍ਰਿੜਾਈ।
ਤਿਹ ਤੇ ਗਮਨ ਕੀਨ ਜਗਰਾਈ।

ਜਗਤ ਦੀ ਪੀੜਾ ਨੂੰ ਹਰਨ ਵਾਲਾ, ਆਪ ਪੀੜਾ ਵਿਚ ਪੈਕੇ ਪੀੜਾ ਦਾ ਸਿਰ ਚਿੱਥ ਦੇਣ ਵਾਲਾ, ਕੋਮਲ, ਪਰ ਅਹਿੱਲ ਤੇ ਅਡੋਲ ਹਿਰਦੇ ਵਾਲਾ ਪਿਆਰਾ ਸਤਿਗੁਰ ਫੇਰ ਓਸੇ ਟਿੱਲੇ ਉੱਤੇ ਆਣ ਬੈਠਾ। ਉਹ ਜੋ ਕੌਤਕ ਸੀ, ਜੋ ਸਰੀਰ ਦੇ ਸੁਖ ਤੇ ਸੁਤੰਤ੍ਰਤਾ ਵਾਰ ਕੇ ਦੁਖੀਆਂ ਨੂੰ ਸੁਖੀਏ ਬਨਾਉਣ ਦਾ ਅਮਿਤ ਪਿਆਰ ਸੀ, ਸਤਿਗੁਰ ਵਰਤਾ ਆਇਆ ਸੀ। ਅੱਧੀ ਰਾਤ ਵੇਲੇ ਜੋ ਆਤਮ ਨਾੜਾਂ ਦੇ ਪਛਾਣੂ ਸਤਿਗੁਰ ਨੇ ਰੋਣ ਦੀ ਆਵਜ਼ ਸੁਣੀ ਸੀ, ਉਹ ਹੁਣ ਖੁਸ਼ੀ ਵਿਚ ਵਟਾ ਆਇਆ ਸੀ। ਇਕ ਨਾਮ ਦਾ ਰਸੀਆ 'ਭਾਈ ਹਰਾ' ਬੰਦੀ ਵਿਚ ਸੀ, ਉਸ ਦੀ ਸੁਰਤ ਨਾਮ ਦੀ ਤਾਰ ਵਿਚ ਪੁਰੋਤੀ ਹੋਣ ਕਰਕੇ ਉਸ ਦੇ ਦੁੱਖ ਦੀ ਖਿੱਚ ਬ੍ਰਹਮੰਡ ਨੂੰ ਪੈ ਰਹੀ ਸੀ, 'ਖਲਕ ਦੇ ਦੁਖ' ਤੇ ਨੰਦ ਲਾਲ ਜੀ ਆਖਦੇ ਹਨ, 'ਖਾਲਕ ਦੁਖਦਾ ਹੈ' ਅਤੇ ਹਾਂ 'ਹਰਿ ਹਰਿ ਜਨ ਦੁਇ ਏਕ ਹੈਂ" ਹਰਿ ਜਨ ਦੇ ਦੁਖਿਆਂ, ਵਾਹਿਗੁਰੂ ਦੇ ਹੁਕਮ ਵਾਲੇ ਮੰਡਲ ਵਿਚ ਧੂ ਪੈ ਕੇ ਛੁਟਕਾਰੇ ਦੇ ਹੁਕਮ ਨੂੰ ਕਿਉਂ ਨਾ ਖਿੱਚ ਲਿਆਵੇ। ਪਿਆਰੇ ਸਤਿਗੁਰ ਨੇ ਏਸੇ ਕਰਕੇ ਉਹਨਾਂ ਰੁਹੇਲਿਆਂ ਤੇ ਮੀਰਾਂ ਮੁਗ਼ਲਾਂ ਨੂੰ ਟੁਰਨ ਲੱਗਿਆਂ ਹੋਰ ਸਤਿ ਉਪਦੇਸ਼ ਦੇ ਕੇ ਖਾਸ ਤਾਕੀਦ ਕੀਤੀ ਸੀ :-

ਆਵੈ ਇਹਾਂ ਜੁ ਸਿੱਖ ਹਮਾਰਾ।
ਸੇਵਾ ਕਰਨੀ ਤਿਹ ਹਿਤ ਧਾਰਾ।

(ਗੁਰ ਨਾ: ਸੂਰਯੋਦਯ)

ਸਿਖ ਉਹ ਹੈ ਜੋ ਵਾਹਿਗੁਰੂ ਦੀ ਤਾਰ ਵਿਚ ਸੁਰਤ ਨੂੰ ਪੁਰੋ ਚੁਕਾ ਹੈ, ਵਾਹਿਗੁਰੂ ਜੀ ਦੇ ਇਕ ਸੂਤ ਵਿਚ ਪੁਰੋਤੇ ਗਏ ਮਣਕੇ ਨੂੰ ਜਦ ਖਿੱਚ ਪਹੁੰਚੇਗੀ ਤਾਂ ਸਾਰੀ ਮਾਲਾ ਖਿੱਚ ਖਾਏਗੀ, ਸੋ ਸਤਿਗੁਰ ਵੈਦ ਨੇ ਨਾਮ ਰਸੀਏ ਨੂੰ ਪ੍ਰਤੱਖ ਮੁਕਤੀ ਦਿਤੀ ਤੇ ਬੰਦੀਗੀਰਾਂ ਨੂੰ ਬੀ ਪਾਪਾਂ ਤੋਂ ਛੁਡਾਇਆ ਤੇ ਸਾਰੇ ਕਾਰਜ ਸਾਰਕੇ ਫੇਰ ਆਪਣੇ ਸੁਖ ਸਰੂਪ ਵਿਚ ਆ ਓਥੇ ਹੀ ਡੇਰਾ ਲਾਇਆ। ਓਹੋ ਤੇਜ ਦਾ ਪ੍ਰਕਾਸ਼ ਫੈਲ ਗਿਆ, ਉਹੋ ਵੇਗ ਦਾ ਅਨੰਦ ਆ ਝੁੱਲਿਆ। ਓਸ ਗੁਰ ਚਰਨਾਂ ਦੇ ਭੌਰੇ ਮਰਦਾਨੇ ਨੂੰ ਭੀ ਜਿੱਥੇ ਉਹ ਸੀ ਓਥੇ ਹੀ ਧੂ ਪਈ, ਉਸ ਦੇ ਅੰਦਰਲੇ ਮਨ ਨੂੰ ਪ੍ਰੇਮ ਨੇ ਰਸਤੇ ਪਾਇਆ, ਉਸ ਨਾ ਦਿੱਸਣ ਵਾਲੇ ਪਰ ਮਨ ਦੇ ਝੁਕਾਉ ਤੋਂ ਰੁਖ਼ ਪਲਟਾਉਣ ਵਾਲੇ ਅਸਰ ਨੇ ਪੈਰਾਂ ਨੂੰ ਰਸਤਾ ਦੱਸਿਆ। ਜਿੱਦਾਂ ਨਹੀਂ ਪਤਾ ਸੀ ਕਿੱਧਰ ਚੱਲਿਆ ਹਾਂ, ਓਦਾਂ ਬੇਪਤੇ ਹੀ ਟੁਰ ਪਿਆ ਪਰ ਆਣ ਓਥੇ ਹੀ ਨਿਕਲਿਆ। ਜਾਂ ਦੂਰੋਂ ਡਿੱਠੋ ਸੁ ਤਾਂ ਭੰਨਾਂ ਤੇ ਆਕੇ ਚਰਨਾਂ ਨੂੰ ਚੰਬੜ ਗਿਆ, ਰੋਂਦੇ ਦੀ ਹਿਚਕੀ ਬੱਝ ਗਈ ਤੇ ਸਰੀਰ ਮੁੜ੍ਹਕਾ ਤੇ ਲੂੰ ਕੰਡੇ ਹੋਕੇ ਮਰਦਾਨਾ ਅਮਿੱਤ ਖੁਸ਼ੀ ਨਾਲ ਬੇਸੁਰਤ ਜਿਹਾ ਹੋ ਗਿਆ। ਸਤਿਗੁਰ ਨੇ ਕੰਡ ਤੇ ਹੱਥ ਫੇਰਿਆ, ਪਿਆਰ ਦਿਤਾ ਤੇ ਕੋਲ ਬਿਠਾਕੇ ਸੁੱਖ ਪੁੱਛੀ।

ਮਰਦਾਨਾ-ਮੈਂ ਤਾਂ ਮੁੱਢ ਦਾ ਭੁੱਲਾ ਹੋਇਆ ਹਾਂ, ਆਪ ਦੇ ਦਰ ਦਾ ਸੁਆਲੀ ਹਾਂ, ਕੀ ਪੁੱਛਾਂ ਤੇ ਕੀਹ ਦੱਸਾਂ, ਜੋ ਆਪ ਦੀ ਰਜ਼ਾਇ ਸੀ ਵਰਤਿਆ, ਮੈਨੂੰ ਤਾਂ ਕਾਈ ਸੁਧ ਨਹੀਂ ਰਹੀ, ਦਿਨੇ ਰਾਤ ਵਿਰਾਗ ਵਿਚ ਰਿਹਾ ਹਾਂ। ਕਿਸੇ ਵੇਲੇ ਦਰਸ਼ਨ ਹੁੰਦੇ ਸਨ ਤੇ ਕਿਸੇ ਵੇਲੇ ਬੇਬੇ ਜੀ ਦਲ੍ਹੀਜਾਂ ਵਿਚਾ ਬੈਠੇ ਰਾਹ ਤੱਕਦੇ, 'ਵੀਰ ਵੀਰ' ਕਰਦੇ ਦਿੱਸਦੇ ਸਨ। ਏਸੇ ਤਰ੍ਹਾਂ ਦਿਨ ਬੀਤ ਗਏ, ਅੱਜ ਜੀ ਨੂੰ ਖਿੱਚ ਵੱਜੀ ਤੇ ਸਦਾ ਲਿਆਂ ਨੇ, ਆਪੇ ਮਿਲਾ ਲਿਆ ਨੇ। ਹੇ ਜੋਤਿ ਨਿਰੰਜਨੀ! ਤੇਰੀਆਂ ਤੂੰ ਹੀ ਜਾਣੇਂ। ਮੈਨੂੰ ਦਾਨ ਦੇਹ ਜੋ ਤੇਰੀ ਰਜ਼ਾ ਵਿਚ ਰਹਾਂ, ਭੁੱਲਾਂ ਨਾ, ਜੇ ਭੁੱਲ ਕਰ ਬੀ ਬੈਠਾਂ-ਮੇਰੀ ਮੱਤ ਥੋੜੀ ਹੈ-ਤਾਂ ਤੁਸੀਂ ਮੈਨੂੰ ਸਦਾ ਚੰਗੇ ਲੱਗੋ, ਸਦਾ ਪਿਆਰੇ ਲੱਗੋ, ਬੱਸ ਜੇ ਤ੍ਰੁਠੇ ਹੋ ਤਾਂ ਇਹ ਦਾਨ ਦਿਓ, ਇਹ ਖ਼ੈਰ ਦਰ ਦੇ ਸੁਆਲੀ ਤੇ ਅਪਣੇ ਮੰਗਤੇ ਨੂੰ ਸਦਾ ਪਾਓ, ਪਰ ਸਦਾ ਪਾਓ।

ਇਹ ਆਖਦਿਆਂ ਮਰਦਾਨੇ ਦੇ ਨੈਣ ਭਰ ਭਰ ਆਉਣ ਤੇ ਆਖੇ-ਹੇ ਤਾਰਨਹਾਰ ਦਾਤਾ ! ਮੈਂ ਆਪ ਨੂੰ ਕਈ ਵੇਰ ਮਨੁੱਖ ਸਮਝਕੇ ਲੜ ਭਿੜ ਲੈਂਦਾ ਹਾਂ, ਮੇਰੇ ਔਗੁਣ ਨਾ ਤੱਕੀਂ। ਜੇ ਤੂੰ ਮੈਨੂੰ ਮਿਤ੍ਰ ਬਣਾਕੇ ਤੇ ਆਪ ਮਨੁੱਖ ਬਣਕੇ ਲੜ ਨਾ

ਲਾਉਂਦਾ ਤਾਂ ਮੇਰੇ ਅੰਦਰ ਪਿਆਰ ਕਿੱਥੋਂ ਜਾਗਣਾਂ ਸੀ? ਜੇ ਤੂੰ ਉੱਚਾ ਉੱਚਾ ਰਹਿੰਦਾ ਤਾਂ ਮੈਂ ਮਿਰਾਸੀ ਨੂੰ ਤੂੰ ਕਦ ਪਿਆਰਾ ਲੱਗਣਾ ਸੀ। ਜਿੱਥੇ ਤੇਰਾ ਵਾਸ ਹੈ ਉਹ 'ਸੱਚਾ ਥੇਹ' ਮੇਰੇ ਇਸ ਕਰਮਾਂ ਦੇ ਬੜੇ ਕਰੜੇ ਦੇਸ਼ ਤੋਂ ਐਨੀਂ ਵਿੱਥ ਉਤੇ ਹੈ ਕਿ ਮੈਨੂੰ ਓਸ ਦਾ ਕੀ ਪਤਾ ਲੱਗਣਾ ਸੀ? ਜੇ ਤੂੰ ਆਪ ਆ ਕੇ ਜਗਾਇਆ, ਲੜ ਲਾਇਆ ਤੇ ਲਡਿਆਇਆ ਤਾਂ ਮੇਰੇ ਅੰਦਰ ਬੀ ਪ੍ਰੀਤਿ ਜਾਗੀ। ਪ੍ਰੀਤਿ ਵਿਚ ਮੈਂ ਭੁੱਲਦਾ ਬੀ ਫੇਰ ਹਾਂ, ਬਰਾਬਰੀ ਕਰ ਬੈਠਦਾ ਹਾਂ, ਘਬਰਾ ਕੇ ਸਿਦਕ ਤੋਂ ਡੋਲ ਖਲੋਂਦਾ ਹਾਂ, ਪਰ ਧੰਨ ਤੇਰਾ ਬਿਰਦ ਹੈ ਜੋ ਸਦਾ ਬਖਸ਼ਦਾ ਹੈ। ਹੇ ਉੱਚੇ ਸਤਿਗੁਰ ਨਾਨਕ! ਹੇ ਨੀਵਿਆਂ ਵਿਚ ਆਕੇ ਵੱਸਣ ਵਾਲੇ ਸਤਿਗੁਰ ਨਾਨਕ ! ਹੇ ਨੀਵਿਆਂ ਨੂੰ ਉੱਚਿਆਂ ਕਰ ਲੈਣ ਵਾਲੇ ਸਤਿਗੁਰ ਨਾਨਕ! ਹੇ ਪਜਾਰੇ, ਹੇ ਪਜਾਰੇ, ਹੇ ਪਜਾਰੇ ! ਮੈਂ ਵਾਰੇ, ਮੈਂ ਵਾਰੇ, ਮੈਂ ਵਾਰੇ ! ਜੇ ਤ੍ਰੁੱਠਾ ਹੈਂ ਤਾਂ ਐਨਾਂ ਲੰਮਾਂ ਵਿਛੋੜਾ ਮੈਨੂੰ ਫੇਰ ਕਦੇ ਨਾਂ ਦੇਈਂ ! ਮੇਰੇ ਲੂੰ ਲੂੰ ਵਿਚ ਜੋ ਤੇਰੀ ਖਿੱਚ ਹੈ, ਜੀ ਤੂੰ ਵਿਛੁੜਦਾ ਹੈਂ ਤਾਂ ਖਿੱਚ ਦੀ ਤਣੀ ਕੱਸੀ ਜਾਂਦੀ ਹੈ ਤੇ ਉਹ ਕੱਸ ਮੈਥੋਂ ਝੱਲੀ ਨਹੀਂ ਜਾਂਦੀ। ਆਖ ਨਾ:- 'ਤੂੰ ਮੇਰਾ ਹੈਂ, ਤੂੰ ਮੇਰਾ ਦਾਸ ਹੈਂ, ਮੈਂ ਤੈਨੂੰ ਕਦੇ ਨਾ ਵਿਛੋੜਸਾਂ !' ਹੇ ਨੀਵਿਆਂ ਦੇ ਮਿੱਤਰ, ਹੇ ਨਿਮਾਣਿਆਂ ਦੇ ਯਾਰ, ਹੇ ਨੀਚਾਂ ਦੇ ਸੰਗੀ ਸਾਥੀ ਰਹਿਕੇ ਉੱਪਰ ਚੱਕ ਲਿਜਾਣ ਵਾਲੇ ਉੱਚਿਆ ! ਇਕ ਵਾਰ ਕਹੁ 'ਡੂੰਮਾਂ ਤੂੰ ਮੇਰੀ ਨਜ਼ਰੋਂ ਕਦੇ ਉਹਲੇ ਨਾ ਹੋਸੇਂ।'

ਏਹ ਡਾਢੇ ਪਜਾਰ ਦੇ ਵਾਕ, 'ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੇ ਜਰੀਆ' ਵਾਲੇ ਤਿੱਖੇ ਅਣੀਦਾਰ ਤੀਰ ਵਰਗੇ ਚੁਭਵੇਂ ਵਾਕ ਉਸ ਪ੍ਰੇਮ ਅਵਤਾਰ ਦੇ ਹਿਰਦੇ ਤੇ ਅਸਰ ਕੀਤੇ ਬਿਨਾਂ ਕਿੱਕੂੰ ਲੰਘ ਸਕਦੇ ਸੀ ? ਓਹ ਦੈਵੀ ਨੇਤ੍ਰ ਬੰਦ ਸਨ ਅਰ ਉਹਨਾਂ ਅੰਮ੍ਰਿਤ ਦੇ ਸੋਮਿਆਂ ਵਿਚ ਪਜਾਰ ਦੇ ਹੰਝੂ ਭਰ ਰਹੇ ਸਨ। ਅਡੋਲ ਬੈਠੇ ਸਨ, ਪਰ ਪਜਾਰ ਸਾਰੀਆਂ ਤਰਬਾਂ ਵਿਚ ਝਰਨਾਟ ਛੇੜ ਰਿਹਾ ਸੀ, ਪ੍ਰੇਮ ਦਾ ਸੰਗੀਤ ਹੋ ਰਿਹਾ ਸੀ। ਦਇਆ ਦੇ ਸਿੰਧੂ ਤੇ ਬਿਰਦ ਦੇ ਪਜਾਰੇ ਸਤਿਗੁਰੂ ਨੇ, ਪੈਰਾਂ ਪਰ ਢੱਠੇ ਤੇ ਰੋ ਰੋ ਕੇ ਆਖਦੇ: 'ਇਕ ਵਾਰ ਕਹੋ ਸਤਿਗੁਰ ਜੀ ਕਿ ਮਰਦਾਨਾ ਮੇਰਾ ਦਾਸ ਹੈ', ਮਰਦਾਨੇ ਨੂੰ ਗਲ ਲਾ ਲਿਆ, ਸਿਰ ਤੇ ਹੱਥ ਫੇਰਿਆ ਤੇ ਆਖਿਆ-'ਮਰਦਾਨਿਆਂ ਤੂੰ ਧੰਨ ਹੈਂ ਤੂੰ ਧੰਨ ਹੈਂ !! ਮੰਗ ਜੋ ਹੋਰ ਮੰਗਣਾਂ ਹੈ।'

ਪ੍ਰੇਮੀਆਂ ਦੇ ਪ੍ਰੇਮ, ਤਯਾਗ ਤੇ ਕੁਰਬਾਨੀਆਂ ! ਸਦਕੇ ਤੇ ਘੋਲ ਘੁਮਾਈਆਂ, ਕੈਸੀਆਂ ਅਸਚਰਜ ਹਨ? ਮਰਦਾਨਾਂ ਮੰਗ ਰਿਹਾ ਸੀ ਕਿ ਇਕ ਵਾਰ ਕਹਿ ਦੇਹ 'ਤੂੰ ਮੇਰਾ ਹੈਂ। ' ਜਦ ਪਜਾਰੇ ਨੇ ਕਿਹਾ ਕੁਛ ਮੰਗ ਤਾਂ ਆਪਣੇ ਲਈ ਜੋ ਮੰਗਦਾ ਸੀ ਭੁੱਲ ਗਿਆ, ਉਸ ਪ੍ਰੇਮ ਦੇ ਜਾਦੂ ਭਰੇ ਹੱਥਾਂ ਦੇ ਲਗਦਿਆ ਸਾਰ ਆਪਾ ਤਾਂ ਉਡ ਗਿਆ ਸੀ, ਮਰਦਾਨਾ ਕੀਹਦੇ ਲਈ ਕੁਛ ਮੰਗੇ ? ਦੇਖੋ ਪ੍ਰੇਮ ਦਾ ਆਪਾ ਵਾਰ ਰੰਗ ! ਆਖਦਾ ਹੈ: 'ਹੇ ਤੁੱਠਿਆ ਸਤਿਗੁਰਾ ! ਬੇਬੇ ਬੜਾ ਵਿਰਾਗ ਕਰ ਰਹੀ ਹੈ, ਜਿੰਦਾਂ ਮੈਂ ਥੋੜੇ ਦਿਨ ਵਿਛੁੱੜਕੇ ਵਿਆਕੁਲ ਰਿਹਾ ਹਾਂ, ਉਹ ਪਵਿੱਤ੍ਰ ਬੀਬੀ, ਉਹ ਸੱਚੀ ਪ੍ਰਕਾਸ਼ਮਾਨ ਦੇਵੀ, ਉਹ ਤੇਰੀ ਜੋਤਿ ਦੀ ਸੱਚੀ ਸਿਖ, ਸਿਖੀ ਦੇ ਸੱਚੇ ਸਿਦਕ ਵਿਚ ਰੋ ਰਹੀ ਹੈ, ਦਰਸ਼ਨ ਨੂੰ ਵਿਲਪਦੀ ਹੈ। ਹੇ ਚੰਗਿਆਂ ਤੋਂ ਚੰਗਿਆ! ਤੇ ਉੱਚਿਆਂ ਤੋਂ ਉੱਚਿਆ! ਹੇ ਸਭ ਤੋਂ ਪਿਆਰਿਆ ! ਤੁੱਠਾ ਹੈਂ ਤਾਂ ਬੇਬੇ ਨੂੰ ਦਰਸ਼ਨ ਦੇਹ।' ਇਹ ਆਪਾ ਨਿਵਾਰ ਕੇ ਦੂਏ ਲਈ ਸੁਖ ਮੰਗਣ ਦਾ ਸੱਚਾ ਪ੍ਰੇਮ ਹੈ, ਇਹ ਗੁਰ ਸਿੱਖੀ ਦੀ ਦੈਵੀ ਸਾਂਝ, ਇਹ ਪੂਰਨ ਖੁਸ਼ੀ ਦੀਆਂ ਦਾਤਾਂ ਮਿਲਨ ਦੇ ਵੇਲੇ ਆਪਣੀ ਝੋਲੀ ਮੀਟਕੇ ਸਤਿਸੰਗ ਦੀ ਝੋਲੀ ਦਾਤੇ ਦੇ ਅੱਗੇ ਕਰ ਦੇਣੀ ਕਿ ਮੇਰੇ ਘਰ ਆਈ ਖੈਰ ਐਥੇ ਪੈ ਜਾਵੇ, ਉਹ ਪ੍ਰੇਮ ਦਾ ਪ੍ਰੇਮ ਤੇ ਉੱਚੇ ਦਰਜੇ ਦਾ ਭਾਵ ਸੀ ਕਿ ਸਤਿਗੁਰ ਨਾਨਕ ਨੂੰ ਮਰਦਾਨਾ ਅਤਿ ਮਿੱਠਾ ਲੱਗ ਗਿਆ, ਅਪਨਾਇਆ ਗਿਆ ਤੇ ਵਾਕ ਹੋਇਆ: 'ਮਰਦਾਨਿਆਂ ਤੇਰਾ ਸਰੂਪ ਵਿਚ ਵਾਸ ਹੋਇਆ। ਸਤਿ ਕਰਤਾਰ, ਸਤਿ ਕਰਤਾਰ'। ਪਰ ਲੱਗੀ ਸਮਾਧ ਤੋਂ ਆਤਮ ਰੰਗ ਵਿਚ ਡੁੱਬੇ ਤੇ ਹੁਣ ਉੱਚੇ ਮਹਾਂ ਰਸ ਵਿਚ ਐਸੀ ਨਿਮਗਨਤਾ ਵਿਚ ਗਏ ਮਰਦਾਨੇ ਨੂੰ ਕੁਛ ਪਤਾ ਨਹੀਂ ਰਿਹਾ। ਦ੍ਰਿਸ਼ਟਮਾਨ ਵਿਚ ਮਰਦਾਨਾ ਬਣਕੇ ਬੈਠੇ ਹੋਏ ਨੂੰ ਇਸ ਰੰਗ ਤੋਂ ਬੇਖ਼ਬਰੀ ਹੋ ਗਈ। ਉਸ ਰੂਪ ਵਿਚ ਜਾ ਰੰਗ ਖੁੱਲ੍ਹਾ ਕਿ ਪ੍ਰੇਮ ਤੇ ਰਸ ਵਿਚ ਰਸ ਰੂਪ ਰਸੀਆ

ਵਾਹਿਗੁਰੂ ਜਾਣੇ ਕੀ ਹੋ ਗਿਆ, ਪਰ ਜਦ ਉਸ ਰਸ ਤੇ ਰੰਗ ਤੇ ਬੇਖ਼ੁਦੀ ਦੀ ਮੌਜ ਵਿਚੋਂ-ਜੋ ਦੇਸ਼ ਕਾਲ ਤੋਂ ਪਰੇ ਵੱਸਦੀ ਹੈ,-ਪਰਤਿਆ ਤਾਂ ਪਹਿਲਾ ਵਾਕ ਇਹੋ ਸੀ ਕਿ ਉਸ ਸਤਿਸੰਗ ਵਿਚ ਰੱਤੀ, ਸੱਚੇ ਸਿਦਕ ਵਾਲੀ ਬੇਬੇ ਜੀ ਨੂੰ ਦਰਸ਼ਨ ਦਿਓ, ਤਾਂ ਮਰਦਾਨੇ ਦੇ ਕੰਨਾਂ ਨੇ ਅਵਾਜ਼ ਸੁਣੀ, 'ਸਤਿ ਕਰਤਾਰ, ਨਿਰੰਕਾਰ ਭਲੀ ਕਰੇਗਾ।'

ਰਾਤ ਅੱਧੀ ਹੋ ਗਈ ਸੀ, ਅਕਾਸ਼ ਵਿਚ ਤਾਰੇ ਡਲ੍ਹਕਾਂ ਮਾਰ ਰਹੇ ਸਨ, ਮਾਨੋਂ ਉਸ ਨੀਲੇ ਫਰਸ਼ ਤੇ ਸਤਿਸੰਗੀਆਂ ਦਾ ਸਾਮਾਨ ਜੁੜਿਆ ਬੈਠਾ ਨਜ਼ਰਾਂ ਚੱਕ ਚੱਕਕੇ ਤੱਕ ਰਿਹਾ ਹੈ ਤੇ ਅਰਜ਼ੋਈਆਂ ਕਰ ਰਿਹਾ ਹੈ ਕਿ ਹੇ ਗੁਰੂ ਰੂਪ ਚੰਦ ! ਆ ਆਪਣਾ ਉੱਚਾ, ਵਡੇਰਾ ਤੇ ਫੇਰ ਅਸਾਂ ਨਿਮਾਣਿਆਂ ਦੇ ਨਾਲ ਮਿਲ ਬੈਠਣ ਦੇ ਪਯਾਰ ਵਾਲਾ ਨਾਲੇ ਠੰਢਾ ਤੇ ਨਾਲੇ ਸੁਹਣਾ ਚਾਨਣਾ ਲਿਆ, ਪ੍ਰਕਾਸ਼ ਕਰ ਜੋ ਤੇਰੇ ਪ੍ਰਕਾਸ਼ ਵਿਚ ਰਲਕੇ ਨਾਮ ਮਹਾਂ ਰਸ ਪੀਵੀਏ। ਇਸ ਵੇਲੇ ਸਤਿਗੁਰ ਨੇ ਇਕ ਲੰਮਾ, ਠੰਢਾ, ਪਰ ਡਾਢੇ ਸ਼ਾਂਤਿ ਰਸ ਨਾਲ ਭਰੇ ਸੁਆਦ ਵਾਲਾ ਸਾਹ ਲੀਤਾ ਤੇ ਆਖਿਆ:-

ਪ੍ਰੇਮ ਜੀਵਨ ਹੈ,
ਪ੍ਰੇਮ-ਹੀਨਤਾ ਮੌਤ ਹੈ।

ਮਰਦਾਨਿਆਂ ਸੁਣ-

ਤਾਂ ਮਰਦਾਨੇ ਕੰਨ ਲਾਏ, ਪੌਣ ਵਿਚ ਬਿਰਹੋਂ ਦਾ ਰੰਗ ਛਾ ਰਿਹਾ ਸੀ। ਐਸ ਤਰ੍ਹਾਂ ਮੱਧਮ ਮੱਧਮ ਚਲਦੀ ਰੁਕਦੀ ਤੇ ਫੇਰ ਚਲਦੀ ਸੀ, ਮਾਨੋਂ ਕਿਸੇ ਗੁਰਮੁਖ, ਗੁਰੂ ਸੁਆਰੇ ਦੇ ਰਸਤੇ ਅਗੁਵਾਨੀ ਲਈ ਜਾਂਦੀ ਹੈ, ਫੇਰ ਅਤਕ ਕੇ ਤੱਕਦੀ ਹੈ, ਕੁਛ ਸੁਣਦੀ ਹੈ ਕਿ ਪੈਰਾ ਦੀ ਆਹਟ ਆਉਂਦੀ ਹੈ ਕਿ ਨਹੀਂ, ਫੇਰ ਪਰਤ ਪੈਂਦੀ ਹੈ ਤੇ ਬਿਸ੍ਰਾਮ ਕਰਦੀ ਹੈ, ਪਰ ਅੰਦਰਲੀ ਤਾਂਘ ਟਿਕਣ ਨਹੀਂ ਦੇਂਦੀ, ਫੇਰ ਉਡੀਕਾਂ ਦੇ ਰਸਤੇ ਰੁਮਕ ਪੈਂਦੀ ਹੈ। ਮਰਦਾਨੇ ਨੇ ਚੰਗੀ ਤਰ੍ਹਾਂ ਕੰਨ ਲਾਏ, ਪਰ ਸਿਵਾ ਏਸ ਭਾਵ ਦੇ ਕੁਝ ਨਾ ਸਮਝਿਆ, ਤਾਰੇ ਤੱਕੇ ਤਾਂ ਚੰਦ ਦੀ ਉਡੀਕ ਵਿਚ ਲੱਗੇ ਹੋਏ ਦਿੱਸੇ। ਤਾਂ ਸਤਿਗੁਰ ਨੇ ਮਲਕੜੇ ਜਿਹੇ ਪੁੱਛਿਆ: 'ਸੱਜਣਾਂ ! ਸੁਣਿਆ ਹਈ?' ਤਾਂ ਮਰਦਾਨੇ ਕਿਹਾ:-'ਹੇ ਸਤਿਗੁਰ! ਉਡੀਕਾਂ ਤੇ ਤਾਂਘਾਂ ਦਾ ਪ੍ਰਭਾਉ ਦਿੱਸਦਾ ਹੈ।'

ਸਤਿਗੁਰੂ ਜੀ-ਮਰਦਾਨਿਆਂ ! ਜਿਸ ਪਵਿਤ੍ਰ ਆਤਮਾਂ ਦੀ ਸਫਾਰਸ਼ ਕੀਤੀ ਹਈ ਓਸਦੀ ਸੱਦ ਸੁਣ।

ਜਾਂ ਮਰਦਾਨੇ ਕੰਨ ਲਾਏ ਤਾਂ ਕੋਈ ਅਵਾਜ਼ ਨਾ ਸੁਣੀ। ਹੁਣ ਸਤਿਗੁਰ ਨੇ ਪਯਾਰੇ ਸਿਖ ਦੇ ਸਿਰ ਤੇ ਹੱਥ ਧਰਿਆ ਤੇ ਆਖਿਆ; 'ਮਿੱਤ੍ਰਾ ! ਸਮਾਂ ਤੇ ਵਿੱਥ[1] ਆਤਮਾ ਲਈ ਕੋਈ ਰੋਕ ਨਹੀਂ ਹਨ। ਸੁਣ !' ਜਾਂ ਮਰਦਾਨੇ ਕੰਨ ਲਾਏ, ਤਾਂ ਉਸ ਦੇ ਅੰਦਰ ਜੋ ਰਸ ਛਾਯਾ ਹੋਇਆ ਸੀ, ਉਸ ਵਿਚ ਥਰਰਾਟ ਮੱਧਮ ਤੇ ਸੁਖ ਭਰਵੇਂ ਹਿਲਾਉ ਵਾਲੀ ਛਿੜ ਪਈ, ਫੇਰ ਤਾਂ ਡਾਢਾ ਕੋਮਲ ਉਤਮ ਤੇ ਰਸ ਭਰਿਆ ਸੰਗੀਤ ਸੁਣਾਈ ਦੇਣ ਲਗਾ, ਅਰ ਉਸ ਵਾਹਿਗੁਰੂ ਨੂੰ ਹਿਰਦੇ ਵਿਚ ਵਸਾਉਣ ਤੇ ਸਦਾ ਸਿਮਰਨ ਵਿਚ ਲੱਗੀ ਰਹਿਣ ਵਾਲੀ ਬੇਬੇ ਦੀ ਦੈਵੀ ਅਵਾਜ਼ ਪਛਾਣੀ। ਚਿੱਟੇ ਸੁਫੈਦ ਬਸਤ੍ਰ ਹਨ, ਸੰਖ ਮਰਮਰ ਵਰਗੀ ਸ਼ਿਲਾ ਤੇ ਬੈਠੀ ਹੈ, ਅੱਗੇ ਇਕ ਸ੍ਵਛ ਸੋਰਵਰ ਹੈ, ਨੇਤ੍ਰ ਬੰਦ ਹਨ, ਤ੍ਰੁੱਪ ਤ੍ਰੁੱਪ ਹੰਝੂ ਕਿਰਦੇ ਹਨ ਤੇ ਉਸ ਸਰੋਵਰ ਵਿਚ ਚਮਕਾਰਾ ਮਾਰਕੇ ਜਾ ਰਲਦੇ ਹਨ। ਲੂੰ ਲੂੰ ਵਿਚ ਤਾਂਘ ਹੈ ਤੇ ਕਿਸੇ ਸਰੋਦੇ ਦੀ ਗ਼ਮਕਾਰ ਵਾਂਙੂ ਸਰੀਰ ਵਿਚੋਂ ਸੰਗੀਤੀ ਹੋ ਰਿਹਾ ਹੈ, ਜਿਸ ਦੀ ਖਿੱਚ ਤੇ ਧੂਹ, ਸ਼ਾਂਤਿ ਪਯਾਰ ਤੇ ਵੈਰਾਗ ਨਾਲ ਭਰੀ ਪਈ ਹੈ। ਮਰਦਾਨੇ ਨੇ ਸੁਣਿਆਂ, ਆਤਮ ਸੁਖ ਦਾ ਲਹਿਰਾ ਤ੍ਰਿੱਖਾ ਹੋ ਗਿਆ, ਸੰਗਤੀ ਨੂੰ ਸਮਝਦਾ ਹੈ, ਅਰ ਛਮਾਂਛਮ ਹੰਝੂਆਂ ਦੀ ਛਹਿਬਰ ਲਾਉਂਦਾ ਹੈ, ਜੋ ਕੁਛ ਭਾਵ ਉਸ ਪਰ ਵੈਰਾਗ ਤੇ ਦੈਵੀ ਪ੍ਰੇਮਾਭਗਤੀ ਦਾ ਛਾਉਂਦਾ ਹੈ ਸੋ ਕਹਿਣਾ ਕਠਨ ਹੈ। ਪਰ ਕੁਛ ਸਮਝ ਗੋਚਰਾ ਕਰਨਾ ਹੋਵੇ ਤਾਂ ਐਦਾਂ ਦੇ ਭਾਵਾਂ ਵਾਲਾ ਸਮਝ ਪੈਂਦਾ ਹੈ ਜੋ ਇਸ ਗੀਤ ਵਿਚ ਅੰਕਿਤ ਹਨ:-

ਹੈ ਦੇਰ ਹੋਈ, ਵੀਰ ਜੀ! ਵਾਗਾਂ ਤੁਸਾਂ
ਨ ਮੋੜੀਆਂ, ਨਾ ਸੁਖ ਸੁਨੇਹਾ ਘੱਲਿਆ,
ਕੀ ਮੋਹ ਤਣਾਵਾਂ ਤੋੜੀਆਂ ? ਨਾ ਸੁਪ-
ਨਿਆਂ ਵਿਚ ਦਰਸ ਹੋਏ, ਧਯਾਨ ਬੀ ਹੈ
ਹਾਰਿਆ, ਏ ਭੈਣ ਵਾਰੀ, ਵੀਰ ਅਰਸ਼ੀ !
ਕਿਉਂ ਅਸਾਂ ਵੀਸਾਰਿਆਂ ? ਹੇ ਰੂਪ

---

[1] ਕਾਲ ਤੇ ਦੇਸ਼।

ਆਤਮ ਵੀਰ ਜੀ ! ਹੈ ਅਸਾਂ ਸਾਕ ਪਛਾ-ਣਿਆਂ, ਪਰ ਤੁਸੀਂ ਦਾਯਾ ਰੂਪ ਹੋ, ਔਗੁਣ ਕਦੀ ਨਾ ਛਾਣਿਆਂ। ਹਾਂ, ਬੰਨ੍ਹ ਦਾਵੇ ਸਾਕਗੀਰੀ ਮਾਣ ਕਰਦੇ ਆਪ ਤੇ, ਨਾ ਜਾਣਦੇ ਹਾਂ ਰੂਪ ਰੱਬੀ ਆਪਣਾ ਕਰ ਥਾਪਦੇ। ਹੋ ਵਾਂਙ ਸੂਰਜ ਜਗਤ-ਸਾਂਝੇ ਤਾਰਦੇ ਸੰਸਾਰ ਨੂੰ, ਮੈਂ ਕਵਲ ਵਾਂਗੂੰ ਸ੍ਵਾਰਥੀ ਹਾਂ ਜਾਣਦੀ ਨਾ ਸਾਰ ਨੂੰ। ਬਖਸ਼ਿੰਦ ਹੋ, ਹੇ ਸਤਿਗੁਰੂ! ਬਖਸ਼ੋ ਜੁ ਭੁੱਲਾਂ ਸਾਡੀਆਂ, ਮੋੜੋ ਮੁਹਾਣਾ ਸਤਿਗੁਰੂ ਤਾਂਘਾਂ ਹੁਈਆਂ ਹੁਣ ਡਾਢੀਆਂ। ਮੈਂ ਨੈਣ ਭਰ ਭਰ ਆਂਵਦੇ, ਡੁੱਲ੍ਹ ਜਾਂਵਦੇ ਫਿਰ ਭਰ-ਦਿਆਂ, ਫਿਰ ਡੁੱਲ੍ਹਦੇ ਫਿਰ ਰੋਕਦੀ, ਜਾਂਦੇ ਜਰੇ ਨਾ ਜਰਦਿਆਂ। ਜਦ ਸੱਦ ਸੁਹਣੀ ਹੋਂਵਦੀ, ਮੈਂ ਬਾਹਰ ਭੰਨੀ ਜਾਂਵਦੀ, ਮੈਂ ਵਿਚ, ਦਲ੍ਹੀਜੇ ਥਿੜਕਦੀ, ਮੁੜ ਹੋ ਨਿਰਾਸੀ ਆਂਵਦੀ। ਜੋ ਵਾਜ ਮਿੱਠੀ ਆਂਵਦੀ, ਮੈਂ ਵੀਰ ਜਾਣਾਂ ਆ ਗਿਆ, ਜਾਂ ਸਾਰ ਕੋਈ ਗੁਰੂ ਪਜਾਰਾ ਲੈ ਦੁਆਰੇ ਆ ਰਿਹਾ। ਹੇ ਵੀਰ ਸੋਚੋ ਹਾਲ ਨੂੰ ਜਦ ਮੈਂ ਨਿਰਾਸੀ ਹੋਂਵਦੀ, ਦਿਲ ਧੜਕਦਾ, ਮਨ ਟੁੱਟਦਾ, ਮੈਂ ਬੈਠ ਛਮਛਮ ਰੋਂਵਦੀ। ਜਾਂ ਰੈਣ ਭਿੰਨੀ ਤ੍ਰੇਲ ਦੀ ਲੈ ਤਾਰਿਆਂ ਛਬਿ ਛਾਉਂਦੀ, ਹੈ ਵਾਉ ਨਿੱਕੀ ਰੁਮਕਦੀ ਏਕਾਂਤਾ ਪਜਾਰੀ ਆਉਂਦੀ। ਮੈਂ ਦੇਖਦੀ ਆਕਾਸ਼ ਤੋਂ ਛਹਿਬਰ ਇਲਾਹੀ ਆ ਰਹੀ, ਪਰ ਇਲਾਹੀ ਗਾਵਣਹਾਰੇ ਵੀਰ ਬਿਨ ਘਬਰਾ ਰਹੀ, ਤਦ ਹੋ ਨਿਰਾਸੀ ਕੂਕਦੀ: ਹੇ ਵੀਰ ਜੀ ! ਮੈਂ ਵਿਲਪਦੀ। ਹਾਂ ਅਤਿ ਵਜਾਕੁਲ ਲੁੱਛਦੀ ਤੇ ਹੋ ਵਿਰਾ-ਗਨ ਤੜਫਦੀ। ਜੇ ਵੀਰ ਜੀ ! ਏ ਪਤਾ ਹੋਵੇ ਕਿਸ ਵਿਲਾਇਤ ਹੋ ਗਏ ? ਤਾਂ ਭੇਜ ਦੇਵਾਂ ਦਾਸ ਕੋਈ ਹਾਲ ਮੇਰਾ ਜਾ ਕਹੇ। ਕਦ ਦੇਹੁੰ ਆਵੇ ਭਾਗ ਭਰਿਆ ਵਾਜ ਕੰਨੀ ਏ ਪਏ-'ਬੇਬੇ' ਕਹੇ ਓ ਚੰਦ੍ਰ-ਮੁਖ, ਬੇਬੇ ਸਦੱਕੜੀ ਹੋ ਜਏ। ਹੋ ਜਾਉਂ ਵਾਰੀ ਓਸ ਵੇਲੇ ਘੋਲ ਘੱਤਾਂ ਆਪ ਨੂੰ, ਮੈਂ ਵਾਰ ਸੱਟਾਂ ਵੀਰ ਉਤੋਂ, ਵਰਤ, ਹਠ, ਤਪ, ਜਾਪ ਨੂੰ ! ਮੈਂ ਮਾਣ ਛੱਟਾਂ ਸਾਕ ਦਾ, ਹੇ ਗੁਰੂ ! ਜਾਣੋ ਸਿੱਖ ਹਾਂ, ਹਾਂ ਸਿੱਖ ਭੁੱਲਣਹਾਰ ਭਾਰੀ ਮੰਗਦੀ ਏ ਭਿੱਖ ਹਾਂ:- ਹੇ ਗੁਰੂ ਪੂਰਨ ! ਖ਼ੈਰ ਪਾਵੋ, ਖ਼ੈਰ ਪਾਵੋ ਦਰਸ ਦੀ, ਏ ਹੋ ਨਿਮਾਣੀਂ ਦ੍ਵਾਰ ਢੱਠੀ ਦਰਸ ਤਾਈਂ ਤਰਸਦੀ। ਹੋ ਦੂਰ ਬੈਠੇ ਸਤਿਗੁਰੂ ! ਪਰ ਜੀ ਦੀ ਜਾਣਨਹਾਰ ਹੋ, ਜੀਅਦਾਨ ਦੇਵੋ ਜੀਵ ਤਾਈਂ ਬਿਰਦ ਪਾਲਣਹਾਰ ਹੋ।

ਮਰਦਾਨਾ ਪਿਆਰੇ ਸਤਿਗੁਰੂ ਜੀ ਨੂੰ ਡਾਢੇ ਵਿਛੋੜੇ ਮਗਰੋਂ ਮਿਲਿਆ ਸੀ। ਇਸ ਮਿਲਾਪ ਦਾ ਉਹ ਰਸ ਨਿਕਲਿਆ ਕਿ ਸਰੀਰ ਵਿਚ ਵਸਦੀ ਗੁਰੂ ਜੋਤਿ ਦੀ ਮਿਹਰ ਦਾ ਅਨੰਦ ਆ ਗਿਆ। ਉਸ ਵੇਲੇ ਸਤਿਗੁਰ ਨੇ ਉਸ ਨੂੰ ਉਸ ਦਸ਼ਾ ਵਿਚ ਪੁਚਾਇਆ ਕਿ ਕੋਹਾਂ ਤੇ ਬੈਠਿਆ ਸਚੇ ਭਗਤਾਂ ਦੀ ਭਗਤੀ ਦਾ ਭਾਵ ਅਨੁਭਵ ਕਰਾ ਦਿੱਤਾ। ਇਹ ਰੰਗ ਰਸ ਤੇ ਮੌਜ ਭਰੇ ਹੁਲਾਰੇ ਕੀਹ ਥਹੁ ਲੱਗਣ ਦੇਂਦੇ ਹਨ ਕਿ ਸਮਾ ਕੀ ਸ਼ੈ ਹੈ? ਸਮਾਂ ਕੋਈ ਪਰਦਾ ਨਹੀਂ, ਵਿੱਥ ਕੋਈ ਦੂਰੀ ਨਹੀਂ। ਜਿਨ੍ਹਾਂ ਪਿਆਰਿਆਂ ਨੇ ਅੰਤਰ ਆਤਮੇ ਜੋਤਿ ਜਗਾਈ ਹੈ ਓਹ ਕਿਸੇ ਹੋਰ ਲੋਕ ਵਿਚ ਮਾਨੋ ਵਰਤਦੇ ਹਨ ਤੇ ਫੇਰ ਕਾਦਰ ਦੀ ਕੁਦਰਤ ਦਾ ਗੋਬਿੰਦ ਰੂਪ ਗੁਰੂ ਨਾਨਕ ਜਦ ਖਿਡਾ ਰਿਹਾ ਹੋਵੇ। ਧੰਨ ਜਨਮੋ ਮਰਦਾਨੇ ਨੂੰ ਕੀ ਪਰਵਾਹ ਹੈ ਕਿ ਮੇਰਾ ਉੱਚਾ ਹੋ ਗਿਆ ਦੇਖਣਹਾਰ ਆਪਾ ਹੁਣ ਵੀ ਸਮੇਂ ਤੇ ਵਿੱਥ ਦੀ ਮੁਥਾਜੀ ਵਿਚ ਹੈ। ਮਰਦਾਨੇ ਦੇ ਖਿਆਲ ਵਿਚ ਰਾਤ ਲੰਘ ਚੁਕੀ ਹੈ, ਸਵੇਰ ਦੇ ਪੰਛੀ ਚਹਕ ਰਹੇ ਹਨ, ਸੂਰਜ ਦੀ ਲਾਲੀ ਪੂਰਬ ਰੁਖ਼ ਛਾ ਰਹੀ ਹੈ।

ਉਹ ਟਿੱਲਾ ਹੈ ਨਹੀਂ, ਵੇਈਂ ਦਾ ਕਿਨਾਰਾ ਹੈ, ਸੁਲਤਾਨ ਪੁਰੇ ਦੀ ਜੂਹ ਹੈ, ਬੇਬੇ-ਵਾਹਿਗੁਰੂ ਸੁਆਰੀ, ਸਤਿਗੁਰ ਦੀ ਤਾਰੀ, ਪਵਿੱਤ੍ਰਤਾ ਨੂੰ ਪਵਿੱਤ੍ਰ ਕਰਨਹਾਰੀ ਬੇਬੇ-ਦਾ ਪਿੰਡ ਹੈ।

ਕੌਤਕਹਾਰ ਬ੍ਰਹਮੰਡ ਦੀ ਕਲਾ ਦੇ ਭੇਤਾਂ ਦੇ ਜਾਣੂੰ ਤੇ ਖੇਲਾਰੀ ਕੌਤਕਹਾਰ ਨੇ ਕੀਹ ਕਰ ਦਿੱਤਾ ? 'ਧੰਨ ਸਤਿਗੁਰ ਨਾਨਕ' ਕਹਿੰਦਾ ਮਰਦਾਨਾ

ਉਠਿਆ ਤਾਂ ਸਤਿਗੁਰ ਨੇ ਕਿਹਾ : 'ਮਰਦਾਨਿਆਂ ! ਅਜ ਐਸਾ ਪ੍ਰੇਮ ਵਿਚ ਮੱਤਾ ਕਿ ਵਾਰ ਹੀ ਭੁੱਲ ਗਈ।

ਮਰਦਾਨਾ-ਹੇ ਜੋਤਿ ਨਿਰੰਜਨੀ ! ਮੈਂ ਮੂਰਖ ਕੀ ਜਾਣਾ ਤੇਰੇ ਚੋਜ, ਹੇ ਮੇਰੇ ਚੋਜੀ ਸਤਿਗੁਰ ! ਤੂੰਹੋਂ ਜਾਣਦਾ ਹੈਂ, ਮੈਂ ਕੀ ਜਾਣਦਾ ਸਾਂ ਜੋ ਅਜ ਬੇਬੇ ਜੀ ਕੋਲ ਪਹੁੰਚ ਸਕਦੇ ਹਾਂ? ਆਪ ਦਾ ਇਸ ਵੇਲੇ ਪਹੁੰਚਣਾ ਬੇਬੇ ਨੂੰ ਬਹੁਤ ਹੀ ਪ੍ਰਸੰਨ ਕਰੇਗਾ?

ਸਤਿਗੁਰ ਜੀ ਸੁਣਕੇ ਮੁਸਕਰਾਏ ਤੇ ਫੇਰ ਵਾਹਿਗੁਰੂ ਦੇ ਨਾਮ ਅਰ ਰਸ ਵਿਚ ਰਤੀ ਭੈਣ ਦੇ ਘਰ ਆਏ, ਅਤੇ ਦਲ੍ਹੀਜਾਂ ਤੋਂ ਪਰੇ ਹੀ ਸਨ ਕਿ ਦਾਸੀ ਨੇ ਭੱਜਕੇ ਅੰਦਰ ਜਾ ਸੁਨੇਹਾ ਦਿਤਾ।

ਬੇਬੇ, ਜੋ ਵੀਰ ਵਿਚ ਪੂਰੇ ਸਤਿਗੁਰੂ ਤੇ ਆਪਣੇ ਸੱਚੇ ਸਤਿਗੁਰੂ ਦਾ ਪੂਰਨ ਭਗਤੀ ਭਾਵ ਰੱਖਦੀ ਸੀ, ਨਿਮਾਣੇ ਸਿਖ ਵਾਂਙੂ ਇਕ ਪੈਰ ਤੇ ਬਾਹਰ ਆਈ, ਡੇਉਢੀ ਵਿਚ ਹੀ (ਵੀਰ) ਸੱਚੇ ਸਤਿਗੁਰੂ ਦੇ ਚਰਨਾਂ ਤੇ ਢੈ ਪਈ। ਪਰ ਉਸ ਜੋਤਿ ਨਿਰੰਜਨੀ ਨੇ ਭੈਣ ਦਾ ਸਿਰ ਹੱਥਾ ਤੇ ਸੰਭਾਲਿਆ ਤੇ ਆਖਿਆ 'ਵੱਡੀ ਭੈਣ ! ਕਰਤਾਰ ! ਕਰਤਾਰ !' ਭੈਣ ਦੇ ਨੇਤ੍ਰ ਹੁਣ ਛਮਾਂਛਮ ਕਿਰ ਰਹੇ ਸਨ, ਵੀਰ ਦਾ ਆਦਰ ਬੀ ਭੁੱਲ ਰਹੀ ਹੈ, ਸਿਰ ਵੀਰ ਦੇ ਹੱਥਾਂ ਤੇ ਹੈ, ਛਮਾਂਛਮ ਛਹਿਬਰ ਲਗ ਰਹੀ ਹੈ, ਸਤਿਗੁਰੂ ਜੀ 'ਕਰਤਾਰ ਕਰਤਾਰ' ਕਰ ਰਹੇ ਹਨ ਅਰ ਆਪਣੇ ਆਤਮ ਤ੍ਰੰਗਾਂ ਦੇ ਵੇਗ ਨੂੰ ਤ੍ਰਿਖਾ ਕਰਕੇ ਬੇਬੇ ਜੀ ਦੀ ਆਤਮਾਂ ਨੂੰ ਵਾਹਿਗੁਰੂ ਜੀ ਦੀ ਚਰਨ ਸ਼ਰਨ ਵਿਚ ਸਮਾ ਰਹੇ ਹਨ। ਇਸੇ ਤਰ੍ਹਾਂ ਅੰਦਰ ਗਏ। ਆਪ ਬੈਠ ਗਏ, ਬੇਬੇ ਕੋਲ ਬੈਠ ਗਈ। ਵਾਹਿਗੁਰੂ ਦੇ ਅੰਮ੍ਰਿਤ ਨਾਮ ਦਾ ਰਿਦੇ ਵਿਚ ਸਮਾ ਕੇ ਸੁਚੀ ਸੁਗੰਧਿ ਦਾ ਮਹਿਕਾਉ ਸਤਿਗੁਰੂ ਨੇ ਬੇਬੇ ਦੇ ਘਰ ਵਿਚ ਦੇਖਿਆ। ਚਾਰ ਚੁਫੇਰੇ ਨਾਮ ਰੰਗ ਦਾ ਪ੍ਰਵਾਹ ਛਾ ਰਿਹਾ ਸੀ, ਬੇਬੇ ਦੀ ਕਰਨੀ ਤੇ ਅਤਿ ਪ੍ਰਸੰਨ ਹੋਕੇ ਤੁੱਠੇ ਤੇ ਬੋਲੇ:-

ਹੇ ਨਿਰੰਕਾਰ ਦੀ ਸੁਆਰੀ ਬੇਬੇ ! ਤੇਰੀ ਮੁਸ਼ੱਕਤ ਥਾਂ ਪਈ, ਤੇਰੀ ਘਾਲ ਥਾਂ ਪਈ, ਤੂੰ ਵਾਹਿਗੁਰੂ ਦੇ ਦੇਸ਼ ਜਾਂ ਵੱਸੀ, ਹੇ ਬੇਬੇ ! ਅਸਾਂ ਨਿਰੰਕਾਰ ਦੇ ਅਜੇ ਕਾਰਜ ਕਰਨੇ ਹਨ ਤੁਸਾਂ ਯਾਦ ਵਿਚ ਰਹਿਣਾ, ਸਿਮਰਨ ਸਭ ਤੋਂ ਉੱਚੀ ਦਾਤ ਹੈ। ਪ੍ਰੇਮ ਦਾ ਇਹ ਪ੍ਰਕਾਸ਼ ਹੈ, ਇਹ ਪ੍ਰਕਾਸ਼ ਪ੍ਰੇਮ ਵਿਚ ਲੈ ਹੋ ਜਾਂਦਾ ਹੈ, ਪ੍ਰੇਮ ਆਪ ਨਿਰੰਕਾਰ ਹੈ।

ਏਨੇ ਨੂੰ ਭਾਈਆ ਜੈਰਾਮ ਦਾਸ ਆ ਗਿਆ, ਡਾਢੇ ਪਜਾਰ ਨਾਲ ਚਰਨੀਂ ਢੱਠਾ ਤਾਂ ਸਤਿਗੁਰੂ ਜੀ ਨੇ ਸਿਰ ਸੰਭਾਲ ਕੇ ਗਲ ਲਾਇਆ ਤੇ ਆਖਿਆ: 'ਕਰਤਾਰ ਪੂਰੀ ਪਾਏ, ਕਰਤਾਰ ਲਿਵ ਲਾਏ, ਤੋੜ ਨਿਭਾਏ'।

ਪਲੋ ਪਲੀ ਵਿਚ ਖਬਰ ਧੁੰਮ ਗਈ, ਜੋ ਸਿਖ ਸਤਿਗੁਰ ਦੇ ਪਿਆਰੇ ਨੇੜੇ ਨੇੜੇ ਸਨ ਆ ਜੁੜੇ। ਬੇਬੇ ਚਾਉ ਮਲ੍ਹਾਰਾਂ ਵਿਚ ਸੀ, ਪਰ ਸੱਚੇ ਸਤਿਗੁਰ ਨੇ ਅਖੰਡ ਕੀਰਤਨ ਦਾ ਇੱਕੋ ਚਾਉ ਪਸੰਦ ਕੀਤਾ। ਸਤਿਗੁਰ ਤਾਂ ਤੁਰਨ ਨੂੰ ਤਾਂਘਦੇ ਸਨ, ਪਰ ਪ੍ਰੇਮੀਆਂ ਦੇ ਪ੍ਰੇਮ ਕਰਕੇ ਇਕ ਰਾਤ ਰਹੇ। ਸੋ ਬੇਬੇ ਦੇ ਘਰ ਸਤਿਸੰਗੀਆਂ ਦਾ ਭਰਕੇ ਮੇਲਾ ਹੋ ਗਿਆ। ਅਖੰਡ ਕੀਰਤਨ ਐਸਾ ਲਗਾ ਕਿ ਸਾਰੀ ਰਾਤ ਇਸੇ ਰੰਗ ਵਿਚ ਲੰਘ ਗਈ। ਮਰਦਾਨੇ ਦੇ ਰਬਾਬ, ਸਤਿਗੁਰ ਦੀ ਬਾਣੀ ਤੇ ਪ੍ਰੇਮੀਆਂ ਦੇ ਕੀਰਤਨ ਦਾ ਐਸਾ ਠੱਟ ਬੱਝਾ ਕਿ ਜੋ ਵੀ ਤੱਕਣ ਆ ਗਿਆ ਸਿਖ ਹੋਕੇ ਘਰ ਮੁੜਿਆ। ਇਕ ਦਿਨ ਇਕ ਰਾਤ ਬੇਬੇ ਦੇ ਘਰ ਇਸ ਤਰ੍ਹਾਂ ਰਹਿੰਦਿਆਂ ਜਾਪੇ। ਹੁਣ ਮਰਦਾਨੇ ਨੇ ਨੈਣ ਖੁਹਲੇ ਤਾਂ ਕੀਹ ਦੇਖਦਾ ਹੈ ਕਿ ਓਸੇ ਟਿੱਲੇ ਉਤੇ ਬੈਠੇ ਹਾਂ ਤੇ ਠੰਢੀ ਠੰਢੀ ਪੌਣ ਰੁਮਕ ਰਹੀ ਹੈ ਤੇ ਪਹੁ ਦਾ ਚਾਨਣਾ ਚਿੱਟਾ ਚਿੱਟਾ ਫੈਲ ਰਿਹਾ ਹੈ।

ਸੂਚਨਾ-ਰੁਹੇਲ ਖੰਡ ਤੋਂ ਮੁਹਾੜਾਂ ਮੁੜਕੇ ਪਤਾ ਨਹੀਂ ਕਿਨ੍ਹੀ ਰਾਹੀਂ ਪਏ ਤੇ ਕੀਹ ਕੀਹ ਉਪਕਾਰ ਕੀਤੇ, ਅੰਤ ਨੂੰ ਸਨੇ ਸਨੇ ਦੇਸ਼ ਨੂੰ ਮੁੜੇ। ਅੱਗੇ ਜਿਵੇਂ ਪਰਿਵਾਰ ਤੇ ਪਿਆਰਿਆਂ ਨੂੰ ਵਿਛੋੜਾ ਬਿਹਬਲ ਕਰ ਰਿਹਾ ਸੀ ਤੇ ਤਾਂਘਾ ਪੈ ਰਹੀਆਂ ਸਨ ਸੋ ਅਗਲੇ ਪ੍ਰਸੰਗ ਵਿਚ ਹੈ।

# ੪੧. ਦੇਸ਼ ਆਗਮ[1] ।

੧. ਗੁਰਸਿਖ

**ਅੱਸੂ** ਆਪਣੇ ਅੰਤ ਤੇ ਹੈ, ਪੰਜਾਬ ਦੇ ਦਰਿਯਾ ਲਹਿ ਗਏ ਹਨ, ਓਹ ਬਰਸਾਤ ਦੀਆਂ ਉਮਡਦੀਆਂ ਕਾਂਗਾਂ, ਜੋ ਮੀਲਾਂ ਤਕ ਉਛਾਲੈ ਲੈਂਦੀਆਂ ਸਨ, ਆਪਣੇ ਆਪ ਨੂੰ ਸਮਾਪਤ ਕਰ ਚੁਕੀਆਂ ਹਨ। ਜਿੱਥੇ ਨੇਜ਼ੇ ਨੇਜ਼ੇ ਪਾਣੀ ਚੜ੍ਹਿਆ ਸੀ ਉਥੇ ਮਾੜੀ ਮਾੜੀ ਗਿੱਲ ਤੇ ਸੇਬਾ ਹੈ, ਪਿਲਛੀਆਂ, ਕਾਹਾਂ ਤੇ ਕਾਨਿਆਂ ਦੇ ਜੰਗਲਾਂ ਦੇ ਜੰਗਲ ਉੱਗੇ ਖੜੇ ਹਨ ਅਰ ਕਿਸੇ ਨੇ ਲਾਲ ਬੰਬਲ ਤੇ ਕਿਸੇ ਨੇ ਚਿੱਟੇ ਬੂਰ ਛੱਡੇ ਹੋਏ ਹਨ। ਦਰਿਯਾਵਾਂ ਦੇ ਦੁਵੱਲੀ ਕੁਦਰਤ ਦੇ ਏਹ ਆਪਣੇ ਬਾਗ਼ ਖਿੜ ਰਹੇ ਹਨ, ਵਿਚਕਾਰ ਨੀਵੀਆਂ ਪਾਣੀ ਦੀਆਂ ਰੌਆਂ ਉਮਰਾ ਢਲੀ ਦੀ ਗੰਭੀਰਤਾ ਵਾਲੇ ਵੇਗ ਵਾਂਗੂੰ ਵਹਿ ਰਹੀਆਂ ਹਨ। ਪਾਣੀ ਨੀਵੇਂ ਬੀ ਹੋ ਗਏ ਹਨ, ਪਰ ਨਾਲ ਹੀ ਠੰਢੇ ਬੀ ਹੋ ਗਏ ਹਨ। ਠੰਡੇ ਹੀ ਨਹੀਂ ਹੋਏ ਨਿਰਮਲ ਬੀ ਹੋ ਗਏ ਹਨ, ਸੱਚ ਮੁਚ ਨਿੰਮ੍ਰਤਾ ਦੇ ਨਾਲ ਸੀਤਲਤਾ ਤੇ ਸੀਤਲਤਾ ਦੇ ਨਾਲ ਨਿਰਮਲਤਾ ਦਾ ਕੁਦਰਤੀ ਸੰਜੋਗ ਹੈ। ਜਿਥੇ ਤਿੰਨ ਓਥੇ ਇਲਾਹੀ ਸੁੰਦਰਤਾ ਆਪੇ ਝਲਕਾ ਮਾਰਦੀ ਹੈ।

ਐਹੋ ਜਿਹੇ ਕੁਦਰਤ ਦੇ ਫਬਾਏ ਦਰਿਆਵਾਂ ਪਰ ਜਿਸ ਵੇਲੇ ਚੜ੍ਹੇ ਕੱਤਕ ਦੀ ਸਰਦ ਚਾਨਣੀ ਪੈਂਦੀ ਹੈ ਤਾਂ ਅਚਰਜ ਸੁਆਦ ਬੱਝਦਾ ਹੈ। ਨਿਰਮਲ ਪਾਣੀਆਂ ਵਿਚ ਤਾਰਾ ਮੰਡਲ-ਸਮੇਤ ਚੰਦਰਮਾ ਦੇ-ਡਲ੍ਹਕਾਂ ਮਾਰਦਾ ਹੈ। ਲੰਮੇ ਪਏ ਦਰਿਯਾ ਨੇ ਨਿਰਮਲਤਾ ਦੇ ਜ਼ੋਰ ਧੁਰ ਅਕਾਸ਼ ਨੂੰ ਦੇਖੋ ਆਪਣੇ ਵਿਚ ਲੈ ਆਂਦਾ ਹੈ। ਪਿਆ ਹੈ ਨੀਵਾਂ ਪਰ ਵਸਾ ਲਿਆ ਸੂ ਅਰਸ਼ਾਂ ਨੂੰ ਆਪਣੇ ਵਿਚ। ਕੀਕੂੰ ਸਾਰੇ ਅਕਾਸ਼ ਦੇ ਤਾਰੇ ਨੀਲ ਸਮੇਤ ਪਾਣੀ ਵਿਚ ਵਿਛੇ ਪਏ ਦੀਹਦੇ ਹਨ। ਰਾਤਾਂ ਅਡੋਲ ਤੇ ਚੁੱਪ ਚਾਂ, ਚਾਨਣੀਆਂ ਚਿੱਟੀਆਂ, ਪਾਣੀ ਚਿੱਟਾ ਦੁਆਲੇ ਚਿੱਟੇ ਬੂਰਾਂ ਵਾਲੇ ਕੁਕਹ ਤੇ ਕਾਹੂ ਫੁੱਲ ਰਹੇ ਹਨ। ਪੰਜਾਬ ਦੇ ਦਰਿਯਾ ਹਨ ਕਿ ਇਕ ਕੁਦਰਤੀ ਸੁਹਜ ਦੇ ਟੁਕੜੇ ਹਨ। ਕਿਤੇ ਕੰਢਿਆਂ ਤੇ ਖਿੜੇ ਹੋਏ ਬੇਲੇ ਹਨ, ਕਿਤੇ ਬਨ ਤੇ ਕਿਤੇ ਖੇਤੀਆਂ। ਖੇਤੀਆਂ ਵੱਸੋਂ ਵਾਲੇ ਪਿੰਡਾਂ ਵਿਚ ਸ਼ੋਭ ਰਹੀਆਂ ਹਨ, ਜਿਨ੍ਹਾਂ ਵਿਚ ਮਿੱਠੜੀ ਰੁਤ ਹੋਣ ਕਰਕੇ ਕਿੰਨੀ ਕਿੰਨੀ ਰਾਤ ਗਈ ਤੱਕ ਸੌਂਚੀਆਂ ਤੇ ਕਬੱਡੀਆਂ ਆਦਿ ਖੇਡਾਂ ਹੁੰਦੀਆਂ ਹਨ। ਐਉਂ ਜਾਪਦਾ ਹੈ ਕਿ ਸਿੱਧੇ ਤੇ ਸਾਫ ਸੀਨਿਆਂ ਵਾਲੇ ਵਾਸੀ ਕੁਦਰਤੀ ਉਮਾਹ ਵਿਚ ਜੀਵਨ ਦੇ ਹੁਲਾਰੇ ਲੈ ਰਹੇ ਹਨ। ਤੜਕਸਾਰ ਸੁਆਣੀਆਂ ਤੇ ਪ੍ਰਭਾਣੀਆਂ ਦੇ ਘਰਾਂ ਤੋਂ ਰੇੜਕੇ ਦਾ ਸੰਗੀਤ ਆਰੰਭ ਹੋ ਜਾਂਦਾ ਹੈ। ਮਧਾਣੀ ਦੇ ਘੁਮਾਟਿਆਂ ਨਾਲ ਲੱਸੀਆਂ ਦਾ ਚਾਟੀਆਂ ਨਾਲ ਟਕਰਾਉਣਾ ਕਿਹਾ ਮਿੱਠਾ ਤਾਰ ਬੰਨ੍ਹਦਾ ਹੈ। ਵਿਚ ਵਿਚ ਕਿਸੇ ਦੇ ਘਰੋਂ ਲਗਾਤਾਰ-ਘੂੰ ਘੂੰ-ਚਰਖੇ ਦੀ ਅਵਾਜ਼, ਤੇ ਕਿਸੇ ਤੋਂ ਚੱਕੀ ਦੀ ਸ਼ਾਂ ਸ਼ਾਂ ਦੀ ਅਵਾਜ਼ ਨਾਲ ਅਜਬ ਸੁਰ ਬੰਨ੍ਹਦੀ ਹੈ। ਪਹੁ ਫੁਟਾਲੇ ਦੇ ਨਵੇਂ ਅਡੋਲ ਦਰਸ਼ਨ ਸਿੱਧੇ ਪੱਧਰੇ ਲੋਕਾਂ ਦੇ ਨਿਰਮਲ ਹਿਰਦਿਆਂ ਦੇ ਨਿਰਛਲ ਚਿਹਰੇ ਕਿਆ ਕੁਦਰਤ ਦੇ ਮੌਜੀਆਂ ਦਾ ਇਕ ਰੰਗ ਬਣਾ ਰਹੇ ਹਨ। ਪੰਜਾਬ ਪੰਜ ਪਾਣੀਆਂ ਦਾ ਦੇਸ਼[2] ਸੱਚ ਮੁਚ ਕਾਦਰ ਨੇ ਪਾਣੀਆਂ ਵਰਗਾ ਨਿਰਮਲ ਸਾਜਿਆ ਸੀ, ਇਸ ਦੇ ਦਰਿਯਾਵਾਂ ਦੇ ਕਿਨਾਰਿਆਂ ਦੀ ਸੁੰਦਰਤਾ ਨੇ ਸਦੀਆਂ ਬੱਧੀ ਵੇਦਕ ਰਿਖੀਆਂ ਨੂੰ ਮੋਹੀ ਰੱਖਿਆ ! ਉਸ ਕੁਦਰਤੀ ਜੀਵਨ ਹੁਲਾਸ ਦੇ ਸਮੇਂ ਉਹਨਾਂ ਸਾਦਿਆਂ ਲੋਕਾਂ ਨੇ ਆਪਣੀਆਂ ਗਊਆਂ ਤੇ ਭੋਆਂ ਦੇ ਵਾਧਿਆਂ ਦੇ ਗੀਤ ਤੇ ਰਿਚਾਂ ਇਨ੍ਹਾਂ ਮਨਮੋਹਨ ਕੁਦਰਤੀ ਦਰਸ਼ਨਾਂ ਦੇ ਪ੍ਰਭਾਉ ਹੇਠ ਰਚੀਆਂ ਤੇ ਗਾਂਵੀਆਂ। ਉਹਨਾਂ ਦੇ ਸਾਦੇ ਦਿਲਾਂ ਪਰ ਸੂਰਜ, ਚੰਦ, ਵਾਯੂ, ਅਕਾਸ਼

---

[1] ਇਹ ਪ੍ਰਸੰਗ 'ਪ੍ਰੇਮ ਪੁੰਜ' ਟ੍ਰੈਕਟ ਨੰ: ੪੩੪ ਦੇ ਨਾਮ ਪਰ ਸੰ: ਗੁ: ਨਾ: ਸਾ: ੪੪੪ (੧੯੧੩ ਈ:) ਦੇ ਗੁਰਪੁਰਬ ਤੇ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਪ੍ਰਕਾਸ਼ਿਆ ਸੀ।

[2] ਅਸਲ ਵਿਚ ਸਤ ਪਾਣੀਆਂ ਦਾ ਦੇਸ਼, ਇਸੇ ਕਰਕੇ ਕਦੇ ਇਸ ਦਾ ਨਾਮ 'ਸਪਤ ਸਿੰਧੁ' ਸੀ, ਤਦ ਸਿੰਧ ਦੇਸ਼ ਵਿਚ ਸ਼ਾਮਲ ਸੀ। ਹੁਣ ਤਕ ਉਹ ਦੇਸ਼ ਜਿਸ ਵਿਚ ਸੱਤ ਦਰਿਆ ਇਕ ਹੋਕੇ ਵਗਦੇ ਹਨ 'ਸਿੰਧ' ਕਹਿਲਾਉਂਦਾ ਹੈ

ਬਿਜਲੀ, ਊਸ਼ਾ[1] ਦੇ ਚਮਕਾਰਾਂ ਨੇ ਆਪਣੇ ਤੇਜ ਤੇ ਬਲ ਨਾਲ ਉਹ ਸੰਗੀਤ ਪੈਦਾ ਕੀਤਾ ਕਿ ਸਦੀਆਂ ਬੱਧੀ ਓਹ ਕੁਦਰਤ ਦੇ ਆਸ਼ਕ, ਕੁਦਰਤ ਦੇ ਦ੍ਰਿਸ਼ਟਾ ਤੇ ਰਸੀਏ-ਅਜੇ ਕਾਦਰ ਨੂੰ ਫਿਲਸਫਿਆਂ ਦੀਆਂ ਗੁੰਝਲਾਂ ਵਿਚ ਗਿਣਨੋਂ ਨਿਆਣੇਂ, ਹਾਂ ਸਦੀਆਂ ਬੱਧੀ ਸਾਮਨ[2] ਗਾਉਂਦੇ ਤੇ ਰਾਗ ਅਲਾਪਦੇ ਰਹੇ। ਸਦੀਆਂ ਤੀਕ ਕੁਦਰਤ ਦੇ ਚਮਤਕਾਰਾਂ ਦੇ ਪ੍ਰੇਮੀਆ ਨੂੰ ਏਹ ਦਿਲ-ਖਿੱਚ ਨਕਸ਼ੇ ਸੰਗੀਤ ਦੇ ਸਾਜ਼ਾਂ ਦੀ ਤਰ੍ਹਾਂ ਅਲਾਪ ਵਿਚ ਲਿਆਈ ਰੱਖੇ ਰਹੇ ਤੇ ਇਹੋ ਕਾਵਜ, ਸੰਗੀਤ ਤੇ ਸਿਫਤ ਸਲਾਹ ਦੇ ਹੁਲਾਰੇ ਅੰਤ ਉਹਨਾਂ ਨੂੰ ਕੁਦਰਤੀ ਚਮਤਕਾਰਾਂ ਦੇ ਪਿੱਛੇ ਵਸਦੇ ਕਾਦਰ ਵਲ ਲੈ ਗਏ।

ਸਮੇਂ ਬਦਲੇ, ਪਰ ਪੰਜਾਬ ਦੇ ਏਹ ਕੁਦਰਤੀ ਨਕਸ਼ੇ ਨਾ ਬਦਲੇ ਅਰ ਸਾਦਗੀ ਦਾ ਪ੍ਰਭਾਉ ਨਾ ਘਟਿਆ। ਤਰ੍ਹਾਂ ਤਰ੍ਹਾਂ ਦੇ ਜਰਵਾਣੇ ਦੇਸ਼ ਵਿਸ ਆਏ, ਰਸਮ, ਰਿਵਾਜ, ਵਤੀਰੇ, ਸੁਭਾਉ ਬਦਲੇ, ਪਰ ਪੰਜਾਬ ਦੇ ਦਰਿਯਾਵਾਂ ਦੇ ਸੁਆਦ ਅਜੇ ਬੀ ਉੱਕਰਾਂ ਹੀ ਹਨ। ਕੁਦਰਤ ਦੇ ਰਸੀਆਂ ਲਈ ਏਹ ਕਿਨਾਰੇ ਜੀਉਂਦੇ ਸੰਗੀਤ ਹਨ, ਜੀਉਂਦੇ ਛੰਦ ਤੇ ਰਾਗ ਹਨ। ਹਾਂ, ਕਾਦਰ ਦੀ ਸਿਫਤ ਸਲਾਹ ਦੇ ਸੰਗੀਤ ਹੁਣ ਗੁਰ ਸਿੱਖ ਸਿੱਧਾ ਵਾਹਿਗੁਰੂ ਦੀ ਹਜ਼ੂਰੀ ਵਿਚ ਹੋ ਕੇ ਇਹਨਾਂ ਹੀ ਦਰਿਯਾਵਾਂ ਦੇ ਕੰਢਿਆਂ ਤੇ ਗਾਉਂਦਾ ਹੈ, ਕੁਦਰਤ ਤੋਂ ਹੁਲਾਰਾ ਲੈਂਦਾ ਹੈ ਤੇ ਕਾਦਰ ਵਿਚ ਛਾਲ ਮਾਰਦਾ ਹੈ। ਕਵਿਤਾ ਤੇ ਸੰਗੀਤ, ਕੀਰਤਨ ਤੇ ਸਿਫ਼ਤ ਸਲਾਹ ਪਰ ਸੱਭੋ ਕੁਛ ਕਾਦਰ ਦਾ ਸਮਝਕੇ ਸਿੱਧਾ ਹਜ਼ੂਰੀ ਵਿਚ ਵਾਸ ਰਖਦਾ ਹੈ ਪੰਜਾਬ ਦਾ ਗੁਰ ਸਿਖ।

ਵੇਈਂ ਦੇ ਲਾਗੇ ਸਤਿਗੁਰ ਨਾਨਕ ਦੇ ਜਗਾਏ ਗੁਰ ਸਿਖ ਅੱਜ ਕੁਦਰਤ ਦੀ ਰਚਨਾਂ ਦੇ ਵਿਚ ਦੇ ਨਦੀ ਨੀਰ, ਚੰਦ, ਸੂਰਜ, ਪੰਛੀਆਂ ਦੇ ਚੁਹਕਦੇ ਹੁਲਾਸ ਨੂੰ ਤੱਕ ਰਹੇ ਤੇ 'ਧੰਨ ਗੁਰ ਨਾਨਕ' ਕਹਿ ਰਹੇ ਹਨ ਤੇ ਅੰਝੂ ਭਰ ਭਰ ਕੇ ਅਰਦਾਸ ਕਰ ਰਹੇ ਹਨ, ਹੇ ਦਾਤਾ ! ਹੇ ਬਖ਼ਸ਼ਿੰਦ ! ਕਦੇ ਤਾਂ ਫੇਰ ਆਪਣੇ ਚੰਦ ਮੁਖ ਦੇ ਦਰਸ਼ਨ ਦਿਖਾਓ'।

[1] ਪਹੁ ਫੁਟ। [2] ਗੀਤ।

## ੨. ਗੁਰ ਬੰਧਪ।

**ਹਿੰਦੁਸਤਾਨ** ਵਲੋਂ ਆਈਏ ਤਾਂ ਪੰਜਾਬ ਦੇ ਪਹਿਲੇ ਦਰਿਯਾ ਸ਼ਤੱਦ੍ਰਵ ਯਾ ਸਤਲੁਜ ਦੇ ਰਮਣੀਕ ਕਿਨਾਰਿਆਂ ਨੂੰ ਸਾਡੇ ਸਤਿਗੁਰ ਨਾਨਕ ਨੇ ਆਪਣੇ ਦਸਮੇਂ ਜਾਮੇਂ ਭਾਗ ਲਾਇਆ। ਦੂਸਰੇ ਦਰਯਾ ਬਿਆਸ ਨੂੰ ਦੂਸਰੇ ਤੇ ਤੀਸਰੇ ਜਾਮੇਂ ਵਿਚ ਪਵਿਤ੍ਰ ਕੀਤਾ। ਪਰ ਇਨ੍ਹਾਂ ਸਮਿਆਂ ਤੋਂ ਪਹਿਲਾਂ ਹੀ ਬਿਆਸ ਦੇ ਪਾਰਲੇ ਕੰਢੇ ਨੇ ਸਤਿਗੁਰ ਨਾਨਕ ਦੇ ਨਿਜ ਚਰਨਾਂ ਕਮਲਾਂ ਦੇ ਮਕਰੰਦ ਦਾ ਸੁਆਦ ਚੱਖਿਆ ਸੀ ਅਤੇ ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਦੇ ਸਚੇ ਪ੍ਰੇਮ ਦੇ ਸੰਗੀਤ ਸੁਣੇ ਸੇ।

ਪੰਜਾਬ ਦੇ ਸਾਰਿਆਂ ਦਰਿਯਾਵਾਂ ਤੋਂ ਨੀਵਾਂ, ਅਪਣੇ ਦੁਆਲਿਆਂ ਤੋਂ ਨੀਵਾਂ, ਇਹ ਬਿਆਸ, ਜਿਸ ਵਿਚੋਂ ਨਹਿਰ ਬੀ ਨਹੀਂ ਅੱਜ ਤੱਕ ਖਨ ਹੋਈ; ਇਸ ਨੀਵੇਂ ਦਰਿਯਾ ਤੋਂ ਪਾਰ ਕਿਨਾਰੇ ਤੋਂ ਕੁਛ ਦੂਰ ਸੁਲਤਾਨ ਪੁਰ[1] ਹੈ। ਸੁਲਤਾਨ ਪੁਰ ਉਹ ਸੁਲਤਾਨ ਪੁਰ[2] ਹੈ, ਜਿਥੇ ਸਚੇ ਸੁਲਤਾਨ ਗੁਰ ਨਾਨਕ ਨੇ ਹੱਟੀ ਪਾਈ ਤੇ ਜਿਥੇ ਗ੍ਰਿਹਸਥੀ ਬਣਕੇ 'ਪੁੰਨ ਦਾਨ ਕਾ ਕਰੈ ਸਰੀਰੁ' ਦੀ ਸੁਗੰਧੀ ਫੈਲਾਈ। ਸੱਚੇ ਸੁਲਤਾਨ ਨੇ ਏਥੋਂ ਹੀ ਗ੍ਰਿਹਸਥ ਤਿਆਗ ਕੇ ਸੰਸਾਰ ਉਧਾਰ ਨਮਿਤ ਉਦਾਸੀ ਲਈ ਸੀ।

ਅੱਜ ਦੇਖੋ ਸਵੇਰਾਂ ਦਾ ਵੇਲਾ ਹੈ, ਇਸ ਬਜਾਸ ਦੇ ਕਿਨਾਰੇ ਇਕ ਮਾਈ ਬੈਠੀ ਹੈ, ਨਦੀ ਦੇ ਤ੍ਰੰਗਾਂ ਨੂੰ ਤੱਕਦੀ ਤੱਕਦੀ ਗੱਲੀਂ ਲਗ ਜਾਂਦੀ ਹੈ ਤੇ ਆਖਦੀ ਹੈ-ਵਾਹ ਵਾਹ ਨਦੀਏ ! ਤੇਰਾ ਜਿਗਰਾ ਕਿਹਾ ਇਕ ਰਸ ਰਹਿੰਦਾ ਹੈ, ਸਦੀਆਂ, ਜੁੱਗ ਬੀਤ ਗਏ ਤੂੰ ਉਸੇ ਰੁਖ਼ ਵਹਿ ਰਹੀ ਹੈਂ। ਤੇਰੇ ਕਿਨਾਰੇ ਕਈ ਹੱਸੇ, ਕਈ ਰੋਏ, ਪਰ ਤੂੰ ਮੌਜਾਂ ਮਾਣਦੀ ਟੁਰ ਰਹੀ ਹੈਂ। ਦੇਖ ਮੈਂ ਸੁਹਾਗਵੰਤੀ ਹਾਂ, ਲੋਕੀਂ ਮੈਨੂੰ ਆਖਦੇ ਹਨ-ਤੂੰ ਭਾਗਾਂ ਵਾਲੀ ਹੈਂ, ਪਰ ਬਰਸਾਂ ਦੇ ਬਰਸ ਬੀਤ ਗਏ, ਮੈਨੂੰ ਸੁਹਾਗ ਦੇ ਦਰਸ਼ਨ ਤੱਕ ਨਹੀਂ ਹੋਏ। ਮੈਂ ਕੇਹੀ

[1] ਹੁਣ ਦਰਿਯਾ ਸੁਲਤਾਨ ਪੁਰੋਂ ਚਾਰ ਪੰਜ ਕੋਹ ਹੈ, ਤਦੋਂ ਨੇੜੇ ਵਗਦਾ ਸੀ।

[2] ਸੁਲਤਾਨ ਪੁਰ ਕਦੇ ਦੁਆਬੇ ਦੀ ਰਾਜਧਾਨੀ ਹੁੰਦਾ ਸੀ।

ਭਾਗਾਂ ਵਾਲੀ ਹਾਂ, ਜਿਸ ਨਾਲ ਕਦੇ ਸੁਹਾਗ ਨੇ ਨਾਂ ਦਿਲ ਦੀ ਲਈ ਤੇ ਨਾ ਦਿਤੀ। ਜੇ ਕਦੇ ਬੋਲੇ ਤਾਂ ਇਹ ਕਿ 'ਸੰਸਾਰ ਤੇ ਮਾਲ ਜਮਾਂ ਨਾ ਕਰ, ਏਹ ਛੱਡਣਾ ਪੈਂਦਾ ਹੈ, ਏਥੇ ਚੋਰ ਪੈਂਦੇ ਹਨ, ਸੰਚੇ ਦਾ ਤੌਖਲਾ ਖਾਂਦਾ ਹੈ, ਉੱਪਰਲਾ ਧਨ ਜੋੜ ਜੋ ਨਾਲ ਨਿਭੀ।' ਇਹ ਮੇਰੇ ਸੁਹਾਗ ਦਾ ਮੇਰੇ ਨਾਲ ਹੱਸ ਬੋਲਣਾ ਤੇ ਰਲ ਬੈਠਣਾ ਹੈ। ਪਰ ਹੱਛਾ ! ਤੋੜੇ ਦਰਸਨ ਤਾਂ ਹੁੰਦਾ ਸੀ, ਤਾਂਘ ਨਾਲ ਸੱਜਰੀ ਰੋਟੀ ਤਾਂ ਪਕਾ ਬੈਠਦੀ ਸਾਂ, ਹੁਣ ਤਾਂ ਏਸ ਹਾਲੋਂ ਬੀ ਗਈ। ਕਿੰਨੇ ਬਰਸ, ਬਾਰਾਂ ਕਿ ਵਧ ਘੱਟ ? ਉਈ ਰੱਬਾ ! ਜੁਗ ਬੀਤ ਗਿਆ। ਮੈਨੂੰ ਸਾਕ ਮੱਤਾਂ ਦੇਂਦੇ ਹਨ, ਤੇਰਾ ਪਤੀ ਵਿਚ ਪਿਆਰ ਨਹੀਂ, ਜੇ ਪਿਆਰ ਨਾ ਹੁੰਦਾ ਮੈਂ ਨਿਖੁੱਟੀ ਰੋ ਰੋ ਕੇ ਫਾਵੀ ਕਿਉਂ ਹੋ ਜਾਂਦੀ ? ਇਕ ਇਕ ਦਿਨ ਜੁੱਗ ਜੁੱਗ ਜੇਡਾ ਕਿਉਂ ਹੋ ਭਾਸਦਾ ? ਮੇਰੇ ਕਾਲਜੇ ਨੂੰ ਖੋਹ ਕਾਸਨੂੰ ਪੈਂਦੀ ? ਮੇਰੀਆਂ ਅੱਖਾਂ ਪਰਨਾਲੇ ਕਿਉਂ ਬਣ ਜਾਂਦੀਆਂ ? ਮੈਨੂੰ ਜਿਸ ਦਿਨ ਦੇ ਸਿਰਤਾਜ ਜੀ ਪਰਦੇਸ ਸਿਧਾਏ, ਅੰਨ ਸੁਆਦ ਨਹੀਂ ਦੇਂਦਾ, ਪਾਣੀ ਠੰਢ ਨਹੀਂ ਪਾਉਂਦਾ। ਵਿਛੋੜੇ ਵੇਲੇ ਮੈਂ ਕਿੰਨਾ ਰੁੰਨੀ, ਮਿੰਨਤਾਂ ਕੀਤੀਆਂ, ਹਾਵੇ ਲਏ, ਤਰਲੇ ਕੱਢੇ ਪਰ ਉਨ੍ਹਾਂ ਇਕੋ ਨਾਂਹ ਫੜੀ ਤੇ ਆਖਿਆ :-ਅਸਾਂ ਆਪਣੇ ਮਾਲਕ ਦੀ ਨੌਕਰੀ ਜਾਣਾ ਹੈ ਤੇ ਤੇਰਾ ਉਥੇ ਕੰਮ ਨਹੀਂ। ਸੋ ਨੌਕਰੀਆਂ ਤੇ ਗਏ ਨਿਤ ਦੇ ਮੁਹਿੰਮੀਏ ਬੀ ਬਾਰਾਂ ਵਰਿਹਾਂ ਵਿਚ ਸਤ ਸਤ ਫੇਰੇ ਘਰੀਂ ਪਾ ਗਏ, ਖ਼ਬਰੇ ਕਿਸ ਡਾਢੇ ਮਾਲਕ ਦੀ ਨੌਕਰੀ ਹੈ ਜੋ ਮੇਰੇ ਕੰਤ ਨੂੰ ਕਦੇ ਭੀ ਛੁੱਟੀ ਨਹੀਂ ਲੱਭਦੀ। ਪਰ ਨਹੀਂ, ਮਾਲਕ ਦੇ ਕੀ ਵੱਸ ? ਮੇਰੇ ਮਾਲਕ ਦੇ ਜੀ ਵਿਚ ਘਰ ਨਾਲ ਮੋਹ ਹੀ ਨਹੀਂ, ਉਹਨਾਂ ਨੂੰ ਪਹਿਲੇ ਦਿਨੋਂ ਹੀ ਘਰ ਦੀ ਡੂਮਣਾ ਨਹੀਂ ਪਈ। (ਸਾਹ ਭਰਕੇ) ਕੋਈ ਕੀ ਕਰੇ, ਲਿਖੰਤਾਂ ਦੇ ਵੱਸ ਹੈ। ਮੈਂ ਸੁਹਾਗਣ ਬੀ, ਪੁਤ੍ਰਵੰਤੀ ਬੀ, ਫੇਰ ਵਿਛੋੜੇ ਦੇ ਸੱਲਾਂ ਤੇ ਚਿੰਤਾ ਦੇ ਮੂੰਹ ਦਿਨ ਤੇ ਰਾਤ ਆਈ ਰਹਿੰਦੀ ਹਾਂ ! ਆਹ ਮੇਰੇ ਭਾਗ ! ਮੈਨੂੰ ਰੋਣ ਨੂੰ ਥਾਂ ਨਹੀਂ। ਪੇਕੇ ਰਹਿੰਦੀ ਹਾਂ, ਉਥੇ ਰੋਵਾਂ ਤਾਂ ਮਾਪੇ ਝਿੜਕਦੇ ਹਨ,-ਭਰਾਵਾਂ ਦਾ ਭਲਾ ਮੰਗ, ਪੁਤ੍ਰਾਂ ਦੀ ਸੁਖ ਮੰਗ-। ਕਦੇ ਕਦਾਈਂ ਏਥੇ ਆਉਂਦੀ ਹਾਂ, ਜੇ ਏਥੇ ਘਰ ਰੋਵਾਂ ਤਾਂ ਨਿਨਾਣ ਪਿਆਰ ਝਿੜਕਾਂ ਦੇਂਦੀ ਏ-ਸੁਖੀਂ ਸਾਂਦੀ ਮੇਰੇ ਵੀਰ ਦਾ ਭਲਾ ਮੰਗ। ਪਰ ਮੇਰੇ ਅੰਦਰ ਕੋਈ ਵੜੇ ਤਾਂ ਪਤਾ ਲਗੇ ਕਿ ਓਥੇ ਕਿੰਨੀ ਕੁ ਉਦਾਸੀ ਵਸਦੀ ਹੈ। ਪੇਕੇ ਘਰ ਜਿੱਥੇ ਬਹਿਕੇ ਮੈਂ ਇਹ ਦਿਨ ਗੁਜ਼ਾਰੇ ਹਨ ਮਾਪੇ ਕਹਿੰਦੇ ਹਨ ਇਹ ਚੰਗੇ ਪੈਰੇ ਦੀ ਧੀ ਨਹੀਂ ਜੋ ਸਭ ਕੁਛ ਹੁੰਦਿਆਂ ਸੁਖੀ ਨਹੀਂ ਹੋਈ। ਸੱਚ ਹੈ। ਆਹ ਨਦੀਏ ! ਤੂੰ ਕਈ ਵੇਰ ਕਾਂਗਾਂ ਭਰ ਭਰ ਆਈ, ਕਈ ਵੇਰ ਉਤਰੀ ਮੈਂ ਨਿਮਾਣੀ ਵਰ੍ਹਿਆਂ ਬੱਧੀ ਨਿਮਾਣੀ ਦੀ ਨਿਮਾਣੀ ਰਹੀ।

ਕਹਿੰਦੇ ਹਨ;-ਮੈਂ ਪਤੀ ਨਾਲ ਪਿਆਰ ਨਹੀਂ ਕੀਤਾ-ਨਿਖੁੱਟੀ ਦਾ ਵਾਲ ਵਾਲ ਪਜਾਰ ਨਾਲ ਪ੍ਰੋਤਾ ਪਿਆ ਹੈ, ਹਾ, ਅਨੋਖੇ ਪੀਆ ਨੂੰ ਅਨੋਖੀ ਤਰ੍ਹਾਂ ਪਿਆਰ ਕਰਨ ਦੀ ਅਟਕਲ ਨਹੀਂ ਆਈ। ਮੈਂ ਉਸ ਦੇ ਅੰਦਰਲੇ ਤੋਂ ਅਜਾਣ ਕੀਹ ਜਾਣਾ? ਸੁਹਣੀ ਤਰ੍ਹਾਂ ਦੁਨੀਆਂ ਵਾਂਙੂ ਜੇ ਘਰ ਵੱਸਦੇ ਖੱਟ ਕਮਾਕੇ ਘਰ ਲਿਆਉਂਦੇ, ਟੱਬਰ ਦੇ ਮੋਹ ਵਿਚ ਹੱਸਦੇ ਰੱਸਦੇ ਤਾਂ ਮੇਰੇ ਪਿਆਰ ਦੀ ਸ਼ਕਲ ਬੀ ਦੁਨੀਆਂ ਨੂੰ ਦਿੱਸਦੀ। ਪਰਵਾਰ ਬੀ ਸੁਖੀ ਹੁੰਦਾ, ਮੈਂ ਬੀ ਸੁਖੀ ਹੋ ਬੈਠਦੀ, ਮੇਰੇ ਪਿਆਰ ਦੀ ਕਦਰ ਬੀ ਪੈਂਦੀ। ਇਸ ਪਿਆਰ ਦੀ ਮੈਨੂੰ ਸਾਰ ਨਹੀਂ ਜਿਸ ਦੀ ਸਾਰ ਮੇਰੇ ਜੋਗੀ ਪੀਆ ਨੂੰ ਹੈ। ਜੋਗ ਦੀ ਸਾਰ ਮੈਂ ਕੀ ਜਾਣਾਂ?

'ਹਾ ਬਿਆਸ ! ਕਦੇ ਮੇਰੀ ਵੀ ਆਸ ਪੂਰੀ ਕਰ ਦੇਹ, ਤੇਰੇ ਤੇ ਘਿਉ ਦੇ ਦੀਵੇ ਤਾਰਾਂ, ਕਦੇ ਮੇਰੇ ਪਤੀ ਜੀ ਬੀ ਮੁਹਾੜਾਂ ਮੋੜਨ; ਕਦੇ ਘਰ ਪੈਰ ਪਾਉਣ, ਕਦੇ ਮੈਂ ਸੁਲੱਖੀ ਬੀ ਭਾਗ ਸੁਲੱਖਣੀ ਹੋਵਾਂ !' ਇਉਂ ਕਹਿੰਦਿਆਂ ਦੇ ਨੈਣ ਛਮਾਂਛਮ ਭਰ ਆਏ, ਰੋਈ, ਕੋਲ ਕੋਈ ਹਟਕਣ ਵਰਜਣ ਵਾਲਾ ਸੀ ਹੀ ਨਹੀਂ, ਦਿਲ ਖੋਹਲਕੇ ਰੋਈ। ਏਸੇ ਕਰਕੇ ਅੱਜ ਘਰੋਂ ਦੂਰ ਨਿਕਲ ਆਈ ਹੈ ਤੇ ਉਜਾੜ ਵਿਚ ਆ ਬੈਠੀ ਹੈ, ਜੋ ਦਿਲ ਦਾ ਗੱਚ ਕਢਕੇ ਰਜ ਰੱਜਕੇ ਰੋ ਲਵਾਂ। ਰੋਂਦੀ ਰੋਂਦੀ ਦੇ ਨੈਣ ਮੁੰਦ ਗਏ, ਰੋਣ ਨੇ ਸੰਗੀਤ ਦੀ ਸ਼ਕਲ ਧਾਰ ਲਈ ਤੇ ਬਿਰਹੇ ਦੀ ਸੁਰਤ ਛਿੜ ਪਈ, ਓਹ ਭਾਵ ਜੋ ਉਸ ਵੇਲੇ ਨਿਕਲੇ ਅੱਗੇ ਲਿਖੇ ਗੀਤ ਤੋਂ ਕੁਝ

ਸਹੀ ਹੁੰਦੇ ਹਨ:-

ਨਾਂ ਜੀਵਾਂ, ਨਾਂ ਮੋਈ ਮੁੱਕੀ ਤਕ ਤਕ ਰਾਹਾਂ ਥੱਕੀ। ਸੁਕ ਸੁਕ ਨਦੀਆਂ ਥੱਲੇ ਗਈਆਂ, ਮੈਂ ਸਿੱਕ ਸਿੱਕ ਮਰ ਮਰ ਚੁੱਕੀ। ਬੱਧੀ ਆਸ ਮਿਲਣ ਦੀ ਹੁਣ ਤਕ, ਰੋ ਰੋ ਕੇ ਅਖ ਸੁੱਕੀ। ਆ ਸਾਂਈਆਂ ! ਹੁਣ ਮੋੜ ਮੁਹਾਰਾਂ, ਬਖਸ਼ ਜਿ ਭੁੱਲੀ ਚੁੱਕੀ।

ਕੁਛ ਚਿਰ ਚੁਪ ਵਰਤ ਗਈ, ਫੇਰ ਇਕ ਹਾਹ ਨਿਕਲੀ ਤਾ ਏਹ ਭਾਵ ਪ੍ਰਗਟ ਹੋਏ :-

ਬਿਰਹੋਂ ਨੇ ਮਾਰੀਆਂ ਮੈਂ ਕਿਧਰੋਂ ਨ ਸਾਰ ਆਈ; ਆ ਕੇ ਕਦੀ ਕਿਸੇ ਨਾਂ, ਕੰਨੀ ਬਲੇਲ ਪਾਈ। ਮੂਰਖ ਅਜਾਣ ਭਾਰੀ, ਜਾਣਾਂ ਨ ਸਾਰ ਕੋਈ, ਪ੍ਰੀਤਮ ਰਿਝਾ ਨ ਸੱਕੀ, ਲੀਤਾ ਜਨਮ ਅਜਾਈਂ। ਔਗੁਣ ਭਰੀ ਨਿਮਾਣੀ, ਕੋਈ ਨ ਸਾਰ ਜਾਣਾਂ, ਐਪਰ ਪਿਆਰ ਖਿੱਚੀ, ਰੋਂਦੀ ਸਦਾ ਰਹਾਈਂ। ਪ੍ਰੇਮੀ ਜੁ ਪ੍ਰੇਮ ਕਰਦੇ, ਉਸ ਦੀ ਨ ਸਾਰ ਮੈਨੂੰ 'ਮੇਰਾ ਹੈ' 'ਕੰਤ ਮੇਰਾ' ਜੀ ਮਾਣ ਏ ਧਰਾਈਂ। ਦੁਨੀਆਂ ਨੂੰ ਤਾਰਿਆ ਤੈਂ ਤਰਸਾਂ ਤੇ ਰਹਿਮ ਵਾਲੇ ! ਤੜਫਾਂ ਦਿਨੇ ਤੇ ਰਾਤੀਂ, ਮੈਨੂੰ ਬੀ ਨੰਦ ਪਾਈਂ। ਤਾਰਨ ਗਏ ਜਗਤ ਨੂੰ, ਡੁਬਦੇ ਬਚਾਏ ਕਿੰਨੇ, ਡੁਬਦੀ ਮੈਂ ਮੋਹ ਤਰੰਗੀਂ, ਮੈਨੂੰ ਬੀ ਤਾਰ, ਸਾਂਈ[1] !

੩. ਨਾਲੇ ਗੁਰ ਬੰਧਪ ਨਾਲੇ ਗੁਰ ਸਿਖ।

'ਬੇਬੇ', ਆਹਾ ਕੇਡੇ ਪਿਆਰ ਦੇ ਦੋ ਅੱਖਰ ਹਨ। ਉਂਵ ਤਾ ਇਹ ਪਿਆਰ ਭਰੇ ਸਨ ਹੀ, ਪਰ ਪਿਆਰ ਪੁੰਜ ਗੁਰ ਨਾਨਕ ਨੇ ਏਹ ਦੋ ਅੱਖਰ ਉਸ ਪਿਆਰ ਭਰੀ ਆਤਮਾ ਵਾਸਤੇ ਵਰਤੇ ਸਨ, ਜਿਸ ਵਰਗਾ ਸੁਭਾਗ ਕੋਈ ਵਿਰਲਾ ਹੁੰਦਾ ਹੈ। ਇਸ ਨੇ ਆਪਣੇ ਦੈਵੀ ਵੀਰ ਦੇ ਬਾਉਰੇ ਰੰਗ ਵਿਚ ਉਸ ਦੇ ਅਸਲੀ ਸਰੂਪ ਲਖ ਲਏ ਸਨ ! ਇਸ ਨੇ ਉਸ ਨੂੰ ਨਿਰੰਕਾਰ ਦੀ ਜੋਤਿ ਦਾ ਚਾਨਣ ਦਾਤਾ ਬਾਲਪਨੇ ਦੀਆਂ ਖੇਡਾਂ ਵਿਚ ਹੀ ਸਿਵਾਣ ਲਿਆ ਸੀ। ਜਿਸ ਵੇਲੇ ਵੀਹ ਰੁਪੱਯੇ ਦੇ ਨਾਲ ਅਭਜਾਗਤ ਪਾਲਣਾ ਕਰਨੇ ਪਰ ਪਿਤਾ ਜੀ ਉਸ ਪਾਰਬ੍ਰਹਮ ਦੇ ਨੂਰ ਨਾਲ ਭਰੇ ਚਿਹਰੇ ਅਰ ਅਰਸ਼ ਕੁਰਸ਼ ਦੇ ਰੰਗ ਨਾਲ ਭਖ ਭਖ ਕਰਦੇ ਮੁਖੜੇ ਉਤੇ ਕ੍ਰੋਧ-ਦ੍ਰਿਸ਼ਟੀ ਪਾ ਰਹੇ ਸਨ ਤੇ ਸ੍ਰਿਸ਼ਟੀ ਦੇ ਪਦਾਰਥਾਂ ਦਾ ਮਾਲਕ ਹੁੱਤ ਕੀਤੇ ਬਿਨਾਂ ਝੱਲ ਰਿਹਾ ਸੀ, ਉਸ ਵੇਲੇ ਕਿਸੇ ਤੋਂ ਨਾ ਟਾਲਿਆ ਜਾਣ ਵਾਲਾ ਬਾਬੇ ਕਾਲੂ ਦਾ ਗੁੱਸਾ ਏਸੇ ਪਿਆਰੀ ਭੈਣ ਨੇ ਜਾਕੇ ਟਾਲ ਲਿਆ। ਇਸ ਦੈਵੀ ਮੂਰਤਿ ਨੇ ਜਾਕੇ ਪਿਤਾ ਤੇ ਵੀਰ ਦੇ ਵਿਚਕਾਰ ਹੋ ਕੇ ਗਲੱਕੜੀ ਪਾਕੇ ਆਖਿਆ:-'ਬਾਪੂ ਜੀ ! ਮੇਰੇ ਵੱਲ ਤੱਕੋ, ਘੋਲ ਘੱਤੇ ਵੀਹ ਰੁਪੱਯੇ ਇਸ ਚੰਦ ਮੁਖ ਵੀਰ ਤੋਂ।' ਇਸ ਪਯਾਰ ਦੇ ਸੋਮੇ ਨੂੰ ਗੁਰ ਨਾਨਕ ਨੇ 'ਬੇਬੇ' ਕਹਿਕੇ ਸਾਰੀ ਉਮਰ ਯਾਦ ਕੀਤਾ। ਜਦ ਕਦੇ ਇਸ ਆਤਮਾਂ ਦੇ ਦਰਸ਼ਨ ਪਾਏ ਗੁਰ ਨਾਨਕ ਨੇ ਆਖਿਆ: 'ਬੇਬੇ'। ਜਦ ਕਦੇ ਇਹਨਾਂ ਦੋ ਅੱਖਰਾਂ ਨਾਲ ਬੁਲਾਈ ਜਾਣ ਵਾਲੀ ਪਵਿਤ੍ਰਾਤਮਾਂ ਨੇ ਆਖਿਆ 'ਵੀਰ ਜੀ ਦਰਸ਼ਨ' ਤਾਂ ਵਲਿੱਖਾ ਚੀਰ ਕੇ ਗੁਰ ਨਾਨਕ ਆਇਆ ਤੇ ਆ ਆਖਿਆ: 'ਬੇਬੇ'। ਅੱਜ ਦੇਖੋ ਉਹ ਬੇਬੇ ਯਾਦ ਕਰ ਰਹੀ ਹੈ ਤੇ ਗੁਰ ਨਾਨਕ ਆਖ ਰਹੇ ਹਨ:-

ਮਰਦਾਨੇ ਸੋਂ ਗਿਰਾ ਅਲਾਈ:-'ਕਿਯੋ ਯਾਦ ਭਗਨੀ ਮੁਝ ਤਾਂਈਂ। ਚਲ ਸੁਲਤਾਨ ਪੁਰੇ ਸੁਧਿ ਲੀਜੈ। 'ਬੇਬੇ ਜੀ ਕੀ ਖੁਸ਼ੀ ਕਰੀਜੈ।'

(ਨਾ: ਪ੍ਰਕਾਸ਼)

'ਬੇਬੇ ਕੇਡਾ ਪਿਆਰ ਵਾਲਾ ਸ਼ਬਦ ਹੈ, ਜਿਸਦੀ ਖੁਸ਼ੀ ਲੈਣ ਲਈ ਗੁਰ ਨਾਨਕ ਜੀ ਟੁਰਦੇ ਹਨ।

ਉਧਰ ਦੇਖੋ ਬਯਾਸਾ ਤੋਂ ਪਾਰ ਸੁਲਤਾਨ ਪੁਰੇ ਵਿਚ ਆਪਣੇ ਘਰ ਬੈਠੀ ਬੇਬੇ ਵੀਰ ਜੀ ਨੂੰ ਯਾਦ ਕਰ ਰਹੀ ਹੈ, ਕੁਛ ਐਸ ਤਰ੍ਹਾਂ :-

ਹੇ ਵੀਰ ਤੇ ਹੇ ਗੁਰੂ ਜੀ ! ਜੀਅਦਾਨ ਦੇਵਣਹਾਰ ਜੀ ! ਹੇ ਬਿਰਦ ਪਾਲਕ ਪ੍ਰਭੂ ਜੀ ! ਭਵ ਸਿੰਧੁ ਤਾਰਨਹਾਰ ਜੀ ! ਕਈ ਜੁੱਗ, ਜਾਪਣ ਹੋ ਗਏ, ਦਰਸਨ ਇਲਾਹੀ ਕੀਤਿਆਂ, ਹੈ ਹੋਰ ਝਾਲ ਨਾ ਜਾਇ ਝੱਲੀ ਆ ਲਓ ਹੁਣ ਸਾਰ ਜੀ ! ਕਰੁਣਾ ਕਰੋ ਹੇ ਪ੍ਰਭੂ ਜੀ ! ਕਰ ਮਿਹਰ ਆਓ ਵੀਰ ਜੀ !

[1] ਬਾਕੀ ਦਾ ਗੀਤ ੩੪੬ ਪੰਨੇ ਤੇ ਹੈ।

ਨਿਜ ਬਿਰਦ ਪਾਨਹਾਰ ਜੀ ! ਆਪੇ
ਉਬਾਰਨਹਾਰ ਜੀ !

ਇਸ ਰੰਗ ਵਿਚ ਬੇਬੇ ਨੇ ਪਤਾ ਨਹੀਂ ਕਿੰਨਾਂ ਕੁ ਵੈਰਾਗ ਕਰਨਾ ਸੀ ਕਿ ਸਿਰੀ ਚੰਦ ਜੀ ਭੱਜੇ ਭੱਜੇ ਆ ਗਏ :-

ਅੰਮੀ ਜੀ ! ਅੱਜ ਮਾਤਾ ਜੀ ਸਵੇਰ ਦੇ ਦਰਿਯਾ ਰੁਖ਼ ਗਏ ਹੁਣ ਤੋੜੀਂ ਘਰ ਨਹੀਂ ਮੁੜੇ, ਛਾਹ ਵੇਲਾ ਹੋ ਗਿਆ ਹੈ। ਇਹ ਸੁਣਕੇ ਬੇਬੇ ਤ੍ਰਬ੍ਰਕ ਉੱਠੀ, ਕਲਜੇ ਨੂੰ ਧੂਹ ਪਈ, ਫਿਰ ਇਕ ਦਾਸੀ ਤੇ ਇਕ ਨੌਕਰ ਨਾਲ ਲਿਆ ਅਰ ਸਿਰੀ ਚੰਦ ਜੀ ਸਮੇਤ ਦਰਿਯਾ ਰੁਖ ਹੋ ਟੁਰੀ। ਜਦ ਚੋਖਾ ਪੈਂਡਾ ਕਰਕੇ ਇਧਰ ਉਧਰ ਫਿਰ ਰਹੇ ਸਨ ਤਾਂ ਡਾਢੇ ਗੱਚ ਬੱਧੇ ਰੋਣ ਦੀ ਤੇ ਫਿਰ ਕੀਰਨੇ ਪਾਉਣ ਦੀ ਅਵਾਜ਼ ਆਈ ਸੋ ਇਸ ਪ੍ਰਕਾਰ ਦੀ ਸੀ;

ਤੇਰੇ ਹਾਂ ਜੋਗ ਨਾਹੀਂ ਤੇਰੀ ਸਦਾਂਵਦੀ ਹਾਂ, ਲਾਈ ਜਿ ਆਪ ਲੜ ਸੀ, ਲਾਈ ਦੀ ਪਾਲ ਸਾਂਈਂ ! ਸ਼ਰਮਾਂ ਨਿਬਾਹ ਦੇ ਸਾਂਈਆਂ !ਲਗੀਆਂ ਨੂੰ ਤੋੜ ਚਾੜ੍ਹੀਂ, ਚਰਨੀ ਲਗਾ ਕੇ ਆਂਦੀ ਦਾਸੀ ਨੂੰ ਪਾਰ ਲਾਈਂ। ਔਗੁਣ ਨ ਵੇਖ ਮੇਰੇ, ਦੇਖੀਂ ਗੁਣ ਆਪਣੇ ਤੂੰ, ਅਪਨੀ ਜਿ ਆਪ ਕੀਤੀ, ਆਪੇ ਦਈਂ ਨਿਭਾਈ ! ਨਿਮਾਣੇ ਜੁ ਮਾਣ ਲੀਤੇ, ਕੀਤੇ ਜੁ ਆਪਣੇ ਤੈਂ, ਅਪਣੱਤ ਦੀ ਤੂੰ ਲੱਜਜਾ ਆਪੇ ਹੀ ਪਾਲ ਸਾਂਈਂ ! ਆਵੀਂ ਹੇ ਕੰਤ ਪਜਾਰੇ ! ਆਵੀਂ ਸਿਰੇ ਦੇ ਮਾਲਕ ! ਦੇਵੀਂ ਦਿਦਾਰ ਆਪੇ, ਆਪੇ ਹੀ ਪਾਰ ਲਾਈਂ !

ਇਸ ਕੀਰਨੇ ਨੂੰ ਬੇਬੇ ਨੇ ਸੁਣਿਆਂ। ਆਹ ! ਜਗਤ ਗੁਰੂ ਨਾਨਕ ਦੀ ਇਸਤ੍ਰੀ 'ਸੁਲੱਖਣੀ' ਵਿਲਕ ਰਹੀ ਹੈ ! ਭਾਵੇਂ ਪਤੀ ਦੇ ਦੈਵੀ ਸਰੂਪ ਨੂੰ ਨਹੀਂ ਸਿਆਣਦੀ, ਪਰ ਪਤੀ-ਪ੍ਰੇਮ ਦਾ ਬਿਰਹਾ ਕਿਤਨਾ ਡੂੰਘਾ ਹੈ। ਪਤੀ ਨੂੰ ਗੁਰੂ ਨਹੀਂ ਜਾਣਦੀ ਪਰ ਪਤੀ ਨੂੰ ਪਜਾਰਾ ਪਤੀ ਕਰਕੇ ਪਜਾਰਦੀ ਤੇ ਵਿਲਕਦੀ ਹੈ। ਬਰਸਾਂ ਹੀ ਜਿਸ ਵਿਲਕਦੀ ਦੇ ਪਿਆਰੇ ਨੂੰ ਵਿਛੁੜਿਆਂ ਬੀਤ ਗਏ ਤੇ ਸੋ ਤੱਕ ਨਾ ਆਈ, ਉਸ ਬਿਰਹਣੀ ਦੇ ਦੁਖ ਨੂੰ ਉਹ ਆਪ ਹੀ ਜਾਣ ਸਕਦੀ ਹੈ। ਇਸ ਤਰ੍ਹਾਂ ਦੀਆਂ ਵੀਚਾਰਾਂ ਕਰਦੀ ਬੇਬੇ ਅੱਗੇ ਵਧੀ, ਜਾਕੇ ਭਾਬੀ ਨੂੰ ਗਲੱਕੜੀ ਪਾ ਲਈ, ਨੈਣ ਪੂੰਝੇ ਤੇ ਕਿਹਾ: 'ਪਿਆਰੀ ਭਾਬੀ ਰੋ ਨਹੀਂ !'

ਸੁਲੱਖਣੀ-ਬੇਬੇ ! ਰੋਵਾਂ ਨਹੀਂ, ਤਾਂ ਦੱਸ ਹੋਰ ਕਰਾਂ ਕੀਹ ? ਮੇਰੇ ਜੀਉਣ ਦਾ ਕੋਈ ਹੱਜ ਹੈ?

ਡਿਠਿਆਂ ਬਾਝੋਂ ਕੰਤ ਦੇ, ਜੀਵਨ ਦਾ ਕੀ ਹੱਜ। ਕਦੇ ਨ ਸੁਖ ਕਰ ਬੈਠੀਆਂ, ਦਰਸ ਨ ਪਾਇਆ ਰੱਜ। ਦੋਸ਼ ਕੀ ਦੇਵਾਂ ਕਿਸੇ ਨੂੰ ਮੈਨੂੰ ਨਾਂਹੀ ਚੱਜ। ਚੱਜ ਬਿਹੂਣੇ ਰੋਂਵਦੇ, ਰੋਵਨ ਬੁੱਕੀਂ ਛੱਜ।

ਇਹ ਸੁਣਕੇ ਬੇਬੇ ਦੀਆਂ ਆਪਣੀਆਂ ਅੱਖਾਂ ਭਰ ਆਈਆਂ, ਪਰ ਸੰਭਲਕੇ ਬੋਲੀ:-ਹੁਣ ਆਉਂਦੇ ਹਨ। ਭਾਬੀ ਜੀ ! ਉਹਨਾਂ ਦਾ ਬਿਰਦ ਹੈ, ਹੁਣ ਆਉਣਗੇ, ਜੇਰਾ ਕਰ।

ਸੁਲੱਖਣੀ-ਜੇਰਾ ਕੀ ਕਰਾਂ। ਮੇਰਾ ਕੀ ਹੈ, ਮੇਰਾ ਕੀ ਬਣਿਆਂ?

ਬੇਬੇ-ਤੇਰਾ ਮਾਲਕ ਸਾਂਈਂ ਦੀ ਜੋਤਿ ਹੈ ਤੇ ਤੇਰਾ ਲੋਕ ਪ੍ਰਲੋਕ ਬਣਿਆਂ।

ਸੁਲੱਖਣੀ-ਰੋਂਦੀ ਦੇ ਦੀਦੇ ਖਾਲੀ ਹੋ ਗਏ, ਉਡੀਕਾਂ ਕਰਦੀ ਦਾ ਸਿਰ ਸੱਖਣਾ ਹੋ ਗਿਆ, ਸੁਹਾਗ ਪਾਕੇ ਇਕ ਦਿਨ ਨਾ ਸੁਹਾਗ ਦਾ ਸੁਆਦ ਡਿੱਠਾ, ਜਿਸ ਦਿਨ ਦੀ ਸੁਹਾਗ ਮਹਿੰਦੀ ਹੱਥ ਲਾਈ ਰੱਤ ਰੋਂਦੀ ਨੂੰ ਆਹ ਦਿਨ ਆ ਗਏ।

ਬੇਬੇ-ਭਾਬੀ ! ਦੁਖ ਨਾ ਕਰ, ਤੂੰ ਸੱਚ ਮੁੱਚ ਸੁਲੱਖਣੀ ਹੈਂ, ਧੰਨ ਤੇਰੇ ਭਾਗ ਹਨ। ਜੇ ਤੂੰ ਇਕੋ ਗੱਲ ਕਰ ਲਵੇਂ ਤਾ ਤੇਰੇ ਜੇਹਾ ਉੱਚਾ ਕੋਈ ਦੇਹਧਾਰੀ ਹੋਰ ਹੋ ਨਹੀਂ ਸਕਦਾ। ਪਤੀ ਵਿਚ ਪਰਮੇਸ਼ਰ ਨੂੰ ਦੇਖ। ਪਤੀਪਨੇ ਦੇ ਮਾਣ ਦਾਵੇ ਨੂੰ ਛੱਡ, ਸੰਸਾਰ ਦੇ ਮੋਹ ਪਿਆਰ ਨੂੰ ਨਾਂ ਵੇਖ। ਉਹ ਤਾਂ ਜੋਤਿ ਹੈ ਤੂੰ ਜੋਤਿ ਦੇ ਦਰਸ਼ਨ ਪਾ ਜੋ ਤੇਰਾ ਸੁਹਾਗ ਤੈਨੂੰ ਥਿਰ ਸੁਹਾਗ ਦਿੱਸੇ। ਤੇਰਾ ਪਤੀ ਜੀਵ ਨਹੀਂ, ਪਰਮੇਸ਼ਰ ਹੈ, ਜਗਤ ਤਾਰਨ ਆਯਾ ਹੈ, ਸੰਸਾਰ ਦਾ ਉਧਾਰ ਕਰ ਰਿਹਾ ਹੈ। ਦੇਖ ਤਾਂ ਪ੍ਰਿਥਵੀ ਕਿਸ ਤਰ੍ਹਾਂ ਵਿਲਕ ਰਹੀ ਹੈ, ਉਸ ਨੂੰ ਠੰਢ ਪਾ ਰਿਹਾ ਹੈ। ਤੂੰ ਜੋ ਸੀਹੜਾ ਕੱਟ ਰਹੀ ਹੈਂ ਸੰਸਾਰ ਉਤੇ ਪਰਉਪਕਾਰ ਹੋ ਰਿਹਾ ਹੈ, ਤੈਨੂੰ ਭਗਵੰਤ ਇਸ ਦਾ ਫਲ ਦੇਵੇਗਾ। ਹਾਂ ਤੈਨੂੰ ਸਾਂਈਂ ਦੇ ਦਰੋਂ ਸੀਹੜੇ ਦਾ ਫਲ ਜ਼ਰੂਰ

ਮਿਲੇਗਾ, ਤੂੰ ਭਾਗਾਂ ਵਾਲੀ ਹੋਵੇਂਗੀ। ਏਹ ਤੇਰੇ ਕੀਰਨੇ ਸੰਸਾਰ ਦੇ ਕੀਰਨੇ ਮੇਟ ਰਹੇ ਹਨ, ਤੇਰੇ ਬਿਰਹੋਂ ਤੋਂ ਸੰਸਾਰ ਦਾ ਬਿਰਹ ਕਟੀਜ ਰਿਹਾ ਹੈ। । ਪਿਆਰੀ ਭੈਣ ! ਹੀਰੇ ਨੂੰ ਹੀਰਾ ਵਿੰਨ੍ਹ ਰਿਹਾ ਹੈ, ਤੇਰੇ ਦੁਖ ਸੰਸਾਰ ਦਾ ਦੁਖ ਦੂਰ ਕਰ ਰਹੇ ਹਨ !

ਸੁਲੱਖਣੀ-ਬੇਬੇ ! ਈਹਾ ਗੱਲ ਮੇਰੇ ਮਨ ਨਾ ਲੱਗੀ, ਪਰ ਨਾ ਲੱਗੀ। ਤੁਸੀਂ ਆਖਦੇ ਸੱਚ ਹੋ ਪਰ ਮੈਂ ਕੁੰਢ ਦੇ ਜੀ ਬੀ ਲੱਗੇ ?

ਬੇਬੇ-ਇਕ ਵੇਰ ਵੀਰ ਜੀ ਨੇ ਤੁਸਾਨੂੰ ਪਾਰਬ੍ਰਹਮ ਦੇ ਕੌਤਕਾਂ ਦਾ ਦਰਸ਼ਨ ਬੀ ਕਰਾਇਆ ਸੀ ਤੇ ਪ੍ਰਿਥਵੀ ਦਾ ਸੰਤਾਪ ਪ੍ਰਤੱਖ ਦਿਖਾਇਆ ਸੀ। ਫੇਰ ਦੱਸਿਆ ਸੀ ਕਿ ਅਸਾਂ ਪਿਆਰੇ ਵਾਹਿਗੁਰੂ ਦਾ ਇਹ ਕੰਮ ਕਰਨਾ ਹੈ।

ਸੁਲੱਖਣੀ-ਸੱਚ ਹੈ, ਬੇਬੇ ! ਪਰ ਮੇਰੇ ਮਨ ਉਤੇ ਖ਼ਬਰੇ ਕਿਹੀ ਮਾਇਆ ਪਈ ਹੋਈ ਹੈ, ਮੈਨੂੰ ਇਹ ਗੱਲ ਬਰੇ ਨਹੀਂ ਬੱਝਦੀ। ਇਕੋ ਹਉਕਾ ਖਾਈ ਜਾਂਦਾ ਹੈ, ਜੋ ਮੇਰਾ ਪਤੀ ਮੇਰੇ ਪਾਸ ਕਿਉਂ ਨਹੀਂ ਰਹਿੰਦਾ, ਅਰ ਸਾਡਾ ਘਰ ਇਕ ਗ੍ਰਿਹਸਤੀਆਂ ਵਾਂਙੂ ਵੱਸਦਾ ਘਰ ਕਿਉਂ ਨਹੀਂ ਬਣਦਾ।

ਬੇਬੇ-ਆ ਭਾਬੀ ਘਰ ਚੱਲੀਏ, ਹੁਣ ਬਹੁੰ ਦਿਨ ਆ ਗਿਆ ਹੈ।

ਸੁਲੱਖਣੀ-ਮੇਰਾ ਜੀ ਕਰਦਾ ਹੈ ਕਿ ਇਥੇ ਬੈਠੀ ਰਹਾਂ ਤੇ ਰੋਂਦੀ ਰਹਾਂ, ਬੱਸ !

ਬੇਬੇ ਨੇ ਬਹੁਤ ਪਿਆਰ ਦਿਤਾ ਤੇ ਚਿਰ ਮਗਰੋਂ ਠੰਢਿਆਂ ਕਰਕੇ ਘਰ ਲੈ ਆਂਦਾ।

ਇਹ ਦਿਨ ਬੀਤ ਗਿਆ, ਦੂਆ ਭੀ ਗਿਆ ਮਾਈ ਸੁਲੱਖਣੀ ਜੀ ਦੀ ਅੱਥਰੂ ਨਹੀਂ ਸੁੱਕੀ। ਉਸ ਜਗਤ ਗੁਰੂ ਦੇ ਮੋਹ ਨਾਲ ਭਰੀ, ਪਰ ਪਤੀ ਨੂੰ ਪਰਮੇਸ਼ੁਰ ਦੀ ਘਲੀ ਜੋਤਿ ਨਾ ਪਛਾਣ ਸਕਣ ਵਾਲੀ ਸੁਲੱਖਣੀ ਇਕ ਡਾਲ ਅੱਥਰੂ ਕੇਰਦੀ ਤੇ ਹਉਕੇ ਭਰਦੀ ਰਹੀ। ਇਹ ਰੋਣਾ ਹਉਕੇ ਵਾਲਾ, ਤੋੜ ਵਾਲਾ ਤੇ ਸਾਕਾਦਰੀ ਦੇ ਦਾਵੇ ਭਰਿਆਂ ਘਬਰਾ ਵਾਲਾ ਰੋਣਾ ਹੈ। ਇਸ ਵਿਚ ਘਬਰਾਹਟ ਤੇ ਤੋੜ ਪੈਂਦੀ ਹੈ। ਉਧਰ ਬੇਬੇ ਭੀ ਰੋਂਦੀ ਹੈ ਪਰ ਉਸ ਦੇ ਰੋਣ ਵਿਚ ਠੰਢ ਹੈ, ਰਸ ਹੈ ਤੇ ਟਿਕਾਉ ਹੈ। ਉਸ ਦੇ ਅੱਥਰੂ ਆ ਆ ਕੇ ਠੰਢ ਪਾਉਂਦੇ ਹਨ, ਲੂੰਆਂ ਵਿਚੋਂ ਨਾਮ ਦੀ ਝਰਨਾਟ ਛੇੜਦੇ ਹਨ, ਸਤਿਗੁਰੂ ਦੇ ਆਤਮ ਧਿਆਨ ਅੱਖਾਂ ਅੱਗੇ ਲਿਆ ਕੇ ਲਿਵ ਜੋੜਦੇ ਹਨ। ਹਾਂ, ਮੋਹ ਦੀ ਖਿੱਚ ਤੇ ਪ੍ਰੇਮ ਦੀ ਖਿੱਚ ਦਾ ਇਹ ਫਰਕ ਹੈ।

ਤੀਸਰਾ ਦਿਨ ਆ ਗਿਆ, ਪਹੁ ਫੁਟ ਪਈ ਤੇ ਮਿੱਠੀ ਮਿੱਠੀ ਹਵਾ ਵਗ ਪਈ।

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗਿ॥

ਬੇਬੇ ਆਪਣੇ ਘਰ ਬੈਠੀ ਲੱਸੀ ਰਿੜਕ ਰਹੀ ਸੀ, ਇਕ ਹੱਥ ਮੱਖਣ ਭਰਿਆ ਸੀ, ਆਸਾ ਦੀ ਵਾਰ ਦਾ ਪਾਠ ਕਰ ਰਹੀ ਸੀ ਕਿ ਸਤਿਗੁਰੂ ਵੀਰ ਦੀ ਨੂਰ ਭਰੀ ਨੁਹਾਰ ਡੇਉਢੀ ਲੰਘ ਕੇ ਵਿਹੜੇ ਵਿਚ ਆਉਂਦੀ ਤੇ 'ਨਿਰੰਕਾਰ' ਦੀ ਗੂੰਜ ਨਾਲ ਗੂੰਜਦੀ ਦਿੱਸ ਪਈ। ਦਿੱਸ ਹੀ ਨਹੀਂ ਪਈ, ਕੰਨਾਂ ਨੇ ਵਰਿਹਾਂ ਮਗਰੋਂ ਫੇਰ ਉਹ ਪ੍ਰੇਮ ਦੇ ਦੋ ਦੋ ਅੱਖਰ ਸੁਣੇ 'ਬੇਬੇ'। 'ਬੇਬੇ' ਸੁਣਦਿਆਂ ਸਾਰ, 'ਧੰਨ ਬੇਬੇ' ਉੱਠੀ। ਧਾ ਕੇ ਵੀਰ ਦੇ ਪੈਰਾਂ ਤੇ ਜਾ ਢੱਠੀ[1], ਸਿਰ ਵਿਚੋਂ ਵੈਰਾਗ, ਸ਼ੁਕਰ ਤੇ ਆਤਮ ਹੁਲਾਰੇ ਨੇ ਇਕ ਐਸੀ ਝਰਨਾਟ ਛੇੜੀ ਕਿ ਸਰੀਰ ਬੇਸੁਧ ਜਿਹਾ ਹੋਕੇ ਢੱਠਾ। ਪਰ ਉਸ ਸੱਚੇ ਜਗਤਾਰਕ ਨੇ ਭੈਣ ਦਾ ਸੀਸ ਹੱਥ ਤੇ ਬੋਚਿਆ ਅਰ ਡਾਢੇ ਪਿਆਰ ਨਾਲ ਦਿਲਾਸਾ ਤੇ ਅਸੀਸ ਦਿੱਤੀ। ਜਾਣਦੇ ਸਨ ਕਿ ਬੇਬੇ ਨੂੰ ਤਾਂ ਆਪੇ ਦੀ ਸੁਧ ਨਹੀਂ, ਆਪ ਹੀ ਮੰਜੇ ਪਰ ਬੈਠ ਗਏ। ਭੈਣ ਨੇ ਹੁਣ ਸਿਰ ਚੁੱਕਿਆ ਟਕ ਬੰਨ੍ਹਕੇ ਵੀਰ ਦੀ ਅਕਾਲੀ ਜੋਤ ਨਾਲ ਪ੍ਰਕਾਸ਼ਦੇ ਚਿਹਰੇ ਨੂੰ ਤੱਕਿਆ, ਸਤਿਗੁਰੂ ਮਿਲਿਆ, ਸਤਿਗੁਰੂ ਦੇ ਮਿਲਿਆਂ ਆਨੰਦ ਆਉਂਦਾ ਹੈ। ਫਿਰ ਆਨੰਦ ਦਾ ਵੇਗ ਆਯਾ ਪਰ ਬੇਬੇ ਦੀ ਸੁਰਤ ਨੇਂ ਏਕਾਗ੍ਰਤਾ ਵਿਚ ਉਹ ਲਿਵ ਬੱਧੀ ਕਿ ਮਾਨੋ ਬੇਸੁਧ ਹੈ। ਏਨੇ ਨੂੰ ਭਾਗਾਂ ਵਾਲਾ ਭਾਈਆ ਜੈਰਾਮ ਦਾਸ ਆ ਗਿਆ, ਬੜੇ ਪ੍ਰੇਮ ਨਾਲ ਮੱਥਾ

[1] ਸਦਨ ਸਸਾ ਕੇ ਪ੍ਰਵਿਸ਼ੇ ਜਬਿਹੀ॥ ਹਰਖ ਭਰੀ ਤੂਰਨ ਉਠਿ ਤਬਿਹੀ॥ ਕਰਨ ਬੰਦਨਾ ਪਗ ਪਰ ਧਾਈ॥ ਲੋਚਨ ਤੇ ਜਲ ਧਾਰ ਬਹਾਈ ॥ ਕਰ ਪਰ ਲੈ ਸਿਰ, ਕਹਿ ਹਿਤ ਬੈਨਾ ॥ ਬੈਸ ਗਏ ਮੰਚ ਪਰ ਗੁਣ ਐਨਾ ॥ {ਗੁਰ ਨਾ:ਪ੍ਰ:}

ਟੇਕਿਆ, ਸਤਿਗੁਰ ਨੇ ਸੰਭਾਲਿਆ, ਸੁਖ ਸਾਂਦ ਪੁੱਛੀ, ਕਲੇਜੇ ਠੰਢ ਪਈ। ਬਾਰ ਬਾਰ ਚਿਹਰੇ ਨੂੰ ਤੱਕੇ ਤੇ ਖੁਸ਼ ਹੋਵੇ, ਛੇਕੜ:-

> ਹਾਥ ਬੰਦਿ ਬੋਲਜੋ ਜੈਰਾਮਾ ॥ ਕਰੁਨਾ ਕਰਹੁ ਰਹੁ ਅਬਿ ਧਾਮਾ ॥ ਬੈਸੇ ਸਿਮਰਹੁ ਸਦਾ ਗੋਬਿੰਦੰ ॥ਹਮ ਕਉ ਦੇਵਤ ਰਹਹੁ ਆਨੰਦੰ ॥'
>
> (ਨਾ: ਪ੍ਰ:)

ਇੰਨੇ ਨੂੰ ਸ੍ਰੀ ਚੰਦ ਜੀ ਆ ਗਏ, ਪਿਤਾ ਜੀ ਨੂੰ ਦੇਖਕੇ ਚਰਨਾਂ ਤੇ ਢਹਿ ਪਏ, ਸਤਿਗੁਰ ਜੀ ਨੇ ਅਸੀਸ ਦਿੱਤੀ : 'ਸਾਂਈਂ ਵਲ ਰਹੋ'। ਉਧਰ ਬੇਬੇ ਹੁਣ ਹੋਸ਼ ਵਿਚ ਸੀ। ਭਾਬੀ ਨੂੰ ਸੱਦ ਭੇਜਿਆ, ਮੋਹ ਭਰੀ ਤੇ ਸਹਿਕਣ ਵਾਲੀ ਗੁਰ ਨਾਨਕ, ਜਗਤ ਗੁਰੂ ਸੁਆਮੀ ਦੀ ਅਰਧੰਗੀ ਕਹਿਲਾਉਣ ਵਾਲੀ, ਸਤਿਕਾਰ ਯੋਗ ਆਤਮਾਂ, ਸੁਭ ਲੱਖਣਾਂ ਵਾਲੀ ਸੁਲੱਖਣੀ ਆਈ। ਖੁਸ਼ ਹੈ, ਵੈਰਾਗ ਵਿਚ ਹੈ, ਪ੍ਰਤੂੰ ਪਿਆਰ ਮਾਇਆ ਵੇੜ੍ਹਿਆ ਹੈ ਉਂਦ ਹੈ ਇਸ ਵੇਲੇ ਅੱਤਿ ਦਾ। ਚਰਨਾਂ ਤੇ ਢੱਠੀ ਤੇ ਰੋਈ। ਸ੍ਰੀ ਗੁਰੂ ਜੀ ਘਟਿ ਘਟਿ ਦੇ ਜਾਨਣਹਾਰ ਮੁਸਕ੍ਰਾਏ, ਕ੍ਰਿਪਾ ਦ੍ਰਿਸ਼ਟੀ ਨਾਲ ਤੱਕੇ ਤੇ ਮਿਹਰ ਦਾ ਸਤੋਗੁਣੀ ਮੀਂਹ ਵਸਾਇਆ।

ਹੋਰ ਪ੍ਰੇਮੀ ਆਏ, ਸਭ ਨੂੰ ਮਿਲੇ। ਇਕ ਦਿਨ ਰਾਤ ਓਥੇ ਮੰਗਲ ਲੱਗਾ ਰਿਹਾ, ਫੇਰ ਆਪ ਚਾਲੇ ਪੈ ਗਏ:-

> ਬਹੁ ਪ੍ਰਕਾਰ ਦੇ ਧੀਰਜ ਸਭ ਹੀ,
> ਰੈਨ ਬਸੇਰਾ ਕਿਯ ਤਹਿਂ ਤਬਹੀ।
> ਭੋਰ ਹੋਤ ਮਿਲਿਕੈ ਸਭਿ ਸਾਥਾ,
> ਗਮਨ ਕਰਜੋ ਬੇਦੀ ਕੁਲ ਨਾਥਾ। (ਨਾ: ਪ੍ਰ:

## ੪. ਲਾਹੌਰ।

**ਚਾਰ** ਸੌ ਤੋਂ ਕੁਝ ਵੱਧ ਵਰ੍ਹਾਂ ਬੀਤਿਆ ਹੋਊ ਕਿ ਇਕ ਦਿਨ ਰਾਵੀ, ਪੰਜਾਬ ਦੇ ਦਰਿਆਵਾਂ ਦੀ ਵਿਚਕਾਰਲੀ ਧੁਰ ਅੰਦਰਲੀ ਨਦੀ, ਇਸੇ ਰੁਤੇ ਆਪਣੇ ਵੀਰਾਂ ਦੀ ਭੈਣ ਆਪਣੇ ਰੰਗ ਵਿਚ ਗੰਭੀਰ ਚਾਲੇ ਟੁਰੀ ਜਾ ਰਹੀ ਸੀ। ਦਰਯਾ ਦਾ ਕਿਨਾਰਾ ਹੈ, ਚਾਨਣੀ ਰਾਤ ਦੀ ਸਵੇਰ ਹੈ, ਮਿੱਠੜੀ ਠੰਢ ਹੈ, ਇਕ ਤੇਜ ਨਾਲ ਚਮਕਦੀ ਤੇ ਨੂਰ ਨਾਲ ਦਮਕਦੀ ਸੂਰਤ ਕੰਢੇ ਦੀ ਅਣੀ ਬੈਠੀ ਹੈ। ਪਾਸ ਸੰਗੀਤ ਅਵਤਾਰ ਧਾਰਕੇ ਐਸੇ ਪਿਆਰ ਨਾਲ ਰਬਾਬ ਵਜਾ ਰਿਹਾ ਹੈ ਕਿ ਸਾਰੰਗੀ, ਸਰੋਦੇ ਤੇ ਵੀਣਾਂ ਨੂੰ ਮਾਤ ਪਾ ਰਿਹਾ ਹੈ। ਆਸਾ ਦੀ ਪਿਆਰੀ ਰਾਗਨੀ ਦਾ ਅਲਾਪ ਹੈ, ਬਸ ਐਉਂ ਜਾਪਦਾ ਹੈ ਕਿ ਕੁਦਰਤ ਸਾਰੀ ਦ੍ਰੱਵ ਕੇ ਸੁੰਦਰਤਾ ਦਾ ਰੂਪ ਬਣ ਗਈ ਹੈ।

ਰਾਤ ਮੁੱਕ ਗਈ, ਤਾਰਿਆਂ ਨੇ ਆਪਣੇ ਅੰਤਲੇ ਲਟਕੰਦੜੇ ਦਰਸ਼ਨ ਬੀ ਲੁਕਾ ਲਏ ਹਨ। ਉਸ਼ਾ-ਪਹੁ-ਦਾ ਚਾਨਣਾਂ ਪਸਰ ਗਿਆ ਹੈ, ਜਿਸ ਵਿਚ ਚਾਂਦਨੀ ਦੀ ਚਿੱਟੀ ਰੰਗਤ ਬੀ ਲੁਕ ਗਈ ਹੈ। ਚੰਦ ਦਾ ਚਿਹਰਾ ਨੀਲੇ ਅਕਾਸ਼ ਪਰ ਦੀਹਦਾ ਤਾਂ ਹੈ ਪਰ ਕੁਛ ਮਾਤ ਜਿਹਾ ਹੋ ਗਿਆ ਹੈ। ਉਸ ਸੰਗੀਤ ਅਵਤਾਰ ਤੋਂ ਇਕ ਮਨੋਹਰ ਸ਼ਬਦ ਹੋਇਆ।

ਦੇਖੋ ਅਡੋਲ ਵਗ ਰਹੀ ਰਾਵੀ ਕਿਸ ਪ੍ਰੇਮ ਨਾਲ ਸੁਣ ਰਹੀ ਤੇ ਖੀਵੀ ਹੋ ਰਹੀ ਹੈ। ਜਿਸ ਦੇ ਕਿਨਾਰੇ ਤੇ ਸਦੀਆਂ ਤਕ ਕੁਦਰਤ ਦੇ ਰਸੀਏ ਕੁਦਰਤ ਦੇ ਗੀਤ ਗਾਉਂਦੇ ਰਹੇ, ਜਿਸ ਦੇ ਕਿਨਾਰੇ 'ਜੀਵ ਦਇਆ' ਦੇ ਪ੍ਰੇਮੀ 'ਜੀਵ ਦਇਆ' ਦੀਆਂ ਧੁਨਾਂ ਅਲਾਪਦੇ ਰਹੇ, ਜਿਸ ਦੇ ਕਿਨਾਰੇ ਜ਼ੋਰ ਜ਼ੁਲਮ ਦੇ ਢੋਲ ਢਮੱਕੇ ਵੱਜਦੇ ਰਹੇ, ਅਜ ਕਿਸ ਪੂਰਨਤਾ ਦੀ ਮੌਜ ਵਿਚ ਹੈ? ਅਜ ਓਹ ਭਗਤੀ ਤੇ ਪ੍ਰੇਮ ਦੇ ਸੰਗੀਤ ਸੁਣ ਰਹੀ ਹੈ ਅਰ ਕੁਦਰਤ ਤੇ ਜੀਵ ਦਇਆ ਤੋਂ ਲੰਘਕੇ ਅਰ ਜ਼ੋਰ ਜ਼ੁਲਮ ਤੋਂ ਪਰੇ 'ਕਾਦਰ ਤੋਂ ਕਰਤਾ' ਦੇ ਪ੍ਰੇਮ ਦੇ ਸੋਹਿਲੇ ਸੁਣ ਰਹੀ ਹੈ। ਰਾਵੀ ਸਚ ਮੁਚ ਧੰਨੀ ਹੋ ਰਹੀ ਹੈ, ਜਿਸ ਦੇ ਪਵਿਤ੍ਰ ਹੋ ਰਹੇ ਕਿਨਾਰੇ ਤੇ, ਜਿਸ ਦੇ ਸਨਾਤਨ ਸੰਗੀਤਕ ਕੰਢੇ ਉਤੇ ਅੱਜ ਕਾਦਰ ਦੀ ਜੋਤਿ ਆਪ ਬੈਠੀ ਕਾਦਰ ਤੇ ਕਰਤਾਰ ਦਾ ਸੰਗੀਤ ਵੇਗ ਵਿਚ ਲਿਆ ਰਹੀ ਹੈ, ਅਰ ਦਇਆ ਕੁਦਇਆ ਸਭ ਤੋਂ ਲੰਘਕੇ ਪ੍ਰੇਮ ਦੀ ਸੰਥਾ ਪੜ੍ਹਾ ਰਹੀ ਹੈ।

ਸੂਰਜ ਦੀ ਅਜੇ ਟਿੱਕੀ ਅੰਦਰੋਂ ਬਾਹਰ ਆ ਰਹੀ ਸੀ ਕਿ ਇਹ ਸੰਗਤੜੀ ਤਾਂ ਬੱਸ ਹੋ ਗਿਆ, ਪਰ ਦੂਰ ਤੋਂ ਇਕ ਦਿਲਚੀਰਵੀਂ ਸੱਦ ਸੁਣਾਈ ਦਿੱਤੀ-

> ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥ ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ ॥ ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥ ਸੀਗਾਰ ਮਿਠ

ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ ॥ ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ[1] ॥ ੧ ॥ {ਗਉ:ਪੂ: ਛੰ: ਮ:੧-੨੪੨}

ਇਹ ਕਲੇਜਾ ਚੀਰਵੀਂ ਸੱਚੇ ਪਿਆਰ ਦੀ ਸੱਦ ਸੁਣਕੇ ਨੂਰ ਦੇ ਬੁੱਕੇ ਨੇ ਨੂਰ ਭਰੇ ਨੈਣ ਖੁਹਲੇ, ਗੁਲਾਬ ਨਾਲੋਂ ਸੁੰਦਰ ਮੁਖੜੇ ਤੋਂ ਰਸ ਭਰੇ ਬੈਨ ਉਚਾਰੇ:-

'ਮਰਦਾਨਿਆਂ ! ਭਾਈ ਮਨਸੁਖ ਬਿਰਹਾ ਕਰ ਰਿਹਾ ਹੈ।'

ਅਜੇ ਮਰਦਾਨੇ 'ਹਾਂ ਜੀ' ਆਖਿਆ ਹੀ ਸੀ ਕਿ ਫੇਰ ਸੱਦ ਆਈ;-

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥ ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥ ੧ ॥
{ਗਉ:ਛੰਤ ਮ:੧-੨੪੩}

ਇਹ ਬਿਰਹਾ ਸੁਣਕੇ ਮਰਦਾਨਾ ਓਸ ਰੁਖ ਚਲਿਆ ਸੀ ਕਿ ਪ੍ਰਕਾਸ਼ ਪੁੰਜ ਜੀ ਨੇ ਅਟਕਾ ਲਿਆ; ਸੱਚ ਹੈ ਪਤੰਗਿਆਂ ਨੂੰ ਕੌਣ ਪ੍ਰੇਰਨ ਜਾਂਦਾ ਹੈ। ਬਿਰਹੇ ਵੇਗ ਬੁਓਰਾਨੇ ਮਨਸੁਖ ਜੀ ਰਾਵੀ, ਇਸ਼ਕ ਦੇ ਜੀਉਂਦੇ ਨਮੂਨੇ ਵੇਖ ਰਹੀ ਰਾਵੀ, ਵੰਨੇ ਖਿੱਚੀਂਦੇ ਉਧਰੇ ਆ ਨਿਕਲੇ ਤੇ ਕੂਕਾਂ ਦਿੱਤੀਓਨੇ ਜਿਨਾ ਦਾ ਭਾਵ ਕੁਛ ਇਸ ਗੀਤ ਵਿਚ ਹੈ:-

ਬਾਰਾਂ ਹਿ ਬਰਸ ਬੀਤੇ, ਪ੍ਰੀਤਮ ਬਿਦੇਸ਼ ਧਾਏ, ਆਇਆ ਨ ਸੁਖ ਸੁਨੇਹਾ; ਧੋਲੇ ਹੋ ਕੇਸ ਆਏ। ਉਮਰਾ ਦਾ ਸੂਰ ਢਲਿਆ, ਪਾਸਾ ਨ ਪ੍ਰੇਮ ਫਿਰਿਆ, ਰੋ ਰੋ ਵਰ੍ਹੇ ਵਿਹਾਏ, ਪ੍ਰੀਤਮ ਨ ਦੇਸ਼ ਆਏ। ਆਵੋ ਕਦੀ ਤਾਂ ਆਵੋ, ਪਜਾਰੇ ਦਰਸ ਦਿਖਾਵੋ, ਆਖਾਂ ਕਦੇ ਤਾਂ ਮੈਂ ਬੀ, 'ਪਜਾਰੇ ਸ੍ਵਦੇਸ਼ ਆਏ'। ਤਰਸਨ ਏ ਨੈਣ ਪਜਾਸੇ, ਦਰਸ਼ਨ ਦਾ ਨੀਰ ਭਾਲਣ, ਪਰਸਨ ਚਰਨ ਕਮਲ ਨੂੰ, ਫਿਰਦੇ ਵਿਸ਼ੇਸ਼ ਧਾਏ। ਹਿਰਦਾ ਉਛਲਦਾ ਰਹਿੰਦਾ ਕੰਬੇ ਕਲੇ-ਜੜਾ ਏ, ਤਾਂਘੇ ਸੁਨਣ ਸੁਨੇਹਾ: 'ਤੇਰੇ ਨਰੇਸ਼ ਆਏ'। ਆਏ ਨ ਹਾਇ ਪਜਾਰੇ, ਤਾਂਘਾਂ ਨ ਖਿੱਚ ਲਿਆਈਆਂ, ਹਾਰੇ ਉਪਾਵ ਸਾਰੇ, ਕੋਈ ਨ ਪੇਸ਼ ਜਾਏ। ਆਪੇ ਦਿਆਲ ਹੋਕੇ, ਆਪੇ ਦਿਦਾਰ ਦੇਵੋ, ਦੇਖੇ ਬਿਨਾ ਹੇ ਪਜਾਰੇ ਕੀਕੂੰ ਕਲੇਸ਼ ਜਾਏ ? ਆ ਜਾ ਦਇਆ ਦੇ ਵਾਲੀ ! ਮਾਲੀ ਪਿਆਰ ਦੇ ਤੂੰ, ਪਾਲੀਂ ਏ ਬਾਗ ਅਪਨਾ, ਸੁਕਦਾ ਏ ਬੇਸ਼ ਜਾਏ। ਵਧਦੀ ਉਮਰ ਹੈ ਜਾਂਦੀ, ਦਰਸ਼ਨ ਨਹੀਂ ਹੈ ਹੋਂਦਾ, ਬਿਰਹਾ ਨਵੇਂ ਨਵੇਂ ਹੀ ਕਰ ਕਰ ਕੇ ਵੇਸ ਆਏ। ਬਿਰਹਾ ਹੈ ਰੋਗ ਮੇਰਾ, ਤੇਰਾ ਦੀਦਾਰ ਦਾਰੂ, ਆ ਜਾ ਤਬੀਬ ਮੇਰੇ; ਬਿਤਦੀ ਵਰੇਸ ਜਾਏ। ਆ ਜਾ ਗੁਰੂ ਪਿਆਰੇ, ਅਪਣੇ ਬਿਰਦ ਕੇ ਸਦਕੇ, ਥੱਕੇ ਉਪਾਉ ਮੇਰੇ, ਮੇਰੀ ਨ ਪੇਸ਼ ਜਾਏ। ਤੇਰੀ ਮਿਹਰ ਤੇ ਬਖਸ਼ਿਸ਼, ਤੇਰੀ ਦਇਆ ਤੇ ਦਾਇਆ, ਤੇਰੀ ਕ੍ਰਿਪਾ ਦੇ ਬਾਝੋਂ,ਮੇਰਾ ਨ ਕਲੇਸ਼ ਜਾਏ।

ਇਸ ਤਰ੍ਹਾਂ ਵੈਰਾਗ ਕਰਦਿਆਂ ਨੈਣ-ਅੱਥਰੂ ਭਰਿਆਂ ਨੇ ਜਦ ਇਹ ਚਾਰ ਕਦਮ ਦਾ ਚੱਕ੍ਰ ਖਾਧਾ ਤਾਂ ਮਨਸੁਖ ਨੂੰ ਪਜਾਰੇ ਪ੍ਰੀਤਮ ਦੀ ਜੋਤਿ ਜਗਮਗ ਕਰਦੀ ਸਾਹਮਣੇ ਦਿੱਸੀ ! ਹੈਂ, ਇਹ ਕੀ ਹੈ? ਜਿੱਥੇ ਵੇਦਕ ਰਿਸ਼ੀ ਦੀ ਅੱਖ ਬਿਜਲੀ ਨੂੰ ਦੇਖਕੇ ਚੁੰਧਿਆਉਂਦੀ ਤੇ ਭੈ ਨਾਲ ਨਿਉਂਦੀ ਸੀ, ਉਸ ਪਵਿੱਤ੍ਰ ਕਿਨਾਰੇ ਤੇ ਪ੍ਰੇਮੀ ਦੀ ਅੱਖ ਦੈਵੀ ਤੇ ਇਲਾਹੀ ਪ੍ਰੀਤਮ ਨੂੰ ਦੇਖਕੇ ਚੁਧਿਆਉਂਦੀ ਤੇ ਪ੍ਰੇਮ ਨਾਲ ਨਿਉਂਦੀ ਰਸ ਭਰੀ ਜੀਭ ਨਾਲ ਆਖਦੀ ਹੈ-ਆਹ! ਨੈਣ ਤ੍ਰਾਸਿਓ ! ਆਹ! ਮੇਰੇ ਕਾਹਲਿਓ ਨੇਤ੍ਰੋ ! ਆਹ ! ਮੇਰੇ ਨੈਣ ਓਡਾਰੂਓ ! ਸੱਚ ਹੈ ? ਕੀ ਇਹ ਸੱਚ ਹੈ? ਪਰ ਪ੍ਰੇਮ ਦਾ ਇਕ ਹੋਰ ਬੁੱਲਾ

[1] ਇਹ ਤੇ ਇਸ ਤੋਂ ਅਗਲਾ ਸ਼ਬਦ ਰਾਗ ਗਉੜੀ ਪੂਰਬੀ ਛੰਤ ਮਹਲਾ ੧ ਵਿਚ ਹਨ।

ਉੱਠਦਾ ਹੈ ਅਰ ਇੰਨੀ ਸੁਧ ਭੀ ਨਹੀਂ ਰਹਿੰਦੀ। 'ਗੁਰੂ ਪਿਆਰੇ' ਦਾ ਕੁੱਠਾ ਪ੍ਰੇਮੀ ਚੱਕਰ ਖਾਂਦਾ ਨਸ਼ਈ ਵਾਂਗ ਲੜਖੜਾਉਂਦਾ ਉਨਮਨ ਦਸ਼ਾ ਵਿਚ ਢਹਿ ਪੈਂਦਾ ਹੈ ਅਰ ਉਸੇ ਪਲ ਵਿਚ ਪ੍ਰੇਮ ਦੀ ਖਿੱਚ ਵਿਚ ਪਸੀਜੇ ਤੇ ਦ੍ਰਵੇ ਹੋਏ ਪ੍ਰੇਮ ਪੁੰਜ ਜੀ ਉਸ ਨੂੰ ਗਲੇ ਲਾਉਂਦੇ ਹਨ ਤੇ ਸਿਰ ਗੋਦੀ ਵਿਚ ਰੱਖਕੇ ਪਿਆਰ ਦੇਂਦੇ ਹਨ।

"ਮਨਸੁਖ ! ਤੇਰੇ ਸਿਮਰਨ ਧਿਆਨ ਦੇ ਰੰਗ ਸਵਾਏ, ਉਠ ਪੁਰਖਾ ! ਤੂੰ ਧੰਨ ਹੋ ਗਿਆ। "

ਕੈਸਾ ਸੁਆਦਲਾ ਰਸ ਭਰਿਆ ਤੇ ਅਨੰਦੀ ਸਮਾਂ ਹੈ। ਪ੍ਰੀਤਮ ਦੀ ਗੋਦ ਵਿਚ ਸਿੱਕਾਂ ਸਿੱਕਣ ਵਾਲਾ ਸੀਸ ਹੈ, ਪ੍ਰੀਤਮ ਦੀ ਗੋਦ ਵਿਚ ਤਰਸਣ ਵਾਲੇ ਨੈਣ ਹਨ, ਪ੍ਰੀਤਮ ਦੀ ਗੋਦ ਵਿਚ ਬਿਰਹਾ ਕਰਨ ਵਾਲੀ ਰਸਨਾ ਹੈ, ਪ੍ਰੀਤਮ ਦੀ ਗੋਦ ਵਿਚ ਧਿਆਨ ਧਰਨ ਵਾਲਾ ਆਪਾ, ਸਿਮਰਨ ਵਾਲਾ ਮਨ ਹੈ ਅਰ ਪ੍ਰੀਤਮ ਜੀ ਦਾ ਇਕ ਹੱਥ ਸੀਸ ਪਰ ਹੈ ਤੇ ਦੂਜਾ ਹੱਥ ਡਾਢੇ ਪਿਆਰ ਨਾਲ ਪਿੱਠ ਤੇ ਫਿਰ ਰਿਹਾ ਹੈ। ਹੁਣ ਵੇਖੋ, ਪ੍ਰੀਤਮ ਤਾਂ ਆਪ ਪ੍ਰੇਮੀ ਹੋ ਰਿਹਾ ਹੈ, ਜਗਤਾਧਾਰ ਪ੍ਰੀਤਮ ਦੇ ਨੈਣਾਂ ਤੋਂ ਆਪ ਜਲ ਦੇ ਟੇਪੇ ਕਿਰ ਰਹੇ ਹਨ ਅਰ ਮਨਸੁਖ ਦੇ ਸੁਖੀ ਮਨ ਵਾਲੇ ਸੀਸ ਤੇ ਪੈ ਰਹੇ ਹਨ। ਪ੍ਰੇਮੀਆਂ ! ਤੂੰ ਧੰਨ ਹੈਂ, ਜਿਸ ਨੂੰ ਪਿਆਰੇ ਦੇ ਦਰਸਨ ਹੋ ਗਏ ਹਨ। ਜਿਸ ਦਰਸ਼ਨ ਨੂੰ ਜੋਗੀ ਜਨਮਾਂ ਸਾਧਨ ਕਰਦੇ ਹਨ, ਤੇਰੀ ਇਕ ਨਿਮਾਣੀ ਸਿੱਕ ਨੇ ਥੋੜੇ ਵਰ੍ਹੀਂ ਦਾਤ ਦੇ ਦਿਤੀ ਹੈ। ਪਾਸ ਬੈਠਾ ਮਰਦਾਨਾ, ਗ਼ਰੀਬ ਰਬਾਬੀ, ਪਰ ਸਤਿਗੁਰ ਦਾ ਨਿਵਾਜਿਆ ਨਿਮਾਣਾ ਸਿਖ ਉਸ ਦੇ ਚਰਨਾਂ ਵਲੋਂ ਧੂੜ ਮੱਥੇ ਨੂੰ ਲਾ ਲਾ ਕੇ ਨੈਣ ਭਰਦਾ ਤੇ ਜੀ ਹੀ ਜੀ ਵਿਚ ਵਿਚਾਰਦਾ ਹੈ:-ਸ਼ੁਕਰ ਹੈ, ਪਿਆਰ ਵਾਲਿਆਂ ਦੇ ਚਰਨਾਂ ਦੀ ਧੂੜ ਮੈਂ ਢਾਡੀ, ਡੂੰਮ ਤੇ ਮਿਰਾਸੀ ਨੂੰ ਮਿਲ ਰਹੀ ਹੈ। ਧੰਨ ਹੈ ਇਹ ਜੋ ਲੰਮੇ ਲੰਮੇ ਵਿਛੋੜਿਆਂ ਵਿਚ ਇਕ ਰਸ ਪ੍ਰੇਮੀ ਰਿਹਾ ਹੈ। ਮੈਂ ਤਾਂ ਦਿਨ ਰਾਤ ਸੰਜੋਗਾਂ ਵਿਚ ਰਹਿ ਰਹਿਕੇ ਡੋਲਿਆ ਹਾਂ, ਇਹ ਧੰਨ ਹੈ ਜੋ ਬਿਰਹੋਂ ਵਿਚ ਉਸੇ ਤਾਰ, ਸਗੋਂ ਸੱਤ ਸਵਾਇਆ ਪ੍ਰੇਮੀ ਰਿਹਾ ਹੈ। ਮਨਸੁਖ ! ਤੂੰ ਧੰਨ ਹੈਂ ! ਤੇਰੀ ਧੂੜ ਤਾਰਨਹਾਰ ਹੈ!

ਐਉਂ ਪ੍ਰੇਮ ਦੇ ਰੰਗ ਵਿਚ ਸੂਰਜ ਚੜ੍ਹ ਆਇਆ, ਮਿੱਠੀਆਂ ਮਿੱਠੀਆਂ ਸੁਖ ਦੀਆਂ ਕਿਰਨਾਂ ਪ੍ਰੇਮ-ਪੁੰਜ ਦੇ ਚਿਹਰੇ ਤੇ ਪਈਆਂ ਤਾਂ ਪ੍ਰੇਮੀ ਨੂੰ ਕਹਿਣ ਲਗੇ-'ਪੁਰਖਾ ! ਸਾਵਧਾਨ ਹੋ ਤੇ ਪਜ਼ਾਰੇ ਦੇ ਰੰਗ ਵਿਚ ਤ੍ਰਿਬੁਡ ਰਹੁ।' ਹੁਣ ਮਨਸੁਖ ਨੂੰ ਹੋਸ਼ ਆਈ, ਚਿਹਰਾ ਲਾਲ ਹੋ ਰਿਹਾ ਹੈ, ਅੱਖਾਂ ਹਿਤ ਦੇ ਨਸ਼ੇ ਨਾਲ ਭਰਪੂਰ ਹਨ ਤੇ ਅੰਦਰੋਂ ਅੰਗ ਅੰਗ ਗਦ ਗਦ ਹੋ ਰਿਹਾ ਹੈ।

ਪਲ ਹੋਰ ਗੁਜ਼ਰੀ। ਜਦ ਸੁਰਤ ਰੱਜ ਚੁੱਕੀ ਤਾ ਨੈਣਾਂ ਨੇ ਬਾਰ ਬਾਰ ਤਕ ਕੇ ਝੁਕ ਝੁਕ ਕੇ ਰਸ ਪਾਇਆ ਜਦ 'ਨੈਨ ਰਹੇ ਰੰਗ ਲਾਈ' ਤਦ ਜੀਭ ਨੇ ਸ਼ੁਕਰ ਅਲਾਪਿਆ :-

> ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ
> ਆਇਆ ॥ ਮਿਲਿ ਵਰੁ ਨਾਰੀ ਮੰਗਲੁ
> ਗਾਇਆ ॥ ਗੁਣ ਗਾਇ ਮੰਗਲੁ ਪ੍ਰੇਮਿ
> ਰਹਸੀ ਮੁੰਧ ਮਨਿ ਓਮਾਹਓ ॥ ਸਾਜਨ
> ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ
> ਲਾਹਓ ॥ ਕਰ ਜੋੜਿ ਸਾ ਧਨ ਕਰੈ
> ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥
> ਨਾਨਕ ਪਿਰੁ ਧਨ ਕਰਹਿ ਰਲੀਆ ਇਛ
> ਮੇਰੀ ਪੁੰਨੀਆ ॥ ੪ ॥ ੧ ॥[੧]

ਇਸ ਸ਼ੁਕਰ ਭਰੇ ਆਲਾਪ ਦੇ ਨਾਲ ਮਰਦਾਨੇ ਦਾ ਰਬਾਬ ਤੇ ਮਰਦਾਨੇ ਦਾ ਦੈਵੀ ਗਲਾ ਬੀ ਸ਼ਾਮਲ ਸਨ। ਰਾਵੀ ਦਾ ਕਿਨਾਰਾ ਪ੍ਰੇਮ ਦਾ ਮੰਦਰ ਬਣ ਰਿਹਾ ਸੀ।

ਸੂਰਜ ਹੁਣ ਵੱਡਾ ਹੋ ਆਇਆ, ਮਨਸੁਖ ਬੜੇ ਪ੍ਰੇਮ ਨਾਲ ਸ੍ਰੀ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਜਿਥੇ ਪਹੁੰਚਦੇ ਹੀ ਲਾਹੌਰ ਵਰਗੇ ਸ਼ਹਿਰ ਦੇ ਇਰਦ ਗਿਰਦ ਨਿਜ ਦੇ ਪ੍ਰੇਮੀਆਂ ਨੂੰ ਖ਼ਬਰ ਪਹੁੰਚ ਗਈ। 'ਗੁਰ ਨਾਨਕ ਆਇਆ' ਸੁਣ ਸੁਣਕੇ ਸਾਰੇ ਆ ਜੁੜੇ। ਪ੍ਰੇਮ ਤੇ ਵਿਸਮਾਦ ਦੀ ਗੁਲਜ਼ਾਰ ਖਿੜ ਪਈ। ਦੋ ਦਿਨ ਅਚਰਜ ਰੰਗ ਮੇਲੇ ਹੁੰਦੇ ਰਹੇ, ਫੇਰ ਸਤਿਗੁਰੂ ਜੀ ਅੱਗੇ ਟੁਰ ਪਏ।

---

[੧] ਇਹ ਸ਼ਬਦ ਗਉੜੀ ਪੂਰਬੀ ਛੰਤ ਮਹਲਾ ੧ ਵਿਚ ਹੈ। (ਪੰਨਾ-੨੪੨)

## ੫.ਤਲਵੰਡੀ

**ਸਨੇ** ਸਨੇ ਚਲਦੇ, ਉਪਦੇਸ਼ ਨਾਲ ਜਗਾਉਂਦੇ ਤੇ ਮਿਹਰਾਂ ਨਾਲ ਤਾਰਦੇ ਆਪਣੀ ਅਵਤਾਰ ਭੂਮੀ ਤਲਵੰਡੀ ਆਏ। ਸ਼ਹਿਰੋਂ ਬਾਹਰ ਦੋ ਕੋਹ ਤੇ ਇਕ ਖੂਹ ਸੀ, ਉਥੇ ਬੈਠ ਗਏ। ਦੋ ਕੁ ਘੜੀਆਂ ਮਗਰੋਂ ਮਰਦਾਨੇ ਨੇ ਕਿਹਾ: 'ਹੇ ਜਗਨ ਨਾਥ ਜੀ! ਆਗਜਾ ਹੋਵੇ ਤਾ ਮੈਂ ਟੱਬਰ ਟੋਰ ਨੂੰ ਮਿਲ ਆਵਾਂ, ਦੇਖਾਂ ਕੋਈ ਜੀਉਂਦਾ ਬਾਕੀ ਹੈ?' ਤਦੋਂ ਦਾਸਾਂ ਦੇ ਕਾਰਜ ਸਵਾਰਨਹਾਰ ਸਤਿਗੁਰੂ ਜੀ ਹੱਸ ਪਏ।

> ਸੁਨ ਕਰ ਬਿਗਸੇ ਕ੍ਰਿਪਾ ਨਿਕੇਤਾ। ਬੋਲੇ ਹਰਖ ਦੇਨ ਕੇ ਹੇਤਾ। 'ਜੇ ਤੇਰੇ ਸਨਬੰਧੀ ਮਰਹੈਂ। ਅਵਰ ਕਾਜ ਹਮ ਜਗ ਕਸ ਕਰਿਹੈਂ? ਹਮ ਹੋਵਤ ਨਹਿਂ ਚਿੰਤਾ ਕਰੀਏ। ਨਿਕਟ ਨ ਜਮ ਕੋ ਤ੍ਰਾਸ ਬਿਚਰੀਏ। ਜੇ ਅਬ ਤੋ ਮਨ ਐਸੀ ਆਈ। ਮਿਲਹੁ ਕੁਟੰਬ ਸਰਬ ਕੋ ਜਾਈ!'
>
> {ਗੁਰ ਨਾਨਕ ਪ੍ਰਕਾਸ਼}

ਇਹ ਸੁਣਕੇ ਮਰਦਾਨਾ ਗਿਆ। ਸਤਿਗੁਰ ਨੇ ਜਾਂਦਿਆਂ ਇਹ ਬੀ ਤਾਕੀਦ ਕਰ ਦਿੱਤੀ ਕਿ ਮੁੜਕੇ ਛੇਤੀ ਆਵੀਂ, ਪਰ ਸਾਡੇ ਘਰ ਸਾਡੇ ਆਉਣੇ ਦੀ ਖ਼ਬਰ ਨਾ ਕਰੀਂ।

ਉਮਰਾ ਇਕ ਢਲਦਾ ਪਰਛਾਵਾਂ ਹੈ। ਜਦੋਂ ਜੁਆਨੀ ਹੈ ਆਸਾਂ ਤੇ ਉਮੰਗਾਂ ਹੋਰ ਹੁੰਦੀਆਂ ਹਨ, ਪਰ ਜਦੋਂ ਉਮਰਾ ਢਾਲੇ ਪਈ ਆਸਾਂ ਉਮੰਗਾਂ ਬੀ ਢਾਲੇ ਪੈ ਜਾਂਦੀਆਂ ਹਨ। ਤ੍ਰਿਸ਼ਨਾਂ ਭਾਵੇਂ ਨਹੀਂ ਘਟਦੀ ਪਰ ਉਮੰਗਾਂ ਤੇ ਉਤਸ਼ਾਹ ਸਿਆਲੇ ਦੀਆਂ ਨਦੀਆਂ ਤਲਾਵਾਂ ਵਾਂਙੂ ਲਹਾ ਵਿਚ ਆ ਜਾਂਦੇ ਹਨ। ਇਸ ਉਮਰੇ ਜੇ ਕੋਈ ਸੱਲ ਯਾ ਬਿਰਹੋਂ ਦਾ ਤੀਰ ਕਲੇਜੇ ਲੱਗੇ ਤਾਂ ਅਚਰਜ ਨਿਰਾਸਾ ਭਰੀ ਦਸ਼ਾ ਹੋ ਜਾਂਦੀ ਹੈ। ਹਾਂ, ਇਕ ਸੁਭਾਗ ਬ੍ਰਿਧ ਮਾਤਾ ਹੈ ਜਿਸ ਨੂੰ ਇਕ ਪਾਸੇ ਪਿਆਰੇ ਦੇ ਮੇਲ ਦੀ ਸਿੱਕ ਖਾਂਦੀ ਹੈ, ਦੂਏ ਪਾਸੇ ਆਪਣੀ ਮੌਤ ਦਾ ਖਿਆਲ ਟੋਟੇ ਦੇਂਦਾ ਹੈ। ਕੀ ਜਾਣੀਏਂ ਕਿਸ ਵੇਲੇ ਸੱਦਾ ਆ ਜਾਵੇ ਤੇ ਬਿਨਾਂ ਮਿਲੇ ਹੀ ਟੁਰ ਪਈਏ। ਜਿਉਂ ਜਿਉਂ ਖੜ ਪੁਜਦੀ ਹੈ, ਤਿਉਂ ਤਿਉਂ ਪ੍ਰੇਮ ਦੇ ਸੱਲੇ ਮਨ ਵਿਯੋਗ ਤੇ ਬਿਰਹੋਂ ਵਿਚ ਪੀੜਤ ਹੁੰਦੇ ਹਨ। ਫੇਰ ਉਹ ਮਾਤਾ, ਜਿਸ ਦਾ ਇਕੋ ਇਕ ਪੁੱਤ ਹੋਵੇ, ਸਿੱਕਾਂ ਨਾਲ ਲਿਆ ਹੋਵੇ, ਵਰ੍ਹਿਆਂ ਬੱਧੀ ਮੁਹਾੜਾਂ ਨਾ ਮੋੜੇ ਤੇ ਮਾਂ ਦੀ ਬ੍ਰਿਧ ਅਵਸਥਾ ਹੋ ਗਈ ਹੋਵੇ, ਉਸ ਮਾਂ ਦਾ ਹੀ ਜੀ ਜਾਣਦਾ ਹੈ ਕਿ ਮਮਤਾ ਕੀ ਸ਼ੈ ਹੈ, ਮੋਹ ਦੀ ਤੋੜ ਕੀ ਹੈ ਤੇ ਪੁੱਤ ਦਾ ਵਿਛੋੜਾ ਕਿਸ ਦਾ ਨਾਉਂ ਹੈ?

ਆਓ ਦੇਖੀਏ, ਇਕ ਤ੍ਰਿਪਤਾ ਨਾਉਂ ਦੀ ਸੁਭਾਗ ਮਾਤਾ ਹੈ। ਇਹ ਵਰਿਹਾਂ ਤੋਂ ਪੁੱਤ ਨੂੰ ਘਰਬਾਰੀ ਤੇ ਸੁਖੀ ਵੱਸਦਾ, ਪਰਵਾਰ ਵਿਚ ਨਾਮਣਾਂ ਖੱਟਦਾ, ਵੱਡਿਆਂ ਦੀ ਜ਼ਾਹਰੀ ਸੇਵਾ ਕਰਦਾ ਤੇ ਬਰਾਦਰੀ ਵਿਚ ਉੱਚਾ ਮੋਢਾ ਕਰਕੇ ਟੁਰਦਾ ਵੇਖਣ ਨੂੰ ਲੋਹਂਦੀ ਲੋਹਂਦੀ ਬਿਰਧ ਹੋ ਗਈ ਹੈ। ਇਸ ਨੇ-ਆਪਣੀ ਚਾਹ ਮੁਜਬ ਪੁੱਤ ਨੂੰ ਫਲਦਾ ਫੁੱਲਦਾ ਵੇਖਕੇ ਤ੍ਰਿਪਤੀ ਨਹੀਂ ਪਾਈ ! ਪੁੱਤ੍ਰ-ਪ੍ਰੇਮ ਕਰਕੇ ਅਤ੍ਰਿਪਤ ਮਾਤਾ ਤ੍ਰਿਪਤਾ, ਉਂਵ ਭਾਵੇਂ ਜਗਤ ਨੂੰ ਤ੍ਰਿਪਤ ਕਰਨਹਾਰੇ ਦੀ ਮਾਤਾ ਹੈ, ਜਿਉਂ ਜਿਉਂ ਬਿਰਧ ਹੁੰਦੀ ਹੈ ਰੋਂਦੀ ਹੈ ਤੇ ਹੁਣ ਤਾਂ ਇੰਨਾ ਹੀ ਹਾਹੁਕਾ ਲੈਂਦੀ ਹੈ ਕਿ ਇਕ ਵੇਰ ਸਦਾ ਲਈ ਮਿਟ ਜਾਣ ਵਾਲੇ ਨੇਤ੍ਰਾਂ ਦੇ ਅਖੀਰਲੇ ਮੀਟੇ ਜਾਣ ਤੋਂ ਪਹਿਲਾਂ ਪੁੱਤ ਨੂੰ ਤ੍ਰਿਪਤ ਹੋਕੇ ਵੇਖ ਲਵਾਂ ਪਰ ਪੁੱਤ ਦੀ ਕੋਈ ਸੋਇ ਸੁੰਧਕ ਨਹੀ ਮਿਲਦੀ। ਕਈ ਸਿਆਲ ਕਈ ਹੁਨਾਲ ਆਏ ਤੇ ਬੀਤ ਗਏ। ਪਰ ਪੁੱਤ ਦੇ ਘਰ ਆਏ ਬਿਨਾਂ ਹੀ ਲੰਘ ਗਏ। ਇੱਕ ਪਾਸੇ ਆਸ ਤੇ ਸਿੱਕ ਅਰ ਦੂਏ ਪਾਸੇ ਨਿਰਾਸਾ ਤੇ ਹਾਹੁਕਾ ਹੈ। ਘਰ ਬੈਠਦੀ ਹੈ, ਅਕਾਸ਼ ਵੱਲ ਤੱਕਦੀ ਹੈ, ਕਦੇ ਕਦੇ ਕੰਨ ਲਾਕੇ ਸੁਣਦੀ ਹੈ ਕਿ ਕਿਧਰੋਂ ਅਵਾਜ਼ ਕੰਨੀ ਪੈ ਜਾਏ। ਰੋਂਦੀ ਹੈ ਤੇ ਆਖਦੀ ਹੈ "ਬਿਧਨਾਂ! ਹੇ ਕਠੋਰ ਬਿਧਨਾਂ! ਕਦੇ ਰੱਜਕੇ ਪੁੱਤ ਦੇ ਦਰਸ਼ਨ ਨਾ ਹੋਏ, ਪੁੱਤ ਦਿੱਤਾ ਜਗਤ ਤੋਂ ਸੁਹਣਾ ਤੇ ਚੰਗਿਆਂ ਤੋਂ ਚੰਗੇਰਾ, ਪਰ ਮੇਰਾ ਭਾਗ ਐਸਾ ਮੰਦੇਰਾ ਕੀਤਾ ਕਿ ਕਦੇ ਰੱਜਕੇ ਪੁੱਤ ਦਾ ਮੱਥਾ ਵੀ ਨਾ ਦੇਖਿਆ, ਪੁੱਤ ਫਕੀਰੀ ਵਿਚ ਭੰਨਾਂ ਫਿਰਿਆ ਤੇ ਮਾਂ ਹਾਹੁਕੇ ਲੈਂਦੀ ਫਿਰੀ। ਕਾਲਿਆਂ ਦੇ ਧੌਲੇ ਤੇ ਧੌਲਿਆਂ ਦੇ ਪੀਲੇ ਹੋਣ ਨੂੰ ਆਏ। ਸਪੁੱਤ੍ਰੀ ਹੋਕੇ, ਸੌਤ੍ਰੀ ਹੋਕੇ; ਮੈਂ ਆਹਾਂ ਮਾਰਦੀ ਹਾਂ, ਹੇ ਬਿਧਨਾਂ! ਕਿਉਂ ਕਠੋਰਤਾ ਧਾਰੀ ਹੈ?" ਇਸ ਤਰ੍ਹਾਂ ਮਾਈ ਵਿਚਾਰਾਂ ਕਰਦੀ ਵਿਹੜੇ ਵਿਚ ਬੈਠੀ ਹੈ ਕਿ ਕਿਸੇ ਗੁਆਂਢਨ ਨੇ ਆਕੇ ਆਖਿਆ: "ਲੈ ਨੀ ਬੇਬੇ ਤ੍ਰਿਪਤਾ! ਤੇਰੇ ਪੁੱਤ ਦਾ

ਮਰਾਸੀ ਯਾਰ ਘਰ ਆਇਆ ਹਈ॥"

ਆਹ! 'ਮਰਦਾਨਾ?' ਕਹਿਕੇ ਮਾਂ ਦੀਆਂ ਅੱਖਾਂ ਅੱਥਰੂ ਤਿਰ ਆਈਆਂ, ਹੰਭਲਾ ਮਾਰ ਕੇ ਉੱਠੀ, ਮੁੜ੍ਹਕਾ ਮੁੜ੍ਹਕਾ ਹੁੰਦੀ ਕਹਿੰਦੀਏ:-ਜਾਵੀਂ ਨੀ ਵੀਰ ਜੀਨੀਂ! ਮੈਂ ਸਦਕੇ! ਉਹਨੂੰ ਮੇਰੇ ਕੋਲ ਸੱਦ ਲਿਆ। ਮਾਂ ਸਦਕੇ ਨੀ ਭੱਜਕੇ ਜਾਵੀਂ!

ਗੁਆਂਢਣ ਤਾਂ ਮਰਦਾਨੇ ਵੱਲ ਭੱਜੀ ਤੇ ਉਤਾਵਲੀ ਮਾਂ ਆਪ ਵੀ ਮਗਰੇ ਉਠ ਟੁਰੀ, ਅਜੇ ਡੇਉਢੀ ਕਦਮ ਹੀ ਧਰਦੀ ਸੀ ਕਿ ਮਰਦਾਨਾ ਆ ਗਿਆ। ਮਮਤਾ ਮਾਰੀ ਮਾਤਾ ਨੇ-

ਜਬ ਆਵਤ ਦੇਖਯੋ ਮਰਦਾਨਾ। ਗਲ ਸੋਂ
ਲਾ ਵਿਰਾਗ ਬਹੁ ਠਾਨਾ। ਭਯੋ ਮੋਹ
ਸਰਿਤਾ ਸੁ ਪ੍ਰਵਾਹਾ। ਧੀਰਜ ਸਿਕਤਾ
ਸੇਤ ਨਸਾਹਾ। ...
ਸ੍ਰੀ ਨਾਨਕ ਕੋ ਭਾ ਅਨੁਰਾਗਾ॥ ਕੀਨੋ
ਜਨਨੀ ਬਹੁ ਬੈਰਾਗਾ ॥

{ਗੁ: ਨਾ:ਪ੍ਰ:}

ਕਿੰਨਾਂ ਚਿਰ ਵੈਰਾਗ ਕਰਕੇ ਮਾਤਾ ਨੇ ਅਪਣੇ ਪੁੱਤ ਦੇ ਬੇਲੀ ਤੋਂ ਪੁੱਤ ਦੀ ਸੁਖਸਾਂਦ ਪੁੱਛੀ। ਮਰਦਾਨਾ ਚੁੱਪ ਕਰਕੇ ਸੁਣ ਰਿਹਾ ਸੀ, ਪਰ ਮਾਤਾ ਅਪਣੇ ਵੇਗ ਵਿਚ ਵੈਰਾਗ ਕਰਦੀ ਸੀ:-

ਨਿਸ ਦਿਨ ਕਰਤਯੋ ਰੁਦਨ ਬਿਤਾਊਂ।
ਕਰ ਉਰ ਯਾਦ ਬੈਠ ਪਛੁਤਾਊਂ।
ਬਿਧ ਨੇ ਇਕ ਸੁਤ ਦੀਨੋ ਮੋਹੀ।
ਨਹਿ ਸਮੀਪ ਕਬ ਰਾਖਯੋ ਓਹੀ।

{ਗੁ: ਨਾ: ਪ੍ਰ:

ਇੰਨੇ ਨੂੰ ਆਂਢੀ ਗੁਆਂਢੀ 'ਮਰਦਾਨਾ ਆਯਾ' ਸੁਣਕੇ ਤ੍ਰਿਪਤਾ ਜੀ ਦੇ ਘਰ ਆ ਗਏ। ਮਰਦਾਨੇ ਨੂੰ ਪੁੱਛਦੇ ਹਨ, ਪਰ ਉਸ ਗ਼ਰੀਬ ਨੂੰ ਸਤਿਗੁਰ ਦੀ ਆਗਜਾ ਪਤਾ ਨਾ ਦੱਸਣੇ ਦੀ ਸੀ। ਉਹ ਡਰਦਾ ਹੈ, ਇਧਰ ਪ੍ਰੇਮ ਦੇ ਵੇਗ ਵੇਖਦਾ ਹੈ, ਜੀ ਹੀ ਜੀ ਵਿਚ ਰੋਂਦਾ ਹੈ ਕਿ ਮੈਂ ਕਿਨ੍ਹਾਂ ਸਿਕਦਿਆਂ ਨੇਤ੍ਰਾਂ ਦੇ ਅੱਗੇ ਬੁੱਲ੍ਹ ਮੀਟੀ ਬੈਠਾ ਹਾਂ, ਪਰ ਉਸ ਦੀ ਸਦਾ ਗਾਉਂਦੀ ਜੀਭ ਨੇ ਇਸ ਵੇਲੇ ਚੁੱਪ ਵਿਚ ਹੀ ਆਪਣੇ ਅੰਦਰਲੇ 'ਪ੍ਰੇਮ ਰਾਗ' ਦਾ ਅਲਾਪ ਹੁੰਦਾ ਸਮਝਿਆ। ਚਾਰ ਘੜੀ ਮਾਤਾ ਜੀ ਪਾਸ ਬੈਠਾ ਰਿਹਾ, ਮਾਤਾ ਜੀ ਕਈ ਵੇਰ ਬੇਸੁੱਧ ਹੋ ਗਏ, ਪਰ ਮਰਦਾਨਾ ਕਾਲਜੇ ਤੇ ਪੱਥਰ ਧਰਕੇ ਅਪਣੇ ਚੋਜੀ ਪ੍ਰੀਤਮ ਦੇ ਰੰਗਾਂ ਵਿਚ ਇਕ ਹੋਰ ਰੰਗ ਦੇਖਦਾ, ਬੇਮਲੂਮ ਹਾਹੁਕੇ ਭਰਦਾ, ਮਾਤਾ ਜੀ ਨੂੰ ਦਿਲਬਰੀਆਂ ਦੇਂਦਾ ਉਠ ਟੁਰਿਆ। ਹੁਣ ਮਾਤਾ ਦੇ ਕਲੇਜੇ ਤੀਰ ਵੱਜਾ। ਨਿਰਾਸਾ ਨੇ ਉਦਾਸੀ ਨੂੰ ਵਧਾਇਆ, ਪਰ ਇਸ ਉਦਾਸੀ ਵਿਚ ਇਕ ਸੋਚ ਆਈ ਕਿ ਕੀਹ ਜਾਣੀਏਂ ਬੱਚਾ ਸਾਧੂ ਹੈ ਇਸ ਕਰਕੇ ਘਰਾਂ ਵਿਚ ਨਾ ਆਇਆ ਹੋਵੇ, ਕਿਤੇ ਨਵੇਕਲੇ ਥਾਂ ਬੈਠਾ ਹੋਵੇ, ਮੈਂ ਮਰਦਾਨੇ ਦੇ ਮਗਰੇ ਮਗਰ ਤਾਂ ਜਾਕੇ ਵੇਖਾਂ।

ਇਸ ਬਿਧਿ ਮਾਤਾ ਮਨ ਗੁਨਤਿ, ਮਧੁਰ
ਅਸਲ ਲੇ ਓਲ[1]। ਤੂਰਨ ਗਵਨੀ ਧਾਇ
ਕਰ, ਲੀਨੇ ਰੁਚਿਰ ਨਿਚੋਲ[2]।
ਮਿਲੀ ਗੈਲ ਮੈਂ ਜਹਿਂ ਮਰਦਾਨਾ। ਆਤੁਰ
ਹ੍ਵੈ ਕਰਿ ਬਚਨ ਬਖਾਨਾ:-
'ਸੁਤ ਨਾਨਕ ਸੋਂ ਮੇਲਹੁ ਮੋਕੋ। ਸੁਧੁ
ਮਰਦਾਨੇ ਹੈ ਕਹ ਤੋਕੋ। ਬਹੁਤ ਬਰਖ ਤੇ
ਦੇਖਯੋ ਨਾਂਹੀ। ਮੋਹ ਬਢਯੋ ਅਤਿਸ਼ੈ ਮਨ
ਮਾਂਹੀ'। ਸੁਨ ਮਰਦਾਨੇ ਤੁਸ਼ਨ[3] ਕੀਨੰ।
ਗੁਰ ਭੈ ਲਖਯੋ, ਨ ਉੱਤਰ ਦੀਨੰ॥

ਮਾਤਾ ਜੀ ਹੁਣ ਪ੍ਰੇਮ ਵਿਚ ਅਤਿ ਅਕੁਲਾਏ, ਪ੍ਰਸ਼ਾਦ ਲਈ ਮਰਦਾਨੇ ਦੇ ਮਗਰੇ ਮਗਰ ਹਾਹੁਕੇ ਭਰਦੇ, ਧਰਤੀ ਨੂੰ ਅਪਣੇ ਨੈਣ-ਜਲ ਨਾਲ ਪਵਿਤ੍ਰ ਕਰਦੇ, ਟੁਰੇ ਜਾ ਰਹੇ ਹਨ। ਉਮਰਾ ਭਰ ਇਸ ਮਾਨ ਵਿਚ ਰਹੇ ਕਿ 'ਨਾਨਕ' ਪੁੱਤ ਹੈ ਤੇ ਮੈਂ ਮਾਂ ਹਾਂ, ਅੱਜ ਕਰਤਾਰ ਨੇ ਕੀਹ ਰੰਗ ਬਣਾਇਆ ਹੈ? ਵਰਿਹਾਂ ਦੇ ਬਿਰਹੋਂ ਨੇ ਮੋਹ ਦੀ ਅੱਗ ਤਿੱਖੀ ਕਰ ਕਰਕੇ ਪ੍ਰੇਮ ਦੇ ਕਿੰਗਰੇ ਪੁਚਾ ਦਿੱਤੀ ਹੈ, ਹੱਥ ਵਿਚ ਪ੍ਰਸ਼ਾਦ ਹੈ ਤੇ ਪੁੱਤ ਨੂੰ, ਹਾਂ ਪੁੱਤ ਸਤਿਗੁਰ ਨੂੰ ਢੂੰਡਣ ਜਾ ਰਹੀ ਹੈ। ਪ੍ਰੇਮ ਦੀ ਤ੍ਰਿਖਾ ਉਸ ਅਣੀ ਤੇ ਅੱਜ ਜਾ ਰਹੀ ਹੈ. ਜਿੱਥੇ ਨਾਮ ਦੀ ਕਣੀ ਜਾਕੇ ਅੜ ਖਾ ਜਾਂਦੀ ਹੈ। ਮਾਤਾ, ਪੁੱਤ ਨੂੰ ਹੀ ਮਿਲਣ ਜਾ ਰਹੀ ਹੈ, ਪਰ ਚਿਤ ਦੀ ਗਤੀ ਅਨਜਾਣੇ ਪ੍ਰੇਮ ਦੀ-ਅਸਲੀ ਆਤਮ ਪ੍ਰੇਮ ਦੀ-ਤਾਰ ਵਾਲੀ ਹੁੰਦੀ ਜਾ ਰਹੀ ਹੈ।

ਜਦ ਮਰਦਾਨਾ ਖੂਹ ਤੇ ਪਹੁੰਚਾ, ਤਾਂ ਮਾਤਾ ਦੇ ਤ੍ਰਾਸੇ ਤੇ ਸਿੱਕਾਂ ਨਾਲ ਭਰੇ ਨੇਤ੍ਰਾਂ ਵਿਚ ਪਿਆਰੇ

[1] ਝੋਲੀ ਵਿਚ। [2] ਚੋਲਾ, ਬਸਤ੍ਰ
[3] ਚੁੱਪ

ਪੁੱਤ੍ਰ ਦੀ ਮੋਹਿਨੀ ਮੂਰਤ ਆ ਪਈ, ਧਾ ਕੇ ਭੱਜੀ ਪਰ ਉਸ ਪਿਆਰਾਂ ਤੇ ਸਤਿਕਾਰਾਂ ਵਾਲੇ ਸਾਂਈਂ ਨੇ ਉੱਠਕੇ ਮਾਤਾ ਜੀ ਦੇ ਚਰਨਾਂ ਤੇ ਬੰਦਨਾਂ ਕੀਤੀ, ਲੁਹੰਦੀ ਮਾਂ ਨੇ ਪੁੱਤ ਨੂੰ ਗਲੇ ਲਾਕੇ ਘੁੱਟ ਲਿਆ। ਰੋਂਦੀ ਨੇ ਨੈਂ ਵਹਾ ਦਿਤੀ, ਤਰਸਦੀ ਮਾਤਾ ਨੂੰ ਇਨ੍ਹਾਂ ਦਰਸ਼ਨਾਂ ਤੇ ਮੇਲ ਦੀ ਸਿੱਕ ਨੂੰ, ਕੌਣ ਵਰਣਨ ਕਰੇ? ਕਵਿ ਸੰਤੋਖ ਸਿੰਘ ਜੀ ਲਿਖਦੇ ਹਨ-

> ਕੌਰੀ[1] ਭਰਿ ਨਾਨਕ ਜੋ ਜਨਨੀ। ਰੋਦਨ ਕਰਤ ਨ ਜਾਈ ਗਨਨੀ। ਚਲਯੋ ਬਿਲੋਚਨ ਤੇ ਬਹੁ ਨੀਰੰ। ਸੁਤ ਬਿਰਹਾਨਲ ਜਨੁ ਕਰਿ ਸੀਰੰ[2]। ਅੱਸ਼ੂ ਪਾਤ ਸੋਂ ਬਸਤ੍ਰ ਭਿਗੋਏ। ਜੋ ਦੇਖਤ ਸੋ ਗਦਗਦ ਹੋਏ। ਕੌਰੀ ਤੇ ਸੁਤ ਕੋ ਨਹਿ ਤਜਈ। ਅਧਿਕ ਬਿਰਹ ਤੇ ਮਿਲਤ ਨ ਰਜਈ। ਬਦਨ ਬਿਲੋਕਤ ਸੁੰਘਤ ਮਾਥਾ। ਕਰਤ ਨੇਹ ਸਿਰ ਫੇਰਤ ਹਾਥਾ। ਹੁਤੀ ਬ੍ਰਿਧ ਬਲ ਤੇ ਤਨ ਹੀਨਾ। ਪੁਨ ਸਮੀਪ ਬੈਸੀ ਸੁਖ ਲੀਨਾ।

ਇੰਨੇ ਚਿਰ ਨੂੰ ਸਾਰੀ ਤਲਵੰਡੀ ਵਿਚ ਇਹ ਖ਼ਬਰ ਫੈਲ ਗਈ ਕਿ ਗੁਰ ਨਾਨਕ ਦੇਵ ਆਇਆ ਹੈ ਤੇ ਬਾਹਰ ਖੂਹ ਤੇ ਬੈਠਾ ਹੈ। ਬਾਬਾ ਕਾਲੂ, ਬ੍ਰਿਧ ਬਾਬਾ ਕਾਲੂ, ਮੇਰੇ ਪਿਆਰੇ ਗੁਰ ਨਾਨਕ ਨੂੰ ਕਦੇ ਗੁੱਸੇ ਹੋਣ ਵਾਲਾ ਬਾਬਾ ਕਾਲੂ ਬੀ ਸੁਣਕੇ ਘੋੜੀ ਚੜ੍ਹਕੇ ਆਯਾ। ਹੁਣ ਵਿਛੋੜੇ ਨੇ ਕਦਰ ਪਾ ਦਿੱਤੀ ਹੈ, ਹੁਣ ਲੰਮੇ ਬਿਰਹੋਂ ਨੇ ਦਸ ਦਿੱਤਾ ਹੈ ਕਿ ਉਹ ਚੰਦ੍ਰ ਮੁਖ, ਜਿਸ ਨਾਲੋਂ ਵੀਹ ਰੁਪਯੇ ਪਿਆਰੇ ਕੀਤੇ ਸਨ, ਲੱਖੀਂ ਤੇ ਕਰੋੜੀਂ ਨਹੀਂ ਲੱਭ ਸਕਦਾ। ਹੁਣ ਜੁਦਾਈਆਂ ਦੀਆਂ ਪੀੜਾਂ ਨੇ ਮੱਤ ਦੇ ਦਿਤੀ ਹੈ ਕਿ ਉਹ ਕਮਲ ਨੈਣ ਸੁੰਦਰ ਬਦਨ ਜੀਵਨ ਦਿੱਤਿਆਂ ਬੀ ਮਿਲੇ ਤਾਂ ਸਸਤਾ ਹੈ। ਹਾਂ ਬਾਬੇ ਕਾਲੂ ਦੇ ਹਿਰਦੇ ਨੂੰ ਬੀ ਬਿਰਹੋਂ ਸੁਲਤਾਨ ਨੇ ਕੁਛ ਵਿੰਨ੍ਹ ਘੱਤਿਆ ਹੈ, 'ਕਿਵੇਂ ਕਾਹਲੀ ਪਹੁੰਚਾਂ ਤੇ ਚੰਦ੍ਰ ਮੁਖੜਾ ਤੱਕਾਂ' ਸੋਚਦਾ ਬਾਬਾ ਕਾਲੂ ਘੋੜੀ ਤੇ ਚੜ੍ਹਕੇ ਸਰਪੱਟ ਨਠਾਕੇ ਪਹੁੰਚਾ। ਓਹ ਜਗਤ ਦੇ ਪਿਤਾ, ਮਰਿਯਾਦਾ ਦੇ ਪੂਰੇ ਆਪਣੇ ਪਿਤਾ ਦੇ ਚਰਨਾਂ ਤੇ ਢਹਿਣ ਨੂੰ ਉਠੇ, ਪਰ ਵਿਛੋੜੇ ਦੇ ਤਾਉ ਨਾਲ ਸ਼ੁੱਧ ਹੋ ਰਹੇ ਪਿਤਾ ਨੇ ਧਾ ਕੇ ਗਲੇ ਲਾਯਾ ਅਰ ਐਉਂ ਪਿਆਰ ਕੀਤਾ:-

> ਜਨੁ ਬਹੁ ਭੂਖੇ ਮਿਲਯੋ ਅਹਾਰਾ। ਮਰਤਯੋ ਪਯਾਸੇ ਪਾਯੋ ਬਾਰਾ[1]। ਨੀਰ ਬਿਮੋਚਤ ਲੋਚਨ ਦਰ ਤੇ। ਗਦਗਦ ਬੋਕਯੋ ਜਾਇ ਨਗਰ ਤੇ।

ਕੁਛ ਚਿਰ ਮਗਰੋਂ ਸਾਰੇ ਸਨੇਹੀ ਉਥੇ ਆ ਗਏ। ਵਿਚਕਾਰੇ ਪ੍ਰੇਮ ਮੰਡਲ ਦੇ ਚੰਦ ਬਿਰਾਜ ਰਹੇ ਹਨ ਅਰ ਦੁਆਲੇ ਪਰਿਵਾਰ ਦਾ ਪਰਵਾਰ ਪੈ ਗਿਆ ਹੈ।

ਮਾਤਾ ਨੇ ਹੁਣ ਸਹਿਜ ਨਾਲ ਕਿਹਾ: 'ਹੇ ਲਾਲ! ਬਹੁਤ ਬਰਸ ਬਿਤਾਕੇ ਘਰ ਆਏ ਹੋ, ਮੈਂ ਸਦਕੇ, ਮੈਨੂੰ ਅੰਤ ਤੋਂ ਪਹਿਲੇ ਦਰਸ਼ਨ ਦੇਕੇ ਨਿਹਾਲ ਕੀਤਾ।

> ਮੈਂ ਵਾਰੀ ਸੁਤ ! ਤੋ ਪਰ ਵਾਰੀ। ਵਾਰ ਵਾਰ ਕਹਿ ਗੁਰ ਮਹਤਾਰੀ। {ਗੁ: ਨਾ:ਪ੍ਰ:

ਸੁਣਕੇ ਸ੍ਰੀ ਗੁਰੂ ਜੀ ਬੋਲੇ:-

> ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥ ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥ ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥ ੧ ॥ ਰਹਾਉ ॥ ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥ ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ ॥ ੨ ॥ ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ ॥ ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ ॥ ੩ ॥ ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥ ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥੪॥੧॥[2]

ਤਦ ਮਾਤਾ ਨੇ ਪ੍ਰਸ਼ਾਦ ਅੱਗੇ ਧਰਿਆ ਤੇ ਕਿਹਾ:-ਲਾਲ ਜੀ ! ਖਾਓ। ਸੁਣਕੇ ਸ੍ਰੀ ਗੁਰੂ ਨਾਨਕ ਜੀ ਨੇ ਕਿਹਾ:-ਹੇ ਮਾਤਾ! ਮੈਂ ਇਕ ਐਸਾ ਭੋਜਨ ਪਾਯਾ ਹੈ ਕਿ ਮੈਨੂੰ ਭੁੱਖ ਨਹੀਂ ਸਤਾਉਂਦੀ। ਮੈਂ

---

[1] ਜੱਫੀ। [2] ਪੁੱਤ੍ਰ ਦੇ ਵਿਛੋੜੇ ਦੀ ਅੱਗ ਨੂੰ ਮਾਨੋਂ ਠੰਢਾ ਕਰ ਰਹੀ ਹੈ।

[1] ਜਲ। [2] ਇਹ ਸ਼ਬਦ ਰਾਗੁ ਵਡਹੰਸ ਮਹਲਾ ੧ ਘਰੁ ੧ ਵਿਚ ਹੈ। (ਪੰਨਾ ੫੫੭)

ਰੱਜਿਆ ਹਾਂ ਤ੍ਰਿਪਤ ਹਾਂ ਤੇ ਅਘਾ ਰਿਹਾ ਹਾਂ। ਬਾਬੇ ਕਾਲੂ ਨੇ ਅਚਰਜ ਹੋਕੇ ਕਿਹਾ: "ਹੇ ਤਾਤ! ਐਸੀ ਕੀ ਵਸਤੂ ਤੁਸਾਂ ਨੇ ਛਕੀ ਹੈ, ਜੋ ਭੁੱਖ ਹੀ ਨਹੀਂ ਲਗਦੀ?" ਤਾਂ ਉਚਾਰ ਹੋਇਆ:-

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ
ਕੀਏ ॥ ਛਤੀਹ ਅੰਮ੍ਰਿਤ ਭਾਉ ਏਕੁ ਜਾ
ਕਉ ਨਦਰਿ ਕਰੇਇ ॥ ੧ ॥ ਬਾਬਾ ਹੋਰੁ
ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ
ਪੀੜੀਐ ਮਨ ਮਹਿ ਚਲਹਿ ਵਿਕਾਰ
॥ ੧ ॥ ਰਹਾਉ ॥

ਇਸ ਪਰ ਮਾਤਾ ਪਿਤਾ ਦੇ ਕਲੇਜੇ ਕੁਛ ਨੋਕ ਚੁਭੀ, ਪਰ ਅਜੇ ਮਾਯਾ ਦੇ ਬਾਗ਼ ਅੱਖਾਂ ਅੱਗੇ ਹਨ, ਅਜੇ ਆਸ਼ਾ ਹੈ ਕਿ ਪੁੱਤ ਘਰ ਆ ਬੈਠੇ ਤੇ ਅੱਖਾਂ ਠਾਰੇ। ਮਾਤਾ ਜੀ ਨੇ ਸਹਿਜ ਨਾਲ ਪੁਰਾਣੇ ਕਪੜੇ ਲਾਹਕੇ ਨਵੇਂ ਤੇ ਚਿੱਟੇ ਪਹਿਨਣੇ ਲਈ ਕਿਹਾ, ਤਦ ਸਤਿਗੁਰ ਨੇ ਆਖਿਆ:'ਮੈਂ ਉਹ ਜਾਮਾਂ ਪਾਯਾ ਹੈ, ਜੋ ਨਾ ਪਾਟਦਾ ਹੈ, ਨਾ ਮੈਲਾ ਹੁੰਦਾ ਹੈ।

ਤਦ ਪਿਤਾ ਕਿਹਾ:"ਓਹ ਕਪੜੇ ਅਸਾਨੂੰ ਤਾਂ ਦਿੱਸ ਨਹੀਂ ਆਂਵਦੇ?" ਤਦ ਆਪ ਬੋਲੇ:-

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ
ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ
ਜੋਬਨੁ ਤੇਰਾ ਨਾਮੁ ॥ ੨ ॥ ਬਾਬਾ ਹੋਰੁ
ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ
ਪੀੜੀਐ ਮਨ ਮਹਿ ਚਲਹਿ ਵਿਕਾਰ
॥ ੧ ॥ ਰਹਾਉ ॥

ਫਿਰ ਪਿਤਾ ਨੇ ਕਿਹਾ: "ਘਰ ਰਹੋ ਹੁਣ ਆਰਾਮ ਕਰੋ, ਘੋੜਿਆਂ ਤੇ ਚੜ੍ਹੋ, ਸੁਖ ਪਾਵੋ, ਹੁਣ ਅਸੀਂ ਕੰਮ ਕਰਨ ਨੂੰ ਨਹੀਂ ਆਖਦੇ, ਸਾਡੇ ਕਮਾਏ ਪਰ ਸੁਖ ਪਾਓ, ਸਾਨੂੰ ਦਰਸ਼ਨ ਦਿਓ, ਦੂਰ ਨਾ ਜਾਓ। " ਤਦ ਸ੍ਰੀ ਗੁਰੂ ਜੀ ਨੇ ਆਖਿਆ:-

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ
ਵਾਟ ॥ ਤਰਕਸ ਤੀਰ ਕਮਾਣ ਸਾਂਗ
ਤੇਗਬੰਦ ਗੁਣ ਧਾਤੁ ॥ ਵਾਜਾ ਨੇਜਾ ਪਤਿ
ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ
॥ ੩ ॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ
ਚਲਹਿ ਵਿਕਾਰ ॥੧॥ਰਹਾਉ॥

ਫਿਰ ਮਾਤਾ ਨੇ ਕਿਹਾ: "ਲਾਲ ਜੀ! ਘਰ ਚੱਲੋ, ਪਰਵਾਰ ਵਿਚ ਵੱਸੋ, ਸਾਰਿਆਂ ਨੂੰ ਸੱਦੀਏ, ਖੁਸ਼ੀ ਕਰੀਏ। ਅਸਾਂ ਘਰ ਨਵਾਂ ਉਸਾਰਿਆ ਹੈ, ਤੁਸੀਂ ਵੱਸੋ, ਵਿਚ ਵਸਦੇ ਤੇ ਸੁਖ ਪਾਂਵਦੇ ਦਿੱਸੋ। ਤਾਂ ਸ੍ਰੀ ਗੁਰੂ ਜੀ ਬੋਲੇ:-

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ
ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ
ਹੋਰੁ ਆਖਣੁ ਬਹੁਤੁ ਅਪਾਰੁ ॥ ਨਾਨਕ
ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ
॥ ੪ ॥ ਬਾਬਾ ਹੋਰੁ ਸਉਣਾ ਖੁਸੀ
ਖੁਆਰੁ॥ ਜਿਤੁ ਸੁਤੈ ਤਨੁ ਪੀੜੀਐ ਮਨ
ਮਹਿ ਚਲਹਿ ਵਿਕਾਰ ॥ ੧ ॥ ਰਹਾਉ
॥ ੪ ॥ ੭ ॥[੧]

ਫੇਰ ਆਪ ਬੋਲੇ:-

ਸੁਨ ਜਨਨੀ ਮਮ ਬਚਨ ਕੋ ਅਬ ਲੌਂ
ਰਿਦਾ ਉਦਾਸ। ਦੇਸ ਬਦੇਸ ਬਿਲੋਕਿਕੈ
ਬਹੁਰੋ ਆਇ ਅਵਾਸ।

ਤਦ ਮਾਤਾ ਜੀ ਬੋਲੇ:-

ਹੇ ਸੁਤ! ਤੈਂ ਅਸ ਬੈਨ ਉਚਾਰੇ। ਰਿਦੈ
ਸਾਂਤਿ ਕਿਉਂ ਆਵ ਹਮਾਰੇ। ਦ੍ਵਾਦਸ਼
ਬਰਖ ਬਿਤੀਤੇ ਆਏ। ਪ੍ਰਵਿਸ਼ੇ ਸਦਨ ਨ
ਪਗ ਇਕ ਪਾਏ। ਵਹਿਰ ਤੇ ਵਹਿਰ
ਕਰਹੁ ਤੁਮ ਪਜਾਨਾ। ਹਮਰੋ ਕਹਜੋ ਨ
ਇਕ ਮਨ ਮਾਨਾ। ਕਿਹ ਦੁਖ ਤੇ ਮਨ ਕੀਨ
ਉਦਾਸੂ॥ ਜਿਉਂ ਤੁਮ ਕਹਉ ਕਰੈਂ ਤਿਮ
ਆਸੂ॥ ਨਿਜ ਇਸਤ੍ਰੀ ਕਉ ਜੋ ਦੁਖ
ਮਾਨਉ। ਔਰ ਬਜਾਹ ਕਰ ਦੇਹਿਂ,
ਬਖਾਨਉ। ਸਭ ਕਿਛੁ ਘਰਿ ਮਹਿਂ ਦੀਨ
ਬਿਧਾਤਾ। ਜਿਉਂ ਤੁਮ ਚਹਹੁ ਕਰਹਿਂ
ਤਿਉਂ ਤਾਤਾ!

ਇਹ ਸੁਣਕੇ ਸ੍ਰੀ ਗੁਰੂ ਜੀ ਹੱਸੇ ਤੇ ਰਾਗ ਸੂਹੀ ਛੰਤ ਮ:੧ ਦਾ ਸਬਦ "ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ" ਬੋਲਿਆ।

---

[੧] ਇਹ ਸਾਰਾ ਸ਼ਬਦ ਸਿਰੀ ਰਾਗੁ ਮਹਲਾ ੧ ਵਿਚ ਹੈ।

ਤਦ ਬਾਬੇ ਆਖਿਆ: 'ਪਿਤਾ ਜੀ, ਮਾਤਾ ਜੀ, ਉਹ ਬਿਧਾਤਾ ਪੁਰਖੁ ਹੈ, ਉਹ ਭੁੱਲਣੈ ਵਿਚ ਨਹੀਂ। ਜੋ ਓਸ ਸੰਜੋਗ ਕੀਤਾ ਹੈ, ਸੋ ਭਲਾ ਕੀਤਾ ਹੈ'। ਤਾਂ ਮਾਤਾ ਆਖਿਆ: 'ਬੱਚਾ ਤੂੰ ਉਠ ਚਾਲ, ਅਵਾਈਆਂ ਛੋਡੁ, ਫਿਰਿ ਕਿਆ ਸੰਜੋਗ ਬਣੇਗਾ, ਜਿਤੁ ਫਿਰ ਮਿਲਹਿੰਗਾ। ਤਾਂ ਬਾਬੇ ਸਬਦੁ ਕੀਤਾ ਰਾਗੁ ਮਾਰੂ ਮਹਲਾ ੧॥

> ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥ ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥ ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥ ੧ ॥ ਬਾਬਾ ਮੈ ਕਰਮਹੀਣ ਕੂੜਿਆਰ ॥ ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥ ੧ ॥ ਰਹਾਉ ॥ ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥ ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥ ੨ ॥ ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ ॥ ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ ॥ ੩ ॥ ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ॥ ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥ ੪ ॥ ੧ ॥ {ਮਾਰੂ: ਮ: ੧-੯੮੯}

ਤਬ ਬਾਬੇ ਆਖਿਆ: "ਪਿਤਾ ਜੀ, ਮਾਤਾ ਜੀ, ਅਸੀਂ ਜੋ ਆਏ ਹਾਂ, ਜੋ ਕਹਿਆ ਥਾ ਆਵਿਹਂਗੇ, ਪਰ ਤੁਸੀਂ ਹੁਣਿ ਆਗਿਆ ਮੰਨ ਲੈਹੋ, ਅਸੀਂ ਅਜੇ ਉਦਾਸ ਹਾਂ। " ਤਦ ਮਾਤਾ ਕਹਿਆ: "ਬੇਟਾ! ਮੇਰੇ ਮਨ ਸੰਤੋਖ ਕਿਉਂ ਕਰ ਹੋਵੇਗਾ, ਜੋ ਤੂੰ ਬਹੁਤੀ ਵਰ੍ਹੀਂ ਉਦਾਸੀ ਕਰਕੈ ਆਇਆ ਹੈਂ"। ਤਬ ਬਾਬੇ ਕਹਿਆ: "ਮਾਤਾ ਤੂੰ ਬਚਨ ਮੰਨ, ਤੈਨੂੰ ਸੰਤੋਖ ਆਵੇਗਾ। ਅਸੀਂ ਹੁਣ ਇਸ ਗਿਰਦ ਨਿਵਾਹੀ ਦਾ ਸੈਲ ਕਰਾਂਗੇ ਤੇ ਫੇਰ ਛੇਤੀ ਹੀ ਤੁਸਾਂ ਪਾਸ ਆਵਾਂਗੇ। "{ਬਾ: ਵਾ: ਜ: ਸਾਖੀ ੩੯੨} ਤਾਂ ਮਾਤਾ ਚੁੱਪ ਕਰ ਰਹੀ।

ਉਧਰ ਰਾਇ ਬੁਲਾਰ ਤੱਕ ਬੀ ਖਬਰ ਅੱਪੜ ਗਈ ਸੀ ਕਿ ਗੁਰੂ ਜੀ ਆਏ ਹਨ। ਉਸ ਪੱਕੀ ਖ਼ਬਰ ਮੰਗਵਾਈ ਤੇ ਤੁਰਨ ਲਈ ਤਿਆਰ ਹੋਇਆ, ਪਰ ਦਿਲਾਂ ਦਾ ਸਾਹਿਬ ਜਾਣਦਾ ਸੀ ਕਿ ਰਾਇ ਦਾ ਸਰੀਰ ਬਿਰਧ ਹੈ, ਸੋ ਆਪ ਚੱਲਕੇ ਉਸ ਪਾਸ ਆ ਪਹੁੰਚੇ। ਸਿੱਕਾਂ ਸੱਧਰਾਂ ਦਾ ਰੂਪ ਰਾਇ ਇਹ ਦੇਖਕੇ ਬਹੁਤ ਖੁਸ਼ੀ ਹੋਇਆ; ਬੇਵਸਾ ਹੋ ਚਰਨਾਂ ਤੇ ਢੱਠਾ, ਪਰ ਗੁਰੂ ਬਾਬੇ ਨੇ ਨਿਉਂਦੇ ਸਿਰ ਨੂੰ ਬੋਚ ਕੇ ਗਲੇ ਲਾ ਲਿਆ, ਦੁਇ ਘੁੱਟ ਘੁੱਟ ਕੇ ਮਿਲੇ। ਫੇਰ ਰਾਇ ਨੇ ਆਪ ਨੂੰ ਪਲੰਘ ਤੇ ਬਿਠਾਯਾ ਤੇ ਸਫਰਾਂ ਦੇ ਹਾਲ ਪੁੱਛੇ, ਸੁਣੇ ਤੇ ਠੰਢਾਂ ਲਈਆਂ। ਰਾਤ ਗੁਰੂ ਜੀ ਓਸੇ ਪਾਸ ਰਹੇ ਤੇ ਅਗਲੇ ਦਿਨ ਫੇਰ ਤਿਆਰ ਹੋ ਪਏ। ਰਜ਼ਾ ਦੇ ਪ੍ਰੇਮੀ ਰਾਇ ਨੇ ਰਜ਼ਾ ਸਿਰ ਧਰੀ ਤੇ ਆਖਿਆ-ਮੇਰਾ ਅੱਗਾ ਸਵਾਰਨਾ, ਮੈਂ ਤੁੱਧੇ ਦੇ ਆਸਰੇ ਹਾਂ।

## ੪੨. ਮਾਤਾ ਤ੍ਰਿਪਤਾ ਜੀ ਤੇ ਭਾਈ ਮਰਦਾਨੇ ਦੀ ਗੱਲ ਬਾਤ[1]।

**ਜਦੋਂ** ਪਹਿਲੀ ਉਦਾਸੀ ਕਰਕੇ ਸਤਿਗੁਰ ਜੀ ਨੇ ਤਲਵੰਡੀ ਫੇਰਾ ਪਾਇਆ ਉਸ ਵੇਲੇ ਮਰਦਾਨੇ ਨਾਲ ਮਾਤਾ ਤ੍ਰਿਪਤਾ ਜੀ ਦੀਆਂ ਹੋਈਆਂ ਗੱਲਾਂ ਬਾਤਾਂ ਦੀ ਇਕ ਵੰਨਗੀ:-

ਮਰਦਾਨਯਾਂ! ਇਕ ਜੁੱਗ ਜਾਪਦਾ ਤੁਸੀਂ ਬਿਦੇਸ਼ੀਂ ਲਾਯਾ,
ਇਕ ਇਕ ਦੋਹੋਂ ਵਰ੍ਹੇ ਦਾ ਬੀਤਯਾ ਰੋ ਰੋ ਸਮਾਂ ਬਿਤਾਯਾ।
ਰਾਤੀਂ ਨੀਂਦ ਨ ਚੈਨ ਦਿਨੇ ਸੀ, ਜੀਉ ਰਹੇ ਉਦੁਸਾਯਾ,
ਤ੍ਰਬ੍ਰਕ ਉਠਾਂ ਹਰ ਖੜਕ ਆਏ ਤੇ: ਮਤੋਂ ਲਾਲ ਘਰ ਆਯਾ।
ਇੱਕੋ ਪੁੱਤ, ਜੁ ਅਰਸ਼ੀ ਤਾਰਾ, ਟੁਰ ਗਯਾ ਦੇਸ਼ ਬਿਗਾਨੇ,
ਨਾ ਕੁਈ ਸੁੱਖ ਸੁਨੇਹਾ ਆਵੇ, ਪਤੇ ਨ ਮਿਲਨ ਠਿਕਾਨੇ।
ਦਿਹੁੰ ਬੀਤੇ, ਹੋ ਗਏ ਮਹੀਨੇ, ਫਿਰ ਹੋ ਸਾਲ ਬਿਤੀਤੇ,
ਇੱਕ ਨ ਦੋ ਸਨ ਸਾਲ ਬਿਤੀਤੇ ਕਿਤਨੇ ਲੰਮੇ ਕੀਤੇ।
ਬੱਚਾ! ਦੱਸ ਕਦੇ ਜੇ ਤੇਰੇ ਮੈਂ ਭੀ ਚੇਤੇ ਆਈ?
ਕਦੇ ਪਾਸ ਤੇ ਕਿਹਾ ਲਾਲ ਨੂੰ 'ਯਾਦ ਕਰੇ ਅਜ ਮਾਈ।
'ਚੱਲੋ ਦੇਸ਼, ਮਿਲੋ ਲੁਹੰਦੀ ਨੂੰ ਨੈਣੀ ਜੋਤ ਜਗਾਵੋ,
'ਇਕਲੌਤੇ ਦੀ ਅੰਮਾ ਅੰਨ੍ਹੀ, ਚਲੋ ਮਿਲੋ ਠੰਢ ਪਾਵੋ।'
ਮੈਨੂੰ ਕਦੇ ਯਾਦ ਤੂੰ ਕੀਤਾ ਕਦੇ ਕਿ ਯਾਦ ਕਰਾਯਾ,
ਮੇਰਾ ਦੁੱਖ ਪੁੱਤ ਦੇ ਕੰਨੀਂ, ਦੱਸ ਕਦੇ ਤੂੰ ਪਾਯਾ?
ਮਰਦਾਨੇ ਹਥ ਜੋੜਿ ਆਖਿਆ: ਮੈਂ ਮੋਹ ਮਾਯਾ ਕੀੜਾ,
ਯਾਦ ਕਰੇਂਦਾ ਟੱਬਰ ਅਪਣਾ ਸਹਾਂ ਬਿਰਹੁੰ ਦੀ ਪੀੜਾ।
ਤੈਨੂੰ ਵੀ ਮਾਂ ਯਾਦ ਕਰੇਂਦਾ ਗੁਰ ਨੂੰ ਯਾਦ ਕਰਾਵਾਂ,
ਯਾਦ ਕਰਾਇ ਵਿਛੋੜਾ ਤੇਰਾ, ਨੈਣ ਨੀਰ ਭਰ ਲਯਾਵਾਂ,
ਤੇਰਾ ਦੁਖ ਤੇ ਪੀੜ ਅੰਦਰਲੀ ਮੋਹ ਮਮਤਾ ਜਦ ਸੋਚਾਂ,
ਉਛਲ ਕਲੇਜਾ ਨਿਕਲੇ ਹੱਥੋਂ ਮਸਾਂ ਮਸਾਂ ਫਿਰ ਬੋਚਾਂ।
ਪਰ ਇਕ ਹੋਰ ਅੰਮੀਏਂ ਵੇਲਾ ਕਦੀ ਕਦੀ ਉਹ ਆਵੇ,
ਜਿਸ ਵੇਲੇ ਦਿਲ ਮੇਰਾ ਤੈਨੂੰ ਡੂੰਘਾ ਯਾਦ ਕਰਾਵੇ।
ਕਿਸੇ ਸੜੀ ਤੇ ਜਲੀ ਰੂਹ ਨੂੰ ਨਾਨਕ ਠੰਢਕ ਪਾਵੇ,
ਵਿਛੁੜੇ ਰੁਲਦੇ ਨਰਕ ਪਾਤ੍ਰ ਨੂੰ ਜਦ ਓ ਮੋਇਆਂ ਜਿਆਵੇ।
ਭੁੱਲੇ ਭਟਕੇ ਤੇ ਦੁਖ ਭਰਦੇ ਕਰ ਚਾਨਣ ਰਾਹ ਲਾਵੇ;
ਕੋੜ੍ਹੀ ਕਪਟੀ ਰਾਜ਼ੀ ਕਰਕੇ, ਅਰਸ਼ੀ ਰੰਗ ਜਮਾਵੇ।
ਤਦੋਂ ਰੂਹ ਉਹ ਜੀਉਂ ਕੇ ਉੱਠੀ, ਲੂੰ ਲੂੰ ਸ਼ੁਕਰ ਕਰਾਵੇ,
ਭਰ ਨੈਣੀਂ ਤੇ ਉਛਲ ਉਮਾਹੇ, ਮੁਖ ਤੋਂ ਵਾਕ ਅਲਾਵੇ:-
"ਧੰਨ ਜਨਨੀ ਜਿਨ ਜਾਯਾ ਤੈਨੂੰ ਧੰਨ ਪਿਤਾ ਵਡਭਾਗੀ,
'ਜਗਤ ਜਲੰਦਾ ਰੱਖਣ ਕਾਰਨ,
ਮੋਹ ਮਮਤਾ ਜਿਨ ਤਯਾਗੀ। "
ਮੁਰਦਾ ਰੂਹ ਕਿਸੇ ਅੰਦਰ ਜਦ
ਗੁਰ ਨਾਨਕ ਰੂਹ ਫੂਕੀ,
'ਧੰਨ ਜਨਨੀ, ਧੰਨ ਜਨਨੀ' ਕਹਿਕੇ
ਬਿਹਬਲ ਹੋ ਓ ਕੂਕੀ।
ਤਦੋਂ ਮਾਉਂ ਜੀ ਤੁਸੀਂ ਦਾਸ ਨੂੰ
ਯਾਦ ਯਾਦ ਪਏ ਆਵੋ,
ਸਾਮਰਤੱਖ ਕਰਾਂ ਦਰਸ਼ਨ ਮੈਂ,
ਚਰਨੀਂ ਤੁਸੀਂ ਲਗਾਵੋ।
ਲੂੰ ਲੂੰ ਮੇਰਾ ਧਯਾਨ ਧਰੇ ਤੇ
ਇਹ ਅਰਦਾਸ ਕਰਾਵੇ,
ਸਚੀ ਮੁਚੀ ਤੂੰ ਧੰਨ ਮਾਉਂ ਹੈਂ
ਲੋਕ ਪ੍ਰਲੋਕ ਕੁਕਾਵੇ।
ਡਾਢੇ ਮਿੱਠੇ ਲਗੋ ਮਾਉਂ ਜੀ!
ਸਿਫਤ ਸਲਾਹੀਂ ਗਾਵਾਂ,
ਮਹਿੰਮਾ ਵਿੱਚ ਤੁਸਾਡੀ ਭਰਕੇ
ਵਿਸਮਾਦੇ ਚੜ੍ਹ ਜਾਵਾਂ।
ਆਖਾਂ:-ਅੰਮਾਂ ਲੋਹਂਦੀ ਹੋਸੀ
ਪਰ 'ਧੰਨ' ਉਸ ਨੂੰ ਹੁੰਦੀ,
ਅਸਲ ਅਸੀਲ ਅਸ਼ੀਰਬਾਦ ਹੈ
ਪਯਾਰ ਉਮਾਹ 'ਚਿ ਗੁੰਦੀ।
ਦੁਨੀਆਂ ਦੇ ਦੁਖੀਆਂ ਤੋਂ ਉਠਦੀ
ਵਲ ਅੰਮਾਂ ਦੇ ਜਾਂਦੀ,
ਅੰਮੀ ਭਾਗਾਂ ਵਾਲੀ ਹੋ ਗਈ
ਲੋਕ ਪ੍ਰਲੋਕ ਸੁਹਾਂਦੀ।
ਤੂੰ ਦੁਖੀਆ, ਨਹਿੰ ਸ਼ੱਕ ਰਤੀ ਬੀ
ਵਿੱਚ ਵਿਛੋੜੇ ਹੋਈ,
'ਧੰਨ ਜਨਨੀ' ਪਰ ਅੰਮੀ! ਤੈਨੂੰ
ਕਹਿੰਦਾ ਹੈ ਹਰ ਕੋਈ!

---

[1] ਇਹ ਕਵਿਤਾ ਸੰ: ਗੁ: ਨਾ: ਸਾ: ੪੫੨ (੧੯੨੧ ਈ) ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ੀ ਸੀ।

# ੫.ਸ੍ਵਦੇਸ਼ ਵਿਚ ਸਤਿਨਾਮ ਦਾ ਚੱਕ੍ਰ

ਸੂਚਨਾ-ਸਤਿਗੁਰੂ ਜੀ ਫੇਰ ਮਰਦਾਨੇ ਨੂੰ ਨਾਲ ਲੈਕੇ ਸਤਿਨਾਮ ਦਾ ਝੰਡਾ ਝੁਲਾਉਣ ਟੁਰ ਪਏ, ਪਰ ਪਹਿਲਾਂ ਰਾਵੀ ਵੱਲ ਨੂੰ ਆਏ। ਕੁਛ ਦਿਨ ਏਕਾਂਤ ਬਣਾਂ ਬੇਲਿਆਂ ਵਿਚ ਟਿਕਕੇ ਏਥੋਂ ਫੇਰ ਪਰਤ ਪਏ ਤੇ ਝਨਾਂ ਵੱਲ ਨੂੰ ਆਏ। ਝਨਾਂ ਦੇ ਕਿਨਾਰੇ ਫਿਰਦੇ, ਸੈਲੇ ਕਰਦੇ ਫੇਰ ਅੰਦਰ ਨੂੰ ਮੁੜੇ। ਫੇਰ ਉਜਾੜੋ ਉਜਾੜ (ਸਾਂਦਲ ਬਾਰ) ਫਿਰਦੇ ਟੁਰਦੇ ਰਾਵੀ ਉੱਪਰ ਆਏ, ਵਣਾਂ ਵਿਚ ਫਿਰਦੇ ਘੁੰਮਦੇ ਪਾਕ ਪਟਨ ਦੇ ਬਾਹਰ ਆ ਠਹਿਰੇ।

ਝਨਾਂ ਦੇ ਇਲਾਕੇ ਦੇ ਹਾਲ ਲਿਖੇ ਹੋਏ ਅਜੇ ਮਿਲੇ ਨਹੀਂ, ਪਰ ਇਕ ਵਾਰਤਾ ਓਥੇ ਕਿਸੇ ਤਪੇ ਵਿਚ ਵਰਤੀ ਅਗਲੇ ਪ੍ਰਸੰਗ ਵਿਚ ਅੰਕਿਤ ਹੈ। ਓਦੋਂ ਤਲਵੰਡੀ ਦੇ ਤੱਪੇ ਵਾਂਙੂ ਤੱਪੇ ਤੇ ਤਪਿਆਂ ਦੇ ਮਾਲਕ ਹੁੰਦੇ ਸਨ ਜੋ ਇਕ ਤਰ੍ਹਾਂ ਦੇ ਰਾਜਿਆਂ ਵਾਂਗੂੰ ਹੁੰਦੇ ਸਨ। ਇਕ ਤੱਪੇ ਦਾ ਬਹੁੰ ਤਕੜਾ ਸਰਦਾਰ ਸੀ, ਜੋ ਅਪਣੀ ਜ਼ੋਰਾਵਰੀ ਕਰਕੇ 'ਰਾਠ' ਦਾ ਖ਼ਿਤਾਬ ਪਾ ਚੁੱਕਾ ਸੀ, ਉਸ ਦੀ ਇੱਕੋ ਕਾਕੀ ਸੀ, ਜਿਸ ਨੂੰ ਉਸ ਨੇ ਪੁੱਤਾਂ ਵਾਂਗੂ ਪਾਲਿਆ ਸੀ। ਝਨਾਂ ਦੇ ਦੇਸ ਵਿਚ ਸਿਕੰਦਰ ਦੇ ਵੇਲੇ ਦੇ ਰਹਿ ਗਏ ਪੁਰਾਤਾਨ ਯੂਨਾਨੀ ਲੋਕਾਂ ਦੀ ਵੰਸ਼ ਟੁਰੀ ਆਉਂਦੀ ਸਹੀ ਹੁੰਦੀ ਹੈ। ਯਾ ਪੰਜਾਬ ਦੀ ਅਸਲੀ ਕੌਮ ਦਾ ਕੋਈ ਲਹੂ ਟੁਰਿਆ ਆਉਂਦਾ ਹੈ। ਲੋਕੀ ਬਹੁਤ ਸੁਤੰਤਰ ਤੇ ਖੁੱਲ੍ਹੇ ਸੁਭਾਵ ਦੇ ਸਨ ਤੇ ਹਨ। ਤਦੋਂ ਮੁਟਿਆਰਾਂ ਤੇ ਕਾਕੀਆਂ ਦੀ ਖੁੱਲ੍ਹ ਤੇ ਚੜ੍ਹਦੀਆਂ ਕਲਾਂ ਦੇ ਰੰਗ ਵਧੇਰੇ ਖੁੱਲ੍ਹੇ ਸਨ। ਦਮੋਦਰ ਕਵਿ ਨੇ ਅੱਖੀਂ ਡਿੱਠੇ ਹਾਲਾਤ, ਜੋ ਉਸ ਨੇ ਆਪਣੀ ਰਚੀ ਹੀਰ ਵਿਚ ਲਿਖੇ ਹਨ, ਤੋਂ ਬੀ ਕਾਕੀਆਂ ਦੀ ਸੁਤੰਤ੍ਰਤਾ ਤੇ ਖੁੱਲ੍ਹ ਦਲੇਰੀ ਦੇ ਸਬੂਤ ਮਿਲਦੇ ਹਨ ਤੇ ਅਜੇ ਬੀ ਉੱਧਰ ਆਮ ਕਰਕੇ, ਪਰ ਜਾਂਗਲੀ ਲੋਕਾਂ ਵਿਚ ਖਾਸ ਕਰਕੇ ਸੁਤੰਤ੍ਰਤਾ ਤੇ ਇਸਤ੍ਰੀਆਂ ਨਾਲ ਚੰਗੇ ਵਰਤਾਉ ਦਿੱਸਦੇ ਹੈਨ। ਸੋ ਉਸ ਇਲਾਕੇ ਦੇ ਇਕ ਤੱਪੇ ਦੇ ਇਕ ਰਾਠ ਦੇ ਗੁਰ ਸਿਖੀ ਵਿਚ ਆਉਣ ਦੇ ਹਾਲ ਅਗਲੇ ਪ੍ਰਸੰਗ ਵਿਚ ਵਰਣਨ ਕੀਤੇ ਗਏ ਹਨ।

## ੪੩ ਪਿਆਰੇ ਦਾ ਪਿਆਰਾ[੧]।

ਇਹ ਪ੍ਰਸੰਗ ਐਉਂ ਲਿਖਿਆ ਗਿਆ ਹੈ ਕਿ ਮਾਨੋਂ ਇਕ ਮੁਸਾਫਰ ਆਪਣੀ ਜ਼ੁਬਾਨੀ 'ਇਕ ਹੋ ਬੀਤੇ ਹਾਲ' ਦਾ ਨਕਸ਼ਾ ਆਪਣੇ ਸੁਪਨੇ ਵਿਚ ਵੇਖਦਾ ਹੈ ਤੇ ਉਸ ਸੁਪਨੇ ਨੂੰ ਵਰਣਨ ਕਰ ਰਿਹਾ ਹੈ।

੧.

**ਬਰਖਾ** ਮੋਹਲੇ ਧਾਰ ਲਹਿ ਪਈ, ਉਜਾੜ ਚਾਰ ਚੁਫੇਰੇ, ਵਸਦੀ ਨਾ ਗਿਰਾਂ, ਕੱਪੜੇ ਭਿੱਜ ਗਏ, ਖੜੀਆ ਬੀ ਸਿੱਜ ਗਿਆ, ਹੁਣ ਪਾਲਾ ਬੀ ਆ ਗਿਆ। ਹੇਠੋਂ ਪੈਰ ਤਿਲਕਣ, ਉਤੋਂ ਕਣੀਆਂ ਵੱਜਣ, ਚੁਫੇਰਿਓਂ ਪੌਣ ਸਰੀਰ ਦੀ ਗਰਮੀ ਉਡਾਈ ਜਾਵੇ। ਹੇ ਵਾਹਿਗੁਰੂ ਇਸ ਵੇਲੇ ਕੀਹ ਹੋਵੇ? ਦਿਲ ਨੇ ਬਥੇਰਾ ਤਾਂਘਿਆ, ਅੱਖਾਂ ਨੇ ਆਪਾ ਪਾੜਕੇ ਬੀ ਚੁਫੇਰੇ ਦੂਰ ਤਕ ਨਜ਼ਰ ਦੁੜਾਈ, ਪਰ ਕੋਈ ਠਾਹਰ ਨਜ਼ਰ ਨਾ ਆਈ। ਠਾਹਰ ਬਿਨਾਂ ਠਹਿਰਨਾ ਅਫਲ ਸੀ ਤੇ ਟੁਰੇ ਜਾਣਾ ਕਦਮ ਕਦਮ ਤੇ ਖੇਚਲ ਨੂੰ ਵਧਾਈ ਜਾਂਦਾ ਸੀ। ਹਾਂ, ਟੁਰੇ ਜਾਣ ਵਿਚ ਠਹਿਰਨ ਨਾਲੋਂ ਇਕ ਸੁਖਿਹਤਾ ਸੀ ਕਿ ਸਰੀਰ ਦੀ ਨਿੱਘ ਜਿੰਨੀ ਕੁ ਉਡਦੀ ਸੀ ਉਨੀ ਕੁ ਅੰਦਰੋਂ ਹੋਰ ਪੈਦਾ ਹੁੰਦੀ ਜਾਂਦੀ ਸੀ ਤੇ ਕੁਛ ਜ਼ਿੰਦਗੀ ਦੀ ਡੋਰ ਟੁਰੀ ਰਹਿਣ ਦੀ ਆਸ ਹੋ ਸਕਦੀ ਸੀ। ਪਰੰਤੂ ਹੁਣ ਹੱਡਾਂ ਵਿਚ ਥਕਾਨ ਪ੍ਰਤੀਤ ਦੇਣ ਲਗ ਪਿਆ ਜੋ ਟੁਰਨੇ ਨੂੰ ਬੀ ਭਾਰੂ ਕਰੀ ਜਾਂਦਾ ਸੀ।

ਇਸ ਤਰ੍ਹਾਂ ਦੇ ਕਸ਼ਟ ਝਾਗਦਿਆਂ ਇਕ ਬੁਰਜੀ ਜੇਹੀ ਨਜ਼ਰ ਪਈ। ਦਿਲ ਨੇ ਚਾਹਿਆ ਕਿ ਇਹ ਕਿਤੇ ਨਿੱਗਰ ਬੁਰਜੀ ਨਾ ਹੋਵੇ, ਸਾਂਈਂ ਕਰੇ ਜੋ ਕੋਈ ਮੰਦਰ, ਸਮਾਧ ਜਾਂ ਮਕਬਰਾ ਹੋਵੇ ਜੋ ਮੈਨੂੰ ਇਸ ਔਖ ਤੋਂ ਛੁਟਕਾਰਾ ਮਿਲੇ। ਅੱਖਾਂ ਨੇ ਸੇਧ ਬੱਧੀ, ਪੈਰਾਂ ਨੇ ਹੀਲਾ ਕੀਤਾ, ਮਨ ਨੇ ਸੁੱਖਾਂ ਸੁੱਖੀਆਂ। ਉਹ ਗੁੰਬਦ ਆ ਗਿਆ, ਭਾਗ ਚੰਗੇ ਸਨ, ਉਹ ਨਿੱਗਰ ਬੁਰਜੀ ਨਾ ਨਿਕਲੀ, ਇਕ

[੧] ਇਹ ਪ੍ਰਸੰਗ ਸੰਮਤ ੪੪੨ ਗੁ: ਨਾ: ਸਾ: (੧੯੧੧ ਈ:) ਦੇ ਗੁਰਪੁਰਬ ਪੁੰਨਮ ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।



ਸੁਪਨਾ

ਬੂਹਾ ਸੀ ਜਿਸ ਨੂੰ ਚੂਥੀ ਤਖਤਾ ਨਹੀਂ ਸੀ। ਪਰ ਅੰਦਰ ਖੁੱਲ੍ਹੇ ਬੈਠਣ ਤੇ ਗੋਡੇ ਜੋੜਕੇ ਲੇਟਣ ਜੋਗੀ ਥਾਂ ਸੀ। ਪਹਿਲੇ ਤਾਂ ਕਦਮ ਧਰਦਿਆਂ ਕਿਸੇ ਬੀਤ ਚੁਕੇ ਸਮੇਂ ਦੇ ਕਿਸੇ ਭਲੇ ਪੁਰਖ ਦੀ ਵਿਭੂਤੀ ਦੇ ਆਰਾਮ ਅਸਥਾਨ ਹੋਣ ਦੇ ਅਦਬ ਨੇ ਮਨ੍ਹੇ ਕੀਤਾ ਕਿ ਕਦਮ ਸੰਭਾਲਕੇ ਰਖ, ਪਰ ਫੇਰ ਉਸ ਭਲਿਆਈ ਦੇ ਖਿਆਲ ਨੇ ਆਖਿਆ ਕਿ ਜੀਉਂਦਿਆਂ ਜਿਹੜੇ ਸੁਖ ਦੇਕੇ ਭਲੇ ਅਖਾਏ ਓਹ ਮਰਕੇ ਆਪਣੇ ਦੁਆਰੇ ਆਏ ਅਤਿੱਥੀ ਦੇ ਦੁਖ ਦੂਰ ਕਰਨੋਂ ਕਦ ਪਰੇ ਹਟਣਾਂ ਪਸਿੰਦ ਕਰਨਗੇ? ਇਹ ਵੀਚਾਰਕੇ ਮੈਂ ਵਧਵੇਂ ਛੱਜੇ ਹੇਠ ਆ, ਖੜੋਤਾ, ਜੁੱਤੀ ਲਾਹੀ, ਕਪੜੇ ਉਤਾਰਕੇ ਰੱਖੇ, ਖੜੀਆ ਖੋਲ੍ਹਿਆ। ਬਾਹਰਲਾ ਹਿੱਸਾ ਭਿੱਜ ਚੁਕਾ ਸੀ, ਪਰ ਅੰਦਰੋਂ ਇਕ ਚਾਦਰ, ਕਛਹਿਰਾ, ਕੁੜਤਾ ਤੇ ਦੁਪੱਟਾ ਕੁਛ ਸੁੱਕੇ ਨਿਕਲ ਆਏ। ਪਿੰਡਾ ਪੂੰਝਕੇ ਏਹ ਟੱਲੇ ਲਾ ਲਏ ਤੇ ਉਸ ਨਿੱਕੇ ਜਿਹੇ ਅੰਦਰ ਜਾ ਡੇਰਾ ਲਾਇਆ। ਨਿੱਘ ਆ ਗਈ ਸਰੀਰ ਨੂੰ ਕੁਛ ਸੁਖ ਹੋ ਗਿਆ। ਪਾਲੇ ਤੇ ਪੈਂਡੇ ਵਲੋਂ ਜਾਂ ਧਜਾਨ ਮੁੜਿਆ ਤਾਂ ਆਪਣੇ ਸੁਖ ਵਲ ਆ ਗਿਆ, ਸੁਖ ਵਲੋਂ ਸੁਖ ਦੇ ਕਾਰਨ ਵੱਲ ਜਾ ਪਿਆ। 'ਆਹ! ਜੇ ਇਹ ਥਾਉਂ ਨਾ ਲੱਭਦਾ ਤਾਂ ਰੱਬ ਜਾਣੇ ਮੇਰਾ ਕੀ ਹਾਲ ਹੁੰਦਾ ? ਕਿਸ ਸੁਭਾਗੇ ਹੱਥਾਂ ਨੇ ਇਹ ਥਾਉਂ ਬਣਾਯਾ ਹੋਊ? ਕੀਹ ਜਾਣੀਏ ਮੇਰੀ ਹੀ ਜਾਨ ਰੱਖਿਆ ਕਰਨ ਲਈ ਕਿਸੇ ਨੇ ਕਿਸੇ ਬੀਤ ਗਏ ਸਮੇਂ ਇਹ ਮਸਾਲਾ ਕੱਠਾ ਕਰਾਇਆ ਹੋਊ?' ਹੁਣ ਸੋਚ ਫੁਰੀ ਕਿ 'ਇਹ ਗੁਰਦੁਆਰਾ ਬੀ ਨਹੀਂ, ਮੰਦਰ ਬੀ ਨਹੀਂ, ਸਮਾਧ ਬੀ ਨਹੀਂ ਜਾਪਦੀ, ਹੈ ਤਾਂ ਕੀਹ ਹੈ?' ਫੇਰ ਮਨ ਨੇ ਕਿਹਾ; 'ਬੂਟੇ ਗਿਣਨ ਨਾਲ ਕੀ ਕੰਮ ਹੈ ਅੰਬ ਛਕਣੇ ਚਾਹੀਏ। ਸੁਖ ਮਿਲ ਗਿਆ ਤੇ ਸਾਂਈਂ ਨੇ ਦਿੱਤਾ ਹੈ, ਸ਼ੁਕਰ ਕਰ ਤੇ ਜਿੰਨੀ ਕੁ ਥਾਂ ਆਗਜਾ ਦੇਵੇ ਉੱਨਾ ਕੁ ਨਿੱਸਲ ਹੋ ਜਾ'। ਜਾਂ ਨਿੱਸਲ ਹੋਇਆ ਤਾਂ ਥੋੜੇ ਹੀ ਚਿਰ ਵਿਚ ਚੂਨੇ ਗ਼ਚ ਕੰਧਾਂ ਤੇ ਡਾਟ ਵਾਲੀ ਛੱਤ ਦੀ ਸੁਫੈਦੀ ਉਤੇ ਫਿਰਦੀ ਫਿਰਦੀ ਨਜ਼ਰ ਭਰੇਰੀ ਹੋਕੇ ਅੱਖਾਂ ਵਿਚ ਮੁੜੀ ਤੇ ਪੁਤਲੀਆਂ ਥਾਣੀਂ ਥੱਲੇ ਲਹਿਕੇ ਮੈਨੂੰ ਨੀਂਦ ਵਿਚ ਸੁਆਲ ਗਈ।

ਜਦ ਮੈਂ ਸੌਂ ਗਿਆ ਤਾਂ ਉਸ ਥਾਉਂ ਵਿਚ ਚਾਨਣਾ ਹੋ ਗਿਆ ਅਤੇ ਉਸ ਚਾਨਣੇ ਵਿਚ ਕੁਛ ਸੁਰਤ ਦਾ ਭੁਲਾਵਾ ਪੈਣ ਲਗ ਪਿਆ। ਪਰ ਮਗਰੋਂ ਇਕ ਚੰਗੀ ਨੁਹਾਰ, ਚਿੱਟੇ ਰੰਗ ਦੀ ਸੁਡੌਲ ਡੀਲ ਦੀ ਇਸਤ੍ਰੀ ਨਜ਼ਰ ਪਈ, ਜਿਸ ਦੇ ਚਿਹਰੇ ਤੇ ਸੁਖ ਦੀ ਚਮਕ ਤੇ ਸਾਂਤੀ ਦੀ ਦਮਕ ਸੀ, ਅੱਖਾਂ ਸਾਫ, ਉੱਚੀਆਂ ਤੇ ਪਜਾਰ ਨਾਲ ਭਰੀਆਂ ਹਨ। ਮੈਨੂੰ ਆਖਣ ਲੱਗੀ:-'ਹੇ ਸੁਖਾਂ ਦੇ ਪਜਾਰੇ। ਕੁੱਠਿਆਂ ਦੇ ਅਸਥਾਨ ਵਿਚ ਬੇਅਦਬੀ ਨਾਲ ਕਿਉਂ ਪਿਆ ਹੈਂ? ਜਿਸ ਸਾਂਈਂ ਨੇ ਤੈਨੂੰ ਇਹ ਥਾਉਂ ਦੱਸਿਆ ਸੀ, ਉਸ ਦਾ ਨਿੱਤ ਕਰਨ ਵਾਲਾ ਕੀਰਤਨ ਬੀ ਨਹੀਂ ਕੀਤਾ ਹਈ ਤੇ ਸੌਣ ਦੀ ਪੈ ਗਈ ਆ। ਸ਼ੁਕਰ ਤੋਂ ਬਿਨਾਂ ਬੰਦਾ ਬੰਦਾ ਨਹੀਂ, ਬੰਦਾ ਮੰਦਾ ਹੈ। ਅਜ ਦੇ ਖੇਦ ਤੇ ਖੇਦ ਵਿਚ ਸੁਖ ਦੀ ਚਾਹ ਤੇ ਨਿਰਾਸਾ ਵਿਚ ਸੁਖ ਦੀ ਪ੍ਰਾਪਤੀ ਨੇ ਸੁਖ ਮਾਣਨ ਵਲ ਐਨਾਂ ਖਿੱਚ ਲਿਆ ਹੈ ਕਿ ਤੈਨੂੰ ਰਹਿਰਾਸ ਪੜ੍ਹਨੀ ਬੀ ਭੁੱਲ ਗਈ ਤੇ ਸੋਹਿਲਾ ਬੀ ਯਾਦ ਨਾ ਰਿਹਾ। ਪ੍ਰੇਮ ਦੇ ਰਸਤੇ ਵਿਚ ਇਸ ਤਰ੍ਹਾਂ ਬੇਅਦਬ ਹੋ ਜਾਣਾ ਤੇ ਫੇਰ ਇਲਾਹੀ ਭੇਤਾਂ ਦੇ ਪਰਦੇ ਪਾੜਨ ਦੇ ਸੰਕਲਪ ਲੈਕੇ ਸੌਂ ਜਾਣਾ ਰੱਬ ਜੀ ਨਾਲ ਪਜਾਰ ਹੈ ਕਿ ਅਪਣੀ ਅਕਲ ਨੂੰ ਵਾਕਫੀ ਨਾਲ ਮਾਲਾ ਮਾਲ ਕਰਨੇ ਦਾ ਲੱਬ ਹੇ? 'ਫਰੀਦਾ ਜਾ ਲਬੁ ਤ ਨੇਹੁ ਕਿਆ ਲਬੁ ਤ ਕੂੜਾ ਨੇਹੁ'।

ਮੈਂ ਕਿਹਾ-ਜੀ! ਸੱਚ ਹੈ, ਮੇਰਾ ਪ੍ਰੇਮ ਐਸਾ ਹੀ ਹੈ, ਪ੍ਰੇਮ ਨਹੀਂ ਲੱਬ ਹੈ, ਪਰ ਹੁਣ ਮਾਲਕ ਨੂੰ ਬਿਰਦ ਦੀ ਲਾਜ ਹੈ ਜਿਸ ਦੇ ਸਦਾਉਂਦੇ ਹਾਂ, ਜੇ ਕੁਛ ਆਸ ਹੋ ਸਕਦੀ ਹੈ, ਤਾਂ ਏਸੇ ਵਿਚ। ਇਹ ਕਹਿੰਦਿਆਂ ਮੈਨੂੰ ਪਛੁਤਾਵੇ ਤੇ ਵਿਰਾਗ ਨੇ ਖਿੱਚ ਲਿਆ ਅਰ ਅਪਣੇ ਸੱਚੀ ਮੁਚੀ ਨਿਕਾਰੇ ਹੋਣ ਦਾ ਨਕਸ਼ਾ ਅੱਖਾਂ ਅੱਗੇ ਆ ਖੜੋਤਾ। ਮੈਂ ਏਸੇ ਹਾਲ ਵਿਚ ਸਾਂ ਕਿ ਅਕਾਸ਼ ਵਿਚੋਂ ਧੁਨਿ ਉੱਠੀ ਅਰ ਸੋਦਰ ਦੀ ਚੌਂਕੀ ਲਗ ਪਈ ਮਲੂਮ ਹੋਈ। ਕਾਹਨੂੰ ਕਦੇ ਐਸੀ ਸੁਰੀਲੀ, ਮਿੱਠੀ, ਪਜਾਰੀ ਤੇ ਰਸ ਭਰੀ ਸੁਰ ਵਿਚ ਇਹ ਚੌਂਕੀ ਸੁਣੀ ਸੀ। ਚੌਂਕੀ ਦਾ ਭੋਗ ਪੈਕੇ ਉਸੇ ਤਰ੍ਹਾਂ ਦੀ ਪਿਆਰੀ ਸੁਰ ਵਿਚ ਰਹਿਰਾਸ ਦਾ ਪਾਠ ਤੇ ਆਰਤੀ ਦਾ ਉਚਾਰ ਸੁਣਿਆਂ। ਕੋਣ ਕਰਦੇ ਸਨ ਤੇ ਉਹ ਕਿੱਥੇ ਬੈਠੇ ਸਨ, ਇਹ ਨਹੀਂ ਦਿੱਸਦਾ ਸੀ, ਐਉਂ ਹੀ ਲੱਗਦਾ

ਸੀ ਕਿ ਪੌਣ ਨੂੰ ਜੀਭ ਲਗ ਗਈ ਹੈ।

ਪਲ ਮਗਰੋਂ ਉਹ ਚਾਨਣੇ ਵਾਲੀ ਸੂਰਤ ਫੇਰ ਨਜ਼ਰ ਆਈ। ਮੈਂ ਆਖਿਆ: ਕੀ ਮੈਂ ਪੁੱਛ ਸਕਦਾ ਹਾਂ ਕਿ ਇਹ ਉਜਾੜ ਵਿਚ ਮੰਦਰ ਕੈਸਾ ਹੈ? ਤਦ ਉਸ ਭਾਗ ਭਰੀ ਨੇ ਕਿਹਾ:-ਭਲੇ ਪੁਰਖ! ਇਹ ਬੁਧ ਮਤ ਦੇ ਸਾਧੂਆਂ ਦੇ ਸਮੇਂ ਦਾ ਇਕ ਮੱਠ ਹੈ; ਜਿੱਥੇ ਉਨ੍ਹਾਂ ਦੇ ਮਤ ਦਾ ਇਕ ਤਤਿੱਖਜ਼ੂ ਸਾਧੂ ਬੈਠ ਕੇ ਤਪ ਕਰਿਆ ਕਰਦਾ ਸੀ; ਤੰਗ ਇਸੇ ਵਾਸਤੇ ਹੈ ਕਿ ਉਹ ਕਦੇ ਗ਼ਾਫ਼ਲ ਹੋਕੇ ਸੌਂ ਨਾ ਸਕੇ। ਸਦੀਆਂ ਬੱਧੀ ਇਸ ਨਿੱਕੇ ਜਿਹੇ ਥਾਂ ਵਿਚ ਕਈ ਵਡੀਆਂ ਜਿੰਦਾਂ ਅਪਣੇ ਸਰਕਸ਼ ਮਨਾਂ ਨੂੰ ਸੋਧਣ ਲਈ ਨਿਵਾਸ ਕਰ ਗਈਆਂ ਹਨ। ਸਮੇਂ ਪਲਟ ਗਏ ਉਹ ਬੁਧ ਦੀ ਸਫਾ ਵਲ੍ਹੇਟੀ ਗਈ। ਜਿਸ ਦੇਸ਼ ਨੇ ਉਸ ਨੂੰ ਜਨਮ ਦਿਤਾ ਸੀ ਉਸ ਨੇ ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਤੇ ਉਹ ਬੂਟਾ ਪ੍ਰਦੇਸਾਂ ਵਿਚ ਜਾ ਪ੍ਰਫੁੱਲਿਆ। ਇਸ ਤਰ੍ਹਾਂ ਦੇ ਉਹਨਾਂ ਦੇ ਅਸਥਾਨ ਕੁਛ ਸਮੇਂ ਨੇ ਕੇਰ ਦਿਤੇ, , ਕੁਛ ਮੁਸਲਮਾਨ ਹੱਲੇ ਕਰਨ ਵਾਲਿਆਂ ਨੇ ਖ਼ੇਰੂ ਖੇਰੂ ਕਰ ਦਿਤੇ। ਇਹ ਥਾਂ ਬੀ ਖੰਡਰਾਂ ਦੇ ਸਰੂਪ ਵਿਚ ਪਲਟ ਰਹੀ ਸੀ ਕਿ ਕੁਦਰਤ ਨੇ ਇਸ ਨੂੰ ਮੁਰੰਮਤ ਦੇ ਹੱਥ ਲੁਆਕੇ ਫੇਰ ਬਣਵਾ ਦਿਤਾ। ਏਸੇ ਦੇ ਢੇਰ ਵਿਚ ਕਲਸ ਗੁੰਬਜ਼ ਦੇ ਇਟਾਂ ਪੱਥਰ ਮਿਲ ਗਏ ਤੇ ਉਹ ਡਿੱਗੇ ਹੋਏ ਮਸਾਲੇ ਕੁਛ ਨਵੇਂ ਲੈਕੇ ਫੇਰ ਅਪਣੇ ਥਾਂ ਤੇ ਖੜੇ ਹੋਏ ਇਸ ਨੂੰ ਮੁੜ ਜਾਨ ਪਾ ਗਏ। ਬਸ ਹੁਣ ਇਹ ਸਾਰੀ ਗੱਲ ਜਾਣਕੇ ਤੇਰੇ ਮਨ ਦੀ ਹੈਰਾਨੀ ਠੰਢੀ ਹੋ ਗਈ ਹੈ ਯਾ ਮਨੁੱਖ ਦੇ ਸੁਭਾਵ ਵਾਂਙ ਇਕ ਜਿੱਤ ਦੇ ਬਾਦ ਹੋਰ ਬਖੇੜੇ ਵਿਚ ਪੈਕੇ ਨਵੀਂ ਜਿੱਤ ਦੇ ਯਤਨ ਵਿਚ ਲਗਣ ਵਾਂਙੂ ਹੋਰ ਹੈਰਾਨੀ ਵਿਚ ਜਾ ਪਈ ਹੈ?

ਮੈਂ ਕਿਹਾ-ਸੱਚ ਤਾਂ ਇਹੋ ਹੈ ਕਿ ਹੁਣ ਮੇਰਾ ਜੀਉ ਇਹ ਚਾਹੁੰਦਾ ਹੈ ਕਿ ਇਹ ਬੀ ਜਾਣਾ ਕਿ ਇਸ ਡਿੱਗੇ ਪਏ ਨੂੰ ਕਿਸ ਮੁਰਾਦ ਨਾਲ ਕਿਸੇ ਸੰਸਾਰੀ ਹੱਥ ਨੇ ਫੇਰ ਉਠਾਯਾ ਅਰ ਉਸ ਵਿਚ ਆਪ ਦਾ ਕੀਹ ਹਿੱਸਾਂ ਹੈ?

ਹੱਸਕੇ, ਪਰ ਪਿਆਰ ਨਾਲ ਉਸ ਪਰੀ ਤੋਂ ਬੀ ਪਿਆਰੀ ਸੂਰਤ ਨੇ ਕਿਹਾ:-ਹੇ ਰਾਹੀ! ਆਦਮੀ ਜਾਣਨ ਲਈ ਤਾਂ ਬਹੁਤ ਉਤਾਵਲਾ ਹੈ, ਪਰ ਕਾਸ਼! ਕਦੇ ਜਿੰਨਾਂ ਕੁ ਜਾਣ ਲੈਂਦਾ ਹੈ ਓਨੀ ਕੁ ਕਮਾਈ ਬੀ ਕਰੇ। ਹਾਂ, ਹਰ ਗੱਲ ਨੂੰ ਜਾਣ ਜਾਣਕੇ ਅਕਲ ਦੇ ਮੰਦਰ ਕੋਠੇ ਸਾਰੇ ਭਰ ਘੱਤਦਾ ਹੈ, ਪਰ ਉਸ ਜਾਣਨ ਨਾਲ ਇਹ ਕੰਮ ਨਹੀਂ ਕਰਦਾ ਕਿ ਜੋ ਕੁਛ ਜਾਣਿਆਂ ਹੈ ਸੋ ਕੁਛ ਕਰੇ ਬੀ, ਤਾਂ ਜੋ ਸੋਈਓ ਕੁਛ ਹੋ ਜਾਵੇ। ਫੇਰ ਅੰਦਰਲਾ ਜਾਣਨਹਾਰ ਜਾਣ ਜਾਵੇ ਕਿ ਆਪਣੇ ਜਾਣਨ ਅਰ ਜਾਣੀ ਹੋਈ ਤੇ ਜਾਣਨ ਗੋਚਰੀ ਦਾ ਮੈਂ ਤਾਂ ਜਾਣਨ ਵਾਲਾ ਹਾਂ ਅਰ ਐਉਂ ਅਸੰਗ ਹਾਂ ਤੇ ਅਸੰਗ ਹੋਕੇ ਸੁਤੰਤਰ ਹਾਂ ਤੇ ਸੁਤੰਤਰ ਹੋਣ ਕਰਕੇ ਖੁਸ਼ ਹਾਂ।

ਹੇ ਰਾਹੀ, ਹੇ ਪਰਾਹੁਣੇ ! ਤੇਰੇ ਆਦਰ ਖ਼ਾਤਰ ਮੈਂ ਤੈਨੂੰ ਵਿਥਿਆ ਸਣਾਉਂਦੀ ਹਾਂ, ਸੁਣੀਂ ਤੇ ਸਮਝੀਂ। ਇਹ ਰਾਮ ਕਹਾਣੀ ਲੰਮੀਂ ਹੈ ਤੇ ਰਤਾ ਡੂੰਘੀ ਹੈ, ਜੇ ਹਰਿਆਨੀ ਨਾਲ ਸੁਣੇਂਗਾ ਤਾਂ ਕੁਛ ਨਾ ਜਾਣੇਂਗਾ, ਪਰ ਜੇ ਪ੍ਰੀਤ ਨਾਲ ਧਯਾਨ ਜੋੜਕੇ ਸੁਣੇਂਗਾ ਤਾਂ ਸਮਝੇਂਗਾ ਕਿ ਇਸ ਟਿਕਾਣੇ ਕੀਹ ਬੀਤੀ ਸੀ ਤੇ ਤੂੰ ਉਸ ਤੋਂ ਕੀਹ ਲਾਭ ਲੈ ਸਕਦਾ ਹੈਂ। ਇਸ ਨਾਲ ਮੇਰੀ ਮਿਥਿਆ ਜੁੜੀ ਹੈ, ਸੋ ਮੈਂ ਅਪਣੇ ਹਾਲ ਤੋਂ ਮੁੱਢ ਕਰਦੀ ਹਾਂ:-

ਮੇਰਾ ਸਰੀਰ ਰਾਜਸੀ ਘਰ ਵਿਚ ਜੰਮਿਆਂ। ਮੇਰਾ ਪਿਤਾ ਇਸ ਤੱਪੇ ਦਾ ਮਾਲਕ ਸੀ ਅਤੇ ਅਪਣੇ ਜ਼ੋਰ ਤੇ ਬਲ ਨਾਲ ਉਦਾਲੇ ਦੇ ਸਾਰੇ ਤਪੇ ਤੇ ਹੁਕਮ ਕਰਦਾ ਸੀ। ਲਾਗ ਲਾਗ ਦੇ ਲੋਕਾਂ ਤੇ ਹੋਰ ਕੁਲਾਂ ਦੇ ਸਿਰ-ਕੱਢਾਂ ਵਿਚ ਸਦਾ ਫ਼ਤਹ ਪਾਉਣ ਕਰਕੇ 'ਰਾਠ' ਕਹਾਉਂਦਾ ਸੀ। ਮੇਰਾ ਸਰੀਰ ਉਸ ਦੇ ਘਰ ਬਹੁਤ ਸਿੱਕਾਂ ਦੇ ਮਗਰੋਂ ਆਉਣ ਕਰਕੇ ਸਾਰੇ ਪਰਵਾਰ ਵੱਲੋਂ ਪਿਆਰ ਨਾਲ ਦੁਲਾਰਿਆ ਜਾਂਦਾ ਸੀ। ਸਮੇਂ ਵਿਚ ਤਾਂ ਕੁਛ ਡਰ ਕਰਕੇ, ਕੁਛ ਰੀਸ ਕਰਕੇ ਤੇ ਕੁਛ ਵਡਿਆਈ ਕਰਕੇ ਪਰਦਾ ਪਰਵਿਰਤ ਹੋ ਗਿਆ ਸੀ, ਪਰ ਪਿਤਾ ਦੇ ਭੁਜ ਬਲ ਦੇ ਤਾਣ ਮੈਂ ਨਿਰਭੈ ਸਾਂ ਤੇ ਅਪਣੀ ਪੁਰਾਣੀ ਕੁਲਾਰੀਤ ਮੂਜਬ ਸੁਤੰਤਰ ਸਾਂ। ਘੋੜਿਆਂ ਤੇ ਚੜ੍ਹੀ ਇਨ੍ਹਾਂ ਜੰਗਲਾਂ ਵਿਚ ਖੁਸ਼ ਫਿਰਦੀ ਸਾਂ। ਸ਼ਿਕਾਰ ਬੀ ਖੇਡਦੀ ਸਾਂ ਨਿਸ਼ਾਨੇ ਫੁੰਡਦੀ ਤੇ ਨੇਜ਼ੇ ਬੀ ਪੁਰੋਂਦੀ ਸਾਂ। ਖੂੰਡੀ ਦੀ ਖੇਡ ਤੇ ਖਿੱਦੋਪੱਟੀ ਸਖੀਆਂ ਦੇ ਝੁੰਡ ਬਣਾਕੇ ਖੇਡਿਆ ਕਰਦੀ ਸਾਂ। ਗੱਲ ਕੀ ਮੇਰੇ ਲਈ ਸੰਸਾਰ ਸੁਖਾਂ ਤੇ ਮੌਜਾਂ ਦਾ ਇਕ ਅਖਾੜਾ

ਸੀ। ਸਵੇਰ ਤੋਂ ਰਾਤ ਤਕ ਹੱਸਣਾ, ਖੇਡਣਾ, ਖਾਣਾ, ਦਾਤਾਂ ਦੇਣੀਆਂ, ਛੇੜਨਾ, ਮੌਜਾਂ ਵਿਚ ਮੱਤੇ ਦੌੜਨਾ, ਸੁਖਾਂ ਨਾਲ ਬੈਠਣਾ, ਜੌਂਕੀ ਸੌਣਾ। ਕੋਈ ਐਸਾ ਨਹੀਂ ਸੀ ਜੋ ਮੇਰੇ ਸੁਖ ਵਿਚ ਬੁਰਾ ਮੰਨਦਾ ਧਾ ਜੇ ਮੰਨਦਾ ਤਾਂ ਕੁਛ ਬਿਰਕ ਸਕਦਾ। ਮਾਂ ਦੀ ਮੈਂ ਲਾਡਲੀ ਸਾਂ ਤੇ ਮਾਂ ਮੇਰੀ ਮੇਰੇ ਪਿਤਾ ਦੀ ਅਤਿ ਪਿਆਰੀ ਵਹੁਟੀ ਸੀ, ਇਸ ਕਰਕੇ ਪਿਤਾ ਨੂੰ ਮੈਂ ਵਧੀਕ ਦੁਲਾਰੀ ਸਾਂ। ਮਾਤਾ ਪਿਤਾ ਦੀ ਇਕੋ ਇਕ ਬੱਚੀ ਹੋਣ ਕਰਕੇ ਤੱਪੇ ਭਰ ਵਿਚ ਮੇਰੇ ਵਰਗਾ ਕੌਣ ਸੀ। ਪਰਜਾ ਪਰ ਮੈਂ ਵੱਡੀ ਸਾਂ ਤੇ ਮੇਰੇ ਵੱਡੇ ਮੇਰੇ ਪਿਆਰ ਦੇ ਕਾਰਨ ਮੇਰੇ ਸਿਰ ਤੇ ਭੈ ਦਾ ਕੁੰਡਾ ਨਹੀਂ ਧਰ ਸਕਦੇ ਸੇ। ਇਨ੍ਹਾਂ ਰੰਗਾਂ ਤੇ ਮੌਜਾਂ ਵਿਚ ਅਠਾਰਾਂ ਹੁਨਾਲ ਤੇ ਅਠਾਰਾਂ ਸਿਆਲ ਬੀਤ ਗਏ। ਨਾ ਪੁੰਨ ਤੇ ਨਾ ਪਾਪ ਦੀ ਮੈਨੂੰ ਸਾਰ ਪਈ, ਨਾ ਇਸਤ੍ਰੀ ਤੇ ਆਦਮੀ ਦਾ ਕੋਈ ਡੂੰਘਾ ਫ਼ਰਕ ਮੇਰੇ ਆਤਮਾ ਤੇ ਪਿਆ। ਮੇਰੇ ਜਾਣੇ ਦੁਨੀਆਂ ਸੁੱਖਾਂ, ਖੇਲਾਂ ਦਾ ਥਾਉਂ ਸੀ ਅਰ ਜੋ ਕੁਛ ਦਿੱਸਦਾ ਸੀ। ਸਭ ਮੇਰੇ ਆਰਾਮ ਲਈ ਬਣਿਆਂ ਦਿੱਸਦਾ ਸੀ। ਮੈਂ ਸਾਰਾ ਦਿਨ ਹੱਸਦੀ, ਹਰੇਕ ਸਖੀ ਨਾਲ ਚੁਹਲ ਕਰਦੀ ਤੇ ਇਸ ਤਰ੍ਹਾਂ ਫਿਰਦੀ ਸਾਂ ਕਿ ਜਿਸ ਤਰ੍ਹਾਂ ਬਨਾਂ ਵਿਚ ਹਰਨੋਟੇ ਚੌਂਕੜੀਆਂ ਭਰਦੇ ਹਨ। ਜਦੋਂ ਮੈਂ ਰਾਤ ਨੂੰ ਘਰ ਆਈ ਤਾਂ ਮਾਂ ਦੀ ਗੋਦ ਵਿਚ ਜਾ ਬੈਠੀ ਤੇ ਕੂਕੀ; 'ਅੰਮੀਏ ਟੁਕ ਖੁਆਲ'। ਉਸ ਨੇ ਘੁੱਟ ਘੁੱਟ ਕੇ ਛਾਤੀ ਨਾਲ ਲਾਉਣਾ ਤੇ ਨਿਆਣਿਆਂ ਵਾਂਙ ਆਪ ਗ੍ਰਾਹੀਆਂ ਮੇਰੇ ਮੂੰਹ ਦੇ ਦੇ ਕੇ ਰੋਟੀ ਖੁਆਉਣੀ। ਓਥੋਂ ਉਠੀ ਦੁੱਧ ਦਾ ਛੰਨਾ ਪ੍ਰੀਤਾ ਤੇ ਚਣੀਓਟੀ ਪਲੰਘ ਤੇ ਧੜੱਮ ਛਾਲ ਮਾਰੀ, ਸਿਰਹਾਣੇ ਤੇ ਸਿਰ ਰੱਖਿਆ ਤੇ ਸੌਂ ਗਈ। ਰਾਤ ਭਰ ਪਾਸਾ ਨਹੀਂ ਕਦੇ ਲੀਤਾ, ਕਦੇ ਸੁਪਨਾ ਨਹੀਂ ਡਿੱਠਾ, ਸੂਰਜ ਨੂੰ ਮੈਂ ਕਦੇ ਆਪਣੇ ਤੋਂ ਪਿੱਛੋਂ ਨਹੀਂ ਜਾਗਣ ਦਿਤਾ। ਝੀਤਾਂ ਵਿਚੋਂ ਧੁੱਪ ਅੰਦਰ ਆਈ ਤਾਂ ਮੈਂ ਜਾਗੀ, ਜਾਗੀ ਤਾਂ ਛਾਲ ਮਾਰ ਕੇ ਉਠੀ ਝੱਟ ਲੀੜੇ ਪਾਏ ਤਾਂ ਬਾਹਰ ਘੋੜੇ ਚੜ੍ਹੀ, ਸਖੀਆਂ ਦਾ ਸਮਾਜ ਨਾਲ ਲਿਆ ਤੇ ਜੂਹਾਂ ਬਨਾਂ ਨੂੰ ਉਡ ਗਈ। ਬਨਾਂ ਵਿਚ ਹੀ ਇਸ਼ਨਾਨ ਓਥੇ ਹੀ ਖੇਡਾਂ, ਦੁਪਹਿਰ ਖਿੜ ਖਿੜ ਹਸਦੀ ਖੁਸ਼ੀ ਦੇ ਖੰਭਾਂ ਤੇ ਉਡਦੀ ਘਰ ਆਈ ਤੇ ਓਸੇ ਤਰ੍ਹਾਂ ਖਾਂਦੀ ਪੀਦੀਂ ਹੱਸਦੀ ਬੋਲਦੀ ਸੌਂ ਗਈ। ਲੌਢੇ ਪਹਿਰ ਪਿਤਾ ਨਾਲ ਪਿਆਰ ਕਰਦੀ ਉਹਨਾਂ ਦੇ ਸਾਹਮਣੇ ਘੋੜੇ ਤੇ ਚੜ੍ਹਕੇ ਫੇਰ ਖੇਡਾਂ ਦੇ ਪਿੜ ਵਿਚ ਜਾ ਪਹੁੰਚੀ। ਰਾਤ ਪਈ ਉਸੇ ਤਰ੍ਹਾਂ ਕਬੂਤਰ ਵਾਂਙ ਗੁਟਕਦੀ ਘਰ ਆ ਗਈ। ਝਨਾਂ ਸਾਥੋਂ ਜ਼ਰਾ ਵਿੱਥ ਤੇ ਸੀ, ਪਰ ਮੇਰਾ ਬੇੜਾ ਉਥੇ ਬੀ ਸੀ। ਮੇਰੇ ਪਿਤਾ ਨੂੰ ਲੋਕੀਂ 'ਭੂਈਂ ਨਈਂ ਦਾ ਸਾਂਈਂ' ਕਹਿੰਦੇ ਸਨ, ਕਿਉਂਕਿ ਦਰਯਾ ਵਿਚ ਬੀ ਕੋਈ ਉਸਦੇ ਅੱਗੇ ਹੁਤ ਨਹੀਂ ਸੀ ਕਰਦਾ।

ਇਕ ਦਿਨ ਮੈਂ ਸ਼ਿਕਾਰ ਨੂੰ ਗਈ। ਬਹੁਤ ਦੂਰੋਂ ਜੋ ਮੈਂ ਡਿੱਠਾ, ਤਾਂ ਮੈਨੂੰ ਭੁਲਾਵਾ ਪਿਆ ਕਿ ਇਕ ਚਿੱਤ੍ਰਾ ਬੈਠਾ ਹੈ। ਸਖੀਆਂ ਨੂੰ ਮੈਂ ਕਿਹਾ: ਤੱਕੋ ਖਾਂ ਕੀਹ ਹੈ? ਕਿੰਨੀਆਂ ਨੇ ਕਿਹਾ ਚਿੱਤ੍ਰਾ ਹੈ। ਕਿੰਨੀਆਂ ਨੇ ਕਿਹਾ ਐਵੇਂ ਪੱਥਰ ਪਿਆ ਹੈ। ਇਕ ਨੇ ਕਿਹਾ: ਪਾੜ੍ਹਾ ਨਾਮੇ ਹਰਨ ਹੈ, ਇਕ ਨੇ ਕਿਹਾ: ਜ਼ਰਾ ਅੱਗੇ ਹੋ ਚਲੋ ਤੇ ਹੋਰ ਪਛਾਣ ਕਰ ਲਵੋ। ਪਰ ਮੇਰੇ ਸਰੀਰ ਵਿਚ ਜੋ ਜ਼ਿੰਦਗੀ ਦੇ ਚਾ ਮਲ੍ਹਾਰਾਂ ਤੇ ਖੁਸ਼ੀਆਂ ਦੇ ਉਛਾਲਿਆਂ ਨਾਲ ਭਰੇ ਹੁਲਾਰੇ ਅੜੱਲਵੇਂ ਉਠਦੇ ਸਨ ਓਹ ਇਨ੍ਹਾਂ ਗਲਾਂ ਦੀ ਕੀਹ ਪਰਵਾਹ ਕਰਦੇ ਸਨ, ਮੈਂ ਨਿਸ਼ਾਨਾਂ ਜਮਾ ਕੇ ਤੀਰ ਸੇਧਿਆ। ਜਦ ਮੈਂ ਚਲਾਉਣ ਲਗੀ ਤਾਂ ਅੱਜ ਪਹਿਲਾ ਦਿਨ ਸੀ ਕਿ ਮੇਰੇ ਜੀ ਵਿਚ ਕੁਛ ਹੋਇਆ, ਜਿਸ ਨੂੰ ਮੈਂ ਉਦੋਂ ਤਾਂ ਨਹੀਂ ਜਾਣਦੀ ਸਾਂ ਪਰ ਪਿੱਛੋਂ ਪਤਾ ਲੱਗਾ ਕਿ ਉਹ ਡਰ ਸੀ। ਤੀਰ ਚੱਲ ਗਿਆ ਤੇ ਐਨ ਨਿਸ਼ਾਨੇ ਵਿਚ ਬੈਠਾ। ਉਹ ਜੀਵ ਉਠਿਆ ਨਹੀਂ, ਨੱਠਾ ਨਹੀਂ, ਉਥੇ ਹੀ ਦੋ ਕੁ ਭੁਆਟਣੀਆਂ ਲੈਕੇ ਬੇਹਿੱਲ ਹੋ ਗਿਆ। ਜਾਂ ਅਸੀਂ ਭੱਜਕੇ ਉਥੇ ਪਹੁੰਚੀਆਂ ਤਾਂ ਹਾਇ ਰੱਬਾ! ਮੈਂ ਕੀ ਡਿੱਠਾ ਕਿ ਉਹ ਬਨ ਪਸ਼ੂ ਨਹੀਂ ਸੀ, ਉਹ ਤਾਂ ਇਕ ਆਦਮੀ ਸੀ। ਆਦਮੀ ਬੀ ਉਹ ਸੀ ਕਿ ਜਿਸ ਜੇਹੀ ਸੂਰਤ ਮੈਂ ਅੱਗੇ ਕਦੇ ਨਹੀਂ ਸੀ ਡਿੱਠੀ। ਉਹ ਜੁਆਨ ਤਾਂ ਚੰਗਾ ਸੀ, ਜੁਆਨ ਚੰਗੇ ਤੋਂ ਚੰਗੇ ਸਾਡੇ ਦਲ ਵਿਚ ਬੀ ਸਨ, ਪਰ ਉਹ ਕੁਛ ਹੋਰ ਵੀ ਸੀ ਤੇ ਪਤਾ ਨਹੀਂ ਕਿ ਉਹ ਹੋਰ ਕੀਹ ਸੀ? ਉਹ ਕੁਛ ਐਸਾ ਚੰਗਾ ਚੰਗਾ ਸੀ ਕਿ ਮੈਨੂੰ ਐਉਂ ਜਾਪੇ ਜੋ ਤੀਰ ਤਾਂ ਮੈਂ ਮਾਰਿਆ ਹੈ ਇਸ ਨੂੰ, ਪਰ ਵਿੰਨ੍ਹੀ ਮੈਂ ਆਪ ਗਈ ਹਾਂ। ਕਦੇ ਪਿਤਾ ਤੇ ਮਾਂ ਐਡੇ ਚੰਗੇ ਨਹੀਂ ਸਨ

ਲੱਗੇ, ਕਦੇ ਖੇਡਾਂ ਤੇ ਸ਼ਿਕਾਰ ਐਡੇ ਚੰਗੇ ਨਹੀਂ ਸਨ ਲੱਗੇ, ਨਾ ਹੀ ਕਦੇ ਸਹੇਲੀਆਂ ਇੰਨੀਆਂ ਮਿੱਠੀਆਂ ਲੱਗੀਆਂ ਸਨ ਕਿ ਜਿੱਡਾ ਚੰਗਾ ਉਹ ਲੱਗਾ, ਮੇਰੇ ਵੱਸ ਨਹੀਂ ਰਿਹਾ, ਮੈਂ ਜੋ ਸਭ ਤੋਂ ਉੱਚੀ ਆਪਨੂੰ ਜਾਣਦੀ ਸਾਂ, ਬੇਵੱਸ ਉਸ ਦੇ ਅੱਗੇ ਚੁਫਾਲ ਡਿੱਗ ਪਈ। ਹਾਂ ਮੇਰਾ ਅਝੁਕ ਸਿਰ ਝੁਕ ਗਿਆ, ਮੇਰੇ ਅਜੁੜੇ ਹੱਥ ਜੁੜ ਗਏ ਅਰ ਜੋ ਗਲ ਮੇਰੇ ਤੇ ਅੱਗੇ ਕਦੇ ਨਾ ਸੀ ਵਰਤੀ ਉਹ ਅੱਜ ਆ ਵਰਤੀ। ਮੇਰੀਆਂ ਅੱਖਾਂ ਵਿਚੋਂ ਪਾਣੀ ਦੇ ਟੇਪੇ ਕਿਰਨ ਲੱਗ ਪਏ। ਉਸ ਮੋਹਿਨੀ ਮੂਰਤ ਦੇ ਸਰੀਰ ਵਿਚ ਤੀਰ ਖੁਭ ਰਿਹਾ ਸੀ ਤੇ ਉਸ ਤੀਰ ਦੀ ਜੜ੍ਹ ਵਿਚੋਂ ਲਹੂ ਦੀ ਧਾਰ ਵਹਿ ਰਹੀ ਸੀ। ਮੈਂ ਰੋਈ, ਕੰਬੀ। ਮੈਂ ਆਪਣੇ ਹੱਥਾਂ ਨਾਲ ਉਸ ਤੀਰ ਨੂੰ ਕੱਢਿਆ ਅਰ ਉਸ ਛੇਕ ਨੂੰ, ਜੋ ਮੇਰੇ ਹੀ ਮੂਰਖ ਹੱਥਾਂ ਨੇ ਪਾਇਆ ਸੀ, ਬੰਦ ਕਰਨ ਲਈ ਘੁੱਟਕੇ ਫੜਿਆ। ਸਖੀਆਂ ਮੇਰੇ ਵਿਚ ਇਹ ਰੰਗ ਦੇਖਕੇ-ਜੋ ਅੱਗੇ ਕਦੇ ਨਹੀਂ ਸਾਨੇ ਡਿੱਠਾ:-ਮਾੜੀ[1] ਨੂੰ ਦੌੜੀਆਂ। ਮੈਂ ਇਕੱਲੀ ਰਹਿ ਗਈ। ਉਸ ਸੂਰਤ ਨੂੰ ਇਸ ਹਾਲ ਵਿਚ ਦੇਖਕੇ ਮੇਰਾ ਕਲੇਜਾ ਵੱਸ ਵਿਚ ਨਹੀਂ ਸੀ। ਮੈਨੂੰ ਸਮਝ ਨਹੀਂ ਸੀ ਪੈਂਦੀ, ਪਰ ਮੇਰੇ ਨੈਣਾਂ ਵਿਚੋਂ ਪਾਣੀ ਦੀ ਧਾਰ ਨਹੀਂ ਖੜੋਂਦੀ ਸੀ। ਮੈਂ ਚਾਹੁੰਦੀ ਸਾਂ ਜੋ ਇਹ ਇਕ ਵੇਰ ਅੱਖਾਂ ਖੋਲ੍ਹੇ, ਪਰ ਮੇਰਾ ਹੀਆ ਨਹੀਂ ਪੈਂਦਾ ਸੀ ਕਿ ਮੈਂ ਉਸ ਨੂੰ ਹਿਲਾਵਾਂ, ਡਰ ਆਵੇ ਜੋ ਮਤਾਂ ਨੀਂਦ ਵਿਚ ਹੋਵੇ ਤੇ ਮੇਰੇ ਬੁਲਾਯਾਂ ਜਾਗ ਉਠੇ ਤੇ ਇਸ ਨੂੰ ਫੇਰ ਪੀੜ ਹੋਵੇ। ਇਸ ਵੇਲੇ ਮੇਰਾ ਜੀ ਕਰੇ ਕਿ ਇਸ ਦੀ ਪੀੜ ਮੈਨੂੰ ਆ ਜਾਵੇ, ਇਸ ਦਾ ਲਹੂ ਬੰਦ ਹੋ ਜਾਵੇ ਤੇ ਇਹ ਉਠਕੇ ਬੈਠ ਜਾਵੇ ਤੇ ਮੇਰੇ ਵਲ ਤੱਕੇ ਤੇ ਆਖੇ: 'ਹੇ ਮੁਟਿਆਰੇ! ਤੇਰੇ ਅਪਰਾਧ ਦੀ ਮੈਂ ਤੈਨੂੰ ਇਹ ਸਜ਼ਾ ਦੇਂਦਾ ਹਾਂ ਕਿ ਸਾਰੀ ਉਮਰ ਲਈ ਤੈਨੂੰ ਆਪਣਾ ਗੋਲਾ ਬਨਾਵਾਂਗਾ'। ਮੈਂ ਸੋਚਾਂ ਕਿ ਜੇ ਮੇਰਾ ਪਿਤਾ ਇਹ ਗੱਲ ਨਾ ਮੰਨੇਗਾ ਤਾਂ ਮੈਂ ਉਸ ਨੂੰ ਗਲੱਕੜੀ ਪਾਕੇ ਉਸ ਦੀ ਛਾਤੀ ਤੇ ਸਿਰ ਰੱਖਕੇ ਰੋ ਰੋ ਕੇ ਮਨਾ ਲਵਾਂਗੀ ਕਿ: 'ਹੇ ਪਿਤਾ ਜੀ ਮੈਂ ਇਸ ਦੀ ਬਾਂਦੀ ਹੋ ਗਈ ਹਾਂ, ਮੇਰੇ ਅਪਰਾਧ ਨੇ ਮੈਨੂੰ ਇਸ ਪਾਸ ਵੇਚ ਦਿਤਾ ਹੈ, ਤੁਸੀਂ ਜੇ ਰਾਜ ਭਾਗ ਸਮੇਤ ਮੈਨੂੰ ਇਸ ਦਾ ਗੋਲਾ ਬਣਾ ਦਿਓ ਤਾਂ ਬੀ ਮੇਰੀ ਭੁੱਲ ਦਾ ਬਦਲਾ ਨਹੀਂ ਮੁਕਦਾ ਜੇ'। ਇਹ ਅੰਮੀ ਤੇ ਬਾਪੂ ਨੂੰ ਦੱਸ ਦਿਆਂਗੀ ਕਿ ਇਸ ਦੀ ਕੈਦ ਵਿਚ ਖਿੜੀ ਹੋਈ ਖੁਸ਼ ਤੇ ਖੁਲ੍ਹਾਂ ਵਾਲੀ ਆਪ ਨੂੰ ਜਾਣਾਂਗੀ। ਇਸ ਵੇਲੇ ਕਲੇਜਾ ਉਛਲ ਰਿਹਾ ਸੀ ਤੇ ਮੇਰਾ ਇਕ ਹੱਥ ਉਸ ਦੇ ਸਰੀਰ ਤੇ ਐਸ ਤਰ੍ਹਾਂ ਫਿਰਦਾ ਸੀ ਕਿ ਜਿਸ ਤਰ੍ਹਾਂ ਮੈਨੂੰ ਥੱਕੀ ਹੋਈ ਨੂੰ ਮੇਰੀਆਂ ਟਹਿਲਣਾਂ ਪਲੋਸਿਆ ਕਰਦੀਆਂ ਸਨ। ਕਿੰਨਾਂ ਚਿਰ ਐਉਂ ਲੰਘ ਗਿਆ। ਲਹੂ ਦੀ ਧਾਰ ਵਾਲੀ ਨਾੜ ਮੇਰੇ ਹੱਥ ਨੇ ਨੱਪੀ ਹੋਈ ਸੀ, ਮੇਰਾ ਦੂਸਰਾ ਹੱਥ ਉਸ ਦੇ ਪੈਰਾਂ ਨੂੰ ਘੁੱਟ ਰਿਹਾ ਸੀ ਕਿ ਬੇਵਸੇ ਫੇਰ ਮੇਰਾ ਸਿਰ ਉਹਨਾ ਪੈਰਾਂ ਤੇ ਜਾ ਪਿਆ ਅਰ ਮੇਰੇ ਝਨਾਂ ਵਾਂਙੂ ਉੱਛਲ ਰਹੇ ਨੈਣਾਂ ਨੇ ਉਹਨਾਂ ਨੂੰ ਚੰਗੀ ਤਰ੍ਹਾਂ ਧੋਤਾ, ਇਸ ਵੇਲੇ ਉਸ ਨੇ ਲੰਮਾ ਸਾਹ ਲੀਤਾ, ਮੈਂ ਸਿਰ ਚੁਕਕੇ ਦੇਖਿਆ ਤਾਂ ਉਸ ਨੇ ਅੱਖਾਂ ਖੋਲ੍ਹੀਆਂ ਸਨ। ਅੱਖਾਂ ਨੂੰ ਜਦ ਮੇਰੀਆਂ ਅੱਖਾਂ ਨੇ ਡਿੱਠਾ, ਮੇਰੇ ਸਾਰੇ ਸਰੀਰ ਵਿਚ ਝਰਨਾਟ ਛਿੜ ਗਈ; ਕਾਹਨੂੰ ਕਦੇ ਮੈਂ ਐਹੋ ਜੇਹੀਆਂ ਅੱਖਾਂ ਵੇਖੀਆਂ ਸਨ? ਮੈਂ ਚਾਹੁੰਦੀ ਸਾਂ ਕਿ ਆਖਾਂ: 'ਹੇ ਸਭ ਤੋਂ ਉੱਚੇ ਮਨੁੱਖ! ਮੈਂ ਅਨਜਾਣੇ ਤੈਨੂੰ ਵਿੰਨ੍ਹ ਬੈਠੀ ਹਾਂ, ਪਰ ਆਪਣਾ ਦੋਸ਼ ਆਪ ਮੰਨਦੀ ਹਾਂ। ਇਹ ਮੇਰਾ ਇਹ ਮੇਰਾ ਕਮਾਨ ਹੈ ਤੇ ਇਹ ਤੀਰ ਹੈ ਜਿਸ ਨਾਲ ਤੈਨੂੰ ਮੈਂ ਵਿੰਨ੍ਹਿਆਂ ਹੈ, ਉੱਠ ਅਰ ਮੇਰੀ ਛਾਤੀ ਇਸੇ ਨਾਲ ਵਿੰਨ੍ਹ ਘੱਤ। ਤੇ ਜੇ ਜਾਨ ਬਖਸ਼ੀ ਕਰੇਂ ਤਾਂ ਮੇਰੇ ਕੰਨ ਚੀਰ ਕੇ ਵਾਲੀ ਪਾ ਅਰ ਮੈਨੂੰ ਗ਼ੁਲਾਮ ਬਣਾਕੇ ਨਾਲ ਲੈ ਚਲ। ਮੈਂ ਸਾਰੀ ਉਮਰ ਦੀ ਤੇਰੀ ਬਾਂਦੀ ਹੋਈ।' ਪਰ ਹਾਇ ਮੇਰਾ ਸੰਘ ਰੁਕ ਗਿਆ, ਮੈਂ ਬੋਲ ਨਾ ਸੱਕੀ, ਮੇਰੀਆਂ ਅੱਖਾਂ ਨੇ ਜੋ ਕੁਛ ਆਖਿਆ ਸੋ ਆਖਿਆ ਅਰ ਉਸ ਦੀਆਂ ਅੱਖਾਂ ਨੇ ਜੋ ਵਾਚਿਆ ਸੋ ਵਾਚਿਆ। ਮੈਂ ਅਜੇ ਰੱਜਕੇ ਅੱਖੀਆਂ ਦੇਖੀਆਂ ਬੀ ਨਹੀਂ ਸਨ ਕਿ ਛੱਪਰ ਢਹਿ ਪਏ ਅਰ ਓਹ ਅੱਖਾਂ ਫੇਰ ਬੰਦ ਹੋ ਗਈਆਂ। ਮੇਰਾ ਪੈਰ ਘੁੱਟਣ ਵਾਲਾ ਹੱਥ ਹੁਣ ਉਸ ਦੇ ਚਿਹਰੇ ਤੇ ਪਹੁੰਚਾ, ਮਿੱਟੀ ਸਾਫ ਕੀਤੀ, ਪੂੰਝਿਆ, ਜਿਕੂੰ ਮਾਂ ਡਾਵੇ ਚਾਵਾਂ ਵੇਲੇ ਮੇਰੇ ਚਿਹਰੇ ਤੇ ਹੱਥ ਫੇਰਦੀ ਸੀ, ਕੁਛ ਉਸ ਤਰ੍ਹਾਂ ਤੇ ਕੁਛ ਸੰਗ ਜੇਹੀ ਵਿਚ ਮੈਂ ਚਿਹਰੇ ਤੇ ਹੱਥ ਫੇਰਾਂ ਤੇ

[1] ਰਾਠ ਯਾ ਤਪੇ ਦੇ ਮਾਲਕ ਦੇ ਰਹਿਣ ਦਾ ਉਸ ਸਮੇਂ ਦਾ ਮਹੱਲ।

ਚਾਹਾਂ ਕਿ ਇਹ ਇਕ ਵੇਰ ਫੇਰ ਅੱਖਾਂ ਖੋਹਲ ਦੇਵੇ। ਮੇਰੀ ਆਸ ਪੂਰੀ ਹੋ ਗਈ, ਅੱਖਾਂ ਖੁੱਲ੍ਹ ਗਈਆਂ ਅਰ ਖੁੱਲ੍ਹਕੇ ਮੇਰੀਆਂ ਅੱਖਾਂ ਵਿਚ ਗੱਡ ਗਈਆਂ, ਮੇਰੇ ਨੈਣ ਝਮਕਣਾ ਭੁੱਲ ਗਏ। ਉਹ ਸੁਆਦ ਇਸ ਰੰਗ ਵਿਚ ਆਯਾ ਕਿ ਮੈਂ ਕਦੇ ਅੱਗੇ ਨਹੀਂ ਡਿੱਠਾ ਸੀ, ਮੈਨੂੰ ਇਕ ਤਰ੍ਹਾਂ ਦੀ ਬੇਸੁਧੀ ਹੋ ਗਈ। ਕੁਛ ਚਿਰ ਲੰਘਿਆ ਤਾਂ ਮੈਨੂੰ ਮਲੂਮ ਹੋਇਆ ਕਿ ਬੁੱਲ੍ਹ ਖੁੱਲ੍ਹਣ ਲਗੇ ਹਨ ਅਰ ਆਖਣ ਲਗੇ ਹਨ ਕਿ 'ਤੂੰ ਮੇਰੀ ਗੋਲੀ ਹੈਂ'। ਬੁੱਲ੍ਹ ਖੁੱਲੇ ਅਰ ਬੋਲੇ, ਪਰ ਮੈਂ ਨਹੀਂ ਸਮਝੀ ਕੀਹ ਬੋਲੇ। ਹਾਂ ਮੈਨੂੰ ਜੋ ਬੋਲੇ, ਉਹ ਚੇਤੇ ਹੋ ਗਿਆ, 'ਸਿ-ਰੀ-ਵਾ-ਹੇ-ਗੁ-ਰੂ'। ਇੰਨੀ ਗਲ ਸੀ ਜੋ ਉਸ ਨੇ ਆਖੀ, ਪਰ ਮੈਂ ਉਸ ਵੇਲੇ ਨਹੀਂ ਸਮਝਦੀ ਸਾਂ ਕਿ ਇਹ ਕੀ ਆਖਦਾ ਹੈ।

ਹੁਣ ਕੁਛ ਮੇਰੇ ਡਾਢੇ ਜ਼ੋਰ ਲਾਉਣ ਨਾਲ ਮੇਰੇ ਬੁੱਲ੍ਹ ਬੀ ਖੁੱਲ੍ਹੇ ਤੇ ਮੈਂ ਆਖਿਆ:'ਜੀਓ ਜੀ! ਕੀਹ ਹੁਕਮ ਹੈ?' ਪਰ ਇਸ ਦੇ ਉੱਤਰ ਤੋਂ ਪਹਿਲੇ ਬੁੱਲ੍ਹ ਤੇ ਨੈਣ ਫੇਰ ਬੰਦ ਹੋ ਗਏ ਅਰ ਚਿਹਰੇ ਦੇ ਰੰਗ ਵਿਚ ਕੁਛ ਚਿਟਿਆਸ ਹੋਰ ਆ ਗਈ।

ਇੰਨੇ ਨੂੰ ਮੇਰੇ ਪਿਤਾ, ਮਾਤਾ ਤੇ ਹਕੀਮ ਵੈਦ ਤੇ ਕਈ ਦਾਸ ਆ ਗਏ। ਅਜ ਪਹਿਲਾ ਦਿਨ ਸੀ ਕਿ ਮੇਰੇ ਚਿਹਰੇ ਵੱਲ ਵੇਖਕੇ ਮੇਰੇ ਮਾਤਾ ਪਿਤਾ ਹੱਸੇ ਨਹੀਂ; ਉਦਾਸ ਹੋ ਗਏ ਤੇ ਮੈਂ ਬੀ ਰੋ ਪਈ। ਦੌੜਕੇ ਮੇਰੀ ਮਾਂ ਨੇ ਮੈਨੂੰ ਗੋਦ ਵਿਚ ਲੈ ਲਿਆ, ਉਸ ਦੀ ਕਾਹਲੀ ਦੀ ਖਿੱਚ ਨੇ ਮੇਰਾ ਹੱਥ ਛੁਟਕਾ ਦਿਤਾ ਤੇ ਰੁਕੇ ਹੋਏ ਲਹੂ ਦੀ ਧਾਰ ਫੁਹਾਰੇ ਦੀ ਤਰ੍ਹਾਂ ਮੇਰੇ ਚੇਹਰੇ ਤੇ ਵੱਜੀ। ਹਾਇ! ਅਜ ਪਹਿਲਾ ਦਿਨ ਸੀ ਕਿ ਮੈਂ ਆਪਣੇ ਆਪ ਨੂੰ ਮਾਂ ਦੀ ਪਿਆਰੀ ਕਲਾਈ ਤੋਂ ਛੁਡਾ ਕੇ ਉਸ ਨੂੰ ਧੱਕਾ ਦਿਤਾ ਅਰ ਛੇਤੀ ਨਾਲ ਉਸ ਲਹੂ ਦੀ ਨਾੜ ਨੂੰ ਫੇਰ ਨੱਪਿਆ, ਜਿਸ ਵਿਚ ਮੈਂ ਚਾਹੁੰਦੀ ਸਾਂ ਕਿ ਮੇਰਾ ਸਾਰਾ ਲਹੂ ਚਲਿਆ ਜਾਵੇ ਅਰ ਵਗ ਚੁਕੇ ਲਹੂ ਦਾ ਘਾਟਾ ਪੂਰਾ ਕਰ ਦੇਵੇ। ਮੈਂ ਫੇਰ ਢਿੱਲੀ ਹੋਕੇ ਐਸ ਤਰ੍ਹਾਂ ਲੇਟ ਜਾਵਾਂ ਕਿ ਇਹ ਜਿਵੇਂ ਪਿਆ ਹੈ ਤੇ ਇਹ ਮੇਰਾ ਸਿਰ ਚੱਕ ਕੇ ਆਪਣੀ ਗੋਦ ਵਿਚ ਰੱਖਕੇ ਚਿਹਰੇ ਤੋਂ ਮਿੱਟੀ ਪੂੰਝੇ।

ਵੈਦ ਤੇ ਹਕੀਮ ਹੁਣ ਦੌੜਕੇ ਆਏ ਅਰ ਫੱਟੀ ਹੋਈ ਥਾਂ ਮੇਰੇ ਹਥੋਂ ਫੜਨ ਲਗੇ, ਪਰ ਮੇਰਾ ਹੱਥ ਉੱਥੋਂ ਹਟਦਾ ਨਹੀਂ ਸੀ। ਪਿਤਾ ਨੇ ਆਕੇ ਛੇਤੀ ਨਾਲ ਮੇਰਾ ਹੱਥ ਛੁਡਾਯਾ ਤੇ ਜ਼ੋਰ ਨਾਲ ਮੈਨੂੰ ਆਪਣੀ ਗਲਵੱਕੜੀ ਵਿਚ ਲੈਕੇ ਆਪਣੇ ਕਮਰਬੰਦ ਨਾਲ ਮੇਰੇ ਚਿਹਰੇ ਤੋਂ ਲਹੂ ਪੂੰਝਿਆ ਤੇ ਕਿਹਾ: ਰਾਠ ਦੀਏ ਬੱਚੀਏ! ਇਹ ਕੀਹ ਹੋ ਗਿਆ ਹੈ? ਤੇਰਾ ਦਿਲ ਤਾਂ ਇਤਨਾਂ ਕਾਇਰ ਨਹੀਂ ਸੀ?" ਪਰ ਮੇਰੇ ਤੇ ਕੀਹ ਅਸਰ ਹੁੰਦਾ ਸੀ, ਹੱਥ ਜੋੜ ਕੇ ਕਿਹਾ: "ਬਾਪੂ ਜੀ! ਛੇਤੀ ਲਹੂ ਬੰਦ ਕਰਾਓ, ਮੈਂ ਬੇਦੋਸ਼ੇ ਨੂੰ ਮਾਰਿਆ ਹੈ। "ਮੇਰੀ ਆਵਾਜ਼ ਵਿਚ ਕੁਛ ਬਹਾਦਰੀ ਨਹੀਂ ਸੀ, ਕੁਛ ਉਹ ਸੀ ਜਿਸ ਨੂੰ ਨਿਆਣਪੁਣਾ ਆਖਦੇ ਹਨ, ਕੁਛ ਕਾਂਬਾ ਜਿਹਾ ਤੇ ਥਰਰ ਜੇਹੀ ਸੀ, ਜਿਸ ਨਾਲ ਰਾਠ ਬਾਪੂ ਦਾ ਦਿਲ ਵੀ ਘਬਰਾ ਗਿਆ। ਹੁਕਮ ਦਿਤਾ: "ਛੇਤੀ ਜ਼ਖਮ ਨੂੰ ਸੀਵੋਂ। " ਵੈਦ ਜੀ ਤੇ ਹਕੀਮ ਜੀ ਨੇ ਫੁਰਤੀ ਕੀਤੀ, ਮਮਿਆਈ ਤੇ ਹੋਰ ਦਵਾਈਆਂ ਅੰਦਰ ਦਿਤੀਆਂ, ਜ਼ਖਮ ਸੀਤਾ, ਬੰਨ੍ਹਿਆਂ। ਹੁਣ ਮੈਂ ਆਖਿਆ: "ਬਾਪੂ ਜੀ, ਘਰ ਲੈ ਚੱਲੋ; ਓਥੇ ਸੇਵਾ ਕਰਾਂਗੇ। "ਮੇਰਾ ਕਹਿਣਾ ਕੌਣ ਮੋੜ ਸਕਦਾ ਸੀ? ਡੋਲੇ ਵਿਚ ਪਾਕੇ ਮੈਂ ਉਸ ਸੂਰਤ ਨੂੰ-ਜਿਸ ਵਰਗਾ ਚੰਗਾ ਮੈਨੂੰ ਹੁਣ ਹੋਰ ਕੋਈ ਨਹੀਂ ਸੀ ਲਗਦਾ-ਮਾੜੀ ਨੂੰ ਲੈ ਟੁਰੀ। ਹੁਣ ਮੈਥੋਂ ਘੋੜੇ ਤੇ ਨਾ ਚੜ੍ਹਿਆ ਜਾਵੇ, ਜੀ ਕਰੇ ਜੋ ਮੈਂ ਡੋਲੇ ਦੇ ਨਾਲ ਨਾਲ ਤੁਰਾਂ ਅਰ ਉਸ ਮੁਖੜੇ ਨੂੰ ਪਲ ਭਰ ਨਜ਼ਰੋਂ ਉਹਲੇ ਨਾ ਹੋਣ ਦਿਆਂ ਪਰ ਬਾਪੂ ਜੀ ਨੇ ਅੱਜ ਕੁਛ ਜ਼ੋਰ ਦੇਕੇ ਮੈਨੂੰ ਘੋੜੇ ਤੇ ਚੜ੍ਹਾਯਾ। ਅਸੀਂ ਘਰ ਆਏ, ਮੈਂ ਆਪਣੇ ਸੌਣ ਵਾਲੇ ਥਾਂ ਉਸ ਦਾ ਡੇਰਾ ਕਰਾਇਆ।

ਮਾਂ ਮੈਨੂੰ ਵੱਖ ਲਿਜਾਕੇ ਪੁੱਛਣ ਲੱਗੀ: "ਬੱਚੀਏ! ਇਹ ਕੌਣ ਹੈ? ਕਦ ਦਾ ਤੇਰਾ ਜਾਣੂੰ ਹੈ? ਤੈਨੂੰ ਇਸ ਨਾਲ ਏਨੀ ਹੁੱਬ ਕਿਵੇਂ ਹੋ ਆਈ ਹੈ?ਹੈਂ ਐਨਾਂ ਪ੍ਰੇਮ?"

ਮੈਂ ਰੋ ਰੋ ਕੇ ਕਿਹਾ: ਅੰਮੀ! ਅੱਜ ਤੋਂ ਪਹਿਲੇ ਮੈਂ ਇਸ ਨੂੰ ਕਦੇ ਨਹੀਂ ਡਿੱਠਾ। ਤੀਰ ਮਾਰਨ ਵੇਲੇ ਮੈਨੂੰ ਪਤਾ ਨਹੀਂ ਸੀ ਕਿ ਏਥੇ ਸਭ ਤੋਂ ਚੰਗਾ ਲੱਗਣ ਵਾਲਾ ਆਦਮੀ ਬੈਠਾ ਹੈ। ਮੈਂ ਤਾਂ ਚਿੱਤ੍ਰਾ ਜਾਣਕੇ ਤੀਰ ਮਾਰਿਆ ਤੇ ਖੁਸ਼ ਸਾਂ ਕਿ ਇਸ ਦੀ ਖੱਲ ਬਾਪੂ ਜੀ ਦੇ ਰਥ ਹੇਠ ਵਿਛਾਵਾਂਗੀ, ਪਰ ਅੰਮੀਏਂ!

ਤੀਰ ਚਲਾਉਣ ਵੇਲੇ ਮੇਰੇ ਜੀ ਨੂੰ ਕੁਛ ਹੋਇਆ ਜ਼ਰੂਰ ਸੀ, ਪਤਾ ਨਹੀਂ ਉਹ ਕੀ ਸੀ! ਤੇ ਜਿਹੜਾ ਤੁਸੀਂ ਮੈਨੂੰ 'ਪ੍ਰੇਮ' ਆਖਦੇ ਹੋ, ਇਹ ਕੀ ਹੁੰਦਾ ਹੈ? ਮੈਨੂੰ ਤਾਂ ਇਸ ਦਾ ਪਤਾ ਬੀ ਨਹੀਂ।

ਮਾਂ ਨੇ ਹੱਸ ਕੇ ਕਿਹਾ-ਜੋ ਅਸੀਂ ਤੇਰੇ ਨਾਲ ਕਰਦੇ ਹਾਂ। ਮੈਂ ਕਿਹਾ-ਅੰਮੀਂ! ਉਹ ਤਾਂ ਲਾਡ ਪਿਆਰ ਹੈ। ਮੈਂ ਜਦ ਇਸ ਦੀ ਜਾਣੂ ਨਹੀਂ ਸਾਂ ਮੈਂ ਇਸ ਨਾਲ ਲਾਡ ਪਿਆਰ ਕਦ ਕਰਨਾ ਸੀ? ਮੇਰਾ ਇਹ ਭੋਲਾਪਨ ਸੁਣਕੇ ਮਾਂ ਹੱਸ ਪਈ ਤੇ ਕਹਿਣ ਲੱਗੀ: "ਜੋ ਕੁਛ ਸਲੂਕ ਤੂੰ ਇਸ ਨਾਲ ਕਰ ਰਹੀਂ ਹੈਂ ਇਹ ਪ੍ਰੇਮ ਹੈ"। ਮੈਂ ਕਿਹਾ: "ਅੰਮੀ! ਮੈਂ ਤਾਂ ਇਸ ਨਾਲ ਹੁਣ ਬੀ ਲਾਡ ਪਿਆਰ ਨਹੀਂ ਕੀਤਾ। ਨਾੜ ਦੱਬੀ ਹੈ, ਪੈਰ ਘੁੱਟੇ ਹਨ ਤੇ ਚਿਹਰੇ ਤੋਂ ਗਰਦ ਝਾੜੀ ਹੈ, ਲਾਡ ਤਾਂ ਕੋਈ ਨਹੀਂ ਕੀਤਾ, ਉਹ ਤਾਂ ਬੋਲਦਾ ਬੀ ਨਹੀਂ। ਅੰਮੀ ਜੀ! ਇਹ ਮੈਨੂੰ ਡਾਢਾ ਹੀ ਚੰਗਾ ਲਗਦਾ ਹੈ, ਕੋਈ ਹੋਰ ਏਹੋ ਜਿਹਾ ਚੰਗਾ ਕਦੇ ਨਹੀਂ ਲੱਗਾ। "ਅੰਮੀ ਬੋਲੀ: "ਕੀਹ ਮੇਰੇ ਤੇ ਤੇਰੇ ਬਾਪੂ ਜੀ ਤੋਂ ਬੀ ਚੰਗਾ ਲੱਗਦਾ ਹੈ?" ਮੈਂ ਕਿਹਾ: "ਹਾਂ ਅੰਮੀਏਂ। ਤੁਹਾਥੋਂ ਬੀ ਬਹੁਤ ਹੀ ਚੰਗਾ ਲਗਦਾ ਹੈ। ਤੁਸੀਂ ਨਹੀਂ ਡਿੱਠਾ ਕਿਸ ਤਰ੍ਹਾਂ ਦਾ ਚੰਗਾ ਹੈ? ਭਲਾ ਤੁਸੀਂ ਕਦੇ ਅਗੇ ਐਹੋ ਜਿਹਾ ਮਨੁੱਖ ਡਿੱਠਾ ਹੈ? ਹੈ ਕਿ ਨਹੀਂ ਸਾਰਿਆਂ ਕੋਲੋਂ ਹੋਰਵੇਂ ? ਮਾਂ ਜੀ! ਮੈਂ ਡਾਢਾ ਹੀ ਪਾਪ ਕੀਤਾ ਹੈ ਜੋ ਸਭ ਤੋਂ ਚੰਗੇ ਮਨੁੱਖ ਨੂੰ ਐਡੀ ਪੀੜ ਦਿੱਤੀ ਹੈ। ਇਹੋ ਪਾਪ ਹੈ ਨਾ, ਜਿਸ ਗੱਲ ਨੂੰ ਪੰਡਤ ਜੀ ਇਕ ਦਿਨ ਪਾਪ ਆਖਦੇ ਸੀ ਤੇ ਮੈਂ ਗੁੱਸੇ ਹੋਕੇ ਉੱਠ ਗਈ ਸਾਂ ਤੇ ਬਾਪੂ ਜੀ ਨੂੰ ਕਿਹਾ ਸੀ ਕਿ ਏਹ ਮੈਨੂੰ ਕਾਇਰਾਂ ਵਾਲੀਆਂ ਗੱਲਾਂ ਸੁਣਾਉਂਦਾ ਹੈ। ਉਹ ਮੈਨੂੰ ਹੁਣ ਚੇਤਾ ਆ ਰਿਹਾ ਹੈ ਕਿ ਉਹ ਪਾਪ ਇਹੋ ਗੱਲ ਹੋਣੀ ਹੈ ਜੋ ਅੱਜ ਮੈਥੋਂ ਹੋਇਆ ਹੈ। ਸੋ ਮੈਂ ਹੁਣ ਬਦਲਾ ਦੇਣ ਨੂੰ ਤਿਆਰ ਹਾਂ। ਅੰਮੀਏ ! ਜੇ ਇਹ ਮੈਨੂੰ ਤੀਰ ਮਾਰੇ ਤਾਂ ਮੈਂ ਛਾਤੀ ਅਗੇ ਕਰਾਂਗੀ ਤੇ ਜੇ ਇਹ ਮੈਨੂੰ ਦਾਸੀ ਬਣਾਕੇ ਸੇਵਾ ਕਰਾਵੇ ਤਾਂ ਮੈਂ ਕਰਾਂਗੀ। ਬੀਬੀ ਅੰਮੀ ! ਮੈਨੂੰ ਰੋਕਣਾ ਨਾ। "

ਇਹ ਸੁਣਕੇ ਅੰਮੀ ਪਹਿਲੇ ਤਾਂ ਮੁਸਕ੍ਰਾਈ, ਪਰ ਫੇਰ ਰੋ ਪਈ। ਮੈਂ ਕਦੇ ਮਾਂ ਦੀਆਂ ਅੱਖਾਂ ਵਿਚ ਪਾਣੀ ਨਹੀਂ ਸੀ ਡਿੱਠਾ, ਨੌਕਰਾਂ ਨੂੰ ਜਦ ਮਾਰੀਏ ਤਾਂ ਓਹ ਲੋਕ ਰੋਂਦੇ ਸਨ। ਮੈਂ ਜਾਣਦੀ ਸਾਂ ਅਸੀਂ ਰਾਣੇ ਲੋਕ ਹਾਂ, ਸਾਡੇ ਨੈਣਾਂ ਵਿਚ ਐਹੋ ਜਿਹਾ ਕੱਚਾ ਪਾਣੀ ਹੈ ਹੀ ਨਹੀਂ, ਪਰ ਅੱਜ ਤਾਂ ਮੈਂ ਆਪ ਰੋਈ ਸਾਂ, ਮੈਂ ਸੋਚਦੀ ਸਾਂ ਕਿ ਮੈਂ ਪਾਪ ਕੀਤਾ ਹੈ ਤੇ ਪੰਡਤ ਜੀ ਨੇ ਪਾਪ ਦੱਸਿਆ ਸੀ: ਨੀਚ ਕਰ ਦੇਂਦਾ ਹੈ, ਮੈਂ ਤਾ ਨੀਵੀਂ ਹੋਈ ਹਾਂ, ਪਰ ਅੰਮੀ ਨੇ ਕੋਈ ਪਾਪ ਨਹੀਂ ਕੀਤਾ ਸੀ ਇਹ ਕਿਉਂ ਰੋਈ? ਇੰਨੇ ਨੂੰ ਅੰਮੀ ਬੋਲੀ-"ਬੱਚੀਏ! ਕੀ ਆਖਾਂ? ਤੇਰੇ ਪਿਉ ਦੇ ਹੱਥੋਂ ਲੜਾਈਆਂ ਵਿਚ ਕਈ ਆਦਮੀ ਮੋਏ। ਰਾਜ ਭਾਗ ਖ਼ਬਰੇ ਤੇਰੇ ਸਿਰ ਆਵੇ। ਆਲੇ ਦੁਆਲੇ ਵੈਰੀ ਰਾਇ ਵਸਦੇ ਹਨ, ਜੇ ਤੂੰ ਤਕੜੀ ਨਾ ਹੋਈਓਂ ਤੇ ਲੜ ਕੇ ਫਤਹ ਪਾਕੇ ਰਾਠ ਨਾ ਬਣੀਓਂ ਤਾਂ ਰਾਜ ਕੀਕੂੰ ਸਾਂਭੇਂਗੀ? ਮਾੜਾ ਤਾਂ ਹੋਯਾ ਪਰ ਕੀਹ ਹੋਇਆ ਇਕ ਕੰਗਲਾ ਮਰ ਗਿਆ ਤਾਂ ਮਰ ਗਿਆ ਸਹੀ।" ਇਹ ਸੁਣ ਕੇ ਮੇਰੀਆਂ ਚੀਕਾਂ ਨਿਕਲ ਗਈਆਂ, ਮੈ ਨਿਆਣੇ ਬਾਲ ਵਾਂਙੂ ਰੋਈ। ਮਾਂ ਨੇ ਛਾਤੀ ਨਾਲ ਲਾਕੇ ਪਿਆਰ ਕੀਤਾ, ਪਰ ਮੇਰਾ ਰੋਣਾ ਨਾ ਠਲ੍ਹੀਵੇ, ਆਖਾਂ:-"ਅੰਮੀਏ! ਤੇਰੀਆਂ ਅੱਖਾਂ ਨੂੰ ਕੀਹ ਹੋ ਗਿਆ ਹੈ? ਉਹ ਸਾਰਿਆਂ ਕੋਲੋਂ ਚੰਗਾ ਆਦਮੀ ਹੈ, ਤਾਹੀਓਂ ਤਾਂ ਮੈਨੂੰ ਚੰਗਾ ਲਗਦਾ ਹੈ। ਉਸ ਨੂੰ ਤੂੰ 'ਕੰਗਲਾ' ਆਖਦੀ ਹੈਂ? 'ਜੇ ਉਹ ਮਰ ਗਿਆ ਤਾਂ ਉਹ ਜਾਣੇਂ ! ਅੰਮੀ! ਜੇ ਉਹ ਮਰ ਗਿਆ ਤਾਂ ਏਹੋ ਤੀਰ ਜਿਸ ਨਾਲ ਮੈਂ ਸਭ ਤੋਂ ਉੱਚੇ ਨੂੰ ਮਾਰਿਆ ਹੈ, ਮੈਂ ਆਪਣੀ ਛਾਤੀ ਪੁਰੋਵਾਂਗੀ ਤੇ ਤੇਰੀ ਗੋਦ ਵਿਚ ਨਹੀਂ ਖੇਡਾਂਗੀ ਤੇ ਬਾਪੂ ਜੀ ਨੂੰ ਗਲਵੱਕੜੀ ਨਹੀਂ ਪਾਵਾਂਗੀ। ਅੰਮੀਏਂ! ਤੈਨੂੰ ਕੀ ਹੋ ਗਿਆ ਹੈ? ਜਿਹੜੀਆਂ ਚੀਜ਼ਾਂ ਮੈਨੂੰ ਸੁਹਣੀਆਂ ਲਗਦੀਆਂ ਸਨ ਤੂੰ ਚਾਉ ਨਾਲ ਉਨ੍ਹਾਂ ਨੂੰ ਲੈਂਦੀ ਤੇ ਕਹਿੰਦੀ ਹੁੰਦੀ ਸੈਂ ਕਿ ਇਹ ਬਹੁਤ ਸੁਹਣੀਆਂ ਹਨ, ਅਜ ਤੂੰ ਮੈਨੂੰ ਸਭ ਤੋਂ ਚੰਗਾ ਲੱਗਣ ਵਾਲੇ ਨੂੰ 'ਕੰਗਾਲ ਮਰ ਗਿਆ ਤਾਂ ਕੀਹ ਹੋਇਆ' ਆਖਦੀ ਹੈਂ। ਵੈਦ ਨੂੰ ਸੱਦ ਖਾਂ ਵੇਖੇ ਮੇਰੀਆਂ ਅੱਖਾਂ ਵਿਚ ਡੋਰੇ ਦਾ ਜਾਲਾ ਤਾਂ ਨਹੀਂ ਪੈ ਗਿਆ ਜਾਂ ਤੇਰੀਆਂ ਅੱਖਾਂ ਵਿਚ ਤਾਂ ਨਹੀਂ ਪੈ ਗਿਆ? ਹਾਇ! ਹੁਣ ਅੰਮੀਏ! ਮੇਰੀ ਛਾਤੀ ਤੇ ਹਥ ਰੱਖ, ਏਥੇ ਕੁਛ ਉੱਛਲਦਾ ਹੈ। ਇਹ ਕੀ ਹੈ? ਮੇਰਾ ਜੀ

ਏਸ ਉਛਾਲੇ ਤੋਂ ਘਬਰਾਂਦਾ ਹੈ। ਜੇ ਤੂੰ ਆਖੇ 'ਉਹ ਚੰਗਾ ਹੈ ਤੇ ਤੈਨੂੰ ਬੀ ਚੰਗਾ ਲੱਗਦਾ ਹੈ ਤੇ ਅਸੀਂ ਉਸ ਦੀ ਸੇਵਾ ਕਰਾਂਗੇ' ਤਦ ਤਾਂ ਇਹ ਉਛਾਲਾ ਘਟਦਾ ਹੈ ਤੇ ਜੀ ਲਗਦਾ ਹੈ, ਨਹੀਂ ਤਾਂ ਛਾਤੀ ਵਿਚ ਕੁਛ ਉਛਾਲਾ ਹੋ ਕੇ ਮੇਰੇ ਸਿਰ ਨੂੰ ਪਿਆ ਚੜ੍ਹਦਾ ਹੈ ਤੇ ਨੈਣ ਥੰਮ੍ਹੀਦੇ ਨਹੀਂ। ਆਹ ! ਵੇਖ ਮੇਰੇ ਹੰਝੂ ਠਲ੍ਹੀਂਦੇ ਨਹੀਂ, ਲੈ ਕਰ ਬੁੱਕ ਤੇ ਭਰ ਕੇ ਵੇਖ ਲੈ। ਦੱਸ ਅੰਮੀਏਂ ! ਹੁਣ ਮੈਂ ਕੀਹ ਕਰਾਂ ?'

ਮੇਰਾ ਇਹ ਹਾਲ ਦੇਖਕੇ ਅੰਮੀਂ ਆਖਣ ਲੱਗੀ: "ਰੋ ਨਾ, ਉਹ ਚੰਗਾ ਤਾਂ ਹੈ, ਚੰਗਾ ਲਗਦਾ ਬੀ ਹੈ; ਤੈਨੂੰ ਜੋ ਚੰਗਾ ਲੱਗੇ ਮੈਨੂੰ ਕਦੇ ਮਾੜਾ ਨਹੀਂ ਲੱਗਾ, ਪਰ ਕੰਗਲਾ ਤਾਂ ਮੈਂ ਏਸ ਕਰਕੇ ਕਿਹਾ ਸੀ ਕਿ ਜੇ ਉਹ ਕੋਈ ਸਾਊ ਥੋੜਾ ਹੈ। ਕੋਈ ਕੰਮੀ ਕਾਦੂ ਲੋਕ ਹੋਊ, ਮਰ ਗਿਆ ਤਾਂ ਤੂੰ ਦੁਖ ਨਾ ਕਰੀਂ"। ਮੈਂ ਕਿਹਾ "ਅੰਮੀਂ! ਕਪੜੇ ਡਾਢੇ ਚਿੱਟੇ ਨਹੀਂ, ਪਰ ਮੱਥਾ ਤਾਂ ਕਿਸੇ ਸਾਊ ਦਾ ਐਡਾ ਚੋੜਾ ਗੋਲ ਤੇ ਚਮਕਦਾ ਨਹੀਂ ਹੁੰਦਾ ਤੇ ਜੇ ਬਾਪੂ ਜੀ ਉਸ ਨੂੰ ਭੋਂ ਤੇ ਡੰਗਰ ਦੇ ਦੇਣ ਤਾਂ ਟੱਲੇ ਬੀ ਆਪੇ ਚਿੱਟੇ ਹੋ ਜਾਣ। ਪਰ ਅੱਛਾ, ਮਾਂ ਜੀ ! ਜਿਸ ਵੇਲੇ ਉਸ ਨੇ ਅੱਖਾਂ ਖੋਲ੍ਹੀਆਂ ਤੇ ਤੁਸਾਂ ਵੇਖੀਆਂ ਤੁਸੀਂ ਆਪ ਆਖੋਗੇ ਇਹ ਤਾਂ ਕੋਈ ਲਾਹੌਰ ਦਾ ਫੌਜਦਾਰ ਹੈ। "

ਮਾਂ ਸੁਣਕੇ ਬੋਲੀ: "ਹੁਣ ਤੂੰ ਮੈਨੂੰ ਇਹ ਦੱਸ ਜੋ ਤੂੰ ਕਿਸ ਗੱਲੇ ਰਾਜ਼ੀ ਹੈਂ?" ਮੈਂ ਕਿਹਾ: "ਜੇ ਉਹ ਮੇਰੇ ਕੋਲ ਰਹਵੇ, ਵੈਦ ਤੇ ਹਕੀਮ ਬਾਹਰ ਹਾਜ਼ਰ ਰਹਿਣ, ਮੈਂ ਸੇਵਾ ਕਰਾਂ, ਉਹ ਦਾਰੂ ਕਰਨ, ਇਕ ਵੇਰੀ ਰਾਜ਼ੀ ਹੋ ਜਾਵੇ ਤੇ ਮੈਂ ਆਖਾਂ:-ਹੇ ਸਭ ਤੋਂ ਉੱਚੇ ਮਨੁੱਖ ! ਮੈਂ ਤੇਰਾ ਪਾਪ ਕੀਤਾ ਹੈ, ਮੈਨੂੰ ਜੋ ਜੀ ਆਵੇ ਡੰਨ ਦੇਹ। "

ਮਾਂ ਦੇ ਜੀ ਵਿਚ ਖਬਰੇ ਕੀਹ ਆਈ: ਕਹਿਣ ਲੱਗੀ: "ਟਹਿਲਣਾਂ ਬਾਂਦੀਆਂ ਬਥੇਰੀਆਂ ਹਨ, ਪਰ ਜੇ ਤੇਰਾ ਜੀਉ ਆਪੇ ਹੀ ਟਹਿਲ ਕਰਨੀ ਮੰਗੇ ਤਾਂ ਚੰਗਾ, ਤੂੰ ਸੇਵਾ ਕਰੀਂ ਵੈਦ ਹਕੀਮ ਏਥੇ ਹੀ ਰਹਿ ਪੈਣਗੇ। " ਸੋ ਵੈਦ ਹਕੀਮ ਆ ਗਏ, ਮੈਂ ਲਗੀ ਸੇਵਾ ਕਰਨ। ਜਿਸ ਤਰ੍ਹਾਂ ਮੇਰੀਆਂ ਟਹਿਲਣਾਂ ਮੇਰੀ ਸੇਵਾ ਕਰਦੀਆਂ ਸਨ, ਉਸ ਤਰ੍ਹਾਂ ਮੇਰਾ ਜੀ ਉਸ ਦੀ ਸੇਵਾ ਵਿਚ ਲੱਗਿਆ। ਮੇਰਾ ਆਪਣਾ ਪਲੰਘ ਡਾਢਾ ਹੀ ਨਰਮ ਸੀ, ਮੈਂ ਉਸ ਉਤੇ ਉਸ ਨੂੰ ਪਾਇਆ, ਸਾਰਾ ਦਿਨ ਕੋਲ ਬੈਠੀ ਪੱਖਾ ਕਰਦੀ ਰਹਵਾਂ ਚਿਹਰੇ ਨੂੰ ਤੱਕਦੀ ਰਹਵਾਂ ਤੇ ਉਡੀਕਾਂ ਜੋ ਕਦ ਅੱਖਾਂ ਖੁੱਲ੍ਹਣ ਤੇ ਮੈਂ ਵੇਖਾਂ, ਕਦ ਬੁੱਲ੍ਹ ਖੁੱਲ੍ਹਣ ਤੇ ਓਹ "ਸਿ ਰੀ ਵਾ ਹਿ ਗੁ ਰੂ" ਫੇਰ ਸੁਣਾਂ।

-੦-

੨.

**ਤੀਜੇ** ਦਿਨ ਅੱਧੀ ਰਾਤ ਵੇਲੇ ਉਹਦੇ ਬੁੱਲ੍ਹ ਖੁੱਲ੍ਹੇ ਤੇ ਠੰਢੇ ਸਾਹ ਦੀ ਅਵਾਜ਼ ਆਈ, ਇਸ ਦੇ ਮਗਰੋਂ ਅਵਾਜ਼ ਆਈ "ਧੰ...ਨ ਨਾ...ਨ...ਕ" ਤੇ ਨੇਤ੍ਰ ਖੁੱਲੇ। ਨੇਤ੍ਰ ਕੀਹ ਖੁੱਲੇ ਮੇਰੇ ਲਈ ਖੁਸ਼ੀ ਬੰਦੀ ਖਾਨਿਓਂ ਖੁੱਲ੍ਹ ਗਈ। ਮੈਂ ਖੁੱਲ੍ਹੇ ਨੈਣ ਵੇਖਕੇ ਬੜੀ ਖੁਸ਼ ਹੋਈ ਤੇ ਆਖਿਆ:-"ਹੇ ਚੰਗਿਆ ! ਸਭ ਤੋਂ ਚੰਗਿਆ ! ਮੈਂ ਅਪਰਾਧਣ ਹਾਂ"? ਉਹਨਾਂ ਨੇਤ੍ਰਾਂ ਨੇ ਮੇਰੇ ਵਲ ਡਿੱਠਾ ਤੇ ਫੇਰ ਬੰਦ ਹੋ ਗਏ, ਪਰ ਜੀਭ ਨੇ ਪੁੱਛਿਆ: "ਮੈਂ ਕਿਥੇ ਹਾਂ?" ਤਦੋਂ ਮੈਂ ਉਸ ਦੇ ਕੰਨਾਂ ਦੇ ਕੋਲ ਮੂੰਹ ਕਰਕੇ ਸਾਰੀ ਵਿਥਿਆ ਸੁਣਾਈ ਤੇ ਆਪਣੀ ਗੱਲ ਬੀ ਆਖੀ, ਪਰ ਫੇਰ ਨਾ ਨੈਣ ਖੁਲ੍ਹੇ ਤੇ ਨਾਂ ਬੁੱਲ੍ਹ। ਕੋਈ ਚੌਥੇ ਦਿਨ ਸਵੇਰ ਸਾਰ ਫੇਰ ਅਵਾਜ਼ ਆਈ:-

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ
ਨਿਹਾਲੀਐ ॥ ਜਿਉ ਸਾਹਿਬ ਨਾਲਿ ਨ
ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥੨੧॥

{ਆਸਾ ਦੀ ਵਾਰ-੪੭੪}

ਪਰ ਮੈਂ ਉਸ ਵੇਲੇ ਸਾਰੀ ਗੱਲ ਨਾ ਸਮਝੀ, ਹਾਂ ਇੰਨਾਂ ਸਮਝੀ ਜੋ ਕਹਿੰਦਾ ਹੈ ਮੇਰੇ ਨਾਲ ਤੂੰ ਮੰਦਾ ਕੀਤਾ ਹੈ, ਇਹ ਨਹੀਂ ਸੀ ਕਰਨਾ, ਤੀਰ ਚਲਾਉਣ ਵੇਲੇ ਚੰਗੀ ਤਰ੍ਹਾਂ ਵੇਖ ਤਾਂ ਲੈਣਾ ਸੀ। ਮੈਂ ਉਡੀਕਦੀ ਸਾਂ ਕਿ ਹੁਣ ਆਖੇਗਾ ਕਿ ਤੈਨੂੰ ਮੈਂ ਕੈਦ ਕੀਤਾ, ਇਸ ਪਾਪ ਬਦਲੇ। ਪਰ ਫੇਰ ਨੈਣ ਖੁੱਲ੍ਹ ਗਏ ਤੇ ਮੇਰੇ ਵੱਲ ਤੱਕੇ, ਫੇਰ ਬੁੱਲ੍ਹ ਖੁੱਲ੍ਹੇ ਤੇ ਕਹਿਣ ਲੱਗੇ: "ਤੁਸਾਂ ਬਹੁਤ ਸੇਵਾ ਕੀਤੀ ਹੈ। ਤੀਰ ਤਾਂ ਮੈਨੂੰ ਮੇਰਿਆਂ ਪਾਪਾਂ ਨੇ ਲਾਇਆ ਸੀ, ਪਰ ਤੁਸੀਂ ਬੜੇ ਚੰਗੇ ਹੋ ਜਿਨ੍ਹਾਂ ਸੇਵਾ ਕੀਤੀ ਹੈ, ਰਾਜ਼ੀ ਰਹੋ"। ਇਹ ਕਹਿਕੇ ਉਹ ਸੌਂ ਗਿਆ। ਸੁੱਤਾ ਤੱਕ ਕੇ ਮੈਂ ਮਾਂ ਕੋਲ ਜਾ ਕੇ ਤੇ ਗਲੱਕੜੀ ਪਾ ਕੇ ਕਿਹਾ: "ਦੇਖ ਲੈ ਮਾਂ ! ਉਹ ਮਨੁੱਖ ਕੇਡਾ ਚੰਗਾ

ਹੈ? ਆਖਦਾ ਹੈ-ਤੀਰ ਤੂੰ ਨਹੀਂ ਮਾਰਿਆ, ਤੀਰ ਮੇਰੇ ਪਾਪਾਂ ਨੇ ਮਾਰਿਆ ਹੈ ਤੇ ਤੂੰ ਚੰਗੀ ਹੈਂ ਜੋ ਸੇਵਾ ਕਰਦੀ ਪਈ ਹੈਂ। ਦੇਖ ਮਾਂ ! ਜੋ ਪਾਪੀ ਨੂੰ ਚੰਗਾ ਪਿਆ ਆਖਦਾ ਏ; ਅੰਮੀਏਂ ! ਕੇਡਾ ਚੰਗਾ ਹੋਇਆ? ਮੈਂ ਤੈਨੂੰ ਆਖਿਆ ਸੀ ਨਾ ਕਿ ਉਹ ਬਾਪੂ ਜੀ ਤੋਂ ਵਧੀਕ ਚੰਗਾ ਲਗਦਾ ਹੈ, ਭਲਾ ਬਾਪੂ ਜੀ ਕਦੇ ਪਾਪੀ ਨੂੰ ਚੰਗਾ ਆਖਣ, ਉਹ ਤਾਂ ਪਾਪੀਆਂ ਨੂੰ ਫਾਹੇ ਲਾ ਦੇਂਦੇ ਹਨ ਤੇ ਇਹ ਆਖਦਾ ਹੈ: ਤੂੰ ਚੰਗੀ ਹੈਂ"। ਮਾਂ ਹੱਸ ਪਈ ਤੇ ਕਹਿਣ ਲਗੀ:-"ਜਾਹ ਅੱਜ ਖੂੰਡੀ ਦੀ ਖੇਡ ਖੇਲ ਆ"। ਮੈਂ ਕਿਹਾ "ਮਾਂ! ਜੀ ਨਹੀਂ ਕਰਦਾ, ਪਾਸ ਬੈਠੇ ਰਹਿਣ ਤੋਂ ਬਿਨਾਂ ਹੋਰ ਗਲ ਤੇ ਨਹੀਂ ਜੀ ਲਗਦਾ! ਹੁਣ ਜੇ ਤੁਹਾਡੇ ਕੋਲ ਬੈਠੀ ਹਾਂ ਤਾਂ ਇਹੋ ਪਿਆ ਜੀ ਕਰਦਾ ਹੈ ਜੋ ਕਿਹੜਾ ਵੇਲਾ ਹੋਵੇ ਮੈਂ ਫੇਰ ਕੋਲ ਜਾ ਬੈਠਾਂ। "

ਇਸ ਤਰ੍ਹਾਂ ਕਰਦਿਆਂ ਕੁਛ ਦਿਨ ਲੰਘੇ, 'ਚੰਗੇ' ਜੀ ਦਾ ਜੀ ਵੱਲ ਹੁੰਦਾ ਪਿਆ ਦਿੱਸੇ। ਇਕ ਦਿਨ ਰਾਤ ਨੂੰ ਨੈਣ ਖੋਲ੍ਹੇ ਤੇ ਮੈਨੂੰ ਕੋਲ ਸੱਦਿਆ ਤੇ ਕਹਿਣ ਲਗੇ: "ਦੇਖ ਤੂੰ ਇਕ ਪਰਦੇਸੀ ਦੀ ਸੇਵਾ ਕੀਤੀ ਹੈ ਤੇ ਰਾਜੇ ਦੀ ਧੀ ਹੋਕੇ ਕੀਤੀ ਹੈ, ਮੈਂ ਗ਼ਰੀਬ ਹਾਂ ਮੇਰੇ ਕੋਲ ਕੀ ਹੈ ਜੋ ਤੈਨੂੰ ਦੇਵਾਂ ? ਪਰ ਇਕ ਗੱਲ ਤੈਨੂੰ ਦੱਸਦਾ ਹਾ ਜੋ ਤੈਨੂੰ ਸੁਖ ਦੇਵੇਗੀ, ਉਹ ਗੱਲ ਸਮਝ ਲੈ ਧਯਾਨ ਦੇਕੇ, ਉਹ ਗੱਲ ਇਹ ਹੈ ਜੋ "-ਤੂੰ ਏਹ ਸਰੀਰ ਨਹੀਂ ਹੈਂ; ਤੂੰ ਆਤਮਾ ਹੈਂ-"। ਮੈਂ ਪੁੱਛਿਆ "ਆਤਮਾ ਕੀ ਹੁੰਦੀ ਹੈ" ਤਾਂ ਉਹਨਾਂ ਦਾ ਮੂੰਹ ਬੰਦ ਹੋ ਗਿਆ। ਦੂਸਰੀ ਰਾਤ ਫੇਰ ਮੂੰਹ ਖੁੱਲ੍ਹਾ ਤੇ ਕਹਿਣ ਲੱਗੇ :"ਮੈਂ ਆਖਦਾ ਹਾਂ ਕਿ ਤੂੰ ਆਤਮਾਂ ਹੈਂ, ਤੂੰ ਸਰੀਰ ਤੋਂ ਵਖਰੀ ਹੈਂ, ਤੂੰ ਸਰੀਰ ਤੋਂ ਉੱਚੀ ਹੈਂ, ਸਰੀਰ ਨਾ ਰਹੇ ਤੂੰ ਤਾਂ ਬੀ ਹੋਵੇਂਗੀ। ਤੂੰ ਜੇ ਨਿਰਾ ਸਰੀਰ ਹੋਵੇਂ ਤਾਂ ਹੱਸ ਖੇਡ ਖਾ ਪੀ ਛੱਡਿਆ ਕਰ, ਪਰ ਤੂੰ ਆਤਮਾਂ ਹੈਂ, ਆਪ ਨੂੰ ਪਛਾਣਿਆਂ ਕਰ, ਦੂਜਿਆਂ ਵਿਚ ਆਪਣੇ ਵਰਗੀ ਆਤਮਾ ਵੇਖਿਆ ਕਰ! ਦੌਲਤ ਤੇ ਸਰੀਰ ਪਰਦੇ ਹਨ ਜੋ ਆਪਣੇ ਆਪ ਨੂੰ ਆਤਮਾਂ ਦਿੱਸਣ ਨਹੀਂ ਦੇਂਦੇ, ਇਨ੍ਹਾਂ ਪੜਦਿਆਂ ਨੂੰ ਪਾੜਕੇ ਆਤਮਾ ਵੇਖਿਆ ਕਰ! ਤੂੰ ਬਹੁਤ ਉੱਚੀ ਹੈਂ, ਪਰ ਆਪਣੇ ਲਈ ਜਿਕੂੰ ਸੁਖ ਲੈਂਦੀ ਹੈਂ, ਤਿੱਕੂੰ ਸੁਖ ਦਿਆ ਬੀ ਕਰ। "

ਮੈਂ ਘਬਰਾ ਗਈ, ਮੇਰੇ ਅੱਗੇ ਹਨੇਰਾ ਆ ਗਿਆ, ਮੈ ਹਰਯਾਨ ਹੋ ਹੱਕੀ ਬੱਕੀ ਰਹਿ ਗਈ, ਮੈਂ ਆਖਿਆ: "ਮੈਂ ਨਹੀਂ ਜਾਣਦੀ ਤੁਸੀਂ ਕੀ ਕਿਹਾ ਹੈ? "ਮੈਂ ਆਤਮਾ ਹਾਂ ? ਮੈਂ ਸਰੀਰ ਦੇ ਮੋਇਆ ਨਹੀਂ ਮਰਨਾ? ਮੈਂ ਸੁਖ ਦੇਣਾ ਹੈ?' ਹਾਇ ! ਇਹ ਸੱਚ ਹੈ? ਜੇ ਸੱਚ ਹੈ ਤਾਂ ਹੋਰ ਨਾ ਕਹੁ, ਮੇਰਾ ਜੀ ਬੈਠਦਾ ਹੈ। ਮੈਂ ਇਹ ਸਰੀਰ ਹੀ ਹੋਵਾਂ ਤੇ ਤੇਰੇ ਸਰੀਰ ਦੀ ਸੇਵਾ ਕਰਾਂ, ਸੇਵਾ ਵਿਚ ਮਰ ਜਾਵਾਂ ਤੇ ਫੇਰ ਨਾ ਹੋਵਾਂ। ਬੱਸ ਜੀ ਹੋਰ ਮੈਂ ਕੁਛ ਨਾ ਹੋਵਾਂ। "ਉਹ ਬੋਲੇ; "ਭੋਲੀਏ ! ਤੂੰ ਆਤਮਾਂ ਹੈਂ, ਤੂੰ ਜ਼ਮੀਨ ਤੇ ਤੁਰਨ ਵਾਲੀ ਨਹੀਂ। ਤੂੰ ਪੰਛੀਆਂ ਵਾਂਙੂ ਕਿਸੇ ਹੋਰ ਅਕਾਸ਼ ਦੀ ਉੱਡਣਵਾਲੀ ਹੈਂ! ਤੂੰ ਮਿੱਟੀ, ਮਾਸ, ਹੱਡੀ, ਲਹੂ ਨਹੀਂ, ਤੂੰ ਚਾਨਣੇ ਵਾਂਙੂ ਜਯੋਤ ਸਰੂਪ ਹੈਂ, ਨਿਰੀ ਰੋਣ ਪਿੱਟਣ, ਹੱਸਣ, ਖੇਡਣ ਵਾਲੀ ਨਹੀਂ, ਪਰ ਸਦਾ ਸੁਖੀ, ਸਦਾ ਆਨੰਦ ਹੈਂ।"

ਮੈਂ ਡਰਕੇ ਅੱਖਾਂ ਮੀਟ ਲਈਆਂ ਤੇ ਆਖਿਆ "ਹੇ ਸਭ ਤੋਂ ਚੰਗੇ ਮਨੁੱਖ ! ਮੈਨੂੰ ਕੁਛ ਹੁੰਦਾ ਜਾਂਦਾ ਹੈ, ਮੈਨੂੰ ਉਹ ਕੁਛ ਹੁੰਦਾ ਹੈ ਜੋ ਬਾਪੂ ਜੀ ਕਾਇਰਾਂ ਨੂੰ ਆਖਦੇ ਹਨ ਹੁੰਦਾ ਹੈ। ਹੋਰ ਨਾ ਦੱਸ, ਮੈਂ ਤੇਰੀਆਂ ਗੱਲਾਂ ਦੇ ਮਗਰ ਮਗਰ ਜਦ ਜਾਂਦੀ ਹਾਂ ਤਦ ਮੈਂ ਐਨੀ ਸੁੰਗੜਦੀ ਤੇ ਫੈਲਦੀ ਹਾਂ ਕਿ ਗੁਆਚ ਜਾਂਦੀ ਹਾਂ। ਨਾ ਕਹੁ ਮੈਂ ਆਤਮਾ ਹਾਂ।" ਫੇਰ ਉਹ ਕਹਿਣ ਲੱਗੇ: 'ਹੇ ਚੰਗੀਏ ਜੋ ਸੇਵਾ ਕਰ ਸਕਦੀ ਹੈਂ ! ਸੁਣ, ਤੂੰ ਆਤਮਾ ਹੈਂ ! ਤੇਰੇ ਵਿਚ ਮੋਹ ਨਹੀਂ ਹੈ, ਤੇਰੇ ਵਿਚ ਲੱਬ ਨਹੀਂ ਹੈ, ਤੂੰ ਮੰਗਣ ਵਾਲੀ ਨਹੀਂ, ਤੂੰ ਤਾਂ ਦਾਤੀ ਹੈਂ, ਤੂੰ ਸਭ ਨੂੰ ਇਕ ਸਾਰ ਪਿਆਰ ਕਰਨ ਵਾਲੀ ਹੈਂ। ਹਾਂ, ਤੂੰ ਅਚਾਹ ਹੈ, ਤੂੰ ਉੱਚੀ ਹੈਂ, ਆਪ ਨੂੰ ਪਛਾਣ। " ਹੁਣ ਮੈਨੂੰ ਉਹ ਲੱਗਾ, ਜਿਸ ਨੂੰ 'ਡਰ' ਕਰਕੇ ਸੁਣਦੀ ਹੁੰਦੀ ਸਾਂ। ਹਾਂ, ਮੈਂ ਸੱਚੀ ਮੁਚੀ ਡਰ ਗਈ। ਮੈਂ ਸਹਿਮਕੇ ਬਹਿ ਗਈ। ਮੈਂ ਚਾਹਾਂ ਜੋ ਕੰਨ ਬੰਦ ਕਰਾਂ ਜੋ ਹੋਰ ਸੁਣਕੇ ਡੌਰ ਭੌਰ ਨਾ ਹੋਵਾਂ। ਪਰ ਸਭ ਤੋਂ ਚੰਗੇ ਮਨੁੱਖ ਦੀ ਚੰਗੀ ਅਵਾਜ਼ ਅੱਗੇ ਕੰਨ ਕੀਕੂੰ ਬੰਦ ਕਰ ਰਹਾਂ ? ਮੈਂ ਫੇਰ ਹੀਆ ਕਰਕੇ ਆਖਿਆ: "ਬੱਸ ਕਰ, ਹੇ ਉੱਚੇ ਆਦਮੀ ! ਹੋਰ ਨਾ ਕਹੁ, ਮੇਰਾ ਹਾਲ ਬੁਰਾ ਹੋ ਗਿਆ ਹੈ। ਇਹ ਆਤਮਾਂ ਮੈਂ ਨਾ ਹੋਵਾਂ। ਮੈਨੂੰ ਉਸ ਡਰ ਤੋਂ ਬਚਾ ਜੋ ਏਸ

ਖਿਆਲ ਵਿਚ ਗਿਆਂ ਮੈਨੂੰ ਲੱਗਦਾ ਹੈ"। ਪਰ ਉਸ ਨੇ ਫੇਰ ਕਿਹਾ: "ਤੂੰ ਆਤਮਾ ਹੈਂ, ਹਾਂ, ਜਿਵੇਂ ਤੂੰ ਤੀਰ ਨਹੀਂ, ਤੂੰ ਤੀਰ ਕਮਾਨ ਨਹੀਂ, ਪਰ ਤੂੰ ਤੀਰ ਚਲਾਉਣ ਵਾਲੀ ਹੈਂ। ਤੂੰ ਰੋਟੀ ਨਹੀਂ ਤੂੰ ਖਾਣ ਵਾਲੀ ਹੈਂ। ਤੂੰ ਦੇਹ ਨਹੀਂ ਦੇਹੀ ਦੀ ਟੋਰਨ ਵਾਲੀ ਹੈਂ। ਤੂੰ ਮਨ ਨਹੀਂ ਪਰ ਮਨ ਨੂੰ ਹਾਂਕਣ ਵਾਲੀ ਹੈਂ। ਤੂੰ ਆਪੇ ਕਹਿੰਦੀ ਹੁੰਦੀ ਹੈਂ ਕਿ ਨਹੀਂ, 'ਮੇਰਾ ਮਨ ਅਜ ਖੁਸ਼ ਹੈ,' 'ਅਜ ਦਿਲਗੀਰ ਹੈ'। ਸੋ ਤੂੰ ਮਨ ਨਹੀਂ, ਪਰ ਮਨ ਦੀ ਮਾਲਕ ਹੈਂ, ਹਾਂ ਤੂੰ ਚਰਖਾ ਨਹੀਂ, ਪਰ ਚਰਖੇ ਨੂੰ ਕੱਤਣ ਵਾਲੀ ਹੈਂ। ਹੇ ਸੁੰਦਰੀ ! ਤੂੰ ਸੁੰਦਰ ਨਹੀਂ ਪਰ ਸੁੰਦਰਤਾ ਤੈਥੋਂ ਨਿਕਲਦੀ ਹੈ। ਤੂੰ ਧੁੱਪ ਨਹੀਂ ਪਰ ਸੂਰਜ ਹੈਂ। ਤੂੰ ਚਾਂਦਨੀ ਨਹੀਂ, ਪਰ ਚੰਦ ਹੈਂ। ਹੇ ਚੰਗੀਏ ! ਤਿਵੇਂ ਤੂੰ ਦੇਹ ਨਹੀਂ ਪਰ ਆਤਮਾ ਹੈਂ"।

ਇਹ ਮੈਂ ਟਕ ਬੰਨ੍ਹਕੇ, ਮਨ ਜੋੜਕੇ ਬੇਵਸੇ ਹੋਕੇ ਸੁਣਿਆ, ਪਰ ਸੁਣਦਿਆਂ ਸੁਣਦਿਆਂ ਐਤਕੀ ਮੈਨੂੰ ਚੱਕਰ ਆ ਗਿਆ, ਅੱਖਾਂ ਬੰਦ ਹੋ ਗਈਆਂ, ਜ਼ਮੀਨ ਅਸਮਾਨ ਮਾਨੋਂ ਉਲਟ ਗਏ। ਮੈਂ ਬੇਹੋਸ਼ ਹੋਕੇ ਉਸ ਦੇ ਪੈਰਾਂ ਤੇ ਡਿੱਗ ਪਈ। ਮੈਨੂੰ ਪਤਾ ਨਹੀਂ ਰਿਹਾ ਕਿ ਮੈਂ ਹਾਂ ਕਿ ਨਹੀਂ। ਚਿਰ ਪਿਛੋਂ ਜਾਂ ਮੈਂ ਉੱਠੀ ਤਾਂ ਮੈਂ ਡਰ ਨਾਲ ਕੰਬ ਰਹੀ ਸਾਂ। ਕੀ ਮੇਰੇ ਸਿਰ ਤੇ ਐਤਨਾਂ ਪਰਬਤ ਪੈਣਾ ਹੈ ਕਿ ਮੈਂ ਆਤਮਾ ਹੋਣਾ ਹੈ ਜਿਵੇਂ ਏ ਆਖਦਾ ਹੈ? ਇਹ ਤਾਂ ਬੜਾ ਔਖਾ ਹੈ, ਪਰ ਇਹ ਜੋ ਸਭ ਤੋਂ ਚੰਗਾ ਮਨੁੱਖ ਹੈ ਆਖਦਾ ਹੈ ਇਹ ਚੰਗਾ ਹੀ ਹੋਣਾ ਹੈ। ਮੈਂ ਤਾਂ ਡੌਰ ਭੌਰੀ ਹੁੰਦੀ ਹਾਂ, ਡਰਦੀ ਹਾਂ ਕਿ ਜੇਕਰ ਇਹ ਕੁਛ ਮੈਂ ਹਾਂ ਤਾਂ ਮੈਂ ਤਾਂ ਬਹੁਤ ਨਿਤਾਣੀ ਹਾਂ, ਕੌਣ ਏਸ ਭਾਰ ਨੂੰ ਝੱਲੇਗਾ ਕਿ ਮੈਂ ਆਤਮਾਂ ਹਾਂ ? ਏਸ ਉੱਚੇ ਪਰਬਤ ਦੀ ਸ਼ਿਖਰ ਵਲ ਤੱਕਿਆਂ ਮੇਰੀ ਨਜ਼ਰ ਪਾਟਦੀ ਹੈ। ਮੈਂ ਜਦ ਇਹ ਸੁਣਦੀ ਹਾਂ ਤਾਂ ਅੰਦਰੋਂ ਫੈਲਰਦੀ ਹਾਂ, ਫੇਰ ਮੈਂ ਘਬਰਾ ਜਾਂਦੀ ਹਾਂ।

ਮੈਂ ਹੁਣ ਤੱਕ ਹੱਸਦੀ ਖੇਡਦੀ, ਲਾਡਾਂ ਵਿਚ ਪਲੀ ਖੁਸ਼ੀ ਖੁਸ਼ੀ ਰਹਿੰਦੀ ਹੁੰਦੀ ਸਾਂ। ਕੀ ਇਹ ਮੇਰੇ ਚਾਉ ਮਲ੍ਹਾਰ ਤੇ ਖੁਸ਼ੀਆਂ ਓਪਰੀਆਂ ਹਨ? ਹਾਇ ! ਮੇਰਾ ਕਲੇਜਾ ਫੇਰ ਟੁੱਟ ਗਿਆ। ਬਨਾਂ ਦੇ ਹਰਨ, ਠੰਢੀਆਂ ਛਾਵਾਂ, ਵਗਦੇ ਪਾਣੀ, ਸਖੀਆਂ ਦੇ ਝੁੰਡ, ਮੁਸ਼ਕਣ ਘੋੜੀ ਉਤੇ ਬੈਠੀ ਮੈਂ ਹੱਥ ਵਿਚ ਤੀਰ ਕਮਾਨ, ਤਾਂਘਾਂ ਤਾਂਘਦੀ ਮਾਂ ਤੇ ਰਾਹ ਉਡੀਕਦਾ ਬਾਪੂ, ਮੱਥੇ ਟੇਕਦੀ ਪਰਜਾ ਕੀ ਏ ਸਾਰਾ ਸੰਸਾਰ ਮੇਰੇ ਸਰੀਰ ਲਈ ਹੈ? ਓਪਰਾ ਹੈ? ਕਿਉਂ ਜੋ ਏਹ ਆਖਦਾ ਹੈ ਕਿ ਤੂੰ ਸਰੀਰ ਨਹੀਂ ਹੈ ਤੇ ਜੇ ਮੈਂ ਸਰੀਰ ਨਹੀਂ ਹਾਂ ਤਾਂ ਏਹ ਸਰੀਰ ਨੂੰ ਚੰਗੇ ਲੱਗਣ ਵਾਲੇ ਸਾਰੇ ਅਡੰਬਰ ਬੀ ਮੇਰੇ ਨਾ ਹੋਏ। ਹਾਇ ! ਹਾਇ ! ਤਾਂ ਮੈਂ ਇਕੱਲੀ ਹਾਂ। ਜੇ ਸਰੀਰ ਮੇਰਾ ਨਹੀਂ ਤਾਂ ਮਾਂ ਤੇ ਬਾਪੂ ਜੀ ਬੀ ਮੇਰੇ ਨਹੀਂ, ਤੇ ਉਹ ਮੇਰੇ ਨਹੀਂ ਤਾਂ ਸਾਰੇ ਸੁਖ ਤੇ ਖੁਸ਼ੀਆਂ, ਜੋ ਉਹ ਦੇਂਦੇ ਹਨ, ਸਾਕ ਤੇ ਸਖੀਆਂ ਮੇਰੇ ਨਾ ਹੋਏ। ਹਾਇ ! ਜੇ ਮੈਂ ਆਤਮਾਂ ਹਾਂ ਤਾਂ ਮੈਂ ਇਕੱਲੀ ਹਾਂ ! ਇਸ ਵੇਲੇ ਮੇਰੀਆਂ ਅੱਖਾਂ ਅਗੇ ਇਕੱਲ ਰੂਪ ਬੰਨ੍ਹਕੇ ਆ ਗਈ ! ਤਦੋਂ ਮੈਂ ਖੁਸ਼ੀਆਂ ਦੇ ਪੰਘੂੜੇ ਝੂਟਣ ਵਾਲੀ ਅੱਲ੍ਹੜ ਤੇ ਮੂਲੋਂ ਅਜਾਣ ਕੀ ਜਾਣਦੀ ਸਾਂ ਕਿ ਕੁਛ ਹੋਰ ਗੱਲ ਵੀ ਹੈ? ਚੰਗੇ ਦੀ ਗੱਲ ਸੋਚਦਿਆਂ ਮੇਰੇ ਉਦਾਲੇ 'ਇਕੱਲ' ਆ ਗਈ। ਇਸ ਇਕੱਲ ਨੇ ਮੇਰੇ ਉਤੇ ਉਹ ਡਰ ਪਾਯਾ ਕਿ ਮੈਨੂੰ ਕੁਛ ਨਾ ਦਿੱਸੇ; ਕਲੇਜਾ ਕੰਬੇ, ਲੂੰ ਕੰਡੇ ਹੋ ਗਏ, ਰੋਵਾਂ ਤੇ ਭੁੱਬਾਂ ਮਾਰਾਂ ਤੇ ਆਖਾਂ: ਹਾਇ ! ਮੈਂ ਕਿਵੇਂ ਆਤਮਾਂ ਨਾ ਹੋਵਾਂ। ਜਿਉਂ ਜਿਉਂ ਮੈਂ ਸਹਿਮ ਖਾਵਾਂ ਤੇ ਡਰਾਂ ਤਿਉਂ ਤਿਉਂ ਉਹ ਇਕੱਲ ਵਧਦੀ ਜਾਵੇ ਤੇ ਮੈਂ ਟੁੱਟਦੀ ਜਾਵਾਂ, ਕਿੰਨੇ ਚਿਰ ਮਗਰੋਂ ਮੇਰੀਆਂ ਅੱਖਾਂ ਖੁੱਲ੍ਹੀਆਂ। ਹੁਣ ਮੈਂ ਉੱਠਣਾ ਚਾਹਾਂ, ਪਰ ਹੁਣ ਕੌਣ ਉੱਠੇ? ਜਿਨ੍ਹਾਂ ਮੇਰੀਆਂ ਲੱਤਾਂ ਨੇ ਸਾਰਾ ਸਾਰਾ ਦਿਨ ਬਨ ਕੱਛੇ ਸਨ ਉੱਠਣਾ ਭੁੱਲ ਗਈਆਂ। ਜਿਨ੍ਹਾਂ ਮੇਰੀਆਂ ਬਾਹਾਂ ਨੇ ਸ਼ੇਰ ਮਾਰੇ ਸਨ ਜ਼ਮੀਨ ਤੇ ਟੇਕ ਧਰਕੇ ਆਸਰਾ ਦੇਣਾ ਵਿਸਾਰ ਬੈਠੀਆਂ।

ਫੇਰ ਮੈਨੂੰ ਖ੍ਯਾਲ ਆਯਾ ਕਿ ਮੈਂ ਬੇਦੋਸ਼ ਤੇ ਸਭ ਤੋਂ ਚੰਗੇ ਮਨੁੱਖ ਨੂੰ ਮਾਰਿਆ ਹੈ ਮੈਂ ਪਾਪ ਕੀਤਾ ਹੈ। ਮੇਰੇ ਪਾਪ ਦਾ ਡੰਨ ਮੈਨੂੰ ਇਸ ਨੇ ਇਹ ਦਿੱਤਾ ਹੈ ਜੋ ਮੈਨੂੰ ਇਕੱਲਿਆਂ ਕਰ ਦਿੱਤਾ ਸੁ। ਹਾਇ ! ਹੁਣ ਮੈਂ ਸਦਾ ਦੁੱਖ ਭਰਾਂਗੀ, ਮੈਂ ਆਪ ਨੂੰ ਇਸ ਇਕੱਲ ਵਿਚ ਸਦਾ ਵੇਖਾਂਗੀ, ਕੋਈ ਮੇਰਾ ਨਹੀਂ, ਮੈਂ ਕੱਲੀ ਹਾਂ? ਹਾਇ ਹੁਣ ਤੋਂ ਮੈਂ ਨਿੱਤ ਰੋਇਆ ਕਰਾਂਗੀ ਤੇ ਇਕੱਲੀ ਦਿਨ-ਕਟੀ ਕਰਾਂਗੀ? ਮੇਰੇ

ਦਿਨ ਕੀਕੂੰ ਲੰਘਿਆ ਕਰਨਗੇ? ਮੇਰੀ ਰਾਤ ਕੀਕੂੰ ਬੀਤਿਆ ਕਰੇਗੀ। ਜਦ ਸਾਰੇ ਹੀ ਮੇਰੇ ਨਹੀਂ ਤਦ ਓਪਰਿਆਂ ਦੇ ਸੁਖ ਮੈਂ ਕੀਕੂੰ ਲਵਾਂਗੀ ? ਨਾਲੇ ਉਹ ਆਖਦਾ ਹੈ; 'ਤੂੰ ਸੁਖ ਦਿਆ ਕਰ ਲਿਆ ਨਾ ਕਰ' ਕਿੱਡੀ ਅਨਹੋਣੀ ਗੱਲ ਆਖੀ ਸੁ? ਜਦ ਸਰੀਰ ਵੀ ਮੇਰਾ ਨਹੀਂ ਤਾਂ ਮੈਂ ਕਿਸੇ ਨੂੰ ਦਿਆ ਕੀ ਕਰਾਂ? ਹੁੰਦਾ ਤਾਂ ਕੋਈ ਵੰਡਾਵੇ, ਜਦ ਮੇਰੇ ਕੋਲ ਹੋਇਆ ਹੀ ਕੁਛ ਨਾ ਤਾਂ ਮੈਂ ਵੰਡ ਵੰਡਾਕੇ ਦਿਆਂਗੀ ਕੀਹ? ਹੁਣ ਫੇਰ ਮੇਰੀਆਂ ਅਖਾਂ ਅਗੇ ਇਕ ਹਨੇਰਾ ਉਠਿਆ ਅਰ ਸਭ ਕੁਛ ਲੋਪ ਹੋ ਗਿਆ, ਮੈਂ ਇਕੱਲੀ ਹਨੇਰੇ ਵਿਚ ਰਹਿ ਗਈ, ਇਸ ਵੇਲੇ ਮੈਂ ਐਤਨਾ ਡਰੀ ਕਿ ਮੇਰੀਆਂ ਚੀਕਾਂ ਨਾਲ ਸਾਰਾ ਘਰ ਗੂੰਜ ਉਠਿਆ। ਮਾਂ ਭੱਜੀ ਆਈ ਤੇ ਮੈਨੂੰ ਝੋਲੀ ਵਿੱਚ ਪਾ ਲਿਆ। ਮੇਰਾ ਮੱਥਾ ਚੁੰਮੇ, ਅੱਖਾਂ ਪੂੰਝੇ, ਘੁੱਟੇ, ਪਿਆਰ ਦੇਵੇ ਤੇ ਬਲਾਵਾਂ ਲਵੇ, ਪਰ ਮੈਨੂੰ ਸੁਰਤ ਨਾ ਆਵੇ, ਮੇਰੇ ਕਲੇਜੇ ਧੜਕਦੇ ਦੀ ਵਾਜ ਮਾਂ ਦੇ ਕੰਨਾਂ ਵਿਚ ਪੁਹੁੰਚੇ। ਮਾਂ ਨੇ ਮੇਰਾ ਮੂੰਹ ਧੋਤਾ, ਮੇਰੇ ਅੰਦਰ ਪਾਣੀ ਦਾ ਘੁੱਟ ਪਾਇਆ ਤੇ ਪੁੱਛੇ: ਕੀ ਹੋਇਆ ਹੈ? ਜਾਂ ਮੈਂ ਅੱਖਾਂ ਖੋਲ੍ਹੀਆਂ ਤਾਂ ਆਖਿਆ: "ਅੰਮੀਏਂ ! ਮੈਨੂੰ ਛੱਡ ਦੇਹ, ਤੂੰ ਮੇਰੀ ਨਹੀਂ ਹੈਂ, ਨਾਲੇ ਮੈਂ ਤੇਰੇ ਦਿੱਤੇ ਸੁਖਾਂ ਨੂੰ ਲੈਣਾ ਨਹੀਂ ਹੈ। " ਅੰਮੀਂ ਬਲਾਵਾਂ ਲੈਕੇ ਕਹਿਣ ਲੱਗੀ: "ਧੀਏ ਕਿਉਂ?" ਤਾਂ ਮੈਂ ਆਖਿਆ: "ਅੰਮਾਂ ! ਮੈਂ ਸਰੀਰ ਨਹੀਂ ਮੈਂ-ਮੈਂ ਆ...ਤ...ਮਾਂ ਹਾਂ ਤੇ ਇਸ ਕਰਕੇ ਇਕੱਲੀ ਹਾਂ ਤੇ ਇਕੱਲਿਆਂ ਮੈਨੂੰ ਡਰ ਲੱਗਦਾ ਹੈ, ਉਹ ਡਰ ਮੈਨੂੰ ਖਾ ਰਿਹਾ ਹੈ ਤੇ ਖਾ ਜਾਵੇਗਾ, ਜਾਹ ਮਾਂ ਤੂੰ ਸਉਂ ਮੈਨੂੰ ਚੰਗੇ ਮਨੁੱਖ ਨੇ ਮੇਰੇ ਅਪ੍ਰਾਧਾਂ ਦਾ ਡੰਨ ਦਿੱਤਾ ਹੈ, ਹੁਣ ਮੈਨੂੰ ਇਕੱਲ ਪਈ ਖਾਂਦੀ ਹੈ, ਤੂੰ ਜਾਹ, ਮੈਂ ਉਸ ਨੂੰ ਆਖਦੀ ਹਾਂ ਕਿ ਤੀਰ ਲੈਕੇ ਮੈਨੂੰ ਖੋਭ ਦੇਵੇ, ਮੈਂ ਇਸ ਤਰ੍ਹਾਂ ਮਰਨ ਨੂੰ ਤਿਆਰ ਹਾਂ, ਪਰ ਇਹ ਆਤਮਾਂ ਬਣਕੇ ਇਕੱਲ ਦੇ ਹੱਥੋਂ ਐਸ ਤਰ੍ਹਾਂ ਮਰਨਾ ਬੜੀ ਪੀੜ ਦੇਂਦਾ ਹੈ ਜੋ ਪੀੜ ਕਿ ਝੱਲੀ ਨਹੀਂ ਜਾਂਦੀ। "

ਇਹ ਸੁਣਕੇ ਮਾਂ ਨੂੰ ਰੋਹ ਚੜ੍ਹ ਗਿਆ, ਕਹਿਣ ਲਗੀ: "ਹੁਣੇ ਇਸ ਕਮਲੇ ਨੂੰ ਕਬਰਸਤਾਨ ਭੇਜਕੇ ਜੀਉਂਦਾ ਦਬਵਾ ਦੇਂਦੀ ਹਾਂ ਜੋ ਮੇਰੀ ਸੁੱਖੇ-ਲੱਧੀ ਧੀ ਨੂੰ ਡਰਾਉਂਦਾ ਹੈ ਅਰ ਨਿਰਭੈ ਸ਼ੇਰ ਬਚੜੀ ਦਾ ਕਲੇਜਾ ਕੱਢ ਰਿਹਾ ਹੈ, ਇਸ ਡੈਣ ਬਾਵੇ ਦੇ ਹੁਣੇ ਡੱਕਰੇ ਕਰਾਉਂਦੀ ਹਾਂ।" ਇਹ ਸੁਣਕੇ ਮੇਰੀ ਜਾਨ ਨਿਕਲੀ, ਮੈਂ ਦੋਸ਼ੀ ਟਹਿਲਣ ਵਾਂਗ ਮਾਂ ਦੇ ਪੈਰ ਫੜ ਲਏ ਤੇ ਆਖਿਆ: "ਅੰਮੀ ਹੋਰ ਪਾਪ ਨਾਂ ਕਰੀਂ। ਮੈਂ ਪਾਪ ਕੀਤਾ ਹੈ, ਬਦਲਾ ਦੇਣਾ ਹੈ। ਇਹੋ ਗੱਲ ਪੰਡਤ ਜੀ ਆਖਦੇ ਹੁੰਦੇ ਸਨ ਕਿ ਨਾ? ਫੇਰ ਤੁਸੀਂ ਕਿਉਂ ਉਸ ਨਿਰਦੋਸ਼ੇ ਨੂੰ ਹੋਰ ਦੁਖ ਦੇਂਦੇ ਹੋ, ਜਿਸ ਨੂੰ ਮੈਂ ਅਗੇ ਦੁਖ ਦਿਤਾ ਹੈ ਤੇ ਹੁਣ ਪਾਪ ਦਾ ਫਲ ਮੈਨੂੰ ਲੱਗਾ ਹੈ ਕਿ ਮੈਂ ਇਕੱਲੀ ਹੋ ਗਈ ਹਾਂ; ਮੈਂ ਤਾ ਫਲ ਭੋਗਾਂਗੀ, ਪਰ ਤੂੰ ਜਾਹ ਅਰਾਮ ਕਰ, ਜਾਹ ਅੰਮੀਂ ! ਤੂੰ ਜਾਹ"। ਮਾਂ ਜਾਵੇ ਨਾ, ਦੰਦੀਆਂ ਕਰੀਚੇ, ਤੇ ਮੈਂ ਟੋਰਾਂ, ਛੇਕੜ ਮੈਂ ਕਿਹਾ, "ਜੇ ਤੁਸਾਂ ਏਸ ਚੰਗੇ ਮਨੁੱਖ ਨੂੰ ਕੁਛ ਆਖਿਆ ਤਾਂ ਮੈਂ ਆਪੇ ਆਪਣੇ ਕਲੇਜੇ ਵਿਚ ਤੀਰ ਖੋਭ ਲਵਾਂਗੀ", ਤਾਂ ਮਾਂ ਟਲੀ, ਪਰ ਭਰੀ ਪੀਤੀ ਹੋਈ ਹੀ ਗਈ। ਹੁਣ ਮੈਂ ਉਸੇ ਇਕੱਲ ਦੇ ਸਹਿਮ ਵਿਚ ਬੈਠੀ ਸਾਂ, 'ਤੂੰ ਆਤਮਾ ਹੈਂ" ਏਹ ਅਵਾਜ਼ ਮੇਰੇ ਕੰਨਾਂ ਵਿਚ ਗੂੰਜ ਰਹੀ ਸੀ ਕਿ ਅਚਾਨਕ ਚੇਤਾ ਆਇਆ ਕਿ ਚੰਗੇ ਮਨੁੱਖ ਨੇ ਤਾਂ ਗਲਾਂ ਬੀ ਕੀਤੀਆਂ ਸਨ ਕਿ ਤੂੰ ਉੱਚੀ ਹੈਂ। ਮੈਂ ਉੱਚੀ ਹਾਂ, ਪਰਬਤ ਦੀ ਚੋਟੀ ਉੱਚੀ ਹੁੰਦੀ ਹੈ, ਸੋ ਬੀ ਇਕਲੀ ਤੇ ਉਜਾੜ ਹੁੰਦੀ ਹੈ। ਬੱਦਲ ਉੱਚੇ ਹੁੰਦੇ ਹਨ, ਪਰ ਸੁੰਨਸਾਨ ਹੈਨ, ਚੰਦ ਉੱਚਾ ਹੈ, ਪਰ ਉਹ ਬੀ ਇਕੱਲਾ ਹੈ, ਸੂਰਜ ਉੱਚਾ ਹੈ ਸੋ ਬੀ ਇਕੱਲਾ ਹੈ। ਜੇ ਮੈਂ ਉੱਚੀ ਹੋਈ ਤਾਂ ਬੀ ਇਕੱਲੀ ਹੀ ਹੋਈ ਨਾ। ਹਾਇ ! ਮੈਂ, ਕੀਹ ਕਰਾਂ ? ਇਕੱਲ ਖਾਂਦੀ ਹੈ। ।

'ਤੂੰ ਆਤਮਾ ਹੈਂ ਤੇਰੇ ਵਿਚ ਮੋਹ ਨਹੀਂ', ਤਦੇ ਮੈਂ ਅੱਜ ਮਾਂ ਨੂੰ ਗੁੱਸੇ ਕਰ ਲਿਆ ਹੈ? ਚੰਗੇ ਨੇ ਕਿਹਾ ਸੀ 'ਤੂੰ ਬੇਲੋੜ ਹੈਂ, ਬੇਲੋੜ ਹੋ, ਅਚਾਹ ਹੋ' ਪਰ ਮੈਨੂੰ ਰੋਟੀ ਦੀ ਤਾਂ ਲੋੜ ਹੈ, ਇਸ ਤੋਂ ਬੇਲੋੜ ਕੀਕੂੰ ਹੋਵਾਂ? ਤੇ ਜੇ ਮੇਰਾ ਕੋਈ ਨਹੀਂ, ਫੇਰ ਮੈਂ ਰੋਟੀ ਕਿੱਥੋਂ ਖਾਵਾਂਗੀ। ਕੋਈ ਬਹੁੜੋ ਵੇ ਮੈਨੂੰ, ਹਾਇ ! ਮੈਂ ਕਿਵੇਂ ਆਤਮਾਂ ਨਾ ਹੋਵਾਂ? ਮੈਂ ਸੁਖ ਦਿਆ ਕਰਾਂਗੀ, ਲਵਾਂਗੀ ਨਹੀਂ, ਰੋਟੀ ਆਪ ਪਕਾਵਾਂਗੀ, ਪਾਣੀ ਆਪ ਭਰਾਂਗੀ, ਮੰਜਾ ਆਪ ਡਾਹਵਾਂਗੀ, ਕਪੜੇ ਆਪ ਧੋਵਾਂਗੀ, ਪਰ ਇਹ ਬੀ ਕਿਕੂੰ ਕਰਾਂਗੀ? ਮੈਂ ਜਦ ਦੇਹ ਨਹੀਂ, ਤਾਂ ਦੇਹ ਦੇ

ਕੰਮ ਕੀਕੂੰ ਕਰਾਂਗੀ? ਆਤਮਾ ਹਾਂ, ਸਭ ਤੋਂ ਅੱਡ ਹਾਂ, ਸਰੀਰ ਤੋਂ ਅੱਡ ਹੋਈ ਹੁਣ ਮੈਂ ਇਸੇ ਧੁਨਿ ਵਿਚ ਇਕੱਲੀ ਰਹਾਂਗੀ ਤੇ ਇਕੱਲ ਮੈਨੂੰ ਖਾਯਾ ਕਰੇਗੀ ਤੇ ਮੈਂ ਸੁੱਕਕੇ ਮਰ ਜਾਵਾਂਗੀ !

ਮੈਂ ਇਨ੍ਹਾਂ ਵਹਿਮਾਂ ਵਿਚ ਰੁੜ੍ਹ ਰਹੀ ਸਾਂ, ਕਿ ਚੰਗੇ ਮਨੁੱਖ ਦੇ ਫੇਰ ਨੈਣ ਖੁੱਲ੍ਹੇ ਤੇ ਤੱਕਕੇ ਮੁਸਕ੍ਰਾਏ। ਬੁੱਲ੍ਹ ਮੁਸਕ੍ਰਾਏ ਤੇ ਨੈਣ ਮੈਂ ਵਲ ਭਰ ਕੇ ਤੱਕੇ, ਤਾ ਮੈਨੂੰ ਜਾਨ ਪੈ ਗਈ, ਉਸ ਵੇਲੇ ਇਕੱਲ ਮੇਰੀ ਨੱਸ ਗਈ ਤੇ ਮੈਨੂੰ ਖੁਸ਼ੀ ਆ ਗਈ। ਮੈਂ ਕੋਲ ਜਾ ਕੇ ਹੱਥ ਜੋੜੇ ਤਾਂ ਫੇਰ ਉਸ ਨੇ ਕਿਹਾ: "ਤੂੰ ਆਤਮਾ ਹੈਂ, ਪਰ ਇਕੱਲ ਤੈਨੂੰ ਨਹੀਂ ਖਾ ਸਕਦੀ"। ਮੈਂ ਕਿਹਾ "ਹੇ ਚੰਗੇ ਮਨੁੱਖ ! ਕਹੁ ਮੈਂ ਆਤਮਾ ਨਹੀਂ, ਇਹ ਸਜ਼ਾ ਮੇਰੇ ਝੱਲਣ ਦੀ ਨਹੀਂ, ਮੈਨੂੰ ਕੈਦ ਕਰ ਅਰ ਕਹੁ ਤੂੰ ਮੇਰੀ ਗ਼ੁਲਾਮ ਹੈਂ, ਹਰਦਮ ਮੇਰੇ ਨਾਲ ਰਹੁ ਤੇ ਸੇਵਾ ਕਰ। ਮੈਂ ਕਰਾਂਗੀ, ਜਾਂ ਤੀਰ ਲੈ ਤੇ ਖੋਭ ਦੇ ਮੇਰੇ ਕਾਲਜੇ, ਮੈਂ ਖੁਭਾਵਾਂਗੀ ਤੇ ਖੁਸ਼ੀ ਨਾਲ ਮਰਾਂਗੀ, ਪਰ ਮੈਨੂੰ ਆਤਮਾ ਨਾ ਕਹੁ"। ਉਸ ਫੇਰ ਨੈਣ ਮੀਟੇ, ਚਿਰ ਪਿਛੋਂ ਖੋਹਲੇ ਤੇ ਕਿਹਾ "ਤੂੰ ਇਕੱਲੀ ਨਹੀਂ ਹੈਂ, ਤੇਰੇ ਨਾਲ ਨਿਰੰਕਾਰ ਹੈ"। ਮੈਂ ਰੋ ਰੋਕੇ ਕਿਹਾ, "ਮੇਰੇ ਨਾਲ ਤੂੰ ਰਹੁ, ਮੈਨੂੰ ਹੋਰ ਕਿਸੇ ਦੀ ਲੋੜ ਨਹੀਂ, ਸਭ ਤੋਂ ਚੰਗਾ ਤੂੰ ਹੈਂ, ਤੈਥੋਂ ਚੰਗਾ ਹੋਰ ਕੋਈ ਨਹੀਂ। ਮੈਨੂੰ 'ਮੈਂ ਆਤਮਾ ਹਾਂ' ਤੇ 'ਮੇਰੇ ਨਾਲ ਕੋਈ ਨਿਰੰਕਾਰ ਹੈ' ਦੀ ਲੋੜ ਨਹੀਂ"। ਉਸ ਨੇ ਕਿਹਾ: "ਮੈਂ ਆਤਮਾ ਹਾਂ', ਪਰਮਾਤਮਾ ਮੇਰੇ ਨਾਲ ਹੈ। ਤੂੰ ਆਤਮਾ ਹੈਂ ਪਰਮਾਤਮਾ ਤੇਰੇ ਨਾਲ ਹੈ"। ਮੈਂ ਹੁਣ ਹੋਰ ਸਹਿਮੀ।

ਉਸ ਨੇ ਫੇਰ ਆਖਿਆ "ਪਰਮਾਤਮਾ ਹਰਦਮ ਤੇਰੇ ਨਾਲ ਹੈ, ਤੂੰ ਉਸ ਵਲ ਨਹੀਂ ਤੱਕਦੀ ਉਹ ਤੈਨੂੰ ਦੇਖਦਾ ਹੈ। ਤੂੰ ਸੌਂ ਜਾਂਦੀ ਹੈਂ ਉਹ ਜਾਗਦਾ ਹੈ, ਤੂੰ ਜੋ ਕਰਦੀ ਹੈਂ ਉਹ ਦੇਖਦਾ ਹੈ, ਜੋ ਸੋਚਦੀ ਹੈਂ, ਉਹ ਜਾਣਦਾ ਹੈ। ਪਰ ਤੂੰ ਉਸਨੂੰ ਨਹੀਂ ਦੇਖਦੀ ਨਾ ਜਾਣਦੀ"। ਆਹ ! ਹੁਣ ਮੇਰੇ ਤੇ ਹੋਰ ਡਰ ਛਾਯਾ। ਮੈਂ ਦਿਲ ਨੂੰ ਕਹਾਂ, ਮੇਰੇ ਨਾਲ ਕੋਈ ਲੁਕਕੇ ਰਹਿੰਦਾ ਹੈ ਜੋ ਮੇਰੇ ਸਾਰੇ ਕੰਮਾਂ ਨੂੰ ਵੇਂਹਦਾ ਹੈ, ਦਿੱਸਦਾ ਨਹੀਂ ਪਰ ਦੇਖਦਾ ਹੈ। ਸੋ ਫੇਰ ਨਾਲ ਤਾਂ ਹੋਇਆ, ਪਰ ਨਾ ਹੋਏ ਜਿਹਾ ਹੋਇਆ। ਹਾਇ! ਮੈਂ ਕਿਵੇਂ ਆਤਮਾਂ ਨਾ ਹੋਵਾਂ? ਜੇ ਉਹ ਵੇਂਹਦਾ, ਜਾਣਦਾ ਤੇ ਸੁਣਦਾ ਹੈ; ਤਾਂ ਮੈਂ ਹਰ ਕੰਮ ਕਰਨ ਲੱਗਿਆਂ ਅੜਕਿਆਂ ਕਰਾਂਗੀ, ਬੋਲਣ ਲੱਗੇ ਸੋਚਿਆ ਕਰਾਂਗੀ ਤੇ ਸੋਚਣ ਲੱਗਿਆਂ ਕੀ ਕਰਿਆ ਕਰਾਂਗੀ? ਡੁੱਬ ਜਾਇਆ ਕਰਾਂਗੀ?

ਫੇਰ ਮੈਂ ਉਸ ਨੂੰ ਕਿਹਾ: "ਹੇ ਚੰਗੇ ਮਨੁੱਖ ! ਮੈਂ ਪਾਪ ਕੀਤਾ ਹੈ, ਮੈਨੂੰ ਡੰਨ ਦੇਹ, ਪਰ ਐਡਾ ਕਰੜਾ ਨਾ ਦੇਹ"। ਪਰ ਉਸ ਦੀਆਂ ਅੱਖਾਂ ਬੰਦ ਸਨ ਜੋ ਫੇਰ ਸਾਰਾ ਦਿਨ ਨਾ ਖੁੱਲ੍ਹੀਆਂ ਤੇ ਮੈਂ ਡੋਲਦੀ ਡਰਦੀ, ਸੋਚਦੀ, ਡੁਬਦੀ ਤਰਦੀ ਪਰ ਉਸ ਦੇ ਕੋਲ ਹੀ ਬੈਠੀ ਰਹੀ। ਪਿਤਾ ਜੀ ਆਏ ਮੈਂ ਭੱਜਕੇ ਉਨ੍ਹਾਂ ਦੇ ਗਲ ਨਾਲ ਜਾ ਲੱਗੀ, ਉਹ ਬੀ ਕੁਛ ਉਦਾਸ ਜਿਹੇ ਆਏ। ਮੇਰਾ ਚਿਹਰਾ ਵੇਖਕੇ ਹੋਰ ਉਦਾਸ ਹੋ ਗਏ, ਮੈਨੂੰ ਗਲ ਲਾਉਣ ਲੱਗੇ ਤਾ ਮੈਂ ਰਤਾਕੁ ਅੜਕੀ, ਪਰ ਉਨ੍ਹਾਂ ਨੇ ਜ਼ੋਰੀ ਛਾਤੀ ਨਾਲ ਮੇਰਾ ਸਿਰ ਲਾਕੇ ਘੁੱਟਿਆ ਤੇ ਸਿਰ ਤੇ ਹੱਥ ਫੇਰਕੇ ਮੈਨੂੰ ਪਿਆਰ ਦਿੱਤਾ। ਜਿਸ ਵੇਲੇ ਕਿ ਉਨ੍ਹਾਂ ਦਾ ਹੱਥ ਮੇਰੇ ਸਿਰ ਤੇ ਪਿਆਰ ਨਾਲ ਛੁਹਿਆ ਮੇਰੇ ਡੁਸਕਾਰੇ ਨਿਕਲ ਗਏ ਤੇ ਤੱਤੇ ਤੱਤੇ ਹੰਝੂ ਉਨ੍ਹਾਂ ਦੀ ਛਾਤੀ ਤੇ ਵਗ ਤੁਰੇ। ਇਹ ਵੇਖਕੇ ਉਹ ਰਾਠ, ਰਾਠਾਂ ਵਿਚ ਬੀ ਨਾਮਣਾ ਪਾ ਚੁਕਾ ਰਾਠ ਪਿਤਾ, ਠੰਢਾ ਸਾਹ ਲੈ ਕੇ ਬੋਲਿਆ, "ਧੀਏ ! ਹੋਸ਼ ਕਰ, ਤੇਰਾ ਦੁਖ ਹੁਣੇ ਦੂਰ ਕਰਾਂ, ਪਰ ਤੇਰਾ ਪਿਆਰ ਹੀ ਕੁਛ ਨਹੀਂ ਕਰਨ ਦੇਂਦਾ"। ਮੈਂ ਕੁਛ ਨਾ ਬੋਲੀ, ਮੈਨੂੰ ਇਕ ਠੰਢ ਪੈ ਰਹੀ ਸੀ, ਪਿਤਾ ਦੇ ਪਿਆਰ ਵਿਚ ਇਕ ਸੁਖ ਮਿਲ ਰਿਹਾ ਸੀ, ਮੈਂ ਖੁਸ਼ ਹੋ ਰਹੀ ਸਾਂ, ਚੇਤਾ ਆਉਂਦਾ ਸੀ ਕਿ ਸੁਖ ਦੇਣਾ ਹੈ, ਲੈਣਾ ਨਹੀਂ, ਪਰ ਮੈਂ ਐਸੀ ਜੀ-ਭਿਆਣੀ ਹੋ ਚੁਕੀ ਸਾਂ ਕਿ ਹੁਣ ਮੈਥੋਂ ਪਿਤਾ ਦੇ ਲਾਡ ਤੇ ਦਿਲਾਸੇ ਦਾ ਸੁਖ ਛਡਿਆ ਨਹੀਂ ਸੀ ਜਾਂਦਾ। ਮੈਨੂੰ ਹੁਣ ਧਿਰਾਸ ਹੋ ਗਿਆ ਕਿ ਮੈਨੂੰ ਖਾਣ ਵਾਲੀ ਇਕੱਲ ਤੋਂ ਰਾਖੀ ਕਰਨ ਵਾਲੇ ਬਾਪੂ ਜੀ ਆ ਗਏ ਹਨ। ਬਾਪੂ ਜੀ ਨੇ ਫੇਰ ਮੈਨੂੰ ਸਮਝਾਯਾ। ਜਦ ਮੈਂ ਉਨ੍ਹਾਂ ਨੂੰ ਆਪਣਾ ਦੁਖ ਦੱਸਿਆ ਉਹ ਹੱਸ ਪਏ, ਆਖਣ ਲਗੇ:-ਕਾਕੀ! ਤੇਰਾ ਭੋਲਾਪਨ ਤੇਰਾ ਵੈਰੀ ਹੋ ਰਿਹਾ ਹੈ। ਮੈਂ ਤੈਨੂੰ ਬੜੀ ਸਾਦਗੀ, ਸਿੱਧੇ ਤੇ ਭੋਲੇਪਨ ਵਿਚ ਪਾਲਿਆ ਹੈ, ਤੈਨੂੰ ਦੁਨੀਆਂ ਤੇ ਦੀਨ ਦੀ ਸਾਰ ਨਹੀਂ। ਬੱਚੀਏ! ਹੋਸ਼ ਕਰ ਤੇ ਸਮਝ ਜੋ ਕੁਛ ਤੈਨੂੰ

ਉਸ ਨੇ ਆਖਿਆ ਹੈ ਉਸ ਤੋਂ ਮਲੂਮ ਹੁੰਦਾ ਹੈ ਕਿ ਉਹ ਸਾਧੂ ਹੈ; ਅਰ ਉਸ ਨੇ ਤੇਰੇ ਤੋਂ ਬਦਲਾ ਨਹੀਂ ਲਿਆ। ਜੋ ਗੱਲ ਉਹ ਚੰਗੀ ਜਾਣਦਾ ਸੀ ਉਸ ਨੇ ਤੈਨੂੰ ਆਖੀ ਹੈ। ਤੂੰ ਬੜੀ ਭੋਲੀ ਹੈਂ, ਜੋ ਓਦੋਂ ਇਕ ਵੇਰ ਪੰਡਤ ਨੇ ਪਾਪ ਪੁੰਨ ਦੀ ਗੱਲ ਆਖੀ ਸੀ ਤਾਂ ਤੂੰ ਜੀ ਨੂੰ ਲਾ ਲਈ ਤੇ ਉਠਕੇ ਨੱਸ ਗਈ ਜੋ ਕੋਈ ਹੋਰ ਗੱਲ ਨਾ ਆਖ ਦੇਵੇ, ਜਿਸ ਨਾਲ ਮੇਰਾ ਜੀ ਨਿੱਕਾ ਨਾ ਹੋ ਜਾਵੇ। ਤੇ ਜੇ ਇਸ ਨੇ ਕਹਿ ਦਿੱਤਾ ਹੈ ਕਿ ਤੂੰ ਆਤਮਾਂ ਹੈਂ ਤਾ ਡਰ ਦੇ ਨਾਲ ਹੀ ਸਾਰੀ ਨਪੀੜੀ ਜਾ ਰਹੀ ਹੈਂ। ਕਾਕੀ! ਏਹ ਗੱਲਾਂ ਹਨ ਜੋ ਵਿਹਲੇ ਰਹਿਣ ਵਾਲੇ ਲੋਕ ਸਾਨੂੰ ਸੁਣਾਕੇ ਆਪਣੀ ਉਦਰ ਪੂਰਨਾ ਕਰਦੇ ਹਨ, ਇਨ੍ਹਾਂ ਗੱਲਾਂ ਵਿਚ ਕੁਛ ਨਹੀਂ ਹੁੰਦਾ। ਤੂੰ ਸਿੱਧੀ ਤੇ ਸਾਫ ਹੈਂ, ਅੰਦਰੋਂ ਬਾਹਰੋਂ ਇਕ ਹੈਂ, ਜੋ ਸੁਣਦੀ ਹੈਂ ਉਸ ਦੇ ਮਗਰ ਖਯਾਲ ਵਿਚ ਟੁਰ ਪੈਂਦੀ ਹੈ ਤੇ ਸ਼ੁਦੈਣ ਹੋ ਹੋ ਜਾਂਦੀ ਹੈਂ। ਤਕੜੀ ਹੋ, ਬਹਾਦਰਾਂ ਦੀ ਸੰਤਾਨ ਬਹਾਦਰ ਹੁੰਦੀ ਹੈ। ਕੱਲ ਮੇਰੇ ਨਾਲ ਚੱਲ; ਇਕ ਸ਼ੇਰ ਨੇ ਬੇਲੇ ਵਿਚ ਇਕ ਸਿਪਾਹੀ ਮਾਰਿਆ ਹੈ ਓਸ ਨੂੰ ਭਾਲਣਾ ਤੇ ਮਾਰਨਾ ਹੈ। ਸ਼ਿਕਾਰ ਵਿਚ ਚੱਲਕੇ ਤੇਰਾ ਜੀ ਖਿੜ ਆਵੇਗਾ।

ਮੈਂ ਕੁਛ ਬੋਲ ਤਾਂ ਨਾ ਸੱਕੀ, ਪਰ ਮੈਨੂੰ ਧਰਵਾਸ ਬਹੁਤ ਆ ਰਿਹਾ ਸੀ। ਪਿਤਾ ਜੀ ਕੁਛ ਚਿਰ ਪਿਆਰ ਦੇਕੇ ਚਲੇ ਗਏ। ਫੇਰ ਸੰਧਿਆ ਪੈ ਗਈ। ਮੈਂ ਇਸੇ ਹਾਲ ਵਿਚ ਹੀ ਲੇਟ ਗਈ। ਲੇਟੀ ਤਾਂ ਨੀਂਦ ਪੈ ਗਈ।

ਮੈਂ ਸੁਪਨੇ ਸੁਣਦੀ ਹੁੰਦੀ ਸਾਂ, ਪਰ ਕਦੇ ਆਪ ਨਹੀਂ ਦੇਖਿਆ ਸੀ, ਅੱਜ ਪਹਿਲਾ ਦਿਨ ਸੀ ਕਿ ਮੈਂ ਸੁਪਨਾ ਡਿੱਠਾ। ਮੈਨੂੰ ਰਾਤ ਸਿਰਹਾਣੇ ਤੇ ਸਿਰ ਰੱਖਣ ਤੇ ਸਵੇਰੇ ਸਿਰ ਚੁੱਕਣ ਦੀ ਖਬਰ ਹੁੰਦੀ ਸੀ, ਵਿਚੋਂ ਪਤਾ ਨਹੀਂ ਰਾਤ ਕਿਸ ਤਰ੍ਹਾ ਲੰਘ ਜਾਂਦੀ ਸੀ ! ਅੱਜ ਅੱਖ ਲੱਗੀ ਤਾਂ ਮੈਂ ਇਕ ਵਡੇ ਛੋਟੇ ਪੱਥਰਾਂ ਦੇ ਰੜੇ ਵਿਚ ਜਾ ਪਹੁੰਚੀ। ਕੀ ਦੇਖਦੀ ਹਾਂ ਕਿ ਵੱਡੇ ਪੱਥਰ ਵੱਟੇ ਤੇ ਮਿੱਟੀ ਰੇਤ ਦੇ ਕਿਣਕੇ ਹੀ ਕਿਣਕੇ ਪਏ ਹਨ ਪਰ ਉਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਮੈਂ ਦੇਖਦੀ ਹੁੰਦੀ ਸਾਂ, ਸਗੋਂ ਹੁਣ ਇਉਂ ਜਾਪੇ ਕਿ ਏਹ ਸਾਰੇ ਜੀਉਂਦੇ ਹਨ, ਪਰ ਐਵੇਂ ਪਏ ਨਜਿੰਦੇ ਜਾਪਦੇ ਹਨ। ਕੋਈ ਜੇ ਰਤਾ ਜਿੰਨੀ ਕਲਾ ਵਰਤੇ ਤਾਂ ਇਨ੍ਹਾਂ ਨੂੰ ਹੋਸ਼ ਬੀ ਆ ਜਾਵੇ। ਏਨੇ ਨੂੰ ਮੈਂ ਕੀਹ ਡਿੱਠਾ ਕਿ ਓਥੇ ਪਾਣੀ ਆ ਗਿਆ ਹੈ ਤੇ ਉਹਨਾਂ ਕਿਣਕਿਆਂ ਨੂੰ ਪਾਣੀ ਆਖਣ ਲੱਗਾ ਕਿ "ਹੇ ਕਿਣਕਿਓ ! ਤੁਸੀਂ ਤਾਂ ਜਿੰਦ ਹੋ, ਉਠੋ, ਹੋਸ਼ ਕਰੋ, ਤੁਸੀ ਜੜ੍ਹ ਪੱਥਰ ਨਹੀਂ ਹੋ, ਤੁਸੀਂ ਜਿੰਦ ਹੋ, ਉਠੋ, ਹੋਸ਼ ਕਰੋ"। ਪਾਣੀ ਨੂੰ ਬੋਲਦਿਆਂ ਤੇ ਕਿਣਕਿਆਂ ਨੂੰ ਸੁਣਦਿਆਂ ਦੇਖਕੇ ਮੈਂ ਹੱਕੀ ਬੱਕੀ ਰਹਿ ਗਈ ਕਿ ਇਹ ਕਿਵੇਂ ਹੋ ਰਿਹਾ ਹੈ, ਏਹ ਕਿਵੇਂ ਬੋਲ ਅਤੇ ਸੁਣ ਰਹੇ ਹਨ, ਪਰ ਹੋ ਇਵੇਂ ਹੀ ਰਿਹਾ ਸੀ ਤੇ ਮੇਰਾ ਸ਼ੌਂਕ ਵਧ ਰਿਹਾ ਸੀ, ਸੋ ਮੈਂ ਹੋਰ ਅੱਗੇ ਹੋਕੇ ਸੁਣਨ ਲੱਗੀ, ਤਦ ਛੋਟੇ ਵੱਡੇ ਸਾਰੇ ਕਿਣਕਿਆਂ ਨੇ ਕਿਹਾ, "ਅਸੀਂ ਜਿਸ ਹਾਲ ਵਿਚ ਪਏ ਹਾਂ ਚੰਗੇ ਹਾਂ, ਹੇ ਪਾਣੀ ! ਤੂੰ ਅੱਗੇ ਜਾਹ"। ਤਦ ਪਾਣੀ ਬੋਲਿਆ-"ਭੋਲਿਓ ! ਤੁਸੀਂ ਜਿੰਦ ਹੋ, ਆਓ ਮੇਰੇ ਨਾਲ ਮੈਂ ਤੁਹਾਨੂੰ ਓਥੇ ਪੁਚਾ ਦਿਆ ਜਿੱਥੋਂ ਤੁਸੀਂ ਆਪੇ ਪਏ ਆਖੋ ਅਸੀਂ ਜਿੰਦ ਹਾਂ"। ਅਪਣੇ ਟੁਰਨ ਦੀ ਗੱਲ ਸੁਣਕੇ ਇਕਨਾ ਨੇ ਆਖਿਆ-"ਜਾਹ ਭਾਈ ਆਪਣੇ ਰਸਤੇ ਟੁਰ, ਅਸੀਂ ਸਲਾਹ ਕਰਕੇ ਤੈਨੂੰ ਕੱਲ ਉਤਰ ਦਿਆਂਗੇ"। ਤਾਂ ਪਾਣੀ ਪਿਛੇ ਹਟ ਗਿਆ। ਹੁਣ ਕਿਣਕਿਆਂ ਦੀ ਪੰਚੈਤ ਜੁੜ ਬੈਠੀ। ਵੱਡੇ ਵੱਡੇ ਪੱਥਰ ਬੋਲੇ-"ਅਸੀਂ ਬੜੇ ਸੁਖੀ ਹਾਂ, ਸੁਖ ਨਾਲ ਪਏ ਹਾਂ, ਇਹ ਪਾਣੀ ਕੋਈ ਮਤਲਬੀ ਹੈ, ਸਾਨੂੰ ਖੁਆਰ ਕਰੇਗਾ। ਅੱਗੇ ਅਸੀਂ ਉੱਚੇ ਪਰਬਤਾਂ ਤੇ ਵੱਸਦੇ ਸਾਂ, ਇਕ ਏਹੋ ਜੇਹੀ ਸੁਹਣੀ ਤੇ ਵਧੀਕ ਚਿੱਟੀ ਆਈ ਸੀ, ਜੋ ਆਪਣਾ ਨਾਉਂ 'ਬਰਫ' ਦੱਸਦੀ ਸੀ, ਆਖਣ ਲੱਗੀ: ਮੇਰੇ ਮੋਢੇ ਤੇ ਚੜ੍ਹ ਬੈਠੋ, ਤੁਹਾਨੂੰ ਸੈਲ ਕਰਾਵਾਂ। ਐਥੇ ਆਕੇ ਸਾਨੂੰ ਪਟਕਾ ਮਾਰਿਆ ਤੇ ਆਪ ਲੋਪ ਹੋ ਗਈ। ਸਭਜਾਰੇ ਸਾਡੇ ਜਿਗਰ ਵਡੇ ਹਨ, ਨਹੀਂ ਤਾਂ ਧੁੱਪਾਂ ਨਾਲ ਸੜ ਉਠਦੇ, ਇਹ ਗਰਮ ਧੁਪਾਂ ਅਸਾਂ ਕਦੇ ਪਰਬਤ ਧਾਰਾ ਤੇ ਝਾਗੀਆਂ ਨਹੀਂ ਸਨ। ਏਸੇ ਤਰ੍ਹਾਂ ਇਹ ਪਾਣੀ ਸਾਨੂੰ ਕਿਤੇ ਕੁਥਾਂ ਮਾਰੇਗਾ। "ਹੁਣ ਕੁਛ ਹੋਰ ਕਿਣਕੇ ਬੋਲੇ-"ਭਾਈਓ ! ਇਸ ਪਾਣੀ ਦੇ ਸਾਨੂੰ ਹੱਥ ਲਗੇ ਹੋਏ ਹਨ, ਅਸੀਂ ਬੀ ਕਦੇ ਵੱਡੇ ਵੱਡੇ ਚਿਟਾਨ ਤੇ ਸਿਲਾਂ ਪੱਥਰ ਸਾਂ, ਇਸ ਪਾਣੀ ਨੇ ਮਲਕੜੇ ਸਾਡੀਆਂ ਬੇ-ਮਲੂਮ ਤ੍ਰੇੜਾਂ ਵਿਚ ਵੜਕੇ ਐਸਾ ਜੰਮ ਜਾਣਾ ਤੇ

ਜ਼ੋਰ ਕਰਨਾ ਕਿ ਸਾਨੂੰ ਟੋਟੇ ਟੋਟੇ ਕਰਕੇ ਸਿੱਟ ਦੇਣਾ, ਫੇਰ ਅਪਣੇ ਰੋਹੜਾਂ ਤੇ ਰੋਆਂ ਵਿਚ ਐਸਾ ਦਲਨਾ ਕਿ ਸਾਨੂੰ ਖੇਰੂ ਖੇਰੂ ਕਰਕੇ ਕਿਣਕੇ ਕਿਣਕੇ ਕਰ ਸੱਟਣਾ। " ਇਕਨਾਂ ਕਿਣਕਿਆਂ ਨੇ ਆਖਿਆ ਕਿ "ਇਹ ਠੰਢਾ ਹੈ, ਲਬ ਵਾਲਾ ਨਹੀਂ ਲਗਦਾ, ਕਹਿੰਦੇ ਹਨ ਕਿ ਆਕਾਸ਼ ਬੀ ਜਾ ਚੜ੍ਹਦਾ ਹੈ ਤੇ ਡੂੰਗੀ ਥਾਂਈਂ ਬੀ ਜਾਂਦਾ ਹੈ ਅਰ ਦੂਜਿਆਂ ਨੂੰ ਸੁਖ ਦੇਂਦਾ ਹੈ, ਤਾਂਤੇ ਸਾਨੂੰ ਬੀ ਸੁਖ ਦੇਵੇਗਾ, ਆਓ ਇਸ ਦੇ ਆਖੇ ਲੱਗੀਏ, ਜਿੰਦ ਬਣੀਏ, ਇਸ ਅੰਦਰ ਦੇ ਹਨੇਰੇ ਵਿਚ ਸਦੀਆਂ ਜਿਸ ਪਾਸੇ ਪਏ ਸੋ ਪਏ ਰਹਿਣ ਤੋਂ ਛੁਟਕਾਰਾ ਮਿਲੇ। 'ਜਿੰਦਪਨਾ' ਵੇਖੀਏ ਤਾਂ ਸਹੀ ਜੋ ਉਹ ਕੀਹ ਹੈ? ਚਲੋ ਚਾਲੇ ਤਾਂ ਪਈਏ। " ਇਹ ਸੁਣਕੇ ਵਡੇ ਵੱਟੇ ਤੇ ਪੱਥਰ ਤਾਂ ਗੁੱਸੇ ਹੋ ਗਏ ਤੇ ਛੋਟੇ ਕਿਣਕੇ ਤਿਆਰ ਹੋ ਪਏ। ਗਲ ਕੀ ਇਕ ਵਾਕ ਨਾ ਹੋਇਆ, ਦੋ ਧੜੇ ਹੋ ਗਏ। ਅਗਲੇ ਦਿਨ ਜਾਂ ਪਾਣੀ ਰੁਮਕੇ ਟੁਰਦਾ ਤੇ 'ਆਓ ਜਿੰਦ ਬਣ ਜਾਓ' ਇਹ ਸੀਟੀ ਵਜਾਉਂਦਾ ਆ ਗਿਆ ਤਾਂ ਛੋਟੇ ਬਰੀਕ ਕਿਣਕੇ ਤਾਂ 'ਸਤ ਬਚਨ' ਕਹਿਕੇ ਉਸ ਦੇ ਨਾਲ ਤੁਰ ਪਏ ਤੇ ਵੱਡਿਆਂ ਨੇ ਕਿਹਾ 'ਸਾਨੂੰ ਲੋੜ ਨਹੀਂ। ਪਾਣੀ ਨੇ ਗੁੱਸਾ ਨਹੀਂ ਕੀਤਾ, ਵਡਿਆਂ ਨੂੰ 'ਫੇਰ ਸਹੀ' ਕਹਿਕੇ ਛੋਟਿਆਂ ਨੂੰ ਨਾਲ ਲੈਕੇ ਟੁਰ ਪਿਆ।

ਹੁਣ ਜਾਂ ਉਹ ਟੁਰਿਆ ਤਾਂ ਉਹ ਕਿਣਕੇ ਲੱਗੇ ਆਪੋ ਵਿਚ ਰਗੜੀਨ ਤੇ ਹੋਰ ਨਿੱਕੇ ਹੋਣ। ਰੋਣ ਵਿਚਾਰੇ ਤੇ ਪਛੁਤਾਉਣ ਕਿ ਅਸਾਂ ਵੱਡਿਆਂ ਦੇ ਆਖੇ ਕਿਉਂ ਨਾ ਮੰਨੇ। ਪਾਣੀ ਨੇ ਉਹਨਾਂ ਨੂੰ ਐਸਾ ਨਿੱਕਾ ਕੀਤਾ ਕਿ ਅਪਣੇ ਰੂਪ ਵਿਚ ਰਲਾ ਲਿਆ, ਕੋਈ ਪਤਾ ਨਾ ਲੱਗੇ ਕਿ ਨਿਰਾ ਪਾਣੀ ਹੈ ਕਿ ਇਸ ਵਿਚ ਮਿੱਟੀ ਪੱਥਰ ਤੇ ਧਾਤਾਂ ਦੇ ਡਾਢੇ ਹੀ ਨਿਕੇ ਕਿਣਕੇ ਵੀ ਰਲੇ ਹੋਏ ਹਨ ! ਇਸ ਤਰ੍ਹਾਂ ਕਰਕੇ ਅੰਤ ਪਾਣੀ ਇਕ ਖੇਤ ਵਿਚ ਪਹੁੰਚਾ ਅਤੇ ਜ਼ਮੀਨ ਦੇ ਅੰਦਰ ਵੜ ਗਿਆ। ਅੱਗੇ ਕਿੰਨੇ ਸਾਰੇ ਬੀਜ ਧਰਤੀ ਦੇ ਵਿਚ ਥੋੜੀ ਥੋੜੀ ਵਿੱਥ ਤੇ ਪਏ ਸਨ। ਪਾਣੀ ਨੇ ਆਕੇ ਆਖਿਆ-'ਹੇ ਅੰਕੂਰ ਜੀ ! ਆਪ ਬੀਜ ਦੇ ਮੱਠ ਵਿਚ ਸਮਾਧੀ ਲਾਈ ਬੈਠੇ ਹੋ, ਮੈਂ ਆਪਦੇ ਚਰਨਾਂ ਵਿਚ ਜਗਜਾਸੂ ਲੈਕੇ ਆਯਾ ਹਾਂ ! ਆਪ ਇਨ੍ਹਾਂ ਨੂੰ ਚਰਨੀਂ ਲਾ ਲਵੋ।' ਤਾਂ ਅੰਕੂਰਾਂ[1] ਨੇ ਆਖਿਆ: 'ਹੇ ਪਾਣੀ ! ਅਸੀਂ ਸਮਾਧੀ ਵਿਚ ਹਾਂ ਅਰ ਸੁਖੀ ਹਾਂ, ਸਾਨੂੰ ਖੇਚਲ ਨਾ ਦੇਹ।' ਤਾਂ ਪਾਣੀ ਨੇ ਬਹੁਤ ਮਿੰਨਤਾਂ ਕੀਤੀਆਂ। ਉਹ ਜੋ ਬੀਜ ਦੇ ਉਦਾਲੇ ਕਰੜਾ ਕੋਟ ਸੀ ਉਸ ਵਿਚ ਸੁਖੀ ਬੈਠੇ ਅੰਕੂਰਾਂ ਨੇ ਕਿਹਾ: ਅੱਛਾ ਬਈ ਕੱਲ ਦੱਸਾਂਗੇ, ਤਾਂ ਪਾਣੀ ਪਿੱਛੇ ਅਟਕ ਗਿਆ। ਰਤਾ ਨੂੰ ਅੰਕੂਰਾਂ ਦੀ ਪੰਚੈਤ ਨੇ ਸਲਾਹ ਗਿਣੀ। ਕਈਆਂ ਨੇ, ਜੋ ਬਹੁਤ ਪੱਕੇ ਸਨ, ਆਖਿਆ-"ਅਸੀਂ ਆਪ ਬਹੁਤ ਸੁਖੀ ਹਾਂ ਕਿਸੇ ਨਾਲ ਸਾਨੂੰ ਕੀਹ?" ਕਈ ਕੱਚੇ ਸਨ ਉਹਨਾਂ ਨੇ ਕਿਹਾ-"ਮਸਾਂ ਮਸਾਂ ਕੋਈ ਆਯਾ ਸੀ ਪੁੱਛਣ ਵਾਲਾ, ਜੋ ਦੇਂਦਾ ਸੀ ਕਾਹਲੀ ਨਾਲ ਲੈ ਲੈਣਾ ਸੀ, ਭੁੱਲ ਹੋ ਗਈ। " ਇਨ੍ਹਾਂ ਜੱਕੋ ਤੱਕਿਆਂ ਵਿਚ ਸਨ ਕਿ ਪੌਣ ਦੇ ਉਸ ਹਿੱਸੇ ਨੇ, ਜੋ ਧਰਤੀ ਵਿਚ ਸਮਾਇਆ ਹੋਇਆ ਸੀ, ਅੰਕੂਰਾਂ ਨੂੰ ਆਖਿਆ- "ਭੋਲਿਓ ! ਤੁਸੀਂ ਜਿੰਦ ਹੋ, ਇਹ ਬਾਕੀ ਦਾ ਸਾਰਾ ਬੀਜ ਤੁਹਾਡਾ ਤੋਸ਼ਾ ਹੈ, ਤੁਸੀਂ ਆਪ ਜਿੰਦ ਹੋ, ਮੇਰੇ ਆਖੇ ਲੱਗੋ ਮੈਂ ਤੁਹਾਨੂੰ ਧਰਤੀਂ ਤੋਂ ਬਾਹਰ ਲੈ ਚੱਲਾਂ ਤੇ ਦਿਖਾਵਾਂ ਕਿ ਬਾਹਰ ਚਾਨਣੇ ਵਿਚ ਤੁਸੀਂ ਕਿਸ ਤਰ੍ਹਾਂ ਲਹਿਰਾਂ ਲੈਂਦੇ ਹੋ। ਇਹ ਜੋ ਜਗਜਾਸੂ ਆਏ ਹਨ ਇਨ੍ਹਾਂ ਨੂੰ ਚਰਨੀਂ ਲਾ ਲਓ। ਏਹ ਤੁਹਾਡੇ ਨਾਲ ਰਲਕੇ ਜਾਗ ਪੈਣਗੇ ਤੇ ਆਪਣੀ ਜਿੰਦ ਵੇਖਣਗੇ। ਤੁਸੀਂ ਇਨ੍ਹਾਂ ਦੀ ਜਿੰਦ ਨੂੰ ਆਪਣੇ ਵਿਚ ਲੈਕੇ ਹੋਰ ਉੱਚੀ ਜਿੰਦ ਵਿਚ ਆ ਜਾਓਗੇ।" ਪੌਣ ਦਾ ਇਹ ਉਪਦੇਸ਼ ਸੁਣਕੇ ਅਗਲੇ ਦਿਨ ਜਦ ਪਾਣੀ ਆਇਆ ਤਾਂ ਬਹੁਤਿਆਂ ਨੇ ਚਰਨੀਂ ਲਾ ਲਿਆ ਤੇ ਕਈ ਗੁੱਸੇ ਨਾਲ ਐਸੇ ਲੜੇ ਕਿ ਸੜ ਗਏ, ਕਈ ਟੱਪਕੇ ਬਾਹਰ ਆ ਗਏ, ਉਹਨਾਂ ਨੂੰ ਧੁੱਪ ਨੇ ਮਾਰ ਲਿਆ, ਕਈ ਐਨੇ ਹੇਠਾਂ ਲੱਥੇ ਕਿ ਫੇਰ ਉਠੇ ਨਾ, ਪਰ ਜਿਨ੍ਹਾਂ ਨੇ ਉਪਦੇਸ਼ ਮੰਨਿਆਂ ਸੀ ਓਹ ਗਿਰਦੇ ਦੇ ਕੋਟ ਨੂੰ ਪਾੜਕੇ ਬਾਹਰ ਨਿਕਲੇ ਤੇ ਉਨ੍ਹਾ ਨੂੰ ਅੰਦਰ ਜੜ੍ਹਾਂ ਤੇ ਬਾਹਰ ਪੱਤੇ ਨਿਕਲ

---

[1] ਅੰਕੂਰ ਬੀਜ ਦਾ ਉਹ ਨਿੱਕਾ ਹਿੱਸਾ ਹੈ, ਜਿਸ ਵਿਚ ਉਗਣ ਦੀ ਸ਼ਕਤੀ ਹੁੰਦੀ ਹੈ, ਇਹ ਨਿੱਕਾ ਜਿਹਾ ਕਿਣਕਾ ਅਕਸਰ ਸਿਰੇ ਤੇ ਹੁੰਦਾ ਹੈ ਬਾਕੀ ਹਿੱਸਾ ਬੀਜ ਦੇ ਉਗ ਪੈਣ ਤੇ ਇਸ ਕਿਣਕੇ ਦੀ ਪਹਿਲੀ ਖੁਰਾਕ ਬਣਦਾ ਹੈ।

ਆਏ। ਉਹ ਅੰਦਰ ਖਾਣ ਪੀਣ ਲਗ ਪਏ ਤੇ ਬਾਹਰ ਹਵਾ ਭੱਖਣ ਲੱਗ ਪਏ। ਉਹਨਾਂ ਨੇ ਆਖਿਆ ਵੇਖੋ ਜੀ "ਪੌਣ ਗੁਰੂ ਦੇ ਉਪਦੇਸ਼ ਨੇ ਸਾਨੂੰ ਸੱਚ ਆਖਿਆ ਸੀ, ਤੁਸੀਂ ਜਿੰਦ ਹੋ। ਏਹ ਰੰਗ, ਇਹ ਰੂਪ, ਏਹ ਲਹਿਰੇ: ਇਹ ਚਾਨਣ ਅਸਾਂ ਕਿਥੋਂ ਵੇਖਣੇ ਸੀ, ਜੋ ਅਸੀਂ ਧਰਤੀ ਤੋਂ ਬਾਹਰ ਆਕੇ ਡਿੱਠੇ ਹਨ, ਠੀਕ ਅਸੀਂ ਜਿੰਦ ਹਾਂ। ਹੁਣ ਪੱਤੇ ਪੱਤੇ, ਟਾਹਣੀ ਟਾਹਣੀ, ਫੁੱਲ ਫੁੱਲ ਤੇ ਫਲ ਫਲ ਵਿਚ ਉਹ ਕਿਣਕੇ, ਜੋ ਪਾਣੀ ਵਿਚ ਰਲਕੇ ਆਏ ਸੀ, ਆਪਣੇ ਪਹਿਲੇ ਰੂਪ ਨੂੰ ਚੇਤੇ ਕਰਨ, ਜਦੋਂ ਰੜੇ ਵਿਚ ਮੁਰਦਾ ਪਏ ਸਨ, ਤਾਂ ਆਖਣ: "ਅਸੀਂ ਸੱਚ ਮੁੱਚ ਜਿੰਦ ਹਾਂ, ਸਾਡੇ ਨਾਲ ਪਾਣੀ ਨੇ ਪਿਤਾ ਵਾਲਾ ਪਿਆਰ ਕੀਤਾ ਹੈ। " ਕਿੱਥੋਂ ਚੁੱਕਕੇ ਸਾਨੂੰ ਆਪਣੇ ਵਿਚ ਸਮਾਇਆ ਤੇ ਕਿਨ੍ਹਾਂ ਦੇ ਚਰਨੀਂ ਲਾਇਆ ਤੇ ਹੁਣ ਅਸੀਂ ਇਨ੍ਹਾਂ ਦਾ ਰੂਪ ਹੋਕੇ ਵਧੇ ਹਾਂ, ਮੌਲੇ ਹਾਂ, ਰਗ ਰਗ ਵਿਚ ਰਸ ਰੱਖਦੇ ਹਾਂ, ਝੂੰਮਦੇ ਹਾਂ ਤੇ ਅਨੰਦ ਲੈਂਦੇ ਹਾਂ। "

ਹੁਣ ਮੈਂ ਕੀ ਵੇਖਿਆ ਕਿ ਸਾਰੇ ਫਲ ਫੁੱਲ ਪੱਤੇ ਆਦਿਕ ਰੋਣ ਲੱਗ ਪਏ ਤੇ ਆਖਣ ਲੱਗੇ "ਸਾਡੀ ਜਿੰਦ ਉੱਡ ਚੱਲੀ ਹੈ। " ਤਦ ਉਨ੍ਹਾਂ ਨੂੰ ਅਵਾਜ਼ ਆਈ ਕਿ"ਨਹੀਂ, ਤੁਸੀਂ ਉੱਚੇ ਹੋਣ ਲੱਗੇ ਹੋ, 'ਜਾਨ' ਬਣਨ ਲੱਗੇ ਹੋ, ਜਿਕੂੰ ਅੱਗੇ ਹੋਂਦ ਤੋਂ ਮਰਕੇ ਜਿੰਦ ਵਿਚ ਖਿੜੇ ਸਾਓ, ਹੁਣ ਜਿੰਦ ਤੋਂ ਮਰਕੇ ਜਾਨ ਵਿਚ ਖਿੜੋਗੇ", ਪਰ ਉਹ ਨਾ ਸਮਝੇ ਅਰ ਸਹਿਮ ਗਏ। ਇਸ ਵੇਲੇ ਕਈ ਤਰ੍ਹਾਂ ਦੇ ਲੋਕ ਆਏ ਹੋਏ ਸਨ, ਕੋਈ ਚਾਰ ਪੈਰਾਂ ਵਾਲੇ; ਕੋਈ ਦੋ ਪੈਰਾਂ ਵਾਲੇ, ਕੋਈ ਖੰਭਾਂ ਵਾਲੇ, ਕੋਈ ਸਿੱਧੇ ਟੁਰਨ ਵਾਲੇ, ਕੋਈ ਝੁਕਕੇ ਟੁਰਨ ਵਾਲੇ; ਕੋਈ ਪੱਤਰ ਖਾ ਗਿਆ, ਕੋਈ ਡਾਲਾਂ ਖਾ ਗਿਆ, ਕਿਸੇ ਜੜ੍ਹਾਂ ਖਾ ਲਈਆਂ, ਕੋਈ ਫੁੱਲ ਤੇ ਕੋਈ ਫਲ ਖਾ ਗਿਆ, ਪਰ ਦੇਖੋ ਉਹਨਾਂ ਦੇ ਅੰਦਰ ਜਾਕੇ ਓਹ ਕਿਣਕੇ ਉਨ੍ਹਾਂ ਦੇ ਸਰੀਰ ਦਾ ਹਿੱਸਾ ਬਣ ਗਏ ਅਰ ਜਿੱਥੇ ਬੂਟੇ ਹੋਕੇ ਏਹ ਇਕ ਥਾਂ ਧਰਤੀ ਵਿਚ ਗੱਡੇ ਖੜੋਤੇ ਸੇ, ਏਹ ਦੌੜਨ ਭੱਜਣ ਲੱਗ ਪਏ, ਜਿਥੇ ਇਹ ਚੁਪ ਸਨ ਜੀਭ ਵਿਚ ਅੱਪੜਕੇ ਬੋਲਣ ਲੱਗ ਗਏ, ਜਿੱਥੇ ਇਹ ਅੰਨ੍ਹੇ ਸਨ, ਅੱਖਾਂ ਵਿਚ ਆਕੇ ਦੇਖਣ ਲੱਗ ਗਏ। ਜਾਂ ਮੈਂ ਪਰਤਕੇ ਦੇਖਿਆ ਤਾਂ ਇਨ੍ਹਾਂ ਸਾਰਿਆਂ ਵਿਚ ਓਹ ਪਾਣੀ, ਪੌਣ ਤੇ ਧਰਤੀ ਦੇ ਕਿਣਕੇ ਰੂਪ ਵਟਾਕੇ ਸੁਰਜੀਤ ਹੋਕੇ ਜਾਨ ਬਣੀ ਫਿਰਦੇ ਸਨ। ਇਕ ਤਾਂ ਜਾਨਦਾਰ ਮਨੁੱਖ ਆਪਣੇ ਆਪ ਨੂੰ ਇਕ ਜਾਨ ਵਾਲਾ ਸਮਝਦਾ ਹੈ ਤੇ ਆਖਦਾ ਹੈ ਕਿ ਮੈਂ ਜਾਨ ਹਾਂ, ਜਾਂ ਮੇਰੇ ਵਿਚ ਜਾਨ ਹੈ, ਦੂਜੇ ਮੈਂ ਕੀਹ ਦੇਖਾਂ ਕਿ ਉਸ ਦੇ ਸਰੀਰ ਦਾ ਹਰੇਕ ਕਿਣਕਾ ਬੀ ਜੀਉਂਦਾ ਹੈ।

ਹੁਣ ਮੈਂ ਅਚੰਭਾ ਹੋ ਗਈ ਕਿ ਜਿਸ ਦੁਨੀਆਂ ਨੂੰ ਮੋਈ ਹੋਈ ਪੱਥਰ ਵਾਂਗੂੰ ਜੜ੍ਹ ਜਾਣਦੀ ਸਾਂ ਸਾਰੀ ਦੀ ਸਾਰੀ ਜੀਉਂਦੀ ਹੈ, ਕੋਈ ਕਿਣਕਾ ਬੀ ਜੜ੍ਹ ਨਹੀਂ ਹੈ। ਇਸ ਵੇਲੇ ਇਕ ਗ਼ਰੀਬ ਦੀ ਅਵਾਜ਼ ਬੋਲੀ- 'ਭੋਲੀਏ ! ਜਿਸ ਤਰ੍ਹਾਂ ਮਿਟੀ ਦੇ ਕਿਣਕੇ ਵਿਚ ਤੈਨੂੰ ਨਿਰੋਲ ਨਜਿੰਦ ਭਾਸਦੀ ਸੀ ਇਸੇ ਤਰ੍ਹਾਂ ਕਿਸੇ ਹੋਰ ਸਿਰੇ ਤੇ ਨਿਰੋਲ ਜਿੰਦ ਹੈ, ਵਿਚਕਾਰ ਇਕ ਰਸਤਾ ਹੈ ਜੋ ਨਜਿੰਦ ਤੋਂ ਜਿੰਦ ਤਕ ਜਾਂਦਾ ਹੈ: ਤੂੰ ਜਿਥੇ ਖੜੀ ਹੈਂ ਏਹ ਦੋਹਾਂ ਸਿਰਿਆਂ ਦੇ ਵਿਚਕਾਹੇ ਜਿਹੇ ਇਕ ਥਾਂ ਹੈ[੧], ਤੂੰ ਪਿਛੋਂ ਟੁਰਕੇ ਐਥੋਂ ਤਕ ਆਈ ਹੈਂ, ਅੱਗੇ ਹੋਰ ਪੈਂਡਾ ਹੈ, ਤੂੰ ਟੁਰਕੇ ਸਵੱਛ ਹੋਕੇ ਅੰਤ 'ਨਿਰੋਲ ਜਿੰਦ' ਪਾਸ ਪਹੁੰਚਣਾ ਹੈ, ਪਰ ਤੂੰ ਅਜੇ ਸਮਝਦੀ ਨਹੀਂ। ਮੈਂ ਆਖਿਆ: "ਮੈਂ ਜੀਉਂਦੀ ਹਾਂ ਇਹ ਤਾਂ ਮੈਂ ਸਮਝਦੀ ਹਾਂ, ਪਰ ਮੇਰੇ ਸਰੀਰ ਦਾ ਹਿੱਸਾ ਜੀਉਂਦਾ ਹੈ ਇਹ ਨਹੀਂ ਸਮਝਦੀ। " ਤਾਂ ਅਵਾਜ਼ ਬੋਲੀ "ਤੂੰ ਆਤਮਾ ਹੈਂ, ਸਰੀਰ ਆਤਮਾਂ ਨਹੀਂ, ਪਰ ਹਾਂ, ਸਰੀਰ ਬੀ ਤੇਰਾ ਜੜ੍ਹ ਨਹੀਂ, ਜੀਉਂਦਾ ਹੈ। ਪਰ ਸਰੀਰ ਦੀ ਕਿਣਕੇ ਕਿਣਕੇ ਦੀ ਜਿੰਦ ਨੀਵੀਂ ਹੈ ਜੋ ਜੜ੍ਹ ਭਾਸਦੀ ਹੈ। " ਫੇਰ ਕਿਸੇ ਕਿਹਾ, ਸੂਰਜ ਆਪਣੇ ਵਿਚ ਚਾਨਣ ਦਾ ਅਲਾਂਬਾ ਹੈ। ਸੂਰਜ ਦਾ ਚਾਨਣਾ ਧਰਤੀ ਉਤੇ ਮੱਧਮ ਹੈ। ਪਰ ਧਰਤੀ ਉਤੇ ਖੁੱਲ੍ਹੇ ਥਾਂ ਨਾਲੋਂ ਪਰਛਾਵੇਂ ਵਿਚ ਚਾਨਣਾ ਘੱਟ ਹੈ ਤੇ ਬੰਦ ਕੋਠੇ ਵਿਚ ਹੋਰ ਭੀ ਇਸ ਤੋਂ ਘੱਟ ਹੈ। ਤੂੰ ਤਾਂ ਬੰਦ ਕੋਠੇ ਵਿਚ ਆਖਦੀ ਹੈਂ ਕਿ ਹਨੇਰਾ ਹੈ, ਪਰ ਅਸੀਂ ਆਖਦੇ ਹਾਂ ਚਾਨਣਾ ਬੰਦ ਕੋਠੜੀ ਵਿਚ ਬੀ ਹੈ, ਪਰ ਬਹੁਤ ਥੋੜਾ ਹੈ। ਉਹ ਹਨੇਰਾ ਨਹੀਂ ਪਰ ਅਤਿ ਘਟੀਆ ਚਾਨਣਾ

---

[੧] ਅਧ ਪੰਧੈ ਹੈ ਸੰਸਾਰੋ ਵਾ। {ਵਡਹੰਸ ਮ: ੧}

ਹੈ। ਏਸੇ ਤਰ੍ਹਾਂ ਤੂੰ ਜਾਨ ਹੈ, ਤੇਰੀ ਜਾਨ ਦੇ ਸਾਹਮਣੇ ਤੇਰਾ ਸਰੀਰ ਜੜ੍ਹ ਹੈ, ਪਰ ਉਂਵ ਏਹ ਬੀ ਜੜ੍ਹ ਨਹੀਂ ਇਸ ਦੇ ਕਿਣਕੇ ਕਿਣਕੇ ਵਿਚ ਬੀ ਜਿੰਦ ਹੈ ਭਾਵੇਂ ਬਹੁਤ ਹੀ ਨੀਵੇਂ ਦਰਜੇ ਦੀ ਹੈ।

ਹੁਣ ਮੈਂ ਕੀ ਡਿੱਠਾ ਕਿ ਉਹਨਾਂ ਜਾਨਦਾਰਾਂ ਵਿਚ ਇਕ ਹਿੱਸਾ ਖੜਾ ਸੀ। ਜਾਂ ਮੈਂ ਚੰਗੀ ਤਰ੍ਹਾਂ ਡਿੱਠਾ ਤਾਂ ਇਹ ਮੇਰੇ ਹੀ ਵਰਗਾ ਮਨੁੱਖ ਸੀ। ਇਸ ਦੇ ਸਰੀਰ ਦੇ ਕਿਣਕੇ ਕਿਣਕੇ ਨੂੰ ਮੈਂ ਡਿੱਠਾ ਉਸ ਵਿਚ ਜਿੰਦ ਸੀ, ਪਰ ਉਹ ਜਿੰਦ ਇਹ ਨਹੀਂ ਆਖ ਸਕਦੀ ਸੀ ਯਾ ਜਾਣ ਸਕਦੀ ਸੀ ਕਿ ਮੈਂ ਜਿੰਦ ਹਾਂ, ਪਰ ਇਸ ਮਨੁੱਖ ਵਿਚ ਕੁਛ ਹੋਰ ਐਸਾ ਸੀ ਜੋ ਆਖਦਾ ਸੀ-ਮੈਂ ਜਿੰਦ ਹਾਂ, ਮੈਂ ਜਾਨ ਹਾਂ, ਅਰ ਉਹ ਆਪਣੇ ਆਪ ਨੂੰ ਹੀ ਮਨੁੱਖ ਸਮਝਦਾ ਸੀ ਅਰ ਅਪਣੇ ਤੋਂ ਛੁਟ ਸਾਰੇ ਕੁਛ ਨੂੰ ਅਪਣੇ ਸਾਹਮਣੇ ਮੁਰਦਾ ਸਮਝਦਾ ਸੀ, ਪਰ ਤਦ ਬੀ ਆਪਣੇ ਸਰੀਰ ਦੇ ਪੌਣ ਪਾਣੀ ਧਰਤੀ ਦੇ ਕਿਣਕਿਆਂ ਨੂੰ ਆਪਣੀ ਜਾਨ ਦੇ ਨੇੜੇ ਕੁਛ ਜੀਉਂਦੇ ਜਿਹੇ ਸਮਝਦਾ ਸੀ ਤੇ ਉਂਵ ਪੌਣ ਪਾਣੀ ਧਰਤੀ ਨੂੰ ਇਸ ਤੋਂ ਦੂਰ ਤੇ ਜੜ੍ਹ ਜਾਣਦਾ ਸੀ। ਇਸ ਦੇ ਸਰੀਰ ਦੇ ਇਸ ਭੇਤ ਨੂੰ ਸਾਫ ਵੇਖ ਵੇਖ ਕੇ ਮੈਂ ਅਚੰਭਾ ਹੋ ਰਹੀ ਸਾਂ ਕਿ ਕਿਸੇ ਹੋਰ ਮਨੁੱਖ ਨੇ ਇਸ ਮਨੁੱਖ ਨੂੰ ਆਕੇ ਆਖਿਆ-"ਓਏ ਭੋਲੇ ! ਤੂੰ ਤਾਂ ਬੁੱਧਿ ਹੈਂ। ਤੂੰ ਕਿਉਂ ਆਪ ਨੂੰ ਨਿਰੇ ਪ੍ਰਾਣ ਤੇ ਜਿੰਦ ਸਮਝਦਾ ਹੈਂ? ਤੂੰ ਤਾਂ ਨਿਰਾ ਬੁੱਧਿ ਹੈਂ; ਜੇ ਤੂੰ ਬੁੱਧਿ ਹੋ ਜਾਏਂ ਤਾਂ ਸੁਖਾਂ ਨੂੰ, ਜੋ ਝੂਠੇ ਹਨ ਛਡ ਦੇਵੇਂ। " ਤਦ ਉਹ ਰੋ ਪਿਆ ਅਰ ਉਸ ਜਾਤਾ ਜੇ ਮੈਂ ਜਿੰਦਾ ਜਾਨ ਨਹੀਂ ਤਾਂ ਮਰ ਜਾਵਾਂਗਾ। ਜਦ ਉਹ ਮੌਤ ਤੋਂ ਡਰਿਆ ਤਾਂ ਦੱਸਣ ਵਾਲੇ ਨੇ ਕਿਹਾ-"ਸੁਣਿਐ ਪੋਹਿ ਨ ਸਕੈ ਕਾਲੁ॥" ਪਰ ਮੈ ਨਾ ਸਮਝੀ ਕੀ ਹੈ। ਤਾਂ ਉਸ ਨੇ ਦੱਸਿਆ: ਭੋਲਿਆ! ਤੈਨੂੰ ਮੌਤ ਨਹੀਂ ਮਾਰ ਸਕਦੀ, ਤੂੰ ਤਾਂ ਨਹੁੰ ਤੋਂ ਵਾਲ ਤਕ ਜਿੰਦ ਹੈਂ। ਮਰਦਾ ਕੁਛ ਨਹੀਂ, ਰੂਪ ਵਟਾਉਂਦਾ ਹੈਂ। ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥ (ਜਪੁਜੀ)

ਮੈਂ ਤਾਂ ਉਸ ਵੇਲੇ ਇਸ ਨੂੰ ਪਸ਼ਤੋ ਵਾਂਙੂ ਓਪਰਾ ਜਾਤਾ ਪਰ ਉਸ ਵਡੇ ਮਨੁੱਖ ਨੇ ਕਿਹਾ-ਜੇ ਤੂੰ ਮੰਨ ਲਵੇਂ, ਜੋ ਕੁਛ ਤੂੰ ਹੁਣ ਮੈਥੋਂ ਜਾਣਿਆਂ ਹੈ ਤੇ ਨਾਮ ਨੂੰ ਜਾਣੇ ਤਾਂ ਤੂੰ ਜਾਣੇਂਗਾ ਕਿ ਮਰਦਾ ਕੁਛ ਨਹੀਂ। ਸੁਰਤ ਮਨ ਤੇ ਮਨਿ ਬੁਧਿ ਤੇ ਬੁਧਿ ਸੁਧਿ (ਯਾ ਸਿਧਿ) ਹੋ ਜਾਂਦੀ ਹੈ। ਜੇ ਤੂੰ ਸਰੀਰ ਨੂੰ ਜਾਣਦਾ ਹੈਂ ਕਿ ਇਹ ਮੁਰਦਾ ਹੈ ਤਾਂ ਉਹ ਬੀ ਮੁਰਦਾ ਨਹੀਂ ਆਪਣੇ ਰੰਗ ਵਟਾਉਂਦਾ ਹੈ। ਪੌਣ ਪਾਣੀ ਧਰਤੀ ਦੇ ਨਾਨਾ ਰੂਪ ਹਨ ਜੋ ਸੰਜੋਗ (ਖਿੱਚ) ਤੇ ਵਿਯੋਗ (ਧੱਕ) ਨਾਲ ਪਲਟੀਂਦੇ, ਬਣਦੇ, ਮੌਲਦੇ, ਫੈਲਦੇ ਤੇ ਸੁੰਗੜਦੇ ਸੁਕਦੇ ਰਹਿੰਦੇ ਹਨ। ਇਹ ਸੁਣਕੇ ਉਸ ਮਨੁੱਖ ਨੂੰ ਦਿੱਸ ਪਿਆ ਕਿ ਮੈਂ ਬੁਧਿ ਹਾਂ ਤਾਂ ਉਹ ਬਹੁਤ ਰਾਜ਼ੀ ਹੋਇਆ; ਪਰ ਹੁਣ ਉਹ ਬਾਹਰੋਂ ਚੁਪ, ਪਰ ਅੰਦਰੋਂ ਉਸ ਨੂੰ ਆਪਣਾ ਆਪ ਉੱਚਾ ਲੱਗੇ, ਭੁਲੇਖਾ ਘੱਟ ਖਾਵੇ। ਜਿਕੂੰ ਮੈਂ ਤੀਰ ਮਾਰ ਬੈਠੀ ਤੇ ਮਗਰੋਂ ਪਤਾ ਲਗਾ ਜੋ ਮਾੜਾ ਕੀਤਾ ਹੈ ਜੋ ਪਹਿਲਾਂ ਪਤਾ ਕਰਕੇ ਮਾਰਨਾ ਸੀ। ਹੁਣ ਮੈਂ ਵੇਖਾਂ ਕਿ ਉਸ ਮਨੁੱਖ ਨੂੰ ਪਹਿਲੋਂ ਹੀ ਪਤਾ ਲੱਗ ਜਾਵੇ ਜੋ ਫਲਾਣਾ ਕੰਮ ਮਾੜਾ ਹੈ ਤੇ ਫਲਾਣਾ ਚੰਗਾ ਹੈ। ਇਹ ਵੇਖਕੇ ਮੈਨੂੰ ਚੇਤਾ ਆ ਗਿਆ ਕਿ ਜੇ ਮੈਨੂੰ ਕਦੇ ਮੇਰਾ ਚੰਗਾ ਮਨੁੱਖ ਏਹ ਆਖਦਾ ਕਿ ਤੂੰ ਬੁੱਧਿ ਹੈਂ ਤਾਂ ਮੈਂ ਬੀ ਏਸ ਮਨੁੱਖ ਵਾਂਙੂ ਰਾਜ਼ੀ ਹੋ ਜਾਂਦੀ। ਪਰ ਅਜੇ ਮੈਂ ਤੱਕ ਹੀ ਰਹੀ ਸਾਂ ਕਿ ਅਵਾਜ਼ ਆਈ: ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।' ਮੈਨੂੰ ਫੇਰ ਪਸ਼ਤੋ ਲੱਗੀ, ਪਰ ਉਸ ਮਨੁੱਖ ਨੇ ਉਸ ਨੂੰ ਕਿਹਾ: 'ਤੂੰ ਬੁਧਿ ਨਹੀਂ, ਤੂੰ ਸੁਧਿ (ਸਿਧਿ) ਹੈਂ। ਬੁੱਧ ਗੁਆ ਤੇ ਸਿਧ ਪਾ ਲੈ, ' ਤਾਂ ਓਹ ਰੋਣ ਲੱਗਾ ਜੋ ਐਡਾ ਚਾਨਣਾ ਗੁਆਕੇ ਮੈਂ ਹਨੇਰਾ ਹੋ ਜਾਵਾਂਗਾ, ਪਰ ਰੋਂਦੇ ਰੋਂਦੇ ਹੀ ਉਹ ਸਿਧ ਵਾਲਾ ਹੋ ਗਿਆ, ਪਰ ਉਸਨੂੰ ਹੋਰ ਗੱਲ ਜਿਸਦਾ ਸਾਨੂੰ ਪਤਾ ਬੀ ਨਹੀਂ-ਪਈ ਦਿੱਸੇ। ਬੁੱਧਿ ਬੀ ਜਿਸ ਗਲ ਅੱਗੇ ਨਿਕੰਮੀ ਸੀ ਉਸ ਨੂੰ ਸਾਮਾਰਤੱਖ ਹੋ ਗਿਆ। ਬੁੱਧਿ ਤਾਂ ਪਤੇ ਟੋਹਾਂ ਲਾਕੇ ਵੇਖਦੀ ਸੀ, ਕਾਰਨ ਤੇ ਕਾਰਜ ਵਿਚਾਰਕੇ ਥਹੁ ਲਾਉਂਦੀ ਸੀ, ਪਰ ਸਿਧੀ ਨੂੰ ਐਵੇਂ ਹੀ ਸੋਝੀ ਪਈ ਆਉਂਦੀ ਸੀ। ਹੁਣ ਉਹ ਬਹੁਤ ਖੁਸ਼ ਹੋਇਆ ਤਾਂ ਸਿਆਣ ਨੇ ਕਿਹਾ: "ਹੇ ਪੌਣ ਗੁਰੂ, ਪਾਣੀ ਪਿਤਾ, ਧਰਤੀ

ਮਾਤਾ, ਕਾਲ (ਦਿਨ ਰਾਤ) ਦਾਈ ਦਾਇਆ (ਗਰਮੀ ਚਾਨਣ ਸਰਦੀ ਹਨੇਰੇ) ਦੀ ਗੋਦ ਵਿਚ ਖੇਡਦੇ ਹੋਏ ਜਿੰਦ ਦੇ ਕਿਣਕੇ ! ਦੇਖ ! ਤੰ ਮਰ ਮਰ ਕੇ ਕਿਥੇ ਆ ਗਿਆ ਹੈਂ ? ਤੇਰੀ ਮੰਜ਼ਲ ਮੁੱਕ ਚੱਲੀ ਹੈ, ਤੂੰ ਹੁਣ ਦਿੱਸਣ ਵਾਲੇ ਤੋਂ ਦੇਖਣ ਵਾਲਾ ਹੋਣ ਲੱਗਾ ਹੈਂ, ਦੇਖ ਤੂੰ ਆਤਮਾ ਹੈਂ। ਇਹ ਕਹਿੰਦੇ ਉਸ ਨੇ ਇਕ ਹੱਥ ਮਾਰਿਆ ਤੇ ਗਾਂਵਿਆਂ :"ਵੇਖੈ ਵਿਗਸੈ ਕਰਿ ਵੀਚਾਰੁ॥" ਅਤੇ ਵੇਖੋ ਉਹ ਆਦਮੀ ਹੋਰ ਦਾ ਹੋਰ ਹੋ ਗਿਆ, ਮੇਰੀਆਂ ਅੱਖਾਂ ਉਸ ਦੇ ਚਾਨਣੇ ਰੂਪ ਨੂੰ ਤੱਕ ਨਾ ਸਕੀਆਂ, ਸਿਰ ਝੁਕ ਗਿਆ, ਮੇਰੀ ਜੀਭ ਕੰਨ ਤੇ ਨੇਤ੍ਰ ਬੰਦ ਹੋ ਗਏ ਤੇ ਮੈਂ ਡਰ ਗਈ, ਪਰ ਇਸ ਡਰ ਵਿਚ ਮੈਂ ਖੁਸ਼ ਹੋਈ, ਰੋਈ ਨਹੀਂ।

ਮੈਂ ਅਜੇ ਸੁਪਨੇ ਵਿਚ ਹੀ ਸਾਂ, ਪਰ ਅਚੰਭਾ ਹੋ ਰਹੀ ਸਾਂ ਕਿ ਸਭ ਕੁਛ ਅੱਖਾਂ ਅੱਗੋਂ ਦੂਰ ਹੋ ਗਿਆ, ਚੰਦ ਦੀ ਚਾਨਣੀ ਸੀ, ਇਕ ਰੜਾ ਸੀ ਤੇ ਮੈਂ ਸਾਂ। ਪਰ ਹੁਣ ਟੁਰ ਨਹੀਂ ਰਹੀ ਸਾਂ, ਮੈਂ ਸਰੀਰ ਸਮੇਤ ਉੱਡ ਰਹੀ ਸਾਂ ਤੇ, ਖੁਸ਼ ਸਾਂ, ਪਰ ਇਹ ਖੁਸ਼ੀ ਕੁਛ ਹੋਰ ਤਰ੍ਹਾਂ ਦੀ ਸੀ, ਉਹੋ ਜਿਹੀ ਨਹੀਂ ਸੀ ਜਿਹੜੀ ਮੈਨੂੰ ਰੋਜ਼ ਘਰ ਵਿਚ ਤੇ ਖੇਡਾਂ ਰੰਗਾਂ ਵਿਚ ਲੱਭਦੀ ਸੀ। ਇਹ ਹੌਲੀ, ਠੰਢੀ, ਮੱਧਮ ਤੇ ਅੰਦਰਵਾਰ ਨੂੰ ਖਿਚੀਣ ਵਾਲੀ ਸੀ। ਜਾਂ ਮੇਰੀ ਜਾਗ ਖੁੱਲ੍ਹ ਗਈ, ਮੈਂ ਛੇਤੀ ਨਾਲ ਉੱਠੀ ਨਹੀਂ, ਪਰ ਅਚਰਜ ਹੋ ਗਈ, ਤਕਾਂ ਤੇ ਸੋਚਾਂ ਕਿ ਇਹ ਸੁਪਨਾ ਸੀ ਜਾਂ ਸਾਮਰਤੱਖ ? ਜਾਂ ਸਾਮਰਤੱਖ ਕੁਛ ਨਾ ਦਿੱਸਿਆ ਤਾਂ ਮੈਂ ਜਾਣਿਆਂ ਜੋ ਇਹ ਸੁਪਨਾ ਸੀ, ਅਰ ਏਸੇ ਤਰ੍ਹਾਂ ਦੇ ਦਿਖਾਵਿਆਂ ਨੂੰ ਲੋਕ ਸੁਪਨਾ ਕਹਿੰਦੇ ਹਨ, ਪਰ ਜਿੰਨੇ ਸੁਪਨੇ ਮੈਂ ਸੁਣੇ ਸਨ ਅਕਸਰ ਡਰ ਤੇ ਉਦਾਸੀ ਦੇ ਹੁੰਦੇ ਸਨ ਤੇ ਮੈਂ ਸੁਪਨੇ ਵਿਚੋਂ ਖੁਸ਼ ਉੱਠੀ ਸਾਂ, ਉਦਾਸ ਸੁੱਤੀ ਸਾਂ ਤੇ ਅਨੰਦ ਉੱਠੀ ਸਾਂ। ਜਾਂ ਪੂਰੀ ਹੋਸ਼ ਆ ਗਈ ਤਾਂ ਮੰਜੇ ਤੋਂ ਮੱਧਮ ਅਵਾਜ਼ ਆ ਰਹੀ ਸੀ ਜੋ ਓਦੋਂ ਤਾਂ ਮੇਰੇ ਲਈ ਪਸ਼ਤੋ ਹੀ ਸੀ ਪਰ ਅੱਜ ਮੇਰਾ ਜੀਵਨ ਉਹੋ ਹੈ, ਉਹ ਇਹ ਹੈ:-

"ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥" {ਜਪੁਜੀ}

ਮੈਂ ਉਠ ਬੈਠੀ। ਉਧਰ (ਚੰਗੇ) ਜੀ ਦੇ ਬੁੱਲ ਬੰਦ ਹੋ ਗਏ, ਪਰ ਅਜੇ ਨੈਣ ਖੁੱਲ੍ਹੇ ਸੇ। ਮੈਂ ਪਾਸ ਗਈ ਤੇ ਤੱਕਿਆ, ਮੈਂ ਉਸ ਚੰਗੇ ਮਨੁੱਖ ਦੇ ਹੱਥ ਫੜ ਲਏ ਤੇ ਆਖਿਆ-"ਕੀ ਮੈਂ ਸੱਚਮੁਚ ਆਤਮਾ ਹਾਂ?" ਤਾਂ ਉਸਨੇ ਕਿਹਾ "ਹਾਂ"। ਉਸਨੇ ਮੁਸਕ੍ਰਾਕੇ ਕਿਹਾ-"ਤੂੰ ਬੁਧਿ ਹੈਂ, ਤੂੰ 'ਸਿਧਿ' ਹੈਂ ਹਾਂ ਤੂੰ 'ਸੁਧਿ' ਹੈਂ, ਤੂੰ ਆਤਮਾ ਹੈਂ" ਮੈਂ ਕਿਹਾ-"ਇਹ ਤਾਂ ਸੁਪਨੇ ਵਿਚ ਸੁਣਿਆਂ ਸੀ, ਤਾਂ ਉਹ ਸੁਪਨਾ ਨਹੀਂ ਸਾਮਰਤੱਖ ਸੀ?" ਫੇਰ ਉਹ ਹੱਸ ਕੇ ਬੋਲੇ 'ਤਿਥੈ ਸੀਤੋ ਸੀਤਾ ਮਹਿਮਾ ਮਾਹਿ'। ਮੈ ਨਾ ਸਮਝੀ ਪਰ ਉਹ ਬੋਲਿਆ "ਤਿਆਰ ਹੋ ਜਾਹ, ਤੂੰ ਤੀਰ ਮਾਰਿਆ ਸੀ, ਤੈਨੂੰ ਤੀਰ ਲੱਗੇਗਾ। ਤੇਰੇ ਤੀਰ ਨੇ ਸਰੀਰ ਮਾਰਿਆ ਸੀ, ਜੋ ਤੀਰ ਤੈਨੂੰ ਲਗੇਗਾ ਉਹ ਤੈਨੂੰ ਸਰੀਰ ਤੋਂ ਆਤਮਾਂ ਬਨਾਏਗਾ। " ਮੈਂ ਫੇਰ ਬੀ ਨਾ ਸਮਝੀ। ਦੋ ਘੜੀਆਂ ਮਗਰੋਂ ਕਹਿਣ ਲੱਗਾ-"ਰੋਣਾ ਨਹੀਂ। ਰੋਣਾ ਸਰੀਰ ਦਾ ਕੰਮ ਤੇ ਮਨ ਦਾ ਸੁਭਾਉ ਹੈ। ਬੁਧਿ ਨਹੀਂ ਰੋਂਦੀ, ਸੁਧਿ ਨਹੀਂ ਰੋਂਦੀ, ਆਤਮਾ ਨਹੀਂ ਰੋਂਦਾ। ਤੂੰ ਹੁਣ ਨਾ ਰੋਵੀਂ"। ਮੈਂ ਕਿਹਾ 'ਮੈਂ ਕਦੇ ਨਹੀਂ ਰੋਈ ਸਾਂ, ਜਦ ਨਿਰਾ ਸਰੀਰ ਸਾਂ ਤਾਂ ਇਹ ਬੀ ਨਹੀਂ ਸਾਂ ਜਾਣਦੀ ਕਿ ਮੈਂ ਸਰੀਰ ਹਾਂ ਕਿ ਕੁਛ ਹੋਰ: ਉਸ ਅਨਗਹਿਲੀ ਵਿਚ ਬੀ ਕਦੇ ਅੱਥਰੂ ਨਹੀਂ ਸੀ ਕਿਰੀ, ਪਰ ਤਾਂ ਰੋਈ ਹਾਂ ਜਾਂ ਤੈਨੂੰ ਮਾਰ ਬੈਠੀ ਹਾਂ ਤੀਰ ਜਾਂ ਤੂੰ ਆਖਿਆ ਹੈ ਕਿ ਤੂੰ ਕੁਛ ਹੋਰ ਬੀ ਹੈਂ'। ਕਹਿਣ ਲੱਗੇ-'ਹੋਰ ਕੁਛ ਹੋਣ ਨੇ ਨਹੀਂ ਰੁਆਇਆਂ, ਸਰੀਰ ਦੇ ਵਿਛੋੜੇ ਦੇ ਡਰ, ਸਹਿਮ ਨੇ ਰੁਆਯਾ ਹੈ, ਹੁਣ ਤੂੰ ਇਸ ਭੈ ਤੋਂ ਪਾਰ ਹੈਂ, ਹੁਣ ਨਾ ਰੋਵੀਂ।'

ਫੇਰ ਬੋਲੇ-'ਪਰ ਤੂੰ ਅਜੇ ਰੋਣਾ ਹੈ, ਪਰ ਰੋਣ੍ਹ ਵਿਚ ਰੁਲ ਨਾ ਜਾਂਵੀਂ; ਸੁਣ ਮੈਂ ਟੁਰ ਜਾਣਾ ਹੈ, ਤੂੰ ਰਾਜ਼ੀ ਰਹੁ ਤੇ ਵਸਦੀ ਰਹੁ।'

ਇਹ ਕਹਿਣਾ ਸੀ ਕਿ ਮੇਰੇ ਨੈਣ ਭਰ ਆਏ, ਕਲੇਜਾ ਟੁੱਟ ਗਿਆ, ਅੰਧਕਾਰ ਛਾ ਗਿਆ। ਸੁਪਨੇ

ਦੀਆਂ ਗੱਲਾਂ ਤੇ ਉੱਚੇ ਮਾਣ-ਜੋ ਮੈਂ ਸਰੀਰ ਤੋਂ ਉੱਚੀ ਹਾਂ-ਉੱਡ ਗਏ। ਚੰਗੇ ਦੇ ਦੋਵੇਂ ਹੱਥ ਘੁਟਕੇ ਮੈਂ ਕਿਹਾ-'ਟੁਰੋ ਨਾ, ਜੇ ਟੁਰੋ ਤਾਂ ਮੈਨੂੰ ਨਾਲ ਲੈ ਚਲੋ'। ਕਹਿਣ ਲੱਗੇ 'ਮੇਰਾ ਸਰੀਰ ਤਾਂ ਨਹੀਂ ਟੁਰ ਚੱਲਿਆ, ਸਰੀਰ ਤਾਂ ਰਹੇਗਾ ਏਥੇ ਹੀ, ਪਰ ਮੈਂ ਨਹੀਂ ਰਹਾਂਗਾ। ਹਕੀਮਾਂ ਵੈਦਾਂ ਨੇ ਬਹੁਤ ਜ਼ੋਰ ਲਾਇਆ ਹੈ, ਤੁਸਾਂ ਬਹੁਤ ਸੇਵਾ ਕੀਤੀ ਹੈ, ਮੈਂ ਤੁਹਾਡੀਆਂ ਦੇਣੀਆਂ ਨਹੀਂ ਦੇ ਸਕਦਾ, ਪਰ ਮੈਂ ਹੁਣ ਜੀਉਂ ਨਹੀਂ ਸਕਦਾ। ਮੇਰੇ ਪਿਛੋਂ ਪੰਡਤ ਦੇ ਕਹੇ ਤੇ ਦੁਖ ਨਾ ਕਰਨਾ ਜੋ ਤੁਸਾਂ ਪਾਪ ਕੀਤਾ ਹੈ ਤੇ ਮੈਂ ਬਦਲਾ ਲਵਾਂਗਾ। ਤੁਸਾਂ ਜੋ ਕੁਛ ਕੀਤਾ ਹੈ ਅਨਜਾਣੇ ਕੀਤਾ ਹੈ, ਮੇਰੇ ਕਰਮ ਏਸੇ ਤਰ੍ਹਾਂ ਸਨ। ਜੇ ਹੁਣ ਬੀ ਤੁਸੀਂ ਅਪਣੇ ਅੰਦਰੋਂ ਪਾਪ ਦਾ ਖਯਾਲ ਕਿ 'ਮੈਂ ਤੀਰ ਮਾਰਕੇ ਪਾਪ ਕੀਤਾ ਹੈ' ਨਾ ਕੱਢ ਸਕੇ ਤਾਂ ਮੈਂ ਕਹਿੰਦਾ ਹਾਂ ਕਿ ਮੈਂ ਤਹਾਨੂੰ ਬਖਸ਼ਿਆ, ਮਾਫ ਕੀਤਾ, ਸੋ ਨਿਰਭੈ ਹੋ ਜਾਓ। ਜੋ ਮੈਂ ਆਖਿਆ ਹੈ-'ਤੂੰ ਆਤਮਾ ਹੈਂ' ਇਹ ਚੇਤੇ ਰੱਖਣਾ, ਪਰ ਇਹ ਚੇਤੇ ਰਹਿਣਾ ਉਖੇਰਾ ਹੈ।

ਮੈਂ ਹੁਣ ਫੇਰ ਭੁੱਬਾਂ ਮਾਰ ਕੇ ਰੋਈ, ਸਭ ਤੋਂ ਚੰਗਾ ਮਨੁੱਖ, ਜਿਸ ਦੇ ਡਿੱਠੇ ਬਿਨਾਂ ਮੈਂ ਇਕ ਪਲ ਨਹੀਂ ਰਹਿ ਸਕਦੀ ਹਾਂ, ਜਿਸ ਦੀ ਸੇਵਾ ਵਿਚ ਸੁਖ ਹੈ, ਜਿਸ ਦੀ ਖਿੱਚ ਮੈਨੂੰ ਅਪਣੇ ਆਪ ਨਾਲ ਬੰਨ੍ਹੀ ਰੱਖਦੀ ਹੈ, ਜਿਸ ਦੇ ਚੰਗੇ ਲੱਗਣ ਨੇ ਸਭ ਮੌਜਾਂ, ਖੇਡਾਂ, ਸੁਖ ਰੰਗ ਭੁਲਾ ਦਿੱਤੇ ਹਨ ਉਹ ਆਖਦਾ ਹੈ ਕਿ ਮੈਂ ਮਰ ਜਾਣਾ ਹੈ। ਵੈਦ ਜੀ ਕਹਿੰਦੇ ਸਨ-'ਰਾਜ਼ੀ ਹੋ ਗਿਆ ਹੈ" ਏਹ ਕਹਿੰਦੇ ਹਨ-'ਮਰ ਜਾਣਾ ਹੈ!' ਪਰ ਵੈਦ ਤਾਂ ਲੋਕਾਂ ਵਰਗਾ ਹੈ, ਉਹ ਕੀ ਜਾਣਦਾ ਹੈ? ਇਹ ਸਭ ਤੋਂ ਚੰਗਾ ਹੈ, ਇਹ ਜਾਣਦਾ ਹੈ, ਇਸ ਕਰਕੇ ਜੋ ਇਹ ਕਹਿ ਰਿਹਾ ਹੈ ਠੀਕ ਹੈ ! 'ਊਈ' ! ਮੈਂ ਬੋਲੀ:- 'ਮੈਂ ਨਾਲ ਹੀ ਮਰਾਂਗੀ। ਓਹੋ ਤੀਰ ਛਾਤੀ ਵਿਚ ਖੋਭਾਂਗੀ, ਤੇਰੀ ਚਿਖਾ ਵਿਚ ਛਾਲ ਮਾਰਾਂਗੀ'। ਓਹ ਚੁਪ ਕਰ ਰਹੇ, ਨੈਣ ਮੀਚ ਲਏ, ਪਰ ਫੇਰ ਖੋਲ੍ਹੇ ਤੇ ਬੋਲੇ-'ਤੂੰ ਆਤਮਾ ਹੈਂ, ਨਾ ਤੀਰ ਖੋਭੀਂ, ਨਾ ਸੜੀਂ, ਜਿਥੋਂ ਮੈਂ ਜਾਂਦਾ ਹਾਂ ਤੂੰ ਜੇ ਆਪ ਨੂੰ ਮਾਰਿਆ ਤਾਂ ਓਥੇ ਨਾ ਆਵੇਂਗੀ। ਜੇ ਮੇਰੇ ਆਖੇ ਲੱਗੀ ਤਾਂ ਜਦੋਂ ਤੂੰ ਆਪੇ ਮਰੇਂਗੀ ਓਥੇ ਆਵੇਂਗੀ। 'ਮੈਂ ਰੋ ਕੇ ਕਿਹਾ ਕੀਕੂੰ ਆਵਾਂਗੀ? ਮੈਂ ਖੇਡਾਂ ਨੇ ਮੁੱਠੀ, ਮੈਂ ਖੁਸ਼ੀਆਂ ਨੇ ਮੁੱਠੀ, ਹੇ ਚੰਗਿਆ। ਤੂੰ ਮੇਰੇ ਚਿੱਲੇ ਤੋਂ ਤੀਰ ਛੁਟਣ ਤੋਂ ਪਹਿਲੋਂ ਮਿਲਦੋਂ।' ਤਾਂ ਉਹ ਬੋਲਿਆ" 'ਇਕ ਹੋਰ ਆਦਮੀ ਹੈ, ਆਦਮੀਆਂ ਦਾ ਸਰਦਾਰ ਤੇ ਉਚਿਆਂ ਦੀ ਸਰਕਾਰ, ਜੋ ਸੰਸਾਰ ਵਿਚ ਸਭ ਤੋਂ ਚੰਗਾ ਹੈ, ਜਿਸ ਨੂੰ ਮੈਂ ਉਹ ਕੁਛ ਕਰਦਾ ਹਾਂ ਜੋ ਤੂੰ ਮੇਰੇ ਨਾਲ ਕੀਤਾ ਹੈ; ਜਿਸ ਨੂੰ ਪ੍ਰੇਮ ਆਖਦੇ ਹਨ। ਜੇ ਤੂੰ ਮੇਰਾ ਇਕ ਆਖਾ ਮੰਨੇ ਤਾਂ ਉਹ ਤੇਰੇ ਕੋਲ ਆਵੇਗਾ। ਉਹ ਮੈਨੂੰ ਬਹੁਤ ਪਿਆਰ ਕਰਦਾ ਹੈ, ਉਹ ਤੈਨੂੰ ਭੀ ਪਿਆਰ ਕਰੇਗਾ ਅਰ ਤੈਨੂੰ ਸਚ ਮੁਚ ਆਤਮਾ ਬਣਾ ਦੇਵੇਗਾ। ਮੈਂ ਜੋ ਕੁਛ ਕਿਹਾ ਹੈ ਉਹ ਪੂਰਾ ਕਰੇਗਾ। ਉਹ ਮੇਰਾ ਸਾਹਿਬ ਹੈ, ਮੈਂ ਉਸ ਦਾ ਬੰਦਾ ਹਾਂ। ਉਹ ਮੇਰਾ ਪਿਤਾ ਹੈ, ਮੈਂ ਦਾਸ-ਪੁੱਤ੍ਰ ਹਾਂ। ਤੂੰ ਮੇਰੀ ਸੇਵਾ ਕੀਤੀ ਹੈ, ਮੇਰੇ ਨਾਲ ਪਿਆਰ ਹੋਣ ਕਰਕੇ ਉਹ ਤੇਰੇ ਪਾਸ ਆਵੇਗਾ ਤੂੰ ਜੋ ਮੈਨੂੰ ਪਿਆਰ ਕੀਤਾ ਹੈ ਇਸ ਦਾ ਤੈਨੂੰ ਇਨਾਮ ਦੇਵੇਗਾ, ਉਹ ਇਨਾਮ ਜੋ, ਰਾਜਿਆਂ ਰਾਣਾਂ ਪਾਸ ਨਹੀਂ ਹੁੰਦੇ।'

ਮੈਂ ਕਿਹਾ-'ਤੈਥੋਂ ਚੰਗਾ ਕੌਣ ਹੈ? ਪਰ ਤੂੰ ਜੋ ਸਭ ਤੋਂ ਚੰਗਾ ਹੈਂ ਜੋ ਆਖਦਾ ਹੈਂ ਮੈਂ ਮੰਨਦੀ ਹਾਂ ਕਿ ਉਹ ਜ਼ਰੂਰ ਚੰਗੇਰਾ ਹੋਵੇਗਾ ਤੂੰ ਆਖਦਾ ਹੈਂ ਕਿ ਉਹ ਤੈਨੂੰ ਪਿਆਰ ਕਰਦਾ ਹੈ, ਇਸ ਕਰਕੇ ਮੈਨੂੰ ਚੰਗਾ ਲਗ ਗਿਆ ਹੈ, ਪਰ ਤੂੰ ਪਤਾ ਦੇਹ ਜੋ ਮੈਂ ਭੱਜੀ ਓਸ ਕੋਲ ਜਾਵਾਂ ਤੇ ਹਾੜੇ ਕੱਢਾਂ ਤੇ ਆਖਾਂ: "ਹੇ ਮੇਰੇ ਚੰਗੇ ਦੇ ਚੰਗਿਆਂ! ਮੇਰੇ ਚੰਗੇ ਦੇ ਸਰੀਰ ਨੂੰ ਬਚਾ ਦੇਹ। ਜੋ ਮੈਂ ਅਪਰਾਧ ਕੀਤਾ ਹੈ ਉਹ ਐਉਂ ਬਖਸ਼ੀਵੇ ਕਿ ਸਾਰੀ ਉਮਰ ਰੱਜ ਰੱਜਕੇ ਸੇਵਾ ਕਰ ਲਵਾਂ ਤੇ ਛਿਨ ਨਾ ਵਿਛੁੜਾਂ। ਮੈਂ ਉਸਨੂੰ ਉਹ ਕਰਦੀ ਹਾਂ ਜੋ ਜਿਸ ਨੂੰ ਉਹ ਚੰਗਾ ਪ੍ਰੇਮ ਦੱਸਦਾ ਹੈ, ਤੁਸੀਂ ਬੀ ਉਸ ਨਾਲ ਉਹੋ ਕੁਛ ਕਰਦੇ ਹੋ। ਮੇਰਾ ਜੀ ਨਹੀਂ ਕਰਦਾ ਜੋ ਉਹ ਮਰੇ, ਤੁਸੀਂ ਕਿਵੇਂ ਉਸ ਨੂੰ ਮਰਦਾ ਦੇਖ ਸਕਦੇ ਹੋ? ਤੁਸੀਂ ਜੋ ਸਰੀਰ ਤੋਂ ਆਤਮਾ ਬਣਾ ਸਕਦੇ ਹੋ, ਸਰੀਰ ਨੂੰ ਬੀ ਬਚਾ ਸਕਦੇ ਹੋ। ਆਓ ਤੇ ਸਾਂਝੇ ਪਿਆਰ ਨੂੰ ਬਚਾ ਲਉ। "

ਮੇਰੀ ਇਹ ਭੋਲੇ ਪਿਆਰ ਦੀ ਤ੍ਰਿੱਖੀ ਤ੍ਰਿਖਾ ਦੇਖਕੇ ਚੰਗੇ ਜੀ, ਹੱਸ ਪਏ ਤੇ ਬੋਲੇ-'ਭੋਲੀਏ ! ਉਨ੍ਹਾਂ ਦਾ ਪਿਆਰਾ ਇਕ ਹੋਰ ਹੈ; ਜੋ ਕਦੇ ਸਰੀਰ

ਵਿਚ ਨਹੀਂ ਆਯਾ, ਜੋ ਸਾਰੇ ਸੰਸਾਰ ਦਾ ਰਚਨਹਾਰ ਮਾਲਕ, ਪਾਲਕ ਤੇ ਸਿਖਜਾਦਾਤਾ ਹੈ, ਉਸ ਦੀ ਮਰਜ਼ੀ ਹੈ ਜੋ ਮੈਂ ਹੁਣ ਘੱਲਿਆ ਜਾਵਾਂ। ਆਪਣੇ ਪਿਆਰੇ ਦੀ ਮਰਜ਼ੀ ਵਿਚ ਉਹ ਰਾਜ਼ੀ ਹਨ, ਉਨ੍ਹਾਂ ਦੀ ਮਰਜ਼ੀ ਵਿਚ ਮੈਂ ਰਾਜ਼ੀ ਹਾਂ, ਤੈਨੂੰ ਜੇ ਮੇਰੇ ਨਾਲ ਸੱਚਾ ਪਿਆਰ ਹੈ ਤਾਂ ਮੇਰੀ ਮਰਜ਼ੀ ਵਿਚ ਤੂੰ ਰਾਜ਼ੀ ਰਹੁ।'

ਮੈਂ ਕਿਹਾ-'ਕੀ ਤੁਸੀਂ ਮਰਨੇ ਵਿਚ ਖੁਸ਼ ਹੋ?' ਕਹਿਣ ਲੱਗੇ-'ਪਿਆਰੇ ਦੀ ਮਰਜ਼ੀ ਜਾਣਕੇ ਖੁਸ਼ ਹਾਂ' ਮੈਂ ਕਿਹਾ-'ਊਈ ਰੱਬਾ ! ਏ ਤਦੇ ਸਭ ਤੋਂ ਚੰਗਾ ਹੈ ਨਾ। ਸਾਰਾ ਜਹਾਨ ਮੌਤ ਤੋਂ ਡਰਦਾ ਹੈ। ਇਹ ਮੌਤ ਵਿਚ ਬੀ ਖੁਸ਼ ਹੈ'। ਮੈਂ ਕਿਹਾ-'ਤੁਸੀਂ ਕਿਉਂ ਨਹੀਂ ਡਰਦੇ?' ਆਖਣ ਲੱਗੇ-'ਮਰਦਾ ਕੁਛ ਨਹੀਂ: ਦੇਹ ਮਿੱਟੀ ਵਿਚ ਚਲੀ ਜਾਂਦੀ ਹੈ, 'ਆਤਮਾਂ'-ਜੋ ਮੈਂ ਹਾਂ-ਸਚਖੰਡ ਵਿਚ ਖੁਸ਼ੀਆਂ ਮਾਣਦਾ ਹੈ, ਮੈਂ ਆਪਣੇ ਪਿਆਰੇ ਦੇ ਚਰਨਾਂ ਵਿਚ ਜਾਣਾ ਹੈ, ਇਸ ਕਰਕੇ ਮੈਂ ਰੋਂਦਾ ਨਹੀਂ, ਖੁਸ਼ ਹਾਂ। ਤੈਨੂੰ ਤੇਰੇ ਪਿਆਰੇ ਦਾ ਪਿਆਰਾ ਆ ਮਿਲੇਗਾ। ਤੂੰ ਭੀ ਨਾ ਰੋ, ਖੁਸ਼ ਹੋ। ਤੇ ਜੇ ਤੂੰ ਰੋਈ ਤਾਂ ਮੈਂ ਤੇਰੇ ਨਾਲ ਖੁਸ਼ ਨਹੀਂ ਹੋਵਾਂਗਾ।

ਇਹ ਸੁਣਕੇ ਮੈਂ ਡਰੀ ਤੇ ਕੰਬੀ ਤੇ ਕਿਹਾ 'ਤੇਰਾ ਪਿਆਰਾ ਮੈਨੂੰ ਤੇਰੇ ਵਰਗਾ ਲਗੇਗਾ?' ਕਹਿਣ ਲੱਗੇ 'ਹੁਣ ਜੋ ਕੁਛ ਮੇਰੇ ਵਿਚ ਤੈਨੂੰ ਪਿਆਰਾ ਲੱਗਾ ਹੈ ਉਹ ਉਹੋ ਹੈ। ਮੈਂ ਮਨੁੱਖ ਵਰਗਾ ਹਾਂ, ਪਰ ਮੇਰੇ ਵਿਚ ਉਹੋ ਹੈ ਜੋ ਚੰਗਾ ਹੈ ਤੇ ਤੈਨੂੰ ਪਿਆਰਾ ਪਿਆ ਲਗਦਾ ਹੈ। ਹਾਂ, ਉਹ ਤੈਨੂੰ ਪਿਆਰਾ ਜ਼ਰੂਰ ਲਗੇਗਾ, ਉਹ ਹੈ ਹੀ ਸਾਰਾ ਪਿਆਰ, ਉਹ ਤੈਨੂੰ ਪਿਆਰ ਕਰੇਗਾ ਬੀ, ਪਰ ਉਹ ਮਿਲੇਗਾ ਤਾਂ ਜੇ ਤੂੰ ਦਿਨ ਰਾਤ ਇਕ ਕੰਮ ਕਰੇਂਗੀ।' ਮੈਂ ਕਿਹਾ-'ਕੀਹ'? ਕਹਿਣ ਲੱਗੇ: 'ਟੁਰਦੇ ਫਿਰਦੇ, ਉਠਦੇ, ਬੈਠਦੇ ਹਰ ਵੇਲੇ 'ਵਾਹਿਗੁਰੂ' ਆਖਦੀ ਰਹੀਂ'। ਇਹ ਆਖਕੇ ਬੁੱਲ੍ਹ ਮੀਟ ਲਏ, ਅੱਖਾਂ ਬੰਦ ਹੋ ਗਈਆਂ, ਪਲ ਕੁ ਮਗਰੋਂ 'ਵਾਹਿਗੁਰੂ' ਦੀ ਅਵਾਜ਼ ਕਿੰਨੀ ਵੇਰ ਆਈ, ਨੇਤ੍ਰ ਅਚਰਜ ਢੰਗ ਖੁਲ੍ਹੇ ਤੇ ਮਿਟ ਗਏ। ਮੈਂ ਜਾਤਾ ਸੌਂ ਗਏ ਹਨ। ਹੁਣ ਦਿਨ ਹੋ ਗਿਆ ਸੀ, ਮਾਂ ਆ ਗਈ ਤੇ ਚੰਗੇ ਜੀ ਵਲ ਤੱਕਕੇ ਬੋਲੀ-'ਬੱਚੀਏ ! ਇਹ ਤਾ ਮਰ ਗਿਆ ਹੈ'। ਮੇਰੀ ਚੀਕ ਨਿਕਲ ਗਈ, ਰੋ ਪਈ, ਪਰ ਕਿਸੇ ਨੇ ਕੰਨ ਵਿਚ ਕਿਹਾ-'ਜੇ ਤੂੰ ਰੋਈ ਤਾਂ ਮੈਂ ਖੁਸ਼ ਨਹੀਂ ਹੋਵਾਂਗਾ'। ਫੇਰ ਮੈਨੂੰ ਡਰ ਆਇਆ, ਸਹਿਮੀ, ਸੰਘਾ ਰੁਕ ਗਿਆ ਕਿ ਇਹ ਮਰਿਆ ਨਹੀਂ। ਫੇਰ ਚੇਤਾ ਆਯਾ ਕਿ ਪਿਆਰੇ ਦਾ ਪਿਆਰਾ ਆਵੇਗਾ। ਫੇਰ ਚੇਤਾ ਆਇਆ ਕਿ ਜੇ 'ਵਾਹਿਗੁਰੂ' ਕਹਾਂਗੀ ਤਾਂ ਆਵੇਗਾ। ਸੋ ਮੈਂ ਚੁਪ ਕਰ ਗਈ ਤੇ 'ਵਾਹਿਗੁਰੂ, ਵਾਹਿਗੁਰੂ' ਕਰਨ ਲਗ ਪਈ। ਰੋਣ ਆਵੇ, ਗਚ ਚੜ੍ਹੇ, ਕਲੇਜਾ ਟੁੱਟੇ, ਹੱਥ ਤੀਰ ਵਲ ਜਾਵੇ, ਪਰ ਫੇਰ ਪਿਆਰੇ ਦਾ ਹੁਕਮ ਚੇਤੇ ਆ ਜਾਵੇ ਤੇ ਮੈਂ 'ਪਿਆਰੇ ਦੇ ਪਿਆਰੇ' ਨੂੰ ਆਪਣੇ ਅੰਦਰ ਹੀ ਅੰਦਰ 'ਵਾਹਿਗੁਰੂ, ਵਾਹਿਗੁਰੂ' ਕਰਕੇ ਵਾਜਾਂ ਮਾਰਨ ਲੱਗ ਜਾਵਾਂ।

ਇਸ ਤਰ੍ਹਾਂ ਦੁਖ, ਰੰਜ ਤੇ ਉਸ ਦਾ ਆਖਿਆ ਮੰਨਣ ਦੇ ਜਤਨ ਵਿਚ ਦਿਲੋ ਦਿਲ ਧੱਕੇ ਧੋੜੇ ਖਾਂਦਿਆਂ ਉਸ ਸਭ ਤੋਂ ਚੰਗੇ, ਸਭ ਤੋਂ ਉੱਚੇ, ਸਭ ਤੋਂ ਪਿਆਰੇ ਦਾ ਸਰੀਰ ਸਸਕਾਰ ਦਿੱਤਾ। ਤਦੋਂ ਇਹ ਪਤਾ ਨਾ ਲਗਾ ਕਿ ਇਹ ਕਿਸ ਦੇਸ਼ ਦਾ ਸੀ, ਕਿਉਂ ਆਯਾ ਸੀ, ਕਿਸ ਸੁੱਲਖਣੀ ਮਾਂ ਤੇ ਭਾਗੇ ਭਰੇ ਪਿਉ ਦਾ ਪੁੱਤ ਸੀ?

-o-

੩.

**ਮੇਰੀ** ਅੰਮੀ ਤੇ ਬਾਪੂ ਜੀ ਨੂੰ ਬੜਾ ਡਰ ਸੀ ਕਿ ਇਸ ਚੰਗੇ ਮਨੁੱਖ ਦੇ ਮਰ ਜਾਣ ਦੇ ਦੁਖ ਵਿਚ ਕਾਕੀ ਕਿਤੇ ਮਰ ਹੀ ਨਾ ਜਾਵੇ; ਪਰ ਮੇਰੇ ਧੀਰਜ ਨੂੰ ਵੇਖਕੇ ਓਹ ਹਰਜਾਣ ਤੇ ਖੁਸ਼ ਸਨ। ਦਿਨ ਬੀਤ ਗਏ, ਪਰ ਮੇਰੀਆਂ ਖੇਡਾਂ, ਮੇਰੇ ਆਹਰ ਤੇ ਮੌਜਾਂ ਨਾ ਮੁੜੇ। ਇਨ੍ਹਾਂ ਵਿਚੋਂ ਮੇਰਾ ਜੀ ਕਿਸੇ ਵਿਚ ਨਾ ਰੁੱਝਾ। ਬਾਪੂ ਜੀ ਨੇ ਬੜੇ ਜਤਨ ਕੀਤੇ ਪਰ ਪੇਸ਼ ਨਾ ਗਈ। ਰੋਂਦੀ ਮੈਂ ਨਹੀਂ ਸਾਂ; ਪਰ ਉਹ ਖੁਸ਼ੀਆਂ ਜੋ ਮੇਰੇ ਲਈ ਮਾਤਾ ਪਿਤਾ ਦੇ ਮਹਿਲਾਂ ਵਿਚ ਸੁਰਗ ਸਨ, ਬੰਦ ਹੋ ਗਈਆਂ। ਉਹ ਡਰਦੇ ਮੈਨੂੰ ਕੁਛ ਨਾ ਆਖਦੇ ਕਿ ਮਤਾਂ ਵਧੇਰੇ ਦੁਖੀ ਨਾ ਹੋ ਜਾਵੇ। ਮੈਂ ਕਦੇ ਕਦੇ ਹੱਸ ਬੀ ਪੈਂਦੀ, ਬਾਪੂ ਜੀ ਨੂੰ ਗਲਵੱਕੜੀ ਪਾਕੇ ਮਿਲ ਬੀ ਲੈਂਦੀ, ਅੰਮੀਂ ਦੀ ਗੋਦ ਵਿਚ ਜਾ ਬੀ ਬਹਿੰਦੀ, ਪਰ ਓਹ ਹੁਲਾਰੇ ਤੇ ਓਹ ਚਾਉ, ਓਹ ਖੜਮਸਤੀਆਂ ਤੇ ਬੋਕਣੇ ਸੁਪਨਾ ਹੋ ਗਏ!

ਮੇਰੀਆਂ ਅੱਖਾਂ ਅੱਗੇ ਸਭ ਤੋਂ ਚੰਗੇ ਦੀ ਮੂਰਤ ਹਰ ਵੇਲੇ ਫਿਰਦੀ ਦਿੱਸਦੀ ਤੇ ਜੀਭ ਓਸਦੇ ਪਿਆਰੇ ਨੂੰ ਵਾਜਾਂ ਮਾਰਦੀ ਤੇ ਮਨ ਏਸ ਤਾਂਘ ਵਿਚ ਟੁਰਿਆ ਚਲਦਾ ਕਿ ਪਿਆਰੇ ਦਾ ਪਿਆਰਾ ਆਵੇਗਾ।

ਮੇਰਾ ਜੀ ਹੁਣ ਕੁਛ ਘਰਾਂ, ਮਾੜੀਆਂ ਤੋਂ ਉਦਾਸ ਹੋ ਗਿਆ। ਮੈਂ ਬਾਪੂ ਜੀ ਨੂੰ ਆਖਿਆ: 'ਮੈਨੂੰ ਬਨ ਵਿਚ ਇਕ ਕੋਠਾ ਪਾ ਦਿਓ ਜਿਥੇ ਮੈਂ ਜੀ ਪਰਚਾਉਣ ਜਾਇਆ ਕਰਾਂ।' ਬਾਪੂ ਜੀ ਖੁਸ਼ ਹੋਏ ਕਿ ਕਾਕੀ ਦਾ ਜੀ ਪਰਚੇਗਾ। ਆਖਣ ਲੱਗੇ: 'ਜਿੱਥੇ ਆਖੇਂ ਬਣ ਜਾਵੇਗਾ।' ਮੈਂ ਹੋਰ ਕਿਹੜੀ ਥਾਂ ਭਾਲਣੀ ਸੀ? 'ਚੰਗੇ ਜੀ' ਜਿਸ ਢੱਠੀ ਹੋਈ ਢੇਰੀ ਤੇ ਬੈਠੇ ਸਨ, ਉਨ੍ਹਾਂ ਦੇ ਲਹੂ ਨਾਲ ਪਵਿਤ੍ਰ ਹੋਈ ਤੇ ਆਪਣੀ ਕੀਤੀ ਕਰਤੂਤ ਤੋਂ ਕਿਸੇ ਹੋਰ ਲਗਨ ਵਿਚ ਲੱਗ ਜਾਣ ਦੇ ਸ਼ੁਕਰ ਵਿਚ ਮੈਂ ਏਹੋ ਥਾਂ ਪਸੰਦ ਕੀਤੀ। ਬਾਪੂ ਜੀ ਅਟਾਰੀ ਪਵਾ ਦੇਣ ਲਗੇ ਸੇ, ਪਰ ਮੈਂ ਕਿਹਾ ਕਿ 'ਪੁਰਾਣੀਆਂ ਇੱਟਾਂ ਪੱਥਰ ਤੇ ਸਾਮਾਨ ਢੇਰੀ ਵਿਚੋਂ ਕੱਢੋ ਤੇ ਛੋਟਾ ਜਿਹਾ ਥਾਂ ਉਸਾਰੋ। ਡਿੱਗੀ ਵਿਚ ਜਾਨ ਪਾ ਦਿਓ ਤੇ ਉੱਨਾਂ ਹੀ ਨਹੀਂ ਤਾਂ ਉਸੇ ਤਰ੍ਹਾਂ ਦਾ ਬਣਾ ਦਿਓ'। ਸੋ ਕਾਰੀਗਰਾਂ ਨੇ ਢੇਰੀ ਵਿਚੋਂ ਸਾਮਾਨ ਲੱਭੇ, ਕੁਛ ਹੋਰ ਪਾਏ ਤੇ ਇਸ ਨੂੰ ਉਸਾਰਿਆ। ਮੇਰੀ ਹੁਣ ਇਹੋ ਰੰਗ ਭੂਮੀ ਸੀ। ਤੜਕੇ ਪਹਿਰ ਭਰ, ਸੰਝ ਨੂੰ ਪਹਿਰ ਭਰ ਮੈਂ ਏਥੇ ਆਕੇ ਪਿਆਰੇ ਦੇ ਪਿਆਰੇ ਨੂੰ ਦਿਲ ਖੋਲ੍ਹਕੇ ਵਾਜਾਂ ਮਾਰਦੀ ਸਾਂ। ਜੀ ਤਾਂ ਕਰਦਾ ਸੀ ਰਹਵਾਂ ਬੀ ਏਥੇ ਹੀ, ਪਰ ਬਾਪੂ ਜੀ ਤੇ ਅੰਮੀਂ ਜੀ ਇਸ ਗੱਲ ਵਿਚ ਦੁਖ ਮੰਨਦੇ ਸੇ।

ਇਕ ਦਿਨ ਮੈਂ ਦੁਪਹਿਰੇ ਜਦ ਘਰ ਗਈ ਤੇ ਰੋਟੀ ਖਾਕੇ ਲੇਟੀ, ਪੱਖਾ ਹੋ ਰਿਹਾ ਸੀ ਕਿ ਮੈਂ ਨੈਣ ਮੁੰਦ ਲਏ ਤੇ ਲੱਗੀ ਅੰਦਰੋ ਅੰਦਰ ਪਿਆਰੇ ਨੂੰ ਵੇਖਣ ਤੇ ਪਿਆਰੇ ਦੇ ਪਿਆਰੇ ਨੂੰ, ਜਿਸ ਨੂੰ ਮੈਂ ਅਜੇ ਡਿੱਠਾ ਨਹੀਂ ਸੀ, ਵਾਜਾਂ ਮਾਰਨ। ਅੰਮੀਂ ਨੇ ਜਾਤਾ ਮੈਂ ਸੌਂ ਗਈ ਹਾਂ, ਬਾਪੂ ਜੀ ਨੂੰ ਕਹਿਣ ਲੱਗੀ: "ਕਾਕੀ ਸਿਆਣੀ ਹੋ ਗਈ ਹੈ, ਇਸ ਦਾ ਕਾਜ ਕਰੀਏ, ਕਾਜ ਹੋਇਆਂ ਇਸ ਨੂੰ ਗ੍ਰਿਹਸਤ ਦੀ ਭੂਮਣਾ ਪੈ ਜਾਏਗੀ ਤਾ ਇਹ ਉਦਾਸੀਆਂ ਛੱਡ ਦੇਵੇਗੀ। " ਬਾਪੂ ਜੀ ਬੀ ਸੋਚੀਂ ਪੈ ਗਏ, ਕਹਿਣ ਲੱਗੇ: "ਜੀ ਤਾਂ ਮੇਰਾ ਭੀ ਕਰਦਾ ਹੈ, ਪਰ ਕੀਹ ਕਰਾਂ? ਡਰਦਾ ਹਾਂ ਜੋ ਵਿਆਹਕੇ ਬੀ ਉਦਾਸ ਹੀ ਰਹੀ ਤੇ ਵੱਸੀ ਨਾ ਤਾਂ ਉਂਵ ਨੱਕ ਵੱਢਣੀ ਹੋਊ ਤੇ ਖੇਚਲ ਵੱਖ ਪਊ। ਹੱਛਾ ਅੱਜ ਮਹਿਤੇ ਨਾਲ ਤੇ ਪੰਡਤ ਜੀ ਨਾਲ ਗੱਲ ਗਿਣਾਂਗਾ। "

ਜਦ ਬਾਪੂ ਜੀ ਚਲੇ ਗਏ ਤੇ ਮੈਂ ਉੱਠੀ ਤਾਂ ਅੰਮੀਂ ਦੀ ਗੋਦੀ ਵਿਚ ਜਾ ਬੈਠੀ ਤੇ ਗਲਵੱਕੜੀ ਪਾ ਕੇ ਕਿਹਾ : "ਪਿਆਰੀ ਅੰਮੀਂ ! ਜੋ ਤੁਸਾਂ ਅੱਜ ਬਾਪੂ ਜੀ ਨੂੰ ਆਖਿਆ ਹੈ ਮੈਂ ਸੁਣ ਲੀਤਾ ਹੈ, ਮੈਂ ਸੁੱਤੀ ਹੋਈ ਨਹੀਂ ਸਾਂ। ਤੁਸਾਂ ਜੋ ਸਲਾਹ ਦਿੱਤੀ ਹੈ ਮੇਰੇ ਭਲੇ ਲਈ ਦਿੱਤੀ ਹੈ ਤੇ ਮੈਂ ਤੁਹਾਡਾ ਤੇ ਬਾਪੂ ਜੀ ਦਾ ਆਖਿਆ ਮੋੜ ਬੀ ਨਹੀਂ ਸਕਦੀ, ਪਰ ਮੈਂ ਇਸ ਤਰ੍ਹਾਂ ਵਧੇਰੇ ਦੁਖੀ ਹੋ ਜਾਵਾਂਗੀ। ਹੁਣ ਮੈਂ ਕੁਛ ਸੁਖੀ ਹਾਂ। ਭਾਵੇਂ ਖੇਡਦੀ ਮੱਲ੍ਹਦੀ ਨਹੀਂ ਹਾਂ, ਪਰ ਮੈਂ ਰੋਂਦੀ ਤੇ ਕੁਰਲਾਉਂਦੀ ਬੀ ਨਹੀਂ ਹਾਂ, ਅਤੇ ਕਦੇ ਕਦੇ ਐਸਾ ਬੀ ਹੁੰਦਾ ਹੈ ਕਿ ਮੇਰੇ ਅੰਦਰ ਇਕ ਖੁਸ਼ੀ ਦੀ ਝਰਨਾਟ ਛਿੜਦੀ ਹੈ, ਜਿਸ ਨਾਲ ਮੇਰੇ ਲੂੰਆਂ ਥਾਣੀਂ ਸੁਖ ਦੇ ਫੁਹਾਰੇ ਛੁਟ ਪੈਂਦੇ ਹਨ, ਮੈਂ ਹੌਲੀ ਫੁੱਲ ਤੇ ਠੰਢੀ ਠੰਢੀ ਹੋ ਜਾਂਦੀ ਹਾਂ। ਉਸ ਵੇਲੇ ਮੇਰਾ ਜੀ ਟੱਪਦਾ ਬੁੜ੍ਹਕਦਾ ਨਹੀਂ, ਕੁਛ ਕੱਠਾ ਜਿਹਾ ਹੋ ਜਾਂਦਾ ਹੈ ਤੇ ਇਹ ਕਰਦਾ ਹੈ ਕਿ ਮੈਂ ਏਸੇ ਤਰ੍ਹਾਂ ਬੈਠੀ ਰਹਾਂ। ਏਸ ਤਰ੍ਹਾਂ ਦਾ ਸੁਖ ਕਦੇ ਝਲਕਾਰਾ ਜਿਹਾ ਮਾਰ ਜਾਂਦਾ ਹੈ। ਉਸ ਮਗਰੋਂ ਫੇਰ ਮੈਂ ਤੁਰਦੀ ਫਿਰਦੀ ਦੁਖੀ ਨਹੀਂ ਹੁੰਦੀ। ਜੇ ਤੁਸਾਂ ਕਾਜ ਕਰ ਦਿੱਤਾ ਤਾਂ ਮੇਰਾ ਇਹ ਸੁਖ ਜਾਂਦਾ ਰਹੇਗਾ ਤੇ ਪਹਿਲਾ ਸੁਖ ਮੁੜਨ ਨਹੀਂ ਲੱਗਾ, ਤਦ ਮੈਂ ਹੁਣ ਨਾਲੋਂ ਬੀ ਔਖੀ ਹੋ ਜਾਵਾਂਗੀ। ਇਸ ਮੱਧਮ ਤੇ ਠੰਢੇ ਸੁਖ ਲਈ, ਜੋ ਮੈਨੂੰ ਹੁਣ ਕਦੇ ਕਦੇ ਮਿਲਦਾ ਹੈ ਦੂਸਰੇ ਦੀ ਲੋੜ ਨਹੀਂ, ਇਹ ਅੰਦਰੋਂ ਹੀ ਉਗਮ ਪੈਂਦਾ ਹੈ ਅਰ ਕਈ ਵੇਰ ਮੈਨੂੰ ਸ਼ੱਕ ਪੈਂਦਾ ਹੈ, ਕਿ ਇਹ ਖੁਸ਼ੀ ਹੀ ਕਿਤੇ ਆਤਮਾਂ ਤਾ ਨਹੀਂ ਹੈ, ਜੋ ਚੰਗੇ ਮਨੁੱਖ ਨੇ ਆਖਿਆ ਸੀ ਕਿ ਤੂੰ ਆਤਮਾਂ ਹੈਂ ਅਰ ਤੂੰ ਸਰੀਰ ਨਹੀਂ ਹੈਂ ? ਮੈਨੂੰ ਪੱਕਾ ਪਤਾ ਤਾਂ ਕੁਛ ਨਹੀਂ, ਐਤਨਾ ਜਾਣਦੀ ਹਾਂ ਕਿ ਮੈਨੂੰ ਅਪਣੇ ਅੰਦਰੋਂ ਬਿਨਾਂ ਸਰੀਰ ਦੇ ਸਾਮਾਨਾਂ ਦੇ ਕਦੇ ਕਦਾਈਂ ਇਕ ਠੰਢੇ ਜਿਹੇ ਸੁਖ ਦਾ ਝਲਕਾ ਵੱਜ ਜਾਂਦਾ ਹੈ। ਬੀਬੀ ਅੰਮੀਂ ! ਜੇ ਮੇਰੇ ਸੁਖ ਤੇ ਖੁਸ਼ੀ ਨੂੰ ਸੋਚਣਾ ਜੇ ਤਾਂ ਮੈਨੂੰ ਹੋਰ ਫਾਹੀ ਵਿਚ ਨਾ

ਪਾਉਣਾ, ਮੈਂ ਆਖਾ ਤਾਂ ਨਹੀਂ ਮੋੜਾਂਗੀ, ਪਰ ਮੈਂ ਖੁਸ਼ੀ ਨਹੀਂ ਰਹਿ ਸਕਾਂਗੀ। "

ਇਹ ਸੁਣਕੇ ਮਾਂ ਨੇ ਕਿਹਾ:-"ਕਾਕੀ ! ਤੂੰ ਸੱਚ ਆਖਦੀ ਹੈਂ, ਪਰ ਹੁਣ ਤੂੰ ਸਿਆਣੀ ਹੈਂ, ਕੁਛ ਸੋਚ ਬੀ ਕਰ ਨਾ। ਪਹਿਲੀ ਉਮਰੇ ਤੂੰ ਖੇਡਾਂ ਵਿਚ ਬੇਫਿਕਰ ਰਹੀ। ਜਦ ਤੇਰੀ ਉਮਰ ਅਕਲ ਤੇ ਹੋਸ਼ ਵਾਲੀ ਹੋਈ ਤਾਂ ਤੂੰ ਵੈਰਾਗ ਵਿਚ ਰੁੜ੍ਹਕੇ ਉਦਾਸਣ ਹੋ ਗਈ। ਅਜੇ ਤਕ ਤੇਰੀਆਂ ਉਦਾਸੀ ਤੋਂ ਮੁਹਾਰਾਂ ਨਹੀਂ ਮੁੜੀਆਂ ਤੇ ਸਮਾਂ ਹੁਣ ਅਵੇਸਲਿਆਂ ਲੰਘ ਜਾਣ ਦਾ ਨਹੀਂ ਹੈ। ਸਾਡੀ ਉਮਰ ਵਡੇਰੀ ਹੋ ਰਹੀ ਹੈ ਅਰ ਤੇਰੇ ਬਿਨਾਂ ਕੋਈ ਸਾਡੇ ਉਲਾਦ ਨਹੀਂ ਹੈ। ਇਸ ਤੱਪੇ ਦਾ ਹੁਕਮ ਹਾਸਲ ਸਾਰਾ ਸਾਡਾ ਹੈ। ਆਸੇ ਪਾਸੇ ਖਰਲ, ਭੱਟੀ ਤੇ ਅਨੇਕਾਂ ਜਰਵਾਣੇ ਮੁਸਲਮਾਨਾਂ ਦੇ ਤੱਪੇ ਹਨ, ਜੇ ਕੋਈ ਧਿਰ ਸਾਡੇ ਬੈਠਿਆਂ ਰਾਜ ਭਾਗ ਦੇ ਲੈਕ ਨਾ ਹੋ ਜਾਵੇ ਤਾਂ ਪਿਛੋਂ ਸਾਡੀ ਇਸ ਕਮਾਈ ਤੇ ਘਾਲ ਘਾਲੀ ਨੂੰ ਵੈਰੀਆਂ ਨੇ ਹੀ ਲੈ ਜਾਣਾ ਹੈ, ਇਸ ਬਚਾਉ ਲਈ ਅਸੀਂ ਏਹੋ ਕਰ ਸਕਦੇ ਹਾਂ ਕਿ ਤੇਰਾ ਕਾਜ ਕਿਸੇ ਬੜੇ ਬਹਾਦਰ ਸੂਰਮੇ ਨਾਲ ਕਰ ਦੇਈਏ ਤੇ ਆਪਣੀ ਅੱਖੀਂ ਤੁਹਾਡੀ ਸੂਰਮਾਂ ਸੰਤਾਨ ਵੇਖ ਲਈਏ; ਤੇ ਠੰਢੇ ਜੀਉ ਮਰੀਏ ਜੋ ਸਾਡੇ ਰਾਜ ਭਾਗ ਨੂੰ ਸਾਂਭਣ ਵਾਲੇ ਪਿੱਛੇ ਹਨ। ਜੇ ਤੂੰ ਉਦਾਸੀ ਰਖੀ ਤਾਂ ਇਕ ਹੋਰ ਡਰ ਵੀ ਹੈ- ਸਾਰੇ ਮੁਸਾਹਿਬ ਮਹਿਤੇ ਤੇ ਪੰਡਤ ਸਣੇ ਹੁਣ ਤੇਰੇ ਬਾਪੂ ਜੀ ਨੂੰ ਹੋਰ ਵਿਆਹ ਕਰ ਲੈਣ ਦੀ ਸਲਾਹ ਪਏ ਦੇਂਦੇ ਹਨ ਜੋ ਕਿਵੇਂ ਨਵੇਂ ਹੀ ਵਿਆਹ ਤੋਂ ਨਰ ਸੰਤਾਨ ਪੈਦਾ ਹੋ ਜਾਵੇ। ਤੇਰੇ ਬਾਪੂ ਜੀ ਦਾ ਮੇਰੇ ਨਾਲ ਅਤਿ ਦਾ ਪਿਆਰ ਹੈ; ਉਹ ਜਾਣਦੇ ਹਨ ਕਿ ਹੋਰ ਵਿਆਹ ਨਾਲ ਮੈਂ ਦੁਖੀ ਹੋ ਜਾਵਾਂਗੀ ਅਰ ਮੇਰੇ ਦੁਖੀ ਹੋਣ ਨਾਲ ਕਾਕੀ ਹੋਰ ਦੁਖ ਕਰੇਗੀ, ਇਸ ਕਰਕੇ ਉਹਨਾਂ ਅਜੇ ਕਿਸੇ ਦੀ ਸਲਾਹ ਕੰਨੇ ਨਹੀਂ ਧਰੀ। ਪਰ ਕਾਕੀ ! ਕਦ ਤਕ ? ਨਿੱਤ ਦੀਆਂ ਸਿਖੌਤਾਂ ਪੱਥਰ ਪਾੜ ਦੇਂਦੀਆਂ ਹਨ । ਅੱਗੇ ਰਾਜਿਆਂ ਦੇ ਕੰਨ ਹੁੰਦੇ ਹਨ ਅੱਖਾਂ ਨਹੀਂ ਹੁੰਦੀਆਂ। ਨਿੱਤ ਦੀਆਂ ਸਲਾਹੁਤਾਂ ਨੇ ਵਡੇ ਵਡੇ ਰਾਜ ਘਰਾਣੇ ਪਾੜ ਘੱਤੇ, ਬੜੇ ਬੜੇ ਪੰਡਤ ਤੇ ਸਿਆਣੇ ਰਾਜੇ ਜੋ ਆਖਦੇ ਹੁੰਦੇ ਸਨ ਕਿ ਕਿਸੇ ਦੀ ਕੁਸ਼ਾਮਤ ਦੇ ਫੇਰ ਵਿਚ ਨਹੀਂ ਆਉਂਦੇ, ਚਲਾਕ ਸਲਾਹੁਤੀਆਂ ਤੇ ਕੁਸ਼ਾਮਤੀਆਂ ਦੇ ਫ਼ੇਰ ਵਿਚ ਆਕੇ ਭੁੱਲਾਂ ਕਰਦੇ ਰਹੇ ਹਨ। "

ਕਾਕੀ-ਅੰਮੀ ਜੀ ! ਭਲਾ ਕਦੇ ਦੇਖਕੇ ਬੀ ਕੋਈ ਮਹੁਰਾ ਖਾਂਦਾ ਹੈ?

ਮਾਂ-ਬੱਚਾ ਜੀਓ, ਮਹੁਰਾ ਮਿੱਠੇ ਦੇ ਭੁਲੇਖੇ ਹੀ ਖਾਧਾ ਜਾਂਦਾ ਹੈ, ਜਾਣਕੇ ਕੌਣ ਖਾਂਦਾ ਹੈ? ਏਸੇ ਤਰ੍ਹਾਂ ਜੇ ਰਾਜਾ ਨੂੰ ਦਿੱਸ ਪਿਆ ਜੋ ਸਲਾਹੁਤੀ ਕੁਸ਼ਾਮਤ ਕਰਦੇ ਹਨ ਤੇ ਧੋਖਾ ਪਏ ਦੇਂਦੇ ਹਨ ਤਾਂ ਰਾਜਾ ਨਹੀਂ ਫਸਦਾ, ਫਸਦੇ ਹੀ ਰਾਜੇ ਤਦੋਂ ਹਨ ਜਦੋਂ ਝੂਠ ਤੇ ਕੁਸ਼ਾਮਤ ਨੂੰ ਸੱਚ ਸਮਝ ਲੈਂਦੇ ਹਨ ਅਤੇ ਕਿਵੇਂ ਬੀ ਉਹਨਾਂ ਉਤੇ ਅਸਲ ਹਾਲ ਨਹੀਂ ਖੁੱਲ੍ਹਦਾ। ਏਹ ਕਾਕੀਏ ! ਰਾਜ ਘਰਾਂ ਵਿਚ ਵਰਤਦੇ ਹਨ। ਮੇਰਾ ਪਿਆਰ ਕਦ ਤਕ ਆਪਣਾ ਅਸਰ ਕਰੇਗਾ? ਜਿਥੇ ਖੋਟੇ ਸਲਾਹੁਤੀਆਂ ਨੇ ਦਿਨ ਰਾਤ ਪੱਟੀਆਂ ਪੜ੍ਹਾਈਆਂ, ਫੇਰ ਸੋਚ ਲੈ ਕਿ ਮੇਰਾ ਤੇ ਤੇਰਾ ਕੀ ਹਾਲ ਹੋਵੇਗਾ? ਮੈਂ ਤੇਰੇ ਦੁਖ ਵਿਚ ਰਾਜ਼ੀ ਨਹੀਂ ਪਰ ਦੂਜੇ ਪਾਸੇ ਬੀ ਸੁਖ ਦੀ ਆਸ ਨਹੀਂ ਹੈ।

ਇਹ ਸੁਣਕੇ ਮੈਂ ਸੋਚ ਵਿਚ ਪੈ ਗਈ, ਪਰ ਜਮਾਂਦਰੂ ਮੇਰਾ ਸੁਭਾਵ ਸੋਚਾਂ ਦਾ ਘੱਟ ਸੀ, ਜੋ ਆਈ ਝੱਟ ਸਮਝੀ ਤੇ ਸਿੱਧੀ ਗੱਲ ਖਿਆਲੀ ਤੇ ਫਾਹ ਮਾਰੀ, ਓਸੇ ਤਰ੍ਹਾਂ ਹੁਣ ਇਕ ਸਿੱਧੀ ਗੱਲ ਮੈਂ ਸੋਚੀ ਤੇ ਮਾਂ ਨੂੰ ਆਖਿਆ-"ਅੰਮੀਂ ਜੀ ! ਜੇ ਇਕ ਵੀਰ ਜੀ ਆ ਜਾਣ ਤਾਂ ਫੇਰ ਕਿਸੇ ਸਲਾਹੁਤੀਏ ਦੀ ਪੇਸ਼ ਨਹੀਂ ਜਾ ਸਕਦੀ? ਮਾਂ ਹੱਸਕੇ ਬੋਲੀ:-"ਹੈ ਤਾਂ ਗੱਲ ਏਹੋ, ਪਰ ਕਾਕੀ ਇਹ ਕੋਈ ਵੱਸ ਦੀ ਖੇਡ ਹੈ? ਤੇਰੇ ਵੀਰ ਦਾ ਰਾਹ ਤੱਕਦਿਆਂ ਤੇ ਸੁਖਾਂ ਸੁਖਦਿਆਂ ਨੂੰ ਆਹ ਦਿਨ ਆ ਗਏ, ਪਰ ਸਾਂਈਂ ਦੀ ਮਰਜ਼ੀ, ਸਾਡੇ ਭਾਗਾਂ ਵਿਚ ਇਹ ਸੁਖ ਨਹੀਂ ਹੋਣਾ ਜੋ ਆਸ ਨਾ ਪੁੰਨੀ, ਪਰ ਨਾ ਪੁੰਨੀ। " ਮੈਂ ਆਖਿਆ:-"ਮਾਂ ਜੀ ! ਤੁਸੀਂ ਡੋਲੋ ਨਹੀਂ, ਮੇਰਾ ਅੰਦਰਲਾ, ਜੋ ਖੁਸ਼ੀ ਦੇ ਫਰਾਟੇ ਕਦੇ ਕਦੇ ਮਾਰਿਆ ਕਰਦਾ ਹੈ, ਮੈਨੂੰ ਆਖਦਾ ਹੈ ਕਿ ਸਭ ਤੋਂ ਚੰਗੇ ਮਨੁੱਖ ਦਾ ਜੋ ਪਿਆਰਾ ਹੈ; ਉਹ ਬਹੁਤ ਬਲ ਵਾਲਾ ਤੇ ਰਾਠਾਂ ਦਾ ਕੋਈ ਸਰਦਾਰ ਰਾਠ ਹੈ ਭਾਵੇਂ ਮੈਂ ਉਸ ਨੂੰ ਡਿੱਠਾ ਨਹੀਂ ਪਰ ਉਹ ਉਂਵ

ਮੈਨੂੰ ਕੋਲੇ ਕੋਲੇ ਲੱਗਦਾ ਹੈ। ਉਹ, ਉਹ... ਹਾਂ ਉਹ ਤਦੋਂ ਦੇ ਹੀ ਮੈਨੂੰ ਕਦੇ ਭੁੱਲੇ ਨਹੀਂ ਹਨ। ਮੇਰੇ ਅੰਦਰ ਐਸ ਤਰ੍ਹਾਂ ਦੀ ਲਹਿਰ ਬੀ ਵੱਜਦੀ ਹੈ ਕਿ ਉਹ ਜਾਣਦੇ ਹਨ ਜੋ ਮੈਂ ਉਹਨਾਂ ਨੂੰ ਹਰ ਦਮ ਯਾਦ ਰੱਖਦੀ ਹਾਂ। ਜੇ ਮੈਂ ਉਹਨਾਂ ਨੂੰ ਆਖਾਂ ਕਿ ਉਹ ਇਕ ਵੀਰ ਜੀ ਸਾਨੂੰ ਦੇ ਦੇਣ, ਤਾਂ ਪਤਾ ਨਹੀਂ ਕਿਉਂ? ਪਰ ਮੇਰਾ ਦਿਲ ਸ਼ਾਹਦੀ ਦੇਂਦਾ ਹੈ ਕਿ ਉਹ ਸੁਣ ਬੀ ਲੈਣਗੇ ਤੇ ਦੇ ਬੀ ਦੇਣਗੇ।

ਅੰਮੀ ਸੁਣਕੇ ਹੱਸ ਪਈ: "ਬੱਚੀਏ ! ਤੂੰ ਜਿਹੀ ਕੁ ਬੇਪਰਵਾਹ ਹੁੰਦੀ ਸੈਂ ਉਜਿਹੀ ਵਹਿਮਣ ਹੋ ਗਈ ਹੈਂ। " ਮੈਂ ਰੋ ਪਈ ਤੇ ਫੇਰ ਗਲੱਕੜੀ ਪਾਕੇ ਆਖਿਆ:-" ਜੀ ! ਜੇ ਇਕ ਵੀਰ ਜੀ ਆ ਜਾਣ ਫੇਰ ਤਾਂ ਤੁਹਾਨੂੰ ਕੋਈ ਦੁੱਖ ਨਹੀਂ ਹੋਣ ਲੱਗਾ ?" ਮਾਂ ਹੱਸ ਪਈ ਤੇ ਆਖਣ ਲੱਗੀ:-"ਫੇਰ ਮੈਂ ਤਾਂ ਸੁਖੀ ਹੋ ਜਾਂਦੀ ਹਾਂ, ਪਰ ਤੇਰਾ ਏਸ ਤਰ੍ਹਾਂ ਰਹਿਣਾ ਬੀ ਸੁਖਦਾਈ ਨਹੀਂ। " ਮੈਂ ਕਿਹਾ: "ਅੰਮੀਂ ! ਮੇਰੇ ਦੁਖ ਦਾ ਫਿਕਰ ਨਾ ਕਰ, ਮੈਂ ਤਾ ਕਿਸੇ ਹੋਰ ਗੇੜ ਵਿਚ ਪੈ ਗਈ ਹਾਂ। ਤੁਹਾਡਾ ਦੁੱਖ ਮੇਰੇ ਟੁਰ ਗਏ ਪਿਆਰੇ ਦਾ ਆਉਣ ਵਾਲਾ ਪਿਆਰਾ ਜ਼ਰੂਰ ਦੂਰ ਕਰੇਗਾ। ਮੈਨੂੰ ਅਕਲ ਕੋਈ ਨਹੀਂ, ਪਰ ਮੇਰਾ ਜੀ ਆਖਦਾ ਹੈ ਕਿ ਇਹ ਕੁਛ ਹੋਵੇਗਾ।

ਇਸ ਤਰ੍ਹਾਂ ਦੀਆਂ ਗੱਲਾਂ ਦੇ ਮਗਰੋਂ ਮੈਂ ਆਪਣੇ 'ਮਠ' ਨੂੰ ਚਲੀ ਆਈ। ਪਿਆਰੇ ਜੀ ਨੂੰ ਟੁਰ ਗਿਆਂ ਤ੍ਰੈ ਵਰ੍ਹੇ ਬੀਤ ਗਏ ਸਨ। ਮੇਰੇ ਅੰਦਰ ਉਸ ਦੀ ਸੂਰਤ ਹਰਦਮ ਬੈਠੀ ਦਿੱਸਦੀ ਸੀ ਤੇ ਮੇਰੇ ਦਿਲ ਵਿਚੋਂ ਉਸ ਪਿਆਰੇ ਦੇ ਪਿਆਰੇ ਦੀ ਯਾਦ ਕਦੇ ਨਹੀਂ ਸੀ ਭੁੱਲਦੀ। ਜੋ ਨਾਮ ਮੈਨੂੰ ਉਹ ਦੱਸ ਗਏ ਸੇ ਉਹ ਮੈਨੂੰ ਕਿਸੇ ਦਮ ਭੁੱਲਣਾ ਤਾਂ ਕਿਤੇ ਰਿਹਾ ਮੈਨੂੰ ਇਸ ਮਠ ਵਿਚ ਬੈਠਿਆ ਕਦੇ ਐਉਂ ਲੱਗਿਆ ਕਰੇ; ਜਾਣੀਦਾ ਮੇਰੇ ਸਾਰੇ ਲੂੰ ਜੀਭਾਂ ਹੋ ਗਏ ਹਨ ਅਰ ਸਾਰਿਆਂ ਵਿਚੋਂ ਉਹੋ ਸੱਦ ਪਈ ਵਜੀਂਦੀ ਹੈ। ਇਕ ਦਿਨ ਤਾਂ ਅਜਿਹਾ ਝੋਕਾ ਵੱਜਾ ਜੋ ਇਸ ਹਾਲ ਵਿਚ ਮੈਂ ਅੱਖਾਂ ਖੋਲ੍ਹਕੇ ਤੱਕ ਬੈਠੀ ਫੇਰ ਤਾਂ ਬ੍ਰਿਛਾਂ ਦੇ ਪੱਤਰ ਪੱਤਰ ਨੂੰ ਜੀਭ ਲੱਗੀ ਹੋਈ ਪਈ ਦਿੱਸੇ। ਜਿੱਧਰ ਮੇਰੀ ਨਜ਼ਰ ਜਾਵੇ ਸਭ ਪਾਸੇ ਹਰ ਸ਼ੈ ਉਸ ਪਿਆਰ ਦੇ ਪਿਆਰੇ ਨੂੰ ਓਹੋ ਨਾਉਂ ਲੈਕੇ ਵਾਜਾਂ ਪਈ ਮਾਰਦੀ ਦਿੱਸੇ। ਮੈਨੂੰ ਇਸੇ ਹਾਲ ਵਿਚ ਇਕ ਅਨੋਖੀ ਜਿਹੀ ਖੁਸ਼ੀ ਭਾਸਦੀ ਸੀ, ਅਰ ਸਿਵਾ ਇਸ ਰੰਗ ਦੇ ਹੋਰ ਕੁਛ ਨਹੀਂ ਸੀ ਓਸ ਵੇਲੇ ਦਿੱਸਦਾ। ਸਗੋਂ ਇਸੇ ਰੰਗ ਦੀ ਹੋਸ਼ ਸੀ, ਹੋਰ ਸੁਧ ਕੋਈ ਨਹੀਂ ਸੀ। ਕਿੰਨਾਂ ਚਿਰ ਮੈਂ ਇਸ ਰੰਗ ਵਿਚ ਰਹੀ। ਫੇਰ ਸਹਿਜੇ ਸਹਿਜੇ ਮੈਨੂੰ ਹੋਸ਼ ਆ ਗਈ, ਪਰ ਅੱਜ ਤੋਂ ਇਹ ਹੋ ਗਿਆ ਕਿ ਮੇਰੇ ਲੂੰਆਂ ਨੇ ਕਿਸੇ ਵੇਲੇ ਜੀਭ ਦਾ ਕੰਮ ਨਹੀਂ ਛੱਡਿਆ; ਨਾ ਬੈਠਿਆਂ, ਨਾ ਟੁਰਦਿਆਂ ਨਾ ਗੱਲਾਂ ਕਰਦਿਆਂ ਨਾ ਸੁੱਤਿਆਂ। ਮੈਂ ਆਖਾਂ:-"ਹੇ ਮੇਰੇ ਮਨ ! ਇਹ ਕੀ ਪਿਆ ਬਣਦਾ ਹੈ?ਪਿਆਰੇ ਦੇ ਪਿਆਰੇ ਨੂੰ ਨਿਰਾ ਯਾਦ ਕਰਨਾ ਹੀ ਐਡਾ ਸੁਆਦਲਾ ਹੈ, ਮਿਲਨਾ ਖ਼ਬਰੇ ਕੇਡਾ ਕੁ ਸੁਆਦਲਾ ਹੋਵੇਗਾ। " ਫੇਰ ਮੈਂ ਸੋਚਾਂ: ਜਿੰਦੋਂ ਬਿਨਾਂ ਤਾਂ ਹੈ ਹੀ ਕੁਛ ਨਹੀਂ, ਮੈਂ ਤਾਂ ਸਾਰੇ ਸਭ ਕੁਛ ਨੂੰ ਜੀਂਦੇ ਵੇਖ ਚੁੱਕੀ ਹਾਂ। ਸਭ ਕੁਛ ਏਸੇ ਪਿਆਰੇ ਦੇ ਆਸਰੇ ਪਿਆ ਜਾਪਦਾ ਹੈ, ਪਰ ਮੈਨੂੰ ਅਜੇ ਥਹੁ ਲੱਗੇ ਕਿ ਪੱਥਰ ਤਾਂ ਪਏ ਹੀ ਹੋਏ ਹਨ, ਬੂਟੇ ਗੱਡੇ ਹੀ ਗੱਡੇ ਹਨ, ਪਸ਼ੂ ਪੰਛੀ ਬੇਸਮਝ ਹੀ ਹਨ, ਫੇਰ ਇਹ ਸਾਰੇ ਕੀਕੂੰ ਪਏ ਵਾਜਾਂ ਮਾਰਦੇ ਹਨ? ਫੇਰ ਖਿਆਲ ਆਵੇ ਕਿ ਮੈਂ ਆਤਮਾਂ ਹਾਂ, ਪਰ ਹਾਂ! ਉਹ ਪਿਆਰੇ ਜੀ ਦੱਸਦੇ ਸਨ ਕਿ ਉਹ ਪਰਮਾਤਮਾਂ ਲੁਕਕੇ ਦੇਖਣ ਵਾਲਾ ਹੈ, ਕਿਤੇ ਇਹ ਓਸੇ ਦੇ ਕਿਸੇ ਲਿਸ਼ਕਾਰੇ ਦਾ ਝਲਕਾ ਤਾ ਨਹੀਂ ਸੀ? ਪਰ ਫੇਰ ਮੈਨੂੰ ਸੋਚ ਫੁਰੀ, ਕਿ ਸੋਚਣ ਤੇ ਸੋਚ ਸੋਚਕੇ ਅਚਰਜ ਹੋਣ ਤੇ ਅਚਰਜ ਹੋਕੇ ਮੂਰਖ ਬਣਕੇ ਉਦਾਸੀ ਵਿਚ ਪੈਣ ਦਾ ਕੀਹ ਗੁਣ ਹੈ? ਏਸ ਤਰ੍ਹਾਂ ਤਾਂ ਸੁਆਦ ਬੀ ਗੁਆਚ ਜਾਂਦਾ ਹੈ, ਪਿਆਰੇ ਦੇ ਪਿਆਰੇ ਦਾ, ਨਾਉਂ ਵੀ ਵਿਸਰਨ ਲੱਗ ਜਾਂਦਾ ਹੈ, ਮੈਂ ਕੀਹ ਲੈਣਾ ਹੈ ਸੋਚਾਂ ਵਿਚ ਰੁੜ੍ਹਕੇ? ਜੋ ਸੀ ਸੋ ਸੀ, ਜੋ ਹੈ ਸੋ ਹੈ, ਜੋ ਹੋਸੀ ਸੋ ਪਿਆ ਹੋਸੀ, ਮੈਂ ਜਿਕੂੰ ਪਹਿਲੇ ਕਦੇ ਸੋਚਾਂ ਵਿਚ ਨਹੀਂ ਪਈ ਸਾਂ ਤੇ ਬਾਹਰ ਦੀਆਂ ਮੌਜਾ ਲੈਂਦੀ ਸਾਂ, ਹੁਣ ਕਿਉਂ ਨਾ ਸੋਚਾਂ ਤੋਂ ਓਸੇ ਤਰ੍ਹਾਂ ਬੇਪਰਵਾਹ ਰਹਿਕੇ ਅੰਦਰ ਦੀਆਂ ਮੌਜਾਂ ਲਵਾ ਤੇ ਸੋਚਾਂ ਨੂੰ ਰੋੜ੍ਹ ਛੱਡਾਂ?

ਇਕ ਦਿਹਾੜੇ ਮੈਂ ਏਸੇ ਤਰ੍ਹਾਂ ਇਸ ਸੁਖ ਵਿਚ ਸਾਂ ਜਿਸ ਨੂੰ ਮੈਂ ਸਮਝਦੀ ਨਹੀਂ ਸਾਂ ਜੋ ਇਹ ਕੀ

ਹੈ ਮੈਨੂੰ ਅੰਮੀਂ ਦੀ ਗੱਲ ਦੀ ਸੋਚ ਫੁਰ ਪਈ, ਮੇਰੇ ਅੰਦਰ ਚਾਹ ਹੋਈ ਜੋ "ਹੇ ਪਿਆਰੇ ਦੇ ਪਿਆਰੇ ! ਜਿਸ ਦੀ ਯਾਦ ਵਿਚ ਮੈਂ ਸੁਖੀ ਹਾਂ, ਮੇਰੀ ਮਾਂ ਨੂੰ ਮੇਰਾ ਇਕ ਵੀਰ ਭੇਜ ਦਿਓ ਜੋ ਉਹ ਬੀ ਸੁਖੀ ਹੋ ਜਾਵੇ। ਤੂੰ ਜੋ ਬ੍ਰਿਛ ਬੂਟਿਆਂ ਵਿਚ ਜਿੰਦ ਪਾਕੇ ਮੈਨੂੰ ਦਿਖਾਲਦਾ ਹੈਂ ਕਿ ਉਹ ਸਾਰੇ ਤੈਨੂੰ ਚੇਤੇ ਪਏ ਕਰਦੇ ਹਨ, ਕਿਸੇ ਚੰਗੇ ਜਿਹੇ ਨੂੰ ਸਾਡੇ ਘਰ ਭੇਜ ਦੇਵੇਂ ਤਾ ਤੇਰੇ ਅੱਗੇ ਕੀ ਗਲ ਹੋਣੀ ਹੈ?" ਮੈਨੂੰ ਪਤਾ ਨਹੀਂ ਪਰ ਮੇਰੇ ਅੰਦਰ ਪੱਕ ਨਿਸਚਾ ਸੀ ਕਿ ਮੇਰੀ ਗੱਲ 'ਪਿਆਰੇ ਦੇ ਪਿਆਰੇ' ਨੇ ਸੁਣ ਲਈ ਹੈ ਤੇ 'ਅੱਛਾ' ਆਖ ਦਿੱਤਾ ਹੈ। ਅੱਜ ਮੈਂ ਭੱਜੀ ਭੱਜੀ ਘਰ ਆਈ। ਬਾਪੂ ਜੀ ਡੇਉਢੀ ਵਿਚ ਖੜੇ ਸਨ, ਮੈਂ ਗਲਵੱਕੜੀ ਪਾ ਲਈ ਤੇ ਕੰਨ ਨਾਲ ਮੂੰਹ ਲਾਕੇ ਆਖਿਆ: "ਬਾਪੂ ਜੀਓ, ਜੀਓ ਜੀ ! ਵੀਰ ਜੀ ਆਉਂਦੇ ਪਏ ਹਨ। " ਪਿਤਾ ਜੀ ਨੇ ਹਰਜਾਨ ਹੋਕੇ ਮੇਰੇ ਵੱਲ ਤੱਕਿਆ ਤੇ ਕਹਿਣ ਲੱਗੇ: 'ਕਿਹੜੇ ਲਾਲੀ ! ਵੀਰ ਜੀ ?' ਮੈਂ ਆਖਿਆ: "ਜਿਹੜੇ ਆਕੇ ਤੁਹਾਡੀ ਗੋਦੀ ਮੇਰੇ ਵਾਂਙ ਖੇਡਣਗੇ ਤੇ ਤੁਹਾਨੂੰ ਸੁਖੀ ਕਰਨਗੇ।' ਇਹ ਸੁਣਕੇ ਉਹ ਸਮਝ ਗਏ ਕਿ ਮੈਂ ਕੋਈ ਵਹਿਮ ਦੀ ਗੱਲ ਪਈ ਕਰਦੀ ਹਾਂ, ਪਰ ਮੇਰੇ ਵਹਿਮ ਤੇ ਹੀ ਮੈਨੂੰ ਲਾਡ ਕਰਦੇ ਅੰਦਰ ਲੈ ਆਏ। ਮੈਂ ਭੱਜਕੇ ਮਾਂ ਨੂੰ ਬੀ ਗਲਵੱਕੜੀ ਪਾਈ ਤੇ ਆਖਿਆ: "ਅੰਮੀਏਂ! ਰਾਜ਼ੀ ਹੋ, ਵੀਰ ਜੀ ਪਏ ਆਉਂਦੇ ਹਨ। " ਉਹ ਭੀ ਹਰਿਆਨ ਹੋਕੇ ਤੱਕਣ ਲੱਗ ਪਈ। ਬਾਪੂ ਜੀ ਹੱਸ ਪਏ; ਪਰ ਮੈਂ ਆਪਣੇ ਸੁਭਾਉ ਮੁਜਬ ਜ਼ੋਰ ਨਾਲ ਗਿੱਧਾ ਪਾਕੇ ਆਖਿਆ: "ਤੁਸਾਂ ਵੇਖ ਲੈਣਾ ਜੋ ਮੈਂ ਕਿਹਾ ਹੈ ਸੱਚ ਹੋ ਜਾਣਾ ਹੈ, ਮੇਰੇ 'ਪਿਆਰੇ ਦੇ ਪਿਆਰੇ' ਨੇ ਮੈਨੂੰ 'ਹੱਛਾ' ਆਖ ਦਿੱਤਾ ਹੈ। ਇਸ ਵੇਲੇ ਕੁਛ ਹਾਸੇ ਤੇ ਕੁਛ ਉਦਾਸੀ ਜਿਹੀ ਨੇ ਦੋਹਾਂ ਨੂੰ ਅਚਰਜ ਤੇ ਕੁਛ ਖੁਸ਼ ਕਰ ਦਿੱਤਾ, ਪਰ ਮੈਂ ਅਪਣੇ ਅੰਦਰ ਖੁਸ਼ੀ ਸਾਂ। ਜੋ ਮੈਂ ਤੈਨੂੰ ਦੱਸਿਆ ਹੈ ਓਹ ਲਹਿਰਾ ਤਾਂ ਮੇਰੇ ਅੰਦਰ ਵੱਸਦਾ ਸੀ ਪਰ ਜੋ ਪਿਆਰੇ ਦੀ ਯਾਦ ਸੀ ਇਸ ਯਾਦ ਵਿਚ ਹੁਣ ਇਕ ਹੋਰ ਬਰਕਤ ਪੈ ਗਈ ਸੀ ਕਿ ਪਿਆਰੇ ਦਾ ਪਿਆਰ ਮੈਨੂੰ ਕੋਲੇ ਲਗਦਾ ਰਹਿੰਦਾ ਸੀ। ਕਦੇ ਕਦੇ ਮੈਂ ਤ੍ਰਬ੍ਰਕਕੇ ਤੱਕਿਆ ਕਰਾਂ ਜਿਵੇਂ ਅਹੁ ਆ ਗਏ, ਜਾਂ ਐਉਂ ਕਿ ਮੇਰੀ ਧਉਣ ਦੇ ਉਹਲੇ ਖੜੇ ਹਨ। ਕਦੇ ਐਉਂ ਲੱਗਿਆ ਕਰੇ ਕਿ ਸੀਸ ਤੇ ਬੈਠੇ ਹਨ, ਦਿੱਸਦੇ ਨਹੀਂ, ਪਰ ਹਨ ਮੇਰੇ ਨਾਲ। ਕਦੇ ਕਦੇ ਐਉਂ ਲੱਗਿਆ ਕਰੇ ਕਿ ਉਹ ਮੈਨੂੰ ਪਿਆਰ ਕਰਦੇ ਹਨ। ਮੈਂ ਤਦੋਂ ਕੰਬ ਜਾਇਆ ਕਰਾਂ ਤੇ ਸੋਚਿਆ ਕਰਾਂ ਕਿ ਮੈਂ ਤਾਂ ਇਹਨਾਂ ਦੇ ਪਿਆਰੇ ਨੂੰ ਮਾਰਿਆ ਹੈ, ਇਹ ਮੈਨੂੰ ਕਿਉਂ ਪਿਆਰ ਕਰਦੇ ਲਗਦੇ ਹਨ? ਪਰ ਇਹਨਾਂ ਕਦੇ ਕਦਾਈਂ ਦੀਆਂ ਸੋਚਾਂ ਨੇ ਹੁਣ ਮੇਰੇ ਸੁਆਦ ਉਤੇ ਬਲ ਨਾ ਪਾਇਆ ਅਰ ਮੇਰਾ ਇਹ ਸੁਆਦ ਅਖੀਰ ਪੱਕ ਗਿਆ, ਕਿ ਪਿਆਰੇ ਦਾ ਪਿਆਰਾ-ਜਿਸ ਦੇ ਕਿਸੇ ਥਾਂ ਹੋਣ ਦਾ ਪਤਾ ਪਿਆਰਾ ਦੇ ਗਿਆ ਸੀ ਉਹ 'ਹੈ' ਤੇ ਜ਼ਰੂਰ 'ਹੈ' ਅਤੇ ਉਹ ਪਿਆਰਾ, ਜੋ ਸਭ ਤੋਂ ਚੰਗਾ ਤੇ ਉੱਚਾ ਸੀ, ਸੱਚਾ ਸੀ, ਉਹ ਸੱਚ ਆਖ ਗਿਆ ਹੈ। ਪਿਆਰੇ ਦਾ ਪਿਆਰਾ ਹੈ, "ਹੈ" ਜ਼ਰੂਰ 'ਹੈ' ਤੇ ਮੇਰੇ ਅੰਦਰੋਂ ਏਹ ਲਹਿਰੇ ਜੋ ਹੁਣ ਉੱਠਦੇ ਹਨ ਕਿ ਉਹ ਮੇਰੇ ਨਾਲ ਹੈ, ਸਚ ਮੁਚ ਉਹ ਮੇਰੇ ਨਾਲ ਹੈ। ਜਦ ਮੇਰੇ ਲੂੰ ਉਸ ਨੂੰ ਚੇਤੇ ਪਏ ਕਰਦੇ ਹਨ, ਵਣ, ਤਿਣ, ਪਰਬਤ, ਅਕਾਸ਼, ਪਤਾਲ, ਸਾਰੇ ਪਏ ਚੇਤੇ ਕਰਦੇ ਹਨ ਤਾ ਉਹ ਜ਼ਰੂਰ ਬਿਨਾਂ ਦਿੱਸੇ ਕੋਲ ਹੋ ਸਕਦਾ ਹੈ ਅਰ ਮੇਰੇ ਕੋਲ ਹੈ। ਫੇਰ ਪਿਆ ਸੁਆਦ ਆਵੇ ਤੇ ਐਉਂ ਲੱਗੇ ਜੋ ਮੈਨੂੰ 'ਪਿਆਰੇ ਦਾ ਪਿਆਰਾ' ਪਿਆਰ ਪਿਆ ਕਰਦਾ ਹੈ। ਆਪੇ ਸੁਆਦ ਆਵੇ, ਆਪੇ ਸੁਆਦ ਵਿਚੋਂ ਪਿਆਰ ਦੀ ਲਪਟ ਪਈ ਵੱਜੇ। ਇਕ ਦਿਨ ਤਾਂ ਏਸੇ ਜੰਗਲ ਵਿਚ ਇਸੇ ਮਠ ਦੀ ਕੱਲੀ ਥਾਂ ਵਿਚ ਬੈਠਿਆਂ ਮੇਰੇ ਜੀ ਨੇ ਕਿਹਾ: "ਉਹ ਤਾਂ ਜਿੱਕੂੰ ਮੈਂ ਏਸ ਮਠ ਵਿਚ ਵੱਸਦੀ ਹਾਂ, ਉਹ ਮੇਰੇ ਸਰੀਰ ਵਿਚ ਆ ਵੱਸੇ ਹਨ।"

ਗੱਲ ਕੀ ਦਿਨ ਲੰਘਦੇ ਗਏ ਮੇਰਾ ਸੁਆਦ ਪਿਆਰੇ ਦੀ ਯਾਦ ਤੇ ਉਸ ਵੱਲੋਂ ਪਿਆਰ ਤੇ ਕਦੇ ਮੇਰਾ ਆ ਮੁਹਾਰੇ ਹੱਸ ਪੈਣਾ, ਕਦੇ ਆ ਮੁਹਾਰੇ ਰੋ ਪੈਣਾ, ਪਰ ਰਹਿਣਾ ਸਦਾ ਇਨ੍ਹਾਂ ਹੀ ਧੁਨਾਂ ਵਿਚ ਇਕ ਸੁਭਾ ਹੋ ਗਿਆ। ਵਰਹਾ ਕੁ ਹੋਰ ਲੰਘ ਗਿਆ। ਸਾਡੇ ਘਰ ਸੱਚੀ ਮੁਚੀ ਇਕ ਵੀਰ ਜੀ ਆ ਗਏ। ਵੀਰ ਜੀ ਦੇ ਆਉਣ ਨੇ ਮਾਪਿਆਂ ਦੇ ਜੀ ਵਿਚੋਂ ਮੇਰੇ ਵਹਿਮਣ ਹੋਣ ਦਾ ਡਰ ਦੂਰ ਕਰ ਦਿੱਤਾ

ਸਗੋਂ ਹੁਣ ਉਨ੍ਹਾਂ ਨੂੰ ਮੇਰੇ ਨਾਲ ਇਕ ਹੋਰ ਤਰ੍ਹਾਂ ਦਾ ਪਿਆਰ ਹੋ ਗਿਆ। ਬਾਪੂ ਜੀ ਇਕ ਦਿਨ ਆਖਣ ਲੱਗੇ: "ਕਾਕੀ ਤਾ ਦੇਵੀ ਹੋ ਗਈ ਜਾਪਦੀ ਹੈ, ਇਸਦਾ ਅਦਬ ਕਰਨਾ ਚਾਹੀਏ"। ਪਰ ਮੈਨੂੰ ਉਨ੍ਹਾਂ ਦੇ ਅਦਬ ਕਰਨ ਵਿਚ ਸੁਆਦ ਨਾ ਆਵੇ। ਮੈਂ ਆਖਿਆ: "ਮੈਨੂੰ ਓਸੇ ਤਰ੍ਹਾਂ ਲਾਡ ਲਡਾਇਆ ਕਰੋ, ਮੈਨੂੰ ਤੁਹਾਡੇ ਅਦਬ ਵਿਚ ਸੁਆਦ ਨਹੀਂ ਆਉਂਦਾ। "

ਵੀਰ ਜੀ ਦਾ ਰੰਗ ਰੂਪ ਡਾਢਾ ਸੁਹਣਾ ਸੀ ਤੇ ਅੱਖਾਂ ਤਾਂ ਨਿਰੀਆਂ ਮੇਰੇ ਹੱਥੀਂ ਮਾਰੇ ਹੋਏ ਪਿਆਰੇ ਵਰਗੀਆਂ ਸਨ। ਮੈਂ ਵੀਰ ਜੀ ਨੂੰ ਬਹੁਤ ਲਡਜਾਉਂਦੀ ਸਾਂ। ਕਈ ਵੇਰ ਏਸੇ ਮਠ ਵਿਚ ਲਿਆਕੇ ਪਾ ਦੇਂਦੀ ਤੇ ਲੰਮੇ ਪਏ ਦੀਆਂ ਅੱਖਾਂ ਨੂੰ ਵੇਖ ਵੇਖ ਕੇ ਆਖਦੀ : "ਏਸੇ ਥਾਂ ਤੇ ਹੀ ਮੈਂ ਮੂਰਖ ਨੇ ਤੀਰ ਨਾਲ ਵਿੰਨ੍ਹਕੇ ਏਹ ਨੇਤ੍ਰ ਡਿੱਠੇ ਸਨ, ਏਸੇ ਥਾਂ ਤੇ ਏਹ ਨੇਤ੍ਰ ਮੈਨੂੰ ਖੇਡਦੇ ਤੇ ਹੱਸਦੇ ਫੇਰ ਦਿੱਸ ਪਏ ਹਨ। ਹੇ ਨੈਣੋਂ ! ਤੁਸੀਂ ਓਹੋ ਹੋ ਜਿਨ੍ਹਾ ਨੂੰ ਮੈਂ ਬੰਦ ਕੀਤਾ ਸੀ ਤੇ ਫੇਰ ਮੇਰੀ ਅਰਜ਼ੋਈ ਤੇ ਆ ਖੁੱਲ੍ਹੇ ਹੋ, ਜਾਂ ਤੁਸੀਂ ਉਨ੍ਹਾਂ ਨੈਣਾਂ ਵਰਗੇ ਹੋ? ਕਿਵੇਂ ਬੀ ਹੋਵੇ, ਹੁਣ ਤੁਸੀਂ ਮੇਰੇ ਵਲ ਲਾਡ ਨਾਲ ਤੱਕਦੇ ਹੋ, ਮੈਨੂੰ ਵੇਖਕੇ ਖਿੜਦੇ ਤੇ ਹੱਸਦੇ ਹੋ ਤੇ ਮੈਨੂੰ ਪਿਆਰ ਕਰਦੇ, ਮੇਰੀ ਮਾਂ ਤੇ ਪਿਉ ਦੀਆਂ ਆਂਦਰਾਂ ਠਾਰਦੇ ਹੋ। ਹੇ ਨੈਣੋਂ ! ਤੁਸੀਂ ਧੰਨ ਹੋ !

ਦੁਨੀਆਂ ਮਤਲਬ ਦੀ ਮੈਂ ਪਿਛੋਂ ਸਮਝਿਆ, ਤਦੋਂ ਮੈਂ ਨਹੀਂ ਸਾਂ ਇਹ ਗੱਲ ਸਮਝਦੀ। ਪਰ ਓਦੋਂ ਵੀਰ ਜੀ ਦੇ ਆਉਣ ਦੀ ਹੋਰ ਇਕ ਖੁਸ਼ੀ ਮੈਨੂੰ ਹੋਈ:- ਵੀਰ ਜੀ ਦੇ ਆਉਣ ਤੋਂ ਪਹਿਲਾਂ ਮੇਰੇ ਮਾਪੇ ਮੇਰੇ ਪਿਆਰ ਨੂੰ, ਜੋ ਅਣਡਿੱਠੇ ਪਿਆਰੇ ਨਾਲ ਲੱਗ ਗਿਆ ਸੀ, ਖੁਸ਼ੀ ਨਾਲ ਨਹੀਂ ਵੇਖਦੇ ਸਨ। ਉਹ ਮੇਰੇ ਪਿਆਰੇ ਨੂੰ ਮੰਗਤਾ ਸਾਧ ਤੇ ਉਸ ਦੇ ਪਿਆਰੇ ਨੂੰ ਕੋਈ ਹੋਰ ਓਹੋ ਜਿਹਾ ਸਮਝਦੇ ਸਨ ਅਤੇ ਚਾਹੁੰਦੇ ਸਨ ਜੋ ਮੈਂ ਕਿਵੇਂ ਏਸ ਫੇਰ ਵਿਚੋਂ ਨਿਕਲ ਆਵਾਂ। ਪਰ ਮੇਰੇ ਦਿਲ ਟੁੱਟਣ ਤੋਂ ਡਰਦੇ; ਨਾ ਮੈਨੂੰ ਜ਼ੋਰ ਦੇ ਕੇ ਸਮਝਾਉਂਦੇ ਸਨ, ਨਾ ਦਾਬਾ ਦੇਕੇ ਹੋੜਦੇ ਸਨ। ਉਹਨਾ ਦੇ ਜੀ ਵਿਚ ਜੋ ਮੇਰੇ ਨਾਲ ਅਟੁੱਟ ਪਿਆਰ ਸੀ, ਓਹੋ ਇਕ ਰੋਕ ਸੀ: ਨਹੀਂ ਤਾਂ ਉਹ ਮੇਰੀ ਇਹ ਲਗਨ ਡੰਡਿਆਂ ਦੇ ਜ਼ੋਰ ਤੋੜ ਸੁਟਦੇ। ਹੁਣ ਉਹਨਾਂ ਦੇ ਦਿਲ ਦੀ ਇਹ ਕਿਰਕ ਬੀ ਮਿਟ ਗਈ। ਉਹਨਾਂ ਦੇ ਜੀ ਵਿਚ ਬੀ 'ਪਿਆਰੇ ਦੇ ਪਿਆਰੇ' ਦਾ ਕੋਈ ਪਿਆਰ ਉਪਜ ਪਿਆ ਅਰ ਓਨ੍ਹਾਂ ਨੂੰ ਬੀ ਦਰਸ਼ਨ ਦਾ ਚਾਉ ਪੈਦਾ ਹੋ ਗਿਆ। ਉਹਨਾਂ ਦਾ ਜੀ ਮੰਨ ਗਿਆ ਕਿ ਧੀ ਕਿਸੇ ਸਮਰੱਥ ਸ਼ਕਤੀ ਦੀ ਧੁਨਿ ਵਿਚ ਹੈ; ਸੁਦੈਣ ਨਹੀਂ ਜੋ ਹਾਸੇ ਭਾਣੇ ਗੱਲ ਕਰਦੀ 'ਵੀਰ ਜੀ ਆ ਗਏ' ਵੀਰ ਜੀ ਨੂੰ ਲੈ ਆਉਂਦੀ ਹੈ। ਮੈਂ ਉਹਨਾਂ ਦੇ ਜੀ ਵਿਚ ਪਿਆਰੇ ਦਾ ਪਿਆਰ ਡਿੱਠਾ ਤਾਂ ਮੈਨੂੰ ਓਹ ਅੱਗੇ ਤੋਂ ਬੀ ਪਿਆਰੇ ਲੱਗਣ ਲੱਗ ਪਏ। ਮੈਂ ਹੁਣ ਘਰ ਵਿਚ ਕੁਛ ਮਾਂ ਕੋਲ ਤੇ ਕੁਛ ਵੀਰ ਜੀ ਕੋਲ ਵਧੀਕ ਵੇਲਾ ਲਾਯਾ ਕਰਾਂ, ਕਿਉਂਕਿ ਹੁਣ ਇਕ ਹੋਰ ਤਮਾਸ਼ਾ ਹੋ ਗਿਆ ਸੀ। ਪਿਆਰੇ ਦੀ ਯਾਦ ਮੇਰੇ ਅੰਦਰ ਦੇ ਵਿਚ ਘਰ ਕਰ ਗਈ ਅਰ ਐਉਂ ਚੰਬੜ ਗਈ ਜਿਕੂੰ ਵੇਲ ਬੂਟੇ ਨੂੰ ਚੰਬੜ ਜਾਂਦੀ ਹੈ। ਚਾਹੇ ਮੈਂ ਹੱਸਾਂ ਚਾਹੇ ਖੇਡਾਂ, ਆਪੂੰ ਯਾਦ ਕਰਾਂ ਚਾਹੇ ਨਾ ਕਰਾਂ, ਪਿਆਰੇ ਦੀ ਯਾਦ ਕਿਵੇਂ ਬੀ ਨਹੀਂ ਭੁੱਲਦੀ ਸੀ। ਮੈਂ ਮਠ ਵਿਚ ਨੈਣ ਮੀਟਕੇ ਹੀ ਬੈਠਾਂ ਤਾਂ ਯਾਦ ਸੁਆਦ ਦੇਵੇ, ਨਿਰੀ ਇਹ ਗੱਲ ਨਾ ਰਹੀ, ਸਗੋਂ ਮੈਂ ਜਿਸ ਹਾਲ ਹੋਵਾਂ ਯਾਦ ਨਾ ਭੁੱਲੇ ! ਨੀਂਦ ਬੀ ਉਸ ਨੂੰ ਨਹੀਂ ਭੁਲਾ ਸਕਦੀ ਸੀ। ਹੁਣ ਮੈਂ ਪਿਆਰੇ ਨੂੰ ਹਾਕਾਂ ਨਹੀਂ ਮਾਰਦੀ ਸਾਂ, ਪਰ ਹਾਕਾਂ ਮੈਨੂੰ ਨਹੀਂ ਛੱਡਦੀਆਂ ਸਨ। ਏਸ ਰੰਗ ਨੇ ਮੈਨੂੰ ਕੁਛ ਹੋਰ ਸੁਆਦ ਪਾ ਦਿੱਤਾ।

ਇਕ ਦਿਨ ਅੰਮੀਂ ਬੋਲੀ; 'ਕਾਕੀ ! ਜੇ ਤੇਰੇ ਪਿਆਰੇ ਦਾ ਪਿਆਰਾ ਕਦੇ ਸਾਡੇ ਨਿਭਾਗ ਤੱਪੇ ਵਿਚ ਆ ਜਾਵੇ ਤਾਂ ਅਸੀਂ ਬੀ ਜੀਵੇ ਹੋ ਜਾਈਏ। ਤੇਰਾ ਪਿਆਰਾ ਸੱਚੀ ਮੁੱਚੀ ਕੋਈ ਉਲਿਯਾ ਸੀ, ਅਸਾਂ ਉਸ ਦੀ ਓਸ ਵੇਲੇ ਕਦਰ ਨਾ ਜਾਤੀ, ਤੈਨੂੰ ਬੀ ਉਸ ਦੀ ਯਾਦ ਵਲੋਂ ਹੋੜਦੇ ਹੀ ਰਹੇ, ਪਰ ਹੁਣ ਸੁਰਤ ਆਈ ਹੈ ਕਿ ਅਸੀਂ ਭੁੱਲਦੇ ਰਹੇ ਹਾ। ਹੁਣ ਜੀ ਇਹੋ ਤੜਫਦਾ ਹੈ ਕਿ ਉਸ ਤੇਰੇ ਪਿਆਰੇ ਦੇ ਪਿਆਰੇ ਦੇ ਦਰਸ਼ਨ ਹੋਣ ਤਾ ਚਰਨਾਂ ਤੇ ਢਹਿ ਭੁੱਲਾਂ ਬਖਸ਼ਾਈਏ। ਐਉਂ ਮੇਰੇ ਮਾਪੇ ਬੀ ਮੇਰੀ ਲੱਗ ਰਹੀ ਧੁਨ ਦੇ ਉਲਟ ਹੋਣ ਦੀ ਥਾਂ ਸਗੋਂ ਪੱਖੀ ਹੋ ਗਏ। ਹੁਣ ਸਾਡੇ ਘਰ ਵਿਚ ਸਾਰਿਆਂ ਨੂੰ ਦਰਸ਼ਨਾਂ ਦੀ ਖਿੱਚ ਪੈਣ ਲੱਗ ਪਈ। ਇਕ

ਦਿਨ ਮੈਂ ਮਾਂ ਨੂੰ ਇਹ ਗੱਲ ਬੀ ਦੱਸ ਦਿੱਤੀ ਕਿ 'ਪਿਆਰਾ ਜੇ ਪਰਦੇਸ ਹੋਵੇ ਤਦ ਪਿਆਰ ਕਰਨ ਵਾਲਾ ਕਦੇ ਉਸ ਨੂੰ ਭੁੱਲ ਨਹੀਂ ਸਕਦਾ ਤੇ ਏਸ ਯਾਦ ਰੱਖਣ ਵਿਚ ਪਿਆਰ ਦਾ ਡਾਢਾ ਸੁਆਦ ਹੁੰਦਾ ਹੈ ਤੇ ਜੇ ਤੁਸੀਂ ਬੀ ਉਸ ਨੂੰ ਆਪਣਾ ਪਿਆਰਾ ਮਿਥ ਲਓ ਤੇ ਫੇਰ ਉਸ ਨੂੰ ਯਾਦ ਕਰਿਆ ਕਰੋ ਤਾਂ ਤੁਹਾਨੂੰ ਬੀ ਬੜਾ ਸੁਆਦ ਆਇਆ ਕਰੇ।' ਗੱਲ ਕੀ ਇਉਂ ਸੁਣਕੇ ਤੇ ਦਿਲ ਵਿਚ ਪੁੜ ਗਈ ਗੱਲ ਨਾਲ ਬਾਪੂ ਜੀ ਤੇ ਮਾਂ ਜੀ ਬੀ ਉਸ 'ਪਿਆਰੇ ਦੇ ਪਿਆਰੇ' ਦੀ ਯਾਦ ਵਿਚ ਲੱਗਣ ਲੱਗ ਪਏ।

ਵਰ੍ਹਾਂ ਇਕ ਹੋਰ ਜਾਂ ਵਧੀਕ ਸਮਾਂ ਲੰਘ ਗਿਆ ਮੇਰੇ ਮਨ ਵਿਚੋਂ ਹੁਣ ਕਦੇ ਕਦੇ ਆਪ ਮੁਹਾਰੇ ਟੱਪੇ ਨਿਕਲਿਆਂ ਕਰਨ ਤੇ ਉਹਨਾਂ ਬਨਾਂ ਵਿਚ, ਜਿਨ੍ਹਾਂ ਵਿਚ ਮੈਂ ਕਦੇ ਅੱਲ੍ਹੜ ਤੇ ਅਲੇਲ ਫਿਰਦੀ ਸਾਂ, ਫੇਰ ਜਿਨਾਂ ਵਿਚ ਡਾਵਾਂ ਡੋਲ ਤੇ ਰੋਂਦੀ ਫਿਰਦੀ ਹੁੰਦੀ ਸਾਂ; ਹੁਣ ਕਦੇ ਕਦੇ ਕਬੂਤਰਾਂ ਵਾਂਙੂੰ ਗੁਟਕਦੀ ਤੇ ਬੰਬੀਹੇ ਵਾਂਙੂ ਗਾਉਂਦੀ, ਹੱਸਦੀ ਤੇ ਕਦੀ ਨੈਣਾਂ ਤੋਂ ਪਿਆਰ ਟੇਪੇ ਕੇਰਦੀ ਫਿਰਿਆ ਕਰਾਂ। ਇਹ ਮਠ ਮੇਰਾ ਏਕਾਂਤੀ ਟਿਕਾਣਾ ਸੀ, ਜਿੱਥੇ ਮੈਂ ਸੰਝ ਸਵੇਰ ਜ਼ਰੂਰ ਆ ਬੈਠਿਆ ਕਰਦੀ ਸਾਂ। ਹੁਣ ਏਥੇ ਕਦੇ ਕਦੇ ਬਾਪੂ ਤੇ ਅੰਮੀਂ ਜੀ ਬੀ ਆਕੇ ਬੈਠਿਆ ਕਰਦੇ ਸਨ।

ਇਕ ਦਿਨ ਮੈਂ ਤੜਕਸਾਰ ਜੋ ਆਈ ਤਾਂ ਦੂਰੋਂ ਮੈਨੂੰ ਗਉਣ ਦੀ ਅਵਾਜ਼ ਆਵੇ, ਮੈਂ ਜਾਤਾ ਕਿ ਮੇਰੇ ਕੰਨ ਬੋਲਦੇ ਹਨ ਜਾਂ ਬਨ ਨੂੰ ਗੀਤਾਂ ਵਾਲੀ ਜੀਭ ਲੱਗੀ ਹੈ, ਪਰ ਜਾਂ ਮੈਂ ਧਿਆਨ ਦੇਕੇ ਸੁਣਿਆ ਤਾਂ ਬੜੀ ਰਸ ਭਰੀ ਸੁਰ ਸੀ ਤੇ ਬੜੀ ਹੀ ਵੈਰਾਗ ਦੀ ਸੱਦ। ਮੈਂ ਕੁਛ ਬੜੀ ਮੱਤੀ ਹੋਈ ਤੇ ਪਿਆਰੇ ਦੀ ਸਿੱਕ ਵਿਚ ਹੰਝੂ ਕੇਰਦੀ ਆ ਰਹੀ ਸਾਂ, ਇਸ ਸੁਰ ਨੇ ਮੈਨੂੰ ਹਿੱਲਣ ਜੋਗਾ ਨਾ ਛੱਡਿਆ। ਮੈਂ ਜਿੱਥੇ ਸਾਂ ਉੱਥੇ ਹੀ ਰੇਤੇ ਦੀ ਟਿੱਬੀ ਤੇ ਬਹਿ ਗਈ। ਇਹ ਕੋਈ ਗੌਣ ਸੀ, ਕੋਈ ਸੱਦ ਸੀ ਕਿ ਕਤਲ ਕਰਨ ਦੀ ਛੁਰੀ ਸੀ ? ਇਹ ਰਾਗ ਸੀ ਕਿ ਜਿੰਦ ਪਾਉਣ ਵਾਲਾ ਅੰਮ੍ਰਿਤ ਸੀ? ਮੈਂ ਸੁਆਦ ਕੀ ਆਖਾਂ? ਨਾਲੇ ਤਾਂ ਰਸ ਭਰੇ, ਨਾਲੇ ਸਾਰੇ ਲੂੰ ਕੰਬਣ, ਝਰਨਾਟ ਛਿੜੇ, ਨਾਲੇ ਵਿਰਾਗ ਭਰੇ, ਫੇਰ ਸੁਆਦ ਆਵੇ। ਤੁਕਾਂ ਜੋ ਮੈਂ ਸੁਣੀਆਂ ਤੇ ਜੋ ਮੈਂ ਕਦੇ ਨਾ ਭੁੱਲੀਆਂ ਏਹ ਸਨ:-

ਆਸਾ ਮਹਲਾ ੧ ॥

ਏਕ ਨ ਭਰੀਆ ਗੁਣ ਕਰਿ ਧੋਵਾ ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥ ੧ ॥ ਇਉ ਕਿਉ ਕੰਤ ਪਿਆਰੀ ਹੋਵਾ॥ ਸਹੁ ਜਾਗੈ ਹਉ ਨਿਸ ਭਰਿ ਸੋਵਾ ॥ ੧ ॥ ਰਹਾਉ ॥ ਆਸ ਪਿਆਸੀ ਸੇਜੈ ਆਵਾ ॥ ਆਗੈ ਸਹ ਭਾਵਾ ਕਿ ਨ ਭਾਵਾ ॥ ੨ ॥ ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥ ਹਰਿ ਦਰਸਨ ਬਿਨੁ ਰਹਨੁ ਨ ਜਾਈ ॥ ੧ ॥ ਰਹਾਉ ॥ ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ ਗਇਆ ਸੁ ਜੋਬਨੁ ਧਨ ਪਛੁਤਾਨੀ ॥ ੩ ॥ ਅਜੈ ਸੁ ਜਾਗਉ ਆਸ ਪਿਆਸੀ॥ ਭਈ ਲੇ ਉਦਾਸੀ ਰਹਉ ਨਿਰਾਸੀ ॥ ੧ ॥ ਰਹਾਉ ॥ ਹਉਮੈ ਖੋਇ ਕਰੇ ਸੀਗਾਰੁ ॥ ਤਉ ਕਾਮਣਿ ਸੇਜੈ ਰਵੈ ਭਤਾਰੁ ॥ ੪ ॥ ਤਉ ਨਾਨਕ ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ ਖਸਮ ਸਮਾਵੈ ॥ ੧ ॥ ਰਹਾਉ ॥ ੨੬ ॥-੩੫੬

ਮੈਂ ਏਸੇ ਰੰਗ ਵਿਚ ਬੈਠੀ ਰਹੀ ਤੇ ਸੁਣਦੀ ਰਹੀ। ਮੈਂ ਚਾਹਾਂ ਕਿਵੇਂ ਏ ਬੰਦ ਨਾ ਹੋਵੇ, ਪਰ ਅੰਤ ਏ ਸੁਰ ਬੰਦ ਹੋ ਗਈ। ਮੇਰਾ ਅੰਦਰਲਾ ਪੰਘਰ ਰਿਹਾ ਸੀ ਤੇ ਨੈਣ ਛਮਾਛਮ ਬਰਸ ਰਹੇ ਸਨ। ਪਿਆਰੇ ਦੀ ਸੂਰਤ ਅਖਾਂ ਅੱਗੇ ਖੜੀ ਸੀ ਤੇ ਮੈਂ ਹਾੜੇ ਕੱਢ ਰਹੀ ਸਾਂ ਕਿ ਹੇ ਪਿਆਰੇ ਜੀ ! ਅਪਣੇ ਪਿਆਰੇ ਨੂੰ ਮਿਲਾਓ[੧]।

ਇਸ ਤਰ੍ਹਾਂ ਦੇ ਵੈਰਾਗ ਵਿਚ ਮੈਂ ਰੋ ਰਹੀ ਸਾਂ ਪਿਆਰੇ ਦੇ ਪਿਆਰੇ ਦੀ ਸਿੱਕ ਬਿਹਬਲ ਕਰ ਰਹੀ

---

[੧] ਜਿਵੇਂ ਕਿਸੇ ਪ੍ਰੇਮੀ ਦਾ ਵਾਕ ਹੈ:-

ਵਹ ਵਹੁ ਨਦੀਆਂ ਤਾਰੂ ਹੋਈਆਂ ਬੰਬਲ ਛੋਡੇ ਕਾਹਾਂ। ਪਿਆਰਾ ਮੇਰਾ ਫਿਰੇ ਬਿਦੇਸੀਂ ਕਿਸ ਹੱਥ ਸੱਦ ਘਲਾਹਾਂ। ਨਾ ਕੋਈ ਆਵੇ ਤੇ ਨਾ ਕੋਈ ਜਾਵੇ ਜਿਸ ਹਥ ਦਿਆਂ ਸੁਨਾਹਾਂ। ਜੇ ਕੋਈ ਉਸ ਦੀ ਖਬਰ ਲਿਆਵੇ ਧੋ ਧੋ ਪੈਰ ਪਿਆਹਾਂ। (ਅਥਵਾ) ਚੰਬੇ ਦੀ ਬਟੀ ਵਾਂਗੂ ਖਿੜ ਫੁਲ ਜਾਹਾਂ।

ਸੀ ਕਿ ਇਕ ਲੰਮੇ ਪਤਲੇ ਬਿਰਧ ਪੁਰਖ ਦੂਰੋਂ ਆਉਂਦੇ ਦਿੱਸੇ। ਮੈਂ ਜਾਤਾ ਕਿ ਮਤਾਂ ਪਿਆਰੇ ਦਾ ਪਿਆਰਾ ਆ ਗਿਆ ਹੈ, ਪਰ ਮੈਂ ਤੱਕਿਆ ਤਾਂ ਮੇਰੇ ਪਿਆਰੇ ਨਾਲ ਅੱਖਾਂ ਤਾਂ ਮਿਲਦੀਆਂ ਸਨ ਤੇ ਚੰਗਾ ਬੀ ਲੱਗਦਾ ਸੀ, ਪਰ ਬਹੁਤ ਖਿੱਚ ਨਾ ਪਈ। ਨੇੜੇ ਆਕੇ ਇਸ ਨੇ ਪੁੱਛਿਆ: "ਹੇ ਬਨਬਾਸੀ ਕੰਨਿਆਂ ! ਇਸ ਬਨ ਵਿਚ ਕੋਈ ਸਾਧੂ ਤਾਂ ਨਹੀਂ ਵੱਸਦਾ ?" ਮੈਂ ਕਿਹਾ: 'ਜੀ ! ਨਹੀਂ। "ਕੋਈ ਨਵਾਂ ਆਇਆ?' ਮੈਂ ਕਿਹਾ: ਜੀ ਨਹੀਂ'। ਫੇਰ ਕਹਿਣ ਲੱਗੇ: 'ਇਹ ਉਹਾ ਬਨ ਤਾਂ ਨਹੀਂ ਜਿਥੇ ਛੇ ਕੁ ਬਰਸ ਹੋਏ ਤਾਂ ਰਾਜੇ ਦੀ ਲੜਕੀ ਨੇ ਇਕ ਮੁਸਾਫਰ ਨੂੰ ਚਿੱਤ੍ਰੇ ਕਿ ਚੀਤਲ ਦੇ ਭੁਲੇਵੇਂ ਮਾਰ ਦਿੱਤਾ ਸੀ ?' ਮੈਂ ਸਹਿਮ ਖਾਕੇ ਕਿਹਾ 'ਜੀ ਹਾਂ, ਇਹ ਉਹੋ ਬਨ ਹੈ'। ਫੇਰ 'ਵਾਹ' ਆਖਕੇ ਉਹ ਟੁਰ ਪਏ। ਮੈਂ ਆਖਿਆ, 'ਠਹਿਰ ਜਾਓ ਕੁਛ ਬੇਨਤੀ ਸੁਣੋ', ਪਰ ਉਹ ਨਾ ਠਹਿਰੇ ਅਰ ਕਾਹਲੀ ਕਾਹਲੀ ਟੁਰੀ ਗਏ। ਮੈਂ ਏਥੋਂ ਉਠਕੇ ਮਠ ਵਿਚ ਜਾ ਬੈਠੀ। ਬੈਠਣ ਦੀ ਡੇਰ ਸੀ ਕਿ ਮੈਂ ਡਾਢੀ ਹੀ ਕੱਠੀ ਹੋ ਗਈ। ਉਹ ਯਾਦ, ਪਿਆਰੀ ਯਾਦ, ਸੀ ਤਾਂ ਅੰਦਰੇ, ਪਰ ਇਸ ਵਿਚ ਮੇਰੀ ਤਾਂਘ ਤਿੱਖੀ ਹੋ ਗਈ ਸੀ। ਮੈਨੂੰ ਹੋਰ ਤਰ੍ਹਾਂ ਦਾ ਸੁਆਦ ਆਉਣ ਲੱਗ ਗਿਆ ਸੀ; ਪਿਆਰੇ ਦੇ ਪਿਆਰੇ ਜੀ ਵਧੀਕ ਕੋਲ ਮਲੂਮ ਹੋਣ, ਵਧੀਕ ਪਿਆਰ ਕਰਦੇ ਮਲੂਮ ਹੋਣ ਤੇ ਆਮੁਹਾਰੀ ਇਕ ਸੁਗੰਧਿ ਸੁਗੰਧਿ ਆਵੇ ਫਿਰ ਇਹੋ ਜੀ ਕਰੇ ਕਿ ਆ ਜਾਣ ਤੇ ਚਰਨਾਂ ਤੇ ਢਹਿ ਪਵਾਂ ਤੇ ਉਹ ਆਖਣ "ਕਾਕੀ ! ਅਸੀਂ ਆ ਗਏ ਹਾਂ। " ਦੁਪਹਿਰਾਂ ਤੱਕ ਮੈਂ ਬੈਠੀ ਰਹੀ, ਪਰ ਬੰਦ ਨੈਣਾਂ ਵਿਚੋਂ ਬੀ ਅੰਝੂਆਂ ਦੀ ਤਾਰ ਵਗਦੀ ਰਹੀ। ਜਾਂ ਮੈਂ ਰੋਂਦੀ ਘਰ ਨੂੰ ਟੁਰੀ ਤਾਂ ਉਹ ਬਿਰਧ ਮੈਂ ਫੇਰ ਡਿੱਠਾ, ਉਹ ਭਾਲ ਕਰ ਰਿਹਾ ਸੀ, ਜਿਸ ਤਰ੍ਹਾਂ ਕੋਈ ਗੁਆਚੀ ਸ਼ੈ ਲੱਭੀ ਦੀ ਹੈ। ਮੈਂ ਆਖਿਆ "ਹੇ ਬਿਰਧ ਜੀ ! ਆਪ ਮੇਰੇ ਨਾਲ ਚੱਲੋ, ਜਲ ਅੰਨ ਛਕੋ ਤੇ ਆਰਾਮ ਕਰੋ ਅਰ ਹੁਕਮ ਕਰੋ ਤੁਸੀਂ ਕੀ ਟੋਲਦੇ ਹੋ ਅਸੀਂ ਬੀ ਸਹੈਤਾ ਕਰੀਏ?" ਪਰ ਇਸ ਦੇ ਨੇਤਰਾਂ ਵਿਚੋਂ ਬੀ ਅੰਝੂ ਕਿਰ ਰਹੇ ਸਨ ਤੇ ਆਪ ਕਹਿ ਰਹੇ ਸਨ: "ਬੇਬੇ ਕਦੇ ਨਹੀਂ ਭੁੱਲੀ, ਬੇਬੇ ਕਦੇ ਨਹੀਂ ਭੁੱਲੀ। " ਮੇਰੀ ਗੱਲ ਉਹਨਾਂ ਨੇ ਨਾ ਸੁਣੀ ਅਰ ਆਪਣੀ ਧੁਨ ਵਿਚ ਰਹੇ। ਜਾਂ ਮੈਂ ਘਰ ਆਈ ਤਾਂ ਅੱਗੇ ਮਾਂ ਰੋ ਰਹੀ ਸੀ। ਮੈਂ ਆਕੇ ਪੁਛਿਆ: 'ਅੰਮੀਂ ? ਕਿਉਂ ਰੋਂਦੀ ਹੈਂ?' ਕਹਿਣ ਲੱਗੀ 'ਕਾਕੀ ! ਮੈਂ ਬੀ ਵਹਿਮਣ ਹੋ ਗਈ ਹਾਂ' ਮੇਰਾ ਅੱਜ ਕਲੇਜਾ ਤੜਫ ਰਿਹਾ ਹੈ ਕਿ ਤੇਰੇ 'ਪਿਆਰੇ ਦੇ ਪਿਆਰੇ ਦੇ ਦਰਸ਼ਨ ਕਦੋਂ ਹੋਣਗੇ ਅਰ ਮੈਨੂੰ ਉਦਾਸ ਦੇਖਕੇ ਤੇਰੇ ਬਾਪੂ ਜੀ ਬੀ ਅੱਜ ਪਹਿਲਾ ਦਿਨ ਹੈ ਕਿ ਏਸੇ ਤਾਂਘ ਵਿਚ ਘਰੋਂ ਰੋ ਕੇ ਗਏ ਹਨ। ਦੇਖ ! ਤੇਰੇ ਵੀਰ ਜੀ ਦੀਆਂ ਅੱਖਾਂ ਬੀ ਅੱਜ ਕਿਸ ਤਰ੍ਹਾਂ ਤ੍ਰਬ੍ਰਕ ਤ੍ਰਬ੍ਰਕ ਤੱਕਦੀਆਂ ਹਨ'। ਵੀਰ ਨੇ ਮੈਨੂੰ ਦੇਖਕੇ ਬਾਹਾਂ ਉੱਚੀਆਂ ਕੀਤੀਆ, ਮੈਂ ਚੁੱਕਕੇ ਗਲ ਲਾ ਲਿਆ ਤੇ ਆਖਿਆ: 'ਪਿਆਰੇ ਵੀਰ ! ਤੂੰ ਦੱਸ ਖਾਂ ਜਿਨ੍ਹਾਂ ਨੇ ਤੈਨੂੰ ਘੱਲਿਆ ਹੈ, ਉਹ ਕਦੋਂ ਆਉਣਗੇ?' ਨਿਆਣਾ ਭੋਲਾ ਵੀਰ ਮੇਰੀ ਵੱਲ ਤੱਕ ਕੇ ਉਪਰ ਤੱਕਿਆ, ਕੁਛ ਮੁਸਕ੍ਰਾਇਆ ਤੇ ਫੇਰ ਰੋ ਪਿਆ। ਮੈਂ ਕਿਹਾ: 'ਹੇ ਮੇਰੇ ਮਨ ! ਅੱਜ ਕੀਹ ਹੈ? ਮੈਂ ਸਵੇਰ ਦੀ ਰੋ ਰੋ ਕੇ ਜਲਹਾਰ ਹੋ ਗਈ ਹਾਂ, ਖੁਸ਼ ਰਹਿਣੀ ਮਾਂ ਰੋ ਰਹੀ ਹੈ ਅਤੇ ਪਿਤਾ ਜੀ ਦੇ ਉਮਰਾ ਵਿਚ ਪਹਿਲੇ ਦਿਨ ਨੈਣ ਕਿਰੇ ਹਨ, ਇਹ ਮਸੂਮ ਬੱਚਾ ਬੀ ਰੋਂਦਾ ਹੈ'। ਆਮੁਹਾਰੇ ਮੇਰਾ ਕਲੇਜਾ ਚੀਰਕੇ ਇਕ ਸੁਰ ਨਿਕਲੀ, ਮੈਂ ਰੋਈ ਅਰ ਇਸ ਦਰਦ ਨਾਲ ਗਾਂਵੀਂ ਕਿ ਮਹਿਲ ਦੇ ਸਾਰੇ ਵਾਸੀ ਰੋ ਪਏ:-

> ਨੈਣਾਂ ਛਹਿਬਰ ਲਾਈ ਪਜਾਰੇ ! ਤਾਂਘ ਕਰਦੇ ਹਾਰੇ। ਸਿੱਕਾਂ ਸਿਕਦਿਆਂ ਆਹ ਦਿਨ ਆਏ, ਹੁਣ ਤਾਂ ਮੋੜ ਮੁਹਾੜੇ। ਆ ਪਜਾਰੇ ਸਿਕ ਲਾਹ ਅਸਾਡੀ ਖੁੱਲ੍ਹੇ ਦੇਹ ਦਿਦਾਰੇ, ਭੁੱਲਾਂ ਮਾਰੇ ਅਵਗੁਣਿਆਰੇ ਕੂਕਣ ਢੱਠੇ ਦੁਆਰੇ॥

ਅੱਜ ਸਾਰਾ ਦਿਨ ਏਸੇ ਤਰ੍ਹਾਂ ਲੰਘ ਗਿਆ, ਪਰ ਉਂਵ ਮੇਰੇ ਅੰਦਰ ਠੰਢ ਅਰ ਸੁਖ ਸੀ। ਇਕ ਸੁਖ ਸੀ, ਇਸ ਸੁਖ ਵਿਚ ਯਾਦ ਠਾਠਾਂ ਮਾਰਦੀ ਸੀ, ਇਨ੍ਹਾਂ ਠਾਠਾਂ ਵਿਚੋਂ ਇਕ ਐਸੀ ਤਾਂਘ ਉਠਦੀ ਸੀ ਕਿ ਨੇਤਰਾਂ ਵਿਚ ਛਮਾਂ ਛਮ ਝੜੀ ਲਗਕੇ ਫੇਰ ਚੁਪ, ਸ਼ਾਂਤ ਸੁਖ, ਵਧੀਕ ਠੰਢ ਤੇ ਰਸ ਬਝ ਜਾਂਦਾ ਸੀ, ਫੇਰ ਬਿਜਲੀ ਦੀ ਤਰ੍ਹਾਂ ਤਾਂਘ ਦਾ ਥਰਾਟਾ ਵੱਜਦਾ ਸੀ ਅਰ ਲੂੰ ਕੰਡੇ ਹੋਕੇ

ਸਿਰ ਤੋਂ ਹੇਠਾਂ ਕੁਛ ਉਤਰਦਾ ਸੀ ਜੋ ਨੇਤਰਾਂ ਤੋਂ ਟੱਪ ਟੱਪ ਡਿੱਗਦਾ ਸੀ। ਸੰਝ ਹੋ ਗਈ ਅਰ ਮੈਂ ਅਜ ਬਨ ਬੀ ਨਹੀਂ ਗਈ, ਸਿਖਰ ਛੱਤ ਤੇ ਚੰਦ ਦੀ ਚਾਂਦਨੀ ਤੇ ਮਿੱਠੀ ਮਿੱਠੀ ਪੌਣ ਵਿਚ ਏਸੇ ਹਾਲ ਹੀ ਬੈਠੀ ਰਹੀ। ਰਾਤ ਡੂੰਘੀ ਹੋ ਗਈ। ਭਿੰਨੀ ਰੈਣ ਤੇ ਤ੍ਰੇਲ ਦੀ ਫੁਹਾਰ ਪਵੇ। ਧੋਤੇ ਅਕਾਸ਼ ਵਿਚ ਤਾਰਾ ਮੰਡਲ ਨਾਲ ਛਟਕੀ ਸਰਦ ਚਾਂਦਨੀ ਨਾਲ ਠੰਢੀ ਰਾਤ ਉਸ ਤਾਂਘ ਵਿਚ ਨੀਂਦ ਨੂੰ ਨੇੜੇ ਨਾ ਆਉਣ ਦੇਵੇ। ਮੈਂ ਬੈਠੀ ਰਹੀ ਏਸੇ ਸੁਖ ਤੇ ਵੈਰਾਗ ਵਿਚ, ਪਹਿਰ ਲੱਗੇ ਲੰਘਣ। ਕਦੇ ਅਨੰਦ ਦਾ ਝੋਕਾ, ਕਦੇ ਪ੍ਰੇਮ ਦਾ ਹੁਲਾਰਾ, ਕਦੇ ਸ਼ਾਂਤੀ ਦਾ ਠਹਿਰਾਉ, ਕਦੇ ਚਾਹ ਤੇ ਕਦੇ ਚਾਉ, ਕਦੇ ਰੋੜ੍ਹ, ਤਦੇ ਪਤਾ ਲੱਗਾ ਜਾਂ ਸਵੇਰਾ ਹੋ ਗਿਆ। ਕਿਸੇ ਨੇ ਹੇਠੋਂ ਆਕੇ ਆਖਿਆ:-ਇਕ ਫਕੀਰ ਆਇਆ ਖੜਾ ਹੈ, ਆਖਦਾ ਹੈ: "ਖਬਰ ਦਿਓ ਜੋ ਤੁਹਾਡੇ 'ਪਿਆਰੇ ਦਾ ਪਿਆਰਾ' ਮੈਂ ਆ ਗਿਆ ਹਾਂ"। ਅੰਮੀ ਇਹ ਸਾਰ ਲੈਕੇ ਮੇਰੇ ਪਾਸ ਭੱਜੀ ਆਈ ਤੇ ਕਹਿਣ ਲੱਗੀ: 'ਉੱਠ ਕਾਕੀ ! ਪਿਆਰੇ ਦਾ ਪਿਆਰਾ ਆ ਗਿਆ ਹੈ।' ਮੈਂ ਸੁਣਕੇ ਉੱਠ ਨਾ ਸੱਕੀ, ਪੁਛਿਆ: 'ਕਿੱਥੇ ਹੈ?' ਮਾਂ ਕਹਿਣ ਲੱਗੀ "ਹੇਠ ਖੜਾ ਹੈ ਤੇ ਸੁਨੇਹਾ ਭੇਜਿਆ ਸੁ ਕਿ 'ਮੈਂ ਆ ਗਿਆ ਹਾਂ', ਚੱਲ ਆਪ ਟੁਰਕੇ ਲਿਆਈਏ। " ਮੈਂ ਹੱਸ ਪਈ ਤੇ ਆਖਿਆ: 'ਅੰਮੀਏਂ! ਕੋਈ ਕੰਗਲਾ ਮਖ਼ੌਲ ਕਰਦਾ ਹੈ ਯਾ ਕੋਈ ਛਲੀਆ ਸਾਨੂੰ ਛਲਦਾ ਹੈ। ਭਲਾ ਸ਼ਾਹਨਸ਼ਾਹ ਬੀ ਕਦੇ ਐਸ ਤਰ੍ਹਾਂ ਆਉਂਦੇ ਹਨ ? ਅੰਮੀਏਂ ! ਉਹ ਬੂਹੇ ਤੇ ਕਦ ਅਟਕਦੇ ਹਨ? ਜੋ ਕਲੇਜੇ ਚੀਰਕੇ ਅੰਦਰ ਲੰਘ ਜਾਂਦੇ ਹਨ, ਉਨ੍ਹਾਂ ਨੂੰ ਦਰਬਾਨ ਕੀ ਰੋਕ ਸਕਦੇ ਹਨ? ਫੇਰ ਮੈਨੂੰ ਧੂਹ ਨਹੀਂ ਪੈਂਦੀ, ਆਪੇ ਮੇਰੇ ਕਦਮ ਬੇਵਸੇ ਹੋ ਨਹੀਂ ਉਠ ਨੱਸੇ। ਪਿਆਰਾ ਤਾਂ ਚੁੰਬਕ ਵਾਂਙੂ ਧੂਹੇਗਾ।' ਮਾਂ ਹਰਜਾਨ ਹੋ ਕੇ ਬੋਲੀ 'ਕਾਕੀ ਟਪਲਾ ਨਾ ਲੱਗੇ।' ਮੈਂ ਕਿਹਾ : 'ਜਾਹ ਪੁੱਛ ਭੇਜਸੁ ਕਿ ਨਾਉਂ ਕੀ ਹੈ ਤੇ ਕੀ ਚਾਹੁੰਦਾ ਹੈ?' ਟਹਿਲਣ ਗਈ ਤੇ ਖ਼ਬਰ ਲਿਆਈ ਕਿ ਉਹ ਆਪਣਾ ਨਾਉਂ 'ਵਾਹਿਗੁਰੂ' ਦੱਸਦਾ ਹੈ ਤੇ ਆਖਦਾ ਹੈ 'ਤਾਰਨ ਆਏ ਹਾਂ'। । ਮੈਂ ਕਿਹਾ: 'ਜਾਹ ਉਸ ਨੂੰ ਕਹੁ ਕਿ ਆਖਦੇ ਹਨ: ਅਜੇ ਵਿਹਲ ਨਹੀਂ ਹੈ। ਡਿਉਢੀ ਵਿਚ ਬੈਠੋ; ਚਾਰ ਘੜੀਆਂ ਨੂੰ ਹੇਠਾ ਆਉਣਗੇ।' ਇਹ ਸੁਨੇਹਾ ਸੁਣਕੇ ਉਹ ਉਡੀਕਣ ਬਹਿ ਗਿਆ, ਅਸਾਂ ਰੋਟੀ ਭੇਜੀ ਉਸ ਖਾ ਲਈ, ਅਸਾਂ ਪੰਜ ਮੁਹਰਾਂ ਘੱਲੀਆਂ ਉਸ ਲੈ ਲਈਆਂ, ਫੇਰ ਅਸਾਂ ਕਹਾ ਭੇਜਿਆ: ਕਿ ਅੱਜ ਨਹੀਂ ਕੱਲ ਆਉਣ। ਇਹ ਸੁਣਕੇ ਉਹ ਸਤਿ ਬਚਨ ਕਹਿਕੇ ਟੁਰ ਗਿਆ। ਹੁਣ ਮਾਂ ਵੀ ਹੱਸ ਪਈ ਤੇ ਕਹਿਣ ਲੱਗੀ: ਬਚੀਏ ! ਤੇਰੀ ਖਿੱਚ ਦੀ ਤਾਰ ਸੱਚੀ ਹੈ। ਜੋ ਤੈਨੂੰ ਪਿਆਰੇ ਦੀ ਸੋਝੀ ਪਾ ਰਹੀ ਹੈ। ਇਹ ਦੋ ਘੜੀ ਦਾ ਤਮਾਸ਼ਾ ਸੀ, ਪਰ ਮੈਨੂੰ ਗੁੱਸਾ ਆਉਂਦਾ ਸੀ ਕਿ ਇਸ ਛਲੀਏ ਨੂੰ ਕੈਦ ਪਾ ਦਿਆਂ, ਪਰ ਫੇਰ ਆਖਦੀ ਸਾਂ, ਦੋਸ਼ ਮੇਰਾ ਹੈ। ਜੋ ਮੇਰੇ ਵਾਂਙੂ ਕਿਸੇ ਇਕ ਅਣਡਿੱਠੀ ਖਿੱਚ ਵਿਚ ਰੁੜ੍ਹਦੇ ਹਨ, ਉਹਨਾਂ ਨੂੰ ਕੌਣ ਮਖ਼ੌਲ ਨਹੀਂ ਕਰਦਾ ਤੇ ਕੌਣ ਉਹਨਾਂ ਤੋਂ ਆਪਣਾ ਮਤਲਬ ਸਾਧਣ ਦੇ ਹੀਲੇ ਬਹਾਨੇ ਨਹੀਂ ਕਰਦਾ।

ਦੁਪਹਿਰੇ ਪਿਤਾ ਜੀ ਆਏ ਤਾਂ ਖ਼ਬਰ ਲਿਆਏ ਕਿ ਉਹ ਕੋਈ ਰਮਤਾ ਸਾਧ ਸੀ, ਏਥੇ ਆਕੇ ਕਿਸੇ ਟਹਿਲਣ ਤੋਂ ਤੁਹਾਡੀ ਕਥਾ ਸੁਣਕੇ ਛਲ ਖੇਡਿਆ ਸੁ। ਜਿਸ ਸਰਾਂ ਵਿਚ ਉਤਰਿਆ ਹੈ, ਓਥੋਂ ਦਾ ਸਰਦਾਰ ਆਕੇ ਸਾਰੀ ਸੂੰਹ ਦੇ ਗਿਆ ਹੈ ਅਰ ਹੁਣ ਉਹ ਹਵਾਲਾਤ ਵਿਚ ਹੈ। ਅੰਮੀ ਮੇਰੇ ਗਲ ਲੱਗ ਕੇ ਕਹਿਣ ਲੱਗੀ: 'ਵਹਿਮਣ ਕੁੜੀਏ ! ਤੂੰ ਪਿਆਰੇ ਦੇ ਪਿਆਰੇ ਨੂੰ ਜ਼ਰੂਰ ਮਿਲੇਂਗੀ'। ਮੇਰੀਆਂ ਹੁਣ ਚੀਕਾਂ ਨਿਕਲ ਗਈਆਂ ਅਰ ਪਿਆਰੇ ਦੇ ਪਿਆਰੇ ਨੂੰ ਮਿਲਣ ਦੀ ਤਾਂਘ ਹੋਰ ਭੜਕ ਉੱਠੀ। ਉਸ ਠੱਗ ਨੂੰ ਤਾਂ ਮੈਂ ਛੁਡਾ ਦਿੱਤਾ, ਪਰ ਘਰ ਵਿਚ, ਲੱਗੀਆਂ ਉਡੀਕਾਂ ਤੇ ਦਰਸ਼ਨ ਦੀ ਖਿੱਚ ਦੀਆਂ ਗੱਲਾਂ ਹੋਣ ! ਸਾਰਾ ਦਿਨ ਅਸੀਂ ਸਾਰੇ ਵਿਰਾਗੀ ਬੈਠੇ ਇਹੋ ਜਿਹੀਆਂ ਵਾਰਤਾ ਕਰਦੇ ਰਹੇ। ਜਾਂ ਸੂਰਜ ਲੱਗਾ ਅੰਦਰ ਬਾਹਰ ਹੋਣ ਤਾਂ ਮੈਂ ਬਨ ਨੂੰ ਗਈ। ਇਸ ਵੇਲੇ ਦੋ ਆਦਮੀ ਹੋਰ ਡਿੱਠੇ ਜੋ ਇਕ ਰੁੱਖ ਦੇ ਹੇਠਾਂ ਬੈਠੇ ਗਾਉਂ ਰਹੇ ਸਨ। ਇਨ੍ਹਾਂ ਦਾ ਗਾਉਣਾ ਬਹੁਤ ਖਿੱਚਣ ਵਾਲਾ ਸੀ, ਅਰ ਜੋ ਗਾਉਂਦੇ ਸਨ ਸੋ ਇਹ ਸੀ:-

[੧]ਮਨਹੁ ਨ ਨਾਮੁ ਵਿਸਾਰਿ ਅਹਿਨਿਸਿ

[੧] ਇਹ ਸ਼ਬਦ ਸੂਹੀ ਮਹਲਾ ੧ ਵਿਚ ਹੈ।

ਧਿਆਈਐ ॥ ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥ ੧ ॥ ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥ ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥ ੧ ॥ ਰਹਾਉ ॥ ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ ॥ ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ ॥ ੨ ॥ ਸੇਵੀ ਸਤਿਗੁਰ ਭਾਇ ਨਾਮੁ ਨਿਰੰਜਨਾ ॥ ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ ॥ ੩ ॥ ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ ॥ ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ ॥ ੪ ॥ ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ ॥ ਆਪੇ ਥਾਪਿ ਉਥਾਪਿ ਸਬਦਿ ਨਿਵਾਜਿਆ ॥ ੫ ॥ ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ ॥ ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ ॥ ੬ ॥ ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ ॥ ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ ॥ ੭ ॥ ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ॥ ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥ ੮ ॥ ੩ ॥ ੫ ॥ -੭੫੨

ਮੈਂ ਜਿਥੇ ਖੜੀ ਸਾਂ ਬੈਠ ਗਈ। ਏਹ ਗਾਉਣਾ ਬੀ ਬੰਦ ਹੋ ਗਿਆ, ਪਰ ਮੈਂ ਹਿੱਲ ਨਾ ਸਕੀ। ਤਦੇ ਹਿੱਲੀ ਜਾਂ ਏਹ ਦੋਵੇਂ ਮਨੁੱਖ, ਜੋ ਡਾਢੇ ਠੰਢੇ ਤੇ ਸੁਖੀ ਲੱਗਦੇ ਸਨ, ਆਏ ਤੇ ਪੁੱਛਣ ਲੱਗੇ: 'ਕਾਕੀ ! ਤੂੰ ਕਿਸੇ ਰਿਖੀ ਦੀ ਦੇਵੀ ਹੈਂ ਅਰ ਇਸ ਬਨ ਵਿਚ ਤਪ ਕਰਦੀ ਹੈਂ?" ਮੈਂ ਕਿਹਾ: 'ਜੀ ਨਹੀਂ, ਮੈਂ ਤਾਂ ਸਾਧਣੀ ਨਹੀਂ ਹਾਂ।'

'ਭਲਾ ਕੋਈ ਸੰਤ ਏਥੇ ਆਏ ਹਨ?"

ਮੈਂ ਕਿਹਾ: 'ਜੀ ਨਹੀਂ।'

'ਭਲਾ ਕੀਹ ਇਹ ਓਹੋ ਬਨ ਹੈ ਜਿਥੇ ਪੰਜ ਛੇ ਬਰਸ ਹੋਏ ਤਾਂ ਇਕ ਪਰਦੇਸੀ ਨੂੰ ਰਾਜ ਕੰਨਿਆਂ ਭੁਲੇਵੇਂ ਸਿਰ ਮਾਰ ਬੈਠੀ ਸੀ?'

ਮੈਂ ਕੰਬੀ, ਨੈਣ ਭਰ ਆਏ; ਸਿਰ ਨੀਵਾਂ ਕਰਕੇ ਉਛਲਦੇ ਕਲੇਜੇ ਮੈਂ ਕਿਹਾ: 'ਜੀ ਹਾਂ, ਪਰ ਤੁਸੀਂ ਹੁਕਮ ਕਰੋ ਕੀਹ ਚਾਹੀਦਾ ਹੈ?' 'ਹੋਰ ਲੋੜ ਨਹੀਂ' ਕਹਿਕੇ ਉਹ ਤੁਰ ਗਏ, ਮੈਂ ਮਠ ਵਿਚ ਜਾਕੇ ਬੈਠ ਗਈ। ਪਿਛਲੀ ਯਾਦ ਨੇ ਅਜ ਬੜਾ ਰੁਆਇਆ। ਇਹ ਬੀ ਸਮਝ ਨਾ ਪਵੇ ਕਿ ਏਹ ਤ੍ਰੈ ਆਦਮੀ ਕੀਹ ਪੁੱਛਦੇ ਸਨ, ਕੌਣ ਸਨ ਅਰ ਕੀਹ ਟੋਲਦੇ ਸਨ ? ਰਾਤ ਬਹੁਤ ਲੰਘ ਗਈ ਮੈਨੂੰ ਸੁੱਧ ਨਹੀਂ ਰਹੀ, ਕਿਤੋਂ ਇਹ ਅਵਾਜ਼ ਆ ਰਹੀ ਸੀ:-

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥ (ਸੂਹੀ ਮਹਲਾ ੧

ਮੈਂ ਅੱਜ ਘਰ ਜਾਣਾ ਬੀ ਭੁੱਲ ਗਈ ਸਾਂ। ਬਾਪੂ ਜੀ ਨੂੰ ਫਿਕਰ ਪੈ ਗਿਆ; ਡੋਲੀ ਗੋਲੀਆਂ ਤੇ ਅਸਵਾਰੀ ਮਸਾਲਾਂ ਨਾਲ ਲੈਕੇ ਮੈਨੂੰ ਢੂੰਡਦੇ ਘਰ ਲੈ ਜਾਣ ਵਾਸਤੇ ਆਏ। ਮੇਰੇ ਤੋਂ ਬਿਨਾਂ ਜਾਣੇ ਕੁਛ ਮਨੁੱਖ ਪਿਤਾ ਜੀ ਦੇ ਹੁਕਮ ਵਿਚ ਮੈਥੋਂ ਦੂਰ ਦੂਰ ਰਹਿਕੇ ਮੇਰੀ ਰਖਯਾ ਕਰਿਆ ਕਰਦੇ ਸਨ, ਓਹ ਮੈਨੂੰ ਬਨ ਵਿਚ ਇਕੱਲਿਆਂ ਛੱਡਕੇ ਡੇਰੇ ਨਹੀਂ ਸਨ ਗਏ, ਰਾਤ ਪੈ ਜਾਣ ਕਰਕੇ ਨੇੜੇ ਨੇੜੇ ਲੁਕਕੇ ਰਾਖੀ ਕਰ ਰਹੇ ਸਨ। ਮੈਂ ਹੁਣ ਘਰ ਗਈ ਤੇ ਤਾਂਘਾਂ ਨੇ ਹੋਰ ਤਿੱਖਾ ਰੰਗ ਫੜ ਲਿਆ। ਨਵੇਂ ਮਿਲੇ ਲੋਕਾਂ ਦਾ ਹਾਲ ਮੈਂ ਮਾਤਾ ਪਿਤਾ ਨੂੰ ਦੱਸਿਆ। ਅਸੀਂ ਸਾਰੇ ਸੋਚਾਂ ਤੇ ਤਾਂਘਾਂ ਵਿਚ ਸਾਂ।

ਰਾਤ ਅਸੀਂ ਤ੍ਰੈਏ ਜਣੇ ਏਹ ਤੁਕਾਂ ਪਜਾਰ ਨਾਲ ਪੜ੍ਹਦੇ ਰਹੇ। ਤੜਕਸਾਰ ਮੈਂ ਮਠ ਨੂੰ ਆਈ, ਮੇਰੀ ਅੰਮੀਂ ਜੀ ਤੇ ਬਾਪੂ ਜੀ ਬੀ ਨਾਲ ਆਏ ਜੋ ਉਹ ਬਨ ਵਿਚ ਨਵੇਂ ਆਏ ਮਨੁੱਖਾਂ ਦੇ ਮਨੋਹਰ ਗੌਣ ਸੁਣਨ। ਅੱਗੇ ਮੇਰੇ ਮਠ ਤੋਂ ਜ਼ਰਾ ਕੁ ਪਰੇ ਵਾਰ ਚਾਰ ਮਨੁੱਖ ਖੜੇ ਉੱਤਰ ਵੱਲ ਤੱਕ ਰਹੇ ਸਨ ਅਰ ਏਹ ਗਾਉਂ ਰਹੇ ਸਨ:-

ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ

ਘਰਿ ਸਾਜਨ ਆਏ ॥ ੧ ॥[1] -੭੬੪

ਅਸੀਂ ਪੱਥਰ ਦੀਆਂ ਮੂਰਤਾਂ ਵਾਂਙੂ ਖੜੇ ਦੇ ਖੜੇ ਰਹਿ ਗਏ ! ਜਾਂ ਅੱਖਾਂ ਖੋਲ੍ਹੀਆਂ ਤਾਂ ਏਹ ਚਾਰੇ ਮੂਰਤਾ ਗ਼ੈਬ ਸਨ। ਅਸੀਂ ਮਠ ਦੇ ਬਾਹਰ ਥੜੇ ਤੇ ਆ ਬੈਠੇ। ਪਲ ਕੁ ਮਗਰੋਂ ਮੇਰੇ ਕਲੇਜੇ ਨੂੰ ਅਤਿ ਧ੍ਰੂ ਪਈ; ਐਉਂ ਕਿ ਜਿਵੇਂ ਮੁੱਠ ਭਰਕੇ ਕੋਈ ਕੱਢ ਲਿਜਾਂਦਾ ਹੈ ! ਸਰੀਰ ਝੂਠਾ ਹੋ ਗਿਆ, ਓਪਰਾ ਹੋ ਗਿਆ। 'ਮੈਂ ਸਰੀਰ ਨਹੀਂ' ਇਸ ਵੇਲੇ ਮੈਨੂੰ ਦਿੱਸਿਆ, ਪਰਤੱਖ ਹੋ ਗਿਆ ਕਿ 'ਮੈਂ ਸ਼ਰੀਰ ਨਹੀਂ ਹਾਂ।' ਮੇਰੇ ਅੰਦਰੋਂ ਬੇਵਸੇ ਨਿਕਲ ਗਿਆ 'ਅੰਮੀਂ ! ਪਿਆਰੇ ਦਾ ਪਿਆਰਾ ਆ ਗਿਆ', ਤਾਂ ਫੇਰ ਮੇਰੇ ਨੇਤ੍ਰ ਬੰਦ ਹੋ ਗਏ, ਹੋਸ਼ ਨਹੀਂ ਰਹੀ, ਪਤਾ ਨਹੀਂ ਕੀਹ ਵਰਤਿਆ ? ਮਾਂ ਪਿਉ ਨੂੰ ਮੈਂ ਤ੍ਰਬ੍ਰਕਦੇ ਡਿੱਠਾ ਹੈ, ਫੇਰ ਪਤਾ ਨਹੀਂ ਕੀਹ ਹੋਇਆ !

ਜਾਂ ਮੇਰੀ ਅੱਖ ਖੁੱਲ੍ਹੀ ਮੇਰਾ ਸਿਰ ਕਿਸੇ ਡਾਢੇ ਹੀ ਪਿਆਰੇ ਚਰਨਾਂ ਤੇ ਪਿਆ ਸੀ, ਮੇਰੇ ਨੈਣ ਉਨ੍ਹਾਂ ਤੇ ਹੰਝੂ ਕੇਰ ਰਹੇ ਸਨ, ਮੇਰੇ ਸਿਰ ਤੇ ਕੋਈ ਹੱਥ ਫਿਰ ਰਿਹਾ ਸੀ ਜੋ ਅਤਿ ਸੁਖ ਦੇ ਰਿਹਾ ਸੀ, ਮੇਰਾ ਜੀ ਇੰਨਾ ਸੁਖੀ ਸੀ ਕਿ ਸਿਰ ਨਹੀਂ ਚੁੱਕ ਸਕਦੀ ਸਾਂ। ਇਸ ਡੂੰਘੇ ਪਿਆਰ ਵਾਲੇ ਹੱਥ ਨੇ ਮੇਰਾ ਸਿਰ ਚੁੱਕਿਆ; ਜਾਂ ਮੈਂ ਨਜ਼ਰ ਭਰਕੇ ਮੁਖੜੇ ਵਲ ਤੱਕਿਆ ਤਾਂ ਉਹ ਇਕ ਲਿਸ਼ਕਾਰਾ ਵੱਜਾ ਕਿ ਬਿਜਲੀ ਵਾਲੀ ਚਕਾਚੂੰਧ ਹੋ ਗਈ। ਮੇਰਾ ਸਿਰ ਫੇਰ ਢਹਿ ਪਿਆ ਤੇ ਚੀਕ ਵਾਂਙੂ ਦੁਹਾਈ ਨਿਕਲ ਗਈ 'ਪਿਆਰੇ ਦਾ ਪਿਆਰਾ'।

ਉਸ ਸੁਖ ਆਨੰਦ ਵਾਲੇ ਹੱਥਾਂ ਨੇ ਮੈਨੂੰ ਫੇਰ ਚੁੱਕਿਆ, ਮੈਨੂੰ ਬਿਠਾਯਾ। ਮੈਂ ਫੇਰ ਚਿਹਰੇ ਵਲ ਨਹੀਂ ਤੱਕ ਸਕੀ। ਅੰਮੀ ਨੇ ਕਿਹਾ: 'ਕਾਕੀ ! ਪਿਆਰੇ ਦੇ ਪਿਆਰੇ ਜੀ ਆ ਗਏ, 'ਤੱਕ'।

ਮੈਂ ਕੀਹ ਤੱਕਾਂ ! ਕੌਣ ਆ ਗਏ ? ਪਿਆਰੇ ਦੇ ਪਿਆਰੇ ਆਏ ਕਿ ਮੇਰੇ ਪ੍ਰਾਣ ਆ ਗਏ, ਜਿੰਦ ਆ ਗਈ, ਆਤਮਾਂ ਆ ਗਿਆ। ਪਹਿਲਾ ਖਿਆਲ ਉਹਨਾਂ ਪਵਿੱਤ੍ਰ ਤੇ ਪ੍ਰੇਮ ਭਰੇ ਹੱਥਾਂ ਵਿਚ ਮੈਨੂੰ ਇਹ ਫੁਰਿਆ ਕਿ ਇਹ 'ਪਿਆਰੇ ਦਾ ਪਿਆਰਾ' ਪਿਆਰਾ ਹੈ ਕਿ ਪਿਆਰ ਆਪ ਹੈ। ਮੇਰੇ ਨੈਣਾਂ ਵਿਚ ਫੇਰ ਜਲ ਭਰ ਆਯਾ, ਸਿਰ ਫਿਰ ਚਰਨਾਂ ਤੇ ਢਹਿ ਪਿਆ, ਪਰ ਉਹ ਮੈਨੂੰ ਸਿਰ ਤੇ ਹੱਥ ਫੇਰ ਫੇਰ ਕੇ ਪਿਆਰ ਕਰਦੇ ਸੀ। ਮੈਂ ਕਿਹਾ ਏਹ ਸੱਚ ਮੁੱਚ ਮੇਰੇ ਪਿਆਰੇ ਨੂੰ ਪਿਆਰ ਕਰਦੇ ਸਨ ਜੋ ਉਸ ਪਿਛੇ ਮੇਰੇ ਨਾਲ ਐਡਾ ਸੁਹਣਾ ਪਿਆਰ ਕਰਦੇ ਹਨ। ਮੈਂ ਉਸ ਵੇਲੇ ਕੀ ਕਰਾਂ? ਕੁਛ ਨਾ ਅਹੁੜੇ। ਸਰੀਰ ਕੱਟਾਂ? ਟੋਟੇ ਟੋਟੇ ਕਰਾਂ ਤੇ ਵਾਰ ਵਾਰ ਕੇ ਅੱਗ ਵਿਚ ਸਿੱਟੀ ਜਾਵਾਂ, ਮਨ ਤਨ ਸਦਕੇ ਕਰਾਂ ? ਜੋ ਹੋਵੇ ਸੋ ਲੁਟਾ ਦਿਆਂ ? ਮੈਂ ਧੰਨੀ ਹੋ ਗਈ, ਮੈਂ ਜੋ ਪਾਪਣ ਤੇ ਖ਼ੂਨ ਕਰਨ ਵਾਲੀ ਸਾਂ ਮੈਂ ਪਿਆਰੀ ਜਾ ਰਹੀ ਹਾਂ। ਜਿਨ੍ਹਾਂ ਦੇ ਪਿਆਰੇ ਨੂੰ ਮੈਂ ਤੀਰ ਨਾਲ ਮਾਰਿਆ ਉਹ ਆਕੇ ਮੈਨੂੰ ਪਿਆਰ ਕਰ ਰਹੇ ਹਨ। ਅਚਰਜ ਸੀ ਕਿ ਅਤਿ ਅਚਰਜ !

ਮੈਂ ਰੋ ਕੇ ਆਖਿਆ: 'ਹੇ ਮੇਰੇ ਪਿਆਰੇ ਦੇ ਪਿਆਰੇ।' ਪਰ ਸੰਘ ਰੁਕ ਗਿਆ ਅਰ ਢੇਰ ਚਿਰ ਮੈਂ ਰੋਂਦੀ ਰਹੀ। ਫੇਰ ਹੰਭਲਾ ਮਾਰਕੇ ਮੈਂ ਬੋਲੀ; ਪਰ ਸੰਘ ਫੇਰ ਰੁਕ ਗਿਆ। ਇਸ ਵੇਲੇ ਕੋਈ ਇਲਾਹੀ ਰਾਗ ਛਿੜ ਪਿਆ ਤੇ ਇਹ ਧੁਨਿ ਹੋਈ:-

> ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ॥ ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥

(ਸੂਹੀ ਮ: ੧)

ਜਾਂ ਇਹ ਧੁਨਿ ਬੰਦ ਹੋਈ ਤਾਂ ਅੰਮੀ ਨੇ ਟੁੰਬਕੇ ਮੈਨੂੰ ਆਖਿਆ: 'ਕਾਕੀ ! 'ਪਿਆਰੇ ਦੇ ਪਿਆਰੇ' ਜੀ ਦੀ ਖ਼ਾਤਰ ਕਰੋ। ਦੂਰ ਤੋਂ ਆਏ ਹਨ: ਇਸ਼ਨਾਨ, ਜਲ ਅੰਨ!" ਇਹ ਸੁਣਕੇ ਮੇਰਾ ਕਲੇਜਾ ਫੇਰ ਕੰਬਿਆ, ਹਾਇ ਮੈਂ ਸਦਾ ਭੁੱਲਦੀ ਹੀ ਰਹੀ, ਮੈਂ ਹੁਣ ਵੀ ਆਪਣੇ ਸੁਆਦ ਵਿਚ ਹੀ ਪਈ ਹਾਂ, ਪਿਆਰੇ ਜੀ ਦੇ ਸੁਖ ਵਲ ਧਿਆਨ ਨਹੀਂ ਦਿੱਤਾ। ਦਿਲ ਨੂੰ ਘਾਟ ਪੈਕੇ ਕਲੇਜਾ ਕੜੱਕ ਕਰਕੇ ਟੁੱਟਾ ਅਰ ਮੈਂ ਗ਼ਸ਼ ਖਾਕੇ ਧੜੰਮ ਕਰਕੇ ਡਿੱਗ ਪਈ। ਮੇਰੀ, ਬੇਸੁਧੀ ਤੋਂ ਜਦ ਹੋਸ਼ ਆਈ ਤਾਂ ਇਹ ਅਵਾਜ਼ ਕਲੇਜਾ ਪਾੜਕੇ ਨਿਕਲੀ, "ਹੇ ਪਾਪੀਆਂ

[1] ਰਾਗ ਸੂਹੀ ਮਹਲਾ ੧ ਛੰਤੁ ਘਰ ੨।

ਨੂੰ ਪਿਆਰ ਕਰਨ ਵਾਲੇ ! ਹੇ ਅਪਰਾਧੀਆਂ ਨੂੰ ਤਾਰਨ ਵਾਲੇ ! ਹੇ ਖੂਨੀਆਂ ਨੂੰ ਪਿਆਰ ਨਾਲ ਸੱਚਾ ਕਰਨ ਵਾਲੇ ! ਹੇ ਆਪਣੇ ਸੁਖ ਮੰਦਰਾਂ ਨੂੰ ਛੱਡ ਕੇ ਬਨਾਂ ਵਿਚ ਕੀੜੇ ਤੇ ਕਿਰਮਾਂ ਤੇ ਮਿਹਰ ਕਰਨ ਵਾਲੇ! ਹੇ ਸੁਧੇ ਪਿਆਰ ਤੇ ਦਇਆਂ ਦੇ ਰੂਪ ! ਮੈਂ ਜੇਹੀ ਪਾਪਣ, ਭੁਲੱਕੜ ਤੇ ਆਪਣੇ ਸੁਖਾਂ ਦੀ ਪਿਆਰੀ ਨੂੰ ਬਖ਼ਸ਼ ਲੈ, ਬਖ਼ਸ਼ ਲੈ, ਤੂੰ ਬਖ਼ਸ਼ਿੰਦ ਹੈਂ, ਮੈਂ ਭੁੱਲਣਹਾਰ ਹਾਂ, ਮੈਂ ਨਿਰੀ ਭੁੱਲ ਹਾਂ, ਤੂੰ ਨਿਰੀ ਬਖ਼ਸ਼ਿਸ਼ ਹੈਂ। ਪਿਆਰੇ ਦੇ ਪਿਆਰੇ ! ਮੈਂ ਨਹੀਂ ਰਹੀ, ਮੈਂ ਟੁੱਟ ਗਈ ਹਾਂ, ਮੈਂ ਮਰ ਚੱਲੀ ਹਾਂ, ਮੈਂ ਗਈ, ਔਹ ਮੈਂ ਮਰੀ" ਕਹਿੰਦੀ ਮੈਂ ਧੜੰਮ ਕਰਦੀ ਫੇਰ ਚਰਨਾਂ ਤੇ ਡਿਗ ਪਈ, ਪਰ ਹੋਇਆ ਕੀਹ ? ਮੈਂ ਸਰੀਰ ਨਾ ਰਹੀ। ਸਰੀਰ ਚਰਨਾਂ ਤੇ ਪਿਆ ਸੀ ਤੇ ਮੈਂ ਅਚਰਜ ਹੋਕੇ ਕੀ ਪਈ ਵੇਖਾਂ ਕਿ ਮੈਂ ਸਰੀਰ ਤੋਂ ਬਾਹਰ ਨਿਕਲੀ ਖੜੋਤੀ ਹਾਂ ਤੇ ਕੀਹ ਵੇਖਦੀ ਹਾਂ? ਸਾਰੀ ਸੁੰਦਰਤਾ, ਸਾਰਾ ਪਿਆਰ, ਸਾਰਾ ਰਸ, ਸਾਰਾ ਆਨੰਦ, ਇਕ ਤਾਰ ਜਿਹੀ ਵਿਚ ਪ੍ਰੋਤਾ ਪਿਆ ਹੈ, ਜਿਸ ਦਾ ਮੈਨੂੰ ਹੁਣ ਪਤਾ ਹੈ ਕਿ ਉਹ ਸੁਰਤ ਦੀ ਤਾਰ ਸੀ। ਸਾਰੇ ਸੁੰਦਰ, ਸਾਰੇ ਰਸੀਏ, ਸਾਰੇ ਪਿਆਰੇ, ਸਾਰੇ ਆਨੰਦੀ ਇਸ ਵਿਚ ਇਕ ਰੂਪ, ਰੂਪ ਤੋਂ ਅਰੂਪ ਨਿਰੇ ਪ੍ਰੇਮ ਤੇ ਆਨੰਦ ਰੂਪ ਹੋਕੇ ਝਲਕ ਰਹੇ ਸਨ। ਮੈਂ ਦੇਖ ਰਹੀ ਸਾਂ ਤੇ ਉਹ ਦਿੱਸ ਰਹੇ ਸਨ, ਇਹ ਕਹਿਣਾ ਬੀ ਕੂੜਾ ਹੈ। ਉਹ ਬੀ ਦੇਖਣਹਾਰ ਤੇ ਮੈਂ ਬੀ ਦੇਖਣਹਾਰ ਹੀ ਸਾਂ, ਪਰ ਫੇਰ ਤਮਾਸ਼ਾ ਦੇਖੋ ਸਾਰੇ ਇਕ ਰੂਪ, ਦੂਆ ਦਿੱਸੇ ਹੀ ਨਾ, ਪਰ ਫੇਰ ਸਾਰੇ ਝਲਕਾ ਬੀ ਦੇਣ। ਮੈਂ ਸਭ ਨਾਲ ਘੁਲ ਮਿਲ ਅਭੇਦ, ਇਕ ਰੂਪ, ਫੇਰ ਪਰ ਕੁਛ ਅੱਡ, ਦੁਹਾਂ ਰੰਗਾਂ ਵਿਚ ਰਸ, ਰਸ ਵਿਚ ਪ੍ਰੇਮ; ਪ੍ਰੇਮ ਵਿਚ ਆਨੰਦ ਤੇ ਆਨੰਦ ਸਾਰੀ ਮੈਂ ਆਪ। ਮੈਂ ਕੀਹ ਦੱਸਾਂ ਕੀਹ ਸੀ? ਜੀਭ ਕੀ ਆਖੇ? ਜਿਕੂੰ ਵਸਤੂ ਵਿਚ ਵਸਤੂ ਗੱਡੀ ਜਾਵੇ ਤੇ ਭਿੰਨ ਨਾ ਰਹੇ, ਪਰ ਫੇਰ ਰਸ ਰਹੇ, ਏਕਤਾ ਹੋਵੇ, ਪਰ ਜੀਵਨ ਨਸ਼ਟ ਨਾ ਹੋਵੇ, ਵਿੱਥ ਵਿਛੋੜਾ ਹਟ ਜਾਵੇ ਪਰ ਸੂੰਛ ਆਪਾ ਨਾ ਮਰੇ। ਇਹੋ ਦਸ਼ਾ ਹੋਣੀ ਹੈ ਜੋ "ਤੂੰ ਆਤਮਾ ਹੈਂ" ਪਿਆਰੇ ਨੇ ਜਦ ਮੈਨੂੰ ਕਿਹਾ ਸੀ ਤੇ ਮੈਂ ਸੁਣਕੇ ਡਰੀ ਤੇ ਕੰਬੀ ਸਾਂ, ਤਦੋਂ ਮੈਨੂੰ ਕੀਹ ਪਤਾ ਸੀ ਕਿ ਇਕ ਕਿਰਮ ਜੰਤ ਨੇ ਗੁਲਾਬ ਦੇ ਫੁਲ ਤੇ ਪਹੁੰਚ ਜਾਣਾ ਤੇ ਤਿਤਲੀ ਬਣਕੇ ਸੁੰਦਰ ਹੋ ਜਾਣਾ ਹੈ। ਫੇਰ ਹੁਣ ਮੈਂ ਕੀ ਡਿੱਠਾ ਕਿ ਏਸੇ ਸੁਰਤ ਦੀ ਇਕ ਹੇਠ ਲਮਕਦੀ ਤਾਰ ਵਿਚ ਸਾਰਾ ਸੰਸਾਰ ਪ੍ਰੋਤਾ ਪਿਆ ਹੈ; ਜੋ ਅੱਡ ਅੱਡ ਲੋਕ ਤੇ ਅੱਡ ਅੱਡ ਸਰੀਰ ਸਨ ਸਭ ਇੱਕੋ ਤਾਰ ਵਿਚ ਪ੍ਰੋਤੇ ਸਨ। ਇਹ ਹੋਰ ਕੌਤਕ ਸੀ ਜੋ ਡਾਢਾ ਅਚਰਜ ਸੀ ! ਫਿਰ ਇਕ ਝਲਕਾ ਵੱਜਾ ਮੈਂ ਇਕ ਆਨੰਦ ਸਰੂਪ ਸਾਂ, ਸਰਬ ਅਨੰਦ ਸੀ। ਫੇਰ ਪਤਾ ਨਹੀਂ ਕੀਹ ਸੀ, ਬੇ-ਪਤਗੀ ਦੀ ਹਾਲਤ ਸੀ, ਜਿਥੋਂ ਪਰਤਿਆਂ ਆਪਾ ਭਾਸਦਾ ਸੀ ਦੇਖਣਹਾਰ, ਹੈਂ? ਸਾਖੀ।

ਫੇਰ ਮੈਂ ਕੀ ਦੇਖਾਂ ਕਿ ਮੇਰੀ ਜਾਗ ਖੁੱਲ੍ਹੀ ਹੈ ਤੇ ਮੈਂ ਉੱਠਕੇ ਬੈਠੀ ਹੋਈ ਹਾਂ, ਮੇਰਾ ਸਰੀਰ ਫੁਲ ਨਾਲੋਂ ਹਲਕਾ ਸੀ, ਅਰ ਮੈਂ ਵਿਚ ਵੱਖਰੀ ਸਾਂ। ਪਿਆਰੇ ਦੇ ਪਿਆਰੇ ਜੀ ਮੇਰੇ ਵੱਲ ਤੱਕ ਕੇ ਮੁਸਕ੍ਰਾਏ ਤੇ ਕਹਿਣ ਲੱਗੇ: "ਕਾਕੀ ! ਤੂੰ ਆਤਮਾ ਹੈਂ ਕਿ ਨਹੀਂ?" ਹੁਣ ਸੁਣਕੇ ਮੈਨੂੰ ਡਰ ਨਹੀਂ ਆਇਆ ਸ਼ੁਕਰ ਨਾਲ ਨੈਣ ਭਰ ਆਏ ਤੇ ਤ੍ਰੁੱਪ ਤ੍ਰੁੱਪ ਹੰਝੂ ਕਿਰੇ। ਆਪ ਫੁਰਮਾਉਣ ਲੱਗੇ 'ਕੀ ਤੂੰ ਆਤਮਾਂ ਹੈਂ?' ਮੈਂ ਪਿਆਰ ਤੇ ਅਦਬ ਨਾਲ ਕਿਹਾ: "ਸੱਚੇ ਮਾਲਕਾ ! ਮੈਂ ਕੁਝ ਨਹੀਂ, ਤੂੰ ਸਭ ਕੁਝ ਹੈਂ, ਹਾਂ ਮੈਂ ਪਾਪਣ ਤੇਰੇ ਪਿਆਰੇ ਦੀ ਬਖ਼ਸ਼ੀ ਤੇਰੀ ਹਾਂ, ਅਪਨਾ ਲੈ। ਮੈਂ ਕੀਹ ਹਾਂ ? ਕੁਛ ਨਹੀਂ ਹਾਂ! ਚਰਨਾਂ ਵਿਚ ਸਮਾ ਲੈ ਤੇ ਨਾ ਵਿਛੋੜ, ਉਹ ਵਿਛੋੜ ਗਿਆ ਹੈ ਹੁਣ ਤੁਸੀਂ ਨਾ ਵਿਛੋੜਨਾ। ਮੈਂ ਮੂਰਖ ਆਤਮਾਂ ਦਾ ਸੁਨੇਹਾ ਸੁਣਕੇ ਰੋਂਦੀ ਸਾਂ ਅੱਜ ਤੇਰੇ ਕੌਤਕ ਦੇਖਕੇ ਅਚਰਜ ਹਾਂ। ਮੈਂ ਆਪਣੀ ਮਤਿ ਤੇ ਕੀਹ ਇਤਬਾਰ ਕਰਾਂ: ਮਤਿ ਮੇਰੀ ਥੋੜੀ ਹੈ, ਚਾਨਣਾਂ ਮੇਰਾ ਧੁੰਦਲਾ ਹੈ, ਰਾਹ ਮੇਰਾ ਮੈਨੂੰ ਕਾਂਬੇ ਦੇਂਦਾ ਹੈ ਤੇ ਸਭ ਤੋਂ ਡਰਾਉਣੀ ਮੈਂ ਆਪ ਹਾਂ। ਚਰਨਾਂ ਵਿਚ ਹਾਂ ਜਿਥੇ ਮੁਰਦਾ ਚੰਮ ਜੋੜੇ ਦੀ ਸਮਾਈ ਹੈ, ਓਥੇ-ਇਸ ਮੁਰਦੇ ਮਾਸ ਨੂੰ ਵੀ ਸਮਾ ਲੈ। "

ਮੈਂ ਇਹ ਮਸਾਂ ਮਸਾਂ ਬੋਲੀ, ਸੰਘ ਰੁਕੇ, ਨੈਣ ਬਰਸਣ, ਲੂੰ ਕੰਡੇ, ਮਾੜੀ ਮਾੜੀ ਤ੍ਰੇਲੀ ਪਵੇ, ਵਿੱਚ ਖੁਸ਼ੀ ਤੇ ਨਿੰਮ੍ਰਤਾ, ਨਾਲ ਇਹ ਲਹਿਰਾ ਵੱਜੇ ਪਿਆਰੇ ਚਰਨਾਂ ਵਿਚ ਘਰ ਪਾ ਲਿਆ ਹੈ ਅਰ

ਆਪਣਾ ਸਰੀਰ ਛੱਡਕੇ ਓਥੇ ਵੱਸ ਗਈ ਹਾਂ।

ਮੇਰੇ ਪਿਤਾ ਜੀ ਨੇ ਹੁਣ ਹੱਥ ਜੋੜਕੇ ਬੇਨਤੀ ਕੀਤੀ: " ਹੇ ਵਾਹਿਗੁਰੂ ਜੀ ! ਹੁਣ ਕ੍ਰਿਪਾ ਕਰਕੇ ਦਾਸ ਦਾ ਘਰ ਪਵਿਤ੍ਰ ਕਰੋ ਅਰ ਇਸ ਕੂਕਰ ਦੇ ਵਲੋਂ ਅੰਨ ਦੀ ਸੇਵਾ ਪਰਵਾਨ ਕਰੋ। " 'ਪਿਆਰੇ ਦੇ ਪਿਆਰੇ' ਜੀ ਇਹ ਸੁਣਕੇ ਕੁਛ ਤ੍ਰਬ੍ਰਕੇ ਤੇ ਆਖਣ ਲੱਗੇ: "ਵਾਹਿਗੁਰੂ ਨਾਉਂ ਤੇ ਮੇਰੇ ਪਿਆਰੇ ਦਾ ਹੈ। " ਇਹ ਸੁਣਕੇ ਮੈਂ ਜ਼ਰਾ ਤ੍ਰਬ੍ਰਕੀ ਕਿ ਹੈਨ ਤਾਂ ਪਿਆਰੇ ਦੇ ਪਿਆਰੇ, ਇਨ੍ਹਾਂ ਸੁਹਣਿਆਂ ਨੇ ਇਹ ਕੀ ਆਖਿਆ ਹੈ? ਇਹ ਕਿਹੀ ਹੋਰ ਔਖੀ ਗੱਲ ਆਖ ਰਹੇ ਹਨ ? ਮੈਂ ਅਜੇ ਸੋਚ ਹੀ ਕਰ ਰਹੀ ਸਾਂ ਕਿ ਆਪ ਨੇ ਫੇਰ ਆਖਿਆ: "ਵਾਹਿਗੁਰੂ ਤਾਂ ਮੈਂ ਉਸ ਨੂੰ ਸੱਦਦਾ ਹਾਂ ਜਿਸ ਨੂੰ ਕਿ ਮੈਂ ਆਪਣੇ ਆਪੇ ਤੋਂ ਬੀ ਵਧੀਕ ਪਿਆਰ ਕਰਦਾ ਹਾਂ।"

ਹੁਣ ਮੈਂ ਹੋਰ ਡਰੀ ਕਿ ਕਿਤੇ ਅੱਗੇ ਵਾਂਗੂ ਕਿਸੇ ਹੋਰ ਪਿਆਰੇ ਦੀ ਆਸਾ ਲਾਕੇ ਏਹ ਪਿਆਰੇ ਜੀ ਬੀ ਨਾ ਟੁਰ ਜਾਣ। ਪਰ ਉਹ ਜਾਣੀ ਜਾਣ ਕ੍ਰਿਪਾਲੂ ਆਪੇ ਹੀ ਆਖਣ ਲੱਗੇ: "ਕਾਕੀ ਇਹ ਨਵੀਂ ਗੱਲ ਨਹੀਂ, ਤੈਨੂੰ ਚੰਗੇ ਲੱਗਣ ਵਾਲੇ ਉਸ ਦਾ ਨਾਉਂ ਤੈਨੂੰ ਪਰਮਾਤਮਾਂ ਬੀ ਦੱਸ ਗਏ ਹਨ, ਜੋ ਤੂੰ ਡਰਦੀ ਸੈਂ ਕਿ ਲੁਕਕੇ ਮੇਰੇ ਨਾਲ ਰਹਿੰਦਾ ਹੈ। ਤਾਰ ਜਿਸ ਵਿਚ ਕਿ ਤੂੰ ਅਚਰਜ ਕੌਤਕ ਨਾਲ ਸਭ ਕੁਛ ਪ੍ਰੋਤਾ ਤੇ ਰੂਪ ਅਰੂਪ ਡਿੱਠਾ ਹੈ ਉਸ ਦਾ ਨਾਉਂ ਸੁਰਤ ਹੈ, ਉਸ ਸੁਰਤ ਦਾ ਸੁਰਤਾ ਵਾਹਿਗੁਰੂ ਹੈ ਉਸ ਦਾ ਰੂਪ ਰੰਗ ਰੇਖ ਭੇਖ ਕੋਈ ਨਹੀਂ ਹੈ ਪਰ ਉਹ ਸਭ ਦੇ ਅੰਗ ਸੰਗ ਹੈ ਸਭ ਦੇ ਆਪਣੇ ਆਪ ਦੇ ਆਪੇ ਦਾ ਬੀ ਦੇਖਣਹਾਰ ਹੈ, ਉਹ ਐਉਂ ਮਿਲਦਾ ਹੈ ਜਿਕੂੰ ਹੁਣ ਤੁਸਾਂ ਉਸ ਦੇ ਚਰਨਾਂ ਨੂੰ ਪਰਸਿਆ ਹੈ। ਇਹ 'ਵਾਹਿਗੁਰੂ' ਨਾਮ ਉਸ ਦਾ ਹੈ। ਤਸੀਂ ਉਸ ਨੂੰ ਯਾਦ ਕਰਦੇ ਰਹੇ ਹੋ, ਉਹ ਤੁਹਾਡੀ ਯਾਦ ਦਾ ਬੱਧਾ ਤੁਹਾਨੂੰ ਆਪਣੀ ਵੱਲ ਖਿੱਚਦਾ ਰਿਹਾ ਹੈ। ਇਹ ਜੋ ਤੁਹਾਨੂੰ ਆਨੰਦ ਅੰਦਰੋਂ ਆਉਂਦਾ ਹੈ ਇਹ ਉਸ ਦਾ ਹੈ। ਉਹ ਸਦਾ ਪ੍ਰੇਮ ਹੈ 'ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ[1]' ਤੇ ਮਿਲਦਾ ਬੀ ਪਿਆਰ ਨਾਲ ਹੀ ਹੈ। ਉਹ ਸਾਰੇ ਹੈ, ਅੰਦਰ ਬਾਹਰ ਹੈ, ਅੰਦਰ ਹੋਣ ਕਰਕੇ ਬਾਹਰ ਢੂੰਡਣਾ ਨਹੀਂ ਪੈਂਦਾ। ਪਿਆਰ ਨਾਲ ਯਾਦ ਕਰਦਿਆਂ ਹੀ ਆਪਣਾ ਆਪ ਲਖਾ ਦੇਂਦਾ ਹੈ। ਉਸ ਪਿਆਰੇ ਨਾਲ ਜੁੜੇ ਰਹਿਣਾ ਜੀਵਨ ਹੈ ਤੇ ਓਸ ਤੋਂ ਵਿਛੁੜਨਾ ਮੌਤ ਹੈ। ਇਸੇ ਮੇਲ ਨੂੰ ਕਿਹਾ ਗਿਆ ਸੀ ਕਿ 'ਤੂੰ ਆਤਮਾਂ ਹੈਂ।' ਇਹ ਅਸਲੀ ਜੀਵਨ ਹੈ, ਸੰਸਾਰ ਏਸ ਜੀਵਨ ਤੋਂ ਬਾਹਰ ਹੈ; ਏਸੇ ਕਰਕੇ ਦੁਖੀ ਹੈ। ਏਸ ਜੀਵਨ ਬਿਨਾਂ ਜੋ ਜੀਵਨ ਹੈ ਉਹ ਜੀਵਨ ਨਹੀਂ": ਇਹ ਕਹਿਕੇ ਆਪ ਖੱਬੇ ਪਾਸੇ ਤੱਕੇ ਤੇ ਬੋਲੇ: 'ਮਰਦਾਨਿਆਂ! ਰਬਾਬ ਵਜਾ ਕਿ ਬਾਣੀ ਆਈ ਹੈ'। ਆਪ ਤਾਂ ਕਹਿੰਦੇ ਹੀ ਲਿਵ ਲੀਨ ਹੋ ਗਏ ਤੇ ਮਰਦਾਨੇ ਨੇ ਇਕ ਸਾਜ਼ ਵਜਾਇਆ ਜੋ ਸਰੋਦੇ ਨਾਲ ਕੁਛ ਮਿਲਦਾ ਜੁਲਦਾ ਸੀ, ਮੈਨੂੰ ਪਿਛੋਂ ਪਤਾ ਲੱਗਾ ਕਿ ਇਸ ਦਾ ਨਾਉਂ ਰਬਾਬ ਹੈ ਅਰ ਪਿਆਰੇ ਦੇ ਪਿਆਰੇ ਜੀ ਦੀ ਵਿਉਂਤ ਦਾ ਹੈ। ਸਾਜ਼ ਇਹ ਐਡਾ ਸੁਰੀਲਾ ਸੀ ਕਿ ਛਿੜਦਿਆਂ ਹੀ ਜੀ ਜੁੜ ਗਿਆ। ਡਾਢੀ ਹੀ ਪਿਆਰੀ ਸੁਰ ਨਾਲ ਗਾਵਣਹਾਰ ਨੇ ਇਹ ਗਾਂਵਿਆ:

> [1]ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥
> ਜੈ ਜਗਦੀਸ ਤੇਰਾ ਜਸੁ ਜਾਚਉ ਮੈ ਹਰਿ
> ਬਿਨੁ ਰਹਨੁ ਨ ਜਾਈ ॥ ੧ ॥ ਰਹਾਉ॥
> ਹਰਿ ਕੀ ਪਿਆਸ ਪਿਆਸੀ ਕਾਮਨਿ
> ਦੇਖਉ ਰੈਨਿ ਸਬਾਈ ॥ ਸ੍ਰੀਧਰ ਨਾਥ ਮੇਰਾ
> ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ
> ॥ ੧ ॥ -੧੨੩੨

ਜਦ ਸਮਾਪਤੀ ਹੋਈ ਤੇ ਪਿਤਾ ਜੀ ਨੇ ਫੇਰ ਆਪ ਅੱਗੇ ਘਰ ਚੱਲਣ ਲਈ ਬੇਨਤੀ ਕੀਤੀ। ਪਿਆਰੇ ਦੇ ਪਿਆਰੇ ਜੀ ਨੇ ਆਗਜਾ ਕੀਤੀ ਕਿ ਅਸੀਂ ਏਸ ਮਠ ਵਿਚ ਹੀ ਚੰਗੇ ਹਾਂ ਕਿ ਜਿਥੇ ਪਿਆਰੀ ਪੁਤ੍ਰੀ ਵਾਹਿਗੁਰੂ ਨੂੰ ਵਾਜਾਂ ਮਾਰਦੀ ਰਹੀ ਹੈ, ਪਰੰਤੂ ਮੇਰੇ ਥਿੜਕਦੇ ਬੁੱਲਾਂ ਦੀ ਅਤੇ ਮਾਤਾ ਪਿਤਾ ਜੀ ਦੀ ਹੱਥ ਬੰਨ੍ਹਵੀਂ ਅਰਜ਼ੋਈ ਫੇਰ ਹੋਈ ਤੇ ਦੀਨ ਦਿਆਲ ਜੀ ਨੇ ਪਰਵਾਨ ਕਰ ਲਿਆ ਅਰ ਸਾਡੇ ਪਾਪੀਆਂ ਦੇ ਰਾਜਸੀ ਮਕਾਨ ਵਿਚ

---

[1] ਇਹ ਤੁਕ ਪ੍ਰਭਾਤੀ ਮਹਲਾ ੧ ਵਿਚ ਹੈ।

[1] ਇਹ ਸ਼ਬਦ ਰਾਗੁ ਸਾਰੰਗ ਅਸਟਪਦੀਆਂ ਮਹਲਾ ੧ ਘਰੁ ੧ ਵਿਚ ਹੈ।

ਚਰਨ ਪਾਏ।

ਸਾਡੇ ਲਈ ਹੁਣ ਚਾਉ ਖੁਸ਼ੀਆਂ, ਅਨੰਦ, ਮੰਗਲ, ਬਿਨੋਦ ਅਚਰਜ ਰੰਗਾਂ ਦੇ ਖੁੱਲ੍ਹ ਪਏ। ਮੈਂ ਕੀਹ ਆਖਾਂ, ਸਾਡਾ ਅੱਜ ਜੀਵਨ ਹੀ ਹੋਰ ਹੋ ਗਿਆ। ਪਿਆਰੇ ਦੇ ਪਿਆਰੇ ਜੀ ਦੀ ਸੇਵਾ ਦੇ ਰੰਗ ਵਿਚ ਜੋ ਰਸ ਸੀ ਸੋ ਸਾਨੂੰ ਹੀ ਪਤਾ ਹੈ। ਉਸ ਰੰਗ ਨੂੰ ਦੱਸ ਸਕਣਾ ਖਰਾ ਕਠਨ ਹੈ।

ਅੱਜ ਦਿਨ ਤੱਕ ਮੈਨੂੰ ਕੀਹ ਪਤਾ ਸੀ ਕਿ ਕੀਹ ਹੋ ਰਿਹਾ ਹੈ? ਮੈਨੂ ਕੌਣ ਖਿੱਚ ਰਿਹਾ ਹੈ? ਮੈਂ ਕਿੱਧਰ ਜਾ ਰਹੀ ਹਾਂ? ਹੁਣ ਸਾਰੇ ਪਤੇ ਲੱਗੇ। ਭਾਵੇਂ ਇਨ੍ਹਾਂ ਪਤਿਆਂ ਤੋਂ ਬਿਨਾਂ ਜੋ ਬੀਜ ਮੇਰੇ ਅੰਦਰ ਉਗਿਆ ਤੇ ਮੌਲ ਪਿਆ ਸੀ ਉਹ ਠੀਕ ਸੀ, ਪਰ ਪਤੇ ਲੱਗਕੇ ਕੁਛ ਹੋਰ ਧਿਰਵਾਸ ਤੇ ਭਰੋਸੇ ਦਾ ਰੰਗ ਹੋ ਗਿਆ। ਮੇਰੇ ਪਿਆਰੇ ਦੇ ਪਿਆਰੇ ਸ੍ਰੀ ਸਤਿਗੁਰ ਨਾਨਕ ਦੇਵ ਜੀ ਸਨ। ਹਾਂ, ਇਕ ਦਿਨ ਕਿਸੇ ਗੁੰਮਤਾਈ ਵਿਚ ਪਿਆਰੇ ਜੀ ਦੇ ਮੂੰਹੋਂ ਬੀ ਇਹ ਨਾਉਂ ਨਿਕਲਿਆ ਸੀ, ਪਰ ਮੈਂ ਅੱਲ੍ਹੜ ਨੂੰ ਤਦੋਂ ਕੋਈ ਥਹੁ ਨਾ ਪਿਆ।

ਹੁਣ ਮੈਨੂੰ ਪਤਾ ਲੱਗ ਚੁਕਾ ਸੀ ਕਿ ਰਬਾਬ ਵਜਾਉਣ ਵਾਲਾ ਮਰਦਾਨਾ ਗੁਰੂ ਜੀ ਦਾ ਨਿਜ ਸੇਵਕ ਸੀ ਜੋ ਸ੍ਰੀ ਗੁਰੂ ਜੀ ਦਾ ਕੀਰਤਨੀਆਂ ਸੀ। ਦੋ ਚਾਰ ਦਿਨ ਪਹਿਲੇ ਤੋਂ ਜੋ ਚੰਗੇ ਲੱਗਣ ਵਾਲੇ ਮਨੁੱਖ ਮੈਨੂੰ ਬਨ ਵਿਚ ਗਾਉਂਦੇ ਯਾ ਪਤੇ ਪੁੱਛਦੇ ਮਿਲੇ ਸਨ, ਉਹ ਭਾਈ ਭਗੀਰਥ, ਭਾਈ ਸੀਹਾਂ ਤੇ ਤਾਰਾ ਜੀ ਸਨ ਜੋ ਸ੍ਰੀ ਸਤਿਗੁਰੂ ਜੀ ਦੇ ਪਿਆਰੇ ਸਿੱਖ ਸਨ। ਜੋ ਉਨ੍ਹਾਂ ਦੇ ਪ੍ਰਦੇਸਾਂ ਤੋਂ ਘਰ ਆਇਆਂ ਦੇ ਦਰਸ਼ਨ ਨੂੰ ਆਏ ਸਨ, ਪਰ ਉਹਨਾਂ ਨੂੰ ਪਤਾ ਲਗਾ ਸੀ ਕਿ ਆਪ ਝਨਾਂ ਵੱਲ ਦਾ ਰੁਖ਼ ਲੈਕੇ ਗਏ ਹਨ। ਉਹ ਸੂੰਹਾਂ ਲੈਂਦੇ ਤੇ ਪਤੇ ਕੱਢਦੇ ਕੁਛ ਅੱਗੇ ਅੱਪੜ ਪਏ ਸਨ। ਏਸ ਥਾਵੇਂ ਜਿਥੇ ਕਿ ਓਹ ਅੱਪੜੇ ਓਹ ਜਾਣਦੇ ਸਨ ਕਿ ਸਤਿਗੁਰ ਨੇ ਪੁੱਜਣਾ ਹੈ। ਕਿਉਂਕਿ ਭਾਈ ਤਿਲੋਕੇ-ਮੇਰੇ ਪਿਆਰੇ ਦੀ ਮੌਤ ਤੇ ਮੇਰੇ ਵੈਰਾਗ ਦੀ ਵਾਰਤਾ ਗੁਰੂ ਜੀ ਦੇ ਸਿਖਾਂ ਵਿਚ ਅੱਪੜ ਚੁਕੀ ਸੀ ਤੇ ਬੇਬੇ ਜੀ ਦਾ ਖਿਆਲ ਸੀ ਕਿ ਸਤਿਗੁਰ ਝਨਾਉਂ ਦੇ ਰੁਖ਼ ਨੂੰ ਜੋ ਹੋਏ ਹਨ ਓਹ ਬੀਬੀ ਜੀ ਨੂੰ ਜ਼ਰੂਰ ਤਾਰਣ ਵਾਸਤੇ ਜਾਣਗੇ। ਬੇਬੇ ਜੀ ਦੇ ਅਨੁਮਾਨ ਤੇ ਸਮਾਧੀ-ਦਰਸ਼ਨ ਨੇ ਬੀ ਸਿੱਖਾਂ ਨੂੰ ਇਹੋ ਪਤਾ ਦਿੱਤਾ ਸੀ।

ਏਹ ਸਾਰੇ ਪਿਆਰੇ ਦਰਸ਼ਨਾਂ ਲਈ ਆਏ ਸਨ ਅਤੇ ਗੁਰੂ ਜੀ ਜਦ ਮੁਹਾੜਾਂ ਮੋੜਨ ਤਾ ਇਹ ਬੇਨਤੀ ਕਰਨ ਕਿ ਬੇਬੇ ਜੀ ਬਿਨੈ ਕਰਦੇ ਹੈਨ ਕਿ ਘੱਰ ਅੱਪੜੋ ਤੇ ਦਰਸਨ ਦਿਓ। ਸ੍ਰੀ ਗੁਰੂ ਜੀ ਏਥੇ ਆਪਣੇ ਪਿਆਰੇ ਸਿੱਖ ਦੇ ਦਿਤੇ ਬਚਨਾਂ ਨੂੰ ਪੂਰਾ ਕਰਨ ਤੇ ਸਾਨੂੰ ਤਾਰਨ ਵਾਸਤੇ ਆਏ ਸਨ ਅਤੇ ਮੈਂ ਘੋਲੀ ਤੇ ਸਦਕੇ ਹਾਂ ਸਾਰੀ ਉਸ ਜੋਤਿ ਨਿਰੰਜਨੀ ਦੇ ਚਰਨਾਂ ਤੋਂ, ਪਿਆਰੇ ਸਿਖਾਂ ਨੂੰ ਆਖਣ ਲੱਗੇ: ਬੇਬੇ ਨਾਨਕੀ ਭੈਣ ਹੈ, ਪਰ ਇਹ ਭਾਗਵਤੀ ਬੀ ਪੁੱਤ੍ਰੀ ਹੋ ਦਿੱਸੀ ਹੈ। ਹੁਣ ਕੁਝ ਦਿਨ ਅਸਾਂ ਇਸ ਪਾਸ ਕੱਟਣੇ ਹਨ ਫਿਰ ਚੱਲਾਂਗੇ ਤੇ ਦਰਸ਼ਨ ਬੇਬੇ ਜੀ ਨੂੰ ਅੱਜੋ ਹੋ ਜਾਣਗੇ।' ਮੈਂ ਇਸ ਗਰੀਬ ਨਿਵਾਜਤਾ ਦੇ ਪਿਆਰ ਨੂੰ, ਜੋ ਉਸ ਨਿਮਾਣਿਆਂ ਤੇ ਰੰਞਾਣਿਆਂ ਨੂੰ ਤਾਰਣ ਵਾਲੇ ਨੇ ਕੀਤਾ, ਵੇਖਕੇ ਖੀਵੀ ਹੋ ਰਹੀ ਸਾਂ। ਮੈਂ ਸਤਿਗੁਰ ਦੀਆਂ ਮਿਹਰਾਂ ਨੂੰ ਤੱਕ ਤੱਕ ਕੇ ਸਦਕੇ ਹੋਵਾਂ ਤੇ ਸ਼ੁਕਰ ਵਿਚ ਕੇਣ ਮੇਣ ਲੱਗੀ ਰਿਹਾ ਕਰੇ।

ਹੁਣ ਮੈਨੂੰ ਪਤਾ ਲੱਗਾ ਕਿ ਸਾਡੇ ਤੱਪੇ ਵਿਚ ਫਿਰਣਾ ਤੇ ਜੋਧ ਗੁਰਮੁਖ ਦੋ ਪਿਆਰੇ ਤੇ ਹੋਰ ਅਨੇਕਾਂ ਸਿਖ ਮੇਰੇ ਸੱਚੇ ਪਿਤਾ ਗੁਰੂ ਨਾਨਕ ਦੇਵ ਦੇ ਤਾਰੇ ਅਰ ਉਸ ਜੋਤਿ ਨਿਰੰਜਨੀ ਵਾਹਿਗੁਰੂ ਜੀ ਦੇ ਪ੍ਰੇਮ ਵਿਚ ਮੱਤੇ ਵਸਦੇ ਹਨ। ਕੌਣ ਜਾਣਦਾ ਸੀ ਕਿ ਐਸੇ ਹੀਰੇ ਸਾਡੇ ਰਾਜ ਵਿਚ ਲੁਕੇ ਪਏ ਹਨ। ਇਨ੍ਹਾਂ ਪਿਆਰਿਆਂ ਦਾ ਆਪਣਾ ਸਤਿਸੰਗ ਸੀ ਅਰ ਇਨ੍ਹਾਂ ਨੂੰ ਮਿਲਣ ਵਾਸਤੇ ਮੈਨੂੰ ਚੰਗਾ ਲੱਗਣ ਵਾਲਾ ਮਨੁੱਖ ਸਾਡੇ ਨੱਗਰ ਆਇਆ ਸੀ। ਨਿਰੰਜਨ ਥਾਉਂ ਵੇਖਕੇ ਆਪਣੇ ਨਿਰੰਕਾਰ ਦੇ ਪਿਆਰ ਤੇ ਪ੍ਰੇਮ ਵਿਚ ਉਹ ਮਸਤ ਬੈਠਾ ਸੀ, ਜਦੋਂ ਮੇਰੇ ਪਾਪੀ ਹੱਥਾਂ ਨੇ ਉਸ ਨੂੰ ਵਿੰਨ੍ਹ ਘੱਤਿਆ ਸੀ। ਉਸ ਗੁਰੂ ਸੁਆਰੇ, ਗੁਰੂ ਪਿਆਰੇ ਦਾ ਨਾਉਂ ਭਾਈ ਤਿਲੋਕਾ ਸੀ ਅਤੇ ਬਿਰਧ ਪੁਰਖ ਭਾਈ ਭਗੀਰਥ ਦਾ ਉਹ ਪੁਤ੍ਰ ਸੀ। ਸ੍ਰੀ ਗੁਰੂ ਜੀ ਇਸ ਪਿਆਰੇ ਨੂੰ ਬਹੁਤ ਪਿਆਰ ਕਰਦੇ ਸੇ ਤੇ ਇਸ ਨੂੰ ਆਪ ਨੇ ਛੋਟੀ ਉਮਰ ਵਿਚ ਹੀ ਪੂਰਨ ਪੁਰਖ ਬਣਾ ਦਿਤਾ ਸੀ। ਜਿਸ ਦਿਨ ਮੇਰੇ ਇਨ੍ਹਾਂ ਹੱਥਾਂ ਨੇ ਤੀਰ

ਮਾਰਿਆ ਉਸ ਚੰਗੇ ਨੇ ਅਜੇ ਬਾਈ ਹੁਨਾਲ ਸਿਆਲ ਮਸਾਂ ਵੇਖੇ ਸੇ। ਹਾਂ, ਅੱਜ ਪਤਾ ਲੱਗਾ ਕਿ ਜਿਸ ਨੂੰ ਮੈਂ ਮਾਰਿਆ ਉਹ ਮੈਨੂੰ ਆਤਮਾ ਦੀ ਜਿੰਦ ਵਿਚ ਜਿਵਾਲ ਗਿਆ ਹੈ, ਜਿਸ ਦੇ ਪੁੱਤ੍ਰ ਨੂੰ ਮੈਂ ਵਿਛੋੜਿਆ ਉਹ ਅੱਜ ਮੇਰੇ ਘਰ ਮੈਨੂੰ ਪੁਤ੍ਰੀ ਦੀ ਤਰ੍ਹਾਂ ਦੇਖ ਰਿਹਾ ਹੈ, ਅਰ ਭਾਣਾ ਕਹਿੰਦਾ ਹੈ ਤੇ ਮੇਰਾ ਔਗੁਣ ਨਹੀਂ ਚਿਤਾਰਦਾ। ਜਿਸ ਸਤਿਗੁਰੂ ਦਾ ਲਾਡਲਾ ਸਿਖ ਮੈਂ ਚੜ੍ਹਦੀ ਜਵਾਨੀ ਵਿਚ ਵਿੰਨ੍ਹ ਘੱਤਿਆ ਉਹ ਪਤਿਤ ਪਾਵਨ ਮੈਨੂੰ 'ਕਾਕੀ' ਆਖ ਰਿਹਾ ਹੈ। ਤਦੇ ਤਾਂ ਏਹ ਗੁਰੂ ਕੇ ਸਿੱਖ ਭਾਈ ਭਾਈ ਕਰਕੇ ਇਕ ਦੂਏ ਨੂੰ ਕੂੰਦੇ ਹਨ। ਪ੍ਰੇਮ ਤਾਂ ਸਾਰਾ ਇਨ੍ਹਾਂ ਕੋਲ ਹੈ, ਦੂਈ ਤੇ ਦ੍ਵੈਖ ਕਿਤੇ ਲਾਗੇ ਨਹੀ ਫਟਕਦੀ, ਅਮਿਤ ਬਖਸ਼ਿਸ਼ ਇਨ੍ਹਾਂ ਦੇ ਘਰ ਹੈ, ਧੰਨ ਇਹ ਸਤਿਸੰਗ ਹੈ।

ਮੈਨੂੰ ਆਪਣੇ ਰੰਗਾਂ ਵਿਚ ਮੱਤੀ ਨੂੰ ਕੀ ਪਤਾ ਸੀ ਕਿ ਜਗਤ ਵਿਚ ਦੁਖ ਬੀ ਕੋਈ ਸ਼ੈ ਹੈ। ਹੁਣ ਪਤਾ ਲੱਗਾ ਕਿ ਸ੍ਰਿਸ਼ਟੀ ਭਾਰ ਨਾਲ ਦੱਬੀ ਪਈ ਹੈ, ਸਾਰਾ ਦੇਸ਼ ਹਾਹਾਕਾਰ ਕਰ ਰਿਹਾ ਹੈ, ਪਾਪ ਦੀ ਕਾਲੀ ਰਾਤ ਪੈ ਰਹੀ ਹੈ ਅਤੇ ਉਸ ਹਨੇਰੇ ਦੇ ਕੱਟਣ ਲਈ ਸਤਿਗੁਰ ਨਾਨਕ ਦੇਵ ਜੀ ਆਏ ਹਨ, ਜਿਨ੍ਹਾਂ ਨੇ ਐਸੇ ਗੁਰਮੁਖ ਪਿਆਰੇ ਪੈਦਾ ਕੀਤੇ ਹਨ ਜੋ ਸੰਸਾਰ ਨੂੰ ਤਾਰਦੇ ਹਨ। ਸਾਰੇ ਨਗਰ ਵਿਚ ਗੁਰੂ ਆਗਮ ਦੀ ਤੇ ਮੇਰੀ ਸਾਰੀ ਕਥਾ ਵਿਸਥਾਰ ਨਾਲ ਫੈਲ ਗਈ। ਭਾਈ ਤਿਲੋਕੇ ਦੀ ਕਰਨੀ ਤੇ ਗੁਰੂ ਨਾਨਕ ਜੀ ਦੀ ਮਿਹਰ ਦਾ ਉਹ ਛਾਇਆ ਪਿਆ ਕਿ ਸਾਰਾ ਨਗਰ ਗੁਰੂ ਕਾ ਸਿਖ ਹੋਇਆ।

ਵਾਹ ਵਾਹ, ਪਿਆਰੇ ਸਤਿਗੁਰੂ ਜੀ ਸਾਡੇ ਘਰ ਆਏ ਹਨ। ਮਾਂ ਪਿਉ ਤਾਂ ਕਰਨ ਜੋ ਕੁਛ ਵਡਿਆਂ ਦੇ ਘਰ ਆਇਆਂ ਕਰੀਦਾ ਹੈ। ਮੈਂ ਮੂਰਖ, ਜੋ ਭੁੱਲੀ ਰਹੀ ਤੇ ਹੱਤਜਾ ਕਰਦੀ ਤਾਰੀ ਗਈ ਤੇ ਫੇਰ ਵਡਿਆਈ ਗਈ, ਹਾਂ, ਮੈਂ ਅਲ੍ਹੜ, ਜਨਮ ਤੋਂ ਬੇ-ਪਰਵਾਹ ਤੇ ਬੇਖ਼ਬਰ, ਮੁਗਧ ਅਜਾਣ ਕੀ ਜਾਣਾ ਕਿ ਇੱਡੇ ਵੱਡੇ ਦਾਤੇ ਦਾ ਸ੍ਵਾਗਤ ਕਿੰਵ ਪੂਰਾ ਪੂਰਾ ਕਰੀਦਾ ਹੈ ਤੇ ਪਿਆਰੇ ਦੇ ਪਿਆਰੇ ਦੀ ਖੁਸ਼ੀ ਕੀਕੂੰ ਢੂੰਡੀਦੀ ਹੈ ਤੇ ਅਦਬ ਕੀਕੂੰ ਕਰੀਦਾ ਹੈ। ਮੈਂ ਤਾਂ ਜੋ ਜੀ ਆਈ ਪਿਆਰੇ ਸਤਿਗੁਰੂ ਜੀ ਨੂੰ ਕਹਿ ਦੇਂਦੀ ਸਾਂ। ਮੈਂ ਹੱਥ ਬੰਨ੍ਹ ਕੇ ਆਖਿਆ "ਹੇ ਤ੍ਰਾਣ ਕਰਤਾ ਜੀ ! ਇਸ ਮੂਰਖ ਨੂੰ ਕੁਛ ਅਕਲ ਨਹੀਂ, ਸਾਰੇ ਮੇਰੇ ਆਖਦੇ ਹਨ ਕਿ ਅੱਜ ਬੜੀ ਖੁਸ਼ੀ ਕਰੋ, ਮੈਂ ਕੀ ਖੁਸ਼ੀ ਕਰਾਂ ? ਅਜਾਣ ਹਾਂ ਸਮਝ ਨਹੀਂ ਸਕਦੀ। ਏਹ ਦਾਨ ਕਰੋ ਜੋ ਮੈਨੂੰ ਫਿਰ ਵਿਸਾਰਾ ਨਾ ਹੋਵੇ। ਇਹ ਜੋ ਨਾਮ ਦੀ ਬਖ਼ਸ਼ਿਸ਼ ਹੋਈ ਹੈ ਤੇ ਅੰਦਰ ਸੱਤਜਾ ਹੋ ਕੇ ਭਾਸ ਰਹੈ ਹੈ, ਇਹ ਸਦਾ ਮਿਲੀ ਰਹੇ। ਇਕ ਤਾਂ ਮੈਨੂੰ ਇਹ ਖੁਸ਼ੀ ਲਗਦੀ ਹੈ। ਇਹ ਦਾਨ ਕਰੋ ਜੋਂ ਇਸ ਅਭਾਗ ਪਰ ਹੁਣ ਸੁਭਾਗ ਨਗਰੀ ਵਿਚ ਆਪਣੇ ਪਵਿਤ੍ਰ ਹੱਥਾਂ ਨਾਲ ਧਰਮਸਾਲ ਦੀ ਨੀਂਹ ਧਰੋ, ਜਿਥੇ ਆਪ ਦੇ ਪਿਆਰਿਆਂ ਦਾ ਸਤਿਸੰਗ ਹੋਇਆ ਕਰੇ ਅਤੇ ਦਇਆ ਕਰੋ ਜੋ ਸ਼ਹਿਰ ਦੇ ਲੋਕ, ਜੋ ਮੇਰੇ ਵਾਂਗ ਅੱਲ੍ਹੜ ਤੇ ਅੰਞਾਣੇ ਹਨ, ਆਪ ਦੀ ਸ਼ਰਨ ਲੱਗਕੇ ਸਿੱਖੀ ਦੇ ਰਸਤੇ ਪੈਕੇ ਤਰ ਜਾਣ। ਦੂਜੀ ਮੈਨੂੰ ਖੁਸ਼ੀ ਇਹ ਲੱਗਦੀ ਹੈ। "

ਪਿਆਰੇ ਤ੍ਰਾਣ ਕਰਤਾ ਜੀ ਮੇਰੀ ਅਰਜ਼ੋਈ ਸੁਣਕੇ ਖੁਸ਼ੀ ਹੋਏ। ਉਹ ਦਾਸਾਂ ਦੇ ਮਾਣ ਤੇ ਅਨਾਥਾਂ ਦੇ ਤਾਣ ਸੇ, ਆਪ ਜੀ ਨੇ ਉਮਾਹ ਨਾਲ ਧਰਮਸਾਲ ਦੀ ਨੀਂਹ ਧਰੀ। ਜਿਥੇ ਧਰਮਸਾਲਾ ਉਸਰਨੀ ਸੀ ਉਥੇ ਬੈਠਕੇ ਸਾਰੇ ਪਿਆਰਿਆਂ ਨੂੰ ਨਾਮ ਅੰਮ੍ਰਿਤ ਪਿਲਾਇਆ ਤੇ ਸੱਚੇ ਮਾਰਗ ਪਾ ਦਿੱਤਾ। ਸਾਰਾ ਦਿਨ ਇਸ ਤਰ੍ਹਾਂ ਜੀਅਦਾਨ ਦੇਕੇ ਪਿਆਰੇ ਸਤਿਗੁਰਾਂ ਨੇ ਨਗਰੀ ਤਾਰ ਦਿੱਤੀ। ਸੰਝ ਨੂੰ ਸੋਦਰ ਦੀ ਚੌਂਕੀ ਲੱਗੀ। ਫਿਰ ਉਹ ਆਰਤੀ ਸ੍ਰੀ ਗੁਰੂ ਜੀ ਨੇ ਆਪ ਪੜ੍ਹੀ ਕਿ ਜਿਸ ਨੂੰ ਸੁਣਦਿਆਂ ਸਾਰ ਆਤਮਾ ਦਾ ਲਹਿਰਾ ਅਪਣੇ ਵਿਚ ਲੈ ਜਾਂਦਾ ਹੈ। ਹੇ ਅਤਿੱਥੀ ਰਾਹੀ ! ਇਹ ਉਹ ਥਾਉਂ ਹੈ ਜਿਥੇ ਪਿਆਰੇ ਜੀ ਸ਼ਹੀਦ ਹੋਏ ਸੇ, ਜਿਥੇ ਮੈਂ ਪਿਆਰੇ ਦੇ ਪਿਆਰੇ ਜੀ ਨੂੰ ਬਰਸਾਂ ਅਰਾਧਿਆ ਸੀ, ਜਿਥੇ ਸਤਿਗੁਰ ਨਾਨਕ ਦੇਵ ਜੀ ਆਕੇ ਬਿਰਾਜੇ ਸੇ ਤੇ ਜਿਸ ਦੇ ਅਗਲੇ ਥੜੇ ਤੇ ਅਖੰਡ ਕੀਰਤਨ ਸਤਿਗੁਰ ਜੀ ਦੇ ਨਿਵਾਸ ਸਮੇਂ ਤੋਂ ਮਗਰੋਂ ਬੀ ਹੁੰਦੇ ਰਹੇ।

ਸ੍ਰੀ ਗੁਰੂ ਜੀ ਸਾਰਾ ਕੱਤਕ ਤੇ ਸਾਰਾ ਮੱਘਰ ਸਾਡੇ ਨੱਗਰ ਹੀ ਰਹੇ, ਤੱਪਾ ਤੇ ਲਾਗੇ ਦੇ ਗਿਰਾਈਂ ਦੂਰ ਦੂਰ ਤੱਕ "ਧੰਨ ਸ੍ਰੀ ਗੁਰੂ ਨਾਨਕ, ਧੰਨ ਸ੍ਰੀ

ਗੁਰੂ ਨਾਨਕ" ਹੋ ਗਿਆ। ਬੜੇ ਬੜੇ ਅਧਮ ਜੀਵ ਤਰ ਗਏ। ਹੁਣ ਆਪ ਨੇ ਕਿਸੇ ਹੋਰ ਧਰਤੀ ਨੂੰ ਤਾਰਨ ਲਈ ਜਾਣਾ ਸੀ, ਮੇਰਾ ਪਿਆਰ ਕਦ ਇਹ ਸਹਿ ਸਕਦਾ ਸੀ ਕਿ ਉਹ ਵਿਛੜਨ ? ਪਰ ਹੁਣ ਮੇਰੇ ਪਿਆਰ ਦਾ ਅਕਾਸ਼ ਤੇ ਹੱਦਾਂ ਉਚੇਰੀਆਂ ਹੋ ਗਈਆਂ ਸਨ। ਉਹਨਾਂ ਦਾ ਅਵਤਾਰ ਸੰਸਾਰ ਪਰ ਪ੍ਰਾਣੀ ਮਾਤ੍ਰ ਲਈ ਸੀ ਤੇ ਮੈਨੂੰ ਇਹ ਜਾਪਦਾ ਸੀ ਕਿ ਉਹਨਾਂ ਦੀ ਪ੍ਰਸੰਨਤਾ ਵਿਚ ਪ੍ਰਸੰਨ ਤੇ ਉਹਨਾਂ ਦੀ ਆਗਜ਼ਾ ਵਿਚ ਹਾਜ਼ਰ ਇਹ ਮੇਰਾ ਅਦਬ ਵਾਲਾ ਪ੍ਰੇਮ ਹੋ ਸਕਦਾ ਹੈ। ਜੀ ਖੁਸਦਿਆਂ ਤੇ ਕਾਲਜੇ ਵਿਚ ਤੀਰ ਵਜਦਿਆਂ ਇਸ ਉੱਚੇ ਭਾਵ ਨੇ ਮੈਨੂੰ ਪਹਿਲੇ ਦਿਨਾਂ ਦੇ ਹੱਦ ਬੰਨੇ ਵਾਲੇ ਪਿਆਰ ਵਿਚ ਨਹੀਂ ਘੁੱਟਿਆ। ਮੈਂ ਖੁਸ਼ ਸਾਂ ਅਰ ਇਹ ਅਰਦਾਸ ਕਰਦੀ ਸਾਂ:-

> ਜਿਨ੍ਹ ਰਾਹੀਂ ਚੱਲੇ ਹੋ ਸਤਿਗੁਰ ! ਮੁੜ ਉਨ੍ਹ ਰਾਹੀਂ ਆਣਾਂ। ਦਿਲ ਮੇਰੇ ਵਿਚ ਵਾਸ ਰਹੇ, ਜਦ ਅੱਖ ਉਹਲੇ ਹੋ ਜਾਣਾਂ। ਯਾਦ ਤੁਸਾਂ ਜੋ ਬਖਸ਼ੀ ਆਪੇ ਉਸ ਨੂੰ ਆਪ ਪੁਗਾਣਾਂ,-ਇਕ ਦਮ ਕਦੇ ਨ ਵਿਸਰੋ ਸਾਨੂੰ, ਚਰਨਾਂ ਵਿਚ ਰਹਾਣਾਂ। ਯਾਦ ਅਸਾਡੀ ਪਵੇ ਜਿ ਢਿੱਲੀ ਇਸ ਨੂੰ ਖਿੱਚ ਰਖਾਣਾਂ। ਅੱਜ ਚਲੇ ਹੋ ਜੇ ਸਤਿਗੁਰ ਜੀ ! ਮੁੜ ਬੀ ਫੇਰਾ ਪਾਣਾਂ। ਰੁਲਦਿਆਂ ਖੁਲਦਿਆਂ, ਨੀਵਿਆਂ ਕੋਲੋਂ ਲੜ ਨਾ ਕਦੇ ਛੁਡਾਣਾਂ।

ਇਸ ਤਰ੍ਹਾਂ ਦੇ ਪਿਆਰ ਬਿਰਹੋਂ ਦੇ ਸਾਡੇ ਰੰਗਾਂ ਵਿਚ ਸਤਿਗੁਰਾਂ ਨੇ ਤਿਆਰੀ ਕਰ ਲਈ। ਤੁਰਨ ਦੇ ਦਿਨਾਂ ਤੋਂ ਪਹਿਲੇ ਮੇਰੇ ਵਿਆਹ ਦੀ ਗੱਲ ਛਿੜੀ, ਪਿਤਾ ਜੀ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ। ਜਦ ਆਪ ਜੀ ਨੇ ਕਿਰਪਾ ਭਰੇ ਨੇਤਰਾਂ ਨਾਲ ਮੇਰੀ ਵੱਲ ਤੱਕਿਆ ਤਾ ਮੈਂ ਚਰਨ ਪਕੜਕੇ ਰੋ ਪਈ ਤੇ ਬੇਨਤੀ ਕੀਤੀ: "ਹੇ ਜਾਣੀ ਜਾਣ ਜੀ ! ਸੰਸਾਰ ਅਗਨਿ ਤੋਂ ਰੱਖ ਲਵੋ। "

ਆਖਣ ਲੱਗੇ "ਅਸਾਂ ਅੱਗ ਵਿਚ ਪਾਣੀ ਰੱਖਿਆ ਹੈ, ਤੇ ਬੰਧਨ ਵਿਚ ਮੁਕਤਿ ਰਖੀ ਹੈ, ਗ੍ਰਿਹਸਤ ਵਿਚ ਨਿਰਬਾਣ ਸਿਖਲਾਣ ਆਏ ਹਾਂ। " ਮੈਂ ਕਿਹਾ: 'ਸੱਤਿ ਬਚਨ ! ਜੋ ਆਪ ਦਾ ਹੁਕਮ ਹੈ ਉਹੋ ਮੇਰਾ ਜੀਵਨ ਹੈ। " ਤਦ ਆਪ ਬੋਲੇ: "ਗ੍ਰਿਹਸਤੀ ਵਾਹਿਗੁਰੂ ਤੱਕ ਪਹੁੰਚੇ। 'ਵਾਹਿਗੁਰੂ ਦਾ ਪਿਆਰ' ਤੇ 'ਗ੍ਰਿਹਸਤ' ਦੋਵੇਂ ਕਿਕੂੰ ਨਿਭਣ ਇਹ ਗੱਲ ਕਰਕੇ ਦੱਸਣ ਲਈ ਅਸਾਂ 'ਗ੍ਰਿਹਸਤ ਉਦਾਸ' ਮਤ ਟੋਰਿਆ ਹੈ। ਗ੍ਰਿਹਸਤ ਕਰੇ ਪਰ ਅਧਰਮ ਕਰੇ[1] ਉਹ ਮਾੜਾ ਹੈ ਤੇ ਜੇ ਕੋਈ ਹਠ ਭੇਖ ਤੇ ਦਿਖਾਵੇ ਕਰਕੇ ਨਹੀਂ ਪਰ ਸਹਿਜ ਸੁਭਾਵ ਗ੍ਰਿਹਸਤ ਨਾ ਕਰੇ ਤੇ ਸਾਂਈਂ ਦੇ ਪਿਆਰ ਵਿਚ ਰੱਤਾ ਹੋਵੇ ਤਾਂ ਉਸ ਨੂੰ ਅਸੀਂ ਮਾੜਾ ਬੀ ਨਹੀਂ ਕਹਾਂਗੇ। ਪਖੰਡ ਬੁਰਾ ਹੈ, ਹਰ ਸ਼ਕਲ ਵਿਚ ਮਾੜਾ ਹੈ। ਕਪਟ ਭੁੱਲਕੇ ਨਹੀਂ ਕਰਨਾ ਅੰਤ ਜੀਉੜੇ ਦੇ ਸਿਰ ਨਬੇੜੇ ਪੈਂਦੇ ਹਨ। "

ਫਿਰ ਮੇਰੇ ਪਿਤਾ ਵਲ ਤੱਕ ਕੇ ਕਹਿਣ ਲੱਗੇ: "ਇਸ ਲਾਡਲੀ ਨੂੰ ਦੁੱਖ ਨਾ ਦੇਣਾ, ਇਸ ਦੇ ਸਿਰ ਵਾਹਿਗੁਰੂ ਦਾ ਹੱਥ ਹੈ, ਇਹ ਜੋ ਕਰੇਗੀ ਉਹ ਮਾੜਾ ਨਹੀਂ ਬਹੇਗਾ, ਇਸ ਨੂੰ ਕਿਸੇ ਗੱਲੇ ਤੰਗ ਨਾ ਕਰਨਾ। ਸਹਿ ਸੁਭਾਵ ਜੇ ਇਹ ਚਾਹੇ, ਕਾਜ ਕਰ ਦੇਣਾ, ਜੇ ਇਹ ਨਾ ਚਾਹੇ ਤਾਂ ਨਾ ਕਰਨਾ। ਇਸ ਦੇ ਸਿਰ ਸਾਧ ਸੰਗਤ ਦੀ ਸੇਵਾ ਦਾ ਚੋਖਾ ਭਾਰ ਰਹੇਗਾ। ਸੁਰਤ ਇਸ ਦੀ ਨਾਮ ਦੇ ਘਰ ਰਸੀਆ ਹੋ ਚੁਕੀ ਹੈ, ਇਹ ਸੁਖੀ ਹੈ। "

ਫੇਰ ਮੇਰੇ ਵੀਰ ਦੇ ਸਿਰ ਹੱਥ ਫੇਰਕੇ 'ਹਰਿ ਦਾਸ' ਨਾਮ ਬਖਸ਼ਿਆ, ਆਖਣ ਲੱਗੇ : "ਸਿੱਖਾ ! ਤੂੰ ਰਾਜ ਕਰੀਂ, ਤੇਰੀ ਭੈਣ ਜੋਗ ਕਰੇਗੀ। ਤੇਰੇ ਰਾਜ ਵਿਚ ਉਸ ਦਾ ਜੋਗ ਚੱਲੇਗਾ, ਅਰ ਉਸ ਦੇ ਜੋਗ ਨੂੰ ਤੇਰਾ ਰਾਜ ਸਹਾਰਾ ਦੇਵੇਗਾ, ਐਉਂ ਦੋਵੇਂ ਰਾਜ ਜੋਗ ਕਮਾਕੇ ਸਹਿਜ ਪਦ ਵਿਚ ਖੇਡੋਗੇ। " ਕੀਹ ਦੱਸਾਂ ਇਸ ਤਰ੍ਹਾਂ ਦੇ ਅੰਮ੍ਰਿਤ ਦਾਨ ਦੇਂਦੇ, ਬੱਦਲ ਦੀ ਤਰ੍ਹਾਂ ਵੱਸਦੇ ਪਿਆਰੇ ਜੀ ਕਿਸੇ ਹੋਰ ਟਿਕਾਣੇ ਨੂੰ ਚਲੇ ਗਏ। ਅਸੀਂ ਸ਼ਾਂਤਿ ਤੇ ਪਿਆਰ ਭਰੀ ਉਦਾਸੀ ਵਿਚ ਪੈ ਗਏ। ਪਰ ਨਿਤ ਦਾ ਸਤਿਸੰਗ, ਸੇਵਰ ਵੇਲੇ ਆਸਾ ਦੀ ਵਾਰ ਦਾ ਕੀਰਤਨ, ਸੰਝ ਨੂੰ 'ਸੋਦਰ' ਦੀ ਚੌਕੀ ਤੇ ਆਰਤੀ ਆਦਿ ਸੱਚੇ ਪਰ-

---

[1] ਕਬੀਰ ਜਉ ਗਿਹ ਕਰਹਿ ਤ ਧਰਮੁ ਕਰੁ...

{ਸਲੋਕ ਕਬੀਰ}

ਚੇਵੇਂ ਸਾਡੇ ਨਾਲ ਸਨ। ਪਿਤਾ ਜੀ ਰਾਜ ਕਰਦੇ ਤੇ ਮੈਂ ਸੰਗਤ ਦੀ ਸੇਵਾ ਕਰਦੀ ਸਾਂ। ਇਸ ਤਰ੍ਹਾਂ ਜਦ ਵੀਰ ਜੀ ਰਾਜ ਭਾਗ ਤੇ ਆਏ ਤਾਂ ਗੁਰ ਵਾਕ ਸਫਲ ਹੋਏ। ਇਸੇ ਤਰ੍ਹਾਂ ਮੇਰੀ ਪੰਜਾਹ ਵਰ੍ਹੇ ਦੀ ਉਮਰ ਜੋ ਮੈਨੂੰ ਧੁਰੋਂ ਮਿਲੀ ਸੀ-ਬਿਤੀਤ ਹੋਈ।

ਹਾਂ, ਮੁਸਾਫਰ ! ਏਥੇ ਇਕ ਅਨਜਾਣ ਗ਼ਰੀਬ ਸਿਖ ਮੁਸਾਫਰ ਬਾਣੀ ਪੜ੍ਹਦਾ ਬੈਠਾ ਸੀ, ਜੋ ਇਕੱਲਾ ਸੀ ਅਰ ਜਿਸ ਨੂੰ ਕੋਈ ਨਹੀਂ ਸੀ ਜਾਣਦਾ, ਜੋ ਮੂਰਖ ਤੇ ਖੁਰਦਰੇ ਹੱਥਾਂ ਨਾਲ ਘਾਇਲ ਕੀਤਾ ਗਿਆ ਤੇ ਦੋ ਅੱਖਾਂ ਤੋਂ ਬਿਨਾਂ ਕਿਸੇ ਹੀ ਦੇ ਨੀਰ ਵਗੇ ਤੋਂ ਬਿਨਾਂ ਸਸਕਾਰਿਆ ਗਿਆ। ਉਹ ਗੁੰਮ ਆਇਆ ਤੇ ਗੁੰਮ ਗਿਆ, ਪਰ ਉਹ ਗੁਰ ਨਾਨਕ ਦੇਵ ਦੀ ਕਣੀ ਵਾਲਾ ਆਦਮੀ ਆਪਣੀ ਗੁੰਮ ਯਾਤ੍ਰਾ ਵਿਚ ਇਕ ਐਸਾ ਵਾਕ ਕਰ ਗਿਆ ਕਿ ਜਿਸ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਸਾਡੇ ਤੱਪਿਓਂ ਟੁਰੇ ਸਨ, ਤਦ ਤੱਪੇ ਦੀ ਹੱਦ ਤੱਕ ਜੋ ਸਿੱਖ ਛੱਡਣ ਗਏ, ਉਨ੍ਹਾਂ ਦੀ ਗੇਣਤੀ ਨੌਂ ਸੌ ਤੋਂ ਵਧੀਕ ਸੀ। ਇਕ ਸਿਖ ਦੀ ਜਿੰਦੜੀ ਅਪਣੀ 'ਚੁੱਪ-ਅਵਾਜ਼' ਨਾਲ ਹਜ਼ਾਰਾਂ ਨੂੰ ਉਧਾਰਨੇ ਦਾ ਕਾਰਨ ਹੋਈ। ਉਹ ਪਿਆਰੀ ਆਤਮਾਂ ਏਥੇ ਬੈਠੀ ਸੀ, ਪਰ ਉਸਦੇ ਖੂਨ ਦੇ ਇਕ ਇਕ ਟੇਪੇ ਦੇ ਬਦਲੇ ਇਥੇ ਇਕ ਇਕ ਸਿਖ ਪੈਦਾ ਹੋਇਆ। ਹੇ ਮੁਸਾਫਰ ! ਕੀ ਤੂੰ ਸਿਖ ਹੈਂ? ਸਿਖ ਕਿ ਸਿਖੀ ਕੀਹ ਹੁੰਦੀ ਹੈ? ਅਰ ਗੁਰੂ ਨਾਨਕ ਜੀ ਦੇ ਉਸ ਸੁਖ ਸੁਨੇਹੜੇ ਦਾ, ਜੋ ਉਸ ਨੇ ਦੇਕੇ 'ਤੋਟੇ ਪੱਖ' ਵਿਚੋਂ ਕੱਢ ਕੇ 'ਲਾਹੇ ਪੱਖ' ਵਿਚ ਲੋਕਾਂ ਨੂੰ ਪਾ ਦਿਤਾ, ਆਵਾਜ਼ਾ ਸੁਣ ਤੇ ਸਿਖ ਅਰ ਫੇਰ ਸੰਸਾਰ ਨੂੰ ਸਿਖਾ, ਅਰ ਦੇਖ ਕਿ ਇਕ ਸਿਖ ਵਿਚ ਕਿੰਨੀ ਸਮਰੱਥਾ ਹੁੰਦੀ ਹੈ ! ਦੇਖ ਕਿ ਸਿਖ ਸਵਾ ਲੱਖ ਕਿਕੂੰ ਹੋ ਜਾਂਦਾ ਹੈ। ਤੋਟੇ ਦਾ ਸੁਭਾਉ ਲਾਹੇ ਦੇ ਘਰ ਕਿੱਕੂੰ ਆ ਵੱਸਦਾ ਹੈ?

ਇਹ ਕੁਛ ਆਖਣ ਮਗਰੋਂ ਉਹ ਸੂਰਤ ਚੁੱਪ ਹੋ ਗਈ, ਮੇਰੇ ਵਲੋਂ ਨਜ਼ਰ ਮੋੜਕੇ ਅਰਸ਼ਾਂ ਵੱਲ ਤੱਕੀ, ਫੇਰ ਮੇਰੇ ਵੱਲ ਤੱਕੀ ਤੇ ਬੋਲੀ:-

> ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥ ਜਿਉ ਰਾਖਹਿ ਕਿਰਪਾਧਾਰਿ ਤਿਵੈ ਸੁਖੁ ਪਾਈਐ ॥ ੧ ॥ ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥ ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥ ੧ ॥ ਰਹਾਉ ॥ {ਸੂਹੀ: ਮ:੧}

ਇਹ ਅਤਿ ਪਿਆਰ ਨਾਲ ਗਾਉਂਦੀ ਮੇਰੇ ਤੇ ਤ੍ਰੁਠ ਤ੍ਰੁਠ ਕੇ ਨਜ਼ਰ ਪਾਉਂਦੀ ਫੇਰ ਉਪਰ ਉੱਚੀ ਚੜ੍ਹਦੀ ਚੜ੍ਹਦੀ ਅਕਾਸ਼ਾਂ ਵਿਚ ਇਕ ਕਿਰਨ ਵਾਂਙੂ ਲਸਦੀ ਲਸਦੀ ਦੂਰ ਹੁੰਦੀ, ਮੱਧਮ ਪੈਂਦੀ ਅੰਤ ਗੁੰਮ ਹੋ ਗਈ। ਮੈਨੂੰ ਨੀਂਦ ਵਿਚ ਉਸ ਦੇ ਗੁੰਮ ਹੋ ਜਾਣ ਦਾ ਬਿਰਹਾ ਪਿਆ ਤੇ ਚਿਤ ਕੁਝ ਕਾਹਲਾ ਪਿਆ। ਉਸ ਕਾਹਲ ਵਿਚ ਜਾਗ ਖੁੱਲ੍ਹ ਗਈ। ਮੈਂ ਸਾਂ ਤੇ ਉਹ ਮੱਠ ਸੀ, ਏਕਾਂਤ ਤੇ ਸ਼ਾਂਤਿ ਸੀ, ਪਰ ਇਕ ਸੁਗੰਧੀ ਤੇ ਰਸ ਫੁਹਾਰ ਓਥੇ ਭਰੀ ਜਾਪਦੀ ਸੀ, ਜਿਸ ਦਾ ਛਿਣਕਾਉ ਮੇਰੇ ਲੂੰਆਂ ਨੂੰ ਛੁਹ ਛੁਹ ਕੇ ਅੰਦਰ ਸਿੰਜਰਦਾ ਸੀ ਤੇ ਅੰਦਰੋਂ ਕੋਈ ਝਰਨਾਟ ਛਿੜਕੇ ਲੂੰਆਂ ਨੂੰ ਲੂੰ ਕੰਡੇ ਕਰਦੀ ਸੀ। "ਵਾਹ ਵਾਹ ਸਤਿਗੁਰ ਨਾਨਕ ਤੇਰਾ ਬਿਰਦ ਪਤਿਤ ਪਾਵਨ! ਵਾਹ ! ਕੀਕੂੰ ਤਾਰਿਆ ਤੇ ਕੀਕੂੰ ਮੈਂ ਭੁੱਲ ਦੇ ਕੂੱਛੜ ਖੇਡਦੇ ਬਾਲ ਨੂੰ ਅਪਣੇ ਅਗੰਮੀ ਦੇਸ਼ ਦਾ ਕੋਈ ਝਾਕਾ ਦੇਕੇ ਸੱਚੀ ਸੋਝੀ ਪਾਈ ਹੈ।"

ਇਹ ਪ੍ਰਸੰਗ, ਇਹ ਵਾਰਤਾ, ਬੜੀ ਅਸਚਰਜ ਹੈ। ਸਤਿਗੁਰ ਦੇ ਇਹੋ ਜਿਹੇ ਤਾਰਣਹਾਰ ਬਿਰਦ ਦੇ ਅਨੇਕਾਂ ਕੌਤਕ ਹੋਏ, ਜੋ ਸ਼ੋਕ ਹੈ ਕਿ ਲਿਖੇ ਨਹੀਂ ਗਏ, ਲਿਖਣ ਵਿਚ ਤਾਂ ਅਤਿ ਥੋੜੇ ਆਏ ਸਨ। ਹਾਂ ਕੌਣ ਸਮੇਂ ਦੇ ਵਲ੍ਹੇਟੇ ਚਿੱਠੇ ਖੁਹਲੇ ਤੇ ਵਾਚੇ। ਮੈਨੂੰ ਇਹ ਸੁਹਣੀ ਵਾਰਤਾ ਦਿੱਸੀ ਹੈ ਅਚਰਜ ਵਾਲੀ ਹੈ, ਸਿਖਯਾ ਵਾਲੀ ਹੈ; ਤਾਰਨਹਾਰ ਹੈ॥ ਮੇਰੇ ਤੇ ਇਸ ਦਾ ਉਪਕਾਰ ਹੋਇਆ ਹੈ।

> ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
> ਸਾਵਧਾਨ ਏਕਾਗਰ ਚੀਤ॥ {ਗਉੜੀ ਮ: ੫}

ਦਾ ਉਪਦੇਸ਼ ਮੇਰੇ ਹਿਰਦੇ ਤੇ ਲਿਖਿਆ ਗਿਆ ਹੈ। ਇਵੇਂ ਇਹ ਵਾਰਤਾ ਹੋਰਨਾਂ ਨੂੰ ਸੁਖ ਦਾਤੀ ਹੋ ਸਕਦੀ ਹੈ, ਇਸ ਲਈ ਮੈਂ ਸਵੇਰੇ ਹੀ ਸੁਪਨਾ ਚੇਤੇ ਕਰ ਕਰ ਘੋਖ ਘੋਖ ਕੇ ਯਾਦ ਕੀਤਾ ਤੇ ਚੇਤਾਵਨੀਆਂ ਲਿਖ ਲਈਆਂ ਜੋ ਕਿਵੇਂ ਕਿਸੇ ਲਿਖਤ ਵਿਚ ਆਕੇ ਕਿਸੇ ਸੁਭਾਗ ਲੇਖਣੀ ਦੇ ਰਸਤੇ ਗੁਰ ਯਸ਼ ਦੇ ਚਾਤ੍ਰਿਕ ਨੈਣਾਂ ਤੇ ਪਪੀਹੇ ਕੰਨਾਂ ਤਕ ਅੱਪੜਦੀ ਹਿਰਦਿਆਂ ਵਿਚ ਅੰਮ੍ਰਿਤ ਦੀ ਠੰਢ ਪਾਵੇ।

ਐਉਂ ਇਹ 'ਭੋਲੇ ਭਾਇ ਮਿਲੇ ਰਘੁਰਾਇਆ' ਦਾ ਸਤਿਗੁਰਾਂ ਦਾ ਵਰਤਾਇਆ ਕੌਤਕ ਪ੍ਰਾਪਤ ਹੋਕੇ ਲਿੱਖਤ ਵਿਚ ਆਇਆ।

-o-

**ਦਰਸ਼ਨ ਦਾਤ[1]।**

ਗੁਰਮੁਖ ਵਾਕ:-
ਬੁਲਬੁਲ ! ਨਾਂ ਕਰ ਵੈਣ।
ਗੁਰ ਨਾਨਕ ਖਿੜਿਆ ਗੁਲ ਚਹੁੰਦਿਸ਼ ਖੁਹਲ ਦਿਲੇ ਦੇ ਨੈਣ।
ਕਰ ਦਰਸ਼ਨ ਦਿਲ ਖਿੜ ਪਈ ਸਾਰਾ
ਕਦੀ ਨ ਉਹਲੇ ਇਹ ਦੀਦਾਰਾ,
ਇਸ਼ਕ ਨਰਦ ਆ ਪੁਗਦੀ ਇਸ ਥਾਂ ਇਹ ਮੰਜ਼ਲ ਸੁਖ ਚੈਨ।

# ੪੪. ਗੋਸ਼ਟਿ ਸ਼ੇਖ ਬ੍ਰਾਹਮ-ਦੂਜੀ।[2]

੧.

**ਸਮਾਂ** ਟੁਰੀ ਗਿਆ, ਟੁਰੀ ਰਹੀ ਪੌਣ ਜਗਤ ਨੂੰ ਠਾਰਦੀ ਤੇ ਟੁਰੇ ਰਹੇ ਬੱਦਲ ਜਗਤ ਨੂੰ ਵਰੋਸਾਉਂਦੇ, ਜਲ ਦੇਂਦੇ ਤੇ ਅੰਨ ਫਲ ਉਪਜਾਉਂਦੇ, ਤਿਵੇਂ ਟੁਰਿਆ ਰਿਹਾ ਗੁਰੂ ਬਾਬਾ ਜਗਤ ਜਲੰਦੇ ਨੂੰ ਠੰਢਾਂ ਪਾਉਂਦਾ, ਨਾਮ ਦਾਨ ਦੇਂਦਾ ਤੇ ਮੋਏ ਜੀਵਾਲਦਾ। ਏਸ ਤਰ੍ਹਾਂ ਰੱਬੀ ਰੌ ਵਿਚ ਰੌਂਦੇ ਫੇਰ ਦੇਸ਼ ਨੂੰ ਆਏ, ਘਰ ਪਹੁੰਚੇ, ਪਰ ਠਹਿਰੇ ਨਹੀਂ, ਦੇਸ਼ ਵਿਚ ਪਰਦੇਸ਼ਾਂ ਵਾਂਗੂੰ ਖ਼ੁਨਕੀਆਂ ਬਖ਼ਸ਼ਦੇ ਫਿਰ ਨਿਕਲੇ। ਝਨਾਂ ਦੇ ਕਿਨਾਰੇ ਫਿਰੇ; ਫੇਰ ਰਾਵੀ ਵੰਨੇ ਆਏ ਤੇ ਫੇਰ ਪਾਕਪਟਨ ਦੇ ਲਾਗੇ ਆ ਨਿਕਲੇ। ਪਟਨ ਤੋਂ ਬਾਹਰ ਉਜਾੜ ਵਿਚ ਆ ਡੇਰੇ ਲਾਏ।

ਸਮੇਂ ਦੇ ਫੇਰ ਦੇਖੋ-ਇਹ ਪਾਕਪਟਨ ਕਦੇ ਹਿੰਦੂ ਟਿਕਾਣਾ ਤੇ ਤੀਰਥ ਵਾਂਙ ਰਿਖੀਆਂ ਦਾ ਟਿਕਾਣਾ ਸੀ, ਫੇਰ ਬੁਧ ਟਿਕਾਣਾ ਰਿਹਾ। ਇਸ ਦਾ ਨਾਮ ਉਸ ਪੁਰਾਤਨ ਸਮੇਂ ਅਜੋਧਨ ਸੀ। ੧੨੩੧ ਸੰਮਤ ਦੇ ਲਗ ਪਗ ਪਹਿਲੇ ਫਰੀਦ ਜੀ ਜਨਮੇਂ ਤੇ ਇਨ੍ਹਾਂ ਨੇ ਅਜੋਧਨ ਨੂੰ ਆਪਣਾ ਟਿਕਾਣਾ ਬਣਾਇਆ। ਇਨ੍ਹਾਂ ਦੇ ਰਹਿਣ ਕਰਕੇ ਇਨ੍ਹਾਂ ਦੇ ਮੁਰੀਦਾ ਨੇ ਇਸ ਦਾ ਨਾਉਂ 'ਪਾਕ ਪੱਤਣ' ਸੱਦਣਾ ਸ਼ੁਰੂ ਕੀਤਾ, ਜੋ ਪਾਕਪਟਣ ਹੋਕੇ ਪ੍ਰਸਿਧ ਹੋ ਗਿਆ। ਇਨ੍ਹਾਂ ਦੀ ਗੱਦੀ ਤੇ ਯਾਰ੍ਹਵੇਂ ਬਾਰ੍ਹਵੇਂ ਥਾਂ ਸ਼ੇਖ ਇਬ੍ਰਾਹੀਮ ਅਥਵਾ ਸ਼ੇਖ ਬ੍ਰਾਹਮ-ਜਿਨ੍ਹਾਂ ਨੂੰ ਫਰੀਦ ਸਾਨੀ, ਫਰੀਦ ਸਾਲਸ ਤੇ ਬਲ ਰਾਜਾ ਆਦਿ ਬੀ ਸੱਦਦੇ ਹਨ-ਹੋਏ। ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹ ਸ਼ੇਖ ਬ੍ਰਾਹਮ ਜੀ ਹੋਏ ਹਨ। ਸ਼ੇਖ ਫ਼ਰੀਦ ਜੀ ਦੇ ਸਲੋਕ ਤੇ ਹੋਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ।[3]

ਜਦੋਂ ਸ੍ਰੀ ਗੁਰੂ ਜੀ ਪਟਨ ਤੋਂ ਬਾਹਰ ਦੋ ਤ੍ਰੈ ਕੋਹ ਦੀ ਵਿੱਥ ਤੇ ਆ ਬੈਠੇ ਤੇ ਜੰਗਲ ਨੂੰ ਭਾਗ ਲਾ ਦਿੱਤਾ ਤਾਂ ਉੱਥੇ ਹੀ ਕੀਰਤਨ ਦਾ ਰੰਗ ਲਗ

---

[1] ਇਹ ਗੀਤ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ: ੪੬੭ ਕੱਤਕ ਦੀ ੨੫, ੧੦, ਨਵੰਬਰ ੧੯੩੫ ਈ: ਨੂੰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

[2] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੭੦ (੧੯੩੮ ਈ.) ਦੇ ਗੁਰਪੁਰਬ ਪੁੰਨਮ ਪਰ ਟ੍ਰੈਕਟ ਦੀ ਸ਼ਕਲ ਵਿਚ ਪ੍ਰਕਾਸ਼ਿਆ ਸੀ।

[3] ਇਹ ਬਾਣੀ ਸ਼ੇਖ ਇਬ੍ਰਾਹੀਮ ਫਰੀਦ ਸਾਨੀ ਦੀ ਹੈ; ਦੇਖੋ ਖਾਲਸਾ ਟ੍ਰੈਕਟ ਸੁਸਾਇਟੀ ਦਾ ਟ੍ਰੈਕਟ ਨੰਬਰ ੪੯੩-੪੯੪।

ਗਿਆ। ਇਕ ਦਿਨ ਸਵੇਰ ਸਾਰ ਕੀਰਤਨ ਹੋ ਰਿਹਾ ਸੀ ਕਿ ਦਿਹੁੰ ਚੜ੍ਹ ਪਿਆ। ਇਸ ਵੇਲੇ ਸ਼ੇਖ ਦਾ ਇਕ ਮੁਰੀਦ, ਕਮਾਲ ਜਿਸ ਦਾ ਨਾਉਂ ਸੀ, ਉਸ ਬਨ ਵਿਚ ਪੀਰ ਦੇ ਘਰ ਲਈ ਲਕੜੀਆਂ ਕੱਠੀਆਂ ਕਰ ਰਿਹਾ ਸੀ। ਕੀਰਤਨ ਦੀ ਮਿਠੀ ਅਵਾਜ਼ ਸੁਣਕੇ ਸੁਆਦ ਦਾ ਬੱਧਾ ਉਧਰ ਨੂੰ ਗਿਆ ਤਾਂ ਮਰਦਾਨਾ ਉਸ ਵੇਲੇ ਇਹ ਸਲੋਕ ਦੇ ਰਿਹਾ ਸੀ :-

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥੨॥

ਇਸ ਸ਼ਲੋਕ ਦੀ ਸੱਦ ਨੇ ਉਸ ਨੂੰ ਸੁਆਦ ਮਗਨ ਕਰ ਦਿੱਤਾ, ਫੇਰ ਦਿਲ ਕੀਤਾ ਜੋ ਅਰਥ ਬੀ ਚੰਗੀ ਤਰ੍ਹਾਂ ਸਮਝਾਂ। ਤਾਂ ਅੱਗੇ ਹੋਕੇ ਅਰਜ਼ ਕੀਤੀਓਸੁ ਕਿ ਜੁਨਾਬ ਆਗਿਆ ਦਿਓ ਜੋ ਇਹ ਬੈਂਤ ਇਹ ਰਬਾਬੀ ਫੇਰ ਉਚਾਰੇ। ਤਾਂ ਹੁਕਮ ਹੋਇਆ: ਮਰਦਾਨਿਆਂ ! ਸਲੋਕ ਫੇਰ ਦੇਹ। ਮਰਦਾਨੇ ਫੇਰ ਦੋ ਚਾਰ ਵੇਰੀ ਸ਼ਲੋਕ ਗਾਵਿਆਂ ਤਾਂ ਕਮਾਲ ਨੇ ਕੰਠ ਕਰ ਲਿਆ। ਫੇਰ ਚੁਣੀਆਂ ਲੱਕੜਾਂ ਬੰਨ੍ਹਕੇ, ਸਿਰ ਤੇ ਚਾਕੇ ਪੀਰ ਦੇ ਡੇਰੇ ਆ ਗਿਆ। ਲੱਕੜਾਂ ਸੱਟ ਕੇ ਜਾ ਸਲਾਮ ਕੀਤੀਓਸੁ ਤੇ ਅਖਿਓਸੁ:-ਪੀਰ ਸਲਾਮਤ ! ਅਜ ਇਕ ਖ਼ੁਦਾ ਦਾ ਪਿਆਰਾ ਡਿੱਠਾ ਹੈ, ਪਰ ਉਹ 'ਇਕ' ਖ਼ੁਦਾ ਆਖਦਾ ਹੈ। ਉਹ ਦੋ ਨਹੀਂ ਆਖਦਾ ਖ਼ੁਦਾ ਤੇ ਰਸੂਲ। ਹਿਕੋ ਖ਼ੁਦਾ ਦਸੇਂਦਾ ਏ। ਤਾਂ ਪੀਰ ਆਖਿਆ: ਕੁਛ ਸੁਣਿਓ ਸੋ ਸੁਣਾ। ਉਸ ਫੇਰ ਉਹ ਸ਼ਲੋਕ, ਜੋ ਕੰਠ ਕਰ ਆਇਆ ਸੀ; ਸੁਣਾ ਦਿਤਾ। 'ਨਾਨਕ' ਨਾਮ ਸੁਣਕੇ ਝਰਨਾਟ ਛਿੜੀ। ਉਹੋ ਨਾਨਕ ਰਸੀਆ ਤੇ ਤਪੀਆ ਤੇ ਵਿਰਾਗੀ ਤੇ ਰੰਗ ਰੱਤੜਾ ਨਾਨਕ, ਜਿਨ ਰਸ ਕਣੀ ਦਿਖਾਈ ਸੀ ਤੇ ਤਪਾਂ ਤੋਂ ਛੁਡਾਇਆ ਸੀ। ਸ਼ੇਖ ਦੇ ਦਿਲ ਕਈ ਭਾਵ ਲੰਘੇ, ਪਰ ਸੀ ਮੁਸਲਮਾਨ। ਸ਼ਰਅ ਦਾ ਡਰ ਤੇ ਸ਼ਰਈਆਂ ਦਾ ਡਰ ਸਿਰ ਤੇ ਸੀ ਤੇ ਗੱਦੀ ਨਸ਼ੀਨੀ ਦਾ ਮਾਣ ਹਰ ਵੇਲੇ ਪ੍ਰਾਪਤ ਸੀ। ਇਉਂ ਅੰਦਰਲੇ ਦੇ ਨਿਰੋਲ ਸੱਚ ਅੱਗੇ ਕਈ ਕਸਾਂ ਵਹਿ ਵਹਿ ਜਾਂਦੀਆਂ ਸਨ। ਸੋ ਪਿਆਰਾ ਉਮਾਹ ਉਠਕੇ ਕੁਝ ਸੋਚ ਬੀ ਫੁਰੇ। ਫੇਰ ਕਹਿਣ ਲੱਗਾ: ਬੱਚਾ ! ਤੂੰ ਸਹੀ ਕੀਤਾ ਕਿ ਨਾਨਕ ਆਪ ਸੀ ? ਓਸ ਕਿਹਾ: ਜੀ ਕੋਈ ਖਿੱਚੀ ਸੀ ਤੇ ਕੋਈ ਸੁਆਂ ਸੀ, ਕਿਵੇਂ ਜਾਣਾ ਕੌਣ ਸੀ। ਤਦ ਸ਼ੇਖ ਸਮਝਿਆ ਕਿ ਆਪ ਹੀ ਹੈ। ਫੇਰ ਕਹਿਣ ਲੱਗਾ:-ਬੱਚਾ ! ਬੈਂਤ ਦੇ ਮਾਨੇ ਸਮਝਿਓ? ਤਾਂ ਓਸ ਕਿਹਾ ਤੁਧ ਨੂੰ ਸਭ ਕੁਛ ਰੌਸ਼ਨ ਹੈ। ... ਹੂੰ ਕਹਿਕੇ ਪੀਰ ਨੇ ਕਿਹਾ: 'ਬੱਚਾ, ਜਿਨ੍ਹਾਂ ਦਾ ਆਖਿਆ ਇਹੁ ਬੈਂਤ ਹੈ, ਤਿਸਦਾ ਦੀਦਾਰੁ ਦੇਖਾ ਹੈ, ਓਹੁ ਖ਼ੁਦਾਇ ਦਾ ਫ਼ਕੀਰ ਹੈ। ਮੈਨੂੰ ਭੀ ਲੈ ਚਲੁ ! ਉਸ ਤਾਂ ਖ਼ੁਦਾਇ ਦੀਆਂ ਗਲਾਂ ਕਰੀਆਂ ਹਨਿ।[1]

ਫਿਰ ਸ਼ੇਖ ਕਮਾਲ ਨੂੰ ਨਾਲ ਲੈਕੇ ਸੁਖ ਆਸਨ ਚੜ੍ਹਕੇ ਕੋਹ ਦੋ ਕੋਹਾਂ ਤੇ ਪੁੱਜਾ ਤੇ ਗੁਰੂ ਕੇ ਪਾਸ ਖੜੋਕੇ ਸਲਾਮ ਕੀਤੀ। ਗੁਰੂ ਬਾਬੇ ਨੇ ਉਠਕੇ ਪਿਆਰ ਕੀਤਾ ਤੇ ਪਾਸ ਬਹਾਲਿਆ। ਸੁਖ ਸਾਂਦ ਪੁੱਛੀ ਫੇਰ ਆਪੋ ਵਿਚ ਵਾਰਤਾਲਾਪ ਤੁਰ ਪਈ।

ਪੀਰ-ਕਮਾਲ ਨੇ ਮੈਨੂੰ ਅਜ ਆਪ ਦਾ ਸ਼ਲੋਕ ਸੁਣਾਇਆ ਹੈ ਕਿ ਪੱਟੀ ਬੀ ਆਪ ਹੈ, ਕਲਮ ਬੀ ਆਪ ਹੈ, ਲੇਖ ਬੀ ਆਪ ਹੈ ਤੇ ਲਿਖਣਹਾਰ ਤਾਂ ਆਪ ਹੈ ਹੀ। ਸਭਨੀਂ ਥੋਕੀਂ ਇਕ ਹੈ। 'ਪਰ ਹਿੰਦੂ ਆਖਦੇ ਹਨ ਜੋ ਅਸਾਂ ਵਿਚ ਸਹੀ ਹੈ ਅਤੇ ਮੁਸਲਮਾਨ ਆਖਦੇ ਹਨਿ ਜੋ ਅਸਾਂ ਹੀ ਵਿਚਿ ਸਹੀ ਹੈ -ਆਖੁ ਵੇਖਾ ਕਿਸੁ ਵਿਚ ਸਹੀ ਕਰੇਹਾਂ ਅਰੁ ਕਿਸੁ ਵਿਚ ਅਣਸਹੀ ਕਰੇਹਾਂ[1]।

ਤਦ ਸ੍ਰੀ ਗੁਰੂ ਜੀ ਨੇ ਕਿਹਾ:-ਸ਼ੇਖਾ ! ਸ਼ਾਹਿਬ ਇਕੋ ਹੈ, ਉਸਦੀ ਮਤ ਤੇ ਸਿੱਖਿਆ ਇਕ ਹੈ, ਉਸਨੂੰ ਜੋ ਇਕ ਮੰਨੇ ਸੋ ਠੀਕ ਹੈ। ਜੋ ਇਕ ਤੋਂ ਵੱਧ ਕਹੇ ਉਸ ਨੂੰ ਛੱਡ ਦੇਹ। ਪੀਰ ਜੀ ! ਇਕ ਹੈ, ਇਕ ਪ੍ਰੀਤਮ ਹੈ, ਸਾਮਰਤੱਖ ਹੈ, 'ਏਕ ਤੂਈ, ਏਕ ਤੂਈ' ਕਹਿੰਦੇ ਗੁਰੂ ਜੀ ਉਸ ਏਕੇ ਦੇ ਵਿਸਮਾਦੀ ਰੰਗ ਵਿਚ ਮਗਨ ਹੋ ਗਏ। ਪੀਰ ਨੂੰ ਬੀ ਰਸ ਆ ਗਿਆ, ਫਿਰ ਪੀਰ ਨੂੰ ਵੈਰਾਗ ਛਿੜਿਆ, ਸੋਚੇ-ਕਿਆ ਪੀਰੀ ਤੇ ਕਿਆ ਸਜਾਦਗੀ, ਪਿਆਰਾ ਮਿਲੇ, ਅੱਠ ਪਹਿਰ ਉਸ ਦੇ ਰੰਗ ਕਿਵੇਂ ਰਹਾਂ। ਇਉਂ ਸੋਚਦਾ ਬੇਵਸਾ ਹੋ ਗਾਉਂ ਉਠਿਆ:-

ਫਰੀਦਾ ਪਾੜਿ ਪਟੋਲਾ ਧਜ ਕਰੀ
ਕੰਬਲੜੀ ਪਹਿਰੇਉ ॥ ਜਿਨੀ ਵੇਸੀ ਸਹੁ
ਮਿਲੈ ਸੋਈ ਵੇਸ ਕਰੇਉ ॥੧੦੩॥

{ਸਲੋਕ ਫਰੀਦ ਜੀ}

[1] ਪੁਰਾਤਨ ਜਨਮ ਸਾਖੀ।

ਫੇਰ ਪੀਰ ਜੀ ਚੁਪ ਹੋ ਗਏ ਤਾਂ ਗੁਰੂ ਬਾਬੇ ਅਖਿਆ; ਪੀਰ ਜੀ, ਸ਼ਹੁ ਤਾਂ ਅੰਦਰੇ ਹੈ, ਅਸੀਂ ਜੋ ਤਾਂਘਣਹਾਰ ਹਾਂ, ਪਰਦੇਸ਼ ਰਹਿੰਦੇ ਹਾਂ, ਜੇ ਅਸੀਂ ਝੁਰੀਏ ਆਪਣੇ ਇਸ ਵਿਛੋੜੇ ਵਾਲੀ ਭੁੱਲ ਨੂੰ, ਯਾਦ ਕਰੀਏ ਉਸ ਪਿਆਰੇ ਨੂੰ ਤਦ ਮਿਲਦਿਆਂ ਦੇਰ ਨਹੀਂ ਲਗਦੀ, ਪਰ ਨੀਅਤ ਬੀ ਰਾਸ ਹੋ ਜਾਵੇ ਤਾਂ[੧]।

ਸ਼ੇਖ-ਜੁਆਨੀ ਬੀਤ ਜਾਂਦੀ ਹੈ, ਉਮਰ ਵਡੀ ਹੋ ਜਾਂਦੀ ਹੈ, ਮੌਤ ਸਿਰ ਤੇ ਹੈ, ਕਬਰ ਵਿਚ ਪੈਕੇ ਬੀ ਪਈ ਰੂਹ ਕੂਕੇਗੀ-ਹਾਇ ਨਾ ਮਿਲਿਓ ਪਿਆਰੇ! ਹਾਇ ਨਾ ਮਿਲਿਓ[੨]।

ਗੁਰੂ ਜੀ (ਲੰਮਾ ਸਾਹ ਲੈ ਕੇ ਰਸ ਤੇ ਵੈਰਾਗ ਵਿਚ)-ਪੀਰ ਜੀ; ਅਸੀਂ ਕੁਚੱਜੇ ਹਾਂ, ਸ਼ਰੀਰ ਦੇ ਪਿਆਰ ਵਿਚ ਮਗਨ ਹਾਂ; ਮਨ ਕੁਸੁਧ ਤੇ ਕਾਲਾ ਹੈ। ਸਾਡੇ ਵਿਚ ਹੀ ਅਵਗੁਣ ਵੱਸ ਰਹੇ ਹਨ। ਜੇ ਗੁਣ ਆ ਜਾਣ ਤਾਂ ਪਿਆਰਾ ਸਾਨੂੰ ਮਿਲੇ[੩]।

ਪੀਰ(ਨੈਣ ਭਰਕੇ)-ਉਹ ਗੁਣ ਕਿਹੜੇ ਹਨ ਜੋ ਧਾਰਨ ਕਰਾਂ, ਉਹ ਕਿਹੜੇ ਅੱਖਰ ਹਨ ਜਿਨ੍ਹਾਂ ਨੂੰ ਬੋਲਕੇ ਪ੍ਰੀਤਮ ਨੂੰ ਰੀਝਾਵਾਂ, ਉਹ ਕਿਹੜੀ ਮਾਲਾ ਹੈ ਤੇ ਕਿਹੜਾ ਮੰਤਰ ਹੈ, ਜਿਸ ਨੂੰ ਜਪ ਕੇ ਉਸਨੂੰ ਵੱਸ ਕਰ ਲਵਾਂ? ਉਹ ਕਿਹੜਾ ਵੇਸ ਹੈ ਜੋ ਪਹਿਨਾਂ ਤੇ ਉਹ ਮੋਹਿਤ ਹੋਵੇ[੪]?

ਸ੍ਰੀ ਗੁਰੂ ਜੀ-ਮਨ ਦਾ ਮਾਨ ਛੱਡਣਾ ਤੇ ਨਿਉਂ ਕੇ ਤੁਰਨਾ, ਇਹ ਤਾਂ ਹੈ ਅੱਖਰ, ਬੋਲ ਕੁਬੋਲ ਅਤੇ ਦੁਖ ਸੁਖ ਸਹਾਰਨਾ ਤੇ ਰਜ਼ਾ ਤੇ ਰਹਿਣਾ, ਇਹ ਹੈ ਗੁਣ ਤੇ ਮਣਕੇ। ਫਿਰ ਜੀਭ ਹੀ ਬਣ ਜਾਵੇ ਮਾਲਾ। ਉਹ ਜਪੇ ਨਾਮ ਮੰਤਰ। ਏਹ ਤ੍ਰੈਏ ਧਾਰਨੇ ਮਾਨੋਂ ਵੇਸ ਕਰਨਾ ਹੈ, ਕਿਉਂ? ਏਹ ਤਾਂ ਹੀ ਧਾਰੂ ਜੇ ਅੰਦਰ ਸਾਂਈਂ ਦੀ ਸਿਕ ਹੋਉ ਤਾਂ, ਸੋ ਵੇਸ ਹੋਇਆ-ਸਿੱਕ ਮਿਲਨੇ ਦੀ[੧]।

ਇਸ ਵੇਲੇ ਪੀਰ ਦਾ ਦਿਲ ਬਹੁਤ ਦ੍ਰਵ ਰਿਹਾ ਸੀ। ਹਰ ਉੱਚੇ ਸਾਧਕ ਨੂੰ ਆਪਣੇ ਅੰਦਰ ਅਵਗੁਣਾਂ ਦੇ ਹਵਾ ਹਵਾ ਜਿੰਨੇ ਰੁਮਕੇ ਦੀ ਭੀ ਪੀੜਾ ਹੁੰਦੀ ਹੈ। ਸੋ ਕਿਸੇ ਐਸੇ ਭਾਵ ਵਿਚ ਪੀਰ ਬੋਲਿਆ: ਹੇ ਗੁਰੂ ਨਾਨਕ! ਮੈਨੂੰ ਕੋਈ ਕਾਤੀ, ਕੋਈ ਛੁਰੀ ਦੇਹ, ਜਿਸ ਨਾਲ ਇਸ ਮਨ ਦੇ ਮਾਣ ਨੂੰ ਹਲਾਲ ਕਰਾਂ। ਜਾਨਵਰ ਦੇ ਕੋਹਣ ਨੂੰ ਛੁਰੀ ਲੋਹੇ ਦੀ ਹੈ, ਮਨੁੱਖ ਦੇ ਹਲਾਲ ਕਰਨ ਲਈ ਲੋਹੇ ਦੀ ਕਾਤੀ ਹੈ; ਪਰ ਇਸ 'ਮਾਣੁ' ਦੇ ਹਲਾਲ ਕਰਨ ਦੀ ਕੋਈ ਛੁਰੀ ਹੈ ਤਾਂ ਦੱਸ।

ਇਹ ਸੁਣਕੇ ਗੁਰੂ ਬਾਬੇ ਦੇ ਚਿਹਰੇ ਦੀ ਆਭਾ ਵਿਚੋਂ ਪਿਆਰ ਤੇ ਪ੍ਰਤਾਪ ਦੀਆਂ ਦੋਵੇਂ ਆਭਾਂ ਬਦਲੀ ਖਾਕੇ ਦ੍ਰਿੜਤਾ ਦਾ ਇਕ ਟਿਕਵਾਂ ਤੇ ਭਰਵਾਂ ਭਾਵ ਲੈ ਆਂਈਆਂ ਤੇ ਬੋਲਣ ਦੀ ਸੁਰ ਬੀ ਅਝਵੇਂ ਰੁਖ ਦੀ ਅਡੋਲਤਾ ਵਾਲੀ ਹੋ ਗਈ:-ਸ਼ੇਖਾ! 'ਸੱਚ' ਇਕ ਲੋਹਾ ਹੈ ਜੋ ਅਸਪਾਤ ਤੇ ਫੌਲਾਦ ਤੋਂ ਮਜ਼ਬੂਤ ਹੈ, ਇਹ ਹਿਰਦੇ ਵਿਚ ਟਿਕਿਆ ਉਸ ਦੀ ਦ੍ਰਿੜਤਾ ਤੇ ਡਾਢ ਹੈ। ਇਸ ਸੱਚ ਦੇ ਲੋਹੇ ਤੋਂ ਇਕ ਛੁਰੀ ਬਣਦੀ ਹੈ, ਉਸ ਦਾ ਦਸਤਾ ਬੀ ਕਿਸੇ ਲੱਕੜੀ, ਪੱਥਰ ਯਾ ਦੰਦ ਖੰਦ ਦਾ ਨਹੀਂ ਬਣਦਾ, ਉਹ ਸਾਰੀ ਇਸ ਲੋਹੇ ਦੀ ਹੀ ਬਣਾਈਦੀ ਹੈ। ਇਸ ਦੀ ਘਾੜਤ ਅੱਗ ਦੇ ਤਾ ਤੇ ਹਥੌੜੀ ਦੀ ਸੱਟ ਨਾਲ ਨਹੀਂ ਹੁੰਦੀ, ਸਗੋਂ ਅੰਦਰ ਹੀ ਸਫਾਈ ਦੇ ਯਤਨਾਂ ਦੇ ਸੇਕ ਨਾਲ ਤੇ ਸੱਚ ਦੇ ਬਦਲੇ ਸਿਰ ਪੈਣ ਵਾਲੇ ਦੁਖਾਂ ਦੀਆਂ

---

[੧] ਘਰਹੀ ਮੁੰਧਿ ਵਿਦੇਸਿ ਪਿਰੁ ਨਿਤ ਝੁਰੇ ਸੰਮ੍ਹਾਲੇ ॥ ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥ ੧ ॥ {ਵਾ: ਵਡ: ਮ:੧}

[੨] ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥ ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥ ੫੪ ॥ {ਸਲੋਕ ਫਰੀਦ}

[੩] ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥ ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥ ੧ ॥ {ਵਾਰ ਮਾਰੂ ਮ: ੧}

ਮਹਲ-ਇਸਤ੍ਰੀ, ਜਗਯਾਸੂ। ਮੜਵੜੀ-ਸਰੀਰ ਰੂਪੀ ਮਨ ਵਿਚ ਵੜੀ ਹੋਈ, ਦੇਹ ਨੂੰ ਪਿਆਰ ਕਰਨ ਵਾਲੀ।

[੪] ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥ ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥ ੧੨੬ ॥ {ਸਲੋਕ ਫਰੀਦ}

[੧] ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ ੧੨੭ ॥ {ਸਲੋਕ ਫਰੀਦ}

ਸੱਟਾਂ ਨਾਲ ਇਹ ਕਾਤੀ ਘੜੀਦੀ ਹੈ, ਇਸ ਕਰਕੇ ਘਾੜਤ ਨੂੰ ਅਪਰ ਅਪਾਰ ਕਹੀਦਾ ਹੈ, ਕਿਉਂਕਿ ਜਦੋਂ ਇਹ ਬਣ ਜਾਏ, ਸੁਹਣੀ ਬੀ ਬੜੀ ਹੁੰਦੀ ਹੈ, ਫਿਰ ਇਸ ਨੂੰ ਕਰੁੰਡ ਦੀ ਸਾਣ ਨਹੀਂ ਚਾੜ੍ਹੀਦਾ; ਇਸ ਨੂੰ ਨਿਰੰਕਾਰ ਦੇ ਨਾਮ ਨਾਲ ਤ੍ਰਿੱਖਿਆਂ ਕਰੀਦਾ ਹੈ। ਜਦ ਇਹ ਪੈਨੀ ਛੁਰੀ ਤਿਆਰ ਹੋ ਜਾਵੇ ਤਾਂ ਇਸ ਨੂੰ ਮਜਾਨ ਵਿਚ ਸਾਂਭ ਕੇ ਰਖੀਦਾ ਹੈ, ਪਰ ਉਹ ਮਿਆਨ ਚਮੜੇ ਦੀ ਨਹੀਂ, ਗੁਣਾਂ ਦੀ ਹੁੰਦੀ ਹੈ। ਇਸ ਛੁਰੀ ਨਾਲ ਜੋ ਕੋਈ ਕੋਹਿਆ ਜਾਵੇ ਤਾਂ ਸ਼ੇਖ ਬਣਦਾ ਹੈ, ਐਵੇਂ ਤਾਂ ਸ਼ੇਖ(ਬਜ਼ੁਰਗ) ਇਕ ਉਪਮਾ ਲਈ ਪਦ ਵਰਤ ਲੈਂਦੇ ਹਨ। ਤੁਸੀਂ ਜਾਣਦੇ ਹੀ ਹੋ ਕਿ ਸ਼ੇਖ ਨਾਮ ਹੈ ਵਡੇ ਦਾ ਆਗੂ ਦਾ, ਧਰਮ ਦੇ ਆਗੂ ਦਾ। ਸੋ ਅਸਲ ਸ਼ੇਖ ਉਹ ਹੈ ਜੋ ਇਸ ਛੁਰੀ ਨੇ ਕੋਹਿਆ ਹੈ, ਕਿਉਂਕਿ ਇਸ ਛੁਰੀ ਦੇ ਲਗਦੇ ਸਾਰ ਹਿਰਸ ਦਾ ਸਾਰਾ ਲਹੂ ਨਿਕਲ ਜਾਂਦਾ ਹੈ। 'ਲੈਣ ਲੈਣ' ਦੀ ਹਿਰਸ 'ਹਰ ਸ਼ੈ ਮੇਰੀ ਹੋ ਜਾਏ', ਇਸ ਦਾ ਲੋਭ ਜਦ ਦੂਰ ਹੋ ਗਿਆ, ਤਦ ਜੀਵ ਦੀਆਂ ਸਭ ਕਸਰਾਂ ਗਈਆਂ, ਕਿਉਂਕਿ ਇਹ 'ਲੈਣ ਬ੍ਰਿਤੀ' ਤੇ 'ਅਤ੍ਰਿਪਤ ਲੈਣ ਬ੍ਰਿਤੀ' ਹੀ ਤਾਂ ਸਾਰੇ ਅਵਗੁਣ ਕਰਾਉਂਦੀ ਤੇ ਸੱਚ ਦੀ ਥਾਂ ਝੂਠ, ਦਗ਼ੇ ਤੇ ਫਰੇਬ ਸਿਖਾਲਦੀ ਹੈ। ਇਸ ਛੁਰੀ ਨਾਲ ਜੋ ਹਲਾਲ ਹੋਇਆ ਸੋ ਸੱਚ ਮੁਚ ਹਲਾਲ ਹੋ ਗਿਆ ਹੈ, ਕਿਉਂਕਿ ਇਸ ਵਿਚੋਂ ਹਰਾਮ ਫੇਰ ਸਾਰਾ ਦੂਰ ਹੋ ਜਾਂਦਾ ਹੈ, ਉਹ ਫੇਰ ਸਮਝਦਾ ਹੈ ਕਿ ਮੇਰੇ ਲਈ ਕੀ ਕੀ ਗੱਲਾਂ ਹਰਾਮ ਹਨ, ਕੀ ਕੀ ਹਲਾਲ ਹਨ ਤੇ ਕੀ ਕੀ ਹੱਕ ਹਨ। ਐਉਂ ਜਾਣਦਾ ਹੀ ਨਹੀਂ, ਹੱਕ ਨੂੰ ਪ੍ਰਾਪਤ ਹੋ ਜਾਂਦਾ ਹੈ। ਹੱਕ ਨਾਮ ਸੱਚ ਦਾ ਬੀ ਹੈ, ਪਰਮੇਸ਼ੁਰ ਦਾ ਬੀ ਹੈ, ਸੋ ਉਹ ਪਹਿਲਾਂ ਹੱਕ ਹਲਾਲ ਪਛਾਣਦਾ ਹੈ, ਫੇਰ ਜਦ ਹੱਕ ਹਲਾਲ ਨੂੰ ਚੰਬੜਦਾ ਹੈ ਤਾਂ ਸਚ ਵਿਚ ਵਸ ਜਾਂਦਾ ਹੈ, ਇਸ 'ਆਚਰਣੀ ਸਚ' ਤੋਂ ਨਾਮ ਨਾਲ ਟੁਰਿਆ ਹੋਇਆ 'ਮੂਲਕ ਸਚ' ਅਰਥਾਤ 'ਸਚੇ ਪਰਮੇਸ਼ੁਰ' ਨੂੰ ਜਾ ਪ੍ਰਾਪਤ ਹੁੰਦਾ ਹੈ ਤੇ ਸਾਂਈਂ ਦੀ ਦਰਗਾਹ ਵਿਚ, ਸਾਂਈਂ ਦੇ ਦੀਦਾਰ ਵਿਚ ਉਸ ਦੀ ਸਮਾਈ ਹੋ ਜਾਂਦੀ ਹੈ[1]। ਏਸ ਛੁਰੀ ਨਾਲ ਮਨ ਦਾ ਮਾਨ ਕੱਟੀਦਾ ਹੈ।

ਇਹ ਸੁਣਕੇ ਸ਼ੇਖ ਬੀ ਝੂੰਮ ਪਿਆ। ਬੇਵਸਾ ਹੋ ਬਾਬੇ ਦੀ ਉਸਤਤਿ ਕਰਨ ਲਗ ਪਿਆ-'ਵਾਹ ਵਾਹ ਖ਼ੁਦਾਇ ਦਾ ਸਹੀ ਕਰਨੇ ਵਾਲਾ ਹੈ। ਖ਼ੁਦਾਇ ਦਾ ਪਿਆਰਾ ਹੈ, ਖ਼ੁਦਾਇ ਵਡੀ ਨਿਵਾਜ਼ਸ਼ ਕੀਤੀ ਹੈ। ਨਾਨਕ! ਖ਼ੁਦਾਇ ਕੇ ਪਿਆਰਿਆਂ ਕੋ ਪੁਛਣਾ ਗੁਸਤਾਖੀ ਹੈ। ' ਜਾਪਦਾ ਹੈ ਕਿ ਗੁਰੂ ਜੀ ਨੇ ਇਹ ਸੁਣਕੇ ਸਮਝ ਲਿਆ ਕਿ ਸ਼ੇਖ ਕੁਛ ਪੁੱਛਣਾ ਲੋੜਦਾ ਹੈ, ਤਾਂ ਗੁਰੂ ਜੀ ਨੇ ਕਿਹਾ: 'ਆਖੋ'। ਤਾਂ ਉਸ ਪੁੱਛਣਾ ਕੀਤਾ ਕਿ ਪੀਰੀ ਮੁਰੀਦੀ ਵਿਚ ਤਰ੍ਹਾਂ ਤਰ੍ਹਾਂ ਦੇ ਲੋਕ ਸਿਰ ਆ ਖਾਂਦੇ ਹਨ, ਉਹਨਾਂ ਨਾਲ ਗਲ ਬਾਤ ਕਿਵੇਂ ਕਰੇ?ਤਾਂ ਗੁਰੂ ਬਾਬੇ ਆਖਿਆ:-ਜੋ ਸਾਰੇ ਲੋਕ ਆਉਂਦੇ ਹਨ, ਉਹ ਆਪਣੇ ਮਤਲਬਾਂ ਲਈ ਫਕੀਰਾਂ ਪਾਸ ਆਉਂਦੇ ਹਨ, ਕਰਾਮਾਤਾਂ ਲੈਣ ਵਾਸਤੇ। ਨਾਮ ਦੇ ਪ੍ਰੇਮੀ ਉਹਨਾਂ ਵਿਚ ਘੱਟ ਆਉਂਦੇ ਹਨ[2]। ਕਾਮੀਆਂ ਨੂੰ ਸੁੰਦਰਤਾ ਨਾਲ, ਭੁੱਖਾਂ ਦੇ ਮਾਰਿਆਂ ਦਾ ਸੁਾਦੀਕ ਭੋਜਨਾਂ

---

[1] ਸਚੇ ਪਾਤਸ਼ਾਹ ਦੀ ਇਹ ਵਾਰਤਾਲਾਪ ਉਸ ਸ਼ਲੋਕ ਦਾ ਖੁੱਲ੍ਹਾ ਅਨੁਵਾਦ ਹੈ ਜੋ ਰਾਮਕਲੀ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੈ ਤੇ ਪੁਰਾਤਨ ਜਨਮ ਸਾਖੀ ਨੇ ਇਸ ਵੇਲੈ ਉਚਾਰਿਆ ਲਿਖਿਆ ਹੈ:-

ਸਚ ਕੀ ਕਾਤੀ ਸਚੁ ਸਭੁ ਸਾਰੁ ॥ ਘਾੜਤ ਤਿਸ ਕੀ ਅਪਰ ਅਪਾਰ ॥ ਸਬਦੇ ਸਾਣ ਰਖਾਈ ਲਾਇ ॥ ਗੁਣ ਕੀ ਥੇਕੈ ਵਿਚਿ ਸਮਾਇ ॥ ਤਿਸ ਦਾ ਕੁਠਾ ਹੋਵੈ ਸੇਖੁ ॥ ਲੋਹੂ ਲਬੁ ਨਿਕਥਾ ਵੇਖੁ ॥ ਹੋਇ ਹਲਾਲੁ ਲਗੈ ਹਕਿ ਜਾਇ॥ ਨਾਨਕ ਦਰਿ ਦੀਦਾਰਿ ਸਮਾਇ ॥ ੨ ॥ {ਵਾਰ: ਰਾਮ: ਮਹਲਾ ੧-੧੯-੯ ਪ੬}

[2] ਅਗਲੀ ਸਤਿਗੁਰ ਦੀ ਕਥਨੀ ਉਹਨਾਂ ਦੇ ਰਚੇ ਇਸ ਸਲੋਕ ਦਾ ਅਨੁਵਾਦ ਹੈ-

ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥ ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥ ੧ ॥ {ਵਾਰ: ਮਲਾਰ: ਮ:੧-੨੩}

ਨਾਲ ਪਿਆਰ ਹੁੰਦਾ ਹੈ, ਲੋਭੀ ਮਾਲ ਦੇ ਮੋਹ ਵਿਚ ਹੁੰਦਾ ਹੈ, ਨੀਂਦਰ ਤੋਂ ਉਂਘਲਾ ਰਹੇ ਨੂੰ ਪਲੰਘ ਤੇ ਰਜਾਈ ਦੀ ਇੱਛਾ ਹੁੰਦੀ ਹੈ, ਕ੍ਰੋਧੀ ਗੁੱਸੇ ਦੇ ਵਾਕਾਂ ਵਿਚ ਭੁੜਕਦਾ ਤੇ ਖੁਆਰ ਹੁੰਦਾ ਹੈ ਤੇ ਫੱਕਰ ਲੋਕ ਐਵੇਂ ਹੀ ਬਕਵਾਸ ਕਰਦੇ ਰਹਿੰਦੇ ਹਨ। ਸੋ ਸ਼ੇਖ ਜੀ! ਭਲਿਆਈ ਦਾ ਓਪਦੇਸ਼ ਦੇਣਾ ਤਾਂ ਸਭ ਕਿਸੇ ਨੂੰ ਹੈ, ਪਰ ਕਾਮੀਆਂ, ਪੇਟ ਪਾਲੂਆਂ, ਤ੍ਰਿਸ਼ਨਾਲੂਆਂ, ਦਲਿੱਦਰੀਆਂ, ਕ੍ਰੋਧੀਆਂ ਤੇ ਬਕਵਾਸੀਆਂ ਨਾਲ ਸੰਗ ਨਹੀਂ ਕਰਨਾ ਚਾਹੀਏ, ਉਹਨਾਂ ਦੇ ਅੰਦਰੋਂ ਸੜ੍ਹਾਂਦ ਉਠਦੀ ਹੈ ਤੇ ਨਾਮ ਪਵਿੱਤ੍ਰਤਾ ਹੈ। ਸੋ ਸਤਿਸੰਗ ਹੈ ਨਾਮ ਦੇ ਲੋੜਕੂਆਂ, ਨਾਮ ਦੇ ਪ੍ਰੇਮੀਆਂ ਦਾ। ਤਾਂ ਸ਼ੇਖ ਬਾਬੇ ਦੇ ਪੈਰਾਂ ਉਤੇ ਢਹਿ ਪਿਆ। ਆਖਿਓਸੁ: 'ਵਾਹੁ ਨਾਨਕ ਵਾਹੁ ਨਾਨਕ! ਖ਼ੁਦਾਇ ਦੇ ਰਾਹ ਦੀ ਖਬਰ ਦਿਤੀ। ਅਸਾਨੂੰ ਕਿਛੁ ਖ਼ੁਦਾਇ ਦੇ ਰਾਹ ਦੀ ਖਬਰ ਹੋਈ। ਅਸੀਂ ਅੱਜ ਜੀਵੇ। ਅਸਾਂ ਕਉ ਕੋਈ ਖ਼ੁਦਾਇ ਦਾ ਔਲੀਆ ਮਿਲਿਆ। ਅਸਾਂ ਕੂ ਖ਼ੁਦਾਇ ਦੇ ਮਿਲਣੇ ਵਿਚ ਸ਼ੱਕ ਨਾਹੀਂ ਕੁਛ ਰਿਹਾ[1]।

ਜਾਪਦਾ ਹੈ ਕਿ ਕੁਛ ਦਿਨ ਗੁਰੂ ਜੀ ਉੱਥੇ ਬਨ ਵਿਚ ਹੀ ਟਿਕੇ। ਜਨਮ ਸਾਖੀ ਵਿਚ ਲਿਖਿਆ ਹੈ ਕਿ ਪੀਰ ਨੇ ਕਿਹਾ: ਮੇਰੇ ਘਰ ਚੱਲੋ, ਪਰ ਗੁਰੂ ਬਾਬੇ ਨੇ ਬਨ ਰਹਿਣਾ ਪਸੰਦ ਕੀਤਾ। ਸੋ ਪੀਰ ਉੱਥੇ ਮਿਲਦਾ ਰਿਹਾ ਤੇ ਰੱਬ ਦੇ ਸੋਹਿਲੇ ਗਾਂਵੀਂਦੇ ਰਹੇ। ਇਕ ਦਿਨ ਪੀਰ ਨੇ ਕਿਹਾ:-ਹੇ ਸਤਿਗੁਰ ਰੱਬ ਦੇ ਪਜਾਰੇ! ਜਿਸ ਸਾਂਈਂ ਨੂੰ ਹਿਕ ਆਖਦੇ ਹੋ ਉਸ ਦੀ ਹਮਦੋਸਨਾ ਤਾਂ ਕੁਛ ਸੁਣਾਓ, ਕਿਵੇਂ ਉਸਨੇ ਦੁਨੀਆਂ ਸਾਜੀ? ਇਕ ਸੀ, ਇਕ ਹੈ ਤਾਂ ਦੁਨੀਆਂ ਜੋ ਦੂਈ ਹੈ, ਕਿਵ ਰਚੀ ਗਈ? ਇਕ ਵਿਚ ਤਾਂ ਇਕ ਹੀ ਹੈ ਫੇਰ ਜਗਤ ਤੇ ਰਚਨਾ ਕਿਵੇਂ ਹੈਂ?

ਗੁਰੂ ਜੀ-ਸ਼ੇਖਾ! ਉਹ ਇਕ ਹੈ, ਅਪਣੇ ਆਪ ਵਿਚ ਸੰਪੂਰਨ ਹੈ ਤੇ ਸਦਾ ਹੈ। ਉਹ ਕਿਹੋ ਜਿਹਾ ਤੇ ਕੀਹ ਹੈ? ਇਹ ਗਲ ਅਕਹਿ ਹੈ। ਉਸ ਦਾ ਭਾਣਾਂ, ਮਰਜ਼ੀ, ਹੁਕਮ ਕੋਈ ਹੈ, ਉਸ ਸਰਬ ਚੇਤਨਾ ਤੋਂ ਪਰੇ ਪਰਮ ਚੇਤਨ ਸਰੂਪ ਵਿਚ, ਜਿਵੇਂ ਉਹ ਆਪ ਨਹੀਂ ਵਰਣਨ ਹੋ ਸਕਦਾ ਤਿਵੇਂ ਉਸ ਦਾ 'ਹੁਕਮੁ ਨ ਕਹਿਆ ਜਾਈ'। ਸੋ ਆਪਣੇ ਕਿਸੇ ਰੰਗ ਵਿਚ ਉਹ ਆਪੇ ਆਪ ਨੂੰ ਰਚਦਾ ਹੈ[1]। ਰਚਦਾ ਕੀਹ ਹੈ? ਨਿਰਗੁਣ ਸਰਗੁਣ ਹੋ ਜਾਂਦਾ ਹੈ[2]। ਹੋ ਜਾਣਾ ਬੀ ਕੀ? ਨਿਰਗੁਣ ਸਰਗੁਣ ਇਕੋ ਹੀ ਹੈ[3]। ਫਿਰ ਉਹ ਆਪਣਾ ਨਾਉਂ ਰਚਦਾ ਹੈ; ਜੋ ਉਸ ਨਾਲ ਅਭੇਦ ਹੈ ਤੇ ਜੋ ਦੂਈ ਦੇ ਆਰੰਭ ਨੂੰ ਆ ਛੁਹੰਦਾ ਹੈ। ਇਸ ਤੋਂ ਅੱਗੇ ਓਹ ਦੂਜੀ ਸ਼ੈ 'ਕੁਦਰਤ ਸਾਜਦਾ ਹੈ। ਇਹ (ਕੁਦਰਤ) ਉਸ ਦਾ ਸ਼ਰੀਕ ਨਹੀਂ, ਪਰ ਉਸ ਦੀ ਕੀਤੀ ਹੋਈ ਹੁੰਦੀ ਹੈ। ਇਹ ਸੁਤੰਤਰ ਬੀ ਨਹੀਂ, ਪਰ ਇਸ ਨੂੰ ਫੇਰ ਉਹ ਆਪ ਤੋਂ ਵੱਖ ਬੀ ਨਹੀਂ ਕਰਦਾ, ਇਸ ਰਚੀ ਹੋਈ ਵਿਚ ਜੋ ਕੁਦਰਤ ਹੈ ਤੇ ਉਸ ਤੋਂ ਬਿਨਾਂ ਅਵਿਨਾਸ਼ ਨਹੀਂ ਓਹ ਮਾਨੋਂ ਆਸਣ ਲਾਕੇ ਬਹਿ ਜਾਂਦਾ ਹੈ ਤੇ ਅਨੰਦ ਸਰੂਪਤਾ ਵਿਚ ਹੀ ਬੈਠਦਾ ਹੈ, ਉਹ ਆਸਣ ਹੈ ਸੱਦ ਦਾ[4]। ਐਉਂ ਇਕ ਹੀ ਹੈ। ਰਚਨ ਤੋਂ ਪਹਿਲਾਂ ਇਕ ਹੈ, ਰਚਨ ਤੋ ਮਗਰੋਂ ਤੇ ਰਚੀ ਤੋਂ ਅਲੱਗ ਭੀ ਹੈ ਤੇ ਵਿਚ ਵਜਾਪਕ ਬੀ ਹੈ। ਸੱਚ ਦੇ ਆਸਣ ਪਹਿਲੋਂ ਬੀ ਸੀ ਤੇ ਫੇਰ ਬੀ। 'ਅਨੰਦ' ਸਰੂਪ ਹੈ ਉਸ ਦਾ। ਰਚਕੇ ਬੀ ਉਹ ਰਚੀ ਨੂੰ ਦੇਖਦਾ, ਪਾਲਦਾ ਹੋਇਆ ਫੇਰ ਚਾਉ (ਅਨੰਦ)

---

[1] ਇਹ ਬਚਨ ਦੂਸਰੀ ਸਾਖੀ ਵਿਚ ਦਿਤੇ ਹੈਨ ਜੋ ਪੁਰਾਤਨ ਤੇ ਬਾਲੇ ਵਾਲੀ ਦੇ ਵਿਚਕਾਰ ਹੈ। ਥੋੜੇ ਥੋੜੇ ਫਰਕ ਨਾਲ ਇਹ ਬਾਲੇ ਵਾਲੀ ਵਿਚ ਬੀ ਹੈਨ।

---

[1] ਅਗੇ ਹੁਣ ਜੋ ਵਾਰਤਾਲਾਪ ਗੁਰੂ ਜੀ ਕਰ ਰਹੇ ਹਨ ਉਹ ਆਸਾ ਦੀ ਵਾਰ ਦੀਆਂ ਪਹਿਲੀਆਂ ੯ ਪਉੜੀਆਂ ਮਾਤ੍ਰ ਦਾ ਖੁੱਲ੍ਹਾਂ ਅਨੁਵਾਦ ਹੈ।

[2] ਨਿਰਗੁਣੁ ਤੇ ਸਰਗੁਨ ਦ੍ਰਿਸਟਾਰੰ॥

{ਗ:ਬਾ:ਅ:ਮ:੫}

ਨਿਰਗੁਣੁ ਸਰਗੁਣੁ ਆਪੇ ਸੋਈ॥

{ਮਾਝ ਮ: ੩}

[3] ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥

{ਗਉ: ਸੁ: ਮ: ੫}

[4] ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥੨॥ {ਰਾ: ਮ: ੧}

ਸਰੂਪ ਹੈ[1]। ਫਿਰ ਜੋ ਉਸ ਨੇ ਰਚਨਾ ਰਚੀ ਹੈ ਇਸ ਵਿਚ ਜੀਵ ਉਪਾਏ, ਜਿਨ੍ਹਾਂ ਨੂੰ ਅਕਲ ਸ਼ਊਰ ਦਿਤਾ, ਕਰਮ ਕਰਨ ਦੀ ਖੁੱਲ੍ਹ ਤੇ ਚੋਣ ਦਿਤੀ, ਇਨ੍ਹਾਂ ਨੂੰ ਧਰਮ ਦਿਤਾ ਤੇ ਨਿਆਂ ਲਈ 'ਧਰਮ ਦਾ ਵਿਵੇਚਕ' ਬੀ ਥਾਪ ਦਿਤਾ। ਸੋ ਜਿਨ੍ਹਾਂ ਨੇ ਸਚ ਨਾਲ ਪਿਆਰ ਪਾਇਆ, ਸਚ ਨੂੰ ਆ ਮਿਲੇ, ਜਿਨ੍ਹਾਂ ਕੂੜ ਨਾਲ ਨੇਹੁ ਲਾਯਾ ਓਹ ਮੁੱਠੇ ਗਏ। ਸੱਚ ਦੀ ਕਮਾਈ ਲਈ ਨਾਮ ਦੱਸਿਆ, ਜੋ ਉਸੀ ਨਾਮੀ ਨਾਲ ਅਭੇਦ ਉਸੇ ਦਾ ਹੀ ਮਾਨੋ ਰੂਪ ਹੈ। ਸੋ ਨਾਮ ਵਾਲੇ ਉਸ ਨੂੰ ਆ ਮਿਲੇ[2]। ਪਰੰਤੂ ਜਿਹੜੇ ਜੀਵ ਦੁਨੀਆਂ ਦੇ ਕੂੜ ਵਿਚ ਨਾਮ ਵਿਸਾਰ ਕੇ ਖੱਚਤ ਹੋ ਗਏ ਤੇ ਭੋਗਾਂ ਵਿਚ ਲਗੇ ਰਹੇ ਅੰਤ ਮਰੇ ਤੇ ਰੂਹ ਗਈ ਅੱਗੇ, ਓਥੇ ਸ਼ੁਭ ਕਰਨੀ ਤੇ ਹਰੀ ਦੇ ਕੀਤੇ ਜਸ ਦਾ ਮੁੱਲ ਪੈਂਦਾ ਹੈ, ਸੋ ਉਹਨਾਂ ਨੂੰ-ਕਿਉਂਕਿ ਜੀਉਦਿਆਂ ਉਸ ਦਾ ਰਸ ਨਹੀਂ ਸੀ ਪਿਆ, ਜੀਵਨ ਵਿਚ-ਓਥੇ ਥਾਂ ਨਹੀਂ ਲੱਭਦੀ, ਮਨ ਓਥੇ ਪਰਚਦਾ ਨਹੀਂ, ਕੋਈ ਰਹਿਣ ਦੇਂਦਾ ਨਹੀਂ, ਫਿਟਕਾਰਾਂ ਪੈਂਦੀਆਂ ਹਨ, ਹੁਣ ਪਛੁਤਾਉਂਦੇ ਹਨ ਕਿ ਹਾਏ ਅੰਨ੍ਹੇ ਹੋਕੇ ਜਨਮ ਗੁਆ ਆਏ[3]।

ਸ਼ੇਖ-ਫਿਰ ਸਾਡੇ ਮਤ ਮੂਜਬ ਤਾਂ ਓਹ ਮਾੜੀਆਂ ਰੂਹਾਂ ਸਦਾ ਲਈ ਮਾਰੀਆਂ ਗਈਆਂ, ਕਿਆਮਤ ਦੇ ਦਿਨ ਹਿਸਾਬ ਹੋਕੇ ਓਹ ਦੋਜ਼ਖ ਨੂੰ ਜਾਣਗੀਆਂ ਸਦਾ ਲਈ।

ਗੁਰੂ ਬਾਬਾ-ਇਹ ਸ਼ਰੀਰ ਗੇਣਤੀ ਦੇ ਦਿਨ ਜਗਤ ਵਿਚ ਰਹਿੰਦਾ ਹੈ, ਚਾਹੇ ਸੌ ਬਰਸ ਰਹੇ। ਕਰਮ ਗੇਣਤੀ ਵਿਚ ਹੈਨ ਚਾਹੋ ਕਿਤਨੇ ਕਰੇ, ਇਸ ਕਰਕੇ ਦੰਡ ਸਦਾ ਲਈ ਨਹੀਂ ਹੋ ਸਕਦਾ। ਕੁਦਰਤ ਹੈ ਕਰਤਾਰ ਦੀ ਇਹ ਕਿ ਭੁੱਲ ਤੋਂ ਦੁਖ ਹੁੰਦਾ ਹੈ ਪਰ ਦੁਖ ਉਸਤਾਦ ਬਣ ਜਾਂਦਾ ਹੈ ਅੱਗੇ ਭੁੱਲ ਨਾ ਕਰਨ ਦਾ, ਕਿਉਂਕਿ ਬੰਦੇ ਵਿਚ ਸ਼ਊਰੁ ਜੁ ਹੈ, ਜਾਨਵਰਾਂ ਵਾਂਙੂ ਇਸ ਦੀ ਮਤ ਬੱਝੀ ਹੋਈ ਨਹੀਂ ਨਾ। ਦੁਖ ਪਾ ਪਾ ਕੇ ਜੀਵ ਨੂੰ ਸੋਝੀ ਹੋ ਜਾਂਦੀ ਹੈ ਉਸ ਤੋਂ ਬਚਣ ਦੀ, ਜਿਸ ਤੋਂ ਦੁਖ ਹੁੰਦਾ ਹੈ। ਫੇਰ ਦੁਖੀ ਜੀਵ ਆਪ ਤੋਂ ਦਾਨੇ ਤੇ ਸਿਆਣੇ ਭੀ ਲੱਭਦਾ ਹੈ ਦੁਖ ਦੂਰ ਕਰਨ ਦੀ ਮੱਤ ਲੈਣ ਵਾਸਤੇ ਤੇ ਉਹ ਦਾਤਾ ਫੇਰ ਐਸੇ ਸਿਆਣੇ ਭੇਜ ਬੀ ਦੇਂਦਾ ਹੈ ਜੀਵਾਂ ਦੇ ਵਿਚ ਸੁਮਤਿ ਦੇਣ ਲਈ। ਇਉਂ ਜੀਵ ਨੂੰ ਪਤਾ ਲਗ ਜਾਂਦਾ ਹੈ ਕਿ ਸੁਖਾਂ ਦਾ ਦਾਰੂ ਨਾਮ ਹੈ। ਸੋ ਉਹ ਰਚਣਹਾਰ ਤੇ ਪਾਲਣਹਾਰ ਨਦਰਿ ਕਰਕੇ ਲੋੜਕੂ ਜੀਵ ਨੂੰ ਸਤਿਗੁਰ ਮਿਲਾਉਂਦਾ ਹੈ। ਸਤਿਗੁਰ ਜੀਵ ਦੀ ਹਉਂ ਨੂੰ ਕੱਟਦਾ ਹੈ ਤੇ ਨਾਮ ਨਾਲ, ਸਾਈਂ ਨਾਲ ਮੇਲਦਾ ਹੈ। ਜੋ ਸਚ ਅਸੀਂ ਬੋਲਣਾ ਜਾਣਦੇ ਹਾਂ, ਇਸ ਤੋਂ ਅੱਗੇ ਇਕ 'ਸਦਾ ਸੱਚ' ਹੈ ਜੋ ਸਾਂਈਂ ਦਾ ਸਰੂਪ ਹੈ, ਸਤਿਗੁਰ ਉਸ ਸੱਚ ਤਕ ਅਪੜਾ ਦੇਂਦਾ ਹੈ[4]।

ਸੋ ਸ਼ੇਖ ਜੀ! ਇਹ ਹੈ ਰਬ ਦੇ ਰਹਿਮ ਦਾ

---

[1] ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥ ੧ ॥ {ਵਾ: ਆ: ਮ: ੧}

[2] ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥ ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥ ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ ਲਿਖਿ ਨਾਵੈ ਧਰਮੁ ਬਹਾਲਿਆ ॥ ੨ ॥ {ਵਾ: ਆ: ਮ: ੧}

[3] ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥ ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥ ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥ ੩ ॥ {ਵਾ: ਆਸਾ: ਮ: ੧}

[4] ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥ ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥ ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥ ਜਿਨਿ ਸਚੋ ਸਚੁ ਬੁਝਾਇਆ ॥ ੪ ॥

{ਆਸਾ ਦੀ ਵਾਰ ਮ: ੧}

ਤਰੀਕਾ ਤੇ ਨਿਆਂ ਦਾ, ਕਿ ਮਿਤ ਦੇ ਕਰਮਾਂ ਨੂੰ ਅਮਿਤ ਫਲ ਨਹੀਂ ਲਗ ਸਕਦਾ ਤੇ ਮਾੜੇ ਕਰਮ ਵਿਚ ਜੋ ਪੀੜਾ ਰੱਖੀ ਹੈ, ਉਹ ਦਾਰੂ ਵਲ ਪ੍ਰੇਰਦੀ ਹੈ, , ਐਉਂ ਕਰਮ ਦਗਧ ਹੋ ਜਾਂਦੇ ਹਨ। ਸੋ ਉਸ ਨਿਰੰਕਾਰ ਦਾ ਨਾਉਂ ਨਰਕ ਨਿਵਾਰਨ ਹੈ। ਦੂਜੇ ਸ਼ੁਭ ਕਰਣੀ ਹੈ, ਸੋ ਦਾਨ ਹੈ। ਕਮਾਵੇ, ਖਾਵੇ, ਪਰ ਦਾਨ ਦੇਕੇ। ਦਾਨ ਦੇਵੇ ਪਰ ਆਪਾ ਨਾ ਜਣਾਵੇ, ਸਗੋਂ ਪੁੰਨ ਕਰੇ, ਲੋਕ ਮਾੜਾ ਕਹਿਣ ਤਾਂ ਖੁਸ਼ ਹੋਵੇ। ਇਸ ਨਾਸ਼ਮਾਨ ਨੂੰ ਨਾਸ਼ਮਾਨ ਜਾਣੇ ਤਾਂ ਭਲਿਆਈ ਕਰਨੀ ਇਸ ਵਿਚ ਸਾਰ ਗੱਲ ਹੈ[੧]।

ਪਰ ਸ਼ੇਖ ਜੀ! ਇਹ ਰਸਤਾ ਸਤਿਗੁਰ ਤੋਂ ਮਿਲਦਾ ਹੈ। ਸਤਿਗੁਰ ਵਿਚ ਸਾਈਂ ਦਾ ਨਿਵਾਸ ਹੁੰਦਾ ਹੈ, ਉਸ ਦੇ ਮਿਲਿਆਂ ਮਾੜੇ ਪਾਸੇ ਦਾ ਮੋਹ ਹਟਦਾ ਤੇ ਸਾਈਂ ਨਾਲ ਲਗਦਾ ਹੈ, ਇਸ ਸੱਚੇ ਦੇ ਨਾਲ ਮੋਹ ਪੈਣ ਨਾਲ ਉਸ ਦੀ ਪ੍ਰਾਪਤੀ ਹੁੰਦੀ ਹੈ[੨]।

ਫੇਰ ਜੋ ਇਉਂ ਜਗਤ ਵਿਚ ਸਤਿਸੰਗ ਪਾ ਕੇ ਸੇਵਾ ਕਰਦੇ ਹਨ ਤੇ ਆਪੇ ਨੂੰ ਸੰਤੋਖ ਵਿਚ ਰਖਦੇ ਹਨ, ਓਹ ਮਾੜੇ ਕਰਮ ਨਹੀਂ ਕਰਦੇ ਤੇ ਵਾਹਿਗੁਰੂ ਦੀ ਵਡਿਆਈ, ਸਿਫਤ, ਸਲਾਹ ਕਰਦੇ ਹਨ, ਉਹ ਸਭ ਤੋਂ ਵਡੇ ਅਰਥਾਤ ਪਰਮੇਸ਼ਰ ਨੂੰ ਪਾ ਲੈਂਦੇ ਹਨ[੧]। ਪਰ ਜੋ ਮੂਰਖ ਹਨ, ਦੁਨੀਆਂ ਵਿਚ ਆ ਕੇ ਸੱਚ ਦੇ ਪਾਸੇ ਨਹੀਂ ਟੁਰਦੇ, ਉਹਨਾਂ ਦਾ ਦੁਨੀਆਂ ਵਿਚ ਆਉਣਾ ਬਿਰਥਾ ਹੈ, ਪਰ ਕਾਹਨੂੰ ਕਿਸੇ ਨੂੰ ਮੰਦਾ ਕਹੀਏ, ਸਚ ਤਾਂ ਮਿਲਦਾ ਹੀ ਸਤਿਗੁਰ ਨੂੰ ਮਿਲਕੇ ਹੈ ਤੇ ਰਬ ਦੀ ਇਹ ਦਾਤ ਹੈ। ਇਸ ਬਖ਼ਸ਼ਿਸ਼ ਵਾਲੇ ਸੱਚ ਦੀ ਕਮਾਈ ਕਰਦੇ 'ਸੱਚੇ' ਨੂੰ ਧਿਆਉਂਦੇ ਹਨ[੨], ਤਾਂਤੇ ਸਬ ਲਈ ਦੁਆ ਹੈ ਕਿ ਸਾਂਈਂ ਇਹ ਖ਼ੈਰ ਸਭਨਾਂ ਨੂੰ ਪਾਵੇ।

ਪੀਰ-ਆਪ ਧੰਨ ਹੋ।

ਗੁਰੂ ਜੀ-ਹੇ ਸ਼ੇਖ! ਮੈਂ ਇਹ ਗੱਲਾਂ ਸਾਈਂ ਦੇ ਭੈ ਵਿਚ ਕਹਿ ਰਿਹਾ ਹਾਂ। ਮੈਂ ਕੁਛ ਨਹੀਂ, ਉਸ ਸੱਚੇ ਦੇ ਦਰ ਦਾ ਢਾਡੀ ਮਾਤ੍ਰ ਹਾਂ, ਢਾਡੀ ਇਕ ਨੀਵੀਂ ਜ਼ਾਤ ਹੈ, ਹੋਰ ਲੋਕੀ ਉੱਚੀ ਜ਼ਾਤ ਸਦਾਉਂਦੇ ਹਨ। ਮੈਂ ਤਾਂ ਉਸ ਦੀ ਸਿਫਤ ਸਲਾਹ ਕਰਨ ਵਾਲੇ ਉਸ ਦੇ ਪ੍ਰੇਮ ਧਿਆਨ ਵਿਚ ਮਗਨ ਰਹਿਣ ਵਾਲਿਆਂ ਦੇ ਦਰਸ਼ਨ ਮੰਗਦਾ ਹਾਂ। ਪ੍ਰੇਮ ਕਰਨ ਵਾਲੇ ਭਗਤ ਉਸ ਦਰ ਪਰਵਾਨ ਹਨ ਜੋ ਕੀਰਤਨ ਵਿਚ ਜੀਉਂਦੇ ਹਨ, ਕਿਉਂਕਿ ਇਸ ਰਸਤੇ ਹੀ ਪਿਆਰ ਪੁਗਦਾ ਹੈ। ਪਿਆਰ ਯਾ ਭਗਤੀ ਹੀ ਰਾਹ ਹੈ। ਸਿਫਤ ਸਾਲਾਹ ਨਾਲ ਦਿਲ ਖਿੜਿਆ ਖਿੜਿਆ ਸਾਂਈਂ ਦੇ ਰਾਹ ਟੁਰਦਾ ਹੈ, ਪਰ ਕਈ

---

[੧] ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥ ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥ ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥ ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥ ਕੋ ਰਹੈ ਨ ਭਰੀਐ ਪਾਈਐ ॥ ੫ ॥

{ਆਸਾ ਦੀ ਵਾਰ ਮ: ੧}

[੨] ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥ ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥ ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥ ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥ ਜਗਜੀਵਨੁ ਦਾਤਾ ਪਾਇਆ ॥ ੬ ॥

{ਆਸਾ ਦੀ ਵਾਰ ਮ: ੧}

[੧] ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥ ੭ ॥

{ਆਸਾ ਦੀ ਵਾਰ ਮ: ੧}

[੨] ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥ ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹ ਕੈ ਹਿਰਦੈ ਸਚੁ ਵਸਾਇਆ ॥ ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ ॥ ਵਿਚਿ ਦੁਨੀਆ ਕਾਹੇ ਆਇਆ ॥ ੮ ॥

{ਆਸਾ ਦੀ ਵਾਰ ਮ: ੧}

ਲੋਕ ਬਿਨਾਂ ਇਸ ਕਰਨੀ ਦੇ ਬਫਾਉਂਦੇ ਹਨ, ਕਈ ਸ਼ੁਭ ਕਰਮਾਂ ਬਿਨਾਂ ਆਪਣੀ ਮਤ ਅਗੇ ਰਖਦੇ ਹਨ, ਪਰ ਉਹਨਾਂ ਨੂੰ ਢੋਈ ਨਹੀਂ ਮਿਲਦੀ। ਸੋ ਜਗਤ ਵਿਚ ਵਸਦਿਆਂ ਸ਼ੇਖ ਜੀ ਪਰਮੇਸ਼ਰ ਦੇ ਪਿਆਰਿਆਂ ਦੀ ਸੰਗਤ ਕਰੀਏ। ਮੈਂ ਤਾਂ ਇਹੋ ਗਲ ਨਿਤ ਮੰਗਦਾ ਹਾਂ[1]। ਇਹ ਉੱਤਮ ਬੀਚਾਰ ਹੈ ਸਭ ਤੋਂ।

ਇਹ ਗੱਲਾਂ ਬਾਤਾਂ ਸੱਚ ਤੇ ਸੱਚ ਸੰਬੰਧੀ ਉੱਥੇ ਰਹਿੰਦਿਆਂ ਵਾਰ ਦੀਆਂ ਪੌੜੀਆਂ ਵਿਚ ਰਚੀਆਂ ਗਈਆਂ। ਇਹ ਆਸਾ ਦੀ ਵਾਰ ਦੀਆਂ ਮੁੱਢਲੀਆਂ ੯ ਪਉੜੀਆਂ ਹਨ! ਜਦ ਮਰਦਾਨੇ ਕੰਠ ਕਰਕੇ ਏਹ ਗਾਂਵੀਆਂ ਤੇ ਵਿਚ ਦਿਤੇ ਸ਼ਲੋਕ ਗੁਰੂ ਬਾਬੇ ਦੇ, ਤਾਂ ਤਾਂ ਅਚਰਜ ਰੰਗ ਬੱਝ ਜਾਵੇ, ਸ਼ੇਖ ਸੁਣੇ ਤੇ ਨਿਹਾਲ ਹੋਵੇ।

ਇਹ ਵਾਰ ਅੰਮ੍ਰਿਤ ਵੇਲੇ ਸੁਣਕੇ ਸ਼ੇਖ ਤਾ ਚਾਹੇ ਕਿ ਗੁਰੂ ਬਾਬਾ ਹੋਰ ਟਿਕੇ, ਪਰ ਗੁਰੂ ਬਾਬੇ ਨੂੰ ਆਪਣਾ ਪ੍ਰੇਮ ਸੋਹਿਲਾ ਸੁਨਾਉਣ ਦੀ ਕਈ ਹੋਰ ਥਾਂ ਕਾਹਲੀ ਸੀ: ਸੋ ਏਥੋਂ ਵਿਦਾ ਹੋਣ ਲਈ ਤਿਆਰ ਹੋ ਖੜੋਤੇ। ਤਦ ਸ਼ੇਖ ਉਠ ਖਲੋਤਾ ਤੇ ਅਦਬ ਨਾਲ ਵਿਦਾ ਕਰਨ ਲਗਾ ਤੇ ਆਖਿ ਓਸੁ: 'ਨਾਨਕ ਤੁਧੁ ਖੁਦਾਇ ਪਾਇਆ ਹੈ, ਤੁਧੁ ਅਰੁ ਖੁਦਾਇ ਵਿਚ ਭੇਦ ਨਾਹੀ। ਪਰ ਤੂੰ ਮਿਹਰਬਾਨ ਹੋਹੁ ਜੋ ਅਸਾਡੀ ਬੀ ਖੁਦਾਇ ਨਾਲ ਰਹਿ ਆਵੈ।' ਤਦ ਬਾਬੇ ਆਖਿਆ: 'ਸ਼ੇਖ ਬ੍ਰਹਮ ਖੇਪ ਖੁਦਾਇ ਨਿਬਾਹੈ'। ਤਬ ਪੀਰ ਨੇ ਆਖਿਆ: 'ਜੀ ਬਚਨ ਦੇਹਿ'। ਤਬ ਬਾਬੇ ਕਹਿਆ: 'ਜਾਹੁ ਬਚਨ ਹੈ'। ਸ਼ੇਖ ਉਠ ਖੜਾ ਹੋਇਆ। ਬਾਬੇ ਸ਼ੇਖ ਵਿਦਾ ਕੀਤਾ। ਬਾਬਾ ਜੀ ਉਠ ਰਵਿਆ[2]।

ਐਉਂ ਇਕ ਜ਼ੁਹਦੀ ਗੱਦੀ ਵਾਲੇ ਤੇ ਨਾਮੀ ਫਕੀਰ ਨੂੰ ਉਸ ਦੇ ਤਪਾਂ ਹਠਾਂ ਤੇ ਖਿਆਲਾਂ ਵਿਚ ਪਈਆਂ ਉਕਾਈਆਂ ਹਟਾਕੇ ਗੁਰੂ ਬਾਬਾ ਜੀ ਟੁਰੇ। ਗੁਰੂ ਜੀ ਦਾ ਇਹ ਤ੍ਰੀਕਾ ਬਹੁਤ ਚੰਗਾ ਸੀ ਕਿ ਗੱਦੀ ਨਸ਼ੀਨਾਂ ਨੂੰ ਠੀਕ ਕਰਕੇ ਉਨ੍ਹਾਂ ਦੇ ਮਗਰ ਲਗਿਆਂ ਅਨੇਕਾਂ ਦਾ ਭਲਾ ਕਰ ਦੇਂਦੇ ਸੀ। ਜੇ ਇਕ ਫਕੀਰ ਦੇ ਮਗਰ ਦਸ ਹਜਾਰ ਹੈ ਤਾਂ ਦਸ ਹਜ਼ਾਰ ਲਈ ਬੜਾ ਵਕਤ ਚਾਹੀਏ ਤੇ ਜੇ ਉਹਨਾਂ ਦਾ ਪੀਰ ਭੁਲਾਂ ਤੋਂ ਨਿਕਲ ਗਿਆ ਤਾ ਉਸ ਤੋਂ ਸਭ ਨੂੰ ਲਾਭ ਹੋ ਗਿਆ। ਨਾਲੇ ਪੀਰਾਂ ਵਿਚ ਜੋ ਤੁਅੱਸਬ ਤੇ ਹਿੰਦੂਆਂ ਨਾਲ ਨਫਰਤ ਸੀ, ਉਹ ਪਰਜਾ ਲਈ ਅਤਿ ਦੁਖਦਾਈ ਸੀ। ਗੁਰੂ ਬਾਬਾ ਉਹਨਾਂ ਨੂੰ ਉੱਚਾ ਆਦਰਸ਼ ਦੇ ਕੇ ਪਿਆਰ ਵਿਚ ਲੈ ਆਉਂਦਾ ਤੇ ਨਫਰਤ ਤੋਂ ਕੱਢ ਲੈਂਦਾ ਸੀ ਜੋ ਪਰਜਾ ਆਪੋ ਵਿਚ ਸੁਖੀ ਵੱਸੇ।

ਇਧਰ ਸ਼ੇਖ ਵੀ ਸੱਚ ਦਾ ਢੂੰਡਾਊ ਸੀ। ਡੇਰੇਦਾਰ, ਗੱਦੀ ਨਸ਼ੀਨ, ਭੇਖਾਂ ਵਾਲੇ ਤੇ ਦਾਰਸ਼ਨਿਕ ਵਿਦਯਾ ਦੇ ਮਾਨੀ ਲੋਕ ਭਾਵੇਂ ਸੱਚ ਦੇ ਲੋੜਕੂ ਹੋਣ, ਪਰ ਮਾਨ ਦੀ ਚੜ੍ਹਤ ਐਸੀ ਹੁੰਦੀ ਹੈ ਕਿ ਨਾ ਤਾਂ ਅੰਦਰ ਦਾ ਦੁੱਖ ਫੋਲ ਸਕਦੇ ਹਨ, ਕਿਸੇ ਅੱਗੇ ਤੇ ਨਾ ਆਪਣੀ ਉਕਾਈ ਯਾ ਲੋੜ ਦਾ ਇਕਰਾਰ ਕਰ ਸਕਦੇ ਹਨ। ਏਹ ਲੋਕ ਗ੍ਰਿਹਸਤੀ ਅੱਗੇ, ਚਾਹੇ ਉਹ ਕਿਤਨਾ ਬਜੁਰਗ ਹੋਵੇ, ਆਪਣਾ ਮਾਨ ਸਦਾ ਉੱਚਾ ਰੱਖਣ ਦਾ ਯਤਨ ਕਰਦੇ ਹਨ। ਪਰ ਧੰਨ ਸ਼ੇਖ ਬ੍ਰਾਹਮ ਜਿਸ ਨੇ ਅੰਤ ਇਹ ਗਲ ਜਿੱਤ ਲਈ ਤੇ ਆਖਿਆ : ਹੇ ਗੁਰੂ ਨਾਨਕ! ਮੈਨੂੰ ਇਕ ਛੁਰੀ ਦੇਹ ਜੋ ਮੈਂ ਮਾਣ ਨੂੰ ਹਲਾਲ ਕਰ ਸੱਟਾਂ ਤੇ ਜਦ ਮਾਣ ਨੂੰ ਹਲਾਲ ਕਰ ਲਇਓਸੁ ਤਾਂ ਗੁਰੂ ਬਾਬੇ ਦੀ ਮੇਹਰ ਦਾ ਸਦਕਾ ਸੁਖੀ ਹੋ ਗਿਆ ਤੇ ਵਰ੍ਹਿਆਂ ਦੀਆਂ ਅਟਕਾਂ ਦੂਰ ਹੋ ਗਈਆਂ ਤਾਂ ਅਝੱਕ ਗੁਰੂ ਬਾਬੇ ਅੱਗੇ ਨੀਉਂ ਗਿਆ।

ਧੰਨ ਗੁਰੂ ਨਾਨਕ ਦੇਵ!

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਸ਼ੇਖ ਬ੍ਰਾਹਮ ਦੇ ਪ੍ਰਸੰਗ ਦੇ ਅੰਤ ਪਰ ਲਿਖਿਆ ਹੈ ਕਿ:-

ਭਯੋ ਮੁਰੀਦ ਸ਼ੇਖ ਤਬ ਗੁਰੁ ਕੋ।
ਬੰਦੇ ਚਰਨ ਪ੍ਰੇਮ ਕਰਿ ਉਰ ਕੋ।
ਕਿਤਕਦਿਵਸ ਤਿਨ ਰਾਖਯੋ ਡੇਰਾ।
ਨਿਤਪ੍ਰਤਿ ਕਰਿ ਹੀ ਭਾਉ ਘਨੇਰਾ॥

---

[1] ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥ ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ਹ ਮੰਗਾ ਜਿ ਤੁਝੈ ਧਿਆਇਦੇ ॥ ੯ ॥ (ਆਸਾ ਦੀ ਵਾਰ ਮਹਲਾ ੧

[2] ਪੁਰਾਤਨ ਜਨਮ ਸਾਖੀ।

{ਇਤਿਹਾਸਕ ਪਹਿਲੂ}

ਜਿੱਥੇ ਆਸਾ ਦੀ ਵਾਰ ਦੀਆਂ ਨੌ ਪਉੜੀਆਂ ਉਚਾਰ ਹੋਈਆਂ ਓਥੇ ਸ੍ਰੋਤ ਹੈ ਕਿ 'ਨਾਨਕਸਰ' ਗੁਰਦਵਾਰਾ ਹੁਣ ਤਾਂਈਂ ਹੈ। ਇਸ ਦੇ ਗ੍ਰੰਥੀ ਮਹਾਰਾਜ ਰਣਜੀਤ ਸਿੰਘ ਜੀ ਤੋਂ ਪਹਿਲਾਂ ਦੇ ਇਥੇ ਹੀ ਪੁਸ਼ਤ ਬਪੁਸ਼ਤ ਚਲੇ ਆਉਂਦੇ ਹਨ।

ਗੁਰਦਵਾਰਾ ਤਰਜ਼ ਸਮਾਧ ਦੀ ਗੁੰਬਜ਼ਦਾਰ ਹੈ, ਪੱਕਾ ਚੂਨੈ ਗਚ ਹੈ, ਅਨਕਰੀਬ ਬਾਰਾਂ ਫੁਟ ਚੌਰਸ ਅੰਦਰ ਦਾ ਹੈ। ਵਿਚਕਾਰ ਇਕ ਛੋਟਾ ਥੜਾ ਹੈ, ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਇਸ ਅਸਥਾਨ ਜੰਗਲ ਵਿਚ ਹੈ, ਸ਼ਹਿਰ ਪਾਕਪਟਨ ਤੋਂ ਤਿੰਨ ਚਾਰ ਮੀਲ ਦੇ ਕਰੀਬ ਵਿੱਥ ਤੇ ਹੈ, ਪਾਕਪਟਨ ਤੋਂ ਛੋਟੀ ਜਿਹੀ ਸੜਕ ਗੁਰਦਵਾਰੇ ਜਾਂਦੀ ਹੈ। ਰੇਲਵੇ ਪਟੜੀ ਤੋਂ ਸੌ ਕੁ ਕਦਮ ਦੀ ਵਿੱਥ ਤੇ ਗੁਰਦਵਾਰਾ ਹੈ। ਕੱਤਕ ਪੂਰਨਮਾਸ਼ੀ ਪੁਰ ਪਿਛੇ ਮੇਲਾ ਭਰਦਾ ਸੀ, ਪ੍ਰੰਤੂ ਹੁਣ ਇਹ ਮੇਲਾ ਕੱਤਕ ਪੂਰਨਮਾਸ਼ੀ ਤੇ ਨਹੀਂ ਲਗਦਾ।

ਇਸ ਗੁਰਦਵਾਰੇ ਨਾਲ ਕੁਛ ਜ਼ਮੀਨ ਬੀ ਹੈ ਤੇ ਇਕ ਖੂਹ ਬੀ ਪੱਕਾ ਹੈ। ਇਸ ਥਾਂ ਤੇ ਪੁਜਾਰੀਆਂ ਦੇ ਪੰਜ ਸੱਤ ਘਰ ਵਸਦੇ ਹਨ। ਪੁ:ਜਨਮ ਸਾਖੀ ਵਿਚ ਲਿਖਿਆ ਹੈ ਕਿ ਆਸਾ ਦੀ ਵਾਰ ਦੀਆਂ ੯ ਪਉੜੀਆਂ ਏਥੇ ਤੇ ੧੫ ਦੁਨੀ ਚੰਦ ਪਰਿਥਾਇ ਹੋਈਆਂ। ਪਹਿਲੇ ਰਚਨਾ ਪਉੜੀਆਂ ਦੀ ਹੋਈ, ਸ਼ਲੋਕ ਮਗਰੋਂ ਲੱਗੇ, ਕਿਉਂ ਜੋ ਮਹਲੇ ੨ ਦੇ ਸ਼ਲੋਕ ਆਸਾ ਦੀ ਵਾਰ ਵਿਚ ਹੈਨ ਤੇ ਦੂਜੀ ਪਾਤਸ਼ਾਹੀ ਅਜੇ ਗੁਰੂ ਜੀ ਨੂੰ ਨਹੀਂ ਮਿਲੇ ਸੇ। ਦੂਸਰੇ-ਗੁਰੂ ਅਰਜਨ ਦੇਵ ਜੀ ਨੇ ਆਸਾ ਦੀ ਵਾਰ ਉੱਤੇ ਲਿਖਿਆ ਹੈ 'ਸ਼ਲੋਕ ਭੀ ਮਹਲੇ ਪਹਿਲੇ ਕਿ ਲਿਖੇ, ਜੇ ਸ਼ਲੋਕ ਪਹਿਲੇ ਸ਼ਾਮਲ ਸਨ ਤਾਂ ਇਹ ਲਿਖਣ ਦੀ ਲੋੜ ਨਹੀਂ ਸੀ। ਤੀਜੇ-ਵਾਰ ਦੀ ਰਚਨਾਂ ਪਉੜੀਆਂ ਦੀ ਸੰਕੇਤ ਸੀ ਤੇ ਸ਼ਲੋਕ ਢਾਡੀ ਉੱਤੇ ਲਾਇਆ ਕਰਦੇ ਸੇ।

ਪੁਰਾਤਨ ਜਨਮ ਸਾਖੀ ਵਿਚ ਦੋ ਹੀ ਗੋਸ਼ਟਾਂ ਹਨ-ਇਕ ਫਰੀਦ ਨਾਲ ਤੇ ਇਕ ਸ਼ੇਖ ਬ੍ਰਹਮ ਨਾਲ, ਪਰ ਜਨਮ ਸਾਖੀ ਦੇ ਕਰਤਾ ਜੀ ਨੂੰ ਪਤਾ ਹੈ ਕਿ ਪਹਿਲਾ ਫਰੀਦ ਹੋ ਚੁਕਾ ਹੈ ਤੇ ਉਸ ਦੀ ਗੱਦੀ ਤੇ ਸ਼ੇਖ ਬ੍ਰਹਮ ਹੈ, ਤੇ ਇਹ ਬੀ ਪਤਾ ਹੈ ਕਿ ਸ਼ੇਖ ਬ੍ਰਹਮ ਬੀ ਫਰੀਦ ਹੈ। ਫੇਰ ਪਹਿਲੀ ਮੁਲਾਕਾਤ ਉਸ ਨੂੰ ਯਾਦ ਹੈ। ਇਸ ਗੱਲ ਦਾ ਪਤਾ ਬੀ ਦੂਸਰੀ ਗੋਸ਼ਟ ਵਿਚ ਲਗ ਜਾਂਦਾ ਹੈ। ਜਦੋਂ ਉਹ ਆਪਣੇ ਮੁਰੀਦ ਨੂੰ ਆਖਦਾ ਹੈ ਕਿ "ਬਚਾ ਜਿਨ੍ਹਾਂ ਦਾ ਆਖਿਆ ਹੋਆ ਇਹੁ ਬੈਤ ਹੈ ਤਿਸਦਾ ਦੀਦਾਰ ਦੇਖਾ ਹੈ, ਉਹ ਖ਼ੁਦਾਇ ਦਾ ਫਕੀਰ ਹੈ। " ਭਾਈ ਮਨੀ ਸਿੰਘ ਜੀ ਦੀ ਜਨਮ-ਸਾਖੀ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਕਿਹਾ- 'ਮਰਦਾਨਿਆਂ ਪਟਣ ਅਸਾਂ ਨੇ ਜਾਵਣਾ ਹੈ, ਕਿਉਂਕਿ ਸ਼ੇਖ ਬ੍ਰਹਮ ਨੂੰ ਉਪਦੇਸ ਕੀਤਾ ਸੀ, ਸੋ ਦੇਖਾਂ ਉਸ ਨੂੰ ਉਪਦੇਸ਼ ਚਿਤ ਹੈ ਕਿ ਵਿਸਰ ਗਿਆ ਹੈ'। ਜਨਮ ਸਾਖੀਆਂ ਦੀ ਉਗਾਹੀ ਇਹੋ ਹੈ ਜੋ ਸ਼ੇਖ ਬ੍ਰਹਮ ਨਾਲ ਹੀ ਦੋ ਵੇਰ ਮੁਲਾਕਾਤ ਹੋਈ ਹੈ।

੨. ਤਪਾਂ ਹਠਾਂ ਦੀਆਂ ਕਹਾਣੀਆਂ ਜੋ ਕਈ ਫ਼ਕੀਰਾਂ ਨਾਲ ਦੱਸਦੇ ਹਨ, ਪੁਰਾਤਨ ਹਨ ਤੇ ਪੁਰਾਤਨ ਸਾਹਿਤਜ ਵਿਚ ਮਿਲਦੀਆਂ ਹਨ। ਜਿਵੇਂ ਪਹਿਲੀ ਵਾਰਤਾ, ਚਿੜੀਆਂ ਮਾਰ ਜਿਵਾਲਣ ਦੀ, ਬੁਧ ਜਤਾਕਾ ਵਿਚ ਬੀ ਹੈ ਤੇ ਮਹਾਂ ਭਾਰਤ ਵਿਚ ਪਿਤ੍ਰੀ ਭਗਤ-ਤੁਲਾਧਾਰ ਜੀ-ਦੇ ਪ੍ਰਸੰਗ ਵਿਚ ਬੀ ਲਿਖੀ ਹੈ।

ਚਿੜੀਆਂ ਵਾਲਾ ਤੇ ਖੂਹ ਲਟਕਣ ਵਾਲੇ ਪ੍ਰਸੰਗ ਪਹਿਲੇ ਸ਼ੇਖ ਫਰੀਦ ਜੀ ਦੇ ਨਾਲ ਹੋਏ ਬੀ ਦੱਸੇ ਜਾਂਦੇ ਹਨ। ਅਸਲ ਵਿਚ ਕਈ ਪ੍ਰਸੰਗ ਸ਼ੇਖ ਫਰੀਦ ਤੇ ਉਨ੍ਹਾਂ ਦੇ ਪੋਤਰੇ ਅਲਾਉਦੀਨ(ਫਰੀਦ ਸਾਨੀ) ਤੇ ਉਨ੍ਹਾਂ ਦੇ ਦਸਵੇਂ ਯਾ ਬਾਰ੍ਹਵੇਂ ਗੱਦੀ ਨਸ਼ੀਨ ਸ਼ੇਖ ਇਬਰਾਹੀਮ (ਫਰੀਦ ਸਾਲਸ) ਦੇ ਰਲ ਮਿਲ ਗਏ ਹਨ। ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਹੈ ਸ਼ੇਖ ਬ੍ਰਹਮ ਦੀ ਹੈ। ਕਈ ਪਹਿਲੇ ਦੀ ਕਹਿੰਦੇ ਹਨ: ਪਰ ਇਹ ਅਗ਼ਲਬ ਘੱਟ ਹੈ। ਇਹ ਬਹਿਸ ਲੰਮੇਰੀ ਹੈ, ਇਸ ਲਈ ਦੇਖੋ ਖਾ: ਟ੍ਰੈ ਸੁਸਾਇਟੀ ਦਾ ਟ੍ਰੈਕਟ ਨੰ:੪੯੩, ੪੯੪' ਜੀਵਨ ਚਰਿਤ੍ਰ ਸ਼ੇਖ ਫਰੀਦ'।

## ਗੀਤ [1]।

ਪਾਠਕ ਜੀ! ਇਸ ਗੁਰਾਂ ਗੁਰ ਨਾਨਕ ਨੂੰ 'ਗੁਰੂ' ਵੇਖੋ, ਸਿਦਕ, ਪਜਾਰ, ਸ਼ਰਧਾ, ਖਿੱਚ, ਵਲਵਲੇ ਭਰੇ ਪਜਾਰ ਨਾਲ ਉਸ ਵੱਲ ਤੱਕੋ ਤੇ ਆਖੋ-'ਹੇ ਗੁਰੂ ਨਾਨਕ! ਤੇ ਫੇਰ ਆਖੋ:-

ਨਾਨਕ ਗੁਰੂ ਪਿਆਰੇ! ਗੁਰ ਹੋਕੇ ਅੱਜ ਆਈਂ,
ਹਿਰਦੇ ਨਿਵਾਸ ਪਾਈਂ, ਦਿਲ ਦਾ ਬਣੀ ਤੂੰ ਸਾਈਂ।
ਨਾਨਕ ਨਿਰਾ ਨ ਜਾਣਾ, ਜਾਣਾ ਗੁਰੂ ਤੂੰ ਮੇਰਾ,
ਮੇਰਾ ਗੁਰੂ ਤੂੰ ਅਪਣਾ, ਹਿਰਦੇ ਚਰਨ ਟਿਕਾਈਂ।
ਦੀਦਾਰ ਗੁਰ ਜੀ ਤੇਰਾ, ਗੁਰ ਰੂਪ ਮੈਂ ਤਕਾਵਾਂ,
ਹਿਰਦੇ ਵਿਖੇ ਬਿਠਾਵਾਂ, ਆਪਾ ਮੈਂ ਵਾਰ ਜਾਈਂ।
ਮੇਰਾ ਗੁਰੂ ਤੂੰ ਮੇਰਾ, ਅਪਣੱਤ ਦਾਨ ਕਰਨੀਂ,
ਅਪਣਾ ਤੁਸਾਂ ਨੂੰ ਜਾਣਾ, ਬਾਕੀ ਨ ਵਿੱਥ ਕਾਈ।
'ਮੈਂ' ਨਾਲ 'ਮੇਰੀ ਸਾਰੀ' ਤੇਰੇ ਹੀ ਪੁਰ ਟਿਕਾਵਾਂ;
ਮੇਰਾ ਤੂੰ ਮੇਰਾ ਸਦਹੀ, ਆਲਾਪ ਇਹ ਕਰਾਈਂ।
'ਤੇਰਾ ਮੈਂ ਹੇ ਗੁਰੂ ਜੀ! ਦੂਜਾ ਇਹ ਵਾਕ ਗਾਵਾਂ;
'ਤੇਰਾ ਹਾਂ; ਤੇਰਾ ਤੇਰਾ', 'ਤੇਰਾ!' ਸਦਾ ਜਪਾਈਂ।
'ਤੂੰ ਤੂੰ' ਸਦਾ ਹੈਂ ਮੇਰਾ, 'ਮੈਂ ਮੈਂ ਸਦਾ ਹਾਂ ਤੇਰਾ,
ਐਸੀ ਏ ਗੰਢ ਬੱਝੇ; ਟੁੱਟੇ ਨ ਫਿਰ ਕਦਾਈਂ।
ਮੇਰਾ ਗੁਰੂ ਤੂੰ ਨਾਨਕ; 'ਮੇਰਾ ਸਦਾ ਗੁਰੂ ਤੂੰ',
ਮੇਰਾ ਗੁਰੂ ਤੂੰ ਅਪਣਾ, ਅਪਣਾ ਸਦਾ ਬਨਾਈਂ।
ਤੇਰੀ ਸ਼ਰਨ ਹੋ ਪ੍ਰਾਪਤ, ਤੇਰਾ ਹੋ ਧਜਾਨ ਪਜ਼ਾਰੇ,
ਤੇਰਾ ਹੀ ਨਾਮ ਪਜਾਰਾ, ਵਾਹ ਵਾਹ ਗੁਰੂ ਜਪਾਈਂ।
ਰੱਖੀਂ ਸਦਾ ਹੀ ਸਨਮੁਖ, ਅਪਣੇ ਬਿਰਦ ਦੇ ਸਦਕੇ,
ਸਨਮੁਖ ਜਗਤਿ ਵਸਾਈਂ, ਸਨਮੁਖ ਹੀ ਸਦ ਬਲਾਈਂ।

## ੪੫. ਅਰਸ਼ੀ ਪਰਉਪਕਾਰੀ [2]।

੧.

ਝੁੰਗੀ ਦਰਦ ਰਵਾਇਆਂ ਵੰਨੇ
ਅਜ ਸਮੀਰ! ਚਲਿ ਆਈ!
ਲਪਟਾਂ ਛੱਡ ਕੁਲਪਟਾਂ ਵਨੇ
ਤੂੰ, ਫੇਰੀ ਕਿਉਂ ਪਾਈ?
ਵਿੱਚ ਉਜਾੜ ਅਸਾਡੇ ਡੇਰੇ,
ਇਕ ਕਿੱਕਰ ਦੀ ਛਾਯਾ,
ਕਿਉਂ ਬੁਲਬੁਲ ਗੁਲ ਛੱਡ ਏਸਤੇ
ਤੂੰ ਡੇਰਾ ਅਜ ਲਾਇਆ?
ਜਿੱਥੇ ਕਦੇ ਕਾਉਂ ਸੀ ਡਰਦਾ
ਇਕ ਫੇਰਾ ਬੀ ਪਾਣੋਂ,
ਮੋਰ ਪਿਆ ਅਜ ਪੈਲਾਂ ਪਾਵੇ,
ਸੰਗਦਾ ਹੈ ਉਡ ਜਾਣੋਂ।
ਪੀਲੇ ਲੌਂਗ ਕਿੱਕਰਾਂ ਵਾਲੇ
ਲਪਟਾਂ ਮਾਰ ਉਠੇ ਹਨ,
ਕਿਉਂ ਕੁਦਰਤ ਦੇ ਰੰਗ ਸੁਹਾਵੇ
ਆਪੇ ਆਣ ਵੁਠੇ ਹਨ।
ਦਰਦਾਂ ਦੀ ਚਾਂਗਰ ਸੁਣ ਸਾਰੇ,

---

[1] ਇਹ ਗੀਤ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ: ੪੪੫ ਪਰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਕ ਸੀ।

[2] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ: ਨਾ: ੪੬੭ ਕੱਤਕ ਦੀ ੨੫ (੧੦ ਨਵੰਬਰ ੧੯੩੫ ਈ:) ਨੂੰ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਦੂਰ ਦੂਰ ਨਠ ਜਾਂਦੇ,
ਦਰਦ ਰਵਾਣਜਾਂ-ਦਰ ਤੇ ਅੱਜ ਕਿਉਂ
ਸੁਹਣੇ ਹਨ ਪਏ ਆਂਦੇ?
ਝੁੰਗੀ ਕੱਖਾਂ ਉਹ ਵੀ ਟੁੱਟੀ,
ਕੌਣ ਅਸਾਂ ਦਰ ਆਵੇ;
ਆਦਰ ਕਿਸੇ ਰੰਗੀਲੇ ਖ਼ਾਤਰ
ਕੁਦਰਤ ਰੰਗ ਜਮਾਵੇ?
ਕੀ ਕੋਈ ਅੱਜ ਹੁਸਨ ਰਾਜ ਦਾ
ਛੈਲਾ ਏਥੇ ਆਸੀ ?
ਆਪੇ ਬਝਦੀ ਆਪੇ ਟੁੱਟਦੀ,
ਬਣ ਬਣ ਆਸ ਨਿਰ-ਆਸੀ।
ਕਿਨਿ ਆਣਾ ਕਿਨਿ ਜਾਣਾ ਏਥੇ!
ਗ਼ਮ ਖਾਧੇ ਦਿਲ ਮੇਰੇ!
ਏ ਅਭਿਲਾਖ ਕਿ ਸੁਪਨੇ ਤੇਰੇ,
ਏ ਸੁਪਨੇ ਮਨ ! ਤੇਰੇ।

(ਉਦਾਸੀ)

**ਹਾਂ**, ਉਦਾਸੀ ਵੀ ਕਦੇ ਕਦੇ ਆ ਜਾਂਦੀ ਹੈ ਤੇ ਛਾ ਜਾਂਦੀ ਹੈ ਦਿਲ ਉਪਰ, ਪਰ ਉਦਾਸੀ ਕਈ ਤਰ੍ਹਾਂ ਦੀ ਹੈ। ਮਨ ਬਹੁਤ ਲੋੜੇ ਤੇ ਮਿਲੇ ਥੋੜਾ, ਇਕ ਉਦਾਸੀ ਇਹ ਹੈ। ਮਿਲੇ ਬਹੁਤਾ ਤਾਂ ਰਜਿਹਾਣ ਹੋਕੇ ਬੀ ਇਕ ਉਪਰਾਮਤਾ ਆ ਜਾਂਦੀ ਹੈ, ਹਾਂ ਭੋਗਾਂ ਦੇ ਅੰਤ ਪਰ ਬੀ ਆਪਾ ਸੱਖਣਾ ਹੋਕੇ ਕਦੇ ਉਦਾਸੀ ਵਿਚ ਚਲਾ ਜਾਂਦਾ ਹੈ। ਇਹ ਬੀ ਇਕ ਉਦਾਸੀ ਹੈ, ਪਰ ਇਕ ਉਦਾਸੀ ਹੋਰ ਹੈ, ਜੋ ਪਰਮੇਸ਼ੁਰ ਦੇ ਪਿਆਰਿਆਂ ਨੂੰ ਆਉਂਦੀ ਹੈ। ਉਹ ਹੁੰਦੀ ਹੈ ਇਕਾਂਤ ਦੀ ਇੱਛਾ। ਜਗਤ ਦਾ ਭਲਾ ਕਰਦਿਆਂ ਜਦੋਂ ਆਪਾ ਕਦੇ ਹੋ ਜਾਂਦਾ ਹੈ, ਕਿਸੇ ਉਚਿਆਣ ਤੋਂ ਰਤਾ ਹੇਠਾਂ ਤਾਂ ਫਿਰ ਚਾਹੁੰਦਾ ਹੈ ਓਹ ਅੰਦਰਲੇ ਦੀ ਉਚਿਆਣ ਤੇ ਉਸ ਖ਼ਾਤਰ ਹੁੰਦਾ ਹੈ ਉਦਾਸ ਤੇ ਮੰਗਦਾ ਹੈ ਏਕਾਂਤ। ਏਕਾਂਤ, ਜਿੱਥੇ ਮਨ ਕੁਦਰਤ ਨਾਲ ਗੱਲਾਂ ਕਰੇ, ਕੁਦਰਤ ਦਾ ਰੰਗ ਲਵੇ ਤੇ ਖਿੜੇ ਇਕ ਸੁਰ ਹੋਕੇ ਕੁਦਰਤ ਨਾਲ। ਹਾਂ, ਨਦੀ, ਨਾਲੇ; ਨਿੱਕੀਆਂ ਨਿੱਕੀਆਂ ਕੂਲਾਂ ਦਾ ਵਿਲਪ ਵਿਲਪ ਨਾਦ ਕੰਨਾਂ ਵਿਚ ਗੂੰਜੇ। ਚੰਦ, ਤਾਰੇ, ਆਕਾਸ਼ ਵਿਸ਼ਾਲਤਾ ਤੇ ਅਸਚਰਜਤਾ ਦਾ ਰੰਗ ਦੇਣ। ਬ੍ਰਿਛ, ਬੂਟੇ, ਘਾਹ, ਫੁੱਲ ਤਰਾਵਤ ਭਰ ਦੇਣ ਅੱਖਾਂ ਵਿਚ ਤੇ ਅੱਖਾਂ ਭੇਜ ਦੇਣ ਇਹ ਤਾਜ਼ਗੀ ਦਿਲ ਨੂੰ। ਉਚਾਣਾਂ, ਨਿਵਾਣਾਂ, ਖੱਡਾਂ, ਸ਼ਿਖਰਾਂ ਦੇ ਨਜ਼ਾਰੇ ਨਜ਼ਰ ਨੂੰ ਕਰ ਦੇਣ ਆਪੇ ਵਿਚ ਝਾਤੀ ਮਾਰਨ ਵਾਲਾ, ਅੰਦਰਲੇ ਉਚਾਣ ਨਿਵਾਣ ਟੋਏ ਟਿੱਬੇ ਦਿੱਸਣ ਤੇ ਫੇਰ ਸਮਤਾ ਹੋ ਜਾਵੇ ਅੰਦਰ ਰਸ ਭਰੀ। ਕੁਦਰਤ ਦਾ ਇਹ ਰੰਗ ਲੱਗ ਲੱਗ ਕੇ ਅੰਦਰ ਜਗਾ ਦੇਵੇ ਕੋਈ ਹੋਰ ਕਲਾ, ਜੋ ਦੇਖੇ ਕਿ ਇਸ ਦਿੱਸਦੇ ਦੇ ਮਗਰ ਅਣਦਿੱਸਦਾ ਬੀ ਵਸਦਾ ਹੈ, ਜਿਸ ਦੇ ਰਚੇ ਏਹ ਰੰਗ ਹਨ। ਹਾਂ ਅੰਦਰਲਾ ਉਸ ਅਣਦਿੱਸਦੇ ਦੇ ਸੁਹਣੱਪ ਨੂੰ ਸਮਝੇ ਇਸ ਕੁਦਰਤੀ ਸੁਹਣੱਪ ਤੋਂ ਜੋ ਕਦੇ ਕਦੇ ਮਨ ਨੂੰ ਅਪਣੀ ਸੁਹਣੱਪ ਦੀ ਛੁਹ ਨਾਲ ਨਵੀਂ ਜਿੰਦ ਪਾਕੇ ਆਪੇ ਨਾਲ ਇਕ ਸੁਰ ਕਰ ਦੇਂਦਾ ਹੈ। ਇਸ ਏਕਾਂਤ ਦੇ ਇੱਕਲ ਵਿਚ ਆਪਾ, 'ਡਾਵਾਂ ਡੋਲ ਇਕੱਲ' ਵਿਚ ਨਹੀਂ ਜਾ ਪੈਂਦਾ, ਸਗੋਂ ਪ੍ਰਤੀਤ ਕਰਦਾ ਹੈ ਅੰਦਰ ਕਿ ਮੇਰਾ ਆਪਾ ਜੋ ਹੁਣ ਨਿਖਰਿਆ ਹੈ, ਇਹ ਇੱਕਲ ਨਹੀਂ ਹੈ, ਪਰ ਕੋਈ ਹੈ ਇਸ ਦੇ ਪਿੱਛੇ ਜਿਸ ਨਾਲ ਇਹ ਜਾ ਲਗਾ ਹੈ ਤੇ ਜਿਸ ਦਾ ਸੁਹਜ ਕੁਦਰਤ ਵਿਚ ਪਿਆ ਸ਼ੋਭਦਾ ਹੈ। ਐਉਂ ਆਪਾ ਨਵਾਂ ਨਰੋਆ, ਬਲਵਾਨ, ਉੱਚਾ ਉੱਚਾ ਤੇ ਸੁਖ ਰੂਪ ਜਿਹਾ ਹੋ ਜਾਂਦਾ ਹੈ, ਉਸ ਉਦਾਸੀ ਦੇ ਫਲ ਵਿਚ, ਜੋ ਪੈਂਦੀ ਹੈ ਨਾਮ ਰਸੀਏ ਗੁਰਮੁਖਾਂ ਨੂੰ ਕਦੇ ਕਦੇ ਤੇ ਲੈ ਜਾਂਦੀ ਹੈ ਏਕਾਂਤ ਵਿਚ। ਹਾਂ, ਏਕਾਂਤ ਵਿਚ ਰਸਮਯ ਕਰਕੇ ਉਪਕਾਰੀ ਬੱਦਲ ਵਾਂਙੂ ਫਿਰ ਕੋਈ ਅਗੰਮੀ ਵੇਗ ਲੈ ਆਉਂਦਾ ਹੈ ਜਗਤ ਵਿਚ-ਪੀੜਾ ਦੇ ਦੇਸ਼-ਪੀੜਾ ਹਰਨ ਲਈ ਜਿੰਨੀ ਕੁ ਹੋ ਸਕੇ, ਆਪੋ ਆਪਣੇ ਵਿਤ ਅਨੁਸਾਰ।

ਇਹ ਗਲ ਨਹੀਂ ਸਮਝਣੀ ਚਾਹੀਏ ਕਿ ਗੁਰਮਖ ਕਦੇ ਪ੍ਰੇਮ ਤੋਂ ਖਾਲੀ ਹੋ ਜਾਂਦੇ ਹਨ, ਯਾ ਨਾਮ ਤੋਂ ਸੱਖਣੇ, ਯਾ ਗਿਆਨ ਤੋਂ ਵਿਰਵੇ ਹੋ ਜਾਂਦੇ ਹਨ। ਇਹ ਇਕ ਰਸੀਏ ਤੇ ਉਪਕਾਰੀ ਜੀਵਨ ਦਾ ਪਹਿਲੂ ਹੁੰਦਾ ਹੈ ਜੋ ਸਰੀਰਧਾਰੀ ਹੋਣ ਕਰਕੇ ਕਦੇ ਕਦੇ ਏਕਾਂਤ ਮੰਗਦਾ ਹੈ। ਇਹ ਉਹ ਉਦਾਸੀ ਨਹੀਂ ਜੋ ਸੰਸਾਰ ਦੇ ਦੁੱਖਾਂ ਤੋਂ 'ਨਫਰਤ' ਦੇ ਘਰ ਲਿਜਾਕੇ ਬਨਾਂ ਬਰਫਾਂ ਵਿਚ, ਲਿਜਾ ਗਾਲਦੀ ਹੈ, ਪਰ ਇਹ ਉਹ ਉੱਤਮ ਉਦਾਸੀ ਹੈ ਜੋ ਸੰਤ-ਹ੍ਰਿਦੇ ਵਿਚ ਸਦਾ ਵਿਆਪੀ ਰਹਿੰਦੀ

ਹੈ, ਜੋ ਇਸ ਨੂੰ ਹਉਂ ਤੋਂ ਧੋਕੇ ਕਿਸੇ ਆਪੇ ਦੇ ਸੁਖ ਵਿਚ ਰਖਦੀ ਹੈ ਤੇ ਇਸ ਨੂੰ ਸੁਖ ਦਾਤਾ ਬਣਾ ਦੇਂਦੀ ਹੈ। ਸੁਖਦਾਤਾ ਹੋਣ ਵੇਲੇ ਜਾਂ ਸੁਖ ਦੇਣ ਵੇਲੇ 'ਹਉਂ', ਜੋ ਪ੍ਰਬਲ ਹੈ, ਜਗਤ ਦੇ ਕੌੜੇ ਤਜਰਬਿਆਂ ਨਾਲ ਕਦੇ ਕਦੇ ਕੁਛ ਸਿਥਲਤਾ ਲੈ ਆਉਂਦੀ ਹੈ ਯਾ ਇਉਂ ਸਮਝੋ ਕਿ ਜਗਤ ਦਾ ਆਪਣੇ ਸੁਖ ਦਾਤਿਆਂ ਨਾਲ ਵਰਤਾਰਾ ਸੰਤ ਹਿਰਦੇ ਦੀ ਝਾਲੂ ਸ਼ਕਤੀ ਨੂੰ ਸੱਟਾਂ ਮਾਰ ਮਾਰ ਕੇ ਕੁਛ ਥਕਾਨ ਯਾ ਸਿਥਲਤਾ ਯਾ ਉਪ੍ਰਾਮਤਾ ਲਾ ਦੇਂਦਾ ਹੈ। ਇਸ ਨੂੰ ਦੂਰ ਕਰਕੇ ਮਨ ਸਾਵਧਾਨ ਕਰਨ ਲਈ ਉਪਕਾਰੀ ਸੰਤ ਕਦੇ ਕਦੇ ਏਕਾਂਤ ਵਾਸੀ ਹੋ ਜਾਂਦਾ ਹੈ।

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
ਸਾਵਧਾਨ ਏਕਾਗਰ ਚੀਤ॥ (ਸੁਖਮਨੀ)

ਜਗਤ ਕਿਉਂ ਦੁਖੀ ਹੈ? ਅਨੇਕਾਂ ਤਜਰਬੇ ਹੋਏ ਤੇ ਹੋ ਰਹੇ ਹਨ ਇਸ ਨੂੰ ਸੁਖ਼ੀ ਕਰਨ ਦੇ। ਕਈ ਮਸਲੇ ਤੇ ਕਈ ਵਰਤੋਂ ਦੇ ਵਰਤਾਰੇ ਹੋਏ ਤੇ ਹੋ ਰਹੇ ਸਨ, ਪਰ ਸਾਰੇ ਜਗਤ ਨੂੰ ਪੂਰਾ ਸੁਖੀ ਕਰਨ ਵਿਚ ਤੇ ਸਦਾ ਸੁਖੀ ਰੱਖਣ ਵਿਚ ਕਾਮਯਾਬ ਨਹੀਂ ਹੁੰਦੇ। ਕਿਉਂ? ਮਨੁੱਖ ਦੀ 'ਹਉਂ' ਵਿਚ ਆ ਜਾਂਦੀ ਹੈ। ਵਿਉਂਤਾਂ ਤੇ ਮਸਲਿਆਂ ਦਾ ਕਸੂਰ ਘੱਟ ਹੈ। ਜੋ ਕੁਛ ਅਪਣੇ ਅੰਦਰ ਮਨੁੱਖ ਨੂੰ ਆਪੇ ਦੀ 'ਪਕੜ' ਹੈ ਤੇ ਦੂਏ ਨਾਲ ਓਪਰਾਪਨ ਹੈ, ਇਹ ਹਉਂ ਹੈ, ਇਹ ਉਸ ਵਿਉਂਤ ਵਿਚ ਵੱਟ ਪਾ ਦੇਂਦੀ ਹੈ ਜੋ ਜਗਤ ਨੂੰ ਸੁਖੀ ਕਰਨ ਵਾਸਤੇ ਦਾਨੇ ਸੋਚਦੇ ਤੇ ਜਾਰੀ ਕਰਦੇ ਰਹੇ ਹਨ। ਇਸ ਕਰਕੇ ਗੁਰੂ ਬਾਬੇ ਨੇ ਸਿਖਾਇਆ ਸੀ ਕਿ ਇਹ 'ਪਕੜ' ਛੱਡੋ। ਇਹ ਅੰਦਰ 'ਮੈਂ' ਕਰਕੇ ਬਿਰਜਮਾਨ ਹੈ, ਬਾਹਰ 'ਮੇਰੀ' ਕਰਕੇ ਬੋਲਦੀ ਹੈ, ਤੇ ਵਰਤੋਂ ਵਿਚ ਦੁਜਾਇਗੀ ਦਾ ਰੂਪ ਧਾਰਦੀ ਹੈ। ਅੰਦਰ ਤਾਂ ਸਾਂਈ ਤੋਂ ਵਿਛੋੜਦੀ ਹੈ ਤੇ ਬਾਹਰ ਜਗਤ ਤੋਂ ਵਿਤਕਰਾ ਪਾ ਦੇਂਦੀ ਹੈ। ਜਿਸ ਦੇ ਅੰਦਰ ਇਹ ਨਹੀਂ ਉਹ ਸੁਖੀ ਤੇ ਸਖਦਾਤਾ ਹੋ ਜਾਂਦਾ ਹੈ। ਜੇ ਸਾਰੇ ਏਹ ਕੁਛ ਬਣ ਜਾਣ ਤਾਂ ਜਗਤ ਵਿਚ ਸੁਖ ਵਧ ਜਾਵੇ। ਜਦ ਕਦੇ ਜਗਤ ਵਿਚ ਸੁਖ ਵਰਤਿਆ ਹੈ, ਐਸੇ ਬੰਦਿਆਂ ਹੀ ਵਰਤਾਇਆ ਹੈ, ਜਿਨ੍ਹਾਂ ਨੇ ਸੁਖ ਲੈਣ ਨਾਲੋਂ ਸੁਖ ਦੇਣਾ ਭਲਾ ਜਾਤਾਹੈ, ਚਾਹੇ ਓਹ ਧਾਰਮਿਕ ਨੁਕਤੇ ਤੋਂ ਉਠੇ, ਚਾਹੇ ਪਰਉਪਕਾਰ ਦੇ ਨੁਕਤੇ ਤੋਂ, ਚਾਹੇ ਨੀਤੀ ਤੇ ਚਾਹੇ ਵਿਚਾਰ ਦੇ ਨੁਕਤੇ ਤੋ ਓਹ ਉਠੇ। ਪਰ ਸਭ ਤੋਂ ਵੱਧ ਐਸੇ ਪੁਰਖਾਂ ਦਾ ਜੀਵਨ ਧੰਨ ਹੈ ਜੋ ਪਹਿਲਾਂ ਅੰਦਰੋਂ ਆਪ ਉੱਚੇ ਹੋਏ ਹਨ, ਹਉਂ ਦੇ ਜ਼ੰਜ਼ੀਰ ਜਿਨ੍ਹਾਂ ਦੇ ਤਰੁੱਟੇ ਹਨ ਤੇ ਉਹਨਾਂ ਦਾ ਆਪਾ ਆਜ਼ਾਦ ਹੋਕੇ 'ਸਰਬ ਆਪੇ' ਦੇ ਮੇਲ ਤੇ ਆਧਾਰ ਵਿਚ ਹੋ ਗਿਆ ਹੈ, ਫੇਰ ਉਹਨਾਂ ਨੂੰ ਦਿੱਸਦੇ ਜਗਤ ਵਿਚ ਦੁਜਾਇਗੀ ਨਹੀਂ ਰਹੀ। ਓਹ ਆਪ ਅੰਦਰੋਂ ਸੁਖੀ ਹੋਏ ਹਨ ਤੇ ਉਹਨਾਂ ਤੋਂ ਜਗਤ ਨੂੰ ਸੁਖ ਮਿਲਿਆ ਹੈ। ਗੁਰੂ ਬਾਬੇ ਗੁਰੂ ਨਾਨਕ ਨੇ ਐਸੇ ਗੁਰਮੁਖ ਪੈਦਾ ਕੀਤੇ ਸਨ।

ਸ੍ਰੀ ਗੁਰੂ ਸਾਹਿਬਾਨ ਦੇ ਪੈਦਾ ਕੀਤੇ ਗੁਰਮੁਖ ਨਾਮਰਸੀਏ ਹੁੰਦੇ ਸਨ, ਅੰਦਰ ਟਿਕਾਉ ਤੇ ਰਸ ਹੁੰਦਾ ਸੀ, ਸਾਂਈਂ ਮਿਲਾਪ ਦਾ ਪ੍ਰਕਾਸ਼, ਤੇਜ, ਚਮਕਦਾ ਸੀ ਮੱਥੇ ਉਤੇ। ਏਕਾਂਤ ਦੇ ਭੀ ਸ਼ੁਕੀਨ ਹੁੰਦੇ ਸਨ, ਪਰ ਜਗਤ ਵਿਚ ਸੁਖ ਵਰਤਾਉਣ ਦਾ ਸੁਭਾਵ ਸੁਤੇ ਹੀ ਸਾਨੇ। ਸੰਗਤਾਂ ਵਿਚ ਵਿਚਰਦੇ, ਗੁਰਬਾਣੀ ਨਾਲ ਪ੍ਰੇਮ ਪੁਵਾਉਂਦੇ, ਗੁਰੂ ਸਾਹਿਬਾਂ ਨਾਲ ਨੇਹੁੰ ਲੁਆਉਂਦੇ ਤੇ ਨਾਮ ਜਪ ਵਿਚ ਮਦਦਾਂ ਕਰਦੇ, ਪਰ ਰਹਿੰਦੇ ਨਿਰਵਾਸ਼ ਤੇ ਆਪਾ ਨਿਵਾਰ ਰੰਗ ਵਿਚ ਸਨ। ਅੰਦਰੋਂ ਨਿਰਲੇਪਤਾ ਵਾਲੀ ਉਦਾਸੀ ਤਾਂ ਹੈਸੀ ਹੀ, ਪਰ ਜੇ ਉਪਕਾਰ ਕਰਦਿਆਂ ਕਦੇ ਉਪਰ ਕਹੀ ਉਦਾਸੀ[1] ਵਿਚ ਆਉਂਦੇ ਤਾਂ ਫਿਰ ਏਕਾਂਤ ਚਲੇ ਜਾਂਦੇ, ਏਕਾਂਤ ਤੋਂ ਫੇਰ ਸੰਗਤਾਂ ਵਿਚ ਆ ਵਿਚਰਦੇ[2] ਪਰ ਮੈਂ ਦੀ ਪਕੜ ਤੋਂ, ਦੁਜੈਗੀ ਤੋਂ ਸਫਾ ਰਹਿੰਦੇ।

ਹਾਂ, ਇਹ ਸਰੀਰ ਚੰਮ ਦਾ ਥੈਲਾ ਹੋਣ ਵਾਸਤੇ

---

[1] ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥ (ਸਲੋਕ ਮ: ੯-੧੯)

[2] ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥ (ਸਿਧ ਗੋਸਟਿ)

ਅਰਥਾਤ ਇਕਾਂਤ ਰਹੇ ਤਾਂ ਏਕੋ ਨੂੰ ਮਨ ਵਸਾਕੇ, ਜੋ ਆਸਾ ਮਯ ਜਗਤ ਵਿਚ ਹੁਕਮ ਨਾਲ ਆਵੇ ਤਾਂ ਨਿਰਾਸ ਹੋ ਵਿਚਰੇ।

ਹਰਿ ਸਿਮਰਨੁ ਬਹੁ ਮਾਹਿ ਇਕੇਲਾ॥

(ਭੈਰਉ ਮ: ੫)

ਨਹੀਂ ਸੀ ਰਚਿਆ ਗਿਆ, ਇਹ ਤਾ ਹਰੀ ਮੰਦਰ ਹੈ, ਪਰ ਜੇ ਇਸ ਵਿਚ ਨਾਮ ਦਾ ਨਿਵਾਸ ਹੋਏ ਤਾਂ। ਨਾਮ ਦੇ ਨਿਵਾਸ ਨਾਲ ਹਉਂ ਦੂਰ ਹੁੰਦੀ ਹੈ ਤੇ ਹਰੀ ਇਸ ਵਿਚ ਪ੍ਰਤੱਖ ਹੁੰਦਾ ਹੈ। ਹਉਂ ਨਾ ਰਹੀ ਤਾਂ ਫੇਰ ਦੁਜੈਗੀ ਕਾਹਦੀ, ਸਭ ਆਪਣੇ ਹਨ। ਤੁਸੀਂ ਆਖਸੋ ਫੇਰ ਇਕਾਂਤ ਦੀ ਕੀਹ ਲੋੜ ਪੈਂਦੀ ਸੀ ਇਨ੍ਹਾਂ ਗੁਰਮੁਖਾਂ ਨੂੰ? ਭਾਈ! ਦੇਹ ਤੱਤਾਂ ਦੀ ਬਣਤਰ ਹੈ। ਮਨ ਦੇ ਅਸਰ ਦੇਹ ਉਤੇ ਤੇ ਦੇਹ ਦੇ ਮਨ ਉਤੇ ਪੈਂਦੇ ਹਨ। ਪਰਵਿਰਤੀ ਵਿਚ[1] ਕੁਛ ਨਾ ਕੁਛ ਇਸ ਮਨ ਉਤੇ ਸਿੱਧਾ ਯਾ ਸ਼ਰੀਰ ਦੇ ਥਕਾਨ ਅਕਾਨ ਨਾਲ ਐਸਾ ਕੁਛ ਕਿਸੇ ਵੇਲੇ ਅਸਰ ਪੈਂਦਾ ਹੈ, ਜੋ ਦੂਰ ਕਰਨਾ ਹੁੰਦਾ ਹੈ। ਸੋ ਕਦੇ ਇਸ ਹਉਂ ਦਾ ਵਹੀ ਖਾਤਾ ਪੜਤਾਲਣ ਵਾਸਤੇ ਏਕਾਂਤ ਦੀ ਲੋੜ ਪੈਂਦੀ ਹੈ ਕਿ ਇਸ ਨੇ ਅੰਦਰ ਕੋਈ ਫੇਰ ਜਮ੍ਹਾਂ ਦੀ ਰਕਮ ਕੱਠੀ ਤਾਂ ਨਹੀਂ ਕਰ ਲਈ। ਹੋਰ ਚਿੱਤ ਤਾਂ ਇਹੋ ਕਰਦਾ ਹੈ ਕਿ ਜਗਤ ਜਲ ਰਿਹਾ ਹੈ, ਦੁਖੀ ਹੈ, ਜੇ ਕੁਛ ਸਰ ਬਣ ਆਵੇ ਤਾਂ ਪਾਣੀ ਦਾ ਛੱਟਾ ਮਾਰੀਏ, ਚਾਹੋ ਸਾਡੇ ਛੱਟੇ ਨਾਲ ਕੁਛ ਬਣੇ ਚਾਹੋ ਨਾ। 'ਅਸੀਂ ਛੱਟਾ ਮਾਰੀਏ' ਇਹ ਵੀ ਹਉਮੈ ਕਹੀ ਜਾ ਸਕਦੀ ਹੈ। ਪਰ ਹੁਕਮ ਇਹੋ ਹੈ 'ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਸੁਨਤ ਕਹਤ ਰਹਤ ਗਤਿ ਪਾਵਹੁ॥' ਹੁਕਮ ਵਿਚ ਤੁਰਨਾ ਹਉਮੈਂ ਨਹੀਂ ਹੈ। ਜਗਤ ਵਿਚ ਦੁਖ ਬਹੁਤ ਹੈ, ਉਸ ਨੂੰ ਦੂਰ ਕਰਨ ਦਾ ਹੀਆ ਹੁਕਮ ਵਿਚ ਹੋਵੇ ਤਾਂ ਲੇਸ਼ ਨਹੀਂ ਲਗਦਾ; ਪਰ ਦੁਖ ਇਹ ਹੈ ਕਿ ਪਰਉਪਕਾਰ, ਜੋ ਹਉਂ ਵਿਚ ਕਰੀਦਾ ਹੈ, ਉਹ ਆਪਣੇ ਲਈ ਬਹੁਤ ਸੁਖਦਾਤਾ ਨਹੀਂ ਹੁੰਦਾ, ਪਰ ਜੇ ਹਉਂ ਨਾਮ ਨਾਲ ਸਾਂਭੀ ਜਾਵੇ ਤਾਂ ਸੁਤੇ ਸਿੱਧ ਜੋ ਸਰੇ ਬਣੇ ਪਿਆ ਹੋਵੇ, ਫੇਰ ਹਉਂ ਦਾ ਬਲ ਨਹੀਂ ਪੈਂਦਾ। ਹਉਮੈਂ ਬੁਰੀ ਬਲਾ ਹੈ, ਇਕ ਤਾਂ ਸਾਂਈਂ ਨਾਲ ਏਸ ਨੇ ਵਿੱਥ ਪਾਈ ਹੈ, ਦੂਜੇ ਜਗਤ ਨਾਲ ਦੁਜਾਇਗੀ ਇਸ ਵਰਤਾਈ ਹੈ। ਪਰ ਹਉਮੈਂ ਬੀ ਹੁਕਮ ਕਰ ਹੋਈ ਹੈ[2] ਤ ਦੂਰ ਨਾਮ ਨਾਲ ਹੁੰਦੀ ਹੈ[1]। ਜੇ ਕੋਈ ਬਖ਼ਸ਼ਿਆ ਹੋਇਆ ਨਾਮ ਦੇ ਗੱਫੇ ਵਰਤਾਵੇ ਤੇ ਭਲਾ ਕਰੇ ਤਾਂ ਇਹ ਪਰੇ ਤੋਂ ਪਰੇ ਰਹਿੰਦੀ ਹੈ, ਪਰ ਜੇ ਹੁਕਮ ਵਿਚ ਵਰਤੇ ਤਾਂ[2]। ਜਗਤ ਵਿਚ ਨੈਣ ਪਸਾਰਕੇ ਤੱਕੋ, ਇਸੇ ਅੰਦਰ ਦੀ ਵਖੇਵੇਂ ਵਾਲੀ ਹਉਂ ਨੇ ਰਾਜਿਆਂ ਦੇ ਵੈਰ, ਦੇਸ਼ ਦੇਸ਼ ਦੀ ਲੜਾਈ, ਘਰ ਘਰ ਦਾ ਵਿਰੋਧ ਤੇ ਜੀ ਜੀ ਦਾ ਵੈਰ ਪੁਆ ਰੱਖਿਆ ਹੈ[3]। ਕੋਈ ਨਹੀਂ ਵਿਚਾਰਦਾ ਕਿ ਮਨੁੱਖ ਸਾਰੇ ਸੁਖੀ ਹੋਣ, ਜਗਤ ਸੁਖੀ ਹੋਵੇ। ਕਾਹਦੇ ਲਈ ਸਾਜਦੇ ਹਨ ਤੋਪਾਂ, ਬੰਦੂਕਾਂ, ਜਹਾਜ਼ ਤੇ ਬਰੂਦ ਗੋਲੇ ਮਨੁੱਖ ਮਨੁੱਖ ਦੇ ਕਤਲ ਲਈ? ਕੀਹ ਇਸ ਦਾ ਨਾਉਂ ਹੈ ਤ੍ਰੱਕੀ ਤੇ ਤਹਿਜ਼ੀਬ? ਫੇਰ ਜਦ ਇਕ ਜਰਵਾਣਾ ਹੋ ਜਾਂਦਾ ਹੈ ਤਾਂ ਦੂਜੇ ਨੂੰ ਆਪਣੀ ਰੱਖਯਾ ਕਰਨੀ ਪੈਂਦੀ ਹੈ ਕਿ ਮਤਾਂ ਫਲਾਣਾ ਮੈਨੂੰ ਨਾ ਮਾਰ ਲਵੇ। ਇਉਂ ਸਾਰੇ ਕਤਲ ਦੇ ਸਾਮਾਨਾਂ ਵਿਚ ਸਭਯ ਹੋ ਗਏ ਹਨ। ਜੇ ਇਕ ਛੱਡੇ ਤਾਂ ਦੂਏ ਤੋਂ ਡਰਦਾ ਹੈ। ਐਉਂ ਇਸ ਦੁਜਾਇਗੀ ਦੇ ਮਾਦੇ ਨੇ ਵਿੱਦਯਾ ਦੇ ਚਾਨਣੇ ਵਿਚ ਬੀ ਜਗਤ ਦੁਖੀ ਕਰ ਰੱਖਿਆ ਹੈ। ਗੁਰੂ ਬਾਬੇ ਨੇ ਦਸਮੇਂ ਜਾਮੇਂ ਜਰਵਾਣਿਆਂ ਤੋਂ ਮਜ਼ਲੂਮਾਂ ਨੂੰ, ਆਪਾ ਤੇ ਆਪਣਾ ਸਭ ਕੁਛ ਵਾਰਕੇ ਬਚਾਇਆ ਸੀ। ਫੇਰ ਗੁਰੂ ਜੀ ਨੇ ਆਪਾ ਵਾਰਨ ਵਾਲਾ ਖਾਲਸਾ ਆਪਣੇ ਵਾਂਙੂ ਉਪਕਾਰੀ ਆਪਣੇ ਰੂਪ ਤੇ ਸਾਜਕੇ ਸਦਾ ਲਈ ਕੈਮ ਕੀਤਾ ਸੀ, ਪਰ ਸਿਖਾਇਆ ਕੀਹ ਸੀ ਕਿ ਨਾਮ ਦੀ ਜੋਤਿ ਜਗਾ ਦਿਓ ਸਾਰੇ ਘਟਾਂ ਵਿਚ, ਜੇ ਜ਼ੁਲਮ ਦੇਖੋ ਤਾਂ ਜ਼ੁਲਮ ਨੂੰ ਦੂਰ ਕਰੋ, ਇਸ ਲਈ ਕਿ ਜਗਤ ਵਿਚ ਪਿਆਰ ਫੈਲੇ ਤੇ ਵਿਰੋਧ ਨਾਸ਼ ਹੋਵੇ। ਤੁਸੀਂ ਪਿਆਰ ਕਰੋ, ਦੁਖ ਝੱਲੋ ਤੇ ਸੁਖ ਦਿਓ, ਤੁਹਾਨੂੰ ਦੇਖਕੇ ਦੂਸਰੇ ਰੀਸ ਪਕੜਨ। ਸੋ ਇਹ ਜੋ ਅੰਦਰ 'ਹਉਂ' ਹੈ ਤੇ ਜੋ ਆਪੇ ਨਾਲ ਮੋਹ ਰੂਪ ਧਾਰਕੇ ਅੰਦਰ ਆਪਣੇ ਆਪ ਨੂੰ ਲਖਾਉਂਦੀ ਹੈ ਅਤੇ ਬਾਹਰ

---

[1] ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ॥ {ਸਾਰੰਗ ਮ: ੫}

[2] ਹਉਮੈ ਏਹੋ ਹੁਕਮ ਹੈ ਪਇਐ ਕਿਰਤਿ ਫਿਰਾਹਿ ॥ {ਆਸਾ ਦੀ ਵਾਰ}

[1] ਨਾਮੇ ਰਾਤੇ ਹਉਮੈ ਜਾਇ ॥ {ਸਿਧ ਗੋਸਿਟਿ}

[2] ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥ {ਵ: ਮ: ੧ ਛੰਤ}

[3] ਦੂਜੈ ਭਾਇ ਬਹੁਤੁ ਘਰ ਘਾਲੇ ॥ {ਭੈਰਉ ਕਬੀਰ ਜੀ}

ਇਹ 'ਮੇਰੀ' ਦਾ ਰੂਪ ਧਾਰਕੇ ਮੋਹ ਪਸਾਰਦੀ ਹੈ ਇਹੋ ਮੋਹ ਦੂਸਰਿਆਂ ਨਾਲ ਦੁਜਾਇਗੀ ਸਿਖਲਾਉਂਦਾ ਹੈ, ਇਸ ਨੂੰ ਇਨਸਾਨ ਦੇ ਦਿਲੋਂ ਘਟਾਉਣਾ ਯਾ ਸੁਮੱਤੇ ਲਾਉਣਾ ਚਾਹੀਏ। ਇਸ ਦੁਜਾਇਗੀ, ਇਸ ਪਕੜ, ਇਸ ਮਾਇਆ ਤੋਂ, ਜੋ ਸਾਂਈ ਤੋਂ ਬੀ ਵਿਛੋੜਦੀ, ਹੈ ਤੇ ਜਗਤ ਵਿਚ ਬੀ ਉਪੱਦ੍ਰਵ ਕਰਾਉਂਦੀ ਹੈ, ਬਚਣਾ ਸਭ ਦਾ ਧਰਮ ਹੈ। ਸਾਧੂ ਦਾ ਮੁੱਖ ਧਰਮ ਹੈ ਨਾਮ ਜਪਣਾ ਤੇ ਜਪਾਉਣਾ, ਇਸ ਤੋਂ ਉਤਰ ਕੇ ਦੂਸਰਾ ਮੁਖ ਕਰਮ ਇਹੀ ਹੈ-ਦੂਜੈਗੀ ਦੂਰ ਕਰਨੀ। ਗੁਰੂ ਬਾਬੇ ਨੇ ਤੀਜੇ ਜਾਮੇਂ ਫੁਰਮਾਇਆ ਸੀ:-

"ਏਹ ਮਾਇਆ ਜਿਤੁ ਹਰਿ ਵਿਸਰੈ"
ਮੋਹੁ ਉਪਜੈ ਭਾਉ ਦੂਜਾ ਲਾਇਆ॥"

(ਅਨੰਦ)

ਜਿਸ ਨਾਲ ਵਾਹਿਗੁਰੂ ਵਿਸਰੇ, ਮੋਹ ਉਪਜੇ ਤੇ ਦੁਜੈਗੀ ਪੈਦਾ ਹੋ ਜਾਏ ਸੋ ਮਾਇਆ ਹੈ।

ਇਹ ਮਾਇਆ ਪ੍ਰਬਲ ਹੈ, ਇਸ ਦੀ ਸੋਝੀ ਰਖਣੀ ਧਰਮ ਹੈ, ਇਸ ਤੋਂ ਬਚਣਾ ਸ਼ੁਭ ਹੈ। ਇਸ ਦੇ ਦਾਉ ਘਾਉ ਦੇਖਣ ਤੇ ਆਪਾ ਚੀਨਣ ਲਈ ਕਦੇ ਕਦੇ ਏਕਾਂਤ ਦੀ ਲੋੜ ਆ ਪੈਂਦੀ ਹੈ ਗੁਰਮੁਖਾਂ ਨੂੰ।

## (ਉਪਕਾਰ)

**ਇਕ** ਸਾਧੂ ਨੇ ਇਕ ਦਿਨ ਕਿਤੇ ਸਿਖ ਸੰਗਤ ਵਿਚ ਸੁਤੇ ਹੀ ਦਾਨ ਦੀ ਗੱਲ ਕੀਤੀ ਤੇ ਆਖਣ ਲੱਗਾ; ਕਿ ਦਾਨ ਪਾਤ੍ਰ ਦਾ ਅਧਿਕਾਰ ਪਛਾਨਣਾ ਚਾਹੀਏ, ਐਂਵੇ ਦਾਨ ਕੀਤੇ ਦਾ ਫਲ ਏਥੇ ਉਥੇ ਦੁਖ ਹੀ ਹੈ। ਫਿਰ ਉਹ ਕਹਿਣ ਲੱਗਾ ਕਿ ਮੈਂ ਤਾਂ ਸਮਝਦਾ ਹਾਂ ਕਿ ਕੇਵਲ ਆਪ ਨੂੰ ਬ੍ਰਹਮ ਜਾਣ ਲੈਣਾ ਕਾਫੀ ਹੈ, ਨਾਮ ਦਾਨ ਆਦਿ ਦੀ ਲੋੜ ਨਹੀਂ।

ਵੀਚਾਰ-ਅਧਿਕਾਰ ਪਛਾਣਨਾ ਤਾਂ ਠੀਕ ਗੱਲ ਹੈ, ਜੇ ਤੁਸੀਂ ਲਖਪਤੀ ਨੂੰ ਦਸ ਰੁਪੈ ਦਿਓਗੇ ਤਾਂ ਕੀਹ ਗੁਣ? ਜੇ ਜੁਆਰੀਏ ਨੂੰ ਸੌ ਰੁਪੱਯਾ ਦਿਓਗੇ ਤਾਂ ਜੂਏ ਵਿਚ ਹੀ ਗੁਆਏਗਾ।

ਫੇਰ ਦਾਨ ਕਰਨ ਵਿਚ ਬੜੀਆਂ ਔਕੁੜਾਂ ਆਉਂਦੀਆਂ ਹਨ। ਜੋ ਦੂਸਰੇ ਦਾ ਭਲਾ ਕਰੇਗਾ ਦੁੱਖਾਂ ਦੇ ਮੂੰਹ ਆਵੇਗਾ। ਜੋ ਪਰਾਇਆ ਭਲਾ ਕਰੇਗਾ ਉਸ ਦੇ ਉਦਾਲੇ ਕਿਸੇ ਨਾ ਕਿਸੇ ਸ਼ਕਲ ਵਿਚ ਦੁਖ ਆਵੇਗਾ। ਤੁਸੀਂ ਪਰਉਪਕਾਰ ਦੇ ਕੰਮ ਕਰਕੇ ਵੇਖੋ ਕਿ ਜਿਨ੍ਹਾਂ ਨਾਲ ਨੇਕੀ ਉਪਕਾਰ ਕਰੋਗੇ ਬਹੁਤੀ ਵੇਰ ਓਹੀ ਵੈਰੀ ਹੋ ਢੁੱਕਣਗੇ। ਕਈ ਵੇਰ ਉਹਨਾਂ ਦੇ ਹਿਤੂ ਵੈਰੀ ਹੋ ਜਾਂਦੇ ਹਨ। ਆਮ ਕਰਕੇ ਜਾਣੇ ਯਾ ਅਣਜਾਣੇ ਜਗਤ ਨੇਕੀ ਕਰਨ ਵਾਲੇ ਨੂੰ ਘੇਰ ਘਾਰ ਕੇ ਦੁਖਾਂ ਦੇ ਮੂੰਹ ਫਸਾ ਦੇਂਦਾ ਹੈ। ਪਰਉਪਕਾਰੀਆਂ ਦੀ ਨਿੰਦਾ ਕਰਨੀ, ਆਪਣੇ ਮਨੋਰਥਾਂ ਦੀ ਖ਼ਾਤਰ ਊਜਾਂ ਦੇਣੀਆਂ ਤਾਂ ਜਗਤ ਦੇ ਖੱਬੇ ਹੱਥ ਦਾ ਕਰਤਬ ਹੈ। ਇਸ ਤੋਂ ਵਧਕੇ ਲੋਕੀਂ ਅਨੇਕ ਤਰ੍ਹਾਂ ਦੇ ਵਡੇਰੇ ਕਸ਼ਟ ਭੀ ਖੜੇ ਕਰ ਦੇਂਦੇ ਹਨ, ਜਿੰਦਾਂ ਤਕ ਬੀ ਲੈ ਲੈਂਦੇ ਹਨ। ਸ਼੍ਰੀ ਗੁਰੂ ਅਰਜਨ ਦੇਵ ਜੀ ਪਰਮੇਸ਼੍ਰਰ ਸਰੂਪ ਸਨ। ਉਹਨਾਂ ਦਾ ਹਿਰਦਾ ਤੇ ਸਰੀਰ ਕਿਤਨਾ ਕੋਮਲ ਸੀ, ਜਿਸ ਤੋਂ ਅਰਸ਼ੀ ਬਾਣੀ ਨਿਕਲਦੀ ਸੀ। ਉਨ੍ਹਾਂ ਦੇ ਉਪਕਾਰਾਂ ਦਾ ਅੰਤ ਨਹੀਂ। ਜੇ ਉਨ੍ਹਾਂ ਦੇ ਸ੍ਰੀ ਦਰਬਾਰ ਸ਼ਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਰੂਹਾਨੀ ਤੇ ਕੋਮਲ ਉਨਰੀ ਸਾਹਿਤਕ ਉਪਕਾਰ ਨੂੰ ਅੱਖਾਂ ਅੱਗੇ ਲਿਆਈਏ ਤੇ ਦੂਜੇ ਪਾਸੇ ਉਸ ਸੁਖਮ ਤੇ ਕੂਲੀ ਵਜਕਤੀ ਨੂੰ ਤੱਤੇ ਤਵੇ ਤੇ ਬੈਠਿਆਂ ਤੇ ਰੇਤਾਂ ਪੈਂਦੀਆਂ ਤੱਕੀਏ ਤਾਂ ਪ੍ਰਾਣ ਕੰਬ ਉਠਦੇ ਹਨ। ਇਹ ਦੇਖ ਲਓ ਜਗਤ ਦਾ 'ਸ਼ਿਰੋਮਣ ਪਰਉਪਕਾਰੀ' ਨਾਲ ਸਲੂਕ।

ਬਾਹਰਲੇ ਦੁਖਾਂ ਨੂੰ ਛੱਡ ਕੇ ਜੇ ਆਪਣੇ ਆਪ ਵਿਚ ਉਪਕਾਰੀ ਤੱਕੇ ਤਾਂ ਅਪਣਾ ਧਨ, ਅਪਣਾ ਵਕਤ ਤੇ ਜੇ ਬੰਦਗੀ ਵਾਲਾ ਹੈ ਤਾਂ ਆਪਣਾ ਮਾਨਸਿਕ ਬਲ ਉਹ ਉਪਕਾਰ ਵਿਚ ਕਿਤਨਾ ਕੁ ਖਰਚ ਕਰਦਾ ਹੈ? ਇਉਂ ਅਪਣਾ ਬਿਗਾੜੇਗਾ ਤਾਂ ਹੀ ਬਿਗਾਨੇ ਦਾ ਕੁਝ ਸੁਆਰੇਗਾ[੧]।

ਹਾਂ ਸੇਵਾ ਯਾ ਉਪਕਾਰ, ਨੇਕੀ ਯਾ ਦਾਨ ਬੜੇ ਕਠਨ ਕੰਮ ਹਨ, ਇਨ੍ਹਾਂ ਦੇ ਕਰਨ ਵਾਲਿਆਂ ਨੂੰ ਜਗਤ ਉਹ ਕੁਛ ਫਲ ਦੇਂਦਾ ਹੈ ਕਿ ਕੋਈ ਕੀ ਕਹੇ। ਦਸਮੇਂ ਪਾਤਸ਼ਾਹ ਜੀ ਦੇ ਉਪਕਾਰਾਂ ਨੂੰ ਸਿਮਰਨ ਕਰੋ ਤੇ ਉਨ੍ਹਾਂ ਦੇ ਖੇਦਾਂ ਦਾ ਖਿਆਲ ਕਰੋ। ਓਹ ਭਗਵੰਤ ਰੂਪ ਸਨ, ਭਗਵੰਤ ਆਪ ਸਨ, ਪਰ ਤੱਕ

[੧] ਅਪਨਾ ਬਿਗਾਰਿ ਬਿਰਾਨਾ ਸਾਂਢੈ।

ਲਓ ਜੋ ਕੁਛ ਜਗਤ ਨੇ ਉਨ੍ਹਾਂ ਨਾਲ ਵਰਤਾਉ ਕੀਤਾ ਹੇ। ਓਹ ਹੀ ਸਨ ਜੋ ਸਦਾ ਅਝਵੇਂ ਰਹੇ; ਕਦੇ ਨ ਡੋਲੇ। ਓਹ ਭਗਵੰਤ ਰੂਪ ਸਨ[1], ਓਹਨਾਂ ਦੀ ਰੀਸ ਨਹੀਂ ਪੁਗਦੀ। ਅਸੀਂ ਤੁਸੀਂ ਤਾਂ ਜੀਵ ਹਾਂ, ਭੁੱਲਣਹਾਰ ਹਾਂ, ਥੋੜ ਵਿਤੇ ਹਾਂ, ਸਾਨੂੰ ਸਤਿਸੰਗ ਦੀ; ਸਦਾ ਨਾਮ ਵਿਚ ਰਹਿਣ ਦੀ, ਕੀਰਤਨ ਦੀ ਲੋੜ ਹੈ, ਤਾਂ ਜੋ ਨੇਕੀ ਕਰਦਿਆਂ ਜੋ ਮੁਸ਼ਕਲਾਂ ਆਉਂਦੀਆਂ ਹਨ ਤੇ ਵਰਤਾਉ ਮਿਲਦੇ ਹਨ ਸਾਨੂੰ ਉਹ ਕੌੜੇ ਤਜਰਬੇ ਨਾਮ ਤੇ ਨੇਕੀ ਤੋਂ ਹਰਾ ਨਾ ਦੇਣ। ਸ੍ਰੀ ਗੁਰੂ ਜੀ ਦਾ ਫੁਰਮਾਣ ਹੈ:-

> ਜੇ ਕੋਊ ਅਪੁਨੀ ਓਟ ਸਮਾਰੈ॥ ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥ {ਧਨਾ: ਮ:੫}

ਜੇ ਕੋਈ ਐਸਾ ਸਾਧਨ ਕਰਦਾ ਹੈ ਜਿਸ ਨਾਲ ਕਿ ਉਹ ਅਪਣੇ ਅੰਦਰ ਆਪਣੇ ਆਪੇ ਦੀ ਓਟ ਤੇ ਟਿਕਦਾ ਹੈ ਤਾਂ ਉਹ ਆਪਣੇ ਵਿਤ ਅਨੁਸਾਰ ਆਪਣੇ ਬਲ ਨੂੰ ਵਰਤੇ, ਇਤਨਾ ਨਾ ਵਰਤੇ ਕਿ ਉਸ ਦਾ ਬਲ ਹੀ ਹਾਰ ਜਾਵੇ। ਹਾਰਨਾ ਮਰਨਾ ਇਕ ਬਰਾਬਰ ਹਨ। ਤਾਂਤੇ ਸਦਾ ਆਪਣਾ ਵਿਤ ਪਛਾਣਕੇ ਕੰਮ ਕਰੇ, ਜਦ ਤਾਂਈਂ ਕਿ ਸਾਰੀ ਹਉਮੈਂ ਦੀ ਪਾਲ ਨਾ ਤੁੱਟ ਜਾਵੇ।

ਇਕ ਅਸੂਲ ਦੀ ਗੱਲ ਹੈ; ਜੋ ਅੰਦਰ ਹਉਮੈਂ ਦੇ ਬੰਦੇ ਹਨ; ਜਿਨ੍ਹਾਂ ਦੇ ਮਨ ਦੀ ਮੈਲ ਕਿਸੇ ਇਕਾਗਰਤਾ ਤੇ ਕਿਸੇ ਸਾਧਨ ਨਾਲ ਸਾਫ ਹੋ ਕੇ ਆਪੇ ਨੂੰ ਆਪੇ ਵਿਚ ਜੋੜ ਨਹੀਂ ਗਈ ਤੇ ਜਿਨ੍ਹਾਂ ਨੂੰ ਹਉਂ ਤੇ ਹਉਂ ਦੀ ਜਾਈ-ਦੁਜਾਇਗੀ-ਤੋਂ ਖ਼ਲਾਸੀ ਨਹੀਂ ਮਿਲੀ, ਉਨ੍ਹਾਂ ਦਾ ਪਰਉਪਕਾਰ ਕੇਵਲ ਓਪਰੀ ਦਇਆ ਦੇ ਭਾਵ ਤੋਂ ਉਪਜਦਾ ਹੈ ਤੇ ਜਦ ਤਜਰਬੇ ਵਿਚ ਕਉੜੱਤਣ ਆਉਂਦੀ ਹੈ ਤਾਂ ਉਨ੍ਹਾਂ ਦੇ ਸੁਭਾਵ ਬਦਲ ਜਾਂਦੇ ਹਨ। ਪੱਛੋਂ ਦੀ ਇਕ ਬੋਲੀ ਵਿਚ ਇਕ ਅਖਾਵਤ ਹੈ:-ਉਪਕਾਰ ਦਾ ਅੰਤ ਅਪਕਾਰ ਹੈ[2]। ਕਾਰਨ ਇਹ ਕਿ ਕਿਸੇ ਸਾਧਨ ਸੰਪੱਤੀ ਨਾਲ ਜਦੋਂ ਅੰਦਰ ਦੀ ਹਉਂ ਦੂਰ ਨਹੀਂ ਕੀਤੀ ਅਤੇ ਉਸਤੋਂ ਉਪਜੀ ਦੁਜਾਇਗੀ ਦੂਰ ਨਹੀਂ ਹੋਈ ਤਦ ਉਸ ਸ਼ੈ ਦੀ ਜੜ੍ਹ ਨਹੀਂ ਕੱਟੀ ਜੋ ਵਿਤਕਰਿਆਂ ਦਾ ਮੂਲ ਹੈ। ਐਉਂ ਨੇਕੀ ਕਰਨ ਵਿਚ ਜੋ ਸੱਟਾਂ ਵੱਜਦੀਆਂ ਹਨ, ਉਹ ਪਹਿਲੇ ਚਾਉ ਦਾ ਮੂੰਹ ਖੂੰਢਾ ਕਰ ਦੇਂਦੀਆਂ ਹਨ, ਫੇਰ ਉਹੋ ਹਉਂ ਅੰਦਰਲੇ ਨੂੰ ਪੱਥਰਾ ਦੇਂਦੀ ਹੈ। ਇਕ ਸਿਖ ਪਰਉਪਕਾਰੀ ਸੀ, ਉਹ ਸੱਚ ਮੁਚ ਗਰੀਬਾਂ ਦਾ ਭਲਾ ਕਰਦਾ ਤੇ ਵਕਤ ਦੇਂਦਾ ਸੀ, ਪਦਾਰਥ ਬੀ ਖਰਚਦਾ ਸੀ, ਸਭ ਲੋਕਾਂ ਦੇ ਕੰਮ ਸੁਆਰਦਾ ਸੀ, ਦੁਖ ਸੁਖ ਵੇਲੇ ਕੰਮ ਬੀ ਆਉਂਦਾ ਸੀ, ਪਰ ਨਿੰਦਾ ਤੇ ਨੁਕਤਾਚੀਨੀ ਵਿਚ ਖੇਲਦਾ ਸੀ। ਸਤਿਸੰਗ ਬੀ ਜਾਂਦਾ ਸੀ, ਪਰ ਪਾਹ ਕਿਸੇ ਦਾ ਨਹੀਂ ਸੀ ਲੱਗਾ। 'ਹਉਮੈ ਤੇ ਦੁਜਾਇਗੀ' ਰੂਪ ਵਟਾਕੇ ਇਸ ਦੇ ਅੰਦਰ ਸਾੜੇ ਦੇਂਦੀਆਂ ਸਨ। ਆਮ ਲੋਕੀ ਇਸ ਦੇ ਨਾਲ ਪ੍ਰਸੰਨ ਦਿਸਦੇ ਸਨ, ਪਰ ਇਸ ਦੇ ਅੰਦਰਲੇ ਦੇ ਉਬਾਲ ਕਈਆਂ ਨੂੰ ਛਾਲੇ ਪਾਉਂਦੇ ਸਨ। ਐਸੇ ਪੁਰਖ ਨੂੰ ਚਾਹੀਦਾ ਹੈ ਕਿ ਪਹਿਲੇ ਆਪਣੇ ਆਪ ਤੇ ਉਪਕਾਰ ਕਰੇ। ਅੰਦਰਲੇ ਨੂੰ ਬਾਣੀ ਨਾਮ ਨਾਲ ਪਵਿੱਤ੍ਰ ਕਰੇ। ਜਿਥੇ ਦੁਜਾਇਗੀ ਤੇ ਆਪਾ ਪਸੰਦੀ ਦੀ ਮੈਲ ਹੈ, ਉਥੋਂ ਉਹ ਦੂਰ ਹੋਵੇ, ਫੇਰ ਉਪਕਾਰ ਕਰੇ। ਸਭ ਤੋਂ ਪਹਿਲੀ ਦਇਆ 'ਆਤਮ-ਕ੍ਰਿਪਾ ਹੈ। ਆਪਣੇ ਆਪ ਨੂੰ ਸ੍ਵਛ ਕਰਨ ਦੀ ਆਪਣੇ ਆਪ ਤੇ ਮਿਹਰ। ਇਕ ਹੋਰ ਉਪਕਾਰੀ ਸੀ ਜੋ ਵੱਡੀ ਉਮਰੇ ਜਾਕੇ ਦਇਆ ਨੂੰ ਕਸਾਇਣ ਕਿਹਾ ਕਰਦਾ ਸੀ ਉਸ ਨੂੰ ਆਪਣੇ ਉਪਕਾਰਾਂ ਦੇ ਬਦਲੇ ਕਸ਼ਟ ਮਿਲੇ ਸਨ। ਜਿਨ੍ਹਾਂ ਨਾਲ ਨੇਕੀਆਂ ਕੀਤੀਆਂ ਉਨ੍ਹਾਂ ਨੇ ਹੀ ਦੁੱਖ ਦਿਤੇ ਸਨ। ਨਿਰਾਸਤਾ ਦੀਆਂ ਸੱਟਾਂ ਤੋਂ, ਜੋ ਨੇਕੀ ਦੇ ਬਦਲੇ ਬਦੀ ਮਿਲਣ ਤੋਂ ਵੱਜਦੀਆਂ ਹਨ, ਖਾ ਖਾ ਕੇ ਉਹ ਸਿੰਘ ਜੀ ਪੱਥਰ ਹੋ ਗਏ ਸਨ। ਕਹਿੰਦੇ ਏਹ ਸਨ ਕਿ ਮੈਨੂੰ ਹੁਣ ਅਕਲ ਆਈ ਹੈ, ਮੈਂ ਮੂਰਖ ਸਾਂ, ਮੈਂ ਹੁਣ ਦਾਨਾ ਹੋਇਆ ਹਾਂ। ਪਰ ਅਸਲ ਵਿਚ ਉਹ ਦਾਨਾ ਨਹੀਂ ਸੀ, ਉਸ ਦਾ ਅੰਦਰ ਪਥਰਾ ਗਿਆ ਸੀ। ਜੇ ਉਹ ਨੇਮ ਕਰਦਾ ਕਿ ਬਾਣੀ ਰੋਜ਼ ਪੜ੍ਹਾਂਗਾ ਤੇ ਵੀਚਾਰਾਂਗਾ, ਨੇਮ ਕਰਦਾ ਕਿ ਅੰਮ੍ਰਿਤ ਵੇਲੇ ਉਠਕੇ ਨਾਮ ਜਪਾਂਗਾ, ਹਾਂ, ਕੀਰਤਨ ਜ਼ਰੂਰ ਸੁਣਿਆਂ ਕਰਾਂਗਾ,

[1] ਵਹ ਪ੍ਰਗਟਿਓ ਪੁਰਖ ਭਗਵੰਤ ਰੂਪ। {ਦੂਜੇ ਭਾਈ ਗੁਰਦਾਸ}

[2] Phillanthropy ends in Misanthrapy.

ਫਿਰ ਉਸ ਦੇ ਮਨ ਦੀ ਮੈਲ ਉਤਰਦੀ, ਮਨ ਟਿਕਦਾ ਤੇ ਉਸ ਵਿਚ ਅਨੰਦ ਦਾ ਅਸਰ ਪੈਂਦਾ; ਫਿਰ ਪਤਾ ਲੱਗਦਾ ਕਿ ਸਾਰ ਉਪਕਾਰ ਇਹ ਹੈ। 'ਆਪੇ' ਨਾਲ ਆਪ ਉਪਕਾਰ ਕਰਣਾ, ਪਹਿਲਾਂ ਇਹ ਉਪਕਾਰ ਹੈ[1]। ਬੀਮਾਰ ਬੀ ਬੀਮਾਰ ਦੀ ਸੇਵਾ ਕਦੇ ਕਰ ਸਕਿਆ ਹੈ? ਹੇ ਜੀਵ! ਅਰੋਗ ਹੋ ਪਹਿਲਾਂ, ਹਉਂ ਦੇ ਦਾਉ ਪੇਚ ਦੇਖ, ਮਾਇਆ ਨੂੰ ਸਮਝ, ਮਨ ਨੂੰ ਨੀਵਾਂ ਕਰ, ਮਨ ਨੂੰ ਉੱਜਲ ਤੇ ਉੱਚਾ ਕਰ ਤੇ ਇਨ੍ਹਾਂ ਦੇ ਸਿਰ ਤੇ ਨਾਮ ਦਾ ਪਹਿਰਾ ਰੱਖ! ਫੇਰ ਜੇ ਕੁਛ ਸਰੇ ਤਾਂ ਭਲਾ ਕਰ। ਫੇਰ ਤੂੰ ਭਲਾ ਕਰੇਂਗਾ ਤਾਂ ਕਦੇ ਕੌੜੇ ਤਜਰਬਿਆਂ ਨਾਲ ਭਲੇ ਵਲੋਂ ਮੂੰਹ ਨਹੀਂ ਮੋੜੇਂਗਾ। ਦੇਖ ਦਸਮੇਂ ਪਾਤਸ਼ਾਹ ਨੇ ਜਦ ਖਾਲਸੇ ਸਿਰ ਜਗਤ ਦਾ ਜ਼ੁਲਮ ਦੂਰ ਕਰਨ ਦਾ ਤੇ ਉਪਕਾਰ ਕਰਨ ਦਾ ਕੰਮ ਧਰਿਆ ਤਾਂ ਪਹਿਲਾਂ ਮਤਿ ਇਹ ਬਖਸ਼ੀ-"ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥" ਕਿਉਂਕਿ ਹੇ ਉਪਕਾਰੀ! ਤੈਨੂੰ ਦੁਖ ਦੇਣੋਂ ਤਾਂ ਜਗਤ ਨਹੀਂ ਟਲੇਗਾ, ਪਰ ਜੇ ਤੇਰੀ ਟੇਕ ਅੰਦਰ ਬੱਝੀ ਹੋਵੇਗੀ ਜਾਗਤੀ ਜੋਤ ਭਗਵੰਤ ਉਤੇ, ਤਾਂ ਉਪਕਾਰ ਤੇਰਾ ਇਕ ਸੁਤੇ ਸੁਭਾਵ ਹੋਵੇਗਾ, ਤੇਰਾ ਉਪਕਾਰ ਮਾਂਗਵਾਂ ਤੇ 'ਮੁਸ਼ੱਕਤੀ ਤਰੱਦਦ ਵਾਲਾ' ਉਪਕਾਰ ਨਹੀਂ ਹੋਵੇਗਾ। ਹੇ ਨਾਮ ਦੇ ਆਸਰੇ ਤੇ ਉਪਕਾਰ ਦੀ ਚਾਹਨਾ ਵਾਲੇ ! ਜਦ ਤੈਨੂੰ ਨੇਕੀ ਦੇ ਬਦਲੇ ਬਦੀ ਮਿਲੇਗੀ ਤੇਰਾ ਮਨ ਠੁਹਕਰ ਨਹੀਂ ਖਾਏਗਾ, ਜੇ ਖਾਏਗਾ ਤਾਂ ਛੇਤੀ ਦਰੁਸਤ ਹੋ ਜਾਏਗਾ। ਉਸ ਨੂੰ ਵਿਚਾਰ ਮਦਦ ਦੇਵੇਗੀ ਕਿ ਬਈ ਤੂੰ ਆਪਣੇ ਰੱਬ ਦਾ ਹੁਕਮ ਪਾਲਣਾ ਹੈ, ਤੂੰ ਲੋਕਾਂ ਦੇ ਸਲੂਕ ਵੱਲ ਨਹੀਂ ਤੱਕਣਾ, ਲੋਕ ਦੁਖੀ ਹਨ, ਦੁਖੀਏ ਤੋਂ ਦੁਖ ਦੀ ਆਸ ਹੀ ਹੋ ਸਕਦੀ ਹੈ। ਇਹ ਦੁਖੀਏ ਬੀ ਹਉਂ ਦੇ ਬੰਦੇ ਹਨ, ਇਨ੍ਹਾਂ ਵਿਚ ਦੁਜਾਇਗੀ ਹੈ, ਇਹ ਕਦੇ ਪਿਆਰ ਤੇ ਸ਼ੁਕਰ ਕਰ ਸਕਦੇ ਹਨ! ਫੇਰ ਜੋ ਤੁਸੀਂ ਇਕ ਤੋਂ ਵਧੀਕਾਂ ਨਾਲ ਨੇਕੀ ਕਰ ਰਹੇ ਹੋ ਤੇ ਆਪਣੇ ਵਿਤ ਮੂਜਬ ਸਭ ਨੂੰ ਥੋੜਾ ਥੋੜਾ ਸਹਾਰਾ ਦੇ ਰਹੇ ਹੋ ਤਾਂ ਕੀਹ ਦੇਖੋਗੇ ਕਿ ਹਰੇਕ ਦਾ ਜੀ ਚਾਹੇਗਾ ਕਿ ਇਹ ਆਪਣਾ ਸਾਰਾ ਵਿਤ ਮੇਰੇ ਤੇ ਹੀ ਕਿਉਂ ਨਹੀਂ ਖਰਚ ਕਰਦਾ, ਦੂਸਰੇ ਨੂੰ ਕਿਉਂ ਕੁਛ ਦੇਂਦਾ ਹੈ। ਇਸ ਗੱਲੇ ਲਗ ਪਗ ਸਾਰੇ ਤੁਹਾਡੇ ਨਾਲ ਅੰਦਰੋਂ ਰੰਜ ਰਹਿਣਗੇ ਤੇ ਬੇਮਲੂਮੇ ਤੁਹਾਡੇ ਅਸੱਜਣ ਹੋ ਜਾਣਗੇ। ਉਸ ਵੇਲੇ ਤੁਹਾਡਾ ਵੀਚਾਰ-ਸ਼ੀਲ ਮਨ ਕਹੇਗਾ, ਤੂੰ ਭਲਾ ਕਰੀ ਜਾਹ ਇਨ੍ਹਾਂ ਵੱਲ ਨਾ ਵੇਖ। ਫੇਰ ਜੇ ਕਿਸੇ ਨੂੰ ਲੋੜ ਹੈ ਸੇਰ ਦੀ ਪਰ ਤੁਹਾਥੋਂ ਸਰਦਾ ਹੈ ਪਾ, ਤਾਂ ਲੈਣ ਵਾਲਾ ਪਾ ਲੈਕੇ ਪਾ ਦਾ ਸ਼ੁਕਰ ਗੁਜ਼ਾਰ ਨਹੀਂ ਹੋਵੇਗਾ, ਪਰ ਤਿੰਨ ਪਾ ਨਾ ਮਿਲ ਸਕਣ ਦਾ ਨਾ-ਸ਼ੁਕਰ ਗੁਜ਼ਾਰ ਹੋਵੇਗਾ। ਤੁਸੀਂ ਅਚਰਜ ਹੋਸੋ ਕਿ ਨਾਲੇ ਮੈਂ ਨੇਕੀ ਕਰਦਾ ਹਾਂ, ਨਾਲੇ ਮੈਨੂੰ ਰੰਜ ਝੱਲਣੇ ਪੈਂਦੇ ਹਨ। ਪਰ ਭਾਈ ਜੀ! ਜੇ ਤੂੰ ਨਾਮ ਦੇ ਲੜ ਲੱਗਾ ਹੈਂ ਤਾਂ ਤੇਰਾ ਹਉਂ ਤੋਂ ਉੱਜਲ ਹੋ ਰਿਹਾ ਮਨ ਕਹੇਗਾ: ਤੂੰ ਜਿੰਨਾਂ ਸਰੇ ਭਲਾ ਕਰ। ਇਹ ਗੁਰੂ ਬਾਬੇ ਦਾ ਹੁਕਮ ਜੁ ਹੋਇਆ:- 'ਗੁਰਮਖਿ ਨਾਮੁ ਦਾਨੁ ਇਸਨਾਨੁ'। ਪਰ ਇਸ ਦਾਨ ਪਰ ਟੇਕ ਨਾ ਰੱਖ, ਨਾ ਇਸ ਦਾ ਬਦਲਾ ਚਾਹ, ਨਾ ਕੋਈ ਆਸ ਰੱਖ! ਤੂੰ ਨਾਮ ਜਪ, ਕਲਿਆਨ ਤੇਰੀ ਨਾਮ ਨੇ ਕਰਨੀ ਹੈ। ਏਹੋ ਤੇਰੇ ਜੀ ਦਾ ਆਧਾਰ ਹੈ, ਏਹੋ ਤੇਰੀ ਏਥੇ ਓਥੇ ਟੇਕ ਹੈ:-

ਏਕ ਓਟ ਏਕੋ ਆਧਾਰੁ॥
ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥੧॥

{ਸੁਖਮਨੀ-੨੦}

ਗੁਰਮੁਖ ਦੀ ਟੇਕ ਨਾਮ ਤੇ ਹੈ, ਗੁਰਮੁਖ ਦਾ ਦਾਨ ਖਿੜੇ ਗੁਲਾਬ ਦੀ ਖੁਸ਼ਬੋ ਹੈ ਜੋ ਸੁਤੇ ਸੁਭਾਵ ਦਾਨ ਹੋ ਰਹੀ ਹੈ, ਗੁਰਮੁਖ ਦਾ ਇਸ਼ਨਾਨ ਸਰੀਰ ਮਨ ਤੇ ਆਤਮਾ ਦੀ ਸ਼ੁੱਧੀ ਹੈ। ਨਾਮ ਗੁਰਮੁਖ ਦਾ ਵਾਹਿਗੁਰੂ ਨਾਲ ਸੰਬੰਧ ਹੈ; ਦਾਨ ਗੁਰਮੁਖ ਦਾ ਜਗਤ ਨਾਲ ਸੰਬੰਧ ਹੈ। ਇਸ਼ਨਾਨ ਗੁਰਮੁਖ ਦਾ ਆਪੇ ਨਾਲ ਸੰਬੰਧ ਹੈ। ਤ੍ਰੈਹਾਂ ਨਾਲ ਉਹ ਜੀਂਵਦਿਆਂ ਮੁਕਤ ਰੂਪ ਹੈ। ਇਸ ਆਦਰਸ਼ ਤੋਂ ਵਿਰਵਾ ਹੋ ਕੇ ਜੇ ਤੂੰ ਸੋਚਿਆ ਕਿ ਨੇਕੀ ਦੇ ਬਦਲੇ ਬਦੀ ਕਿਉਂ ਆ ਢੁੱਕੀ ਹੈ ਤੇ ਮੈਂ ਹੁਣ ਨਹੀਂ ਕਰਾਂਗਾ ਤਾਂ ਇਸ ਅਕਲ ਨਾਲ ਤੇਰਾ ਮਨ ਕਰੜਾ ਹੋ

---

[1] ਹੁਕਮ ਹੈ: ਨਰਕ ਨਿਵਾਰਿ ਉਧਾਰਹੁ ਜੀਉ ॥

{ਸੁਖ: ੨੪-੨}

ਅਰਥਾਤ-ਪਰਮਾਨੰਦ ਦਾ ਭਜਨ ਕਰਕੇ ਨਰਕ ਦੂਰ ਕਰੋ ਤੇ ਆਪਣੇ ਜੀਉ ਦਾ ਉਧਾਰ ਕਰੋ।

ਜਾਏਗਾ ਦਇਆ ਤੋਂ ਖਾਲੀ ਤੇ ਛਿਮਾਂ ਤੋਂ ਹੀਨ ਹੋ ਜਾਏਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਹੁਕਮ ਐਉਂ ਸਗੋਂ ਲਿਖਿਆ ਹੈ:-"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ਦੇਹੀ ਰੋਗ ਨ ਲਗਈ ਪਲੈ ਸਭੁ ਕਿਛੁ ਪਾਇ॥"ਫਿਰ ਬੀ ਜਦ ਤੂੰ ਲੋਕਾਂ ਦੇ ਜ਼ੁਲਮ ਤੋਂ ਕਿ ਉਨ੍ਹਾਂ ਦੇ ਕੁਸੰਗ ਤੋਂ ਕਿ ਅਪਣੇ ਵਿਤੋਂ ਵਧੇਰੇ ਬਲ ਖਰਚ ਤੋਂ ਸਿਥਲਤਾ ਪ੍ਰਤੀਤ ਕਰੇਂ ਤਾਂ ਕੀਰਤਨ ਸੁਣ ਯਾ ਇਕਾਂਤ ਹੋ, ਕੁਦਰਤ ਦੇ ਰੰਗ ਨਾਲ ਮਨ ਮੇਲ, ਕੁਦਰਤ ਦੀ ਇਕਾਂਤ ਵਿਚ ਸਾਂਈਂ ਨਾਲ ਮਿਲ, ਸਫਾ ਹੋ, ਬਲਵਾਨ ਹੋ, ਸ਼ੇਰ ਹੋ, ਫੇਰ ਨਿੱਤਰ। ਕਈ ਵੇਰ ਬਹੁਤੇ ਉਪਦੇਸ਼ ਦਾਤੇ, ਬਹੁਤੇ ਸੁਧਾਰ ਕਰਨਵਾਲੇ, ਜਿਨ੍ਹਾਂ ਨੂੰ ਸੁਧਾਰਦੇ ਹਨ ਉਨ੍ਹਾਂ ਦੇ ਕੁਸੰਗ ਨਾਲ ਆਪ ਓਹੋ ਜਿਹੇ ਹਉਂ ਦੇ ਸੇਵਕ, ਮਾਇਆ ਦੇ ਪ੍ਰੇਮੀ, ਦੁਜਾਇਗੀ ਦੇ ਦਾਸ ਬਣ ਜਾਂਦੇ ਹਨ। ਵੀਚਾਰ ਕਰੋ:-

"ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥
ਸਾਬਤੁ ਵਸਤੁ ਓਹੁ ਅਪਨੀ ਲਹੈ॥"

{ਗਉੜੀ ਗ: ਮਹਲਾ ੫}

"ਕਬੀਰ ਮਾਇਆ ਡੋਲਨੀ ਪਵਨ ਵਹੈ ਹਿਵ ਧਾਰ॥" {ਸਲੋਕ ਕਬੀਰ}

"ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥ ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕ ਜਾਗੈ ਪਾਰਬ੍ਰਹਮ ਕੈ ਰੰਗਿ ॥ ੪ ॥ ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥ ੧ ॥"

{ਗਉੜੀ ਗੁ: ਮ:੫}

ਇਕਾਂਤ ਤੋਂ ਮਤਲਬ ਘਰਾਂ ਤੋਂ ਨੱਸ ਜਾਣਾ ਨਹੀਂ, ਅਸਲ ਇਕਾਂਤ ਜੋ ਗੁਰੂ ਬਾਬੇ ਨੇ ਦੱਸੀ ਹੈ ਇਹ ਹੈ-"ਸੋ ਇਕਾਂਤੀ ਜਿਸੁ ਰਿਦਾ ਥਾਇ॥" ਬਾਣੀ ਦੇ ਪਾਠ ਕੀਰਤਨ ਵੀਚਾਰ ਨਾਲ ਮਨ ਜਦ ਨਾਮ ਵਿਚ ਜੁੜਦਾ ਹੈ ਤਾਂ ਮਨ ਏਕਾਂਤ ਹੁੰਦਾ ਹੈ। ਉਹ ਮਨ ਦੀ ਇਸ ਜੁੜਵੀਂ ਦਸ਼ਾ ਦੀ ਰੱਖਿਆ ਲਈ ਏਕਾਂਤ ਹੁੰਦਾ ਹੈ, ਅਰਥਾਤ ਸਫਾ ਤੇ ਨਿਰਮਲ ਆਲੇ ਦੁਆਲੇ ਵਿਚ ਜਾਣ ਦੀ ਲੋੜ ਹੈ। ਰਾਤ ਜਦ ਟੱਬਰ ਸੌਂ ਜਾਏ, ਉਹ ਭੀ ਏਕਾਂਤ ਹੈ। ਕੀਰਤਨ ਵਿਚ ਮਨ ਜੁੜ ਜਾਏ, ਉਹ ਬੀ ਏਕਾਂਤ ਹੈ। ਸਾਂਈਂ ਦੀ ਕੁਦਰਤ ਦੇ ਨਜ਼ਾਰਿਆਂ ਵਿਚੋਂ ਵਿਸਮਾਦ ਦੀ ਛੋਹ ਲੈਕੇ ਰਸ ਵਿਚ ਆ ਜਾਣਾ ਭੀ ਏਕਾਂਤ ਹੈ!

ਬਨਾਂ ਵਿਚ ਜਾਕੇ, ਛੇਤ੍ਰਹੀਨ[1] ਤੀਰਥਾਂ ਤੇ ਬੈਠਕੇ, ਨਿਰਜਨ ਝਾੜੀਆਂ ਵਿਚ ਡੇਰੇ ਲਾ ਕੇ ਭਜਨ ਕਰਨਾ ਔਖਾ ਹੈ, ਸੰਨਯਾਸੀ ਹੋ ਕੇ ਘਰ ਬਾਰ ਛੱਡਣੇ ਖਰੇ ਕਠਨ ਹਨ, ਪਰ ਗੁਰੂ ਬਾਬੇ ਨੇ, ਜੋ ਗ੍ਰਿਹਸਤ ਵਿਚ ਰਹਿਕੇ ਪਾਣੀ ਵਿਚ ਕੰਵਲ ਸਮਾਨ ਉਦਾਸ ਰਹਿਣ ਦੀ ਆਗਯਾ ਬਖ਼ਸ਼ੀ ਹੈ, ਉਹ ਪਾਲਣੀ ਉਹਨਾਂ ਤੋਂ ਬੀ ਕਠਨ ਹੈ। ਬਨ ਵਿਚ ਮਨ ਉਕਤਾ ਕੇ ਮਨੁੱਖ ਦਾ ਸੰਗ ਲੋਚਦਾ ਹੈ ਤੇ ਜੇ ਮਨ ਨੂੰ ਇਸ ਗੱਲੋਂ ਹੋੜ ਲਈਏ, ਤਾਂ ਇਸ ਹੋੜਨ ਦੀ ਹੀ ਵੱਡੀ ਖੇਚਲ ਹੈ, ਪਰ ਜਲ ਵਿਚ ਖਿੜੇ ਕੰਵਲ ਵਾਙੂ ਜੇ ਕਿਸੇ ਗ੍ਰਿਹਸਤੀ ਨੂੰ ਨਾਮ ਅਭ੍ਯਾਸ ਨਾਲ ਅਲੇਪਤਾ ਪ੍ਰਾਪਤ ਹੋ ਗਈ ਹੈ ਤਾਂ ਉਸ ਦੇ ਦੁਆਲੇ ਪੈ ਰਹੀ 'ਲਹਿਰ ਪਛਾੜ' ਬੁਰੀ ਡਾਢੀ ਸ਼ੈ ਹੈ। ਕੁਸੰਗ ਦੇ ਘੇਰੇ ਵਿਚ ਰਹਿਕੇ ਆਪਾ ਸੁਆਰਨਾ ਸਗੋਂ ਸਾਕਾਂ ਮਿਤ੍ਰਾਂ ਦੇ ਨਾ ਟੁੱਟ ਸਕਣ ਵਾਲੇ ਸੰਬੰਧਾਂ ਵਿਚ ਸਭ ਨਾਲ ਨੇਕੀ ਵਿਚ ਵਰਤਣਾ-ਤੇ ਵਰਤਣਾ ਦੁਜਾਇਗੀ ਵਾਲਿਆਂ ਨਾਲ ਦੁਜਾਇਗੀ ਛੱਡਕੇ, ਵਰਤਣਾ ਪਾਪ ਰਹਿਤ ਤ੍ਰੀਕੇ ਨਾਲ ਉਨ੍ਹਾਂ ਲੋਕਾਂ ਨਾਲ ਕਿ ਜਿਨ੍ਹਾਂ ਨੂੰ ਝੂਠ, ਕੁਸੱਤ, ਫ਼ਰੇਬ ਤੋਂ ਕਿਤੇ ਰੋਕ ਥਾਮ ਨਹੀਂ, ਕਿਤੇ ਸ਼ਰਮ ਨਹੀਂ ਤੇ ਜਿਨ੍ਹਾਂ ਦਾ ਕੋਈ ਅਸੂਲ ਨਹੀਂ-ਸੌਖਾ ਕੰਮ ਨਹੀਂ ਹੈ। ਹਾਂ, ਫਿਰ ਗ੍ਰਿਹਸਤੀ ਨੂੰ ਰਾਜਾ ਤੇ ਰਾਜਾ ਦੇ ਦੂਤਾਂ ਦੇ ਮੱਲੋ ਮੱਲੀ ਦੇ ਝੇੜੇ ਗਲੇ ਆ ਪੈਂਦੇ ਹਨ। ਹਾਂ, ਆਪ ਕਮਾਉਣ ਦੇ ਤਰੱਦਦ ਤੇ ਮਿਹਨਤਾਂ, ਬਾਲ ਬੱਚੇ, ਇਸਤ੍ਰੀ, ਮਾਤਾ ਪਿਤਾ, ਸਭ ਦੇ ਫ਼ਰਜ਼, ਬੀਮਾਰੀਆਂ ਤੇ ਬੀਮਾਰ ਦਾਰੀਆਂ, ਮੌਤਾਂ ਤੇ ਮਰ ਗਿਆਂ ਤੋਂ ਵਿਛੁੜਿਆਂ ਦੀਆਂ ਦਿਲਦਾਰੀਆਂ, ਗ੍ਰਿਹਸਤ ਵਿਚ ਰਹਿਕੇ ਕੌਣ ਹੈ ਜੋ ਇਨ੍ਹਾਂ ਲਹਿਰ ਪਛਾੜਾਂ ਤੋਂ ਵਿਰਵਾ ਰਹਿ ਸਕਦਾ ਹੈ। ਹਾਂ, ਇਸ ਲਹਿਰ ਪਛਾੜ ਵਿਚ ਨਿਰਲੇਪ ਰਹਿਣਾ ਕਿਵੇਂ ਹੋ ਸਕਦਾ ਹੈ, ਜਦ ਤਕ ਕਿ ਨਾਮ ਦਾ

[1] ਜਿਥੇ ਦਾਨੀਆਂ ਦੇ ਅੰਨ ਛੇਤ੍ਰ ਨਾ ਲਗੇ ਹੋਣ।

ਆਧਾਰ ਅੰਦਰ ਨਾ ਹੋਵੇ। ਖਰੀ ਕਠਨਤਾ ਤਾਂ ਇਹ ਹੈ ਕਿ ਇਹ ਲਹਿਰ-ਪਛਾੜ ਨਾਮ ਅਭਯਾਸ ਤੇ ਸੱਚ ਦੇ ਜੀਵਨ ਬਸਰ ਕਰਨ ਦੇ ਯਤਨ ਵਿਚ ਭਾਰੀ ਵਿਘਨ ਪਾਉਂਦੀ ਹੈ। ਇਉਂ ਗ੍ਰਿਹਸਤ ਉਦਾਸੀ ਦਾ ਮਾਰਗ ਬਹੁਤ ਕਠਿਨ ਹੈ। ਉਪਰ ਬਨ ਵਿਚ ਰਹਿਕੇ ਬਨਵਾਸੀ ਸਾਧੂ ਨੇ 'ਲਹਿਰ ਪਛਾੜ' ਕਿਸਦੀ ਝੱਲਣੀ ਹੈ? ਇਕ ਆਪਣੇ ਮਨ ਦੀ, ਇਕ ਭੁੱਖ ਤ੍ਰੇਹ ਪਾਲੇ ਦੀ, ਤੇ ਸਭ ਤੋਂ ਵੱਡੀ ਮਾਨੁਖ ਦੇ ਦਰਸ਼ਨ ਤੋਂ ਵਿਰਵੇ ਹੋਣ ਦੀ, ਜੋ ਬੜੀ ਹੀ ਔਖੀ ਗੱਲ ਹੈ। ਪਰ ਇਨ੍ਹਾਂ ਸਭਨਾਂ ਮੁਸ਼ਕਲਾਂ ਦਾ ਲੰਮਾਉ ਚੁੜਾਉ ਆਪੇ ਤੇ ਹੀ ਮੁੱਕ ਜਾਂਦਾ ਹੈ, ਓਥੇ ਉਪਕਾਰ ਕਿਸ ਤੇ ਕਰਨਾ ਹੈ ਤੇ ਰੋਸ ਕਿਸ ਦੇ ਝੱਲਣੇ ਹਨ। ਪਰ ਗ੍ਰਿਹਸਤ ਵਿਚ ਜੋ ਨਾਮੀ ਪੁਰਖ ਬੈਠਾ ਹੈ ਉਹ ਪਰਵਾਰ ਦੀ ਬੀਮਾਰੀ ਵੇਲੇ ਕਿੱਥੇ ਭੱਜੇਗਾ, ਘਰ ਵਿਚ ਕਿਸੇ ਸੰਬੰਧੀ ਦੇ ਵਿਧਵਾ ਯਾ ਮਹਿੱਟਰ ਹੋਣ ਸਮੇਂ ਕੀਕੂੰ ਆਪ ਰੋਟੀ ਖਾਏਗਾ ਤੇ ਉਨ੍ਹਾਂ ਨੂੰ ਭੁੱਖਾ ਦੇਖ ਸਕੇਗਾ। ਇਸ ਨੂੰ ਜ਼ਰੂਰ ਸੇਵਾ ਉਪਕਾਰ ਦੇ ਵੇਲੇ ਆਉਣਗੇ। ਇਸ ਦੇ ਮਨ ਨੇ ਦੁਜਾਇਗੀ ਤੋਂ ਰਹਿਤ ਹੋਣਾ ਹੈ, ਪਰ ਪੀੜਾ ਹਰਨਾ ਇਸ ਦਾ ਇਕ ਸੁਭਾਵ ਹੋਣਾ ਹੈ। ਹਉਂ ਨਾਲ, ਦਿਖਾਵੇ ਨਾਲ, ਇਸ ਨੇ ਕੁਛ ਨਹੀਂ ਕਰਨਾ। ਇਸ ਨੇ ਉੱਚੇ ਅਸੂਲਾਂ ਤੇ ਖੜੋਕੇ ਆਪਾ ਨਿਵਾਰਕੇ ਨੇਕੀ ਕਰਨੀ ਹੈ, ਇਸ ਨੇਕੀ ਨੇ ਵਕਤ, ਧਨ, ਬਲ, ਮਨ, ਬੁੱਧੀ ਸਾਰੇ ਤੇ ਵੰਗਾਰ ਪਾਉਣੀ ਹੈ। ਗ੍ਰਿਹਸਤੀ ਨਾਮ ਵਾਲੇ ਨੇ ਨਿੰਦਾ ਉਸਤਤਿ ਝੱਲਣੀ ਹੈ, ਸਖਤੀਆਂ, ਜ਼ੁਲਮ ਤੇ ਅਨਯਾਯ ਸਹਾਰਨੇ ਹਨ। ਅਰਥਾਤ ਗ੍ਰਿਹਸਤੀ ਨਾਮ-ਪ੍ਰੇਮੀ ਨੇ ਆਪੇ ਤੇ ਟਿਕਣਾ ਤੇ ਫੇਰ ਇਸ ਲਹਿਰ-ਪਛਾੜ ਨਾਲ ਆਪ ਨੂੰ ਟੁੱਟਣ ਨਹੀਂ ਦੇਣਾ। ਗੁਰੂ ਬਾਬੇ ਦਾ ਇਹੋ ਹੁਕਮ ਹੈ, ਇਹੋ ਠੀਕ ਹੈ, ਇਹੋ ਕਰਨਾ ਹੈ, ਕਿਉਂਕਿ ਇਸੇ ਵਿਚ ਰਹਿਕੇ ਤੇ ਵਰਤਕੇ ਮਨ ਤੇ ਸੁਰਤ ਨੇ ਪੱਕਣਾ ਹੈ ਤੇ ਸਭ ਮਾੜੇ ਅਸਰਾਂ ਨਾਲ ਜੁੱਧ ਕਰ ਕਰਾਕੇ ਉੱਚੇ ਉੱਠਣਾ ਹੈ। ਭਾਂਡਿਆਂ ਵਿਚ ਪਾਕੇ ਪਕਾਏ ਫਲ ਮਿੱਠੇ ਨਹੀਂ ਹੁੰਦੇ, ਜਿੰਨੇ ਕਿ ਮੀਂਹ ਹਨੇਰੀਆਂ ਤੇ ਧੁੱਪਾਂ ਸਹਿ ਡਾਲੀਆਂ ਨਾਲ ਲਗੇ ਰਹਿਕੇ ਪੱਕੇ ਹੋਏ ਫਲ ਮਿੱਠੇ ਹੁੰਦੇ ਹਨ। ਗੁਰੂ ਬਾਬੇ ਦਾ ਫੁਰਮਾਨ ਸੱਚਾ ਤੇ ਸੁੱਚਾ ਹੈ। ਅਤੀਤ ਮਾਰਗ ਵਿਚ ਬੀ ਡੇਰੇਦਾਰ ਸੰਤਾਂ ਲਈ ਤੇ ਪ੍ਰਚਾਰ ਕਰਨ ਵਾਲੇ ਭਲਿਆਂ ਲਈ ਆਪਣੀ ਕਿਸਮ ਦੀ ਲਹਿਰ-ਪਛਾੜ ਆਉਂਦੀ ਹੈ ਜੋ ਬੜੀ ਕਠਨ ਹੁੰਦੀ ਹੈ।

੨.

**ਇਕ** ਪੱਛਮੀ ਲੇਖਕ ਨੇ ਇਕ ਵਿੱਲਖਣ ਤਰ੍ਹਾਂ ਦੀ ਕਸਰ ਪਰਉਪਕਾਰ ਵਿਚ ਦਰਸਾਈ ਹੈ। ਉਹ ਇਹ ਹੈ ਕਿ ਦੁਖੀਆਂ ਨੂੰ ਸੁਖ ਦੇ ਕੇ ਅਸੀਂ ਬਾਜ਼ ਵੇਲੇ ਉਹਨਾਂ ਦੀ 'ਪਾਪ ਕਰਨ ਦੀ ਸੱਤਯਾ' ਵਧਾ ਦੇਂਦੇ ਹਾਂ, ਜਿਹੜੀ ਕਿ ਦੁਖੀ ਹੋਣ ਵੇਲੇ ਉਨ੍ਹਾਂ ਵਿਚ ਦੁਖਾਂ ਨੇ ਨੱਪ ਛੱਡੀ ਸੀ। ਉਸ ਵਿਦਵਾਨ ਲੇਖਕ ਨੇ ਇਸ ਗੱਲ ਨੂੰ ਨਿਦਰਸ਼ਨਾ ਦੀ ਸ਼ਕਲ ਵਿਚ ਐਉਂ ਵਰਣਨ ਕੀਤਾ:-

ਇਕ ਦਿਨ ਓਹ ਉਠੇ ਤੇ ਇਕ ਸ਼ਹਿਰ ਨੂੰ ਟੁਰ ਪਏ। ਇਕ ਵਡਾ ਮਹਲ ਸੀ, ਉਸ ਦੇ ਅੰਦਰ ਚਲੇ ਗਏ। ਸਾਰੇ ਸਾਮਾਨ ਉਥੇ ਭੋਗਾਂ ਦੇ ਤੇ ਰਜੋ ਗੁਣੀ ਰੰਗ ਦੇ ਸਨ। ਵਡੇ ਕਮਰੇ ਵਿਚ ਜਾਂ ਆਪ ਵੜੇ ਤਾਂ ਇਕ ਆਦਮੀ ਲਾਲ ਸ਼ਰਾਬ ਪੀ ਕੇ ਸਰੂਰ ਵਿਚ ਸੀ ਤੇ ਐਸ਼ ਇਸ਼ਰਤ ਵਿਚ ਗ਼ਲਤਾਨ ਸੀ। ਉਹ ਉਹਨਾਂ ਨੂੰ ਵੇਖਕੇ ਉਠਿਆ ਤੇ ਮੱਥਾ ਟੇਕਿਓਸੁ। ਉਹ ਪੁੱਛਣ ਲੱਗੇ:'ਤੂੰ ਕੌਣ ਹੈ? 'ਉਸ ਆਖਿਆ: ਮੈਂ ਓਹੀ ਹਾਂ ਜੋ ਇਕ ਕੋਹੜੀ ਮੰਗਤਾ ਹੁੰਦਾ ਸਾਂ ਤੇ ਤੁਸਾਂ ਨੇ ਮੈਨੂੰ ਆਪਣੇ ਆਤਮ ਬਲ ਨਾਲ ਨਵਾਂ ਨਰੋਆ ਕਰ ਦਿੱਤਾ ਸੀ। 'ਉਹਨਾਂ ਨੇ ਕਿਹਾ: 'ਫੇਰ ਤੂੰ ਇਹ ਕਿਸ ਤਰ੍ਹਾਂ ਦਾ ਜੀਵਨ ਬਸਰ ਕਰ ਰਿਹਾ ਹੈਂ?' ਉਸ ਉੱਤਰ ਦਿੱਤਾ: ਕਿ 'ਮੈਂ ਜੀਓ ਹੋਰ ਕਿਸ ਤਰ੍ਹਾਂ ਦਾ ਜੀਵਨ ਬਸਰ ਕਰਦਾ? ਤੁਸਾਂ ਮੈਨੂੰ ਰਾਜ਼ੀ ਜੁ ਕਰ ਦਿੱਤਾ ਸੀ ਤੇ ਭਾਗ ਜੁ ਲਾ ਦਿੱਤਾ ਸੀ।' ਇਹ ਸੁਣਕੇ ਆਪ ਬਾਜ਼ਾਰ ਵਿਚ ਆਏ। ਉੱਥੇ ਇਕ ਸੁੰਦਰ ਮੁਟਿਆਰ ਵੇਖੀ ਜਿਸ ਦੇ ਮਗਰ ਇਕ ਗੱਭਰੂ ਮੋਹ ਵਿਚ ਮੱਤਾ ਨਜ਼ਰ ਜਮਾਏ ਆ ਰਿਹਾ ਸੀ। ਇਸ ਨੂੰ ਆਪ ਜੀ ਨੇ ਪੁੱਛਿਆ: 'ਭਾਈ ਤੂੰ ਇਸ ਮਾੜੀ ਨਜ਼ਰ ਨਾਲ ਇਸ ਬੀਬੀ ਵੰਨੇ ਕਿਉਂ ਤੱਕਦਾ ਹੈਂ?' ਗੱਭਰੂ ਨੇ ਉਹਨਾਂ ਨੂੰ ਪਛਾਣ ਲਿਆ ਤੇ ਆਖਿਆ; 'ਜੀਉ ਮੈਂ ਅੰਨ੍ਹਾਂ ਹੁੰਦਾ ਸਾਂ, ਤੁਸਾਂ ਹੀ ਤਾਂ ਮੈਨੂੰ ਆਪਣੀ ਆਤਮ ਸਤਯਾ ਨਾਲ ਨੈਣ ਬਖਸ਼ੇ ਸਨ, ਫੇਰ ਦੱਸੋ ਮੈਂ ਹੋਰ ਕਿਸ ਵੰਨੇ ਤੱਕਦਾ?' ਫਿਰ ਆਪ ਨੇ ਉਸ

ਮੁਟਿਆਰ ਨੂੰ ਆਖਿਆ 'ਬੀਬਿਆ! ਕੀ ਪਾਪ ਦੇ ਰਾਹ ਬਿਨਾਂ ਹੋਰ ਕੋਈ ਰਾਹ ਨਹੀਂ ਤੇਰੇ ਟੁਰਨੇ ਲਈ?' ਤਾਂ ਉਸ ਮੁਟਿਆਰ ਨੇ ਸਿਆਣ ਕੇ ਆਖਿਆ: 'ਜੀਓ! ਤੁਸਾਂ ਹੀ ਤਾਂ ਮੇਰੇ ਪਾਪ ਬਖਸ਼ੇ ਸਨ, ਫਿਰ ਇਹੋ ਹੀ ਰਾਹ ਰਸਮਈ ਰਾਹ ਹੈ'। ਫਿਰ ਆਪ ਸ਼ਹਿਰੋਂ ਬਾਹਰ ਨਿਕਲ ਗਏ ਤਾਂ ਸੜਕ ਦੇ ਕਿਨਾਰੇ ਇਕ ਗੱਭਰੂ ਰੋ ਰਿਹਾ ਸੀ। ਆਪ ਨੇ ਅੱਗੇ ਹੋਕੇ ਪੁੱਛਿਆ:'ਤੂੰ ਕਿਉਂ ਪਿਆ ਰੋਨਾ ਏਂ?' ਤਾਂ ਉਸ ਆਪ ਨੂੰ ਪਛਾਤਾ ਤੇ ਕਹਿਣ ਲੱਗਾ: ਕਿ ' ਜੀਓ! ਮੈਂ ਮਰ ਗਿਆ ਸਾਂ, ਤੁਸਾਂ ਹੀ ਤਾਂ ਮੈਨੂੰ ਮੁਰਦਿਆਂ ਵਿਚੋਂ ਜੀਵਾਲਿਆ ਸੀ, ਤਾਂ ਮੈਂ ਰੋਣ ਤੋਂ ਸਿਵਾ ਹੋਰ ਕੀ ਕਰਦਾ?

ਇਸ ਦਾ ਭਾਵ ਇਹ ਨਿਕਲਿਆ ਕਿ ਜੇ ਕੋੜ੍ਹੀ ਨੂੰ ਤੇ ਅੰਨ੍ਹੇ ਆਦਿਕਾਂ ਨੂੰ ਤੰਦਰੁਸਤੀ ਨਾ ਮਿਲਦੀ ਤਾਂ ਉਹ ਪਾਪਾਂ ਵਿਚ ਪਰਵਿਰਤ ਨਾ ਹੁੰਦੇ, ਅਪਣੇ ਦੁਖਾਂ ਵਿਚ ਫਸੇ ਪਏ ਰਹਿੰਦੇ। ਪਰ ਗੁਰੂ ਸਾਹਿਬ ਫੁਰਮਾਉਂਦੇ ਹਨ: 'ਬ੍ਰਹਮ ਗਿਆਨੀ ਪਰ ਉਪਕਾਰ ਉਮਾਹਾ' ਤੇ 'ਬ੍ਰਹਮ ਗਿਆਨੀ ਕੀ ਸਭ ਉਪਰ ਮਇਆ'। ਇਸ ਲਈ ਗੁਰਮਤਿ ਵਿਚ ਟੋਲੀਏ ਕਿ ਸਤਿਗੁਰਾਂ ਨੇ ਇਸ ਮੁਸ਼ਕਲ ਨੂੰ ਕਿਵੇ ਹੱਲ ਕੀਤਾ ਹੈ ਕਿ ਬ੍ਰਹਮ ਗਿਆਨੀ ਮਿਹਰ ਬੀ ਕਰੇ ਤੇ ਮਿਹਰ ਪਾਕੇ ਮਿਹਰ ਪਾਉਣ ਵਾਲੇ ਪਾਪਾਂ ਵਿਚ ਪ੍ਰਵਿਰਤ ਬੀ ਨਾ ਹੋਣ। ਇਸ ਪਰ ਇਕ ਵਾਰਤਾ ਹੈ: ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਹੋਈ ਹੈ, ਉਸ ਦੀ ਵੀਚਾਰ ਸਾਨੂੰ ਸਿੱਧੇ ਰਸਤੇ ਪਾ ਦੇਵੇਗੀ, ਉਹ ਇਸ ਪ੍ਰਕਾਰ ਹੈ:-

ਕੰਙਣਪੁਰ ਕਸੂਰ ਆਦਿ ਥਾਈਂ ਵਿਚਰਦੇ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਟਿਕਾਣੇ ਆਏ, ਜਿਸਦਾ ਨਾਉਂ ਦਿਪਾਲਪੁਰ ਸੀ[1]। ਇਥੇ ਨਗਰ ਵਿਚ ਸ੍ਰੀ ਜਗਤ ਤਾਰਕ ਜੀਨੂੰ ਕਿਸੇ ਰਹਿਣ ਨਾ ਦਿਤਾ। ਸਾਰੇ ਲੋਕਾਂ ਤੋਂ ਇਹ ਅਨਾਦਰ ਦਾ ਵਰਤਾਉ ਕਿਸ ਨਾਲ ਹੋਇਆ, ਜੋ ਅਰਸ਼ਾਂ ਦੇ ਸੁਖ ਛੱਡਕੇ ਇਸ ਦੁਖ ਭਰੇ ਸੰਸਾਰ ਵਿਚ ਆਇਆ ਜਗਤ ਨਿਸਤਾਰਨ ਲਈ। ਹਾਂ, ਜਿਸਨੇ ਇਸ ਲੋਕ ਤੇ ਗ੍ਰਿਹਸਤ ਦੇ ਸੁਖਾਂ ਦਾ ਬੀ ਤਿਆਗ ਕਰਕੇ ਦੇਸ਼ ਦੇਸ਼ ਦਾ ਫਿਰਨਾ ਤੇ ਪਰਦੇਸ਼ ਦੇ-ਦੁਖਾਂ ਨੂੰ ਸਿਰ ਤੇ ਸਹਿਣਾ ਜਗਤ ਨੂੰ ਸਮੁੱਤੇ ਲਾਉਣ ਲਈ ਖੁਸ਼ੀਆਂ ਨਾਲ ਸਿਰ ਚਾ ਲਿਆ ਸੀ। ਦੇਖੋ ਉਸ ਮਹਾਂ ਉਪਕਾਰੀ ਨੂੰ ਰੇਣ ਬਸੇਰੇ ਲਈ ਥਾਂ ਨਹੀਂ ਮਿਲਦੀ। ਐਸ ਵੇਲੇ ਆ ਜਾਣ ਖਾਂ ਸ੍ਰੀ ਗੁਰੂ ਨਾਨਕ ਦੇਵ ਜੀ ਓਸੇ ਦੇਹ ਵਿਚ ਜੀਕੂੰ ਤਦੋਂ ਆਏ ਸਨ; ਤਦ ਦੇਖੋ ਚਰਨਾਂ ਤੋਂ ਸਦਕੇ ਹੋ ਹੋ ਜਾਈਏ ਸਾਰੇ। ਪਰ ਹਾਂ ਉਸ ਵੇਲੇ ਭੀ ਅਸੀਂ ਹੀ ਸਾਂ, ਸਾਡੇ ਵਰਗੇ ਜੁ ਸਨ ਮੰਦਮਤੀ, ਹਾਂ ਅਸੀਂ ਹੀ ਸਾਂ ਨਾ ਓਦੋਂ ਵੀ। ਜੀਓ ਅਸਾਂ ਨੇ ਰੈਣ ਬਸੇਰਾ ਨਾ ਦਿੱਤਾ ਜਗਤ ਸ੍ਵਾਮੀ ਨੂੰ ਤਾਂ ਦੇਖੋ ਉਹ ਹਉਂ ਅਤੀਤ ਉਪਕਾਰੀ

---

[1] ਪੁ:ਜਨਮ ਸਾਖੀ ਵਿਚ ਲਿਖਿਆ ਹੈ ਕਿ 'ਦਿਪਾਲ ਪੁਰ ਪਾਸਦੋਂ ਕੰਙਣ ਪੁਰ ਵਿਚਦੋਂ ਕਸੂਰ ਵਿਚਦੋਂ ਪੱਟੀ ਵਿਚਦੋਂ" ਗੋਇੰਦਵਾਲ ਆਇ ਰਹਿਣ ਲਗਾ' ਤੇ ਏਥੇ ਸਾਖੀ ਹੋਈ ਦੱਸੀ ਹੈ। ਪਰ ਲੇਖਕ ਜੀ ਨੂੰ ਭੁਲੇਵਾ ਲੱਗਾ ਜਾਪਦਾ ਹੈ। ਦਿਪਾਲ ਪੁਰ, ਜੋ ਪਹਿਲੋਂ

(ਬਾਕੀ ਟੂਕ ਦੇਖੋ ਦੂਸਰੇ ਕਾਲਮ ਹੇਠ)

(ਪਹਿਲੇ ਕਾਲਮ ਦੀ ਟੂਕ ਦੀ ਬਾਕੀ)

ਲਿਖਦਾ ਹੈ ਸਾਖੀ ਉਥੇ ਹੋਈ ਹੈ, ਕਿਉਂਕਿ ਹੁਣ ਤਕ ਟਿਕਾਣਾ ਓਥੇ ਹੈ। ਦਿਪਾਲ ਪੁਰ ਦੇ ਬਾਹਰ ਵਾਰ ਨਾਨਕਸਰ ਸਾਹਿਬ ਗੁਰਦਵਾਰਾ ਖੂਹ ਪਾਸ ਹੈ, ਅੰਦਰ ਪਲੰਘ ਸਾਹਿਬ ਜੀ ਹਨ, ਮੰਜੀ ਸਾਹਿਬ ਸਦੀਂਦੀ ਹੈ, ਹੈ ਚੂਨੇ ਦੀ ਪੱਕੀ, ਸ਼ਕਲ ਪਲੰਘ ਦੀ ਹੈ, ਬੜਾ ਭਾਰੀ ਪਿੱਪਲ ਹੈ ਤੇ ਦੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਦੇ ਹਨ। ਓਥੋਂ ਦੇ ਲੋਕ ਕੋਹੜੀ ਨਿਸਤਾਰਨ ਦੀ ਸਾਖੀ ਇਥੇ ਹੋਈ ਦੱਸਦੇ ਹਨ ਤੇ ਆਖਦੇ ਹਨ ਕਿ ਇਥੇ ਹੀ ਸ੍ਰੀ ਬਾਬਾ ਜੀ ਬੈਠੇ ਸਨ ਤੇ ਉਸ ਕੋਹੜੀ ਫਕੀਰ ਦਾ ਨਿਸਤਾਰਾ ਕੀਤਾ ਸੀ। ਇਹ ਬੀ ਹੋ ਸਕਦਾ ਹੈ ਕਿ ਜਨਮ ਸਾਖੀ ਦੀ ਇਬਾਰਤ ਉਤਾਰਿਆਂ ਵਿਚ ਵਿਗੜੀ ਹੋਵੇ, ਮਤਲਬ ਹੋਵੇ ਕਿ ਗੋਇੰਦਵਾਲ ਪੱਟੀ ਕੰਙਨ ਪੁਰ ਤੋਂ ਦੀਪਾਲ ਪੁਰ ਆਕੇ ਰਹਿਣ ਲੱਗਾ। ਇਹ ਇਤਿਹਾਸਕ ਗੁਰਦਵਾਰਾ ਹੈ, ਤਹਿਸੀਲ ਦੀਪਾਲ ਪੁਰ ਜਿਲਾ ਮਿੰਟਗੁਮਰੀ ਵਿਚ ਹੈ। ਇਸ ਇਲਾਕੇ ਵਿਚ ਹੋਰ ਬੀ ਬਹੁਤ ਅਸਥਾਨ ਹਨ।

ਨਗਰੋਂਬਾਹਰ ਟੁਰ ਪਿਆ। ਲਿਖਿਆ ਹੈ:-

> ਇਕ ਪੁਰਿ ਆਵਾ ਬਹੁਰ ਅਗਾਰੀ॥ ਜਾਇ ਪਹੁੰਚੇ ਤਾਂਹਿ ਮਝਾਰੀ॥ਰੈਣੰ ਰਹਿਣ ਹਿਤ ਖੋਜਤਿ ਥਾਂਇ ॥ ਜਿਨ ਕੀਨੇ ਬ੍ਰਹਮੰਡ ਬਨਾਇ॥ ੬੧॥ ਤਹਾਂ ਬਸੇਰਾ ਦੇਤ ਨ ਕੋਊ॥ ਬੈਠਹਿੰ ਜਹਾਂ, ਉਠਾਵਹਿੰ ਸੋਊ ॥ ਮੰਦਮਤੀ ਨਰ ਪਿਖਿ ਤਹਿੰ ਥਾਏਂ। ਪੁਰਿ ਤੇ ਵਹਿਰ ਪ੍ਰਭੂ ਪੁਨ ਆਏ॥੬੨॥ {ਗੁ: ਨਾ: ਪ੍ਰ-੨੫

ਮਿਹਰਾਂ ਦੇ ਸਾਂਈਂ ਤੇ ਕਿਸੇ ਕੌੜੇ ਤਜਰਬੇ ਤੋਂ ਦੁਖ ਨਾ ਮੰਨਣ ਵਾਲੇ ਸਤਿਗੁਰੂ ਜੀ ਨਗਰੋਂ ਬਾਹਰ ਆਕੇ ਕੁਛ ਦੂਰ ਉਜਾੜ ਵਿਚ ਇਕ ਝੁੱਗੀ ਤੱਕਕੇ ਉਧਰ ਨੂੰ ਗਏ। ਇਥੇ ਇਕ ਕੋਹੜੀ ਰਹਿੰਦਾ ਸੀ। ਕੋਹੜੀ ਕੋਈ ਅਮੀਰ ਕੋਹੜੀ ਨਹੀਂ ਸੀ, ਪਰ ਮੰਗਤਾ ਕੋਹੜੀ ਸੀ। ਇਸ ਨੂੰ ਕੋਹੜੀ ਫਕੀਰ ਕਰਕੇ ਇਤਿਹਾਸ ਵਿਚ ਲਿਖਿਆ ਹੈ। ਇਸ ਦੇ ਦੁਆਰੇ, ਜਿਥੇ ਕੋਈ ਮਨੁੱਖ ਕੀਹ ਕੋਈ ਜੀਵ ਜਨੌਰ ਬੀ ਨਹੀਂ ਸੀ ਫੜਕਦਾ, ਜਗਤ ਨਿਸਤਾਰਣਹਾਰ ਜਾ ਖੜੋਤਾ। ਅਤਿੱਥੀ ਵਾਂਙੂ ਹੋਕੇ ਉਸ ਨੂੰ ਆਖਦਾ ਹੈ 'ਏ ਫਕੀਰ ਰਾਤ ਰਹਿਣ ਦੇਹਿ[1]'।

> ਚਿੜੀਆਂ ਰੈਣ ਬਸੇਰਾ ਭਾਈ! ਚਿੜੀਆਂ ਰੈਣ ਬਸੇਰਾ। ਭਲਕੇ ਉੱਠ ਪੰਧ ਪੈ ਜਾਣਾ ਰਾਤ ਰਾਤ ਹੈ ਡੇਰਾ। ਡੇਰਾ ਨਹੀਂ, ਸਰਾਂ ਏ ਚਲਦੀ, ਸਭ ਦਾ ਰੈਣ ਬਸੇਰਾ। ਹੈ ਗੁਜਰਾਨ ਏ ਪਲਕ ਝਲਕ ਦੀ ਕਿਆ ਮੇਰਾ ਕਿਆ ਤੇਰਾ।

ਖਿਆਲ ਕਰੋ, ਜਿਸ ਦੇ ਅੱਗੇ ਰਾਇ ਬੁਲਾਰ ਹੱਥ ਜੋੜਕੇ ਖੜੋਂਦਾ ਸੀ ਤੇ ਜਿਸ ਦੇ ਜਗਤ ਯਾਤ੍ਰਾ ਆਰੰਭ ਕਰਨ ਵੇਲੇ ਦੌਲਤ ਖਾਂ ਲੋਧੀ[2] ਦਿੱਲੀ ਦੇ ਪਾਤਸ਼ਾਹ ਦਾ ਭਰਾ ਤੇ ਸੁਲਤਾਨ ਪੁਰ ਦਾ ਸੂਬੇਦਾਰ ਤਰਲੇ ਕਰਦਾ ਸੀ ਕਿ ਕੋਈ ਸੇਵਾ ਕਰ ਸਕਾਂ। ਹਾਂ, ਜਿਸਦੇ ਅੱਗੇ ਰੋ ਰੋ ਕੇ ਸ਼ਿਵਨਾਭ ਰਾਜਾ ਆਖਦਾ ਸੀ: 'ਜਿਸ ਪ੍ਰਕਾਰ ਤੁਮ ਕਿਤਨੇ ਕੋਸਾ। ਚਲਿ ਆਏ ਨਿਜ ਦੇਨ ਭਰੋਸਾ। ਤਿਸੀ ਪ੍ਰਕਾਰ ਰਹਨਿ ਅਬ ਕੀਜੈ॥ ਸਰਬ ਦੇਸ਼ ਉਪਦੇਸ਼ਹਿੰ ਦੀਜੈ[1]'। ਸੱਜਣੋ ਉਹੋ ਗੁਰੂ, ਜਿਸ ਦੇ ਕਦਮ ਧਰਨ ਦੀਆਂ ਥਾਵਾਂ ਉਤੇ ਤੁਸਾਂ ਨੇ ਅਣਗਿਣਤ ਧਨ ਲਾਕੇ ਮੰਦਰ ਪਾਏ ਹਨ, ਇਸ ਰਾਤ ਸਭ ਦੇ ਅਨਾਦਰ ਤੋਂ ਸ਼ਹਿਰੋਂ ਬਾਹਰ ਆਕੇ ਇਕ ਕੋਹੜੀ ਫਕੀਰ ਨੂੰ ਕਹਿੰਦਾ ਹੈ: 'ਏ ਫਕੀਰ ਰਾਤ ਰਹਿਣ ਦੇਹਿ।' [2] ਦੇਖਿਆ ਨੇ ਜਗਤ ਦਾ ਜਗਤ ਦੇ ਸੁਆਮੀ ਨਾਲ ਸਲੂਕ। ਉਹ ਕੋਹੜੀ ਫਕੀਰ ਅੱਗੋਂ ਬੋਲਿਆ। 'ਜੀ ਮੇਰਿਅਹੁ' ਪਾਸਹੁੰ 'ਜਨਾਵਰ ਨੱਸਦੇ ਹੈਨ, ਪਰ ਖ਼ੁਦਾਇ ਦਾ ਕਰਮ ਹੋਆ ਹੈ ਜੋ ਆਦਮੀ ਦੀ ਸੂਰਤਿ ਨਦਰਿ ਆਈ ਹੈ[2]।'

> ਇਸ ਪਾਤਕ ਤੋਂ ਪੰਛੀ ਡਰਦੇ, ਫਟਕੇ ਕੁਈ ਨ ਨੇੜੇ, ਦੂਰੋਂ ਮਿਰਗ ਤੱਕ ਉਠ ਭੱਜਣ; ਵੜਨ ਨ ਸਾਡੇ ਵੇੜੇ। ਵੱਗ ਨਗਰ ਦੇ ਦੂਰ ਵਿੱਥ ਤੋਂ, ਲੰਘ ਘਰਾਂ ਨੂੰ ਜਾਵਣ, ਭਲਾ, ਮਨੁੱਖ ਕਾਸ ਨੂੰ ਸਾਡੇ, ਆ ਕੇ ਫੇਰਾ ਪਾਵਨ? ਅੱਜ ਕੋਈ ਏ ਕਹਿੰਦਾ ਆਯਾ: 'ਚਿੜੀਆਂ ਰੈਣ ਬਸੇਰਾ'; ਮੈਂ ਕੋੜ੍ਹੀ ਦੀ ਝੁੱਗੀ ਅੰਦਰ, ਕਰਨਾ ਚਾਹੇ ਡੇਰਾ? ਯਾ ਮੈਂ ਸੁੱਤਾ ਸੁਪਨੇ ਵੇਖਾਂ, ਯਾ ਪੁੰਨ ਮੇਰੇ ਬੋਲਣ, ਯਾ ਕੋਈ ਸਰਕਾਰੋਂ ਆਯਾ ਝੁੱਗਾ ਮੇਰਾ ਫੋਲਣ? ਪਰ ਹੈ ਸੱਦ ਕਟਕਦੀ ਪਯਾਰੀ; ਮਿੱਠੀ ਅੱਤਿ ਰਸੀਲੀ, ਦਿੱਸੇ ਸੂਰਤ ਪਯਾਰ ਭਰੀ ਹੈ, ਮੋਹਣੀ ਛੈਲ ਛਬੀਲੀ। ਤੁੱਠਾ ਅਜ ਖ਼ੁਦਾ ਹੈ ਮੈਂ ਪਰ, ਸੂਰਤ ਆਦਮ ਡਿੱਠੀ, ਮੂਰਤ ਦੇਵ ਫਰਿ ਸ਼ਤਯੋਂ ਸੁਹਣੀ, ਪਯਾਰੀ ਤੇ ਅਤਿ ਮਿੱਠੀ, ਜੀ ਆਯਾਂ ਨੂੰ, ਸਦਕੇ ਆਯਾਂ, ਜਾਨ ਨਿਮਾਣੀ ਘੋਲੀ। ਸਖਣੀ ਜਿੰਦ ਵਾਰਨੇ ਕੀਤੀ, ਰੁਲ ਚੁੱਕੀ ਲੈ ਰੋਲੀ।

---

[1] ਪੁ: ਜਨਮ ਸਾਖੀ

[2] ਜੈਸਾ ਕਿ ਲਿਖਿਆ ਹੈ ਕਿ ਤਾਂ ਖਾਨ ਕਹਿਆਂ: 'ਕਾਜ਼ੀ! ਇਹ ਕੋਈ ਵਲੀ ਪੈਦਾ ਹੋਇਆ ਹੈ। ਇਸ ਕੀ ਸੇਵਾ ਕਰਨੀ ਪ੍ਰਵਾਨ ਹੈ। ਤਾਂ ਖਾਨ ਸੁਣਕੇ ਮੱਥਾ ਟੇਕਿਆ ਜੋ ਮੈਂ ਤੇਨੂੰ ਖ਼ੁਦਾਇ ਦਾ ਵਲੀ ਜਾਣਦਾ ਹਾਂ। '{ਗੁਰ ਸਿਖਾਂ ਦੀ ਭਗਤ ਮਾਲ}

[1] ਸ੍ਰੀ ਗੁ: ਨਾ: ਪ੍ਰਕਾਸ਼ [2] ਪੁ: ਜਨਮ ਸਾਖੀ

ਤਦ ਇਹ ਆਦਰ ਤੇ ਸੁਆਗਤ ਦੇ ਵਾਕ ਪਾਕੇ ਗੁਰੂ ਬਾਬਾ ਓਥੇ ਟਿਕ ਗਿਆ। ਹਾਂ, ਜਗਤ ਪਿਤਾ ਜੀ ਸਾਰੀ ਰਾਤ ਆਪਣੇ ਰੰਗ ਵਿਚ ਰਹੇ। ਕੁਸ਼ਟੀ ਰਾਤ ਹਾਇ ਹਾਇ ਕਰਕੇ ਵਿਲਪਦਾ ਰਿਹਾ। ਇਸ ਕੁਸ਼ਟੀ ਦਾ ਕੁਸ਼ਟ ਦਖਕੇ ਤੇ ਵਿਰਲਾਪ ਸੁਣਕੇ ਗੁਰੂ ਜੀ ਦੇ ਮਨ ਮਿਹਰ ਆਈ। ਜੀ ਕੀਤਾ ਕਿ ਇਸ ਦਾ ਰੋਗ ਗਵਾ ਦੇਵੀਏ ਜੁ ਸੁਖੀ ਹੋ ਜਾਵੇ, ਤਾਂ ਆਪ ਦਇਆ ਦੇ ਘਰ ਵਿਚ ਆਕੇ ਬੋਲੇ 'ਹੇ ਫਕੀਰ! ਤੂੰ ਕਿਉਂ ਵਿਲਪਦਾ ਹੈਂ?

ਫਕੀਰ-ਹੇ ਮੇਰੇ ਘਰ ਆਏ ਮਿਹਰਾਂ ਵਾਲੇ ਸਾਂਈਂ ਲੋਕ! ਰੋਵਾਂ ਨਾ, ਵਿਲਪਾਂ ਨਾ ਤੇ ਕੀਹ ਕਰਾਂ? ਇਕ ਤਾਂ ਇਹ ਆਪਣਾ ਰੋਗ ਵੇਖ ਵੇਖਕੇ ਝੁਰਦਾ? ਰੋਂਦਾ ਹਾਂ, ਦੂਜੇ ਆਪਣੇ ਐਸ਼੍ਵਰਜ ਨੂੰ ਯਾਦ ਕਰਦਾ ਹਾਂ, ਜਦੋਂ ਪਦਾਰਥ ਤੇ ਐਸ਼ਾਂ ਸਨ। ਓਹ ਵਸਤਾਂ ਕਿੱਥੇ ਗਈਆਂ, ਓਹ ਦਿਨ 'ਕਿੱਥੇ ਗਏ? ਰੋਂਦਾ ਹਾਂ ਉਨ੍ਹਾ ਸਾਕਾਂ ਤੇ ਮਿੱਤਰਾਂ ਨੂੰ ਜੋ ਭਵਨ ਪਰਸਦੇ ਸਨ ਮੇਰੇ ਤਦੋਂ, ਪਰ ਰੋਗੀ ਹੋਇਆਂ ਧੱਕ ਦਿਤਾ ਸਭ ਨੇ ਮੈਨੂੰ ਘਰੋਂ। ਰੋਂਦਾ ਹਾਂ ਕਿ ਹੁਣ ਮੈਂ ਐਸਾ ਬੁਰਾ ਹੋ ਗਿਆ ਹਾਂ ਕਿ ਨਗਰ ਵਿਚ ਕੋਈ ਸੜਕ ਤੇ ਬੀ ਨਹੀਂ ਪੈਣ ਦੇਂਦਾ ਮੈਨੂੰ। ਵਿਲਪਦਾ ਹਾਂ ਕਿ ਕਦੇ ਮਨੁੱਖ ਜਨੌਰ ਪੰਛੀ ਬੀ ਮੇਰੇ ਏਥੇ ਫੇਰਾ ਨਹੀਂ ਪਾਉਂਦੇ, ਇੱਕਲ ਵੱਢ ਵੱਢ ਖਾਂਦੀ ਹੈ। ਹੇ ਸਾਂਈਂ ਦੇ ਸਆਰੇ! ਤੂੰ ਧੰਨ ਹੈਂ, ਜਿਸ ਨੂੰ ਮੇਰੇ ਤੇ ਦਇਆ ਆਈ ਹੈ। ਇਕੱਲ ਜਗਤ ਵਿਚ ਸਭ ਤੋਂ ਵਡਾ ਦੁਖ ਹੈ; ਸਭ ਤੋਂ ਵਡੀ ਸਜ਼ਾ ਹੈ; ਮੇਰੇ ਤੋਂ ਪੁੱਛੇ ਕੋਈ ਆਕੇ ਕਿ ਜਿਸ ਦੇ ਹੱਡ ਵਰਤੀ ਹੈ ਕਿ ਇਕੱਲ ਸਭ ਨਰਕਾਂ ਤੋਂ ਵਡੀ ਨਰਕ ਹੈ ਕਿ ਨਹੀਂ? ਜਿਨ੍ਹਾਂ ਨੂੰ ਕਦੇ ਇੱਕਲ ਵਾਪਰੇ ਓਹ ਇਸ ਦੇ ਦੁੱਖ ਨੂੰ ਸਮਝ ਸਕਦੇ ਹਨ। ਫੇਰ ਉਹ ਇਕੱਲ ਸਾਂਈਂ ਜੀਓ! ਬੜੀ ਬੁਰੀ ਹੁੰਦੀ ਹੈ ਕਿ ਜੋ ਜਗਤ ਨੇ ਸੂਗ ਨਾਲ ਕਿਸੇ ਦੁਖੀਏ ਦਰਦ ਰਵਾਣੇ ਨੂੰ ਦਿਤੀ ਹੋਵੇ। ਇਸ ਕਰਕੇ ਮੇਰਾ ਮਨ ਬਾਰੰਬਾਰ ਤਪਦਾ ਹੈ। ਇਹ ਸਭ ਜਾਣਦਾ ਹਾਂ ਤੇ ਵਾਰਵਾਰ ਚਿੰਤਨ ਕਰਦਾ ਹਾਂ ਤੇ ਵਾਰੰਵਾਰ ਮਨ ਸੜਦਾ ਤੇ ਭੁੱਜਦਾ ਹੈ[1]। ਜਾਣਦਾ ਹਾਂ ਕਿ ਇਹ ਤਪਣਾਂ[2] ਸੜਨਾ ਬਿਰਥਾ ਹੈ, ਇਹ ਨਿਰਾ ਖਪਣਾ ਹੇ, ਪਰ ਇਹ ਖਪਣਾ ਛੁਟਦਾ ਨਹੀਂ ਜਿਵੇਂ ਰੋਇਆਂ ਪੀੜ ਨਹੀਂ ਹਟ ਜਾਇਆ ਕਰਦੀ, ਪਰ ਪੀੜ ਵੇਲੇ ਰੋਣ ਹੀ ਇਕ ਮਨ ਦਾ ਆਸਰਾ ਹੋ ਜਾਂਦਾ ਹੈ। ਸੋ ਇਹੁ ਵੇਕਾਰ ਭੁੱਜਣਾ ਖਪਣਾ ਮੇਰਾ ਸੁਭਾਉ ਪੈ ਗਿਆ ਹੈ। ਫਿਰ ਕਦੇ ਸੋਚਦਾ ਹਾਂ ਕਿ ਖਬਰੇ ਮੇਰੀ ਪੁਕਾਰ ਮੇਰਾ ਵਿਰਲਾਪ ਸੁਣਿਆਂ ਜਾਵੇ ਤਾਂ ਕੋਈ ਢੋਈ ਮਿਲੇ।

ਸ੍ਰੀ ਗੁਰੂ ਜੀ-ਬਹੁਤ ਬੋਲਦਾ ਤੇ ਝਖਣਾ ਤਾਂ ਖਪਣਾ ਹੀ ਹੁੰਦਾ ਹੈ, ਕਿਉਂਕਿ ਜਿਸ ਅਗੇ ਬੋਲਣਾ ਹੈ ਓਹ ਤਾਂ ਬਿਨ ਬੋਲੇ ਹੀ ਸਭ ਕਿਛ ਜਾਣਦਾ ਹੈ[1]। ਜੇ ਹੇ ਦੁਖੀਏ! ਮਨ ਵਿਚ ਕੋਈ ਸੋਚ ਹੋਵੇ ਤੇ ਉਸ ਤੇ ਕੋਈ ਡੂੰਘੀ ਅਰਦਾਸ ਹੋਵੇ ਤਾਂ ਚੁੱਪ ਕਿ ਉੱਚੀ ਕੀਤੀ ਅਰਦਾਸ ਪਹੁੰਚਦੀ ਹੈ ਤੇ ਓਹ ਦਾਤਾ ਸੁਣਦਾ ਹੈ ਪਰ ਤਪਣ ਨਾਲ, ਖਪਣ ਨਾਲ, ਬਹੁਤ ਵਿਅਰਥ ਬੋਲਣ ਨਾਲ ਤਾਂ ਆਪ ਹੀ ਜੀਵ ਲੁੱਝਦਾ ਹੈ। ਸੋਧ ਬੱਧੇ ਬਿਨਾਂ ਤੇ ਮਨੋਂ ਹੋਕੇ ਅਰਦਾਸ ਕੀਤੇ ਬਿਨਾਂ ਬਹੁਤ ਬੋਲਣਾ ਵਿਅਰਥ ਹੀ ਜਾਂਦਾ ਹੈ, ਸਗੋਂ ਮਨ ਦੀ ਪੀੜਾ ਵਧਦੀ ਹੈ।

ਕੁਸ਼ਟੀ-ਫੇਰ ਭਲੇ ਪੁਰਖ ਜੀਓ ਜੀ! ਮੈਂ ਕੀਹ ਕਰਾਂ? ਕਿਵੇਂ ਇਸ ਕੁਸ਼ਟ ਦਾ ਕਸ਼ਟ ਦੂਰ ਹੋਵੇ!

ਗੁਰੂ ਜੀ-ਉਸ ਦੀ ਮਨ ਵਿਚ ਸੋਧ ਬੰਨ੍ਹ ਕਿ ਜਿਸ ਨੇ ਤੇਰੇ ਅੰਗ: ਅੱਖ, ਕੰਨ, ਨੱਕ ਬਣਾਏ ਸਨ, ਜਿਸ ਨੇ ਜੀਭ ਮਿੱਠੀ ਬੋਲਣ ਲਈ ਦਿਤੀ ਸੀ[2], ਜਿਸ ਨੇ ਇਨ੍ਹਾਂ ਅੰਗਾਂ ਵਾਲਾ ਸਰੀਰ ਰਚਕੇ ਇਸ ਵਿਚ ਮਨ ਜੈਸੇ ਅਦਭੁਤ ਇੰਦ੍ਰੀਆਂ ਦੇ ਸਰਦਾਰ ਨੂੰ ਪਾਕੇ ਜਠਰ ਅਗਨੀ ਵਿਚ ਤੈਨੂੰ ਰੱਖਕੇ ਤੇਰੀ ਰਚਨਾ ਰਚੀ ਸੀ ਅਰ ਓਸ ਅਗਨੀ ਨੇ ਤੇਰੀ ਪਾਲਣਾ ਕੀਤੀ ਸੀ ਪਰ ਆਪਣੇ ਦਾਹ ਧਰਮ ਨੂੰ ਤੇਰੇ ਤੇ ਨਹੀਂ ਸੀ ਵਰਤਿਆ। ਭਾਵ ਇਹ ਕਿ ਉਸ ਰਚਣਹਾਰ ਦੀ ਖੂਬੀ ਹੈ ਕਿ ਦਾਹ ਸ਼ਕਤੀ ਵਾਲੇ ਟਿਕਾਣੇ ਰੱਖਕੇ ਤੈਨੂੰ ਬਣਾਇਆ ਪਰ ਉਸ ਦੀ ਨਿੱਘ ਸ਼ਕਤੀ ਤੋਂ ਤੇਰੀ ਸਾਜਨਾ ਦਾ ਕੰਮ ਤਾਂ ਲਿਆ ਪਰ ਦਾਹ ਸ਼ਕਤੀ ਤੋਂ ਤੇਰੀ ਰੱਛਿਆ

[1] ਜੀਉ ਤਪਤੁ ਹੈ ਬਾਰੋਬਾਰ॥ {ਧਨਾ: ਮ ੧:-੬੬੧}

[2] ਤਪਿ ਤਪਿ ਖਪੈ ਬਹੁਤੁ ਬੇਕਾਰ॥{ਧਨਾ:ਮ ੧:-੬੬੧}

[1] ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥੧॥ ਰਹਾਉ ॥ {ਧਨਾ: ਮ: ੧}

[2] ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥ { ਧਨਾ ਮ: ੧}

ਕੀਤੀ[1]। ਹਾਂ, ਜਿਸ ਰਚਣਹਾਰ ਨੇ ਐਸਾ ਸ਼ਰੀਰ ਤੇ ਮਨ ਰਚਕੇ ਓਸ ਦੀ ਜੀਵਨ ਕਲਾ ਦੇ ਜਾਰੀ ਰਹਿਣ ਲਈ ਉਸ ਵਿਚ ਹਵਾ ਵਜਾ ਦਿਤੀ, ਹਵਾ ਫੂਕ ਦਿਤੀ[2] ਕਿ ਤੇਰੇ ਸਵਾਸ ਚੱਲ ਪਏ, ਉਹਨਾਂ ਸੁਆਸਾਂ ਦੇ ਆਸਰੇ ਤੂੰ ਜੀਵਨ ਪਾ ਲਿਆ ਤੇ ਤੇਰਾ ਜੀਵਨ ਇਕ ਜਾਰੀ ਰਹਿਣ ਵਾਲੀ ਕਲਾ ਹੋ ਗਈ, ਤਦ ਉਸ ਰਚਣਹਾਰ ਨੇ ਆਖਿਆ; ਤੂੰ ਜਗਤ ਵਿਚ ਵਿਚਰ ਪਰ ਯਾਦ ਰੱਖ ਕਿ ਮੈਂ ਸਭ ਥਾਂਈਂ ਮੌਜੂਦ ਹਾਂ। ਭਾਵ ਜਿਸ ਨੇ ਆਪਣੇ ਸਾਰੇ ਵਿਆਪਕ ਹੋਣ ਦਾ ਪਤਾ ਦੇ ਦਿੱਤਾ ਤੇ ਕਿਹਾ ਕਿ ਵਿਚਰ ਪਰ ਮੈਨੂੰ ਵੇਖ, ਪਰ ਤੂੰ ਜੰਮਕੇ ਪਹਿਲਾਂ ਮਾਂ ਪਿਉ ਦੇ ਮੋਹ ਵਿਚ ਪੈ ਗਿਆ, ਫਿਰ ਇਸਤ੍ਰੀਆਂ ਦੀ ਪ੍ਰੀਤ ਵਿਚ ਲਪਟ ਗਿਆ ਤੇ ਨਾਨਾ ਪ੍ਰਕਾਰ ਦੇ ਇੰਦਰੇ ਰਸਾਂ ਵਿਚ ਲੱਗ ਗਿਆਂ[3], ਤਾਂ ਉਹ ਬਾਣੀ, ਜੋ ਰਚਣਹਾਰ ਨੇ ਤੈਨੂੰ ਕਹੀ ਸੀ ਕਿ ਮੈਂ ਹਰ ਥਾਂ ਮੌਜੂਦ ਹਾਂ, ਮੈਨੂੰ ਵੇਖੀਂ, ਉਹ ਤੂੰ ਭੁੱਲ ਗਿਆ, ਇਸ ਲਈ ਸਮਝ ਲੈ ਕਿ ਉਸ ਨੂੰ ਭੁੱਲਕੇ ਤੂੰ ਭੋਗਾਂ ਤੇ ਵਿਕਾਰਾਂ ਵਿਚ ਪੈ ਗਿਆ। ਵਿਕਾਰ ਕਾਲਖ ਹਨ, ਦਾਗ਼ ਲਾਉਂਦੇ ਹਨ[4] ਇਕ ਦਾਗ਼ ਸ਼ਰੀਰਕ ਰੂਹ ਨੂੰ ਲਗਦੇ ਹਨ ਇਕ ਸ਼ਰੀਰ ਨੂੰ, ਸ਼ਰੀਰ ਦੇ ਦਾਗ਼ ਰੋਗ ਹਨ। ਸੋ ਵਿਕਾਰਾਂ ਵਿਚ ਲੱਗਕੇ ਤੂੰ ਪੱਕਾ ਰੋਗੀ (ਕੁਸ਼ਟੀ) ਹੋ ਗਿਆ ਤੇ ਵਿਰਲਾਪ ਤੇਰੇ ਪੱਲੇ ਪੈ ਗਿਆ[5]। ਇਹ ਭਾਈ ਤੇਰੇ ਸ਼ਰੀਰ ਦਾ ਹਾਲ ਹੋਇਆ ਹੈ। ਹੁਣ ਤੂੰ ਅਪਣੀ ਰੂਹ ਦਾ ਹਾਲ ਸੁਣ ਲੈ। ਅਰਥਾਤ ਉਹ ਜੋ ਸ਼ਰੀਰ ਦੇ ਅੰਦਰ ਤੇਰਾ ਆਪਾ ਹੈ ਉਸ ਦਾ ਸੁਣ ਕੀ ਹਾਲ ਹੋਇਆ ਹੈ। ਉਹ ਜੋ ਤੂੰ ਮੋਹ ਪ੍ਰੀਤ ਵਿਚ ਆਕੇ ਖੋਟੇ ਕਰਮ ਕੀਤੇ ਸੋ, ਉਹਨਾਂ ਦਾ ਇਕ ਅਸਰ ਤਾਂ ਇਹ ਸੀ ਕਿ ਜੋ ਤੇਰੇ ਵਿਕਾਰਾਂ ਦੇ ਲੱਛ (ਨਿਸ਼ਾਨਾ) ਬਣੇ, ਭਾਵ ਜਿਨ੍ਹਾਂ ਨਾਲ ਤੂੰ ਭੋਗ ਬਿਲਾਸ ਕੀਤੇ ਸੇ, ਸੋ ਤੇਰੇ ਕੁਸੰਗ ਨਾਲ ਡੁੱਬੇ ਤੇ ਤੂੰ ਉਹਨਾਂ ਦੇ ਕੁਸੰਗ ਨਾਲ ਡੁੱਬਾ। ਦੂਜੇ ਤੇਰੇ ਤੇ ਦੋ ਅਸਰ ਪਏ, ਇਕ ਤਾਂ ਸਰੀਰ ਰੋਗੀ ਹੋਕੇ ਤੂੰ ਧਿਤਕਾਰਿਆ ਗਿਆ ਤੇ ਤੇਰੇ ਵਿਰਲਾਪ ਪੱਲੇ ਪਿਆ, ਦੂਸਰੇ ਜੋ ਅਸਰ ਤੇਰੇ ਅੰਦਰ ਪਿਆ ਸੋ ਤੂੰ ਗਉਲ ਹੀ ਨਹੀਂ ਰਿਹਾ, ਉਹ ਹੈ ਇਹ ਕਿ ਤੇਰੇ ਅੰਦਰਲੇ ਨੂੰ ਉਹਨਾਂ ਕਰਮਾਂ ਦੇ-ਉਹਨਾਂ ਦੋਸ਼ਾਂ ਦੇ-ਦਾਗ਼ ਪੈ ਗਏ ਹਨ। ਜਦੋਂ ਤੂੰ ਮਰਕੇ ਅੱਗੇ ਜਾਵੇਗਾ ਤਾਂ ਉਹ ਦੋਸ਼ਾਂ ਦੇ ਦਾਗ਼ ਤੇਰੇ ਉਸ ਵੇਲੇ ਦੇ ਮੂੰਹ ਤੇ ਲੱਗੇ ਹੋਏ ਹੋਣਗੇ। ਜਿਸ ਤਰ੍ਹਾਂ ਤੈਨੂੰ ਏਥੇ ਸਭਾ, ਪਰ੍ਹੇ ਕਿ ਬਰਾਦਰੀ ਵਿਚ ਕੋਈ ਨਹੀਂ ਬੈਠਣ ਦੇਂਦਾ ਇਸੇ ਤਰ੍ਹਾਂ ਉਹਨਾਂ ਦਾਗ਼ਾਂ ਦੇ ਕਾਰਨ ਓਥੇ, ਕਿ ਜਿਸ ਨੂੰ ਦਰਗਾਹ ਕਹਿੰਦੇ ਸਨ, ਤੈਨੂੰ ਕੋਈ ਨਹੀਂ ਬੈਠਣ ਦੇਵੇਗਾ। ਇਹ ਜਿਵੇਂ ਸ਼ਰੀਰ ਨੂੰ ਕੁਸ਼ਟ ਦੇ ਜ਼ਖਮਾਂ ਰੂਪੀ ਦਾਗ਼ ਹਨ ਤਿਵੇਂ ਤੇਰੇ ਭੌਰ ਨੂੰ (ਯਾ ਲਿੰਗ ਸ਼ਰੀਰ ਨੂੰ) ਯਾ ਉਸ ਅੰਦਰਲੇ ਨੂੰ ਕਿ ਜਿਸ ਨੇ ਸ਼ਰੀਰ ਦੇ ਮਰਨ ਮਗਰੋਂ ਨਿਕਲਣਾ ਹੈ, ਉਸ ਪਰ ਕੀਤੇ ਦੋਸ਼ਾਂ ਦੇ ਐਸ ਤਰ੍ਹਾਂ ਦੇ ਦਾਗ਼ ਹੋਣਗੇ ਕਿ ਜਿਨ੍ਹਾਂ ਕਰਕੇ ਓਥੇ ਵੀ ਤੈਨੂੰ ਢੋਈ ਨਾ ਮਿਲੇਗੀ, ਦਰਗਾਹ ਵਿਚ ਵੀ ਤੈਨੂੰ ਕੋਲ ਨਹੀਂ ਬੈਠਣ ਦੇਵਣਗੇ[1]।

ਇਹ ਵਾਕ ਸੁਣਕੇ ਕੋਹੜੀ ਕੰਬਿਆ। ਉਸ ਨੂੰ ਆਪਣੇ ਕੀਤੇ ਕਰਮਾਂ ਦੀ ਪੂਰੀ ਸੋਝੀ ਆਈ, ਭੈ ਛਾਇਆ ਕਿ ਹੈਂ ਮੈਂ ਤਾਂ ਹੁਣ ਦੇ ਕਸ਼ਟ ਨੂੰ ਰੋਂਦਾ ਸਾਂ ਤੇ ਇਸ ਪਾਸੇ ਤਾਂ ਮੇਰਾ ਧਿਆਨ ਹੀ ਨਹੀਂ ਸੀ ਕਿ ਮੇਰੀ ਰੂਹ ਭੀ ਕਲੰਕਤ ਹੋ ਗਈ ਹੈ ਤੇ ਮੇਰੇ ਲਈ ਦੁੱਖ 'ਸਦਾ ਦਾ ਦੁੱਖ' ਹੋ ਗਿਆ ਹੈ। ਇਸ ਭੈ ਨੇ ਵੈਰਾਗ ਉਤਪਤ ਕੀਤਾ ਤੇ ਫਕੀਰ ਹੁਣ

---

[1] ਜਿਨਿ ਮਨੁ ਰਾਖਿਆ ਅਗਨੀ ਪਾਇ ॥

[2] ਵਾਜੈ ਪਵਣੁ ਆਖੈ ਸਭ ਜਾਇ ॥੨॥

ਇਸ ਤੁਕ ਦੇ ਸੰਪ੍ਰਦਾਈ ਅਰਥ ਐਉਂ ਬੀ ਹਨ:-

ਪ੍ਰਸੂਤੀ ਵਾਯੂ ਚਲਾਕੇ ਜਿਸ ਨੇ ਤੈਨੂੰ ਮਾਤਾ ਦੇ ਪੇਟੋਂ ਕੱਢਿਆ, ਬਾਹਰ ਆਇਆ ਵੇਖਕੇ ਸਭ ਆਖਦੇ ਹਨ ਬਚਾ ਜੰਮਿਆ ਹੈ।

[3] ਜੇਤਾ ਮੋਹੁ ਪਰੀਤਿ ਸੁਆਦ ॥

[4] ਸਭਾ ਕਾਲਖ ਦਾਗਾ ਦਾਗ ॥ ਦੋ ਵੇਰੀ 'ਦਾਗ' ਪਦ ਆਇਆ ਹੈ, ਰੂਹ ਤੇ ਸਰੀਰ ਦੇ ਦਾਗੀ ਹੋ ਜਾਣ ਦੀ ਭਾਵ ਸੂਚਨਾ ਲਈ।

[5] ਜਿਉ ਪਕਾ ਰੋਗੀ ਵਿਲਲਾਇ ॥੧॥

[1] ਦਾਗ ਦੋਸ ਮੁਹਿ ਚਲਿਆ ਲਾਇ ॥
ਦਰਗਹ ਬੈਸਣ ਨਾਹੀ ਜਾਇ ॥੩॥

ਪਸਚਾਤਾਪ ਦੇ ਘਰ ਆਕੇ ਰੋਇਆ ਤੇ ਧਰਤੀ ਤੇ ਸਿਰ ਰੱਖਕੇ ਬੋਲਿਆ: 'ਹੇ ਅੱਗੇ ਪਿਛੇ ਦੀ ਸੋਝੀ ਵਾਲੇ! ਕੀਹ ਮੈਂ ਹੁਣ ਡੁੱਬ ਗਿਆ? ਸਦਾ ਲਈ ਡੁਬ ਗਿਆ? ਸੁਹਣੇ ਦਾਤਾ! ਕੀ ਮੇਰੇ ਦਸ ਵੀਹ ਵਰ੍ਹੇ ਵਿਚ ਕੀਤੇ ਦੋਸ਼ ਤੇ ਪਾਪ, ਜੋ ਭਾਵੇਂ ਕਿੰਨੇ ਵਧੀਕ ਹੈਨ, ਮੈਨੂੰ ਸਦਾ ਲਈ ਡੋਬ ਗਏ? ਕੀਹ ਗਿਣਤੀ ਵਾਲੇ ਕਰਮਾਂ ਦੇ ਬਦਲੇ ਮੈਂ ਐਉਂ ਡੁਬ ਗਿਆ ਹਾਂ ਕਿ ਜਿਵੇਂ ਬੇੜੀ ਤੋਂ ਇਕ ਪੈਰ ਤਿਲਕਣ ਨਾਲ ਆਦਮੀ ਸਦਾ ਲਈ ਡੁੱਬ ਕੇ ਮਰ ਜਾਂਦਾ ਹੈ ਤੇ ਫੇਰ ਭਾਵੇਂ ਦੇਹ ਤਰ ਆਵੇ, ਪਰ ਜਾਨ ਨਹੀਂ ਮੁੜਦੀ ? ਹਾਇ ਜੇ ਮੈਂ ਜਾਣਦਾ ਤਾਂ ਕਦੇ ਐਸੇ ਕਰਮ ਨਾ ਕਰਦਾ!' ਗੁਰੂ ਸਾਹਿਬ ਦਇਆ ਦੇ ਘਰ ਵਿਚ ਤਾਂ ਆਏ ਹੀ ਹੋਏ ਸਨ, ਹੋਰ ਦ੍ਰਵ ਕੇ ਆਪਣੇ ਉੱਚੇ ਦਰੋਂ ਮਿਹਰ ਦੇ ਰੰਗ ਵਿਚ ਬੋਲੇ: 'ਭਾਈ! ਜਿਸ ਰਾਹੇ ਤੂੰ ਹੁਣ ਟੁਰ ਰਿਹਾ ਹੈਂ ਉਸ ਦਾ ਫਲ ਤਾਂ ਇਹੋ ਜਿਹਾ ਹੀ ਹੈ। ਕਰਮ ਤੈਂ ਆਪ ਕੀਤੇ, ਜਿਨ੍ਹਾਂ ਨੇ ਇਹ ਰੋਗ ਉਪਜਾਇਆ ਹੈ[1], ਫਿਰ ਜਿਸ ਰਾਹੇ ਤੂੰ ਹੁਣ ਤੁਰ ਰਿਹਾ ਹੈਂ ਉਹ ਤੇਰੀ ਆਪਣੀ ਚੋਣ ਦਾ ਹੈ। ਉਸ ਦਾ ਫਲ ਤੂੰ ਆਪ ਦੱਸ ਦਿੱਤਾ ਹੈ ਕਿ ਇਕ ਪੈਰ ਤਿਲਕਿਆ ਤਾਂ ਅਣਤਾਰੂ ਡੁੱਬ ਮੋਇਆ। ਪਰ ਸਮਝ ਲੈ ਕਿ ਇਹ ਤਾਂ ਹੈ ਤੇਰੀ ਚੋਣ ਤੇ ਤੇਰੀ ਕਰਣੀ ਕਰਤੂਤ। ਪਰ ਜਿਸ ਨੂੰ ਤੂੰ ਦੋਸ਼ ਦੇ ਰਿਹਾ ਹੈਂ ਆਪਣੀ ਗੱਲ ਬਾਤ ਵਿਚ ਉਸ ਦੇ ਘਰ ਮਿਹਰ ਵੱਸਦੀ ਹੈ। ਉਸ ਦੀ ਮਿਹਰ ਵਿਚ ਹੈ ਕਿ ਜੇ ਕੋਈ ਗ਼ਲਤੀਆਂ ਕਰਕੇ ਡੁੱਬ ਬੀ ਜਾਵੇ ਤਾਂ ਉਸ ਦੀ ਬੀ ਉਹ ਸਾਰ ਲੈਂਦਾ ਹੈ[2]। ਉਹ ਸਦਾ ਥਿਰ ਹੈ। ਅਸੀਂ ਆਵਣ ਜਾਣ ਵਾਲੇ ਹਾਂ; ਭਾਵ ਅਸੀਂ ਮਿਤ ਵਿਚ ਹਾਂ ਤੇ ਕਾਲ ਵਿਚ ਹਾਂ, ਪਰ ਓਹ ਅਕਾਲ ਹੈ ਤੇ ਅਮਿੱਤ ਹੈ, ਜੋ ਸਦਾ ਥਿਰ ਹੈ। ਉਸ ਦਾ ਸੁਭਾਵ ਹੈ ਕਿ ਉਹ ਦਾਤਾਰ ਹੈ, ਭਾਵ ਬਖਸ਼ਿੰਦ ਹੈ। ਨਿਰਾ ਪੁੰਨੀਆਂ ਦਾ ਦਾਤਾਰ ਨਹੀਂ, ਸਰਬ ਦਾ ਦਾਤਾਰ ਹੈ[3]। ਸਰਬ ਦਾ ਦਾਤਾਰ ਹੋਣ ਕਰਕੇ ਪਤਿਤਾਂ ਦਾ ਬੀ ਦਾਤਾਰ ਹੈ।'

ਕੋਹੜੀ-ਹੇ ਅਗਮ ਨਿਗਮ ਦੇ ਮਹਿਰਮ! ਹੇ ਡੁੱਬਿਆਂ ਨੂੰ ਫਿਰ ਜੀਉ ਉਠਣ ਦੀ ਮੰਗਲ ਮਯ ਖ਼ਬਰ ਦੇਣ ਵਾਲੇ ਦਾਤਾ! ਹੇ ਮਰਿਆਂ ਨੂੰ ਜੀਵਨ ਬੁਸ਼ਾਰਤਾਂ ਦੇਣ ਵਾਲੇ ਅੱਲਾ ਦੇ ਸੁਆਰੇ! ਰਹਿਮ ਕਰ ਤੇ ਮੈਨੂੰ ਦੱਸ ਕਿ ਮੈਂ ਉਸ ਸਦਾ ਬਖਸ਼ਿੰਦ ਦਾਤਾ ਜੀ ਤੋਂ ਆਪਣੇ ਦਿਲ-ਦਾਗ਼ਾਂ ਦੇ ਧੋਣ ਦਾ ਸਾਮਾਨ ਕੀਕੂੰ ਪਾਵਾਂ? ਇਹ ਸਰੀਰ ਤਾਂ ਗਿਆ ਭੰਗ ਦੇ ਭਾੜੇ, ਉਹ ਦੱਸ ਕਿ ਜਿਸ ਨਾਲ ਦਿਲਾਂ ਦੇ ਦਾਗ ਧੋ ਲਵਾਂ ਤੇ ਅੱਗੇ ਤਾਂ ਕੰਚਨ ਵੰਨਾਂ ਹੋ ਕੇ ਜਾਵਾਂ, ਕਿਵੇਂ ਉਥੇ ਤਾਂ ਮੇਰੇ ਸਰੀਰ ਦਾ ਕੋਹੜ ਮੇਰੇ ਮਨ ਦੇ ਨਾਲ ਨਾ ਜਾਵੇ। (ਰੋ ਰੋ ਕੇ) ਹੇ ਦਾਤਾ! ਮੇਰੇ ਹਾਲ ਤੇ ਤਰਸ ਕਰ ਕਿ ਮੈਂ ਹੁਣ ਬਾਕੀ ਦੇ ਦਿਨ ਇਸ ਮਨ ਧੋਣ ਵਾਲੇ ਕੰਮ ਤੇ ਲਾਵਾਂ।

ਇਹ ਦਿਲ ਦੀ ਅਰਦਾਸ ਸੁਣਕੇ ਸ੍ਰੀ ਸਤਿਗੁਰੂ ਜੀ ਇਕ ਬੜੀ ਗੰਭੀਰ ਸੁਰ ਵਿਚ ਬੋਲੇ: ਭਾਈ ਇਹ ਗੱਲ ਕਿਸੇ ਦੇ ਵੱਸ ਦੀ ਨਹੀਂ! ਸੁਣ ਹੇ ਫਕੀਰ! ਇਹ ਰਸਤਾ ਹੈ: 'ਨਾਉਂ ਆਖਣਾ'। ਇਸ ਰਾਹੇ ਟੁਰੇਂਗਾ ਤਾਂ ਕਿਸੇ ਸਲਾਮਤੀ ਦੇ ਟਿਕਾਣੇ ਪੁਜੇਂਗਾ।[1] ਹੋਰ ਕੋਈ ਥਾਂਉ ਨਹੀਂ, ਜਿਥੇ ਮਨ ਤੇ ਸਰੀਰ ਦੇ ਕੋਹੜੀ ਨੂੰ ਢੋਈ ਮਿਲੇ। ਹਾਂ ਮਨ ਤੇ ਸ਼ਰੀਰ ਦੇ ਕੋਹੜੀ ਲਈ ਇਹੋ ਇਕੋ ਥਾਂ ਹੈ: 'ਨਾਉਂ ਆਖਣਾ'। ਸਭਨਾਂ ਲਈ, ਨਰੋਇਆਂ ਲਈ, ਰੋਗੀਆਂ ਲਈ ਇਹੋ ਇਕੋ ਥਾਉਂ ਹੈ। ਆਖ ਜੋ ਤੇਰੇ ਅੰਦਰ ਲਗੇ ਦਾਗ਼ ਧੋ ਹੋ ਜਾਣ। ਹਾਂ ਮਿਹਰ ਹੋਵੇ ਤਾਂ ਇਹ 'ਨਾਮ ਜਪਣਾ' ਪ੍ਰਾਪਤ ਹੋਵੇ। ਹਾਂ, ਉਸੇ ਦੀ ਮਿਹਰ ਹੁੰਦੀ ਹੈ ਤਾਂ ਨਾਮ ਪ੍ਰਾਪਤ ਹੁੰਦਾ ਹੈ। ਪਰ ਉਸ ਦੀ ਮਿਹਰ ਪ੍ਰਾਪਤੀ ਦਾ ਸਾਧਨ ਕੀ ਹੈ? ਉਸ ਦਾ ਨਾਮ ਜਪਣਾ ਤੇ ਨਾਮ ਕੀਕੂੰ ਆਖੀਦਾ ਹੈ? ਉਸ ਦੀ ਮਿਹਰ ਨਾਲ।

ਫਕੀਰ-ਸਾਂਈਂ ਵਾਲੇ ! ਨਾਮ ਆਖਣਾ ਕੀ ਹੁੰਦਾ ਹੈ? ਤੇ ਮਿਹਰ ਉੱਤੇ ਮੈਂ ਕਿਵੇਂ ਜ਼ੋਰ ਲਾਵਾਂ ਕਿ ਮੈਨੂੰ ਮਿਲੇ ? ਦੱਸ ਕਿ ਮੈਂ ਡੁੱਬਾ ਕਿਸ ਨੂੰ

---

[1] ਖਸਮ ਵਿਸਾਰਿ ਕੀਏ ਰਸ ਭੋਗ ॥
ਤਾਂ ਤਨਿ ਉਠਿ ਖਲੋਏ ਰੋਗ ॥ {ਮਲਾਰ ਮ: ੧}

[2] ਜੇ ਕੋ ਡੂਬੈ ਫਿਰਿ ਹੋਵੈ ਸਾਰ ॥

[3] ਨਾਨਕ ਸਾਚਾ ਸਰਬ ਦਾਤਾਰ॥੪॥੩॥੫-੬੬੨

[1] ਕਰਮਿ ਮਿਲੈ ਆਖਣੁ ਤੇਰਾ ਨਾਉ ॥
ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥{ਧਨਾ:ਮ:੧-੫}

ਲੱਗਕੇ ਤਰਾਂ ਜੋ ਕੋਈ ਠੌਰ ਥਿੱਤਾ ਮੇਰਾ ਭੀ ਲੱਗੇ। ਕਰ, ਮਿਹਰ ਹੇ ਮਿਹਰਾਂ ਵਾਲਿਆ!

ਗੁਰੂ ਜੀ-ਨਾਮ ਆਖਣਾ ਇਹ ਹੈ, ਸੁਣ-ਉਸ ਸੱਚੇ ਤੇ ਸਦਾ ਦਾਤਾਰ ਦਾ ਰੂਪ ਰੇਖ ਰੰਗ ਨਹੀਂ ਹੈ, ਤੇ ਕੋਈ ਕਹਿ ਨਹੀਂ ਸਕਦਾ ਕਿ ਉਹ ਕਿਵੇਂ ਹੈ। ਪਰ ਉਹ ਹੈ, ਸਦਾ ਹੈ, ਸਦਾ ਥਿਰ ਹੈ, ਇਹ ਸੱਚ ਹੈ। ਉਹ ਅੰਤਰਯਾਮੀ ਹੈ, ਗਯਾਨ ਸਰੂਪ ਹੈ, ਉਸ ਤੋਂ ਕੁਝ ਉਹਲੇ ਨਹੀਂ। ਉਸ ਦਾ ਗੁਣ ਯਾ ਸੁਭਾਵ ਪਿਆਰ ਹੈ, ਉਹ ਸਾਰਾ ਆਪ 'ਪ੍ਰੇਮ' ਹੈ, ਬੱਸ ਇਹ ਜਾਣ ਲੈ। ਇਹ ਬੀ ਨਾਲੇ ਸਮਝ ਲੈ ਕਿ 'ਮਿਹਰ' 'ਪਿਆਰ' ਦਾ ਇਕ ਅੰਗ ਹੈ। ਹਾਂ ਜਾਣ ਲੈ ਕਿ ਪਿਆਰ ਸਰੂਪ ਹੋਣਾ, ਪਿਆਰ ਕਰਨ ਤੇ ਕਰਾਉਣ ਵਾਲਾ ਹੋਣਾ ਸਦਾ ਅਨੰਦ ਸਰੂਪ ਹੋਣਾ ਹੈ। ਸੋ ਤੂੰ ਸਮਝ ਲੈ ਕਿ ਜੋ ਸਦਾ ਹੈ ਤੇ ਸਦਾ ਦਾਤਾਰ ਹੈ, ਓਹ ਮੇਰਾ ਹੈ ਤੇ ਮੈਂ ਉਸ ਨੂੰ ਕਿਉਂ ਵਿਸਾਰਾਂ, ਸਦਾ ਯਾਦ ਰੱਖਾਂ। ਸਦਾ ਇਹ ਭਾਵ ਅੰਦਰ ਭਰੀ ਰੱਖਾਂ ਕਿ ਉਹ ਹੈ, ਉਹ ਅਨੰਦ ਹੈ, ਉਹ ਦਾਤਾਰ ਹੈ, ਮੇਰਾ ਹੈ, ਮੇਰੇ ਤੇ ਦਾਤਾਰ ਹੈ, ਮੈਂ ਹੁਣ ਉਸਤੋਂ ਜੁਦਾ ਨਹੀਂ ਹੋਣਾ[1]। ਜੁਦਾ ਨਾ ਹੋਣਾ ਯਾ ਮਿਲੇ ਰਹਿਣਾ ਕਿਵੇਂ ਹੈ? ਉਸ ਨੂੰ ਸਦਾ ਯਾਦ ਰੱਖਕੇ[2]। ਪਰ ਸੱਜਣਾ ਇਸ ਭਾਵ ਵਿਚ ਸਦਾ ਰਹਿਣਾ ਕਠਨ ਹੈ; ਇਸ ਕਰਕੇ ਜਿਵੇਂ ਸਾਡੇ ਚਲੇ ਜਾਣ ਬਾਦ ਤੂੰ ਸਾਡੇ ਪਿਆਰ ਨੂੰ ਸਾਡੇ ਨਾਮ ਨਾਲ ਜੋੜ ਕੇ ਯਾਦ ਰਖੇਂਗਾ ਤਿਵੇਂ ਉਸ ਰੱਬ ਦੇ ਨਾਮ ਨਾਲ ਉਸ ਦੇ ਪਿਆਰ ਭਾਵ ਨੂੰ ਜੋੜ ਅੰਦਰ ਵਸਾਈਦਾ ਹੈ, ਇਸ ਨਾਮ ਅਰਾਧਣ ਨਾਲ ਉਹ ਅੰਦਰ ਪ੍ਰਗਟਦਾ ਹੈ। ਭੁੱਲ ਸਾਡਾ ਸੁਭਾਵ ਹੈ, ਕਰਮ ਸਾਡੇ ਸ਼ਰੀਰਕ ਸੁਖਾਂ ਵਾਸਤੇ ਹੀ ਸਾਥੋਂ ਅਕਸਰ ਹੁੰਦੇ ਹਨ, ਮਾਨੋਂ ਅਸੀਂ ਸ਼ਰੀਰ ਵਿਚ ਸ਼ਰੀਰ ਹੋ ਰਹੇ ਹਾਂ। ਤਾਂਤੇ ਦਾਤੇ ਦੀ ਯਾਦ ਜੋ ਅੰਦਰ ਮਨ ਵਿਚ ਟਿਕਾਉਣੀ ਹੋਵੇ ਤਾਂ ਸ਼ਰੀਰ ਤੋਂ ਸਾਧਨ ਆਰੰਭ ਕਰੀਦਾ ਹੈ। ਅਰਥਾਤ ਸ਼ਰੀਰ ਦੇ ਅੰਗ ਜੀਭ ਨਾਲ ਉਦ ਦਾ ਨਾਮ ਜਪੀਦਾ ਹੈ। ਨਾਮ ਜਪਦੇ ਰਹਿਣ ਨਾਲ ਖਿਆਲ ਨੂੰ ਉਸ ਪਾਸੇ ਵਲ ਝੁਕਾਉ ਤੇ ਪ੍ਰੇਰਨਾ ਹੁੰਦੀ ਰਹਿੰਦੀ ਹੈ ਤੇ ਇਹ ਝੁਕਾਉ ਉਸ ਦੀ ਯਾਦ ਹੋਕੇ ਅੰਦਰ ਵਸਦਾ ਜਾਂਦਾ ਹੈ, ਸੋ ਨਾਮ ਦਾ ਆਖਣਾ ਕੀ ਹੋਇਆ?

੧.ਉਸ ਦਾ ਨਾਮ ਰਸਨਾ ਤੇ ਬਿਠਾਉਣਾ, ੨.ਉਸ ਦਾ ਖਯਾਲ ਮਨ ਵਿਚ ਵਸਾਉਣਾ, ੩. ਉਸ ਦੀ ਹੋਂਦ ਤੇ ਪਿਆਰ ਨੂੰ ਯਾਦ ਵਿਚ, ਸਿੰਮ੍ਰਤੀ ਵਿਚ ਵਸਾਉਣਾ; ਐਉਂ ਘਾਲ ਕਰਦਿਆਂ ਜਦ ਉਹ ਪਵਿਤ੍ਰ ਦਾਤਾ ਸਦਾ ਦਿਨ ਰਾਤ ਅੰਦਰ ਵਸ ਜਾਂਦਾ ਹੈ ਤਦ ਸਾਰੇ ਮਨ ਦੇ ਦਾਗ਼ ਦੂਰ ਹੋ ਜਾਂਦੇ ਹਨ ਤੇ ਹੰਸ; ਜੋ ਅੰਦਰ ਹੈ, ਨਿਰਮਲ ਤੇ ਉੱਜਲ ਹੋ ਜਾਂਦਾ ਹੈ[1]। ਗੁਰੂ ਜੀ ਇਹ ਕਹਿਕੇ ਚੁਪ ਹੋ ਗਏ।

ਮਰਦਾਨਾ ਜੋ ਲਾਗੇ ਬੈਠਾ ਸੀ ਕਹਿਣ ਲੱਗਾ:-

ਹੇ ਫਕੀਰ ! ਦਾਤਾ ਜੀ ਦੇ ਵਾਕਾਂ ਨੂੰ ਇਕ ਤੁਕ ਵਿਚ ਯਾਦ ਕਰਕੇ ਪੱਲੇ ਬੰਨ੍ਹ। ਸੁਣ:-

> ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥ {ਜਪੁਜੀ}

ਇਹ ਸਾਰ ਹਈ ਆਪ ਜੀ ਦੇ ਸਾਰੇ ਕਹੇ ਵਾਕਾਂ ਦਾ ਤੇਰੇ ਚੇਤੇ ਰੱਖਣ ਲਈ। ਹਾਂ, ਯਾਦ ਰੱਖੀਂ ਕਿ ਮੈਨੂੰ ਗੁਰੂ ਨਾਨਕ ਮਿਲਿਆ ਸੀ ਤੇ ਉਹ ਇਕ ਦਾਤ ਬਖਸ਼ ਗਿਆ ਸੀ ਤੇ ਹੁਕਮ ਕਰ ਗਿਆ ਸੀ ਕਿ 'ਸਭਨਾ ਜੀਆ ਕਾ ਇਕੁ ਦਾਤਾ' ਹੈ ਉਹ ਮੈਨੂੰ ਨਾ ਵਿਸਰੇ, ਓਹ ਮੈਨੂੰ ਕਦੇ ਨਾ ਵਿਸਰੇ, ਉਹ ਮੈਨੂੰ ਸਦਾ ਯਾਦ ਰਹੇ।

ਜਾਂ ਫਕੀਰ ਨੇ ਸੁਣਿਆਂ ਕਿ ਇਹ ਗੁਰੂ ਨਾਨਕ[2] ਹੈ ਜੋ ਮੇਰੇ ਦੁਆਰੇ ਆਇਆ ਹੈ, ਤਾਂ ਇੱਡੇ ਸ਼ੁਕਰ

---

[1]ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥ {ਜਪੁਜੀ}

[2] ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥ {ਬਿਲਾ: ਮਹਲਾ ੧}

ਪੰਚਮ ਸਤਿਗੁਰ ਦਾ ਵਾਕ ਹੈ:-

ਜਿਨ੍ਹਾਂ ਨ ਵਿਸਰੈ ਨਾਮੁ ਸੇ ਕਿਨੇਹਿਆ ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ {ਆਸਾ ਮ: ੫}

---

[1] ਕੰਚਨ ਕਾਇਆ ਨਿਰਮਲ ਹੰਸੁ। {ਮਲਾਰ ਮ:੧}

[2] ਫ਼ਕੀਰ ਨੇ ਨਾਉਂ ਤਾਂ ਸੁਣਿਆ ਹੋਇਆ ਸੀ ਚਿਰੋਕਾ, ਪਰ ਦੀਦਾਰੇ ਅੱਜ ਹੋਏ ਸਨ।

ਤੇ ਪ੍ਰੇਮ ਦੇ ਘਰ ਵਿਚ ਆਇਆ ਕਿ 'ਵਾਹ ਗੁਰ ਨਾਨਕ' 'ਵਾਹ ਗੁਰ ਨਾਨਕ' ਕਰਦਾ ਇਕ ਪ੍ਰੇਮ ਦੇ ਸਰੂਰ ਤੇ ਮਦਹੋਸ਼ੀ ਵਿਚ ਆ ਗਿਆ। ਉਸ ਦਾ ਅੰਦਰਲਾ ਪ੍ਰੇਮ ਨਾਲ ਉਛਲਿਆ ਤੇ ਵੈਰਾਗ ਨਾਲ ਧੋਤੇ ਮਨ ਵਿਚ ਹੁਣ ਇਹ ਗਿਆਨ ਹੋ ਗਿਆ ਕਿ ਜਗਤ ਗੁਰੂ ਨਾਨਕ ਮੇਰੇ ਤੇ ਤ੍ਰੁਠ ਰਿਹਾ ਹੈ ਤੇ ਇਹ ਪ੍ਰੇਮ ਅੰਦਰ ਆ ਧਸਿਆ ਕਿ ਇਹ ਮੇਰਾ ਹੈ ਗੁਰੂ ਨਾਨਕ, ਮੇਰਾ ਆਪਣਾ ਗੁਰੂ ਨਾਨਕ। ਇਸ ਵੇਲੇ ਨੈਣ ਚਾਕੇ ਤੇ ਪ੍ਰੇਮ ਨਾਲ ਭਰੇ ਨੈਣ ਖੁਹਲਕੇ ਉਸ ਨੇ ਗੁਰੂ ਨਾਨਕ ਦਾ ਦਰਸ਼ਨ ਕੀਤਾ ਤੇ ਗੁਰੂ ਨਾਨਕ ਨੇ ਆਪਣੀ ਮਿਹਰ ਦੀ ਨਦਰ ਪਾਈ, ਕੋਹੜੀ ਦਾ ਕੁਸ਼ਟ ਦੂਰ ਹੋਇਆ[1]।

ਹੁਣ ਵੀਚਾਰ ਕਰੋ ਕਿ ਕੋਹੜੀ ਨੂੰ ਗੁਰੂ ਦਾ ਦਰਸ਼ਨ ਹੋਇਆ, ਫਿਰ ਗੁਰੂ ਮਿਹਰਬਾਨ ਹੋਇਆ ਉਸ ਨੂੰ ਉਸ ਦੇ ਕਰਮਾਂ ਤੇ ਕਰਮਾਂ ਦੇ ਫਲ ਦੀ ਸੋਝੀ ਦਿਤੀ, ਜਿਸ ਨਾਲ ਉਸ ਨੂੰ ਭੈ ਪਿਆ ਤੇ ਭੈ ਨਾਲ ਵੈਰਾਗ ਹੋਕੇ ਮਨ ਤੋਂ ਭੁੱਲ ਦੀ ਮੈਲ ਲੱਥੀ। ਫਿਰ ਗੁਰੂ ਜੀ ਨੇ ਵਾਹਿਗੁਰੂ ਦੀ ਹੋਂਦ ਤੇ ਉਸ ਦੀ ਬਖਸ਼ਿਸ਼ ਦੀ ਸੋਝੀ ਬਖ਼ਸ਼ੀ, ਫੇਰ ਨਾਮ ਦੀ ਮੰਹਿਮਾਂ ਤੇ ਗਿਆਨ ਦਾਨ ਦਿਤਾ ਤੇ ਦੱਸਿਆ ਕਿ ਸਾਂਈਂ ਸਦਾ ਸੁਖੀ ਹੈ; ਸਦਾ ਸੁਖੀ ਨਾਲ ਲਗੇ ਰਹਿਣਾ ਸਦਾ ਸੁਖੀ ਕਰ ਦੇਵੇਗਾ। ਐਉਂ ਸਮਝਾਕੇ, ਸੋਝੀ ਦੇਕੇ ਫੇਰ ਨਾਮ ਦਾਨ ਕੀਤਾ। ਫੇਰ ਮਿਹਰਬਾਨ ਗੁਰੂ ਨੇ ਉਸਦਾ ਕੋਹੜ ਭੀ ਦੂਰ ਕੀਤਾ। ਕੋਹੜ ਤਾਂ ਰਾਜ਼ੀ ਕੀਤਾ ਪਰ ਕੋਹੜ ਰਾਜ਼ੀ ਕਰਕੇ ਟੁਰ ਨਹੀਂ ਗਏ ਕਿ ਮੈਂ ਪਰਉਪਕਾਰ ਤੈ ਨੇਕੀ ਕਰ ਦਿਤੀ ਹੈ, ਬੱਸ। ਸਗੋਂ ਉਸਦੀ ਅਗਿਆਨ ਦੀ ਨਿੰਦ੍ਰਾ ਖੋਹਲ ਦਿਤੀ, ਉਸਨੂੰ ਉਸ ਦੇ ਖੋਟੇ ਕਰਮਾਂ ਦੀ ਸਾਰ ਦੇਕੇ ਪਸਚਾਤਾਪ ਤੇ ਵੈਰਾਗ ਨਾਲ ਧੋ ਲਿਆ ਤੇ ਸੋਝੀ ਦੇਕੇ ਨਾਮ ਦਾਨ ਦਿਤਾ। ਅਰੋਗ ਕਰਨ ਦੇ ਨਾਲ ਉਸ ਦੇ ਅੰਦਰਲੇ ਨੂੰ ਸ਼ੁਭ ਮਾਰਗ ਤੇ ਪਾ ਦਿਤਾ। ਉਸਨੂੰ ਉਸ ਰਾਹੇ ਪਾ ਦਿਤਾ ਕਿ ਜਿਸ ਤੋਂ ਉਸ ਨੂੰ ਦਿੱਸ ਪਿਆ ਹੈ ਕਿ ਗੁਰੂ ਜੀ ਨੇ ਉਸ ਨੂੰ ਰੂਹ ਦੀ ਕਲਜਾਣ ਬਖ਼ਸ਼ੀ ਹੈ। ਸਾਰਾ ਸ਼ਬਦ ਦੱਸਦਾ ਹੈ ਕਿ ਪਰਮਾਰਥ ਦੇ ਰਸਤੇ ਪਾਕੇ ਉਸ ਦੀ ਨੀਂਦ ਖੋਹਲਕੇ ਗੁਰੂ ਜੀ ਨੇ ਉਸ ਨੂੰ 'ਹੁਣ ਤੂੰ ਕੀ ਕਰਨਾ ਹੈ' ਇਹ ਸਿਖਾਇਆ। ਰਾਹ ਪਾਕੇ ਨੈਣ ਖੋਹਲਕੇ ਕੰਮ ਦੱਸਕੇ ਤੇ ਸਿਖਾਲ ਕੇ ਕੋਹੜ ਬੀ ਰਾਜ਼ੀ ਕਰ ਦਿਤਾ ਹੈ। ਲਿਖਿਆ ਹੈ ਕਿ ਪਹਿਲੀ ਮਿਹਰਵਾਨਗੀ ਗੁਰੂ ਜੀ ਦੀ ਇਸ ਸ਼ਬਦ ਦਾ ਉਚਾਰ ਹੋਇਆ ਸੀ, ਅਰਥਾਤ ਇਹ ਉਪਦੇਸ਼ ਹੋਇਆ। ਫਿਰ ਲਿਖਿਆ ਹੈ:-ਤਬ ਦਰਸ਼ਨ ਕਾ ਸਦਕਾ ਕੋਹੜ ਦੂਰ ਹੋਇ ਗਇਆ, ਦੇਹੀ ਹੱਛੀ ਹੋਈ, ਆਇ ਪੈਰੀ ਪਇਆ, ਨਾਉ ਧਰੀਕ ਹੋਆ, ਗੁਰੂ ਗੁਰੂ ਲੱਗਾ ਜਪਣੈ[1]। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਉਸ ਦੀ ਦੇਹ ਅਰੋਗ ਹੋ ਗਈ, ਮਨ ਦੇ ਸੋਗ ਬੀ ਨਾਲ ਹੀ ਬਿਨਸ ਗਏ, ਬੁੱਧੀ ਨਿਰਮਲ ਹੋ ਗਈ, ਮਨ ਦੀ ਮੈਲ ਕੱਟੀ ਗਈ[2]।

੩.

**ਉਪਰ** ਜੋ ਗੁਫਤਗੂ ਆਈ ਹੈ ਸੋ ਖੁੱਲ੍ਹੀ ਟੀਕਾ ਹੈ ਉਸ ਸ਼ਬਦ ਦੀ ਜੋ ਇਸ ਪਰਿਥਾਇ ਗੁਰੂ ਜੀ ਦਾ ਉਚਾਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਤੇ ਇਹ ਸਾਰੀ ਗੁਰਮਤਿ ਇਸੇ ਸ਼ਬਦ ਵਿਚ ਹੈ। ਸ੍ਰੀ ਗੁਰੂ ਜੀ ਲੋਕਾਂ ਨਾਲ ਗੱਲਾਂ ਤਾਂ ਗੱਲ ਬਾਤ ਵਾਂਙੂ ਹੀ ਕਰਦੇ ਸਨ, ਮਗਰੋਂ ਜੋ ਉਸ ਗੱਲ ਬਾਤ ਦਾ ਤੱਤ ਸਾਰ ਹੁੰਦਾ ਸੀ ਸੋ ਸਭਨਾਂ ਦੇ ਉਧਾਰ ਦਾ ਕਾਰਨ ਬਣਨ ਲਈ ਸਰਬ ਕਾਲੀ ਸੱਚ ਦੀ ਸੂਰਤ ਵਿਚ ਸ਼ਬਦ ਵਿਚ ਰਚ ਦੇਂਦੇ ਸਨ। ਕਦੇ ਧੁਰੋਂ ਕੋਈ ਅਮਰੀ ਰੌ ਆਉਂਦੀ ਸੀ ਤੇ ਸ਼ਬਦ ਉਚਾਰਦੇ ਸੀ। ਕਦੇ ਕਿਸੇ ਪਰਿਥਾਇ ਤਤਕਾਲ ਸ੍ਰੀ ਗੁਰੂ ਜੀ ਸ਼ਬਦ ਉਚਾਰਦੇ ਸਨ ਤੇ ਮਰਦਾਨੇ ਨੂੰ ਗਾਉਣ ਦਾ ਹੁਕਮ ਹੁੰਦਾ ਸੀ। ਜੋ ਉਸ ਸ਼ਬਦ ਵਿਚ ਮਹਾਰਾਜ ਕਥਨ ਕਰਦੇ ਸਨ ਉਹ ਉਸ ਵੇਲੇ ਦਾ ਉਪਦੇਸ਼ ਹੁੰਦਾ ਸੀ, ਪਰ ਉਹ ਸਰਬ ਕਾਲ ਸਰਬ ਦੇ ਭਲੇ ਦਾ ਹੁੰਦਾ ਸੀ। ਸੋ ਸ੍ਰੀ ਮੁਖ ਤੋਂ ਉਚਾਰੇ ਗਏ ਸ਼ਬਦ ਦਾ ਖੁੱਲ੍ਹਾ ਅਭਿਪ੍ਰਾਇ, ਉਪਰਲੀ ਗੱਲ ਬਾਤ ਵਿਚ ਆ ਗਿਆ ਹੈ। ਹੁਣ ਸ਼ਬਦ ਤੇ ਸ਼ਬਦ ਦਾ ਸਾਰਾ ਪਾਠ ਤੁਕ ਵਾਰ ਇਹ ਹੈ:-

---

[1] ਕਲਿਪਤਰ ਰੋਗ ਬਿਦਾਰੁ ॥ {ਸਵ:ਮ:੨ ਕੇ}

ਪੁਨਾ:-ਪ੍ਰਥਮੇ ਮਿਟਿਆ ਤਨ ਕਾ ਦੂਖ ॥ ਮਨ ਸਗਲ ਕਉ ਹੋਆ ਸੂਖੁ ॥ {ਆਸਾ ਮ:੫}

[1] ਪੁਰਾਤਨ ਜਨਮ ਸਾਖੀ।

[2] ਨਿਰਮਲ ਭਈ ਮਨੀਖਾ ਤਬਿਹੀ ॥ ਮਨ ਮਲੀਨਤਾ ਨਾਸੀ ਸਭਿਹੀ ॥ {ਗੁ: ਨਾ: ਪ੍ਰ:}

ਧਨਾਸਰੀ ਮਹਲਾ ੧ ॥
ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥੧॥ ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ॥੧॥ ਰਹਾਉ ॥ ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥ ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥੨॥ ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ॥ ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ ॥੩॥ ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥

ਇਸ ਸ਼ਬਦ ਦਾ ਜੇ ਟੀਕਾ ਮਾਤ੍ਰ ਹੀ ਕਰੀਏ ਤਾਂ ਤੁਸੀਂ ਸਾਫ਼ ਸਮਝ ਲਵੋਗੇ ਕਿ ਇਸ ਵਿਚ 'ਪੱਕਾ ਰੋਗੀ' ਤੇ ਉਸ ਦੇ ਵਿਰਲਾਪ, ਤਪਣ, ਖਪਣ ਤੇ ਬਹੁਤਾ ਬੋਲਣ ਦਾ ਜ਼ਿਕਰ ਹੈ। ਪੱਕਾ ਰੋਗ 'ਕੋਹੜ' ਦਾ ਨਾਮ ਹੈ। ਫਿਰ ਪਰਮੇਸ਼ੁਰ ਦੇ ਬਿਨ ਬੋਲੇ ਜਾਣਨ ਦੀ ਸ਼ਕਤੀ ਇਸ ਸ਼ਬਦ ਵਿਚ ਦੱਸੀ ਹੈ, ਜੀਵ ਨੂੰ ਆਪਣੇ ਰਚੇ ਜਾਣ ਤੇ ਦਾਤਾਂ ਦੇਣ ਵਾਲੇ ਦਾਤਾਰ ਵਲੋਂ ਭੁੱਲ ਪੈ ਜਾਣ ਦਾ ਇਸ ਵਿਚ ਜ਼ਿਕਰ ਹੈ ਤੇ ਭੁੱਲਕੇ ਮੋਹ ਪ੍ਰੀਤਾਂ ਸੁਆਦਾਂ ਵਿਚ ਪੈਕੇ ਦੋਸ਼ ਕਮ ਾਉਣ ਤੇ ਉਹਨਾਂ ਦੇ ਦਾਗਾਂ ਦਾ ਤੇ ਦਾਗ਼ਾਂ ਦੇ ਫਲ ਦੀ ਵਿਆਖਿਆ ਹੈ। ਫੇਰ ਡੁੱਬਿਆਂ ਦੀ ਬੀ ਸਾਂਈਂ ਸਾਰ ਲੈਂਦਾ ਹੈ ਤੇ ਉਹ ਦਾਤਾਰ ਮਿਹਰ ਕਰਦਾ ਹੈ, ਇਹ ਗੱਲ ਬੀ ਦੱਸੀ ਹੈ। ਉਹ ਮਿਹਰ ਨਾਮ ਦੀ ਬਖਸ਼ਿਸ਼ ਹੈ, ਨਾਮ ਦਾਗ਼ ਧੋਂਦਾ ਹੈ, ਡੁੱਬੇ ਤਾਰਦਾ ਹੈ, ਇਹ ਸੱਚ ਬੀ ਦਰਸਾਇਆ ਹੈ। ਹੁਣ ਇਹ ਸ਼ਬਦ ਉਸ ਪਰਥਾਇ ਹੋਇਆ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ। ਇਸ ਵਿਚ ਗੱਲ ਬਾਤ ਬੀ ਹੈ ਤੇ ਤੱਤਸਾਰ ਬੀ ਹੈ ਤੇ ਜੋ ਸਰਬ ਕਾਲੀ ਹਰੇਕ ਤੇ ਘਟਣ ਵਾਲਾ ਉਪਦੇਸ਼ ਹੈ ਸੋ ਬੀ ਇਸ ਵਿਚ ਹੈ।

ਧੰਨ ਗੁਰੂ ਨਾਨਕ ਹੈ ਜਿਨ੍ਹੇ ਜਗਤ ਇਸ ਸੁਹਣੇ ਤ੍ਰੀਕੇ ਨਾਲ ਤਾਰਿਆ ਕਿ ਜੋ ਕਿਸੇ ਦਾ ਦੁਖ ਦੂਰ ਕੀਤਾ ਤਾਂ ਉਸ ਦੇ ਮਨ ਨੂੰ ਪਲਟਾ ਦੇਕੇ, ਜੋ ਮੁੜ ਪਾਪਾਂ ਵਿਚ ਨਾ ਜਾਵੇ ਤੇ ਪੁੰਨੀ ਹੋ ਜਾਵੇ, ਇਸ ਲਈ ਨਾਮ ਦੇ ਲੜ ਲਾ ਦਿਤਾ ਉਸ ਨੂੰ।

ਜਗਤ ਦੁਖੀ ਹੈ, ਗੁਰੂ ਜੀ ਨੇ ਬੀ ਦੁਖੀ ਡਿੱਠਾ ਸੀ ਤੇ ਦਾਰੂ ਬੀ ਦੱਸਿਆ ਸੀ:-

'ਨਾਨਕ ਦੁਖੀਆ ਸਭੁ ਸੰਸਾਰੁ॥'

{ਗ: ਕੀ ਵਾਰ ਮਹਲਾ ੧}

'ਮੰਨੇ ਨਾਉ ਸੋਈ ਜਿਣਿ ਜਾਇ॥ਅਉਰੀ ਕਰਮ ਨ ਲੇਖੈ ਲਾਇ॥'{ਗ:ਕੀ ਵਾਰ ਮਹਲਾ ੧}

ਫੇਰ ਦੇਖੋ ਇਹ ਜੋ ਅਸੂਲ ਉਪਰ ਕਥੇ ਪ੍ਰਸੰਗ ਤੇ ਗੁਰਵਾਕ ਤੋਂਨ ਸਮਝੇ ਪੈਂਦਾ ਹੈ ਉਹੋ ਅਸੂਲ ਪੰਜਵੇਂ ਜਾਮੇ ਸ੍ਰੀ ਗੁਰੂ ਜੀ ਨੇ ਸਾਡੀ ਮੰਦੀ ਬੁੱਧ ਲਈ ਹੋਰ ਸੌਖਾ ਕਰਕੇ ਸਾਫ ਦੱਸਿਆ ਹੈ:-

ਕਵਨੁ ਕਵਨੁ ਨਹੀ ਪਤਰਿਆ ਤੁਮ੍ਰੀ ਪਰਤੀਤਿ ॥ ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥ ੧ ॥ ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥ ੧ ॥ ਰਹਾਉ ॥ ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ ॥ ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥ ੨ ॥ ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩ ॥ ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥ ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ ॥ ੪ ॥

{ਬਿਲਾ: ਮ: ੫}

ਇਸ ਵਿਚ ਕਿਸ ਤਰ੍ਹਾਂ ਸਾਫ ਸਾਫ ਪਏ ਦੱਸਦੇ ਹਨ ਕਿ ਹੇ ਮਨ ਤੂੰ ਕਿਸ ਕਿਸ ਨੂੰ ਨਹੀਂ ਡੇਗਿਆ; ਜਪ ਤਪ ਸੰਜਮ ਦੀ ਤੂੰ ਪੇਸ਼ ਨਹੀਂ ਜਾਣ ਦਿਤੀ। ਪੰਜਾਂ ਠੱਗਾਂ ਦੇ ਵੱਸ ਪੈਕੇ ਤੂੰ ਕੀਹ ਕੀਹ ਦੁਖ ਨਹੀਂ ਦਿੱਤੇ। ਦਾਰੂ ਕੀ ਦੱਸਦੇ ਹਨ ਕਿ ਸਤਿਸੰਗ ਕਰੋ ਤੇ ਸਿਮਰਨ ਕਰੋ ਉਸ ਦੇ ਨਾਮ ਦਾ। ਰਹਾਉ ਵਿਚ ਫਿਰ ਸਾਫ ਤੇ ਮਨ ਨੂੰ ਧ੍ਰਿਕਾਰ ਦੇਣ ਵਾਲੀ ਬੋਲੀ

ਵਿਚ ਅਸੂਲ ਦੱਸਦੇ ਹਨ: ਇਹ ਮਨ ਖੋਤੇ ਦੀ ਨਿਆਈਂ ਹੈ, ਇਸ ਨੂੰ ਅਗਾੜੀ ਪਿਛਾੜੀ ਬੱਝੀ ਰਹੇ ਤਾਂ ਠੀਕ ਹੈ, ਜੇ ਖੋਹਲੋ ਤਾਂ ਸੁਆਹ ਵਿਚ ਲੇਟੇਗਾ ਤੇ ਆਪਣੇ ਸਿਰ ਬੀ ਪਾਊ ਤੇ ਲੋਕਾਂ ਦੇ ਬੀ, ਤਾਂ ਤੇ ਇਸ ਦੀ ਪਿਛਾੜੀ ਤਦ ਖੋਹਲੋ ਜਦ ਛੱਟ ਉਪਰ ਲੱਦ ਲਵੋ ਤਾਂ। ਸ਼ਬਦ ਦੀ ਵਿਵੇਚਨਾ ਤੋਂ ਸਮਝ ਆ ਜਾਂਦੀ ਹੈ ਕਿ ਇਸ ਮਨ ਨੂੰ ਵਾਹਿਗੁਰੂ ਦੇ ਨਾਮ ਨਾਲ ਪ੍ਰੋ ਲਓ ਤਾਂ ਇਸ ਨੂੰ ਵਿਆਪੇ ਦੁਖਾਂ ਤੋਂ ਕੋਈ ਖੁੱਲ੍ਹ ਦਿਓ। ਅਰਥਾਤ ਦੁਖਾਂ ਸੁਖਾਂ ਨਾਲ ਵੇਹੜੇ ਜੀਵਾਂ ਨੂੰ ਪਹਿਲਾਂ ਗੁਰਬਾਣੀ ਪਾਠ ਦੀ ਸੋਝੀ ਦੇਕੇ ਨਾਮ ਵਿਚ ਲਾਓ ਤਾਂ ਸ਼ਰੀਰਕ ਦੁਖਾਂ ਤੋਂ ਛੁਡਾਓ। ਮਤਲਬ ਇਹ ਕਿ ਸਭ ਤੋਂ ਵਡਾ ਉਪਕਾਰ ਦੁਖ ਨਿਵਿਰਤੀ ਦਾ ਉਹ ਹੈ ਜਿਸ ਨਾਲ ਦੁਖਾਂ ਦੀ ਜੜ੍ਹ ਕਟ ਜਾਵੇ। "ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥" ਜੀਵ ਸ਼ਰੇਣੀ ਦੇ ਸਾਧੂ ਉਤਨਾ ਕੁਛ ਤਾਂ ਨਹੀਂ ਕਰ ਸਕਦੇ ਜੋ ਅਵਤਾਰ ਗੁਰੂ ਕਰ ਸਕਦਾ ਹੈ, ਪਰ ਜੇ ਕਿਸੇ ਸੰਤ ਸਾਧੂ ਨੂੰ ਕਿਸੇ ਦੀ ਖੇਦ ਨਵਿਰਤੀ ਦਾ ਚਾਉ ਆਵੇ ਤਾਂ ਉਸ ਦੁਖੀਏ ਨੂੰ ਬਾਣੀ ਦੇ ਨਾਮ ਵਿਚ ਲਾਵੇ ਤੇ ਦੱਸੇ ਕਿ ਇਹ ਨਾਮ ਆਪ ਦਾ ਦੁਖ ਦੂਰ ਕਰੇਗਾ। ਮੇਰੀ ਸ਼ਕਤੀ ਨਾਲ ਜੇ ਤੂੰ ਬੀਮਾਰੀ ਤੋਂ ਵੱਲ ਹੋਣਾ ਹੈ ਤਾਂ ਫੇਰ ਦੁਖ ਵਿਚ ਫਸੇਂਗਾ ਤੇ ਜੇ ਉਹ ਸ਼ਕਤੀ, ਜੋ ਤੂੰ ਮੇਰੇ ਵਿਚ ਸਮਝਦਾ ਹੈਂ, ਤੂੰ ਆਪ ਲੈ ਲਵੇਂ ਤਾਂ ਤੂੰ ਆਪ ਵੈਦੰਗੀ ਸਿੱਖ ਗਿਆ। ਤਾਂਤੇ ਤੂੰ ਬਾਣੀ ਤੇ ਨਾਮ ਵਿਚ ਲੱਗ।

ਉਪਕਾਰ ਕਰੋ, ਸੇਵਾ ਕਰੋ ਜਗਤ ਦੁਖੀ ਹੈ, ਪਰ ਜਿਸ ਦਾ ਭਲਾ ਕਰਨ ਨੂੰ ਚਿਤ ਕਰੇ ਉਸ ਨੂੰ ਰੱਬ ਦੇ ਰਸਤੇ ਲਾ ਦਿਓ। ਇਸ ਨਾਲ ਉਸ ਦਾ ਮਨ ਸੁਧਰੇਗਾ, ਵੀਚਾਰ ਵਧੇਗੀ, ਸਾਂਈਂ ਨਾਲ ਨਿਹੁੰ ਲੱਗੇਗਾ ਤੇ ਦੁਖ ਆਪੇ ਦੂਰ ਹੋਣਗੇ। ਜੋ ਕੁਛ ਸਰ ਬਣ ਆਵੇ ਭਲਾ ਕਰ ਦਿਓ। ਭਲਾ ਕਰੋ, ਪਰ ਸਾਂਈਂ ਦਾ ਹੁਕਮ ਜਾਣਕੇ, ਹਉਂ ਧਾਰਕੇ ਨਾ ਕਰੋ। ਹੁਕਮ ਵਿਚ ਕੀਤੇ ਕੰਮ ਹਉਂ ਨਹੀਂ ਪੈਣ ਦਿੰਦੇ ਤੇ ਉਨ੍ਹਾਂ ਦਾ ਫਲ ਬੀ ਮਾੜਾ ਨਹੀਂ ਲਗਦਾ।

ਨਾਮ ਜਪਣਾ ਸਾਡਾ ਪਹਿਲਾ ਧਰਮ ਹੈ। ਆਪ ਜਪਕੇ ਹੋਰਨਾਂ ਨੂੰ ਜਪਾਉਣਾ ਇਹ ਗੁਰੂ ਦਾ ਹੁਕਮ ਹੈ, ਹੁਕਮ ਸਮਝਕੇ ਕਾਰ ਕਰਨੀ ਮੁਕਤ ਰੂਪ ਹੈ। ਭਲਾ ਕਰਨਾ ਸਿੱਖ ਦਾ ਸੁਭਾਵ ਹੈ, ਇਹ ਭੀ ਹੁਕਮ ਸਮਝਕੇ ਕਰਨਾ ਹੈ। ਜੋ ਦੁਖ ਸੁਖ ਆਉਣ ਇਹ ਭੀ ਹੁਕਮ ਸਮਝਣੇ ਹਨ।

ਸੂਚਨਾ-ਇਥੋਂ ਕਸੂਰ ਪੱਟੀ ਹੁੰਦੇ ਉਪਰ ਰੁਖ਼ ਨਦੀ ਕੰਢੇ ਜਾਂਦੇ ਬਜਾਸਾ ਪਾਰ ਹੋ ਆਪ ਸੁਲਤਾਨਪੁਰ ਅੱਪੜੇ। ਬੇਬੇ ਜੀ ਯਾਦ ਕਰ ਰਹੇ ਸੇ, ਉਹਨਾਂ ਨੂੰ ਮਿਲੇ। ਭਾਈਆ ਜੀ ਨੂੰ ਰੱਬ ਦੇ ਰਸਤੇ ਲਾਇਆ ਤੇ ਲੋਧੀ ਨਵਾਬ ਨੂੰ ਦਰਸ਼ਨ ਦੇਕੇ ਨਿਹਾਲ ਕੀਤਾ। ਸੁਲਤਾਨ ਪੁਰੋਂ ਪੂਰਬ ਰੁਖ ਹੁੰਦੇ ਸਤਲੁਜੋਂ ਪਾਰ ਹੋ ਉੱਤਰ ਨੂੰ ਜਾ ਨਿਕਲੇ ਜਿਥੇ ਅੱਜ ਕੱਲ ਕੀਰਤਪੁਰ ਹੈ। ਇਥੋਂ ਦਾ ਹਾਲ ਅੱਗੇ ਦਿੱਤੇ ਗੀਤ ਤੋਂ ਅਗਲੇ ਪ੍ਰਸੰਗ ਵਿਚ ਹੈ:-

## ਗੀਤ[1]।

ਸ਼ੁਕਰਾਨਾ!

{ਰਾਗ-ਮਾਲਕੌਂਸ। ਤਾਰ-੩}

ਟੇਕ-ਕਰ ਮਨ ਸ਼ੁਕਰ ਸ਼ੁਕਰ ਸ਼ੁਕਰਾਨਾ;

ਰਹਿਮਤ ਮਿਲੀ, ਮਿਲੀ ਆ ਰਹਿਮਤ, ਰਹਿਮਤ ਦਾ ਸ਼ੁਕਰਾਨਾ।
ਖ਼ਬਰ ਖ਼ੁਸ਼ੀ ਦੀ ਅਰਸ਼ੋਂ ਆਈ, ਵਜਦਾ ਪਜਾ ਸ਼ਦਿਯਾਨਾ:-
"ਹੁਣ ਗ਼ਮ ਖਾ ਨਾ, ਹੁਣ ਗ਼ਮ ਖਾ ਨਾ, ਹੁਣ ਗ਼ਮ ਖਾ ਨਾ, ਖਾ ਨਾ,
"ਗ਼ਮ ਦਿਲ ਤੇਰਾ ਧੋ ਦਿੱਤਾ ਹੁਣ, ਬਖ਼ਸ਼ਜਾ ਖੁਸ਼ੀ ਖ਼ਜ਼ਾਨਾ।
"ਸਿਫਤ ਸਲਾਹ ਦਾ ਪੀ ਇਹ ਪਜਾਲਾ, ਪੀ ਤੇ ਬੁੱਲ੍ਹ ਹਿਲਾ ਨਾ।
"ਨੂਰ-ਝਮਾਕਾ ਆਇਆ ਈ ਲੈ, ਸਹਿ ਨਿਜ ਨੂੰ ਭੁੱਲ ਜਾ ਨਾ।"
ਤਦ ਇਕ ਨੂਰ ਝਮਾਕਾ ਵੱਜਾ, ਕੀਤਾ ਉਨ ਬੇਗਾਨਾ।
ਵਿਸਮ, ਵਿਸਮ, ਬੇ-ਖ਼ੁਦ, ਬੇ- ਖ਼ੁਦ ਹੋ, ਖੁਲ੍ਹਿਆ ਭੇਤ ਲੁਕਾਨਾ;
ਪ੍ਰੀਤਮ ਸੀ ਛੁਪਿਆ ਮੈਂ ਉਹਲੇ, ਹੁਣ ਉਸ ਹੋ ਮਿਹਰਵਾਨਾ
ਨਿਜ ਸਰੂਪ ਦੇ ਸ਼ੀਸ਼ੇ ਲੈ ਲਜਾ, ਉਹਲਾ ਦੂਰਿ ਮਿਟਾਨਾ।
ਪੀਰ ਮਹਿੰਡਾ ਧੰਨ ਗੁਰੂ ਨਾਨਕ, ਕਰ ਮਨ ! ਉਸ ਸ਼ੁਕਰਾਨਾ।
ਜਿਸ ਕਰ ਮਿਹਰ ਉਚਾਯਾ ਧੂੜੋਂ, ਉਸ ਦਾ ਕਰ ਸ਼ੁਕਰਾਨਾ।
ਚਰਨ-ਧੂੜ ਗੁਰ ਨਾਨਕ ਪਾਰਸ, ਉਸ ਵਿਚ ਰਲ, ਰੁਲ ਜਾਨਾ:-
ਝੋਲੀ ਚੜ੍ਹਨ ਅਰਸ਼ ਦੀ, ਸਖੀਏ! ਹੁਸਨਾਂ ਲੈ ਗਲ ਲਾਨਾ।
ਸ਼ੁਕਰ ਸ਼ੁਕਰ ਗੁਰ ਨਾਨਕ! ਤੇਰੀ ਰਹਿਮਤ ਦਾ ਸ਼ੁਕਰਾਨਾ।
ਜਿਨ ਦੁਖ ਕੱਟ ਅਮਰ ਸੁਖ ਅੰਦਰ ਦਿੱਤਾ ਲਾਇ ਟਿਕਾਨਾ।
ਧੰਨ ਗੁਰ ਨਾਨਕ, ਧੰਨ ਗੁਰ ਨਾਨਕ, ਸ਼ੁਕਰਾਨਾ, ਸ਼ੁਕਰਾਨਾ।
ਤੇਰੀ ਰਹਿਮਤ ਦਾ ਗੁਰ ਨਾਨਕ! ਲਖ ਲਖ ਹੈ ਸ਼ੁਕਰਾਨਾ।

## ੪੬. ਬੁੱਢਣ ਸ਼ਾਹ[2]।

੧. {ਵਿਸਮਾਦੁ}

ਅਸਚਰਜ ! ਹੈ,

**ਕਾਲੀ** ਬੋਲੀ ਰਾਤ ਕਿੱਧਰ ਗਈ? ਇਹ ਚਿੱਟਾ ਚਾਨਣਾ ਕਿਧਰੋਂ ਆ ਗਿਆ? ਵਾਹਵਾ! ਵਿਸਮਾਦ! ਹੈ,

ਹੈਂ, ਇਹ ਪੂਰੇ ਵਲੋਂ ਲਾਲੀ-ਭਖ ਕੇਹੀ? ਏਸ ਨੀਲੇ ਸਰਪੋਸ਼ ਨੂੰ ਕੌਣ ਸੁਨਹਿਰੀ ਕਰ ਗਿਆ? ਅਹਾ ਹਾ, ਕਿਆ ਸੁਆਦਦਾਰ ਤੇ ਸ਼ਾਨਦਾਰ

---

[1] ਇਹ ਗੀਤ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ: ੪੬੮ (੧੯੩੭ ਈ:) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

[2] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੬ (੧੯੧੫ ਈ:) ਦੇ ਗੁਰਪੁਰਬ ਪੁੰਨਮ ਪਰ ਪ੍ਰਕਾਸ਼ਿਆ ਸੀ ਇਸ ਦੇ ਤ੍ਰੈ ਹਿੱਸੇ ਹਨ ਇਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਰਤਿਆ, ਜੋ ਇਥੇ ਆਇਆ ਹੈ, ਦੂਜਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੇ ਤੀਜਾ ਦਸਮ ਪਾਤਿਸ਼ਾਹ ਜੀ ਦੇ ਵੇਲੇ, ਬਾਕੀ ਪ੍ਰਸੰਗ ਲਈ ਦੇਖੋ ਅਸ਼ਟ ਗੁਰੂ ਚਮਤਕਾਰ ਭਾਗ ਤੀਜਾ ਪੰਨਾ-੧੨੯ ਅਤੇ 'ਕਲਗੀਧਰ ਚਮਤਕਾਰ' (ਪੂਰਬਾਰਧ) ਪੰਨਾ ੯੬ ਵਿਖੇ "ਮੇਰਾ ਦੁੱਧ (ਬੁੱਢਣ ਸ਼ਾਹ)" ਨਾਮੇ ਪ੍ਰਸੰਗ।

ਨਜ਼ਾਰਾ ਹੈ, ਵਾਹ ਵਾ!

ਅਦਭੁਤ! ਹੈ,

ਕੇਹੀ ਗੋਲ ਗੋਲ ਚਾਨਣੇ ਦੀ ਡਲ੍ਹਕਦੀ ਟਿਕੀ ਅਸਮਾਨ ਤੇ ਧਰਤੀ ਦੀ ਸੰਨ੍ਹ ਵਿਚੋਂ ਨਿਕਲ ਰਹੀ ਹੈ, ਕੈਸਾ ਅਦਭੁਤ ਦਰਸ਼ਨ ਹੈ, ਰੰਗ ਹੈ, ਰੂਪ ਹੈ, ਤੇਜ ਹੈ, ਮਸਤੀ ਦੀ ਫੁਹਾਰ ਹੈ, ਸੁਹੱਪਣ ਦਾ ਫੁਟਾਲਾ ਹੈ, ਵਾਹ ਵਾ!

ਪਰਮ ਅਦਭੁਤ !ਹੈ,

ਟਿੱਕੀ ਦਾ ਕਿਵੇਂ ਤੇਜ ਵਧ ਗਿਆ? ਪੰਘਰੇ ਹੋਏ ਸੋਨੇ ਦੀਆਂ ਡਲ੍ਹਕਾਂ ਵਾਲੀ ਟਿੱਕੀ ਹੈ ਕਿ ਪ੍ਰਕਾਸ਼ ਦਾ ਲਹਿਰਾਉ ਹੈ, ਅਚਰਜੋ ਅਚਰਜ ਵਧ ਗਏ, ਅਸਚਰਜ ਦਾ ਅਨੂਠਾ ਚੜ੍ਹਦਾ ਜੋਬਨ ਹੈ, ਡਲ੍ਹਕ ਦਰ ਡਲ੍ਹਕ, ਲਿਸ਼ਕਾਰ ਦਰ ਲਿਸ਼ਕਾਰ : ਵਾਹ ਵਾ!

ਪਰਮ ਪਰਮਾਦਭੁਤ! ਹੈ,

ਚਾਨਣੇ, ਤੇਜ, ਗਰਮੀ, ਸੁਹਾਉ ਡਲ੍ਹਕ ਦਰ ਡਲ੍ਹਕ ਵਿਚੋਂ ਲਾਸਾਂ ਛੁੱਟੀਆਂ, ਅਚਰਜ ਹੱਦੋਂ ਟੱਪ ਗਿਆ। ਕਿਰਨਾਂ ਖਿੱਲਰੀਆਂ, ਜਗ ਮਗ ਕਿਰਨਾਂ ਫੈਲੀਆਂ; ਅਕਾਸ਼, ਧਰਤ ਪੁਲਾੜ ਨੂਰ ਨਾਲ ਭਰ ਗਏ, ਕਿਸ ਗੰਭੀਰਤਾ ਨਾਲ ਕਿਸ ਗਜ ਗਮਨੀ ਚਾਲ[੧] ਨਾਲ, ਲਾਲ ਲਾਲ ਡਲ੍ਹਕ ਦਾਰ, ਝਲਕਦਾਰ, ਆਬਦਾਰ, ਨਸ਼ੇਦਾਰ, ਨਖਰੇਦਾਰ ਢਾਲ ਨਾਲ ਟਿੱਕੀ ਉੱਚੀ ਚੜ੍ਹੀ ਆਉਂਦੀ ਹੈ। ਪਰਮ ਅਦਭੁਤ ਤੋਂ ਪਰਮਾਦਭੁਤ ਹੋ ਗਿਆ। ਵਾਹ ਵਾਹ, ਵਿਸਮਾਦ ਦਾ ਸੁਆਦ ਆ ਗਿਆ, ਦਰਸ਼ਨ ਹੈ ਕਿ ਨਿਰਾ ਬਿਸਮਾਦ ਹੈ।

ਹਾਂ, ਭਈ 'ਬਿਸਮਾਦ' ਜਦ ਝਲਕਾਰਾ ਮਾਰੇ ਤਾਂ ਏਹੋ ਕੁਛ ਕਰ ਦੇਂਦਾ ਹੈ। ਦੇਖੋ ਭਾਈ ਗੁਰਦਾਸ ਜੀ ਨੂੰ ਬਿਸਮਾਦ ਨੇ ਲਿਸ਼ਕਾਰਾ ਮਾਰਿਆ ਮਸਤ ਹੋ ਗਏ, ਅਮਸਤ ਹੋ ਗਏ, ਮਗਨ ਹੋ ਗਏ, ਅਮਗਨ ਹੋ ਗਏ। ਫੇਰ ਓਸ ਦਾ ਪਤਾ ਐਉਂ ਦਿਤਾ:-

"ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ, ਬੁਧ ਕੀ ਨ ਬੁਧ ਰਹੀ ਮਤਿ ਮੈ ਨ ਮਤਿ ਹੈ। ਸੁਰਤਿ ਮੈਂ ਨ ਸੁਰਤਿ ਔ ਧਯਾਨ ਮੈ ਨ ਧਯਾਨ ਰਹਯੋ ਗਯਾਨ ਮੈਂ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ। ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ, ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ। ਅਦਭੁਤ ਪਰਮਦਭੁਤ ਬਿਸਮੈ ਬਿਸਮ, ਅਸਚਰਜੈ ਅਸਚਰਜ ਅਤਿ ਅਤਿ ਹੈ।"

ਭਾਈ ਗੁਰਦਾਸ ਜੀ ਦਾ ਦਰਸ਼ਨ ਬੜਾ ਉੱਚਾ ਹੈ, ਬਿਸਮਾਦ ਦਾ ਰੂਪ ਜੋ ਆਪ ਨੇ ਕਥਨ ਕੀਤਾ ਹੈ, ਪੂਰਨ ਬਿਸਮਾਦ ਦਾ ਹੈ, ਜੋ ਇਲਾਹੀ ਸੁੰਦਰਤਾ ਦੇ ਜਲਵੇ ਤੋਂ ਉਨ੍ਹਾਂ ਉਤੇ ਪਿਆ। ਸੁੰਦਰਤਾ ਦਾ ਇਕ ਝਲਕਾ ਜੋ ਮਾਰ ਕਰ ਸਕਦਾ ਹੈ ਉਸ ਦੇ ਸੁਆਦਲੇ ਘਾਉ, ਰਸ ਭਰੇ ਅਸਰ ਤੇ ਮਗਨਤਾਈਆਂ ਦਾ ਵਰਣਨ ਏਹੋ ਹੈ।

ਜੇ ਕੋਈ ਪੁੱਛੇ ਕਿ ਸੂਰਜ ਤਾਂ ਰੋਜ਼ ਚੜ੍ਹਦਾ ਹੈ, ਸੂਰਜ ਚੜ੍ਹੇ ਤੇ ਕੀ ਬਿਸਮਾਦ? ਠੀਕ ਹੈ, ਸੱਜਣਾਂ! ਜਮਾਂਦਰੂ ਹਨੇਰੀ ਕੋਠੜੀ ਵਿਚ ਪਲਦੋਂ, ਜੁਆਨ ਕਰਕੇ ਤੜਕਸਾਰ ਪੂਰੇ ਵਲ ਮੂੰਹ ਕਰਕੇ ਤੈਨੂੰ ਖੜਾ ਕਰ ਦਿਤਾ ਜਾਂਦਾ, ਫੇਰ ਜੇ ਸੂਰਜ ਦਾ ਹੀ ਦਰਸ਼ਨ ਬਿਸਮਾਦ ਵਿਚ ਬੇਸੁਧ ਨਾ ਕਰ ਦੇਂਦਾ ਤਾਂ ਪੁੱਛਦੇ। ਜਾਂ ਭਾਈ, ਪੁਛ ਸ੍ਰਿਸ਼ਟੀ ਦੇ ਸਭ ਤੋਂ ਪਹਿਲੇ ਮਨੁੱਖ ਨੂੰ, ਕੀ ਸੂਰਜ ਪ੍ਰਕਾਸ਼ ਦੇ ਪਹਿਲੇ ਦਰਸ਼ਨ ਨੇ ਉਸ ਨੂੰ ਕੀ ਲਹਿਰਾ ਦਿੱਤਾ ਸੀ।

ਹੁਣ ਮਨੁੱਖ ਸਿਆਣਾ ਹੋ ਗਿਆ, ਅਕਲੱਈਆ ਹੋ ਗਿਆ, ਗਿੱਝ ਗਿਆ। ਖਿੜੀ ਰਾਤ ਦੇ ਅੰਬਰ ਦਾ ਅਸਚਰਜ ਨੀਲ ਉਸ ਦੇ ਦਿਲ ਉਤੇ ਅਚਰਜਤਾ ਦੀ ਸੱਟ ਨਹੀਂ ਮਾਰਦਾ, ਛਟਕੀ ਤਾਰਿਆਂ ਜੜੀ ਰਾਤ ਹੈਰਾਨੀ ਵਿਚ ਨਹੀਂ ਲੈ ਉਡਦੀ, ਚਾਂਦਨੀ ਉਸ ਨੂੰ ਸਿਫਤ ਸਲਾਹ ਵਿਚ ਨਹੀਂ ਡੋਬਦੀ, ਸੂਰਜ ਦਾ ਉਦੈ ਹੋਣਾਂ ਉਸ ਨੂੰ ਬਿਸਮਾਦ ਵਿਚ ਨਹੀਂ ਪਾਉਂਦਾ, ਬਿਜਲੀ ਦੀ ਲਿਸ਼ਕ ਤੇ ਕੜਕ ਉਸ ਨੂੰ ਮਨ ਹਰਨੇ ਅਦਭੁਤ ਵਿਚ ਨਹੀਂ ਲੈ ਜਾਂਦੀ। ਅੱਗ ਰੋਜ਼ ਬਾਲਦਾ ਹੈ, ਪਰ ਕਦੇ ਹੈਰਤ ਵਿਚ ਨਹੀਂ ਆਇਆ ਕਿ ਇਹ ਕੀ ਹੈ? ਚੱਲਦੇ ਪਾਣੀ, ਡਿੱਗਦੇ ਪਾਣੀ, ਅਡੋਲ ਸ਼ਾਂਤ ਖੜੇ ਪਾਣੀ, ਉੱਬਲਦੇ ਪਾਣੀ ਉਸ ਨੂੰ ਭਚਿੱਤ੍ਰੀ (ਅਚਰਜ) ਵਿਚ ਨਹੀਂ ਪਾਉਂਦੇ। ਕਿਉਂ? ਮਨੁੱਖ ਦਾਨਾ ਹੋ ਗਿਆ ਹੈ, ਪੜ੍ਹਾਕੂ ਹੋ ਗਿਆ ਹੈ, ਖੋਜੀ ਹੋ ਗਿਆ ਹੈ, ਮਨੁੱਖ ਹਰ ਗਲ ਦਾ ਕਾਰਨ ਲੱਭਦਾ ਹੈ। ਬਿਸਮਾਦ ਉਦੈ ਕਰਨ ਵਾਲੀਆਂ ਅਕਹਿ ਸ਼ਕਤੀਆਂ ਦੇ ਨਾਉਂ ਧਰਦਾ ਹੈ ਤੇ ਥੋੜੀ-ਜੇਹੀ ਪੜਚੋਲ ਕਰਕੇ ਉਸ ਦਾ ਲਾਲ

[੧] ਹਾਥੀ ਵਾਲੀ ਗੰਭੀਰਤਾ ਵਾਲੀ ਤੋਰ।

ਬੁੱਝਕੜ ਬਣਦਾ ਹੈਂ, ਇਉਂ ਕਰਕੇ ਉਸਦੇ ਵਿਸਮਾਦ ਰਸ ਤੋਂ ਟੁੱਟ ਕੇ ਉਸ ਦਾ ਗਜਾਤਾ ਬਣ ਬੈਠਦਾ ਹੈ। ਆਹੋ ਜੀ, ਮਨੁੱਖ ਹਿਸਾਬੀ ਹੋ ਗਿਆ, ਲੇਖੇਦਾਰ ਹੋ ਗਿਆ, ਗੇਣਤੀਆਂ ਵਾਲਾ ਹੋ ਗਿਆ, ਪਰ ਮਾਰਿਆਂ ਗੇਣਤੀਆਂ ਨੇ; ਗਿਣਦਾ ਗਿਣਦਾ ਆਪ ਗੇਣਤੀ ਹੀ ਹੋ ਗਿਆ, ਰਸੇ ਤੋਂ ਹੀਨ 'ਅਰਸੀਆਂ' ਹੋ ਗਿਆ, ਸੁਆਦ ਤੋਂ ਵਾਂਜਿਆ ਗਿਆ, ਬੇਖ਼ੁਦੀ ਦੀ ਲਹਿਰ ਤੋਂ ਸੱਖਣਾ ਹੋ ਗਿਆ, ਕਿਉਂਕਿ ਇਹ ਨੇਮ ਹੈ ਕਿ:-

ਗੇਣਤੀ ਆਈ, ਰਸ ਸੁਆਦ ਗਏ।
ਬਿਸਮਾਦ ਆਯਾ ਰਸਾਂ ਦੇ ਕੜ ਪਾਟ ਪਏ।

ਭਲਾ, ਮਨੁੱਖ ਸੱਚ ਮੁੱਚ ਜਾਣ ਗਿਆ ਹੈ? ਬਈ ਵੱਡੇ ਤੋਂ ਵੱਡੇ ਸੰਸਾਰ ਦੇ ਦਾਨੇ ਨੂੰ ਪੁੱਛੋ ਕਿ ਅੱਗ ਕਿਉਂ ਚਮਕਦੀ ਹੈ, ਕਿਉਂ ਸਾੜਦੀ ਹੈ? ਬਿਜਲੀ ਕੀ ਹੈ? ਇਸ ਦੀਆਂ ਲਹਿਰਾਂ ਕਿਉਂ ਐਦਾਂ ਪੈਂਦੀਆਂ ਹਨ? ਕੋਈ ਨਾ ਦੱਸ ਸਕੇਗਾ। ਅਜੇ ਤੱਕ ਮਨੁੱਖ ਅਨਜਾਣ ਹੈ, ਇਸ ਨੇ ਬਹੁਤ ਕੁਛ ਜਾਣਿਆਂ ਹੈ, ਪਰ ਜੋ ਇਸ ਨੇ ਜਾਣਿਆਂ ਹੈ ਉਸ ਨੇ ਅਜੇ ਇਸ ਨੂੰ ਅਜਾਣ ਹੀ ਰਖਿਆ ਹੈ। ਅਜੇ ਏਸ ਨੂੰ ਅਸਲ ਕਾਰਨਾਂ ਦੇ ਕਾਰਣ ਦਾ ਪਤਾ ਨਹੀਂ ਤੇ ਵਿਸਮਾਦ ਦੇ ਮਗਰ ਬੈਠੇ ਦਾ ਥਹੁ ਨਹੀਂ। ਏਸ ਤਾਂ ਗੇਣਤੀਆਂ ਵਿਚ ਪੈਕੇ ਕੁਛ ਕੁਦਰਤ ਦੇ ਭੇਤ ਕੱਢਕੇ ਕੁਛ ਜਾਣਿਆਂ ਹੈ, ਪਰ ਲਾਲ ਬੁਝੱਕੜ ਬਣਕੇ ਵਿਸਮਾਦ ਰੰਗ ਗੁਆਕੇ ਮਾਨੋ ਆਪਣੇ ਅਦਨ ਦੇ ਬਾਗ ਵਿਚੋਂ ਧੱਕਾ ਖਾਧਾ ਹੈ; ਬੈਕੁੰਠ ਤੋਂ ਗਿਰਾਉ ਪਾਇਆ ਹੈ।

ਹੁਣ ਬਿਸਮਾਦ ਇਨਸਾਨ ਨੂੰ ਕਿਵੇਂ ਬਿਸਮਾਦ ਕਰੇ? ਸੋਚ ਵਿਚ ਜੁ ਦਿਨ ਰਾਤ ਫਸ ਗਿਆ। ਕੁਦਰਤ ਦੇ ਚਮਤਕਾਰ ਰੋਜ਼ ਤੱਕੀਦੇ ਹਨ, ਬਿਸਮਾਦ ਕਦੇ ਨਹੀਂ ਹੁੰਦਾ, ਪਰ ਵੇਖੋ ਓਹ ਜੀਉਂਦਾ ਤੇ ਜਿੰਦ ਦਾਤਾ ਦਿਲ, ਜੋ ਕਦੇ ਗੇਣਤੀਆਂ ਨਾਲ ਨਹੀਂ ਢੱਠਾ, ਸਗੋਂ ਢੱਠਿਆਂ ਨੂੰ ਤੁਲ੍ਹਾ ਦੇਂਦਾ ਹੈ, ਜੋ ਦਿਲਾਂ ਦਾ ਸਰਦਾਰ ਦਿਲ ਹੈ ਇਸ ਬਿਸਮੈ ਭਾਵ ਨੂੰ ਕੀਕੂੰ ਕੁਦਰਤ ਦੇ ਹਰ ਚਮਤਕਾਰ ਵਿਚ ਵੇਖਦਾ ਤੇ ਸਾਨੂੰ ਦੱਸਦਾ ਹੈ:-

ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ[1] ॥ ੧ ॥

ਹਾਂ ਜੀ, ਇਹ ਸੁੱਚੇ, ਉੱਚੇ ਸੱਚੇ ਨੇਤ੍ਰਾਂ ਵਾਲਾ ਇਸ ਕੁਦਰਤ ਦੇ ਚਮਤਕਾਰ ਨੂੰ ਵਿਡਾਣ (ਅਚਰਜੋ ਅਚਰਜ) ਵੇਖਕੇ ਵਿਸਮਾਦ ਹੋ ਰਿਹਾ ਹੈ। ਹਾਂ ਜੀ: ਤੇ ਇਸ ਵਿਡਾਣ ਨੂੰ ਵਿਸਮਾਦ ਕਰਕੇ ਦੇਖਣਾ, ਇਸ ਵਿਸਮਾਦ ਦੇ ਉੱਚੇ ਰੰਗ ਨੂੰ ਸਮਝਣਾ ਭਾਗ ਭਰੀ ਨਿਸ਼ਾਨੀ ਸਾਨੂੰ ਦੱਸਦਾ ਹੈ।

ਉਹ ਦਿਲ ਸੋਚ, ਗੇਣਤੀ, ਫਿਕਰ ਦੇ ਭਾਵ ਤੋਂ ਸੁਤੰਤ੍ਰ ਹੈ, ਜਿਸ ਨੂੰ ਇਹ ਕੁਦਰਤ ਦੇ ਨਜ਼ਾਰੇ ਵੇਖਕੇ ਵਿਡਾਣ ਹੋ ਜਾਏ। ਓਹ ਸੁਭਾਗ ਹੈ ਜਿਸ ਨੇ ਦਰਸ਼ਨ ਪਾਏ, ਸੁੰਦਰਤਾ ਦੇ ਝਾਕੇ ਲਏ ਤੇ ਵਿਸਮਾਦ ਵਿਚ ਰਹਿ ਗਿਆ।

ਸਰੀਰ ਦੇ ਅੰਦਰ ਲੁਕੇ ਬੈਠੇ 'ਦੇਖਣਹਾਰ' ਦਾ ਇਸ (ਦਿਸਣਹਾਰ) ਚਮਤਕਾਰਿਆਂ ਵਿਚ ਲੁਕੀ ਬੈਠੀ ਸੁੰਦਰਤਾ ਦਾ ਕੋਈ ਗੁੱਝਾ ਮੇਲ ਹੈ। ਸੁੰਦਰਤਾ ਨੇ ਝਲਕਾ ਮਾਰਿਆ, ਦੇਖਣਹਾਰ ਨੂੰ ਵਿਸਮਾਦ ਦਾ ਚੱਕਰ ਆ ਗਿਆ। ਵਿਸਮਾਦ ਦਾ ਚੱਕਰ ਆਇਆ ਕਿ ਆਪੇ ਵਿਚ ਮਗਨ। ਮਗਨਤਾ ਆਈ ਕਿ 'ਦ੍ਰਿਸ਼ਟਮਾਨ' ਨਾਲ ਨੇਹੁੰ ਟੁੱਟਾ। ਦ੍ਰਿਸ਼ਟਮਾਨ ਦਾ ਨੇਹੁੰ ਟੁੱਟਾ ਕਿ ਆਪਾ ਆਪੇ ਵਿਚ ਤੇ ਅਨੰਤ ਦੀ ਗੋਦ ਵਿਚ ਛਾਲ ਮਾਰਨ ਨੂੰ ਤਯਾਰ ਯਾ ਛਾਲ ਵੱਜ ਹੀ ਗਈ।

ਹਾਂ ਜੀ, ਏਹੋ ਸਮਾਧੀ ਜੇ, ਜਿਸ ਦੇ ਮਗਰ ਜੋਗੀਆਂ ਦੇ ਜੁੱਗ ਗਲ ਗਏ ਤੇ ਤਪੀਆਂ ਹੱਠੀਆਂ

[1] ਆਸਾ ਦੀ ਵਾਰ ਵਿਚੋਂ। {ਆਸਾ ਮ:੧-੪੬੩}

ਦੇ ਕਲਪ ਲੰਘ ਗਏ। 'ਸੋਚ' ਨੇ ਗਜਾਨੀ, ਤਜਾਗੀ, ਵੈਰਾਗੀ, ਜਪੀ, ਤਪੀ ਕਈ ਰੂਪ ਧਾਰੇ, ਕਈ ਹੱਥ ਪੈਰ ਮਾਰੇ, ਪਰ ਇਸਨੂੰ ਆਪਣੇ ਆਪ ਵਿਚ, 'ਆਪੇ' ਨੂੰ 'ਆਪਾ' ਕਰਨੇ ਵਾਲੀ ਰੰਗਣ ਨਾ ਚੜ੍ਹੀ ਪਰ ਨਾ ਚੜ੍ਹੀ; ਇਹ ਤਾਂ 'ਰਸ' ਦੀ ਸ਼ੈ ਸੀ 'ਸੋਚ' ਦੀ ਸ਼ੈ ਨਹੀਂ ਸੀ, 'ਸੋਚ' ਰਸ ਨੂੰ ਤੋੜਕੇ ਗੇਣਤੀ ਵਿਚ ਪਾਉਂਦੀ ਹੈ, ਫੇਰ ਲੋੜਾਂ ਤੇ ਸਰੀਰਕ ਭੁੱਖਾਂ ਲਾਲਚ ਵਿਚ ਲੈ ਤੁਰਦੀਆਂ ਹਨ। ਫੇਰ ਲਾਲਚ ਵਿਚ ਪੈ ਗਿਆਂ ਲੈ ਲੈਣ ਦੀ ਬ੍ਰਿਤੀ ਵਿਚ ਲੋਭ ਦਾ ਸੁਆਦ ਆਉਂਦਾ ਹੈ। ਹੁਣ ਇਸ ਹਾਲਤ ਵਿਚ ਜੇ ਕਦੇ ਮਨ ਉਤੇ ਸੁੰਦਰਤਾ ਨੇ ਝਲਕਾ ਮਾਰਿਆ ਬੀ ਤਾਂ ਜਿਉਂ ਹੀ ਕਿ ਬਿਸਮੈ ਭਾਵ ਉਦੇ ਹੋਣ ਲੱਗਾ, ਝੱਟ ਸੋਚ ਨੇ ਅੰਦਰੋਂ ਕਿਹਾ: "ਜਿਸ ਵਿਚੋਂ ਇਹ ਸੁੰਦਰਤਾਂ ਪ੍ਰਗਟੀ ਹੈ, ਇਹ ਸੁਹਣਾ ਹੈ, ਇਸ ਨੂੰ ਫੜ ਲਓ, ਲੈ ਲਓ, ਆਪਣੇ ਕਾਬੂ ਵਿਚ ਕਰੋ", ਇਹ 'ਲੈ ਲੈਣ' ਦੀ ਤ੍ਰਿਸ਼ਨਾ ਬਿਸਮੈ ਭਾਵ ਵਿਚ ਜਾਣ ਵਾਲੀ ਬ੍ਰਿਤੀ ਨੂੰ ਮੋਟਿਆਂ ਕਰਦੀ ਹੈ। ਲੋਭ ਲਹਿਰ ਆਈ, ਸੋਚ ਮੋਟੀ ਹੋ ਗਈ, ਵਿਸਮੈ ਭਾਵ ਪੰਘਰਕੇ ਤਿਲਕਿਆ ਤੇ ਤਿਲਕਦਿਆਂ ਤਿਲਕਦਿਆਂ ਮਾਨੋਂ ਭਾਫ ਬਣਕੇ ਉੱਡ ਗਿਆ। ਐਉਂ ਜਗਤ-ਦਾਨਾ ਜਗਤ, ਸੋਚ ਵਾਲਾ ਜਗਤ-ਵਿਸਮਾਦ ਨਹੀਂ ਹੁੰਦਾ; ਵਿਸਮਾਦ ਨਹੀਂ ਰਹਿ ਜਾਂਦਾ, ਵਿਡਾਣਾ ਵੇਖਦਾ ਹੈ ਪਰ ਵਿਸਮਾਦ ਵਿਚ ਨਹੀਂ ਜਾਂਦਾ। ਸੋਚ ਇਸ ਵਿਚ ਨਹੀਂ ਜਾਣ ਦੇਂਦੀ, ਤ੍ਰਿਸ਼ਨਾਂ ਇਸ ਵਿਚ ਜਾਂਦੇ ਨੂੰ ਬਾਹੋਂ ਫੜ ਲੈਂਦੀ ਹੈ।

–

੨. {ਸੇਲ੍ਹੀਆਂ ਵਾਲਾ ਗੁਰੂ ਨਾਨਕ}।

**ਕਿਹੀ** ਸੁਹਣੀ ਨਿੱਕੀ ਜਿਹੀ ਪਹਾੜੀ ਹੈ, ਪਹਾੜੀ ਹੈ, ਪੱਬੀ ਹੈ ਕਿ ਟਿੱਬੀ ਹੈ। ਮੀਂਹ ਪੈ ਹਟੇ ਹਨ ਹਰਾ ਹਰਾ ਘਾਹ ਮਖ਼ਮਲ ਵਾਂਙੂ ਚਮਕ ਰਿਹਾ ਹੈ, ਵਿਚ ਨਾਨਾ ਤਰ੍ਹਾਂ ਦੇ ਬੂਟੇ ਬੂਟੀਆਂ ਹਨ। ਉੱਪਰ ਅਕਾਸ਼ ਨੇ ਸਰਪੋਸ਼ ਉਠਾ ਰਖਿਆ ਹੈ, ਰਾਤ ਨੇ ਘਸਮੈਲੜਾ ਰੰਗ ਵਰਤਾ ਦਿਤਾ ਹੈ, ਪਰ ਇਸ ਵਿਚ ਲੱਖਾਂ ਤੇ ਕ੍ਰੋੜਾਂ ਨਿੱਕੇ ਫਾਨੂਸ ਅਤੇ ਇਕ ਵੱਡਾ ਝਾੜ ਲਟਕ ਰਿਹਾ ਹੈ ਤੇ ਚੁੱਪ ਸ਼ਾਂਤ ਦਾ ਠੰਢਕਦਾਰ ਰੰਗ ਫੈਲ ਰਿਹਾ ਹੈ। ਮਲਕੜੇ ਜਿਹੇ ਵਿਡਾਣ ਨੇ ਹੋਰ ਰੂਪ ਧਾਰਿਆ। ਚੰਦ ਤਾਰੇ ਫਿੱਕੇ ਪੈ ਗਏ, ਪੂਰੇ ਤੋਂ ਮਿੱਠਾ ਪ੍ਰਕਾਸ਼ ਆ ਗਿਆ, ਪੱਛੋਂ ਵਲੋਂ ਠੰਢੀ ਠੰਢੀ ਪੌਣ ਰੁਮਕ ਪਈ, ਇਸ ਆਪਣੇ ਨੇੜੇ ਤੇੜਿਆਂ ਨਾਲੋਂ ਸਭ ਤੋਂ ਉੱਚੀ ਥਾਂ ਤੋਂ ਅਚਰਜ ਦਰਸ਼ਨ ਹੁੰਦੇ ਹਨ, ਦੂਰ ਦੂਰ ਦੇ ਪਹਾੜਾਂ ਦੇ ਉੱਪਰ ਸੁਨਹਿਰੀ ਕਿੰਗਰੀ ਫਿਰ ਗਈ ਹੈ। ਔਹ ਤੱਕੋ ਕਿ ਪੂਰੇ ਤੋਂ ਹੁਣ ਨਿੱਘੇ ਪ੍ਰਕਾਸ਼ ਦਾ ਪ੍ਰਤਾਪੀ ਪਾਤਸ਼ਾਹ ਕਿਸ ਸ਼ਾਨ ਨਾਲ, ਕਿਸ ਸੁਹਾਉ ਨਾਲ ਦਮਕਾਂ ਮਾਰਦਾ ਆ ਨਿਕਲਿਆ ਹੈ? ਸਾਰੀ ਕੁਦਰਤ ਏਸੇ ਦੇ ਦਰਸ਼ਨਾਂ ਦੇ ਚਾਉ ਵਿਚ ਸੁਹਣੀ ਹੋ ਰਹੀ ਸੀ, ਪੰਛੀ ਏਸੇ ਦਾ 'ਜੀ ਆਇਆਂ' ਦਾ ਗੀਤ ਗਾ ਰਹੇ ਸੀ।

ਇਸ ਵੇਲੇ ਇਸ਼ ਚੜ੍ਹਦੀ ਸੁਹਾਉਣੀ ਕਿਰਨਾਂ ਵਾਲੀ ਨੂੰ ਦੇਖਣ ਵਾਲੇ ਪਸ਼ੂ ਪੰਛੀ ਹੀ ਨਹੀਂ ਪਰ ਇਕ ਚੰਗੀ ਉਮਰ ਦੇ ਮਨੁੱਖ ਬੀ ਹਨ, ਜਿਨ੍ਹਾਂ ਦੀ, ਉਮਰਾ ਬਾਲਪਨ ਜੁਆਨੀ ਦੋਏ ਅਵਸਥਾਂ ਤੱਕ ਚੁਕੀ ਹੈ। ਹੁਣ ਇਨ੍ਹਾਂ ਦਾ ਚਿਹਰਾ ਰਤਾ ਢਿੱਲਾ ਹੋ ਰਿਹਾ ਹੈ। ਰੂਪ ਰੰਗ ਕੁਝ ਕੁਝ ਮੱਧਮ ਪੈ ਰਹੇ ਹਨ, ਦੇਹ ਕੁਛ ਨਿਰਬਲ ਵੀ ਹੈ। ਭਰ ਜੁਆਨੀ ਵਿਚ ਜੋ ਸੁੰਦਰਤਾ ਚਿਹਰਿਓਂ ਰੰਗ ਰੂਪ, ਜੋਬਨ ਦੇ ਆਸਰੇ ਲਿਸ਼ਕਾਰੇ ਮਾਰਿਆ ਕਰਦੀ ਹੈ, ਹੈ, ਪਰ ਹੁਣ ਜ਼ੋਰਾ ਵਿਚ ਨਹੀਂ। ਹਾਂ, ਤੱਕੋ ਸੁੰਦਰਤਾ ਨਿਰੀ ਸਰੀਰ ਦੀ ਸ਼ੈ ਨਹੀਂ ਹੈ। ਇਹ ਤਾਂ ਆਤਮਾਂ ਦਾ ਰੰਗ ਹੈ, ਅਰਸ਼ਾਂ ਦੀ ਦੇਵੀ ਹੈ। ਏਸੇ ਦੇ ਸਰੀਰ ਵੱਲ ਤੱਕੋ ਜੁਆਨੀ ਢੱਲ ਗਈ, ਪਰ ਫੇਰ ਬੀ ਸੁੰਦਰ ਹੈ, ਅਰ ਇਹ ਜਦ ਤੁਸਾਂ ਵਲ ਆਪਣੀਆਂ ਅੱਖਾਂ ਨਾਲ ਭਰਕੇ ਤੱਕਦਾ ਹੈ ਤਾਂ ਸੁੰਦਰਤਾ ਅੱਖਾਂ ਵਿਚੋਂ ਲਿਸ਼ਕਾਰਾ ਮਾਰਦੀ ਹੈ, ਤੇ ਚਿਹਰਾ ਬੀ ਸੁਹਣਾ ਲੱਗਦਾ ਹੈ। ਕਿਉਂ ਨਾਂ ਲੱਗੇ? ਇਸ ਨੇ ਆਪਣੀ ਰੂਹ ਨੂੰ ਮੈਲੀਆਂ ਲੀਰਾਂ ਵਿਚ ਨਹੀਂ ਲਪੇਟਿਆ, ਸਾਰੀ ਉਮਰ ਇਸੇ ਉਜਾੜ ਪਹਾੜੀ ਤੇ ਬੈਠਾ ਰਿਹਾ ਹੈ, ਕਠਨ ਤਪ ਕਰਦਾ ਤੇ ਮਨ ਨੂੰ ਮਾੜੇ ਕੰਮਾਂ ਅਤੇ ਮੰਦ ਵਾਸ਼ਨਾਂ ਤੋਂ ਰੋਕਦਾ ਰਿਹਾ ਹੈ। ਇਸੇ ਚਾਹ ਨਾਲ ਇਹ ਸੁਹਣਾ ਜਗਤ ਨਾਲ ਨਾਤਾ ਤੋੜ ਏਥੇ ਆ ਰਿਹਾ ਸੀ ਕਿ ਅਟੰਕ ਹੋਕੇ ਤਪ ਕਰਾਂ, ਜੱਫਰ ਜਾਲਾਂ ਜੋ ਘਾਲ ਤੇ ਰੀਝ ਕੇ ਸਾਂਈਂ ਮਿਲੇ। ਪੇਟ ਦੇ ਪੂਰਾ ਕਰਨ ਲਈ ਬੱਕਰੀਆਂ ਰੱਖ ਛੱਡੀਆਂ ਸਨ, ਜੋ ਸਾਰਾ ਦਿਨ ਖਾ ਪੀ

ਚਰ ਚੁਗ ਕੇ ਸੁਹਣੇ ਪੁਰਖ ਨੂੰ ਦੋਏ ਵੇਲੇ ਦੁੱਧ ਦੇ ਦੇਂਦੀਆਂ ਸਨ। ਏਹੋ ਸਾਈਂ ਲੋਕ ਦੀ ਰੋਟੀ ਸੀ ਤੇ ਕਈ ਵੇਰ ਏਹੋ ਪਾਣੀ ਸੀ। ਜਿਸ ਨੇ ਉਮਰ ਤਪਾਂ ਹਠਾਂ ਵਿਚ ਕੱਟੀ ਹੋਵੇ, ਜਿਸ ਨੂੰ ਪਿਆਰੇ ਦੇ ਦਰਸ਼ਨਾਂ ਦੀ ਉਡੀਕ ਰਹੀ ਹੋਵੇ, ਓਸ ਦੇ ਢਲ ਰਹੇ ਸਰੀਰ ਵਿਚੋਂ ਸੁੰਦਰਤਾ ਕਿਵੇਂ ਨੱਠ ਜਾਵੇ?

ਅੱਜ ਆਪ ਉਦਾਸ ਹਨ, ਸੂਰਜ ਦੇ ਚੜ੍ਹਦੇ ਲਿਸ਼ਕਾਰੇ ਨੇ ਉਦਾਸੀ ਘਟਾਈ ਹੈ ਪਰ ਤਕੋ ਅਜੇ ਬੀ ਕਿਸੇ ਕਿਸੇ ਵੇਲੇ ਨੈਣਾਂ ਵਿਚੋਂ ਛਮਾਛਮ ਪਾਣੀ ਵਗ ਪੈਂਦਾ ਹੈ ਤੇ ਲੰਮਾ ਜਿਹਾ ਸਾਹ ਲੈ ਕੇ ਆਖਦੇ ਹਨ, 'ਮੌਲਾ ਤੇਰੀ ਰਜ਼ਾ! ਤੇਰੀ ਰਜ਼ਾ" ਫੇਰ ਸੂਰਜ ਵਲ ਪਿੱਠ ਕਰਕੇ ਬੈਠ ਗਏ, ਕਿਉਂ ਜੋ ਸੂਰਜ ਹੁਣ ਤਿੱਖਾ ਹੋ ਗਿਆ ਹੈ ਤੇ ਅਖਾਂ ਤੇਜ ਨੂੰ ਝੱਲ ਨਹੀਂ ਸਕਦੀਆਂ। ਪਿੱਠ ਨਿੱਘੀ ਹੋ ਗਈ ਤੇ ਅੱਖਾਂ ਨੂੰ ਨੀਂਦ ਆ ਗਈ, ਆਪ ਹੁਰੀਂ ਬੈਠੇ ਬੈਠੇ ਸੌਂ ਗਏ।

ਇਸ ਪਹਾੜੀ ਤੇ ਕਦੇ ਕਦੇ ਇਕ ਮੁਟਿਆਰ ਪਹਾੜਨ ਬਕਰੀਆਂ ਚਾਰਨ ਆਇਆ ਕਰਦੀ ਸੀ; ਅਰ ਬਾਬੇ ਨੂੰ ਕਦੇ ਨੇੜਿਓਂ ਕਦੇ ਦੂਰੋਂ ਮੱਥਾ ਟੇਕ ਜਾਇਆ ਕਰਦੀ ਸੀ। ਅੱਜ ਸਵੇਰੇ ਹੀ ਉਹ ਕੁੜੀ ਆ ਨਿਕਲੀ ਤੇ ਗਾਉਣ ਲੱਗ ਪਈ:-

ਨਹੀਂ ਬੋ ਭਰੋਸੋ ਏਸ ਜੀਣੇ ਦਾ,
ਨਹੀਂ ਬੋ ਭਰੋਸੇ ਏਸ ਜੀਣੇ ਦਾ,
ਦਮ ਆਵੇ ਨਾ ਆਵੇ।

ਸਾਂਈਂ ਲੋਕ ਦੀ ਅੱਖ ਖੁੱਲ੍ਹ ਗਈ, ਇਕ ਠੰਢਾ ਸਾਹ ਭਰਿਆ, ਠੀਕ ਆਖਦੀ ਹੈ, ਇਸ ਮੁਟਿਆਰ ਨੂੰ ਜੀਉਣੇ ਦਾ ਭਰੋਸਾ ਨਹੀਂ, ਤਾਂ ਮੇਰੇ"ਰੁਖੜੇ ਨਦੀ ਕਿਨਾਰੇ" ਦੇ ਜੀਉਣੇ ਦਾ ਕੀ ਭਰੋਸਾ ਹੋ ਸਕਦਾ ਹੈ? ਪਰ ਮੈਂ ਹੋਰ ਕਰਾਂ ਬੀ ਕੀ? ਸਾਰੀ ਉਮਰ ਗੁਨਾਹ ਤੋਂ ਪਾਕ ਰਿਹਾ ਹਾਂ, ਦਿਨ ਰਾਤ ਤਪ ਕਰਦਾ ਰਿਹਾ ਹਾਂ, ਸਰੀਰ ਨੂੰ ਸਾਧਨ ਨਾਲ ਘਾਲਿਆ, ਕਿਸੇ ਸੁਆਦ ਰਸ ਦੇ ਅਧੀਨ ਹੋਕੇ ਸਰੀਰ ਦੇ ਆਖੇ ਨਹੀਂ ਲੱਗਾ। ਕਿਸੇ ਨਾਲ ਵਾਹ ਹੀ ਨਹੀਂ ਰਖਿਆ, ਮੰਦਾ ਤਾਂ ਕਿਸੇ ਦਾ ਕੀਹ ਕਰਨਾ ਸੀ, ਪਰ ਮੈਂ ਹਾਂ ਕਿ ਅਜੇ ਆਪਣੇ ਆਪ ਵਿਚ ਤਸੱਲੀ ਨਹੀਂ ਰੱਖਦਾ ਕਿ ਸੁਖੀ ਹਾਂ, ਖੁਸ਼ੀ ਹਾਂ, ਸ਼ਾਂਤ ਹਾਂ। ਅਜੇ ਮੌਲਾ ਦੇ ਦੀਦਾਰ ਨਹੀਂ ਹੋਏ। ਮੁਰਸ਼ਿਦ ਕਹਿ ਗਿਆ ਸੀ "ਕਿ ਰਸਤਾ ਏਹੋ ਹੈ ਕਰੀ ਜਾਹ। " ਮੈਂ ਕਰੀ ਗਿਆ ਹਾਂ ਪਰ ਮੈਨੂੰ ਪਤਾ ਨਹੀਂ ਕਿ ਜੋ ਕੁਛ ਮੈਂ ਕੀਤਾ ਹੈ ਦਰੁਸਤ ਹੈ? ਇਹੋ ਕਰਨਾ ਸੀ ਤੇ ਇਸ ਦਾ ਫਲ ਇਹੋ ਸੀ ਕਿ ਕਰੀ ਹੀ ਜਾਵਾਂ, ਜਾਂ ਕੁਛ ਹੋਰ ਕਰਨਾ ਸੀ? ਚੇਟਕ ਲਾਉਣ ਵਾਲਾ ਤਪ ਤਾਪਣ ਵਿਚ ਪਾਕੇ ਮੁੜ ਨਾਂ ਆਇਆ ਤੇ ਮੇਰੀ ਉਮਰਾ ਲੰਘ ਚੱਲੀ, ਕਿਸ ਨੂੰ ਪੁੱਛਾਂ ਕਿ ਭਾਈ ਮੈਂ ਪਾਤਸ਼ਾਹ ਦੇ ਮਹਿਲਾਂ ਨੂੰ ਠੀਕ ਛੜਕੇ ਜਾ ਰਿਹਾ ਹਾਂ ਕਿ ਨਹੀਂ।

ਇੰਨੇ ਨੂੰ ਉਹ ਲੜਕੀ ਕੁਝ ਵਿੱਥ ਤੇ ਜਾ ਕੇ ਇਕ ਪੱਥਰ ਤੇ ਬਹਿ ਗਈ ਤੇ ਗਾਂਵੀਂ-

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ
ਦਰਾ ਭੀਤਰਿ ਦਰੁ ਕਵਨੁ ਲਹੈ ॥ ਜਿਸੁ
ਦਰ ਕਾਰਣਿ ਫਿਰਾ ਉਦਾਸੀ ਸੋ ਦਰੁ
ਕੋਈ ਆਇ ਕਹੈ ॥ ੧ ॥ ਕਿਨ ਬਿਧਿ
ਸਾਗਰੁ ਤਰੀਐ ॥ ਜੀਵਤਿਆ ਨਹ
ਮਰੀਐ ॥ ੧ ॥ ਰਹਾਉ ॥ {ਰਾਮ: ਮ:੧-੩}

ਸਾਂਈਂ ਲੋਕ ਜੀ ਇਹ ਮਿੱਠੀ ਰਸਭਿੰਨੀ ਸੱਦ ਸੁਣਕੇ ਫੇਰ ਉਠੇ, ਸਹਿਜੇ ਸਹਿਜੇ ਉਸ ਕੁੜੀ ਕੋਲ ਗਏ, ਅਗੋਂ ਉਹ ਸ਼ਰਮੀਲੀ, ਪਰ ਨਿਰਭੈ ਕੁੜੀ ਉਠੀ, ਝੁਕੀ, ਸਿਰ ਨਿਵਾਇਆ ਤੇ ਬੋਲੀ-"ਬਾਵਾ ਜੀ! ਕੱਪੜੇ ਧੋ ਲਿਆਵਾਂ?"

ਸਾਂਈਂ ਲੋਕ-ਬੱਚਾ! ਜੀਉਂਦੀ ਰਹੇਂ, ਕਦੇ ਬੁੜ ਕੇ ਨਾ ਬਹੇਂ, ਸਾਂਈਂ ਭਾਗ ਲਾਵੀ, ਕੱਪੜੇ ਤਾਂ ਚੰਗੇ ਭਲੇ ਹਨ, ਇਹ ਦਸ ਜੋ ਟੱਪਾ ਕਿਸਦਾ ਗਾਂਵਿਆਂ ਹਈ?

ਮੁਟਿਆਰ-ਸਾਈਂ ਜੀ! ਇਹ ਟੱਪਾ ਨਹੀਂ, ਇਹ ਗੁਰਾਂ ਦਾ ਸ਼ਬਦ ਹੈ।

ਸਾਂਈਂ ਲੋਕ-ਬੱਚਾ ਕਿਹੜੇ ਗੁਰਾਂ ਦਾ?

ਮੁਟਿਆਰ-ਮੇਰੇ ਆਪਣੇ ਆਪਣੇ ਗੁਰਾਂ ਦਾ।

ਸਾਂਈਂ ਲੋਕ-ਤੇਰੇ ਆਪਣੇ ਗੁਰਾਂ ਦਾ? ਤੇਰੇ ਆਪਣੇ ਜਿਹੜੇ ਹਨ ਉਹ ਕਿਹੜੇ ਹਨ?

ਮੁਟਿਆਰ-ਸਤਿਗੁਰ, ਅਰਸ਼ਾਂ ਤੋਂ ਆਏ ਸਤਿਗੁਰੂ ਨਾਨਕ ਦੇਵ।

ਨਾਉਂ ਸੁਣਦਿਆਂ ਹੀ ਝਰਨਾਟ ਛਿੜੀ, ਸਰੀਰ ਸੁੰਨ ਜਿਹਾ ਹੋਯਾ, ਨੀਰ ਵਹਿ ਟੁਰਿਆ, ਕਿੰਨਾਂ ਚਿਰ ਚੁਪ ਰਹਿਕੇ ਫੇਰ ਬੋਲਿਆ-"ਬੱਚੜਾ! ਤੂੰ ਗੁਰੂ

ਨਾਨਕ ਡਿੱਠਾ ਹੈ?"

ਮੁਟਿਆਰ-ਹਾਂ ਸਾਂਈਂ ਜੀ, ਚਿਰ ਹੋਇਆ ਅਸੀਂ ਸਾਰਾ ਟੱਬਰ ਗੰਗਾ ਗਏ ਸਾਂ ਤਾਂ ਦਰਸ਼ਨ ਪਾਏ ਸੇ ਤੇ ਓਦੋਂ ਤੋਂ ਹੀ ਨਿੱਕੇ ਵੱਡੇ ਸਾਰੇ ਖੁਸ਼ੀ, ਸੁਖੀ ਰਹਿੰਦੇ ਹਾਂ।

ਸਾਂਈਂ ਲੋਕ-ਕਾਕੀ, ਕਰਦੇ ਕੀ ਹੋ?

ਮੁਟਿਆਰ-ਪਤਾ ਨਹੀਂ, ਗੁਰੂ ਗੁਰੂ ਕਰਦੇ ਹਾਂ, ਐਉਂ ਲੱਗਦਾ ਹੈ ਜੀਕੂੰ ਗੁਰੂ ਕੋਲ ਵੱਸਦਾ ਹੈ ਤੇ ਸੁਆਦ ਛਿੜਿਆ ਰਹਿੰਦਾ ਹੈ?

ਸਾਂਈਂ ਲੋਕ (ਹਾਹੁਕਾ ਲੇਕੇ ਆਪਣੇ ਆਪ ਨਾਲ)-ਸੁਆਦ ! ਸੁਆਦ ਖ਼ਬਰੇ ਕੀ ਹੁੰਦਾ ਹੈ? ਉਮਰਾ ਲੰਘੀ, ਸੰਸਾਰ ਬਦਲਿਆ, ਕਈ ਪੂਰ ਆਏ, ਗਏ, ਪਰ ਸੁਆਦ ਅਸਾਂ ਨਾ ਤੱਕਿਆ?

ਕੁੜੀਏ! ਕੋਈ ਸੁਆਦ ਦਾ ਭੋਰਾ ਅਸਾਂ ਨੂੰ ਵੀ ਪਾ?

ਮੁਟਿਆਰ-ਤੁਸੀਂ ਤਾਂ ਆਪ ਸਾਂਈਂ ਲੋਕ ਹੋਏ, ਸਾਰਾ ਦਿਨ ਸਾਂਈਂ ਸਾਂਈਂ ਕਰਦੇ ਹੋ, ਸੁਆਦ ਤੁਸੀਂ ਅਸਾਂ ਨੂੰ ਦੇਵੋ ਕਿ?

ਸਾਂਈਂ ਲੋਕ (ਝਿਜਕੇ)-ਭਲਾ ਕਾਕੀ ਕੋਈ ਬਾਬੇ ਨਾਨਕ ਦੀ ਗੱਲ ਹੀ ਸੁਣਾ।

ਮੁਟਿਆਰ-ਤੁਸਾਂ ਨਹੀਂ ਡਿੱਠੇ!

ਸਾਂਈਂ ਲੋਕ-ਤੈਥੋਂ ਹੀ ਕਦੇ ਕਦੇ ਨਾਉਂ ਸੁਣਿਆਂ ਹੈ, ਡਿੱਠੇ ਹੁੰਦੇ ਤਾਂ ਪੁੱਛਦਾ ਕਿਉਂ?

ਮੁਟਿਆਰ (ਭੋਲੇਪਨ ਵਿਚ)-ਭਲਾ ਜੀਓ! ਜੇ ਤੂੰ ਗੁਰ ਨਾਨਕ ਨਹੀਂ ਡਿੱਠਾ ਤਾਂ ਸਾਂਈਂ ਕਿਵੇਂ ਵੇਖ ਲਿਆ ਈ? ਮੈਂ ਜਾਤਾ, ਜੋ ਦਿਨ ਰਾਤ ਸਾਂਈਂ ਸਾਂਈਂ ਕਰਦਾ ਹੈ ਇਸਨੂੰ ਗੁਰੂ ਨੇ ਤਾਰਿਆ ਹੈ, ਬਨਾਂ ਵਿਚ ਕੱਲਾ ਬੈਠਾ ਰਹਿੰਦਾ ਹੈ: ਇਸਨੂੰ ਗੁਰੂ ਨਾਨਕ ਦੇ ਪ੍ਰੇਮ ਨੇ ਸੁਆਦ ਵਿਚ ਡੋਬ ਛੱਡਿਆ ਹੈ। ਮੈਂ ਤਾਂ ਇਸੇ ਪਿਆਰ ਕਰਕੇ, ਜੁ ਸਾਂਈਂ ਜੀਵੇਂ! ਤੂੰ ਗੁਰੂ ਨਾਨਕ ਦਾ ਹੈਂ; ਤੈਨੂੰ ਚੰਗਾ ਚੰਗਾ ਜਾਣਦੀ ਹਾਂ।

ਸਾਂਈਂ ਲੋਕ (ਹੱਸਕੇ ਤੇ ਹਾਹੁਕਾ ਲੈਕੇ)-ਖ਼ਬਰੇ ਕਾਕੀ 'ਗੁਰੂ ਨਾਨਕ' ਦਾ ਹੀ ਹੋਵਾਂ, ਤੁਸੀਂ ਹੋ ਚੁਕੇ ਹੋਵੋ ਤੇ ਮੈਂ ਅਜੇ ਹੋਣਾ ਹੋਵੇ। ਕਾਕੀ! ਕੋਈ ਗੁਰੂ ਦੀ ਗੱਲ ਤਾਂ ਸੁਣਾ?

ਕਾਕੀ-ਓਹ ਬੜੇ ਬੀਬੇ ਰਾਣੇ ਹਨ, ਲੋਕਾਂ ਨੂੰ ਆਪ ਪਿਆਰ ਕਰਦੇ ਹਨ, ਆਪੇ ਕੋਈ ਸੁਆਦ ਪਾ ਦੇਂਦੇ ਹਨ, ਜੋ ਅੰਦਰੋਂ ਮਨੋਂ ਹੀ ਪਿਆ ਪਿਆਰ ਨਿਕਲਦਾ ਹੈ, ਦਰਸ਼ਨ ਕੀਤਿਆਂ ਹੀ ਕੁਛ ਐਉਂ ਹੋ ਜਾਂਦਾ ਹੈ ਜਿਕੂੰ ਸੁੱਤੇ ਜਾਗ ਪਏ ਹਾਂ।

ਸਾਂਈਂ ਲੋਕ-ਬੜੇ ਪਿਆਰੇ ਲੱਗਦੇ ਹਨ ?

ਕਾਕੀ-ਡਾਢੇ!

ਸਾਂਈਂ ਲੋਕ-ਬੜੇ ਸੁਹਣੇ ਹਨ?

ਕਾਕੀ-ਚੜ੍ਹਦੇ ਸੂਰਜ ਦੀ ਟਿੱਕੀ ਨਾਲੋਂ ਸੁਹਣੇ ਹਨ, ਨਾਲੇ ਡਾਢੇ ਹੀ ਠੰਢੇ।

ਸਾਂਈਂ ਲੋਕ-ਭਲਾ ਮਰਨ ਪਿਛੋਂ ਕੀ ਹੁੰਦਾ ਹੈ?

ਕਾਕੀ-ਖ਼ਬਰੇ ਕੀ ਹੁੰਦਾ ਹੈ!

ਸਾਂਈਂ ਲੋਕ-ਤੁਹਾਨੂੰ ਮੌਤ ਦਾ ਡਰ ਹੈ?

ਕਾਕੀ-ਜਦ ਦੇ ਗੁਰੂ ਜੀ ਡਿੱਠੇ ਹਨ ਫੇਰ ਤਾਂ ਡਰ ਨਹੀਂ ਆਇਆ ਕਦੇ।

ਸਾਂਈਂ ਲੋਕ-ਕਿਉਂ?

ਕੁੜੀ-ਪਤਾ ਨਹੀਂ?

ਸਾਂਈਂ ਲੋਕ-ਤੁਸੀਂ ਸਾਧਨ ਕੀ ਕਰਦੇ ਹੋ?

ਕੁੜੀ-ਸਾਧਨ ਕੀ ਹੁੰਦਾ ਹੈ?

ਸਾਂਈਂ ਲੋਕ-ਕੋਈ ਤਪ, ਹਠ, ਜੋਗ।

ਕੁੜੀ-ਮੈਨੂੰ ਸਮਝ ਨਹੀਂ ਸਾਂਈਂ ਜੀ! ਮੈਂ ਤਾਂ ਜਿਸ ਦਿਨ ਦਾ ਸਤਿਗੁਰ ਡਿੱਠਾ ਹੈ ਇਕ ਚਾਉ ਵਿਚ ਰਹਿੰਦੀ ਹਾਂ, ਉਹ ਚਾਉ ਸਤਿਗੁਰ ਦੀ ਦਾਤ ਹੈ, ਹੋਰ ਖ਼ਬਰੇ ਕੀ ਹੁੰਦਾ ਹੈ। ਸਤਿਗੁਰ ਮਿੱਠਾ ਲੱਗਦਾ ਹੈ, ਕੋਲ ਵੱਸਦਾ ਦੀਹਦਾ ਹੈ, ਕਦੇ ਅੱਗੇ ਅੱਗੇ ਟੁਰਦਾ ਹੈ, ਕਦੇ ਪਿੱਛੇ ਪਿੱਛੇ ਆਉਂਦਾ ਹੈ, ਕਦੇ ਗਾਉਂਦਾ ਹੈ, ਕਦੇ ਸੁਣਦਾ ਹੈ। ਦੋ ਤਿੰਨ ਸ਼ਬਦ ਗੁਰੂ ਜੀ ਦੇ ਮੈਨੂੰ ਆਉਂਦੇ ਹਨ, ਉਹ ਆਖਦਾ ਹੈ: 'ਸੁਣਾ' ਮੈਂ ਸੁਣਾ ਛੱਡਦੀ ਹਾਂ। ਮੈਂ ਉਦਾਸ ਹੋਣ ਲੱਗਦੀ ਹਾਂ ਤਾਂ ਗੁਰੂ ਸ਼ਬਦ ਸੁਣਾਉਂਦਾ ਹੈ। ਫਕੀਰਾ! ਉਹ ਗੁਰੂ ਕੋਈ ਮੇਰੇ ਵਾਂਗੂੰ ਮਾਸ ਦਾ ਤਾਂ ਨਹੀਂ, ਲੈ ਉਹ ਤਾਂ ਕੰਧਾਂ ਵਿਚੋਂ ਲੰਘ ਆਉਂਦਾ ਹੈ, ਬੱਦਲਾਂ ਤੇ ਜਾ ਬੈਠਦਾ ਹੈ, ਸੂਰਜ ਦੀ ਟਿੱਕੀ ਤੇ ਜਾ ਲੇਟਦਾ ਹੈ, ਬਿਜਲੀ ਦੇ ਲਿਸ਼ਕਾਰੇ ਵਿਚ ਉਡਾਰੀ ਮਾਰਦਾ ਹੈ, ਨੀਂਦਰ ਵਿਚ ਆ ਦਿੱਸਦਾ ਹੈ, ਅੱਖਾਂ ਮੀਟੋ ਤਾਂ ਮਨ ਵਿਚ ਵੜਿਆ ਹੁੰਦਾ ਹੈ। ਖ਼ਬਰੇ ਉਹ ਕੀ ਹੈ? ਸਾਂਈਂ ਜੀ! ਉਹ ਖ਼ਬਰੇ ਉਹ ਹੋਵੇ ਜਿਸ ਨੂੰ ਲੋਕੀ 'ਓਹ' ਆਖਦੇ ਹਨ, ਪਤਾ ਨਹੀਂ, ਪਰ ਮੇਰੇ ਤੇਰੇ

ਵਾਂਙੂ ਤਾਂ ਨਹੀਂ। ਹੁਣ ਦੇਖ ਖਾਂ, ਸਤਲੁਜ ਦੇ ਪਾਣੀਆਂ ਉੱਤੇ ਤੁਰਿਆ ਆਉਂਦਾ ਹੈ।

ਸਾਂਈ ਲੋਕ-ਹਲਾ! ਤਰਿਆ ਆਉਂਦਾ ਹੈ?

ਕੁੜੀ-ਨਾਂ ਅੜਿਆ, ਤਰਿਆ ਨਹੀਂ ਤੁਰਿਆ ਆਉਂਦਾ ਹੈ, ਹੁਣ ਵੇਖ ਖਾਂ ਹਵਾ ਵਿਚ ਉੱਚਾਂ ਉੱਚਾ ਆ ਰਿਹਾ ਹੈ। ਪਰ ਖ਼ਬਰੇ ਕੀ ਹੈ? ਉਂਞ ਤਾਂ ਜਦ ਦਾ ਡਿੱਠਾ ਹੈ ਅੱਖਾਂ ਅੱਗੇ ਹੀ ਰਹਿੰਦਾ ਹੈ, ਪਰ ਅਜ ਕੁਝ ਹੋਰਵੇਂ ਰੰਗ ਦਾ ਹੈ। ਤੱਕੇਂ ਨਾ ਹੁਣ ਤਾਂ ਹਵਾ ਵਿਚੋਂ ਕੇਡੀ ਕਸ਼ਬੋ ਆ ਰਹੀ ਹੈ; ਬੱਦਲਾਂ ਵਿਚੋਂ ਕੋਈ ਚੰਨਣ ਦੀ ਫੁਹਾਰ ਪੈ ਰਹੀ ਹੈ; ਤੁਹਾਡੇ ਲੂੰ ਮਹਿਕ ਗਏ ਹਨ ਕਿ ਨਾਂ? ਮੇਰੇ ਤਾਂ ਅੰਦਰੋਂ ਆਪ ਮੁਹਾਰੀ ਕਸ਼ਬੋ ਉੱਠ ਰਹੀ ਹੈ। ਵੇਖ ਖਾਂ, ਸਤਿਗੁਰ ਨਾਨਕ ਜੀ ਔਹ ਸੁਨਹਿਰੀ ਬੱਦਲ ਤੇ ਹੀਰਿਆਂ ਦੇ ਤਖਤ ਉੱਤੇ ਆ ਬੈਠੇ ਨੇ, ਔਹ ਤੱਕੋ ਲੌਂ, ਮਰਦਾਨਾ ਸ਼ਬਦ ਗਾਉਂਦਾ ਏ, ਲੌ ਸਾਂਈਂ ਜੀ! ਹੁਣ ਨਾਂ ਬੋਲਣਾ, ਸ਼ਬਦ ਸੁਣ ਲੈਣ ਦਿਓ।

ਕੁੜੀ ਤਾਂ ਇਹ ਕਹਿਕੇ ਸੁਨਹਿਰੀ ਬੱਦਲ ਤੇ ਟਕ ਲਾਕੇ ਜੁੜ ਗਈ, ਅੱਖਾਂ ਝਮਕਣਾ ਭੁੱਲ ਗਈਆਂ, ਚਿਹਰਾ ਦਮਕ ਵਾਲਾ ਹੋ ਗਿਆ, ਅਰ ਉਹ ਸੁਣਨ ਵਿਚ ਲੱਗ ਪਈ। ਕੁੜੀ ਤਾਂ ਦਿੱਵ ਗੀਤ ਦੇ ਸੁਣਨ ਵਿਚ ਮਸਤ ਹੈ ਅਰ ਸਾਂਈਂ ਲੋਕ ਉਸ ਦੇ ਨੂਰ ਭਰੇ ਟਿੱਕੇ, ਜੁੜੇ, ਮਗਨ ਹੋਏ ਚਿਹਰੇ ਵੱਲ ਤੱਕ ਤੱਕ ਕੇ ਹੈਰਾਨ ਹੋ ਰਿਹਾ ਤੇ ਕਹਿ ਰਿਹਾ ਹੈ-

"ਹੇ ਸਾਂਈਂ! ਧਿਕਾਰ ਮੇਰੀ ਅਕਲ ਦੇ, ਅਰ ਸਾਬਾਸ਼ ਇਸਦੇ ਭੋਲਾਪਨ ਦੇ, ਇਹ ਕਿਸ ਸਿਦਕ ਵਿਚ ਹੈ ਅਰ ਕਿਹੜੇ ਗੂੜ੍ਹੇ ਰੰਗ ਵਿਚ ਹੈ? ਇਕ ਦਿਨ ਦਰਸ਼ਨ ਕਰਕੇ ਦਰਸ਼ਨ ਆਪ ਹੀ ਹੋ ਰਹੀ ਹੈ, ਫੇਰ ਨਾਂ ਕੋਈ ਮਾਣ ਹੈ, ਨਾਂ ਪਤਾ ਹੈ ਕਿ ਫਕੀਰ ਹਾਂ ਕਿ ਤਪੀ ਹਾਂ, ਕਿ ਰਸੀਆ ਹਾਂ। ਹਾਏ! ਸਾਂਈਆਂ ਮੇਰੀ ਉਮਰ ਦਾ ਵਲ੍ਹੇਟਿਆ ਗਿਆ ਵੇਲਣਾ ਫੇਰ ਖੋਲ੍ਹ ਦੇਹ, ਮੈਂ ਨਵੇਂ ਸਿਰੇ ਜੀਵਨ ਸ਼ੁਰੂ ਕਰਾਂ, ਮੈਂ ਇਸ ਬਾਲੀ ਵਾਂਗੂ ਭੋਲਾ ਰਹਾਂ, ਮੈਂ ਅਕਲ ਨੂੰ, ਫਿਕਰ ਨੂੰ, ਅੰਦੇਸ਼ਿਆਂ ਨੂੰ, ਆਸਾਂ ਨੂੰ ਦੂਰ ਰੱਖਾਂ, ਸਿਦਕ ਵਿਚ ਵੱਸਾਂ, .. ਓਹ ਹੋ ਕੀਹ ਕਹਾਂ-

"ਜਾਂ ਕੁਆਰੀ ਤਾਂ ਚਾਉ ਵੀਵਾਹੀ ਤਾਂ ਮਾਮਲੇ॥ ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥" (ਸਲੋਕ ਫਰੀਦ)

ਮੈਂ ਅਕਲ ਨਾਲ ਕਿਉਂ ਵਿਵਾਹ ਕੀਤਾ, ਕੀਤਾ ਤਾਂ ਮਾਮਲੇ ਪਏ। ਹਾਏ! ਹੁਣ ਕੁਆਰੀ ਕੀਕੂੰ ਹੋਵਾਂ? ਕੀਕੂੰ ਅਕਲ ਨੂੰ ਤਲਾਕ ਦਿਆਂ। ਕਾਸ਼! ਅਕਲ ਕਦੇ ਨਾ ਆਉਂਦੀ ਕਾਸ਼! ਮੇਰੇ ਭੋਲੇਪਨ ਵਿਚ, ਮੇਰੀ ਬਾਲੀ ਉਮਰਾ ਵਿਚ, ਮੇਰਾ ਪ੍ਰੀਤਮ ਨਾਲ ਨੇਹੁੰ ਲੱਗਦਾ। ਮੇਰਾ ਅਕਲ ਨਾਲ ਵਿਆਹ ਨਾ ਹੁੰਦਾ, ਮੇਰਾ ਪ੍ਰੀਤਮ ਨਾਲ ਵਿਆਹ ਹੁੰਦਾ। ਹੁਣ ਕੀ ਕਰਾਂ? ਪੱਛੋਤਾਵਾ ਹੀ ਪੱਛੋਤਾਵਾ ਹੈ, ਕੌਣ ਜਾਚ ਸਿਖਾਵੇ ਕਿ ਮੈਂ ਅਕਲ ਨਾਲ ਤਲਾਕ ਲਵਾਂ? ਕੀਕੂੰ ਲਵਾਂ? ਵਤ ਕੁਆਰੀ ਕੀਕੂੰ ਹੋਵਾਂ? ਮੁੜ ਉਹ ਭੋਲਾਪਨ ਕਿਥੋਂ ਆਵੇ? ਇਹੋ ਪੱਛੋਤਾਉ ਪੱਲੇ ਰਹਿ ਗਿਆ-"ਵਤਿ ਕੁਆਰੀ ਨ ਥੀਐ। "

ਫਕੀਰ ਇਉਂ ਅਪਣੀ ਬੀਤ ਗਈ ਤੇ ਮੁੜ ਨਾ ਆਉਣ ਵਾਲੀ ਤੇ ਰੋਂਦਾ ਰੋਂਦਾ ਅੱਖਾਂ ਮੀਟਕੇ ਸੌਂ ਗਿਆ!

ਕੁਛ ਚਿਰ ਪਿਛੋਂ ਅੱਖਾਂ ਖੁਲ੍ਹੀਆਂ ਤਾਂ ਉਹ ਮੁਟਿਆਰ ਹੈ ਨਹੀਂ, ਪਰ ਇਕ ਅਜੀਬ ਮੋਹਨੀ ਸੂਰਤ ਉਸੇ ਸ਼ਿਲਾ ਤੇ ਬੈਠੀ ਹੈ, ਨੈਣ ਬੰਦ ਹਨ, ਪਰ ਚਿਹਰਾ ਇਸ ਤਰ੍ਹਾਂ ਦਮਕਦਾ ਹੈ ਕਿ ਹਜ਼ਾਰ ਚਮਕਦੇ ਪਰ ਠੰਢੇ ਸੂਰਜ ਤਾਬ ਨਾ ਲਿਆ ਸਕਣ। ਸੁੰਦਰਤਾ ਹੈ ਕਿ ਸੁੰਦਰ ਹੈ, ਛਬੀ ਹੈ ਕਿ ਸੁਹਣੱਪ ਸਾਰੀ ਆਪੇ ਆ ਫਬੀ ਹੈ। ਇਸ ਦਰਸ਼ਨ ਦਾ ਕੋਈ ਐਸਾ ਕਟਕ ਦਾ ਝਲਕਾ ਵੱਜਾ ਕਿ ਫਕੀਰ ਦੇ ਅੰਦਰ ਇਕ ਧੂਹ ਪਈ। ਆਹ! ਤਪਾਂ ਵਰ੍ਹੇ ਲੰਘਾ ਚੁਕੇ ਸਾਈਂ ਲੋਕ ਨੂੰ ਅੱਜ ਪਹਿਲਾ ਦਿਨ ਆਇਆ ਕਿ ਕਲੇਜੇ ਨੂੰ ਖਿੱਚ ਵੱਜੀ, ਦਰਸ਼ਨ, ਜੋ ਸਾਹਮਣੇ ਸੀ, ਇਸ ਤਰ੍ਹਾਂ ਅਚੰਭੇ ਵਾਲਾ ਸੀ ਕਿ ਪਹਿਲੀ ਲਿਸ਼ਕੇ ਤਾਂ ਸਾਂਈਂ ਲੋਕ ਹੁਰੀਂ ਵਿਸਮਾਦ ਵਿਚ ਜਾ ਵੱਜੇ ਤੇ ਦੂਜੇ ਲਿਸ਼ਕਾਰੇ ਉਹ ਅਗੰਮ ਦੀ ਛਿੱਕੀ[1] ਪਈ ਕਿ ਸਾਂਈਂ ਲੋਕ ਦੀ ਜਾਣੋਂ ਓ ਉਹ ਉਮੰਗਾਂ ਤੇ ਚਾਵਾਂ ਭਰੀ ਜੁਆਨੀ ਮੁੜ ਆਈ ਹੈ, ਜਿਸ ਵਿਚ ਕਲੇਜਾ ਉਮਾਹ ਨਾਲ ਹੀ ਉਛਲਦਾ ਰਹਿੰਦਾ ਹੈ। ਖਿੱਚ ਪਈ, ਦਰਸ਼ਨ ਅਤਿ ਪਿਆਰਾ

[1] ਖਿੱਚ।

ਲੱਗਾ, ਤਪਾਂ, ਹਠਾਂ ਨਾਲ ਪੱਕ ਚੁੱਕੇ ਕਲੇਜੇ ਦਾ ਥਰ ਟੁੱਟਾ, ਪਿਆਰ ਦੀ ਲਹਿਰ ਨੇ ਵਦਾਣ ਮਾਰਿਆ, ਰਸਤਾ ਖੁੱਲਿਆ; ਰਸ ਹੁਲਾਰੇ ਲੈਕੇ ਅੰਦਰ ਜਾ ਵੜਿਆ। ਬੁੱਢਣਸ਼ਾਹ ਦੀਆਂ ਅੱਖਾਂ ਵਿਚ ਹੁਣ ਮਗਨਤਾ ਹੈ, ਸਿਰ ਵਿਚ ਸਰੂਰ ਹੈ! ਕਦੇ ਅੱਖਾਂ ਖੁਹਲਦਾ ਤੇ ਦਰਸ਼ਨ ਕਰਦਾ ਹੈ, ਕਦੇ ਸੁਆਦ ਦੇ ਡਾਢੇ ਭਾਰ ਨਾਲ ਛੱਪਰ ਝੁਕ ਪੈਂਦੇ ਹਨ ਤੇ ਅੱਖਾਂ ਬੰਦ ਹੋ ਜਾਂਦੀਆਂ ਹਨ, ਫੇਰ ਜ਼ੋਰ ਲਾਕੇ ਖੋਹਲਦਾ ਹੈ, ਦਰਸ਼ਨ ਕਰਦਾ ਹੈ, ਨੈਣ ਮੁੰਦ ਜਾਂਦੇ ਹਨ।

ਵਾਹ ਬੁੱਢਣ ਸ਼ਾਹ! ਤੇਰੇ ਧੰਨ ਭਾਗ, ਜਿਨ ਏਹ ਦਰਸ਼ਨ ਪਾਏ! ਤੈਨੂੰ ਵਧਾਈ ਹੋਵੇ ਕਿ ਅੰਤ ਤੋਂ ਪਹਿਲੇ ਤੈਨੂੰ ਪਿਰਮ ਰਸਾਂ ਦਾ ਛਾਂਦਾ ਮਿਲ ਗਿਆ।

ਕਿਤਨਾ ਚਿਰ ਇਸ ਤਰ੍ਹਾਂ ਲੰਘ ਗਿਆ, ਤਦ ਬੁੱਢਣ ਸ਼ਾਹ ਨੇ ਫੇਰ ਅੱਖਾਂ ਖੁਹਲੀਆਂ, ਚੁਫੇਰੇ ਤੱਕਿਆ ਤਾਂ ਪਾਸ ਵਾਰ ਇਕ ਹੋਰ ਮੂਰਤ ਬੈਠੀ ਹੈ ਰਬਾਬ ਹੱਥ ਵਿਚ ਹੈ ਤੇ ਬੁੱਡਣ ਸ਼ਾਹ ਵਲ ਤੱਕ ਰਿਹਾ ਹੈ; ਬੇਵਸੇ ਬੁੱਢਣਸ਼ਾਹ ਨੇ ਮੱਥਾ ਟੇਕਿਆ ਤੇ ਸੈਨਤ ਨਾਲ ਪੱਥਰ ਪਰ ਬਿਰਾਜ ਰਹੀ ਸੂਰਤ ਦਾ ਨਾਮ ਪੁੱਛਿਆ, ਤਾਂ ਸਾਥੀ ਨੇ ਕਿਹਾ---

"ਆਪ ਸ੍ਰੀ ਗੁਰੂ ਨਾਨਕ ਜੀ ਹਨ। "

'ਨਾਨਕ' ਨਾਮ ਸੀ ਕਿ ਇਕ ਹੋਰ ਜਾਦੂ ਸੀ ਜੋ ਪਿਆਰ ਨਾਲ ਭਰ ਚੁਕੇ ਕਲੇਜੇ ਵਿਚ 'ਅਣੀਆਲੇ ਅਣੀਆ ਰਾਮ ਰਾਜੇ' ਦਾ ਕੰਮ ਕਰ ਗਿਆ:

ਸੁਨਤਿ ਨਾਮ ਪਇਨਿ ਪਰ ਪਰਿਓ।
ਕਹਯੋ ਕਿ 'ਮੋਹਿ ਨਿਹਾਲ ਅਬ ਕਰਿਓ। ...
ਅਬ ਮਮ ਹੋਇ ਗਯੋ ਕੱਲਜਾਨ
ਦਰਸ਼ਨ ਦੀਨਸਿ ਦਯਾ ਨਿਧਾਨ'। {ਗੁ:ਪ੍ਰ:ਸੂ:}

ਚੋਜੀ ਸਤਿਗੁਰ ਨਾਨਕ ਨੇ ਹੁਣ ਨੈਣ ਖੋਹਲੇ, ਬੁੱਢਣ ਸ਼ਾਹ ਵਲ ਪ੍ਰੇਮ ਦੀ ਨਿਗਾਹ ਨਾਲ ਤੱਕਿਆ। ਜਿਨ੍ਹਾਂ ਬੰਦ ਨੈਣਾਂ ਨੇ ਬੁੱਢਣ ਸ਼ਾਹ ਨੂੰ ਮਾਨੋਂ ਬੰਨ੍ਹ ਲਿਆ ਸੀ, ਉਹਨਾਂ ਖੁੱਲ੍ਹਦੇ ਸਾਰ ਘਾਇਲ ਹੀ ਕਰ ਦਿਤਾ। ਨੈਣਾਂ ਦੇ ਚਾਰ ਹੁੰਦਿਆਂ ਪਿਆਰ ਦੀ ਐਸੀ ਝਰਨਾਟ ਸਾਰੇ ਸਰੀਰ ਵਿਚ ਛਿੜੀ ਕਿ ਬਿਹਬਲ ਹੋਕੇ ਚਰਨੀਂ ਢਹਿ ਪਿਆ ਅਰ ਲਗਾ ਵੈਰਾਗ ਕਰਨ। ਗੁਰੂ ਨਾਨਕ ਨੇ ਜਗਤ ਦੇ ਚਾਨਣ ਨਾਨਕ ਨੇ, ਹਾਂ ਪਿਆਰ ਦੇ ਪੁੰਜ ਸਤਿਗੁਰ ਨੇ, ਦਇਆ ਦੇ ਸਮੁੰਦਰ ਪ੍ਰੀਤਮ ਨੇ ਪਿਆਰ ਭਰਿਆ ਸਿਰ ਚਾਕੇ ਗੋਦ ਵਿਚ ਲੀਤਾ ਤੇ ਇੰਞ ਪਿਆਰ ਦਿਤਾ ਜਿਵੇਂ ਨਿੱਕੇ ਬਾਲ ਨੂੰ ਦੇਈਦਾ ਹੈ। ਹਾਂ ਜੀ ਬੁੱਢਾ ਹੋ ਰਿਹਾ ਬੁੱਢਣਸ਼ਾਹ ਸਤਿਗੁਰ ਦੇ ਗ੍ਰਿਹ ਅੱਜ ਹੀ ਜੰਮਿਆ ਹੈ, ਪ੍ਰੇਮ ਦੇ ਪੰਘੂੜੇ ਵਿਚ ਬਾਲ ਹੋਕੇ ਅੱਜ ਹੀ ਚੜ੍ਹਿਆ ਹੈ, ਪਹਿਲਾ ਝੂਟਾ ਪਿਰਮ ਰਸ ਦਾ, ਪਹਿਲਾ ਹੁਲਾਰਾ ਪ੍ਰੀਤ ਤ੍ਰੰਗ ਦਾ ਅੱਜ ਹੀ ਆਯਾ ਹੈ, ਅੱਜ ਹੀ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਵਾਲਾ ਬੁੱਢਣ ਸ਼ਾਹ ਨਵੇਂ ਜਨਮ ਵਿਚ ਆਯਾ ਹੈ। ਮਰਨ ਥੀਂ ਅਗਦੀ ਮੋਇਆ ਸੀ, ਹਾਂ ਉਸ ਭੋਲੀ ਮੁਟਿਆਰ ਦੇ ਵਾਕਾਂ ਨਾਲ ਹੰਕਾਰ ਦੀ ਮੌਤ ਅਜੇ ਹੀ ਮੋਇਆ ਸੀ, ਹੁਣ ਸਤਿਗੁਰ ਆਇਆ ਪ੍ਰੇਮ ਵਿਚ ਫੇਰ ਜੁਆਲ ਲਿਓਸੁ, ਜਿਵੇਂ ਪੰਚਮੁ ਸਤਿਗੁਰਾਂ ਨੇ ਫੁਰਮਾਇਆ ਹੈ:-

ਜਨਮ ਮਰਣ ਦੁਹਹੂ ਮਹਿ ਨਾਹੀ ਜਨ
ਪਰਉਪਕਾਰੀ ਆਏ ॥ ਜੀਅ ਦਾਨੁ ਦੇ
ਭਗਤੀ ਲਾਇਨਿ ਹਰਿ ਸਿਉ ਲੈਨਿ
ਮਿਲਾਏ ॥ ੨ ॥ {ਸੂ: ਮਹਲਾ ੫}

ਬੁੱਢਣ ਸ਼ਾਹ ਤਪ, ਹਠ ਕਰਦਾ ਅਜੇ ਤੱਕ ਮੁਰਦਾ ਸੀ, ਹਾਂ, ਉਸ ਉਹ ਜੀਵਨ ਨਹੀਂ ਜੀਵਿਆ ਸੀ ਜੋ ਕਿਹਾ ਹੈ:-

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥
{ਵਾ: ਮਾਝ ਮ: ੧}

ਹਾਂ ਜੀ-

ਉਸ ਹਠੀਏ, ਤਪੀਏ, ਜਪੀਏ, ਸਤੀਏ ਪਰ "ਜੀਅ ਦੇ ਜੀਵਨ" ਵਲੋਂ ਅਜੇ ਨਾ ਜਾਗੇ ਬੁੱਢਣ ਸ਼ਾਹ ਨੂੰ ਅੱਜ ਪ੍ਰੇਮ ਰਾਜ ਦੇ ਮਹਾਰਾਜ ਸਤਿਗੁਰ ਨਾਨਕ ਨੇ ਜੀਅਦਾਨ ਦੇਕੇ ਜਿਵਾ ਲਿਆ।

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ
ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ
ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥
{ਮਾਰੂ ਮਹਲਾ ੧}

ਬੁੱਢਣਸ਼ਾਹ ਨੂੰ ਅੱਜ ਪਤਾ ਲੱਗਾ ਕਿ ਮੈਂ ਜੋ ਕੁਛ ਕਰਦਾ ਸਾਂ ਉਹ ਕੀ ਸੀ; ਜੋ ਕਰਦਾ ਸਾਂ ਉਹ ਰਿਆਜ਼ਤ ਸੀ ਤੇ ਇਸ ਕਰਕੇ ਮਾੜ

ਨਹੀਂ ਸੀ, ਪਰ ਉਮਰਾ ਦੀ ਘਾਲ ਨਾਲ ਚਿੱਤ ਪੱਥਰ ਦਾ ਪੱਥਰ, ਮਨ ਹੰਕਾਰੀ ਦਾ ਹੰਕਾਰੀ, ਦਿਲ ਨਿਰਾਸ ਦਾ ਨਿਰਾਸ ਹੀ ਰਿਹਾ ਸੀ। ਅੱਜ ਜੋ 'ਨਾਨਕ ਪ੍ਰੇਮ' ਦੇ ਤ੍ਰੁੰਗ ਨੇ ਅੰਦਰ ਫੇਰਾ ਪਾਇਆ, ਜੀ ਉਠਿਆ, ਹੁੱਬ ਦੀ ਲਹਿਰ ਆਈ, ਹਿਤ ਦਾ ਵੇਗ ਛੁੱਟਿਆ, ਪ੍ਰੀਤ ਦੀ ਝਰਨਾਟ ਛਿੜੀ, ਸਾਂਈਂ ਦਾ ਨਾਮ ਸੁਆਦਲਾ ਸਜੀਵਾ ਲੂੰ ਲੂੰ ਵਿਚ ਪਸਰ ਗਿਆ, ਜਿਵੇਂ ਪੰਚਮ ਗੁਰੂ ਜੀ ਨੇ ਕਿਹਾ ਹੈ:-

> ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ
> ਪੁਰਖੁ ਰਸਿਕ ਬੈਰਾਗੀ ॥ ਮਿਟਿਓ ਅੰਧੇਰੁ
> ਮਿਲਤ ਹਰਿ ਨਾਨਕ ਜਨਮ ਜਨਮ ਕੀ
> ਸੋਈ ਜਾਗੀ ॥ ੨ ॥ ੨ ॥ ੧੧੯ ॥
>
> (ਗਉ: ਮ: ੫)

ਜਿਸ ਵੇਲੇ ਮੁਟਿਆਰ ਨੇ ਕਿਹਾ ਸੀ ਕਿ ਮੈਨੂੰ ਐਉਂ ਲਗਦਾ ਹੈ ਜਿਵੇਂ ਸੁੱਤੇ ਜਾਗੇ ਹਾਂ, ਬੁਢਣ ਸ਼ਾਹ ਨੂੰ ਸਮਝ ਨਹੀਂ ਆਈ ਸੀ। ਹੁਣ ਜਦ ਆ ਵਾਪਰੀ, ਆਪਣੇ ਮਨ ਉੱਤੇ ਜੀਵਨ ਰੌ ਫਿਰੀ, ਜਦ ਸੱਚੇ ਸਤਿਗੁਰ ਨੇ 'ਮਾਣਸ ਤੇ ਦੇਵਤੇ ਕੀਏ' ਦਾ ਨਵਾਂ ਜਨਮ ਦੇ ਦਿੱਤਾ, ਮਨੁੱਖਪਨੇ ਤੋਂ ਮਾਰਕੇ ਦੈਵੀ ਜੀਵਨ ਦਾਨ ਕੀਤਾ ਤਦ ਐਉਂ ਜਾਪੇ ਜਿਕੂੰ ਜਨਮ ਦਾ ਸੁੱਤਾ ਜਾਗ ਪਿਆ ਹਾਂ। ਨਿਰਾਸਾ ਟੁਰ ਗਈ, ਮੌਤ ਦਾ ਭੈ ਬਿਲਾ ਗਿਆ, ਅੱਖਾਂ ਚਮਕ ਉੱਠੀਆਂ। ਸਰੀਰ ਹਲਕਾ ਫੁੱਲ ਹੈ, ਮਨ ਠੰਢਾ ਨਿਹਾਲ ਤੇ ਉਚੇਰਾ ਹੈ, ਨਜ਼ਰ ਜਿੱਧਰ ਜਾਂਦੀ ਹੈ ਸੁੰਦਰਤਾ ਤੇ ਰਸ ਦੀ ਛਹਿਬਰ ਲੱਗੀ ਤੱਕਦੀ ਹੈ। ਵਾਹ ਭਾਗਾਂ ਵਾਲੇ ਬੁੱਢਣ ਸ਼ਾਹ ! ਤੇਰੀ ਸਦਗਤੀ ਹੋਈ।

ਸਤਿਗੁਰ ਨਾਨਕ ਨੇ ਪਿਆਰ ਦੇਕੇ ਉਠਾਲ ਕੇ ਬਹਾਲਿਆ ਤੇ ਆਖਿਆ:-ਸੱਤਿਨਾਮ ਦਾ ਸਿਮਰਨ ਕਰ, ਪਰ ਦੇਖ ! ਹੁਣ ਤੇਰੇ ਲੂੰ ਲੂੰ ਵਿਚ ਸਿਮਰਨ ਹੈ, ਜਿਸ ਵਿਚ ਜੀਵਨ ਰੌ ਹੈ ਤੇ ਪ੍ਰੇਮ ਦਾ ਹੁਲਾਰਾ ਹੈ, ਹੁਣ ਤੂੰ ਫਕੀਰ ਹੈਂ, ਮਗਨ ਹੋ!"

ਇਉਂ ਕਹਿੰਦੇ ਬੁਢਣਸ਼ਾਹ ਜੀ ਐਸੇ ਰੰਗ ਵਿਚ ਡੁੱਬੇ ਕਿ ਦੋ ਪਹਿਰ ਮਗਨ ਰਹੇ। ਫਿਰ ਸਤਿਗੁਰ ਨੇ ਜਗਾਇਆ, ਪਰ ਹੁਣ ਰੰਗ ਕੁਛ ਹੋਰ ਹੈ, ਸਤਿਗੁਰ ਜੀ ਜਾਣੇ ਨੂੰ ਤਿਆਰ ਹਨ ਤੇ ਪ੍ਰੇਮੀ ਦੇ ਮਨ ਨੂੰ ਵਿਛੋੜਾ ਸੱਲਦਾ ਹੈ, ਸਤਿਗੁਰੂ ਜੀ ਦੇ ਚਰਨਾਂ ਨੂੰ ਲਿਪਟ ਲਿਪਟ ਕੇ ਰੋਂਦਾ ਤੇ ਹਾਵੇ ਕੱਢਦਾ ਹੈ ਜਿਨ੍ਹਾਂ ਦਾ ਭਾਵ ਐਉਂ ਕੁਝ ਸਮਝ ਪੈਂਦਾ ਹੈ:-

> ਸੁੱਤੇ ਨੂੰ ਆ ਜਗਾਕੇ, ਹਿਰਦੇ ਪਰੀਤ ਪਾਕੇ,
> ਮੋਏ ਨੂੰ ਜੀ ਜਿਵਾਕੇ, ਢੱਠੇ ਨੂੰ ਗਲ ਲਗਾਕੇ,
> ਅਪਣਾ ਬਣਾਕੇ ਸਾਂਈਂ! ਸਾਨੂੰ ਨ ਛੱਡ ਜਾਂਈਂ।
> ਮਿਲਕੇ ਅਸਾਂ ਗੁਸਾਂਈ, ਬਿਰਹੋਂ ਨ ਹੁਣ ਦਿਖਾਈਂ।
> ਚਰਨੀਂ ਜੇ ਆਪ ਲਾਯਾ, ਰਸ ਪ੍ਰੇਮ ਦਾ ਚਖਾਯਾ।
> ਦਾਸ ਆਪਣਾ ਬਨਾਯਾ, ਵਿਛੁੜ ਨ ਹੁਣ ਗੁਸਾਈਂ।

ਬੁੱਢਣ ਸ਼ਾਹ ਦਾ ਇਹ ਪ੍ਰੇਮ ਦੇਖਕੇ ਜਗਤ ਤਾਰਕ ਜੀ ਨੇ ਗਲ ਲਾਯਾ, ਬਹੁਤ ਪਿਆਰ ਦੇਕੇ ਇਹ ਵਰ ਦਾਨ ਬਖਸ਼ਿਆ-

> ਅਬ ਤੁਵ ਕਾਜ ਗਏ ਸਭਿ ਹੋਇ॥ ਬੈਠਹੁ
> ਮਨ ਸਤਿਨਾਮੁ ਪੁਰੋਇ॥ (ਸੂ: ਪ੍ਰ:)

ਪਰ ਬੁੱਢਣਸ਼ਾਹ ਦੇ ਰਿਦੇ ਇਤਨਾ ਪ੍ਰੇਮ ਉਮਗ ਰਿਹਾ ਸੀ ਕਿ ਬਿਰਹੋਂ ਨੂੰ ਕੌਣ ਝੱਲੇ ? ਤੇ ਉਧਰ ਧੰਨ ਸਤਿਗੁਰ ਨਾਨਕ, ਜਿਸ ਨੇ ਜਗਤ ਤਾਰਨਾ ਹੈ, ਜਿਨ੍ਹਾਂ ਅਣਗਿਣਤ ਇਸ ਤਰ੍ਹਾਂ ਦੇ ਦੀਪਕ ਪ੍ਰਕਾਸ਼ ਕਰਨੇ ਹਨ, ਤੁਰਨ ਦੀ ਤਾਂਘ ਵਿਚ ਹਨ। ਬੁੱਢਣਸ਼ਾਹ ਨੇ ਹੁਣ ਜਾਤਾ ਕਿ ਸੁਕਰ ਕਰਨਾ ਤੇ ਰਜ਼ਾ ਨੂੰ ਸਿਰ ਧਰਨਾ ਬੀ ਪ੍ਰੇਮ ਹੈ। ਮਨ ਵਿਚ ਜ਼ੋਰ ਲਾਇਆ ਕਿ ਰਜ਼ਾ ਮੰਨਾਂ, ਪਰ ਹੁਣ ਮਨ ਮੁਰਦਾ ਨਹੀਂ ਜੋ 'ਰਜ਼ਾ ਮੰਨੀ' ਕਹਿਕੇ ਪੱਥਰ ਦਸ਼ਾ ਨੂੰ ਰਜ਼ਾ ਸਮਝਕੇ ਟਲ ਜਾਏ। ਬਥੇਰਾ ਜ਼ੋਰ ਲਾਇਆ, ਪਰ ਇਹ ਬਿਨੈ ਮੂੰਹੋਂ ਨਿਕਲ ਹੀ ਗਈ:-ਹੇ ਦੀਨਾ ਬੰਧੂ!" ਫੇਰ ਦਰਸ਼ਨਾਂ ਦੀ ਦਾਤ?"

'ਫੇਰ ਦਰਸ਼ਨਾਂ ਦੀ ਦਾਤ' ਖ਼ਬਰ ਨਹੀਂ ਕਿੱਡੇ ਤ੍ਰਿੱਖੇ ਪ੍ਰੇਮ ਦੇ ਵਾਕ ਸਨ ਕਿ ਜਗਤ ਤ੍ਰਾਣ ਕਰਤਾ ਦੇ ਨੈਣ ਪ੍ਰੇਮ ਨਾਲ ਭਰ ਆਏ ਤੇ ਆਪ ਬੋਲੇ-"ਬੁਢਣ ਸ਼ਾਹ! ਟਿਕ ਕੇ ਇਸ ਥਲ ਸਿਮਰਨ ਕਰੋ, ਦਰਸ਼ਨ ਹੋਣਗੇ, ਪਰ ਆਪਣੇ ਛੇਵੇਂ ਜਾਮੇਂ ਆਵਾਂਗੇ। ਹੇ ਬੁਢਣ ਸ਼ਾਹ! ਨਾ ਸੋਚ ਕਿ ਤੂੰ ਬੁੱਢਾ ਹੈਂ ਤੇ ਐਤਨਾਂ ਚਿਰ ਤਕ ਕਦ ਜੀਵੇਂਗਾ, ਤੂੰ ਜੀਵੇਂਗਾ, ਤੂੰ ਥੀਵੇਂਗਾ ਤੇ ਅਸੀਂ ਛੇਵੇਂ ਜਾਮੇਂ ਆਵਾਂਗੇ। ਤੇਰੀ ਆਰਬਲਾ ਬੜੀ ਹੀ ਲੰਮੀ ਹੋਵੇਗੀ। "

ਗੁਰੂ ਜੀ ਦੇ ਨਾਲ ਦਾ ਸੇਵਕ ਬੋਲਿਆ:-"ਹੇ ਕਰੁਣਾਮਯ ਚੋਜੀ ਤੇ ਕੌਤਕਹਾਰ ਜੀ! ਤਦੋਂ ਤੇਰੇ ਮੇਲ, ਤੇਰੇ ਰੰਗ ਹੋਰ ਹੋਣਗੇ, ਤੇਰੇ ਉਸ ਰੂਪ ਵਿਚ ਬੁੱਢਣਸ਼ਾਹ ਤੈਨੂੰ ਪਛਾਣ ਲਏਗਾ?"

ਸ੍ਰਤਿਗੁਰ-ਹਾਂ ਸੱਜਣਾ! ਪਛਾਣ ਲਏਗਾ। ਪਹਿਲੋਂ ਸਾਡਾ ਇਕ ਪਜਾਰਾ-ਸਾਹਿਬਜ਼ਾਦਾ-ਆਕੇ ਸ਼ਹਿਰ ਵਸਾਏਗਾ, ਫੇਰ ਅਸੀਂ ਆਵਾਂਗੇ ਤੇ ਬੁੱਢਣ ਸ਼ਾਹ ਤੋਂ ਦੁੱਧ ਮੰਗਕੇ ਪੀਆਂਗੇ। ਅੱਜ ਦੁੱਧ ਪੀਂਦੇ ਪਰ ਅੱਜ ਅਸਾਂ ਹੇਠਾਂ ਡੋਘਰੇ[੧] ਵਿਚ ਪੀਂਜੂ ਦੇ ਘਰ ਰੋਟੀ ਖਾਣੀ ਹੈ। ਬੁੱਢਣ ਸ਼ਾਹ ਨਾਲ ਸਾਡਾ ਉਧਾਰ ਰਹੇਗਾ, ਫੇਰ ਆਵਾਂਗੇ ਤੇ ਮੰਗਕੇ ਦੁੱਧ ਪੀਆਂਗੇ।

ਇਉਂ ਕਹਿ, ਮਾਤਾ ਤੋਂ ਵਿਛੁੜਕੇ ਵਿਲਪਦੇ ਬਾਲ ਵਾਙੂ ਬੁੱਡਣਸ਼ਾਹ ਨੂੰ ਛੱਡਕੇ, ਸ੍ਰੀ ਗੁਰੂ ਨਾਨਕ ਦੇਵ ਜੀ ਉਪਕਾਰੀ ਬੱਦਲ ਦੀ ਤਰ੍ਹਾਂ ਹੋਰ ਥਾਂ ਬਰਸਨੇ ਲਈ ਟੁਰ ਗਏ। ਬੁੱਢਣ ਸ਼ਾਹ, ਨਵੇਂ ਜਨਮ ਵਿਚ ਆਯਾ ਬੁੱਢਣ ਸ਼ਾਹ, ਸਤਿਗੁਰੂ ਦੇ ਜਨਮਿਆਂ ਬੁੱਢਣ ਸ਼ਾਹ ਪ੍ਰੇਮ ਦੇ ਰੰਗ ਵਿਚ ਨਵਬਾਲਾ ਬੁੱਢਣਸ਼ਾਹ, ਜੀਉਂਦੇ ਸਿਮਰਨ ਵਿਚ ਨਵਯੋਬਨ ਬੁੱਢਣਸ਼ਾਹ, ਪ੍ਰੀਤਮ ਦੇ ਪਿਆਰ ਵਿਚ ਲੱਗਾ ਖਿੱਚਾਂ, ਤਾਂਘਾਂ, ਹੁਲਾਰਿਆਂ, ਆਸਾਂ, ਸੁਆਦਾਂ ਰਸਾਂ ਦੇ ਜੀਵਨ ਬਿਤੀਤ ਕਰਨ।

ਅਗਲੇ ਦਿਨ ਬੁੱਢਣਸ਼ਾਹ ਜੀ ਦੁਪਹਿਰ ਵੇਲੇ ਬੱਕਰੀਆਂ ਦਾ ਦੁਧ ਪੀਕੇ ਉਸੇ ਪੱਥਰ ਦੇ ਪਾਸ ਜਾਕੇ ਬੈਠੇ ਪਿਆਰੇ ਦੇ ਧਯਾਨ ਮਗਨ ਹੋ ਰਹੇ ਸੇ ਕਿ ਉਹ ਕਾਕੀ ਆਪਣੀਆਂ ਬਕਰੀਆਂ ਚਾਰਦੀ ਆ ਨਿਕਲੀ ਬੁੱਢਣਸ਼ਾਹ ਨੂੰ ਦੇਖਕੇ ਬੋਲੀ: "ਸਾਂਈ ਜੀ! ਤੁਸੀਂ ਸਾਡੇ ਗੁਰ ਨਾਨਕ ਦੇ"।

ਸਾਂਈ ਲੋਕ-ਹਾਂ ਬੱਚੀ! ਮੈਂ ਤੁਹਾਡੇ ਗੁਰੂ ਨਾਨਕ ਦੇ ਦਾਸਾਂ ਦਾ ਦਾਸ, ਮੈਂ ਆਪਣੇ-ਮੈਂ ਮੇਰੇ-ਸਤਿਗੁਰ ਨਾਨਕ ਦੇ ਕੂਕਰਾਂ ਦਾ ਕੂਕਰ।

ਕਾਕੀ-ਪਹਿਲੇ ਹੱਸੀ ਫੇਰ ਰੋ ਪਈ। ਜਿਸ ਕਦੇ ਰੋਣ ਨਹੀਂ ਜਾਤਾ ਸੀ, ਉਸ ਦੀ ਅੱਖੀਂ ਨੀਰ ਭਰ ਆਯਾ, ਹਾਹੁਕਾ ਲੈ ਕੇ ਬੋਲੀ ਹਾਂ ਸਾਂਈਂ : ਜੀ! ਅਸੀਂ ਸਤਿਗੁਰੂ ਦੇ ਕੂਕਰਾਂ ਦੇ ਕੂਕਰ; ਪਰ ਸਾਂਈਂ ਜੀ! ਸਤਿਗੁਰੂ ਕੇਡਾ ਸੁਹਣਾ ਹੈ?

ਸਾਂਈਂ ਲੋਕ-ਕੁਝ ਨਾ ਪੁੱਛ, ਕਾਕੀ! ਦਰਸ਼ਨ ਦੇਕੇ ਮੈਨੂੰ ਤਾਂ ਮੋਏ ਨੂੰ ਜਿਵਾ ਗਿਆ ਹੈ, ਮੈਂ ਮੁਸਲਮਾਨ ਸਾਂ, ਪਰ ਹੁਣ ਮੇਰਾ ਕਾਬਾ, ਮੇਰਾ ਰਸੂਲ, ਮੇਰਾ ਦੀਨ ਈਮਾਨ ਸੱਭੋ ਕੁਝ ਨਾਨਕ ਹੋ ਗਿਆ ਹੈ, ਕਲ ਦੀ ਨਮਾਜ਼ ਨਾ ਦਰੂਦ ਨਾ ਸਜਦਾ, ਨਾ ਕੋਈ ਪਾਠ। ਮੇਰੀਆਂ ਅੱਖਾਂ ਅਗੇ ਜੀਉਂਦਾ ਸਤਿਗੁਰ ਮੇਰੇ ਲੂੰਆਂ ਵਿਚ 'ਧੰਨ ਗੁਰ ਨਾਨਕ' ਵੱਸ ਪਿਆ ਹੈ। ਜਿੱਧਰ ਨੈਣ ਜਾਂਦੇ ਹਨ ਸਤਿਗੁਰ ਤੇ ਸਤਿਗੁਰ ਦੀ ਛਬੀ ਦਿੱਸਦੀ ਹੈ। ਰਸਨਾ ਉਸ ਦੇ ਰਸਾਏ ਨਾਮ ਵਿਚ ਰਸਮਈ ਹੋ ਰਹੀ ਹੈ।

ਇਉਂ ਕਹਿੰਦੇ ਦੇ ਨੈਣ ਭਰ ਭਰ ਆਉਣ।

ਕਾਕੀ-ਧੰਨ ਸਤਿਗੁਰੂ ਨਾਨਕ, ਕਹੁ ਧੰਨ ਸਤਿਗੁਰ ਨਾਨਕ, ਸੁਣਾ ਨਾ, ਆਪਣੇ ਉੱਚੇ ਪਿਆਰ ਵਾਲੇ ਮਨ ਤੋਂ, ਸੁਣਾ ਨਾ, 'ਧੰਨ ਗੁਰ ਨਾਨਕ !' ਕਾਕੀ ਨੇ ਇੰਨੇ ਪ੍ਰੇਮ ਵਿਚ 'ਧੰਨ ਗੁਰ ਨਾਨਕ' ਦੀ ਲੋ ਲਗਾਈ ਕਿ ਸਾਰਾ ਬਨ ਖੁਸ਼ਬੋ ਨਾਲ ਭਰ ਗਿਆ ਅਰ ਇਸੇ ਪਿਆਰੀ ਧੁਨਿ ਵਿਚ ਲੌਂਢਾ ਪਹਿਰ ਹੋ ਗਿਆ।

ਇਸ ਵੇਲੇ ਇਕ ਗ਼ੀਬ ਪਹਾੜੀਆ, ਉਸ ਦਾ ਭਰਾ ਤੇ ਵਹੁਟੀ ਆ ਨਿਕਲੇ। ਬੁੱਢਣ ਸ਼ਾਹ ਨੂੰ ਇਨ੍ਹਾਂ ਗਰੀਬਾਂ, ਮੈਲੇ ਕਪੜੇ ਵਾਲਿਆਂ ਵਿਚੋਂ ਗੁਰ ਨਾਨਕ ਦੀ ਲਪਟ ਆਈ। ਏਹ ਰਾਹਕ ਸਨ ਪਰ ਪਹਿਲੀ ਉਮਰੇ ਹਿੰਦੀ ਅੱਖਰ ਤੇ ਕੁਛ ਥੋੜਾ ਪੜ੍ਹੇ ਹੋਏ ਸਨ। ਬੁੱਢਣ ਸ਼ਾਹ ਉਠਕੇ ਮੱਥਾ ਟੇਕਣ ਲੱਗਾ, ਉਧਰੋਂ ਉਨ੍ਹਾਂ ਮੱਥਾ ਟੇਕਿਆ, ਪਰਸਪਰ ਇਉਂ ਮਿਲੇ ਕਿ ਜਿਵੇਂ ਜਨਮਾਂ ਦੇ ਮੇਲੀ ਹੁੰਦੇ ਹਨ। ਗੱਲ ਬਾਤ ਦੇ ਮਗਰੋਂ ਪਤਾ ਲੱਗਾ ਕਿ ਏਹ ਇਸੇ ਕੁੜੀ ਦੇ ਮਾਤਾ ਪ੍ਰਿਤਾ ਤੇ ਚਾਚਾ ਜੀ ਹਨ। ਏਹ ਗੁਰੂ ਕੇ ਚਰਨ ਪਰਸਕੇ 'ਨਾਮ ਧਰੀਕ' ਹੋਏ ਹੋਏ ਸਨ ਤੇ ਸਿਮਰਨ ਦੇ ਰੰਗ ਵਿਚ ਨਿਮਗਨ ਸਨ। ਕੱਲ ਜਦ ਸ੍ਰੀ ਗੁਰੂ ਨਾਨਕ ਜਗਤ ਗੁਰ ਸੁਆਮੀ ਬੁੱਢਣ ਸ਼ਾਹ ਨੂੰ ਤਾਰਕੇ ਗਏ ਤਾਂ ਪ੍ਰਸ਼ਾਦ ਇਨ੍ਹਾਂ ਦੇ ਘਰ ਛਕਿਆ। ਏਹ ਬੁੱਢਣ ਸ਼ਾਹ ਦੇ ਟਿਕਾਣੇ ਤੋਂ ਕੁਛ ਦੂਰੀ ਪਰ ਹੇਠਲੇ ਰੁਖ਼ ਨੂੰ

[੧] ਡੋਘਰਾ=ਦੋ ਘਰ, ਪਹਾੜਾਂ ਵਿਚ ਤੇ ਲਾਗੇਂ ਅਤਿ ਨਿੱਕੇ ਪਿੰਡ ਨੂੰ, ਜਿਥੇ ਦੋ ਚਾਰ ਘਰ ਹੋਣ, ਡੋਘਰਾ ਕਹਿੰਦੇ ਹਨ।

ਦਰਯਾ ਪਾਸੇ ਇਕ ਡੋਘਰੇ ਵਿਚ ਰਹਿੰਦੇ ਸਨ ਕੇਵਲ ਦੋ ਹੀ ਘਰ ਸਨ, ਤੇ ਦੋਵੇਂ ਭਰਾ ਵੱਸਦੇ ਸਨ। ਜਦ ਸਤਿਗੁਰ ਜੀ ਇਨ੍ਹਾਂ ਤੋਂ ਵਿਦਾ ਹੋਣ ਲੱਗੇ ਤਾਂ ਕਹਿ ਗਏ ਕਿ "ਉਪਰ ਜੋ ਬੁੱਢਣ ਸ਼ਾਹ ਫਕੀਰ ਰਹਿੰਦਾ ਹੈ, ਉਹ ਸਾਡਾ ਅਪਣਾ ਹੈ, ਅਜ ਉਸ ਦਾ ਨਵਾਂ ਜਨਮ ਹੋਇਆ ਹੈ, ਤੁਸਾਂ ਉਸ ਨਾਲ ਪਿਆਰ ਕਰਨਾ, ਸਤਸੰਗ ਕਰਨਾ ਤੇ ਸੰਕੋਚ ਨਾ ਕਰਨਾ। ਓਹ ਅਗੇ ਏਕਾਂਤੀ ਸੀ, ਉਸ ਦਾ ਮਨ ਰੋਗੀ ਸੀ; ਕਿਸੇ ਨੂੰ ਪਾਸ ਨਹੀਂ ਦੇਖ ਸਕਦਾ ਸੀ, ਹੁਣ ਅਰੋਗ ਹੋਇਆ ਹੈ, ਸੁੱਚੀ ਸਤਿਸੰਗਤ ਦਾ ਚਾਹਵਾਨ ਹੋਵੇਗਾ, ਸਤਿਸੰਗਤ ਕਰਨਾ, ਨਾਮ ਜਪਣਾ"।

ਬੁੱਢਣਸ਼ਾਹ ਨੇ ਸਤਿਗੁਰ ਦਾ ਇਹ ਪ੍ਰੇਮ ਸੁਣਕੇ ਬਹੁਤ ਵੈਰਾਗ ਤੇ ਫੇਰ ਸ਼ੁਕਰ ਕੀਤਾ, ਫੇਰ ਪੀਂਜੂ ਨੂੰ ਕਹਿਣ ਲੱਗਾ:" ਬਈ ਸਤਿਸੰਗੀ ਮਿੱਤ੍ਰ! ਕੀਹ ਏਕਾਂਤ ਮਾੜੀ ਸ਼ੈ ਹੈ?"

ਪੀਂਜੂ-ਸਾਂਈਂ ਜੀ! ਗ੍ਰਿਹਸਤੀਆਂ ਨੂੰ ਕੀ ਪਤਾ, ਪਰ ਐਉਂ ਲੱਗਦਾ ਹੈ ਜਿਵੇਂ ਨਿਰੀ ਏਕਾਂਤ ਤਾਂ ਕੋਈ ਡੰਨ ਹੈ।

ਬੁੱਢਣ ਸ਼ਾਹ-ਫੇਰ ਫਕੀਰ ਤਾਂ ਏਕਾਂਤ ਵੱਸਦੇ ਹਨ?

ਪੀਂਜੂ-ਜੀ ਰੋਗੀ..., ਪਾਪਾਂ ਦੇ ਭੈ ਵਾਲੇ ... ਤਪੀ...ਹਾਂ, ਹਠ ਧਾਰਦੇ ਹਨ, ਹਠ ਨਾਲ ਰਹਿੰਦੇ ਹੋਣਗੇ। ਏਕਾਂਤ ਵਿਚ ਜੇ ਮਨ ਰਸ ਤੇ ਸਿਮਰਨ ਵਿਚ ਰਹੇ ਤਾਂ ਏਕਾਂਤ ਬੀ ਚੰਗੀ, ਪਰ ਰਸੀਏ ਮਨ ਦਾ ਸੁਚੇ ਸਤਿਸੰਗ ਵਿਚ ਕਿਉਂ ਵਿਗਾੜ ਹੋਸੀ। ਜੋ ਰਸੀਏ ਹਨ, ਨਾਮ ਦੇ ਪ੍ਰੇਮੀ ਹਨ, ਉੱਚੇ ਉੱਚੇ ਸਤਿਸੰਗ[1] ਵਿਚ ਵੱਸਦੇ ਹੋਸਣ ਨਾ।

ਬੁੱਢਣ ਸਾਹ-ਪਰ ਸੰਸਾਰ ਦਗ਼ੇਬਾਜ਼ ਹੈ, ਮਤਲਬੀ ਹੈ, ਧੀਆਂ ਪੁਤ ਸਾਕ ਸੈਣ ਸਾਰੇ ਆਪਣੇ ਸੁਆਰਥ ਨਾਲ ਇਸ ਨੂੰ ਫਸਾਉਂਦੇ ਹਨ ਅਰ ਆਪਣੇ ਪਿਆਰ ਵਿਚ ਲਪੇਟਕੇ ਉੱਠਣ ਨਹੀਂ ਦੇਂਦੇ। ਫੇਰ ਜਿਸ ਨਾਲ ਨੇਕੀ ਕਰੋ ਉਹ ਬਦੀ ਕਰਦਾ ਹੈ; ਜਿਸ ਦਾ ਕੁਝ ਸੁਆਰੋ ਉਹੋ ਵੈਰੀ ਹੋ ਢੁਕਦਾ ਹੈ। ਸੰਸਾਰ ਨਾਲ ਵਰਤ ਵਰਤਕੇ ਸੰਸਾਰ ਦਾ ਇਹੋ ਪਤਾ ਲੱਗਦਾ ਹੈ ਕਿ ਸਭ ਮਤਲਬੀ ਹਨ, ਮ੍ਰਿੱਤ ਕੋਈ ਨਹੀਂ। ਇਸ ਕਰਕੇ ਜਿਸ ਆਦਮੀ ਦੇ ਅੰਦਰ ਕੋਈ ਅੰਸ਼ ਵੈਰਾਗ ਦੀ ਹੁੰਦੀ ਹੈ, ਉਹ ਦੁਨੀਆਂ ਤੋਂ ਠੁਹਕਰਾਂ ਖਾ ਖਾ ਕੇ, ਲੋਕਾਂ ਦੇ ਛਲ ਵੇਖ ਵੇਖ ਕੇ ਤੇ ਸੁਆਰਥ ਤੱਕ ਤੱਕ ਕੇ ਅੰਤ ਲਾਂਭੇ ਹੋਣ ਨੂੰ ਕਰਦਾ ਹੈ ਅਰ ਇਕੱਲੇ ਵੱਸਣ ਨੂੰ ਪਸਿੰਦ ਕਰਦਾ ਹੈ, ਜਿੱਥੇ "ਨਾ ਕਾਹੂ ਸਿਉਂ ਦੋਸਤੀ ਨਾ ਕਾਹੂ ਸਿਉਂ ਬੈਰ" ਤੇ ਏਕਾਂਤ ਬੈਠਕੇ ਕੋਈ ਜਪ ਤਪ ਬੀ ਸਾਂਈਂ ਪ੍ਰਾਪਤੀ ਲਈ ਕਰ ਸਕਦਾ ਹੈ।

ਪੀਜੂ-ਇਹ ਸਾਂਈ ਜੀ! ਠੀਕ ਹੈ, ਸੰਸਾਰ ਵਿਚ ਤਜਾਗ ਇਸੇ ਤਰ੍ਹਾਂ ਹੁੰਦਾ ਹੈ, ਸੰਸਾਰ ਦੇ ਖ਼ੋਟ ਵੇਖ ਵੇਖ ਕੇ ਜੀ ਖੱਟਾ ਹੋ ਜਾਂਦਾ ਹੈ, ਵੈਰਾਗ ਵਧ ਜਾਂਦਾ ਹੈ ਤੇ ਆਦਮੀ ਏਕਾਂਤ ਢੂੰਡਦਾ ਹੈ। ਪਰ ਸਾਨੂੰ ਸਤਿਗੁਰ ਨਾਨਕ ਨੇ ਇਹ ਦੱਸਿਆ ਹੈ ਕਿ ਖੋਟਿਆਂ ਦੇ ਖੋਟ ਵੇਖਕੇ ਖੋਟਿਆਂ ਤੋਂ ਤਾਂ ਲਾਂਭੇ ਹੋ ਜਾਣਾ ਚਾਹੀਦਾ ਹੈ, ਪਰ ਸੰਸਾਰ ਦਾ ਤਜਾਗ ਕਰਨਾ ਠੀਕ ਨਹੀਂ। ਸਮੁੱਚੇ ਸੰਸਾਰ ਦਾ ਤਜਾਗ ਕੀਤਿਆਂ ਤਾਂ ਖਰਿਆਂ ਨਾਲੋਂ ਬੀ ਟੁੱਟ ਜਾਵਾਂਗੇ ਜੋ ਬੜੇ ਘਾਟੇ ਦੀ ਗੱਲ ਹੈ। ਚਾਹੀਦਾ ਇਹ ਹੈ ਕਿ ਖੋਟਿਆਂ ਦਾ ਤਿਆਗ ਕਰੋ ਤੇ ਖਰਿਆਂ ਦਾ ਤਿਆਗ ਨਾ ਕਰੋ? ਖੋਟੇ ਤਿਆਗੋ ਤੇ ਖਰੇ ਰੱਖੋ, ਜਾਂ ਇਉਂ ਕਹੀਏ ਕਿ ਕੁਸੰਗ ਦਾ ਤਜਾਗ ਕਰਨਾ ਚਾਹੀਦਾ ਹੈ, ਤੇ ਸਤਿਸੰਗ ਦਾ ਗ੍ਰਹਿਣ ਕਰਨਾ ਚਾਹੀਦਾ ਹੈ, ਕੱਚੜਿਆਂ ਨਾਲ ਤੋੜਕੇ ਪੱਕਿਆਂ ਨਾਲ ਰੱਖਣੀ ਚਾਹੀਏ।

ਬੁੱਢਣਸ਼ਾਹ-ਧੰਨ ਸਤਿਗੁਰ ਨਾਨਕ, ਧੰਨ ਸਤਿਗੁਰ ਨਾਨਕ! ਮੈਨੂੰ ਸਾਰੀ ਉਮਰ ਭੁੱਲ ਪਈ ਰਹੀ ਕਿ ਸੰਸਾਰ ਖੋਟਾ ਹੈ ਤੇ ਤਜਾਗ ਹੀ ਰਸਤਾ ਹੈ, ਇਹ ਅੱਜ ਸਮਝ ਪਈ ਕਿ ਸਾਰਾ ਸੰਸਾਰ ਖੋਟਾ ਨਹੀਂ, ਭਾਵੇਂ ਵਿਰਲੇ ਹਨ, ਪਰ ਖਰੇ ਬੀ ਹਨ, ਸੋ ਉਨ੍ਹਾਂ ਪਿਆਰਿਆਂ ਨੂੰ ਲੱਭਣਾ ਤੇ ਉਨ੍ਹਾਂ ਦਾ ਸੰਗ ਕਰਨਾ ਚਾਹੀਏ। ਠੀਕ ਹੈ, ਹਠ ਵਾਲੀ ਏਕਾਂਤ ਵਿਚ ਰਹਿ ਮੇਰਾ ਮਨ ਬੀ ਕਰੜਾ ਜੇਹਾ

[1] ਕਬਹੂ ਸਾਧਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨ ਆਵੈ ॥ ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥ (ਸੁਖਮਨੀ)

ਹੋ ਗਿਆ ਸੀ, ਸੁਆਦ ਵਾਲੀ ਏਕਾਂਤ ਹੁਣ ਮਿਲੀ ਹੈ।

ਪੀਂਜੂ-ਜੇ ਦਿਲ ਏਕਾਂਤੀ ਹੋ ਜਾਏ-ਸਾਈਂ ਚਰਨਾਂ ਵਿਚ ਜੁੜੇ-ਤਾਂ ਅਸਲ ਏਕਾਂਤ ਹੋ ਗਈ। ਸਾਈਂ ਨਾਲ ਰੱਤੇ ਸੱਜਣਾਂ ਨਾਲ ਮਿਲਦਾ ਰਹੇ ਤਾਂ ਏਕਾਂਤ ਬਣੀ ਰਹੀ। ਏਕਾਂਤੀਆਂ ਦੇ ਮੇਲ ਵਿਚ ਤਾਂ ਇਕਾਂਤ ਬਣੀ ਹੀ ਰਹੇਗੀ, ਕਿਉਂਕਿ ਸਭ ਨੇ ਮਿਲਕੇ ਪਿਆਰੇ ਦੇ ਹੀ ਜਸ ਕਰਨੇ ਹਨ।

ਬੁੱਢਣ ਸ਼ਾਹ ਪਰ ਕੀਹ ਗੁਰੂ ਨਾਨਕ ਦੇ ਘਰ ਦੇ ਫਕੀਰ ਏਕਾਂਤ ਨਹੀਂ ਰਹਿਦੇ?

ਪੀਂਜੂ-ਜੀ ਹਾਂ, ਇਕ ਹੋਰ ਉੱਚੀ ਏਕਾਂਤ ਹੈ, ਜਿਨ੍ਹਾਂ ਸਾਂਈਂ ਪਿਆਰਿਆਂ ਨੂੰ ਉੱਚਾ ਸਤਿਸੰਗ ਪ੍ਰਾਪਤ ਹੋ ਜਾਵੇ, ਅਰੂਪ ਸਤਿਸੰਗ ਤਕ ਜਿਨ੍ਹਾਂ ਦੀ ਪਹੁੰਚ ਹੋ ਜਾਵੇ, ਓਹ ਦਿੱਸਦੇ ਏਕਾਂਤ ਵਾਸੀ ਹਨ, ਪਰ ਹੁੰਦੇ ਸਤਿਸੰਗ ਵਿਚ ਹਨ। ਮੇਰੀ ਜਾਚੇ ਜੋ ਭਲੀ ਰੂਹ ਹੈ, ਸਾਂਈਂ ਦੇ ਪ੍ਰੇਮ ਤੇ ਸਿਮਰਨ ਵਾਲੀ ਹੈ, ਸ਼ੁਭ ਸਤਿਸੰਗ ਵਾਲੀ ਹੈ। ਸਾਂਈਂ ਦੇ ਪਿਆਰੇ ਹੰਸ ਹੁੰਦੇ ਹਨ, ਹੰਸ ਹੰਸਾਂ ਵਿਚ ਵਿਚਰਦੇ ਹਨ, ਚਾਹੋ ਰੂਪਧਾਰੀ ਹੋਣ, ਚਾਹੋ ਅਰੂਪ।

ਬੁੱਢਣਸ਼ਾਹ-ਸੱਚ ਹੈ, ਕੱਲ ਸਵੇਰੇ ਮੈਂ ਬੜਾ ਦੁਖੀ ਸਾਂ, ਆਪ ਦੀ ਕਾਕੀ-ਜਿਸ ਨੂੰ 'ਪਵਿੱਤ੍ਰਤਾ' ਤੇ 'ਸਾਂਈਂ ਪ੍ਰੇਮ ਦੀ ਦੇਵੀ ਕਹਿਣਾ ਚਾਹੀਏ-ਆਈ, ਇਸ ਨੇ ਐਸੇ ਸਿਦਕ ਤੇ ਭਰੋਸੇ ਦੀਆਂ ਦੋ ਚਾਰ ਗੱਲਾਂ ਕੀਤੀਆਂ ਕਿ ਮੈਨੂੰ ਆਪਣੀ ਸਾਰੀ ਉਮਰ ਦੀਆਂ ਭੁੱਲਾਂ ਦੀ ਸਮਝ ਪੈ ਗਈ। ਸੱਚ ਹੈ, ਸਤਿਸੰਗ ਦਾ ਬੜਾ ਪ੍ਰਤਾਪ ਹੈ, ਧੰਨ ਸਤਿਗੁਰ ਨਾਨਕ ਹੈ ਜਿਸ ਨੇ ਮੇਰੇ ਜਿਹੇ ਇਕੱਲ ਦੇ ਵਾਸੀ ਲਈ ਸਤਿਸੰਗ ਦਾ ਦਰ ਖੋਹਲ ਦਿੱਤਾ, ਮੈਂ ਹੁਣ ਤੁਹਾਡੇ ਕਦੇ ਕਦੇ ਡੋਘਰੇ ਆਇਆ ਕਰਾਂਗਾ।

ਪੀਂਜੂ-ਸਾਂਈਂ ਜੀ! ਤੁਹਾਡਾ ਘਰ ਹੈ ਸਿਰ ਮੱਥੇ ਤੇ ਆਓ, ਧੰਨ ਭਾਗ ਹਨ, ਪਰ ਹੁਣ ਤੁਸੀਂ ਗੁਰ ਨਾਨਕ ਦੇ ਨਿਵਾਜੇ ਹੋ ਤੇ ਉਸ ਦੇ ਪਿਆਰੇ ਹੋਏ ਹੋ, ਇਸ ਕਰਕੇ ਅਸੀਂ ਆਇਆ ਕਰਾਂਗੇ, ਤੁਸਾਂ ਸਾਰੀ ਉਮਰਾ ਤਪ ਕੀਤਾ ਹੈ, ਅਸੀਂ ਗ੍ਰਿਹਸਤੀ ਹਾਂ, 'ਨਾਨਕ ਨਿਰੰਕਾਰੀ ਦੀ ਨਦਰ' ਨਿਹਾਲ ਹੋਏ ਹਾਂ, ਪਰ ਫੇਰ ਗ੍ਰਿਹਸਤੀ ਹਾਂ।

ਬੁੱਢਣ ਸ਼ਾਹ-ਇੰਞ ਨਾ ਆਖੋ, ਤੁਸੀਂ ਸਤਿਗੁਰੂ ਦੇ ਜੇਠੇ ਪੁਤ੍ਰ ਹੋ, ਮੈਂ ਅਜੇ ਨਿਆਣਾਂ ਹਾਂ। ਮੇਰੇ ਸਿਰ ਤੇ ਹੱਥ ਰਖਣਾ, ਮੈਂ ਤੁਹਾਡੇ ਆਸਰੇ ਤੁਰਨਾ ਹੈ। ਅਜੇ ਮੇਰਾ ਵੇਲਾ ਬਹੁਤ ਹੈ। ਸਾਂ ਤਾਂ ਮੈਂ ਬੈਠਾ ਨਦੀ ਕਿਨਾਰੇ ਪਰ ਸਤਿਗੁਰ ਨੇ ਮੇਰੀ ਉਮਰਾ ਦੀ ਤਾਰ ਲੰਮੀ ਕੀਤੀ ਹੈ। ਉਸ ਦੇ ਮਨ ਮਿਹਰ ਆਈ ਕਿ ਮੈਂ ਇਹ ਸਿਮਰਨ ਤੇ ਪ੍ਰੇਮ ਦੀ ਮੌਜ, ਇਹ ਨਾਮ ਦਾ ਰਸ ਤੇ ਸਤਿਸੰਗ ਦਾ ਹੁਲਾਸ ਕੁਛ ਸਮਾਂ ਮਾਣਕੇ ਪ੍ਰੇਮ ਦਾ ਸਬਕ ਪਕਾਕੇ ਏਥੋਂ ਟੁਰਾਂ। ਸੋ ਤੁਸਾਂ ਬੀ ਮੇਰੀ ਸਾਰ ਰੱਖਣੀ।

ਇਸ ਤਰ੍ਹਾਂ ਨਿੰਮ੍ਰਤਾ ਤੇ ਪ੍ਰੇਮ ਦੀ ਆਪੋ ਵਿਚ ਗੱਲ ਬਾਤ ਕਰਕੇ ਦੋਵੇਂ ਧਿਰਾਂ ਵਿਦਾ ਹੋਈਆਂ। ਹੁਣ ਅਕਸਰ ਵੇਰ ਇਕੱਠੇ ਹੁੰਦੇ, ਕਦੇ ਸ਼ਿਖਰੇ ਬੁੱਢਣ ਸ਼ਾਹ ਦੇ ਟਿਕਾਣੇ ਅਰ ਕਦੇ ਪੀਂਜੂ ਦੇ ਡੋਘਰੇ ਵਿਚ ਤੇ ਕਦੇ ਸਤਲੁਜ ਦੇ ਕਿਨਾਰੇ। ਜੰਗਲ ਵਿਚ ਮੰਗਲ ਹੋ ਗਿਆ। ਗੁਰੂ ਨਾਨਕ ਦਾ ਸਤਿਸੰਗ ਉਜਾੜਾਂ ਵਿਚ ਜਾਗ ਉਠਿਆ, ਗ੍ਰਿਹਸਤੀ ਤੇ ਉਮਰਾ ਦੇ ਸੰਨਯਾਸੀ ਫਕੀਰ ਇਕ ਥਾਵੇਂ ਮਿਲ ਬੈਠੇ। ਮੁਸਲਮਾਨ ਦੇ ਘਰ ਦਾ ਜਨਮਿਆਂ ਬੁੱਢਣ ਸ਼ਾਹ ਤੇ ਬ੍ਰਾਹਮਣ ਕੁਲ ਵਿਚ ਪਲਿਆ ਤੇ ਪੜ੍ਹਿਆ ਪੀਂਜੂ ਸੱਕੇ ਭਰਾਵਾਂ ਤੋਂ ਵਧੀਕ ਪਿਆਰ ਵਿਚ ਪ੍ਰੋਤੇ ਗਏ। ਗੁਰ ਨਾਨਕ ਗੋਦ ਵਿਚ ਸਾਰੇ ਗੁਰੂ ਗ੍ਰਿਹ-ਬਾਲਕੇ ਖੇਡਣ ਲੱਗੇ। ਧੰਨ ਸਤਿਗੁਰ ਨਾਨਕ ਜਿਨ ਸਭ 'ਮਾਨਸ' ਤੇ 'ਦੇਵਤੇ' ਕਰ ਦਿਖਾਏ, ਧੰਨ ਸਤਿਗੁਰ ਨਾਨਕ, ਧੰਨ ਸਤਿਗੁਰ ਨਾਨਕ ਦਾ ਸਤਿਸੰਗ।

ਸੂਚਨਾ-ਸਤਿਗੁਰ ਜੀ ਜਗਤ ਨੂੰ ਨਿਸਤਾਰਦੇ ਮੁੜ ਪਰਤੇ ਤੇ ਸੁਲਤਾਨਪੁਰ ਬੇਬੇ ਜੀ ਨੂੰ ਮਿਲਕੇ ਮੁੜ ਬਿਆਸ ਉਰਾਰ ਆਕੇ ਵੈਰੋਵਾਲ, ਜਲਾਲਾਵਾਦ ਵਿਚ ਸਤਿਨਾਮ ਦਾ ਡੰਕਾ ਵਜਾਉਂਦੇ ਕਿੜੀਆਂ ਪਠਾਣਾਂ ਦੀਆਂ ਵਿਚ ਆ ਨਿਕਲੇ। ਇਥੇ ਪਠਾਣਾਂ ਵਿਚ ਸਤਿਨਾਮ ਦਾ ਛਤ੍ਰ ਝੁੱਲਿਆ, ਓਹ ਸਾਰੇ ਮੁਰੀਦ ਹੋਏ। ਤਿਲੰਗ ਮਹਲਾ ੧॥ 'ਜਿਨ ਕੀਆ ਤਿਨਿ ਦੇਖਿਆ' ਸ਼ਬਦ ਦਾ ਉਚਾਰ ਏਥੇ ਹੋਇਆ। ਲੱਗੇ ਸਰੋਦੇ ਵਜਾਕੇ ਸਾਂਈਂ ਨੂੰ ਯਾਦ ਕਰਨ ਤੇ 'ਹਰਦਮ ਨਾਨਕ ਸ਼ਾਹ ਗੁਰੂ' ਦੇ ਗੀਤ

ਬਣਾਕੇ ਗਾਉਣ। ਸੁਥਰਿਆਂ ਦੀ ਤੁਕ 'ਹਰਦਮ ਨਾਨਕ ਸ਼ਾਹ ਧਰਮ ਦਾ ਬੇੜਾ ਬੰਨੇ ਲਾਇ ਜੀ'[1] ਤੇ ਹਿੰਦ ਦੇ ਪ੍ਰਸਿੱਧ ਕਵੀ ਨਜ਼ੀਰ ਦੀ ਕਵਿਤਾ 'ਹਰਦਮ ਬੋਲੋ ਵਾਹਿਗੁਰੂ' ਇਸੇ ਗੀਤ ਦੀਆਂ ਹੋਰ ਬਦਲੀਆਂ ਸ਼ਕਲਾਂ ਹਨ।

ਇੱਥੋਂ ਟੁਰਕੇ ਉਪਦੇਸ਼ ਦੇਂਦੇ ਤੇ ਤਾਰਦੇ, ਫਿਰਦੇ ਫਿਰਦੇ ਫੇਰ ਸੈਦ ਪੁਰ ਸੰਡਿਆਲੀ ਆਪਣੇ ਪਿਆਰੇ ਭਾਈ ਲਾਲੋ ਦੇ ਨਗਰ ਆ ਨਿਕਲੇ।

ਸੈਦ ਪੁਰੋਂ ਟੁਰਕੇ ਗੁਰੂ ਜੀ ਪਸਰੂਰ ਗਏ ਤੇ ਪਸਰੂਰ ਤੋਂ ਸਾਹੋਕੇ ਤੇ ਫੇਰ ਸਿਆਲਕੋਟ ਦੇ ਬਾਹਰ ਇਕ ਬੇਰ ਹੇਠ ਜਾ ਬੈਠੇ। ਭਾਈ ਲਾਲੋ ਜੀ ਤੋਂ ਵਿਦਾ ਹੋਣ ਤੇ ਅੱਗੋਂ ਦੇ ਸਮਾਚਾਰ ਅਗਲੇ ਪ੍ਰਸੰਗ ਵਿਚ ਹਨ:-

---

[1] ਇਹ ਗੀਤ ਅਜੇ ਲੱਭਾ ਨਹੀਂ, ਪਰ ਇਸ ਦਾ ਕੋਈ ਰੂਪ ਸੁਥਰੇ ਗਾਇਆ ਕਰਦੇ ਹਨ :-

'ਹਰ ਦਮ ਨਾਨਕ ਸ਼ਾਹ ਧਰਮ ਦਾ ਬੇੜਾ ਬੰਨੇ ਲਾਇ ਜੀ, ਲਹਿੰਦੇ ਵਲ ਇਕ ਹੋਰ ਰੂਪ ਪ੍ਰਵਿਰਤ ਹੈ:

ਸਭ ਤੇਰੀ ਤੂੰ ਸਭ ਵਿਚ ਵਰਤੇਂ ਸਾਹਿਬ ਬੇ-ਪਰਵਾਹ ਗੁਰੂ। ਇਕ ਭਰਮਦੇ ਫਿਰਨ ਭਰਮ ਦੇ ਮਾਰੇ ਤੁਧ ਬਿਨ ਨਾਹੀਂ ਜਾਹ ਗੁਰੂ। ਆਗੈ ਭੌਜਲ ਬਿਖੜਾ ਸੁਣੀਏ, ਭਾਵੀ ਤਿਵੈ ਲੰਘਾਇ ਗੁਰੂ। ਸਿਖ ਸੰਗਤ ਹਥ ਜੋੜ ਕਹੋ ਮੇਰੇ ਮਨੋਂ ਨ ਵਿਸਰੋ ਵਾਹਿਗੁਰੂ।

ਇਸੇ ਤਰ੍ਹਾਂ ਦਾ ਇਕ ਗੀਤ 'ਮਦਹ ਨਾਨਕ ਸ਼ਾਹ ਗੁਰੂ' ਉਰਦੂ ਬੋਲੀ ਦੇ ਪ੍ਰਸਿਧ ਕਵੀ 'ਨਜ਼ੀਰ' ਨੇ ਕਿਹਾ ਹੈ। ਯਥਾ:-

ਹੈਂ ਕਹਿਤੇ ਨਾਨਕ ਸ਼ਾਹ ਜਿਨ੍ਹੇਂ ਵੁਹ ਪੂਰੇ ਹੈਂ ਆਗਾਹ ਗੁਰੂ। ਵੋਹ ਕਾਮਲ ਰਹਿਬਰ ਜਗ ਮੇਂ ਹੈਂ ਯੂੰ ਰੋਸ਼ਨ ਜੈਸੇ ਮਾਹ ਗੁਰੂ। ਮਕਸੂਦ ਮੁਰਾਦ ਉਮੀਦ ਸਭੀ ਬਰ ਲਾਤੇ ਹੈਂ ਦਿਲ-ਖ੍ਵਾਹ ਗੁਰੂ। ਨਿਤ ਲੁਤਫੋ ਕਰਮ ਸੇ ਕਰਤੇ ਹੈਂ ਹਮ ਲੋਗੋਂ ਕੋ ਜ਼ਿਆਦਾਹ ਗੁਰੂ। ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ। ਸਭ ਸੀਸ ਨਿਵਾ ਅਰਦਾਸ ਕਰੋ ਅਰ ਹਰਦਮ ਬੋਲੋ ਵਾਹਿਗੁਰੂ।

ਹਰ ਆਨ ਦਿਲੋਂ ਮੇਂ ਯਾਂ ਉਨਕੇ ਜੋ ਧਯਾਨ ਗੁਰੂ ਕਾ ਲਾਤੇ ਹੈਂ। ਅਰੁ ਸੇਵਕ ਹੋਕਰ ਉਨਕੇ ਹੀ ਹਰ ਸੂਰਤ ਸੱਚ ਕਹਾਤੇ ਹੈਂ। ਗੁਰ ਇਤਨੀ ਲੁਤਫ ਇਨਾਯਤ ਸੇ ਸੁਖ ਚੈਨ ਉਸੇ ਦਿਖਲਾਤੇ ਹੈਂ। ਖੁਸ਼ ਰਖਤੇ ਹੈਂ ਹਰ ਹਾਲ ਉਨ੍ਹੇਂ ਸਬ ਮਨ ਕਾ ਕਾਜ ਬਤਾਤੇਂ ਹੈਂ। ਇਸ ਬਖ਼ਸ਼ਿਸ਼ ਕੇ......

ਜੋ ਹਰ ਦਮ ਉਨਸੇ ਧਯਾਨ ਲਗਾ ਉੱਮੀਦ ਕਰਮ ਕੀ ਧਰਤੇ ਹੈਂ। ਵਹੁ ਉਨ ਪਰ ਲੁਤਫ ਇਨਾਯਤ ਸੇ ਹਰ ਆਨ ਤਵੱਜਹੁ... ਕਰਤੇ ਹੈਂ। ਅਸਬਾਬ ਖੁਸ਼ੀ ਅਰ ਖੂਬੀ ਕੇ ਘਰ ਬੀਚ ਉਨ੍ਹੋਂ ਕੇ ਭਰਤੇ ਹੈਂ। ਆਨੰਦ ਇਨਾਯਤ ਕਰਤੇ ਹੈਂ ਸੱਭਸ ਕੀ ਚਿੰਤਾਂ ਹਰਤੇ ਹੈਂ।
ਇਸ ਬਖ਼ਸ਼ਿਸ ਕੇ ਇਸ ਅਜ਼ਮਤ ਕੇ......।

ਜੋ ਲੁਤਫ ਇਨਾਯਤ ਉਨ ਮੇਂ ਹੈ ਕਬ ਵਸਫ ਕਿਸੀ ਸੇ ਉਸਕਾ ਹੋ। ਵੁਹ ਲਤਫੋ ਕਰਮ ਜੋ ਕਰਤੇ ਹੈਂ ਹਰ ਚਾਰ ਤਰਫ਼ ਹੈ ਜ਼ਾਹਰ ਵੋਹ। ਅਲਤਾਫ਼ ਜਿਨ੍ਹੋਂ ਪਰ ਹੈਂ ਉਨਕੇ ਸੋ ਖੂਬੀ ਹਾਸਲ ਹੈ ਉਨਕੋ। ਹਰ ਆਨ 'ਨਜ਼ੀਰ' ਅਬ ਯਾਂ ਤੁਮ ਭੀ 'ਗੁਰ ਬਾਬਾ ਨਾਨਕ ਸ਼ਾਹ' ਕਹੋ॥ ਇਸ ਬਖ਼ਸ਼ਿਸ਼ ਕੇ......

# ੪੭. ਹਮਜ਼ਾ ਗੌਂਸ[1]।

੧.

**ਸ੍ਰੀ** ਗੁਰੂ ਨਾਨਕ ਦੇਵ ਜੀ ਲਾਲੋ ਦੇ ਕੋਠੇ ਦੇ ਬਾਹਰਵਾਰ ਧੁੱਪੇ ਬੈਠੇ ਹਨ ਤੇ ਪਿਆਰ ਨਜ਼ਰ ਨਾਲ ਤੱਕਕੇ ਲਾਲੋ ਨਾਲ ਗੱਲਾਂ ਕਰ ਰਹੇ ਹਨ:-

ਲਾਲੋ! ਬਈ ਸੱਜਣਾ! ਸੀਂ ਬੀ ਡਾਢਾ ਪੈਂਦਾ ਹੈ ਤੇ ਦਿਨ ਬੀ ਅੱਗਾਂ ਸੇਕਣ ਤੇ ਅੰਦਰੀਂ ਬੂਹੇ ਮਾਰਕੇ ਬੈਠਣ ਦੇ ਹਨ, ਪਰ ਸਾਡਾ ਚਿਤ ਉਦਾਸੀਆਂ ਵਿਚ ਹੈ ਤੇ ਹੁਣ ਸਾਡੇ ਕੂਚ ਹਨ।

ਲਾਲੋ-ਪਾਤਸ਼ਾਹ! ਤੇਰੀਆਂ ਉਦਾਸੀਆਂ ਪ੍ਰੀਤ ਵਾਲਿਆਂ ਨੂੰ ਡਾਢੀਆਂ ਕਸਕਦੀਆਂ ਹਨ, ਪਰ ਬਣੇ ਕੀ? ਪ੍ਰੀਤ ਨਹੀਂ ਤਾਂ ਜਿੰਦ ਨਹੀਂ, ਪ੍ਰੀਤ ਹੈ ਤਾਂ ਵਿਛੋੜਾ ਨਾਲ ਹੈ, ਵਿਛੋੜਾ ਹੈ ਤਾਂ ਕਸਕਾਂ ਅੰਗ ਸੰਗ! ਪਰ ਭਲਾ ਹੋਵੇ ਕਸਕਾਂ ਦਾ, ਵਿਛੁੜਨ ਤਾਂ ਨਹੀਂ ਦੇਂਦੀਆਂ: ਪ੍ਰੀਤ ਹੋਵੇ, ਬੰਦਾ ਜੀਉਂਦਾ ਤਾਂ ਹੋਊ। ਜੀਉਂਦਾ ਲੋੜੀਏ, ਚਾਹੇ ਪੀੜਾਂ ਵਾਲੀ ਜਿੰਦ ਹੋਵੇ, ਮੁਰਦਾ ਕੁਝ ਨਾ ਤੇ ਮੁਰਦੇ ਦਾ ਆਰਾਮ ਕੁਝ ਨਾ। ਸੁਬਹਾਨ ਤੇਰੀ ਪ੍ਰੀਤ ਨੂੰ; ਪਾਤਸ਼ਾਹ! ਸੁਆਸਥ ਤੇਰੀ ਭਾਉਣੀ ਨੂੰ, ਸਾਨੂੰ ਅਪਨਾਈ ਰੱਖ, ਜਿਵੇਂ ਤੇਰੀ ਰਜ਼ਾ!

ਗੁਰੂ ਨਾਨਕ-ਲਾਲੋ! ਪਿਆਰਿਆ! ਕਿਵੇਂ ਕੀਚੇ, ਕਰਤਾਰ ਠਾਟ ਠਟਿਆ ਈਵੇਂ। ਸੰਸਾਰ ਗਿਲਾਨ ਵਿਚ ਵਰਤ ਗਿਆ, ਪਿਆਰ ਦੀਆਂ ਤਾਰਾਂ ਤ੍ਰੁੱਟ ਗਈਆਂ, ਲੇਖੇ ਹਿਸਾਬ ਰਹਿ ਗਏ, ਸਰੀਰ 'ਟੂਟੇ ਰਬਾਬ' ਹੋ ਗਏ, ਨਾ ਤਾਰ ਨਾ ਤੰਤ।

ਮਾਲਕ ਨੂੰ ਮੋਇਆ ਹੋਇਆ ਜੱਗ ਨਹੀਂ ਭਾਉਂਦਾ। ਓਸ ਬਣਾਇਆ ਸੀ ਜੀਉਂਦਾ, ਇਹ ਆਪਣੇ ਕਾਣ ਮੋਇਆ, ਕਰਤਾਰ ਵਤ ਜਿਵਾਇਆ ਲੋੜਦਾ ਏ, ਦੱਸ ਕਿਵੇਂ ਕਰੀਏ? ਹੁਕਮ ਹੈ ਰੂਹ ਫੂਕਣੇ ਦਾ 'ਸਿੰਙੀ-ਸਾਚ' ਵਜਾਉਣ ਦਾ, ਜਿਵਾਲਣ ਦਾ ਸੋ 'ਜਿਵ ਜਿਵ ਹੁਕਮ ਤਿਵੈ ਤਿਵ ਕਾਰ'। ਲਾਲੋ! 'ਸੀਉਕੇ'[2] ਪਿੰਡ ਵਿਚ ਇਕ ਜਾਨ ਪਈ ਤੜਫਦੀ ਹੈ, ਜੀਵਿਆ ਲੋੜਦੀ ਹੈ, ਹੁਕਮ ਹੋਇਆ ਹੈ: ਜਾਓ ਮੇਰੇ ਨਾਮ ਦਾ ਅੰਮ੍ਰਿਤ ਪਿਲਾਓ; ਸੋ ਜਾਣਾ ਹੈ, ਹੁਕਮ ਕਮਾਉਣਾ ਹੈ, ਹੁਕਮ ਨਾਲ ਬੱਝੇ ਰਹਿਣਾ ਸਾਂਈਂ ਰੰਗ ਵਿਚ ਰੱਤੇ ਰਹਿਣਾ ਹੈ। ਹਾਂ ਲਾਲੋ!

'ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ'।

ਇਹ ਕਹਿੰਦਿਆਂ ਰੱਬੀ ਨੈਣ ਮੁੰਦੇ ਗਏ। ਇਕ ਜਲਾਲ ਚਿਹਰੇ ਤੇ ਚਮਕਿਆ, ਲਾਲੋ ਦੇ ਨੈਣ ਕਟੋਰੇ, ਜੋ ਡਲ੍ਹ ਡਲ੍ਹ ਭਰ ਰਹੇ ਸਨ, ਡੁਲ੍ਹ ਪਏ, ਸਿਰ ਕਚਕੌਲ ਨਿਉਂ ਗਿਆ। ਚਰਨਾਂ ਤੇ ਜਾ ਲੱਗਾ, ਰੱਬੀ ਝਰਨਾਟ ਇਕ ਅਕਹਿ ਰਸ ਦੀ ਆਈ, ਕਾਂਬਾ ਤੇ ਸਰੂਰ ਹਿਲੋਰੇ ਦੇ ਗਿਆ। ਅਗਲੀ ਪਲ ਵਿਚ ਲਾਲੋ ਦੇ ਨੈਣ ਸੜਕ ਵਲ ਤੱਕਦੇ ਖੜੇ ਹਨ ਤੇ ਰੱਬੀ ਜੋਤ ਸਤਿਗੁਰ ਨਾਨਕ-ਜੀ ਦੀ ਕੰਡ ਦੇ ਦਰਸ਼ਨ ਹੋ ਰਹੇ ਹਨ ਤੇ ਦੇਖਦੇ ਦੇਖਦੇ ਕਲੇਜੇ ਠਾਰਨ ਵਾਲੀ ਕੰਡ ਵੀ ਉਹਲੇ ਹੋ ਗਈ।

੨.

**ਵਗਦੇ** ਖੂਹ ਦੀ ਗਾਧੀ ਤੇ ਬੈਠਾ ਰੂਪਾ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੈ:-

ਰੂਪਿਆ! ਵਾਹ ਵਾਹ ਰੂਪਿਆ, ਨਿੱਕਿਆਂ ਹੁੰਦਿਆਂ ਵੱਛੇ ਚਾਰੇ ਤੇ ਵੱਡੇ ਹੋਕੇ ਖੇਤੀਆਂ ਤੇ ਪਰਵਾਰ, ਹੁਣ ਆਹ ਕੀ ਬਣਿਆਂ, 'ਇਹ ਤਣਾਂ ਕੱਸਵੀਂ' ਖਿੱਚ ਕਿਥੋਂ ਆ ਗਈ? ਨਾ ਡਿੱਠਾ ਨਾਂ ਪਰਸਿਆ, ਨਾ ਸੁਪਨੇ ਨਾ ਜਾਗਦੇ, ਸੁਣ ਸੁਣਕੇ ਕਾਲਜਾ ਗੁੰਮ। ਲੱਗ ਗਈਆਂ! ਪਰ ਹਾਏ ! ਮੈਂ ਆਪ ਤਾਂ ਨਹੀਂ ਲਾਈਆਂ, ਇਹ ਲੱਗ ਗਈਆਂ ਜ਼ੋਰੋ ਜ਼ੋਰੀ, ਮਾਮਲੇ ਤੇ ਨੇਹੁੰ ਬੀ ਕਦੇ ਪੁੱਛਕੇ ਲੱਗਦੇ ਹਨ ਕਿ ਕਦੇ ਨੇਹੁੰ ਜ਼ੋਰੀ ਤੇ ਮਸਲਤਾਂ ਨਾਲ ਲੱਗਦੇ ਹਨ? ਲੱਗਦੇ ਹਨ ਤਾਂ ਮੱਲੋ ਮੱਲੀ, ਲੱਗ ਗਿਆ ਨੇਹੁੰ; ਹੁਣ ਕੀ ਬਣਦਾ ਏ, ਬਣ ਗਿਆ ਜੋ ਬਣਨਾ ਸੀ, ਹੋਰ ਬਣਤਾਂ ਅਣਬਣ ਗਈਆਂ, ਇਕੋ ਬਣਤ ਬਣ ਗਈ:-ਰਾਹਾਂ ਤੇ ਰਾਹਾਂ ਉਤੇ ਗੱਡੇ ਮੇਰੇ ਨੈਣ। ਚਿੜੀ ਫੜਕੇ ਤਾਂ ਤ੍ਰੁੱਬ੍ਰਕ 'ਆ

[1] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੫੧ (੧੯੨੦ ਈ:) ਦੇ ਗੁਰਪੁਰਬ ਪੁੰਨਮ ਪਰ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

[2] ਬਾਜਿਆਂ ਦੇ ਖ਼ਿਆਲ ਵਿਚ ਸਾਹੋਕੇ।

ਗਏ', ਪੈਖੜ ਸੁਣੀ ਤਾਂ ਤ੍ਰੱਬ੍ਰਕ : 'ਆ ਗਏ'. ਪਰਛਾਵਾਂ ਪਿਆ ਤਾਂ ਤ੍ਰੱਬ੍ਰਕ: 'ਆ ਗਏ',। 'ਆ ਗਏ' 'ਆ ਗਏ' ਦੇ ਸੁਪਨੇ, 'ਆ ਗਏ' 'ਆ ਗਏ' ਦੇ ਝਾਉਲੇ 'ਆ ਗਏ; ਦੀਆਂ ਬਿੜਕਾਂ, 'ਆ ਗਏ, 'ਆ ਗਏ, ਦੀਆਂ ਸੱਧਰਾਂ ਸਿਕਾਂ। ਮੈਨੂੰ ਥਹੁ ਹੋਵੇ ਤਾਂ ਇਨ੍ਹਾਂ ਨਿਕਰਮਣ ਪੈਰਾਂ ਨੂੰ ਲੈ ਟੁਰਾਂ, ਮੇਰੇ ਨੈਣ ਖੁੱਲ੍ਹੇ ਹੋਣ ਤਾਂ ਬਿਨ ਪਤੇ ਟੁਰ ਪਵਾਂ, ਜੋ ਆਪੇ ਲੈ ਅੱਪੜਨਗੇ ਤੇ ਅੰਨ੍ਹੇ ਪੈਰਾਂ ਨੂੰ ਟਿਕਾਣੇ ਪੁਜਾ ਖੜਨਗੇ। ਅੱਜ ਸੋ ਕਿਤੋਂ ਆਉਂਦੀ ਹੈ ਤਾਂ ਕੱਲ ਸੈਂਕੜੇ ਕੋਹਾਂ ਤੋਂ ਜਾ ਸੁੰਧਕ ਨਿਕਲਦੀ ਹੈ। ਹੇ ਕਰਤਾਰ! ਹੇ ਸਿਰਜਣਹਾਰ! ਮੇਰੀ ਮੂਰਖ ਦੀ ਬੀ ਪੁਗਾ, ਇਕ ਵੇਰ ਤਾਂ ਨੈਣ ਤ੍ਰਾਸਿਆਂ ਵਿਚ ਪਿਆਰੇ ਦੇ ਦੀਦਾਰੇ ਦਾ ਫੇਰਾ ਪੁਆ, ਮੈਂ ਓਥੇ ਤੇਰੇ ਰੰਗ ਵੇਖਾਂ ਤੇ ਰੰਗ ਵਿਚ ਡੋਬਾ ਪਾਵਾਂ। ਹੇ ਸਭ ਥਾਂ ਸੁਣਨ ਵਾਲੇ! ਕਿਸੇ ਦੇ ਸਦਕੇ ਮੇਰੀ ਝੋਲੀ ਖੈਰ ਪਾ। ਮੂਰਖਾਂ ਦਾ ਅੱਲਾ ਬੇਲੀ ਆਖਦੇ ਹਨ, ਹੇ ਮਤਹੀਨਾਂ ਦੇ ਮਾਲਕ! ਮੇਰੀ ਆਸ ਪੁਗਾ।

ਆਵਾਜ਼ ਆਈ:-

ਸਤਿਕਰਤਾਰ,ਸਤਿਕਰਤਾਰ,ਸਤਿਕਰਤਾਰ।

ਰੂਪਾ (ਤ੍ਰੱਬ੍ਰਕ ਕੇ)-ਆ ਗਏ, ਆ ਗਏ, ਸੱਚ ਮੁਚ ਕਿ ਬਿੜਕਾ ਹੈ? ਮੇਰੇ ਮਨ ਦਾ ਬਿੜਕਾ ਹੈ, ਕਿ ਜਾਗਦੇ ਦਾ ਸੁਪਨਾ ਹੈ? ਆ ਗਏ, ਹੈਂ! ਕੀਕੂੰ ਪਛਾਣਸਾਂ? ਕਦੇ ਦੇਖੇ ਨਹੀਂ, ਹੇ ਨੈਣੋ! ਪਛਾਣ ਲੈਣਾ, ਹੈਂ? ਆ ਗਏ।

ਆਵਾਜ਼ ਆਈ-'ਸਤਿ ਕਰਤਾਰ'।

ਖੂਹ ਗਿੜ ਰਿਹਾ ਹੈ, ਬੈਲ ਹੌਲੇ ਹੌਲੇ ਚਲ ਰਹੇ ਹਨ, ਪਾਣੀ ਨਿਸਾਰ ਵਿਚੋਂ ਆਡ ਵਿਚ ਜਾ ਰਿਹਾ ਹੈ, ਰੂਪ ਗਾਧੀ ਤੇ ਨੈਣ ਮੀਟੇ ਬੈਠਾ ਕਹਿ ਰਿਹਾ ਹੈ:-'ਹਾਂ, ਫੇਰ ਹੇ ਕਰਤਾਰ! ਮਿਹਰ ਕਰ, ਨਿੱਤ ਦੇ ਮੰਗਤੇ ਤੇ ਤ੍ਰੁੱਠ, ਤ੍ਰੁੱਠ ਨਾ ਫੇਰ ਤ੍ਰੁੱਠ';ਤੇ ਕਹਿੰਦੇ ਦੇ ਬੰਦ ਨੈਣਾਂ ਵਿਚੋਂ ਛਮਾਂ ਛਮ ਅਥਰੂ ਵਗ ਟੁਰੇ।

ਆਵਾਜ਼ ਆਈ:'ਸਤਿਕਰਤਾਰ'-

ਰੂਪ (ਬਿਹਬਲ ਹੋਕੇ)-ਆ ਗਏ।

ਨੈਣ ਖੋਹਲੇ ਤਾਂ ਇੱਕ ਖਿੱਚ ਦਾ ਤ੍ਰਿੱਖਾ ਤਣੁਕਾ ਵੱਜਾ, ਕਿਸੇ ਪਿਆਰ ਦੇ ਸੋਮੇਂ ਦੇ ਦਰਸ਼ਨ ਨੈਣਾਂ ਵਿਚ ਵੜੇ, ਕਲੇਜੇ ਵਿਚ ਉਤਰਕੇ ਅੰਦਰਲੇ ਦੇ ਅੰਦਰ ਧਸ ਗਏ, ਬੇਸੁਧ ਹੋ ਢੱਠਾ ਤੇ ਦੂਜੀ ਛਿਨ ਕਿਸੇ ਅੰਮ੍ਰਿਤ ਦੇ ਸੋਮੇਂ ਦੇ ਚਰਨਾਂ ਤੇ ਜਾ ਪਿਆ। ਸਿਰ ਤੇ ਪਿਆਰ ਦਾ ਹੱਥ ਫਿਰ ਰਿਹਾ ਹੈ ਤੇ "ਸਤਿਕਰਤਾਰ-ਸਤਿਕਰਤਾਰ" ਦੀ ਧੁਨਿ ਪਸਰ ਰਹੀ ਹੈ। ਮਾਨੋਂ ਹਵਾ ਨੂੰ ਜੀਭ ਲਗ ਰਹੀ ਹੈ ਤੇ 'ਸਤਿਕਰਤਾਰ' ਦਾ ਸੰਗੀਤ ਮੋਲ੍ਹੇਧਾਰ ਵਸਦੇ ਮੀਂਹ ਵਾਂਗ ਤਕੜੀ ਗੁੰਜਾਰ ਪਾ ਰਿਹਾ ਹੈ।

ਸਤਿਗੁਰ ਨਾਨਕ (ਬਹੁਤ ਪਿਆਰ ਦੇਕੇ)-ਰੂਪਿਆ! ਉੱਠ ਜੀਵਾ ਹੋ, ਸੱਜਣਾ ਉੱਠ, ਉਸ ਕਰਤਾਰ ਨਾਲ ਜੁੜ ਜਾ। ਸਾਕਤ ਹੋਣਾ ਭਲਾ ਨਹੀਂ, ਜੁੜਿਆ ਰਹਿਣਾ ਠੀਕ ਹੈ। ਜੁੜੇ ਰਹਿਣ ਲਈ ਰਚਿਆ ਸੀ। ਤ੍ਰੁਟਣਾ ਸਾਕਤ ਹੋਣਾ (ਕੱਟੇ ਜਾਣਾ) ਸਾਡੀ ਭੁੱਲ ਹੈ, ਸਾਡੀ ਮੌਤ ਹੈ, ਜੁੜ। ਜੁੜਨਾ, ਹਾਂ, ਜੀਉ ਉਠਣਾ ਹੋਸੀ।

ਹੁਣ ਰੂਪੇ ਦੇ ਲੂੰ ਲੂੰ ਵਿਚ ਵਾਹਿਗੁਰੂ ਦੀ ਝਰਨਾਟ ਆ ਗਈ: ਮਾਨੋਂ ਟੁੱਟਾ ਰਬਾਬ ਕਿਸੇ ਤਾਰਾਂ ਤੰਦਾਂ ਪਾਕੇ ਕੱਸ ਦਿਤਾ ਹੈ ਤੇ ਉਹ ਸੁਰੀਲੀ ਧੁਨਿ ਵਿਚ ਵੱਜ ਉੱਠਿਆ ਹੈ, ਸਾਰਾ ਸਰੀਰ ਸੰਗੀਤ ਦਾ ਰੂਪ ਹੋ ਗਿਆ ਹੈ। ਅਹਿੱਲ ਸਰੀਰ ਹੁਸਨ ਦੇ ਸੰਗੀਤ ਵਿਚ ਥ੍ਰੱਰ ਥ੍ਰੱਰ ਕਰ ਰਿਹਾ ਹੈ, ਸਮਝ ਨਹੀਂ, ਵਰਣਨ ਨਹੀਂ, ਪਰ ਰਸ ਭਰਿਆ ਸੰਗੀਤ ਹੋ ਰਿਹਾ ਹੈ। ਇਸ ਤਰ੍ਹਾਂ ਕਿੰਨਾਂ ਸਮਾਂ ਲੰਘਿਆ।

ਅਵਾਜ਼ ਆਈ: 'ਰੂਪਿਆ ਉੱਠ?'

ਹਾਂ ਜੀ, ਹੁਣ ਹੋਸ਼ ਫਿਰੀ, ਸਰੀਰਾਂ ਨੂੰ ਸੰਗੀਤ ਬਣਾਕੇ ਵਜਾ ਦਿਖਾਉਣ ਵਾਲਾ, ਲੂੰ ਲੂੰ ਰਾਗ ਦੀਆਂ ਤੰਤੀਆਂ ਵਾਂਗੂੰ ਖਿੱਚਕੇ ਇਲਾਹੀ ਧੁਨਿ ਗੁੰਜਾ ਦੇਣ ਵਾਲਾ ਤੇ ਰਾਗ ਰੂਪ ਕਰਕੇ ਜਿਵਾ ਦੇਣ ਵਾਲਾ ਮਾਲਕ ਸੱਦ ਦੇ ਰਿਹਾ ਹੈ। ਰੂਪਾ ਕਿਸੇ ਮਸਤ ਵਾਂਙ ਉਠਿਆ, ਅੱਧੇ ਰਸ ਭਰੇ ਨੈਣਾਂ ਅੱਧੇ ਖੁੱਲੇ ਰਸ ਦਰਸ਼ਨ ਨੈਣਾਂ ਨਾਲ ਤੱਕਦਾ ਟੁਰ ਪਿਆ। ਸਤਿਗੁਰ ਨਾਲ ਟੁਰ ਪਏ।

ਅੱਜ ਆਏ, ਹਾਂ ਜੀ ਸਤਿਗੁਰ ਆਏ, ਹਾਂ ਤਰਸ ਰਹੇ ਦੇ ਘਰ ਆਏ। ਘਰ ਜੀ ਉਠਿਆ, ਘਰ ਦੇ ਸਾਰੇ ਬੰਦੇ ਜੀ ਉੱਠੇ। ਪਿੰਡ ਵਿਚ ਖਬਰ ਹੋਈ ਪਿਆਸੇ ਆਏ, ਜੀਆਦਾਨ ਦਾ ਮੀਂਹ ਵੱਸਿਆ, ਪਿੰਡ ਜੀ ਉਠਿਆ। ਅੱਠ ਦਿਨ ਲੰਘ ਗਏ ਪਿਆਰ

ਤੇ ਰੱਬੀ ਰੰਗ ਦੇ ਰੰਗ ਬੱਝਿਆਂ।

੩.

**ਇਕ** ਦਿਨ ਤ੍ਰਾਣ ਕਰਤਾ ਜੀ ਬੋਲੇ-ਰੂਪਿਆ! ਬਈ ਹੁਣ ਕੂਚ। ਸੱਦ ਕੂਕਦੀ ਹੈ ਕੂਚ।

ਰੂਪਾ-ਹੇ ਰਜ਼ਾ ਦੇ ਮਾਲਕ! ਰੱਜ ਕੇ ਦਰਸ਼ਨ ਦਿਓ, ਇਨ੍ਹਾਂ ਪਿਆਸਿਆਂ ਨੈਣਾਂ ਦੀ ਝੰਡ ਨਹੀਂ ਲੱਥੀ, ਤਿਹਾਏ ਮਨ ਦੀ ਤ੍ਰੇਹ ਨਹੀਂ ਮਿਟੀ, ਤ੍ਰੁੱਠੇ ਹੋ ਤਾਂ ਤ੍ਰੁੱਠੇ ਰਹੋ, ਵਿਛੋੜਾ ਸੁਣਿਆਂ ਦੁੱਖ ਖਾਂਦਾ ਹੈ, ਨਜ਼ਰੋਂ ਉਹਲੇ ਹੁੰਦੇ ਸੁਣ ਮਰਦਾ ਹਾਂ, ਧੀਰਜ ਨਹੀਂ ਬੰਨ੍ਹਦਾ ਅੰਦਰਲਾ, ਕਿਉਂ ਜੀਵਸਾਂ। ਜੀਵਾਲਣ ਹਾਰ! ਦੀਦਾਰ ਦੇਕੇ ਕੰਡ ਨਾ ਦਿਖਾਉਣੀ, ਕੰਡ ਨਾ ਦਿਖਾਓ ਤਾਂ ਆਪੇ ਵਿਚ ਸਮਾ ਲਓ।

ਉਧਾਰਨਹਾਰ-ਰੂਪਿਆ! ਬੱਚਿਆ! ਪਿਆ-ਰਿਆ! ਹੁਕਮ ਹੈ ਕੂਚ। ਹੁਕਮ ਹੈ ਪ੍ਰੀਤਮ ਦਾ ਹੋਰਥੇ ਆਲੇਖ ਦੇ ਆਦੇਸ਼ ਜਗਾਉਣ ਦਾ।

ਰੂਪਾ-ਮਿਹਰ ਤੇ ਕੋਮਲਤਾ ਦੇ ਗੁਲਾਬ ਜੀ! ਜੰਤ ਜੰਤੀ ਨੂੰ ਕੀ ਆਖੇ? ਨਾ ਆਖ ਹੁੰਦਾ ਹੈ: 'ਜਾਹੁ', ਨਾ ਰੋਕ ਹੁੰਦਾ ਹੈ! ਪਾਤਸ਼ਾਹ! ਮੈਂ ਮੂਰਖ ਹਾਂ, ਵਿਛੁੜਿਆਂ ਮਰਦਾ ਹਾਂ, ਮੇਰੇ ਵੱਸ ਨਹੀਂ!

ਉਧਾਰਨਹਾਰ-ਰੂਪੇ ਭਾਗ! ਦੁਖ ਦੀ ਕੁਰਲਾਟ ਦਰਗਾਹ ਪਹੁੰਚੀ ਹੈ। ਕਰਤਾਰ ਦੇ ਦਰਬਾਰ ਕਸ਼ਟ ਦੀ ਪੁਕਾਰ ਅੱਪੜੀ ਹੈ। ਹੁਕਮ ਹੋਇਆ ਹੈ ਪਹੁੰਚੋ, ਤ੍ਰਾਹ ਤ੍ਰਾਹ ਦੀ ਸੱਦ ਨੇ ਪੌਣ ਵਿਚ ਗ਼ਮ ਛਾ ਦਿਤਾ ਹੈ, ਹਾਇ! ਹਾਇ!! ਦੀ ਧੁਨਿ ਨੇ ਚਾਨਣੇ ਨੂੰ ਉਦਾਸ ਕਰ ਦਿਤਾ ਹੈ। ਵੇਖ ਧੁੱਪ ਉਦਾਸੀ ਬੋਲੀ ਬੋਲਦੀ ਹੈ, ਵਣ ਉਦਾਸ ਤੇ ਵਣ ਦੇ ਪੰਖੀ ਦਿਲਗੀਰ ਹਨ। ਹੁਣ ਚੱਲਣਾ ਹੈ ਤੇ ਹੁਕਮ ਕਮਾਉਣਾ ਹੈ। ਤੂੰ ਕਰਤਾਰ ਦੇ ਰੰਗ ਵਿਚ ਵੱਸ, ਜੀਵਾ ਹੋਇਆ ਹੈਂ, ਜੀਵਾ ਰਹੁ, ਤੇਰਾ ਸਰੀਰ ਪਿਆਰੇ ਦੀ ਯਾਦ ਦੇ ਸੰਗੀਤ ਵਿਚ, ਖਿੱਚ ਵਿਚ ਤੇ ਰੱਬੀ ਗੁੰਜਾਰ ਵਿਚ ਰਹੇ। ਕਦੇ ਨਾ ਵਿਸਰੇ ਵਾਹਿਗੁਰੂ, ਤੇਰੇ ਮਨੋਂ ਨਾ ਵਿਸਰੇ 'ਸਭਨਾ ਜੀਆ ਕਾ ਇਕੁ ਦਾਤਾ।'

ਰੂਪਾ-ਮੇਰੇ ਵੱਸ ਨਹੀਂ, ਪਾਤਸਾਹ ! ਮੈਂ ਮਰਦਾ ਹਾਂ।

ਇਹ ਕਹਿੰਦਾ ਢਹਿ ਪਿਆ ਤੇ ਅੱਖਾਂ ਫਿਰ ਗਈਆਂ। ਰੱਬੀ ਪਿਆਰ ਦੇ ਨਿਝਰ ਝਰ ਰਹੇ ਸੋਮੇਂ ਨੇ, ਲਹਿ ਲਹਿ ਵਗ ਰਹੇ ਪ੍ਰੇਮ-ਚਸ਼ਮੇ ਨੇ ਗਲੇ ਲਾਕੇ ਤੇ ਸਿਰ ਤੇ ਪਿਆਰ ਦੇਕੇ ਕਿਹਾ:-

ਰੂਪੇ! ਸਾਡਾ ਰਹਿਣਾ ਨਹੀਂ ਹੋਰ। ਨਾਲ ਚੱਲ; ਚੱਲਕੇ ਤੱਕ ਕਰਤਾਰ ਦੇ ਰੰਗ।

ਮਰਦਾਨਿਆਂ! ਚੱਕ ਰਬਾਬ, ਦੇਖ ਕਰਤਾਰ ਦੇ ਰੰਗ! ਚੱਲ ਦੇਖ ਅਜਾਲੀ ਕਸਾਈ ਹੋ ਚੱਲੇ ਨੀ, ਵਾੜਾਂ ਲਾਵੀ ਬਣਨ ਲੱਗੀਆਂ ਨੀ, ਪਹਿਰੂਏ ਸੰਧੇਵਾ ਘੜਾ ਰਹੇ ਨੀ।

ਨਾਨਕ ਦੁਨੀਆ ਕੈਸੀ ਹੋਈ॥
ਸਾਲੁਕ ਮਿਤੁ ਨ ਰਹਿਓ ਕੋਈ॥

(ਸਲੋਕ ਵਾ:ਤੋ ਵ: ਮ:੧-੫)

ਇਹ ਕਹਿੰਦਿਆਂ ਇਲਾਹੀ ਜੋਤਿ ਨਾਲ ਸਦਾ ਜਗਮਗ ਜਗਮਗ ਕਰਨ ਵਾਲੇ ਨੈਣ ਕਿਸੇ ਡਾਢੇ ਤਰਸ ਤੇ ਪਿਆਰ ਨਾਲ ਜਲ ਪੂਰਤ ਹੋ ਗਏ, ਦੋ ਚਾਰ ਟੇਪੇ ਕਿਰੇ ਤੇ ਰੂਪੇ ਦੇ ਹੱਥਾਂ ਤੇ ਪਏ, ਜੋ ਹੱਥ ਕਿ ਚਰਨਾਂ ਤੇ ਟਿਕ ਰਹੇ ਸੀ।

੪.

**ਇਕ** ਪੁਰਾਣੇ ਮਿਟ ਰਹੇ ਕਬਰਸਤਾਨ ਦੇ ਲਾਗੇ ਬੇਰ ਦੀ ਛਾਵੇਂ ਆਕੇ ਪ੍ਰੇਮ ਪੁੰਜ ਜੀ ਬੋਲੇ:-

ਮਰਦਾਨਿਆਂ! ਆਹ ਬੇਰ ਦੀ ਛਾਂ ਠੰਢੀ ਹੈ, ਆ ਬੈਠ ਜਾਈਏ।

ਮਰਦਾਨਾ-ਪਾਤਸ਼ਾਹ! ਇਹ ਤਾਂ ਕੋਈ ਪੁਰਾਣੀਆਂ ਕਬਰਾਂ ਦੀ ਜੂਹ ਜਾਪਦੀ ਹੈ, ਕਿਤੇ ਸ਼ਹਿਰ ਚੱਲਕੇ ਠਹਿਰੀਏ।

ਸਤਿਗੁਰ-ਮਰਦਾਨਿਆਂ! ਕਰਤਾਰ ਦੀ ਰਜ਼ਾ ਇਥੇ ਹੈ, ਨੌਕਰੀ ਪਹਿਰਾ ਇਥੇ ਹੈ। ਵਸਦੀਆਂ ਤੇ ਉਜਾੜਾਂ ਕਰਤਾਰ ਨਾਲ ਭਰਪੂਰ ਹਨ, ਦੇਖ ਨਾ! ਸਾਰੇ ਦਿੱਸ ਰਿਹਾ ਹੈ ਪਿਆਰਾ, ਸਾਰੇ ਵੱਸ ਰਿਹਾ ਪਿਆਰਾ; ਸਾਰੇ ਡੁੱਲ੍ਹ ਡੁੱਲ੍ਹ ਪੈ ਰਿਹਾ ਪਿਆਰਾ। ਹਰੀ ਹਰਜਾਵਲ ਦੀ ਸ਼ਾਖ ਸ਼ਾਖ ਕਿਸ ਤਰ੍ਹਾਂ ਸਾਖੀ ਭਰ ਰਹੀ ਹੈ ਕਿ ਵਣ ਤ੍ਰਿਣ ਵਿਚ ਪਿਆਰਾ ਹੈ। ਵਸਦੀ ਹੈ ਸਾਰੇ, ਉਜਾੜ ਕਿਤੇ ਨਹੀਂ, ਨੈਣ ਖੋਹਲ ਮਰਦਾਨਿਆਂ!

ਬੇਬਸਾ ਮਰਦਾਨੇ ਦਾ ਰਬਾਬ ਖੁੱਲ੍ਹ ਗਿਆ, ਤੇ ਉਂਗਲਾਂ ਤੰਤਾਂ ਤੇ ਫਿਰ ਨਿਕਲੀਆਂ। ਸਤਿਗੁਰ ਦੇ ਇਲਾਹੀ ਗਲੇ ਤੋਂ ਧੁਨਿ ਉੱਠੀ ਤੇ ਰਾਮਕਲੀ ਵਿਚ ਸੱਦ ਹੋਈ:-

ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ ॥ ੧ ॥ ਜੀਵਨ ਤਲਬ ਨਿਵਾਰਿ ਸੁਆਮੀ ॥ ਅੰਧ ਕੂਪਿ ਮਾਇਆ ਮਨੁ ਗਾਡਿਆ ਕਿਉ ਕਰਿ ਉਤਰਉ ਪਾਰਿ ਸੁਆਮੀ ॥ ੧ ॥ਰਹਾਉ॥ ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ ॥ ਤਿਨ ਕੀ ਸਾਰ ਕਰੇ ਨਿਤ ਸਾਹਿਬੁ ਸਦਾ ਚਿੰਤ ਮਨ ਮਾਹੀ ॥ ੨ ॥ ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥ ਸਤਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥ ੩ ॥ ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ ॥ ੪ ॥ ੨ ॥

ਇਲਾਹੀ ਨਜ਼ਾਰਾ, ਵਹਿਗੁਰੂ ਰੰਗ ਦਾ ਅਚਰਜ ਦਰਸ਼ਨ ਬਣ ਰਿਹਾ ਹੈ। ਬੇਰ ਦੀ ਛਾਵੇਂ ਰੂਪਾ ਜੀ ਨੈਣ ਬੰਦ ਬੈਠੇ ਹਨ, ਚਿਹਰੇ ਪਰ ਲਾਲੀ ਤੇ ਨੈਣਾਂ ਵਿਚੋਂ ਸੁਖ ਦੇ ਅੱਥਰੂ ਕਿਰ ਰਹੇ ਹਨ; ਮਰਦਾਨਾ ਰਬਾਬ ਬਜਾ ਰਿਹਾ ਹੈ, ਪਰ ਆਪ ਮਸਤ ਹੈ, ਸਤਿਗੁਰ ਦਾ ਪਵਿੱਤ੍ਰ ਗਲਾ ਗਾ ਰਿਹਾ ਹੈ ਤੇ ਹੋਰ ਸਰੀਰ ਅਚੱਲ ਤੇ ਅਡੋਲ ਹੈ।

ਫੇਰ ਚੁੱਪ ਛਾ ਗਈ, ਫੇਰ ਸਤਿਗੁਰ ਬੋਲੇ:-

"ਮਰਦਾਨਿਆਂ! ਬਈ ਤਿਆਰ ਹੋ। "

ਮਰਦਾਨਾ-ਸੱਤ ਬਚਨ ਜੀ।

ਰੂਪਾ-ਪਾਤਸ਼ਾਹ! ਕੁਝ ਜਲ ਪੀ ਲਓ ਤੇ ਥੋੜੀ ਪੰਜੀਰੀ ਮੂੰਹ ਪਾ ਲਓ।

ਸਤਿਗੁਰ-ਪਹਿਲਾਂ ਕੰਮ।

ਮਰਦਾਨਾ-ਜੀਓ ਪਾਤਸ਼ਾਹ! ਜਿਵੇਂ ਰਜ਼ਾ, ਪੈਂਡਾਂ ਢੇਰ ਕੱਟਕੇ ਆਏ ਹਾਂ, ਕੁਛ ਮੂੰਹ ਪਵੇ ਤਾਂ ਭਲਾ ਹੈ।

ਸਤਿਗੁਰ (ਹੱਸਕੇ)-ਮਰਦਾਨਿਆਂ! ਭਲਾ ਹੈ। ਸਭਨਾਂ ਨੇ ਕੁਛ ਖਾਧਾ ਤੇ ਜਲ ਛਕਿਆ, ਪਰ ਸਤਿਗੁਰ ਜਾਣੀ ਜਾਣ ਨੈਣ ਮੁੰਦੇ ਬੈਠੇ ਰਹੇ, ਫੇਰ ਤੱਕੇ ਤੇ ਬੋਲੇ:-

ਮਰਦਾਨਿਆਂ! ਔਹ ਦੇਖ ਐਥੋਂ ਇਕ ਗੁੰਬਜ਼ ਜਿਹਾ ਦਿੱਸਦਾ ਹੈ, ਓਥੇ ਚਲਾ ਜਾਹ। ਜੋ ਆਦਮੀ ਬਾਹਰ ਬੈਠੇ ਹੋਣ ਉਹਨਾਂ ਨੂੰ ਕਹੁ ਕਿ ਵਹਿਗੁਰੂ ਦਾ ਢਾਡੀ ਆਯਾ ਹੈ ਤੇ ਪੀਰ ਜੀ ਨੂੰ ਯਾਦ ਕਰਦਾ ਹੈ।

ਹੁਕਮ ਸੁਣਕੇ ਮਰਦਾਨਾ ਚਲਾ ਗਿਆ। ਅੱਗੇ ਪੰਜ ਚਾਰ ਆਦਮੀ ਬੈਠੇ ਸਨ ਤੇ ਗੁੰਬਜ਼ ਦੇ ਬੂਹੇ ਬੰਦ ਸਨ। ਮਰਦਾਨੇ ਨੇ ਉਹਨਾਂ ਨੂੰ ਪੈਰੀ ਪਉਣਾ ਕਰਕੇ ਸੁਨੇਹਾ ਦਿਤਾ, ਅਗੋਂ ਉਹਨਾਂ ਨੇ ਆਖਿਆ:

ਸੁਣ ਬਈ, ਅਸੀਂ ਹਾਂ ਮੁਰੀਦ ਤੇ ਅੰਦਰ ਹਨ ਪੀਰ ਜੀ, ਉਹ ਚਿਲ੍ਹੇ ਬੈਠੇ ਹਨ। ਚਾਲੀ ਦਿਨਾਂ ਤੱਕ ਉਨ੍ਹਾਂ ਨੇ ਨਿਕਲਨਾ ਨਹੀਂ ਤੇ ਹੁਕਮ ਹੈ: ਚਾਹੇ ਕੁਛ ਹੋਵੇ ਚਾਲੀ ਦਿਨਾਂ ਤੋਂ ਪਹਿਲਾਂ ਸਾਨੂੰ ਕਿਸੇ ਗਲ ਦੀ ਖ਼ਬਰ ਨਹੀਂ ਕਰਨੀ, ਸੋ ਅਸੀਂ ਕਿਵੇਂ ਤੇਰਾ ਸੁਨੇਹਾ ਦੇਈਏ?

ਮਰਦਾਨਾ-ਮੇਰਾ ਸੁਨੇਹਾ ਮੇਰਾ ਨਹੀਂ, ਇਹ ਪੀਰਾਂ ਦੇ ਪੀਰ ਤੇ ਗੁਰਾਂ ਦੇ ਗੁਰੂ ਦਾ ਹੈ, ਤੁਸੀਂ ਵੇਖਦੇ ਹੋ ਮੇਰਾ ਜਨਮ ਮੁਸਲਮਾਨ ਦਾ ਹੈ ਤੇ ਗੁਰੂ ਮੇਰਾ ਜਗਤ ਦੇ ਹਿਸਾਬ ਖਤ੍ਰੀ ਜਨਮ ਦਾ ਹੈ, ਮੈਂ ਕੁਛ ਡਿੱਠਾ ਹੈ ਤਾਂ ਮਗਰ ਲੱਗਾ ਹਾਂ ਨਾ। ਮੈਂ ਸੱਚ ਆਖਨਾ ਹਾਂ ਕਿ ਉਹ ਰੱਬ ਵਲੋਂ ਆਏ ਹਨ, ਧੁਰੋਂ ਆਏ ਹਨ, ਇਲਹਾਮ ਉਹਨਾਂ ਤੇ ਉਤਰਦਾ ਹੈ, ਤੇ ਗ਼ੈਬ ਵਿਚ ਓਹ ਗੋਤੇ ਮਾਰਦੇ ਹਨ, ਉਹਨਾਂ ਦਾ ਸੁਨੇਹਾ ਮੰਨ ਲੈਣਾ ਤੁਹਾਨੂੰ ਤੇ ਪੀਰ ਜੀ ਨੂੰ ਸੁਖ ਦੇਵੇਗਾ। ਉਹ ਸੰਸਾਰ ਦੇ ਐਸ਼੍ਵਰਜ, ਪੂਜਾ, ਪ੍ਰਤਿਸ਼ਟਾ, ਕਿਸੇ ਸ਼ੈ ਦੇ ਲੋੜਕੂ ਨਹੀਂ, ਤ੍ਰਿਸ਼ਨਾ ਨਦੀ ਤੋਂ ਪਾਰ ਵੱਸਦੇ ਹਨ, ਤੁਸੀਂ ਜੇ ਖ਼ਬਰ ਦਿਓਗੇ ਤਾਂ ਤੁਸਾਂ ਉੱਤੇ ਤੇ ਤੁਸਾਡੇ ਪੀਰ ਉੱਤੇ ਸਾਂਈਂ ਦਾ ਫ਼ਜ਼ਲ ਉਤਰੇਗਾ।

ਮੁਰੀਦ-ਸਾਂਈਂ ਲੋਕਾ! ਤੂੰ ਸੱਚ ਆਖਦਾ ਹੋਸੇਂ, ਪਰ ਪੀਰ ਪ੍ਰਸਤੀ ਦਾ ਬੜਾ ਗਾਖੜਾ ਰਸਤਾ ਹੈ। ਅਸਾਂ ਤਾਂ ਹੁਕਮ ਪਾਲਣਾ ਹੈ ਤੇ ਕਿਵੇਂ ਬੀ ਨਹੀਂ ਖ਼ਬਰ ਕਰਨੀ, ਤੇਰੇ ਗੁਰੂ ਜੇ ਕਦੇ ਸਾਹਿਬੇ ਕਸ਼ਫ ਹਨ, ਗ਼ੈਬੀ ਤਾਕਤ ਰੱਖਦੇ ਹਨ, ਤਾਂ ਆਪ ਖ਼ਬਰ ਕਰ ਦੇਣ, ਸਾਨੂੰ ਗੁਨਾਹਗਾਰ ਬਨਾਉਣ ਦੀ ਕੀਹ ਲੋੜ ਹੈ? ਪੀਰ ਫਿੱਟਕੇ ਦਾ ਕਿਹੜਾ ਠਉਰ ਰਹਿ ਜਾਂਦਾ ਹੈ?

ਮਰਦਾਨਾ ਹੋਰ ਜ਼ੋਰ ਲਾਕੇ ਤੇ ਨਿਰਾਸ ਹੋ ਕੇ

[1] ਇਹ ਸਲੋਕ ਰਾਮਕਲੀ ਮ: ੧ ਵਿਚ ਹੈ।

ਥੱਕਕੇ ਮੁੜ ਆਇਆ ਤੇ ਸਾਰੀ ਵਿਥਿਆ ਆ 'ਆਸ ਅੰਦੇਸੇ, ਦੇ ਕੱਟਣਹਾਰ ਨੂੰ ਸੁਣਾਈ। ਸਤਿਗੁਰੂ ਜੀ ਸੁਣਕੇ ਮੁਸ਼ਕ੍ਰਾਏ ਤੇ ਕਹਿਣ ਲਗੇ:-

ਮਰਦਾਨਿਆਂ! ਇਕ ਫੇਰਾ ਹੋਰ ਕਰ ਤੇ ਆਖ ਆ ਕਿ ਅੱਜ ਜਿਸ ਵੇਲੇ ਸੂਰਜ ਠੀਕ ਸ਼ਿਖਰ ਤੇ ਆਕੇ ਚਮਕੇਗਾ ਉਸ ਵੇਲੇ ਚਿਲ੍ਹਾ ਟੁੱਟ ਜਾਏਗਾ, ਸੂਰਜ ਸ਼ਿਖਰੋਂ ਪਿਛੇ ਪੈਰ ਹੇਠਾਂ ਧਰੇਗਾ ਪਰ ਚਿਲ੍ਹਾ ਪੀਰ ਦਾ ਪਹਿਲੋਂ ਤ੍ਰੁੱਟੇਗਾ।'

ਮਰਦਾਨਾ ਫੇਰ ਚਲਾ ਗਿਆ ਤੇ ਜਾਕੇ ਮੁਰੀਦਾਂ ਨੂੰ ਇਹ ਸੁਨੇਹਾ ਦੇ ਆਇਆ। ਮੁਰੀਦਾਂ ਵਿਚ ਇਹ ਗੱਲ ਬੜੀ ਹਲਚਲੀ ਪੈਦਾ ਕਰਨ ਵਾਲੀ ਸੀ। ਉਹ ਆਪਣੇ ਪੀਰ ਨੂੰ ਭਾਰਾ ਕਰਾਮਾਤੀ ਸਮਝਦੇ ਸਨ। ਪੀਰ ਪ੍ਰਾਣਾਯਾਮੀ ਬੀ ਸੀ, ਸੁਆਸ ਚੰਗੇ ਰੋਕਦਾ ਸੀ, ਰਿਧੀਆਂ ਸਿਧੀਆਂ ਦਾ ਸ਼ੁਕੀਨ ਬੀ ਸੀ, ਇਸ ਕਰਕੇ ਉਸ ਦਾ ਡਰ ਬੀ ਬਹੁਤ ਸੀ। ਸੋ ਜਦ ਮੁਰੀਦਾਂ ਨੇ ਮਰਦਾਨੇ ਦੇ ਐਸੇ ਤਕੜੇ ਵਾਕ ਸੁਣੇ ਤਾਂ ਗੱਲਾਂ ਸ਼ੁਰੂ ਹੋ ਗਈਆਂ ਕਿ ਅੱਜ ਸਵੇਰੇ ਹੀ ਕੌਣ ਮਰਦ ਆਇਆ ਹੈ ਜੋ ਪੀਰ ਜੀ ਨੂੰ ਕਹਿ ਸਕਦਾ ਹੈ ਕਿ ਅੱਜ ਚਿਲ੍ਹਾ ਟੁੱਟ ਜਾਏਗਾ ਅਰ ਦੁਪਹਿਰਾਂ ਢਲਣ ਤੋਂ ਪਹਿਲਾਂ ਟੁੱਟੇਗਾ। ਮੁਰੀਦਾਂ ਵਿਚੋਂ ਕੁਛ ਸ਼ਹਿਰ ਗਏ ਤਾਂ ਗੱਲ ਸ਼ਹਿਰ ਵਿਚ ਬੀ ਪੁੱਜ ਗਈ ਤੇ ਸਾਰੇ ਪਲੋਪਲੀ ਵਿਚ ਫੈਲ ਗਈ। ਉਧਰ ਮਰਦਾਨਾ ਆਪਣਾ ਸੁਨੇਹਾ ਦੇਕੇ ਸਤਿਗੁਰਾਂ ਦੇ ਪਾਸ ਆ ਗਿਆ। ਮਹਾਰਾਜ ਜੀ ਆਪਣੇ ਰੰਗ ਵਿਚ ਟਿਕ ਗਏ, ਮਰਦਾਨਾ ਕੀਰਤਨ ਵਿਚ ਲੱਗ ਗਿਆ ਤੇ ਰੂਪਾ ਜੀ ਅੰਨ ਪਾਣੀ ਦੇ ਆਹਰ ਲਗ ਪਏ ਕਿ ਆਪਣੇ ਪਿਆਰੇ ਦਾਤੇ ਜੀ ਲਈ ਭੋਜਨ ਤਿਆਰ ਕਰਕੇ ਕ੍ਰਿਤਾਰਥ ਹੋਣ।

੫.

**ਜਦੋਂ** ਸਵਾ ਪਹਿਰ ਦਿਨ ਆ ਗਿਆ ਤਾਂ ਬਾਬੇ ਨੇ ਨੈਣ ਖੁਹਲੇ, ਮਰਦਾਨੇ ਨੇ ਭੋਗ ਪਾਇਆ! ਇਸ ਵੇਲੇ ਸ਼ਹਿਰ ਦੀ ਲੁਕਾਈ ਕੁਛ ਜੁੜੀ ਪਈ ਸੀ। ਲੋਕੀਂ ਇਹ ਗੱਲ ਸੁਣ ਸੁਣਕੇ ਬਹੁਤ ਆਏ ਕਿ ਕੋਈ ਵੱਡਾ ਫ਼ਕੀਰ ਆਯਾ ਹੈ ਜਿਸ ਪੀਰ ਹਮਜ਼ਾ ਗੌਂਸ ਦਾ ਚਿਲ੍ਹਾ ਅੱਜ ਤੋੜ ਸੁੱਟਣਾ ਹੈ ਤੇ ਉਜਾੜ ਵਿਚ ਬੇਰੀ ਹੇਠ ਬੈਠਾ ਹੈ। ਜਦੋਂ ਬਾਬੇ ਨੇ ਨੈਣ ਖੁਹਲੇ ਤਾਂ ਇਕ ਨੇ ਆਖਿਆ:-

ਫਕੀਰ ਸਾਂਈਂ ! ਸੁਣਿਆਂ ਹੈ ਕਿ ਆਪ ਹਮਜ਼ੇ ਦਾ ਚਿਲ੍ਹਾ ਤੋੜੋਗੇ, ਅਸੀਂ ਸ਼ਹਿਰ ਦੇ ਲੋਕ ਆਪ ਦੀ ਸ਼ਰਨ ਆਏ ਹਾਂ।

ਬਹੁੜੀ ਕਰਨ ਵਾਲੇ ਸਤਿਗੁਰ ਬੋਲੇ:-ਚਿਲ੍ਹੇ ਛਿਲੇ ਬੈਠਣੇ ਤੇ ਕੱਟਣੇ ਮਨੁੱਖ ਦਾ ਕੰਮ ਹੈ, ਫਲ ਲਾਉਣਾ ਤੇ ਤੋੜਨਾ ਕਰਤਾਰ ਦਾ ਕੰਮ ਹੈ, ਜੋ ਉਸ ਦੀ ਰਜ਼ਾ ਹੈ ਹੋਕੇ ਰਹੇਗਾ।

ਲੋਕਾਂ ਵਿਚੋਂ ਇਕ-ਇਹ ਪੀਰ ਬੜਾ ਕਰਾਮਾਤੀਆ ਹੈ, ਸ਼ਹਿਰ ਤੇ ਗੁੱਸੇ ਹੋ ਗਿਆ ਹੈ। ਸਾਰਾ ਸ਼ਹਿਰ ਹੁਣ ਆਪ ਦੀ ਸ਼ਰਨ ਹੈ, ਨਗਰ ਦੀ ਰੱਖਿਆ ਕਰੋ।

ਗੁਰੂ ਜੀ-ਰਾਖਾ ਉਹ ਆਪ ਹੈ ਜਿਸਨੇ ਤੁਸਾਨੂੰ ਸਾਨੂੰ ਸਾਜਿਆ ਹੈ, ਫਿਕਰ ਨਾ ਕਰੋ।

ਲੋਕ-ਅਸਾਂ ਵਿਗਾੜਿਆ ਕੁਛ ਨਹੀਂ ਸੀ।

ਮਰਦਾਨਾ-ਗੱਲ ਕਿਵੇਂ ਹੋਈ ਹੈ?

ਲੋਕਾਂ ਵਿਚੋਂ ਇਕ-ਜੀਉ! ਇਥੇ ਇਕ ਆਦਮੀ ਵਡਹਰੇ ਜ਼ਾਤ ਦਾ ਖੱਤ੍ਰੀ ਹੈ, ਉਸ ਦੇ ਘਰ ਉਲਾਦ ਨਹੀਂ ਸੀ। ਬਹੁਤ ਚਿਰ ਉਹ ਤੇ ਉਸਦੀ ਵਹੁਟੀ ਪੀਰ ਜੀ ਨੂੰ ਮਿਲਦੇ ਤੇ ਸੇਵਾ ਪੂਜਾ ਕਰਦੇ ਰਹੇ ਹਨ ਤੇ ਉਲਾਦ ਦੀ ਮੰਗ ਮੰਗਦੇ ਰਹੇ ਹਨ। ਇਕ ਦਿਨ ਪੀਰ ਨੇ ਵਰ ਦਿੱਤਾ ਕਿ ਤੁਹਾਡੇ ਘਰ ਉਲਾਦ ਹੋ ਜਾਏਗੀ ਪਰ ਪਹਿਲਾ ਫਲ ਮੈਨੂੰ ਦੇਣਾ[੧]। ਇਹ ਮੰਨਤ ਖਤ੍ਰੀ ਨੇ, ਜਿਸ ਦਾ ਨਾਉਂ ਗੀਗਾ[੨] ਕਰਕੇ ਸੱਦਦੇ ਹਨ, ਮੰਨ ਲਈ। ਕੁਦਰਤ ਐਸੀ ਵਰਤੀ ਕਿ ਉਸ ਦੇ ਤਿੰਨ ਪੁਤਰ ਜੰਮੇ, ਸੋ ਜਦ ਕੁਛ ਸਿਆਣੇ ਹੋ ਗਏ ਤਾਂ ਪੀਰ ਜੀ ਨੇ ਆਪਣੀ ਮੰਨਤ ਦੀ ਮੰਗ ਕੀਤੀ। ਗੀਗੇ ਹੁਰੀਂ ਲੱਗੇ ਆਲੇ ਟੋਲੇ ਕਰਨ। ਆਲੇ ਟੋਲੇ ਕਰਦਿਆਂ ਆਹ ਦਿਨ ਆ ਗਏ। ਅਖੀਰ ਅੱਜ ਪੰਜੀ ਦਿਨ ਹੋਏ ਹਨ ਤਾਂ ਗੀਗਾ ਸਿਰੋਂ ਦੀ ਮੁੱਕਰ ਗਿਆ ਤੇ ਪੀਰ ਜੀ ਨੂੰ ਕਹਿ ਦਿੱਤਾ ਕਿ ਮੈਂ ਆਪਣਾ ਬੱਚਾ ਨਹੀਂ ਦੇਣਾ, ਤੁਸੀਂ ਜੋ ਮਰਜ਼ੀ ਕਰ ਲਓ।

ਮਰਦਾਨਾ-ਬਈ ਸੱਜਣੋਂ ! ਇਹ ਗੀਗਾ ਜੇ ਇਕਰਾਰ ਕਰ ਚੁੱਕਾ ਸੀ ਤਾਂ ਕੌਲੋਂ ਕਿਉਂ

[੧] ਖਾਲਸਾ ਤਵਾਰੀਖ।

[੨] ਨਾਉਂ ਗੰਗਾ ਸੀ ਤੇ ਅੱਲ ਗੀਗਾ ਸੀ।

ਹਾਰਿਆ? ਭੁੱਲ ਬੀ ਕੀਤੀ ਸੀ ਤਾਂ ਮਰਦ ਦਾ ਸੁਖ਼ਨ ਤਾਂ ਮਰਦ ਦੇ ਨਾਲ ਨਿਭੇ ਨਾ।

ਇਕ ਸ਼ਹਿਰ ਵਾਸੀ-ਸਾਂਈਂ ਜੀਵੇ! ਗਲ ਇਹ ਹੈ ਕਿ ਗੀਗਾ ਹੈ ਖੱਤ੍ਰੀ ਹਿੰਦੂ ਤੇ ਪੀਰ ਜੀ ਹਨ ਮੁਸਲਮਾਨ ! ਖੱਤਰੀ ਆਪਣਾ ਪੁੱਤ੍ਰ ਮੁਸਲਮਾਨ ਨੂੰ ਕਿਵੇਂ ਦੇਵੇ? ਇਹ ਖੱਤ੍ਰੀ ਮਿੰਨਤਾਂ ਕਰ ਚੁਕਾ ਹੈ ਕਿ ਮੁੰਡੇ ਦੇ ਬਦਲੇ ਮਾਇਆ ਲੈ ਲਓ ਤੇ ਤੋਲ ਦਾ ਤੋਲ ਚਾਂਦੀ ਦੇ ਰਿਹਾ ਹੈ। ਰਸਮ ਭੀ ਇਹੋ ਹੈ ਕਿ ਜਦੋਂ ਪੀਰਾਂ ਯਾ ਸਿੱਧਾਂ, ਕਿਸੇ ਦੇ ਵਰ ਨਾਲ ਬਾਲਕ ਹੋ ਜਾਏ ਤੇ ਮੰਨਤ ਮੰਨੀ ਹੋਵੇ ਕਿ ਜੇਠਾ ਫਲ ਆਪ ਦਾ ਹੋਵੇਗਾ ਤਾਂ ਬਾਲ ਨੂੰ ਲੈਕੇ ਸਿੱਧਾਂ ਪੀਰਾਂ ਦੇ ਚਲੇ ਜਾਈਦਾ ਹੈ, ਮੁੱਲ ਪੁਆ ਕੇ ਭੇਟਾ ਭੇਟ ਕਰ ਦੇਈਦੀ ਹੈ ਤੇ ਬਾਲ ਬਖਸ਼ਵਾ ਲਈਦਾ ਹੈ। ਇਹੋ ਦਸਤੂਰ ਆਦਿ ਜੁਗਾਦਿ ਦਾ ਹੈ, ਇਹੋ ਖਿਆਲ ਗੀਗੇ ਦਾ ਸੀ, ਪਰ ਪੀਰ ਜੀ ਨੇ ਬਖਸ਼ਿਆ ਨਹੀਂ ਤੇ ਇਹੋ ਕਿਹਾ ਹੈ ਕਿ ਅਸਾਂ ਤਾਂ 'ਜੀ' ਲੈਣਾ ਹੈ, ਜੀ ਦੀ ਥਾਂ ਪੈਸਾ ਨਹੀਂ ਲੈਣਾ ਪਰ ਨਹੀਂ ਲੈਣਾ। ਸੋ ਸਾਂਈਂ ਜੀਵੇ! ਅੱਜ ਪੰਝੀ ਦਿਨ ਹੋਏ ਕੋਈ ਰੱਬ ਜਾਣੇ ਗੀਗੇ ਤੇ ਪੀਰ ਜੀ ਦਾ ਓਸ ਵੇਲੇ ਬੋਲ ਕਬੋਲ ਹੋ ਗਿਆ ਹੋਵੇ, ਸਾਨੂੰ ਪਤਾ ਨਹੀਂ, 'ਸਹੁੰ ਦੇਈਏ ਜੀ ਦੀ, ਪੁੱਤ ਦੀ ਨਾ ਧੀ ਦੀ' ਸੋ ਜੀ ਪੀਰ ਜੀ ਬੋਲੇ ਕਿ ਹੱਛਾ, ਨਾ ਨਿਰੇ ਤੇਰੇ ਬੱਚੇ ਮਾਰਨੇ ਹਨ ਸਗੋਂ ਇਹ ਸ਼ਹਿਰ ਗ਼ਰਕ ਕਰ ਦੇਣਾ ਹੈ। ਬੱਸ ਚਿਲ੍ਹੇ ਬੈਠ ਗਏ ਤੇ ਮੁਰੀਦਾਂ ਨੂੰ ਕਹਿ ਗਏ ਕਿ ਸਾਨੂੰ ਬੁਲਾਉਣਾ ਨਹੀਂ, ਕਿਸੇ ਤਰ੍ਹਾਂ ਵਿਘਨ ਨਹੀਂ ਪਾਉਣਾ, ਅਸਾਂ ਅੰਦਰੋਂ ਤਾਂ ਨਿਕਲਣਾ ਹੈ ਜਾਂ ਸ਼ਹਿਰ ਗ਼ਰਕ ਕਰ ਸੁੱਟਣਾ ਹੈ। ਇਹ ਕਹਿਕੇ ਆਪ ਵੜ ਗਏ ਇਸ ਗੁੰਬਜ਼ ਜਿਹੇ ਵਿਚ ਤੇ ਹੁਕਮ ਹੈ ਕੋਈ ਨਾ ਬੁਲਾਵੇ। ਸ਼ਹਿਰ ਸਾਰੇ ਨੇ ਨੱਕ ਰਗੜੇ ਹਨ ਤੇ ਮੁਰੀਦਾਂ ਨੂੰ ਕਿਹਾ ਹੈ ਇੱਕ ਦੀ ਥਾਂ ਦੋ ਬਾਲ ਹੋਰ ਲੈ ਲਓ, ਅਸੀਂ ਦੇ ਦੇਂਦੇ ਹਾਂ, ਪਰ ਸ਼ਹਿਰ ਤੇ ਕਹਿਰ ਨਾ ਵਰਤਾਓ। ਅਗਲੇ ਸਮੇਂ ਵਡਿਆਂ ਤੋਂ ਸੁਣਦੇ ਸਾਂ ਕਿ ਪੂਰਨ ਨਾਮੇ ਸਿੱਧ ਉਪਰ ਇਥੇ ਕੁਝ ਕਹਿਰ ਹੋਇਆ ਸੀ, ਤਾਂ ਸ਼ਹਿਰ ਦੋ ਸੌ ਵਰਹਾ ਕਸ਼ਟ ਵਿਚ ਰਿਹਾ ਸੀ, ਹੁਣ ਇਨ੍ਹਾਂ ਦੀਆਂ ਬਦਦੁਆਵਾਂ ਨਾਲ ਖਬਰੇ ਕੀ ਹੋਣੀ ਵਰਤੇਗੀ? ਸਾਡੀ ਪੇਸ਼ ਕੋਈ ਜਾਂਦੀ ਨਹੀਂ ਸਿੱਧਾਂ ਤੇ ਪੀਰਾਂ ਤੋਂ ਡਰ ਸਭ ਕਿਸੇ ਨੂੰ ਲੱਗਦਾ ਹੈ। ਅਸਾਂ ਜਗਰਾਤੇ ਕੀਤੇ ਹਨ, ਦੇਵੀ ਦੀਆਂ ਭੇਟਾਂ ਗਾਂਵੀਆਂ ਹਨ, ਨਾਥਾਂ ਦੇ ਰੋਟ ਪਕਾਏ ਤੇ ਚੜ੍ਹਾਏ ਹਨ, ਸੌ ਮੰਨਤਾਂ ਤੇ ਸੌ ਸ਼ਰੀਣੀਆਂ ਸੁੱਖੀਆਂ ਹਨ, ਪਰ ਪੇਸ਼ ਕੋਈ ਚੱਲੀ ਨਹੀਂ। ਗੀਗੇ ਨਾਲ ਬੀ ਬਥੇਰਾ ਮੱਥਾ ਮਾਰਿਆ ਹੈ; ਉਹ ਬੀ ਕਿਸੇ ਹਠ ਤੇ ਚੜ੍ਹ ਬੈਠਾ ਹੈ। ਅੱਜ ਤ੍ਰਾਸੇ ਹੋਏ ਸ਼ਹਿਰ ਵਿਚ ਆਪ ਦੇ ਆਉਣ ਦੀ ਖ਼ਬਰ ਆਈ ਹੈ, ਸੋ ਸਾਰੇ ਸੁਖ ਦਾ ਸਾਹ ਲੈਕੇ ਹਾਜ਼ਰ ਹੋਏ ਹਨ, ਮਿਹਰ ਕਰੋ।

ਇਸ ਵੇਲੇ ਭਾਈ ਰੂਪੇ ਬਿਨੈ ਕੀਤੀ ਕਿ-

'ਪਰਸ਼ਾਦ ਤਿਆਰ ਹੈ'।

ਸਤਿਗੁਰ-ਰੂਪਿਆ, ਮਿੱਤ੍ਰਾ! ਜਿਨ੍ਹਾਂ ਦੇ ਮਹਿਮਾਨ ਆਈਏ ਓਹ ਭੁੱਖੇ ਰਹਿਣ ਤੇ ਅਸੀਂ ਭੋਜਨ ਪਾਈਏ? ਅੱਜ ਪ੍ਰਸ਼ਾਦ ਤਾਂ ਛਕਾਕੇ ਛਕਾਂਗੇ। ਸ਼ਹਿਰ ਬੀ ਵਰਤਾਂ ਤੇ ਜਪਾਂ ਵਿਚ ਹੈ ਤੇ ਪੀਰ ਵੀ ਕਈ ਦਿਨਾਂ ਦਾ ਭੁੱਖਾ ਦੱਸੀਦਾ ਹੈ, ਦੁਪਹਿਰ ਹੋ ਲੈਣ ਦਿਓ, ਫੇਰ ਛਕਾਕੇ ਛਕਾਂਗੇ।

ਮਰਦਾਨਾ-ਪਾਤਸ਼ਾਹ ! ਕਹਿੰਦੇ ਹਨ ਪੰਝੀ ਦਿਨਾਂ ਦਾ ਭੁੱਖਾ ਹੈ!

ਸਤਿਗੁਰ-ਮਰਦਾਨਿਆਂ! ਏਹ ਲੋਕ ਨਿਉਲੀ ਨੇਤੀ ਧੋਤੀ ਕਰਮ ਕਰਕੇ ਮਲ ਸਰੀਰ ਦੀ ਧੋਕੇ ਬੈਠਦੇ ਹਨ ਤੇ ਨਾਲੇ ਬਦਾਮ ਰੋਗਨ ਆਦਿਕ ਰੱਖ ਲੈਂਦੇ ਹਨ, ਜਿੰਨਾ ਜਿੰਨਾ ਦਮ ਸਾਧਿਆ ਹੁੰਦਾ ਹੈ ਓਨੇ ਓਨੇ ਚਿਰ ਮਗਰੋਂ ਬਦਾਮ ਰੋਗਨ ਦਾ ਘੁੱਟ ਘੁੱਟ ਲੈਕੇ ਉਸ ਦੇ ਆਸਰੇ ਵਕਤ ਕੱਟਦੇ ਹਨ, ਧਯਾਨ ਓਧਰ ਜੋੜ ਬੈਠਦੇ ਹਨ ਜਿਸ ਗਲ ਦੀ ਕਾਰਜ ਸਿੱਧੀ ਲੋੜਦੇ ਹਨ।

੬.

**ਸੂਰਜ** ਸਿਖਰੇ ਆ ਗਿਆ, ਦੁਪਹਿਰਾਂ ਹੋ ਗਈਆਂ, ਮੁਰੀਦ ਮੱਠ ਦੇ ਬਾਹਰ ਬੈਠੇ ਕੌਤਕ ਉਡੀਕ ਰਹੇ ਸਨ ਕਿ ਕੀ ਵਰਤਦਾ ਹੈ, ਚਿਲ੍ਹਾ ਟੁੱਟਦਾ ਹੈ ਕਿ ਚਿਲ੍ਹਾ ਤੋੜਨ ਵਾਲਾ ਫਕੀਰ ਹਾਰ ਖਾਕੇ ਭੱਜਦਾ ਹੈ। ਉੱਧਰ ਲੋਕੀਂ ਕਲੇਜੇ ਮੁੱਠ ਵਿਚ ਲਈ ਤਾਂਘ ਰਹੇ ਸਨ ਕਿ ਸ਼ਹਿਰ ਦੀ ਰੱਖਿਆ ਹੁੰਦੀ ਹੈ ਕਿ ਪੀਰ ਦੀ ਫਿਟਕ ਸਿਰੇ ਚੜ੍ਹਦੀ ਹੈ। ਸਭ ਛਾਤੀਆਂ ਧੜਕ ਧੜਕ ਕਰਦੀਆਂ, ਪਰ ਕੱਠੀਆਂ ਹੋਕੇ ਸਹਿਮਕੇ ਮਾਨੋਂ

ਸੁੰਗੜੀਆਂ-ਪਈਆਂ ਸਨ। ਕੋਈ ਜਲ ਘੜੀ ਨੂੰ ਤੱਕ ਰਿਹਾ ਸੀ ਤੇ ਕੋਈ ਰੇਤ ਘੜੀ ਤੇ ਟੱਕ ਬੰਨ੍ਹੀਂ ਬੈਠਾ ਸੀ, ਕੋਈ ਘੜਿਆਲੀ ਦੀ ਟੁਨਕਾਰ ਸੁਣਨ ਲਈ ਹਵਾ ਵਿਚ ਕੰਨ ਲਾਈ ਬੈਠਾ ਸੀ। ਸ਼ਿਖਰ ਦੁਪਹਿਰ ਠੀਕ ਸ਼ਿਖਰੇ ਆ ਗਈ। ਘੜਿਆਲੀ ਨੇ ਦੁਪਹਿਰੇ ਦੀ ਪਹਿਲੀ ਟੁਨਕਾਰ ਦਿੱਤੀ। ਅਜੇ ਦੂਜੀ ਟੁਨਕਾਰ ਦੀ ਆਵਾਜ਼ ਘੜਿਆਲ ਵਿਚੋਂ ਨਿਕਲੀ ਨਹੀਂ ਸੀ ਕਿ ਜਿਸ ਗੁੰਬਜ਼ ਵਿਚ ਪੀਰ ਜੀ ਚਿਲ੍ਹੇ ਬੈਠੇ ਸਨ ਉਸ ਤੋਂ ਇਕ ਕੜੱਕ ਦੀ ਭਯਾਨਕ ਅਵਾਜ਼ ਆਈ, ਗੁੰਬਜ਼ ਉਤੋਂ ਫ਼ਟਕੇ ਚੀਰੇ ਖਰਬੂਜ਼ੇ ਵਾਂਙ ਦੁਫਾੜ ਹੋ ਗਿਆ, ਵਿਚਕਾਰਲੀਆਂ ਇੱਟਾਂ ਢੈ ਪਈਆਂ ਤੇ ਇਕ ਖੱਪਾ ਖੁੱਲ੍ਹ ਗਿਆ। ਹੁਣ ਸੂਰਜ ਦੀ ਧੁੱਪ ਉਸ ਖੱਪੇ ਵਿਚੋਂ ਅੰਦਰ ਜਾ ਪਈ[1]। ਫਟਣ ਦੀ ਅਵਾਜ਼ ਤੇ ਅਚਾਨਕ ਚਾਨਣੇ ਦੇ ਪਰਵੇਸ਼ ਨੇ ਅੱਖਾਂ ਖੋਹਲ ਦਿੱਤੀਆਂ। ਚਿੱਲ੍ਹਾ ਟੁੱਟ ਗਿਆ। ਪੀਰ ਜੀ ਦੇ ਨੈਣ ਖੁੱਲ੍ਹ ਆਏ, ਧਯਾਨ ਸ੍ਵਾਪ ਵਿਚੋਂ ਉਟਕ ਗਿਆ ਤੇ ਗੁੰਬਜ਼ ਦੇ ਖੱਪੇ ਵਲ ਜਾ ਪਿਆ। ਸਰੀਰ ਕੰਬਿਓਸੁ ਮਤੇ ਸਾਰਾ ਗੁੰਬਜ਼ ਹੀ ਸਿਰ ਉਤੇ ਨਾ ਆ ਪਵੇ। ਇਸ ਭੈ ਤੇ ਹੈਰਾਨੀ ਨੇ ਕਾਹਲੀ ਵਿਚ ਪਾ ਦਿੱਤਾ ਤੇ ਆਪ ਬੂਹਾ ਖੋਲ੍ਹਕੇ ਘਾਬਰੇ ਹੋਏ ਬਾਹਰ ਆ ਗਏ। ਅੱਗੇ ਮੁਰੀਦ ਪਰੇਸ਼ਾਨ ਹਾਲ ਵਿਚ ਖੜੇ ਸਨ ਤੇ ਸ਼ਹਿਰ ਦੇ ਲੋਕ ਦੂਰ ਦੂਰ ਉੱਚੇ ਨੀਵੇਂ ਥਾਂ ਨਜ਼ਰਾਂ ਬੰਨ੍ਹੀਂ ਤੱਕ ਰਹੇ ਸਨ। ਜਿਉਂ ਹੀ ਕਿ ਕੜੱਕ ਫੜੱਕ ਦੀ ਆਵਾਜ਼ ਆਈ ਪੀਰ ਜੀ ਉੱਦੋਸਾਹ ਤੇ ਜੀ ਭਿਆਣੇ ਬਾਹਰ ਨਿਕਲ ਆਏ, ਤਿਉਂ ਹੀ ਹਜ਼ਾਰਾਂ ਗਲਿਆਂ ਤੋਂ ਅਵਾਜ ਆਈ, ਹਾਂ ਇਕ ਗੁੰਜਾਰ ਆਈ, ਮਸਤ ਅਲਮਸਤੀ ਦੀ ਤੇ ਖੁਸ਼ੀ, ਜੋਸ਼, ਫਤਹਮੰਦੀ ਤੇ ਕਾਮਯਾਬੀ ਦੀ ਤਾਕਤ ਨਾਲ ਭਰੀ ਹੋਈ ਤੇ ਸ਼ੁਕਰ ਗੁਜ਼ਾਰੀ ਦੀ ਮਿਠਾਸ ਨਾਲ ਮਿੱਠੀ ਮਿੱਠੀ ਅਵਾਜ਼ ਆਈ:-

ਧੰਨ ਗੁਰੂ ਨਾਨਕ,
ਧੰਨ ਗੁਰੂ ਨਾਨਕ,
ਧੰਨ ਗੁਰੂ ਨਾਨਕ।

'ਧੰਨ ਗੁਰੂ ਨਾਨਕ' ਦੀ ਅਵਾਜ਼ ਗੂੰਜੀ ਤੇ ਗੂੰਜਦੀ ਪੀਰ ਜੀ ਦੇ ਕੰਨਾਂ ਵਿਚ ਗਈ। ਨਾਮ ਗੁਰੂ ਨਾਨਕ ਸੁਣਿਆਂ ਹੋਇਆ ਸੀ, ਪੀਰਾਂ ਫ਼ਕੀਰਾਂ ਵਿਚ ਮਹਿਮਾਂ ਬੀ ਸੁਣੀ ਹੋਈ ਸੀ, ਮੁਰਸ਼ਿਦ ਤੋਂ ਸ਼੍ਰੁਤ ਪਈ ਸੀ ਕਿ 'ਇਕ ਤਪਾ ਮੁਸ਼ਕਿਆ ਹੈ, ਨਾਨਕ ਉਸ ਦਾ ਨਾਮ ਹੈ।' ਹਾਂ ਸਾਲਕ ਲੋਕਾਂ ਨੇ ਆਖਿਆ ਸੀ ਕਿ 'ਦੌਲਤ ਖਾਂ ਲੋਧੀ ਦੀ ਦੌਲਤ ਨੂੰ ਤਿਆਗ ਕੇ ਮਲਕ ਭਾਗੋ ਦੇ ਧਨ ਤੋਂ ਨਿਰਲੋਭ ਰਹਿਕੇ ਤਪਾ ਆਪਣੇ ਇਲਾਹੀ ਰੰਗਾਂ ਵਿਚ ਫਿਰ ਰਿਹਾ ਹੈ ਭਾਵੇਂ ਤਾਂ ਅੱਜ ਉਹੋ ਤਪਾ ਏਥੇ ਆ ਗਿਆ ਹੈ ਜੋ ਜ਼ਾਹਰੀ ਕਲਾ ਵਾਲਾ ਹੈ ਤੇ ਉਸੇ ਨੂੰ ਖ਼ਲਕੁੱਲਾ ਦੀਆਂ ਜ਼ਬਾਨਾਂ ਕਹਿ ਰਹੀਆਂ ਹਨ:-

'ਧੰਨ ਗੁਰੂ ਨਾਨਕ'

... ਭਾਵੇਂ ਤਾਂ ਸ਼ਹਿਰ ਆ ਗਿਆ ਹੈ ਇਸੇ 'ਧੰਨ ਗੁਰੁ ਨਾਨਕ' ਦੀ ਰਾਖੀ ਵਿਚ। ਕਦੇ ਕਦੇ ਮੁਸ਼ਕਦੇ ਹਨ ਵਣ, ਕਦੇ ਕਦੇ ਮੁਸ਼ਕਦਾ ਹੈ ਮਿਰਗ ਕਸਤੂਰੇ ਜਾਤ ਦਾ, ਕਦੇ ਕਦੇ ਮੁਸ਼ਕਦਾ ਹੈ ਕੋਈ ਮਰਦ ਜਿਸ ਦੇ ਸਿਰ ਉਪਰ ਹੱਥ ਹੋਵੇ ਰੱਬ ਦਾ, ਤਿਵੇਂ ਆਖਦੇ ਹਨ ਫਕੀਰ; ਕਿ ਮੁਸ਼ਕਿਆ ਹੈ ਰੱਬੀ ਰੰਗਾਂ ਵਿਚ ਤਪਾ ਨਾਨਕ। ਪੀਰ ਇਨ੍ਹਾਂ ਸੋਚਾਂ ਵਿਚ ਖੜਾ ਸੀ, ਕਮਜ਼ੋਰੀ ਤੇ ਸੋਚਾਂ ਨਾਲ ਮਿੱਠੀ ਮਿੱਠੀ ਕੰਬਣੀ ਵਿਚ ਸੀ ਕਿ ਮੁਰੀਦਾਂ ਨੇ ਸਵੇਰ ਦੀ ਕਥਾ ਤੇ ਗੁਰ ਨਾਨਕ ਦਾ ਸੁਨੇਹਾ ਸੁਣਾਇਆ। ਸੁਣਕੇ ਬੋਲਿਆ: "ਤੁਸਾਂ ਭੁੱਲ ਕੀਤੀ, ਰੱਬੀ ਮਰਦ ਦਾ ਸੁਨੇਹਾ ਜ਼ਰੂਰ ਦੇਣਾ ਸੀ। ਫਕੀਰ ਕਾਲਾ ਨਾਗ ਹੁੰਦਾ ਹੈ, ਇਸ ਦੇ ਲੜੇ ਹੋਏ ਦਾ ਦਾਰੂ ਨਹੀਂ, ਇਸ ਦੇ ਫੁੰਕਾਰੇ ਦਾ ਮੰਤਰ ਨਹੀਂ, ਚੰਗਾ, ਹੋ ਗਈ ਜੋ ਹੋਣੀ ਸੀ। "

ਮੁਰੀਦ-ਸਾਂਈਂ ਜੀ, ਦਾਤਾ ਜੀ, ਅਸੀਂ ਆਪ ਦੇ ਹੁਕਮ ਤੋਂ ਡਰਦੇ ਰਹੇ ਕਿ ਹੁਕਮ ਅਦੂਲੀ ਪੀਰ ਦੀ ਫਿਟਕਾਰ ਨਾ ਲੈ ਆਵੇ।

ਪੀਰ-ਤੇ ਹੁਣ ਹੁਕਮ ਦੀ ਕਮਾਈ ਪੀਰ ਦੇ ਸਿਰ ਫਿਟਕਾਰ ਲੈ ਆਈ ਹੈ। ਚੰਗਾ ਜੋ ਹੋਈ ਸੋ ਹੋਈ। ਜਿਸ ਫ਼ਕੀਰ ਨੇ ਮੱਠ ਪਾੜ ਘੱਤਿਆ ਹੈ ਉਹ ਹੋਰ ਖ਼ਬਰੇ ਕੀ ਵਰਤਾਵੇਗਾ? ਹੁਣ ਹਠ ਤੇ ਸ਼ਰਮਾਂ ਗਈਆਂ, ਆਖ਼ਰ ਮੈਂ ਮੁਰਸ਼ਿਦ ਵਾਲਾ ਹਾਂ, ਸਾਲਕਾਂ ਅੱਗੇ ਝੁਕਣ ਦਾ ਮਿਹਣਾ ਨਹੀਂ। ਰਸਤਾ ਦੱਸੋ ਨਾਨਕ ਤਪਾ ਕਿੱਥੇ ਹੈ, ਲੈ ਚੱਲੋ ਜੋ

[1] ਤਵਾਰੀਖ ਸ: ਖਜ਼ਾਨ ਸਿੰਘ ਸਫਾ ੭੫।

ਦਰਸ਼ਨ ਪਾਵਾਂ।

ਇਹ ਸੁਣਕੇ ਮੁਰੀਦ ਨਾਲ ਲੈ ਟੁਰੇ, ਪਰ ਟੁਰਿਆ ਨਾ ਜਾਵੇ, ਫੇਰ ਬਹਿ ਗਏ। ਇਉਂ ਬਹੁਤ ਸਹਿਜੇ ਸਹਿਜੇ ਦੋ ਮੁਰੀਦਾਂ ਦੀ ਟੇਕ ਲੈਕੇ ਆਪ ਬੇਰ ਹੇਠ, ਜਿਥੇ ਸਤਿਗੁਰ ਬੈਠੇ ਸਨ, ਜਾ ਪਹੁੰਚੇ। ਦਰਸ਼ਨ ਕਰਕੇ ਪੀਰ ਨੂੰ ਠੰਢ ਪੈ ਗਈ। ਗੁੱਸਾ, ਭੁੱਖ ਤੇ ਤਪ ਦੇ ਤਾਪ ਨਾਲ, ਜੋ ਅੰਦਰ ਜਲਨ ਪੈ ਰਹੀ ਸੀ, ਉਠ ਗਈ। ਹਮਜ਼ਿਆ! ਇਹ ਪਹਿਲੀ ਨਿਸ਼ਾਨੀ 'ਰੱਬ ਦੇ ਮਰਦ' ਦੀ ਹੈ। ਮਨ ਨੇ ਮੰਨਿਆਂ ਕਿ ਇਥੇ ਸਾਂਈਂ ਦਾ ਰੰਗ ਹੈ। ਅੱਗੇ ਵਧਿਆ, ਸਿਰ ਝੁਕਾਇਆ, ਗੁਰੂ ਜੀ ਨੇ ਆਦਰ ਨਾਲ ਬਹਾਲਿਆ ਤੇ ਆਖਿਆ:-

ਪੀਰ ਜੀ! ਰੱਬ ਪਿਉ ਤੇ ਸ੍ਰਿਸ਼ਟੀ ਉਲਾਦ, ਫਕੀਰ ਰੱਬ ਦਾ ਬੰਦਾ, ਉਲਾਦ ਨੂੰ ਲਡਿਆਵੇ ਕਿ ਮਾਰੇ?

ਪੀਰ-ਸੱਪ ਲੜੀ ਉਂਗਲ ਕੱਟੀ ਭਲੀ, ਵਿਹੁਲਾ ਖੂਨ ਦੱਬਿਆ ਭਲਾ, ਸ਼ਰਾਬੀ ਗੰਨਾ ਅੱਗ ਵਿਚ ਪਾਇਆ ਚੰਗਾ, ਝੂਠੀ ਸ੍ਰਿਸ਼ਟੀ ਤੇ ਰੱਬ ਦੇ ਫਕੀਰਾਂ ਨਾਲ ਮਸ਼ਕਰੀ ਕਰਨ ਵਾਲੀ ਲੁਕਾਈ ਮਾਰੀ ਚੰਗੀ।

ਰੱਬੀ ਪਿਆਰ ਵਾਲੇ ਗੁਰੂ ਜੀ ਬੋਲੇ:-

ਪੀਰ ਜੀ ! ਵਿਗੜਿਆ ਪੁੱਤ ਸੁਆਰਿਆ ਭਲਾ ਕਿ ਮਾਰਿਆ ਭਲਾ?

ਪੀਰ (ਤੱਕ ਕੇ, ਘਬਰਾਕੇ)-ਨਾ ਸਉਰਨ ਵਾਲੇ ਪੁੱਤ ਤੋਂ ਔਤ ਚੰਗੇਰਾ।

ਗੁਰੂ ਜੀ-ਸੁਆਰਨੋਂ ਅੱਕ ਜਾਣਾ ਭਲਾ ਕਿ ਸੁਆਰਨ ਵਿਚ ਕਦੇ ਨਾ ਅੱਕਣਾ ਭਲਾ ?

ਪੀਰ-ਧੁਰੋਂ ਮਾਰੇ ਕਦ ਸਉਰੇ?

ਗੁਰੂ ਨਾਨਕ-ਧੁੱਰੋਂ ਕਦੇ ਨਾ ਕੋਈ ਮਾਰਿਆ, ਜੋ ਮਾਰਿਆ ਸੋ ਕਰਮਾਂ ਆਪਣਿਆਂ, ਜੋ ਮਰਿਆ ਸੋ ਧੁਰ ਨਾਲੋਂ ਟੁੱਟਕੇ ਮਰਿਆ। ਹਾਂ, ਜੋ ਧੁਰ ਨਾਲੋਂ ਟੁੱਟ ਗਿਆ ਉਸ ਨੂੰ ਕਹੀਦਾ ਹੈ 'ਧੁਰ ਦਾ ਮਾਰਿਆ'। ਸੋ ਟੁੱਟਿਆਂ ਨੂੰ ਮੁੜ ਧੁਰ ਨਾਲ ਲਾਈਏ, ਟੁੱਟੇ ਗੰਢੀਏ, ਵਿਛੁੜੇ ਮੇਲੀਏ। ਮਾਂ ਦੀ ਗੋਦੋਂ ਨੱਸਕੇ ਰੁਲਦੇ ਬਾਲਾਂ ਨੂੰ ਝਾੜ ਫੂਕਕੇ ਮਾਂ ਦੀ ਗੋਦ ਪਾਈਏ। ਭੈੜਿਆਂ ਬਾਲਾਂ ਨੂੰ ਬੀ ਮਾਰਿਆਂ ਮਾਂ ਦੀ ਆਂਦਰ ਨਹੀਂ ਠਰਦੀ।

ਪੀਰ-ਕੀ ਆਖਾਂ?

ਗੁਰੂ ਨਾਨਕ-ਸੱਚ।

ਪੀਰ-ਸੱਚ, ਸੱਚ, ਸੱਚ, ਸਿਆਲਕੋਟ ਸ਼ਹਿਰ ਕੁਫਰਾਂ ਦਾ। ਜਿਨ੍ਹਾਂ ਪੂਰਨ ਜਤੀ ਦੇ ਹੱਥ ਵੱਢੇ ਉਹਨਾਂ ਤੇ ਕੀ ਭਰੋਸਾ ?

ਗੁਰੂ ਨਾਨਕ-ਸਾਰਾ ਹੀ ? ਜੁਮਲਾ ਹੀ?

ਪੀਰ-ਊਤ ਗਿਆ ਆਵਾ।

ਗੁਰੂ ਨਾਨਕ-ਕਦੇ ਹੋਇਆ ਨਹੀਂ, ਭਲੇ ਬੁਰੇ ਰਲੇ ਰਹਿੰਦੇ ਹਨ। ਹਾਂ, ਗਿਲਾਨੀ ਜਗਤ ਵਿਚ ਪ੍ਰਧਾਨ ਹੈ, ਪ੍ਰੇਮ ਨਹੀਂ, ਪਰ ਨੇਕੀ ਬਦੀ ਤਾਂ ਕੋਲੇ ਕੋਲ ਵੀ ਵਸਦੀਆਂ ਦਿੱਸਦੀਆਂ ਹਨ।

ਪੀਰ-ਪਰਤਾਓ ਤਾਂ ਪਤਾ ਲੱਗ ਜਾਏ, ਅਸੀਂ ਤਾਂ ਹੱਡ ਵਰਤੀਆਂ ਸੁਣਾਉਂਦੇ ਹਾਂ, ਤਪਾ ਜੀ !

ਇਹ ਕਹਿਕੇ ਨੈਣ ਢਹਿ ਪਏ ਤੇ ਫਕੀਰ ਹੁੱਸਕੇ ਡੋਬ ਜਿਹੇ ਵਿਚ ਪੈ ਗਿਆ। ਸਤਿਗੁਰ ਨੇ ਮਾਲਸ਼ ਦਾ ਹੁਕਮ ਦਿੱਤਾ ਤੇ ਹੋਸ਼ ਆਈ, ਫਲਾਂ ਦਾ ਰਸ ਪਿਲਾਉਣ ਦੀ ਆਗਿਜ਼ਾ ਕੀਤੀ। ਫੇਰ ਹੋਸ਼ ਪਰਤ ਪਈ, ਫਿਰ ਦੋ ਘੁੱਟ ਫਲਾਂ ਦਾ ਰਸ ਪਿਲਾਯਾ। ਠੰਢ ਤੇ ਤਪਸ਼ ਦੇ ਅੰਦਰੋਂ ਐਉਂ ਚੱਕਰ ਚਲਦੇ ਸੇ ਜਿਵੇਂ ਇਕ ਪਰਾਤ ਵਿਚ ਠੰਢੇ ਤੇ ਤੱਤੇ ਜਲ ਦੀਆਂ ਦੋ ਟੂਟੀਆਂ ਪੈਂਦੀਆਂ ਚੱਕਰ ਪਾਉਂਦੀਆਂ ਹਨ। ਫਕੀਰ ਕੁਝ ਨਰਮ ਕੁਝ ਗਰਮ ਹੋਕੇ ਫੇਰ ਬੋਲਿਆ-

ਹਾਂ, ਸਾਂਈਂ ਜੀਵੀ ਜੇ ਤੂੰ ਉਹੋ ਨਾਨਕ ਤਪਾ ਹੈਂ ਜੋ ਸੁਣਿਆ ਹੈ ਕਿ ਨਾਮ ਵਿਚ ਕਲਜੁਗ ਅੰਦਰ ਮੁਸ਼ਕਿਆ ਹੈ ਤੇ ਲਪਟ ਆਉਂਦੀ ਬੀ ਹੈ, ਤਾਂ ਸ਼ਹਿਰ ਦਾ ਪਤੀਆ ਲੈ।

ਸਤਿਗੁਰ-ਮਰਦਾਨਿਆਂ ! ਲੈ ਦੋ ਪੈਸੇ ਜਾਹ ਬਈ, ਸ਼ਹਿਰੋਂ ਪੈਸੇ ਦਾ ਸੱਚ ਤੇ ਪੈਸੇ ਦਾ ਝੂਠ ਲੈ ਆ, ਆਖੀਂ ਠੀਕ ਠੀਕ ਸੌਦਾ ਦੇਵੋ।

ਮਰਦਾਨਾ ਗੁਰੂ ਨਾਨਕ ਦੇ ਕੌਤਕਾਂ ਦਾ ਜਾਣੂ ਤਾਂ ਸੀ, ਪਰ ਹਰ ਦਿਨ ਇਥੇ ਨਵਾਂ ਕੌਤਕ ਵਰਤਦਾ ਸੀ, ਜੋ ਮਰਦਾਨੇ ਨੂੰ ਸਦਾ ਨਵੀਂ ਹੈਰਾਨੀ ਵਿਚ ਪਾ ਦੇਂਦਾ ਸੀ। ਸੋ ਹੈਰਾਨ ਹੁੰਦਾ ਆਗਿਆ ਮੰਨਕੇ ਟੁਰ ਗਿਆ। ਹੱਟੀ ਹੱਟੀ ਫਿਰਿਆ, ਪਹਿਲੇ ਤਾਂ ਹੱਟਾਂ ਸਾਰੀਆਂ ਖੁਲ੍ਹੀਆਂ ਨਹੀਂ ਸਨ, ਲੋਕੀਂ ਉਧਰ ਨੂੰ ਜਾ ਰਹੇ ਸਨ ਜਿਧਰੋਂ ਇਹ ਆਇਆ ਸੀ। ਕਿਉਂਕਿ ਗੁੰਬਦ ਦੇ ਫਟਣ ਤੇ ਫਕੀਰ ਦੇ ਚਿੱਲ੍ਹੇ

ਟੁੱਟਣ ਤੇ ਗੁਰ ਨਾਨਕ ਵਾਕ ਦੇ ਪੂਰੇ ਹੋਣ ਦੀ ਖ਼ਬਰ ਸ਼ਹਿਰ ਅੱਪੜ ਪਈ ਸੀ। ਪਰ ਮਰਦਾਨਾ ਫੇਰ ਬੀ ਫਿਰਿਆ, ਜਿਸ ਤੋਂ ਮੰਗੇ ਉਹ ਹੱਸ ਪਵੇ। ਕੋਈ ਮਸ਼ਕਰੀ ਕਰੇ, ਕੋਈ ਟਾਲ ਦੇਵੇ, ਕੋਈ ਹੱਥ ਜੋੜ ਦੇਵੇ। ਸਹਿਨ ਸ਼ੀਲਤਾ ਦੇ ਸਮੁੰਦਰ ਦੇ ਪਾਸ ਵੱਸਣ ਕਰਕੇ ਮਰਦਾਨੇ ਨੂੰ ਸਹਿਨ ਸ਼ੀਲਤਾ ਆਉਂਦੀ ਸੀ, ਸੋ ਘਾਬਰਿਆ ਨਹੀਂ। ਆਖ਼ਰ ਇਕ ਹੱਟੀ ਵਾਲੇ ਨੇ ਦੋ ਕਾਗਤਾਂ ਤੇ ਕੁਝ ਲਿਖਕੇ ਦੇ ਦਿੱਤਾ ਤੇ ਕਿਹਾ: ਇਹ ਸੱਚ ਹੈ ਤੇ ਇਹ ਝੂਠ ਹੈ। ਇਹ ਕਾਗਤ ਲੈਕੇ ਮਰਦਾਨਾ ਪਰਤ ਆਯਾ ਤੇ ਸਤਿਗੁਰ ਜੀ ਦੇ ਚਰਨਾਂ ਵਿਚ ਲਿਆ ਧਰਿਆ।

2.

**ਸ੍ਰੀ** ਗੁਰੂ ਨਾਨਕ ਦੇਵ ਜੀ ਨੇ ਕਾਗਜ਼ ਹਮਜ਼ਾ ਗੌਂਸ ਦੇ ਅੱਗੇ ਧਰਿਆ ਤੇ ਕਿਹਾ : ਲਓ ਪੀਰ ਜੀ ਵਾਚੋ। ਪੀਰ ਨੇ ਵਾਚਿਆ:-

'ਮਰਨਾ ਸੱਚ ਹੈ', 'ਜੀਉਣਾ ਝੂਠ ਹੈ'।

'ਜਿਸ ਦੇ ਘਟ ਇਹ ਘਟੀ ਹੈ, ਉਹ ਭੁਲੇਵੇ ਨਹੀਂ ਪੈਂਦਾ।'

ਸਤਿਗੁਰ-ਦੱਸੋ ਪੀਰ ਜੀ, ਇਹ ਲਿਖਣ ਵਾਲਾ ਬੀ ਝੂਠਾ ਹੈ?

ਪੀਰ-ਨਹੀਂ ਜੀ।

ਗੁਰੂ ਜੀ-ਜਿਸ ਨਗਰੀ ਇਕ ਬੀ ਸੋਝੀ ਵਾਲਾ ਹੋਵੇ ਉਸ ਪਰ ਕਹਿਰ?

ਪੀਰ-ਫੇਰ?

ਗੁਰੂ ਜੀ-ਜੋ ਕਰੇ ਸੋ ਭਰੇ, ਦੂਜਾ ਕਿਉਂ ਮਰੇ?

ਪੀਰ (ਸ਼ਰਮਾਕੇ)-ਠੀਕ ਹੈ। ਕਰੇ ਗੀਗਾ ਭਰੇ ਗੀਗਾ।

ਗੁਰੂ ਜੀ-ਠੀਕ ! ਪਰ ਫਕੀਰ ਮਿਹਰ ਕਰੇ ਕਿ ਕਹਿਰ ਚੜ੍ਹੇ? ਅੱਗ ਤਾਂ ਬਲੇ ਬਰਫ ਕਿਉਂ ਧੁਖੇ?

ਪੀਰ-ਕਿਵੇਂ?

ਗੁਰੂ ਜੀ-ਤੁਸਾਂ ਵਰ ਦਿੱਤਾ, ਇਹ ਮਿਹਰ ਸੀ। ਹੁਣ ਤੁਸਾਡਾ ਭਲਾ ਹੋਵੇ ਜਿਨ੍ਹਾਂ ਮਿਹਰ ਕੀਤੀ ਸੀ, ਤੁਸਾਡੀ ਵੰਡੇ ਗੁੱਸਾ ਆਵੇ ਤੇ ਮਨ ਕਹਿਰ[1] ਦੇ ਮਕਾਨ ਵਿਚ ਜਾਵੇ? ਭਜਨ, ਬੰਦਗੀ, ਪਿਆਰ ਦੀ ਵਰਤੋਂ ਛੱਡਕੇ ਤੁਸੀਂ ਕਿਉਂ ਕ੍ਰੋਧ ਵਿਚ ਜਾਵੋ? ਕ੍ਰੋਧ ਵਿਚ ਗਿਆਂ ਆਪਣੇ ਮਨ ਨੂੰ ਕਸ਼ਟ ਹੁੰਦਾ ਹੈ?

ਸੋਚੋ, ਕੌਲ ਕਿਸੇ ਹਾਰਿਆ, ਐਤਨੇ ਦਿਨ ਦੀ ਕੈਦ, ਭੁੱਖ, ਤਪ, ਗੁੱਸਾ, ਏਹ ਸਜ਼ਾਵਾਂ ਤੁਸਾਂ ਕਿਸ ਪਾਪ ਬਦਲੇ ਪਾਈਆਂ? ਇਹ ਆਪੇ ਤੇ; ਜੋ ਨਿਰਅਪ੍ਰਾਧ ਸੀ, ਜ਼ੁਲਮ ਤੇ ਅਨਿਆਉਂ ਕਿਉਂ ਕੀਤੇ ਨੇ? ਇਹ ਤਾਂ ਹੋ ਗਿਆ, ਕਰੇ ਗੀਗਾ ਤੇ ਭਰੇ ਬੀਬਾ।

ਪੀਰ (ਘਬਰਾਕੇ)-ਕਹਿਰ ਦਰਵੇਸ਼, ਬਰ ਜਾਨੇ ਦਰਵੇਸ਼।

ਗੁਰੂ ਜੀ-ਉਹ ਦਰਵੇਸ਼ ਨਹੀਂ ਜੋ ਕਹਿਰ ਦੇ ਹੱਥ ਵਿਕਦਾ ਹੈ, ਫਕੀਰ ਦਾ ਮਕਾਨ ਸੀਤਲਤਾਈ ਹੈ, ਠੰਢ ਹੈ ਤੇ ਟਿਕਾਉ ਹੈ।

ਉਹ ਪਿਆਰ ਵਿਚ ਕਿੱਥੋਂ ਹੈ ਜੋ ਦੁੱਪਰਿਆਰ ਹੱਥ ਵਿਕੇ? ਉਹ ਰੱਬ ਦਾ ਕਿਵੇਂ ਜੋ ਸਦਾ ਬਖਸ਼ਿੰਦ ਨਹੀਂ ? ਮਨ ਮਾਰਨਾ ਕਠਨ ਹੈ, ਭੁੱਲਾਂ ਤੋਂ ਬੱਚਣਾ ਔਖਾ ਹੈ, ਪਰ ਫਕੀਰ ਨੇ ਤਾਂ ਨਫ਼ਸ ਹੀ ਮਾਰਨਾ ਹੈ, ਨਫ਼ਸ ਦੀ ਸਵਾਰੀ ਕਰਨੀ ਹੈ, ਆਪ ਤਾਂ ਨਫ਼ਸ ਦੀ ਸਵਾਰੀ ਨਹੀਂ ਬਣਨਾ। ਫਕੀਰ ਨੇ ਮਨੋਵੇਗ ਦੇ ਹੱਥ ਵਾਗਾਂ ਨਹੀਂ ਦੇਣੀਆਂ, ਮਨ ਦੀਆਂ ਵਾਗਾਂ ਹੱਥ ਰੱਖਕੇ ਉੱਚੇ ਘਰਸਦਾ ਖਿੜਨਾ ਹੈ।

ਹੁਣ ਸਤਿਗੁਰ ਦਾ ਰੰਗ ਬਦਲ ਗਿਆ, ਨੈਣ ਉੱਚੇ ਹੋ ਗਏ, ਲਾਲੀ ਭਾ ਛਾ ਗਈ ਤੇ ਸਰੀਰ ਸਾਰਾ ਸੁਰ ਕੀਤੇ ਸਾਜ਼ ਦੀ ਤਾਰ ਵਾਂਙੂ ਖਿੱਚ ਗਿਆ। ਮਰਦਾਨਾ ਰੰਗ ਨੂੰ ਸਮਝਦਾ ਸੀ, ਉਸਨੇ ਰਬਾਬ ਛੇੜ ਦਿੱਤਾ। ਜਗਤ ਨੂੰ ਸੰਗੀਤਕ ਲਹਿਰੇ ਵਿਚ, ਅੰਦਰਲੇ ਦੇ ਹੁਸਨ ਵਿਚ, ਸੁਖ ਵਿਚ ਤੇ ਪਿਆਰ ਵਿਚ ਰੱਖਣ ਆਏ ਦਾਤਾ ਜੀ ਤੋਂ ਇਹ ਸ਼ਬਦ ਹੋਇਆ ਰਾਮਕਲੀ ਵਿਚ, ਧੁਨਿ ਉੱਠੀ ਇਲਾਹੀ, ਆਪ ਗਾਵੇਂ:-

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥ ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥ ੧ ॥ ਕਿਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਨਹ ਮਰੀਐ ॥ ੧ ॥ ਰਹਾਉ ॥ ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥ ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥

[1] ਕਹਿਰ ਯਾ ਗ਼ਜ਼ਬ ਅਤਿ ਕ੍ਰੋਧ ਦੀ ਅਵਸਥਾ ਹੈ।

੨ ॥ ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥ ੩ ॥ ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥ ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥ ੪ ॥ ਇਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਇਉ ਮਰੀਐ ॥ ੧ ॥ ਰਹਾਉ ਦੂਜਾ[1] ॥ ੩ ॥

ਇਸ ਸ਼ਬਦ ਦੀ ਮਿੱਠੀ ਧੁਨਕਾਰ, ਰਾਮਕਲੀ ਦੀ ਪਿਆਰੀ ਪਿਆਰੀ ਵੈਰਾਗ ਮਈ ਗੂੰਜ, ਸ਼ਬਦ ਸਾਫ ਸੁਥਰਾ, ਸੱਚਾ ਅਰਥ, ਮਰਦਾਨੇ ਦਾ ਬਜਤ੍ਰ, ਇਕ ਉਹ ਨਕਸ਼ਾ ਬੰਨ੍ਹ ਗਏ ਕਿ ਸ਼ਾਂਤਿ, ਏਕਾਂਤ, ਵੈਰਾਗ ਤੇ ਸੱਚੀ ਉਦਾਸੀਨਤਾ ਛਾ ਗਈ। ਕੋਲ ਬੈਠਿਆਂ ਦੇ ਕਲੇਜਿਆਂ ਵਿਚ ਆਪਣੇ ਔਗੁਣਾਂ ਦੀ ਸੋਝੀ ਦੀਆਂ ਛੁਰੀਆਂ ਫਿਰ ਗਈਆਂ। ਪੀਰ ਜੀ ਤੇ ਖਾਸ ਅਸਰ ਹੋਇਆ। ਉਹ ਜੋ ਫਕੀਰੀ ਦਾ ਅਸਲ ਆਦਾਰਸ਼ ਹੈ ਆਪੇ ਦਿੱਸ ਪਿਆ। ਜਿਥੇ ਫਕੀਰ ਫਸ ਰਿਹਾ ਸੀ ਜਿੱਲ੍ਹਣ ਨਜ਼ਰੀ ਪੈ ਗਈ। ਉਸ ਦੇ ਆਪੇ ਨੇ ਆਪਣੀ ਭੁੱਲ ਵੇਖ ਲਈ।

'ਫਕੀਰ' ਦਰ ਦਰਸ਼ਨ ਦੇ ਪ੍ਰੀਤਮ[2] ਦਾ ਨਾਉਂ ਹੈ। ਜੋ ਆਪ ਦਰਸ਼ਨ ਦਾ ਪ੍ਰੀਤਮ ਹੋਵੇ, ਹੋਰਨਾਂ ਨੂੰ ਦਰਸ਼ਨ ਦੀ ਸਿੱਕ ਲਾਵੇ, ਉਹ ਪੀਰ ਹੈ, ਸਿੱਧ ਹੈ। ਨਹੀਂ ਤਾਂ ਕੁਛ ਨਹੀਂ ਹੈ।

ਦਰ ਦਰਸ਼ਨ ਦੀ ਪ੍ਰਾਪਤੀ ਵਿਚ ਇਹ ਰੋਕਾਂ ਹਨ-ਦੁਖ (ਬੀਮਾਰੀਆਂ ਅਤੇ ਕਲੇਸ਼)।

ਰੋਹ (ਗੁੱਸਾ, ਈਰਖਾ, ਜਲਨ, ਬੁਰੇ ਕਰਨੇ, ਜਿਦਾਂ, ਹੋਡਾਂ, ਸਾੜੇ)।

ਆਸਾ, ਤ੍ਰਿਸ਼ਨਾ।

ਅੰਦੇਸਾ (ਫਿਕਰ, ਸੋਚਾਂ, ਗ਼ਮ, ਚਿੰਤਾ, ਭੈ, ਵਾਲੀਆਂ ਸੋਚਾਂ)।

ਮਾਇਆ (ਪਦਾਰਥ, ਸਾਕਾਂ ਮਿੱਤ੍ਰਾਂ ਦੇ ਮੋਹ) ਇਨ੍ਹਾਂ ਤੇ ਫਤਹ ਪਾਉਣੀ, ਜੀਉਂਦੇ ਮਰਨਾ ਹੈ ਇਹ ਜੀਉਂਦੇ ਮਰਨਾ ਸਾਗਰ ਤਰਨ ਸਮਾਨ ਕਠਨ ਹੈ

ਵਾਹਿਗੁਰੂ ਦਾ ਨਿਵਾਸ 'ਸਤਿ' ਦੇ ਆਸਣ ਤੇ ਹੈ।

'ਆਸ ਅੰਦੇਸੇ' ਤੇ ਫਤਹ ਪਾਉਣੀ ਇਸ ਆਸਣ ਦੇ ਰਸਤੇ ਟੁਰਨ ਲਈ ਜ਼ਰੂਰੀ ਹੈ। ਜੇ ਕੋਈ ਫਕੀਰ ਆਖਦਾ ਹੈ ਕਿ ਮੈਂ ਇਕ ਨੂੰ ਮਿਲਿਆ ਹਾਂ ਪਰ ਹੈ ਉਹ ਆਸ ਅੰਦੇਸੇ ਵਿਚ, ਤਾਂ ਉਹ ਠੀਕ ਨਹੀਂ ਆਖ ਰਿਹਾ।

ਆਸ ਵਿਚ ਵੱਸਦਾ ਦਿੱਸੇ ਪਰ ਸੁਰਤ ਉਸ ਦੀ ਨਿਰਾਸਾ ਵਿਚ ਹੋਵੇ, ਤਦ ਉਹ ਕਿਸੇ ਹਠ ਯਾ ਰੋਹ ਵਿਚ ਨਹੀਂ ਫਸੇਗਾ। ਗੱਪਾਂ ਨਹੀਂ ਮਾਰਨੀਆਂ ਕਿ ਅਸਾਂ ਆਪਾ ਪਾ ਲਿਆ ਹੈ ਜੇ ਅੰਦਰ ਰਸ ਭਰੇ ਤਾਂ ਅੰਦਰੇ ਜਰਨਾ ਹੈ ਤੇ ਰਜ਼ਾ ਤੇ ਤੱਕ ਰੱਖਣੀ ਹੈ ਕਿ ਜੋ ਕਰ ਰਿਹਾ ਹੈ ਮੇਰਾ ਰੱਬ ਕਰ ਰਿਹਾ ਹੈ, ਮੈਂ ਕਿਸ ਨੂੰ ਬੁੱਕ ਸੁਣਾਵਾਂ। ਇਹ ਸਮਦਰਸੀ ਭਾਵ ਅੰਦਰ ਹੋਵੇ, ਵਰਤਣ ਪਿਆਰ ਤੇ ਆਪਾ ਨਾ ਜਨਾਵਣ ਦੀ ਹੋਵੇ ਤਾਂ ਜੀਉਂਦਾ ਮਰਦਾ ਤੇ ਸਾਗਰ ਤਰਦਾ ਹੈ।

ਗੌਂਸ ਨੇ ਹੁਣ ਚਰਨਾਂ ਤੇ ਸਿਰ ਧਰ ਦਿੱਤਾ ਤੇ ਆਖਿਆ:-

ਹੇ ਗੁਰੂ! ਲੋਕੀ ਤੈਨੂੰ ਤਪਾ ਆਖਦੇ ਹਨ, ਪਰ ਮੈਂ ਤੈਨੂੰ ਰੱਬੀ ਜਲਾਲ ਦੀ ਸ਼ਮਅ ਵੇਖਿਆ ਹੈ, ਮੇਰੇ ਅੰਦਰੋਂ 'ਆਸ-ਅੰਦੇਸੇ' ਦੀ ਜੜ੍ਹ ਕੱਟ!

ਸਤਿਗੁਰ ਨਾਨਕ ਬੋਲੇ:-ਪੀਰ ਜੀ! ਇਸ ਜਨਮ ਦਾ ਆਸ਼ਾ ਪਰਮੇਸ਼ੁਰ ਦੀ ਪ੍ਰਾਪਤੀ ਹੈ। ਮਾਲਕ ਨੇ, ਜੋ ਅਕਹਿ ਤੇ ਅਗੋਚਰ ਹੈ, ਆਪਣੇ ਅਗੋਚਰ ਹੁਕਮ ਨਾਲ ਸਾਨੂੰ ਸਾਜਿਆ ਹੈ। ਜੇ ਤਾਂ ਅਸੀਂ ਉਸ ਨਾਲ ਮਿਲੇ ਹਾਂ ਤਾਂ ਅਸੀਂ ਸਰਵੇ, ਹਰੇ, ਲਹਿ-ਲਹੇ, ਸੱਚੇ ਤੇ ਸੁੱਚੇ ਹਾਂ, ਜਦੋਂ ਵਿਛੁੜੇ ਫੇਰ ਅਸੀਂ ਦਿੱਸਣ ਵਾਲਿਆਂ ਦੇ ਮੋਹ ਵਿਚ ਫਸ ਕੇ ਟੁੱਟੇ ਡਾਲ ਵਾਂਗ ਸੁੱਕੇ ਕਾਠ, ਯਾ ਚਸ਼ਮਿਓਂ ਵਿਛੁੜੇ ਛੱਪੜ ਵਾਂਗੂ ਤ੍ਰੱਕ ਉਠਦੇ ਹਾਂ। ਫਕੀਰ ਨੇ ਆਪਣੇ ਅੰਦਰਲੇ ਨੂੰ ਲਗਾਤਾਰ ਸਾਂਈਂ ਨਾਲ ਰੱਖਣਾ ਹੈ। ਯਾਦ ਇਸ ਦੀ ਡੋਰ ਹੈ। ਆਸ ਅੰਦੇਸੇ, ਹਰ ਗੱਲ, ਜੋ ਦੀਸਣਹਾਰ ਵਿਚ ਫਸਾਵੇ, ਓਹ ਸਾਂਈਂ ਨਾਲੋਂ ਤੋੜਨ ਵਾਲੀ ਹੈ, ਉਹ ਵਰਜਣੀ ਹੈ। ਨੱਸ ਬੀ ਨਹੀਂ ਜਾਣਾ, ਵਿੱਚੇ ਰਹਿਣਾ ਹੈ ਤੇ

[1] ਇਹ ਸ਼ਬਦ ਰਾਮਕਲੀ ਮਹਲਾ ੧ ਵਿਚ ਹੈ।

[2] ਦਰ ਦਰਸਨ ਕਾ ਪ੍ਰੀਤਮੁ ਹੋਵੈ॥ (ਆਸਾ ਮਹਲਾ ੧)

ਸਦਾ ਉੱਚੀ ਕਲਾ ਵਿਚ ਸਾਈਂ ਦੀ ਯਾਦ ਵਿਚ ਵਿਚਰਨਾ ਹੈ। ਹੁਣ ਜਦ ਪ੍ਰਯੋਜਨ ਇਹ ਹੈ ਤੇ ਫਲ ਏਥੇ ਓਥੇ ਦਾ ਸੁਖ ਹੈ ਤਾਂ ਫੇਰ ਸਿੱਧੀਆਂ ਰਿੱਧੀਆਂ ਆਪਣੇ ਪਰਤਾਪ ਬਨਾਉਣ ਦਾ ਕਿਹੜਾ ਥਾਂ ਹੈ। 'ਮਾਨ ਮਹੱਤ ਤੇ ਦਰਬ' ਤਾਂ ਸਾਈਂ ਦਿਆਂ ਲੋਕਾਂ ਨੇ ਇਨ੍ਹਾਂ ਤੋਂ ਆਪਣਾ ਬਚਾਉ ਕਰਨਾ ਹੈ, ਨਾਂ ਕਿ 'ਮਾਨ ਮਹੱਤ ਤੇ ਦਰਬ' ਦੇ ਮਗਰ ਫਿਰਨਾ ਹੈ? ਜੇ ਕੋਈ ਸਾਧ, ਸਿੱਧ, ਪੀਰ ਫਕੀਰ, ਸੰਤ ਮਹਾਤਮਾ ਹੈ ਤੇ ਉਹ ਮਾਨ ਮਹਤ ਵਿਚ ਰੁੜ੍ਹਦਾ ਹੈ ਤਾਂ ਉਹ ਗ੍ਰਿਹਸਤੀ ਹੈ ਤੇ ਨੀਵੀਂ ਤਰ੍ਹਾਂ ਦਾ ਗ੍ਰਿਹਸਤੀ ਹੈ, ਜੇ ਓਹ ਆਮਦਨਾਂ ਵਧਾਕੇ ਖੁਸ਼ ਹੁੰਦਾ ਹੈ ਤੇ ਲੋਕਾਂ ਨੂੰ ਖੁਵਾਲਣ ਦੇ ਬਹਾਨੇ ਬਣਾਕੇ ਮਾਇਆ ਕੱਠੀ ਕਰਦਾ ਹੈ ਤੇ ਵਰ ਸ੍ਰਾਪ ਦੇਕੇ ਤਹਿਤ ਬਹਾਲਦਾ ਹੈ ਤਾਂ ਉਹ ਪੱਕਾ ਦੁਨੀਆਂਦਾਰ ਹੈ। ਓਹ ਦੀਨ ਦਾ ਰੱਖਣ ਵਾਲਾ ਰਾਖਾ ਨਹੀਂ ਹੈ। ਐਸੇ ਫ਼ਕੀਰਾਂ ਨੇ ਜਗਤ ਨੂੰ ਦੁੱਖ ਵਿਚ ਪਾਇਆ ਹੈ। ਫਕੀਰ ਉਹ ਜੋ ਸੁਖੀ ਹੈ; ਪੀਰ ਫਕੀਰ ਸਾਧਿਕ ਸੰਤ ਮਹਾਤਮਾ ਉਹੋ ਜੋ ਆਪ ਜਪਦਾ ਹੋਰਨਾਂ ਨੂੰ ਜਪਾਉਂਦਾ ਹੈ। ਆਪ ਆਸ ਅੰਦੇਸੇ ਤੋਂ ਪਾਰ ਹੈ, ਹੋਰਨਾਂ ਦੇ ਆਸ ਅੰਦੇਸੇ ਕੱਟਦਾ ਹੈ। ਪਰ ਜੋ ਵਰਾਂ ਸ੍ਰਾਪਾਂ ਹੇਠਾਂ ਮਾਇਆ ਦੇ ਵਸੀਲੇ ਬੰਨ੍ਹਣ ਵਿਚ, ਜਾਇਦਾਦਾਂ ਰਚਨ ਵਿਚ ਹੈ, ਓਹ ਰੱਬੀ ਬੰਦਾ ਨਹੀਂ, ਓਹ ਗ੍ਰਿਹਸਤੀ ਹੈ ਤੇ ਉਜਾੜ ਵਿਚ ਹੱਟੀ ਪਾਉਂਦਾ ਹੈ। ਜਗਤ ਭੁਲਦਾ ਹੈ ਤੇ ਇਸੇ ਕਰਕੇ ਜਗਤ ਵਿਚ ਸੁੱਚੀ ਮੱਤ ਨਹੀਂ ਰਹੀ, ਪ੍ਰੇਮ ਨਹੀਂ ਰਿਹਾ, ਜੀਵਨ ਨਹੀਂ ਰਿਹਾ, ਉਚਾਈ ਤੇ ਸਚਾਈ ਨਹੀਂ, ਰਹੀ। ਸੱਚ ਬਿਨਾਂ ਸੁੱਚਾ ਕੋਈ ਨਹੀਂ ਤੇ ਸਚ ਜਿਹਾ ਰਸ ਤੇ ਸੁਖ ਕੋਈ ਨਹੀਂ। ਮੁਰੀਦੀਆਂ ਜਿਨ੍ਹਾਂ ਦਾ ਮਤਲਬ ਨਿਰੇ ਬਾਲਕੇ ਬਨਾਉਣੇ ਤੇ ਮਾਯਾ ਵਧਾਉਣੀ ਹੋਵੇ, ਛੱਡ ਦਿਓ। ਨਿਰਵਾਸ਼ ਰਹੋ ਤੇ ਅੰਦਰ ਨੂੰ ਸੁੱਚਾ ਕਰੋ। ਅੰਦਰ ਦੇ ਦੁਖ ਸੁਖ ਦੇਖੋ! ਅੰਦਰ ਨੂੰ 'ਸਾਂਈਂ ਲਿਵ ਲੱਗਾ' ਬਣਾਈ ਚੱਲੋ ਤੇ ਏਸ ਰੰਗ ਤੋਂ ਬਿਨਾਂ ਸਾਰੇ ਸੰਕਲਪਾਂ, ਇੱਛਜਾ, ਕਰਮਾਂ ਨੂੰ ਬੰਧਨ ਸਮਝੋ, ਤਾਂ ਤੁਸੀਂ ਸੁਖੀ ਹੋ। ਸੁਖੀ ਬੰਦਾ ਦੁਨੀਆਂ ਨੂੰ ਸੁਖ ਦੇਂਦਾ ਤੇ ਬੰਨ੍ਹਿਆਂ ਹੋਇਆਂ ਦੇ ਬੰਧਨ ਤੋੜਦਾ ਹੈ, ਉਸ ਤੋਂ ਸਦਾ ਪਿਆਰ ਤੇ ਮਿਹਰ ਦਾ ਮੀਂਹ ਵਸਦਾ ਹੈ।

ਫੇਰ ਸਤਿਗੁਰ ਨੇ ਗੀਗੇ ਦਾ ਉਧਾਰ ਕੀਤਾ, ਉਸ ਨੂੰ ਮੱਤੀ ਦਿੱਤੀ:-

> ਮਾਇਆ ਮੋਹਿ ਸਗਲ ਜਗੁ ਛਾਇਆ ॥
> ਕਾਮਣਿ ਦੇਖਿ ਕਾਮਿ ਲੋਭਾਇਆ ॥ ਸੁਤ
> ਕੰਚਨ ਸਿਉ ਹੇਤੁ ਵਧਾਇਆ ॥ ਸਭੁ
> ਕਿਛੁ ਅਪਨਾ ਇਕੁ ਰਾਮੁ ਪਰਾਇਆ॥੧॥
> ਐਸਾ ਜਾਪੁ ਜਪਉ ਜਪ ਮਾਲੀ॥ ਦੁਖ ਸੁਖ
> ਪਰਹਰਿ ਭਗਤਿ ਨਿਰਾਲੀ॥੧॥ਰਹਾਉ[1]॥
>
> {ਪਰਭਾਤੀ ਅਸਟ ਮ:੧-੧੩੪੨}

ਗੀਗੇ ਨੂੰ ਸਤਿਗੁਰ ਦੀ ਮਿਹਰ ਹੋਈ ਤਾਂ ਇਸਤ੍ਰੀ ਪੁਤ੍ਰਾਦਿਕਾਂ ਦਾ ਮੋਹ ਕੱਚਾ ਹੋ ਦਿੱਸਿਆ। ਜਿਸ ਮੰਗ ਕਾਰਨ ਫਕੀਰਾਂ ਦੇ ਮਗਰ ਰੁਲਿਆ ਉਹ ਮੰਗ ਨਿਕੰਮੀ ਹੋ ਦਿੱਸੀ। ਜੋ ਸ਼ੈ ਪਰਮੇਸ਼ੁਰ ਦੇ ਪਿਆਰਿਆਂ ਤੋਂ ਲੈਣ ਵਾਲੀ ਸੀ ਸੋ 'ਨਾਮ' ਸੀ, 'ਹਰਿ-ਪ੍ਰੇਮ' ਸੀ, ਉਹ ਨਾ ਲੀਤੀ। ਇਹ ਭੁੱਲ ਹੁਣ ਸਮਝ ਵਿਚ ਆਕੇ ਮੰਗ ਛੁੱਟ ਗਈ ਤੇ ਸਤਿਗੁਰ ਦੇ ਚਰਨਾਂ ਤੇ ਢਹਿਕੇ ਅਪਣੀ ਕੱਲਯਾਨ ਮੰਗੀਓਸੁ। ਗੁਰੂ ਸੱਚੇ ਪਾਤਸ਼ਾਹ ਨੇ ਉਸ ਨੂੰ ਨਾਮ ਦਾਨ ਬਖਸ਼ਿਆ ਤੇ ਉਸ ਦੀ ਇਸਤ੍ਰੀ ਤੇ ਪੁਤ੍ਰ ਬੀ ਨਾਮਧ੍ਰੀਕ ਹੋਏ।

ਇੰਨੇ ਨੂੰ ਲੌਢਾ ਪਹਿਰ ਹੋ ਆਇਆ, ਪੀਰ ਜੀ ਨਾਮ, ਦਾਨ ਤੇ ਅਸਲ ਫ਼ਕੀਰੀ ਉਪਦੇਸ਼ ਪਾਕੇ ਕ੍ਰਿਤਾਰਥ ਹੋ ਚੁਕੇ। ਪਰ ਰੂਪਾ ਜੀ ਕਾਹਲੇ ਪੈ ਰਹੇ ਸੇ ਕਿ ਸਤਿਗੁਰ ਜੀ ਹੁਣ ਕੁਛ ਛਕਣ, ਸੋ ਉਸ ਨੇ ਫੇਰ ਬੇਨਤੀ ਕੀਤੀ। ਸਤਿਗੁਰ ਨੇ ਹੁਕਮ ਦਿੱਤਾ ਕਿ ਸਭ ਨੂੰ ਛਕਾਓ! ਜੋ ਕੁਛ ਤਿਆਰ ਸੀ ਸੋ ਵਰਤਾਇਆ ਗਿਆ, ਸ਼ਹਿਰ ਦੇ ਲੋਕ ਵੀ ਪ੍ਰਸ਼ਾਦ ਲੈ ਲੈ ਕੇ ਆ ਰਹੇ ਸੇ। ਗੁਰੂ ਜੀ ਨੇ ਸਭ ਵਰਤਾ ਦੇਣ ਦਾ ਹੁਕਮ ਦਿੱਤਾ। ਹਮਜ਼ਾ ਗੌਂਸ ਨੂੰ ਆਗਯਾ ਹੋਈ ਕਿ ਤੂੰ ਏਥੇ ਹੀ ਵੱਸ ਤੇ ਆਪਣਾ ਜਨਮ ਸਵਾਰ, ਨਾਮ ਜਪ ਤੇ ਜੀਵਨ ਜਿੱਤ। ਹਮਜ਼ਾ ਸਦਾ ਇਥੇ ਰਿਹਾ। ਜਦੋਂ ਸਤਿਗੁਰ ਜੀ ਚਲੇ ਗਏ ਸਨ ਇਸ ਬੇਰ ਦੇ ਸਾਹਮਣੇ ਅਦਬ

[1] ਇਹ ਸ਼ਬਦ ਰਾਗ ਪ੍ਰਭਾਤੀ ਵਿਚ ਮ: ੧ ਦਾ ਹੈ।

ਨਾਲ ਧਿਆਨ ਜੋੜਕੇ ਬੈਠਿਆ ਕਰਦਾ ਸੀ[1]।

੮.

**ਸ਼ਹਿਰ** ਸਿਆਲਕੋਟ ਵਿਚ ਘਰ ਘਰ ਉਸ ਰਾਤ ਦੀਪ ਮਾਲਾ ਹੋਈ, ਘਰ ਘਰ ਸ਼ਾਦਿਆਨੇ ਵੱਜੇ, ਹਮਜ਼ਾ ਗੌਂਸ ਨੂੰ ਮੱਤ ਆਉਣ ਨਾਲ ਗੀਗਾ ਹੀ ਨਹੀਂ ਬਚਿਆ ਸੀ, ਸਗੋਂ ਆਮ ਅਸਰ ਤੁਰਕਾਨੀ ਮਤਿ ਵਲੋਂ ਹੋਰ ਉਦਾਸੀ ਦਾ ਪਿਆ। ਲੋਕਾਂ ਦੇ ਦਿਲਾਂ ਵਿਚ ਮੁਸਲਮਾਨੀ ਫਕੀਰਾਂ ਦੀ ਅਜ਼ਮਤ ਮੂਲੋਂ ਘਟ ਗਈ। ਇਸ ਸਮੇਂ 'ਸਿੱਧ ਤੇ ਪੀਰ' ਪੰਜਾਬ ਵਿਚ ਪੰਜਾਬੀਆਂ ਦੇ ਮਨਾਂ ਦੇ ਮਾਲਕ ਸਨ ਤੇ ਏਹ ਦੋਵੇਂ ਸਿੱਧੀਆਂ ਤੇ ਨਾਟਕਾਂ ਚੇਟਕਾਂ ਵਿਚ ਰੁੱਝੇ ਰਹਿੰਦੇ ਸਨ। ਵਾਹਿਗੁਰੂ ਦੀ ਪ੍ਰੇਮ ਭਗਤੀ, ਉੱਚ ਜੀਵਨ ਤੇ ਰਸ ਜੀਵਨ ਕਿਸੇ ਪਾਸ ਨਹੀਂ ਸੀ, ਸਗੋਂ ਸਾਰੇ ਚੇਟਕੀ ਹੋ ਰਹੇ ਸਨ ਤੇ ਨਾਨਾ ਤਰ੍ਹਾਂ ਦੇ ਦਿਖਾਵੇ ਦੇ ਯਾ ਉਂਞ ਹਠਾਂ ਤਪਾਂ ਵਿਚ ਫਸੇ ਪਏ ਸਨ। ਲੋਕਾਂ ਦੇ ਮਨ ਐਸੇ ਆਗੂਆਂ ਕਰਕੇ ਤੇ ਮੁਸਲਮਾਨੀ ਰਾਜ ਦੇ ਦਬਾ ਕਰਕੇ ਦੱਬੇ ਰਹਿੰਦੇ ਸਨ। ਸਚਿਆਈ, ਸੁਤੰਤਰਤਾ, ਰੱਬੀ ਪਿਆਰ ਤੇ ਉਪਕਾਰ ਦੀ ਰੌ ਬਹੁਤ ਘੱਟ ਸੀ। ਸਤਿਗੁਰ ਨਾਨਕ ਦੇ ਹਰ ਕੌਤਕ ਨੇ ਲੋਕਾਂ ਵਿਚ ਜੀਵਨ ਰੌ ਫੇਰੀ, ਸ੍ਰਿਸ਼ਟੀ ਵਿਚ ਸਚ ਦ੍ਰਿੜ੍ਹਾਇਆ, ਪਿਆਰ ਵਸਾਇਆ, ਭਗਤੀ ਪਾਈ ਤੇ 'ਮਰਦ ਬੰਦੇ' ਪੈਦਾ ਕੀਤੇ। ਹਮਜ਼ੇ ਦਾ ਸੁਧਾਰ ਸਾਰੇ ਸ਼ਹਿਰ ਤੇ ਕੀ ਇਲਾਕੇ ਦੇ ਸੁਧਾਰ ਤੇ ਭਾਰੀ ਅਸਰ ਪਾ ਗਿਆ, ਤਦ ਤੋਂ ਹੀ ਸਿੱਖੀ ਦੀ ਜੜ੍ਹ ਸਿਆਲਕੋਟ ਦੇ ਇਲਾਕੇ ਵਿਚ ਲਗ ਪਈ।

ਰਾਤ ਤਾਂ ਘਰ ਘਰ ਖੁਸ਼ੀਆਂ ਵਿਚ ਲੰਘੀ, ਅਗਲੇ ਦਿਨ ਹੋਰ ਸੂਫੀ ਫਕੀਰ ਸਿੱਧ ਆਦਿ ਪੂਰਨ ਦੀ ਖੂਹੀ ਦੇ ਮਹੰਤ ਤੇ ਸਾਧੂ ਮਹਿਮਾ ਸੁਣਕੇ ਆਏ, ਮਿਲੇ ਤੇ ਵਾਰਤਾਲਾਪ ਕਰਕੇ ਕ੍ਰਿਤ ਕ੍ਰਿਤ ਹੋਏ। ਸਤਿਗੁਰ ਦੇ 'ਸੱਚ', ਸਫਾਈ, ਅੰਦਰੋਂ ਬਾਹਰੋਂ ਏਕਤਾ ਦੇ ਪਿਆਰ ਨਾਲ ਸਾਰੇ ਪ੍ਰੇਮ ਪ੍ਰਾਪਤ ਕਰਕੇ ਗਏ। ਇਨ੍ਹਾਂ ਲੋਕਾਂ ਦੇ ਦਿਲਾਂ ਵਿਚ ਸੁਖ ਤੇ ਸਾਹਸ ਵਧਿਆ।

ਅਗਲੇ ਦਿਨ ਮੂਲਾ[1] ਸਤਿਗੁਰ ਦੇ ਦਰਸ਼ਨ ਨੂੰ ਆਯਾ, ਜਿਸ ਨੇ ਮਰਦਾਨੇ ਨੂੰ ਲਿਖ ਦਿੱਤਾ ਸੀ ਕਿ ਮਰਨਾ ਸੱਚ ਹੈ ਤੇ ਜੀਉਣਾ ਕੂੜ ਹੈ। ਹੁਣ ਉਸਨੂੰ ਬੀ ਪਤਾ ਲਗ ਗਿਆ ਸੀ ਕਿ ਉਹ ਵਪਾਰੀ ਕੌਣ ਸੀ ਜੋ ਦੋ ਪੈਸੇ ਨੂੰ ਸੱਚ ਤੇ ਝੂਠ ਵਿਹਾਜਦਾ ਸੀ। ਇਹ ਸੱਜਣ ਕੁਛ ਵੈਰਾਗੀ ਤੇ ਕੁਛ ਵਿਚਾਰਵਾਨ ਸੀ, ਆਚਰਨ ਦਾ ਭੀ ਭਲਾ ਸੀ, ਪਰੰਤੂ ਜੀਵਨ ਕਣੀ ਦਾ ਜਾਣੂ ਨਹੀਂ ਸੀ। ਕੀਰਤੀ ਸੁਣਕੇ ਇਹ ਸੱਜਣ ਬੀ ਦਰਸ਼ਨਾਂ ਲਈ ਆਯਾ। ਸਤਿਗੁਰ ਨੇ ਪਛਾਨਿਆਂ ਕਿ ਇਹ ਮਰਨ ਨੂੰ ਸੱਚ ਤੇ ਜੀਵਨ ਨੂੰ ਜੂਠ ਜਾਣਨ ਵਾਲਾ ਹੈ। ਇਸ ਦੀ

---

[1] ਬੇਰ ਹੇਠ ਜਿੱਥੇ ਦਾਤਾ ਜੀ ਬੈਠੇ ਸੇ ਥੜਾ ਤਦੋਂ ਹੀ ਬਣਾਇਆ ਗਿਆ ਸੀ, ਗੁਰਦਵਾਰਾ ਮਗਰੋਂ ਬਣਿਆ, ਜੋ ਅਸਥਾਨ ਹੁਣ ਤੱਕ ਮੌਜੂਦ ਹੈ, ਸਿਆਲਕੋਟ ਦੇ ਲਾਗਵਾਰ ਹੈ, ਪਰੇ ਵਾਰ ਹਮਜ਼ੇ ਦਾ ਬੀ ਟਿਕਾਣਾ ਹੈ, ਤੇ ਗੁੰਬਜ਼ ਬੀ ਉਸੇ ਤਰ੍ਹਾਂ ਹੈ ਤੇ ਵਿਚਕਾਰ ਛਤ ਵਿਚ ਖੱਪਾ ਬੀ ਹੁਣ ਤਕ ਮੌਜੂਦ ਹੈ।

[1] "ਮੂਲਾ" ਨਾਮ ਦੇ ਕਈ ਸਿਖ ਹੋਏ ਹਨ। ੧. ਮੂਲਾ ਚੋਣਾਂ, ਮਾਤਾ ਸੁਲੱਖਣੀ ਜੀ ਦਾ ਪਿਤਾ। ੨. ਮੂਲਾ ਕਿਰਾੜ ਜਿਸ ਨੂੰ ਵਹੁਟੀ ਨੇ ਲੁਕਾਇਆ ਸੀ ਕਿ ਗੁਰੂ ਜੀ ਨਾਲ ਨਿਕਲ ਨਾ ਜਾਏ ਤੇ ਹਨੇਰੇ ਭੋਰੇ ਵਿਚ ਸੱਪ ਡੱਸ ਗਿਆ ਸੀ। ੩. ਮੂਲਾ ਖੱਤ੍ਰੀ ਜੋ ਸਤਿਗੁਰ ਨਾਲ ਕਾਬਲ ਗਿਆ ਸੀ ਤੇ ਬਾਣੀ ਦੇ ਕਈ ਸ਼ਬਦ ਸਤਿਗੁਰ ਦੇ ਉਚਾਰੇ ਏਸ ਨੇ ਟਾਕਰੇ ਅੱਖਰਾਂ ਵਿਚ ਲਿਖੇ ਸਨ। ਭਾਈ ਮਨੀ ਸਿੰਘ ਜੀ ਨੇ ਜਨਮ ਸਾਖੀ ਵਿਚ ਤ੍ਰੈਏ ਪ੍ਰਸੰਗ ਮੂਲੇ ਕਿਰਾੜ ਦੇ ਹੀ ਦਿਤੇ ਹਨ। ਇਸੇ ਨੇ ਦੋ ਪੈਸੇ ਦਾ ਸੱਚ ਝੂਠ ਲਿਖਿਆ, ਇਹੋ ਕਾਬਲ ਨਾਲ ਗਿਆ ਤੇ ਇਹੋ ਚੌਥੀ ਉਦਾਸੀ ਵੇਲੇ ਲੁਕ ਗਿਆ ਤੇ ਸੱਪ ਡਸਣ ਨਾਲ ਚਲਾਣਾ ਕਰ ਗਿਆ। ਪਰ ਆਪ ਨੇ ਆਪਣੀ ਭਗਤ ਰਤਨਾਵਲੀ ਵਿਚ ਕੀੜ ਜਾਤ ਦੇ ਖੱਤ੍ਰੀ ਦਾ ਪ੍ਰਸੰਗ ਅੱਡਰਾ ਦਿੱਤਾ ਹੈ, ਜਿਹਦੇ ਘਰ ਇਕ ਚੋਰ ਨੇ ਸਿਖੀ ਭੇਖ ਧਾਰਕੇ ਗਹਿਣੇ ਚੁਰਾਏ ਸਨ, ਪਰ ਮੂਲੇ ਨੇ ਪੜਦਾ ਢਕਿਆ ਸੀ। ਹੋਰ ਤ੍ਰੈ ਚਾਰ ਮੂਲੇ ਪੰਜਵੇਂ ਸਤਿਗੁਰਾਂ ਦੇ ਸਮੇਂ ਹੋਏ ਸਨ।

ਮੱਤ ਤੇ ਪਾਪ ਦਾ ਪੜਦਾ ਨਹੀਂ ਪੈਣਾ ਚਾਹੀਦਾ, ਪਰ ਨਾਮ ਬਿਨਾਂ ਹਉਂ ਦੇ ਛੌੜ ਨਹੀਂ ਕੱਟੇ ਜਾਂਦੇ, ਹੁਣ ਇਸ ਨੂੰ ਨਾਮ ਦਾ ਰੰਗ ਚੜ੍ਹੇ ਤਾਂ ਚੰਗਾ ਹੋਵੇ ਸੋ ਦਾਤੇ ਨੇ ਉਸ ਨੂੰ ਨਾਮ ਦਾਨ ਦਿਤਾ, ਹੁਕਮ ਹੋਇਆ:-

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥

(ਮਾਝ ਮ: ੧)

ਮੂਲੇ ਦੇ ਅੰਦਰ ਜਦ ਪ੍ਰਕਾਸ਼ ਹੋਇਆ ਨਾਮ ਦਾ ਤਾਂ ਮਨ ਸੁਖ ਵਿਚ ਆਇਓਸੁ। ਅੰਦਰ ਇਕ ਰਸ ਦੀ ਲਹਿਰ ਤੇ ਅੰਦਰਲੇ ਹੁਸਨ ਦੀ ਪ੍ਰਤੀਤੀ ਦੀ ਲਹਿਰ ਛਿੜ ਪਈ। ਆਪ ਉੱਚਾ ਤੇ ਸੁੱਚਾ ਹੋ ਗਿਆ। ਦਿਨ ਰਾਤ ਨਾਮ ਵਿਚ ਰੰਗ ਬੱਝ ਗਿਆ। ਮੂਲੇ ਨੂੰ ਇਸ ਰਸ ਦੇ ਆਇਆਂ ਸੋਝੀ ਆਈ ਕਿ ਵੈਰਾਗ ਭਲਾ ਤਾਂ ਹੈ, ਪਰ ਉਹ ਮਾਯਾ ਦੀ ਮੈਲ ਧੋਣ ਦਾ ਸਾਬਣ ਹੈ, ਵੈਰਾਗ 'ਪ੍ਰਾਪਤੀ' ਨਹੀਂ ਹੈ। ਹਾਂ, ਵੈਰਾਗ ਭਲਿਆਈ ਹੈ, ਆਤਮ ਰੰਗ ਦੀ ਪਾਹ ਬੀ ਹੈ; ਪਰ ਰੰਗ 'ਨਾਮ' ਹੈ। ਨਾਮ ਦੀ ਕਣੀ, ਜੀਵਨ ਕਣੀ ਜਦ ਅੰਦਰ ਧਸਦੀ ਹੈ ਤਾਂ ਆਪਾ ਰਸ ਰੂਪ ਹੋ ਜਾਗ ਉਠਦਾ ਹੈ ਤੇ ਆਪੇ ਵਿਚ ਉੱਚਾ ਹੋਕੇ 'ਆਪੇ ਤੋਂ ਭਿੰਨ ਵਿਚ' ਫਸਦਾ ਨਹੀਂ, ਰਸੀਆ ਤੇ ਸੁਖੀਆ ਹੋ ਜਾਂਦਾ ਹੈ। ਮੂਲੇ ਨੂੰ ਸਤਿਗੁਰ ਦੇ ਚਰਨਾਂ ਨਾਲ ਐਤਨਾ ਪਿਆਰ ਹੋ ਗਿਆ ਕਿ ਉਹ ਘਰ ਤੋਂ ਉਦਾਸ ਹੋ ਗਿਆ। ਕੀਰਤਨ, ਸਤਿਸੰਗ ਤੇ ਰੱਬੀ ਜੋਤ-ਗੁਰੂ ਨਾਨਕ-ਦੇ ਦਰਸ਼ਨ ਉਸ ਨੂੰ ਮੋਹ ਗਏ। ਜਦੋਂ ਸਤਿਗੁਰੂ ਜੀ ਸਿਆਲਕੋਟ ਤੋਂ ਤੁਰੇ ਤਦ ਮੂਲਾ ਨਾਲ ਹੀ ਗਿਆ ਅਰ ਕਈ ਵੇਰ ਦੇਸ਼ ਪ੍ਰਦੇਸ਼ ਸੇਵਾ ਕਮਾਉਂਦਾ ਤੇ ਕ੍ਰਿਤਾਰਥ ਹੁੰਦਾ ਰਿਹਾ ਤੇ ਨਾਮ ਦੇ ਪ੍ਰਚਾਰ ਵਿਚ ਸੇਵਾਦਾਰ ਰਿਹਾ। ਕਾਬਲ ਜਦ ਸਤਿਗੁਰੂ ਜੀ ਗਏ ਹਨ ਤਾਂ ਮੂਲਾ ਸਤਿਗੁਰ ਦੇ ਸ਼ਬਦ ਲਿਖਿਆ ਕਰਦਾ ਸੀ।

ਹੁਣ ਗੁਰੂ ਬਾਬੇ ਨੇ ਰੂਪੇ ਨੂੰ ਓਥੇ ਹੀ ਛੱਡਿਆ, ਜੋ ਦੜਪ ਦੇ ਇਲਾਕੇ ਵਿਚ ਫਿਰੇ, 'ਸੱਚ ਦਾ' ਸਿੰਙੀਨਾਦ ਵਜਾਵੇ ਤੇ ਨਾਮ ਦਾਨ ਬਖਸ਼ੇ। ਆਪ ਗੁਰੂ ਬਾਬਾ ਜੀ ਮਰਦਾਨੇ ਅਰ ਮੂਲੇ ਨੂੰ ਨਾਲ ਲੈਕੇ ਪੰਜਾਬ ਦੇ ਦੱਖਣ ਨੂੰ ਹੋ ਟੁਰੇ।

ਗੀਤ — ਹੀਰਾ-ਜਨਮ

ਜਿਉਂ ਬੱਦਲ ਤੁਰਦਾ ਮਲਕੜੇ; ਕੁਛ ਠਹਿਰੇ ਕਿਧਰੇ ਪਲਕੜੇ'
ਛਾਂ ਠੰਢੀ ਪਾਈ ਜਾਂਵਦਾ ਤੇ ਛਹਿਬਰ ਪਜਾਰੀ ਲਾਂਵਦਾ
ਤਿਉਂ ਨਾਨਕ ਸਤਿਗੁਰ ਆਇਆ ਜਿਨ ਮਿਹਰਾਂ ਮੀਂਹ ਵਸਾਇਆ,
ਜਗ ਜਲਦਾ ਠਾਰ ਦਿਖਾਇਆ ਅਣਮੁੱਲਾ ਸੁਖ ਵਰਤਾਇਆ।
ਓ ਤ੍ਰੁਠ ਤ੍ਰੁਠ ਵਸਦਾ ਦਜ਼ਾਲ ਹੋ, ਤੇ ਘਰ ਘਰ ਫਿਰੇ ਕ੍ਰਿਪਾਲ ਹੋ,
'ਸਚ'--ਸਿੰਙੀ ਨਾਦ ਵਜਾਂਵਦਾ, ਜਿੰਦ ਮੋਇਆਂ ਅੰਦਰ ਪਾਂਵਦਾ,
ਦਿਲ ਭਟਕਜਾਂ ਤਾਂਈਂ ਮੋੜਦਾ, ਰੱਬ ਸੱਚੇ ਦੇ ਵਿਚ ਜੋੜਦਾ,
ਕਢ ਦੇਂਦਾ ਧੁੰਦ ਗੁਬਾਰ ਓ, ਕਰ ਦੇਂਦਾ ਭੌਜਲ ਪਾਰ ਓ,
ਆ ਬੈਠੋ ਛਾਵੇਂ ਓਸ ਦੀ, ਲਓ ਛਹਿਬਰ ਭਿੰਨੀ ਓਸਦੀ:
ਰਸ ਰੱਤੇ ਤੇ ਰੰਗ ਰੱਤੜੇ ਹੋ ਉੱਚੇ ਪਰੇਮ 'ਚ ਮੱਤੜੇ,
ਲਓ ਹੀਰਾ ਜਨਮ ਸੁਆਰ ਏ, ਜੋ ਜਾਇ ਨ ਖਾਲੀ ਵਾਰ ਏ।

ਸੂਚਨਾ-ਹਮਜ਼ਾ ਗੌਂਸ ਵਾਲੀ ਸਾਖੀ ਸਾਰੇ ਪੰਜਾਬ ਦੇ ਫ਼ਕੀਰਾਂ ਤੇ ਸਿੱਧਾਂ ਵਿਚ ਬਨ ਅਗਨੀ ਵਾਂਗੂ ਫੈਲ ਗਈ। ਸਤਿਗੁਰ ਜੀ ਨੂੰ ਬੀ ਇਨ੍ਹਾਂ ਲੋਕਾਂ ਦੇ ਕਿਲ੍ਹੇ ਕੋਟ ਜਿੱਥੇ ਧਰਮ ਪ੍ਰਚਾਰ ਹੇਠ ਤਅੱਸਬ ਟੁਰਦਾ ਸੀ ਯਾ ਰੱਬ ਦੇ ਨਾਮ ਹੇਠ ਘ੍ਰਿਣਾਂ ਦਾ ਪ੍ਰਚਾਰ ਹੁੰਦਾ ਸੀ, ਗਿਣ ਗਿਣਕੇ ਪਤੇ ਲੱਗਦੇ ਸਨ। ਹੁਣ ਆਪ ਦੇ ਕੋਮਲ ਹਿਰਦੇ ਵਿਚ ਮੀਏਂ ਮਿੱਠੇ ਦੀ ਸੋ ਪਹੁੰਚੀ ਤੇ ਉਸ ਨੂੰ ਰਸਤੇ ਪਾਉਣ ਲਈ ਤੇ ਰੂਹਾਨੀ ਤੂੱਕੀ ਵਿਚ ਇਕ ਹੋਰ ਪੌੜੀ ਚਾੜ੍ਹਨ ਲਈ ਆਪ ਉਸ ਰੁਖ਼ ਹੋ ਟੁਰੇ।

# ੪੯. ਗੋਸ਼ਟ ਮੀਆਂ ਮਿੱਠਾ[1]।

੧.

**ਪਠਾਣੀ** ਤਲਵਾਰ ਮਹਮੂਦ ਗ਼ਜ਼ਨਵੀ ਤੋਂ ਸੂਤੀ ਗਈ ਅਜੇ ਮਿਆਨ ਨਹੀਂ ਹੋਈ, ਚਾਹੇ ਚਾਰ ਸਦੀਆਂ ਹਿੰਦੀਆਂ ਨੂੰ ਪਰਜਾ ਤੇ ਪਠਾਣਾਂ ਨੂੰ ਰਾਜਾ ਹੋ ਗਿਆਂ ਬੀ ਬੀਤ ਚੁੱਕੀਆਂ ਹਨ। ਹਾਂ, ਉਹ ਤਲਵਾਰ ਜੋ ਦੀਨ ਦੇ ਨਾਮ ਤੇ ਸੂਤੀ ਗਈ ਸੀ ਅਜੇ ਬੀ ਉਸੇ 'ਤਲਵਾਰ ਤੋੜ[2]' ਨਾਮ ਤੇ ਸੂਤੀ ਖੜੀ ਹੈ। ਇਕ ਪਾਸੇ ਤਾਂ ਇਹ ਹਿੰਦ ਨੂੰ ਇਸਲਾਮ ਵਿਚ ਧੱਕ ਰਹੀ ਹੈ, ਦੂਜੇ ਪਾਸੇ ਫਕੀਰੀ ਜ਼ੁਬਾਨ-ਅਰਥਾਤ ਉਪਦੇਸ਼ ਦੀ ਤਲਵਾਰ, ਮਿਆਨ ਵਿਚ ਹੀ ਵੱਸਦੀ ਤੇ ਓਥੋਂ ਹੀ ਵਾਰ ਕਰਦੀ-ਹਿੰਦ ਨੂੰ ਇਸਲਾਮ ਵਿਚ ਦਾਖ਼ਲ ਕਰ ਰਹੀ ਹੈ। ਸ਼ਰਈ ਇਸਲਾਮ ਨੇ ਵੇਦਾਂਤ ਦੇ ਜੋਗ ਦੀ ਚੱਸ ਆਪਣੇ ਵਿਚ ਲੈ ਕੇ 'ਸੂਫੀ' ਅਖਰਾਂ ਦਾ ਸਿਰਨਾਵਾਂ ਉੱਤੇ ਲਾਕੇ ਤੇ ਇਨਸਾਨੀ ਲੋੜਾਂ ਦੀਆਂ ਤ੍ਰੇੜਾਂ ਤੱਕ ਤੱਕ ਕੇ ਆਪਣੇ ਦੀਨੀ ਆਸ਼ਿਆਂ ਨੂੰ, ਇਨ੍ਹਾਂ ਤ੍ਰੇੜਾਂ ਵਿਚ ਵਾੜ ਵਾੜ ਕੇ ਹਿੰਦੂ ਚਿਟਾਨ ਦੇ ਟੁਕੜੇ ਕਰ ਕਰ ਤੋੜਨੇ ਤੇ ਆਪਣੇ ਵਿਚ ਜਜ਼ਬ ਕਰਨੇ ਦਾ ਨਵਾਂ ਤਰੀਕਾ ਬੀ ਸਦੀਆਂ ਤੋਂ ਜਾਰੀ ਕਰ ਰੱਖਿਆ ਹੈ। ਧਾਗੇ, ਤਵੀਤ, ਮੰਤਰ, ਜੰਤਰ, ਰੱਖਾਂ, ਫੂਕਾਂ, ਝਾੜੇ, ਭੂਤਾਂ ਨੂੰ ਕੀਲਣਾਂ, ਦੰਦ ਪੀੜਾਂ ਨੂੰ ਕੋਕੇ ਜੜਨੇ, ਸੀਤਲਾ ਨੂੰ ਸੁਆਹ ਦੇਣੀ ਆਦਿਕ ਗੱਲਾਂ ਬੀ ਮੁਸਲਮਾਨ ਮੁਲਾਣੇ ਤੇ ਫਕੀਰ ਹੁਣ ਕਰ ਰਹੇ ਹਨ। ਮਾਵਾਂ ਦੇ 'ਪੁੱਤ੍ਰ-ਪ੍ਰੇਮ' ਦੇ ਵਲਵਲਿਆਂ ਨੂੰ ਠੰਢ ਪਾਉਣ ਦੇ ਪੱਜ ਟਬਰ ਕਬੀਲਿਆਂ ਵਿਚ ਧਸ ਜਾਣਾ ਇਕ ਵਸੀਲਾ ਬਣ ਰਹੇ ਹਨ। ਏਹ ਲੋਕ ਅਗੇਜ ਪੈਣ ਦਾ ਤੇ ਜਦੋਂ ਦਾਉ ਫਬ ਗਿਆ ਮੁੰਡਾ ਕਿ ਕੁੜੀ, ਤ੍ਰੀਮਤ ਕਿ ਨੱਢਾ, ਜੋ ਅਸਰ ਹੇਠ ਆਇਆ, ਦਾਖ਼ਲ ਇਸਲਾਮ। ਜੇ ਅਗੋਂ ਰੌਲਾ ਰੱਪਾ, ਜ਼ੋਰ ਧੱਕਾ ਕੁਛ ਹੋਇਆ ਤਾਂ ਸਦਾ ਸੂਤੀ ਇਸਲਾਮੀ ਤਲਵਾਰ-ਸ਼ਰ੍ਹਾ ਦੇ ਮਸਲੇ ਤੇ ਕਾਜ਼ੀ ਦੇ ਦਿਤੇ ਫਤਵਿਆਂ ਦੀ ਸੂਰਤ ਵਿਚ-ਝੱਟ ਬਿਜਲੀ ਦੀ ਤੇਜ਼ੀ ਨਾਲ ਪੈਣ ਨੂੰ ਤਿਆਰ।

ਭਾਵੇਂ ਪਠਾਣਾਂ ਦੀਆਂ ਕਈ ਖਾਨਾਂ ਜੰਗੀਆਂ ਹੋ ਚੁਕੀਆਂ, ਗ਼ੁਲਾਮ. ਖ਼ਿਲਜੀ, ਤੁਗ਼ਲਕ ਤੇ ਲੋਧੀ ਕਈ ਘਰਾਣੇ ਰਾਜ-ਸਿੰਘਾਸਨ ਪਰ ਵਾਰੋਵਾਰੀ ਇਕ ਦੂਜੇ ਨੂੰ ਮਾਰਦੇ ਕੁੱਟਦੇ ਆਪੋ ਵਿਚ ਲੜਦੇ ਭਿੜਦੇ ਰਹੇ ਪਰ ਹਿੰਦੀਆਂ ਨੇ ਇਨ੍ਹਾਂ ਦੀਆਂ ਖਾਨਾਂ ਜੰਗੀਆਂ ਤੋਂ ਕੋਈ ਲਾਭ ਉਠਾਕੇ ਆਪਾ ਨਾ ਸੰਭਾਲਿਆ। ਇਕ ਵੇਰੀ ਜੁ ਢੱਠੇ ਸੋ ਢੱਠੇ, ਮੁੜ ਨਾ ਸੁਰਤ ਸੰਭਾਲੀ, ਨਾ ਪਾਸਾ ਪਰਤਿਆ। ਪੈਂਦੀਆਂ ਗਈਆਂ ਤੇ ਖਾਂਦੇ ਗਏ ਤੇ ਪੀੜ ਨੂੰ ਹਾਇ ਹਾਇ ਤੇ ਰੋਣ ਦੀ ਝੀਣੀ ਬਾਣ ਵਿਚ ਝੱਲੀ ਗਏ, ਨਾ ਜਥੇਬੰਦੀ ਆਈ, ਨਾ ਸਾਂਝੇ ਕੰਮ ਲਈ ਕੁਰਬਾਨੀ ਦਾ ਅੰਗੂਰ ਫੁੱਟਿਆ।

ਹਿੰਦੀ ਪਰਜਾ ਦਾ ਕੀ ਹਾਲ ਹੈ? ਇਨ੍ਹਾਂ ਵਿਚ ਕੋਈ ਜਥੇਬੰਦੀ ਨਹੀਂ; 'ਅਸੀਂ ਹਿੰਦੀ ਹਾਂ' ਦਾ ਕੋਈ ਭਾਵ ਨਹੀਂ। ਮਜ਼ੂਰੀ, ਵਿਹਾਰ ਕਾਰ ਨਾਲ ਆਪੇ ਦੇ ਦਿਨ ਕਿਵੇਂ ਚੰਗੇਰੇ ਲੰਘ ਜਾਣ, ਇਸ ਰੋਝੇ ਵਿਚ ਸਭ ਕੋਈ ਹੈ ਤੇ ਇਹ ਰੋਝੇ ਖੁਦੀ ਦੀ ਸ਼ਕਲ ਲੈਕੇ ਆਪੋ ਵਿਚ ਤ੍ਰੇੜ ਤੋਂ ਤ੍ਰੇੜ ਦੇ ਰਹੇ ਹੈਨ। ਵਿੱਦਯਾ-ਸਰਬ ਸਾਧਾਰਣ ਦੀ ਵਿੱਦਯਾ-ਹੈ ਨਹੀਂ। ਕੋਈ ਚੋਟੀ ਦਾ ਵਿਦਵਾਨ ਹੈ ਤਾਂ ਉਹ ਖੁਸ਼ਕ ਵੇਦਾਂਤ ਦੇ-ਦਿਲ ਤੇ ਪੱਠਿਆਂ ਨੂੰ ਸੁਸਤ ਤੇ ਉਮਾਹ ਰਹਿਤ ਕਰ ਦੇਣ ਵਾਲੇ-ਅਸਰ ਹੇਠ ਇਕ ਹੋਰ ਤਰ੍ਹਾਂ ਦੀ ਖ਼ੁਦਗ਼ਰਜ਼ੀ ਦੇ ਜੀਵਨ ਵਿਚ ਜੀਉ ਰਿਹਾ ਹੈ। ਜਾਨਦਾਰ ਵਾਂਗੂ ਨਹੀਂ ਪਰ ਬਨਸਪਤੀ ਵਾਂਗੂ ਖਾ, ਪੀ, ਮੌਲ ਰਿਹਾ ਹੈ; ਪਰ ਬਿਨ ਸਾਹਸ ਤੇ ਬਿਨ ਜੀਵਨ ਰੌ ਦੇ ਮਰ ਰਿਹਾ ਹੈ। ਹਾਂ, ਫੋਕਾ ਨਿਰਾ ਖਿਆਲੀ ਵੇਦਾਂਤ ਵਿਦ੍ਵਾਨਾਂ

---

[1] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ: ੪੬੦ (੧੯੨੯ ਈ:) ਨੂੰ ਖਾਲਸਾ ਸਮਾਚਾਰ ਦੇ ਸਿਰਲੇਖ ਹੇਠ ਪ੍ਰਕਾਸ਼ਿਆ ਸੀ।

[2] ਤਲਵਾਰ ਦੇ ਤੋੜਨ ਵਾਲਾ, ਅਰਥਾਤ ਜੋ ਤਲਵਾਰ ਨੂੰ ਤੋੜ ਦੇਵੇ, ਜੋ ਤਲਵਾਰ ਦੀ ਲੋੜ ਚੁਕਾ ਦੇਵੇ, ਸੋ ਹੈ ਧਰਮ=ਦੀਨ ਅਰਥਾਤ ਤਲਵਾਰ ਦੀਨ ਦੇ ਨਾਮ ਸੂਤੀ ਗਈ ਸੀ।

ਨੂੰ ਖੁੱਸੀ ਤੇ ਹਮਦਰਦੀ ਤੋਂ ਸੱਖਣਾ ਇਕ 'ਬ੍ਰਿਛ ਬੂਟੇ ਵਰਗਾ' ਭਾਵ ਰਹਿਤ ਜੀਵਨ ਦੇ ਰਿਹਾ ਹੈ। ਫਕੀਰ, ਗੁਸਾਈਂ, ਸਾਧੂ, ਭਿੱਖੂ ਤੇ ਰਮਤੇ ਉਪਦੇਸ਼ਕ ਜਾਨਾਂ ਪਾਵਣ, ਅਚਰਨ ਉੱਚੇ ਕਰਨ, ਉੱਚੇ ਜੀਵਨ ਦੀ ਰੌ ਵਿੱਛਾ ਦੇਣ ਦੀ ਥਾਂ ਕੇਵਲ ਮੰਗਤੇ ਹੋ ਰਹੇ ਹਨ। ਭੇਖ ਮਾਤ੍ਰ ਨਾਲ ਕਿ ਸ੍ਰਾਪ ਦੇ ਡਰਾਵੇ ਨਾਲ, ਅਸੀਸ ਤੇ ਵਰ ਦੇ ਲੋਭ ਨਾਲ ਕਿ ਧਾਗੇ, ਜੰਤ੍ਰਾਂ, ਬੀਰਾਰਾਧਨ ਦੇ ਤ੍ਰੀਕਿਆਂ ਨਾਲ ਲੋਕਾਂ ਦੀਆਂ ਪੀੜਾਂ ਹਰਨ ਦੇ ਭੁਲੇਵੇ ਦੇਂਦੇ ਕੇਵਲ ਪੇਟ ਪੂਜਾ ਦਾ ਕਾਰਜ ਸਾਧ ਰਹੇ ਹਨ। ਕਿਸੇ ਸਾਧੂ ਨੇ ਅੰਬਾਂ ਦੇ ਦੇਸ਼ ਸੁਹਣੇ ਸੁਹਾਵੇ ਟਿਕਾਣੇ ਚਮਾਸਾ ਗੁਜ਼ਾਰ ਲਿਆ, ਕਿਸੇ ਰਮਣੀਕ ਪਹਾੜੀ ਖੋਹ ਕਿ ਹੋਰ ਕਿਸੇ ਨਿੱਘੇ ਆਸਰੇ ਸਿਆਲ ਬਿਤਾ ਲਿਆ, ਕਿਸੇ ਨੇ ਕਿਸੇ ਸੁਹਾਵੇ ਨਦੀ ਕਿਨਾਰੇ ਯਾ ਪਰਬਤਾਂ ਦੀ ਸ਼ਿਖਰੇ ਉਨ੍ਹਾਲ ਬਿਤਾ ਲਿਆ, ਜਿੱਥੇ ਜਿਵੇਂ ਦਾਉ ਫਬ ਗਿਆ ਕੁਲੀ, ਗੁੱਲੀ, ਜੁੱਲੀ ਪੈਦਾ ਕਰ ਲਈ। ਹਾਂ, ਇਹੋ ਜੇਹੀ ਰੁੱਲੀ, ਡੁੱਲੀ, ਢਿੱਲੀ ਡਿੱਗੀ, ਨਿਮਾਣੀ, ਨਿਤਾਣੀ ਪਰਜਾ ਪਰ ਪਠਾਣੀ ਤਲਵਾਰ ਹਕੂਮਤ ਕਰ ਰਹੀ ਹੈ[੧]। ਕੋਈ ਕੋਈ ਰਾਜ ਸ਼ਰੇਣੀ ਵਿਚ ਬੀ ਚਮਕਦਾ ਹੈ, ਪਰ ਹਾਕਮਾਂ ਦੇ ਤਾਬਿਆ, ਉਹਨਾਂ ਦੇ ਰੁਖ਼ ਰੌਂ ਦੇ ਅਨੁਸਾਰ ਤੇ ਉਨ੍ਹਾਂ ਦੇ ਵਤੀਰੇ ਦਾ ਸਹਾਈ ਹੋਕੇ! ਉਸ ਦਾ ਹੁਕਮ ਹਾਸਲ ਹਿੰਦੀ ਪਰਜਾ ਨਾਲ ਦਰਦ ਵਾਲਾ ਨਹੀਂ ਬਣਦਾ, ਸਗੋਂ ਜਿਵੇਂ ਗੁਲਾਮਾਂ ਵਿਚੋਂ ਗ਼ੁਲਾਮਾਂ ਦਾ ਥਾਪਿਆ ਸਰਦਾਰ ਗ਼ੁਲਾਮਾਂ ਦੇ ਮਾਲਕ ਕੋਲੋਂ ਆਪਨਿਆਂ ਤੇ ਵਧੀਕ ਜ਼ੁਲਮ ਕਰਦਾ ਹੈ, ਤਿਵੇਂ ਏਹ ਮਨਸਬਦਾਰ ਆਪਨਿਆਂ ਨੂੰ ਵਧੇਰੇ ਦੁਖਦਾਈ ਹੋ ਰਹੇ ਹਨ। ਅਵਿੱਦਯਾ ਦਾ ਇਕ ਪਾਸੇ ਅੰਧਕਾਰ ਹੈ, ਦੂਜੇ ਪਾਸੇ ਜ਼ੋਰ ਜ਼ੁਲਮ ਦਾ ਗ਼ੁਬਾਰ ਧੂਆਂਧਾਰ ਹੈ।

ਇਸ ਹਾਲਤ, ਵਿਚ, ਇਸ ਬੀਮਾਰ ਪ੍ਰਜਾ ਦੇ ਵਿਚਕਾਰ ਇਕ ਜੀਉਂਦੀ ਜਿੰਦ ਕਿਤੋਂ ਆ ਨਿਕਲੀ ਹੈ। ਉਹ ਸੁਹਾਵੀ, ਚਮਕੀਲੀ, ਰੰਗੀਲੀ ਪਿਆਰਾਂ ਵਾਲੀ ਜਿੰਦੜੀ-ਗੁਰ ਨਾਨਕ-ਜਿੰਦੜੀ ਹੈ। ਕੂਲੀ ਕੂਲੀ, ਪਿਆਰੀ ਪਿਆਰੀ, ਸੁਹਣੀ ਸੁਹਣੀ ਪਰ ਨਿੱਗਰ ਨਿੱਗਰ, ਅਹਿੱਲ ਅਹਿੱਲ, ਹੀਰੇ ਨਾਲੋਂ ਕੁਰਾੜੀ ਤੇ ਰੇਸ਼ਮ ਨਾਲੋਂ ਨਰਮ। ਹਾਂ, ਇਹ 'ਮਲੂਕ' ਤੇ 'ਜ਼ੋਰਦਾਰ' ਜਿੰਦੜੀ ਇਸ ਮੋਈ ਪ੍ਰਜਾ ਵਿਚ ਰੱਬੀ ਗਿਆਨ ਤੇ ਵਿਦਯਾ ਦਾ ਦੀਵਾ ਬਾਲ ਬੈਠੀ ਹੈ। ਸਰਬ ਸਾਧਾਰਣ, ਹਾਂ, ਆਮ ਪਰਜਾ ਨੂੰ ਉਹਨਾਂ ਦੀ ਬੋਲੀ ਵਿਚ ਉੱਚੇ ਉੱਚੇ ਖਿਆਲ, ਜਾਨ ਪਾਉਣ ਵਾਲੇ ਭਾਵ ਆਪੇ ਨੂੰ ਸੰਭਾਲਕੇ ਜੀਉ ਪੈਣ ਵਾਲੀ ਅੰਦਰਲੀ ਪ੍ਰਤੀਤੀ ਦੇ ਰਹੀ ਹੈ। ਆਪਣੀ ਬੋਲੀ ਵਿਚ ਵਿਦਯਾਵਾਨ ਹੋ ਜਾਣ ਦੀ ਨੀਂਹ ਧਰੀਸੁ। ਆਪਣਾ ਸਾਹਿਤਯ ਬਖਸ਼ ਦਿੱਤਾ ਸੁ, ਨਾਲ ਧਰਮਸਾਲ ਥਾਪੀਸੁ, ਜਿਥੇ ਕਿ ਮੁੱਢਲੀ ਵਿਦਯਾ ਮਿਲੇ, ਜਿੱਥੇ ਕਿ ਸੁੱਚਾ ਤੇ ਸੱਚਾ ਧਰਮ-ਇਨਸਾਨੀ ਹਮਦਰਦੀ ਤੇ ਰੱਬੀ ਪਿਆਰ ਵਾਲਾ ਧਰਮ-ਸਿਖਯਾ ਜਾਵੇ, ਸਵੇਰੇ ਸ਼ਾਮ ਨੂੰ ਸਤਿਸੰਗ ਲੱਗੇ, ਕੀਰਤਨ ਹੋਵੇ[੧], ਕੀਰਤਨ ਨਾਲ ਸੁਤੇ ਹੀ ਮਨ ਇਕਾਗ੍ਰ ਹੋਵੇ ਤੇ ਕੀਰਤਨ ਵਿਚ ਆਈ ਬਾਣੀ ਦੇ ਅਰਥ ਸਮਝਕੇ ਆਪਾ ਰੌਸ਼ਨ ਹੋਵੇ। ਸਾਈਂ ਵਲ-ਜੋ ਕਿ ਇਨਸਾਨ ਦਾ ਸੋਮਾ, ਚਸ਼ਮਾ ਤੇ ਅਸਲਾ ਹੈ-ਇਸ ਇਨਸਾਨ ਦਾ ਰੁਖ਼ ਹੋਕੇ ਕੋਈ ਲਗਨ ਲੱਗ ਜਾਵੇ। ਉੱਧਰ ਦੋ ਵੇਲੇ ਇਕੱਠੇ ਹੋਣ ਨਾਲ ਪਰਸਪਰ ਪਿਆਰ ਉਪਜੇ, ਭਾਈਪਨੇ, ਭਰਾਪਨੇ ਦੇ ਭਾਵ ਜਾਗ ਪੈਣ, ਹਮਦਰਦੀ ਦੀ ਝਰਨਾਟ ਜੀਉਂਦਾ ਵਲਵਲਾ ਹੋਕੇ ਅੰਦਰ ਹਿਲੋਰੇ ਖਾਣ ਲੱਗ ਜਾਵੇ। ਜਦੋਂ ਇਹ ਭਾਵ ਉਪਜ ਪਵੇ, ਤਾਂ

---

[੧] ਇਤਿਹਾਸ ਦੱਸਦਾ ਹੈ ਕਿ ਏਸੇ ਜ਼ਮਾਨੇ ਵਿਚ ਪਠਾਣ ਰਾਜ ਦਾ ਦੀਵਾ ਬੁਝਕੇ ਮੁਗ਼ਲਾਂ ਦੇ ਘਰ ਜਗ ਪਿਆ ਅਰ ਉਸ ਤਲਵਾਰ ਨੇ ਮਿਆਨ ਵਿਚ ਪੱਕੀ ਥਾਂ ਨਹੀਂ ਪਾਈ, ਹੱਥ ਵਟਾਏ। ਹਾਂ, ਅਕਬਰ ਦੇ ਸਮੇਂ ਕੁਛ ਸਾਹ ਕੱਢਿਓਸੁ, ਪਰ ਕੁਛ ਚਿਰ ਮਗਰੋਂ ਫੇਰ ਉੱਠ ਖੜੀ ਹੋਈ।

[੧] ਤਹਾਂ ਗੁਰੂ ਕੀ ਧਰਮਸਾਲਾ ਹੈ, ਕੀਰਤਨ ਹੋਤਾ ਹੈ। ਸੰਗਤ ਜੁੜਤੀ ਹੈ। (ਬੀੜ ਭਾਈ ਬੰਨੋ, ਜੀ ਦੀ ਹਕੀਕਤ ਰਾਹ ਮੁਕਾਮ ਵਿਚੋਂ)। ਪੁਨਾਂ:-ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨ ਗਾਵਹੇ॥ ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥ {ਗਉੜੀ ਛੰਤ ਮਹਲਾ ੫-੨}

ਬੇਮਲੂਮੀ ਜਥੇਬੰਦੀ ਹੋ ਜਾਵੇ। ਉਹ ਜਥੇਬੰਦੀ, ਜੋ ਇਨਸਾਨਾਂ ਦੇ ਸਮੂਹ ਨੂੰ ਪਿਆਰ ਤੇ ਹਮਦਰਦੀ ਨਾਲ ਜੋੜਦੀ ਹੈ, ਜਿਸਦਾ ਪ੍ਰਯੋਜਨ ਹੈ ਕਿ ਬਹੁਤਿਆਂ ਦੇ ਜੋੜ ਨਾਲ ਇਕ ਇਕ ਨੂੰ ਸੁਖ ਮਿਲੇ। ਜਥੇਬੰਦੀਆਂ ਵਿਚ ਖ਼ੁਦਗ਼ਰਜੀ ਬੀ ਆ ਜਾਂਦੀ ਹੈ। ਜਿਵੇਂ ਫਰਦ ਫਰਦ ਇਕ ਇਕ ਇਨਸਾਨ, ਇਕ ਦੂਜੇ ਨੂੰ ਪਸ਼ੂਆਂ ਵਾਂਕੂ ਪੀੜਾ ਦੇਣੋਂ ਨਿਸ਼ੰਗ ਤੇ ਬੇਦਰਦ ਹੋ ਜਾਂਦਾ ਹੈ ਤਿਵੇਂ ਕੌਮ ਕੌਮ ਦੀ ਜੱਥੇਬੰਦੀ ਦੂਜੀ ਕੌਮ ਤੇ ਦੂਜੇ ਦੇਸ਼ ਲਈ ਪੀੜ ਦਾਤੀ ਤੇ ਬੇਤਰਸ ਵਜੂਦ ਬਣ ਜਾਂਦੀ ਹੈ। ਇਥੇ ਸੁਹਣਿਆਂ ਦੇ ਸੁਲਤਾਨ ਨੇ ਧਰਮਸ਼ਾਲ ਵਿਚ ਜਥੇਬੰਦੀ ਦੀ ਨੀਂਹ ਰੱਖੀ। ਗੁਰਬਾਣੀ ਦਾ ਚਾਨਣਾ ਦੇਕੇ ਹਰੀ ਕੀਰਤਨ ਦੇ ਤੀਰਾਂ ਦੀਆਂ ਨੋਕਾਂ ਤੇ ਪਿਆਰ ਦੇ ਵਲਵਲੇ ਚਾੜ੍ਹ ਕੇ ਦਿਲ ਮੰਡਲਾਂ ਵਿਚ ਪੁਚਾ ਦਿੱਤੇ ਕਿ ਸੱਜਣੋਂ! ਵਿਚਾਰ ਕਰਕੇ ਬਾਣੀ ਦੇ ਭਾਵਾਂ ਤੇ ਟੁਰੋ। ਬਾਣੀ ਆਪਾ ਵਾਰਨ ਸਿਖਾਲਦੀ ਹੈ, ਬਾਣੀ ਅਗਲੇ ਦੇਸ਼ਾਂ ਦੇ ਪਤੇ ਦੇਕੇ ਇੱਥੇ ਹੀ ਪਿਆਰ ਦੀ ਮਸ਼ਕ ਕਰਨ ਦਾ ਭੇਤ ਦੱਸਦੀ ਹੈ ਤੇ ਉਹ ਪਿਆਰ ਏਥੇ ਬੀ ਸੁਖੀ ਕਰ ਦੇਂਦਾ ਹੈ। ਇਹ ਜਗਤ ਪਾਠਸ਼ਾਲਾ ਹੈ ਜਿਥੇ ਆਪਾ ਵਾਰਨ, ਪਿਆਰ ਕਰਨ ਦੀ ਸੰਥਯਾ ਪੜ੍ਹਨੀ ਹੈ ਤੇ ਲੋਕ ਪ੍ਰਲੋਕ ਸੁਖੀ ਹੋਣਾ ਹੈ। ਐਉਂ ਜੋ ਜੱਥੇਬੰਦੀ ਦੀ ਨੀਂਹ ਗੁਰੂ ਬਾਬੇ ਨੇ ਧਰੀ ਸੋ ਉਹਨਾਂ ਨੀਹਾਂ ਤੇ ਧਰੀ ਹੈ ਕਿ ਜਿਨ੍ਹਾਂ ਪਰ ਖ਼ੁਦਗ਼ਰਜੀ ਦੇ ਰਦੇ ਨਾ ਲੱਗਣ ਸਗੋਂ ਆਪਾ ਵਾਰਨ ਦੀਆਂ ਸਿਲਾਂ ਨਾਲ ਇਮਾਰਤ ਉੱਸਰੇ ਤੇ ਧਰਮਸਾਲਾ ਵਿਚੋਂ ਉਪਜੀ ਜਥੇਬੰਦੀ, ਪਿਆਰ, ਉਪਕਾਰ ਸੇਵਾ ਦੇ ਭਾਵ ਨਾਲ ਜਗਤ ਨੂੰ ਸੁਖਦਾਈ ਹੋਵੇ।

ਪਰ ਇਹ ਕੰਮ ਸੌਖਾ ਨਹੀਂ ਸੀ। ਪਹਿਲਾਂ ਤਾਂ ਗੁਰੂ ਜੀ ਦਾ ਆਪਣਾ ਪਰਵਾਰ, ਆਪਣੇ ਮਾਤਾ ਪਿਤਾ ਖ਼ੇਸ਼ ਕਬੀਲਾ ਸਾਰੇ ਇਸਦੇ ਵਿਰੁੱਧ ਹੋ ਗਏ। ਓਹ ਚਾਹੁੰਦੇ ਸਨ ਕਿ ਜਿਵੇਂ ਅਸੀਂ ਹਾਂ ਵਿਹਾਰ ਕਰਦੇ, ਖੱਟਦੇ ਕਮਾਂਉਦੇ, ਖਾਂਦੇ ਪੀਂਦੇ, ਵਿਆਹ ਸ਼ਾਦੀਆਂ ਕਰਦੇ, ਪੁਤ੍ਰ ਪਰਵਾਰ ਰਚਦੇ, ਦੁਨੀਆਂਦਾਰ ਬਣਦੇ ਵੱਡੇ ਸਦਾਉਂਦੇ ਤੇ ਅੰਤ ਨੂੰ ਇਹ ਨਾਮਣਾ ਛੋੜਦੇ ਕਿ ਅਮਕਾ ਦੋ ਲੱਖ ਛੱਡ ਗਿਆ ਹੈ, ਤੁਰ ਜਾਂਦੇ ਹਾਂ; ਤਿਵੇਂ ਹੀ ਇਹ ਹੋਵੇ। ਤੇ ਹਾਂ, ਜਿਵੇਂ ਅਸੀਂ ਮਰਕੇ ਵੇੜ੍ਹ-ਦਾਰ ਬਬਾਣ ਤੇ ਚੜ੍ਹੇ ਪੜਪੋਤ੍ਰੇ ਚੌਰੀਆਂ ਕਰਦੇ, ਘੰਟੇ ਖੜਕਦੇ ਗਰੀ ਛੁਹਾਰੇ ਲਾਚੀਦਾਣੇ ਪੈਸੇ ਉਡਦੇ, ਹਜ਼ਾਰ ਪੰਜ ਸੌ ਮੱਨੁਖ ਤੀਵੀਂ ਦੇ ਨੜੋਏ ਨਾਲ ਨੂੰਹਾਂ, ਪੋਤੇ-ਨੂੰਹਾਂ ਦੇ ਸੰਧੂਰੇ ਸਿਰਾਂ ਤੋਂ ਮੱਥੇ ਟਿਕਵਾਉਂਦੇ, ਸੰਸਾਰ ਯਾਤ੍ਰਾ ਪੂਰੀ ਕਰ ਜਾਂਦੇ ਹਾਂ, ਤਿਵੇਂ ਇਹ ਵੀ ਵਡਾ ਦੁਨੀ ਦਾਰ ਬਣੇ ਤੇ ਵਧੇ ਫੂਲੇ। ਮਾਨੋ ਮਛੀਆਂ ਤਲਾਉੜੀ ਦੀ ਇਕ ਨੁਕਰ ਦੇ ਗਿਆਨ ਨੂੰ, ਉਸ ਨੁੱਕਰ ਵਿਚ ਉਗੀ ਸਿਵਾਲ ਉਤੋਂ ਡਿਗਦੇ ਕੱਖ ਕਾਣ, ਆਟੇ ਦੀ ਗੋਲੀ ਪਤਾਸੇ ਦੇ ਖਿਆਲ ਨੂੰ, ਬੱਸ[1] ਸਮਝ ਰਹੀਆਂ ਹਨ ਤੇ ਇਸ ਤੋਂ ਉਚੇਰਾ ਵੇਖਣ ਵਾਲੇ ਨੂੰ ਸ਼ੁਦਾਈ ਕਹਿ ਰਹੀਆਂ ਹਨ। ਪਰ ਸਮੁੰਦਰਾਂ ਦੇ ਉੱਤੇ ਜਹਾਜ਼ ਤਾਰਨੇ ਦੀ ਸ਼ਕਤੀ ਵਾਲਾ ਸਦਾ ਜੀਵਾ-ਗੁਰੂ ਨਾਨਕ-ਜਗਤ ਨੂੰ ਜਲੰਦਾ ਦੇਖਕੇ ਉਸ ਦੇ ਤਾਰਨ ਤੇ ਉਬਾਰਨ ਦਾ ਫਿਕਰ ਕਰ ਰਿਹਾ ਹੈ।

ਇਸ ਅਪਣਿਆਂ ਦੀ ਰੋਕ ਰੁਕਾਵਟ ਨੂੰ ਉਨ੍ਹਾਂ ਦੇ ਮੋਹ ਨੂੰ, ਪਰੰਪਰਾ ਤੋਂ ਰਸਮੀਂ ਪੁਸਤਕਾਂ ਤੇ ਉਨ੍ਹਾਂ ਵੱਲ ਬਣੇ ਫ਼ਰਜ਼ਾਂ ਦੀ ਨੈਂ ਨੂੰ ਤਰਕੇ ਗੁਰੂ ਬਾਬੇ ਨੇ ਦੂਜੀ ਰੋਕ ਸਮੇਂ ਦੇ ਹਾਕਮਾਂ ਤੋਂ ਤੇ ਤੀਜੀ ਰੋਕ ਸਮੇਂ ਦੇ ਧਰਮ ਆਗੂਆਂ ਵਲੋਂ ਦੇਖੀ। ਇਨ੍ਹਾਂ ਦੋਹਾਂ ਨੂੰ ਜਿੱਤਣਾ ਇਹ ਗੁਰੂ ਨਾਨਕ ਜੀਵਨ ਅਗੇ ਦੂਸਰਾ ਕੰਮ ਸੀ। ਉਹ ਜੋ ਸੱਚੀ ਧਰਮਸਾਲ ਦੀ ਦਿਲਾਂ ਉਤੇ ਉਸਾਰੀ ਕੀਤੀ ਸੀ ਉਸ ਨੇ ਸਭ ਮੁਖ਼ਾਲਫ਼ਤਾਂ ਤੋਂ ਬਚਾਕੇ, ਸਭ ਰੋਕਾਂ ਨੂੰ ਜਿੱਤ ਕੇ ਇਕ ਵੇਰੀ ਮੂਰਤੀ ਮਾਨ ਕਰਕੇ ਖੜਾ ਕਰ ਦੇਣਾ ਇਹ ਗੁਰ ਨਾਨਕ ਕਮਾਲ ਸੀ। ਜੋ ਜੀਵਨ ਰੌ ਦੇਣੀ ਸੀ ਉਸ ਰੁਮਕਾ ਫੇਰ ਦੇਣਾ, ਜੋ ਸੰਦੇਸ਼ਾ ਜਗਤ ਨੂੰ ਦੇਣਾ ਸੀ ਉਹ ਦੇ ਦੇਣਾ, ਜੋ ਮੁਰਦੇ ਪਏ ਡਿੱਠੇ ਸਨ ਉਨ੍ਹਾਂ ਨੂੰ ਜੀਵਾ ਕਰ ਦੇਣਾ, ਜੋ ਅਗਨਿ ਜਗਤ ਨੂੰ ਲਗ ਰਹੀ ਸੀ ਉਸ ਦੀ ਥਾਵੇਂ ਠੰਢ ਵਰਤਾਕੇ ਦਿਖਾ ਦੇਣੀ, ਇਕ ਅਰਸ਼ੀ ਉਨਰ ਸੀ ਜੋ ਉਨ੍ਹਾਂ ਨੇ ਮੂਰਤੀਮਾਨ ਕਰਕੇ ਦਿਖਾਉਣਾ ਸੀ।

ਇਸ ਆਪਣੇ ਕਮਾਲ ਦੇ ਕੰਮ ਵਿਚ ਜੋ ਅੜਚਨਾਂ ਸਨ, ਉਨ੍ਹਾਂ ਵਿਚੋਂ ਇਕ ਅੜਚਨ ਦੀ ਫਤਹ ਦਾ ਅਸਾਂ ਅਜ ਦਰਸ਼ਨ ਕਰਨਾ ਹੈ।

---

[1] ਕਾਫੀ ।

੨.

**ਹਮਜ਼ਾ** ਗੌਂਸ ਨੂੰ ਰਸਤੇ ਪਾਕੇ, ਗੁਰੂ ਨਾਨਕ ਦੇਵ ਜੀ ਸਿਆਲਕੋਟੋਂ ਟੁਰ ਪਏ। ਉਪਕਾਰੀ ਬਦਲ ਦੀ ਤਰ੍ਹਾਂ ਨਾਮ ਦਾਨ ਦੀ ਵਰਖਾ ਕਰਦੇ ਆਪ ਪਸਰੂਰ ਹੁੰਦੇ ਹੋਏ ਮੀਏਂ ਮਿੱਠੇ ਦੇ ਕੋਟਲੇ ਆ ਨਿਕਲੇ[1]। ਕੋਟਲੇ ਤੋਂ ਅੱਧ ਕੁ ਕੋਹ ਦੀ ਵਾਟ ਤੇ ਇਕ ਸੁਹਾਵਣਾ ਬਾਗ਼ ਸੀ, ਆਪ ਨੇ ਇਸ ਵਿਚ ਡੇਰਾ ਲਾ ਦਿੱਤਾ।

ਇਕ ਨਾਮੀ ਪੀਰ ਮੀਆਂ ਮਿੱਠਾ ਏਥੇ ਰਹਿੰਦਾ ਸੀ। ਇਕ ਦਿਨ ਮੀਆਂ ਮਿੱਠਾ ਆਪਣੇ ਮੁਰੀਦਾਂ ਦੀ ਮਜਲਸ ਵਿਚ ਬੈਠਾ ਸੀ, ਗੱਲਾਂ ਬਾਤਾਂ ਹੋ ਰਹੀਆਂ ਸਨ ਕਿ ਕਿਸੇ ਨੇ ਸਿਆਲਕੋਟ ਦੇ ਹਮਜ਼ਾ ਗੌਂਸ ਵਾਲੀ ਗੱਲ ਸੁਣਾਈ ਕਿ ਉਹ ਫਕੀਰ ਗੁੱਸੇ ਵਿਚ ਆਕੇ ਚਿੱਲ੍ਹੇ ਤੇ ਬੈਠਾ ਸੀ ਕਿ ਸ਼ਹਿਰ ਤਬਾਹ ਕਰਨਾ ਹੈ ਪਰ ਗੁਰੂ ਨਾਨਕ ਨੇ ਉਸ ਦਾ ਚਿੱਲ੍ਹਾ ਤੋੜਿਆ ਤੇ ਉਸ ਤੋਂ ਆਪਣੀ ਈਨ ਮਨਾਈ।

ਮੀਆਂ ਮਿਠਾ (ਦੰਦ ਕ੍ਰੀਚ ਕੇ) ਹਿੰਦੂ ਨੇ ਮੋਮਨ ਉਤੇ ਆਪਣੇ ਕਸ਼ਫ਼ ਦਾ ਜੋਰ ਵਿਖਾਲਿਆ? ਹੋ ਨਹੀਂ ਸਕਦਾ।

ਮੁਰੀਦ-ਜੁਨਾਬ ! ਆਪ ਠੀਕ ਫ਼ੁਰਮਾਉਂਦੇ ਹੋ ਪਰ ਇਹ ਗ਼ੁਲਾਮ ਉਥੋਂ ਆਇਆ ਹੈ। ਹਮਜਾ ਗੌਂਸ ਨੇ ਸ਼ਰਨ ਮੰਨੀ ਹੈ, ਆਪਣੀ ਭੁੱਲ ਤਸਲੀਮ ਕੀਤੀ ਹੈ ਤੇ ਉਨ੍ਹਾਂ ਦੀ ਹਿਦਾਯਤ ਮੰਨੀ ਹੈ। ਸਾਰੇ ਜਹਾਨ ਨੂੰ ਪਤਾ ਹੈ ;ਤੇ ਪੀਰ ਜੀ!ਇਕ ਦੀ ਕੀ ਗੱਲ ਹੈ; ਓਥੇ ਤਾਂ ਜੋਗੀ, ਸਿੱਧ ਕਈ ਹਾਰਾਂ ਮੰਨਕੇ ਕੰਨਾਂ ਨੂੰ ਹੱਥ ਲਾ ਲਾ ਗਏ ਹਨ। ਪੀਰ ਫਕੀਰ ਕਈ ਓਨ੍ਹਾਂ ਦੇ ਅੱਗੇ ਨਿਉਂ ਚੁਕੇ ਹਨ।

[1]ਜਿਥੇ ਕੁ ਪੰਜਾਬ ਦੇ ਦਰਿਆ ਕੱਠੇ ਹੋਕੇ ਕਈ ਕੋਹ ਵਗ ਲੈਂਦੇ ਹਨ ਤਾ ਇਕ ਟਿਕਾਣਾ ਹੈ ਮਿਠਨ ਕੋਟ, ਇਸ ਪ੍ਰਸੰਗ ਦੀ ਵਾਰਤਾ ਓਥੇ ਹੋਈ ਦਾ ਵੀ ਖਿਆਲ ਕੀਤਾ ਜਾਂਦਾ ਹੈ, ਪਰ ਪੁਰਾਤਨ ਜਨਮ ਸਾਖੀ ਵਿਚ ਪਸਰੂਰ ਤੋਂ ਅੱਗੇ ਮੀਏਂ ਮਿੱਠੇ ਦਾ ਕੋਟਲਾ ਲਿਖਿਆ ਹੈ। ਇਹ ਟਿਕਾਣਾ ਸਿਆਲਕੋਟ ਦੇ ਜ਼ਿਲੇ ਵਿਚ ਹੈ ਤੇ ਸਾਖੀ ਏਥੇ ਹੀ ਹੋਈ ਹੈ। ਮੀਆਂ ਮਿੱਠਾ ਨਾਮ ਦਾ ਇਕ ਪੀਰ ਇਸ ਸਮੇ ਹੋਇਆ ਹੈ ਜਿਸ ਦੇ ਨਾਮ ਤੇ ਟਿਕਾਣੇ ਦਾ ਨਾਮ ਹੈ।

ਮਿੱਠਾ(ਘਬਰਾਕੇ)-ਇਹ ਦੱਸ ਖਾਂ ਉਹ ਕੋਈ ਮੁਸਲਮਾਨੀ ਸ਼ਰ੍ਹਾ ਫਿਕਾ ਬੀ ਜਾਣਦਾ ਹੈ ?

ਮੁਰੀਦ-ਉਹ ਕੋਈ ਸ਼ਾਸਤ੍ਰਾਂ, ਸ਼ਰ੍ਹਾਂ ਦੇ ਮਸਲਿਆਂ ਉਤੇ ਤਾਂ ਨਹੀਂ ਝਗੜਦਾ, ਝਗੜਾ ਤਾਂ ਕਰਦਾ ਹੀ ਨਹੀਂ, ਕਿਸੇ ਨੂੰ ਮਾੜਾ ਨਹੀਂ ਆਖਦਾ, ਕਿਸੇ ਨਾਲ ਬਖੇੜਾ ਨਹੀਂ ਕਰਦਾ। ਜਿੱਥੇ, ਜਿਸ ਭਰੋਸੇ, ਦੀਨ, ਸ਼ਰ੍ਹਾ, ਜਿਸ ਇਮਾਨ ਵਿਚ ਕੋਈ ਹੈ ਉਥੋਂ ਹੀ ਉਸ ਨੂੰ ਲੈਕੇ ਟੁਰ ਪੈਂਦਾ ਹੈ। ਫਿਰ ਕੋਈ ਐਸੀ ਗੱਲ ਕੱਢਦਾ ਹੈ ਕਿ ਅਗਲੇ ਨੂੰ ਆਪ ਆਪਣੀ ਕਸਰ ਦਿੱਸ ਪੈਂਦੀ ਹੈ, ਉਹ ਮੰਨ ਖੜੋਂਦਾ ਹੈ, ਫਿਰ ਕੋਈ ਕਮਾਲ ਹੈ ਜਾਂ ਹੱਦ ਦੀ ਇਕ ਬਰਕਤ ਹੈ ਇਲਾਹੀ, ਨੈਣ ਰੰਗੀਲੇ ਮਤਵਾਲੇ ਰਹਿੰਦੇ ਹਨ, ਮੱਥਾ ਜਲਾਲ ਦਾ ਭਰਿਆ ਹੈ, ਚਿਹਰੇ ਤੇ ਹੁਸਨ ਹੈ। ਮੈਂ ਸਹੁੰ ਖਾਕੇ ਕਹਿੰਦਾ ਹਾਂ, ਹਾਂ, ਮੈਂ ਅੱਖੀਂ ਡਿੱਠਾ ਕਹਿੰਦਾ ਹਾਂ, ਯੂਸਫ ਸਣਿਆ ਹੈ ਸੁਹਣਾ, ਪਰ ਇਸ ਵਰਗਾ-ਇਸ ਮੇਰੀ ਅੱਖੀਂ ਡਿੱਠੇ ਵਰਗਾ-ਨਹੀਂ ਹੋਣਾ, ਖਿਮਾਂ ਕਰਨੀ ਮੈਂ ਮੁਬਾਲਗ਼ਾ[1] ਨਹੀਂ ਕਰਦਾ। ਕੋਈ ਤਾਸੀਰ ਹੈ ਤੱਕਣੀ ਵਿਚ, ਕਲਾਮ ਵਿਚ, ਹੱਥ ਛਿੜਕਣੀ ਵਿਚ ਕਿ ਆਪ ਮੁਹਾਰਾ ਆਦਮੀ ਝੁਕ ਝੁਕ ਪੈਂਦਾ ਤੇ ਪਿਆਰਾਂ ਦੀਆਂ ਝਰਨਾਟਾਂ ਵਿਚ ਖਿਚੀਂਦਾ ਹੈ !

ਮਿੱਠਾ {ਝੁੰਝਲਾਕੇ}-ਕਿਤੇ ਬੈਅਤ[2] ਤਾਂ ਨਹੀਂ ਲੈ ਆਯਾ ?

ਮੁਰੀਦ-ਮਸਾਂ ਹੀ ਬਚਿਆ ਜੇ, ਸੱਚ ਇਹੋ ਹੈ। ਹੈ ਗੁਸਤਾਖ਼ੀ, ਪਰ ਹਜ਼ੂਰ ਦੇ ਸਾਹਮਣੇ ਤਾਂ ਵਲ ਵਲਾ ਦੀ ਗੱਲ ਨਹੀਂ ਨਾ ਬਣਦੀ। ਇਕ ਮੈਂ ਕੀਹ ਕਿੜੀਆਂ ਪਠਾਣਾਂ ਦੇ ਸਾਰੇ ਪਠਾਣ ਤੇ ਅਫ਼ਗ਼ਾਨ ਮੁਸਲਮਾਨ ਮੁਰੀਦ ਹੋ ਚੁਕੇ ਜੇ।

ਮਿੱਠਾ {ਠੰਡਾ ਸਾਹ ਭਰਕੇ }-ਨਾਨਕ ਬੁੱਤ ਪ੍ਰਸਤ ਬੀ ਹੈ ?

ਮੁਰੀਦ-ਨਹੀਂ।

ਮਿੱਠਾ-ਹਿੰਦੂ ਤੇ ਬੁੱਤਪ੍ਰਸਤ ਨਹੀਂ ?

ਮੁਰੀਦ-ਉਹ ਹੈ ਤਾਂ ਖਤ੍ਰੀਆਂ ਦੇ ਇਕ ਉੱਚੇ

[1] ਬਣਾਕੇ ਵੱਧ ਗੱਲ ਕਹਿਣੀ।

[2] ਭਾਵ ਮੁਰੀਦ ਤਾਂ ਨਹੀਂ ਬਣ ਆਇਆ।

ਘਰਾਣੇ ਦਾ ਹਿੰਦੂ, ਪਰ ਉਹ ਹਿੰਦੂ ਕਿ ਮੁਸਲਮਾਨ ਕਿਸੇ ਲੀਕ ਵਿਚ ਲੁਕ ਨਹੀਂ ਬਹਿੰਦਾ, ਦੋਹਾਂ ਤੋਂ ਸਿਰ ਫੇਰਦਾ ਹੈ ਤੇ ਦੋਹਾਂ ਦਾ ਹਾਦੀ ਬਣ ਕੇ ਉਪ-ਦੇਸ਼ਦਾ ਹੈ। ਮੀਆਂ ਜੀ ! ਮੇਰਾ ਮੂੰਹ ਨਿੱਕਾ ਗੱਲ ਵਡੀ ਹੈ, ਪਰ ਉਹ ਕੋਈ ਜਾਪਦਾ ਹੈ ਜਿਵੇਂ ਹੁੰਦਾ ਹੈ ਉਹ ... ਉ... ਉਹ।

ਮਿੱਠਾ-'ਉਹ' ਕੀਹ ?

ਮੁਰੀਦ-ਉਹ, ਕੁਫ਼ਰ ਹੈ ਬਕਣਾ...। ਤੁਸੀ ਖ਼ਫਾ ਹੋਸੋ...।

ਮਿੱਠਾ-ਨਹੀਂ, ਕਹੁ ਜੋ ਤੇਰਾ ਖਿਆਲ ਹੈ।

ਮੁਰੀਦ-ਮੈਂ ਕਦੀ ਡਿੱਠਾ ਨਹੀਂ, ਸੁਣਿਆਂ ਹੈ, ਇਸ ਕਰਕੇ ਪੱਕ ਤਾਂ ਨਹੀਂ ਨਾ ਐਵੇਂ ਖਿਯਾਲ ਹੀ ਕਹਿ ਸਕੀਦਾ ਹੈ।

ਮਿੱਠਾ-ਪਰ ਜੋ ਖਿਆਲ ਹਈ ਆਖ ਤਾਂ ਛੱਡ ਜੋ ਕੱਛ ਸਮਝੇ ਪਵੇ ?

ਮੁਰੀਦ-(ਅਟਕ ਅਟਕ ਕੇ)-ਜਿਵੇਂ ਕੋਈ ਹੁੰਦਾ ਹੈ ਪਿ :ਕੰ ..ਬਰ।

ਮਿੱਠਾ-ਲਾਅਨਤ ਤੇਰੇ ਤੇ ਮਰਦੂਦ ! ਉਹ ਤਾਂ ਆਖ਼ਰੀ ਹੋ ਚੁਕਾ ਹੈ, ਹੋਰ ਨਹੀਂ ਹੋਣਾ, ... ਵਿਗੜੇ ਹੋਏ !

ਮੁਰੀਦ-ਪੀਰ ਜੀ ! ਬਦ ਦੁਆ ਤਾਂ ਨਾ ਨਾ ਦਿਓ। ਮੈ ਇਸੇ ਕਰਕੇ ਨਹੀ ਸਾਂ ਆਖਦਾ। ਮੈ ਕੋਈ ਆਪਣੇ ਹਜ਼ਰਤ ਜੀ ਤੋਂ ਮੁਨਾਫਿਕ ਤਾਂ ਨਹੀਂ ਨਾ ਹੋਇਆ, ਮੈਂ ਤਾਂ ਗੱਲ ਕੀਤੀ ਹੈ। ਪਰ ਦੇਖੋ ਤੁਸਾਂ ਵਾਲੀ ਗੱਲ ਮੈਂ ਉਨ੍ਹਾਂ ਦੇ ਇਕ ਮੁਸਲਮਾਨ ਮੁਰੀਦ ਤੋਂ ਪੁੱਛੀ ਸੀ। ਉਹ ਕਹਿਣ ਲੱਗਾ: ਬਹੁਤੇ ਸਾਡੇ ਵਿਚੋਂ ਉਨ੍ਹਾਂ ਨੂੰ ਵਲੀ ਮੰਨਦੇ ਹਨ ਤੇ ਬਹੁਤੇ ਪਿਕੰਬਰ। ਮੈਂ ਕਿਹਾ ਰਸੂਲ ਤਾਂ ਆਖ਼ਰੀ ਆ ਚੁਕਾ, ਤੁਸੀਂ ਕਿਵੇਂ ਇਹ ਗੱਲ ਮੰਨਦੇ ਹੋ? ਉਹ ਆਖਣ ਲੱਗਾ, ਕਿ ਗਲ ਠੀਕ ਹੈ, ਪਰ ਉਹ ਰਸੂਲ ਤਾਂ ਆਖ਼ਰੀ ਪਿਕੰਬਰ ਅਰਬ ਦਾ ਸੀ, ਜੋ ਸਿਲਸਿਲਾ ਇਬਰਾਨੀ ਪਿਕੰਬਰਾਂ ਦਾ ਪੱਛੋਂ ਵਿਚ ਹੈਸੀ, ਮੁੰਮਦ ਉਨ੍ਹਾਂ ਵਿਚੋਂ ਆਖ਼ਰੀ ਸੀ, ਉਥੇ ਹੋਰ ਕੋਈ ਨਹੀਂ ਹੋਇਆ। ਨਾਲੇ ਅੱਲਾ ਨੇ ਆਪ ਕਿਹਾ ਹੈ ਕਿ ਮੈਂ ਹਰ ਦੇਸ਼ ਨੂੰ ਪਿਕੰਬਰ ਦੇਂਦਾ ਹਾਂ। ਨਾਲੇ ਜੋ ਮੈਂ ਕਿਹਾ ਹੈ ਕਿ ਮੈਨੂੰ ਉਸ ਨੇ ਦੱਸੀ ਸੀ ਇਹ ਸੀ ਕਿ ਅਸੀਂ ਤਾਂ ਅਮਲਾਂ ਵਿਚ ਮੁਸਲਮਾਨ ਨਹੀਂ ਰਹੇ, ਇਸ ਦੇਸ਼ ਵਿਚ ਆਕੇ ਬੜੇ ਜ਼ਾਲਮ ਤੇ ਗੁਨਹਾਗਾਰ ਹੋ ਗਏ ਹਾਂ, ਇਸ ਕਰਕੇ ਅੱਲਾ ਨੇ ਨਵਾਂ ਪਿਕੰਬਰ ਏਥੇ ਘੱਲਿਆ ਹੈ। ਮੈਂ ਜੋ ਕਹਿ ਰਿਹਾ ਹਾਂ, ਪੀਰ ਜੀ! ਇਹ ਉਥੇ ਮੁਸਲਮਾਨ ਮੁਰੀਦ ਕਹਿ ਰਹੇ ਸਨ।

ਮਿੱਠਾ (ਬੁੱਲ ਟੁੱਕਕੇ)-ਜਿਥੇ ਉਹ ਊਤ ਤਿਹਾ ਵਿਗੜਿਆ ਕਪੂਤ ਤੂੰ !

ਮੁਰੀਦ-ਨਹੀਂ ਪੀਰ ਜੀ ! ਮੈਨੂੰ ਥਾਪੜਾ ਦਿਓ ਮੈਂ ਭਾਵੇਂ ਕਿੰਨਾਂ ਪਤੀਜਿਆ, ਪਰ ਫੇਰ ਦੇਖੋ ਸੁੱਕੇ ਪੈਰੀ ਦਰਿਯਾ ਲੰਘ ਆਇਆ ਜੇ, ਮੈਂ ਨਹੀਂ ਮੁਰੀਦ ਹੋਇਆ।

ਮਿੱਠਾ (ਮੁਸਕ੍ਰਾਕੇ )-ਸ਼ਾ...ਬਾ...ਸ਼ ।

ਇੱਨੇ ਨੂੰ ਇਕ ਹੋਰ ਆਦਮੀ ਸਲੀਮ ਨਾਮ ਦਾ ਦਾ ਆ ਗਿਆ ਤੇ ਝੁੱਕਕੇ ਫ਼ਰਸ਼ੀ ਸਲਾਮ ਕਰਕੇ ਬਹਿ ਗਿਆ।

ਮਿੱਠਾ-ਸਲੀਮ ! ਰਾਜ਼ੀ ਹੈਂ ਬਈ, ਖ਼ੈਰ ਹੈ ਸਭ ਤਰ੍ਹਾਂ ?

ਸਲੀਮ-ਜੀ ਹਜੂਰ ! ਆਪ ਦੀ ਬਰਕਤ ਹੈ।

ਮਿੱਠਾ-ਦੇਹ ਕੋਈ ਨਵੀਂ ਗੱਲ ਬਾਤ ਨਗਰ ਦੀ, ਦੇਸ਼ ਦੀ ?

ਸਲੀਮ-ਨਵੀਂ ਗੱਲ, ਪੀਰ ਜੀ! ਇਹ ਹੈ ਕਿ ਐਥੋਂ ਕੋਸ ਅੱਧ ਉੱਪਰ ਵਡੇ ਬਾਗ ਵਿਚ ਕੋਈ ਫ਼ਕੀਰ ਆ ਉਤਰਿਆ ਹੈ, ਕਹਿੰਦੇ ਹਨ ਹਿੰਦੂ ਹੈ, ਪਰ ਨਾਲ ਉਸਦੇ ਇਕ ਮੁਰੀਦ ਮੁਸਲਮਾਨ ਬੀ ਹੈ। ਫੇਰ ਓਹ ਮੁਸਲਮਾਨ ਗਾਉਂਦਾ ਵਜਾਉਂਦਾ ਹੈ, ਪਰ ਹੈ ਜੇ ਬੜਾ 'ਖੁਸ਼ਇਲਹਾਨ'[1], ਐਸੀ ਮਿੱਠੀ ਆਵਾਜ਼ ਹੈ ਕਿ ਕੀ ਕਹਾਂ? ਤੇ ਨਾਲ ਬਜੱਯਾ ਬੀ ਕਮਾਲ ਦਾ ਹੈ, ਬੱਸ ਵਗਦੇ ਦਰਿਯਾ ਬੰਨ੍ਹਦਾ ਹੈ, ਦਿਨ ਹੀ ਹੋਏ ਹਨ ਆਇਆਂ ਨੂੰ ਕਿ ਲੁਕਾਈ ਚੋਖੀ ਆਉਣ ਲੱਗ ਪਈ ਹੈ।

ਮਿਠਾ-ਲੋਕਾਂ ਦੀ ਭੇਡਾ ਚਾਲ ਹੈ, ਨਵੀਂ ਗੱਲ ਦੇ ਮਗਰ ਸਾਰੇ ਉੱਠ ਦੌੜਦੇ ਹਨ। ਹੜ੍ਹਾਂ ਨਾਲ ਕਈ ਨਵੇਂ ਸੋਤ ਵਗ ਪੈਂਦੇ ਹਨ, ਪਰ ਦਰਿਯਾ ਪੁਰਾਣੇ ਪਾੜ੍ਹਾਂ ਵਿਚ ਹੀ ਟੁਰੇ ਰਹਿੰਦੇ ਹਨ।

ਸਲੀਮ-ਦਰੁਸਤ ਫੁਰਮਾਯਾ ਨੇ, ਬਜਾ ਹੈ, ਪਰ

---

[1] ਮਿੱਠੀ ਸੁਰ ਵਾਲਾ

ਮੈਂ ਤਾਂ ਡਿੱਠਾ ਹੈ ਕਿ ਆਮ ਲੋਕੀਂ ਨਹੀਂ, ਖਾਸ ਖਾਸ ਸਿਆਣੇ ਉੱਥੇ ਜਾਂਦੇ ਹਨ।

ਮਿੱਠਾ-ਜਿਨ੍ਹਾਂ ਵਿਚੋਂ ਇਕ ਤੂੰ ਸਿਆਣਾਹੈਂ ?

ਸਲੀਮ-ਮੈਂ ਤਾਂ ਹਜ਼ੂਰ ਦੀਆਂ ਜੁੱਤੀਆਂ ਜਿਹਾ ਬੀ ਨਹੀਂ, ਪਰ ਸੱਚ ਅਰਜ਼ ਕੀਤੀ ਹੈ ਕਿ ਕਈ ਉੱਘੇ ਮੁਤਲਾਸ਼ੀ ਰੱਬ ਦੇ ਰਾਹ ਦੇ ਉਥੇ ਗਏ ਜੇ,-ਕਾਜ਼ੀ ਸਾਹਿਬ ਮੈਂ ਬੈਠੇ ਵੇਖੇ ਜੇ, ਹੋਰ ਬੀ ਦਾਨੇ ਹਿੰਦੂ ਮੁਸਲਮਾਨ ਗਏ ਜੇ।

ਮਿੱਠਾ {ਸੋਚੀਂ ਪੈਕੇ }-ਕੁੱਛ ਨਾਮ ਦਾ ਵੀ ਪਤਾ ਹੈ ਕੌਣ ਹੈ? ਕਿਸ ਟਿਕਾਣੇ ਦਾ ਹੈ? ਕਿਸ ਘਰਾਣੇ ਦਾ ਫਕੀਰ ਹੈ?

ਸਲੀਮ-ਘਰਾਣਾ ਪੁੱਛੋ ਤਾਂ ਸਿਧਾ ਰੱਬ ਦਾ, ਅੱਲਾ ਵਾਹਿਦ ਹੂ ਲਾ ਸ਼ਰੀਕ[1] ਦਾ ਦੱਸਦਾ ਜੇ ਤੇ ਜਾਤ ਪੁੱਛੋ ਤਾਂ ਨਿਰੰਕਾਰੀ ਪਤਾ ਮਿਲਦਾ ਹੈ, ਤੇ ਨਾਮ-ਮੁਰੀਦ ਤੋਂ ਮੈਂ ਪਤਾ ਕੀਤਾ ਸੀ-ਨਾਨਕ-ਦੱਸਿਆ ਸੂ। ਗ਼ਾਲਬਨ ਉਹੋ ਨਾਨਕ ਹੈ ਜਿਸ ਦੀ ਧੁੰਮ ਦੇਸ਼ ਵਿਚ ਪੈ ਰਹੀ ਹੈ; ਜੋ ਲਾ-ਧੜਕ ਸੱਚ ਆਖਦਾ ਹੈ, ਨਾ ਤਲਵਾਰ ਤੋਂ ਡਰਦਾ ਹੈ ਨਾ ਸ਼ਰਹ ਤੋਂ, ਪਤਾ ਨਹੀਂ ਉਹੋ ਹੋਵੇ ਜਾਂ ਕੋਈ ਹੋਰ ਹੋਵੇ ?

ਮਿੱਠਾ ਸੁਣਕੇ ਘਬਰਾਇਆ ਕਿ ਦੂਰ ਸੁਣੀਂਦੇ ਨੇੜੇ ਆਏ। ਕਿਥੇ ਪੂਰਬ ਲਾਹੌਰ ਤਲਵੰਡੀ, ਸਿਆਲਕੋਟ ਗਏ ਆਏ ਸੁਣੀਂਦੇ ਸਨ, ਕਿਥੇ ਅੱਜ ਆਪਣੇ ਕੋਟਲੇ ਹੀ ਆ ਨਿਕਲੇ। ਹੁਣ ਤਾਂ ਸਾਹਮਣਾ ਹੋ ਪੈਣਾ ਹੈ, ਕੀਕੂੰ ਹੋਸੀ ?

ਪੀਰ ਅੱਗੇ ਤਾਂ ਜਸ ਸੁਣਕੇ ਬਕਾਰੇ ਮਾਰਦਾ ਹੁੰਦਾ ਸੀ ਪਰ ਅੱਜ ਜਦ ਬੂਹੇ ਆਏ ਸੁਣੇ ਤਾਂ ਬਕਾਰੇ ਵਿਚ ਸੁਰਤ ਨਾ ਰਹੀ, ਸੁਰਤ ਸਗੋਂ ਘਬਰਾ ਦੇ ਘਰ ਚਲੀ ਗਈ। ਕਿਉਂ? ਘਬਰਾਂਵਾਂ ਵਿਚ ਕਸਰ ਲਿਜਾਂਦੀ ਹੈ। ਕੋਈ ਕਸਰ ਹੋਵੇ ਅੰਦਰ ਤਾਂ ਘਬਰਾ ! ਬੇਕਸਰੇ ਨੂੰ ਤੇ ਸੱਚੇ ਨੂੰ ਕੀ ਘਬਰਾ? ਸੱਚ ਨੰਗਾ ਨਿਧੜਕ, ਸੱਚ ਨੂੰ ਨਾ ਅੱਗ ਦਾ ਡਰ, ਨਾ ਪਾਣੀ ਦਾ ਭੈ, ਪਰ ਦੇਖੋ ਬੰਦੇ ਦਾ ਖ਼ਮੀਰ ਕੱਚਾ ਹੈ, ਬੜੇ ਬੜੇ ਹਠ, ਤਪ ਕਰਕੇ ਬੀ ਕੱਚ ਨਹੀਂ ਨਿਕਲਦਾ। ਮਿੱਟੀ ਦਾ ਕੀ ਧੋਪੇ?

[1]ਨਿਰੰਕਾਰ

ਪੀਰ ਜੀ ਅੱਗੇ ਘਬਰਾ ਵਿਚ ਹੀ ਸਨ ਕਿ ਸਲੀਮ ਨੇ ਕਿਹਾ: ਪੀਰ ਜੀ ! ਕੀਹ ਜਾਣੀਏ ਕੱਲ ਆਪਦੇ ਦਰਬਾਰ ਹੀ ਆ ਜਾਵੇ। ਸੁਣਿਆ ਹੈ ਕਿ ਨਿਧੜਕ ਹੈ, ਕਿਸੇ ਤੋਂ ਭੈ ਕਾਂਪ ਨਹੀਂ ਖਾਂਦਾ।

ਪੀਰ-ਆਉਣ ਦਿਓ ਸੁ, (ਤਕੜਾਈ ਦਾ ਖੰਘੂਰਾ ਭਰਕੇ) ਐਉਂ ਨਿਤਾਰ ਲਵਾਂਗੇ ਜਿਵੇਂ ਮਲਾਈ ਦੁੱਧ ਓਪਰੋਂ ਉਤਾਰ ਲਈਦੀ ਹੈ।

ਸਾਰੇ ਮੁਰੀਦ-ਅਲਹਮਦੁਲਿੱਲਾ, ਆਮੀਨ, ਰਬ ਐਸਾ ਕਰੇ।

ਸਲੀਮ-ਪੀਰ ਜੀ ! ਸੱਚੀਂ, ਇਕ ਗੱਲ ਤਾਂ ਮੈਂ ਦੱਸਣੀ ਭੁੱਲ ਹੀ ਗਿਆ।

ਮਿੱਠਾ-ਉਹ ਬੀ ਦਸ ਲੈ ਬਈ ?

ਸਲੀਮ-ਜੁਨਾਬ ਦੇ ਮੁਰਸ਼ਿਦ ਸਹਿਬ ਹਜ਼ਰਤ ਅਬਦੁੱਲ ਰਹਿਮਾਨ ਸਾਹਿਬ [1]ਬੀ ਉਹਨਾਂ ਦੀ ਦਰਗਾਹ ਵਿਚ ਅੱਪੜੇ ਹਨ ਅਤੇ ਬਹੁਤ ਗੁਫ਼ਤਗੂ ਕਰਕੇ ਖੁਸ਼ ਹੋਏ ਹਨ ਤੇ ਤਸੱਲੀ ਪਾਈ ਨੇ ਕਿ ਇਹ ਸੱਚੇ ਰੱਬ ਦੇ ਸੱਚੀ ਮੁੱਚੀ ਦੇ ਸੱਚੇ ਲੋਕ ਹਨ।

ਮਿੱਠਾ-ਸੱਚ?...

ਸਲੀਮ-ਜੀ ਮੈਂ ਅੱਖੀ ਡਿੱਠੀ ਗਲ ਆਖਦਾ ਹਾਂ।

ਮਿੱਠਾ-{ਅੱਖਾਂ ਝੇਪ ਕੇ }-ਫਿਰ ਤਾਂ ਕੁਛ ਹੋਊ ਜ਼ਰੂਰ। ਇਹ ਕਹਿੰਦਿਆਂ ਅੱਖਾਂ ਮੀਟ ਗਿਆ ਤੇ ਬਹੁਤ ਚਿਰ ਗੁੰਮ ਰਿਹਾ, ਮਾਨੋਂ ਕਿਸੇ ਸਮਾਧੀ ਵਿਚ ਗਿਆ ਹੈ। ਜਾਂ ਨੈਣ ਖੋਹਲਿਓਸੁ ਤਾਂ ਮੁਰੀਦਾਂ ਨੂੰ ਕਹਿਣ ਲੱਗਾ: "ਚਲੋ ਯਾਰੋ! ਨਾਨਕ ਦਾ ਦੀਦਾਰ ਕਰੇਹਾਂ।" ਤਾਂ ਮੁਰੀਦਾਂ ਆਖਿਆ: "ਤੁਸਾਂ ਅੱਗੇ ਅਵਾਜ਼ਾ ਕੀਤਾ ਆਹਾ ਜੋ ਨਾਨਕ ਅਸਾਨੂੰ ਮਿਲੇਗਾ, ਤਾਂ ਐਉਂ ਤਾਰ ਲੈਹਿੰਗੇ ਜਿਉਂ ਦੁਧ ਉਪਰੋਂ ਮਲਾਈ ਤਾਰ ਲਈਦੀ ਹੈ[2]। "

ਤਾਂ ਮੀਆਂ ਮਿੱਠਾ ਬੋਲਿਆ: "ਜੇ ਓਥਹੁੰ ਅਵਾਜ਼ਾ ਆਇਆ ਹੈ-ਜਿਉਂ ਨਿੰਬੂ ਵਿਚੋਂ ਰਸੁ ਨਿਚੋੜ ਲਈਦਾ ਹੈ ਜਾਂ (ਮਿੱਠਾ) ਮਿਲੇਗਾ ਤਾਂ ਇਉਂ ਨਿਚੋੜ ਲੈਹਿੰਗੇ। ਤਾਂ ਦੁੱਧ ਦਾ ਕੁਛ ਨਾ ਜਾਵੇਗਾ ਮਲਾਈ ਉਤਾਰੀ, ਅਤੇ ਨਿੰਬੂ ਨਿਚੋ-

[1] ਜਨਮ ਸਾਖੀ ਭਾਈ ਵਿੱਤ ਸਿੰਘ ਜੀ ਸਫਾ ੩੫੭।

[2] ਪੁ: ਜਨਮ ਸਾਖੀ ਸਫਾ ੯੩ {ਦੂਜੀ ਐਡੀਸ਼ਨ}।

ੜਿਆ ਫੋਗੁ ਹੋਵੇਗਾ[1]। ”

ਇਹ ਗੱਲਾਂ ਬਾਤਾਂ ਹੋ ਰਹੀਆਂ ਸਨ ਕਿ ਮਿਠੇ ਦਾ ਮੁਰਸ਼ਿਦ ਆ ਨਿਕਲਿਆ ਤੇ ਆਖਣ ਲੱਗਾ: ਹੇ ਮੀਆਂ ਮਿੱਠਾ! ਤੇਰੇ ਬਾਗ਼ ਵਿਚ ਇਕ ਕਰਤਾਰ ਦਾ ਪਿਆਰਾ ਆਇਆ ਹੈ ਤੂੰ ਜਾਕੇ ਉਸ ਦਾ ਦਰਸ਼ਨ ਕਰ[2]। ਤਦ ਮੀਆਂ ਮਿੱਠਾ ਸਤਿਗੁਰੂ ਜੀ ਦਾ ਦੀਦਾਰ ਦੇਖਣ ਆਇਆ।

੩.

**ਸੂਰਜ** ਨੇ ਧਰਤੀ ਦੇ ਓਹਲੇ ਦਾ ਘੁੰਡ ਹੁਣੇ ਹੀ ਚਾਇਆ ਹੈ। ਹਾਂ, ਸੂਰਜ ਹੁਣੇ ਹੀ ਆਪਣੇ ਸਹਿੰਦੇ ਸਹਿੰਦੇ ਜਲਾਲ ਦੀ ਆਭਾ ਨਾਲ ਝਲਕਦਾ ਝਲਕਦਾ ਪੂਰੇ ਦੀਆਂ ਧੁੰਦਾਂ ਵਿਚੋਂ ਸਿਰ ਚਾ ਰਿਹਾ ਹੈ। ਤੱਕੋ ਤਾਂ ਅੱਖੀਂ ਸਮਾਉਂਦਾ ਹੈ ਤੇ ਮੋਹੰਦਾ ਹੈ। ਤੱਕੋ, ਨੈਣ ਮੀਟੋ: ਤੱਕੋ ਨੈਣ ਮੀਟੋ, ਐਉਂ ਕਰਦੇ ਜੇ ਰਤਾ ਕੁ ਟਿਕ ਜਾਓ ਤਾਂ ਸੂਰਜ ਦੀ ਸਾਰੀ ਟਿੱਕੀ ਬਾਹਰ ਆ ਜਾਂਦਿਆਂ ਤਾਈਂ ਸਰੀਰ ਹਲਕਾ ਫੁੱਲ, ਮਾਨੋਂ ਚਾਨਣੇ ਵਿਚ ਨ੍ਹਾਤਾ ਗਿਆ ਹੈ, ਐਉਂ ਹੋ ਜਾਂਦਾ ਹੈ।

ਇਧਰ ਸੂਰਜ ਨੇ ਲਾਸਾਂ ਛੱਡੀਆਂ, ਉਧਰ ਮਰਦਾਨੇ ਨੇ ਕੀਰਤਨ ਦਾ ਭੋਗ ਪਾਇਆ। ਗੁਰ ਨਾਨਕ ਦਾ ਪਿਆਰਾ, ਜਿਸ ਨਾਨਕ ਦੀ ਅੰਦਰਲੀ ਤਾਰ ਸਾਂਈਂ ਸੁਰ ਨਾਲ ਇਕ ਸੁਰ ਵੱਜਦੀ ਹੈ, ਹਾਂ ਦੂਏ ਪਾਸੇ ਜਿਸ ਗੁਰ ਨਾਨਕ ਦੀ ਤਾਰ ਨਾਲ ਕੁਦਰਤ ਇਕ-ਸੁਰ ਹੋਈ ਰਹਿੰਦੀ ਹੈ, ਉਸ ਸਦਾ ਸੁਰ ਹੋਏ ਗੁਰ ਨਾਨਕ ਦਾ ਪਿਆਰਾ ਮਰਦਾਨਾ ਕਾਦਰ ਤੇ ਕੁਦਰਤ ਦੇ ਰੰਗ ਦਾ ਜਾਣੂ ਹੋਕੇ ਇਕਸੁਰਤਾ ਦਾ ਸਿਆਣੂ ਹੋ ਗਿਆ ਹੈ। ਜਿਵੇਂ ਆਪਣੇ ਰਬਾਬ ਦੀਆਂ ਤਾਰਾਂ ਤਰਬਾਂ ਦੀਆਂ ਸੁਰਾਂ ਸਿਆਣਦਾ ਹੈ, ਤਿਵੇਂ ਕੁਦਰਤ ਦੀਆਂ ਤਾਰਾਂ ਨੂੰ ਸਿਆਣਦਾ ਹੈ। ਮਰਦਾਨਾ ਸਾਂਈਂ ਦੇ ਰੰਗ ਰੱਤਾ ਕੀਰਤਨ ਕਰਦਾ ਪਿਆ ਸੀ, ਉਂਗਲੀਆਂ ਮਾਨੋਂ ਸਾਜ਼ ਨਾਲ ਸਾਜ਼ ਦਾ ਹਿੱਸਾ ਹੋਈਆਂ ਆਪਣਾ ਰੰਗੀਲਾ ਤੇ ਮਿੱਠਾ ਨਾਚ ਪਾ ਰਹੀਆਂ ਸਨ, ਗਲਾ 'ਰਬਾਬ ਵਿਚੋਂ ਨਿਕਲ ਰਹੀਆਂ ਰਸ ਭਰੀਆਂ ਸੁਰਾਂ' ਇਕ ਮਿਕ, ਇਕ ਜਾਨ, ਇਕ ਸੁਰ ਹੋ ਰਿਹਾ ਸੀ, ਨੈਣ ਮੁੰਦੇ ਹੋਏ ਸਨ, ਦੇਹ ਗੁਰ ਨਾਨਕ ਦੀ ਹਜ਼ੂਰੀ ਵਿਚ ਹਾਜ਼ਰ ਬੈਠੀ ਸੀ, ਅੰਦਰਲਾ ਨਾ ਦਿੱਸਣ ਵਾਲੀ ਹਜ਼ੂਰੀ ਦੇ ਸਨਮੁਖ ਕੀਰਤਨ ਦੇ ਭਾਵ ਲੈਕੇ ਹਾਜ਼ਰੀ ਭਰ ਰਿਹਾ ਤੇ ਹਜ਼ੂਰੀ ਦਾ ਰਸ ਮਾਣ ਰਿਹਾ ਸੀ ਕਿ ਉਸ ਦੇ ਆਪੇ ਨੇ ਬਿਨਾ ਰਾਤ ਬੀਤੀ ਤੱਕੇ ਦੇ, ਬਿਨਾ ਪਹੁ ਫੁਟਾਲਾ ਵੇਖੇ ਦੇ ਤੇ ਬਿਨਾਂ ਬਾਲ ਸੂਰਜ ਦੀ ਨੁਮਕਦੀ ਆ ਰਹੀ ਕਿਰਨ ਫੁਹਾਰ ਪਾ ਰਹੀ ਅਗੁਵਾਨੀ ਦੇ ਦਰਸ਼ਨ ਕੀਤੇ ਦੇ ਸਿਆਣ ਲਿਆ ਕਿ ਕੁਦਰਤ ਨੇ ਰਾਤ ਦਾ ਟਿਕਾਉ ਤੇ ਅੰਮ੍ਰਿਤ ਵੇਲੇ ਦੀ ਏਕਾਗ੍ਰਤਾ ਦੀ ਥਾਵੇਂ ਹੁਣ ਖਿੰਡਾਉ, ਪ੍ਰਵਿਰਤੀ ਤੇ ਕਮ ਕਰਨ ਵਲ ਰੁਖ਼ ਫੇਰਨ ਦਾ ਪ੍ਰਭਾਵ ਪਾਇਆ ਹੈ। ਉਧਰ ਸੂਰਜ ਲਾਸਾਂ ਛੋੜਦਾ ਹੈ, ਇਧਰ ਜੀਵ-ਬ੍ਰਿਤੀਆਂ ਖਿੰਡਾਉ ਵਾਲੇ ਕੰਮਾਂ ਵਿਚ ਉੱਠ ਲਗਦੀਆਂ ਹਨ। ਹਾਂ, ਇਹ ਬੇਮਲੂਮ ਅਸਰ ਕੁਦਰਤ ਦੀ ਸੁਰ ਦਾ ਸਿਆਣਕੇ ਮਰਦਾਨੇ ਬੀ ਪਉੜੀ ਲਾਈ ਤੇ ਕੀਰਤਨ ਦਾ ਭੋਗ ਪਾਕੇ ਰੰਗ ਰੱਤੜੇ ਨੈਣ ਖੋਹਲੇ ਤੇ ਕੁਦਰਤ ਵਿਚ ਆਪਣੇ ਕਾਦਿਰ ਦੇ ਪ੍ਰੀਤਮ-ਗੁਰ ਨਾਨਕ-ਦੇ ਸੁਹਣੇ ਸੁਹਣੇ ਦਰਸ਼ਨ ਪਾਏ, ਸੀਸ ਝੁਕਾਇਆ ਤੇ ਅੰਮ੍ਰਿਤ ਵੇਲੇ ਦੀ ਤ੍ਰੇਲ ਨਾਲ ਭਿੱਜੇ ਗੁਲਾਬ ਵਾਂਙੂ ਡਲ ਡਲ ਕਰ ਰਹੇ ਨੈਣਾਂ ਨਾਲ ਆਪਣੇ ਸਦਾ ਚੜ੍ਹੇ ਸੂਰਜ-ਗੁਰ ਨਾਨਕ-ਦਾ ਦਰਸ਼ਨ ਪਾਇਆ। ਫੇਰ ਓਹ ਨੈਣਾਂ ਵਿਚ ਭਰ ਰਹੇ ਤ੍ਰੇਲ ਮੋਤੀ ਉਸ ਆਪਣੇ ਸਦਾ ਸੁਹਾਵੇ ਸੂਰਜ ਦੀ ਭੇਟਾ ਕੀਤੇ ਤੇ ਆਖਿਆ:-

'ਸੁਹਾਣ ਤੇਰੀ ਕੁਦਰਤ!'

ਦਸ ਵੀਹ ਸੱਜਣ ਅੰਮ੍ਰਿਤ ਵੇਲੇ ਦੇ ਕੀਰਤਨ ਦਾ ਰਸ ਲੈਣ ਆਏ ਬੈਠੇ ਸਨ, ਮਰਦਾਨੇ ਦਾ ਇਹ ਆਵਾਜ਼ਾ ਸੁਣਕੇ ਸਭ ਦੇ ਨੈਣ-ਕਟੋਰੇ ਖੁੱਲੇ। ਹਾਂ ਦਰਸ਼ਨ-ਪਿਆਸਿਆਂ ਨੈਣਾਂ ਵਿਚ ਦਿਦਾਰਿਆਂ ਦੇ ਨੂਰ-ਜਲ ਨੇ ਵਾਸਾ ਪਾਇਆ, ਸਾਰੇ ਸੀਸ ਝੁਕ ਗਏ ਤੇ ਆਵਾਜ਼ ਆਈ:-

'ਧੰਨ ਨਿਰੰਕਾਰ! ਧੰਨ ਨਿਰੰਕਾਰ!!

ਕੁਛ ਚਿਰ ਚੁਪ ਵਰਤੀ ਰਹੀ। ਫੇਰ ਸੁਹਣੇ ਲਬ ਖੁੱਲੇ, ਇਕ ਸ਼ਬਦ ਦਾ ਉੱਚਾਰ ਹੋਇਆ ਤੇ ਕੁਛ ਸੁਹਣੇ ਵਾਕ ਦਾਤਾ ਜੀ ਦੇ ਮੂੰਹੋਂ ਨਿਕਲੇ ਤੇ ਸੁਣਨ

[1]ਪੁ: ਜ: ਸਾਖੀ ਸਫਾ ੮੪ (ਦੂਜੀ ਐਡੀਸ਼ਨ)।

[2] ਜਨਮ ਸਾਖੀ ਭਾ: ਦਿੱਤ ਸਿੰਘ।

ਵਾਲਿਆਂ ਦੇ ਕੰਨਾਂ ਥਾਣੀਂ ਲੰਘਕੇ ਦਿਲਾਂ ਵਿਚ ਜਾ ਸਮਾਏ। ਇਸ ਵੇਲੇ ਸ਼ੇਖ ਮਿੱਠਾ ਬਾਗ਼ ਵਿਚ ਆ ਪਹੁੰਚਾ ਸੀ। ਹੁਣ ਸੇਧ ਕਰਕੇ ਸੱਚੇ ਦਰਬਾਰ ਵਿਚ ਆ ਖੜੋਤਾ, ਤੱਕਿਓਸੁ: ਕਿਹੜਾ ਹੈ ਨਾਨਕ ਹਿੰਦੂ, ਜਿਸ ਮੇਰੇ ਮੁਰਸ਼ਿਦ ਦੇ ਮਨ ਮੰਦਰ ਵਿਚ ਬੀ ਆਪਣੀ ਪਿਆਰ ਦੀ ਸ਼ਮਆ ਦੀਆਂ ਨੂਰ ਕਿਰਨਾਂ ਪਾਈਆਂ ਹਨ। ਦੇਖੇ ਤਾਂ ਕੀ ਦੇਖੇ-ਕਿ ਸੱਚ ਮੁੱਚ ਇਸ ਸੂਰਜ ਦੇ ਉਦੇ ਹੋ ਰਹੇ ਚਾਨਣੇ ਵਿਚ ਇਕ ਮਿੱਠੇ ਪਿਆਰੇ, ਉਸ ਤੋਂ ਬੀ ਵਧੇਰੇ ਜਲਾਲ ਵਾਲੇ ਸੂਰਜ ਜੀ ਡਲ੍ਹ ਡਲ੍ਹ ਕਰ ਰਹੇ ਹਨ। ਤੱਕਿਓਸੁ, ਨੈਣਾਂ ਦੇ ਪਿੱਛੇ ਜੋ ਸ਼ੱਕ, ਸ਼ੁਬੇ, ਅਜੋੜਪਣੇ, ਕੁਛ ਕੁਛ ਰੁਸੇਵੇਂ ਦੇ ਭਾਵ ਭਰੇ ਪਏ ਸਨ ਓਹ ਘਬਰਾਏ, ਜਿਵੇਂ ਸੂਰਜ ਚੜ੍ਹਦੇ ਧੁੰਦਾਂ ਤੇ ਕੁਹੀੜਾਂ ਨੂੰ ਘਬਰਾ ਪੈਂਦੇ ਹਨ। ਮੀਆਂ ਮਿੱਠਾ ਜ਼ੁਹਦੀ ਸੀ, ਪਰ ਉਸੇ ਤਅੱਸਬ ਦੀ ਕਸਰ ਉਸ ਦੇ ਬੀ ਅੰਦਰ ਵੱਸਦੀ ਸੀ, ਜੋ ਸਾਰੇ ਦੀਨ ਭਾਈਆਂ ਵਿਚ ਦੀਨ ਦੇ ਬੁਰਕੇ ਵਿਚ ਵੱਸਦੀ ਰਹਿੰਦੀ ਸੀ,-ਹਿੰਦ ਵਿਚ ਜੰਮਣਾ, ਪਲਣਾ, ਹਿੰਦੀ ਹੋਣਾ; ਹਿੰਦੂਓਂ ਮੁਸਲਮਾਨ ਬਣਨਾ, ਫੇਰ ਹਿੰਦੀ ਤੇ ਹਿੰਦੂ ਨਾਲ ਸੂਗ!!! ਹਾਂ, ਮਿੱਠੇ ਨੇ ਤੱਕਿਆ, ਨੈਣਾਂ ਨੇ ਉਹਨਾਂ ਰੱਬੀ ਨੈਣਾਂ ਤੋਂ ਰੰਗ ਦੀ ਕੁਛ ਛੂਹ ਲੈ ਲਈ, ਸਲਾਮ ਦੁਆ ਕੀਤੀਓਸੁ। ਪ੍ਰੇਮ ਦੇ ਅਵਤਾਰ ਤੇ ਸੁਲਹ ਦੇ ਸੁਲਤਾਨ ਨੇ ਆਦਰ ਨਾਲ ਬਿਠਾਇਆ, ਸੁਖ ਸਾਂਦ ਪੁੱਛੀ। ਮਿੱਠੇ ਨੇ ਅਦਬ ਨਾਲ ਜਵਾਬ ਦਿੱਤੇ। ਫੇਰ ਚੁਫੇਰੇ ਤੱਕਿਆ, ਸੱਚ ਮੁੱਚ ਸਿਆਣੇ ਸਿਆਣੇ ਜੁੜੇ ਬੈਠੇ ਹਨ, ਅਪਣੇ ਮੁਰਸ਼ਿਦ ਸਾਹਿਬ ਬੀ ਹਨ, ਉਹਨਾਂ ਵੱਲ ਸਿਰ ਝੁਕਾਇਆ। ਫੇਰ ਮਿੱਠੇ ਦੇ ਅੰਦਰ ਕੁਛ ਚੁੱਪ ਛਾ ਗਈ, ਪਰ ਇਹ ਗੱਲ ਫਿਰ ਬੀ ਰੜਕਾਂ ਮਾਰ ਰਹੀ ਸੀ ਕਿ ਐਸਾ ਸੁਹਣਾ ਤਾਸੀਰ ਵਾਲਾ ਵਜੂਦ ਹਿੰਦੂ ਕਿਉਂ ਹੈ? ਇਹ ਕਿਉਂ ਮੁਸਲਮਾਨ ਨਹੀਂ? ਸਿੱਧ ਬੀ ਗੁਰੂ ਜੀ ਨੂੰ ਜਦ ਮਿਲਦੇ ਸੀ ਤਾ ਲੋਚਦੇ ਸੀ ਕਿ ਕਿਵੇਂ ਇਹ ਨਾਨਕ ਬਾਲਕਾ ਸਾਡਾ ਦਰਸ਼ਨ ਲੈ ਲਵੇ ਤਾਂ ਸਾਡੇ ਪੰਥ ਦਾ ਉਜਾਲਾ ਕਰੇ, ਤਿਵੇਂ ਇਸਲਾਮੀ ਫਕੀਰ ਦੇਖ ਕੇ, ਵਰਤ ਕੇ, ਪਰਖ ਕੇ ਇਹੋ ਲੋਚਦੇ ਸੇ ਕਿ ਕਾਸ਼! ਇਹ ਦੀਨ ਕਬੂਲੇ ਤਾਂ ਸਾਡਾ ਦੀਨ ਰੌਸ਼ਨ ਕਰੇ। ਹਾਂ, ਸੁਹਣੀਆਂ ਸ਼ੈਆਂ ਨੂੰ ਸਭ ਕੋਈ ਅਪਨਾਉਣਾ ਚਾਹੁੰਦਾ ਹੈ। ਮਿੱਠੇ ਦੇ ਇਸਲਾਮੀ ਭਾਵਾਂ ਨੇ ਉਸ ਦੇ ਬੁੱਲ੍ਹ ਖੁਲ੍ਹਾਏ, ਸੁਆਦ ਦਾ ਪ੍ਰਭਾਉ ਜੋ ਛਾ ਰਿਹਾ ਸੀ ਚੁੱਪ ਵਲ ਲੈ ਜਾ ਰਿਹਾ ਸੀ, ਪਰ ਅੰਦਰ ਫੁਰੇ ਭਾਵਾਂ ਨੇ ਰੁਖ਼ ਬੋਲਣ ਵੱਲ ਹੀ ਪਾਇਆ ਤੇ ਸ਼ੇਖ ਮਿੱਠਾ ਬੋਲਿਆ:-

ਫ਼ਕੀਰ ਸਾਂਈਂ! ਕੁਛ ਚਾਨਣਾ ਪਾਓ ਸਾਂਈਂ ਦੇ ਰਾਹ ਉੱਤੇ?

ਗੁਰੂ ਜੀ-ਸਾਂਈਂ ਸੂਰਜ ਹੈ, ਸਾਂਈਂ ਦਾ ਨਾਮ ਉਸ ਸੂਰਜ ਦੀ ਧੁੱਪ, ਉਸੇ ਦਾ ਪ੍ਰਕਾਸ਼ ਹੈ। ਹਾਂ ਨਾਮ ਚਾਨਣਾ ਹੈ ਉਸ ਨੂਰੋ ਨੂਰ ਦੇ ਰਸਤੇ ਦਾ।

ਮਿੱਠਾ-ਨਾਉਂ ਹਿੱਕ ਹੈ ਕਿ ਦੋ?

ਗੁਰੂ ਜੀ-ਓਹ ਆਪ ਇਕ ਹੈ, ਇਕ ਦਾ ਨਾਉਂ 'ਏਕੋ ਨਾਮ' ਹੈ।

ਮਿੱਠਾ-ਤਾਂ ਤੁਸੀ ਮਵਾਹਿਦ ਹੋ; ਇਕ ਦੇ ਉਪਾਸਕ ਹੋ।

ਗੁਰੂ ਜੀ-ਅਸੀਂ ਨਿਰੰਕਾਰ ਦੇ ਹਾਂ।

ਮਿੱਠਾ-ਹਿੰਦੂ ਤਾਂ ਮਵਾਹਿਦ (ਇਕ ਦੇ ਉਪਾਸਕ) ਨਹੀਂ ਹੁੰਦੇ।

ਗੁਰੂ ਜੀ-ਜੋ ਇਕ ਦੇ ਉਪਾਸਕ ਹਨ ਸੋਈ ਮੁਸਲਮਾਨ, ਸੋਈ ਹਿੰਦੂ, ਸੋਈ ਸਭ ਕੁਛ, ਸੋਈ ਕੁਛ ਬੀ ਨਾ।

ਮਿੱਠਾ-ਹੈਂ!... ਜੋ ਮਵਾਹਿਦ ਸੋਈ ਮੋਮਨ ਸੋਈ ਮੁਸਲਮਾਨ...! (ਦਿਲ ਨਾਲ) ਪਰ ਹਾਂ ਸੱਚੀਂ, ਮਵਾਹਿਦ ਤਾਂ ਉਹ ਪਰਵਾਨ ਹੈ ਜੋ ਰਸੂਲ ਦਾ ਕਾਇਲ ਹੋਵੇ। (ਫੇਰ ਗੁਰੂ ਜੀ ਨੂੰ) ਹਾਂ ਜੀਓ, ਸਾਂਈਂ ਜੀਓ! ਤਦ ਤੁਹਾਨੂੰ ਅੱਲਾ ਦੀ ਸੋਝੀ ਤਾਂ ਹੈ, ਪਰ ਦੂਏ ਨਾਮ ਦੀ ਵੀ ਸੋਝੀ ਹੈ ਨੇ?

ਗੁਰੂ ਜੀ-ਨਾਲੇ ਵਾਹਿਦ ਆਖਦੇ ਹੋ, ਨਾਲੇ ਦੂਏ ਦਾ ਪਤਾ ਦੇਂਦੇ ਹੋ, ਦੂਆ ਕੌਣ ? ਏਕਾਈ ਦੇ ਘਰ ਦੁਈ ਦੀ ਗੁੰਜਾਇਸ਼ ਕਿਵੇਂ?

ਮਿੱਠਾ-ਤਾਂ ਤੁਸਾਂ ਜੋਗ ਦੂਜੇ ਨਾਉਂ ਦੀ ਅਜੇ ਸੋਝੀ ਨਹੀਂ ਹੋ ਆਈ।

ਗੁਰੂ ਜੀ-ਦੂਜੇ ਦੀ ਸੋਝੀ ਗਵਾਈਏ ਤਾਂ ਇਕ ਦੀ ਸੋਝੀ ਪੈਂਦੀ ਹੈ, ਇਕ ਵਿਚ ਦੂਏ ਦੀ ਸਮਾਈ ਨਹੀਂ, ਜਦੋਂ ਇਕ ਵਿਚ ਦੂਆ ਰਲਾਈਏ ਤਾਂ ਏਕੇ ਦੀ (ਏਕੰਕਾਰ ਦੀ) ਸੋਝੀ ਕਿਵੇਂ?

'ਗੁਰਮੁਖਿ ਏਕੁ ਵਿਰਲਾ ਕੋ ਲਹੈ'॥(ਦ:ਓਅੰ:

ਮਿੱਠਾ-ਫੇਰ ਤੁਸਾਂ ਤੇਤੀ ਕ੍ਰੋੜ ਵਿਚ ਇਕ ਕਿਵੇਂ ਸਿਞਾਤਾ ਸੀ?

ਗੁਰੂ ਜੀ-ਤੇਤੀ ਕ੍ਰੋੜ ਯਾ ਜੋ ਕਹੋ ਉਸ ਦੀ ਖੇਲ ਹੈ, ਕ੍ਰੋੜ, ਨੀਲ, ਸੰਖ, ਅਸੰਖ ਸਭ ਸ਼ੁਮਾਰ ਵਿਚ ਹੈ ਤੇ ਸਭ ਉਸਦਾ ਕੀਤਾ ਹੈ। ਓਹ 'ਇਕ' ਬੇਸ਼ੁਮਾਰ ਹੈ ਤੇ ਕੀਤੇ ਦਾ ਕਰਤਾ ਹੈ।

ਮਿੱਠਾ-ਠੀਕ ਸਹੀ ਕੀਤਾ ਨੇ, ਪਰ ਉਸ ਏਕੇ ਦਾ ਇਕ ਯਾਰ ਹੈ, ਜਿਸ ਦੀ ਸਿਪਾਰਸ਼ ਤੇ ਛੁੱਟੀਦਾ ਹੈ, ਉਹ ਨਹੀਂ ਜੇ ਸਿਞਾਤਾ?

ਗੁਰੂ ਜੀ-ਦੂਜਾ ਕੌਣ ਹੈ ਉਸ ਏਕੇ ਦੇ ਨਾਲ? ਦੂਜਾ ਕੌਣ ਹੈ ਜਿਸ ਦਾ ਨਾਉਂ ਰਲਦਾ ਹੈ 'ਉਸ' ਏਕੇ ਨਾਉਂ ਦੇ ਨਾਲ ? ਸ਼ੇਖ ਜੀ! ਜਦ ਦੂਈ ਆ ਗਈ, ਫਿਰ ਕੀਹ ਦੋ ਤੇ ਕੀਹ ਤੇਤੀ ਕਰੋੜ, ਗੇਣਤੀ ਹੀ ਹੈ ਨਾ, ਜਿਥੋਂ ਤੋੜੀ ਲੈ ਗਏ ਲੈ ਗਏ, ਕੀਤੇ ਦਾ ਸ਼ੁਮਾਰ ਹੈ, ਕਰ ਲਓ।

ਮਿੱਠਾ-ਅੱਵਲ ਨਾਉਂ ਖੁਦਾਇ ਖ਼ਾਲਕ ਪਾਲਕ ਦਾ ਹੈ, ਦੂਜਾ ਨਾਉਂ ਉਸ ਦੇ ਨਬੀ ਰਸੂਲ ਦਾ ਹੈ, ਤੀਜਾ ਹਰਫ ਕਲਮਾ ਹੈ ਜੋ ਉਸ ਨੇ ਦਿੱਤਾ ਹੈ, ਐਉਂ ਦਰ ਕਬੂਲ ਪਈਦਾ ਹੈ[1] ਇਸ ਤੋਂ ਅੱਗੇ ਦੀ ਗੇਣਤੀ ਕੁਫ਼ਰ ਹੈ, ਸ਼ਿਰਕ ਹੈ।

ਗੁਰੂ ਜੀ-ਸ਼ੇਖ ਮਿੱਠਾ! ਉਸ ਦਰ ਦੂਇ ਦਾ ਠਉੜ ਨਾਹੀਂ[1], ਉਸ ਦਰ, ਉਸ ਘਰ, ਉਸ ਟਿਕਾਣੇ, ਕੁਛ ਕਹਿ ਲਓ? ਇਕੋ ਇਕ ਹੈ, ਦੂਈ ਓਥੇ ਨਹੀਂ, ਓਥੇ ਇਕੋ ਆਪ ਹੈ।

ਮਿੱਠਾ (ਕੁਛ ਸ਼ਰਮਾਕੇ) ਕੀ ਆਖਿਆ ਨੇ?

ਗੁਰੂ ਜੀ-ਨਬੀ ਤੇ ਰਸੂਲ ਸਭ ਕੀਤੇ ਹੋਏ ਹਨ, ਪੀਰ, ਪੈਕਾਂਬਰ, ਰਿਸ਼ੀ, ਮੁਨੀ, ਭਗਤ, ਅਵਤਾਰ ਸਭ ਕੀਤੇ ਹੋਏ ਹਨ ਉਸ ਇਕ ਦੇ। ਉਹ ਸਭਨਾਂ ਨੂੰ ਜਾਣਦਾ ਹੈ ਵੇਖਦਾ ਹੈ, ਪਰ ਉਸਨੂੰ ਕੋਈ ਨਹੀਂ ਜਾਣਦਾ, ਸਭ ਉਸ ਦੀ ਕੁਦਰਤ ਹੈ, ਉਹ ਕਾਦਰ ਕਰਤਾ ਹੈ ਤੇ ਤਾਕ ਹੈ, ਤਾਕੋ ਤਾਕ ਹੈ, ਇੱਕੋ ਇਕ ਹੈ। ਜੇ ਦੋ ਹਨ ਤਾਂ ਤੁਸੀਂ ਹੀ ਸਾਬਤ ਕਰੋ ਕਿ ਦੋ ਕਰਤਾਰ ਤੇ ਕਾਦਰ ਕਿਵੇਂ ਹਨ।

ਮਿੱਠਾ ਘਬਰਾਇਆ, ਇਸ ਦਾ ਜਵਾਬ ਬਣ ਪੈ ਹੀ ਨਹੀਂ ਸੀ ਸੱਕਦਾ। ਨਬੀ ਨੂੰ ਉਹ ਕਰਤਾ ਤੇ ਕਾਦਰ ਕਹਿ ਨਹੀਂ ਸੀ ਸਕਦਾ, ਸੋ ਗੱਲ ਫੇਰ ਗਿਆ ਤੇ ਆਖਣ ਲੱਗਾ:-ਹਿੰਦੂ ਕਿਵੇਂ ਬਹਿਸ਼ਤਾਂ ਨੂੰ ਜਾ ਸਕਦਾ ਹੈ? ਹਿੰਦੂ ਦਾ ਕਲਬੂਤ ਸੜ ਗਿਆ ਸੁਆਹ ਹੋ ਗਿਆ, ਕਿਆਮਤ ਦੇ ਰੋਜ਼ ਜਦੋਂ ਫਰਿਸ਼ਤਾ ਕਰਨਾ[2] ਫੂਕੇਗਾ ਤਦ ਮੁਸਲਮਾਨਾਂ ਦੇ ਕਲਬੂਤ ਜੋ ਜਿਮੀਂ ਪਾਸ ਅਮਾਨਤ ਪਏ ਹਨ-ਕਬਰਾਂ ਵਿਚੋਂ ਨਿਕਲ ਆਉਣਗੇ ਤੇ ਬਹਿਸ਼ਤਾਂ ਨੂੰ ਜਾਣਗੇ ਪਰ ਸੁਆਹ ਹੋ ਚੁਕੇ ਹਿੰਦੂ ਕਲਬੂਤ, ਹਾਂ ਸੁਆਹ ਬੀ ਰੁੜ੍ਹ ਚੁਕੀ ਗੰਗਾ ਦੇ ਰਸਤੇ ਸਮੁੰਦਰ ਵਿਚ ਕੀਕੂੰ ਕਲਬੂਤਾਂ ਨੂੰ ਵਾਪਸ ਘੜਕੇ ਦੇਵੇਗੀ, ਸੋ ਹਿੰਦੂ ਤਾਂ ਆਪੇ ਅੱਗ ਵਿਚ ਪੈਕੇ ਸੜਦੇ ਹਨ ਤਾਂ ਸਦਾ ਲਈ ਜਹੰਨਮ (ਨਰਕਾਂ) ਵਿਚ ਪਏ ਸੜਦੇ ਰਹਿਣਗੇ[3]।

ਗੁਰੂ ਜੀ (ਮੁਸਕ੍ਰਾਕੇ)-ਸ਼ੇਖ ਜੀਓ! ਬਹਿਸ਼ਤਾਂ ਵਿਚ 'ਸ਼ਰੀਰਾਂ' ਦਾ ਦਾਖ਼ਲ ਹੋਣਾ ਪੁਰਾਣੇ ਇਬਰਾਨੀਆਂ ਦਾ ਖ਼ਿਆਲ ਤੁਸਾਂ ਨੇ ਲਿਆ ਹੈ। ਉਹਨਾਂ ਦੇ ਭਾਣੇ ਇਹ ਸਰੀਰ ਹੀ ਸਦਾ ਜੀਵੇ' ਦਾ ਖਿਆਲ ਬਹਿਸ਼ਤ ਸੀ। ਸ਼ਰੀਰ ਦੀ ਮੌਤ ਨੂੰ ਉਨ੍ਹਾਂ ਨੇ ਆਦਮੀ ਦੇ ਗੁਨਾਹ ਦੀ ਸਜ਼ਾ ਸਮਝਿਆ ਸੀ। ਸ਼ਰੀਰ ਦਾ ਮੁੜ ਕਿਆਮਤ ਨੂੰ ਜੀਉ ਉੱਠਣਾਂ

[1] ਮਿੱਠੇ ਦੇ ਇਸ ਉਚਾਰ ਨੂੰ ਜਨਮ ਸਾਖੀ ਨੇ ਇਸ ਦੋਹੇ ਵਿਚ ਦਸਿਆ ਹੈ; ਮਿੱਠਾ-ਅਵਲਿ ਨਾਉਂ ਖੁਦਾਇ ਕਾ ਦੂਜਾ ਨਬੀ ਰਸੂਲ। ਨਾਨਕ ! ਕਲਮਾ ਜੇ ਪੜਹਿ ਤਾਂ ਦਰਗਹ ਪਵੇ ਕਬੂਲ। ਤੇ ਜੋ ਉੱਤਰ ਗੁਰ ਨਾਨਕ ਜੀ ਨੇ ਦਿੱਤਾ ਹੈ ਉਸ ਨੂੰ ਐਉਂ ਦੋਹੇ ਵਿਚ ਦਿੱਤਾ ਹੈ-ਅਵਲ ਨਾਉਂ ਖੁਦਾਇ ਕਾ ਦਰਿ ਦਰਵਾਨ ਰਸੂਲ। ਸ਼ੇਖਾ ! ਨੀਅਤਿ ਰਾਸ ਕਰਿ ਤਾਂ ਦਰਗਹਿ ਪਵਹਿ ਕਬੂਲ। ਅਰਥਾਤ ਪਰਮੇਸ਼ਰ ਦਾ ਹੀ ਨਾਮ ਏਕੋ ਨਾਮ ਹੈ, ਰਸੂਲ ਤਾਂ ਉਥੇ ਦਰਵਾਨੀਆਂ ਕਰ ਰਹੇ ਹਨ : ਜੇ ਤੂੰ ਉਸ ਏਕੇ ਦੀ ਦਰਗਾਹ ਵਿਚ ਕਬੂਲ ਪੈਣਾ ਹੈ ਤਾਂ ਨੀਯਤਿ ਰਾਸ ਕਰ।

[1] ਪੁ: ਜ: ਸਾਖੀ ਸਫਾ ੮੪ (ਦੂਜੀ ਐਡੀਸਨ)।

[2] ਨਰਸਿੰਗਾ। [3] ਜ: ਸਾ: ਭਾ: ਦਿਤ ਸਿੰਘ

ਉਹਨਾਂ ਨੇ ਪਰਮੇਸ਼ੁਰ ਦੀ ਮੁੜ ਬਖ਼ਸ਼ਿਸ਼ ਜਾਤਾ ਸੀ; ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਅਜੇ ਰੂਹ ਦਾ ਪਤਾ ਨਹੀਂ ਸੀ। ਰੂਹ ਨਾ ਦੱਬਿਆਂ ਖ਼ਾਕ ਹੁੰਦੀ ਹੈ, ਨਾ ਸਾੜਿਆਂ ਸੁਆਹ ਹੁੰਦੀ ਹੈ। ਸਰੀਰ ਦੱਬਿਆਂ ਸਾੜਿਆਂ ਦੋਹਾਂ ਤਰ੍ਹਾਂ ਮਿੱਟੀ ਵਿਚ ਮਿਲ ਜਾਂਦਾ ਹੈ। ਜੇ ਫਰਿਸ਼ਤੇ ਦੀ ਕਰਨਾ ਨੇ ਧੂੜ ਹੋਈ ਦੇਹ ਦਾ ਕਲਬੂਤ ਖੜਾ ਕਰ ਲੈਣਾ ਹੈ ਤਾਂ ਸੁਆਹ ਹੋ ਗਈ ਨੂੰ ਬੀ ਖੜਾ ਕਰ ਲਏਗਾ ਤੇ ਜੇ ਦੇਹ ਦਾ ਅੱਗ ਵਿਚ ਸੜਨਾ ਹੀ ਦੋਜ਼ਖ਼ ਹੈ, ਬੁਰਾ ਹੈ ਤਾਂ ਮੁਸਲਮਾਨ ਦੀ ਦੇਹ ਬੀ ਸੜਦੀ ਹੈ[੧] ਅੱਗ ਵਿਚ ਪੈਂਦੀ, ਤੇ..।

ਮਿੱਠਾ (ਹੈਰਾਨ ਹੋ ਤੇ ਗੱਲ ਟੁੱਕ ਕੇ)-ਕੀਕੂੰ? ਕਿਵੇਂ?

ਗੁਰੂ ਜੀ-ਸੁਣੋ, ਸ਼ੇਖ ਜੀ! ਪੁਰਾਣੀਆਂ ਕਬਰਾਂ ਦੀ ਮਿੱਟੀ ਚੀਕਣੀ ਹੁੰਦੀ ਹੈ, ਸਮੇਂ ਨਾਲ ਕਬਰਾਂ ਦੇ ਨਿਸ਼ਾਨ ਬੀ ਮਿਟ ਜਾਂਦੇ ਹਨ। ਕੁਮ੍ਹਿਆਰ ਲੋਕ ਚੀਕਣੀ ਮਿੱਟੀ ਦੇ ਢੂੰਡਾਊ ਹੁੰਦੇ ਹਨ, ਓਹ ਇਹੋ ਜਿਹੇ ਪੁਰਾਣੇ ਹੋ ਮਿਟੇ ਕਬਰਸਤਾਨਾਂ ਦੀਆਂ ਮਿੱਟੀਆਂ ਲਿਆਕੇ ਗੁੰਨ੍ਹਦੇ ਹਨ, ਗੁੰਨ੍ਹਕੇ ਚੱਕ ਉੱਪਰ ਧਰਦੇ ਹਨ, ਉਸ ਦੇ ਭਾਂਡੇ ਘੜਦੇ ਹਨ। ਕਈ ਸੱਚਿਆਂ ਵਿਚ ਪਾਕੇ ਇੱਟਾਂ ਬਣਾਉਂਦੇ ਹਨ, ਉਨ੍ਹਾਂ ਨੂੰ ਧੁੱਪੇ ਸੁਕਾਕੇ ਫੇਰ ਆਵਿਆਂ ਤੇ ਆਵੀਆਂ ਵਿਚ ਬੀੜਕੇ ਅੱਗ ਦੇਂਦੇ ਹਨ, ਫੇਰ ਉਸ ਕਰੜੀ ਅੱਗ ਵਿਚ ਮੁਸਲਮਾਨ ਦੀ ਮਿੱਟੀ ਬੀ ਬਲਦੀ ਹੈ। ਜੇ ਬਲਨਾ ਹੀ ਪਾਪ ਹੈ ਤਾਂ ਮੁਸਲਮਾਨਾਂ ਦੀ ਮਿੱਟੀ ਵੇਖ ਲਓ ਆਵਿਆਂ ਵਿਚ ਬਲ ਰਹੀ, ਅੰਗਾਰੇ ਝੜ ਰਹੇ ਤੇ ਮਾਨੋਂ ਰੋ ਰੋ ਕੇ ਕਹਿ ਰਹੀ ਹੈ ਕਿ-ਹਾਇ! ਅੰਤ ਮੈਂ ਬੀ ਸੜੀ ਤੇ ਬੁਰੀ ਤਰ੍ਹਾਂ ਸੜੀ-। ਜੇ ਕਰਤਾਰ ਨੇ ਦੋਹਾਂ ਦਾ ਸੜਨਾ ਹੀ ਠਟਿਆ ਸੀ ਤਾਂ ਦੇਖੋ ਹਿੰਦੂ ਦੀ ਮਿੱਟੀ ਬੀ ਸੜੀ ਤੇ ਮੁਸਲਮਾਨ ਦੀ ਬੀ ਸੜੀ, ਪਰ ਸ਼ੇਖ ਜੀ ! ਘਬਰਾਓ ਨਹੀਂ, ਕਿਉਂ ਆਪਣੀ ਅਕਲ ਨੂੰ ਕਰਤਾਰ ਦੇ ਕਰਨਿਆਂ ਵਿਚ ਦਖ਼ਲ ਦੇਣ ਦੇਂਦੇ ਹੋ? ਚੰਗੀ ਤਰ੍ਹਾਂ ਸੋਚ ਲਓ ਕਿ ਕਿਆਮਤ ਦੇ ਰੋਜ਼ ਸਾਰੇ ਮੁਸਲਮਾਨਾਂ ਦੇ ਕਲਬੂਤ ਕਿਕੂੰ ਉਠਣਗੇ? ਜੇ ਮਿੱਟੀ ਦੇ ਅੱਗ ਨਾਲ ਸੜ ਜਾਣ ਨੇ ਕਰਨਾ ਦੇ ਅਸਰ ਨੂੰ ਗੁਆ ਦੇਣਾ ਹੈ ਤਾਂ ਹਾਲਤ ਮੁਸਲਮਾਨਾਂ ਦੀ ਬੀ ਹਿੰਦੂਆਂ ਵਾਂਙੂ ਤਰਸ ਜੋਗ ਹੋ ਜਾਏਗੀ।

ਸ਼ੇਖ ਜੀ। ਕਿੱਥੇ ਫਸ ਰਹੇ ਹੋ? ਜਦੋਂ ਦੇਹ ਵਿਚੋਂ ਜੀਉ ਨਿਕਲ ਗਿਆ, ਪਿਛੇ ਖੇਹ ਰਹਿ ਗਈ, ਖੇਹ ਨੂੰ ਅੱਗ ਨਾਲ ਸਾੜਕੇ ਕਿ ਮਿੱਟੀ ਵਿਚ ਗਾਲਕੇ ਖੇਹ ਕਰ ਦਿੱਤਾ, ਦੋਵੇਂ ਤਰ੍ਹਾਂ ਉਹ ਖੇਹ ਵਿਚ ਰਲ ਗਈ। ਜੋ ਇਸ ਮੜੋਲੀ ਵਿਚ ਜੀਉਂਦਾ ਜਾਗਦਾ ਵਸਦਾ ਸੀ ਉਹ ਦੋਹਾਂ ਦਾ ਨਿਕਲ ਗਿਆ ਤੇ ਆਪਣੇ ਕਰਮਾਂ ਅਨੁਸਾਰ ਦੁਖ ਸੁਖ ਵਿਚ ਚਲਾ ਗਿਆ। ਜੋ ਨਾਮ ਜਪ ਗਏ ਸੋ ਨਾਮ ਦੇ ਚਾਨਣੇ ਵਿਚ ਤੁਰੇ ਜਾਂਦੇ ਨੂਰ ਦੇ ਘਰ ਅੱਪੜ ਗਏ। ਤੁਸੀਂ ਸਿਆਣੇ ਹੋਕੇ ਕਿੰਨ੍ਹਾਂ ਤੰਗ ਖਿਆਲੀਆਂ ਦੀ ਕਬਰ ਵਿਚ ਜੀਉਂਦੇ ਜੀ ਅਕਲ ਨੂੰ ਘੁੱਟ ਨੱਪ ਰਹੇ ਹੋ?

ਮੀਆਂ ਮਿੱਠੇ ਦਾ ਦਿਲ ਕਿਸੇ ਕਬਜ਼ ਵਿਚੋਂ-ਘੁੱਟ ਵਿਚੋਂ-ਨਿਕਲਿਆ। ਹੈਂ, ਗੁਰੂ ਨਾਨਕ ਨੇ ਗੱਲ ਤਾਂ ਚਾਲੀ ਸੇਰੀ ਆਖੀ ਹੈ ਤੇ ਹੈ ਬੀ ਸਿੱਧੀ, ਪਰ ਇੰਨਾ ਚਿਰ ਮੈਨੂੰ ਸੁੱਝੀ ਕਿਉਂ ਨਾ? ਇਹੋ ਹੈ ਨਾ ਆਪੇ ਨੂੰ ਆਪੇ ਦੀ ਕੈਦ। ਅਕਲ ਸਾਡੀ ਆਪੇ ਆਪਣੇ ਲਈ ਸੰਗਲ ਘੜ ਲੈਂਦੀ ਹੈ, ਆਪੇ ਬੱਝ ਕੇ ਬੈਠੀ ਰਹਿੰਦੀ ਹੈ। ਸੱਚ ਕਿਹਾ ਸੀ ਕੱਲ ਮੇਰੇ ਮੁਰੀਦ ਨੇ ਕਿ ਗੁਰੂ ਨਾਨਕ ਐਸੀ ਸਾਦੀ ਤੇ ਸਫ਼ਾ ਗਲ ਕਹਿੰਦਾ ਹੈ ਕਿ ਸੁਣਦਿਆਂ ਸਾਰ ਸੋਝੀ ਪੈ ਕੇ ਜਾਗ ਆ ਜਾਂਦੀ ਹੈ। ਸੱਚ ਮੁੱਚ ਸਾਫ ਅਕਲ ਤੇ ਸਲਾਮਤੀ ਵਾਲੀ ਅਕਲ ਦਾ ਇਹ ਫਕੀਰ ਹੈ, ਇਸ ਤੋਂ ਹੁਣ ਦਿਲ-ਭਰਮ ਦੂਰ ਕਰੀਏ। ਇਉਂ ਕੁਛ ਸੋਚਕੇ ਮਿੱਠੇ ਨੇ ਪੁੱਛਣਾ ਕੀਤਾ:-

ਹੇ ਨਾਨਕ ਗੁਰੂ ਜੀ! ਜੀਵ ਦਾ ਮਨ ਲੋਭ ਨਾਲ ਮੈਲਾ ਹੈ: ਇਕ ਸੋਧ ਤੇ ਨਹੀਂ ਰਹਿੰਦਾ, ਲੋਭ

---

[੧] ਇਹ ਆਪਣੇ ਖਿਆਲ ਸਤਿਗੁਰੂ ਜੀ ਨੇ ਆਸਾ ਦੀ ਵਾਰ ਵਿਚ ਐਉਂ ਸ੍ਰੀ ਮੁਖਵਾਕ ਉਚਾਰੇ ਹਨ-

> ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
> ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥ ੨ ॥
>
> (ਆਸਾ ਦੀ ਵਾਰ ਮਹਲਾ ੧)

ਦੀਆਂ ਲਹਿਰਾਂ ਨਾਲ ਡੋਲਦਾ ਰਹਿੰਦਾ ਹੈ, ਇਹ ਕਿਵੇਂ ਸਾਂਈਂ ਦੀ ਰਜ਼ਾ ਤੇ ਟੁਰੇ? ਉਸ ਰਸਤੇ ਛਲ ਦਾ ਚਾਰਾ ਨਹੀਂ ਚਲਦਾ, ਜ਼ੋਰ ਦੀ ਪੇਸ਼ ਨਹੀਂ ਜਾਂਦੀ। ਤੁਸੀਂ ਕਹਿੰਦੇ ਹੋ ਉਸ ਸਾਂਈਂ ਦੇ ਰਸਤੇ ਤੇ ਚਾਨਣਾ ਨਾਮ ਹੈ, ਨਾਮ ਦਾ ਦੀਵਾ ਕਿਸ ਤੇਲ ਨਾਲ ਬਲਦਾ ਹੈ? ਨਾਮ ਤਾਂ 'ਜਪਣਾ' ਹੋਇਆ, ਜਪਣ ਵਿਚ ਤੇਲ ਹੈ, ਨਹੀਂ ਤਾਂ ਤੇਲ ਬਿਨ ਦੀਵਾ ਕਿਵ ਬਲੇ? ਤਾਂ ਗੁਰੂ ਦਾਤਾ ਜੀ ਨੇ ਜੋ ਉੱਤਰ ਦਿੱਤਾ ਸੋ ਆਪ ਜੀ ਨੇ ਆਪਣੇ ਰਚੇ ਸ਼ਬਦ ਵਿਚ ਸੁਹਣੀ ਤਰ੍ਹਾਂ ਦਰਸਾਇਆ ਹੈ। ਯਥਾ:-

> [1]ਅਛਲ[2] ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ[3] ॥ ੧ ॥ ਬਿਨੁ ਤੇਲ ਦੀਵਾ ਕਿਉ ਜਲੈ ॥ ੧ ॥ ਰਹਾਉ ॥ ਪੋਥੀ ਪੁਰਾਣ ਕਮਾਈਐ[4]॥ ਭਉ ਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ ॥ ੨ ॥ ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥ ੧ ॥ ਰਹਾਉ ॥ ਇਤੁ ਤਨਿ ਲਾਗੈ ਬਾਣੀਆ[5]॥ ਸੁਖੁ ਹੋਵੈ ਸੇਵ ਕਮਾਣੀਆ ॥ਸਭ ਦੁਨੀਆ ਆਵਣ ਜਾਣੀਆ ॥੩॥ ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥ ੪ ॥ ੩੩ ॥

[1] ਇਹ ਸ਼ਬਦ ਸਿਰੀ ਰਾਗੁ ਮਹਲਾ ੧ ਘਰੁ ੫ ਵਿਚ ਹੈ।

[2] ਅਛਲ-ਨਾ ਛਲੀ ਜਾਣ ਵਾਲੀ, ਭਾਵ ਮਾਯਾ।

[3] ਡੁਲ੍ਹ ਪੈਂਦਾ ਹੈ (ਮਨ, ਮਾਯਾ ਵੱਲ)।

[4] ਧਰਮ ਪੁਸਤਕਾਂ ਦਾ ਸਿੱਧਾਤ ਕਮਾਵਣਾ ਕਰੇ (ਇਹ ਤੇਲ ਕਰੇ)।

[5] ਇਸ ਸਰੀਰ ਨੂੰ ਜਮ ਰੂਪੀ ਬਾਣੀਆਂ ਲਗਾ ਹੋਇਆ ਹੈ ਭਾਵ ਮੌਤ ਆਉਂਦੀ ਹੈ, ਉਸ ਤੋਂ ਸੁਖ ਸੇਵਾ ਨਾਲ ਹੋ ਸਕਦਾ ਹੈ। ਬਾਣੀਆਂ ਦਾ ਅਰਥ ਕਾਨੀਆਂ ਬੀ ਕਰਦੇ ਹਨ, ਵਾਸ਼ਨਾਂ ਰੂਪੀ ਕਾਨੀਆਂ ਸਰੀਰ ਨੂੰ ਲਗ ਰਹੀਆਂ ਹਨ।

ਹੁਣ ਪੀਰ ਨੂੰ ਸੋਝੀ ਆਈ ਕਿ ਦਾਤੇ ਨੇ ਨਿਰੋਲ ਸ਼ੁਭ ਗੁਣਾਂ ਦਾ ਉਪਦੇਸ ਦਿੱਤਾ ਹੈ-ਦੁਨੀਆਂ ਨੂੰ ਸਦਾ ਨਾ ਰਹਿਣੇ ਵਾਲੀ ਸਮਝਕੇ ਪਾਪ ਨਾ ਕਰੇ, ਪਰਮੇਸੁਰ ਦਾ ਭਉ ਰੱਖੇ, ਸੱਚ ਦੀ ਵਰਤੋਂ ਕਰੇ, ਸੇਵਾ ਵਿਚ ਰਹੇ: ਠੀਕ ਹੈ, ਪਰ ਦੇਖੀਏ! ਕੀ ਤ੍ਰੀਕਾ ਹੈ ਸਾਂਈਂ ਲੋਕ ਦਾ? ਕੋਈ ਹਿੰਦੂਆਂ ਵਾਲਾ ਰਸਤਾ ਦੱਸਦਾ ਹੈ ਕਿ ਮੁਸਲਮਾਨੀ ਰਾਹ ਦੱਸਦਾ ਹੈ। ਤਾਂ ਪੁੱਛਣ ਲੱਗਾ:-

ਜੀ! ਓਹੁ ਕਵਨ ਕੁਰਾਨੁ ਹੈ ਜਿਤੁ ਪੜੇ ਕਬੂਲੁ ਪਵੈ, ਅਤੇ ਜੀ ਓਹੁ ਕਵਨੁ ਕਤੇਬੁ ਹੈ ਜਿਤੁ ਕਮਾਏ ਤੇ ਸਹੀ ਥੀਵੈ? ਅਤੇ ਓਹੁ ਕਵਨ ਦਰਵੇਸ਼ੀ ਹੈ ਜਿਤੁ ਦਰ ਕੀ ਲਾਇਕ ਥੀਵੈ? ਅਤੇ ਓਹੁ ਕਵਨੁ ਰੋਜਾ ਹੈ ਜਿਤੁ ਦਿਲੁ ਰਹੈ, ਜਾਏ ਨਹੀਂ? ਅਤੇ ਓਹੁ ਕਵਨੁ ਨਿਵਾਜ ਹੈ, ਜਾਂਕੇ ਗੁਜ਼ਾਰੇ ਤੇ ਨਜ਼ਰਿ ਗੁਜ਼ਰੈ[1]?

ਇਹ ਸੁਣਕੇ ਸ੍ਰੀ ਗੁਰੂ ਜੀ ਨੇ ਮਰਦਾਨੇ ਵਲ ਤੱਕਿਆ ਤੇ ਹੁਕਮ ਕੀਤਾ:-ਰਬਾਬ ਵਜਾਓ ਤਾਂ ਮਰਦਾਨੇ ਰਬਾਬ ਵਜਾਇਆ, ਤਾਂ ਸਤਿਗੁਰ ਜੀ ਨੇ ਸ਼ਬਦ ਕੀਤਾ।

> ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ ੧ ॥
>
> ਮਃ ੧ ॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ[2] ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥
>
> ਮਃ ੧ ॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ

[1] ਪੁ: ਜ: ਸਾਖੀ

[2] ਮਸਾਲਾ।

ਸਨਾਇ[1]॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥[2] {ਵਾਰ ਮਾਝ ਮ:੧}

ਇਹ ਸੁਣ ਤੇ ਸਮਝਕੇ ਸ਼ੇਖ ਮਿੱਠੇ ਪੁੱਛਿਆ: 'ਆਪ ਨੇ ਸੁਹਣੇ ਗੁਣਾਂ, ਨੇਕੀਆਂ, ਵਸਫ਼ਾਂ ਦਾ ਉਪਦੇਸ਼ ਦਿਤਾ ਹੈ, ਇਹ ਦੱਸੋ ਜੋ ਨੇਕੀਆਂ, ਕਰਨੀਆਂ, ਪੁੰਨਾਂ ਨਾਲ ਜੀਵ ਦਰਗਾਹੇ ਜਾਕੇ ਛੁਟ ਜਾਏਗਾ ਤੇ ਸੁਧੀਆਂ ਨੇਕੀਆਂ ਹੋ ਬੀ ਆਉਂਦੀਆਂ ਹਨ?' ਤਾਂ ਗੁਰੂ ਬਾਬੇ ਆਖਿਆ:-

ਸ਼ੇਖ! ਸਿਰ ਨੇਕੀਆਂ ਦੀ ਨੇਕੀ ਨਾਮ ਹੈ, ਨਾਮ ਕਿਸ ਟਕਸਾਲ ਵਿਚ ਘੜੀਦਾ ਹੈ, ਉਹ ਟਕਸਾਲ ਗੁਣਾਂ ਦੀ, ਵਸਫਾਂ ਦੀ ਹੈ। ਗੁਣ ਤਾਂ ਸਾਰੇ ਸਾਂਈਂ ਵਿਚ ਹਨ, ਬੰਦਾ ਔਗੁਣੀ ਭਰਪੂਰ ਹੈ; ਹਾਂ, ਗੁਣ ਉਸਦੇ ਹਨ, ਉਸ ਦੇ ਹਨ। ਇਉਂ ਕਹਿੰਦੇ ਤਾਰ ਉੱਪਰ ਨੂੰ ਬੱਝ ਗਈ ਤੇ ਬੋਲੇ:-

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਸਭਿ ਗੁਣ ਤੇਰੇ ਮੈ ਨਾਹੀ ਕੋਇ॥

ਫੇਰ ਸ਼ੇਖ ਵੱਲ ਤੱਕੇ "ਸ਼ੇਖ ਸਾਰੇ ਗੁਣ ਉਸ ਦੇ ਹਨ, ਪਰ ਬਿਨ੍ਹਾਂ ਗੁਣਾਂ ਦੇ ਭਗਤੀ ਹੋ ਨਹੀਂ ਸਕਦੀ। ਗੁਣ ਧਾਰਨੇ ਬੀ ਕਠਨ ਹਨ, ਪਰ ਨਾਮ ਦੀ ਘਾੜਤ ਗੁਣਾਂ ਦੀ ਟਕਸਾਲ ਵਿਚ ਹੁੰਦੀ ਹੈ। ਸ਼ੁਭ ਗੁਣਾਂ ਨੂੰ ਰੋਜ਼ਾ, ਨਿਮਾਜ਼, ਪਾਠ, ਪੂਜਾ ਬਣਾਓ, ਸ਼ੁਭ ਗੁਣਾਂ ਦੀ ਧਾਰਨਾ ਧਾਰਦੇ ਹੋਏ ਨਾਮ ਦੀ ਰੰਗਣ ਵਿਚ ਆਓ। ਹੋਰ ਨਿਮਾਜ਼ਾਂ, ਰੋਜ਼ੇ ਆਦਿਕ ਬਥੇਰੇ ਕੂੜਿਆਰਾਂ ਨੇ ਧਾਰਨ ਕੀਤੇ ਹੋਏ ਹਨ, ਜੋ ਸ਼ਰਾ ਦਾ ਹੁਕਮ ਮੰਨਦੇ ਹੋਏ ਜ਼ੋਰ, ਜ਼ੁਲਮ, ਧੱਕੇ, ਹੱਕ ਮਾਰਨੇ ਫਰੇਬ ਕਰਨੇ ਆਦਿ ਕੰਮਾਂ ਵਿਚ ਲਗੇ ਰਤਾ ਸ਼ਰਮ ਨਹੀਂ ਕਰਦੇ। "

ਸ਼ੇਖ-ਸੱਚ ਆਖਿਆ ਨੇ, ਨਾਮ ਦੀ ਘਾੜਤ ਲਈ ਸ਼ੁਭ ਗੁਣਾਂ ਦੀ ਡਾਢੀ ਲੋੜ ਹੈ। ਤੁਸਾਂ ਫੁਰਮਾਇਆ ਸੀ ਇਕੋ ਇਕ, ਤਾਕੋ ਤਾਕ ਹੈ, ਦੁਇ ਨਹੀਂ, ਓਹਾ ਗਲ ਮੁੜ ਛੇੜਦਾ ਹਾਂ, ਨਾਮ ਦੁਇ ਨਹੀਂ, ਕੀ ਇਕੋ ਨਾਮ ਹੈ?

ਗੁਰੂ ਜੀ-ਨਾਮ ਤਾਂ ਮਾਲਕ ਦੇ ਅਨੇਕਾਂ ਹਨ ਸ਼ੇਖ ਜੀ! ਪਰ ਹਰੇਕ ਨਾਮ ਉਸੇ 'ਇਕ' ਦਾ ਲਖਾਇਕ ਹੈ; ਜੋ ਮੈਂ ਗਲ ਆਖੀ ਸੀ ਕਿ ਉਸ ਤਾਰਨਹਾਰ ਦਾ ਨਾਮ ਇਕੋ ਹੈ। ਉਸ ਦੇ ਸਿਮਰਨ ਵਿਚ, ਉਸ ਦੇ ਧਿਆਨ ਵਿਚ, ਉਸ ਦੇ ਪਿਆਰ ਵਿਚ ਉਸੇ ਦਾ ਨਾਮ ਚਾਨਣਾ ਹੈ, ਦੂਏ ਦਾ ਨਾਮ ਉਸ ਦੇ ਤੁੱਲ ਦਾ ਹੈ ਨਹੀਂ।

ਮਿੱਠਾ-ਸਾਂਈਂ ਜੀਵੇ! ਏਹਾ ਤਾਂ ਮੇਰੀ ਪੀੜਾ ਹੈ, ਨਬੀ ਰਸੂਲ ਰੱਬਦਾ ਯਾਰ, ਦੋਹਾਂ ਦਾ ਨਾਮ ਮੇਰਾ ਈਮਾਨ ਹੈ, 'ਲਾਇਲਾ ਇਲਿੱਲਾਹੁ ਮੁਹੰਮਦ ਰਸੂਲ ਅੱਲਾ' ਇਹ ਮੇਰਾ ਨਾਮ ਹੈ ਜੋ ਮੈਂ ਜਪਿਆ ਹੈ।

ਗੁਰੂ ਜੀ-ਜਿਵੇਂ ਤੇਰਾ ਚਿੱਤ ਕੀਤਾ ਤੂੰ ਕੀਤਾ ਹੈ, ਪਰ ਇਹ ਤਾਂ ਤੁਸਾਂ ਦਾ ਕਲਮਾਂ ਹੈ, ਇਕ ਫਿਕਰਾ ਹੈ, ਨਾਮ ਤਾਂ ਇਕ ਲਫਜ਼ ਹੁੰਦਾ ਹੈ। ਉਹ ਨਾਮ ਇਕ ਰੱਬ ਦਾ-ਅਲਾ ਦਾ-ਹੈ, ਤੁਸੀਂ ਇਕ ਪਾਸੇ ਤਾਂ ਮਵਾਹਿਦ ਹੋਣ ਦੇ ਗੁਮਾਨ ਵਿਚ ਹੋ ਤੇ ਦੂਸਰਿਆਂ ਤੋਂ ਨਫਰਤ ਕਰਦੇ ਹੋ, ਉਹਨਾਂ ਨੂੰ ਕਾਫਰ ਸੱਦਦੇ ਹੋ, ਆਪੇ ਫਿਰ ਇਕ ਦੇ ਨਾਲ ਦੂਸਰਾ ਰਲਾਉਂਦੇ ਹੋ। ਦੁਹੁੰ ਦੇ ਉਪਾਸਕ ਬਣਕੇ ਫੇਰ ਦੂਸਰਿਆਂ ਨੂੰ ਮਾੜਾ ਕਿਉਂ ਕਹਿੰਦੇ ਹੋ? ਜਿਹਾ ਤੁਸਾਂ ਏਕੇ ਵਿਚ ਦੂਏ ਦੀ ਘੁੰਡੀ ਪਾਈ, ਤੇਹੀ ਕਿਸੇ ਤ੍ਰੈਆਂ ਦੀ ਮਰੋੜੀ ਪਾ ਦਿਤੀ, ਤੇਹੀ ਕਿਸੇ ਹੋਰਸ ਨੇ ਚੱਵ੍ਹੀਆਂ ਦੀ ਕਿ ਤੇਤੀਆਂ ਦੀ ਕਿ ਤੇਤੀ ਕ੍ਰੋੜ ਦੀ ਸੰਗਲੀ ਪ੍ਰੋ ਘੱਤੀ, ਵਾਹਦਾਨੀਯਤ,

---

[1] ਵਾਹਿਗੁਰੂ ਦਾ ਜਸ।

[2] ਜਨਮ ਸਾਖੀ ਏਥੇ "ਅਲਹ ਅਗਮ ਖੁਦਾਈ ਬੰਦੇ" ਮਾਰੂ ਦਾ ਸ਼ਬਦ ਦਿਤਾ ਹੈ, ਪਰ ਇਹ ਸ਼ਬਦ ਮਹਲੇ ਪੰਜਵੇਂ ਦਾ ਹੈ, ਕਿਸੇ ਲਿਖਾਰੀ ਦੀ ਭੁੱਲ ਨਾਲ ਇਥੇ ਇਹ ਸ਼ਬਦ ਦਿਤਾ ਗਿਆ ਹੈ, ਜਾਂ ਕਰਤਾ ਦੀ ਉਕਾਈ ਹੈ। ਗੁਰੂ ਨਾਨਕ ਦੇਵ ਜੀ ਦਾ ਰਚਿਆ ਮਹਾਂ ਵਾਕ ਇਸ ਵਿਸ਼ੇ ਤੇ ਇਹੋ ਹੈ ਜੋ ਉੱਪਰ ਦਿਤਾ ਗਿਆ ਹੈ। ਮਿੱਠੇ ਨਾਲ ਪਹਿਲੀ ਗੱਲ ਬਾਤ ਵਿਚ ਬੀ ਗੁਰੂ ਜੀ ਨੇ "ਨੀਅਤ ਰਾਸ ਕਰ" ਆਖਿਆ ਹੈ ਤੇ ਇਸ ਸ਼ਲੋਕ ਵਿਚ ਬੀ ਚਉਥੀ ਨਿਮਾਜ਼-ਨੀਅਤਿ ਰਾਸਿ ਮਨ-ਆਖਿਆ ਹੈ, ਇਸ ਤੋਂ ਭੀ ਪਤਾ ਚਲਦਾ ਹੈ ਕਿ ਇਹੋ ਸਲੋਕ ਸੁਣਾਕੇ ਸਤਿਗੁਰਾਂ ਸਚੇ ਜੀਵਨ ਦਾ ਉਪਦੇਸ਼ ਦਿਤਾ ਹੈਸੀ।

ਏਕੰਕਾਰਤਾ ਤਾਂ ਕਿਸੇ ਪਾਸ ਨਾ ਰਹੀ। ਸ਼ੇਖ ਜੀ! ਪਹਿਲੇ ਇਕ ਨਿਰੰਕਾਰ ਦੇ ਬਣੋ, ਇਕ ਦੀ ਉਪਾਸਨਾ ਸਿੱਖੋ, ਇਕ ਦੇ ਕਾਇਲ ਹੋਵੋ, ਕੇਵਲ ਇਕ ਦੇ ਫੇਰ ਆਖੋ:-ਅਸੀਂ ਹਾਂ ਮਵਾਹਿਦ।

ਸ਼ੇਖ-ਪਰ ਅਸੀਂ ਉਸ ਨੂੰ ਅੱਲਾ ਤਾਂ ਨਹੀਂ ਕਹਿੰਦੇ।

ਗੁਰੂ ਜੀ-ਜਿਨ੍ਹਾਂ ਨੂੰ ਟਿਚਕਰਾਂ ਕਰਦੇ ਹੋ ਓਹ ਬੀ ਕਹਿ ਸਕਦੇ ਹਨ ਕਿ ਅਸੀਂ ਇਕ ਨੂੰ ਅੱਲਾ ਕਹਿੰਦੇ ਹਾਂ, ਬਾਕੀ ਦਿਆਂ ਨੂੰ ਉਸ ਦੇ ਪਰਛਾਵੇਂ, ਅੰਸ਼ ਜਾਂ ਭਗਤ, ਯਾ ਅੰਗ ਕਹਿੰਦੇ ਹਾਂ, ਜਿਵੇਂ ਸੂਰਜ ਇਕ ਹੈ; ਪਰ ਉਸ ਤੋਂ ਹੋਈਆਂ ਰੁਤਾਂ ਅਨੇਕ ਹਨ, ਰੁਤਾਂ ਨੂੰ ਅਸੀਂ ਸੂਰਜ ਨਹੀਂ ਕਹਿੰਦੇ ... ਫੇਰ?

ਮਿੱਠਾ (ਸੋਚੀਂ ਪੈਕੇ)-ਫੇਰ ਕਹਿਣ ਦੀ ਗਲ ਹੈ ਨਾਂ, ਅਸੀਂ ਤਾਂ ਮੰਨਦੇ ਹਾਂ।

ਗੁਰੂ ਜੀ-ਤੁਸੀਂ ਤੇ ਉਹ ਸੱਭੇ ਕਹਿੰਦੇ ਹੀ ਹੋ, ਕਰਦਾ ਕੌਣ ਹੈ? ਜੇ ਕਦੇ ਇਕ ਨੂੰ ਮੰਨੋਂ ਤਾਂ ਕਦੇ ਉਸ ਨੂੰ ਸਿਆਣੋ ਬੀ, ਜੇ ਸਿਆਣ ਲਓ ਤਾਂ ਸਭ ਨੂੰ ਪਿਆਰ ਕਰੋ! ਨਫ਼ਰਤ ਕਿਸੇ ਤੋਂ ਨਾ ਕਰੋ, ਬੇਸਮਝਾਂ ਤੇ ਤਰਸ ਖਾਓ, ਜਿਨ੍ਹਾਂ ਨੂੰ ਕਾਫ਼ਰ, ਮੁਸ਼ਰਿਕ; ਮੁਲਹਿਦ ਕਹਿਕੇ ਮਾਰਦੇ ਹੋ, ਉਨ੍ਹਾਂ ਨੂੰ ਰੋਗੀ ਸਮਝ ਕੇ ਰਹਿਮਤ ਦੇ ਘਰ ਆਕੇ ਦਵਾ ਦਾਰੂ ਦਿਓ, ਕਿਉਂ ਜੋ ਸਾਰੇ ਉਸ ਇਕੋ ਦੇ ਰਚੇ ਹੋਏ ਹਨ। ਸ਼ੇਖ ਜੀ! ਰੱਬ ਦਾ ਹੋਣਾ ਕੀਹ ਤੇ ਨਫਰਤ ਕੀਹ? ਰੱਬ ਜੇ ਇਕ ਦਾਇਰਾ ਹੈ ਤਾਂ ਪ੍ਰੇਮ ਉਸਦਾ ਮਰਕਜ਼ ਹੈ (ਕੇਂਦ੍ਰ ਹੈ) ਤੇ ਨਫਰਤ ਬੀ ਇਕ ਕੇਂਦਰ ਹੈ ਤਾਂ ਜੋ ਦਾਇਰਾ ਉਸਦੇ ਉਦਾਲੇ ਬਣਦਾ ਹੈ, ਉਹਦਾ ਨਾਉਂ ਧਰਾਂਗੇ-ਸ਼ੈਤਾਨ। "ਨਾਨਕ ਆਖੈ ਰਾਹੁ ਏਹੁ ਹੋਰਿ ਗਲਾ ਸੈਤਾਨ॥"

ਪਰ ਸ਼ੇਖ ਜੀ! ਤੁਸਾਡੇ ਬੀ ਵੱਸ ਨਹੀਂ, ਜਨਮ ਤੋਂ ਗੁੜਤੀ ਸ਼ਰ੍ਹਾ ਦੀ ਮਿਲਦੀ ਹੈ, ਉਹ ਵੀ ਤਅੱਸਬ ਵਾਲਿਆਂ ਤੋਂ ; ਨਿਰਪੱਖ ਹੋਕੇ ਇਕ ਨਾਮ ਦੀ ਆਸ਼ਕੀ ਪ੍ਰਾਪਤ ਨਹੀਂ ਹੁੰਦੀ, ਨਾਮ ਹੈ ਜੋ ਸਾਰੀਆਂ ਮਨ ਦੀਆਂ ਮੈਲਾਂ ਕੱਟਦਾ ਹੈ, ਨਾਮ ਹੈ ਜੋ ਦੂਈ ਦੇ ਦਾਗ਼ ਅੰਦਰੋਂ ਧੋਂਦਾ ਹੈ, ਨਾਮ ਹੈ ਜੋ-ਇਕ-ਵਾਹਿਦ-ਤਾਕੋ ਤਾਕ ਵੱਲ ਜਾਂਦਾ ਹੈ। ਨਾਮ ਹੈ ਜੋ ਨਿਰੰਕਾਰ ਦੇ ਦੇਸ਼ ਅਪੜਾਉਂਦਾ ਹੈ। ਉਸ ਇਕ ਨਾਮ ਦੀ ਆਸ਼ਕੀ ਨਹੀਂ ਲੱਭਦੀ, ਉਸ ਵਿਚ ਰਲੇ ਤੇ ਰੌਲੇ ਪੈਂਦੇ ਹਨ। ਕੌਮੀਅਤ ਤੇ ਰਾਜ ਦੀਆਂ ਲੋੜਾਂ ਅੱਗੇ ਉਸ ਨਾਮ ਦੀ ਸੱਚੀ ਯਾਰੀ ਦੀ ਸੁਦਾਗਰੀ ਤੇ ਵਟਾਦਰੇ ਹੁੰਦੇ ਹਨ, ਇਸੇ ਕਰਕੇ ਹਿੰਦ ਵਿਚ ਕਿਤਾਬ ਵਾਲੇ, ਅੱਲਾ ਵਾਲੇ ਕਹਿਲਾਉਣ ਵਾਲੇ ਰਾਜ ਕਰਦੇ ਹੋਏ ਜ਼ੁਲਮ, ਨਫਰਤ, ਪੀੜਾ ਦਾ ਪ੍ਰਚਾਰ ਕਰ ਰਹੇ ਹਨ,। ਜੇ ਤੁਸੀਂ ਇਕ ਅੱਲਾ ਦੇ ਨਾਮ ਦੇ ਆਸ਼ਕ ਹੁੰਦੇ, ਉਸ ਅੱਲਾ ਦੀ ਸਿਆਣ ਤੁਹਾਨੂੰ ਪ੍ਰਾਪਤ ਹੁੰਦੀ ਤਾਂ ਤੁਸਾਡਾ ਅਮਲ ਮਿਹਰ ਤੇ ਮੁਹਬਤ ਹੁੰਦਾ ਤੇ ਹਿੰਦੁਸਤਾਨ ਨਰਕ ਨਾ ਬਣ ਜਾਂਦਾ, ਹਰ ਬੰਦਾ ਈਮਾਨਦਾਰ ਹੋ ਜਾਂਦਾ। ਸ਼ੇਖ ਜੀ। ਜ਼ੋਰ, ਧੱਕੇ ਦਾ ਨਾਮ ਨਾ ਇਸਲਾਮ ਧਰੋ ਤੇ ਸਮਝ ਕਰੋ ਕਿ ਦੀਨ ਤੇ ਧਰਮ ਨਾਮ ਹੈ ਪਿਆਰ ਦਾ ਤੇ ਪਿਆਰ ਆ ਨਹੀਂ ਸਕਦਾ ਜਦ ਤੱਕ ਇਕ ਨਾਮ ਦੇ ਪਿਆਰੇ ਨਾ ਹੋਵੋ।

ਤਾਂ ਸ਼ੇਖ ਆਖਿਆ:-ਜੀ! ਤੁਸੀਂ ਜੋ ਇਕ ਨਾਂਵੇਂ (ਨਾਮ) ਦੀ ਸਿਫਤ ਕੀਤੀ, ਸੋ ਹਿਕ ਨਾਮ ਕੈਸਾ ਹੈ?[1] ਮੈਨੂੰ ਖੋਹਲ ਕੇ ਸਮਝਾਓ ਜੋ ਨਿਰਾ ਇੱਕਲਾ 'ਇਕੋ ਨਾਮ' ਕਿਉਂ ਵੱਡਾ ਹੈ?

ਗੁਰੂ ਨਾਨਕ-ਉਹ ਇਕ ਹੈ, ਉਸ ਦਾ ਨਾਮ ਇਕ ਹੈ। ਓਹ ਸਾਥੋਂ ਦੂਰ ਹੈ, ਪਰ ਨੇੜੇ ਬੀ ਹੈ। ਜਿਵੇਂ ਸੂਰਜ ਦੂਰ ਹੈ ਪਰ ਧੁੱਪ ਨੇੜੇ ਹੈ, ਉਹ ਸੂਰਜ ਹੈ, ਨਾਮ ਧੁੱਪ ਹੈ। ਉਹ ਜਲਾਲ ਹੈ, ਨਾਮ ਜਲਾਲ ਦਾਤਾ ਹੈ, ਉਹ ਨੂਰ ਦਾ ਚਸ਼ਮਾ ਹੈ, ਨਾਮ ਚਾਨਣ ਹੈ। ਪਰ 'ਸ਼ੇਖ ਮਿੱਠਾ! ਹਿਕ ਨਾਵੇਂ ਦੀ ਕੀਮਤ ਕਿਸ ਨਉਂ ਆਈ ਹੈ? ਹਿਕ ਨਾਮ ਦਾ ਪ੍ਰਤਾਪ ਉਸ ਜਾਤਾ ਹੈ ਜਿਸ ਕਮਾਤਾ ਹੈ। ਗੱਲਾਂ ਵਿਚ ਤਾਂ ਨਾਮ ਬੀ ਇਕ ਗੱਲ ਹੀ ਲੋਕਾਂ ਨੇ ਜਾਣ ਰੱਖੀ ਹੈ।

ਹੁਣ ਸ਼ੇਖ ਦਾ ਦਿਲ ਬਦਲ ਚੁਕਾ ਸੀ, ਗੁਰ ਨਾਨਕ ਜੀ ਉਸ ਨੂੰ ਗੱਲਾਂ ਤੇ ਦਿਮਾਗ਼ੀ ਸਮਝ ਦੇ ਮੰਡਲ ਤੋਂ ਪਰਤੱਖ ਦੇ ਮੰਡਲ ਵਲ ਲਿਜਾ ਰਹੇ ਸਨ ਤੇ ਉਹ ਜਾ ਰਿਹਾ ਸੀ। ਇਥੇ ਆਕੇ ਦਿਲ ਦੀ ਸਾਰੀ ਹਉਂ ਦੂਰ ਹੋਈ ਤੇ ਕਹਿਣ ਲਗਾ: ਹੇ ਦਾਤਾ! ਮਿਹਰਬਾਨ ਹੋ, ਆ ਮਿਹਰ ਦੇ ਘਰ ਤੇ ਦੱਸ ਤੇ ਦਿਖਾ ਉਹ ਕੀਮਤ ਜੋ ਤੇਰੇ ਦੱਸੇ ਹਿਕ

[1] ਪੁ: ਜ: ਸਾਖੀ ਸਫਾ ੯੬ (ਦੂਜੀ ਐਡੀਸ਼ਨ)

ਨਾਮ ਦੀ ਹੈ'॥"

ਜਦ ਸਤਿਗੁਰੂ ਮਿਹਰ ਦੇ ਘਰ ਆਇਆ ਸੇਖ ਮਿੱਠੇ ਦੀ ਬਾਂਹ ਫੜ ਲਈਓਸੁ ਤੇ ਗੋਸ਼ੇ ਲੈ ਗਿਆ, ਹਾਂ, ਗੋਸ਼ੇ ਲੈ ਗਿਆ, ਮਿਠੇ ਤੇ ਪਾਈ ਮਿਹਰ ਦੀ ਨਦਰ, ਤੱਕਿਆ ਤੱਕਣੀ ਦਾਤ ਬਖਸ਼ਣ ਦੀ ਤੇ ਬਖਸ਼ਿੰਦ ਹੋ ਬੋਲਿਆ:-"ਮਿੱਠਿਆ! ਸੁਣ, ਇਕ ਨਾਮ ਖੁਦਾਇ ਦਾ"! ਇਹ ਕਹਿ ਕੇ ਉਸ ਰੱਬੀ ਜੋਤ ਦੇ ਇਲਾਹੀ ਗਲੇ ਤੋਂ ਸਾਂਈਂ ਦਾ ਨਾਮ ਉਚਾਰ ਹੋਇਆ। ਛਾ ਗਿਆ ਰਹਿਮਤਾਂ ਦਾ ਬਦਲ ਤੇ ਮਿਹਰਾਂ ਦਾ ਨੂਰ! ਰੰਗ ਰੱਤੜੇ ਨੇ ਰੰਗ ਦੀ ਛਹਿਬਰ ਲਾ ਦਿਤੀ, ਰੰਗ ਦਾ ਮੀਂਹ ਵੱਸ ਪਿਆ ਚਾਰ ਚੁਫੇਰੇ। ਉਸ ਛਹਿਬਰ ਵਿਚ ਗੁਰੂ ਬਾਬੇ ਅਵਾਜ਼ਾ ਦਿਤਾ: 'ਸ਼ੇਖਾ! ਸੁਣਿਆਂ ਹਈ ਰੱਬ ਦਾ ਨਾਮ?' ਸ਼ੇਖ ਸੁਣ ਰਿਹਾ ਸੀ ਤੇ ਗੁਰੂ ਬਾਬਾ 'ਇਕ ਨਾਮ' ਉਚਾਰ ਰਿਹਾ ਸੀ; ਤਾਂ ਸ਼ੇਖ ਮਿੱਠੇ ਕੀ ਡਿਠਾ ਕਿ ਉਸ ਦੇ ਨੈਣਾਂ ਦੇ ਸਾਹਮਣੇ 'ਅੱਲਾ' ਤਾਂ ਰਹਿ ਗਿਆ ਹੈ, ਪਰ ਦੂਸਰਾ ਰਸੂਲ ਦਾ ਨਾਮ ਗੁੰਮ ਹੋ ਗਿਆ ਹੈ। ਸ਼ੇਖ ਹੈਰਾਨ ਹੋ ਰਿਹਾ ਸੀ ਕਿ ਅੱਗੇ ਤਾਂ ਨਾਮ ਇਕ ਜੀਭ ਦਾ ਉਚਾਰਣ ਮਾਤ੍ਰ ਸੀ ਤੇ ਹੁਣ ਨਾਮ ਇਕ ਵਸਤੂ ਦਿਸ ਰਿਹਾ ਹੈ, ਇਕ ਵਜੂਦ ਹੈ, ਸੱਤਜਤਾ ਹੈ, ਹਾਂ, ਸੱਤਜਾ ਤੇ ਸਮਰੱਥਾ ਹੈ ਜੋ ਪਰਤੱਖ ਵਪਰੀਂਦੀ ਜਾਂਦੀ ਹੈ, ਇਸ ਵੇਲੇ ਇਕ ਨਾਮ ਇਕੋ ਇਕ ਦੀਹਦਾ ਹੈ, ਦੂਸਰਾ ਗੁੰਮ ਹੁੰਦਾ ਹੁੰਦਾ ਗੁੰਮ ਹੋ ਗਿਆ ਹੈ। ਹੈਰਾਨ ਹੋ, ਵਿਸਮਾਦ ਹੋ ਸ਼ੇਖ ਦੇਖਦਾ ਹੈ ਤਾਂ ਉਹ ਦੂਸਰਾ ਨਾਮ, ਜੋ ਉਹ ਲੈਂਦਾ ਹੁੰਦਾ ਸੀ, ਇਕ ਮੁੱਠੀ ਭਸਮ ਕੀ ਹੈ[੧]।

ਇਸ ਵਿਸਮਾਦ ਵਿਚ ਸੀ ਮਿੱਠਾ ਕਿ ਅਰਸ਼ਾਂ ਤੋਂ ਆਵਾਜ਼ ਆਈ: 'ਅੱਲਾ' ਤਾਂ ਮਿਠੇ ਨੂੰ ਸੱਚ ਮੁੱਚ ਦਿਸਿਆ ਕਿ ਇਕ ਹੈ ਰਬ ਤੇ ਉਸ ਦਾ ਨਾਮ ਹੀ ਇਕ ਨਾਮ ਹੈ, ਜੋ ਹੈ-ਸੱਤਿ ਸੱਤਜਤਾ, ਅਸਲੀਅਤ, ਸ਼ਕਤੀ-ਤਾਰਨਹਾਰ ਹੈ। ਇਹ ਦੇਖ 'ਉੱਠੀ ਖੜਾ ਹੋਇਆ ਤਬ ਸ਼ੇਖ ਮਿੱਠੇ ਆਇ ਪੈਰ ਚੁੰਮੇ[੧]'।

ਤਦ ਗੁਰੂ ਜੀ, ਜੋ ਵਿਸਮਾਦ ਦੇ ਡੂੰਘੇ ਰੰਗ ਵਿਚ ਲਹਿ ਲਹਿ ਕਰ ਰਹੇ ਸਨ, ਬੋਲੇ:-ਸ਼ੇਖ! ਹਜ਼ੂਰੀ ਵਿਚ ਵੱਸ, ਜੋ ਸਦਾ ਹਜ਼ੂਰੀ ਵਿਚ ਵੱਸਦੇ ਹਨ ਓਹ ਸਦਾ ਸਾਂਈਂ ਦੇ ਦਰ ਹਾਜ਼ਰ ਰਹਿੰਦੇ ਹਨ ਉਹਨਾਂ ਹੀ ਤੇ ਮਿਹਰ ਹੁੰਦੀ ਹੈ। ਗ਼ੈਰ ਹਾਜ਼ਰਾਂ ਤੇ ਮਿਹਰ ਦਾ ਕਿਹੜਾ ਸਮਾਂ?

ਨਾਮ ਵਿਚ ਵੱਸਣਾ ਹਜ਼ੂਰੀ ਵਾਸ ਹੈ, ਉਸ ਦਾ ਨਾਮ ਉਸ ਦਾ ਨੂਰ ਹੈ, ਜੋ ਨੂਰ ਵਿਚ ਹੈ ਸੋ ਉਸ ਦੀ ਹਜ਼ੂਰੀ ਵਿਚ ਹੈ। ਹਨੇਰੇ ਬੈਠਾ ਗ਼ੈਰ ਹਾਜ਼ਰ ਹੈ ਸੂਰਜ ਤੋਂ, ਪਰ ਧੁੱਪੇ ਬੈਠਾ ਹਾਜ਼ਰ ਹੈ, ਹਜ਼ੂਰੀ ਵਿਚ ਹੈ।

ਹਜ਼ੂਰੀ ਵਿਚ ਵੱਸਦਾ ਈਮਾਨਦਾਰ ਹੈ, ਇਹ ਈਮਾਨ ਬੰਦੇ ਦਾ ਦੋਸਤ ਹੈ, ਇਸ ਤੋਂ ਘੁੱਥਾ ਈਮਾਨਦਾਰ ਨਹੀਂ।

ਪਰ ਸ਼ੇਖ! ਤਕੜਾ ਹੋ, ਗੁਣਾਂ ਦਾ ਵਾਂਸਲਾ ਗੁਣਾਂ ਦਾ ਨਾਪਾ ਆਪਣੇ ਪਾਸ ਰੱਖ, ਗੁਣਾਂ ਦੀ ਮਹਿਕ ਵਿਚ ਨਾਮ ਮੁਸ਼ਕਦਾ ਹੈ। ਔਗੁਣਾਂ ਤੋਂ ਦੂਰ ਰਹੁ, ਨਫਸ ਦੀਆਂ ਵਾਗਾਂ ਕੱਸਕੇ ਰੱਖ, ਗੁਮਾਨ ਨੂੰ ਤਾਬੇ ਰੱਖ, ਨਿੰਦਾ ਦੇ ਰਾਹ ਨਾ ਜਾਵੀਂ, ਝੂਠ ਨਾਲ ਜ਼ੁਬਾਨ ਆਸ਼ਨਾ ਨਾ ਕਰੀਂ, ਮੋਮ ਦਿਲ ਰਹੀਂ, ਸੰਗ-ਦਿਲ ਨਾ ਬਣੀਂ। ਹਿੰਦੂ ਕਾਫ਼ਰ ਹਨ, ਈਸਾਈ ਮੁਸ਼ਰਿਕ ਹਨ, ਨਾ-ਮੁਸਲਿਮ ਸਾਰੇ ਕਤਲ ਦੇ ਲਾਇਕ ਹਨ, ਏਹ ਕਾਣੀਆਂ ਨਜ਼ਰਾਂ ਦੁਰਕਾਰ ਦੇਹ। ਜੋ ਹਜ਼ੂਰੀ ਵਿਚ ਹੈ ਓਹ ਹਾਜ਼ਰ ਹੈ, ਜੋ ਹਾਜ਼ਰ ਹੈ ਸੋ ਸਾਂਈਂ ਦਾ ਹੈ, ਜੋ ਸਾਂਈ ਦਾ ਹੈ ਸੋ ਵੀਰ ਹੈਂ, ਭਰਾ ਹੈ, ਆਪਣਾ ਹੈ। ਤੂੰ ਮੁਸਲਮਾਨ ਹੈਂ, ਰਾਜਾ ਦੇਸ਼ ਦਾ ਮੁਸਲਮਾਨ ਹੈ, ਮੁਸਲਮਾਨ ਵਿਚ ਜ਼ੋਰ ਹੈ, ਜ਼ੋਰ ਜ਼ੁਲਮ ਬਣ ਰਿਹਾ ਹੈ। ਤੂੰ ਰਾਜਾ ਦਾ ਭਾਈ ਹੋਕੇ ਜ਼ੋਰ ਜ਼ੁਲਮ ਦਾ ਰਾਹ ਛੱਡਕੇ ਅਦਲ ਦਾ ਰਾਹ ਫੜਨਾਂ ਹੈ, ਭਰਾਵਾਂ ਨੂੰ ਅਦਲ ਸਿਖਾਲਣਾ, ਆਪ ਜਿਹਿਆਂ ਨਾਲ ਮੁਹੱਬਤ ਵਰਤਣੀ, ਆਪ ਤੋਂ ਨੀਵਿਆਂ ਨਾਲ ਮਿਹਰ ਵਰਤਣੀ ਹੈ। ਕਿਸੇ ਕਸਰ ਵਿਹ ਪੈਣਾ ਕਸਰ ਹੈ, ਇਕ ਨਾਮ ਦੇ ਉਪਾਸਕ ਹੋਣਾ ਇਹ ਕਸਰਾਂ ਨੂੰ

---

[੧] ਪੁਰਾਤਨ ਜਨਮ ਸਾਖੀ ਸਫਾ ੮੭ (ਦੂਜੀ ਐਡੀਸਨ)। ਮੈਕਾਲਫ ਸਫਾ ੧੨੮। ਜੇ ਸੂਫੀਆਂ ਦੀ ਬੋਲੀ ਵਿਚ ਇਸ ਦਸ਼ਾ ਦਾ ਟੀਕਾ ਕਰੀਏ ਤਾਂ ਸਤਿਗੁਰੂ ਜੀ ਸ਼ੇਖ ਨੂੰ ਫਨਾਫਿੱਲਾ ਤੇ ਬਕਾਬਿੱਲਾ ਵਿਚ ਲੈ ਜਾ ਰਹੇ ਸਨ।

[੧] ਪੁ: ਜ: ਸਾਖੀ ਪੰਨਾ ੮੭ (ਦੂਜੀ ਐਡੀਸ਼ਨ)।

ਕੱਢਦਾ ਹੈ। ਬੰਦਾ ਕੱਚਾ ਹੈ, ਭੁੱਲਾਂ ਦਾ ਘਰ ਹੈ, ਠੁਹਕਰਾਂ ਖਾਂਦਾ ਹੈ। ਇਕਾ ਟੇਕ ਨਾਮ ਦੀ ਲੈਕੇ ਟੁਰਦਿਆਂ ਕਸਰਾਂ ਨਿਕਲਦਿਆਂ ਤੇ ਭੁਲਾਂ ਬਖਸ਼ੀਂਦੀਆਂ ਹਨ। ਜੀਵਾ ਹੋ ਨਾਮ ਵਿਚ। ਜੋ ਨਾਮ ਤੋਂ ਬਾਹਰ ਹੈ ਸਭ ਮੁਰਦਾ ਹੈ, ਜੀਉਂਦਾ ਉਹ ਹੈ ਜਿਸ ਦੇ ਮਨ ਉਹ ਮਾਲਕ ਵੱਸਿਆ ਹੈ। ਹਾਂ, ਜਿਸ ਦੇ ਮਨ ਵੱਸਿਆ ਹੈ, ਉਹ ਜੀਉਂਦਾ ਹੈ ਸਾਂਈਂ ਨਾਲ, ਪਵੰਦ ਹੋਇਆ ਸਾਂਈਂ ਨਾਲ, ਜੁੜਿਆ ਉਸ ਦੇ ਜੀਵਨ ਨਾਲ[1]।

ਮਿੱਠਾ ਕ੍ਰਿਤਾਰਥ ਹੋਇਆ; ਗੁਰੂ ਬਾਬੇ ਨੇ ਕਸਰਾਂ ਕੱਢ ਦਿਤੀਆਂ। ਫਕੀਰ ਤੇ ਜ਼ੁਹਦੀ ਮਿੱਠਾ, ਜੋ ਇਕ ਤਅੱਸਬ ਦੀ ਕਸਰ ਕਰਕੇ, ਹਿੰਦੂ ਪਰਜਾ ਲਈ ਸੁਖਾਂ ਦਾ ਕਾਰਨ ਨਹੀਂ ਸੀ ਬਣ ਰਿਹਾ, ਸਗੋਂ ਆਪ ਨੂੰ ਬੀ ਮੈਲ ਲਾਈ ਜਾਂਦਾ ਸੀ ਤੇ ਹਠ ਤਪ ਕਰਦਾ ਹੋਇਆ ਸਹਿਜ ਦੇ ਘਰ ਵਿਚ ਨਹੀਂ ਸੀ ਆ ਰਹਾ, ਹੁਣ ਅਸਲੀਅਤ ਵੇਖਕੇ ਸਹਿਜ ਦੇ ਘਰ ਆਇਆ। ਸਹਜ ਦੇ ਘਰ ਸੱਚ ਵਸਦਾ ਹੈ; ਨਾਮ ਵਸਦਾ ਹੈ, ਉੱਚਾ ਸੱਚਾ ਇਖ਼ਲਾਕ ਵਸਦਾ ਹੈ। ਸੱਚ ਦੇ ਘਰ ਆਇਆ ਆਪ ਸੁਖੀ ਹੋ ਗਿਆ, ਜਗਤ ਲਈ ਸੁਖ ਦਾ ਇਕ ਦਾਤਾ ਬਣ ਗਿਆ ਤੇ ਲੋਕ ਸੁਖੀ ਪਰਲੋਕ ਸੁਹੇਲਾ ਹੋ ਗਿਆ!

ਹਾਂ, ਅੱਜ ਅਸੀਂ ਬੀ

ਗੁਰੂ ਬਾਬੇ ਦਾ-ਜਿਸ ਦੇ ਅਸੀਂ ਨਾਮ ਲੇਵਾ ਹਾਂ-ਮਤਲਬ ਸਮਝੀਏ, ਇਕ ਨਾਮ ਦੀ ਟੇਕ ਧਾਰੀਏ, ਹਜ਼ੂਰੀ ਵਿਚ ਵੱਸੀਏ, ਗੁਣਾਂ ਦੇ ਨਾਪੇ ਦੀ ਖ਼ੁਸ਼ਬੂ ਦੇ ਧਾਰਨੀ ਹੋਈਏ[2]! ਸਾਡੇ ਵਿਚੋਂ ਪ੍ਰੇਮ ਪ੍ਰਕਾਸ਼ ਪਾਵੇ ਤੇ ਪ੍ਰੇਮ ਦਾ ਨੂਰ ਝਰੇ। ਹਾਂ, ਅਸੀਂ ਬਣੀਏ ਉਸ ਸੁਹਣੇ ਸਤਿਗੁਰ ਨਾਨਕ ਦੇ ਸਪੂਤ।

ਸੂਚਨਾ-ਮੀਏਂ ਮਿੱਠੇ ਨੂੰ ਸਿੱਧੇ ਰਸਤੇ ਪਾ ਕੇ ਗੁਰੂ ਬਾਬਾ ਜੀ ਸ਼ਹੁ ਸੁਹਾਗਣ ਇਕ ਪਖੰਡੀ ਫ਼ਕੀਰ ਨੂੰ ਰਸਤੇ ਪਾਉਣ ਤੁਰ ਪਏ ਤੇ ਫੇਰ ਰਾਵੀ ਦੇ ਕੰਢੇ ਕੰਢੇ ਰਸਤੇ ਵਿਚ ਕਈ ਥਾਂ ਟਿਕਾਣੇ ਸੋਧਦੇ ਆਏ ਤੇ ਅੰਤ ਲਾਹੌਰ ਆ ਨਿਕਲੇ।

---

[1] ਇਸ ਵੇਲੇ ਦਾ ਉਪਦੇਸ਼ ਗੁਰੂ ਬਾਬੇ ਦੀ ਬਾਣੀ ਵਿਚ ਆਇਆ ਹੈ। ਪਰ ਜਨਮ ਸਾਖੀ ਵਾਲੇ ਨੇ ਜਿਨ੍ਹਾਂ ਆਪਣੇ ਕੀਤੇ ਲਫ਼ਜਾਂ ਵਿਚ ਇਸ ਨੂੰ ਲਿਖਿਆ ਹੈ ਸੋ ਇਸ ਪ੍ਰਕਾਰ ਹਨ। ਏਹ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਆਏ, ਇਸ ਕਰਕੇ ਗੁਰਬਾਣੀ ਦੇ ਲਫ਼ਜ਼ ਨਹੀਂ ਹਨ, ਚਾਹੇ ਭਾਵ ਕੁਛ ਮਿਲਦਾ ਹੋਵੇ :-

ਨਸੀਹਤ ਨਾਮਾ

ਹਾਜਰਾ ਕੋ ਮੇਹਰ ਹੈ. ਬੇ ਹਾਜਰਾ ਕੋ ਬੇ ਮੇਹਰ ਹੈ। ਈਮਾਨ ਦੋਸਤ ਹੈ, ਬੇਈਮਾਨ ਕਾਫਰ ਹੈ। ਤਿਕੱਬਰ ਕਹਿਰ ਹੈ, ਗੁੱਸਾ ਹਰਾਮ ਹੈ। ਨਫ਼ਸ਼ ਸ਼ੈਤਾਨ ਹੈ, ਗੁਮਾਨ ਕੁਫਰ ਹੈ। ਪਸਗੈਬਤ[3] ਕਾ ਮੁਹੁ ਕਾਲਾ ਹੈ। ਬੇਈਮਾਨ ਨਾਪਾਕ ਹੈ, ਮੋਮ ਦਿਲ ਪਾਕ ਹੈ। ਇਲਮ ਹਲੀਮੀ ਹੈ, ਬੇਹਿਰਸ ਅਉਲੀਆ ਹੈ, ਬੇਦਿਆਨਤ ਨਾ-ਸੁਰਖਰੂ ਹੈ। ਅਕ੍ਰਿਤਘਨ ਜ਼ਰਦਰੂ ਹੈ। ਸਚੁ ਭਿਸਤ ਹੈ, ਦਰੋਗ ਦੋਜਕੁ ਹੈ, ਹਲੀਮੀ ਬੇਹਿਰਸ ਅਓਲੀਆ ਹੈ। ਬੇਦਿਆਨਤ ਨਾ-ਸੁਰਖਰੂ ਹੈ। ਅਕ੍ਰਿਤਘਨ ਜ਼ਰਦਰੂ ਹੈ। ਸਚੁ ਭਿਸਤ ਹੈ, ਦਰੋਗ ਦੋਜਕ ਹੈ, ਹਲੀਮੀ ਹਲੂਫਾ ਹੈ, ਜ਼ੋਰ ਜੁਲਮ ਹੈ, ਇਨਸਾਫ ਮੁਸਾਫ ਹੈ। ਸਿਫਤ ਵਜ਼ੂ ਹੈ। ਬਾਂਗ ਬਲੇਕ ਹੈ, ਚੋਰੀ ਲਾਲਚ ਹੈ, ਯਾਰੀ ਪਲੀਤੀ ਹੈ, ਫਕੀਰੀ ਸਬੂਰੀ ਹੈ, ਨਾ-ਸਬੂਰੀ ਮਕਰ ਹੈ। ਰਾਹੁ ਪੀਰਾ ਹੈ। ਬੇ ਰਾਹੁ ਬੇ ਪੀਰਾ ਹੈ। ਦਿਆਨਤ ਦੋਸਤ ਹੈ। ਬੇ ਦਿਆਨਤ ਨਕਾਰ ਹੈ। ਤੇਗ ਮਰਦਾਂ ਹੈ। ਅਦਲ ਪਾਤਸ਼ਾਹ ਹੈ। ਇਤਨੇ ਟੋਲ ਜੋ ਜਾਣ ਜਣਾਵੈ ॥ ਤਉ ਨਾਨਕ ਦਾਨਸਵੰਦ ਕਹਾਵੈ ॥

[2] ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸ ਲਈਜੈ।

---

[3] ਕੰਡੂ ਪਿਛੇ ਚੁਗਲੀ ਮਾਰਨੀ, ਨਿੰਦਾ ਕਰਨੀ।

# ੪੯. ਸ਼ਹੁ ਸੁਹਾਗਣ[1]।

"ਚੰਦ ਅੱਜ ਆਕਾਸ਼ੀਂ ਆਸੀ ਸ਼ਹੁ ਮੇਰਾ ਘਰ ਆਸੀ।
"ਏਕਮ ਏਕ, ਦੋਇ ਤੋਂ ਏਕਾ ਇੱਕ ਮਿੱਕ ਹੋ ਜਾਸੀ"।
ਇੱਕ ਫਕੀਰ ਵਾਕ ਇਹ ਮੂੰਹੋਂ ਆਖਯਾ ਕਰਦਾ ਭਾਈ,
ਸਭ ਦੁਨੀਆ ਦੁਤੀਆ ਨੂੰ ਢੁੱਕੇ ਦੂਾਰੇ ਉਸ਼ ਦੇ ਆਈ।
ਮੇਲਾ ਲਗੇ ਸੰਘਣਾ ਭਾਰਾ ਢੋਲ ਢਮੱਕਾ ਹੋਵੇ,
ਜੋ ਆਵੇ ਬੰਦ ਬੂਹਜੋਂ ਮੱਥਾ ਟੇਕੇ ਬਾਰੁ ਖਲੋਵੇ।
ਰਹੇ ਫਕੀਰ ਅੰਦਰੇ ਵੜਿਆ ਬੂਹਾ ਮੂਲ ਨ ਖੁਹਲੇ,
ਬੁਰਕਾ ਪਾਇ ਅੰਦਰੇ ਬੈਠ ਮੂੰਹੋਂ ਕੁਝ ਨ ਬੋਲੇ।
ਸੇਜ ਫੁਲਾਂ ਦੀ ਵਿਛੀ ਸੁਹਾਵੇ ਵੱਲ ਪੁਆਂਦੀ ਬਹਿੰਦਾ,
ਬੁਰਕਾ ਪਾਇ ਰਾਤ ਇਹ ਸਾਰੀ ਇਵੇਂ ਜਾਗਦਾ ਰਹਿੰਦਾ।
ਦੁਨੀਆਂ ਜਾਣੇ ਸਚੀ ਮੁਚੀ ਹੀ ਸ਼ਹੁ ਇਸ ਦੇ ਘਰ ਆਵੇ,
ਸ਼ਹੁ ਆਏ ਦੇ ਪਰਦੇ ਕਾਰਨ ਬੂਹੇ ਏ ਨ ਖੁਲ੍ਹਾਵੇ।
ਲੋਕੀਂ ਬਾਹਿਰ ਹੋਣ ਇਕੱਠੇ ਚੜ੍ਹਤਾਂ ਦੇ ਦੇ ਜਾਵਣ,
ਮਨਤ, ਨਿਆਜ਼ਾਂ ਸੁਖਣਾਂ ਸਾਰੇ ਵਿਹੜੇ ਵਿੱਚ ਟਿਕਾਵਣ।
ਇਕ ਵੇਰ ਗੁਰ ਨਾਨਕ ਪਜਾਰੇ ਏਸ ਨਗਰ ਵਿਚ ਆਏ,
ਸੁਣਕੇ ਹਾਲ ਫਕਰ ਦੇ ਡੇਰੇ ਸੁਹਣੇ ਕਦਮ ਟਿਕਾਏ।
ਚੰਦ ਚੜ੍ਹਨ ਦਾ ਦਿਨ ਸੀ ਅੱਜੋ ਖ਼ਲਕਤ ਸੀ ਜੁੜ ਆਈ,
ਦਰ ਤੇ ਜਾਕੇ ਸੱਤਿਨਾਮ ਦੀ ਸਤਿਗੁਰ ਅਲਖ ਜਗਾਈ।
ਅੰਦਰ ਜਾਇ ਮੁਰੀਦ ਆਖਿਆ "ਕਾਮਲ ਹੈ ਕੋਈ ਆਇਆ,
"ਸੂਰਤ ਉਸ ਇਲਾਹੀ ਜਾਪੇ ਮਿਲਣ ਤੁਸਾਂ ਮਨ ਲਾਯਾ"।
ਸੁਣਕੇ ਸ਼ਹੁ ਸੋਹਾਗਣ, ਆਖੇ: "ਮੈਂ ਪੀਆ ਦੀ ਲਾੜੀ',
"ਕੰਤ ਆਵਣਾ, ਅੱਜ ਨ ਮਿਲਸਾਂ, ਬੂਹੇ ਰੱਖੋ ਤਾੜੀ"।
ਆਇ ਮੁਰੀਦ ਜੁਵਾਬ ਸੁਣਾਯਾ ਹਥ ਬੰਨ੍ਹ ਵਾਕ ਅਲਾਇਆ:
"ਨਹੀਂ ਮਿਲਣ ਦੀ ਆਗਯਾ ਮਿਲਦੀ, ਮੈਂ ਕਹਿਕੇ ਮੁੜ ਆਇਆ"।
ਦੇਖੋ ਕੌਤਕ ਗੁਰ ਨਾਨਕ ਦੇ ਆਪੇ ਟੁਰ ਟੁਰ ਆਵੇ,
ਜਿੱਥੇ ਗਿਆਂ ਆਦਰ ਮਿਲਦਾ ਓਥੇ ਭੀ ਪੁਜ ਜਾਵੇ।
ਦੇਖੋ ਭਾਗ ਫਕੀਰ ਪਖੰਡੀ ਦਰ ਆਯਾ 'ਸ਼ਹੁ' ਮੋੜੇ!
ਕਿਸ 'ਸ਼ਹੁ' ਖ਼ਾਤਰ ਅੰਦਰ ਲੁਕਦਾ ਕਰਦਾ ਐਡੇ ਤੋੜੇ?
ਗੁਰ ਨਾਨਕ 'ਨਿਰੰਕਾਰ' ਆਖਕੇ ਅੱਗੇ ਨੂੰ ਉਠ ਧਾਏ।
ਪਿੱਛੇ ਰੌਲਾ ਪਿਆ ਅਗੰਮੋਂ ਮੇਲੇ ਵਿਚ ਦੁਖ ਆਏ,
ਦਾਰੂ ਪੀ ਕੇ ਲੜ ਪਏ ਸ਼ੁਹਦੇ ਚੰਗੀ ਡਾਂਗ ਚਲਾਈ;
ਨਿੱਕੇ ਮੋਟੇ ਪਿਸਦੇ ਵਿੱਚੇ ਮਚ ਗਈ ਕਹਿਰ ਦੁਹਾਈ।

ਅਤਿ ਅਪਜਸ ਵਿਚ ਸ਼ਹਿਰ
ਫੈਲਿਆ ਸ਼ਰਧਾ ਸੱਭ ਨਸਾਈ;
ਖ਼ਲਕਤ ਕਹੇ: "ਪਖੰਡੀ ਏ ਹੈ
ਕਰਾਮਾਤ ਨਹਿੰ ਕਾਈ!
"ਏ ਸੋਹਾਗਣ ਨਾਹੀ ਲੋਕੋ!
ਕੰਤ ਨ ਇਸ ਦਰ ਆਵੇ,
"ਏਸ ਪਖੰਡ ਬਨਾਯਾ ਗੱਲੀਂ,
ਪਰਬਤ ਸਿਰ ਤੇ ਚਾਵੇ"।

... ... ... ...

ਚੰਦ ਦੂਜ ਦਾ ਫਿਰ ਆ ਚੜ੍ਹਿਆ
ਮੇਲਾ ਲਗਨ ਨ ਪਾਇਆ,
ਸਤਿਗੁਰ ਨਾਨਕ ਤਾਰਕ ਸੱਚਾ
ਉਸ ਨਗਰੀ ਮੁੜ ਆਇਆ।
ਡਿੱਠਾ ਖ੍ਵਾਰ ਫਕਰ ਹੈ ਹੋਯਾ
ਪਾਜ ਉਘੜ ਹਉਂ ਟੁੱਟੀ,
ਤਰਸ ਖਾਇ ਗੁਰ ਨਾਨਕ ਜੀ ਨੇ
ਬਾਣ ਆਪਣੀ ਠੱਟੀ।
ਮੰਗਤਾ ਇਸ ਦੇ ਦ੍ਵਾਰ ਪਿਆ ਸੀ
ਦੁਖੀ ਰਵਾਣਾ ਰੋਗੀ,
ਉਸ ਨੂੰ ਜਾਕੇ ਸਤਿਗੁਰ ਪਜਾਰੇ
ਗੱਲ ਕਹੀ ਸੁਖ ਜੋਗੀ:
"ਤੂੰ ਚਾਹੇਂ ਜੇ ਰਾਜੀ ਹੋਣਾ
'ਸ਼ਹੁ ਸੋਹਾਗਣ' ਆਖੀਂ।"
ਆਖਦਿਆਂ ਦੁਖ ਉਸ ਦਾ ਨੱਠਾ,
ਦੇਹ ਨਰੋਈ ਲਾਖੀ।
"ਸ਼ਹੁ ਸਹਾਗਣ ਧੰਨ" ਆਖਦਾ
ਕੂਕਾਂ ਦੇਂਦਾ ਭਾਈ,
ਸ਼ਹਿਰ ਵਿਚ ਉਸ ਰੌਲਾ
ਪਾਇਆ ਲੋਕਾਂ ਕੂਕ ਸੁਣਾਈ

[1] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ: ੪੪੬ (੧੯੧੫ ਈ:) ਨੂੰ ਖਾਲਸਾ ਸਮਾਚਾਰ ਦੇ ਸਿਰਲੇਖ ਹੇਠ ਪ੍ਰਕਾਸ਼ਿਆ ਸੀ। ਸ਼ਹੁ ਸੁਹਾਗਣ ਦੇ ਟਿਕਾਣੇ ਦਾ ਪਤਾ ਨਹੀਂ ਮਿਲਦਾ ਕਿ ਏਹ ਸਥਾਨ ਕਿੱਥੇ ਸੀ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਸ੍ਰੀ ਗੁਰੂ ਜੀ ਦੇ ਮੁਲਤਾਨ ਜਾਂਦਿਆਂ ਅੱਧੀ ਸਾਖੀ ਤੇ ਅੱਧੀ ਆਉਂਦਿਆਂ ਦਿੱਤੀ ਹੈ।

"ਦੁਖੀ ਰਵਾਨਾ ਰਾਜ਼ੀ ਹੋਇਆ" ਤਕ ਤਕ ਲੋਕੀਂ ਆਖਣ।
"ਸ਼ਹੁ ਸੋਹਾਗਣ ਸੱਚਾ ਹੋਵੇ, ਕੂੜ ਲੋਕ ਭਏ ਭਾਖਣ"।
ਮੁੜ ਸ਼ਰਧਾ, ਮੁੜ ਪਜਾਰ ਉਪੰਨਾਂ ਮੁੜ ਇੱਜ਼ਤ ਘਰ ਆਈ,
ਤਦ ਫਕੀਰ ਨੇ ਮੰਗਤੇ ਪਾਸੋਂ ਅਸਲੀ ਗੱਲ ਪੁਛਾਈ।
ਸੁਣਕੇ ਉਸ ਤੋਂ ਅਸਲ ਹਾਲ ਨੂੰ ਸਮਝ ਓਸ ਨੂੰ ਆਈ,
ਘਰ ਆਏ ਹੈਂਕੜ ਦੱਸੀ ਜਿਸ ਨੂੰ ਮੈਂ ਸੀ ਭਾਈ।
ਸਹਿਬ ਕਸ਼ਫ ਦਿਸੇਂਦਾ ਹੈ ਉਹ, ਮੁੜਕੇ ਹੈ ਉਹ ਆਯਾ,
ਹੁਣ ਢੈ ਚਰਨੀਂ ਅਦਬ ਓਸਦਾ, ਚਹੀਏ ਆਪ ਕਰਾਯਾ।
ਇਹ ਕੁਝ ਸੋਚ ਅਦਬ ਵਿਚ ਭਰਕੇ ਸ਼ਰਧਾ ਲੈਕੇ ਆਇਆ,
ਢਹਿ ਚਰਨੀਂ ਗੁਰ ਨਾਨਕ ਸੰਦੀ ਰੋ ਰੋ ਹਾਲ ਸੁਣਾਇਆ:
"ਮੈਂ ਪਾਖੰਡੀ ਤੇ ਅਤਿ ਲੋਭੀ ਬੇਅਦਬੀ ਜਿਨ ਕੀਤੀ,
'ਦ੍ਵਾਰੇ ਆਏ ਹੋੜ ਮੁੜਾਏ ਕੀਤੀ ਬੜੀ ਅਨੀਤੀ।
"ਮੇਰੀ ਲਾਜ ਤੁਸਾਂ ਨੇ ਰੱਖੀ, ਔਗੁਣ ਨਹੀਂ ਤਕਾਏ,
"ਫਿਰ ਆਏ ਫਿਰ ਦਾਯਾ ਕੀਤੀ ਸੁੱਕੇ ਹਰੇ ਕਰਾਏ।
"ਹੁਣ ਅਪਨਾਓ, ਦਾਸ ਬਣਾਓ, ਅਪਣੇ ਚਰਨੀਂ ਲਾਓ,
"ਕੱਢ ਝੂਠ ਤੋਂ ਸੱਚ ਦਾਨ ਕਰ ਅਪਣਾ ਲੜ ਪਕੜਾਓ॥"
ਤਦ ਸਤਿਗੁਰ ਨੇ ਸਤਿਨਾਮ ਦੀ ਛਹਿਬਰ ਓਥੇ ਲਾਈ,
ਭੁਲ ਫਕੀਰੀ ਓਸ ਫ਼ਕਰ ਦੀ ਖੋਲ੍ਹ ਖੋਲ੍ਹ ਦਰਸਾਈ:-
"ਨਾਮ ਜਪੋ, ਸਤਿਨਾਮ ਧਿਆਵੋ
ਲਿਵ ਲਾਵੋ ਪ੍ਰਭ ਨਾਲੇ,
"ਜੀਵਨ ਸੱਚ ਬਣਾਵੋ ਅਪਣਾ
ਆਵਣ ਦੰਮ ਸੁਖਾਲੇ।
"ਕਦੀ ਪਖੰਡ ਨਹੀਂ ਹੈ ਕਰਨਾ,
ਭੇਖ ਨ ਕਦੀ ਦਿਖਾਓ।
"ਸਤਿਨਾਮ ਦਾ ਜਾਪ ਜਪਾਓ,
ਏਹੋ ਦਰਸ਼ਨ ਪਾਓ।
"ਸੱਤਿਨਾਮ ਜਦ ਤਕ ਜਪ ਜੀਵੋ
ਕਲਾ ਰਹੇ ਤਦ ਤਾਂਈਂ,
ਜੇ ਇਹ ਛੱਡ ਕਰੋ ਕੁਝ ਹੋਰੇਂ
ਕਲਾ ਤਦੋਂ ਟੁਰ ਜਾਂਈ। "
ਤਦੋਂ ਹੋਸ਼ ਇਸ ਪਾਈ ਪੂਰੀ
ਨਾਮ ਜਪੇ ਸੁਖ ਪਾਵੇ,
"ਸ਼ਹੁ ਗੁਰ ਨਾਨਕ" ਆਖ ਆਖਕੇ
ਰਾਹ ਦੁਨੀਆਂ ਨੂੰ ਪਾਵੇ।
ਤੁਸੀਂ ਅੱਜ ਉਸ ਗੁਰੁ ਦੇ ਪਜਾਰੇ,
ਸਿੱਖ ਅਖਾਵੋ ਭਾਈ!
ਸਤਿਨਾਮ ਦੀ ਲਿਵ ਲਾ ਲੇਵੋ
ਜਨਮ ਮਰਨ ਮਿਟ ਜਾਈ।

ਸੂਚਨਾਂ-ਹੁਣ ਮੁੜ ਸਤਿਗੁਰ ਲਾਹੌਰ ਪਹੁੰਚੇ। ਹਾਂ, ਸਤਿਨਾਮ ਦਾ ਮੀਂਹ ਵਸਾਉਂਦੇ ਜਗਤ ਜਲੰਦੇ ਨੂੰ ਠੰਢਾਂ ਪਾਉਂਦੇ ਸਤਿਗੁਰੂ ਜੀ ਮੁੜ ਲਾਹੌਰ ਆ ਗਏ। ਲਾਹੌਰ ਦਾ ਇਕ ਮਹਾਨ ਕੌਤਕ ਅਗਲੇ ਪ੍ਰਸੰਗ ਵਿਚ ਹੈ।

## ੫੦. ਦੁਨੀ ਚੰਦ ਧੁੱਪੜ ਨਿਸਤਾਰਾ[੧]।

੧.

**ਕਬੂਲ ਚੰਦ**-ਲਾ ਜੀ, ਸੁਣੀ ਜੇ ਨਵੀਂ ਗੱਲ?

ਦੁਨੀ ਚੰਦ-ਨਹੀਂ ਜੀ! ਕੋਈ ਦਿਸੌਰ ਦੇ ਭਾ ਪੱਤੇ ਦੀ?

ਕਬੂਲ ਚੰਦ-ਨਹੀਂ ਜੀ! ਉਹ ਜੋ ਸੁਣਦੇ ਸਾਂ ਕਿ ਕੋਈ ਤਪਾ ਮੁਸ਼ਕਿਆ ਹੈ, ਲਾਹੌਰ ਆਇਆ ਹੋਇਆ ਜੇ!

ਦੁਨੀ ਚੰਦ-ਕਿਹੜਾ ਤਪਾ?

ਸੰਸਾਰ ਚੰਦ-ਹੱਛਾ, ਤੇ ਤੁਸਾਂ ਸੁਣਿਆ ਹੀ ਨਹੀਂ, ਨਾਉਂ ਤੱਕ ਬੀ?

ਦੁਨੀ ਚੰਦ-ਕੋਈ ਥਹੁ ਪਤਾ ਦਿਹੋ ਨਾ?

ਕਬੂਲ ਚੰਦ-ਨਾਉਂ ਲੋਕੀ ਕਹਿੰਦੇ ਹਨ-ਨਾਨਕ ਚੰਦ-ਉਨ੍ਹਾਂ ਦੇ ਮੇਲੀ ਦੱਸਦੇ ਹਨ-ਸ੍ਰੀ ਗੁਰੂ ਨਾਨਕ ਦੇਵ-।

ਨਾਉਂ ਸੁਣਕੇ ਦੁਨੀ ਚੰਦ ਦੇ ਇਕ ਝਰਨਾਟ

[੧] ਇਹ ਪ੍ਰਸੰਗ ਗੁਰਪੁਰਬ ਪੂੰਨਮ ਸੰ: ਗੁ: ਨਾ: ਸਾ: ੪੬੦ (੧੯੨੯ ਈ:) ਉਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਛਿੜਕੇ ਲੰਘ ਗਈ।

ਦੁਨੀ ਚੰਦ-ਹੱਛਾ...ਹਾਂ ਹਾਂ...ਠੀਕ ਹੈ, ਓਹ ਜਿਨ੍ਹਾਂ ਨੇ ਸਿਆਲਕੋਟ ਦੀ ਨਗਰੀ ਨੂੰ ਹਮਜ਼ਾ ਗੌਂਸ ਦੇ ਸਰਾਪ ਤੋਂ ਬਚਾਇਆ ਹੈ?

ਕਬੂਲ ਚੰਦ-ਹਾਂ ਪੁਤ੍ਰ ਜੀਵੇ ਨੇ, ਉਹੋ...।

ਸੰਸਾਰ ਚੰਦ-ਭਾਈਆ ਜੀ! ਕੋਈ ਭਗਵੰਤ ਨੇ ਨੇਤ ਫੇਰੀ ਹੈ ਜੋ ਸਾਡੇ ਹਿੰਦੂਆਂ ਵਿਚ ਬੀ ਕੋਈ ਆਇਆ ਹੈ, ਜੋ ਕਾਣ ਕਿਸੇ ਦੀ ਨਹੀਂ ਕੱਢਦਾ; ਡਰਦਾ ਕਿਸੇ ਤੋਂ ਨਹੀਂ, ਜਿਸ ਦਾ ਲੋਹਾ ਮੁਸਲਮਾਨ ਫਕੀਰ ਮੰਨਦੇ ਹਨ ਤੇ ਸ਼ਰ੍ਹਾ ਵਾਲੇ ਬੀ ਕਾਜ਼ੀ ਮੁਫਤੀ ਜਿਸ ਨੂੰ ਹੱਥ ਪਾਉਣੋਂ ਝਿਜਕ ਖਾਂਦੇ ਹਨ।

ਦਿਲਬਾਗ ਰਾਇ-ਹੈ ਤਾਂ ਠੀਕ, ਉਹ ਤਾਂ ਆਖਦੇ ਹਨ ਇਬਰਾਹੀਮ ਲੋਧੀ ਨੂੰ ਬੀ ਦਿੱਲੀ ਵਿਚ ਨਿਧੜਕ ਸੁਣਾ ਆਇਆ ਹੈ। ਆਖਦੇ ਹਨ: ਮਹਾਵਤਾਂ ਨੇ ਅਰਜ਼ ਕੀਤੀ ਸੀ ਕਿ ਸਾਡਾ ਹਾਥੀ ਮਰ ਗਿਆ ਹੈ, ਅਸੀਂ ਬੇਰੁਜ਼ਗਾਰ ਹੋਏ ਹਾਂ, ਸਾਡੇ ਤੇ ਮਿਹਰ ਕਰੋ। ਤਾਂ ਉਹਨਾਂ ਨੇ ਆਖਿਆ:-'ਜਾਇ ਕਰ ਇਸ ਦੇ ਮੁਹਿ ਉਪਰ ਹਥੁ ਫੇਰਹੁ, ਵਾਹਿਗੁਰੂ ਆਖਹੁ[1]'। ਤਤਕਾਲ ਐਸਾ ਕਰਨ ਨਾਲ ਹਾਥੀ ਉਠ ਖੜਾ ਹੋਇਆ। ਲਾ ਜੀ! ਸ਼ਕਤੀਵਾਨ ਹੈ, ਕਲਾਵਾਨ ਹੈ, ਕੱਣੀਂ ਰਖਦਾ ਹੈ ਕੋਈ, ਤਾਂਹੀਓ ਤਾਂ, ਕੀ ਰਾਜੇ, ਕੀ ਨਵਾਬ ਤੇ ਕੀ ਕਾਜ਼ੀ ਮੁੱਲਾਂ, ਪੀਰ ਫਕੀਰ ਸਾਰੇ ਲੋਹਾ ਮੰਨਦੇ ਹਨ ਨਾਂ?

ਦੁਨੀ ਚੰਦ-ਹਾਥੀ ਜੀਉ ਪਿਆ ਤਾਂ ਸਾਰੀ ਦਿੱਲੀ ਟੁੱਟਕੇ ਆਈ ਹੋਊ?

ਦਿਲਬਾਗ ਰਾਇ-ਹੋਰ ਕੀਹ? ਪਾਤਸ਼ਾਹ ਇਬਰਾਹੀਮ ਆਪ ਆਇਆ, ਦੀਦਾਰ ਕਰਕੇ ਨਿਹਾਲ ਹੋਇਆ ਤੇ ਪੁੱਛਣ ਲੱਗਾ: ਏ ਦਰਵੇਸ਼! ਇਹੁ ਹਾਥੀ ਤੁਸਾਂ ਜੀਵਾਇਆ ਹੈ?' ਤਬਿ ਬਾਬੇ ਆਖਿਆ: 'ਮਾਰਣ ਜੀਵਾਲਣ ਵਾਲਾ ਖੁਦਾਇ ਹੈ ਅਤੇ ਦੁਆਇ ਫਕੀਰਾਂ ਰਹਿਮ ਅਲਾਹ ਹੈ[2]'। ਇਸ ਪਰ ਪਾਤਸ਼ਾਹ ਨੇ ਆਖਿਆ ਕਿ ਜੇ ਫਕੀਰਾਂ ਦੀ ਦੁਆ ਤੇ ਰੱਬ ਮਿਹਰਵਾਨ ਹੋਕੇ ਆਖਾ ਮੰਨ ਜਾਂਦਾ ਹੈ ਤਾਂ ਤੁਸੀਂ ਆਖੋ ਤਾਂ ਇਹ ਹੁਣ ਖੜਾ ਖੜੋਤਾ ਮਰ ਜਾਏ। ਤਾਂ ਸ੍ਰੀ ਗੁਰੂ ਜੀ ਨੇ ਆਖਿਆ: 'ਮਾਰਨ ਜੀਵਾਲਣ ਵਾਲਾ ਸਾਂਈ ਆਪ ਹੈ, ਉਹ ਚਾਹੇ ਤਾਂ ਮਰਦਿਆਂ ਛਿੰਨ ਨਹੀਂ ਲੱਗਦਾ।' ਲਓ ਲਾ ਜੀ! ਆਖਣ ਦੀ ਡੇਰ ਸੀ ਕਿ ਹਾਥੀ ਪੱਟਕ ਜਾ ਪਿਆ ਤੇ ਸੈਆਂ ਵਰਿਹਾਂ ਦਾ ਹੋ ਗਿਆ।

ਪਾਤਸ਼ਾਹ ਹੈਰਾਨ ਰਹਿ ਗਿਆ, ਫਿਰ ਆਖਣ ਲੱਗਾ ਕਿ ਹੁਣ ਜਿਵਾਲ ਦਿਓ।

ਤਾਂ ਗੁਰੂ ਬਾਬੇ ਨੇ ਆਖਿਆ: ਹਜ਼ਰਤ! ਲੋਹਾ ਅੱਗ ਵਿਚ ਪੈਕੇ ਲਾਲ ਅੰਗਾਰਾ ਹੋ ਜਾਂਦਾ ਹੈ। ਉਹ ਲੋਹਾ ਰੱਤੀ ਭਰ ਜਿੰਨਾਂ ਚਿਰ ਹੱਥ ਉਤੇ ਟਿਕ ਨਹੀਂ ਸਕਦਾ, ਛੁਹਿਆ ਨਹੀਂ ਤੇ ਹੱਥ ਸੜਿਆ ਨਹੀਂ, ਪਰ ਜੇ ਕਦੀ ਅੱਗ ਦੇ ਅੰਗਾਰ ਛੇਤੀ ਨਾਲ ਚੁਕ ਕੇ ਸੱਟ ਦੇਵੋ ਤਾਂ ਤੁਸਾਂ ਡਿੱਠਾ ਹੋਊ ਹੱਥ ਨਹੀਂ ਸੜਦਾ। ਬਲਦੀ ਅੱਗ ਦੀ ਲਾਟ ਵਿਚੋਂ ਕੋਈ ਫੁਰਤੀ ਨਾਲ ਹੱਥ ਕੱਢ ਲਿਜਾਏ ਤਾਂ ਹੱਥ ਸੇਕੋਂ ਬਚ ਜਾਂਦਾ ਹੈ, ਪਰ ਲੋਹੇ ਲਾਲ ਹੋਏ ਨਾਲ ਛੁਹਣ ਦੀ ਕੋਈ ਫੁਰਤੀ ਹੱਥ ਨੂੰ ਸੇਕ ਲਗਣੋਂ ਨਹੀਂ ਬਚਾ ਸਕਦੀ, ਤਿਵੇਂ ਫਕੀਰ ਸਾਂਈਂ ਵਿਚ ਪੈਕੇ ਉਸ ਦੀ ਲਾਲੀ ਨਾਲ ਲਾਲ ਹੋਏ ਹਨ, 'ਤਿਉਂ ਖੁਦਾਇ ਦੀ ਸੱਟੀ ਉਹ ਉਠਾਇ ਲੈਇਨਿ, ਪਰ ਉਹਨਾਂ ਦੀ ਸੱਟੀ ਬੀ ਉੱਠਣੋਂ ਰਹੀ[1]।

ਪਾਤਸ਼ਾਹ ਨੇ ਕਿਹਾ:-ਸਾਂਈਂ ਲੋਕ ਜੀ! ਰੱਬ ਨਾਲ ਰੱਬ ਰੂਪ ਹੋ ਰਹੇ ਜੀ! ਤੁਸਾਂ ਦੀ ਰਮਜ਼ ਅਸਾਂ ਪਾਈ ਹੈ। ਸਾਂਈਂ ਆਪਣਿਆਂ ਪਿਆਰਿਆਂ ਦੇ ਪਿਆਰ ਦਾ ਸਦਕਾ, ਜੋ ਓਹ ਓਸਦੀ ਕੀਤੀ ਵਿਚ ਕਿਸੇ ਉੱਚ ਵਲਵਲੇ ਵਿਚ ਆਕੇ ਦਖਲ ਦੇਣ ਤਾਂ ਸਾਂਈਂ ਮੋੜਦਾ ਨਹੀਂ, ਉਸੇ ਪਿਆਰ ਦਾ ਸਦਕਾ ਅਪਣੇ ਪਿਆਰਿਆਂ ਦੀ ਕਿਸੇ ਉੱਚ ਭਾਵ ਵਿਚ ਕੀਤੀ ਗੱਲ ਨੂੰ ਰੱਦ ਬੀ ਨਹੀਂ ਕਰਦਾ। ਵਾਹ ਵਾਹ ਧੰਨ ਹੋ ਆਪ! ਕੁਛ ਮਿਹਰ ਕਰੋ, ਸਾਡੀ ਵੱਲੋਂ ਕੋਈ ਨਜ਼ਰ ਭੇਟ ਕਬੂਲ ਕਰੋ?

ਤਾਂ ਗੁਰੂ ਜੀ ਨੇ ਆਖਿਆ:-ਪਾਤਸ਼ਾਹ ! ਸਾਨੂੰ ਕਿਸੇ ਪਦਾਰਥ ਦੀ ਭੁੱਖ ਨਹੀਂ, ਜੋ ਭੁਖ ਕਿ ਪਾਤਸ਼ਾਹਾਂ ਤੱਕ ਨੂੰ ਸਤਾ ਰਹੀ ਹੈ ਸਾਡੀ ਉਸ ਤੋਂ ਬੇਪਰਵਾਹੀ ਹੈ। ਹਾਂ, ਇਕ ਭੁੱਖ ਅਸਾਂ ਨੂੰ ਬੀ ਹੈ, ਉਹ

---

[1] ਪੁ: ਜ: ਸਾਖੀ ਸਫਾ ੩੧ (ਦੂਜੀ ਐਡੀਸ਼ਨ)

[2] ਪੁ: ਜ: ਸਾਖੀ ਸਫਾ ੩੨ (ਦੂਜੀ ਐਡੀਸ਼ਨ)

[1] ਪੁ: ਜ: ਸਾਖੀ ਪੰਨਾ ੩੧।

ਭੁੱਖ ਖੁਦਾ ਦੀ ਹੈ; ਦਿਨ ਰਾਤ ਉਸਦੇ ਰੰਗ ਰੱਤੇ ਹਾਂ, ਉਸਦੇ ਆਧਾਰ ਜੀਉਂਦੇ ਹਾਂ, ਉਸੇ ਵਿਚ ਟੁਰਦੇ ਫਿਰਦੇ ਹਾਂ, ਉਸੇ ਦਾ ਨਾਮ ਸਾਡਾ ਖਾਵਣ ਪੀਵਣ ਹੈ, ਪਰ ਫੇਰ ਉਸਦੀ ਪਿਆਰੀ ਪਿਆਰੀ ਤੇ ਮਿੱਠੀ ਮਿੱਠੀ ਭੁੱਖ ਲਗੀ ਰਹਿੰਦੀ ਹੈ। ਇਹ ਭੁੱਖ ਜਗਤ ਦੀਆਂ ਭੁੱਖਾਂ ਤੋਂ ਨਿਰਭੁੱਖ ਕਰਦੀ ਹੈ ਤੇ ਸਾਂਈਂ ਦੇ ਦੀਦਾਰ ਦੀ ਸਿੱਕ ਵਿਚ ਰਸਦਾਤੀ ਕਰਿਆ ਰੱਖਦੀ ਹੈ [੧]।

ਇਹ ਬੇਪਰਵਾਹੀ ਤੇ ਇਹ ਸੱਤਜਾ ਤੇ ਇਹ ਨਿਧੜਕਤਾ ਦੇਖਕੇ ਪਾਤਸ਼ਾਹ ਸਿਰ ਨਿਵਾਕੇ, ਹਾਂ, ਸ਼ਰਈ ਪਾਤਸ਼ਾਹ ਹਿੰਦੂ ਅੱਗੇ ਨਿਉਂਕੇ ਟੁਰ ਗਿਆ।

ਸੰਸਾਰ ਚੰਦ-ਤੇ ਉਹ ਬੀ ਗੱਲ ਸੁਣੀ ਨੇ?

ਦੁਨੀ ਚੰਦ-ਕੇਹੜੀ?

ਸੰਸਾਰ ਚੰਦ-ਪਾਣੀਪਤ ਵਾਲੀ।

ਦੁਨੀ ਚੰਦ-ਨਹੀਂ, ਸੁਣਾਓ ਨਾ?

ਸੰਸਾਰ ਚੰਦ-ਤੁਹਾਨੂੰ ਪਤਾ ਹੋਸੀ ਕਿ ਖੁਵਾਜਾ ਕੁਤਬਦੀਨ ਦਿੱਲੀ ਵਾਲੇ ਫਕੀਰ ਦਾ ਚੇਲਾ ਅਬੂਅਲੀ ਕਲੰਦਰ-ਜਿਸ ਨੂੰ ਸ਼ਾਹ ਸ਼ਰਫ ਬੀ ਆਖਦੇ ਹਨ-ਦੁਨੀਆਂ ਵਿਚ ਫਿਰਦਾ, ਸ਼ਮਸ਼ ਤਬਰੇਜ਼ ਤੇ ਮੌਲਾਨਾ ਜਲਾਲਦੀਨ ਰੂਮੀ ਵਰਗਿਆਂ ਦੀਆਂ ਸੁਹਬਤਾਂ ਕਰ ਕਰਾ ਕੇ ਅਖੀਰ ਪਾਨੀਪਤ ਆ ਟਿਕਿਆ ਸੀ। ਉਸਦੇ ਤੀਸਰੇ ਥਾਵੇਂ ਚੇਲਾ ਹੈ ਅੱਜ ਕੱਲ ਓਥੇ। ਹੈ ਤਾਂ ਉਹ ਬੀ ਮੁਸਲਮਾਨ ਪਰ ਕਹਿੰਦੇ ਹਨ ਕਿ ਆਪਣੇ ਵਡੇਰੇ ਵਾਂਙੂ ਤਪੀ ਪੁਰਖ ਹੈ ਤੇ ਬੜਾ ਮੰਨਿਆ ਪ੍ਰਮੰਨਿਆਂ ਹੈ। ਉਸ ਨੂੰ ਬੀ ਲੋਕੀਂ ਸ਼ਾਹ ਸ਼ਰਫ਼ ਹੀ ਆਖਦੇ ਹਨ-ਤੀਜਾ ਸ਼ਾਹ ਸ਼ਰਫ਼। ਓਹ ਪੰਜਾਬੀ ਬੋਲੀ ਵਿਚ ਫ਼ਕੀਰੀ ਦੇ ਟੱਪੇ ਬੀ ਜੋੜਦਾ ਹੈ। ਉਹ ਮੁਸਲਮਾਨਾਂ ਵਿਚ ਇਕ ਪਰ੍ਹੇ ਦਾ ਆਲਮ ਤੇ ਚੋਟੀ ਦਾ ਇੱਜਤਵਾਲਾ ਹੈ। ਉਸ ਦਾ ਚੇਲਾ ਟਟੀਹਰੀ ਸ਼ੇਖ ਕਿਤੇ ਪਾਣੀ ਲੈਣ ਆਇਆ ਤਾਂ ਅੱਗੇ ਆਪ ਬੈਠੇ ਸਨ ਖੂਹੇ ਉਤੇ-ਗੁਰੂ ਨਾਨਕ ਜੀ। ਸ਼ੇਖ ਨੇ ਜਾਤਾ ਕੋਈ ਸੂਫੀ ਫਕੀਰ ਹੈ ਕਲੰਦਰੀ ਦੇ ਦਰਜੇ ਦਾ, ਸਲਾਮ ਚਾ ਆਖੀਓਸੁ: ਤਾਂ ਨਿਧੜਕ ਤੇ ਬੇਡਰ ਗੁਰੂ ਨਾਨਕ ਨੇ ਸਲਾਮ ਚਾ ਉਲਟਾਈ, ਰਤਾ ਭੈ ਨਾ ਕੀਤੋਸੁ ਕਿ ਮੁਸਲਮਾਨਾਂ ਦਾ ਰਾਜ ਹੈ, ਕਿਸੇ ਕਾਜ਼ੀ ਫਤਵਾ ਲਾ ਦਿਤਾ ਤਾਂ ਜਿੰਦੜੀ ਹੈ ਨਹੀਂ। ਹਾਂ, ਹਿੰਦੂ ਵਿਚਾਰੇ ਦੀ ਕੋਈ ਜਿੰਦ ਹੈ? ਹਿੰਦੂ ਦੀ ਜਿੰਦੜੀ ਹੈ ਚਿੜੀ ਜਨੌਰ ਵਰਗੀ। ਪਰ ਦੇਖੋ ਬੇ-ਖੌਫ ਹੋਕੇ ਗੁਰੂ ਆਖਣ ਲੱਗਾ: ਅਲੇਖ ਕੋ ਸਲਾਮ'।

ਦੁਨੀ ਚੰਦ-ਕੀ ਮਤਲਬ ਹੋਇਆ ?

ਸੰਸਾਰ ਚੰਦ-ਭਈ ਅਸੀਂ ਤੈਨੂੰ ਨਹੀ ਸਲਾਮ ਕਰਦੇ, ਸਾਡਾ ਸਲਾਮ ਹੈ ਉਸ ਪਰਮੇਸ਼ੁਰ ਨੂੰ ਜੋ ਕਿਸੇ ਲੇਖ ਵਿਚ ਨਹੀਂ, ਅਰਥਾਤ ਰੂਪ ਰੇਖ ਚਿਹਨ ਤੋਂ ਨਿਆਰੇ ਰੱਬ ਨੂੰ ਸਾਡੀ ਨਮਸਕਾਰ ਹੈ[੧]। ਸ਼ੇਖ਼ ਟਟੀਹਰੀ ਤਾਂ ਹੱਕਾ ਬੱਕਾ ਰਹ ਗਿਆ ! ਹੈਂ ਏਹ ਕੌਣ ਹੈ ਜੋ ਇਸਲਾਮ ਦੀ 'ਸਲਾਮ ਅਲੈਕਮ' ਨੂੰ ਭੰਨ ਮਰੋੜ ਸੁੱਟਦਾ ਹੈ। ਭੰਨਾ ਗਿਆ ਤੇ ਜਾ ਮੁਰਸ਼ਿਦ ਨੂੰ ਦੱਸਿਓਸੁ। ਉਸ ਜਾਤਾ ਕਿ ਮੁਸਲਮਾਨ ਤਾਂ ਕੋਈ ਸ਼ਰ੍ਹਾ ਦੀ ਸਲਾਮ ਨੂ ਭੰਨ ਮਰੋੜ ਸਕਦਾ ਨਹੀਂ, ਅਪਣੇ ਦੀਨ ਦੀ ਸ਼ਰਮ ਤੇ ਆਨ ਦੇ ਕਾਰਣ ਤੇ ਹਿੰਦੂ ਭੈ ਦਾ ਮਾਰਿਆ ਇਨੀ ਦਲੇਰੀ ਕਰ ਨਹੀਂ ਸਕਦਾ ;ਇਹ ਹੋਵੇ ਨਾ ਤਾਂ ਕੋਈ ਰੱਬ ਦਾ ਉੱਚਾ ਕੀਤਾ ਲੋਕ ਹੈ, ਚਲੋ ਦੀਦਾਰ ਦੇਖਾਂ। ਇਹ ਸੋਚ ਕੇ ਆਇਆ। ਆਕੇ ਲਗਾ ਸਵਾਲ ਜਵਾਬ ਕਰਨ। ਲਓ ਲਾ ਜੀ! ਰੱਬ ਤੁਹਾਡਾ ਭਲਾ ਕਰੇ, ਆਖਦੇ ਹਨ: ਕੋਈ ਪਹਿਰ ਭਰ ਲੱਗਾ ਰਿਹਾ। ਬੜੇ ਬੜੇ ਪ੍ਰਸ਼ਨ ਸੁੱਟੇ ਤੇ ਰਮਜ਼ਾਂ ਮਾਰੇ, ਪਰ ਉੱਤਰ ਲੈ ਲੈ ਖ਼ਾਤਰ ਨਿਸ਼ਾ ਹੁੰਦੀ ਜਾਵੇਸੁ। ਅਖੀਰ ਸਾਈਂ ਜੀਵੇ ਨੇ, ਅਖੀਰ ਪੈਰੀਂ ਢੱਠਾ। ਮੈਨੂੰ ਅੱਖੀਂ ਵੇਖਣ ਵਾਲੇ ਨੇ ਦੱਸਿਆ ਹੈ ਕਿ ਸ਼ਾਹ ਸ਼ਰਫ ਨੇ ਆਖਿਆ; 'ਵਾਹ ਵਾਹ ਖੁਦਾਇ ਦੇ ਸਹੀ ਕਰਣ ਵਾਲਿਆਂ ਦਾ ਕਿਆ ਸਹੀ ਕੀਚੈ? ਉਨਕਾ

[੧] ਪੁ: ਜ: ਸਾਖੀ ਨੇ ਇਸ ਭਾਵ ਨੂੰ ਇਕ ਸ਼ਲੋਕ ਵਿਚ ਅਦਾ ਕੀਤਾ ਹੈ: "ਨਾਨਕ ਭੁਖ ਖੁਦਾਇਕੀ ਬਿਆ ਬੇਪਰਵਾਹੀ॥ ਅਸਾਂ ਤਲਬ ਦੀਦਾਰ ਦੀ ਬਿਆ ਤਲਬ ਨ ਕਾਈ", ਪਰ ਇਹ ਸ਼ਲੋਕ ਗੁਰਬਾਣੀ ਨਹੀਂ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ। ਹਾਂ, ਓਥੇ, ਇਹ ਪਾਠ ਹੈ-। "ਨਾਨਕ ਭਗਤਾ ਭੁਖ ਸਾਲਾਹੁਣ ਸਚੁ ਨਾਮੁ ਆਧਾਰੁ॥
{ਆਸਾ ਦੀ ਵਾਰ:ਮ:੧-੬}

[੧] ਅਰਬੀ ਵਿਚ 'ਸਲਾਮ' ਦਾ ਅਰਥ ਹੈ ਧੌਣ ਨਿਵਾਉਣੀ।

ਦੀਦਾਰ ਹੀ ਬਹੁਤ ਹੈ, ਤਬ ਆਇ ਦਸਤ ਪੋਸੀ ਕੀਤੀਓਸ, ਅਤੇ ਪੈਰ ਚੁੰਮਿਓਸੁ।'

ਦੁਨੀ ਚੰਦ-ਦਸਤਪੋਸੀ ਕੀ ਹੁੰਦਾ ਹੈ?

ਸੰਸਾਰ ਚੰਦ-ਹੱਥ ਵਿਚ ਹੱਥ ਲੈਕੇ ਘੁਟਣਾ ਫੇਰ ਹੱਥ ਚੁੰਮ ਲੈਣਾ।

ਦੁਨੀ ਚੰਦ-ਮੁਸਲਮਾਨ ਚੋਟੀ ਦਾ ਫਕੀਰ ਹੈ! ਉਸ ਨੇ ਸਾਡੇ ਹਿੰਦੂ ਫਕੀਰ ਦੇ ਹੱਥ ਵਿਚ ਹੱਥ ਲੈਕੇ ਚੁੰਮੇ ਤੇ ਫੇਰ ਪੈਰ ਚੁੰਮੇ, ਇਸ ਤੋਂ ਵੱਧ ਹੋਰ ਨਿਉਂਣਾ ਕੀ ਹੋ ਸਕਦਾ ਹੈ? ਪਛਲੇ ਚਾਰ ਸੌ ਵਰੇ ਵਿਚ ਮੈਨੂੰ ਆਸ ਨਹੀਂ ਕਿ ਕਦੇ ਕਿਸੇ ਮੁਹੰਮਦੀ ਨੇ ਕਿਸੇ ਵੱਡੇ ਤੋਂ ਵੱਡੇ ਹਿੰਦੂ ਅੱਗੇ ਇਹ ਵਿਰੋਤਨੀ ਕੀਤੀ ਹੋਵੇ।

ਦਿਲਬਾਗ ਰਾਇ-ਇਹੋ ਤਾਂ ਗੱਲ ਹੈ। ਇਹ ਹੈ ਨਾ ਸਤਜਾ। ਇਥੋਂ ਹੀ ਸਿਆਣ ਹੁੰਦੀ ਹੈ ਕਿ ਗੁਰੂ ਨਾਨਕ ਫਕੀਰ ਹੀ ਨਹੀਂ, ਉਹ ਕੋਈ ਹੈ, ਕੋਈ....।

ਦੁਨੀ ਚੰਦ-ਕੀਹ ਕੋਈ?

ਦਿਲਬਾਗ਼ ਰਾਇ-ਬਈ ਸਰਦਾਰਾ ਸਾਡਿਆ! ਪੰਡਤ ਇਕ ਖੁਣਸਦਾ ਸੀ ਪਿਆ ਕੱਲ ਤੇ ਇਕ ਪਿਆ ਦੱਸਦਾ ਸੀ ਕਿ ਅਵਤਾਰ ਆਇਆ ਹੈ, ਇਸ ਨੇ ਧਰਤੀ ਤੇ ਉਹ ਰੰਗ ਜਮਾਉਣਾ ਹੈ ਮਲੇਛ ਸਭਾ ਉਠ ਜਾਏਗੀ।

ਦੁਨੀ ਚੰਦ-ਤੇ ਐਡੇ ਸੁਹਣੇ ਨਾਲ ਦੂਸਰਾ ਖੁਣਸਦਾ ਕਿਉਂ ਸੀ ?

ਦਿਲਬਾਗ ਰਾਇ-ਐਂਵੇ ਭੈੜੀਆਂ ਵਾਦੀਆਂ, ਚੰਦ ਚੜ੍ਹੇ ਨੂੰ ਦੇਖ ਨਾ ਸੁਖਾਉਣਾ। ਅਸਲ ਗੱਲ ਲਾ ਜੀ! ਇਹ ਹੈ-ਹਿੰਦੂ ਧਰਮ ਹੈ ਸਾਡਾ-ਕਹਿੰਦਆਂ ਪਈ ਲੱਜਜਾ ਆਉਂਦੀ ਹੈ, ਆਪਣੇ ਮੂੰਹੋਂ ਆਪ ਨੂੰ ਮਾੜਾ ਕਹਿਣਾ ਹੈ, ਪਰ ਹੈ ਜੇ ਸੱਚੀ ਇਹੋ ਗੱਲ ਕਿ ਬ੍ਰਾਹਮਣਾਂ ਵਿਚ ਸੱਤਜਾ ਰੱਤੀ ਨਹੀਂ ਰਹਿ ਗਈ, ਨਿਰੀ ਲੇਪੋਕੇ ਲੇਪੋਕੇ ਰਹਿ ਗਈ ਹੈ, ਟਗਾ ਐਥੇ ਰੱਖ, ਟਗਾ ਐਥੇ ਰੱਖ। ਨਾ ਇਨ੍ਹਾਂ ਵਿਚ ਵਿਦਜਾ, ਨਾ ਤਪ, ਨਾ ਬ੍ਰਤ, ਨਾ ਸ਼ੀਲ। ਜੇ ਕਦੇ ਇਹ ਧਰਮ ਵਾਲੇ ਰਹਿੰਦੇ, ਉਧਰ ਖੱਤ੍ਰੀ ਧਰਮ ਵਾਲੇ ਰਹਿੰਦੇ ਤਾਂ 'ਪਠਾਣਾਂ' ਦਾ ਕਦੇ ਬਲ ਪੈ ਸਕਦਾ ਸੀ ? ਸਦੀਆਂ ਬੱਧੀ ਲੋਕੀਂ ਐਸ਼ਾਂ ਵਿਚ ਪੈ ਗਏ, ਧਰਮ ਤੋਂ ਪਰੇ ਹੀ ਪਰੇ ਹੋ ਗਏ, ਨਾ ਬਲ ਰਿਹਾ ਨਾ ਧਰਮ ਰਿਹਾ, ਨਾ ਸਤਜਾ ਰਹੀ, ਬੱਸ ਬੋਦੇ ਹੋ ਚੁਕੇ ਰੁੱਖ ਵਾਂਙੂ ਝੱਖੜ ਝੁਲਦਿਆਂ ਹੀ ਲੰਮੇ ਪੈ ਗਏ, ਫੇਰ ਐਸੇ ਲੰਮੇ ਪਏ ਕਿ ਮੁੜ ਉੱਠੇ ਹੀ ਨਹੀ, ਤੇ ਕੋਈ ਕਿਊਂ ਢੱਠਿਆਂ ਨੂੰ ਉਠਾਵੇ [1]?

ਦੁਨੀ ਚੰਦ-ਸੱਚ ਹੈ, ਪਰ ਦੱਸੋ ਨਾ ਉਹ ਬ੍ਰਾਹਮਣ ਜੋ ਖੁਣਸਦਾ ਸੀ ਤਾਂ ਕਿਉਂ ?

ਦਿਲਬਾਗ ਰਾਇ-ਉਹ ਕਹਿੰਦਾ ਸੀ ਕਿ ਨਾਲ ਮੁਸਲਮਾਨ ਮਰਦਾਨਾ ਰਬਾਬੀ ਕਿਉਂ ਹੈ? ਤੇ ਜਨੇਊ ਕਿਉਂ ਨਹੀਂ ਪਹਿਨਦੇ ਤੇ ਵਰਣਾਸ਼੍ਰਮ ਕਿਉਂ ਨਹੀਂ ਪਾਲਦੇ? ਖਾਣ ਪੀਣ ਦੀ ਖੁੱਲ ਕਿਉਂ ਕੀਤੀ ਨੇ? ਬ੍ਰਤ ਆਦਿਕ ਧਾਰਨ ਕਿਉਂ ਨਹੀਂ ਕਰਦੇ? ਲੰਮੇ ਲੰਮੇ ਕੇਸ ਕਿਉਂ ਛੱਡੇ ਹੋਏ ਨੇ? ਸਿਖਾ ਸੂਤ ਧੋਤੀ ਕਿਉਂ ਨਹੀਂ ? ਕਦੇ ਕੋਈ ਵੇਸ ਕਰਦੇ ਹਨ ਕਦੇ ਕੋਈ। ਕਦੇ ਅੱਧਾ ਹਿੰਦੂ ਅੱਧਾ ਮੁਸਲਮਾਨੀ ਵੇਸ, ਕਦੇ ਅੱਧਾ ਫ਼ਕੀਰੀ ਅੱਧਾ ਗ੍ਰਿਹਸਤੀ, ਇਹ ਕੀ ਰੰਗ ਹੋਏ ? ਦੂਜਾ ਪੰਡਤ ਕਹਿੰਦਾ ਸੀ ਏਹ ਅਵਤਾਰ ਆਏ ਹਨ ਜੋ ਪੁਰਾਣਾਂ ਵਿਚ ਦੱਸੇ ਹੋਏ ਹਨ ਕਿ ਕਲਜੁਗ ਵਿਚ ਆਉਣਗੇ, ਦੂਜਾ ਖੁਣਸ ਖੁਣਸ ਕੇ ਕੁਣਸਾਂ ਕੱਢਦਾ ਸੀ।

ਦੁਨੀਚੰਦ-ਬਲਾ ਓਹ ਇਹ ਗਲਾਂ ਕਿਉਂ ਕਰਦੇ ਹਨ? ਕੁਛ ਤੁਸੀਂ ਬੀ ਆਖੋ।

ਦਿਲਬਾਗ ਰਾਇ-ਜੇ ਤਾਂ ਜੀਵ ਹੋਣ ਤਾਂ ਮੈਂ ਬੀ ਕੁਛ ਆਖਾਂ, ਓਹ ਤਾਂ ਕਾਰਕ ਹੋਏ, ਰੱਬ ਵੱਲੋਂ ਕੋਈ ਜਗਤ ਦਾ ਪਾਰ ਉਤਾਰਾ ਕਰਨ ਆਏ ਹੋਏ, ਸਮਰੱਥ ਨੂੰ ਕੋਈ ਕੀ ਕਹੇ? ਅਗਨੀ ਸਮਰੱਥ ਹੈ, ਜੋ ਕੁਛ ਪਾ ਦੇਓ, ਭਸਮ ਹੋ ਜਾਂਦਾ ਹੈ। ਗੰਗਾ ਸਮਰੱਥ ਹੈ, ਜੋ ਚਾਹੋ ਵਿਚ ਸੱਟ ਦਿਓ, ਗੰਗਾ ਮੈਲੀ ਨਹੀਂ ਹੁੰਦੀ। ਸਮਰੱਥ ਸੂਰਜ ਸਭ ਚੰਗੀਆਂ ਮੰਦੀਆਂ ਥਾਂਵਾਂ ਤੇ ਚਮਕਦਾ ਹੈ, ਧੁਪ ਨੂੰ ਕਦੇ ਮੈਲ ਨਹੀਂ ਲੱਗੀ। ਸਮਰੱਥ ਕੀਹ ਤੇ ਉਸ ਦੀ ਕਰਣੀ ਵਿਚ ਦੋਸ਼ ਕੀਹ?

ਦੁਨੀ ਚੰਦ-ਇਹ ਤਾਂ ਸੱਚ ਹੈ, ਪਰ ਆਖਰ

[1] ਇਤਿਹਾਸਕਾਰਾਂ ਨੇ ਪਠਾਣ ਰਾਜ ਬੱਝਣ ਤੋਂ ਪਹਿਲੇ ਦੇ ਹਿੰਦ ਦੇ ਹਾਲਾਤ ਨੂੰ ਦੋ ਕਾਲੀਆਂ ਸਦੀਆਂ ਕਿਹਾ ਹੈ।

ਉਹਨਾਂ ਦੇ ਕੌਤਕਾਂ ਦਾ ਕੋਈ ਮਤਲਬ ?

ਦਿਲਬਾਗ਼ ਰਾਇ-ਮੈਂ ਸੁਣਿਆਂ ਹੈ ਕਿ ਓਹ ਕਹਿੰਦੇ ਹਨ: 'ਜਨੇਊ ਜੀਅ ਦਾ ਪਹਿਨੋ, ਜੇ ਜੀ ਨੂੰ ਜਨੇਊ ਨਹੀਂ ਪਾਇਆ ਤਾਂ ਪਿੰਡੇ ਨੂੰ ਜਨੇਊ ਦਾ ਕੀ ਲਾਭ ਹੈ?' ਆਖਦੇ ਹਨ: 'ਜਨੇਊ ਪਹਿਨਕੇ ਲੋਕੀ ਬਦੀਆਂ ਕਰਦੇ ਹਨ, ਪੰਜਾਂ ਇੰਦ੍ਰਿਆਂ ਨੂੰ ਕੋਈ ਰੋਕ ਨਹੀਂ ਪਾਉਂਦਾ।' ਜਨੇਊ ਦਾ ਮਤਲਬ ਹੈਨਾ:-ਧਰਮ ਦੀ ਧਾਰਨਾਂ ਵਾਲੇ ਦੀ ਨਿਸ਼ਾਨੀ, ਬ੍ਰਾਹਮਣ, ਖੱਤ੍ਰੀ, ਵੈਸ਼, ਤ੍ਰੈ ਜਾਤੀਆਂ ਜੋ ਧਰਮ ਵਿਚ ਹਿੱਸਾ ਲੈ ਸਕਦੀਆਂ ਸਨ, ਉਹਨਾਂ ਦੀ ਨਿਸ਼ਾਨੀ ਦਾ ਤਾਗਾ[1]। ਯੱਗਜ ਧਰਮ ਹੈ, ਸੋ ਧਰਮ ਦੀ ਧਾਰਨਾਂ! ਹੁਣ ਧਰਮ ਉਡ ਗਿਆ ਤੇ ਨਿਰਾ ਤਾਗਾ ਰਹਿ ਗਿਆ ਹੈ। ਓਹ ਕਹਿੰਦੇ ਹਨ: ਧਰਮ ਧਾਰਨ ਕਰੋ। ਜੋ ਧਰਮ ਹੀਨ ਹਿੰਦੂ ਹਨ ਉਹਨਾਂ ਨੂੰ ਮਖੌਲ ਕਰਦੇ ਹਨ ਤਾਂ ਜੋ ਓਹ ਧਰਮ ਵਿਚ ਉੱਚੇ ਹੋਣ। ਬਾਕੀ ਉਹ ਹਿੰਦੂਆਂ ਨੂੰ ਕਹਿੰਦੇ ਹਨ ਤੁਸੀਂ ਬੁਤਪ੍ਰਸਤੀ ਛੱਡ ਦਿਓ, ਹੀਣਤਾਈ ਛੱਡ ਦਿਓ, ਸੁਰਤ ਉੱਚੀ ਕਰੋ, ਨਾਮ ਜਪਕੇ ਤੇ ਸੱਚ ਤੇ ਆ ਜਾਓ।

ਦੂਨੀ ਚੰਦ-ਹਰੇ ਹਰੇ, ਠਾਕਰ ਪੂਜਾ ! ਇਹ ਗਈ ਤਾਂ ਹਿੰਦੂ ਧਰਮ ਹੀ ਕੀਹ ਰਹਿ ਗਿਆ ?

ਦਿਲਬਾਗ਼ ਰਾਇ-ਮੈਂ ਇਕ ਪੁਰਾਣੇ ਪੁਸਤਕਾਂ ਦੇ ਪਠੱਯਾ ਪੰਡਤ ਪਾਸੋਂ ਸੁਣਿਆਂ ਹੈ ਕਿ ਬੁਤਪ੍ਰਸਤੀ ਹਿੰਦ ਵਿਚ ਬਹੁਤੀ ਬੋਧੀਆਂ ਨੇ ਪ੍ਰਚਾਰੀ ਹੈ, ਓਹ ਲੋਕ ਇਕ ਪਰਮੇਸ਼ੁਰ, ਇਕ ਬ੍ਰਹਮ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਕੇ। ਓਹ ਪਰਮੇਸ਼ੁਰ ਜੀ ਤੋਂ ਨਮੁੱਕਰ ਰਹੇ ਹਨ। ਸਨ ਤਾਂ ਸਰੇਸ਼ਟਾਚਾਰੀ ਤੇ ਚੰਗੇ, ਪਰ ਪਰਮੇਸ਼ੁਰ ਦੇ ਪਾਸਿਓਂ ਅੱਖ ਮੀਟੀ ਰੱਖੀ ਨੇ। ਬੁੱਧ ਜੀ ਨੇ ਆਪ ਤਾਂ ਕੋਈ ਸਾਫ ਅਨੀਸ੍ਵਰ ਵਾਦੀ ਗਲ ਨਹੀਂ ਖੁੱਲ੍ਹਕੇ ਕਹੀ, ਪਰ ਸੰਪ੍ਰਦਾ ਨੇ ਲਗ ਪਗ ਈਸ੍ਵਰ ਹੀ ਨਹੀਂ ਮੰਨਿਆਂ। ਹੁਣ ਬੁਧ ਜੀ ਦੇ ਚਲਾਣੇ ਮਗਰੋਂ ਪ੍ਰੇਮੀ ਦਿਲਾਂ ਨੂੰ ਪਈ। ਪਰਮਾਤਮਾ ਤਾਂ ਉਨ੍ਹਾਂ ਦੇ ਦਿਲਾਂ ਦੀ ਟੇਕ ਸੀ ਹੀ ਨਹੀਂ, ਨਿਰੇ ਸ਼ੁਭ ਕਰਮ ਸੁਰਤ ਦਾ ਆਸਰਾ ਬਣ ਨਹੀਂ ਸਨ ਸਕਦੇ, ਸੋ ਸੁਰਤ ਨੇ ਟੇਕ ਕਿੱਥੇ ਲਈ? ਬੁਧ ਪ੍ਰੇਮੀਆਂ ਦੇ ਸਾਹਮਣੇ ਬੁਧ ਜੀ ਸਨ, ਸੋ ਉਹਨਾਂ ਨੇ ਆਪਣੇ ਸੁਹਣੇ ਮਨੁੱਖ ਆਦਿ ਕਰਤਾ ਸ੍ਰੀ 'ਬੁੱਧ' ਜੀ ਦੀ ਪ੍ਰਤਿਮਾਂ ਬਣਾਈ ਤੇ ਉਸ ਦੇ ਧਯਾਨੀ ਬੁਤ ਰਚੇ, ਜਿਨ੍ਹਾਂ ਨੂੰ ਤੱਕ ਤੱਕ ਕੇ ਸੁਰਤ ਧਿਆਨ ਮਗਨ ਹੋ ਜਾਏ। ਇਹਨਾਂ "ਬੁੱਧ ਮੂਰਤੀਆਂ" ਦੀ ਪੂਜਾ ਟੁਰ ਪਈ। ਫਾਰਸੀ ਦਾ ਪਦ 'ਬੁਤ' ਇਸੇ 'ਬੁੱਧ' ਲਫਜ਼ ਤੋਂ ਬਣਿਆ ਜਾਪਦਾ ਹੈ। ਸੋ ਇਕ ਪਾਸੇ ਤਾਂ ਇਨ੍ਹਾਂ ਬੁੱਤਾਂ ਦੇ ਰਚਨ ਵਿਚ ਭਗਤੀ ਭਾਵ ਤੇ ਦੂਸਰੇ ਪਾਸੇ ਹੁਨਰ ਦਾ ਕਮਾਲ ਹੋਇਆ, ਪਰ ਤੀਸਰੇ ਪਾਸੇ ਸਰਬ ਸਾਧਾਰਣ ਵਿਚ ਇਨ੍ਹਾਂ ਮੂਰਤੀਆਂ ਵਿਚ ਦੇਵ ਬੁੱਧੀ ਹੋਕੇ ਪੂਜਾ ਸ਼ੁਰੂ ਹੋ ਗਈ ਤੇ ਅੰਤ ਪੂਜਾ ਮਾਤ੍ਰ ਹੀ ਰਹਿ ਗਈ। ਜਦੋਂ ਬ੍ਰਾਹਮਣੀ ਮਤ ਨੇ ਮੁੜ ਜ਼ੋਰ ਪਾਇਆ ਤੇ ਬੁੱਧ ਮਤ ਦੇ ਟਾਕਰੇ ਤੇ ਲੋਕਾਂ ਨੂੰ ਪਰਚਾਉਣ ਦੀ ਲੋੜ ਪਈ ਤਾਂ ਬੁੱਧ ਦੇ ਬੁਤਾਂ ਦੀ ਥਾਂ ਉਹਨਾਂ ਨੇ ਆਪਣੇ ਠਾਕੁਰ ਰਚੇ, ਮੂਰਤੀਆਂ ਤੇ ਮੰਦਰ ਸਾਜੇ। ਉਹਨਾਂ ਦੀਆਂ ਜਟਾਕਾ (ਕਥਾਵਾਂ) ਦੀ ਥਾਂਵੇਂ ਅਪਣੇ ਪੁਰਾਣਾਂ ਦੀਆਂ ਸਦਾਚਾਰੀ ਕਥਾਵਾਂ ਰਚੀਆਂ, ਐਉਂ ਉਸ ਜਤਨ ਵਿਚ ਹਿੰਦੂ ਇਕ ਨਿਰੋਲ ਬੁੱਤਪ੍ਰਸਤ ਕੌਮ ਬਣ ਗਈ। ਗੁਰੂ ਨਾਨਕ ਜੀ ਕਹਿੰਦੇ ਹਨ: ਪੱਥਰ ਰੱਬ ਨਹੀਂ, ਪੱਥਰ ਵਿਚ ਮੂਰਤੀ ਤੁਸੀਂ ਰਚਦੇ ਹੋ, ਤੁਹਾਡੇ ਭਾਵ ਉਸ ਵਿਚ ਉੱਕਰੇ ਜਾਂਦੇ ਹਨ, ਤੁਸੀਂ ਕਿਉਂ ਨਹੀਂ ਆਮ ਲੋਕਾਂ ਨੂੰ ਓਹ ਭਾਵ ਦਾਨ ਕਰਦੇ ਤੇ ਨਿਰੰਕਾਰ ਨਾਲ ਉਹਨਾਂ ਦੇ ਦਿਲਾਂ ਨੂੰ ਜੋੜਦੇ ਤੇ ਉਨ੍ਹਾਂ ਭਾਵਾਂ ਨਾਲ ਉਹਨਾਂ ਨੂੰ ਹੁਲਾਰੇ ਵਿਚ ਲਿਆਉਂਦੇ? ਦਿਲ ਸਾਡਾ ਮੂਰਤੀ ਨਹੀਂ, ਇਕ ਸੱਤਜਾ ਹੈ, ਰੂਹ ਸਾਡੀ ਮੂਰਤੀ ਨਹੀਂ ਇਕ ਸੱਤਜਾ ਹੈ, ਪਰਮਾਤਮਾ ਮੂਰਤੀ ਨਹੀਂ, ਇਹ ਮਹਾਨ ਸੱਤਜਾ ਹੈ, ਉਹ ਸੱਤਜਾ ਵਜੂਦ ਵਾਲੀ ਹੈ, ਉਹ ਮੂਰਤੀ ਨਹੀਂ ਪਰ (ਅਕਾਲ ਮੂਰਤਿ) ਹੈ। ਉਹ ਰੂਹ ਹੈ, ਆਤਮਾ ਹੈ; ਪਰਮਾਤਮਾ ਹੈ, ਸੋ ਤੁਸੀਂ ਦਿਲ ਨੂੰ ਜੋੜਕੇ ਆਤਮਾ ਦੇ ਪਿਆਰ ਵਿਚ ਪਾਓ ਤੇ ਇਸ ਨੂੰ ਐਉਂ ਆਤਮਾਂ ਰੂਪ ਕਰੋ। ਹਾਂ, ਆਤਮਾ ਨੂੰ ਪਰਮਾਤਮਾ ਦੇ ਪਿਆਰ ਵਿਚ ਪਾਓ। ਸਿੱਧੇ ਰਸਤੇ ਤੁਰੋ, ਮਨੋਂ ਮਨ, ਮਨੋਂ ਆਤਮਾ, ਆਤਮਾ ਤੋਂ ਪਰਮਾਤਮਾ ਨਾਲ ਲੱਗਕੇ ਅੱਠ ਪਹਿਰ ਉਸੇ ਰੰਗ ਦੇ ਹੁਲਾਰੇ ਲੈਂਦੇ ਰਹੋ ਤੇ ਗੁਰੂ ਦੀ ਲਓ ਸਹਾਇਤਾ।

[1] ਯਗਜ=ਜੱਗ। ਉਪਵੀਤ=ਤਾਗਾ।

ਦੁਨੀ ਚੰਦ-ਸੁਹਣੀ ਗੱਲ ਹੈ; ਤੁਸਾਂ ਦੀ ਗਲ ਵਿਚ ਸੁਆਦ ਆ ਗਿਆ ਹੈ।

ਦਿਲਬਾਗ਼-ਫੇਰ ਸੋਚੋ ਨਾ ਲਾ ਜੀ ! ਜੇ ਕਦੇ ਅਸੀਂ ਬੁੱਤ-ਪ੍ਰਸਤ ਨਾ ਹੁੰਦੇ ਤਾਂ ਮੁਸਲਮਾਨਾਂ ਦਾ ਸਾਡਾ ਵੈਰ ਇਥੋਂ ਤਾਈਂ ਨਾ ਅੱਪੜਦਾ ਕਿ ਜਿਥੇ ਜਾਕੇ ਅਸੀਂ ਅਤਿ ਦੁੱਖ ਪਾ ਰਹੇ ਹਾਂ।

ਇਸੇ ਤਰ੍ਹਾਂ ਮੈਂ ਸੁਣਿਆਂ ਹੈ ਕਿ ਕੇਸਾਂ ਦਾ ਨਿਰਾਦਰ ਤੇ ਚੋਟੀ ਰੱਖਣੀ ਬੀ ਅਸਾਂ ਬੋਧੀਆਂ ਤੋਂ ਸਿੱਖੀ ਹੈ। ਵੇਦਾਂ ਵਿਚ ਤਾਂ ਰੱਬ ਬੀ ਸੁਹਣੇ ਕੇਸਾਂ ਵਾਲਾ ਤੇ ਦਾਹੜੇ ਵਾਲਾ ਦੱਸਿਆ ਹੈ। ਵੇਦਕ ਰਿਸ਼ੀ ਕੇਸਾਂ ਵਾਲੇ ਹੋਏ ਹਨ। ਸਾਡੇ ਅਵਤਾਰ ਰਾਮ; ਕ੍ਰਿਸ਼ਨ: ਸਾਰੇ ਕੇਸਾਂ ਵਾਲੇ ਹੋਏ ਹਨ; ਖ਼ੁਦ ਬੁੱਧ ਜੀ ਦੇ ਸਾਰੇ ਬੁਤ ਕੇਸਾਂ ਤੇ ਜੂੜੇ ਨਾਲ ਸ਼ਸ਼ੋਭਤ ਦਿੱਸਦੇ ਹਨ। ਇਹ ਬੁੱਧ ਭਿੱਖੂਆਂ ਨੇ ਜਦ ਸਰੀਰ ਨੂੰ ਨਫਰਤ ਵਿਚ ਪਾਇਆ ਤੇ ਸਾਰੇ ਸ਼ਿੰਗਾਰ ਹਟਾਏ ਤਾਂ ਕੇਸਾਂ ਨੂੰ ਬੀ ਸ਼ਿੰਗਾਰ ਸਮਝਕੇ ਆਪਣੇ ਆਪ ਨੂੰ ਕੁਰੂਪ ਬਨਾਉਣ ਲਈ ਕੇਸਾਂ ਨੂੰ ਦੂਰ ਕਰਾਇਆ ਤੇ ਜਦੋਂ ਉਹਨਾਂ ਦੀ ਰੀਸੇ ਉਹਨਾਂ ਦੇ ਗ੍ਰਿਹਸਤੀ ਸੇਵਕਾਂ ਨੇ ਰੀਸ ਕੀਤੀ ਤਦ ਉਹੋ ਰੀਸ ਟੁਰ ਪਈ। ਮਗਰੋਂ ਹਿੰਦੂਆਂ ਨੇ; ਪੰਡਤਾਂ ਨੇ ਬੋਦੀ ਮਾਤ੍ਰ ਰਖ ਲਈ ਤੇ ਮੁੰਡਨ ਸੰਸਕਾਰ ਦੇ ਤਰੀਕੇ ਰਚਕੇ ਧਰਮ ਦੀ ਮੁਹਰ ਲਾ ਦਿਤੀ। ਸੋ ਅਸਲ ਵਿਚ ਤਾਂ ਪੁਰਾਤਨ ਮਰਿਯਾਦਾ ਕੇਸਾਂ ਦੀ ਹੈ, ਇਹ ਮੁੰਡਨ ਸੰਸਕਾਰ ਪਿੱਛੋਂ ਰੱਚੇ ਗਏ ਹਨ[1] ਤੇ ਪਿਛੋਂ ਦੇ ਸ਼ਾਸਤ੍ਰਾਂ ਵਿਚ ਹਨ ਤੇ ਅਸਲੀ ਸਨਾਤਨ ਨਹੀਂ ਹਨ।

ਇਸੇ ਤਰ੍ਹਾਂ ਓਹ ਸਾਰੇ ਵੇਸਾਂ ਨੂੰ ਮਖੌਲ ਕਰਦੇ ਹਨ ਜਦੋਂ ਕਿ ਆਪ ਅੱਧੇ ਅੱਧੇ ਰਲਾਕੇ ਧਾਰਦੇ ਹਨ ਤੇ ਕਦੇ ਕੋਈ ਕਦੇ ਕੋਈ ਕਰਦੇ ਹਨ। ਅਸਲ ਵਿਚ ਕੀ ਜੋਗੀ ਤੇ ਕੀ ਸਿੱਧ, ਕੀ ਬ੍ਰਹਮਚਾਰੀ ਤੇ ਕੀ ਸੰਨਿਆਸੀ, ਭੇਖ ਹੀ ਭੇਖ ਰਹਿ ਗਿਆ ਹੈ। ਸੋਚੋ ਲਾ ਜੀ! ਧਰਮ ਨਿਰੇ ਵੇਸ ਦੇ ਨਾਲ ਨਹੀਂ ਨਾ ! ਓਹ ਇਹੋ ਗੱਲ ਪਏ ਦੱਸਦੇ ਹਨ ਕਿ ਧਰਮ ਧਾਰਨ ਕਰੋ। ਸੋ ਮੇਰੀ ਜਾਚੇ ਤਾਂ ਓਹ ਠੀਕ ਕਰ ਰਹੇ ਹਨ। ਬਾਕੀ ਰਿਹਾ ਮੁਸਲਮਾਨ ਰਬਾਬੀ ਦਾ ਨਾਲ ਹੋਣਾ, ਇਹ ਉਹਨਾਂ ਦੀ ਸਦੀਆਂ ਤੋਂ ਨਿਵਾਣਾਂ ਨੂੰ ਵਹਿ ਰਹੀ ਨਦੀ ਉੱਚੇ ਪਾਸੇ ਵਹਾ ਵਿਖਾਈ ਹੈ। ਅਸੀਂ ਹਿੰਦੂ ਕੱਚਾ ਧਾਗਾ ਬਣ ਰਹੇ ਹਾਂ,-ਜੋ ਮੁਸਲਮਾਨਾਂ ਨਾਲ ਰਚਿਆ ਮਿਚਿਆ, ਉਹ ਜਾਣੋਂ ਗਿਆ। ਅਸੀਂ ਇਸ ਤਰ੍ਹਾਂ ਨਾਲ ਮੁਸਲਮਾਨੀ ਅੱਗ ਵਿਚ ਆਪ ਆਹੂਤੀਆਂ ਪਾ ਰਹੇ ਹਾਂ, ਪਰ ਉਹਨਾਂ ਨੇ ਮੁਸਲਮਾਨਾਂ ਨੂੰ ਮੁਰੀਦ ਬਣਾਕੇ ਨਾਲ ਰੱਖਕੇ ਦਿਖਾ ਦਿੱਤਾ ਹੈ ਕਿ ਓਹ ਸਮਰੱਥ ਹਨ ਤੇ ਮੁਸਲਮਾਨਾਂ ਨੂੰ ਹਿੰਦੂ ਬਣਾ ਸਕਦੇ ਹਨ। ਜੋ ਧਰਮ ਓਹ ਸਿਖਾ ਰਹੇ ਹਨ ਉਹ ਉੱਚਾ ਤੇ ਵਿਸ਼ਾਲ ਹੈ, ਜੋ ਸਭ ਨੂੰ ਆਪਣੇ ਵਿਚ ਲੈ ਲੈਂਦਾ ਹੈ। ਮੇਰੀ ਜਾਚੇ ਤਾਂ ਅਸੀਂ ਹਿੰਦੂ ਨਾਮਧਰੀਕ ਹਾਂ, ਅਸਲ ਹਿੰਦੂ ਓਹ ਹਨ ਤੇ ਜੋ ਓਹ ਸਿਖਾਲ ਰਹੇ ਹਨ, ਸੋਈਓ ਠੀਕ ਹੈ।

ਦੁਨੀ ਚੰਦ-ਓਹ ਹਿੰਦੂ ਸਾਧੂਆਂ ਨਾਲ ਕਿਵੇਂ ਵਰਤਦੇ ਹਨ?

ਦਿਲਬਾਗ਼ ਰਾਇ-ਓਸੇ ਤਰ੍ਹਾਂ ਉਹਨਾਂ ਦੇ ਪਖੰਡ ਨੂੰ ਤੋੜਦੇ ਹਨ, ਸੱਚ ਦਾ ਸੂਰਜ ਦਿਖਾਲਦੇ ਹਨ। ਗੋਰਖ ਮਤੇ ਗਏ ਤਾਂ ਇਕ ਪੁਰਾਣੇ ਸੁੱਕੇ ਬ੍ਰਿਛ ਨੂੰ ਹਰਾ ਕਰਕੇ ਛਾਵੇਂ ਹੋ ਬੈਠੇ। ਫੇਰ ਜੋਗੀ ਚਰਚਾ ਕਰਨ ਆਏ ਤਾਂ ਉਹਨਾਂ ਦਾ ਲੋਹਾ ਮੰਨਕੇ ਗਏ। ਜਿਵੇਂ ਸ਼ਰਫ ਨੇ ਮੰਨਿਆਂ ਸੀ ਇਸੇ ਤਰ੍ਹਾਂ ਕਾਂਸ਼ੀ ਦੇ ਚਤੁਰਦਾਸ ਪੰਡਤ ਨੇ ਸਿਰ ਚਰਨਾਂ ਤੇ ਸੁਟਿਆ। ਹਾਂ, ਓਹ ਤਾਂ ਸਾਰੇ ਹਿੰਦੂ ਤੀਰਥਾਂ ਤੇ ਹੋ ਆਏ ਹਨ, ਸਭ ਥਾਂ ਨਿਰਭੈਤਾ ਦੱਸ ਆਏ ਹਨ ਕਿ ਪਖੰਡਾਂ ਨੂੰ ਛੱਡੋ ਤੇ ਧਰਮ ਨੂੰ ਧਾਰੋ। ਕਿਸੇ ਤੋਂ ਅੜਕਦੇ ਝਿਜਕਦੇ ਨਹੀਂ, ਸੱਚ ਦਾ ਸੂਰਜ ਚੜ੍ਹ ਪਏ ਹਨ ਮਾਨੋਂ।

ਸੰਸਾਰ ਚੰਦ-ਮੈਂ ਆਪ ਬੀ ਗਿਆ ਸਾਂ ਪਰਸੋਂ, ਭਾਈਆ ਮਨਸੁਖ ਜੀ ਸਾਡੇ ਪਰਦੇਸਾਂ ਦੇ ਵਡੇ

---

[1] ਇਕ ਇਉਂ ਬੀ ਦੱਸਦੇ ਹਨ ਕਿ 'ਨੰਦ' ਰਾਜਿਆਂ ਵਿਚੋਂ ਕਿਸੇ ਨੇ ਬ੍ਰਾਹਮਣਾਂ ਦੀ ਰੁਹਾਨੀ ਸੱਤਯਾ ਹਿਰਨੇ ਲਈ ਇਹਨਾਂ ਦੇ ਕੇਸ ਹਟਾ ਕੇ ਇਹਨਾਂ ਤੋਂ ਮੁੰਡਨ ਸੰਸਕਾਰ ਦੇ ਸ਼ਲੋਕ ਬਨਵਾਕੇ ਲੋਕਾਂ ਨੂੰ ਟਪਲੇ ਦਿਤੇ ਤੇ ਇਉਂ ਹਿੰਦੂ ਸਮਝਣ ਲਗ ਪਏ ਕਿ ਮੁੰਡਨ ਸੰਸਕਾਰ ਸ਼ਾਸਤ੍ਰ ਵਿਹਤ ਗੱਲ ਹੈ। ਦੇਖੋ ਗੁਰ ਪ੍ਰਤਾਪ ਸੂਰਜ ਰੁਤ ੫ ਅੰਸੂ-੨੯।

ਵਪਾਰੀ ਜੋ ਆਪ ਦੇ ਸੰਬੰਧੀ ਹਨ...।

ਦੁਨੀ ਚੰਦ-(ਗਲ ਟੁੱਕ ਕੇ)-ਹਾਂ ਹਾਂ, ਮਨਸੁਖ ਜੀ ਬੜੇ ਬੀਬੇ ਹਨ, ਉਹਨਾਂ ਦੀ ਕੀਹ ਗਲ ਹੈ?

ਸੰਸਾਰ ਚੰਦ-ਓਹ ਤਾਂ ਚਿਰਾਂ ਦੇ ਆਪ ਦੇ ਸਿਖ ਬਣ ਚੁਕੇ ਹਨ, ਬੜੀ ਸ਼ਰਧਾ ਤੇ ਪਜ਼ਾਰ ਹੈ ਨੇ। ਓਹ ਮੈਨੂੰ ਨਾਲ ਲੈ ਗਏ ਸਨ। ਦਰਸ਼ਨ ਕਰਕੇ ਦਿਲ ਠੰਢਾ ਹੁੰਦਾ ਹੈ।

ਦਿਲਬਾਗ ਰਾਇ-ਮੈਂ ਬੀ ਗਿਆ ਸਾਂ, ਰਾਵੀ ਦੇ ਕੰਢੇ ਬੈਠੇ ਸਨ। ਬੱਸ ਡਿੱਠਾ ਤਾਂ ਦਿਲ ਬਾਗ਼ ਬਾਗ਼ ਹੋ ਗਿਆ।

ਕਬੂਲ ਚੰਦ-ਤੁਸੀਂ ਹੋਏ ਜੋ ਦਿਲਬਾਗ ਰਾਇ!

ਦਿਲਬਾਗ਼ ਰਾਇ-ਪਰ ਦਿਲ ਬਾਗ਼ ਬਾਗ ਹੋ ਗਿਆ ਪਰਸੋਂ ਉਹਨਾਂ ਦੇ ਰਸੀਲੇ ਨੈਣਾਂ ਦਾ ਝਾਕਾ ਪਾਕੇ।

ਦੁਨੀ ਚੰਦ-ਬਚਨ ਸੁਣਕੇ ਮੇਰੇ ਅੰਦਰ ਭਾਉ ਹੋ ਆਇਆ ਹੈ, ਮੈਂ ਬੀ ਕਿਵੇਂ ਦਰਸ਼ਨ ਕਰਾਂ, ਕੁਛ ਸੇਵਾ ਕਰਾਂ। ਧਨ ਜੋ ਮੇਰੇ ਪਾਸ ਹੈ ਕੁਛ ਉਨ੍ਹਾਂ ਦੇ ਅਰਥ ਲਾਵਾਂ ਕੁਛ ਸਕਾਰਥਾ ਹੋਵੇ।

ਦਿਲਬਾਗ਼ ਰਾਇ-ਤੁਹਾਡੇ ਪਿਤਾ ਜੀ ਦਾ ਸ਼ਰਾਧ ਆ ਰਿਹਾ ਹੈ, ਉਸ ਵੇਲੇ ਉਹਨਾਂ ਨੂੰ ਨਿਉਤਾ ਦਿਓ, ਸੱਦ, ਘਰ ਆਉਣਗੇ, ਖੁੱਲ੍ਹੇ ਦਰਸ਼ਨ ਮੇਲੇ ਹੋਣਗੇ। ਸੁਆਣੀਆਂ ਪ੍ਰਭਾਣੀਆਂ ਵਿਚਾਰੀਆਂ ਅੰਦਰ ਪਈਆਂ ਚਰਨ ਪਰਸ ਕੇ ਕੁਛ ਰਤਾ ਭੋਰਾ ਸੁਖ ਲੈ ਲੈਣਗੀਆਂ, ਬਾਹਰ ਨਿਕਲਣਾ ਤਾਂ ਜੋ ਵਿਚਾਰੀਆਂ ਦਾ ਜੋ ਹੈ ਸੋ ਹੈ।

ਦੁਨੀ ਚੰਦ-ਚੰਗੀ ਗਲ ਹੈ, ਪਰ ਆਉਣਗੇ? ਬੜੇ ਵਡੇ ਜੁ ਹੋਏ।

ਸੰਸਾਰ ਚੰਦ-ਸੰਸੇ ਵਾਲੀ ਗੱਲ ਹੈ। ਸੈਦ ਪੁਰ ਸੰਡਯਾਲੀ ਸੁਣਿਆਂ ਹੈ ਮਲਕ ਭਾਗੋ ਵਰਗੇ ਦੇ ਘਰ ਨਹੀਂ ਸਨ ਗਏ।

ਕਬੂਲ ਚੰਦ-ਮਾਨੀਆਂ ਅਭਿਮਾਨੀਆਂ ਦੇ ਨਹੀਂ ਜਾਂਦੇ, ਗ਼ਰੀਬਾਂ ਦੇ ਚਲੇ ਜਾਂਦੇ ਹਨ, ਭਾਉ ਵਾਲੇ ਅਮੀਰਾਂ ਦੇ ਬੀ ਸ਼ੈਤ ਚਲੇ ਜਾਂਦੇ ਹੋਣ।

ਦਿਲਬਾਗ ਰਾਇ-ਸੁਣਿਆਂ ਹੈ ਕਿ ਜਦੋਂ ਸੁਲਤਾਨਪੁਰ[1] ਮੋਦੀ ਖਾਨਾ ਛੱਡ ਕੇ ਉਦਯਾਨ ਜਾ ਬੈਠੇ ਸਨ ਤਾਂ ਦੌਲਤਖਾਨ ਲੋਧੀ ਦੁਆਬੇ ਦੇ ਨਵਾਬ ਨੇ ਕਹਾ ਘੱਲਿਆ ਕਿ ਬਰਾਇ ਖੁਦਾ ਦਿਦਾਰ[2] ਦਿਓ ਤਾਂ ਫੇਰ ਆ ਗਏ ਸਨ ਤੇ ਓਹ ਕੌਤਕ ਤੁਸਾਂ ਸੁਣੇ ਹੀ ਹੋਣਗੇ?

ਦੁਨੀ ਚੰਦ-ਕਿਹੜੇ?

ਸੰਸਾਰ ਚੰਦ-ਕਾਜ਼ੀ ਕਹਿਣ ਲੱਗਾ, " ਤੁਸੀਂ ਜੋ ਕਹਿੰਦੇ ਹੋ-ਕੋਈ ਹਿੰਦੂ ਨਹੀਂ, ਕੋਈ ਮੁਸਲਮਾਨ ਨਹੀਂ ਤਾਂ ਤੁਸਾਂ ਨੂੰ ਦੁਇ ਇਕੋ ਜਿਹੇ ਹਨ, ਕਿਉਂਕਿ ਤੁਹਾਡੇ ਭਾਣੇ ਦੋਹਾਂ ਨੇ ਧਰਮ ਤੋਂ ਮੂੰਹ ਮੋੜਿਆ ਹੈ ਤਦੇ ਕਹਿੰਦੇ ਹੋ ਨਾਂ ਕਿ ਕੋਈ ਨਹੀਂ, ਅੱਛਾ ਨਿਮਾਜ਼ ਪੜ੍ਹਨੀ ਤਾਂ ਧਰਮ ਹੈ; ਸਾਡੇ ਨਾਲ ਚੱਲਕੇ ਪੜੋ ! ਤਾਂ ਚੱਲੇ ਗਏ, ਪਰ ਨਿਮਾਜ਼ ਪੜ੍ਹੀ ਕੋਈ ਨਾ। ਜਾਂ ਕਾਜ਼ੀ ਨੇ ਕਿਹਾ "ਸਾਡੇ ਨਾਲ ਨਿਮਾਜ਼ ਨਾ ਪੜ੍ਹੀਉ ਨੇ?" ਤਾਂ ਕਹਿਨ ਲੱਗੇ: "ਤੂੰ ਤਾਂ ਸਾਰਾ ਵਕਤ ਊਠਕਾਂ ਬੈਠਕਾਂ ਕਢਦਾ ਰਿਹਾ ਹੈਂ, ਤੇ ਦਿਲ ਘਰ ਦੇ ਵਿਹੜੇ ਵਿਚ ਵਛੇਰੇ ਦੀ ਰਾਖੀ ਵਿਚ ਰਿਹਾ ਹੈ। ਜੋ ਮਤਾਂ ਖੂਹੇ ਵਿਚ ਨਾ ਜਾ ਪਵੇ। " ਗੱਲ ਸੱਚੀ ਨਿਕਲੀ ਤਾਂ ਕਾਜ਼ੀ ਸ਼ਰਮਿੰਦਾ ਹੋਇਆ, ਫੇਰ ਨਵਾਬ ਨੇ ਕਿਹਾ: "ਮੇਰੇ ਨਾਲ ਪੜ੍ਹਦੇ" ਤਾਂ ਕਹਿਣ ਲੱਗੇ-"ਤੂੰ ਕਾਬਲ ਘੋੜੇ ਖ਼ਰੀਦ ਕਰਦਾ ਰਿਹਾ ਹੈ। ਬੇਹਜ਼ੂਰੀ ਦੀ ਨਿਮਾਜ਼, ਨਿਮਾਜ਼ ਨਹੀਂ, ਉਹ ਤਾਂ ਊਠਕ ਬੈਠਕ ਹੈ।" ਤਾਂ ਉਹ ਗੱਲ ਬੀ ਸੱਚੀ ਨਿਕਲੀ ਤੇ ਨਵਾਬ ਸ਼ਰਧਾਵਾਨ ਹੋ ਗਿਆ। ਆਖਣ ਲੱਗਾ-ਹੇ ਨਾਨਕ! ਇਹ ਰਾਜ ਮਾਲੁ ਹੁਕਮੁ ਹਾਸਲੁ ਸਭ ਤੇਰਾ[3]। ਪਰ ਉਹਨਾਂ ਨੇ ਕਿਹਾ: ਰੱਬ ਤੇਰਾ ਭਲਾ ਕਰੇ, ਇਹ ਸਭ ਕਿਛੁ ਤੇਰਾ ਹੈ ਅਸੀਂ ਤਿਆਗ ਚੱਲੇ ਹਾਂ। ਜਦੋਂ ਆਪ ਉਥੋਂ ਟੁਰੇ ਹਨ ਬੜੇ ਬੜੇ ਫ਼ਕੀਰਾਂ ਨੇ ਪੈਰ ਚੁੰਮੇ[3]; ਲੋਕਾਂ ਨਮਸਕਾਰਾਂ ਕੀਤੀਆਂ, ਨਵਾਬ ਵਿਦਾ ਕਰਨ ਆਪ ਆਇਆ। ਸੋ ਸੱਜਣੋ! ਜਿੱਥੇ ਭਾਵ ਹੋਵੇ; ਉਥੇ ਗੁਰੂ; ਸੁਣਿਆਂ ਹੈ, ਗਰੀਬੀ ਅਮੀਰੀ ਨਹੀਂ ਵੇਖਦਾ; ਆ ਜਾਂਦਾ ਹੈ। ਮਲਕ ਭਾਗੋ ਵੱਢੀ ਖੋਰ ਪਰਜਾ ਦਾ ਗਲ ਘੋਟੂ ਸੀ, ਹੰਕਾਰੀ ਮਾਨੀ ਅਤਿ ਦਾ ਹੈਸੀ; ਇਸ ਕਰਕੇ ਨਹੀਂ ਸੇ ਗਏ। ਮੈਂ ਸੁਣਿਆ ਹੈ ਕਿ

---

[1] ਸੁਲਤਾਨ ਪੁਰ ਤਦੋਂ ਦੁਆਬੇ ਦੀ ਰਾਜਧਾਨੀ ਹੁੰਦਾ ਸੀ।

[2] ਪੁਰਾਤਨ ਜਨਮ ਸਾਖੀ ਸਫਾ ੨੨ ।

[3] ਪੁਰਾਤਨ ਜਨਮ ਸਾਖੀ ਸਫਾ ੨੪-੨੫ ।

ਉਸ ਦੇ ਪਕਵਾਨ ਵਿਚੋਂ ਰੱਤ ਦੇ ਟੇਪੇ ਕੱਢਕੇ ਗੁਰੂ ਜੀ ਨੇ ਵਿਖਾਏ ਸਨ ਤੇ ਪਰ੍ਹੇ ਵਿਚ ਸ਼ਰਮਿੰਦਾ ਕੀਤਾ ਸਾਨੇ ਕਿ ਤੇਰਾ ਧਾਨ ਪਰਜਾ ਦੀ ਰੱਤ ਨਕੋੜੀ ਹੋਈ ਹੈ ਤੇ ਗ਼ਰੀਬ ਕਿਰਤੀ ਤਰਖਾਣ ਲਾਲੋ ਦੇ ਕੋਧ੍ਰੇ ਵਿਚੋਂ ਦੁੱਧ ਦੇ ਟੇਪੇ ਨਿਚੋੜਕੇ ਦਿਖਾਏ ਕਿ ਇਹ ਇਕ ਰੱਬ ਨੂੰ ਪਿਆਰ ਕਰਨੇ ਵਾਲੇ ਗ਼ਰੀਬ ਦੀ ਧਰਮ ਦੀ ਕਿਰਤ ਹੈ।

ਦੁਨੀ ਚੰਦ-ਤਾਂ ਫੇਰ ਮੈਂ ਆਪ ਟੁਰਕੇ ਜਾਵਾਂ ਪੈਰੀਂ ਤੇ ਉਸ ਸ਼ਰਧਾ ਨਾਲ, ਜੋ ਮੇਰੇ ਅੰਦਰ ਹੋ ਆਈ ਹੈ, ਸੱਦਾਂ ਤਾਂ ਆਸ ਹੈ ਆ ਜਾਣਗੇ?

ਦਿਲਬਾਗ਼ ਰਾਇ-ਮੈਨੂੰ ਆਸ ਹੈ ਕਿ ਆਪ ਦੇ ਭਾਉ ਦਾ ਸਦਕਾ ਆ ਜਾਣਗੇ!

ਦੁਨੀ ਚੰਦ-ਭਲੀ ਗੱਲ ਹੈ, ਮੇਰੇ ਚਿਤ ਭਾਉ ਹੋ ਆਇਆ ਹੈ, ਮੈਂ ਕੂੜ ਨਹੀਂ ਕਹਿੰਦਾ। ਹਾਂ ਤਾਂ ਮੈਂ ਦਿਨੇ ਰਾਤ ਮਾਇਆ ਵੇੜ੍ਹਿਆ, ਦਬਿਆ ਪਿਆ ਲੱਖਾਂ ਦੇ ਭਾਰ ਹੇਠ, ਪਰ ਪਤਾ ਨਹੀਂ ਮੇਰਾ ਚਿੱਤ ਪੰਘਰ ਪਿਆ ਖਾਂਦਾ ਹੈ ਕਿ ਕਦ ਦਰਸ਼ਨ ਕਰਾਂ ਤੇ ਕਦੋਂ ਦੇਖਾਂ ਨੈਣਾਂ ਨਾਲ, ਭਲਾ ਜੇ ਕੋਈ ਕੌਤਕ ਮੇਰੇ ਤੇ ਬੀ ਵਰਤਾਕੇ ਮੈਨੂੰ ਬੀ ਕੋਈ ਰਾਹ ਦੱਸ ਦੇਣ, ਕੋਈ ਰੇਖ ਵਿਚ ਮੇਖ ਵੱਜੇ ਤੇ ਮੇਰਾ ਭੀ ਭਲਾ ਹੋ ਜਾਵੇ।

ਦਿਲਬਾਗ਼ ਰਾਇ-ਇਹੋ ਸੁਣੀਂਦਾ ਹੈ ਉਹਨਾਂ ਦੇ ਮੁਰੀਦਾਂ ਤੋਂ, ਜਿਨ੍ਹਾਂ ਨੂੰ ਸਿੱਖ ਕਹਿੰਦੇ ਹਨ ਕਿ ਭਾਉ ਤੇ ਰੀਝਦੇ ਹਨ। ਆਪ ਭੈ ਤੇ ਭਾਉ ਹੀ ਸਿਖਾਲਦੇ ਹਨ, ਪਿਆਰ ਹਮਦਰਦੀ, ਸੇਵਾ ਸਿਖਾਲਦੇ ਹਨ ਤੇ ਸਾਂਈ ਨਾਲ ਗ੍ਰਿਹਸਤ ਵਿਚ ਵਸਦਿਆਂ ਜੋੜ ਦੇਂਦੇ ਹਨ।

ਦੁਨੀ ਚੰਦ-ਤਾਂ ਆਸ ਹੈ, ਆਸ ਪੂਰੀ ਹੋ ਵੈਸੀ। ਹੱਛਾ! ਹੁਣ ਰਾਤ ਬਹੁਤ ਗਈ ਹੈ, ਕੱਲ ਜੇ ਤੁਸੀਂ ਸਾਰੇ ਸਜਣ ਆ ਜਾਓ ਤਾਂ ਕੱਠੇ ਰਲਕੇ ਚੱਲੀਏ।

ਦਿਲਬਾਗ਼ ਰਾਇ-ਅਸੀਂ ਹਾਜ਼ਰ ਹਾਂ, ਪਰ ਚੰਗਾ ਇਹ ਹੈ ਕਿ ਤੁਸੀਂ ਇਕੱਲੇ ਜਾਓ। ਸੁਣਿਆਂ ਇਵੇਂ ਹੈ ਕਿ ਉਹਨਾਂ ਪਾਸ ਆਪੇ ਤੇ ਇਕੱਲੇ ਗਿਆਂ ਸੁਖ ਵਧੇਰੇ ਮਿਲਦਾ ਹੈ।

ਦੁਨੀ ਚੰਦ-ਚੰਗਾ! ਕੱਲੇ ਹੀ ਸਹੀ, ਜ਼ਰਾ ਅਦਬ ਕਰਕੇ ਸੰਗਿਆ ਆਉਂਦੀ ਹੈ।

ਦਿਲਬਾਗ਼-ਸੰਗਿਆ ਕਾਹਦੀ, ਭਲੇ ਕੰਮ ਵਿਚ ਸੰਗ? ਸਾਂਈ ਦੀ ਟੇਕ ਰੱਖਕੇ ਜਾਓ, ਉਹਨਾਂ ਦਾ ਹੀ ਆਸਰਾ ਲੈਕੇ।

ਦੁਨੀ ਚੰਦ-ਭਲੀ ਗੱਲ।

੨.

**ਪੰਜਾਬ** ਦੀ ਐਰਾਵਤੀ, ਜਿਸ ਨੂੰ ਹੁਣ ਰਾਵੀ ਕਹਿੰਦੇ ਹਨ, ਆਪਣੇ ਰੰਗਾਂ ਵਿਚ ਠੁਮਕ ਠੁਮਕ ਵਗ ਰਹੀ ਹੈ। ਅੰਮ੍ਰਿਤ ਵੇਲਾ ਹੈ, ਪਛੋਂ ਵਲੋਂ ਠੰਢੀ ਠੰਢੀ ਹਵਾ ਦਰਿਯਾ ਦੇ ਪਾਣੀ ਦੇ ਗਲ ਲੱਗ ਲੱਗ ਪਿਆਰ ਲੈ ਲੈ ਆ ਰਹੀ ਹੈ। ਉਰਾਰਲੇ ਕੰਢੇ ਰੱਬੀ ਜੋਤਿ ਬੈਠੀ ਹੈ, ਸਮਾਧੀ ਲੱਗ ਰਹੀ ਹੈ, ਮਰਦਾਨਾ ਕੀਰਤਨ ਕਰ ਰਿਹਾ ਹੈ, ਇਸ ਧਰਤੀ ਦੇ ਉੱਤੇ ਅਰਸ਼ੀ ਸ਼ੋਭਾ ਛਾ ਰਹੀ ਹੈ। ਕੋਈ ਪ੍ਰੇਮੀ, ਜਾਗ ਪਿਆ ਬੰਦਾ, ਜਿਸ ਨੂੰ ਇਸ ਮਾਇਆ ਦੀ ਢੋਲ-ਕੜਕੁੱਟ ਵਿਚ ਉਹ ਬ੍ਰੀਕ ਮਹੀਨ ਅਵਾਜ਼ ਆ ਰਹੀ ਹੈ ਕਿ ਅੱਗਾ ਹੈ, ਅੱਗਾ ਹੈ; ਮੌਤ ਤੋਂ ਪਰੇ ਜੀਵਨ ਹੈ, ਇਹ ਜੀਵਨ ਥੋੜੇ ਸਮੇਂ ਦਾ ਹੈ, ਹਾਂ, ਉਹ ਸਦਾ ਦਾ ਹੈ, ਹਾਂ, ਇਸ ਸੋਝੀ ਵਾਲਾ ਬੰਦਾ, ਕੋਈ ਕੋਈ ਆਦਮੀ, ਆਕੇ ਸੀਸ ਨਿਵਾਕੇ ਚੁਪਾਤੇ ਬਹਿ ਜਾਂਦਾ ਹੈ, ਜੁੜੇ ਬੈਠੇ ਹਨ ਸਾਂਈ ਨਾਲ ਕਿੰਨੇ ਹੀ ਐਸੇ ਸੁਹਣੇ ਬੰਦੇ ਹਾਂ ਉਹ ਬੰਦੇ ਜੋ ਸਮਝ ਰਹੇ ਹਨ ਕਿ ਮੌਤ ਅੰਤ ਨਹੀਂ, ਪਰ ਇਹ ਇਕ ਹੋਰ ਜਨਮ ਹੈ, ਇਕ ਕਾਯਾਂ ਪਲਟ ਹੈ, ਹਾਲਤ ਦੀ ਤਬਦੀਲੀ ਹੈ। ਹਾਂ ਬੈਠੇ ਹਨ ਓਹ ਜਿਨ੍ਹਾਂ ਨੇ ਗੁਰੂ-ਮਿਹਰ ਨਾਲ ਸਿਵਾਤਾ ਹੈ ਕਿ ਇਹ ਲੋਕ ਮਦਰੱਸਾ ਹੈ, ਪਾਠਸ਼ਾਲਾ ਹੈ, ਜਿਥੇ ਕੋਈ ਅੰਦਰਲੀ ਜੋਤਿ ਦੀ ਵਿਸ਼ਾਲਤਾ ਦੀ ਵਿਦਯਾ ਪਾਉਣੀ ਹੈ, ਜਿਥੇ ਰਹਿਕੇ, ਤਜਰਬੇ ਕਰ ਕਰਕੇ, ਵਰਤ ਵਰਤਕੇ, ਹੱਡੀਂ ਵਾਪਰ ਵਪਰਾ ਕੇ ਜਾਚ ਸਿੱਖਣੀ ਹੈ ਕਿ "ਜੀਅ ਦਾ ਜੀਵਨ" ਕੀਹ ਹੈ। ਹਾਂ, 'ਜੀਅ ਦੇ ਜੀਵਨ' ਦੀ ਜਾਚ ਸਿੱਖਕੇ ਇਸ ਮਾਯਾ ਮੋਹ ਦੇ ਦੇਸ਼ ਵਿਚ ਇਸ ਮਾਦਾ ਪ੍ਰਕ੍ਰਿਤੀ ਜੜਤਾ ਦੇ ਅਖਾੜੇ ਵਿਚ ਘੁਲ ਘੁਲ ਕੇ, ਢਹਿ ਢਹਿਕੇ, ਢਾ ਢਾਕੇ, ਇਸ ਘੋੜ ਦੌੜ ਦੇ ਪਿੜ ਵਿਚ ਡਿੱਗ ਡਿੱਗ ਤੇ ਸਵਾਰ ਹੋ ਹੋ ਕੇ, 'ਸਦਾ ਸਵਾਰ' ਰਹਿਣ ਦੀ ਸ਼ਾਹ ਸਵਾਰੀ ਸਿਖਣੀ ਹੈ। ਹਾਂ; ਜੋ ਸਿੱਖ ਰਹੇ ਹਨ ਕਿ ਇਸ ਸਰੀਰ ਵਿਚ ਇਕ ਤਾਂ ਇਹੋ ਸਰੀਰ ਹੈ, ਇਕ ਜਾਨ ਹੈ, ਪਰ ਇਕ ਅੰਸ਼ ਚਾਨਣੇ ਦੀ-ਪ੍ਰਕਾਸ਼

ਦੀ-ਬੀ ਹੈ। ਇਹ ਰਿਸ਼ਮ ਜੋਤਿ ਦੀ ਹੈ, ਇਹ ਕਿਣਕਾ ਸਾਈਂ ਦੀ ਜ਼ਾਤ ਦਾ ਚਿਣਗਾਰਾ ਹੈ। ਉਸ ਚਿਣਗਾਰੀ ਨੂੰ ਨਿੱਕਿਆਂ ਨਹੀਂ ਹੋਣ ਦੇਣਾ, ਸੁਆਹ ਨਾਲ ਕਜੀਣ ਨਹੀਂ ਦੇਣਾ, ਉਸ ਨੂੰ ਵਿਸ਼ਾਲ ਹੋਣ ਦੇਣਾ ਹੈ, ਪਾਲਣਾ ਹੈ, ਉੱਚਾ ਵੱਡਾ, ਵਿਸਥਾਰ ਵਾਲਾ ਰੂਪ ਉਸ ਦਾ ਵੇਖਣਾ ਹੈ, ਉਸ ਨੂੰ ਸਾਂਈ ਦੀ ਮਹਾਂ ਜਯੋਤਿ ਨਾਲ ਮੇਲਣਾ ਹੈ। ਏਹ ਬੰਦੇ ਸਮਝਦੇ ਹਨ ਕਿ ਇਹ ਜੀਵਨ ਇਸ ਲਈ ਹੈ ਕਿ ਸਾਡੀ ਜਾਨ ਉਸ ਦੀ ਸੇਵਾ ਵਿਚ, ਉੱਨਤੀ ਵਿਚ ਆਪਣਾ ਤਾਣ ਲਾਵੇ। ਹਾਂ, ਇਨਸਾਨ ਦੀ ਜਾਨ 'ਸਰੀਰ' ਤੇ 'ਜੋਤਿ' ਦੇ ਕਿਣਕੇ ਦੇ ਵਿਚਕਾਰ ਖੜੀ ਹੈ। ਜੋਤਿ ਦੀ ਛੁਹ ਨਾਲ ਸਰੀਰ ਤੇ ਜੋਤਿ ਦੇ ਵਿਚਕਾਰ 'ਜਾਨ' ਪੈਦਾ ਹੋਈ ਹੈ। ਇਹ 'ਜਾਨ' ਜੋ ਮਨੁੱਖ ਜਾਮੇ ਵਿਚ ਹੈ ਬੜੀ ਉੱਤਮ ਹੈ, ਇਹ ਜੇ ਸਰੀਰ ਵੱਲ ਤਕਦੀ ਹੈ ਤਾਂ ਮਨੁੱਖ ਪਸ਼ੂ ਹੈ; ਜੇ ਜੋਤਿ ਵੱਲ ਤਕੱਦੀ ਹੈ ਤਾਂ ਮਨੁੱਖ ਦੇਵਤਾ ਹੈ। ਜੇ ਇਹ ਸਰੀਰ ਵਲ ਇੰਨਾਂ ਤੱਕੇ ਕਿ ਇਸ ਨੂੰ ਅਰੋਗ ਰੱਖੇ, ਇਸ ਦੀਆਂ ਜ਼ਰੂਰੀ ਲੋੜਾਂ ਪੂਰਨ ਕਰੇ, ਇਸ ਵਿਚ ਜੋ ਹੁਲਾਰੇ ਤੇ ਮਟਕਾਰੇ ਉਠਦੇ ਹਨ; ਉਹਨਾਂ ਦੀ ਗਿੱਚੀ ਨੂੰ ਝੂਠੇ ਵੈਰਾਗ, ਤਜਾਗ, ਤਪ, ਹਠ ਨਾਲ ਨਾ ਘੁੱਟੇ। ਹਾਂ; ਸਰੀਰ ਦੇ ਹੁਲਾਰੇ ਤੇ ਖਿੜਾਉ ਨੂੰ ਨਾ ਗੁਵਾਵੇ, ਉਸ ਦੇ ਮਸੂਮ ਰਸਦਾਈ ਖੇੜੇ ਨਾਲ ਗਮਰੁੱਠ ਨਾ ਹੋਵੇ, ਪਰ ਨਿਰੀ ਉਸ ਦੀ ਗੋਲੀ ਹੀ ਨਾ ਹੋ ਜਾਵੇ; ਸਗੋਂ ਉਸ ਦੇ ਹੁਲਾਰੇ ਨੂੰ ਲੈਕੇ ਜੋਤਿ ਵੱਲ ਤੱਕੇ; ਆਪਣੇ ਅੰਦਰ 'ਜੀਅ' ਦੀ ਸਾਰ ਲਵੇ..., ਸਾਰੇ ਸਰੀਰ ਦੇ ਹੁਲਾਸ, ਹੁਲਾਰੇ, ਪੁੰਗਾਰੇ ਤੇ ਖੇੜੇ ਉਸ ਜੀਅ ਦੇ ਜੀਵਨ' ਨੂੰ ਰਸ ਭਰੇ ਕਰਣ ਵਾਸਤੇ ਲਗਾਵੇ। ਹਾਂ, ਓਹ ਸਾਰੇ ਜਲ ਹੋਣ ਤੇ 'ਜੀਅ ਦੇ ਜੀਵਨ' ਦੀ ਕਿਆਰੀ ਸਿੰਚੀ ਜਾਣ, ਜੋ ਓਹ ਜੀਵਨ ਇਕ ਖੁਸ਼ਬੂਦਾਰ, ਮਹਿਕਾਂ ਮਾਰਨ ਵਾਲਾ, ਖਿੜਿਆ ਚਮਨ ਬਣ ਜਾਵੇ। ਐਉਂ ਜੋਤਿ ਦੇ ਅੰਗੂਰ ਨੂੰ ਲਪਟਾਂ ਮਾਰਦਾ ਬਾਗ਼ ਬਣਾਕੇ ਜਗਤ ਤੋਂ ਟੁਰੇ। ਹਾਂ, ਜੋ ਮੌਤ ਕਹੀਦੀ ਹੈ ਉਹ ਆਤਮ ਜਨਮ ਹੈ, ਉਸ ਨਵੇਂ ਆਤਮ ਜਨਮ ਵਿਚ ਰਾਜ ਪੁਤ੍ਰ ਹੋਕੇ ਸ਼ਹਿਜ਼ਾਦਾ ਹੋਕੇ, ਯੁਵਰਾਜ ਹੋਕੇ ਜੰਮੇ ਤੇ ਫੇਰ ਓਥੇ ਪਾਤਿਸ਼ਾਹੀ ਠਾਠ ਵਿਚ ਸ਼ਾਮਲ ਹੋਵੇ। ਓਥੇ ਕੰਗਾਲ, ਕੀਰ, ਨਿਰਧਨ, ਦੁਆਲੀਆ ਤੇ ਹਾਰਿਆ ਜੁਆਰੀਆ ਹੋ ਕੇ ਨਾ ਅੱਪੜੇ। ਇਸ ਪ੍ਰਕਾਰ ਦੀਆਂ ਸਮਝਾਂ ਜਿਨ੍ਹਾਂ ਦਾਨ ਕੀਤੀਆਂ ਹਨ ਗੁਰੂ ਨਾਨਕ ਨੇ, ਐਸੇ ਜਾਗ ਪਏ ਬੰਦੇ, ਭੁਲੇਂਵੇਂ ਦੀ ਨੀਂਦ ਤੋਂ ਜਾਗ ਪਏ ਦੁਲਾਰੇ ਇਸ ਅੰਮ੍ਰਿਤ ਵੇਲੇ ਬੈਠੇ ਕੀਰਤਨ ਸੁਣ ਰਹੇ ਤੇ ਅਪਣੇ ਅੰਦਰ ਜੋਤਿ ਦਾ ਅਨੰਦ ਲੈ ਰਹੇ ਹਨ ਰਾਵੀ ਦੇ ਕਿਨਾਰੇ।

ਅਸੀਂ 'ਕਹੁ ਕਬੀਰ ਇਹੁ ਰਾਮ ਕੀ ਅੰਸੁ' ਤੇ 'ਮਨ ਤੂੰ ਜੋਤਿ ਸਰੂਪੁ ਹੈਂ' ਦੇ ਵਾਕਾਂ ਅਨੁਸਾਰ ਇਸ ਸਰੀਰ ਇਸ ਜਾਨ ਜਿੰਦ ਪ੍ਰਾਣ ਤੋਂ ਸਿਵਾ ਇਕ ਕਿਣਕਾ 'ਜੀਅ' ਦਾ, ਆਤਮਾ ਦਾ, ਜੋਤੀ ਸਰੂਪ ਰਬ ਦੀ ਅੰਸ਼ ਦਾ ਆਪਣੇ ਅੰਦਰ ਰਖਦੇ ਹਾਂ। ਸਰੀਰ ਸਾਡਾ ਪਸ਼ੂ ਸ੍ਰਿਸ਼ਟੀ ਨਾਲ ਸਾਂਝਾ, ਮਾਦੇ ਦਾ, ਪ੍ਰਕ੍ਰਿਤੀ ਦਾ, ਮਾਯਾ ਦਾ ਮੜੌਲਾ ਹੈ। ਜਿੰਦ ਸਾਡੀ ਪਸ਼ੂਆਂ ਵਰਗੀ ਜਿੰਦ ਹੈ, ਕਿਉਂ ਜੋ ਉਸ ਵਿਚ ਪਸ਼ੂ ਬ੍ਰਿਤੀ ਪ੍ਰਧਾਨ ਹੈ, ਪਰ ਉਸ ਜਿੰਦ ਵਿਚ ਇਕ ਰਮਜ਼ ਬੁੱਧੀ ਦੀ ਹੈ, ਅਕਲ ਦੀ ਹੈ, ਵੀਚਾਰ ਦੀ ਹੈ। ਇਹ ਬ੍ਰਿਤੀ ਬੁੱਧੀ ਵਾਲੀ ਪਸ਼ੂ ਨਹੀਂ, ਇਹ ਮਨੁੱਖ ਬ੍ਰਿਤੀ ਹੈ। ਹਾਂ, ਉਸ ਵਿਚ ਇਕ ਸੈਨਤ ਸਿੱਧੀ ਦੀ ਹੈ, 'ਦੇਵ ਬੁੱਧੀ' ਯਾ 'ਸੁਧਿ' ਦੀ। ਹਾਂ, ਉਹ 'ਦੇਵ ਬ੍ਰਿਤੀ' ਹੈ ਜੋ ਕਦੇ ਕਦੇ ਅਵਾਜ਼ਾਂ ਦੇ ਦੇਂਦੀ ਹੈ-ਤੂੰ ਪਸ਼ੂ ਨਹੀਂ, ਤੂੰ ਮਨੁਖ ਨਹੀਂ 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣ'। ਹਾਂ, ਉਹ ਬ੍ਰਿਤੀ ਓਹ ਜੋ ਗੁੰਮ ਗੁੰਮ ਰਹਿੰਦੀ ਹੈ, ਕਦੇ ਕਦੇ ਬਿਨਾਂ ਕਾਰਨ ਤੇ ਕਾਰਜ ਦੇ ਹਿਸਾਬ ਕੀਤਿਆਂ ਚਮਕਾਰੇ ਵਾਂਙੂ ਕੁਛ ਦੱਸ ਦੇਂਦੀ ਹੈ ਤੇ ਉਹ ਸੱਚਾ ਨਿਕਲਦਾ ਹੈ। ਉਹ ਬ੍ਰਿਤੀ (ਸਿਧਿ ਯਾ ਸੁਧਿ[੧]) ਦੀ ਸਾਡੀ ਜਿੰਦ

---

੧ "ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ" ਪੁਨਾ:-ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ "ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥" 'ਸੁਰਤ' ਸਾਡੀ ਬਨਸਪਤੀ ਸ੍ਰਿਸ਼ਟੀ ਨਾਲ ਸਾਂਝੀ ਹੈ। 'ਮਤ' ਤੇ 'ਮਨ' ਜੀਵ ਸ੍ਰਿਸਟੀ ਨਾਲ ਸਾਂਝਾ ਹੈ। ਬੁਧਿ ਸਾਡੀ ਇਨਸਾਨੀ, ਕੇਵਲ ਇਨਸਾਨੀ ਪ੍ਰਾਪਤੀ ਦੀ ਵਸਤੂ ਹੈ। ਸਿਧਿ

{ਬਾਕੀ ਦੇਖੋ ਅਗਲੇ ਸਫੇ ਦੇ ਪਹਿਲੇ ਅੱਧ ਹੇਠ}☞

ਹੈ, ਉਹ ਸਾਨੂੰ ਪ੍ਰੇਰਦੀ ਰਹਿੰਦੀ ਹੈ 'ਜੀਅ ਦੇ ਜੀਵਨ' ਵੱਲ ਤੇ ਕਦੇ ਕਹਿੰਦੀ ਹੈ: ਚੱਲ 'ਜੀਅ ਦਾਨੁ ਦਾਤਿਆਂ' ਕੋਲ ਤੇ ਮੰਗ ਜੀਵਨ ਕਣੀਂ ਤੇ ਫੇਰ ਦਾਤਾ ਪਰਦਾਨ ਕਰਦਾ ਹੈ ਤੇ ਦੇਂਦਾ ਹੈ ਓਹ ਜੀਅਦਾਨ, ਜਿਸ ਪਰ ਵਾਕ ਹੈ-: "ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥"

ਪੜ੍ਹਿਆ ਆਦਮੀ ਅਨਪੜ੍ਹਾਂ ਤੋਂ ਉੱਚਾ ਹੈ ਸਿਆਣਾ ਹੈ, ਪਰ ਜੇ ਅੰਦਰੋਂ ਪਸ਼ੂ ਬ੍ਰਿਤੀ ਦੇ ਵੱਸ ਵਿਚ ਹੈ ਤਾਂ, ਓਹ ਕਿੰਨੀਆਂ ਚਤੁਰਾਈਆਂ ਕਰੇ, ਰੱਬ ਨੂੰ ਪਰਮਾਰਥ ਨੂੰ, ਉੱਚੇ ਜੀਵਨ ਨੂੰ ਜੀਅ ਦੇ ਜੀਵਨ ਨੂੰ ਟਿਚਕਰਾਂ ਕਰੇ, ਮਖ਼ੌਲ ਕਰੇ, ਆਪ ਚੰਗਾ ਬਣ ਬਣ ਬਹੇ, ਉਹ ਮੂਰਖ ਹੈ, ਉਸ ਦੀ ਅਕਲ ਨੇ ਜਿਵੇਂ ਸੁਰਤ ਤੋਂ ਤ੍ਰਕੀ ਕਰਕੇ ਮਤ ਮਨ ਤੇ ਬੁੱਧੀ ਤੱਕ ਉਨਤੀ ਕੀਤੀ ਹੈ, ਹੁਣ ਉਸ ਦੀ ਤਰੱਕੀ ਅਗਲੀ ਮੰਜ਼ਲ 'ਸੁਧਿ' ਸੀ। ਨਾ ਕਿ ਉਹ ਬੁੱਧੀ ਮੰਡਲ ਵਿਚ-ਉਰੇ ਉਰੇ ਹੀ ਅਟਕ ਕੇ-ਅਪਣੀ ਤਰੱਕੀ ਦੇ ਰਾਹ ਵਿਚ ਆਪ ਵੱਟੇ ਪਾਵੇ ਤੇ ਆਖੇ:-'ਅੱਗੇ ਕੁਛ ਨਹੀਂ, ਬਸ ਇਹੋ ਜਗ ਮਿੱਠਾ ਜੇ, ਅਗਲਾ ਮੇਰੇ ਮਨ ਦੇ ਹੱਥਯਾਰਾਂ-ਅੱਖਾਂ-ਨੇ ਨਹੀਂ ਡਿੱਠਾ, ਇਸ ਕਰਕੇ ਹੈ ਹੀ ਨਹੀਂ ਜੇ'। ਇਉਂ ਕੂਕੇ ਤੇ ਜੀਵਨ ਬਸਰ ਕਰੇ ਲਬ ਲੋਭ ਹੰਕਾਰ ਦਾ, ਉਹ ਪੜ੍ਹਿਆ ਸਤਿਗੁਰ ਨੇ ਮੂਰਖ ਆਖਿਆ ਹੈ। ਜੋ ਮਤਿ ਕਿ ਪਸ਼ੂ ਵਿਚ ਵਸਦੀ ਹੈ, ਕਿ ਜਿਸ ਵਿਚ ਕਾਰਨ ਕਾਰਜ ਨੂੰ ਸਮਝਣਾ, ਦਲੀਲ ਕਰ ਸੱਕਣੀ ਨਹੀਂ ਹੁੰਦਾ, ਜਿਸ ਦੀ ਮਤਿ ਨਹੀਂ ਸਮਝਦੀ ਕਿ 'ਕਿਉਂ ਫਲਾਣੀ ਗੱਲ ਹੋਈ' ਤੇ 'ਕਿਉਂ ਦੀ ਖੋਜ ਨਹੀਂ ਕਰ ਸਕਦੀ। ਉਹ ਮਤਿ ਜੋ ਇਨਸਾਨੀ ਅਕਲ ਬਨ ਜਾਵੇ ਤਾਂ ਕੇਡੀ ਤ੍ਰੱਕੀ ਦੀ ਗੱਲ ਹੈ? ਜਿਵੇਂ ਦੇਖੋ ਇਕ ਬਨ ਵਿਚ ਸਿਆਲ ਦੀ ਰੁੱਤੇ ਕੁਛ ਆਦਮੀ ਅੱਗ ਬਾਲ ਕੇ ਸੇਕਦੇ ਸਵੇਰੇ ਉਠਕੇ ਟੁਰ ਗਏ। ਦੂਰ ਬ੍ਰਿਛਾਂ ਤੇ ਬੈਠੇ ਬਾਂਦਰ ਦੇਖਦੇ ਰਹੇ, ਲਕੜਾਂ ਪਾਉਂਦਿਆਂ, ਸੇਕਦਿਆਂ, ਫੂਕਾਂ ਮਾਰਦਿਆਂ ਤੱਕਦੇ ਰਹੇ, ਪਰ ਸਮਝ ਨਾ ਸਕੇ ਕਿ ਅੱਗ 'ਕਿਉਂ' ਯਾ; ਕਿਵੇਂ ਬਲਦੀ ਹੈ। ਜਦ ਮਨੁੱਖ ਚਲੇ ਗਏ, ਬਾਂਦਰ ਅੱਗ ਕੋਲ ਆ ਕੇ ਢਾਣੀ ਲਾ ਕੇ ਅੱਗ ਸੇਕਦੇ ਰਹੇ ਪਰ ਅੱਗ ਬਲ ਬਲ ਕੇ ਹਿਸ ਗਈ, ਬੁਝ ਗਈ, ਲੱਕੜਾਂ ਕੋਲ ਪਈਆਂ ਰਹੀਆਂ। ਬਾਂਦਰ ਅੱਗ ਵਿਚ ਲਕੜਾਂ ਪਾ ਕੇ ਅੱਗ ਜਾਰੀ ਨਹੀਂ ਰੱਖ ਸਕੇ, ਕਿਉਂਕਿ ਬਾਂਦਰ ਦੇ ਮਨ ਵਿਚ ਮਤਿ ਤਾਂ ਹੈ ਪਰ ਬੁੱਧੀ ਨਹੀਂ ਹੈ। ਹੁਣ ਇਨ੍ਹਾਂ ਬਾਂਦਰਾਂ ਨੂੰ ਜੇ ਬੁੱਧੀ ਮਿਲੇ ਤਾਂ ਕਿੰਨੀ ਤਰੱਕੀ ਦੀ ਬਾਤ ਹੈ। ਤਿਵੇਂ ਸਮਝ ਲਓ ਮਨੁੱਖ, ਜੋ ਬੁਧੀ ਦਾ ਮਾਲਕ ਹੈ ਪਸ਼ੂਆਂ ਤੋਂ ਉਚਾ ਹੈ, ਪਰ ਉਸ ਦੀ ਬੁਧੀ ਬੀ ਇਕ ਹੱਦ ਬੰਨੇ ਵਾਲੀ ਸ਼ੈ ਹੈ। ਕਾਰਨ ਕਾਰਜ ਦੇ ਸਿਲਸਿਲੇ ਵਿਚਾਰੇ ਬਿਨਾਂ, ਇਕੋ ਤਰ੍ਹਾਂ ਦੇ ਵਾਕਯਾਤ, ਇਕੋ ਹਾਲਾਤ ਦੇ ਮੁਸ਼ਾਹਿਦੇ (ਅਵਿਲੋਕਨ) ਕੀਤੇ ਬਿਨਾਂ ਓਹ ਨਤੀਜਿਆਂ ਤੇ ਨਹੀਂ ਅੱਪੜਦਾ। ਪੰਜ ਇੰਦ੍ਰੇ ਉਸ ਦੇ ਹੱਥਯਾਰ ਹਨ, ਇਨ੍ਹਾਂ ਦੀ ਤਾਕਤ ਤੋਂ ਪਰੇ ਦੀ ਖੋਜ ਨਹੀਂ ਕੱਢ ਸਕਦਾ। ਉਸ ਦੀ ਬੁੱਧੀ 'ਜੀਵਨ ਵਿਚ ਸੁਖਾਂ ਤੇ ਲੋੜਾਂ ਦੀ ਪ੍ਰਾਪਤੀ ਦਾ' ਸੰਦ ਹੈ, ਹੱਥਯਾਰ ਹੈ; ਪਰ ਇਸ ਤੋਂ ਅੱਗੇ 'ਸੁਧਿ' ਹੈ, ਜਿਸ ਦੀ ਰਮਜ਼ ਬੀ ਇਨਸਾਨ ਵਿਚ ਹੈ। ਇਹ ਕਦੇ ਕਦੇ ਆਪਣਾ ਚਮਕਾਰ ਮਾਰਦੀ ਹੈ। ਪਰ ਇਨਸਾਨ ਇਸ ਨੂੰ ਪਕੜਦਾ, ਖੋਜਦਾ ਤੇ ਇਸ ਵਿਚ ਆਪੇ ਨੂੰ ਇਕਾਗ੍ਰ ਕਰਕੇ ਨਹੀਂ ਪਾਉਂਦਾ ਜੋ ਇਹ ਇਕ ਜੀਉਂਦੀ ਜ਼ਬਰਦਸਤ ਤਾਕਤ ਹੋਕੇ ਅੰਦਰ ਸੂਰਜ ਵਾਂਙੂ ਰੌਸ਼ਨ ਹੋ ਜਾਵੇ। ਇਨਸਾਨ ਦੀ ਅਗਲੀ ਤਰੱਕੀ ਦਾ ਡੰਡਾ ਇਹੋ ਹੈ। ਇਸ ਪਾਸੇ ਵਲੋਂ ਮੂੰਹ ਮੋੜਕੇ ਬੁੱਧੀ ਮੰਡਲ ਵਿਚ ਹੀ ਬੈਠਕੇ ਕਈ ਆਦਮੀ ਜੀਵਨ ਬਿਤਾ ਜਾਂਦੇ ਹਨ, ਪਰ ਸ਼ੋਕ ਹੈ ਹੈ ਕਿ ਕਈ ਬੁੱਧੀ ਨੂੰ ਵਿੱਦਯਾ ਵਿਗਯਾਨ ਦੀ ਸਾਣ ਤੇ ਚਾੜ੍ਹਕੇ ਅਤਿ ਤ੍ਰਿੱਖਾ ਕਰਕੇ ਫੇਰ ਪਸੂ ਬ੍ਰਿਤੀ ਵਿਚ ਹੀ

---

☞ (੪੭੦ ਸਫੇ ਦੇ ਬਾਕੀ ਟੂਕ)

ਯਾ ਸੁਧਿ ਦਾ ਕਿਣਕਾ ਸਾਡੇ ਅੰਦਰ ਦੇਵ ਸ੍ਰਿਸ਼ਟ ਦੀ ਵਸਤੂ ਹੈ ਜੋ ਉੱਚੇ ਆਤਮ ਜੀਵਨ ਦੀ ਮਾਨੋਂ ਬੁੱਧੀ ਹੈ ਜੋ ਕਾਰਨ ਕਾਰਜ ਦੀ ਗਿਣਤੀ ਗਿਣੇ ਬਿਨਾਂ ਚਮਕਾਰੇ ਮਾਰਦੀ ਹੈ। ਸਿਧਿ ਯਾ ਬੁਧਿ ਸੁਰਾਂ ਤੇ ਸਿੱਧਾਂ ਅਰਥਾਤ ਦੇਵਤਿਆਂ 'ਮੁਕੰਮਲ ਹੋ ਗਏ ਇਨਸਾਨਾਂ' (ਮਹਾਂ ਪੁਰਖਾਂ) ਦੇ ਮੰਡਲ ਦੀ ਵਸਤੂ ਹੈ।

ਦਿਨ ਬਿਤਾਉਂਦੇ ਹਨ ਤੇ ਸਰੀਰਕ ਭੁੱਖਾਂ ਲੋੜਾਂ ਤੇ ਤ੍ਰਿਸ਼ਨਾਂ ਦੇ ਪੂਰਨ ਵਿਚ ਹੀ ਸਾਰਾ ਬਲ ਬੁੱਧ ਖਰਚਦੇ ਹਨ, ਤੇ ਸਿਧਿ ਦੀ ਪ੍ਰਾਪਤੀ-ਅਗਲੀ ਤਰੱਕੀ ਨੂੰ ਟਿਚਕਰਾਂ ਕਰਦੇ ਹਨ। ਐਸੇ ਜੀਵਨ ਦੇਖਕੇ ਸਤਿਗੁਰ ਨੇ ਆਖਿਆ ਸੀ:-

"ਪੜ੍ਹਿਆ ਮੂਰਖੁ ਆਖੀਐ ਜਿਸ ਲਬੁ ਲੋਭੁ ਅਹੰਕਾਰਾ ॥" (ਵਾਰ ਮਾਝ ਮ: ੧)

ਹਾਂ ਜੀ, ਓਹ ਸੱਜਣ ਜੋ ਸਤਿਗੁਰ ਨਾਨਕ ਦੀ ਮਿਹਰ ਨਾਲ ਇਸ ਅਗਲੀ ਉੱਚੀ 'ਸੁਤੇ ਅਕਲ' ਦੀ ਤਲਾਸ਼ ਵਿਚ ਜਾਗ ਪਏ ਹਨ, ਮਰਦਾਨੇ ਦਾ ਕੀਰਤਨ ਸੁਣ ਰਹੇ ਹਨ। ਦੁਨੀ ਚੰਦ ਜੀ ਬੀ ਆ ਗਏ ਏਸ ਕੀਰਤਨ ਮੰਡਲ ਵਿਚ, ਜਿਥੇ ਮਨ ਦੇ ਪੰਜਾਂ ਇੰਦ੍ਰਿਆਂ ਦੇ ਵਿਸ਼ਿਆਂ ਦੇ ਸਪਰਸ਼ ਦਾ ਅਨੰਦ ਨਹੀਂ ਖਿੜ ਰਿਹਾ, ਜਿੱਥੇ ਬ੍ਰਿਤੀ ਸਰੀਰਕ ਭੋਗਾਂ ਦਾ ਰਸ ਨਹੀਂ ਮਾਣ ਰਹੀ, ਪਰ ਜਿੱਥੇ ਮਨ ਯਾ ਬ੍ਰਿਤੀ ਟਿਕ ਰਹੇ ਹਨ, ਜਿੱਥੇ ਇਨ੍ਹਾਂ ਦੇ ਟਿਕਾਉ ਕਰਕੇ ਬੁੱਧੀ ਕੋਈ ਕ੍ਰਿਯਾ ਨਹੀਂ ਕਰ ਰਹੀ ਤੇ ਆਪਾ ਯਾ ਅੰਦਰਲੀ ਸੁਰਤ ਵਿਹਲੀ ਹੋਕੇ ਕਿਸੇ ਹੋਸ਼ਾਂ ਦੇ ਚਸ਼ਮੇ ਵੱਲ ਆਪੇ ਨੂੰ ਲਿਆ ਰਹੀ ਹੈ; ਜਿੱਥੇ ਆਪਾ ਅਪਣੇ ਮੂਲ ਕਾਰਨ ਨਾਲ ਛੁਹ ਰਿਹਾ ਹੈ ਜੋ ਉਸ ਤੋ ਤਾਜ਼ਗੀ ਦੇਣ ਵਾਲੇ, ਜ਼ਿੰਦਗੀ ਬਖਸ਼ਣ ਵਾਲੇ ਹੁਲਾਰੇ ਆਕੇ ਆਪੇ ਨੂੰ ਖਿੜਾ ਦੇਣ, ਰਸ ਭਰ ਦੇਣ ਤੇ ਅਨੰਦ ਦੀ ਝਰਨਾਟ ਲਾ ਦੇਣ।

ਦੁਨੀ ਚੰਦ ਲਾਹੌਰ ਦਾ ਰਹਿਣ ਵਾਲਾ ਧੁੱਪੜ ਜ਼ਾਤ ਦਾ ਖੱਤ੍ਰੀ ਹੈ, ਬੜੇ ਅਮੀਰ ਵਪਾਰੀ ਦਾ ਪੁੱਤ੍ਰ ਹੈ, ਜਿਸ ਨੂੰ ਪਿਉ ਬਹੁਤ ਰੁਪੱਯਾ ਦੇ ਗਿਆ ਹੈ। ਇਹ ਬੀ ਕਿਸੇ ਲਿਖਿਆ ਹੈ ਕਿ ਲਾਹੌਰ ਦੇ ਪਰਗਣੇ ਦਾ ਅਜਾਰਾ (ਠੇਕਾ) ਹੀ ਸਰਕਾਰ ਵਲੋਂ ਇਸੇ ਦੁਨੀ ਚੰਦ ਪਾਸ ਸੀ। ਦੁਨੀ ਚੰਦ ਦੇ ਘਰ ਸੱਤ ਧ੍ਵਜਾਂ ਫਹਿਰੇਰਦੀਆਂ ਸਨ, ਅਰਥਾਤ ਸੱਤ ਝੰਡੇ ਝੁੱਲਦੇ ਸਨ। ਇਕ ਇਕ ਝੰਡਾ ਇਕ ਇਕ ਲਖ ਦੀ ਨਿਸ਼ਾਨੀ ਸੀ। ਉਸ ਸਮੇਂ ਮੂਜਬ ਸੱਤ ਲੱਖ ਦਾ ਮਾਲਕ ਹੋਣਾ ਬੜੀ ਭਾਰੀ ਅਮੀਰੀ ਸੀ। ਇਹ ਪਰ੍ਹੇ ਦਾ ਅਮੀਰ ਤੇ ਮੰਨਿਆਂ ਪ੍ਰਮੰਨਿਆਂ ਆਦਮੀ ਅੱਜ 'ਮਾਯਾ ਤੋਂ ਨਿਰਲੇਪ ਸੁਆਮੀ' ਦੇ ਦਰਬਾਰ ਆਯਾ ਹੈ, ਜੋ ਦਰਬਾਰ ਕਿ ਦਰਯਾ ਦੇ ਕੰਢੇ, ਅਕਾਸ਼ ਦੇ ਸ਼ਾਮਿਆਨੇ ਹੇਠਾਂ ਤੇ ਘਾਸ ਦੇ ਫਰਸ਼ ਉਤੇ ਸਜ ਰਿਹਾ ਸੀ। ਆਉਂਦੇ ਨੇ ਦੀਦਾਰ ਪਾਇਆ। ਨੈਣਾਂ ਨੇ ਕਟੋਰੇ ਬਣਕੇ ਦਰਸ਼ਨਾਂ ਦਾ ਸ਼ਰਬਤ ਪੀਤਾ ਰੱਜਕੇ। ਕਿਸੇ ਅਮੀਰ ਰਾਜੇ ਪਾਤਸ਼ਾਹ ਹਿਕੇ ਸਾਧ, ਬ੍ਰਾਹਮਣ, ਪੀਰ ਫਕੀਰ ਕਿਸੇ ਦੇ ਦਰਸ਼ਨ ਨਾਲ ਦੁਨੀ ਚੰਦ ਦੇ ਨੈਣਾਂ ਰਸਤੇ ਅੰਦਰ ਠੰਢ ਠੰਢ ਤੇ ਸੁਆਦ ਸੁਆਦ ਨਹੀਂ ਸੀ ਲੰਘਿਆ, ਜੋ ਇਨ੍ਹਾਂ ਦਰਸ਼ਨਾਂ ਨਾਲ ਲੰਘਿਆ ਹੈ। ਕਿੰਨਾਂ ਚਿਰ ਤੱਕਦਾ ਰਿਹਾ, ਹੋਰ ਲੋਕ ਮੱਥਾ ਟੇਕਕੇ ਬੈਠਦੇ ਸਨ, ਪਰ ਇਹ ਕਿੰਨਾਂ ਚਿਰ ਤੱਕਦਾ ਰਿਹਾ, ਫੇਰ ਸੀਸ ਨਿਵਾਇਆ ਤਾਂ ਕਿਸੇ ਸੁਆਦ ਵਿਚ ਨਿਵਾਇਆ ਹੀ ਰਹਿ ਗਿਆ, ਫੇਰ ਬੈਠਾ ਤਾਂ ਸ਼ਬਦ ਦੇ ਸੁਆਦ ਵਿਚ ਮਗਨ ਹੀ ਹੋ ਗਿਆ।

ਦੁਨੀ ਚੰਦ ਅਮੀਰ ਹੈ ਪਿੱਛੋਂ ਬੀ ਤੇ ਆਪ ਬੀ ਕਮਾਊ ਹੈ ਪਰ ਕਰੂੰਜੜੀਆਂ ਸ਼ੂਮ ਨਹੀਂ, ਨਾ ਹੀ ਪਰਾਇਆ ਲਹੂ ਨਿਚੋੜਕੇ ਧਨ ਜਮਾਂ ਕਰਦਾ ਹੈ। ਵਿਹਾਰਕ ਅਕਲ ਸੁਤੇ ਹੀ ਚੰਗੀ ਚਲਦੀ ਹੈ ਤੇ ਸਿੱਧੇ ਪੁੱਠੇ ਕੀਤੇ ਰਾਸ ਪੈਂਦੇ ਹਨ। ਨਿੰਦਕ ਦੋਖੀ ਬੀ ਨਹੀਂ: ਵੈਲਦਾਰ ਬੀ ਨਹੀਂ: ਸ਼ਰਮ ਵਾਲਾ, ਭਲਾ ਗ੍ਰਿਹਸਤੀ ਤੇ ਵਿਹਾਰੀ ਹੈ: ਪਰ ਬ੍ਰਿਤੀ ਦਿਨ ਰਾਤ ਵਿਹਾਰ ਵਿਚ ਹੈ, ਕਿਸੇ ਵੇਲੇ ਵਿਹਲੀ ਨਹੀਂ ਹੈ। ਇਸ ਦੇ ਅੰਦਰ ਕੱਲ ਦੀਆਂ ਗੱਲਾਂ ਬਾਤਾਂ ਤੋਂ ਕੋਈ ਭਾਵ ਉਪਜ ਆਇਆ ਹੈ, ਜਿਹਦਾ ਬੱਧਾ ਅੱਜ ਆਇਆ ਹੈ। ਉਸ ਦੇ ਮਿਤ੍ਰ ਤੇ ਦਲਾਲ ਆਦਿ ਸੱਜਣ ਬੀ ਆਏ ਬੈਠੇ ਹਨ ਜੋ ਕੱਲ ਗੱਲਾਂ ਬਾਤਾਂ ਕਰਦੇ ਸਨ।

ਜਦੋਂ ਕੀਰਤਨ ਦਾ ਭੋਗ ਪੈ ਗਿਆ ਤੇ ਸੱਜਣ ਜਨ ਮੱਥਾ ਟੇਕ ਟੇਕ ਵਿਦਾ ਹੋਣ ਲਗੇ ਤਾਂ ਦੁਨੀ ਚੰਦ ਨੇ ਅੱਗੇ ਹੋਕੇ ਮੱਥਾ ਟੇਕਿਆ, ਸਤਿਗੁਰਾਂ ਨੇ ਸਿਰ ਤੇ ਹੱਥ ਧਰਿਆ, ਸਮਰੱਥ ਗੁਰਾਂ ਸਿਰ ਹੱਥ ਧਰਿਆ, ਆਖਿਓਨੇ-'ਆ ਭਾਈ! ਕਰਤਾਰ ਭਲਾ ਕਰੇ।'

ਦੁਨੀਚੰਦ-ਹੇ ਗੁਰੂ ਜੀ ! ਦਾਤੇ ਜੀ; ਮਿਹਰ ਕਰੋ: ਦਾਸ ਦੇ ਗ੍ਰਿਹਿ ਚਰਨ ਪਾਓ ! ਦਾਸ ਦੇ ਪਿਤਾ ਦਾ ਸ਼ਰਾਧ ਹੈ, ਕੱਲ ਦਾਸ ਨੇ ਬ੍ਰਹਮ ਭੋਜ ਕੀਤਾ ਹੈ, ਆਪ ਸਾਂਗੇ ਸਿਰ ਨਗਰੀ ਨੂੰ ਪਵਿਤ੍ਰ ਕਰ ਰਹੇ ਹੋ, ਦਾਸ ਦੇ ਘਰ ਨੂੰ ਬੀ ਪਵਿੱਤ੍ਰ ਕਰ ਦਿਓ,

ਮਿਹਰ ਹੈ!

ਗੁਰੂ ਜੀ-ਭਾਈ ! ਤੂੰ ਕੌਣ ਹੈਂ ?

ਦੁਨੀ ਚੰਦ-ਸੱਚਿਆ ਗੁਰੂ ਸਾਹਿਬਾ। ਤੇਰਾ ਕੀਤਾ ਤੇਰਾ ਹਾਂ ਦਾਸ, ਇਸ ਨਗਰੀ ਵਿਚ ਵੱਸਦਾ ਇਕ ਮਾਇਆਧਾਰੀ ਹਾਂ। ਮਾਇਆਧਾਰੀ ਮੂਰਖ ਹੁੰਦਾ ਹੈ-ਇਕੋ ਵਹਿਣ ਦਾ ਸ਼ੁਦਾਈ। ਪਰ ਤੇਰਾ ਜਸ ਸੁਣਕੇ ਆਯਾ ਹਾਂ, ਦਿਲ ਉਮਾਹਿਆ ਹੈ ਜੋ ਤੇਰੇ ਦਰਸ਼ਨ ਰੱਜਕੇ ਕਰਾਂ, ਮੇਰਾ ਘਰ ਪਵਿੱਤਰ ਹੋਵੇ।

ਗੁਰੂ ਜੀ-ਫਕੀਰਾਂ ਨੂੰ ਅਮੀਰਾਂ ਨਾਲ ਕੀਹ? ਬਨੀਂ ਫਿਰੰਦਿਆਂ ਨੂੰ ਘਰਾਂ ਮੰਦਰਾਂ ਨਾਲ ਕੀਹ?

ਦੁਨੀ ਚੰਦ ਚੁੱਪ ਹੋ ਗਿਆ, ਅੰਦਰੋਂ ਵਿਰਾਗ ਵਿਚ ਗਿਆ ਕਿ ਮਾਯਾ ਕੇਹੀ ਬੁਰੀ ਬਲਾ ਹੈ, ਜਿਸਨੂੰ ਮੈਂ ਸਭ ਸੁਖ਼ਦਾਤੀ ਤੇ ਸਭ ਤੋਂ ਵੱਡੀ ਸਮਝਦਾ ਸੀ, ਇਹ ਜੋਤ ਸਰੂਪ ਨੂੰ ਉਹ ਮੋਏ ਸੱਪ ਵਾਂਗੂੰ ਪਰੇ ਸੱਟ ਦੇਣ ਜੋਗੀ ਸ਼ੈ ਦੀਹਦੀ ਹੈ। ਮੈਂ ਹੁਣ ਕਿਵੇਂ ਕਰਾਂ? ਆਖਾਂ:-ਮੈਂ ਮਾਇਆ ਛੱਡੀ ਹੈ, ਪਰ ਅਜੇ ਪਿਆਰੀ ਲਗਦੀ ਹੈ। .... ਹੈਂ, ਪਰ ਹੁਣ ਤਾਂ ਇਹ ਮੂਰਤ ਬੀ ਪਿਆਰੀ ਲਗਦੀ ਹੈ, ਕਿਵੇਂ ਕਰਾਂ? ਹੱਛਾ ! ਫੇਰ ਇਕ ਵੇਰੀ ਚਾ ਆਖਾਂ!

ਦੁਨੀ ਚੰਦ-ਤੁਸੀ ਸੁਚੇ ਤੇ ਉਚੇ ਹੋ ਡਾਢੇ, ਹਾਂ ਜੀ, ਉਚੇ (ਬੁੱਲ੍ਹ ਖ਼ਿੜਕਣ ਲਗ ਪਏ) ਤੇ ਮੈਂ.... ਮੈਂ.... ਹਾਂ ਜੀ-ਨੀਵਾਂ, ਮਾਇਆ ਤੇ ਬੈਠਾ, ਆਖਦੇ ਹਨ... ...ਜਿਕੂੰ... ਹੁੰਦਾ ਹੈ ਕੋਈ ਅਸਰਾਲ, ਵੱਡਾ ਸੱਪ, ਪਰ ਜੀ...ਤੁਸੀਂ...।

ਸਤਿਗੁਰ ਨੇ ਹੁਣ ਸਿਰ ਤੇ ਫੇਰ ਹੱਥ ਧਰਿਆ ਤੇ ਆਖਿਆ:-ਹੱਛਾ ਦੁਨੀ ਚੰਦ ! ਆਵਾਂਗੇ ਅਸੀਂ ਆਪ ਤੇਰੇ ਘਰ, ਫਿਕਰ ਨਾ ਕਰ ਤੇ ਨਾ ਘੱਲੀਂ ਕੋਈ ਬੰਦਾ ਲੈਣ ਨੂੰ, ਅਸੀਂ ਆਵਾਂਗੇ ਆਪੇ।

ਦੁਨੀ ਚੰਦ ਖਿੜ ਗਿਆ, ਖੁਸ਼ ਹੋ ਗਿਆ; ਮਾਨੋਂ ਅਜ ਅੱਠਵੀਂ ਧ੍ਵਜਾ ਖੜੀ ਕੀਤੀ ਸੁ। ਨਮਸਕਾਰ ਕੀਤੀਓਸੁ ਤੇ ਘਰ ਆ ਗਿਆ।

੩.

**ਸ੍ਰੀ** ਗੁਰੂ ਬਾਬਾ ਜੀ ਆਪੇ ਆ ਗਏ ਦੁਨੀਚੰਦ ਦੇ ਘਰ। ਅੱਗੇ ਬੜੀਆਂ ਤਿਆਰੀਆਂ ਹੋ ਰਹੀਆਂ ਸਨ। ਨਗਰੀ ਦੇ ਸਾਰੇ ਬ੍ਰਾਹਮਣ ਆਏ ਹੋਏ ਸਨ। ਪ੍ਰੋਹਿਤ ਵਿਧੀ ਸੰਯੁਕਤ ਕਰਾ ਰਿਹਾ ਸੀ ਸ੍ਰਾਧ। ਬ੍ਰਾਹਮਣਾਂ ਤੋਂ ਵੱਖਰੇ ਸ਼ਹਿਰ ਵਿਚ ਰਹਿਣ ਵਾਲੇ ਸਾਧੂ, ਜੋਗੀ, ਸੰਨਯਾਸੀ ਤੇ ਬਾਹਰੋਂ ਆਕੇ ਟਿਕੇ ਹੋਏ ਅਤਿੱਥੀ ਅਭ੍ਯਾਗਤ ਸਾਰੇ ਜਮਾਂ ਸਨ। ਇਨ੍ਹਾਂ ਤੋਂ ਛੁਟ ਟੱਬਰ ਕਬੀਲਾ ਸਾਕ ਸੈਨ, ਮਿੱਤ੍ਰ ਸੱਜਣ ਵਪਾਰਾਂ ਦੀਆਂ ਸਾਂਝਾਂ ਵਾਲਿਆਂ ਦਾ ਇਕ ਭਾਰੀ ਜਮਘਟ ਸੀ। ਸਭ ਨੂੰ ਹਰਯਾਨ ਕਰ ਸੱਟਣ ਵਾਲੀ ਗੱਲ ਇਹ ਸੀ ਕਿ ਭੀੜਾਂ, ਜਸ਼ਨਾਂ, ਮਜਲਸਾਂ, ਉਤਸਵਾਂ ਤੇ ਦਿਖਾਵੇ ਦੇ ਸਮਾਗਮਾ ਤੋਂ ਦੂਰ ਰਹਿਣ ਵਾਲਾ ਚੋਟੀ ਦਾ ਪੁਰਖ-ਜਿਸ ਨੂੰ ਅਜੇ ਤਕ ਸਾਰੇ ਸਮੇਂ ਦੇ ਫਕੀਰ ਕਲਿਜੁਗ ਵਿਚ 'ਮੁਸ਼ਕਿਆ ਤਪਾ' ਸੱਦਦੇ ਸਨ ਤੇ ਮੁਸਲਮਾਨ 'ਵਲੀ' ਤੇ 'ਕਾਮਲ ਬਾ ਕਮਾਲ' ਕਹਿੰਦੇ ਸਨ, ਉਹ ਮਾਇਆ ਧਾਰੀ ਦੁਨੀ ਚੰਦ ਦੇ ਘਰ ਆਇਆ ਹੈ। ਇਸ ਜ਼ਾਹਰਦਾਰੀ ਦੀ ਰਸਮ ਦੇ ਵੇਲੇ, ਇਸ ਦਿਖਾਵੇ ਦੇ ਅਡੰਬਰ ਤੇ, ਅਤੇ ਫੇਰ ਸ੍ਰਾਧ ਤੇ। ਪਰ ਕਿਸੇ ਨੂੰ ਕੀਹ ਪਤਾ ਸੀ ਕਿ ਹੋਰ ਸਭਨਾਂ ਨੇ ਦੁਨੀ ਚੰਦ ਦੀ ਮਾਯਾ ਤੋਂ ਕੁਛ ਨਾ ਕੁਛ ਲਾਭ ਲੈਕੇ ਜਾਣਾ ਹੈ, ਤਾਂਤੇ ਓਹ ਸਾਰੇ; ਚਾਹੇ ਕੋਈ ਹਨ, ਇਕ ਤਰ੍ਹਾਂ ਦੇ ਭਿਖਾਰੀ ਸੁਰਤ ਵਾਲੇ ਹਨ ਤੇ ਇਸ 'ਮੁਸ਼ਕੇ ਤਪੇ' ਨੇ, ਹਾਂ ਇਲਾਹੀ ਸੁਗੰਧੀ ਨਾਲ ਬੁਹੇ ਤੇ ਬੁਹ ਰਹੇ ਅਰਸ਼ੀ ਕਸਤੂਰੀ ਦੇ ਜੀਉਂਦੇ ਨਾਪੇ ਨੇ. ਦੁਨੀ ਚੰਦ ਦੀ ਦੌਲਤ ਤੋਂ ਵਰੋਸੀਣਾ ਨਹੀਂ, ਸਗੋਂ ਉਸਨੂੰ ਇਸ ਧਨ ਦੇ ਲੋਭ ਤੋਂ ਛੁਡਾ ਕੇ ਕਿਸੇ ਉਚੇ ਧਨ ਦਾ ਮਾਲਕ ਬਣਾ ਜਾਣਾ ਹੈ। ਉਸ ਨੂੰ ਕੁਛ ਦੇਣਾ ਹੈ। ਜੋ ਦੁਨੀ ਚੰਦ ਦੇ ਸਕਦਾ ਹੈ ਉਹ ਨਹੀਂ ਲੈਣਾ ਪਰ ਜਿਸ ਵਿਚ ਦੁਨੀ ਚੰਦ ਕੰਗਾਲ ਹੈ, ਓਹ ਧਨ ਉਸ ਨੂੰ ਦੇਣਾਂ ਹੈ, ਤਾਂ ਤੇ ਇਹ ਦਾਤਾ ਹੈ। ਚਾਹੋ ਅਮੀਰ ਦੇ ਘਰ ਆਇਆ ਹੈ, ਪਰ ਉਹ ਵਰੋਸਾਉਂਦਾ ਬਦਲ ਕੁਛ ਅਮਰੀ ਮੀਂਹ ਵਸਾਉਂਣ, ਕੁਛ ਦਾਨ ਦੇਣ ਹੀ ਆਇਆ ਹੈ। ਲੈਣ ਦੀ ਤਾਂ ਬ੍ਰਿਤੀ ਹੀ ਗੁਰੂ ਨਾਨਕ ਦੀ ਨਹੀਂ ਹੈ। ਉਹ ਤਾਂ ਸਦਾ ਦਾਤਾ ਹੈ, ਅਮੀਰ ਦੇ ਘਰ ਆਯਾ ਹੈ, ਅਮੀਰ ਦੇ ਭਾਵ ਦੇ ਕਾਰਨ ਪ੍ਰੇਮ ਤੇ ਸ਼ਰਧਾ ਕਰਕੇ[੧]।

[੧] ਪੁਰਾਤਨ ਜਨਮ ਸਾਖੀ:-"ਤਬੇ ਓਹ ਆਇ ਕਰ ਬਾਬੇ ਜੀ ਕਉ ਭਾਉ ਕਰਿ ਕੈ ਲੈ ਗਇਆ !"

ਇਹੋ ਤਾਂ ਗੁਰੂ ਨਾਨਕ ਦੇਵ ਜੀ ਸਮਦ੍ਰਿਸ਼ਟੀ ਹੈ। ਜੋ ਰੂਹ ਪ੍ਰੇਮ ਦੇ ਘਰ ਆਈ; ਚਾਹੋ ਅਮੀਰ ਹੈ ਚਾਹੋ ਗ਼ਰੀਬ, ਚਾਹੋ ਕੰਗਾਲ ਹੈ, ਚਾਹੋ ਰਾਜਾ; ਚਾਹੋ ਕਿਰਤੀ ਹੈ ਚਾਹੋ ਵਿਹਾਰੀ, ਉਸ ਪਰ ਮਿਹਰ ਕਰ ਦਿਤੀ ਹੈ, ਅਰਥਾਤ ਜੋ ਮਨ ਯਾਚਕ ਹੋਇਆ ਉਸ ਨੂੰ ਰੱਬ ਦੇ ਨਾਮ ਦਾ ਦਾਨ ਦੇ ਦਿੱਤਾ ਹੈ। ਨੀਚਾਂ ਤੋਂ ਨਫ਼ਰਤ ਨਹੀਂ, ਊਚਾਂ ਦੀ ਖਿੱਚ ਨਹੀਂ, ਨਿਵੇਂ ਹੋਏ ਉੱਚਿਆਂ ਤੋਂ ਸੂਗ ਨਹੀਂ, ਹੰਕਾਰੀ ਤੇ ਮੁਗਧ ਨੀਚਾਂ ਨਾਲ ਖਿੱਚ ਨਹੀਂ। ਜਿੱਥੇ ਭਾਵ ਹੈ ਓਥੇ ਗੁਰੂ ਨਾਨਕ ਹੈ ਜਿਥੇ ਗੁਰੂ ਨਾਨਕ ਹੈ ਓਥੇ ਆਤਮ ਜਾਗ੍ਰਤ ਹੈ, ਰੱਬ ਨਾਲ ਨੇਹੁੰ ਹੈ, ਨਾਮ ਵਿਚ ਲਗਨ ਹੈ; ਜੀਅ ਦਾ ਜੀਵਨ ਹੈ, ਜੀਅ ਦਾਨ ਦੀ ਲਗਨ ਹੈ।

ਹੁਣ ਸ਼੍ਰਾਧ ਦਾ ਸਾਮਾਨ ਤਿਆਰ ਸੀ। ਬ੍ਰਹਮਣ ਜੀਉਣ ਬੈਠੇ, ਜੀਂਵੇਂ, ਦੱਖਣਾਂ ਮਿਲੀਆਂ, ਇਕ ਇਕ ਕਰਕੇ ਸਾਰੇ ਵਿਦਾ ਹੋਏ। ਸਾਧੂ ਅਭਿਆਗਤ ਸਾਰੇ ਖਾ ਪੀ, ਰੁਪੱਯੇ ਲੈਕੇ ਰਾਹੇ ਪੈ ਗਏ। ਵਿਹਲਾ ਹੋਕੇ ਦੂਨੀ ਚੰਦ ਸਤਿਗੁਰਾਂ ਪਾਸ ਆਇਆ। ਆਪ ਨੂੰ ਇਕ ਸੁਹਣੇ ਕਮਰੇ ਵਿਚ ਬਿਠਾਇਆ ਹੋਇਆ ਸੀ, ਜਿਥੇ ਆਪ ਆਪਣੇ ਰੰਗ ਰਵ ਰਹੇ ਸੇ। ਜਦ ਦੁਨੀ ਚੰਦ ਨੇ ਕਿਹਾ: 'ਆਪ ਨੇ ਫੁਰਮਾਇਆ ਸੀ, ਅਸੀਂ ਪਿੱਛੋਂ ਛਕਾਂਗੇ, ਹੁਣ ਰੀਤੀ ਵਾਲਾ ਕਾਰਜ ਹੋ ਗਿਆ ਹੈ, ਆਗਜਾ ਦਿਓ ਤਾਂ ਭੋਜਨ ਲਿਆਵਾਂ, ਮੈਂ ਪਰੋਸਾਂ, ਆਪ ਛਕੋ, ਦੇਖਾਂ ਤੇ ਅੱਖਾਂ ਠਰਨ?' ਤਦ ਬਾਬੇ ਮੁਸਕ੍ਰਾਕੇ ਪੁਛਿਆ: 'ਦੁਨੀ ਚੰਦ! ਤੇਰੇ ਅੱਜ ਕੀਹ ਹੈਸੀ?'

ਦੁਨੀ ਚੰਦ-ਮਾਲਕ ਜੀ ! ਪਿਤਾ ਜੀ ਦਾ ਸ੍ਰਾਧ ਸੀ।

ਗੁਰੂ ਜੀ-ਹੋ ਗਿਆ ?

ਦੂਨੀ ਚੰਦ-ਵਿਧੀ ਪੂਰਬਕ, ਸ਼ਾਸਤ੍ਰ ਮ੍ਰਿਯਾਦਾ ਅਨੁਸਾਰ ਪ੍ਰੋਹਿਤ ਨੇ ਠੀਕ ਠੀਕ ਕੀਤਾ ਹੈ।

ਗੁਰੂ ਜੀ-ਤੇਰਾ ਤੇ ਪ੍ਰੋਹਤ ਦਾ ਕੀ ਪ੍ਰਯੋਜਨ ਸੀ?

ਦੂਨੀ ਚੰਦ-ਜੀ ਪਿਤ੍ਰੀ ਸੇਵਾ! ਜੋ ਇਤਨਾ ਆਹਾਰ ਦਿਤਾ ਹੈ ਪਿਤਾ ਦੇ ਨਮਿੱਤ ਕਿ ਤਿਸਨੂੰ ਪ੍ਰਾਪਤ ਹੋਵੇ।

ਗੁਰੂ ਜੀ-ਫੇਰ ਉਸਨੂੰ ਪ੍ਰਾਪਤ ਹੋ ਗਿਆ ਹੈ ?

ਦੁਨੀ ਚੰਦ-ਜੀ ਪ੍ਰੋਹਿਤ ਆਖਦਾ ਸੀ ਕਿ "ਤੇਰਾ ਪਿਤਾ ਤ੍ਰਿਪਤ ਹੋਇਆ ਹੈ। ਕੋਈ ਨਹੀਂ ਆਨ ਪੂਰਬਕ ਕਲਜੁਗ ਵਿਚ ਐਸਾ ਸ੍ਰਾਧ ਕਰਾਉਂਦਾ ਜੈਸਾ ਤੂੰ ਕਰਵਾਯਾ ਹੈ।" "ਤੇਰਾ ਦਾਨ ਸਫ਼ਲ ! ਤੇਰੇ ਪਿਤ੍ਰ ਤ੍ਰਿਪਤ !" ਇਸ ਤਰ੍ਹਾਂ ਅਸ਼ੀਰਵਾਦ ਦੇਕੇ ਗਏ ਹਨ ਸਾਰੇ।

ਗੁਰੂ ਜੀ-ਹੱਛਾ !

'ਹੱਛਾ' ਕਹਿਕੇ ਆਪ ਨੇ, ਇਕ ਠੰਢਾ ਸਾਹ ਲਿਆ, ਪਹਿਲਾਂ ਅਰਸ਼ਾਂ ਵਲ ਤੱਕਿਆ ਤੇ ਫਿਰ ਦੁਨੀ ਚੰਦ ਵੱਲ, ਆਖਿਆ:-

ਸੁਣ ਦੁਨੀ ਚੰਦ ! ਸਾਰੀਆਂ ਗੱਲਾਂ ਭਾਉਹੀਣ ਹੋ ਗਈਆਂ ਹਨ, ਪ੍ਰੋਹਿਤ ਤ੍ਰਿਪਤਿਆ ਹੈ; ਬ੍ਰਾਹਮਣ ਤ੍ਰਿਪਤੇ ਹਨ, ਪਰ ਤੇਰਾ ਪਿਤਾ ਨਹੀਂ ਤ੍ਰਿਪਤਿਆ; ਉਹ ਤ੍ਰੈ ਦਿਨ ਦਾ ਭੁੱਖਾ ਹਈ, ਇਉਂ ਸਮਝ ਲੈ ਕੋਈ ਤ੍ਰੈ ਦਿਨ ਦਾ ਭੁੱਖਾ ਬਘਿਆੜ..., ਹਾਂ, ਤੇਰਾ ਪਿਤਾ ਅਤ੍ਰਿਪਤ ਹਈ।

ਦੁਨੀ ਚੰਦ ਕੰਬ ਗਿਆ:-ਹੈਂ ! ਮੇਰੇ ਐਨੇ ਜਤਨ ਤੇ ਪਿਤਾ ਤ੍ਰਿਪਤਿਆ ਨਹੀਂ? ਤੇ ਬਘਿਆੜ ਭੁੱਖਾ ! ਚੇਤਾ ਆਇਆ-ਇਹ ਗੁਰੂ ਕੌਤਕਹਾਰ ਹੈ, ਇਸ ਦੇ ਕਰਨੇ ਅਸਚਰਜ ਹਨ, ਕੋਈ ਗਲ ਵਾਪਰਨ ਲੱਗੀ ਹੈ, ਇਹ ਜਾਣੀ ਜਾਣ ਪੁਰਖ ਹੈ, ਕੁਛ ਸੱਚ ਦਰਸਾਏਗਾ।-ਤਾਂ ਫੇਰ ਹੱਥ ਜੋੜ ਕੇ ਬੋਲਿਆ:-

ਜੀ, ਮੇਰਾ ਪਿਤਾ ਕਿੱਥੇ ਹੈ? ਕਿਵੇਂ ਅਤ੍ਰਿਪਤ ਹੈ? ਮੈਨੂੰ ਬੀ ਦਰਸ਼ਨ ਹੋਵੇਗਾ ਕਿ ਮੇਰੀ ਪਹੁੰਚ ਤੋਂ ਪਰੇ ਹੈ? ਜੀਓ ! ਜੇ ਮਿਹਰ ਹੋਵੇ ਤਾਂ ਦੱਸ ਪਾਓ?

ਗੁਰੂ ਬਾਬਾ-ਪੱਛੋਂ ਉਤਰ ਰੁਖ਼ ਨੂੰ ਚਲਾ ਜਾਹ ਬਨ ਵਿਚ ਦਰਿਆ ਦੇ ਬੇਲੇ, ਓਥੇ ਤੈਨੂੰ ਇਕ ਬਘਿਆੜ ਦਿੱਸੇਗਾ ਭੁੱਖਾ ਪਿਆ ਹੋਇਆ, ਡਰਨਾ ਨਹੀਂ; ਉਥੇ ਤੈਨੂੰ ਫਿਰ ਪਿਤਾ ਹੂਬਹੂ ਖੜਾ ਦਿੱਸੇਗਾ, ਤੇਰੇ ਨਾਲ ਬਾਤਾਂ ਬੀ ਕਰੇਗਾ। ਉਹ ਤੈਨੂੰ ਦੱਸੇਗਾ ਕਿ ਮੈਂ ਅਤ੍ਰਿਪਤ ਹਾਂ ਤੇ ਤੇਰੇ ਸ਼ਰਾਧ ਮੇਰੇ ਅਰਥ ਨਹੀਂ ਆਏ।

ਤਦ ਦੁਨੀਚੰਦ ਵਿਆਕੁਲ ਹੋਕੇ ਉੱਠ ਟੁਰਿਆ। ਠੀਕ ਦੱਸੇ ਟਿਕਾਣੇ ਪਹੁਤਾ, ਤਾਂ ਉਜਾੜ ਹੈ ਤੇ ਦਿੱਸਦਾ ਕਿਛੁ ਨਹੀਂ। ਜਾਂ ਇਕ ਝਾੜੀ ਵੱਲ ਤੱਕੇ ਤਾਂ ਬਘਿਆੜ ਦਾ ਝਾਉਲਾ ਪਿਆ, ਜਾਂ ਅੱਗੇ ਵਧਿਆ ਤਾਂ ਕੀਹ ਵੇਖੇ ਕਿ ਬਘਿਆੜ ਪਿਆ ਹੈ ਤੇ ਉਸਦੇ ਸਰੀਰ ਵਿਚੋਂ ਕੋਈ ਚਿੱਟਾ ਧੂੰਆਂ ਜਿਹਾ

ਉੱਠ ਰਿਹਾ ਹੈ। ਉਠਦਾ ਉਠਦਾ ਉਹ ਧੂੰਆਂ ਖੜਾ ਹੋ ਗਿਆ; ਫੇਰ ਉਸ ਦੇ ਹੱਥ ਪੈਰ ਦਿੱਸ ਆਏ ਤੇ ਉਹ ਮਨੁੱਖ ਰੂਪ ਵਿਚ ਦਿੱਸਣ ਲੱਗ ਪਿਆ। ਜਾਂ ਦੂਨੀ ਚੰਦ ਸਿਆਣੇ ਤਾਂ ਕੀਹ ਸਿਆਣੇ ਕਿ ਮੇਰਾ ਹੀ ਪਿਤਾ ਹੈ। ਪੈਰੀਂ ਪਉਣਾ ਆਖਿਓਸੁ ਤਾਂ ਪੁੱਛਣ ਲੱਗਾ ਪਿਤਾ ਜੀ! ਤੁਸੀਂ ਤ੍ਰਿਪਤ ਹੋ ਕਿ ਅਤ੍ਰਿਪਤ ?

ਪਿਤਾ-ਅਤ੍ਰਿਪਤ।

ਪੁੱਤਰ-ਮੇਰਾ ਸ੍ਰਾਧ ਤੁਸਾਂ ਨੂੰ ਨਹੀਂ ਪਹੁਤਾ ?

ਪਿਤਾ-ਨਹੀਂ ਪਹੁਤਾ।

ਪੁੱਤਰ-ਕਿਉ ਪਿਤਾ ਜੀ?

ਪਿਤਾ-ਬੇਟਾ! ਸਾਰੇ ਜਗਤ ਵਿਚ ਵਿਹਾਰ ਚੱਲ ਰਹੇ ਹਨ, ਪਿਆਰ ਕਿਤੇ ਨਹੀਂ ਤੇ ਫੇਰ ਸੱਤਜਾਵਾਨ ਕੌਣ ਹੈ ! ਸਾਂਈਂ ਨਾਲ ਪ੍ਰੋਤਾ ਕੌਣ ਹੈ ਅਸੀਂ ਕਿੱਥੇ! ਤੁਸੀਂ ਕਿੱਥੇ! ਬ੍ਰਹਮਣ ਕੌਣ ਹੈ ! ਸਾਧੂ ਕੋਣ ਹੈ !

ਦੂਨੀ ਚੰਦ-ਪਿਤਾ ਜੀ ! ਤੁਸੀਂ ਇਸ ਹਾਲ ਵਿਚ ਕਿਉਂ ਪਹੁੰਚ ਗਏ ?

ਪਿਤਾ-ਬੇਟਾ! ਜਨਮ ਧਾਰਕੇ ਸਾਂਈਂ ਨਾਲ ਨੇਹੁੰ ਨਾ ਲੱਗਾ। ਸੁਰਤ ਸਾਰੀ ਉਮਰਾ ਵਿਹਾਰਾਂ ਵਿਚ ਰਹੀ, ਲੈਣ ਲੈਣ ਸੁਰਤ ਕਰਦੀ ਰਹੀ, ਅਮਿੱਤ ਧਨ ਕੱਠੇ ਕਰਕੇ ਹੋਰ ਹੋਰ ਮੰਗਦੇ ਰਹੇ, ਸੋ ਸੁਰਤ ਵਿਚ ਭੁੱਖ ਦਾ ਸੁਭਾਵ, ਪ੍ਰਾਪਤੀ ਕਰਕੇ ਬੀ ਨਾ ਰੱਜੇ ਰਹਿਣ ਦਾ ਸੁਭਾਵ, ਵਾਪਰ ਗਿਆ, ਤ੍ਰਿਪਤਿ ਨਾ ਆਈ। ਫੇਰ ਪੂਰੇ ਪੁਰਖ ਦਾ ਸੰਗ ਨਾ ਹੋਇਆ; ਜਿਸ ਨੂੰ ਮੈਂ ਮੰਤ੍ਰ ਦਾਤਾ ਥਾਪਿਆ ਉਹ ਫੋਕਾ ਕਰਮ ਕਾਂਡੀ ਸੀ, ਉਹ ਸਾਂਈਂ ਦੇ ਪ੍ਰੇਮ ਵਾਲਾ ਨਹੀਂ ਸੀ, ਮਰਕੇ ਪਤਾ ਲੱਗਾ ਹੈ ਕਿ ਸਾਂਈਂ ਦਾ ਪ੍ਰੇਮ ਸਭ ਤੋਂ ਉੱਚਾ ਧਰਮ ਹੈ। ਮੇਰੇ ਮੁਰਸ਼ਿਦ ਨੇ ਮੈਨੂੰ ਕਿਹਾ ਕਿ 'ਤੂੰ ਮੱਛੀ ਖਾਣੀ ਛੱਡ ਦੇਹ?' ਉਸ ਕਿਹਾ ਇਸ ਛਡਣੇ ਕਰ ਮੇਰਾ ਉਧਾਰ ਹੋਏਗਾ? ਹਾਂ 'ਜੇ ਤੂੰ ਮੇਰਾ ਬਚਨ ਮੰਨਕੇ ਛੱਡੇਂਗਾਂ ਤਾਂ ਹੋਏਗਾ।' ਮੇਰੇ ਅੰਦਰ ਇਹ ਨਿਸ਼ਚਾ ਬੱਝ ਗਿਆ। ਇਕ ਦਿਨ ਓਨ ਆਖਿਆ ਜੇ ਤੂੰ ਮੱਛੀ ਖਾਧੀ ਤਾਂ ਤੂੰ ਬਘਿਆੜ ਦਾ ਜਨਮ ਪਾਏਂਗਾ। ਇਹ ਗੱਲ ਬੀ ਪੱਕ ਗਈ, ਮੇਰੇ ਦਿਲ ਬਹਿ ਗਈ। ਜਦੋਂ, ਬੇਟਾ ! ਮੇਰਾ ਅੰਤ ਵੇਲਾ ਆਇਆ ਤਾਂ ਨਾਲ ਦੇ ਘਰ ਕੋਈ ਮੱਛੀ ਰਿੰਨ੍ਹ ਰਿਹਾ ਸੀ, ਉਸ ਦੀ ਵਾਸ਼ਨਾ ਆਈ, ਐਸੀ ਪਿਆਰੀ ਲੱਗੀ ਜੋ ਮੈਂ ਚਾਹਾਂ ਕਿ ਕਿਵੇਂ ਮੱਛੀ ਖਾਵਾਂ। ਅੰਤ ਸਮੇਂ ਇਹੋ ਵਾਸ਼ਨਾਂ ਬੱਝੀ, ਇਸੇ ਵਿਚ ਪ੍ਰਾਣਾਂਤ ਹੋ ਗਏ। ਬੇਟਾ ਜੀਓ ! ਜਦੋਂ ਮੈਂ ਦੇਹ ਤੋਂ ਬਾਹਰ ਆਇਆ ਤਾਂ ਰਚਨਾ ਹੀ ਹੋਰ ਸੀ, ਮੈਂ ਜੋ ਜੀਉਂਦਿਆਂ ਇੰਨਾਂ ਅਮੀਰ ਸਾਂ ਹੁਣ ਕਿਸੇ ਅਤ੍ਰਿਪਤ ਭੁੱਖ ਵਿਚ ਸਾਂ ਤੇ ਮੈਂ ਸਾਰੀ ਉਮਰ ਆਪਾ ਹੀ ਲੋਚਿਆ ਸੀ ਤੇ ਦੂਜਿਆਂ ਤੋਂ ਕਿਸੇ ਨਾ ਕਿਸੇ ਤਰ੍ਹਾਂ ਲੈਕੇ ਜਮਾਂ ਕਰਦਾ ਰਿਹਾ ਸਾਂ, ਮੈਂ ਕੀ ਡਿੱਠਾ ਕਿ ਮੈਂ ਇਕੱਲਾ ਹਾਂ, ਪਰ ਹਾਂ ਉਸੇ ਤਰ੍ਹਾਂ ਜਿਵੇਂ ਜ਼ਿਮੀ ਤੇ ਸਾਂ। ਫੇਰ ਮੈਂ ਦੇਖਾਂ ਕਿ ਮੈਂ ਤਾਂ ਬਘਿਆੜ ਵਰਗਾ ਹਾਂ। ਜ਼ਿਮੀਂ ਉਤੇ ਤੁਸੀਂ ਬੀ ਡਾਢੇ ਭੁੱਖੇ ਨੂੰ ਬਘਿਆੜ ਆਖਦੇ ਹੋ, ਸੋ ਮੈਂ ਦੇਖਾਂ ਕਿ ਮੈਂ ਬਘਿਆੜ ਵਾਂਕੂ ਭੁੱਖਾ ਹਾਂ, ਇਕੱਲਾ ਹਾਂ, ਨੰਗਾ ਹਾਂ, ਕੁਈ ਆਪਣੀ ਹੀ ਕੈਦ ਹੈ ਤੇ ਮੈਂ ਕੈਦੀ ਹਾਂ। ਕੀਹ ਕੀਹ ਦੱਸਾਂ? ਮੈਂ ਤਦ ਤੋਂ ਹੁਣ ਤਕ ਦੁਖੀ ਸਾਂ। ਤੂੰ ਅੱਜ ਮਿਹਰ ਕੀਤੀ ਹੈ ਜੋ ਅਪਣੇ ਘਰ ਰੱਬ ਦੇ ਰੂਪ ਨੂੰ ਸੱਦਿਆ ਹੈ, ਉਸ ਦੇ ਚਰਨਾਂ ਦੀ ਤੁਫ਼ੈਲ ਮੈਂ ਫੇਰ ਇਸ ਵੇਲੇ ਆਪਣੇ ਆਪ ਨੂੰ ਆਦਮੀ ਦੇਖ ਰਿਹਾ ਹਾਂ, ਹਨੇਰਾ ਹਟ ਰਿਹਾ ਹੈ, ਚਾਨਣ ਪੈ ਰਿਹਾ ਹੈ, ਪਿਆਰ ਤੇ ਦਰਦ ਕਰਨ ਵਾਲੇ ਲੋਕ ਦੁਆਲੇ ਆ ਰਹੇ ਹਨ... ਲਓ ਬੇਟਾ ਜੀ। ਤੁਸਾਡਾ ਭਲਾ ਹੋਵੇ, ਮੈਨੂੰ ਸੁਹਣਾ ਰਸਤਾ ਦਿੱਸ ਪਿਆ ਹੈ: ਉੱਪਰ ਨੂੰ ਚੱਲਿਆ ਹਾਂ, ਤੁਸੀਂ ਜਾਓ! ਪਰ ਮੈਨੂੰ ਜੋ ਹੁਣ ਦਿੱਸ ਆਇਆ ਹੈ ਆਖਦਾ ਹਾਂ ਮੈਂ ਘਣੇ ਦੁੱਖ ਪਾਏ ਹਨ, ਤੁਸੀਂ ਏਥੇ ਆਕੇ ਦੁਖ ਨਾ ਪਾਉਣੇ, ਰੱਬ ਦੀ ਜੋਤ, ਜੋ ਤੁਹਾਡੇ ਘਰ ਬੈਠੀ ਹੈ, ਉਸ ਦੇ ਚਰਨੀ ਲੱਗ ਜਾਓ, ਜੋ ਆਖੇ ਸੋ ਕਰੋ ਤਾਂ ਸੁਖ ਪਾਓਗੇ, ਮਨੁੱਖਾ ਜਨਮ ਐਵੇਂ ਨਾ ਗੁਆ ਲੈਣਾ। ਪਰ ਮਗਰੋਂ ਇਥੇ ਹਾਹੁਕਾ ਇਹੋ ਲੱਗਦਾ ਹੈ ਕਿ ਉਹ ਕੱਠੀ ਕੀਤੀ ਦੌਲਤ ਕਿਸ ਕੰਮ ਆਈ[੧] ? ਉਸ ਜਗਤ ਵਿਚ ਖੱਟਿਆ 'ਨਾਮਣਾ' ਤੇ 'ਜੱਸ' ਇਥੇ ਇਕ ਕੌਡੀ

---

[੧] ਪਾਪਾਂ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
{ਆਸਾ ਮਹਲਾ ੧}

ਮੁੱਲ ਨਹੀਂ ਪਾਉਂਦਾ[1] ਨਾ ਉਤਮ ਕੁਲ, ਨਾ ਉਚੀ ਜ਼ਾਤ ਦਾ ਅੱਗੇ ਕੁਛ ਮੁੱਲ ਹੈ, ਨਾ ਅੱਗੇ ਜੋਰ ਦੀ ਕੁਛ ਕਦਰ ਹੈ। ਜਰਵਾਣੇ ਤੇ ਹਾਕਮ, ਜ਼ਾਲਮ ਤੇ ਧੱਕੇ ਖੋਰਾਂ ਦਾ ਜ਼ੋਰ ਓਥੇ ਹੀ ਰਹਿ ਜਾਂਦਾ ਹੈ। ਇਹ ਲੋਕ ਨਿਤਾਣੇ ਹੁੰਦੇ ਹਨ[2]। ਓਥੇ ਕਿ ਜਿਥੇ ਤੂੰ ਹੈਂ ਸ਼ੁਭ ਕਰਨੀ, ਰੱਬ ਦਾ ਜਸ, ਉਸ ਦਾ ਨਾਮ ਸਿਮਰਣ ਕੀਤਾ ਹੋਇਆ ਏਥੇ ਕੰਮ ਆਉਂਦਾ ਹੈ[3]। ਮੈਂ ਹੁਣ ਇਸ ਨਵੇਂ ਚਾਣਨੇ ਪਏ ਵਿਚ, ਜੋ ਗੁਰੂ ਨਾਨਕ ਦੀ ਮਿਹਰ ਨਾਲ ਪਿਆ ਹੈ, ਇਹ ਕੁਛ ਸੱਚ ਤੇ ਸਾਫ ਦੇਖ ਰਿਹਾ ਹਾਂ ਤੇ ਤੁਸਾਨੂੰ ਦੱਸ ਰਿਹਾ ਹਾਂ। "ਲਉ ਬੇਟਾ ਜੀ ਅਸੀਸ!"

ਇਹ ਕਹਿੰਦਿਆਂ ਉਹ ਪਿਤਾ ਦੀ ਸੂਰਤ ਉੱਪਰ ਨੂੰ ਉਠਦੀ ਉਠਦੀ ਘੁਲਦੇ ਜਾਂਦੇ ਬੱਦਲ ਵਾਂਙੂ ਗੁੰਮ ਹੋ ਗਈ[4], ਪਰ ਦੁਨੀ ਚੰਦ ਕੀ ਦੇਖਦਾ ਹੈ ਕਿ ਇਕ ਹੋਰ ਸੂਰਤ ਬੜੇ ਤੇਜ ਵਾਲੀ ਸੁਹਣੀ ਤੇ ਪਿਆਰੀ ਓਥੇ ਆ ਗਈ ਤੇ ਆਖਣ ਲੱਗੀ:-

ਡਿੱਠਾ ਹਈ ਪਿਉ ਦਾ ਹਾਲ, ਵਡੇ ਦਨੀਆਂਦਾਰ ਦਾ? ਵਡਾ ਹੋਕੇ ਮੋਇਆ ਮਾਇਆ ਦੇ ਮੋਹ ਤੇ ਨੀਵੇਂ ਕਰਮਾਂ ਵਿਚ ਦੇ ਜਕੜਬਦਾਂ ਵਿਚ, ਅਪਣੇ ਗਲ ਸਾਰੀ ਉਮਰ ਸੰਗਲ ਪਾਉਂਦਾ ਰਿਹਾ[5], ਮਰਕੇ ਬੀ ਧਰਤੀ ਦੇ ਨਾਲ ਹੀ ਸੀਤਾ ਰਿਹਾ ਤੇ ਪਸ਼ੂ ਬ੍ਰਿਤੀ ਵਿਚ ਸਾਰੀ ਉਮਰ ਵਰਤਣ ਕਰਕੇ ਪਸ਼ੂ ਸੁਭਾਵ ਵਿਚ ਵਿਚਰਦਾ ਦੁੱਖ ਪਾਉਂਦਾ ਰਿਹਾ।

[1] ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥ {ਜਪੁਜੀ-੭}

[2] ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥ {ਆਸਾ ਦੀ ਵਾਰ}

[3] ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ। ਥਾਉ ਨ ਹੋਵੀ ਪਉਦੀਈ ਹੁਣਿ ਸੁਣਿਐ ਕਿਆ ਰੂਆਇਆ। ਮੰਨਿ ਅੰਧੈ ਜਨਮੁ ਗਵਾਇਆ॥ {ਆਸਾ ਦੀ ਵਾਰ

[4] ਅਸ ਕਹਿ ਸੁਰਗ ਬਿਖੈ ਚਲਿ ਗਯੋ॥ ਦੁਨੀ ਚੰਦ ਸੁਨਿ ਅਚਰਜ ਭਯੋ॥ {ਗੁ: ਨਾ: ਪ੍ਰ:}

[5] ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ। {ਆਸਾ ਦੀ ਵਾਰ}

ਦੁਨੀ ਚੰਦ-ਹੇ ਰੱਬ ਵਾਲੇ ਤੁਸੀਂ ਕੌਣ ਹੋ?

ਸੂਰਤ-ਅਸੀਂ ਇਸ ਦੁਨੀਆਂ ਵਿਚ, ਜੋ ਤੁਸਾਂ ਦੇ ਭਾਣੇ ਹੈ ਹੀ ਨਹੀਂ, ਸੇਵਾ ਕਰਨ ਵਾਲੇ ਹਾਂ। ਤੁਸਾਡੀ ਦੁਨਿਆਂ ਵਿਚੋਂ, ਜੋ ਲੋਕ ਜਨਮ ਬਿਰਥਾ ਗੁਆਕੇ ਆਉਂਦੇ ਹਨ, ਉਹਨਾਂ ਨੂੰ ਮੱਤਾਂ ਦੇ ਦੇ ਕੇ ਜਗਾਉਂਦੇ ਹਾਂ, ਭਲਾ ਜੇ ਹੁਣ ਹੀ ਸਮਝਣ, ਤਾਂ ਕੁਛ ਚਾਨਣੇ ਵੱਲ ਰੁਖ ਹੋ ਜਾਏ, ਪਰ ਉਥੋਂ ਆਪੇ ਨੂੰ ਲੋਕੀ ਇੰਨਾ ਖ਼ਰਾਬ ਕਰਕੇ ਲਿਆਉਂਦੇ ਹਨ ਕਿ ਜਿਵੇਂ ਕੋਈ ਛੋਲੇ ਦੇ ਦਾਣੇ ਨੂੰ ਦੋ ਫਾੜ ਕਰ ਦੇਵੇ। ਜੇ ਦਾਣਾ ਸਬੂਤ ਰਹੇ ਤਾਂ ਉੱਗਣ ਦੀ ਆਸ ਹੋ ਸਕਦੀ ਹੈ, ਪਰ ਦੁਫਾੜ ਦਾਣਾ ਕੀਕੂੰ ਉੱਗੇ[1]। ਫਿਰ ਬੀ ਇਥੇ ਰੱਬ ਦੀ ਰਹਿਮਤ ਸਦਾ ਵਰਤਦੀ ਹੈ, ਲੋਕੀਂ ਦੁੱਖੜੇ ਭਰ ਭਰਕੇ, ਸਾਡੀਆਂ ਮਿਹਨਤਾਂ ਨਾਲ ਸਾਡੇ ਉਪਦੇਸ਼ ਸੁਣਕੇ, ਸਾਂਈ ਵੱਲ ਰੁਖ਼ ਕਰਦੇ ਹਨ ਤਾ ਸਹੇੜੀ ਮੈਲ ਧੋਪਦੀ ਹੈ। ਕੋਈ ਫੇਰ ਸਿੱਖਣ ਵਾਸਤੇ ਜਗਤ ਨੂੰ ਜਾਂਦੇ ਹਨ, ਕੋਈ ਇਥੋਂ ਤ੍ਰਕੀ ਵੱਲ ਟੁਰ ਪੈਂਦੇ ਹਨ, ਨਾਨਾ ਅਵਸਥਾ ਹਨ ਜੋ ਕਹਿਣੀਆਂ ਕਠਨ ਹਨ।

ਦੁਨੀ ਚੰਦ-ਮੇਰਾ ਪਿਤਾ ਹੁਣ ਕਿੱਥੇ ਗਿਆ ਹੈ? ਮਰਕੇ ਕੀ ਹੁੰਦਾ ਹੈ?

ਸੂਰਤ-ਉਸ ਦਾ ਉਹ ਸ਼ਰੀਰ-ਜਿਸ ਨੂੰ ਪ੍ਰੇਤ ਪਿੰਜਰ ਕਹਿੰਦੇ ਹਨ ਤੇ ਜੋ ਬਘਿਆੜ ਦਾ ਸੀ-ਟੁੱਟ ਗਿਆ ਹੈ ਤੇ ਹੁਣ ਉਹ ਉਸ ਵੇਗ਼ ਵਿਚ ਪਾਇਆ ਗਿਆ ਹੈ, ਜਿਥੇ ਉਸ ਨੂੰ ਹੋਸ਼ ਆਈ ਹੈ ਕਿ ਮੈਂ ਰੂਹ ਹਾਂ ਤੇ ਮੇਰੇ ਅੱਗੇ ਚਾਣਨ ਹੀ ਚਾਨਣ ਹੀ ਹੈ, ਤੇ ਮੈਂ ਜੇ ਮਿਹਨਤ ਕਰਾਂ ਤਾਂ ਹਲਕੇ ਤੋਂ ਹਲਕਾ ਤੇ ਸੁਹਣਾ ਹੁੰਦਾ ਉੱਪਰ ਉੱਪਰ ਨੂੰ ਉਠਦਾ ਚਲਾ ਜਾਵਾਂਗਾ। ਉਹ ਸੁਖ ਵਾਲੇ ਥਾਂ ਨੂੰ ਸਮਝ ਗਿਆ ਹੈ।

੧. ਜਦੋਂ ਸਰੀਰ ਛੁੱਟਦਾ ਹੈ ਤਾਂ ਧਰਤੀ ਨਾਲ ਪਿਆਰ ਕਰਨ ਵਾਲੇ ਤੇ ਮੋਟੀਆਂ ਵਾਸ਼ਨਾਂ ਵਿਚ ਉਮਰ ਬਿਤਾਉਣ ਵਾਲੇ ਤੇ ਸ਼ਰੀਰ ਦੇ ਰਸਾਂ ਨੂੰ ਹੀ ਸਾਰੀ ਉਮਰਾ ਪਾਲਣ ਵਾਲੇ ਲੋਕ ਧਰਤੀ ਤੇ ਹੀ ਰਹਿ ਜਾਂਦੇ ਹਨ। ਸ਼ਰੀਰ ਵਿਚੋਂ ਇਕ ਹੋਰ ਸੂਖਮ

[1] ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥ ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥ {ਆਸਾ ਦੀ ਵਾਰ}

ਸਰੀਰ ਨਿਕਲਦਾ ਹੈ, ਇਸ ਨੂੰ ਤੁਹਾਡੇ ਪੜ੍ਹੇ ਲੋਕੀਂ ਲਿੰਗ ਸ਼ਰੀਰ ਕਹਿੰਦੇ ਹਨ। ਇਹ ਬੀ ਆਪਣੇ ਆਪ ਵਿਚ ਸੂਖਮ ਤੇ ਸਥੂਲ ਹੁੰਦਾ ਹੈ। ਕਈਆਂ ਦੇ ਲਿੰਗ ਸ਼ਰੀਰ ਇੰਨੇ ਸਥੂਲ ਹੁੰਦੇ ਹਨ ਕਿ ਧਰਤੀ ਤੇ ਹੀ ਰਹਿ ਜਾਂਦੇ ਹਨ ਤੇ ਉਹਨਾਂ ਗੱਲਾਂ ਵਿਚ ਤੇ ਉਹਨਾਂ ਥਾਂਵਾਂ ਵਿਚ ਭਟਕਦੇ ਹਨ ਕਿ ਜਿਨ੍ਹਾਂ ਨਾਲ ਸਾਰੀ ਉਮਰਾ ਮੋਹ ਕਰਦੇ ਰਹੇ ਹਨ। ਉਸ ਵਿਚ ਵਰਤਦੇ ਰਹਿੰਦੇ ਹਨ। ਜੋ ਆਪ ਨੂੰ ਬਣਾਉਂਦੇ ਰਹੇ ਸੋ ਬਣ ਗਿਆ, ਵਾਸ਼ਨਾ, ਤ੍ਰਿਸ਼ਨਾ, ਭੋਗ, ਮੋਟੇ ਕਰਮਾਂ ਦਾ ਸੁਭਾਵ ਸਰੀਰ ਛੱਡਕੇ ਬੀ ਸਰੀਰ ਵਾਂਙੂ ਪਿਆ ਵਰਤਦਾ ਹੈ ਤੇ ਦੁਖੀ[1] ਕਰਦਾ ਹੈ।

੨. ਫਿਰ ਓਹ ਲੋਕ ਆਉਂਦੇ ਹਨ ਜੋ ਘੋਰ ਪਾਪ ਕਰਦੇ, ਲੋਕਾਂ ਨੂੰ ਸਤਾਉਂਦੇ, ਪਸ਼ੂਆਂ ਵਾਂਙੂ ਖੂਨ ਖਰਾਬੇ ਕਰਦੇ ਪੱਥਰ ਹੋ ਗਏ ਹਨ[2] ਓਹ ਆ ਕੇ ਬੜੇ ਭਿਆਨਕ ਥਾਂਈ ਆਪਣੇ ਪਕਾਏ ਸੁਭਾਵਾਂ ਵਿਚ ਕਸ਼ਟ ਪਾਉਂਦੇ ਹਨ, ਉਹ ਇਕ ਤਰ੍ਹਾਂ ਦੀ ਨਗਨਤਾ ਵਿਚ ਹੁੰਦੇ ਹਨ[3] ਕਸ਼ਟਾਂ ਵਿਚ ਹੁੰਦੇ ਹਨ। ਓਹੋ ਮਾੜੇ ਕਰਮ ਕਰਦੇ, ਉਨ੍ਹਾਂ ਕ੍ਰੋਧਾਂ, ਕਸ਼ਟਾਂ, ਬੁਰਾਈਆਂ ਵਿਚ ਵਰਤਦੇ ਦੁਖ ਪਾਉਂਦੇ ਹਨ। ਹਾਂ; ਦੁਖ, ਕਸ਼ਟ, ਹਨੇਰਾ, ਘਬਰਾ[4] ਹੁੰਦਾ ਹੈ। ਜਿਵੇਂ ਉਸੀਂ ਜੀਉਂਦੇ ਜੀ ਮਾੜੇ ਕਰਮਾਂ ਕਰਕੇ ਕਈ ਵੇਰ ਘਬਰਾ ਪ੍ਰਤੀਤ ਕਰਦੇ ਹੋ। ਇਨ੍ਹਾਂ ਪਾਪੀਆਂ ਨੂੰ ਦੰਡ ਇਹੋ ਹੈ ਜੋ ਆਪਣਾ

[1] ਪ੍ਰੇਤ ਪਿੰਜਰ ਨਹਿ ਦੂਖ ਘਨੇਰੇ॥ {ਮਾਰੂ ਮ:੧}

[2] ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ॥ {ਆਸਾ: ਵਾ: ਮ:੧}

[3] ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥ ਕਰਿ ਅਉਗਣ ਪਛੋਤਾਵਣਾ॥੧੪॥ {ਵਾਰ ਆਸਾ ਮਹਲਾ ੧}

[4] ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥ {ਗੂਜਰੀ ਕੀ ਵਾਰ ਮਹਲਾ ੫}

ਪੁਨਾ-ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ {ਵਾਰ ਆਸਾ ਮਹਲਾ ੧}

ਕੀਤਾ ਹੀ ਪਾਉਂਦੇ ਹਨ[1]। ਏਹ ਕਠੋਰ ਲੋਕ ਸਮਝਾਯਾਂ ਬੀ ਨਹੀਂ ਸਮਝਦੇ, ਉਸ ਤਰ੍ਹਾਂ ਹਨੇਰੇ ਵਿਚ ਦੁਖ ਭਰਦੇ ਹਨ; ਪਰ ਸਾਂਈ ਦੀ ਰਹਿਮਤ ਇਨ੍ਹਾਂ ਲਈ ਬੀ ਜਤਨ ਕਰਦੀ ਹੈ। ਏਹ ਜਦ ਪਛੁਤਾਉਂਦੇ ਪਾਪ ਕਰਦੇ ਹਨ ਤਾਂ ਪਛੁਤਾਵੇ ਦੀ ਪੀੜਾ ਨਾਲ, ਜੋ ਅਸਹਿ ਕਸ਼ਟ ਹੁੰਦਾ ਹੈ ਉਸ ਨਾਲ ਮੈਲ ਧੋਪਣ ਲਗ ਜਾਂਦੀ ਹੈ ਅਰ ਜੋ ਪਛੁਤਾਉਂਦੇ ਰਹਿਣ ਤੇ ਅਰਦਾਸ ਵਿਚ ਆ ਜਾਣ ਤਾਂ ਸਹਿਜੇ ਸਹਿਜੇ ਰਸਤੇ ਪੈ ਜਾਂਦੇ ਹਨ। ਅਸੀਂ ਲੋਕ ਇਨ੍ਹਾਂ ਵਿਚ ਬੀ ਜਾਂਦੇ ਤੇ ਆਪ ਹੂਲਦੇ ਹਾਂ ਕਿ ਕਿਵੇਂ ਏਹ ਪਸ਼ਚਾਤਾਪ ਦੇ ਰਾਹੇ ਪੈਕੇ ਅਰਦਾਸ ਵਿਚ ਆ ਜਾਣ। ਤੁਹਾਡੇ ਪਾਸਿਓਂ ਬੀ ਨਾਮ ਵਾਲੇ ਉਚੇ ਲੋਕ ਇਨ੍ਹਾਂ ਦੁਖੀਆਂ ਦੀ ਮਦਦ ਕਰ ਸਕਦੇ ਹਨ ਜਿਵੇਂ 'ਧੰਨ ਸਤਿਗੁਰ ਨਾਨਕ' ਨੇ ਅੱਜ ਤੇਰੇ ਪਿਤਾ ਦਾ ਪ੍ਰੇਤ ਪਿੰਜਰ ਸਮਾਪਤ ਕਰਕੇ ਆਤਮ ਦੁਨੀਆਂ ਵਿਚ ਉਸ ਤਰੱਕੀ ਦੇ ਰਸਤੇ ਪਾ ਦਿੱਤਾ ਹੈ। ਇਹ ਯਾਦ ਰਖੋ ਕਿ ਧਰਤੀ ਕਰਮ ਭੂਮੀ ਹੈ, ਓਥੋਂ ਦਾ ਬੀਜਿਆ ਏਥੇ ਉਗਦਾ ਹੈ[2] ਇੱਥੇ ਆ ਕੇ ਉਗਾਉਣਾ ਕਠਨ ਕੰਮ ਹੈ ਮਹਾਨ ਕਠਨ ਕੰਮ ਹੈ।

ਦੁਨੀ ਚੰਦ-ਫੇਰ ਮਹਾਰਾਜ ਜੀ! ਸਾਡੇ ਸ਼ਰਾਧ ਕੀਤੇ ਨਿਸ਼ਫਲ ਜਾਂਦੇ ਹਨ? ਕਿਉਂ ਜੋ ਮੇਰੇ ਸ਼ਰਾਧ ਨਾਲ ਪਿਤਾ ਅਤ੍ਰਿਪਤ ਹੀ ਰਿਹਾ।

ਸੁਰਤ-ਭਾਈ! ਤੂੰ ਮਾਯਾ ਵਿਚ ਲਿਵ ਧਾਰੀ ਹੈ, ਤੇਰਾ ਬਲ ਮਾਇਆ ਦੇ ਲੋਕ ਵਿਚ ਹੈ, ਇਹ ਲੋਕ, ਜਿਸ ਨੂੰ ਤੂੰ ਇਸ ਵੇਲੇ ਵੇਖ ਰਿਹਾ ਹੈਂ, ਸ਼ੁਭ ਸੰਕਲਪਾਂ ਦਾ ਲੋਕ ਹੈ। ਜੇ ਤੇਰੀ ਲਿਵ ਰੱਬ ਵਿਚ ਲਗਨ ਵਾਲੀ ਹੁੰਦੀ ਤਾਂ ਲਿਵ ਦੀ ਤਾਰ ਉੱਤੇ ਤੇਰੀ ਅਸੀਸ, ਤੇਰੀ ਬੇਨਤੀ, ਤੇਰੀ ਸ਼ੁਭ ਵਾਸ਼ਨਾ

[1] ਆਪੇ ਬੀਜਿ ਆਪੇ ਹੀ ਖਾਹੁ ॥ {ਜਪੁਜੀ}

[2] ਕਰਮ ਭੂਮਿ ਮਹਿ ਬੋਅਹੁ ਨਾਮੁ॥ {ਗਉੜੀ ਗੁਆ: ਮ:੫- ੭੩-੧੭੬}

ਪੁਨਾ-ਹੁਣ ਵਤੈ ਹਰਿ ਨਾਮੁ ਨ ਬੀਅਹੁ ਅਗੈ ਭੁਖਾ ਕਿਆ ਖਾਏ॥ {ਆਸਾ ਮ:੪}

ਪੁਨਾ:-ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ॥ {ਵਡਹੰਸ ਅਲਾਹਣੀਆ ਮ:੧}

ਆ ਜਾਂਦੀ। ਫੇਰ ਤੇਰੀ ਕਮਾਈ ਬਹੁਤ ਮਾੜੀ ਨਹੀਂ; ਅਕਸਰ ਲੋਕ ਤਾਂ ਚੋਰੀ, ਯਾਰੀ, ਦਗ਼ਾ, ਫਰੇਬ, ਘੱਟ ਤੋਲਣਾ; ਠੂੰਗਾ ਮਾਰਨਾ, ਧੋਖਾ ਦੇਣਾ; ਯਾ ਜ਼ੋਰ ਜ਼ੁਲਮ ਨਾਲ ਪਦਾਰਥ ਕਮਾਉਂਦੇ ਹਨ; ਉਸ ਵਿਚੋਂ ਸ਼ਰਾਧ ਕਰਕੇ ਚਾਹੁੰਦੇ ਹਨ ਪਿਤ੍ਰਾਂ ਦੀ ਗਤੀ ਹੋਵੇ; ਇਹ ਮੂਰਖਤਾ ਨਹੀਂ ਤਾਂ ਕੀ ਹੈ[1]? ਨੇਕੀ ਨਾਲ ਕਮਾਇਆ; ਹਾਂ ਧਰਮ ਕਿਰਤ ਦੀ ਖੱਟੀ ਖੱਟਕੇ ਵਿਚੋਂ ਦਾਨ ਕਰਕੇ ਜੋ ਪਰਮੇਸ਼ੁਰ ਦੇ ਭਰੋਸੇ ਵਾਲਾ ਕਿਸੇ ਪਿਤ੍ਰ ਦੇ ਨਮਿੱਤ ਕੁਛ ਦੇਵੇ; ਉਸ ਸਥੂਲ ਦਾਨ ਦੇ ਆਸਰੇ ਉਸ ਦੀ ਸੁਰਤ ਜੁੜੇ ਤਾਂ ਉਸ ਦਾ ਪਿਆਰ, ਉਸ ਦੀ ਅਸੀਸ; ਉਸ ਦੀ ਅਰਦਾਸ ਉਸ ਦੇ ਦਿਤੇ ਦੀ ਪਰਵਾਨਗੀ ਤੋਂ ਮਿਹਰ; ਖੁਸ਼ਬੋ ਤੇ ਠੰਢ ਉਸ ਦੇ ਪਿਤਰਾਂ ਤੱਕ ਅੱਪੜ ਸੱਕੇ[2] ਹੋਰ ਰਸਮੀ ਦਿਤੇ ਖੀਰਾਂ ਪੂੜੇ ਤਾਂ ਪ੍ਰਤੱਖ ਕਊਆ ਕੂਕਰ ਬਾਹ੍ਮਣ ਹੀ ਖਾ ਜਾਂਦੇ ਹਨ[3]।

ਦੂਨੀ ਚੰਦ-ਸੁਹਣੇ ਜੀ! ਮੈਂ ਤਾਂ ਮੈਲਾ ਸਾਂ; ਮਾਯਾ ਦੇ ਪਿਆਰ ਕਰਕੇ ਭਾਰਾ ਸਾਂ; ਮੇਰੀ ਭਾਵਨੀ ਧਰਤੀ ਤੋਂ-ਜਿਵੇਂ ਤੁਸਾਂ ਕਿਹਾ ਹੈ-ਉਚੀ ਨਹੀਂ ਸੀ ਉਠ ਸਕਦੀ, ਪਰ ਜਿਹੜੇ ਮੈਂ ਬਾਹ੍ਮਣ ਜਿਵਾਲੇ, ਵੇਦ ਪਾਠੀ, ਕਰਮਾਚਾਰੀ, ਪ੍ਰੋਹਿਤ ਬੁਲਾਏ ਤੇ ਉਨ੍ਹਾਂ ਵਿਧੀ ਪੂਰਬਕ ਕਾਰਜ ਕੀਤਾ, ਉਹ ਕਿਉਂ ਨਿਸ਼ਫਲ ਗਿਆ?

ਸੁਰਤ-ਜਗਤ ਦਾ ਹਾਲ ਬਾਹਰੋਂ ਹੋਰ ਹੈ, ਅੰਦਰੋਂ ਹੋਰ ਹੈ। ਲੋਕ ਨਿਮਾਜ਼ਾਂ ਪੜ੍ਹਦੇ ਹਨ, ਪਰ ਓਹ ਮਨੁੱਖਾਂ ਦੀ ਰੱਤ ਨਿਚੋੜਨਹਾਰੇ ਹੁੰਦੇ ਹਨ ਅਪਣੇ ਕਰਮਾਂ ਵਿਚ। ਜਿਨ੍ਹਾਂ ਦੇ ਗਲ ਯਗਯੋਪਵੀਤ ਲਟਕ ਰਿਹਾ ਹੁੰਦਾ ਹੈ ਸੋ ਕਈ ਵੇਰ ਛੁਰੀਆਂ ਫੇਰਨ ਵਾਲੇ ਕਸਾਈ ਹੁੰਦੇ ਹਨ ਕਰਮਾਂ ਤੇ ਵਾਸ਼ਨਾਂ ਵਿਚ, ਉਹਨਾਂ ਦੇ ਘਰੀਂ ਬ੍ਰਾਹਮਣ ਅੰਨ ਪਾਉਂਦੇ ਹਨ। ਐਸੇ ਕੁਧਾਨ ਖਾਣ ਵਾਲੇ ਬ੍ਰਾਹਮਣਾਂ ਵਿਚ ਕੀਹ ਸਤਯਾ ਰਹਿ ਸਕਦੀ ਹੈ? ਫੇਰ ਬ੍ਰਾਹਮਣਾਂ ਦੇ ਕਰਮ[1] ਕੀ ਹਨ? ਬਗਲ ਸਮਾਧੀਆਂ ਲਾਉਂਦੇ ਹਨ, ਵਰਤੋਂ ਝੂਠ ਦੀ ਹੁੰਦੀ ਹੈ, ਗਲ ਮਾਲਾ, ਮੱਥੇ ਤਿਲਕ, ਧੋਤੀ, ਸਿਖਾ ਸੂਤ, ਸਭ ਭੇਖ ਪੂਰਨ ਪਰ ਬ੍ਰਹਮ ਤੇ ਨੇਸ਼ਟਾ ਨਹੀਂ, ਨਾਮ ਦੀ ਅਰਾਧਣਾ ਨਹੀਂ, ਲਿਵ ਲੱਗੀ ਨਹੀਂ ਤੇ ਸਾਕਤ ਅਵਸਥਾ ਹੈ[2]। ਉਸ ਬ੍ਰਾਹਮਣ ਨੂੰ ਖੁਲਾਇਆ ਕਿਸ ਕੰਮ ਜਿਸ ਨੇ ਇੰਦ੍ਰਿਆਂ ਨੂੰ, ਮਨ ਨੂੰ ਸੰਜਮ ਵਿਚ ਨਹੀਂ ਕੀਤਾ, ਉਸ ਨੂੰ ਤਾਂ ਆਪ ਦਰਗਾਹ ਵਿਚ ਸ਼ਰਮਿੰਦਗੀ ਮਿਲਣੀ ਹੈ[3] ਉਹ ਕਿਵੇਂ ਕਿਸੇ ਦਾ ਉਧਾਰ ਕਰ ਸਕਦਾ ਹੈ। ਜੋ ਆਪ ਨਾਮ ਨਹੀਂ ਜਪਦਾ ਤੇ ਰਸਦਾਇਕ ਪਦਾਰਥਾਂ ਨੂੰ ਭੋਗਦਾ ਹੈ, ਉਸ ਨੇ ਤਾਂ ਆਪ ਸ਼ਰਮਿੰਦਾ ਹੋਣਾ ਹੈ, ਉਸ ਦਾ ਖਾਧਾ ਕਿਵੇਂ ਕਿਸੇ ਦਾ ਭਲਾ ਕਰ ਸਕਦਾ ਹੈ[4]?

---

[1] ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥੧॥ {ਵਾਰ ਆਸਾ ਮ: ੧}

[2] ਨਾਨਕ ਅਗੈ ਸੋ ਮਿਲੈ ਜਿ ਖਟੈ ਘਾਲੇ ਦੇਇ॥ {ਵਾਰ ਆਸਾ ਮ: ੧}

[3] ਕਊਆ ਕੂਕਰ ਖਾਹੀ {ਗਉੜੀ ਕਬੀਰ ਜੀ}

ਤਥਾ-ਪਿਛੈ ਪਤਲਿ ਸਦਿਹੁ ਕਾਵ॥ {ਵਾਰ ਮਾਝ, ਮ:੧}

[1] ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥ {ਵਾਰ ਆਸਾ ਮ: ੧ ੧੬}

[2] ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥ ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥ ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥ {ਵਾਰ ਆਸਾ ਮ: ੧}

ਪੁਨਾ-ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ {ਵਾਰ ਆਸਾ ਮ: ੧}

[3] ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ ॥ {ਵਾਰ ਆਸਾ ਮ: ੧}

[4] ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥ {ਵਾਰ ਆਸਾ ਮ: ੧}

ਦੇਖ ਰੱਬ ਦੀ ਜੋਤ ਤੇਰੇ ਘਰ ਆਈ, ਉਸ ਨੇ ਅਜੇ ਤੇਰਾ ਅੰਨ ਬੀ ਨਹੀਂ ਖਾਧਾ, ਪਰ ਉਸਦੀ ਸਦਾ ਵਸਦੀ ਮਿਹਰ ਨੇ ਤੇਰੇ ਪਿਤਾ ਦਾ ਉਧਾਰ ਕੀਤਾ ਤੇ ਤੇਰਾ ਬੀ ਕਰੇਗਾ। ਉਹ ਤਾਂ ਗੁਰੂ ਜਜੋਤਿ ਹੈ, ਉਸ ਦਾ ਬਲ ਅਮਿੱਤ ਹੈ, ਪਰ ਜਾਣ ਤੂੰ ਕਿ ਜੋ ਪਰਮੇਸ਼ੁਰ ਦੇ ਨਾਮ ਵਾਲਾ ਹੈ, ਜਿਸ ਦੀ ਸੁਰਤ ਲਿਵ ਵਿਚ ਆਈ ਹੈ ਉਸ ਦਾ ਸੰਗ 'ਸਤਿਸੰਗ' ਹੈ, ਉਸਦੀ ਸੇਵਾ 'ਸੇਵਾ' ਹੈ, ਉਸ ਨੂੰ ਖੁਲਾਇਆ ਸਫਲ ਹੈ ਉਸ ਦੀ ਅਸੀਸ ਲਗਦੀ ਹੈ, ਉਸਦਾ ਭੋਜਨ ਕਰਾਉਣਾ ਅਸਲ ਯੱਗ ਹੈ, ਦਾਨ ਹੈ, ਸ਼ਰਾਧ ਹੈ; ਬ੍ਰਹਮਭੋਜ ਹੈ, ਜੋ ਆਖੋ ਸੋ ਹੈ[੧]।

ਦੁਨੀ ਚੰਦ-ਇਹ ਜੀਓ! ਆਪ ਨੂੰ ਮੇਰੇ ਜਿਹੇ ਪਾਪੀ ਤੇ ਕਿਵੇਂ ਮਿਹਰ ਆਈ ਹੈ ਜੋ ਅਗਮ ਦੀਆਂ ਗੱਲਾਂ ਦੱਸ ਰਹੇ ਹੋ?

ਸੁਰਤ-ਮੈਂ ਆਪੋਂ ਤਾਂ ਕੁਛ ਨਹੀਂ ਕਹਿ ਰਿਹਾ ਮੈਂ ਤਾਂ ਅਰਸ਼ੀ ਗੁਰੂ ਨਾਨਕ ਦੇਵ ਦੀ ਅਗੰਮ ਬਾਣੀ ਤੋਂ ਜੋ ਸੁਆ ਮੈਨੂੰ ਪੈ ਰਹੇ ਹਨ ਉਹ ਮੈਂ ਕਹਿ ਰਿਹਾ ਹਾਂ। ਇਹ ਅਗੰਮ ਬਾਣੀ ਤੁਹਾਡੀ ਸਮਝ ਗੋਚਰੀ ਬਾਣੀ ਵਿਚ ਅਜੇ ਰੂਪ ਧਾਰੀ ਨਹੀਂ ਹੋਈ ਪਰ ਪੂਰਨ ਗੁਰੂ ਤੋਂ ਧੁਰ ਕੀ ਬਾਣੀ ਦੇ ਰੂਪ ਵਿਚ ਮੇਰੇ ਤੇ ਪਰਗਟ ਹੋ ਰਹੀ ਹੈ। ਤੇਰੇ ਤੇ ਉਹਨਾਂ ਦੀ ਮਿਹਰ ਹੋਈ ਹੈ; ਉਸ ਮਿਹਰ ਦੇ ਸਦਕੇ ਮੈਨੂੰ ਆਗਿਆ ਹੋਈ ਹੈ ਜੋ ਤੈਨੂੰ ਇਹ ਅਗੰਮੀ ਬਚਨ ਪ੍ਰਗਟ ਕਰਾਂ। ਗੁਰੂ ਜੀ ਆਪ ਤੇਰੇ ਨਾਲ ਏਹ ਸਾਰੇ ਬਚਨ ਕਰਨਗੇ, ਫੇਰ ਸੰਸਾਰ ਦੇ ਤਾਰਣ ਲਈ ਤੁਸਾਡੀ ਸਮਝਣ ਵਾਲੀ ਬੋਲੀ ਵਿਚ ਓਹ ਦਾਤਾ ਗੁਰੂ ਜੀ ਆਪ ਇਸ ਅਗੰਮ-ਬਾਣੀ ਨੂੰ ਗੁਰਬਾਣੀ ਦੇ ਸਰੂਪ ਵਿਚ ਪ੍ਰਗਟ ਕਰਨਗੇ ਜੋ ਵਾਰ ਹੋਵੇਗੀ, ਜੋ ਤੇਰੇ ਪਰਥਾਇ ਹੋਈ ਕਹੀ ਜਾਵੇਗੀ, ਪਰ ਹੋਸੀ ਸਾਰੇ ਜਗਤ ਦੇ ਤਾਰਨ ਲਈ[੨]। ਮਿਹਰ ਦਾ ਸਾਂਈ ਤੇਰੇ ਘਰ ਬੈਠਾ ਹੈ, ਉਸ ਜਗਤ-ਦਾਤਾ ਦੀ ਮੇਹਰ ਮੇਰੇ ਰੂਪ ਵਿਚ ਇਸ ਵੇਲੇ ਤੇਰੇ ਤੇ ਝੁਲ ਰਹੀ ਹੈ, ਪਰ ਤੇਰੇ ਪਿਤਾ ਨੇ ਬੀ ਤੈਥੋਂ ਵਿਦਾ ਹੁੰਦੇ ਸਾਰ ਉੱਪਰ ਗਤੀ ਲੈਂਦਿਆ ਜਦ ਸੁਖ ਦਾ ਸਾਹ ਲੀਤਾ ਤਾਂ ਸਾਂਈ ਅੱਗੇ ਬੇਨਤੀ ਕੀਤੀ ਕਿ ਤੈਨੂੰ ਸੁਮੱਤ ਮਿਲੇ ਜੋ ਤੂੰ ਘਰ ਆਈ ਰੱਬੀ-ਜੋਤ ਦੀ ਮਿਹਰ ਤੋਂ ਵਿਰਵਾ ਨਾ ਰਹਿ ਜਾਵੇਂ, ਤੈਨੂੰ ਮਾਯਾ ਨਾ ਵੇੜ੍ਹ ਲਵੇ ਤੇ ਤੂੰ ਉਨ੍ਹਾਂ ਤੋਂ ਸੁਖ ਦਾ ਨਾਪਾ ਲੈ ਲਵੇਂ। ਇਸ ਕਰਕੇ ਤੈਨੂੰ ਦੱਸਿਆ ਹੈ ਕਿ ਅੱਗੇ ਆਕੇ ਲੋਕ ਅਪਣੇ ਕੀਤੇ ਕਰਮਾਂ ਅਤੇ ਪਕਾਏ ਸੁਭਾਵਾਂ ਦਾ ਆਪ ਕਸ਼ਟ ਭੋਗਦੇ ਹਨ; ਤੂੰ ਹੁਣ-ਮੌਕਾ ਹੈ-ਲਾਭ ਲੈਕੇ ਆਵੀਂ।

ਦੁਨੀ ਚੰਦ-ਸਾਧਾਰਨ ਭਲੇ ਲੋਕ ਅਗੇ ਜਾਕੇ ਕਿਵੇਂ ਹੁੰਦੇ ਹਨ?

ਸੁਰਤ-੩. ਜੋ ਜਗਤ ਵਿਚ ਸਾਧਾਰਣ ਤੌਰ ਤੇ ਭਲੇ ਹਨ ਮੰਦਾ ਨਹੀਂ ਕਰਦੇ, ਕਿਸੇ ਨੂੰ ਦੁੱਖ ਨਹੀਂ ਦੇਂਦੇ[੧]; ਕੁਛ ਨੇਕੀ ਕਰਦੇ ਹਨ, ਰੱਬ ਜੀ ਪਰ ਵਿਸ਼ਵਾਸ ਰਖਦੇ ਹਨ ਤੇ ਅਰਦਾਸ-ਬੇਨਤੀ-ਵਿਚ ਹੁੰਦੇ ਹਨ, ਅਰਥਾਤ ਮਨ ਨੂੰ ਮੰਦਾ ਕਰਨ ਵਲੋਂ ਮੋੜੀ ਰਖਦੇ ਹਨ, ਓਹ ਏਥੇ ਆਕੇ ਸੁਖੀ ਹੁੰਦੇ ਹਨ, ਓਹ ਪਾਪੀਆਂ ਵਾਂਙੂ ਨਗਨ ਨਹੀਂ ਹੁੰਦੇ। ਜੋ ਕੁਛ ਜਗਤ ਵਿਚ ਤੁਸੀਂ ਤਰਸਦੇ ਹੋ ਤੇ ਨਹੀਂ ਮਿਲਦਾ ਉਹਨਾਂ ਨੂੰ ਏਥੇ ਪਰਾਪਤ ਹੁੰਦਾ ਹੈ। ਗਲ ਕੀਹ, ਵੇਰਵਾ ਕਿਹਾ ਨਹੀਂ ਜਾਂਦਾ, ਪਰ ਇਹ ਜਾਣ ਲੈ ਕਿ ਓਹ ਇੱਥੇ ਸੁਖ ਹੀ ਪਾਉਂਦੇ ਹਨ।

੪. ਪਰ ਹਾਂ ਜੋ ਨਾਮ ਜਪਦੇ ਤੇ ਲਿਵ ਲਗਾ ਕੇ ਸਾਂਈਂ ਨਾਲ ਲੱਗੇ[੨] ਉਸ ਦੇ ਪਿਆਰ ਵਿਚ ਜੀਵੇ

---

[੧] ਅਭੈ ਨਿਰੰਜਨ ਪਰਮੁ ਪਦ ਤਾਕਾ ਭੀਖਕੁ ਹੋਇ ॥ ਤਿਸਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥

{ ਸ: ਵਾ: ਤੇ ਵ: ਮ:੩}

[੨] ਰਾਗੁ ਆਸਾ ਦੀ ਵਾਰ ਕੀਤੀ ਪਉੜੀਆਂ ਪੰਦ੍ਹਾਂ ੧੫ ਪਰਿਥਾਇ ਦੁਨੀ ਚੰਦ ਕੇ ਕੀਤੀਆਂ॥ { ਪ-: ਜ: ਸਾਖੀ}

[੧] ਦੁਖ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ {ਗਉ: ਕੀ ਵਾਰ ਮ:੫}

ਪੁਨਾ:-ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ { ਵਾਰ ਆਸਾ ਮ:੧}

[੨] ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥ ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥ ੧੫ ॥

{ਵਾਰ ਆਸਾ ਮ: ੧ }

ਹੋਏ 'ਜੀਅ ਦਾ ਜੀਵਨ' ਬਸਰ ਕਰਨ ਦੇ ਤਰਲੇ ਲੈਂਦੇ ਆਉਂਦੇ ਹਨ, ਉਹਨਾਂ ਦੀ ਗਤੀ ਅਗਾਧ ਤੇ ਅਕੱਥ ਹੈ। ਉਹ ਘਬਰਾ, ਹੁੰਮਸ, ਹਨੇਰਾ ਨਹੀਂ ਵੇਖਦੇ, ਰੋਂਦੇ ਨਹੀਂ, ਸੁਖ ਨਾਲ ਪਹੁੰਚਦੇ ਹਨ[੧], ਓਹ ਨੰਗੇ ਨਹੀਂ ਹੁੰਦੇ[੨] ਓਹ ਹੱਸਦੇ ਖੁਸ਼ ਜਾਂਦੇ ਹਨ[੩] ਓਹ ਪੂਰੀ ਲਿਵ ਵਾਲੇ ਸਾਂਈਂ ਦੀ ਚਰਨ ਸ਼ਰਨ ਅਪੜੇ ਹਨ। ਸੋ ਸਮਝ ਲੈ ਕਿ ਨਾਮ ਸਭ ਤੋਂ ਉੱਚੀ ਗਤੀ ਦੇਂਦਾ ਹੈ[੪]।

ਦੁਨੀ ਚੰਦ-ਮੇਰੇ ਤੇ ਮਿਹਰ ਹੋ ਜਾਏ।

ਸੂਰਤ-ਪਹਿਲੀ ਮਿਹਰ ਦੀ ਗੱਲ ਸੁਣ ਕੰਨ ਦੇਕੇ:-।

ਸਤਿਗੁਰ ਤੇਰੇ ਘਰ ਬੈਠਾ ਹੈ, ਪਰ ਤੂੰ ਮਤਾਂ ਨਿਰਾ ਸਾਧ ਫਕੀਰ ਸਮਝ ਲਵੇਂ। ਸਤਿਗੁਰ ਰੱਬੀ ਜੋਤ ਹੈ, ਸਤਿਗੁਰ ਵਿਚ ਓਹ ਆਪ ਵੱਸਦਾ ਹੈ, ਸਤਿਗੁਰ ਨੂੰ ਪਛਾਣ, ਭਾਉ ਕਰ, ਪ੍ਰੇਮ ਕਰ, ਸਮਝ ਲੈ ਬਿਨਾ ਸਤਿਗੁਰ ਦੇ ਕਿਸੇ ਨੇ ਨਹੀਂ ਪਾਇਆ[੫] ਦੂਜੀ ਗੱਲ ਸੁਣ: ਸਤਿਗੁਰ ਨੇ ਨਾਮ ਦੇਣਾ ਹੈ, ਸੋ ਪ੍ਰਾਪਤ ਕਰਕੇ ਉਸ ਵਿਚ ਲਗ ਪਉਂ[੬]।

ਤੀਜੀ ਗਲ ਸੁਣ: ਨਾਮ ਦੀ ਅਰਾਧਨਾ ਭਗਤੀ ਹੈ, ਭਗਤੀ ਕਰਨੀ ਹੈ, ਭਾਉ ਵਾਲੀ ਭਗਤੀ, ਪ੍ਰੇਮ ਭਗਤੀ। ਭਾਉ ਭਗਤਿ ਵਿਚ ਜੀਉਕੇ ਫੇਰ ਨ੍ਰਿਮਤਾ ਵਿਚ ਰਹਿਣਾ ਹੈ। ਕਰਮ ਕਾਂਡੀਆਂ ਤੇ ਗਿਆਨੀਆਂ ਵਾਂਙੂ ਤੇ ਹੋਰ ਸਾਧਨਾਂ ਵਾਲਿਆਂ ਵਾਂਙੂ ਆਪਣੀ ਕਰਨੀ ਦੇ ਅਭਿਮਾਨ ਵਿਚ ਨਹੀਂ ਆਉਣਾ[੭]। 'ਜੀਉਂਦੀ ਭਗਤੀ' ਰੱਬ ਜੀ ਦੇ ਮਿਲਾਪ ਤੋਂ ਸਿਵਾ ਹੋਰ ਕੁਛ ਨਹੀਂ ਮੰਗਦੀ।

ਚੌਥੀ ਗੱਲ ਹਈ:-ਨੇਕੀ, ਸੰਤੋਖ, 'ਯਥਾ ਲਾਭ ਸੰਤੋਖ, ਧਰਮ ਕਿਰਤ, ਮੰਦੇ ਪਾਸੇ ਕਦਮ ਨਹੀਂ ਧਰਨਾ, ਮਾੜੇ ਕਰਮਾਂ ਤੋਂ ਬਚਣਾ, ਭਲੇ ਕੰਮ ਕਰਨੇ। ਦੁਨੀਆਂ ਵਿਚ ਭੁਲਣਾ ਨਹੀਂ। ਖਾਣਾ ਥੋੜਾ-ਭੁੱਖ ਰੱਖਕੇ, ਸਉਣਾ ਉੱਨਾ ਕਿ ਸਰੀਰ ਸੁਖੀ ਹੋ ਉਠੇ[੮]। ਦੇਖ ਮਾਇਆ ਪ੍ਰਬਲ ਹੈ। ਮਾਇਆ ਨਾਮ ਭੁਲੇਵੇ ਦਾ, ਮਤਾਂ ਭੁਲੇਵਾਂ ਪੈ ਜਾਈ ਕਿ ਸਤਿਗੁਰੂ ਨਾਨਕ ਇਕ ਸਾਧੂ ਹੈ ਚੰਗਾ, ਰੋਟੀ ਖੁਆਕੇ ਮੱਥਾ ਟੇਕਕੇ ਟੋਰ ਦਿਆਂ ਐਸ ਵੇਲੇ ਤੈਨੂੰ ਗੋਬਿੰਦ ਰੂਪ ਦਿੱਸ ਰਹੇ ਹਨ, ਪਰ ਮਾਯਾ ਪੈ ਜਾ ਸਕਦੀ ਹੈ ਤੇ ਘਰ ਜਾਕੇ ਤੈਨੂੰ 'ਗੁਰ ਨਾਨਕ ਦੇਵ ਗੋਬਿੰਦ ਰੂਪ' ਦ੍ਰਿਸ਼ਟੀ ਪੈਣੋਂ ਹਟ ਜਾਵੇ; ਤਕੜਾ

---

[੧] ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥ ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ॥ {ਵਾਰ ਗੂਜਰੀ ਮ:੫}

[੨] ਤਾ ਦਰਗਹ ਪੈਧਾ ਜਾਇਸੀ॥ {ਵਾਰ ਆਸਾ ਮ:੧}

[੩] ਜਨ ਨਾਨਕ ਨਾਮੁ ਸਲਾਹਿ ਤੂ ਲੁਡਿ ਲੁਡਿ ਦਰਗਹ ਵੰਞੁ {ਵਾਰ ਕਾਨੜਾ ਮ: ੪}

[੪] ਜਿਨਾ ਅੰਦਰਿ ਨਾਮ ਨਿਧਾਨੁ ਹੈ ਗੁਰਬਾਣੀ ਵੀਚਾਰਿ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥ {ਸ: ਵਾਰਾਂ ਤੇ ਵਧੀਕ ਮ:੪-੧੫}

[੫] ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥ ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥ ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹ ਚੁਕਾਇਆ॥ {ਵਾਰ ਆਸਾ ਮ:੧}

[੬] ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥ ਜਗ ਜੀਵਨੁ ਦਾਤਾ ਪਾਇਆ॥੬॥ {ਵਾਰ ਆਸਾ ਮ:੧}

ਪੁਨਾ:-ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ {ਵਾਰ ਆਸਾ ਮ:੧}

ਪੁਨਾ:-ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥ {ਵਾਰ ਆਸਾ ਮ:੧}

[੭] ਭਾਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥ {ਵਾਰ ਆਸਾ ਮ:੧}

[੮] ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ। ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ। ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥ ਵਡਿਆਈ ਵਡਾ ਪਾਇਆ॥੭॥ {ਵਾਰ ਆਸਾ ਮ:੧}

ਰਹੀਂ, ਓਹ ਗੁਰੂਆਂ ਦਾ ਗੁਰੂ ਹੈ, ਵਾਹਿਗੁਰੂ ਵਿਚੋਂ ਗੁਰੂ ਜਯੋਤੀ ਹੈ। ਸਿੱਖਯਾ ਦਾਤੇ, ਮੁਰਸ਼ਿਦ, ਗੁਰਮੁਖ, ਉਸਨੇ ਅਨੇਕਾਂ ਪੈਦਾ ਕਰਨੇ ਹਨ। ਸਿਖਿਆ ਦਾਤੇ ਦੀ ਸਦਾ ਲੋੜ ਹੈ, ਪਰ ਓਹ ਆਪ ਤਾਂ ਗੁਰਮੁਖ[1] ਬੀ ਹੈ ਤੇ ਗੁਰੂ ਬੀ ਹੈ। ਉਸ ਗਰੂ ਗੁਰਮੁਖ ਤੋਂ ਸੁਮੱਤ ਲੈ। ਮਤਾਂ ਸਮਝੇ ਕਿ ਮੈਂ ਤੈਨੂੰ ਦੂਸਰੇ ਲੋਕ ਤੋਂ ਦਿੱਸ ਪਿਆ ਹਾਂ ਤੇ ਮੱਤਿ ਦੇ ਚੱਲਿਆ ਹਾਂ ਇਹੋ ਬੱਸ ਹੈ, ਮਤ ਇਹ ਭੁਲੇਵਾ ਭੀ ਖਾਂਦਾ ਹੋਵੇ। ਮੈਂ ਤਾਂ ਗੁਰੂ ਦੀ ਸਾਖੀ ਭਰਨ ਵਾਲਾ ਹਾਂ। ਇਹ ਗੁਰੂ ਉਹ ਹੈ ਜਿਸ ਤੋਂ ਦੇਵਤੇ ਤੇ ਦਾਨੇ, ਪੀਰ ਤੇ ਪੈਕਾਂਬਰ, ਰਿਖੀ ਤੇ ਅਵਤਾਰ ਸਦਕੇ ਹੋ ਰਹੇ ਹਨ। ਉਹ ਪੂਰਾ ਗੁਰੂ ਹੈ, ਉਸ ਤੋਂ ਬਲਿਹਾਰ ਹੋ। ਉਹ ਪਸ਼ੂ ਬੁੱਧੀਆਂ ਨੂੰ ਮਨੁੱਖ ਤੇ ਮਨੁੱਖ ਬੁੱਧੀ ਨੂੰ ਦੇਵਤਾ ਬਨਾਕੇ ਸਿਧਿ (ਬੁੱਧਿ ਤੋਂ ਅਗਲੀ ਅਕਲ)ਦਾਨ ਕਰਦਾ ਹੈ। ਮਨੁੱਖਾਂ ਨੂੰ ਦੇਵਤੇ ਬਣਾ ਦੇਂਦਾ ਹੈ। । ਗੁਰੂ ਅੰਦਰਲੇ ਨੂੰ ਚਾਨਣਾ ਪਾ ਦੇਂਦਾ ਹੈ। ਜਿਸ ਤਰ੍ਹਾਂ ਸੂਰਜ ਚੰਦ ਅੱਖਾਂ ਨੂੰ ਚਾਨਣਾ ਦੇਂਦੇ ਹਨ ਤਿਵੇਂ ਗੁਰੂ ਮਨ ਨੂੰ ਚਾਨਣਾ ਚਰਾਗ ਕਰ ਦੇਂਦਾ ਹੈ। ਦੇਖ ਦੂਨੀ ਚੰਦ! ਜਗਤ ਵਿਚ ਬੜੇ ਬੜੇ ਦਾਨੇ ਹਨ; ਸ਼ਾਸ਼ਤ੍ਰ ਵੇਤਾ ਹਨ, ਜੋ ਆਪ ਪੜ੍ਹਦੇ ਆਪੇ ਪੂਰਨ ਪੁਰਖ ਬਣ ਬੈਠਦੇ ਹਨ, ਅਰ ਓਹ ਗਲਾਂ ਬੀ ਚੰਗੇਰੀਆਂ ਕਰਦੇ ਹਨ। ਉਹਨਾਂ ਦੀ ਮਹਿਮਾਂ ਕਰਨ ਵਾਲੇ ਸੇਵਕ ਸੱਜਣ ਬੀ ਬਣ ਜਾਂਦੇ ਹਨ, ਉਹਨਾਂ ਦੇ ਭੌਣ ਬੀ ਪਰਸੀਂਦੇ ਹਨ; ਜਾਪਦੇ ਹਨ ਕਿ ਇਹ ਜਗਤ ਦੇ ਤਾਰਕ ਤੇ ਸਿੱਖਯਾ ਦਾਤੇ ਹੈਨ, ਪਰ ਉਹ ਇਸ ਤਰ੍ਹਾ ਹੁੰਦੇ ਹਨ ਜਿਵੇਂ ਤਿਲਾਂ ਦੇ ਖੇਤ ਵਿਚ ਬੁਆੜ ਦਾ ਬੂਟਾ ਹੁੰਦਾ ਹੈ। ਤਿਲਾਂ ਤੋਂ ਵੱਧ ਵੱਧਦਾ, ਫੈਲਦਾ, ਫੁਲਦਾ ਤੇ ਫਲਦਾ ਹੈ, ਪਰ ਉਸ ਦੀ ਫਲੀ ਫੋਹੋ ਤਾਂ ਵਿਚੋਂ ਤਿਲਾਂ ਦੀ ਥਾਂ ਸੁਆਹ ਨਿਕਲਦੀ ਹੈ[2]। ਤਿਵੇਂ 'ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਉਣ' ਵਾਂਙੂ ਆਪੇ ਬਣੇ ਗਿਆਨੀ ਕਥਨੀ ਦੇ ਸੂਰੇ ਹੁੰਦੇ ਹਨ ਪਰ ਉਹਨਾਂ ਦਾ ਬਣਨਾ ਕੁਛ ਨਹੀਂਓ, ਕਿਉਂਕਿ ਉਹ ਮਨ ਤੇ ਬੁੱਧਿ ਨਾਲ ਪਰਮਾਰਥ ਦੇ ਵੇਰਵੇ ਜਾਣ ਲੇਣ ਨੂੰ ਉੱਚੀ ਗਤੀ ਸਮਝਦੇ ਹਨ ਤੇ ਇਹ ਭੁੱਲ ਦੀ ਗਲ ਹੈ। 'ਜਾਣ ਲੈਣਾ' ਹੀ ਨਹੀਂ ਪਰ 'ਹੋ ਜਾਣਾ' ਅਸਲ ਤਰੱਕੀ ਹੈ। ਮਤਾਂ ਤੂੰ ਆਪ ਹੁਣ ਗਿਆਨੀ ਤੇ ਸੰਤ ਮਹਾਤਮਾ ਬਣ ਬਹੇਂ। ਸੂਰੇ ਸਤਿਗੁਰ ਨਾਨਕ ਦੀ ਸ਼ਰਨ ਪਈਂ ਜੇ ਤੂੰ ਛੁੱਟਣ ਦੀ, ਸੁਖੀ ਹੋਣ ਦੀ ਆਸ ਧਾਰਨਾ ਹੈਂ! ਹਾਂ ਸਤਿਗੁਰ ਨੂੰ ਮਿਲ, ਉਸ ਦੇ ਮਿਲਾਪ ਨਾਲ ਰੱਬ ਚਿਤ ਆਉਂਦਾ ਹੈ, ਉਹ ਭੌਜਲ ਤੋਂ ਤਾਰਨਹਾਰ ਬੋਹਿਥਾ ਹੈ[3]।

ਹੁਣ ਤੂੰ ਜਾਹ, ਇਹ ਗੱਲ ਜ਼ਰੂਰੀ ਕੰਨੀ ਗੰਢ ਦੇ ਲੈ, ਫੋਕੇ ਪੜ੍ਹੇ ਹੋਏ ਗਿਆਨੀ ਨਹੀਂ ਹੁੰਦੇ, ਨਾ ਗੁਰੂ ਪੁਣੇ ਦੇ ਫੋਕੇ ਦਾਵੇ ਧਾਰਨ ਵਾਲੇ, ਨਾ ਕਰਨੀ ਹੀਨ ਸਾਧੂ ਤੇ ਪੂਜਾ ਖਾਣੇ ਬਰਾਹਮਣ ਕੁਛ ਹੁੰਦੇ ਹਨ। ਬਹੁਤ ਪੜ੍ਹਿਆਂ ਅਕਲ ਤਾਂ ਸਾਣ ਚੜ੍ਹ ਜਾਂਦੀ ਹੈ, ਪਰ ਸੁਭਾਵ ਜੋ ਹੁੰਦਾ ਹੈ ਓਹੋ ਰਹਿੰਦਾ ਹੈ, ਸਗੋਂ ਤ੍ਰਿਖਾ ਹੋ ਜਾਂਦਾ ਹੈ। ਪੜ੍ਹਨਾ

---

[1] ਗੁਰਮੁਖ ਕਲਿ ਵਿਚਿ ਪਰਗਟਿ ਹੋਆ॥ {ਭਾ: ਗੁ: ਵਾਰ ੧ ਪਉੜੀ ੨੭}

[2] ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ ੧ ॥ ਮਹਲਾ ੨ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥ ਮਃ ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ ੩ ॥ {ਵਾਰ ਆਸਾ ਮ:੧}

[3] ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥ ੧੩ ॥ {ਵਾਰ ਆਸਾ ਮਹਲਾ ੧}

ਮਾੜਾ ਨਹੀਂ, ਮਨ ਨੂੰ ਨੀਂਦ ਤੋਂ ਜਗਾਉਣ ਵਾਸਤੇ ਪੜ੍ਹਨਾ ਬਹੁਤ ਚੰਗਾ ਹੈ[੧], ਪਰ ਲੋਕੀਂ ਪੜ੍ਹਕੇ ਬੁੱਧੀ ਨੂੰ ਉੱਚਾ ਨਹੀਂ ਕਰਦੇ, ਪੜ੍ਹਕੇ ਵਧੇਰੇ ਮਾਯਾ ਵਿਚ ਲੱਗਦੇ ਹਨ। ਕੋਈ ਪਰਮਾਰਥ ਦੀ ਵਿੱਦਯਾ ਪੜ੍ਹਕੇ ਭੁੱਲ ਵਿਚ ਪੈ ਜਾਂਦੇ ਹਨ, ਕੋਈ ਬਿਵਹਾਰਕ ਵਿਦਯਾ ਪੜ੍ਹਕੇ ਭੁੱਲੇਵੇਂ ਵਿਚ ਫਸਦੇ ਹਨ। ਮੈਂ ਦੱਸਿਆ ਸੀ: ਮਾਇਆ ਨਾਮ ਭੁਲੇਵੇ ਦਾ ਹੈ। ਦੌਲਤ ਨੂੰ ਮਾਇਆ ਇਸ ਕਰਕੇ ਕਹਿੰਦੇ ਹਨ ਕਿ ਇਹ ਆਪਣੇ ਵਿਚ ਪਾ ਦੇਂਦੀ ਹੈ ਕਿ ਸਾਰੀ ਸੱਤਯਾ ਮੇਰੀ ਹੈ ਕੁਟੰਬ ਮਾਇਆ ਹੈ ਕਿ ਅਪਣੇ ਮੋਹ ਵਿਚ ਭੁਲਾ ਲੈਂਦਾ ਹੈ। ਇੱਜ਼ਤ ਤੇ ਤਾਕਤ ਮਾਇਆ ਹੈਨ ਕਿ ਆਪਣੇ ਮਦ ਵਿਚ ਭੁਲਾ ਲੈਂਦੀਆਂ ਹਨ, ਸੰਸਾਰੀ ਵਿਦਯਾ ਭੁਲੇਵਾ ਹੈਂ ਕਿ ਆਪਣੇ ਜਾਣਨ ਦੇ ਗਰਬ ਵਿਚ ਫਸਾਕੇ ਅੱਗੇ ਤੁੱਕੀ ਕਰਨੋਂ ਰੋਕਦੀ ਹੈ। ਸੋ ਮਾਇਆ ਭੁਲੇਵਾ ਹੈ, ਭੁਲੇਵਾ ਮਾਇਆ ਹੈ[੨]। ਭੁਲੇਵਾ ਕੀਹ ਹੈ? ਕਿ ਦਿੱਸਣ ਵਾਲਾ ਜਗਤ ਤੇ ਮਨ ਨਾਲ ਸਮਝ ਵਿਚ ਆਉਣ ਵਾਲਾ ਲੋਕ ਸਦਾ ਰਹਿਣ ਵਾਲਾ ਭਾਸੇ, ਉਸ ਦੇ ਸੁਖ ਸਦੀਵੀ ਭਾਸਣ ਤੇ ਮਨ ਉਸ ਤੋਂ ਅੱਗੇ ਤੇ ਉਸ ਦੇ ਵਿਚ ਤੇ ਉਸ ਦੇ ਪਿੱਛੇ, ਉਸ ਸ਼ਕਤੀ, ਉਸ ਸਮਰੱਥ ਵਜੂਦ ਨੂੰ ਨਾ ਸਹੀ ਕਰੇ ਜੋ ਕਿ ਸਾਰੇ ਦਾ ਮੂਲ ਹੈ। ਹਾਂ, ਜੋ ਰੱਬ ਜੀ ਤੋਂ ਮਨ ਨੂੰ ਉਖੇੜਕੇ ਉਸਦੀ ਕੀਤੀ ਦੇ ਮੋਹ ਵਿਚ ਪਾਵੇ ਸੋ ਭੁਲੇਵਾ ਹੈ। ਜੋ ਮਨ ਰੱਬ ਜੀ ਨੂੰ ਮੰਨਦਾ ਹੈ, ਰੱਬ ਜੀ ਦੇ ਨਾਮ ਵਿਚ ਲੱਗਾ ਹੈ, ਹਾਂ, ਜੋ ਰੱਬ ਜੀ ਵੱਲ ਰੁਖ਼ ਤੇ ਝੁਕਾਉ ਪਕੜਦਾ ਹੈ ਤਾਂ ਉਸ ਦਾ ਭੁਲੇਵਾ ਦੂਰ ਹੁੰਦਾ ਹੈ। ਉਸ ਨੂੰ ਪਦਾਰਥ ਕਿ ਕੁਟੰਬ, ਇੱਜ਼ਤ ਕਿ ਸੱਜਣ ਭੁਲੇਵੇ ਵਿਚ ਨਹੀਂ ਪਾਉਂਦੇ, ਉਹ ਗ੍ਰਿਹਸਤ ਵਿਚ ਵਸਦਾ ਕਿਸੇ ਦਾ ਬੁਰਾ ਨਹੀਂ ਚਿਤਵਦਾ, ਮੰਦੇ ਤੋਂ ਬੱਚਦਾ, ਸਾਂਈਂ ਵਿਚ ਜਾਗਦਾ, ਲਿਵ ਲਾਕੇ ਟੁਰਦਾ ਹੈ, ਹਾਂ ਉਸ ਨੇ ਮਾਇਆ ਤੋਂ ਭੁਲੇਵਾ ਨਹੀਂ ਖਾਧਾ[੩]। ਮੈਂ ਕਿਹਾ ਸੀ ਕਿ ਲੋਕੀਂ ਵਿਹਾਰਕ ਵਿੱਦਯਾ ਪੜ੍ਹਕੇ ਵਧੇਰੇ ਮਾਇਆ ਦੇ ਪਿਆਰੇ ਹੋ ਜਾਂਦੇ ਹਨ, ਹਾਂ ਉਹ ਤ੍ਰਿਖੀ ਅਕਲ ਨਾਲ ਵਧੇਰੇ ਧੋਖਾ, ਛਲ, ਫਰੇਬ ਸਿਖ ਜਾਂਦੇ ਹਨ, ਐਸੇ ਪੜ੍ਹਿਆਂ ਨੂੰ ਮੂਰਖ[੪] ਕਹੀਦਾ ਹੈ। ਤੇ ਹਾਂ, ਇਕ ਹੋਰ ਸੁਣ:-

ਇਕ ਹੋਰ ਵਿਦਯਾਵਾਨ ਹਨ, ਜਿਹੇ ਕੁ ਸਾਂਖ ਸ਼ਾਸਤ੍ਰ ਵਰਗੇ ਤੇ ਨਾਸਤਕ, ਜੋ ਵਿੱਦਯਾ ਦੇ ਤ੍ਰਿੱਖੇ ਚਾਨਣੇ ਵਿਚ ਚੁੰਧਯਾ ਜਾਂਦੇ ਹਨ, ਜਿਨ੍ਹਾਂ ਨੂੰ ਰੱਬ ਜੀ ਅੱਖਾਂ ਨਾਲ ਅੱਖਾਂ ਦਾ ਵਿਸ਼ਾ ਬਣਕੇ ਨਾ ਦਿੱਸਣ ਕਰਕੇ ਇਹ ਭੁਲੇਵਾ ਪੈ ਜਾਂਦਾ ਹੈ ਕਿ ਰੱਬ ਜੀ ਹੈਨ ਨਹੀਂ, ਐਸੇ ਪੜ੍ਹਿਆਂ ਦੀ ਸੁਹਬਤ ਨਹੀਂ ਕਰਨੀ। ਏਹੋ ਜਿਹੇ ਪੜ੍ਹੇ ਪੜ੍ਹਦੇ ਨਹੀਂ, ਪਰ ਪੜ੍ਹਕੇ ਕੜ੍ਹ ਜਾਂਦੇ ਹਨ[੫]। ਚੇਤੇ ਰੱਖਣਾ, ਰੱਬ ਜੀ ਤੋਂ ਵੇਸੁਖਾਂ ਨੂੰ ਇਥੇ ਆਕੇ ਖੇਚਲ ਵਧੇਰੇ ਹੁੰਦੀ ਹੈ। ਮੈਂ ਤੈਨੂੰ ਇਥੇ ਦੱਸ ਰਿਹਾ ਹਾਂ ਕਿ ਸਾਰੇ ਪਸਾਰੇ ਦਾ ਮੂਲ ਸ੍ਰੀ ਪਰਮੇਸ਼ੁਰ ਜੀ ਹੈਨ ਤੇ ਰੱਬ ਜੀ ਦਾ ਨਾਮ ਉਹਨਾਂ ਨਾਲ ਮੇਲ ਕਰਾਉਂਦਾ ਹੈ, ਰਬ ਜੀ ਵਿਚ ਲਿਵ ਲੁਵਾਉਂਦਾ ਹੈ, ਲਿਵ ਮੇਲ ਹੈ। ਉਹ ਪੜ੍ਹਨਾ ਸਫਲ ਹੈ ਜੋ ਉਪਕਾਰ, ਭਲਿਆਈ, ਨੇਕੀ ਸਿਖਾਵੇ[੬], ਜੋ ਸਾਂਈਂ ਜੀ ਦਾ ਨਾਮ ਸਿਖਾਵੇ[੭]। ਓਹ ਪੜ੍ਹਿਆ ਦਰਕਾਰ ਨਹੀਂ, ਜੋ

---

[੧] ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥ {ਗਉੜੀ ਕਬੀਰ ਜੀ}

ਪੁਨਾ:-ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥ ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥ ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ ੧ ॥ {ਵਾਰ ਸਾ: ਸ: ਮ: ੧}

[੨] ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ {ਰਾਮਕਲੀ ਮ: ੩ ਅਨੰਦ}

[੩] ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇਮਾਇਆ ਪਾਇਆ ॥੨੯॥ {ਅਨੰਦ}

[੪] ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ {ਮਾਝ ਵਾਰ ਮ: ੧}

[੫] ਲਿਖਿ ਲਿਖਿ ਪੜਿਆ ਤੇਤਾ ਕੜਿਆ॥ {ਵਾਰ: ਆਸਾ ਮ:੧}

[੬] ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ {ਆਸਾ ਮ:੧}

[੭] ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥ {ਰਾਮ: ਮ: ੧}

ਸਿੱਧੇ ਰਸਤਿਓਂ ਭੁਲਾਵੇ। ਪੜ੍ਹਨ ਦਾ ਫਲ ਤਾਂ ਹੈ ਜੇ ਇਹ ਇਕ ਗੱਲ ਸਮਝੇ ਪੈ ਜਾਵੇ ਕਿ ਸਭ ਸ੍ਰਿਸ਼ਟੀ ਦਾ ਇਕ ਕਰਤਾਰ ਤੇ ਦਾਤਾਰ ਹੈ ਤੇ ਉਹ ਸਾਨੂੰ ਕਦੇ ਨਾ ਭੁੱਲੇ[1]; ਇਹ ਪੜ੍ਹਿਆ ਸਫ਼ਲ ਹੈ[2]। ਪੜ੍ਹਨਾ ਮਾੜਾ ਨਹੀਂ; ਪਰ ਮਾਯਾ ਜੋੜਨ ਲਈ, ਦੂਜਿਆਂ ਨੂੰ ਮਗਰ ਲਾਉਣ ਲਈ, ਦੂਜਿਆਂ ਲਈ ਖਾਤੇ ਖੱਟਣ, ਜਾਲ ਰਚਣ ਤੇ ਉਹਨਾਂ ਨੂੰ ਗ਼ੁਲਾਮ ਬਨਾਉਣ ਲਈ ਪੜ੍ਹਨਾ ਨਿਸ਼ਫਲ ਹੈ[3]। ਮਨ ਨੂੰ ਗਿਆਨਵਾਨ ਕਰਨ ਲਈ, ਵਧੇਰੇ ਨੇਕੀ ਸਿੱਖਣ ਲਈ ਤੇ ਬੁੱਧੀ ਨੂੰ ਉਸ ਮਾਰਗ ਪਾਉਣ ਲਈ ਕਿ ਬੁੱਧੀ ਸੁਧੀ (ਸਿਧਿ) ਵਿਚ ਬਦਲ ਜਾਵੇ[4] ਪੜ੍ਹਨਾ ਸਫਲ ਹੈ।

ਦੂਨੀ ਚੰਦ-ਆਪ ਨੇ ਬੜੀ ਕ੍ਰਿਪਾ ਕੀਤੀ ਹੈ ਮੈਨੂੰ ਚਾਨਣਾ ਪਾਇਆ ਹੈ, ਪਰ ਮੈਂ ਕੁਛ ਡਰ ਰਿਹਾ ਹਾਂ। ਮੇਰਾ ਡਰ ਦੂਰ ਕਰੋ ਤੇ ਗੁਰੂ ਨਾਨਕ ਦੇਵ ਜੀ ਮੈਨੂੰ ਪਿਆਰੇ ਕਰ ਦਿਓ।

ਸੂਰਤ-ਡਰ ਦੀ ਥਾਂ ਨਹੀ, ਕਿਉਂਕਿ ਰੱਬ ਜੀ ਡਰ ਦੇ ਦਾਤੇ ਨਹੀਂ, ਓਹ ਮਾਤਾ ਪਿਤਾ ਨਾਲੋਂ ਵਧੀਕ ਪਿਆਰ ਕਰਨ ਵਾਲੇ ਹਨ, ਓਹ ਦੰਡ ਦੇਣ ਵਾਲੇ ਕ੍ਰੋਧੀ ਰਾਜਾ ਨਹੀਂ ਹਨ। ਓਹ ਸਦਾ ਬਖਸ਼ਿੰਦ ਸੱਚੇ ਪਿਤਾ, ਸੱਚੀ ਮਾਤਾ ਹਨ। ਜੀਵ ਦੁਖ ਪਾਉਂਦੇ ਹਨ ਆਪਣੇ ਆਪ ਸਹੇੜੇ ਕੰਮਾਂ ਤੋਂ, ਜੋ ਬੱਚਾ ਅੱਗ ਵਿਚ ਹੱਥ ਪਾਵੇ ਉਹ ਆਪਣਾ ਹੱਥ ਆਪ ਸਾੜਦਾ ਹੈ, ਉਸ ਨੂੰ ਕੋਈ ਦੰਡ ਤਾਂ ਨਹੀਂ ਦੇ ਰਿਹਾ। ਵਾਹਿਗੁਰੂ ਸਦਾ ਦਿਆਲ ਹੈ, ਘੋਰ ਪਾਪੀਆਂ ਲਈ ਬੀ ਉਹਨਾਂ ਦੇ ਆਪਣੇ ਸਹੇੜੇ ਗੰਦ ਵਿਚੋਂ ਨਿਕਲਣ ਦੇ ਉਪਾਉ ਰੱਬ ਜੀ ਨੇ ਰਚੇ ਹਨ। ਆਪਣੇ ਪਿਆਰਿਆਂ ਨੂੰ, ਇਸ ਲੋਕ ਵਿਚ, ਰੱਬ ਜੀ ਮਿਹਰਾਂ ਕਰਦੇ ਹਨ ਅਤੇ ਤੁਸਾਡੇ ਲੋਕ ਵਿਚ ਬੀ ਆਪਣੇ ਪਿਆਰਿਆਂ ਭਗਤਾਂ ਨੂੰ, ਸੁਮਤਿ ਤੇ ਜੀਅ ਦਾਨ ਦੇਣ ਲਈ, ਘੱਲਦੇ ਹਨ। ਸਾਰੇ, ਜਿਥੇ ਜਿਥੇ ਸ੍ਰਿਸ਼ਟੀ ਹੈ ਸਾਂਈਂ ਦੀ ਮਿਹਰ ਮੀਂਹ ਵਸਾਉਂਦੀ ਹੈ। ਰੱਬ ਜੀ ਨੂੰ ਸਦਾ ਮਾਤਾ ਵਤ ਪਿਆਰ ਕਰਨੇ ਹਾਰੇ ਜਾਣੋਂ। ਵੇਖੋ ਗੁਰੂ ਨਾਨਕ ਦੇਵ ਜੀ ਦਾ ਜਗਤ ਵਿਚ ਜਾਣਾ ਸਾਂਈਂ ਜੀ ਦੀ ਹੀ ਅਪਾਰ ਮਿਹਰ ਹੈ।

ਜੀਵ ਜੋ ਸ਼ਰੀਰਾਂ ਵਿਚ ਹਨ, ਅਰਥਾਤ ਤੁਸੀਂ ਲੋਕ ਜੋ ਸ਼ਰੀਰ ਧਾਰੀ ਹੋ, ਇਹ ਭੀ ਮਿਹਰ ਹੈ। ਸਰੀਰ ਧਾਰਕੇ, ਮਾਯਾ ਵਿਚ ਜਾਕੇ ਪ੍ਰਕ੍ਰਿਤੀ ਕਿ ਮਾਦੇ ਵਿਚ ਨਿਵਾਸ ਪਾਕੇ ਰੂਹ ਦਾ ਕਿਣਕਾ ਘੋਲਾਂ ਵਿਚ ਪੈ ਪੈ ਕੇ ਬਲਵਾਨ ਹੁੰਦਾ ਹੈ, ਜਿਵੇਂ ਅਖਾੜੇ ਵਿਚ ਜਾਕੇ ਕੁਸ਼ਤੀ ਕਰਨ ਵਾਲੇ ਦਾ ਬਲ ਵਧਦਾ ਹੈ, ਤਿਵੇਂ ਪ੍ਰਕ੍ਰਿਤੀ ਕਿ ਪਾਪਾਂ ਵਿਚ ਵੱਸਕੇ ਉਸ ਤੇ ਫਤੇ ਪਾਕੇ ਰੂਹ ਬਲਵਾਨ ਹੁੰਦੀ ਹੈ, ਵਿਸ਼ਾਲਤਾ ਪਾਉਂਦੀ ਹੈ[1]। ਇਹ ਨਾ ਸਮਝੋ ਕਿ ਜਗਤ ਕਿਸੇ ਭੁੱਲ ਨਾਲ ਰਚਿਆ ਗਿਆ ਹੈ ਤੇ ਇਹ ਦੁੱਖਾਂ ਦਾ ਘਰ ਹੈ; ਨਹੀਂ, ਜਗਤ ਇਕ ਖੇਲ ਹੈ ਕਿਸੇ ਸੋਹਣੇ ਦਾ। ਹਾ, ਓਸਦੀ ਖ਼ੁਸ਼ੀ ਹੈ ਤੇ ਕੋਈ ਪ੍ਰਯੋਜਨ ਹੈ ਇਸ ਵਿਚ, ਹਾਂ, ਇਹ ਇਕ ਅਖਾੜਾ ਹੈ, ਜਿੱਥੇ ਕੋਈ ਸਾਡੀ ਬੀ ਸਮਝੋਂ ਪਰੇ ਕੌਤਕ ਹੈ, ਕਿ ਜਿਸ ਵਿਚ ਪੈਕੇ ਰੂਹ ਉੱਨਤ ਹੁੰਦੀ ਹੈ। ਰੂਹ ਦੀ ਉੱਨਤੀ ਬੇ-ਹੱਦ ਹੈ, ਇੱਥੇ ਆਕੇ ਬੀ ਸਭ ਕੋਈ ਇਕ ਦਰਜੇ ਨਹੀਂ। ਹਰ ਕੋਈ ਜਿਸ ਦਰਜੇ ਦੀ ਤੁਕੀ

---

[1] ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ {ਜਪੁਜੀ}

[2] ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ੧ ॥ {ਵਾਰ ਆਸਾ ਮਹਲਾ ੧}

[3] ਮਨਮੁਖ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ {ਰਾਮ:ਮ:੧}

[4] ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥ {ਗਉੜੀ: ਕਬੀਰ ਜੀ}

ਪੁਨਾ:-ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ {ਜਪੁਜੀ}

---

[1] ਜਿਵੇਂ ਪੰਜਵੇਂ ਸਤਿਗੁਰਾਂ ਨੇ ਦਰਸਾਇਆ ਹੈ:-

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥ {ਸਿਰੀ ਰਾਗ: ਮ:੫}

ਕਰਕੇ ਆਉਂਦਾ ਹੈ, ਓਸ ਤੋਂ ਅੱਗੇ ਤ੍ਰੱਕੀ ਕਰਦਾ ਹੈ[1]। ਇਥੋਂ ਤਾਈਂ ਕਿ ਸਾਂਈ ਦੇ ਨੇੜੇ ਹੁੰਦਾ ਹੁੰਦਾ ਸਮਝੋਂ ਪਰੇ, ਕਿਸੇ ਅਤਿ ਆਨੰਦ, ਕਿਸੇ ਕਥਨੋਂ ਪਰੇ ਯਥਾਰਥ ਨੂੰ ਅੱਪੜਦਾ ਹੈ। ਖੁਸ਼ੀਆਂ, ਆਨੰਦ ਰਸ ਅੰਮ੍ਰਿਤ ਤੇ ਪਰ ਤੋਂ ਪਰੇ ਹਨ। ਸੋ ਡਰੋ ਨਹੀਂ[2] ਖੁਸ਼ ਹੋਵੋ ਕਿ ਅਸੀਂ ਕਿਤਨੀ ਭਾਰੀ ਉੱਨਤੀ ਕਰ ਸਕਦੇ ਹਾਂ ਤੇ ਕਿੱਥੋਂ ਤਾਂਈ ਅੱਪੜ ਸਕਦੇ ਹਾਂ, ਓਸ ਦੇ ਮਹਲ ਤਕ, ਸਾਂਈ ਦੇ ਸਰੂਪ ਤੱਕ ਸਾਡੀ ਤ੍ਰੱਕੀ ਹੈ।

ਪਰ ਬਈ ਰੱਬ ਜੀ ਦਾ ਡਰ ਬੀ ਚਾਹੀਦਾ ਹੈ। ਨਿਰਮਲ ਭਉ[3] ਮਨ ਨੂੰ ਸ਼ੁੱਧ ਕਰਦਾ ਹੈ। ਜਿਸ ਤਰ੍ਹਾਂ ਦਾ ਪਿਆਰ ਵਾਲਾ ਭਉ ਬੱਚੇ ਨੂੰ ਪਿਤਾ ਦਾ ਹੁੰਦਾ ਹੈ, ਜੇ ਇਹ ਭਉ ਨਾ ਹੋਵੇ ਤਾਂ ਉਸ ਨੂੰ ਨਿਡਰ ਆਖੀਦਾ ਹੈ। ਨਿਡਰ ਦਲੇਰ ਹੁੰਦਾ ਹੈ ਤੇ ਪਾਪਾਂ ਵਲ ਰੁਚੀ ਕਰ ਜਾਂਦਾ ਹੈ, ਉਹ ਆਪਣੀ ਆਤਮਾਂ ਕਈ ਵੇਰ ਕਾਲੀ ਕਰ ਬੈਠਦਾ ਹੈ[3]। ਨਿਰਮਲ ਭਉ ਉਹ ਡਰ ਨਹੀਂ ਜੋ ਜਾਨ ਖਾ ਜਾਂਦਾ ਤੇ ਆਤਮਾ ਨੂੰ ਘੁੱਟ ਘੁੱਟਕੇ ਨਪੀੜ ਘੱਤਦਾ ਹੈ, ਭਉ ਮਿੱਠਾ ਮਿੱਠਾ ਪਿਆਰ ਵਾਲਾ ਨਿਰਮਲ ਭਉ ਕਹੀਦਾ ਹੈ[4] ਜਿਸ ਨਾਲ ਰਬ ਜੀ ਦੀ ਸਿਫਤ ਸਲਾਹ ਵਿਚ ਜਾਈਦਾ ਹੈ।

ਬਰਖੁਰਦਾਰ! ਤੁਸੀਂ ਮਿਤ ਵਿਚ ਹੋ, ਥੋੜੀ ਦੂਰ ਤਕ ਦੇਖਦੇ ਹੋ। ਹਰੇਕ ਬੰਦਾ ਇਕ ਹਿੱਸਾ ਹੈ ਸਾਰੇ ਦਾ, ਜੁਜ਼ਵ ਹੈ ਕੁੱਲ ਦਾ, ਕਿਣਕਾ ਹੈ ਸਮਸ਼ਟੀ ਦਾ, ਜ਼ਰਹ (ਕਿਣਕਾ) ਹੈ ਰੇਤ ਥਲੇ ਦਾ, ਸੋ ਉਸ ਦੀ ਸਮਝ ਤੇ ਦ੍ਰਿਸ਼ਟੀ ਸਾਰੇ ਨੂੰ, ਕੁੱਲ ਨੂੰ ਨਹੀਂ ਸਮਝ ਸਕਦੀ। ਜੋ ਸਾਰੇ ਦਾ ਕਰਤਾ ਤੇ ਦ੍ਰਿਸ਼ਟਾ ਹੈ ਉਹ ਸਾਰੇ ਨੂੰ ਜਾਣਦਾ ਹੈ, ਇਸ ਕਰਕੇ ਅਸੀਂ ਸਾਰੇ ਦੇ ਭੇਤ ਨੂੰ ਨਹੀਂ ਸਮਝ ਸਕਦੇ। ਬੱਸ ਹੈ ਜਾਣ ਲੈਣਾ ਕਿ ਅਸੀਂ ਕਿਸੇ ਮਾਤਾ ਪਿਤਾ ਵਤ ਪਿਆਰ ਕਰਨ ਵਾਲੇ ਦੇ ਰਚੇ ਹੋਏ ਹਾਂ, ਉਸ ਨੂੰ ਪਿਆਰ ਕਰਨਾ, ਉਸਦੀ-ਮਾਂ ਵਾਂਙੂ ਬਾਲ ਬਣਕੇ-ਉਂਗਲੀ ਫੜੀ ਰੱਖਣੀ ਸੁੱਖ ਦਾ ਮੂਲ ਹੈ। ਮਾਂ ਦੀ ਉਂਗਲ ਤੋਂ ਖੁੰਝ ਕੇ ਜਿਵੇਂ ਬੱਚਾ ਮੇਲੇ ਵਿਚ ਬੀ ਦੁਖੀ ਹੋ ਜਾਂਦਾ ਹੈ ਤਿਵੇਂ ਅਸੀਂ ਦੁਖੀ ਹਾਂ। ਉਸ ਮਾਂ ਦੀ ਉਂਗਲ ਫੜੀਏ। ਉਸ ਮਾਂ ਨਾਲ ਲਿਵ ਵਿਚ ਰਹੀਏ ਤਾਂ ਸਾਰੀ ਰਚਨਾਂ ਮੇਲਾ ਹੈ, ਸੁੱਖਾਂ ਦਾ ਘਰ ਹੈ ਤੇ ਦੁਖ ਸਾਡੇ ਭਲੇ ਦੇ ਵਾਧੇ ਦੇ ਪ੍ਰਯੋਜਨ ਲਈ ਹੈ। ਅਸੀਂ ਲਿਵ ਵਿਚ ਆਕੇ ਦੇਖੀਏ ਤਾਂ ਜੀਉਂਦੇ ਜੀ ਹੀ ਤੱਕ ਲਵਾਂਗੇ ਕਿ ਸਾਡਾ ਆਪਾ ਸੁਖ ਦੀ, ਰਸ ਦੀ, ਟਿਕਾਉ ਦੀ, ਖੇੜੇ ਦੀ ਪ੍ਰਤੀਤੀ ਵਿਚ ਆ ਜਾਂਦਾ ਹੈ। ਲਿਵ ਨਾਲ ਜੀਉਂਦੇ ਬੀ ਸੁਖ ਤੇ ਮਰਕੇ ਬੀ ਸੁਖ ਨੂੰ ਪ੍ਰਾਪਤ ਹੋਈਦਾ ਹੈ।-ਹੁਣ ਲਓ ਬੇਟਾ ਜੀਓ! ਤੁਸੀਂ ਜਾਓ।

੪.

**ਉਹ** ਸੂਰਤ ਇਹ ਕਹਿਕੇ ਉੱਪਰ ਨੂੰ ਉੱਠੀ ਜਿਵੇਂ ਕੋਈ ਚਾਨਣੈ ਦੀ ਬਣੀ ਹੋਈ ਮੂਰਤਿ ਹੁੰਦੀ ਹੈ। ਉਸ ਉਪਰ ਨੂੰ ਉਠਦੀ ਜਾਂਦੀ ਦੀਆਂ ਲਾਸਾਂ ਦੁਨੀ ਚੰਦ ਦੇ ਨੈਣਾਂ ਵਿਚ ਪੈ ਰਹੀਆਂ ਹਨ। ਉੱਪਰ ਜਾਂਦੀ ਜਾਂਦੀ ਓਹ ਗੁੰਮ ਹੋ ਗਈ। ਚੱਕ੍ਰਾਏ ਨੈਣ ਦੁਨੀ ਚੰਦ ਦੇ ਬੰਦ ਹੋ ਗਏ, ਦੁਇ ਹੱਥ ਨੈਣਾਂ ਤੇ ਧਰਕੇ ਬਹਿ ਗਿਆ। ਕਿੰਨਾਂ ਚਿਰ ਬੈਠਾ ਰਿਹਾ ਤੇ ਨੀਮ ਬਿਸੁੱਧ ਹੋਇਆ ਰਿਹਾ। ਫੇਰ ਉਠਿਆ, ਅੱਖਾਂ ਤੇ ਹੱਥ ਫੇਰੇ, ਖੋਹਲੇ ਤੇ ਤੱਕੇ, ਉਹ ਸਭ ਨਜ਼ਾਰੇ ਗੁੰਮ ਹੋ ਚੁਕੇ ਸੇ, ਉਜਾੜ ਸੀ ਤੇ ਦੁਨੀ ਚੰਦ ਸੀ। ਸਹਿਜੇ ਸਹਿਜੇ ਘਰ ਨੂੰ ਮੁੜਿਆ। ਰਸਤੇ ਵਿਚ ਸਾਰੀ ਸਿਰ ਬੀਤੀ ਨੂੰ ਸੋਚਦਾ ਤੇ ਮੁੜ ਮੁੜ ਯਾਦ ਕਰਦਾ ਜਾਵੇ, ਆਖੇ:-ਇਹ ਨਾਨਕ ਸੱਚ ਮੁੱਚ ਰੱਬ ਦੀ ਜਯੋਤੀ ਦਾ ਰੂਪ ਹੋਇਆ ਨਾ। ਕਦੋਂ ਕਿਸੇ ਨੇ ਏਹ ਕੌਤਕ ਕਰਕੇ ਦਿਖਾਏ ਹਨ? ਉਸ ਨੂੰ ਪਤਾ ਸੀ ਕਿ ਮੇਰਾ ਪਿਤਾ ਕਿਸੇ ਮਾੜੀ ਦਸ਼ਾ

---

[1]ਦੇਹੀ ਵਿਚ ਕਿਸੇ ਖਾਸ ਤ੍ਰੱਕੀ ਦਾ ਮੌਕਿਆ ਹੈ, ਤਦੇ ਸਤਿਗੁਰ ਜੀ ਫੁਰਮਾਉਂਦੇ ਹਨ:-ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥ {ਭੈਰਉ:ਕਬੀਰ}

ਪੁਨਾ:-ਪ੍ਰਾਣੀ ਤੂੰ ਆਇਆ ਲਾਹਾ ਲੈਣਿ।

{ਸਿਰੀ ਰਾਗੁ ਮ: ੫}

[2] ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥

{ਆਸਾ ਵਾਰ ਮ:੨}

ਪੁਨਾ:-ਨਿਰਭਉ ਭਏ ਸਗਲ ਭਉ ਮਿਟਿਆ ॥

{ਆਸਾ ਵਾਰ ਮ:੫}

[3] ਨਿਰਮਲ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮ ਹਦੂਰੇ ॥ {ਸੂਹੀ ਮ:੪}

[4] ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥

{ਮਾਝ ਵਾਰ ਮ:੩}

ਵਿਚ ਹੈ, ਕੀ ਕਿਹਾ ਸੀ ਉਸ ਸੁਰਤ ਨੇ-ਅਤ੍ਰਿਪਤ ਭੁੱਖ ਵਾਲੀ ਸੁਰਤ ਲੈ ਕੇ ਜੁ ਮੋਇਆ ਜ਼ਿਮੀਂ ਤੇ ਹੀ ਰਿਹਾ ਤੇ ਪ੍ਰੇਤ ਪਿੰਜਰ ਵਿਚ, ਹਾਂ ਸਰੀਰ ਵਰਗੀ ਕਿਸੇ ਦੇਹੀ ਵਿਚ, ਜੋ ਸੂਖਮ ਹੈ, ਪਰ ਸੂਖਮ ਲੋਕਾਂ ਵਿਚ ਅਤਿ ਭਾਰੀ ਹੈ, ਜਾਂ ਇਥੇ ਹੀ ਭੁੱਖੀ ਸੁਰਤ ਵਾਲੇ ਪਸੂ ਦੇ ਰੂਪ ਵਿਚ ਵਿਚਰਦਾ ਰਿਹਾ। ਹਾਏ! ਸਾਡੀ ਭੁੱਲ! ਹੈਂ ਅਸੀਂ ਆਪਣੇ ਭਾਗ ਲਿਖਣ ਵਾਲੇ ਆਪ ਹਾਂ। ਜਿਹੀ ਸੁਰਤ ਵਿਚ ਅਭਜਾਸ ਕਰਦੇ ਰਹਿੰਦੇ ਹਾਂ ਤਿਹੇ ਹੋ ਜਾਂਦੇ ਹਾਂ, ਸੱਚ ਹੈ, ਜੇ ਸਾਰਾ ਦਿਨ ਸ਼ਰਾਬ ਖਾਨਿਆਂ ਵਿਚ ਰੁਲੇ ਤਾਂ ਰਾਤ ਨੂੰ ਸੁਪਨੇ ਦੇਵ ਮੰਦਰਾਂ ਦੇ ਤਾਂ ਨਹੀਂ ਨਾ ਆਉਂਦੇ; ਫਿਰ ਸੁਪਨਿਆਂ ਵਿਚ ਠੂਠੀਆਂ, ਸੁਰਾਹੀਆਂ, ਕਲਾਲਖਾਨੇ ਹੀ ਤੱਕੀਦੇ ਹਨ ਨਾ। ਮੈਂ ਸਾਰਾ ਦਿਨ ਵਿਹਾਰ ਕਰਦਾ ਹਾਂ; ਤਾਂ ਵਹੁਟੀ ਨੇ ਕਈ ਵੇਰ ਦੱਸਿਆ ਹੈ ਕਿ ਤੁਸੀਂ ਸੁੱਤੇ ਪਏ ਵੀ ਗੱਲਾਂ ਕਰਦੇ ਹੋ, ਭਾ ਪੱਤੇ ਨਜਿੱਠਦੇ ਹੋ ਤੇ ਦਸੌਰਾਂ ਦੇ ਹਾਲ ਦੱਸਦੇ ਹੁੰਦੇ ਹੋ। ਇਉਂ ਤਾਂ ਮੈਂ ਮਰਕੇ ਮੰਡੀਆਂ ਦੇ ਗਰਦ ਗੁਬਾਰ ਵਿਚ ਹੀ ਪਿਆ ਰੁਲਸਾਂ ਨਾ। ਕਿਸੇ ਦਾ ਕੀ ਦੋਸ਼? ਜੋ ਮੈਂ ਸਾਰੀ ਉਮਰ ਅਭਜਾਸ ਕਰਸਾਂ ਸੋ ਬਣ ਜਾਸਾਂ। 'ਨਿੱਕਾ ਕੱਤੇ ਆਪ ਨੂ, ਮਾਈ ਨੂੰ ਨਾ ਬਾਪ ਨੂੰ'। ਹੱਛਾ, ਬੀਤ ਗਈ। ...ਜੋ ਬੀਤੀ ਹੋ ਬੀਤੀ ਮੁੜ ਨਹੀਂ ਨਾ ਪਰਤਦੀ, ਜੋ ਬਾਕੀ ਹੈ ਉਸ ਨੂੰ ਸੰਭਾਲਾਂ? ਹਾਂ, ਉਸ ਦੇਵਤੇ ਸਰੂਪ ਨੇ ਕਿਹਾ ਸੀ-ਤੇਰੇ ਘਰ ਜਜੋਤੀ ਰੂਪ ਬੈਠਾ ਹੈ। ਉਸ ਦੀ ਸ਼ਰਨ ਲਵਾਂ? ਚਰਨ ਚੱਲ ਪਕੜਾਂ? ਆਖਾਂ ਭੁੱਲਾ ਹਾਂ? ਰਾਹ ਪਾਓ। .. ਵਾਹ ਕੌਤਕੀਆ! ਕਿੰਞ ਆਰ ਪਾਰ ਦਿਖਾ ਦਿਤੇ ਸੁ, ਤਦੇ ਜਗਤ ਤੇਰਾ ਲੋਹਾ ਮੰਨਦਾ ਹੈ। ਇਸ ਸ਼ਕਤੀ ਦੇ ਮਾਲਕ ਅੱਗੇ ਕੌਣ ਨਾ ਝੁਕੇ? ਧਨ ਤੂੰ ਗੁਰ ਨਾਨਕ! ਹਾਂ! ਓਹ ਕਹਿੰਦੇ ਸਨ: ਧੰਨ ਗੁਰੂ ਨਾਨਕ ਦੇਵ, ਤੂੰ ਧੰਨ ਗੁਰੂ ਨਾਨਕ ਦੇਵ !! ਮੇਰੇ ਨੈਣ ਖੁੱਲ੍ਹੇ ਰਹਿਣ, ਜਿੱਡਾ ਮਿੱਠਾ ਪਿਆ ਲੱਗਦਾ ਏਂ ਸਦਾ ਲੱਗਦਾ ਰਹੇਂ, ਸਦਾ ਲੱਗਦਾ ਰਹੇਂ!!!

ਮੈਂ ਹੁਣ ਕੀਹ ਕਰਸਾਂ, ਵਿਹਾਰ ਛੱਡ ਦਿਆਂ? ਖਾਣ ਜੋਗਾ ਬਤੇਰਾ ਹੈ, ਕਿਸੇ ਬਨ ਵਿਚ ਜਾ ਬੈਠਾਂ? ਗੰਗਾ, ਗਯਾ, ਬਨਾਰਸ, ਗੋਕਲ, ਮਥਰਾ ਜਾ ਟਿਕਾਂ? ਠਾਕਰ ਮੰਦਰ ਰਚ ਲਵਾਂ? ਧਨ ਬਤੇਰਾ ਹੈ ਓਸੇ ਮੰਦਰ ਦਾ ਪੁਜਾਰੀ ਹੋਕੇ ਦਿਨ ਬਿਤਾ ਲਵਾਂ? ਪਰ ਓਸ ਸੁਰਤ ਨੇ ਤਾਂ ਕਿਹਾ ਸੀ:-ਭਗਵੰਤ ਜੀ ਦਾ ਨਾਮ, ਭਗਵੰਤ ਲਈ ਭਗਤੀ, ਭਾਉ, ਪਿਆਰ ਵਾਲਾ ਭਗਵੰਤ ਦਾ ਨਾਮ, ਨਾਮ ਜਪਕੇ ਨਿੰਮ੍ਰਤਾ ਤੇ ਕਿਸੇ ਨੂੰ ਦੁਖ ਨਾ ਦੇਣਾ, ਹੋ ਸਕੇ ਤਾਂ ਭਲਾ ਕਰਨਾ, ਪਰ ਹਾਂ, ਸੱਚੀ ਉਸ ਨੇ ਇਹ ਬੀ ਆਖਿਆ ਸੀ ਕਿ ਗੁਰ ਨਾਨਕ ਜੋ ਕਹੇ ਸੋ ਕਰਨਾ। ਮੈਂ ਭੁੱਲਾ, ਧੰਨ ਗੁਰ ਨਾਨਕ ਦੇਵ! ਜੋ ਹੁਕਮ ਕਰੇ ਸੋ ਕਰਨਾ, ਤਾਂ ਮੈਂ ਕਿਉਂ ਸੋਚਾਂ ਕਰਾਂ? ਬਲਿਹਾਰੀ ਗੁਰ ਆਪਣੇ ਤੋਂ ਹੋਵਾਂ। ਉਸ ਨੇ ਕਿਹਾ ਸੀ: ਗੁਰੂ ਤੋਂ ਬਲਿਹਾਰ ਹੋ, ਉਹ ਦੇਵੇਗਾ ਚਾਨਣਾ। ਠੀਕ ਮੇਰੀ ਮਤ ਜੇ ਚਾਨਣੇ ਵਾਲੀ ਹੁੰਦੀ ਤਾਂ ਮੈਨੂੰ ਪਤਾ ਨਾ ਹੁੰਦਾ ਕਿ ਪਿਉ ਕਿੱਥੇ ਹੈ ਤੇ ਸ਼੍ਰਾਧ ਕਿੱਥੇ ਪਏ ਹੁੰਦੇ ਹਨ; ਮੈਂ ਕੀ ਹਾਂ ਤੇ ਕਰਾਉਣ ਵਾਲੇ ਕੀ ਹਨ ਤੇ ਦਰਗਾਹਾਂ ਦੇ ਕੌਤਕ ਕੀ ਹਨ? ਹਨੇਰਾ ਹੀ ਹਨੇਰਾ ਰਿਹਾ। ਚਾਹੇ ਅਕਲ ਪਦਾਰਥਾਂ ਵਿਚ ਕਿੰਨੀ ਚਾਨਣਾ ਚਰਾਗ਼ ਸੀ ਤੇ ਨੈਣਾਂ ਅਗੇ ਕਿੰਨੇ ਤਾਰੇ, ਚੰਦ, ਸੂਰਜ ਤੇ ਸ਼ਮਾਦਾਨ ਬਲਦੇ ਹਨ! ਵਾਹ ਓਏ ਮਨੁੱਖਾ! ਤੇਰੀ ਆਕੜ ਹੈਂਕੜ ਤੇ ਵਾਹ ਤੇਰੇ ਚਾਨਣੇ। ਤੇ ਚਾਨਣਿਆਂ ਹੁੰਦੇ ਸੁੰਦੇ ਹਨੇਰੇ! ...ਹੁਣ ਸੋਚਾਂ ਛੱਡ ਦਿਆਂ? ਸੋਚੋ! ਟੁਰ ਜਾਓ!... ਮੇਰੀਆਂ ਸੋਚਾਂ ਕੀਹ ਸਾਰਦੀਆਂ ਹਨ, ਲੱਖਾਂ ਲੱਖਾਂ ਵਾਰ ਭਾਵੇਂ ਪਿਆ ਸੋਚੀ ਜਾਵਾਂ। ਮੇਰੀ ਮੱਤਿ ਹਨੇਰੇ ਵਿਚ ਹੈ, ਜੋ ਚਾਨਣਾ ਅੱਜ ਪਿਆ ਹੈ ਇਸ ਬਿਨਾਂ ਸਦਾ ਹਨੇਰਾ ਹੈ। ਉਸ ਸੂਰਤ ਨੇ ਕਿਹਾ ਸੀ ਕਿ ਚਾਨਣਾ ਸਤਿਗੁਰੂ ਪਾਸ ਹੈ, ਗੁਰ ਨਾਨਕ ਪਾਸ ਹੈ, ਗੁਰੂ ਨਾਨਕ ਤੋਂ ਵਰੋਸਾਏ ਗੁਰਮੁਖਾਂ ਪਾਸ ਹੈ। ਗੁਰੂ ਦਾਤਾ ਹੈ ਚਾਨਣ ਦਾ, ਗੁਰਮੁਖ ਦਾਤਾ ਹੈ ਚਾਨਣ ਦਾ, ਪਰ ਇਸ ਵੇਲੇ ਗੁਰੂ ਤੇ ਗੁਰਮੁਖ ਦੁਇ ਸਰੂਪ ਧਾਰਕੇ ਉਹ ਸੁਹਣਾ ਮੈਂ ਮਾਇਆਧਾਰੀ ਦੇ ਘਰ ਬੈਠਾ ਹੈ। ਤਾਰਨਹਾਰ ਜਗਤ ਦਾ, ਹਾਂ; ਤਾਰਨਹਾਰ ਕਲਿਜੁਗ ਵਿਚ ਅਵਤਾਰੀ ਹੋ ਆਇਆ ਹੈ। ਇਹੋ ਹੈ ਭਾਰੀ ਸਮੇਂ ਦਾ ਅਵਤਾਰ। ਚੱਲਾਂ, ਮੈਂ ਹੁਣ ਉੱਡਕੇ ਅੱਪੜਾਂ ਤੇ ਕਰਾਂ ਕੀਹ? ਹਾਂ, ਕੀਹ ਕਰਾਂ? ਬਲਿਹਾਰ ਹੋਵਾਂ ਸਤਿਗੁਰ ਆਪਣੇ ਤੋਂ! ਸਦਕੇ ਹੋਵਾਂ ਬੱਸ

ਦਿਨੇ ਰਾਤ ਉਸ ਤੋਂ! ਵਾਰਾਂ ਇਹ ਆਪਾ, ਜੋ ਅੱਜ ਤਾਈਂ ਅੰਧਕਾਰ ਵਿਚ ਰਿਹਾ, ਜਿਸ ਦੇ ਅੱਜ ਖੁੱਲ੍ਹੇ ਹਨ ਨੈਣ ਕਟੋਰੇ ਤੇ ਜਿਨ੍ਹਾਂ ਵਿਚ ਪਿਆ ਹੈ ਅੰਮ੍ਰਿਤ ਧੁਰੋਂ ਆਕੇ। ਸਦਕੇ ਸਤਿਗੁਰ ਨਾਨਕ ਤੋਂ! ਬਲਿਹਾਰੀ ਸਦਾ ਸਦਾ! ਨਿਤ ਨਿਤ ਸਦਕੇ! ਮੈਨੂੰ ਪਸ਼ੂ ਨੂੰ ਮਨੁੱਖ ਬਣਾਇਆ ਸੁ, ਮਨੁੱਖ ਨੂੰ ਦੇਵਤਾ ਬਣਾਏਗਾ! ਇਹੋ ਉਹ ਸੁਰਤ ਆਖਦੀ ਸੀ ਨਾ-ਸਤਿਗੁਰ ਪਸ਼ੂ ਪ੍ਰੇਤੋਂ ਚੁੱਕ ਕੇ ਦੇਵਤਾ ਕਰ ਦੇਂਦਾ ਹੈ[੧], ਧੰਨ ਗੁਰੂ ਨਾਨਕ ! ਉੱਡ ਚੱਲਾਂ! ਸਦਕੜੇ ਹੋਵਾਂ? ਆਖਾਂ ਚਰਨਾਂ ਵਿਚ ਸਮਾ ਲੈ, ਨਾਲ ਹੀ ਲਾ ਲੈ ਜਿਵੇਂ ਲੱਗ ਜਾਂਦੀ ਹੈ ਸੁਹਣੀ ਪਾਵਨ ਧੂੜ। ਹਾਂ, ਤੇਰੇ ਚਰਨਾਂ ਨਾਲ ਧੂੜੀ ਹੋਕੇ ਹੀ ਲੱਗ ਜਾਵਾਂ, ਮੈਂ ਧੂੜ ਹੀ ਹਾਂ ਨਾ ਮੈਲੀ?

ਐਸ ਤਰ੍ਹਾਂ ਕਦੇ ਸੋਚਦਾ, ਕਦੇ ਉਸ ਦਰਸ਼ਨ ਨੂੰ ਨੈਣਾਂ ਅੱਗੇ ਫੇਰ ਫੇਰ ਦੇਖਦਾ ਦੁਨੀ ਚੰਦ ਟੁਰੀ ਜਾ ਰਿਹਾ ਹੈ। ਰਾਹ ਵਿਚ ਕਈ ਸਿਆਣੂਆਂ ਨੇ ਬੁਲਾਇਆ, ਪਰ ਆਪਣੇ ਲੋਰ ਵਿਚ ਉਸ ਨੂੰ ਪਤਾ ਨਹੀਂ ਲੱਗਾ, ਤਾਂ ਹੀ ਪਤਾ ਲੱਗਾ ਜਾਂ ਘਰ ਆ ਪਹੁੰਚਾ। ਮਰਦਾਵੇਂ ਦੀਵਾਨਖਾਨੇ ਵਿਚ ਗੁਰੂ ਜੀ ਬੈਠੇ ਸਨ, ਮਰਦਾਨਾ ਨਿੱਕੀ ਨਿੱਕੀ ਸੁਰ ਵਿਚ ਆਪਣੇ ਸਾਜ਼ ਦੀ ਸੁਰ ਲਾ ਰਿਹਾ ਸੀ, ਅੰਦਰ ਦੁਨੀ ਚੰਦ ਦੀ ਵਹੁਟੀ ਤੇ ਕਬੀਲਾ ਉਡੀਕ ਰਹੇ ਸਨ ਕਿ ਕਦੋਂ ਮੁੜ ਕੇ ਆਵੇ ਤੇ ਸਾਰੇ ਅੰਨ ਮੂੰਹ ਪਾਈਏ। ਜਾਂ ਦੁਨੀ ਚੰਦ ਆਇਆ ਤਾਂ ਅੰਦਰ ਨਾ ਗਿਆ, ਪਰ ਗੁਰੂ ਬਾਬੇ ਦੇ ਚਰਨਾਂ ਨੂੰ ਲਿਪਟ ਗਿਆ, ਧੰਨ ਤੂੰ! ਧੰਨ ਤੂੰ! ਧੰਨ ਤੂੰ! ਆਖਦਾ ਜਾਏ ਤੇ ਚਰਨਾਂ ਨੂੰ ਐਉਂ ਚੰਬੜਦਾ ਜਾਏ, ਜਿਵੇਂ ਬਾਲ ਮਾਂ ਦੇ ਗਲ ਨੂੰ ਚੰਬੜਦਾ ਹੈ। 'ਹੇ ਗੁਰ ਨਾਨਕ ਦੇਵ ਮੇਰੀ ਉਹਾ ਗੱਲ ਕਰ ਜਿਤ ਤੂੰ ਨਾ ਵਿਸਰੇਂ। ਮੈਂ ਤੈਥੋਂ ਬਲਿਹਾਰ ਹੁੰਦਾ ਰਹਾਂ।'

ਗੁਰੂ ਬਾਬੇ ਸਿਰ ਤੇ ਹੱਥ ਫੇਰਿਆ, ਆਖਿਆ,-'ਦੁਨੀ ਚੰਦ ! ਉੱਠ ਹੁਸ਼ਿਆਰ ਹੋ, ਕਰਤਾਰ ਭਲੀ ਕਰੇਗਾ। ਤੇਰੀ ਰਹਿ ਬਣ ਆਵੇਗੀ। ਪਤ ਸੇਤੀ ਘਰ ਜਾਏਂਗਾ, ਤੂੰ ਹੁਸ਼ਿਆਰ ਹੋਹੁ!'

ਦੁਨੀ ਚੰਦ-ਮੈਨੂੰ, ਹੇ ਜਾਣੀ ਜਾਣ ਗੁਰੂ! ਹਨੇਰਾ ਨਾ ਪਵੇ, ਭੁਲੇਵਾ ਨ ਆਵੇ, ਤੇਰੀ ਸਿਆਣ ਮੈਥੋਂ ਨਾ ਗੁਆਚ ਜਾਵੇ, ਜੋ ਮੇਰੀ ਨਜ਼ਰ ਖੁਹਲੀ ਹਈ, ਆਰ ਪਾਰ ਦਿਖਾਇਆ ਹਈ ਤੇ ਜੋ ਤੂੰ ਹੋਕੇ ਦਿੱਸਿਆ ਹੈਂ ਸਦਾ ਦਿੱਸਦਾ ਰਹੁ, ਹੇ ਸਤਿਗੁਰੂ! ਹੇ ਚਾਨਣਾ ਦੇਣ ਵਾਲੇ। ਮੈਨੂੰ ਇਹ ਭੁਲੇਵਾ ਨਾ ਪਵੇ ਜੋ ਤੁਧਿ ਨੂੰ ਜੋਤ ਤੋਂ ਛੁੱਟ ਕੁਛ ਹੋਰ ਵੇਖਾਂ? ਹਾਂ, ਵੇਖਾਂ ਆਪਣਾ ਤੇ ਪਿਆਰਾ।

ਗੁਰੂ ਬਾਬਾ-ਦੁਨੀ ਚੰਦ! ਹੁਸ਼ਿਆਰ ਹੋ, ਕਰਤਾਰ ਭਲੀ ਕਰੇਗਾ, ਜਾਹ ਅੰਦਰ ਪਰਿਵਾਰ ਭੁੱਖਾ ਹੈ, ਤੈਨੂੰ ਉਡੀਕਦਾ ਹੈ ਜਾਹ ਤੂੰ ਬੀ ਅੰਨ ਖਾਉ ਤੇ ਪਰਿਵਾਰ ਦੇ ਮੂੰਹ ਬੀ ਪਾਉ।

ਦੁਨੀ ਚੰਦ-ਸੱਤ ਬਚਨ ਮੇਰੇ ਦਾਤਾ ਜੀ! ਜੋ ਤੁਧੇ ਨੂੰ ਭਾਵੇ ਮੈਂ ਸੋਈਓ ਗੱਲ ਕਰਾਂ, ਦਾਤਾ ਜੀਓ! ਉਹੋ ਕੁਝ ਕਰਾਂ, ਪਰ ਹੇ ਗਰੀਬ ਨਿਵਾਜ! ਤੁਸੀਂ ਬੀ ਅੰਨ ਪਾਓ ਨਾ, ਤੁਸੀਂ ਪਾਓ ਤਾਂ ਪਰਵਾਰ ਪਾਵੇ ਨਾ। ਮੇਰਾ ਕੁਟੰਬ ਤੂੰ, ਸਾਕ ਤੂੰ ਸੱਜਣ ਤੂੰ, ਸੈਣ ਤੂੰ, ਮੇਰਾ ਮਾਣ ਤਾਣ ਹੁਣ ਤੁੱਧੇ ਉਤੇ ਹੈ। ਅੰਦਰ ਘਰ ਦੇ ਚੱਲ, ਚਰਨ ਪਾ, ਅੰਨ ਜੀਉਂ! ਫੇਰ ਤੁੱਧੇ ਦਾ ਬਚਿਆ ਪਰਿਵਾਰ ਖਾਵੇ ਤੇਰਾ ਸਦਕਾ। ਹੁਣ ਮੈਂ ਤੇਰੇ ਚਰਨਾਂ ਦਾ ਸਦਕਾ ਖਾਸਾਂ, ਮੇਰੀ ਕਮਾਈ ਮੈਲੀ ਹੈ, ਤੂੰ ਧੋ ਦੇਹ।

ਇਹ ਪ੍ਰੇਮ ਦੀ ਬਿਹਬਲਤਾ ਤੇ ਵਿਆਕੁਲਤਾ ਵੇਖਕੇ ਮਿਹਰਾਂ ਦੇ ਸਾਂਈਂ ਦੇ ਨੈਣ ਸਰਵੇ ਹੋ ਗਏ ਜਲ ਨਾਲ ਤੇ ਉਠ ਖੜੋਤੇ:-ਚੱਲ ਮਰਦਾਨਿਆਂ! ਅੱਜ ਤੈਨੂੰ ਸ਼ਰਾਧ ਖੁਲਾਈਏ।

ਅੱਗੇ ਅੱਗੇ ਦੁਨੀ ਚੰਦ ਸਿਰ ਨੀਵਾਂ ਹੱਥ ਜੁੜੇ, ਮਗਰ ਮਗਰ ਗੁਰੂ ਬਾਬਾ ਮਿਹਰਾਂ ਦੇ ਘਰ ਵਿਚ ਆਇਆ ਹੋਇਆ ਜਾ ਰਿਹਾ ਹੈ। ਨਦੀਆਂ ਦੇ ਕਿਨਾਰੇ ਬਨਾਂ ਦੀਆਂ ਮੱਲ-ਗੁਜ਼ਾਰਾਂ ਵਿਚ ਵਿਚਰਨ ਵਾਲਾ, ਅਮੀਰੀ ਠਾਠ ਦੇ ਘਰ ਅੰਦਰ ਨੂੰ ਜਾ ਰਿਹਾ ਹੈ। ਜਾਂ ਅੰਦਰ ਗਏ ਤਾਂ ਦੁਨੀ ਚੰਦ ਨੇ ਇਸਤ੍ਰੀ ਨੂੰ ਕੁਆਕੇ ਆਖਿਆ:- 'ਗੁਰੂ ਸੱਚੇ ਗੁਰਦੇਵ ਦੇ ਚਰਨੀਂ ਪੈ ਜਾ'! ਘਰ ਵਾਲੀ ਸੁਘੜ ਸੁਚੱਜੀ ਤੇ ਪਤੀ ਦੀ ਪਿਆਰੀ ਸੀ, ਸਿਰਤਾਜ ਦਾ ਰੰਗ ਰੂਪ ਤੇ ਅਵਾਜ਼ ਬਦਲੇ ਡਿੱਠੇ, ਕੋਈ ਮਿਠਾਸ,

[੧] ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ ॥ (ਭਾ ਗੁ: ਵਾ: ੧੦-੧੫)

ਕੋਈ ਨਿਮਕੀ ਕੋਈ ਨਿਮ੍ਰਤਾ ਤੇ ਕੋਈ ਦਰਦ ਭਰੀ ਪਿਆਰ ਦੀ ਝਰਨਾਟ ਪਤੀ ਦੀ ਆਵਾਜ਼ ਵਿਚ ਤੱਕੀਓਸੁ ਤੇ ਦੂਜੀ ਛਿਨ ਗੁਰੂ ਬਾਬੇ ਦੇ ਚਰਨਾਂ ਤੇ ਢੱਠੀ, ਸੱਚੇ ਤਾਰਨਹਾਰਨ ਨੇ ਅਵਾਜ਼ਾ ਦਿਤਾ:-

'ਕਰਤਾਰ ਭਲੀ ਕਰੇ, ਨਿਰੰਕਾਰ ਭਲੀ ਕਰੇ! ਉੱਠੀਂ ਬੇਟਾ! ਹੁਸ਼ਿਆਰ ਹੋਹੁ। ਲਿਆ ਅੰਨ ਪਾਣੀ, ਖੁਲਾ, ਪਤੀ ਦੇ ਮੂੰਹ ਬੀ ਪਾ, ਸਵੇਰ ਦਾ ਭੁੱਖਾ ਹੈ। ਭੁੱਖਿਆਂ ਦੀ ਭੁੱਖ ਹਟਾਉਣ ਲਈ ਭੁੱਖਿਆਂ ਨੂੰ ਖੁਲਾ ਖੁਲਾਕੇ ਨਾ ਤਾਂ ਭੁੱਖਿਆਂ ਨੂੰ ਹੀ ਤ੍ਰਿਪਤੀ ਦੇ ਸਕਿਆ ਤੇ ਨਾ ਆਪ ਹੀ ਤ੍ਰਿਪਤਿਆ, ਸਾਰੇ ਭੁੱਖੇ ਹੀ ਰਹੇ। ਉੱਠੀ ਬਚੜਾ! ਪ੍ਰਸਾਦਿ ਲਿਆਉ, ਅੰਨ ਪ੍ਰਸਾਦਿ ਹੈ ਸੱਚੇ ਪਾਤਸ਼ਾਹ ਦਾ, ਨਿਰੰਕਾਰ ਦਾ। ਰਿਜ਼ਕ ਸਾਰਾ ਦਾਤ ਹੈ, ਪ੍ਰਸਾਦਿ ਹੈ।'

ਏਹ ਬਚਨ ਸਨ ਕਿ ਅੰਮ੍ਰਿਤ ਸਰੋਵਰ ਤੋਂ ਛੁੱਟ ਪਏ ਨਿਕੀ ਬਰੀਕ ਫੁਹਾਰ ਦੇ ਫੁਹਾਰੇ ਸਨ ਜੋ ਸ੍ਰਵਣਾਂ ਤੇ ਪੈਕੇ ਅੰਦਰ ਠੰਢਾ ਠਾਰ ਕਰ ਗਏ, ਭੁੱਖ ਦੀ ਵਿਆਕੁਲਤਾ ਦੂਰ ਕਰ ਗਏ। ਅੰਨ ਖਾਕੇ ਤ੍ਰਿਪਤੀ ਦਾ ਹੈ, ਪਰ ਦੇਖੋ ਗੁਰੂ ਬਾਬੇ ਦੇ ਬਚਨਾਂ ਨੇ ਭੁੱਖ ਦੀ ਵਿਆਕੁਲਤਾ ਦੂਰ ਕਰ ਦਿਤੀ। ਠੰਢੇ ਜਿਗਰੇ, ਸੁਆਦ ਭਰੇ ਮਨ ਨਾਲ ਬੀਬੀ ਗਈ। ਥਾਲ ਪਾਕੇ ਲੈ ਆਈ, ਗੁਰੂ ਬਾਬੇ ਅੱਗੇ ਧਰਕੇ ਬਹਿ ਗਈ। ਇਕ ਪਾਸੇ ਦੁਨੀ ਚੰਦ ਕਿਸੇ ਹੋਰ ਰੰਗ ਰੱਤਾ ਹੱਥ ਜੋੜਕੇ ਬਹਿ ਗਿਆ। ਗੁਰੂ ਬਾਬੇ ਨੇ ਥਾਲ ਵਿਚੋਂ ਕੁਛ ਚਾਇਆ ਤੇ ਦੁਨੀ ਚੰਦ ਦੇ ਹੱਥ ਧਰਿਆ ਤੇ ਆਖਿਆ: 'ਖਾਓ ਸਾਂਈਂ ਦਾ ਦਿਤਾ ਪ੍ਰਸਾਦਿ ! ਫੇਰ ਕੁਛ ਚਾਇਆ ਤੇ ਭਾਗਵੰਤੀ ਦੇ ਹੱਥ ਤੇ ਧਰਿਆ, ਆਖਿਆ: "ਬੇਟਾ ! ਛਕੋ ਪ੍ਰਸਾਦਿ ਹੈ ਨਿਰੰਕਾਰ ਦਾ। "ਫੇਰ ਕੁਛ ਮਰਦਾਨੇ ਦੇ ਹੱਥ ਧਰਿਆ, ਆਖਿਆ : ਸ਼ਬਦ ਦੇ ਰਸੀਆ! ਲੈ ਅੰਨ ਮੂੰਹ ਪਾ-ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ! ਖਾਹ, ਖੀਵਾ ਹੋ, ਜਪੁ ਤੇ ਕੀਰਤਨ ਕਰ। " ਇਹ ਕਹਿਕੇ ਉੱਪਰ ਤੱਕਿਆ, ਰਸੀਲੇ ਨੈਣ ਭਰ ਆਏ, ਸੁਹਣੇ ਗਲੇ ਤੋਂ ਆਵਾਜ਼ ਆਈ:"ਧੰਨ ਨਿਰੰਕਾਰ!" ਤੇ ਥੋੜਾ ਜਿਹਾ ਅੰਨ ਆਪਣੇ ਹੱਥ ਤੇ ਧਰਕੇ ਜਗਤ ਦੇ ਰਿਜ਼ਕ ਦਾਤਾ ਨੇ ਮੂੰਹ ਪਾਇਆ! ਜਗਤ ਨੂੰ ਖੁਲਾਕੇ ਖਾਣ ਵਾਲੇ ਨੇ ਖੁਲਾਕੇ ਆਪ ਚੱਖਿਆ ਦਾਸਾਂ ਨੂੰ ਕ੍ਰਿਤ ਕ੍ਰਿਤ ਕੀਤਾ, ਫਿਰ ਬੋਲੇ:"ਭਗਵੰਤੀ ! ਜਾਓ ਬੇਟਾ ਅੰਦਰ ਪਰਿਵਾਰ ਦੀ ਭੁੱਖ ਹਰੋ;" ਭਗਵੰਤੀ ਚਲੀ ਗਈ।

ਦੁਨੀ ਚੰਦ-ਪਾਤਸ਼ਾਹ, ਸੁਹਣੇ ਸੁਲਤਾਨਾ! ਕੋਈ ਆਗਜਾ ਬਖਸ਼ੋ?

ਗੁਰੂ ਬਾਬੇ ਕੌਤਕਹਾਰ ਨੇ ਮਰਦਾਨੇ ਤੋਂ ਇਕ ਮੰਗੀ ਸੂਈ, ਮਰਦਾਨੇ ਨੇ ਰਬਾਬ ਦੀ ਕੰਡ ਵਿਚ ਵੇਲੇ ਕੁਵੇਲੇ ਲਈ ਮੋਮ ਲਾਕੇ ਖੋਭੀ ਹੋਈ ਸੂਈ ਕੱਢ ਦਿਤੀ। ਸੱਚੇ ਪਾਤਸ਼ਾਹ ਨੇ ਦੁਨੀ ਚੰਦ ਨੂੰ ਦੇਕੇ ਕਿਹਾ: ਇਹ ਸੂਈ ਲੈ ਜਾਹ ਤੇ ਸਾਂਭ ਰੱਖ, ਜਦੋਂ ਸਾਨੂੰ ਅਗਲੇ ਲੋਕ ਮਿਲੇਂਗਾ ਤਾਂ ਅਸੀਂ ਲੈ ਲਵਾਂਗੇ।

ਦੁਨੀ ਚੰਦ ਨੇ ਸਿਰ ਨਿਵਾਕੇ ਲੈ ਲਈ, ਕੁਛ ਨਹੀਂ ਸੋਚ ਫੁਰੀ। ਸਤਿਗੁਰ ਦੇ ਪਿਆਰ-ਰੰਗ ਵਿਚ ਰੱਤਾ ਕੇਵਲ ਆਗਜਾ ਮੰਨਣ ਦੇ ਸੁਆਦ ਵਿਚ ਮੱਤਾ ਸੱਤ ਬੱਚਨ' ਕਹਿਕੇ ਅੰਦਰ ਚਲਾ ਗਿਆ। ਭਾਗਵੰਤੀ ਪਰਿਵਾਰ ਨੂੰ ਰੋਟੀ ਪਾਣੀ ਦੇ ਰਹੀ ਸੀ। ਦੁਨੀ ਚੰਦ ਨੇ ਕਿਹਾ, ਇਹ ਕੰਮ ਕਿਸੇ ਹੋਰਸ ਨੂੰ ਦੇਹ ਤੇ ਮੇਰੇ ਨਾਲ ਅੰਦਰ ਚੱਲ, ਪਹਿਲਾਂ ਕੰਮ ਗੁਰੂ ਜੀ ਦਾ ਕਰਨਾ ਹੈ।

ਭਾਗਵੰਤੀ(ਅੰਦਰ ਜਾਕੇ)-ਦੱਸੋ ਸ਼ਾਹ ਜੀ! ਕੀ ਆਗਿਆ ਹੈ ਗੁਰੂ ਬਾਬੇ ਜੀ ਦੀ?

ਦੁਨੀ ਚੰਦ-ਐਹ ਸੂਈ ਦਿਤੀ ਨੇ ਕਿ ਸਾਂਭ ਰੱਖੋ।

ਭਾਗਵੰਤੀ(ਹਰਿਆਨ ਹੋਕੇ)-ਕਿਸ ਅਰਥ?

ਦੁਨੀ ਚੰਦ-ਆਖਦੇ ਹਨ ਕਿ ਅਗਲੇ ਲੋਕ ਵਿਚ ਤੈਥੋਂ ਲੈ ਲਵਾਂਗੇ।

ਭਾਗਵੰਤੀ-ਪਤੀ ਜੀ! ਸਤਿਗੁਰ ਨਾਨਕ ਡਾਢਾ ਪੂਰਾ ਤੇ ਕੌਤਕਹਾਰ ਹੈ, ਇਹ ਉਨ੍ਹਾਂ ਕੋਈ ਰਮਜ਼ ਪਾਈ ਹੈ ਸਾਡਾ ਭਲਾ ਕਰਨ ਵਾਸਤੇ। ਉਸ ਨੂਰ ਝਮਕਦੇ ਮੱਥੇ ਦੇ ਮੈਂ ਸਾਰੀ ਸਦਕੇ ਗਈ, ਉਸ ਮਿਹਰ-ਮੀਂਹ ਵਸਾਉਂਦੇ ਨੈਣਾਂ ਤੋਂ ਘੋਲੀ ਘੱਤੀ; ਪਤੀ ਜੀਓ! ਸੂਈ ਲੈ ਜਾਓ ਤੇ ਆਖੋ ਕਿ ਮਹਾਰਾਜ ਜੀਓ! ਇਹ ਅਗਲੇ ਲੋਕ ਨਾਲ ਕਿਵੇਂ ਜਾਵੇਗੀ ਜਿੱਥੇ ਸਰੀਰ ਬੀ ਨਾਲ ਨਹੀਂ ਜਾਣਾ? ਤਾਂ ਉਹ ਮਿਹਰ ਕਰਕੇ ਕੁਛ ਚਾਨਣਾ ਸਾਡੇ ਮੀਟੇ ਨੈਣਾਂ ਨੂੰ ਦੇਣਗੇ।

ਦੁਨੀ ਚੰਦ ਨੂੰ ਬੀ ਸੋਝੀ ਆ ਗਈ, ਵਹੁਟੀ ਦਾ ਪਿਆਰ ਤੇ ਸੁਚੱਜੀ ਗੱਲ ਬੀ ਭਾ ਗਈ, ਉਸ ਦੀ ਗੁਰੂ ਪਰ ਆਪੇ ਹੀ ਹੋ ਆਈ ਸ਼ਰਧਾ ਡਾਢੀ ਪਿਆਰੀ ਲਗੀਓ ਸੁ, ਆਖੇ: ਮੈਂ ਕੌਤਕ ਤੱਕ ਕੇ ਸ਼ਰਧਾ ਧਾਰੀ, ਇਸ ਦੀਦਾਰ ਪਾਕੇ ਹੀ ਸ਼ਰਧਾ ਧਾਰ ਲਈ, ਧੰਨ ਹੈ ਇਸ ਦੀ ਕਮਾਈ!

ਜਾਂ ਗੁਰੂ ਬਾਬੇ ਨੂੰ ਆਕੇ ਗੱਲ ਸੁਣਾਈਓਸੁ ਤਾਂ ਆਪ ਬੋਲੇ: ਦੁਨੀ ਚੰਦ ! ਤੇਰੇ ਘਰ ਉਤੇ ਸੱਤ ਧਜਾਂ ਕਾਸ ਦੀਆਂ ਹਨ?

ਦੁਨੀ ਚੰਦ-ਭੁਲੇਵਾ ਪਾਉਣ ਵਾਲੀ, ਬਘਿਆੜਨ, ਭੁੱਖ ਲਾਕੇ ਭੁੱਖ ਹੀ ਭੁੱਖ ਵਧਾਈ ਜਾਣ ਵਾਲੀ ਮਾਇਆ ਦੇ ਸੱਤ ਢੇਰਾਂ ਤੇ ਸੱਤ ਲੱਖ ਦੀਆਂ ਸੱਤ ਧਜਾਂ ਹਨ।

ਗੁਰੂ ਜੀ-ਇਹ ਕੀਕੂੰ ਨਾਲ ਲੈ ਜਾਏਂਗਾ ਜੇ ਸੂਈ ਨਹੀਓਂ ਲਿਜਾਈ ਜਾਂਦੀ?

ਦੁਨੀ ਚੰਦ-ਪਾਤਸ਼ਾਹ! ਜੀਉਣ ਦੇ ਦਿਨ ਦਿਲ ਖੁਸ਼ੀ ਹੈ ਜੋ ਮੇਰੇ ਪਾਸ ਲੱਖਾਂ ਹਨ, ਜਗਤ ਵਿਚ ਨਮੂਜ ਹੈ, ਚਾਰ ਸਰੀਰ ਨਾਲ ਟੁਰਦੇ ਹਨ, ਦਸ ਬਾਂਹਵਾਂ ਮੇਰੇ ਵੱਲ ਹਨ, ਬਾਕੀ ਨਾਲ ਨਾ ਪਿਉ ਲੈ ਗਿਆ, ਨਾ ਮੈਂ ਲੈ ਜਾਣੀ ਹੈ। ਹੁਣ ਤਾਂ ਸੋਝੀ ਤੇਰੀ ਦਿੱਤੀ ਸੋਝੀ ਹੋ ਆਈ ਹੈ, ਉਸ ਵੇਲੇ ਤਰਸਦੇ ਨੈਣਾਂ ਤੋਂ ਹਾਹੁਕੇ ਭਰੇ ਦਿਲ ਨਾਲ ਇਥੇ ਹੀ ਛੱਡਕੇ ਖਾਲੀ ਹੱਥ ਝਾੜ[1] ਟੁਰ ਜਾਂਦਾ ਹੈ ਸਭ ਕੋਈ।

ਗੁਰੂ ਜੀ-ਠੀਕ ਹੈ ਦੁਨੀ ਚੰਦ, ਇਸ ਸਮਝ ਪਰ ਦ੍ਰਿੜ੍ਹਤਾ ਚਾਹੀਏ। ਮਿੱਤ੍ਰ ਬੰਦੇ ਦੇ ਤਿੰਨ ਹਨ:- ਧਨ, ਕੁਟੰਬੀ, ਕਰਮ[2]। ਮਰਨ ਤਕ ਧਨ ਮਿੱਤਰ ਹੈ, ਸਰੀਰ ਸਾੜਨ ਤੱਕ ਦੇ ਕੁਟੰਬੀ ਤੇ ਦੋਸਤ ਮਿੱਤ੍ਰ ਹਨ, ਅਗੇ ਕਰਮ ਮਿੱਤ੍ਰ ਹਨ, ਜਿਨ੍ਹਾਂ ਭਲੇ ਕੀਤੇ ਸੁਖ ਪਾਇਆ, ਪਰ ਜਿਸ ਨੇ ਸਿਰ ਕਰਮਾਂ ਦੇ ਕਰਮ ਨਾਮ ਅਰਾਧਿਆ ਉਹ ਸਾਂਈਂ ਦੇ ਚਰਨੀਂ ਪਹੁੰਚਦਾ ਹੈ। ਸਾਂਈਂ ਦਾ ਨਾਮ ਸਾਂਈਂ ਦਾ ਪਿਆਰ ਹੈ, ਪਿਆਰ ਪ੍ਰੀਤਮ ਨਾਲ ਮੇਲਦਾ ਹੈ।

ਦੁਨੀਚੰਦ-ਹੁਣ ਆਪਣੀ ਮਿਹਰ ਵਿਚ ਲੈ ਲਓ।

ਗੁਰੂ ਜੀ-ਦੁਨੀ ਚੰਦ! ਉਮਰਾ ਤੇਰੀ ਬੀਤੀ ਹੈ ਦਰਬ ਸੰਚਨ ਵਿਚ। ਮਨ ਨੂੰ ਮੋਹ ਹੈ ਇਸ ਨਾਲ ਡੂੰਘਾ। ਜਿਵੇਂ ਸਰਪਣੀ ਦੀ ਲਪੇਟ ਹੁੰਦੀ ਹੈ, ਇਸ ਤਰ੍ਹਾਂ ਜੋ ਕੰਮ ਨਿੱਤ ਕਰੀਏ ਉਸ ਦੀ ਲਪੇਟ ਵੱਜਦੀ ਹੈ ਮਨ ਨੂੰ। ਜੇ ਤੂੰ ਮਨ ਨੂੰ ਉਸ ਸੁਭਾਵ ਵਿੱਚੋਂ ਕੱਢਣਾ ਹੈ, ਉਸ ਪੱਕ ਗਈ ਆਦਤ ਦੇ ਫੰਧੇ ਤੋਂ ਛੁਡਾਉਣਾ ਹੈ ਤਾਂ ਉਸ ਤੋਂ ਪੁੱਠਾ ਕੰਮ ਕਰ, ਇਸ ਸੰਚੀ ਹੋਈ ਨੂੰ ਸਾਂਈਂ ਦੀ ਸੇਵਾ ਵਿਚ ਲਾ ਦੇਹ, ਸੰਚੀ ਹੋਈ ਖਿਲੇਰ ਦੇਹ। ਸੱਟ ਨਾ ਪਾ ਇਹ ਸੇਵਕਣੀ ਹੈ; ਸਾਂਈਂ ਨਮਿੱਤ, ਸਾਂਈਂ ਪਿਆਰਿਆਂ ਦੀਆਂ ਲੋੜਾਂ ਪੂਰਨ ਕਰਨ ਹਿੱਤ ਲੁਟਾ ਦੇਹ ਸਾਰੀ, ਸੰਚ ਸੰਚ ਕੇ ਕੱਠੀ ਕੀਤੀ ਹੋਈ। ਸਾਨੂੰ ਪਤਾ ਹੈ ਕਿ ਤੂੰ ਜ਼ੋਰ ਜ਼ੁਲਮ ਨਾਲ ਕੱਠੀ ਨਹੀਂ ਕੀਤੀ, ਮਾਨਸਾਂ ਦੀ ਰੱਤ ਨਹੀਂ ਨਿਚੋੜੀ, ਪਰ ਤੂੰ ਆਪਣੇ ਆਪ ਦੀ ਰੱਤ ਨਿਚੋੜ ਨਿਚੋੜ ਕੇ ਸੋਚਾਂ ਵਿਚਾਰਾਂ ਵਿਚ ਲਾ ਲਾ ਤੇ ਚਲਾਕੀਆਂ ਨਾਲ ਸੰਚੀ ਹੈ। ਮਨ ਦੀ ਵਹਿਬਤ ਤੇ ਲਪੇਟ ਇਸ ਨਾਲ ਕਰੜੀ ਪੈ ਗਈ ਹੈ, ਜੇ ਲੁਟਾ ਸਕੇਂ ਤਾਂ ਮਨ ਮੁਰਦਿਹਾਨ ਵਿਚੋਂ ਜੀ ਉਠੇਗਾ। ਫਿਰ ਆਪਣੀ ਉਪਜੀਵਕਾ ਧਰਮ ਆਸਰੇ ਕਰ ਤੇ ਖਾਹ। ਤੈਨੂੰ ਕਮੀ ਕਾਈ ਨਹੀਂ। ਦੇਖ ਜੋਖ ਮਨ ਨਾਲ, ਕਰ ਸਕਦਾ ਹੈਂ ਹੀਆ? ਹਾਂ, ਇਸਤ੍ਰੀ ਨਾਲ ਬੀ ਗਿਣ ਗੱਠ ਲੈ।

ਦੁਨੀ ਚੰਦ-ਹੇ ਗੁਰੂ! ਹੇ ਗੁਰ ਨਾਨਕ ਦੇਵ!

---

[1] ਚਲੈ ਜੁਆਰੀ ਦੁਇ ਹਥ ਝਾਰਿ ॥ (ਭੈਰ: ਕਬੀਰ)

[2] ਇਸ ਪ੍ਰਾਨੀ ਕੇ ਤੀਨੋ ਮੀਤਾ। ਦਰਬ ਪ੍ਰਵਾਰ ਕਰਮ ਲਖ ਲੀਜੈ। ਜਸ ਸੰਗੀ ਤਸ ਦਸ਼ਾ ਸੁਨੀਜੈ। ਜਬ ਲੈ ਪ੍ਰਾਣ ਰਹੈਂ ਤਨ ਮਾਂਹੀ। ਤਬ ਲੌ ਧਨ ਮਿਤ, ਬਹੁਰੋ ਨਾਹੀ। ਲੇਤ ਸੰਭਾਰ ਅਪਰ ਹੀ ਯਾਂਕੋ। ਕਲਮਲ ਅਨਿਕ ਕੀਏ ਹਿਤ ਜਾਂਕੋ। ਤਨ ਕੇ ਦਾਹ ਤੀਕ ਪਰਵਾਰਾ। ਪੁਨਿ ਤਿਣ ਤੋਰਹਿ ਆਇ ਅਗਾਰਾ। ਆਗੇ ਕੋਇ ਨ ਸੰਗ ਸਹਾਈ। ਜਿਨ ਸੋਂ ਹਿਤ ਕਰ ਔਧ ਬਿਤਾਈ। ਤੀਜੈ ਕਰਮ ਮੀਤ ਇਸ ਕੇਰੇ। ਸੋ ਨਿਤ ਸੰਗੀ ਜਾਹਿ ਅਗੇਰੇ। ਬੁਰੇ ਕਿ ਭਲੇ ਕਰੇ ਹੈਂ ਜੈਸੇ। ਫਲ ਦੇਵੈਂ ਤਸ ਹਟੈਂ ਨ ਕੈਸੇ। (ਗੁਰ ਨਾਨਕ ਪ੍ਰਕਾਸ਼

ਹੇ ਮੇਰੇ ਮਾਲਕ! ਮੈਨੂੰ ਦਿੱਸਦਾ ਰਹੁ ਜਿਵੇਂ ਉਸ ਸੋਹਣੀ ਸੂਰਤ ਨੇ ਦਿਖਾਇਆ ਹੈਂ ਤੂੰ ਮੈਨੂੰ। ਦੌਲਤ ਨਾਲ ਮੇਰਾ ਪਿਆਰ ਹੈ ਪਰ ਤੇਰੇ ਚਰਨਾਂ ਦਾ ਪਿਆਰ ਇਸ ਵੇਲੇ ਬਹੁਤ ਹੈ, ਘੋਲ ਘੱਤੇ ਸੱਤ ਲੱਖ ਤੇਰੇ ਚਰਨਾਂ ਤੋਂ, ਸੱਤ ਕ੍ਰੋੜ ਵਾਰ ਸੱਟੇ ਤੇਰੇ ਇਕ ਹੁਕਮ ਤੋਂ। ਇਸਤ੍ਰੀ ਨੂੰ, ਆਗਯਾ ਹੈ ਤਾਂ ਪੁਛ ਲੈਂਦਾ ਹਾਂ, ਪਰ ਦਾਤਾ! ਤੇਰੇ ਹੁਕਮ ਵਿਚ ਮੈਂ ਹਾਂ ਮੇਰੇ ਵਿਚ ਉਹ ਹੈ, ਉਹ ਸੀਸ ਧਰੇਗੀ ਤੇਰੀ ਆਗਯਾ ਦੇ ਚਰਨਾ ਉੱਪਰ।

ਗੁਰੂ ਜੀ-ਜਾਹੁ ਭਾਈ ਜਗਤ ਦੀ ਮਾਲਕ ਮਾਇਆ ਤੋਂ ਛੁੱਟਣਾ ਹੈ, ਦੋਏ ਵਿਚਾਰ ਕਰ ਲਓ।

ਦੁਨੀ ਚੰਦ-'ਜਿਵੇਂ ਹੁਕਮ' ਕਹਿੰਦਾ ਅੰਦਰ ਗਿਆ, ਪਰਿਵਾਰ ਵਿਦਾ ਹੋ ਚੁਕਾ ਸੀ, ਭਾਗਵੰਤੀ ਇੱਕਲੀ ਬੈਠੀ ਸੀ, ਪਤੀ ਜੀ ਤੋਂ ਗੁਰੂ ਆਗਯਾ ਸੁਣਕੇ ਬੋਲੀ: ਮੇਰੇ ਸੁਹਣੇ ਮਾਲਕ ਜੀਓ! ਜੇ ਗੁਰੂ ਜੀ ਹੁਕਮ ਕਰਨ ਕਿ ਮੈਂ ਬੀ ਮਾਇਆ ਹਾਂ ਤੇ ਮੈਨੂੰ ਬੀ ਰਾਵੀ ਵਿਚ ਰੋੜ੍ਹ ਦੇ, ਤਾਂ ਮੈਂ ਹੁਕਮ ਉਤੇ ਆਪ ਛਾਲ ਮਾਰਾਂਗੀ ਜੋ ਤੁਧੇ ਨੂੰ ਰੋੜ੍ਹਨ ਕਰਕੇ ਪਾਪ ਨਾ ਲਗੇ। ਦੌਲਤ ਮਰਦ ਖੱਟਦਾ ਹੈ ਤੇ ਪਿਆਰੀ ਬਹੁਤ ਤ੍ਰੀਮਤ ਨੂੰ ਹੁੰਦੀ ਹੈ ਪਰ ਤੇਰੀ ਤ੍ਰੀਮਤ ਤੇਰੇ ਤੇ ਸਤਿਗੁਰਾਂ ਦੇ ਹੁਕਮ ਦੀ ਬਾਂਦੀ ਹੈ। ਲੁਟਾ ਦੇ ਬਚਨ ਤੋਂ ਕੱਠੀ ਕੀਤੀ ਹੋਈ ਮੈਲ। ਤੂੰ ਕਿਰਤ ਕਰੀਂ ਮੈਂ ਪਕਾਵਾਂਗੀ। ਗੁਰੂ ਬਾਬੇ ਦੇ ਸੁਹਣੇ ਦਰਸ਼ਨਾਂ ਤੋਂ ਸਦਕੇ ਹੋ ਜਾਵਾਂਗੇ ਦੋਵੇਂ। ਉਸ ਨੂਰ ਝਮਕਦੇ ਮੱਥੇ ਤੋਂ ਸਦਕੇ, ਪਤੀ ਜੀਓ! ਉਨ੍ਹਾਂ ਦਮਕਦੇ ਲਾਲਾਂ, ਸੁਹਣੇ ਨੈਣਾਂ ਦੇ ਸਾਹਮਣੇ ਸੱਤ ਲੱਖ ਲੁਟਾ ਦਿਓ, ਮੈਂ ਖੁਸ਼, ਮੇਰਾ ਪਤੀ ਖੁਸ਼, ਮੇਰਾ ਗੁਰੂ ਖੁਸ਼, ਮੇਰਾ ਰੱਬ ਖੁਸ਼।

ਦੁਨੀ ਚੰਦ ਨੇ ਆ ਗੁਰੂ ਬਾਬੇ ਨੂੰ ਵਹੁਟੀ ਦੇ ਬਚਨ ਦੱਸੇ। ਇੰਨੇ ਨੂੰ ਭਾਗਵੰਤੀ ਆਪ ਆ ਗਈ ਚਰਨਾਂ ਤੇ ਸਿਰ ਧਰਕੇ ਬੋਲੀ:-

ਓਥੇ ਲਿਖਣਹਾਰਾ ਕੌਣ ਸੀ ਮੇਰੇ ਸੁਹਣੇ ਨੈਣਾਂ ਵਾਲਿਆ! ਓਥੇ ਤੂੰਹੋਂ ਸਾਡੇ ਮੱਥੇ ਤੇ ਸੱਤ ਲੱਖ ਲਿਖਿਆ ਸੀ, ਇਥੇ ਜੇ ਹੁਣ ਲੁਟਾ ਦੇਈਏ ਤਾਂ ਤੇਰਾ ਦਿੱਤਾ ਲੁਟੀਂਦਾ ਹੈ। ਕਰਮਾਂ ਵਾਲਿਆ! ਤੇਰਾ ਦਿੱਤਾ ਤੇਰੇ ਨੌਕਰ ਤੇਰੇ ਹੁਕਮ ਤੇ ਲੁਟਾਉਂਦੇ ਹਨ, ਸਾਡਾ ਕੀ ਹੈ? ਸਾਨੂੰ ਦੇਹ ਕੋਈ ਸੋਹਣੀ ਦਾਤ ਜੋ ਨਾਲ ਨਿਭੇ, ਦੇਹ ਹੁਣ ਇਨ੍ਹਾਂ ਲਸ ਲਸ ਕਰਦੇ ਜੀਉਂਦੇ ਜਾਗਦੇ ਕੂਲੇ ਕੂਲੇ ਪਿਆਰ ਦੇ ਤੇ ਚਰਨਾਂ ਦਾ ਪਿਆਰ ਸਾਨੂੰ।

ਏਹ ਪਿਆਰ ਦੀ ਝਰਨਾਟ ਪਾ ਦੇਣ ਵਾਲੇ ਵਾਕ ਭਾਗਵੰਤੀ ਦੇ ਸੁਣਕੇ ਦਾਤੇ ਦੇ ਨੈਣਾਂ ਵਿਚ ਦੋ ਮੋਤੀ ਡਲ੍ਹਕ ਆਏ

ਹਾਂ ਜੀ, ਦੁਨੀ ਚੰਦ ਨੇ ਸੱਤ ਲੱਖ ਉਡਾ ਦਿੱਤਾ ਖੁਸ਼ੀ ਖੁਸ਼ੀ, ਖਿੜੇ ਖਿੜੇ ਮੱਥੇ। ਦੰਪਤੀ ਨੇ ਹਾਉਕਾ ਨਹੀਂ ਲਿਆ, ਕਸੀਸ ਨਹੀਂ ਵੱਟੀ। ਵੱਡਿਆਂ ਦਾ ਜੋੜਿਆ, ਆਪਣਾ ਕਮਾਕੇ ਸ਼ਹਿਤ ਦੀ ਮੱਖੀ ਵਾਂਙ ਕਿਣਕਾ ਕਿਣਕਾ ਜਮਾਂ ਕਰਕੇ ਭਰਿਆ ਭਰਾਇਆ ਛੱਤਾ ਵੰਡ ਦਿੱਤਾ, ਭਲੇ ਅਰਥ ਲਾ ਦਿੱਤਾ। ਗੁਰੂ ਬਾਬੇ ਨੇ ਡਿੱਠਾ ਜੋ ਇਸ ਦਾ ਹਿਰਦਾ ਸਵੱਛ ਹੋਇਆ ਹੈ। ਜਿਸ ਨੇ ਇਤਨੀ ਭਾਰੀ ਮਾਇਆ ਮੋਹ ਦੀ ਨੈਂ ਤਰ ਲਈ ਹੈ, ਇਸ ਦਾ ਮਨ ਸ਼ੁੱਧ ਹੋਇਆ ਹੈ। ਦੁਨੀ ਚੰਦ ਨੇ ਭੀ ਡਿੱਠਾ: ਭਾਰ ਲੱਥਾ ਹੈ ਮਨ ਤੋਂ, ਮਨ ਹਲਕਾ ਹੋ ਆਇਆ ਹੈ, ਤਾਂ ਸੱਚੇ ਪਾਤਸ਼ਾਹ ਨੇ ਹੋਰ ਮਿਹਰ ਕੀਤੀ, ਹਾਂ ਗੁਰੂ ਬਾਬਾ ਮਿਹਰ ਦੇ ਘਰ ਆਇਆ, ਦੁਨੀ ਚੰਦ ਨੂੰ ਨਾਮ ਬਖਸ਼ਿਆ। 'ਤਦਹੁ ਦੁਨੀ ਚੰਦ ਨਾਉ ਧਰੀਕ ਸਿੱਖ ਹੋਇਆ। ਤਬ ਗੁਰੂ ਗੁਰੂ ਲਗਾ ਜਪਣਿ[1]।

ਮਿਲਿ ਸਤਿਸੰਗਤਿ ਸਮਾ ਬਿਤਾਏ॥
ਸਿਮਰਹਿ ਵਾਹਿਗੁਰੂ ਸਤਿਨਾਮੁ॥
ਤਜੇ ਬਿਅਰਥ ਜਿ ਘਰ ਕੇ ਕਾਮੁ॥
ਭਾ ਨਿਹਾਲ ਤਤਕਾਲ ਬਿਸਾਲਾ॥
ਧਰਿ ਉਪਦੇਸ਼ ਜੁ ਦਯੋ ਦਿਆਲਾ॥

ਲਾਹੌਰ ਵਿਚ ਇਕ ਧੁੰਮ ਮਚ ਗਈ। ਦੁਨੀ ਚੰਦ ਪਰਗਣੇ ਦਾ ਅਜਾਰੇਦਾਰ, ਵਿਹਾਰ ਕਾਰ ਦਾ ਸਰਦਾਰ, ਲਖਪਤੀਆ ਸ਼ਾਹੂਕਾਰ ਗੁਰ ਨਾਨਕ ਦਾ ਸਿਖ ਹੋ ਗਿਆ, ਉਸ ਨੇ ਸਾਰੀ ਆਪਣੀ ਤੇ ਪੀਹੜੀਆਂ ਦੀ ਕੱਠੀ ਕੀਤੀ ਮਾਯਾ ਲੁਟਾ ਦਿੱਤੀ ਹੈ ਅਤੇ ਵਾਹਿਗੁਰੂ ਦੇ ਸਿਮਰਨ ਵਿਚ ਲਗ ਪਿਆ ਹੈ। ਇਸ ਮੰਨੇ ਪ੍ਰਮੰਨੇ ਵਡੇ ਆਦਮੀ ਦਾ-ਸ਼ਹਿਰ ਦੇ ਵਪਾਰੀਆਂ ਵਿਚ ਸਭ ਤੋਂ ਸ਼ਿਰੋਮਣੀ ਮਨੁੱਖ ਦਾ-ਇਹ ਤਿਆਗ ਇਕ ਧੁੰਮ ਮਚਾ ਗਿਆ

[1] ਪੁ: ਜ: ਸਾਖੀ।

ਗੁਰ ਨਾਨਕ ਦੀ ਸ਼ਕਤੀ ਦੀ ਕਿ ਉਹਨਾਂ ਦੇ ਹੱਥਾਂ ਵਿਚ ਕੀ ਤਾਸੀਰ ਵੱਸਦੀ ਹੈ, ਜਿਸ ਦੇ ਸਿਰ ਤੇ ਹਥ ਧਰਦੇ ਹਨ ਓਸ ਦੀ ਕਾਇਆਂ ਪਲਟ ਹੋ ਜਾਂਦੀ ਹੈ। ਲੋਕੀਂ ਲਗੇ ਦਰਸ਼ਨਾਂ ਨੂੰ ਆਉਣ। ਅਨੇਕਾਂ ਹੋਰ ਸਤਿਨਾਮ ਦੇ ਧਾਰਨੀ ਹੋਏ। ਚੰਗਾ ਸਤਿਸੰਗ ਦਾ ਠੱਟ ਬੱਝ ਗਿਆ, ਲਾਹੌਰ ਵਿਚ ਧਰਮਸਾਲ ਰਚੀ ਗਈ[1] ਤੇ ਸਤਿਸੰਗ ਦਾ ਪਰਵਾਹ ਟੁਰ ਪਿਆ ਤੇ ਗੁਰੂ ਬਾਬਾ ਜੀ ਇਥੋਂ ਫਿਰ ਤਲਵੰਡੀ ਨੂੰ ਚੁਪ ਚੁਪਾਤੇ ਵਿਦਾ ਹੋ ਗਏ।

ਦੁਨੀ ਚੰਦ ਲਾਹੌਰ ਵਿਚ ਜਿਵੇਂ ਧਨ ਦੌਲਤ ਦਾ ਇਕ ਪ੍ਰਸਿੱਧ ਆਦਮੀ ਸੀ ਹੁਣ ਗੁਰ ਸਿੱਖੀ ਦਾ ਇਕ ਚੋਟੀ ਦਾ ਸਿਤਾਰਾ ਹੋ ਗਿਆ। ਜੋ ਬਚਨ ਬਿਲਾਸ ਸਤਿਗੁਰਾਂ ਦੇ ਗੁਪਤ ਪ੍ਰਗਟ ਉਸ ਨਾਲ ਹੋਏ ਉਹਨਾਂ ਦਾ ਸਾਰ ਸਤਿਗੁਰਾਂ ਨੇ ੧੫ ਪੌੜੀਆਂ ਵਿਚ ਰਚਕੇ ਆਸਾ ਦੀ ਵਾਰ ਵਿਚ ਰਖਿਆ ਹੈ[2]। ਕੇਡਾ ਸੁਭਾਗ ਹੋ ਗਿਆ ਦੁਨੀ ਚੰਦ ਕਿ ਜਿਸ ਪਰਥਾਇ ਇਕ ਬਾਣੀ ਰਚੀ ਗਈ ਤੇ ਜਗਤ ਨੂੰ ਰਸਤਾ ਦੱਸਣ ਵਾਸਤੇ ਸਦਾ ਲਈ ਸੁਖਦਾਈ ਚਾਨਣ ਮੁਨਾਰਾ ਬਣੀ। ਮਰਨ ਦੇ ਬਾਦ ਸਾਡਾ ਹਾਲ ਕੀ ਹੁੰਦਾ ਹੈ? ਉਸਦਾ ਕਾਰਣ ਕੀ ਹੈ? ਉਸ ਤੋਂ ਬਚਕੇ ਸੁਖੀ ਹੋਣ ਦਾ ਉਪਰਾਲਾ ਕੀ ਹੈ? ਇਸ ਬਾਣੀ ਵਿਚ ਸਤਿਗੁਰਾਂ ਨੇ ਨਿਰੂਪਣ ਕੀਤਾ ਹੈ[3]।

ਧੰਨ ਭਾਈ ਦੁਨੀ ਚੰਦ! ਆਪ ਤਰਿਆ ਤੇ ਜਗਤ ਨਿਸਤਾਰੇ ਦਾ ਕਾਰਨ ਬਣਿਆਂ।

---

[1] ਦੁਨੀ ਚੰਦ ਨੇ ਉਸ ਆਪਣੇ ਘਰ ਦੀ ਧਰਮਸਾਲ ਬਣਾਈ ਜੋ ਦਿੱਲੀ ਦਰਵਾਜੇ ਦੇ ਚੁਹੱਟਾ ਮੁਫਤੀ ਬਾਕਰ, ਵਜੀਰ ਖਾਂ ਦੀ ਮਸੀਤ ਦੇ ਪਿੱਛੇ ਅਜੇ ਤੱਕ ਮੌਜੁਦ ਹੈ। ਸਾਡੀ ਸੰਮ੍ਹਾਲ ਵਿਚ ਗਜ਼ਾਨੀ ਹਜ਼ਾਰਾ ਸਿੰਘ ਜੀ (ਟੀਕਾਕਾਰ ਵਾਰਾਂ ਭਾਈ ਗੁਰਦਾਸ ਤੇ ਕਰਤਾ ਗੁਰੂ ਗ੍ਰੰਥ ਕੋਸ਼ ਜੀ) ਦੇ ਬਹਨੋਈ ਭਾਈ ਹਰਸਾ ਸਿੰਘ ਜੀ ਇਸ ਮੰਦਰ ਦੇ ਸੇਵਕ ਸਨ, ਇਨ੍ਹਾਂ ਨੇ ਆਪਣਾ ਅੰਮ੍ਰਿਤਸਰ ਦਾ ਘਰ ਵੇਚਕੇ ਗੁਰਦੁਆਰੇ ਨਾਲ ਦੁਕਾਨ ਖਰੀਦਕੇ ਲਗਾਈ, ਫਿਰ ਉਹਨਾਂ ਦੇ ਬੇਟੇ ਮਸਤਾਨੇ (ਨਰੈਣ ਸਿੰਘ ਜੀ ਸਨ ਓਹ ਸੇਵਾ ਕਰਦੇ ਰਹੇ। ਫੇਰ ਸੰਤ ਬੰਨਾ ਸਿੰਘ ਜੀ ਪੰਡਤ ਸਨ ਤੇ ਹੁਣ ਸੁੰਦਰ ਸਿੰਘ ਜੀ ਹਨ। ਛੋਟੀ ਰਾਵੀਓਂ ਪਾਰ, ਬਦਾਮੀ ਬਾਗ ਕੋਲ ਬਘਿਆੜ ਵਾਲੇ ਟਿਕਾਣੇ ਬੀ ਦੁਨੀ ਚੰਦ ਨੇ ਗੁਰਦੁਆਰਾ ਬਣਾਇਆ, ਸੋ ਭੀ ਮੌਜੂਦ ਸੁਣੀਂਦਾ ਹੈ।

[2] ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ 'ਰਾਗ ਆਸਾ ਕੀ ਵਾਰ ਕੀਤੀ, ਪਉੜੀ ੧੫ ਪਰਥਾਇ ਦੁਨੀ ਚੰਦ ਕੇ ਕੀਤੀਆਂ। ' ਹਾਫਜ਼ਾਬਾਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਉਸ ਵੇਲੇ 'ਕੂੜ ਰਾਜਾ' ਤੋਂ 'ਮਤ ਥੋੜੀ ਸੇਵ ਗਵਾਈਐ' ਤੱਕ ਲਿਖ ਕਰਕੇ ਅੱਗੇ ਲਿਖਿਆ ਹੈ "ਅਗੇ ਵਾਰ ਪੂਰੀ ਲਿਖਣੀ ਹੈ। "

[3] ਪਿੱਛੇ ਇਸੇ ਪ੍ਰਸੰਗ ਵਿਚ ਬਹੁਤੀਆਂ ਤੁਕਾਂ ਦਾ, ਜੋ ਆਸਾ ਦੀ ਵਾਰ ਵਿਚੋਂ ਹਨ, ਭਾਵਾਰਥ ਆ ਚੁੱਕਾ ਹੈ ਤੇ ਨਾਲ ਨਾਲ ਆਸਾ ਦੀ ਵਾਰ ਦੀਆਂ ਤੁਕਾਂ ਹੇਠਾਂ ਟੂਕਾਂ ਵਿਚ ਦਿਖਾਈਆਂ ਗਈਆਂ ਹਨ।

## ਗੀਤ[੧]।

{ਗੁਰ ਨਾਨਕ ਆਗਮ ਤੇ ਕੁਦਰਤ ਤੇ ਰਚਨਾਂ ਵਿਚ ਅਹਿਲਾਦ। }

ਆ ਗਈ ਬਾਦੇ ਸਬਾ[੨] ਹੁਣ ਆ ਗਈ, 'ਬਨ-ਸੁਗੰਧੀ' ਨਾਲ ਭਰ ਕੇ ਆ ਗਈ।

ਆ ਗਈ ਗਲ ਲੱਗਦੀ, ਠੰਢ ਪਾਂਵਦੀ, ਢੱਠਿਆਂ ਨੂੰ ਜੱਫੀਆਂ ਪਾ ਚਾ ਗਈ।

ਕਰ ਰਹੀ ਅਠਖੇਲੀਆਂ ਤੇ ਛੇੜਦੀ ਟੁੰਬਦੀ ਤੇ ਆਖਦੀ: ਮੈਂ ਆ ਗਈ।

'ਸੁਖ ਸੁਨੇਹਾ' 'ਦੇਸ਼ ਪ੍ਰੀਤਮ' ਦਾ ਸੁਣੋ 'ਛਾਉਂ ਸੀਤਲ' ਦੇਸ਼ ਪ੍ਰੀਤਮ ਛਾ ਗਈ।

ਰੰਗ ਰਚਨਾਂ ਦਾ ਤਕੋ, ਦੇਖੋ ਪੂਰਾ[੩] ਮੁਸਕਰਾਹਟ ਰੰਗ ਆਪਨਾ ਲਾ ਗਈ।

ਲਾਲ ਹੋ ਅਸਮਾਨ ਟਹਿਕੇ ਹਸ ਰਿਹਾ, ਏਸ ਬੁੱਢੇ ਤੇ ਜੁਆਨੀ ਧਾ ਗਈ।

ਨਾਚ ਕਰਦੇ ਵਗ ਰਹੇ ਪਾਣੀ ਸ਼ਫ਼ਾਫ, ਝਰਨਿਆਂ ਦੀ ਝਰਨ ਨਗ਼ਮੇ ਗਾ ਗਈ।

ਖਿੜ ਰਹੇ ਤੇ ਖੇੜਦੇ ਚਿਮਨਾ ਖਿੜੇ, ਫੁਲਕਲੀ ਹਸ ਪਈ, ਖੇੜਾ ਖਾ ਗਈ।

ਖਿੜ ਸ਼ਗੂਫੇ ਹੱਸ ਰਹੇ ਤੇ ਦੇ ਰਹੇ ਦਾਤ ਖੇੜੇ ਦੀ ਜੁ ਛਹਿਬਰ ਲਾ ਗਈ।

'ਅਬਰ ਦਾਮਨ[੪]' ਨਾਲ ਸੋਨੇ[੫]? ਭਰ ਗਏ, ਪਾਤਿਸ਼ਾਹੀ ਉਡਦਿਆਂ ਨੈ ਪਾ ਲਈ।

'ਨ੍ਹਾ ਰਿਹਾ ਪਰਕਾਸ਼[੬]' ਹਸਦਾ ਆ ਗਿਆ 'ਫੌਜ ਕਿਰਨਾਂ' ਗਗਨ ਉੱਤੇ ਛਾ ਗਈ।

ਭੇਜਦਾ ਖੁਸ਼ੀਆਂ ਤੇ ਖੇੜੇ ਵੰਡਦਾ ਦੇਖ ਸੂਰਜ ਦੀ ਸਵਾਰੀ ਆ ਗਈ।

'ਤ੍ਰੇਲ-ਮੋਤੀ' ਗੁੰਦ ਕੇਸੀਂ, ਨਿਖਰ ਕੇ ਸਬਜ਼ ਮਖ਼ਮਲ ਪਹਿਨ ਧਰਤਿ ਸੁਹਾ ਗਈ।

ਸ਼ਬਨਮਾਂ ਨੇ ਰਾਤ ਸਾਰੀ ਚੁੰਮਿਆ ਪੱਤਿਆਂ ਨੂੰ, ਨਵੀਂ ਰੰਗਤ ਆ ਗਈ।

ਪੰਛੀਆਂ ਦੇ ਰਾਗ ਸੁਣ ਤੇ ਚਹਿਚਹੇ ਹੈ ਖੁਸ਼ੀ ਸਭ ਪਾਲ ਬੰਨੇ ਛਾ ਗਈ।

ਤੱਕ ਰਚਨਾ ਤੇ ਉਛਾਲਾ ਤੇ ਖੁਸ਼ੀ ਲਹਿਰ ਇਕ ਆਨੰਦ ਦੀ ਲਹਿਰਾ ਗਈ।

'ਦੇਸ਼-ਪ੍ਰੀਤਮ ਦਾ ਸੁਨੇਹਾ ਸੁਣ ਰਿਹਾ[੭] ਰਮਜ਼ ਹੈ ਏ, ਸਮਝ ਸੈਨਤ ਪਾ ਗਈ।

ਸੁਹਣਿਆਂ ਦਾ ਸ਼ਾਹ ਬੁਸ਼ਾਰਤ[੮] ਘੱਲਦਾ ਸੂਰਤ ਉਸ ਦੀ ਆ ਬੁਝਾਰਤ ਪਾ ਗਈ।

ਉਹ ਖੁਸ਼ੀ ਉਹ ਰੰਗ ਖੇੜੇ ਖੇਡਦਾ ਖੇੜਿਆਂ ਵਿਚ ਝਲਕ ਪ੍ਰੀਤਮ ਝਾ ਗਈ।

ਦੇਖ ਤੂੰ ਇਸ ਚਾਉ ਨੂੰ ਜੋ 'ਭਰ' ਰਿਹਾ, ਵੇਖ ਰੰਗਤ ਜੋ ਦਿਲਾਂ ਨੂੰ 'ਭਾ' ਗਈ।

ਪੈ ਦਿਲਾਂ ਤੇ ਝਾਲ ਅਪਣੀ ਫੇਰਦੀ, ਛੁਹ ਖੁਸ਼ੀ ਦੀ ਨਾਲ ਨਖ਼ਰੇ ਲਾ ਗਈ।

ਸੁਖ ਸੁਨੇਹਾ ਅੱਜ ਸਾਰੇ ਦੇ ਰਹੀ, ਜੱਫੀਆਂ ਭਰਦੀ ਸਬਾ[੨] ਜੋ ਆ ਗਈ।

ਟੁੰਬਕੇ ਨੀਂਦਰ ਜਗਾਕੇ ਕਹਿ ਰਹੀ, 'ਰਾਗਨੀ ਮੇਰੀ ਜੁ ਸੁਣ ਸੁਰ ਲਾ ਗਈ।

'ਆ ਗਈ ਮੈਂ ਰੰਗ ਰਤੜੀ ਆ ਗਈ, ਭਿਜ ਸੁਗੰਧੀ ਰਸ ਭਰੀ ਮੈਂ ਆ ਗਈ।

ਸੂਰਜਾਂ ਦਾ ਸੂਰ ਹੈਵੇ ਆ ਗਿਆ, ਦਰਸ਼ਨਾਂ ਦੀ ਦਾਤ ਕੁਦਰਤ ਪਾ ਗਈ।

ਨੂਰੀਆਂ ਨੂੰ ਨੂਰ ਨਾਨਕ ਲਾ ਰਿਹਾ, ਹੈ ਸਵਾਰੀ ਨੂਰ ਦੇਸੋਂ ਆ ਗਈ।

ਜਾਗ ਹੇ ਇਨਸਾਨ! ਝੋਲੀ ਅੱਡ ਦੇ ਅਰਸ਼ ਦੀ ਦੌਲਤ ਲੁਟਾਈ ਜਾ ਰਹੀ।

ਭਰਕੇ ਝੋਲੇ ਨੂਰ ਦੇ ਹੋ ਜਾ ਅਮੀਰ ਅਜ ਅਮੀਰੀ ਹਰ ਕਿਸੇ ਘਰ ਆ ਗਈ।

'ਧੰਨ ਨਾਨਕ' ਆਖ ਸਤਿਗੁਰ ਧੰਨ ਹੈ' 'ਧੰਨ ਰਸਨਾ' ਧੁਨਿ ਜੋ 'ਧੰਨ' ਦੀ ਲਾ ਗਈ।

[੧]ਇਹ ਕਵਿਤਾ ਸੰ ਗੁ: ਨਾ: ਸਾ: ੪੫੮ (੧੯੨੭ ਈ: ) ਦੇ ਗੁਰਪੁਰਬ ਪੂੰਨਮ ਸਮੇਂ ਖਾਲਸਾ ਸਮਾਚਾਰ ਵਿਚ ਛਪੀ ਸੀ। [੨] ਸਵੇਰ ਦੀ ਠੰਢੀ ਮਿੱਠੀ ਮਿੱਠੀ ਹਵਾ, ਸਮੀਰ।

[੩] ਪੂਰਬ ਦਿਸ਼ਾ ਨੂੰ। [੪] ਬੱਦਲਾਂ ਦੇ ਪੱਲੇ। [੫] ਸੂਰਜ ਦੇ ਚੜ੍ਹਦੇ ਪ੍ਰਕਾਸ਼ ਨਾਲ।

[੬] ਚੜ੍ਹਦਾ ਸੂਰਜ ਐਉਂ ਡਲ੍ਹਕਿਆ ਕਰਦਾ ਹੈ ਕਿ ਮਾਨੋਂ ਨ੍ਹਾ ਕੇ ਕਿਸੇ ਨੂਰ ਦੇ ਸਰ ਵਿਚੋਂ ਨਿਕਲ ਰਿਹਾ ਹੈ।

[੭] ਸਣਾਈ ਦੇ ਰਿਹਾ ਹੈ। [੮] ਖੁਸ਼ੀ ਦੀ ਖ਼ਬਰ

ਸੂਚਨਾ-ਲਾਹੌਰ ਤੋਂ ਉੱਠਕੇ ਸੱਚੇ ਪਾਤਸ਼ਾਹ ਜੀ ਨੇ ਹੁਣ ਫੇਰ ਤਲਵੰਡੀ[1] ਨੂੰ ਮੁਹਾੜਾ ਮੋੜੀਆਂ। ਬ੍ਰਿਧ ਰਾਇ ਬੁਲਾਰ ਬੜੀ ਅਕਾਂਖਯਾ ਵਿਚ ਉਡੀਕਾਂ ਕਰ ਰਿਹਾ ਸੀ[2], ਬੇਬੇ ਜੀ ਤੇ ਹੋਰ ਪ੍ਰੇਮੀ ਬੀ ਕੋਈ ਆਤਮ ਇਸ਼ਾਰਿਆਂ ਤੋਂ ਗੁਰੂ ਬਾਬੇ ਦਾ ਆਗਮਨ ਅਨੁਮਾਨ ਕਰਕੇ ਤਲਵੰਡੀ ਆਏ ਹੋਏ ਸੇ, ਉਹਨਾਂ ਸਾਰੇ ਪ੍ਰੇਮੀਆਂ ਦੀਆਂ ਸਿੱਕਾਂ, ਸੱਧਰਾਂ, ਦਿਲੀ ਪ੍ਰੇਮ ਤੇ ਸੱਚੇ ਪਾਤਸ਼ਾਹ ਦੇ ਆਪਣੀ ਵਰ੍ਹੇ ਗੰਢ ਦੇ ਦਿਨ ਅੱਪੜ ਪੈਣ ਦੀ ਗ਼ਰੀਬ ਨਿਵਾਜਤਾ ਦਾ ਕੁਛ ਨਕਸ਼ਾ ਅਗਲੇ ਪ੍ਰਸੰਗ ਵਿਚ ਹੈ:-

-੦-

# ੫੧.ਪਿਆਰੇ ਦੀ ਵਰ੍ਹੇ ਗੰਢ[3]।

**ਮਿਠੀ** ਗੁਲਾਬੀ ਰੁਤ, ਠੰਢੀ ਠੰਢੀ ਪਿਆਰੀ ਪਿਆਰੀ ਪੌਣ, ਪਿਛਲੀ ਰਾਤ ਦਾ ਸਰਦ ਚੰਦ੍ਰਮਾਂ ਮਿੱਠੀ ਚਾਂਦਨੀ ਦੀ ਬਰਖਾ ਕਰਨ ਵਿਚ ਮਸਤ, ਨਿੱਕੀ ਨਿੱਕੀ ਤ੍ਰੇਲ ਦੀ ਬੇ-ਮਲੂੰਮੀ ਫੁਹਾਰ ਤ੍ਰੌਏ ਸਮੇਂ ਨੂੰ ਪਿਆਰਾ ਪਿਆਰਾ ਬਣਾ ਰਹੇ ਹਨ। ਪੀਲੂੰ ਦੇ ਵਣ ਕਿੱਕੂ ਪਤਲੇ ਪਤਲੇ ਪੱਤਰ ਹਿਲਾ ਰਹੇ ਹਨ। ਇਨ੍ਹਾਂ ਦੀਆਂ ਵਿੱਥਾਂ ਵਿਚੋਂ ਚਾਂਦਨੀ ਦੀਆਂ ਰਿਸ਼ਮਾਂ ਧਰਤੀ ਉਤੇ ਪੈਕੇ ਕਿਹਾ ਛਾਂ ਤੇ ਚਾਨਣੇ ਦਾ ਚਿੱਤ੍ਰ ਮਿਤ੍ਰਾ ਫਰਸ਼ ਵਿਛਾ ਰਹੀਆਂ ਹਨ। ਇਸ ਚਿਤ-ਮਿਤਾਲੇ ਚਾਨਣੇ ਤੇ ਹਨੇਰੇ ਦੇ ਜੱਫੀਆਂ ਭਰਵੇਂ ਛਾਏ ਵਿਚ ਇਕ ਚੌਂਕੀ ਪਰ ਇਕ ਬ੍ਰਿਧ ਪੁਰਖ ਤਕੀਏ ਦੀ ਢੋ ਲਾਈ ਬੈਠਾ ਹੈ। ਦੋਵੇਂ ਹੱਥ ਖੁੱਲ੍ਹੇ ਬਿਥਵੇ ਪਏ ਹਨ, ਅੱਗੇ ਇਕ ਮਾਲਾ ਯਾ ਤਸਬੀ ਕਪੂਰਾਂ ਦੀ ਪਈ ਹੈ, ਅੱਖਾਂ ਬੰਦ ਹਨ, ਸਰੀਰ ਅਡੋਲ ਹੈ ਤੇ ਸੁਆਸ ਬਹੁਤ ਧੀਮਾਂ ਤੇ ਟਿਕਵਾਂ ਆ ਜਾ ਰਿਹਾ ਹੈ। ਅੰਮ੍ਰਿਤ ਵੇਲਾ ਇਸੇ ਤਰ੍ਹਾਂ ਹੀ ਬਿਤੀਤ ਹੋ ਗਿਆ, ਪਹੁ ਦਾ ਪਹਿਲਾ ਫੁਟਾਲਾ ਬੀ ਲੰਘ ਗਿਆ। ਹੁਣ ਪਹੁ ਦਾ ਦੁੱਧ ਰੰਗਾ ਚਾਨਣਾ ਸਾਰੇ ਫੈਲ ਗਿਆ, ਚਿੜੀਆਂ ਤੋਤਿਆਂ ਦੀਆਂ ਚੋਚਲੀਆਂ ਬੋਲੀਆਂ ਨਾਲ ਬਨ ਮਾਨੋਂ ਸੁੱਤਾ ਜਾਗ ਪਿਆ। ਇਸ ਵੇਲੇ ਨੂਰ ਭਰੇ ਚਿਹਰੇ ਵਾਲੇ ਬਿਰਧ ਦੇ ਨੈਣ ਖੁੱਲ੍ਹ ਗਏ, ਹੱਥ ਮਾਲਾ ਪਰ ਜਾ ਪਏ, ਅੱਖਾਂ ਵਿਚੋਂ ਇਕ ਦੋ ਹੰਝੂ ਕਿਰ ਪਏ ਅਰ ਇਕ ਬੜੀ ਦਰਦ ਭਰੀ ਸੁਰ ਨਾਲ ਇਹ ਵਾਕ ਉਸਦੇ ਕਮਜ਼ੋਰ, ਪਰ ਅਡੋਲ ਗਲੇ ਤੋਂ ਨਿਕਲੇ:-

> ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥ ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ[4]॥ ੧ ॥

ਇਸ ਦੇ ਨਾਲ ਅੱਖਾਂ ਵਿਚੋਂ ਕੋਈ ਕੋਈ ਹੰਝੂ ਐਉਂ ਕਿਰਦਾ ਗੱਲ੍ਹਾਂ ਦੀ ਵੱਟਦਾਰ ਖਲੜੀ ਤੋਂ ਰਿੜ੍ਹਦਾ ਜਾ ਰਿਹਾ ਹੈ, ਜਿਕੂੰ ਪਤਝੜੀ ਰੁਤੇ ਤ੍ਰੇਲ ਦਾ ਕੋਈ ਕੋਈ ਕਿਣਕਾ ਕੁਮਲਾਉਂਦੇ ਪੱਤਰਾਂ ਤੋਂ ਡਿਗਦਾ ਹੇਠਾਂ ਨੂੰ ਰਿੜ੍ਹ ਜਾਂਦਾ ਹੈ। ਪਲ ਮਗਰੋਂ ਫੇਰ ਅੱਖਾਂ ਬੰਦ ਹੋ ਗਈਆਂ ਅਰ ਹੱਥ ਮਣਕਿਆਂ

---

[1] ਪੁਰਾਤਨ ਜਨਮ ਸਾਖੀ ਵਿਚ ਦੁਨੀ ਚੰਦ ਦੀ ਸਾਖੀ ਦੇ ਮਗਰੋਂ ਲਿਖਿਆ ਹੈ 'ਤਬ ਬਾਬਾ ਜੀ ਘਰ ਆਇਆ ਤਲਵੰਡੀ ਵਿਚ ਕੋਈ ਦਿਨ ਰਿਹਾ'।

[2] ਇਸ ਵੇਰ ਤਲਵੰਡੀਓਂ ਉਠਕੇ ਗੁਰੂ ਬਾਬੇ ਨੇ ਕਰਤਾਰ ਪੁਰ ਬੱਧਾ ਹੈ ਤੇ ਕਰਤਾਰ ਪੁਰ ਨੂੰ ਜਦੋਂ ਮਹਿਤਾ ਕਾਲੂ ਜੀ ਟੁਰਦੇ ਹਨ ਤਾਂ ਰਾਇ ਬੁਲਾਰ ਬਿਰਹਾ ਕਰਦਾ ਦੱਸਿਆ ਹੈ ਕਿ ਤੁਸੀਂ ਹੁਣ ਚੱਲੇ ਹੋ ਤਾਂ ਗੁਰੂ ਨਾਨਕ ਏਥੇ ਕਦ ਆਸੀ। ਜਿਸ ਤੋਂ ਸਪਸ਼ਟ ਹੋ ਗਿਆ ਕਿ ਇਸ ਵੇਲੇ ਰਾਇ ਬੁਲਾਰ ਅਜੇ ਜੀਉਂਦਾ ਸੀ।

[3] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗ: ਨਾ: ਸਾ: ੪੩੯ (੧੯੦੮ ਈ:) ਉਪਰ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ

[4] ਇਹ ਸ਼ਬਦ ਗਉੜੀ ਛੰਤ ਮਹਲਾ ੧ ਵਿਚ ਹੈ।

ਤੇ ਫਿਰਦਾ ਰਿਹਾ ਤੇ ਫੇਰ ਆਵਾਜ਼ ਵੈਰਾਗ ਦੀ ਭਰੀ ਸੁਰ ਨਾਲ ਨਿਕਲੀ:-

ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥ ੧ ॥ ਭਾਈ ਰੇ ਭਵਜਲੁ ਬਿਖਮੁ ਡਰਾਂਉ ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥ ੧ ॥ ਰਹਾਉ ॥ ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥ ੨ ॥ ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥ ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥ ੩ ॥ ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥ ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥ ੪ ॥ ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥ ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥ ੫ ॥ ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥ ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥ ੬ ॥[1]

ਇਨ੍ਹਾਂ ਤੁਕਾਂ ਨੂੰ ਗਾਉਂਦੇ ਗਾਉਂਦੇ ਆਵਾਜ਼ ਮੱਧਮ ਪੈ ਗਈ ਤੇ ਅੰਤਲੀਆਂ ਤੁਕਾਂ ਬਹੁਤ ਹੌਲੀ ਕਹਿੰਦਿਆਂ ਫੇਰ ਨੇਤ੍ਰ ਮੁੰਦ ਗਏ।

ਹੁਣ ਦਿਨ ਚੜ੍ਹ ਪਿਆ, ਸੂਰਜ ਨੇ ਲਾਸਾਂ ਛੱਡ ਦਿੱਤੀਆਂ। ਬ੍ਰਿੱਧ ਜੀ ਨੇ ਅੱਖਾਂ ਖੋਲ੍ਹੀਆਂ ਤਾਂ ਪਰਲੇ ਵਣ ਹੇਠੋਂ ਇਕ ਦਾਸ ਨੇ ਆਵਾਜ਼ ਕੀਤੀ "ਰਾਇ ਜੀ! ਸਦਾ ਰਾਜ ਰਹੇ! ਇਕ ਕਾਜ਼ੀ ਜੀ ਲਾਹੌਰ ਦੇ ਆਏ ਹਨ।" ਸੈਨਤ ਨਾਲ ਰਾਇ ਨੇ ਕਿਹਾ: 'ਲੈ ਆਓ'। ਬ੍ਰਿੱਧ ਪੁਰਖ ਆਪਣੀ ਚੌਕੀ ਤੋਂ ਜ਼ਰਾ ਪਿੱਛੇ ਹਟ ਗਿਆ, ਤਲਵਾਰ ਤੇ ਮਾਲਾ ਦੋਵੇਂ ਤੱਕੀਏ ਪਾਸ ਕਰ ਦਿਤੀਆਂ ਤੇ ਇਸ ਥਾਂਵੇਂ ਕਾਜ਼ੀ ਨੂੰ ਚੌਂਕੀ ਤੇ ਬਿਠਾਲ ਲਿਆ। ਪਹਿਲੀ ਸੁਖ ਸਾਂਦ ਦੀ ਪੁੱਛ ਗਿੱਛ ਤੇ ਅਸੀਸ ਦੇ ਮਗਰੋਂ ਕਾਜ਼ੀ ਨੇ ਕਿਹਾ: "ਰਾਇ ਜੀ! ਤੁਹਾਡਾ ਪਿਤਾ ਰਾਏ ਭੋਇ ਬੜਾ ਤਕੜਾ ਜੋਧਾ ਸੀ, ਉਸ ਨੇ ਇਹ ਤਲਵੰਡੀ ਬੱਧੀ ਸੀ ਤੇ ਲਾਗੇ ਦੇ ਸਾਰੇ ਇਲਾਕੇ ਮਾਰ ਲਏ ਸੇ, ਐਥੋਂ ਤਾਂਈਂ ਜੋ ਅਨੇਕਾਂ ਪਿੰਡ ਨਾਲ ਰਲਾਕੇ ਏਹ ਤੱਪਾ ਵੱਡਾ ਕੀਤਾ ਸੀ, ਪਰ ਤੁਸੀਂ ਕੁਝ ਐਸੇ ਸਤੋ ਗੁਣੀ ਹੋਏ ਹੋ ਕਿ ਦੋ ਤ੍ਰੈ ਇਲਾਕੇ ਹੱਥੋਂ ਨਿਕਲ ਗਏ ਪਰ ਰਤਾ ਫਿਕਰ ਨਹੀਂ ਹੈ। ਆਹ ਅੱਧੀ ਰਾਤ ਨੂੰ ਉਜਾੜ ਵਿਚ ਬੈਠ ਕੇ ਕੀਹ ਕਰਦੇ ਹੋ? ਫੇਰ ਹਿੰਦੂਆਂ ਦੇ ਬਣਾਏ ਗੀਤ ਗਾਉਂਦੇ ਹੋ, ਸ਼ਰ੍ਹਾ ਦੀ ਪਛਾਣ ਹੀ ਨਹੀਂ ਕਰਦੇ। ਕਿਥੇ ਰਾਇ ਭੋਇ ਜਿਨ੍ਹ ਪਿੰਡੀ ਭਟੀਆਂ ਤੋਂ ਨਿਕਲ ਕੇ ਵਧਦੇ ਵਧਦੇ ਇਲਾਕੇ ਤੇ ਇਲਾਕੇ ਮਾਰਕੇ ਆਪਣੀ ਤਲਵੰਡੀ ਬੰਨ੍ਹ ਲਈ? ਕਿਥੇ ਉਸ ਤਲਵੰਡੀ ਦੇ ਇਲਾਕੇ ਕੁਝ ਬਾਬਿਓਂ ਚਾਚਿਓਂ ਭੱਟੀਆਂ ਨੇ ਹੱਥ ਪਲੱਥ ਮਾਰਕੇ ਲੈ ਲਏ, ਕੁਛ ਗੁਆਂਢੀਆਂ ਦੇ ਢਹੇ ਚੜ੍ਹ ਗਏ। ਹੁਣ ਛੇਕੜ ਦੀ ਲੜਾਈ ਵਿਚ ਤਲਵੰਡੀ ਹੀ ਚੱਲੀ ਸੀ, ਭਲਾ ਹੋਵੇ ਤੁਹਾਡੇ ਢਾਡੀ[1] ਦਾ ਜਿਨ ਰਾਜ ਭਾਗ ਬਚਾ

[1] ਇਹ ਸ਼ਬਦ ਸਿਰੀ ਰਾਗੁ ਮ: ੧ ਵਿਚ ਹੈ।

[1] ਇਸ ਸਮੇਂ ਹਰ ਰਈਸ ਪਾਸ ਢਾਡੀ ਹੁੰਦੇ ਸੇ ਜੋ ਵਾਰਾਂ ਜੋੜਦੇ, ਗਾਉਂਦੇ ਤੇ ਕੁਲਾਂ ਦੇ ਅੰਗ-ਪਾਲ ਹੁੰਦੇ ਸੇ। ਉਸ ਸਮੇਂ ਲੜਾਈ ਵਿਚ ਹਾਰਨ ਵਾਲੀ ਧਿਰ ਜੇ ਦੂਸਰੀ ਜਿੱਤ ਵਾਲੀ ਧਿਰ ਨੂੰ 'ਰਾਠ' ਮੰਨ ਲਵੇ ਤਦ ਓਹ ਆਪਣੀ ਜਿੱਤ ਸਮਝਕੇ ਲੜਨਾ ਬੰਦ ਕਰ ਦੇਂਦੇ ਸੇ ਅਰ ਇਸ ਨੂੰ ਭਾਰੀ ਪਤ ਸਮਝਦੇ ਸੇ। ਰਾਇ ਬੁਲਾਰ ਦੇ ਢਾਡੀ ਨੇ ਜਦ ਰਣ ਤੱਤੇ ਵਿਚ ਕਹਿ ਦਿਤਾ ਕਿ 'ਹੇ ਰਾਠੋ ! ਮੈਂ ਕਹਿੰਦਾ ਸਾਂ ਅਜ ਕੁਵਾਰ ਹੈ ਨਾ ਲੜੋ, ਰਾਇ ਕਹਿੰਦਾ ਸੀ ਨਹੀਂ। ਹੁਣ ਦੱਸੋ ਸੁਖਨੇਂ ਮੈਂ

(ਬਾਕੀ ਦੇਖੋ ਸਫਾ ੪੯੪ ਕਾਲਮ ਪਹਿਲੇ ਹੇਠ)

ਲਿਆ। ਮੈਂ ਸੁਣਿਆਂ ਹੈ ਜੋ ਜਿਸ ਵੇਲੇ ਤੁਹਾਡੀ ਹਾਰ ਹੋਣ ਲੱਗੀ ਤਦ ਨਿਮਕ ਹਲਾਲ ਢਾਡੀ ਨੇ ਅੱਗੇ ਵਧਕੇ ਵੈਰੀਆਂ ਦੇ ਮਨ ਨੂੰ ਪੱਠੇ ਪਾਕੇ ਕੰਮ ਕੱਢ ਲਿਆ ਤੇ ਰਾਜ ਬਚ ਗਿਆ।

ਮੈਂ ਗੁਸਤਾਖੀ ਨਾਲ ਬੋਲਿਆ ਹਾਂ, ਪਰ ਪਿਆਰ ਦੇ ਕਾਰਣੇ। ਹਾਂ, ਅਜੇ ਤੁਸੀਂ ਉਹਨਾ ਵਹਿਮਾਂ ਵਿਚ ਹੀ ਹੋ। ਲਾਗਦੇ ਖਰਲ ਫੇਰ ਫੇਰ ਗੋਂਦਾਂ ਗੁੰਦਦੇ ਹਨ ਜੋ ਰਾਇ ਬੁਲਾਰ ਨੂੰ ਖੱਸ ਲਈਏ। ਕੁਝ ਤਾਂ ਤਿਆਰੀ ਕਰ ਰੱਖੋ, ਮੈਂ ਤੁਹਾਡੇ ਪਿਤਾ ਦਾ ਸੰਗੀ ਹੋਣ ਕਰਕੇ ਅੱਜ ਅੱਗੇ ਜਾਂਦਾ ਹੋਇਆ ਏਥੇ ਠਹਿਰਿਆ ਹਾਂ। ਆਖੋ ਤਾਂ ਕੁਝ ਲਾਹੌਰ ਤੋਂ ਸਹੈਤਾ ਕਰਾ ਦਿਆਂ?

ਰਾਇ ਬੁਲਾਰ-ਤੁਸੀਂ ਬੜੀ ਕ੍ਰਿਪਾ ਕੀਤੀ ਹੈ, ਪਰ ਇਹ ਮੇਰੇ ਵੱਸ ਨਹੀਂ ਹੈ। ਪਿਤਾ ਵਿਚ ਪਰਮੇਸੁਰ ਨੇ ਬੀਰ ਰਸ ਪਾਇਆ ਸੀ, ਮੇਰੇ ਵਿਚ ਵੈਰਾਗ ਪਾਇਆ ਹੈ। ਆਪੋ ਆਪਣੇ ਸੁਭਾਵਾਂ ਵਿਚ ਵਰਤਣਾ ਹੈ। ਮੈਂ ਰਾਜ ਦਾ ਦਰੋਹੀ ਨਹੀ ਹਾਂ ਪਰ ਮੈਥੋਂ ਲਸ਼ਕਰ ਚਾੜ੍ਹ ਕੇ ਬੇਗੁਨਾਹ ਪਰਜਾ ਨੂੰ ਸਤਾਯਾ ਨਹੀਂ ਜਾਂਦਾ। ਹਾਂ ਜਦ ਮੈਂ ਨਿਰਦੋਸ਼ ਤੇ ਲੋਕੀਂ ਚੜ੍ਹ ਆਂਉਂਦੇ ਹਨ, ਤਦ ਮੈਂ ਆਪਣੀ ਪਰਜਾ ਦੀ ਪੂਰੀ ਰਾਖੀ ਕਰਦਾ ਹਾਂ, ਕੋਈ ਕਸਰ ਨਹੀਂ ਬਾਕੀ ਰਖਦਾ। ਹਾਰ ਜਿਤ ਪਰਮੇਸ਼ੂਰ ਜੀ ਦੇ ਵੱਸ ਹੈ। ਤੁਸੀਂ ਵੇਖ ਲਵੋ, ਜੋ ਭਾਵੇਂ ਇਕ ਦੋ ਵੇਰੀਂ ਹਾਰ ਬੀ ਹੋਈ, ਪਰ ਮੈਂ ਆਪਣੀ ਪਰਜਾ ਨੂੰ ਲੁੱਟ ਮਾਰ ਤੋਂ ਬਚਾ ਲੈਂਦਾ ਰਿਹਾ ਹਾਂ ਤੇ ਉਂਵ ਦੀਹਦਾ ਮੈਨੂੰ ਇਹੋ ਹੈ ਕਿ ਰਾਇ ਭੋਇ ਦੀ ਉਲਾਦ ਬਾਘ ਬੱਚੇ ਦੇ ਲਾਗੇ ਜਾਕੇ ਵਸੇਗੀ ਤੇ ਇਹ ਤਲਵੰਡੀ ਇਕ ਵੇਰੀ ਉਜਾੜ ਹੋਕੇ ਫੇਰ ਕਦੇ ਵਸੇਗੀ ਅਰ ਉਸ ਪਿਤਾ ਦੇ ਨਾਮ ਨਾਲੋਂ, ਜਿਸ ਨੇ ਧੱਕੇ ਦੇ ਜ਼ੋਰ ਇਸ ਨੂੰ ਵਸਾਇਆ ਸੀ, ਟੁੱਟ ਕੇ ਉਸ ਪਵਿੱਤ੍ਰ ਨਾਮ[1] ਨਾਲ ਫੇਰ ਵੱਸੇਗੀ ਕਿ ਜਿਸ ਨੇ ਸੰਸਾਰ ਨੂੰ ਪਿਆਰ ਨਾਲ ਸਰ ਕਰਨਾ ਹੈ। ਜਿਸ ਦੀ ਨਜ਼ਰ ਵਿਚ ਹਿੰਦੂ ਮੁਸਲਮਾਨ ਦਾ ਵੈਰ ਨਹੀਂ, ਪਰ ਦੋ ਅੱਖਾਂ ਸਮਾਨ ਦੋਹਾਂ ਨਾਲ ਪ੍ਰੇਮ ਹੈ। ਜਿਸ ਨੇ ਮੈਨੂੰ ਆਪਣਾ ਧਰਮ ਤੇ ਫ਼ਰਜ਼ ਨਿਬਾਹੁਣ ਤੋਂ ਵੱਖਰਾ ਉਸ ਭਾਰੀ ਪਾਤਸ਼ਾਹੀ ਦਾ ਸਰ ਕਰਨਾ ਸਿਖਾਲਿਆ ਹੈ ਕਿ ਜਿਸ ਦੇ ਲਈ ਅੱਠੇ ਪਹਿਰ ਮੈਦਾਨ ਗਰਮ ਰਹਿੰਦਾ ਹੈ। ਅੰਮ੍ਰਿਤ ਵੇਲੇ ਜੁੱਟ ਜੁੱਧ ਹੋਕੇ ਹਰ ਰੋਜ਼ ਨਵਾਂ ਕਿਲ੍ਹਾ ਸਰ ਹੁੰਦਾ ਹੈ ਤੇ ਜਿਸ ਦੇ ਸਰ ਹੋਇਆਂ ਇਸ ਸੰਸਾਰ ਦੇ ਬਖੇੜੇ ਤੋਂ ਸਦਾ ਲਈ ਤੇ ਦੁਖ ਸੁਖ ਦੇ ਅਸਰ ਹਰਖ ਸ਼ੋਕ ਤੋਂ ਜੀਉਂਦੇ ਜੀ ਹੀ ਛੁੱਟੀ ਮਿਲ ਜਾਂਦੀ ਹੈ। ਕਾਜ਼ੀ ਜੀ! ਤੁਸਾਂ ਚੰਗਾ ਕੀਤਾ, ਪਰ ਮੇਰੇ ਆਖੇ ਲਗੋ ਤਦ ਆਹ ਗੱਲ ਬੀ ਵਿਚਾਰੋ:

> ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ
> ਸੈ ਦਾਣਾ ਖਾਇ ॥ ਡਕੈ ਫੂਕੈ ਖੇਹ ਉਡਾਵੈ
> ਸਾਹਿ ਗਇਐ ਪਛੁਤਾਇ ॥ ਅੰਧੀ ਫੂਕਿ
> ਮੁਈ ਦੇਵਾਨੀ ॥ ਖਸਮਿ ਮਿਟੀ ਫਿਰਿ
> ਭਾਨੀ ॥ ਅਧੁ ਗੁਲ੍ਹਾ ਚਿੜੀ ਕਾ ਚੁਗਣੁ
> ਗੈਣਿ ਚੜੀ ਬਿਲਲਾਇ ॥ ਖਸਮੈ ਭਾਵੈ
> ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥
> ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ
> ਪੈ ਖਾਇ ॥ ਹੋਇ ਸਤਾਣਾ ਘੁਰੈ ਨ ਮਾਵੈ
> ਸਾਹਿ ਗਇਐ ਪਛੁਤਾਇ ॥ ਅੰਧਾ ਕਿਸ
> ਨੋ ਬੁਕਿ ਸੁਣਾਵੈ ॥ ਖਸਮੈ ਮੂਲਿ ਨ ਭਾਵੈ॥

---

(ਸਫਾ ੪੯੩ ਦੀ ਟੂਕ ਦੀ ਬਾਕੀ)

ਭੰਨਾ ਕਿ ਰਾਇ। ' ਇਹ ਸੁਣ ਕੇ ਆਪਣੀ ਜਿੱਤ ਜਾਣਕੇ ਓਹ ਵੈਰੀ ਮੈਦਾਨ ਛੱਡ ਕੇ ਚਲੇ ਗਏ।

ਇਹ ਤੁਕਾਂ ਰਾਇ ਬੁਲਾਰ ਦੀ ਵਾਰ ਵਿਚੋਂ ਹਨ, ਜੋ ਇਕ ਬੜੀ ਪੁਰਾਣੀ ਸ਼ੈ ਹੈ।

> "ਵਾਰ ਕੁਵਾਰ ਨਾ ਜਾਣਦਾ ਰਾਇ ਬੁਲਾਰਾ ਅੰਨਾ।
> ਕੁਝ ਮਾਰੀ ਬਾਬਾਣੀਆਂ[1] ਕੁਝ ਵਾਰੀ ਦਿਆਂ ਬੰਨਾ[2]।
> ਦੱਸੋ ਰਾਠੋ ਰਾਣਿਓਂ ਮੈਂ ਭੰਨਾ ਕਿ ਰਾਇ ਭੰਨਾ।

ਇਹ ਸੁਣਕੇ ਵੈਰੀਆਂ ਨੂੰ ਠੰਢ ਪੈ ਗਈ ਕਿ ਸਾਡੀ ਜਿੱਤ ਮੰਨੀ ਗਈ ਹੈ ਅਰ ਸਾਨੂੰ ਵੈਰੀ ਦੇ ਢਾਡੀ ਨੇ 'ਰਾਠ' ਦਾ ਖਿਤਾਬ ਦੇ ਦਿਤਾ ਹੈ, ਹੁਣ ਕੀਹ ਲੜਨ ਦੀ ਲੋੜ ਹੈ, ਸੋ ਉਹ ਚਲੇ ਗਏ।

੧. ਬਾਬਾਣੀਆਂ=ਸਰੀਕੇ ਦੇ ਸਾਕਾਂ।

੨. ਵਾਰੀ ਦਿਆਂ ਬੰਨਾਂ=ਗੁਆਂਢੀ ਕੌਮਾਂ।

---

[1] ਇਹ ਤਲਵੰਡੀ ਉਜੜੀ ਤੇ ਫੇਰ ਵਸੀ। ਹੁਣ ਇਸ ਨੂੰ ਨਨਕਾਣਾ ਸਾਹਿਬ ਆਖਦੇ ਹਨ।

ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ
ਡਾਲੀ ਬਹਿ ਖਾਇ ॥ ਖਸਮੈ ਭਾਵੈ ਓਹੋ
ਚੰਗਾ ਜਿ ਕਰੇ ਖੁਦਾਇ ਖੁਦਾਇ ॥ ਨਾਨਕ
ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ
ਹੋਈ ॥ ਗਲਾ ਵਾਲੇ ਹੈਨਿ ਘਣੇਰੇ ਛਡਿ ਨ
ਸਕੈ ਕੋਈ ॥ ਮਖੀ ਮਿਠੈ ਮਰਣਾ ॥ ਜਿਨ
ਤੂ ਰਖਹਿ ਤਿਨ ਨੇੜਿ ਨ ਆਵੈ ਤਿਨ
ਭਉ ਸਾਗਰੁ ਤਰਣਾ ॥ ੨ ॥[1]

ਕਾਜ਼ੀ-ਇਸੇ ਕਰ ਕੇ ਮੈਂ ਆਖਦਾ ਹਾਂ ਕਿ ਤੁਸੀਂ ਨਿਤਾਣੇ ਹੋ ਗਏ ਹੋ।

ਰਾਇ-ਕਾਜ਼ੀ ਸਾਹਿਬ! ਇਸ ਕਰਕੇ ਤਾਂ ਮੈਂ ਪਰਮੇਸ਼ੁਰ ਤੋਂ ਮੰਗਦਾ ਹਾਂ ਜੋ ਉਹ ਮੈਨੂੰ ਐਸਾ ਤਾਣ ਦੇਵੇ ਜੋ ਆਪਣੀ ਪਰਜਾ ਲਈ ਸਾਰਾ ਸੁਖ ਵਾਰ ਦਿਆਂ। ਮੇਰਾ ਮਤਲਬ ਇਹ ਤਾਂ ਨਹੀਂ ਹੈ ਜੋ ਰਾਜ ਛੱਡਕੇ ਟੁੱਕਰ ਮੰਗਾਂ, ਪਰ ਹੰਕਾਰ ਵਿਚ ਮੱਤੇ ਅਤੇ ਪਰਮੇਸ਼ੁਰ ਤੋਂ ਭੁੱਲੇ ਰਾਜਾਂ ਨਾਲੋਂ ਗੋਦੜੀ ਵਿਚ ਬੈਠਾ ਖ਼ੁਦਾ ਦਾ ਪਿਆਰਾ ਤੇ ਪਰਮੇਸ਼ੁਰ ਦਾ ਭਗਤ ਚੰਗਾ ਹੈ। ਤਿਵੇਂ ਮੈਂ ਚਾਹੁੰਦਾ ਹਾਂ ਜੋ ਰਾਜ ਕਰਦਾ ਮੈਂ ਫੁਟ ਨਾ ਨਿਕਲਾਂ, ਪਰ ਪਰਮੇਸ਼ਰ ਦੇ ਪਿਆਰ ਵਿਚ ਰਹਾਂ, ਜਨਮ ਦਾ ਲਾਹਾ ਲਵਾਂ ਤੇ ਪਰਜਾ ਪਾਲਣ ਤੇ ਰੱਖਯਾ ਦਾ ਧਰਮ ਪੂਰਾ ਨਿਬਾਹਾਂ। ਤੁਸੀਂ ਕਿਰਪਾ ਕਰਕੇ ਮੈਨੂੰ ਦੱਸੋ ਜੋ ਤੂੰ ਫਲਾਨਾਂ ਫਰਜ਼ ਪੂਰਾ ਨਹੀਂ ਕੀਤਾ, ਤਦ ਮੈਂ ਹੋਰ ਜਤਨ ਕਰਾਂ ਤੇ ਦੁਆ ਕਰਾਂ ਜੋ ਨਿਰੰਕਾਰ ਮੈਨੂੰ ਹੋਰ ਸੇਵਾ ਦਾ ਬਲ ਬਖਸ਼ੇ, ਸ੍ਰੀ ਪਰਮੇਸ਼ੁਰ ਜੀ ਮੈਥੋਂ ਆਪਣੀ ਮਰਜ਼ੀ ਆਪ ਪੂਰੀ ਕਰਵਾ ਲੈਣ ਦੀ ਦਾਤ ਬਖਸ਼ਣ, ਅੱਗੇ ਪਰਜਾ ਦੇ ਭਾਗ ਨਿਆਰੇ ਹਨ।

ਕਾਜ਼ੀ-ਤੁਹਾਡੇ ਪਰਜਾ ਪਾਲਕ ਤੇ ਪਰਜਾ ਰੱਖਕ ਹੋਣ ਵਿਚ ਤਾਂ ਕਸਰ ਨਹੀਂ, ਪਰ ਹਿੰਦੂ ਫ਼ਕੀਰ ਨੂੰ ਮੱਥੇ ਟੇਕਣੇ ਤੇ ਆਪਣੇ ਹੀ ਘਰ ਦੇ ਇਕ 'ਕਾਲੂ' ਨਾਮੇ ਮਹਿਤੇ ਦੇ ਪੁੱਤ ਨੂੰ ਪੀਰ ਮੰਨਣ ਦੇ ਕਾਰਣ ਭਾਰੀ ਦੁਖ ਉਠਦਾ ਹੈ। ਤੁਸੀਂ ਹੁਣੇ ਹੀ ਆਖਿਆ ਹੈ ਜੋ ਤਲਵੰਡੀ ਤੋਂ ਰਾਇ ਭੋਇ ਦਾ ਨਾਉਂ ਮਿਟਕੇ ਉਸ ਹਿੰਦੂ ਫ਼ਕੀਰ ਦਾ ਨਾਂ ਪੈ ਜਾਏਗਾ। ਖਿਮਾਂ ਕਰਨੀ, ਇਹ ਗੱਲ ਸੁਹਣੀ ਨਹੀਂ।

ਰਾਇ ਬੁਲਾਰ(ਨੈਣ ਸੇਜਲ ਹੋ ਗਏ)-ਕਾਜ਼ੀ ਜੀ! ਮੈਂ ਖਿਮਾਂ ਕਰਦਾ ਹਾਂ ਜੋ ਤੁਸੀਂ ਸ਼ਰਧਾ ਤੇ ਪ੍ਰੇਮ ਦੇ ਨਾ ਹੋਣ ਦੇ ਕਾਰਨ ਸੱਚ ਨੂੰ ਨੰਗਾ ਨਹੀਂ ਵੇਖ ਸਕਦੇ। ਉਹ ਹਿੰਦੂ ਫ਼ਕੀਰ ਨਹੀਂ ਹੈ, ਉਹ ਜ਼ਾਤ ਇਲਾਹੀ ਦਾ ਨੂਰ ਹੈ, ਅਰ ਜੋ ਕੁਛ ਮੈਂ ਕਿਹਾ ਹੈ ਕਿ ਤਲਵੰਡੀ ਉਨ੍ਹਾਂ ਦੇ ਨਾਂ ਤੇ ਵੱਸੇਗੀ ਇਹ ਸ੍ਰੀ ਪਰਮੇਸ਼ੁਰ ਜੀ ਦਾ ਹੁਕਮ ਹੈ, ਕਿਸੇ ਦਾ ਕੀ ਜ਼ੋਰ ਹੈ। ਤੇ ਹੋਰ ਮੈਂ ਬਹਿਸਾਂ ਨਹੀਂ ਕਰ ਜਾਣਦਾ, ਪਰ ਉਸ ਪਿਆਰ ਦੇ ਕਾਰਨ, ਜੋ ਮੈਨੂੰ ਹਰ ਜੀਵ ਨਾਲ ਹੈ, ਮੈਂ ਚਾਹੁੰਦਾ ਹਾਂ ਜੋ ਤੁਸੀਂ ਇਕ ਵੇਰ ਦਰਸ਼ਨ ਪਾ ਲਵੋ, ਜੋ ਤੁਹਾਨੂੰ ਭੀ ਠੰਢ ਪੈ ਜਾਵੇ।

ਇਹ ਸੁਣਕੇ ਕਾਜ਼ੀ ਨੇ ਜਾਤਾ ਜੋ ਏਥੇ ਪ੍ਰੇਮ ਨੇ ਤਣਾਵਾਂ ਕੱਸ ਕੇ ਤਣੀਆਂ ਹਨ, ਮੈਂ ਅੱਗੇ ਹੀ ਵਧਕੇ ਗੱਲਾਂ ਕਹਿ ਬੈਠਾ ਹਾਂ, ਮਤਾਂ ਕੁਝ ਵਧੇਰੇ 'ਨਾ-ਸੁਖਾਵੀ' ਗੱਲ ਕਹਿ ਬੈਠਾਂ ਤਾਂ ਥਾਂ ਦਾ ਰਾਜਾ ਹੈ, ਕਿਤੇ ਗੁੱਸਾ ਖਾਕੇ ਮਾਰ ਹੀ ਨਾ ਦੇਵੇ। ਭਾਵੇਂ ਸਾਧੂ ਸੁਭਾ ਵਾਲਾ ਹੈ, ਪਰ ਰਾਜਿਆਂ ਦੇ ਸੁਭਾਉ ਦਾ ਕੀਹ ਇਤਬਾਰ? ਪਲ ਵਿਚ ਤੋਲਾ ਪਲ ਵਿਚ ਮਾਸਾ। ਇਹ ਕੁਛ ਸੋਚਕੇ ਕਾਜ਼ੀ ਕੋਈ ਦੋ ਚਾਰ ਟਾਲੇ ਵਾਲੇ ਦੀਆਂ ਹੋਰ ਗੱਲਾਂ ਬਾਤਾਂ ਕਰਕੇ ਵਿਦਾ ਹੋ ਗਿਆ।

ਉਧਰ ਰਾਇ ਜੀ ਨੇ ਇਕ ਦਾਸ ਨੂੰ ਮਹਿਤੇ ਕਾਲੂ ਵੱਨੇ ਘੱਲਿਆ ਤੇ ਆਪ ਉਸ ਵੈਰਾਗ ਵਿਚ ਰੁੜ੍ਹ ਪਿਆ ਜੋ ਗੁਰ ਨਾਨਕ ਦੇ ਪ੍ਰੇਮ ਵਿਚ ਉਸ ਨੂੰ ਬਿਹਬਲ ਕਰ ਲਿਆ ਕਰਦਾ ਸੀ। ਉਸ ਦੇ ਹ੍ਰਿਦੇ ਦੇ ਪ੍ਰੇਮ ਵਿਛੋੜੇ ਦੀ ਕੁਛ ਸਮਝ ਇਸ ਗੀਤ ਵਿਚ ਅੰਕਿਤ ਹੈ,-

ਰੁਖੜਾ ਨਦੀ ਕਿਨਾਰੇ ਠਾਠਾਂ ਹੈ ਨੀਰ ਮਾਰੇ,
ਲੱਗੀ ਹੈ ਕੇਰ ਹੇਠਾਂ ਢੈਂਦੇ ਪਏ ਕਿਨਾਰੇ।
ਉਛਲੇ ਨਦੀ ਚੜ੍ਹ ਆਵੇਂ ਕੱਪਰ ਪਵਨ ਵਡੇਰੇ।
ਘੁੰਮਣ ਤੇ ਘੇਰੀਆਂ ਦੇ ਚੱਕਰ ਚਲਣ ਕਰਾਰੇ।
ਫੇਰਾ ਹੈ ਰੁੱਤ ਖਾਧਾ ਰੁਖੜਾ ਏ ਕੰਬਦਾ ਹੈ,
ਪੱਤੇ ਸੁੱਕ ਹੋਏ ਪੀਲੇ, ਟਹਿਣੇ ਝੁਰੇਂਦੇ ਸਾਰੇ।
ਬੀਤੀ ਬਸੰਤ ਪਜਾਰੀ ਨਾਲੇ ਬਸੰਤ ਵਾਯੂ,
ਬੀਤਯਾ ਹੁਨਾਲ ਤਿੱਖਾ ਬਰਖਾ ਬਿਤੇ ਹੁਲਾਰੇ।
ਰਸ ਰੂਪ ਰੰਗ ਉਡਕੇ, ਕੁਮਲਾਉ ਛਾ ਰਿਹਾ ਹੈ,
ਤੁਰਿਆ ਸੁਹਾਉ ਜਾਂਦਾ ਜਰ ਨੇ ਆ ਪਰ ਖਿਲਾਰੇ।
ਰੁਖੜੇ ਨਿਮਾਨੜੇ ਤੇ ਐਸੀ ਉਦਾਸੀ ਛਾਈ,

[1] ਇਹ ਸ਼ਬਦ ਮਲਾਰ ਵਾਰ ਵਿਚ ਮ: ੧ ਦਾ ਹੈ। (ਪੰ:-੧੨੮੯) ਹੈ।

ਆਸਾਂ ਨਿਰਾਸ ਹੋਈਆਂ ਸਾਰੇ ਹੁਲਾਸ ਹਾਰੇ।
ਕਿਥੇ ਕੁਮਾਰ ਉਮਰਾ, ਕਿਥੇ ਬੁਢਾਪੜਾ ਏ,
ਕਿੱਥੇ ਓ ਭਰ ਜੁਆਨੀ ਜੋਬਨ ਦੇ ਓ ਪਸਾਰੇ।
ਅੱਗਾ ਹੈ ਆਯਾ ਨੇੜੇ, ਪਿੱਛਾ ਰਿਹਾ ਦੁਰਾਡਾ,
ਦਿਨ ਮੀਟਿਆ ਹੈ ਜਾਂਦਾ, ਸੈਨਤ ਹੈ ਰਾਤ ਮਾਰੇ।
ਬੀਤੀ ਸੋ ਬੀਤ ਗੁਜ਼ਰੀ, ਟਲਦੀ ਨ ਔਣ ਵਾਲੀ,
ਰੁਖੜਾ ਨਦੀ ਕਿਨਾਰੇ ਕੂਕੇ ਤੇ ਕਿਉਂ ਪੁਕਾਰੇ?
ਪਜਾਰਾ ਸੀ ਪਜਾਰ ਭਰਿਆ ਕਰਦਾ ਪਜਾਰ ਆਪੇ,
ਰੁਖੜਾ ਢਹਿਣ ਤੋਂ ਪਹਿਲੇ, ਤਰਸੇ ਸਜਨ ਦਿਦਾਰੇ।
ਪਜਾਰਾ ਬਿਦੇਸ਼ ਫਿਰਦਾ, ਮੋੜੇ ਨਹੀਂ ਮੁਹਾੜਾਂ,
ਰੁਖੜੇ ਨੂੰ ਇਹ ਤਿਸੇਵਾਂ ਮੁਖੜਾ ਕਿਵੇਂ ਦਿਖਾਰੇ।
ਤਰਸਾਂ ਮੈਂ ਸਿੱਕ ਬੱਧਾ, ਲੋਚਾਂ ਮੈ ਲੋਚ ਭਰਿਆ,
ਤਾਂਘਾਂ ਮੈਂ ਤਾਂਘ ਕੁੱਠਾ, ਆਂਵੀਂ ਕਿਤੋਂ ਪਿਆਰੇ!
ਬੁੱਢਾ ਹਾਂ ਦੀਨ ਮਾੜਾ, ਔਗੁਣ ਦੀ ਖਾਣ ਸਾਰਾ,
ਕੋਈ ਨ ਮਾਣ ਦਾਵਾ, ਕੀਤੇ ਨ ਪੁੰਨ ਕਾਰੇ।
ਰਾਜਾ ਹਾਂ ਆਲਸੀ ਮੈਂ ਪਰਜਾ ਦਾ ਧਾਨ ਖਾਂਦਾ,
ਕ੍ਰਧਾ ਨ ਦੁੱਧ ਵਾਲਾ ਮੇਰੇ ਨਸੀਬ ਪਜਾਰੇ।
ਕੋਈ ਨ ਜਾਪ ਹੋਯਾ, ਕੀਤੀ ਕੋਈ ਨ ਕਰਨੀ,
ਤੜਫੇ ਇਹ ਰੂਹ ਨਿਮਾਣੀ ਮਿਲਨਾ ਚਹੇ ਦੁਲਾਰੇ।
ਫਿਰਦਾ ਵਣਾਂ ਤਕਾਂਦਾ, ਢੂੰਡਾਂ ਬਣਾਂ ਤੇ ਬੇਲੇ,
ਭਾਲਾਂ ਮੈਂ ਰਾਹ ਸਾਰੇ, ਪਜਾਰਾ ਕਿਤੋਂ ਜਿ ਆਵੇ।
ਸਿੱਕੋਂ ਹੈ ਢੂੰਡ ਵਧਦੀ, ਵਧਦੀ ਹੈ ਸਿੱਕ ਢੂੰਡੋਂ,
ਸਿੱਕਣ ਤੇ ਢੂੰਡ ਅੰਦਰ ਜਾਂਦੇ ਬਿਤੇ ਦਿਹਾੜੇ!
ਆਵੀਂ ਗੁਰੂ ਪਿਆਰੇ! ਆਵੀਂ ਦੀਦਾਰ ਦੇਵੀਂ,
ਸਦਕੇ ਕਿਸ ਦੇ ਆਵੀਂ, ਆਵੀਂ ਕ੍ਰਿਪਾ ਨੂੰ ਧਾਰੇ।
ਦੁਨੀਆਂ ਤੋਂ ਜਾਣ ਵਾਲਾ ਮੈਨੂੰ ਸਫਰ ਹੈ ਆਯਾ,
ਆਵੀਂ ਤੁਰਨ ਤੋਂ ਪਹਿਲੇ ਪਹਿਲੇ ਪ੍ਰਭੂ ਸੁਆਰੇ।
ਠੱਲ੍ਹਾਂ, ਮੈਂ ਨੈਣ ਊਣੇ, ਜੋਰੀਂ ਹੈ ਨੀਰ ਆਵੇ,
ਆਏ ਨੂੰ ਫੇਰ ਰੋਕਾਂ, ਰੁਕਦਾ ਨ, ਜ਼ੋਸ਼ ਮਾਰੇ।
ਤਰਸਾਂ ਤਰਸ ਨਿਮਾਣੇ ਡੂੰਘੇ ਲਹੇ ਏ ਜਾਂਦੇ,
ਰੋਂਦੇ ਦੀਦਾਰ ਤੇਰਾ ਡੁਬਜਾਂ ਨੂੰ ਆਕੇ ਤਾਰੇ।
ਤਾਰੀਂ ਹੇ ਤ੍ਰਾਣ ਕਰਤਾ! ਰੱਖੀਂ ਗੁਰੂ ਪਿਆਰੇ,
ਨਾਨਕ ਗੁਰੂ ਪਿਯਾਰੇ ! ਨਾਨਕ ਪ੍ਰਭੂ ਪਿਆਰੇ !
ਕੰਬੇ ਹਿਯਾਉ ਮੇਰਾ, ਥਰਥਰ ਕਰੇ ਕਲੇਜਾ,
ਬੀਤੀ ਹੈ ਰੈਣ ਸਾਰੀ, ਉਮਰਾ ਦੇ ਲਟਕੇ ਤਾਰੇ।
ਢੋਈ ਨ ਕੋਈ ਮੈਨੂੰ ਕਰਮਾਂ ਤੇ ਜੇ ਨਿਬੇੜਾ,
ਠਾਹਰ ਨ ਦੀਨ ਦੁਨੀਆਂ ਮੈਂਡੇ ਜਿ ਗੁਣ ਵਿਚਾਰੇਂ।
ਭਾਵੇਂ ਹਾਂ ਪੁੰਜ ਔਗੁਣ, ਪਾਪਾਂ ਪਹਾੜ ਬਣਿਆਂ,
ਆਪਣੀ ਕ੍ਰਿਪਾ ਤਕਾਵੇਂ ਔਗੁਣ ਨ ਮੈਂ ਚਿਤਾਰੇਂ।
ਸੁਪਨੇ ਦੀਦਾਰ ਦੇਖਾਂ ਜਾਣਾਂ ਤੁਸੀਂ ਹੋ ਆਏ,
ਤ੍ਰਭ੍ਰਕਾਂ, ਨ ਜਾਗ ਦੇਖਾਂ, ਰੋਵਾਂ ਮੈਂ ਮਾਰ ਨਾਆਰੇ,
ਪੰਛੀ ਵਣਾਂ ਤੇ ਬੋਲਣ, ਦੇਵਣ ਮਨੋਂ ਸੁਨੇਹਾ,
'ਪਜਾਰਾ ਹੈ ਦੇਸ਼ ਆਵੇ, ਲੋਕੋ ! ਕਰੋ ਤਿਆਰੇ।
ਪਿਆਰਾ ਨ ਦੇਸ਼ ਆਵੇ, ਟੁਟਦਾ ਰਿਦਾ ਹੈ ਜਾਵੇ,
ਟੁਟਦੀ ਉਮੈਦ ਬੱਝਦੀ, ਕੈਸੇ ਮੈਂ ਭਾਗ ਨਜਾਰੇ।
ਤਾਰੇ ਹਨ ਰਾਤ ਚੜ੍ਹਦੇ ਖੁਸ਼ੀਆਂ ਦੀ ਡਲ੍ਹਕ ਮਾਰਨ,
ਕਰਦੇ ਦਿਦਾਰ ਤੇਰਾ ਉੱਚੀ ਓ ਥਾਂ ਖਲ੍ਹਾਰੇ।
ਨੀਵਾਂ ਹੈ ਵਾਸ ਮੇਰਾ, ਨੀਵਾਂ ਹਾਂ ਜਾਤ ਨੀਵੀਂ,
ਕੀਕੂੰ ਦਿਦਾਰ ਪਾਵਾਂ, ਬੈਠੇ ਹੋ ਦੂਰ ਸਾਰੇ।
ਤਾਰਯੋ! ਦਿਓ ਸੁਨੇਹਾ ਆਖੋ ਗੁਰੂ ਦੇ ਤਾਈਂ-
'ਤਰਸੇ ਹੈ ਸਿੱਖ ਬੁਢੜਾ ਰੋਵੇ ਹੈ ਪਾਇ ਪਾਹਰੇ[1]।
'ਕੂਕੇ ਹੈ ਕੂੰਜ ਵਾਂਗੂੰ ਵਿਛੁੜੀ ਜੋ ਡਾਰ ਕੋਲੋਂ,
'ਖੰਭਾਂ ਤੋਂ ਹੀਨੜੀ ਜੋ ਭਾਗਾਂ ਦੇ ਮੰਨਦੀ ਲਾਰੇ।
'ਐਸੇ ਨਿਮਾਨੜੇ ਤੇ ਛੇਤੀ ਕ੍ਰਿਪਾਲ ਹੋਵੋ,
ਜਾਵੋ ਜੀ! ਬੇਗ ਧਾਈ, ਪਾਵਨ ਕਰੋ ਸੁ ਦ੍ਵਾਰੇ।'
ਮਿੱਠੀ ਹੈ ਪੌਣ ਆਵੇ ਸੁੰਵੀ ਸੁਲੱਖਣੀ ਏ,
ਪਜਾਰੇ ਦੀ ਗੰਧੋਂ ਖਾਲੀ ਐਵੇਂ ਲਵੇ ਹੁਲਾਰੇ।
ਪੈਂਦੀ ਹੈ ਤ੍ਰੇਲ ਭਿੰਨੀ, ਭਿਜਦੀ ਨ ਰਾਤ ਕੋਈ,
ਪਜਾਰਾ ਬਿਦੇਸ਼ ਬੈਠਾ ਬਿਰਹੋਂ ਤਪਨ ਪਹਾਰੇ[2]
ਕੋਈ ਜਿ ਰਾਗ ਗਾਵੇ, ਬਿਰਹੋਂ ਭੁਯੰਗ ਜਾਗੇ
ਪੈਂਦਾ ਨਹੀਂ ਪਿੜਾਈ; ਡੰਗੇ ਲਏ ਫੂੰਕਾਰੇ।
ਐਸਾ ਕੁਈ ਜਿ ਹੋਵੇ ਜਿੱਥੇ ਗੁਰੂ ਜੀ ਹੋਵਨ,
ਆਖੇ: 'ਸੁਦੇਸ਼ ਜਾਵੋ', ਮੇਰੇ ਦਰਦ ਨਿਵਾਰੇ।
ਮੈਨੂੰ ਪਤਾ ਜਿ ਹੋਵੇ ਬੈਠੇ ਵਲੈਤ ਕਿਸ ਹੋ,
ਭੇਜਾਂ ਸੰਦੇਸੜਾ ਦੇ: ਆਵੋ ਮਿਲੋ ਪਿਆਰੇ!
ਕੋਈ ਨ ਜਾਚ ਮੈਨੂੰ, ਕੋਈ ਨ ਗੱਲ ਅਹੁੜੇ,
ਕੋਈ ਨ ਪੇਸ਼ ਚੱਲੇ, ਸਾਰੇ ਉਪਾਉ ਹਾਰੇ।
ਬੇ ਆਸਰਾ ਸਹਾਰਾ, ਕੋਈ ਨ ਸੋਚ ਫੁਰਦੀ
ਹੀਣਾ ਹੋ ਸਭ ਤਰ੍ਹਾਂ ਮੈਂ; ਡਿਗਦਾ ਹਾਂ ਹਾਰ ਦ੍ਵਾਰੇ।
ਪਾਵੋ ਏਹ ਦਾਨ ਪਜਾਰੇ, ਪਾਵੋ ਦਿਦਾਰ ਭਿੱਖਜਾ,
ਮਿਲਨੇ ਦੀ ਖ਼ੈਰ ਪਾਵੋ ਪਾਲਣ ਬਿਰਦ ਦੇ ਵਾਰੇ।
ਜਾਣੋ ਜੋ ਬੀਤਦੀ ਹੈ, ਜਾਣੀ ਹੋ ਜਾਣ ਗੁਰ ਜੀ।
ਸਦਕੇ ਬਿਰਦ ਦੇ ਅਪਨੇ ਆਜਜ਼ ਨੂੰ ਦਯੋ ਦਿਦਾਰੇ।

[1] ਵਾਸਤੇ ਪਾ ਪਾਕੇ। [2] ਭੱਠ

ਦੂਰ ਦੂਰ ਵਣਾ ਹੇਠ ਜੋ ਰਾਇ ਦੇ ਸਰੀਰ ਦੇ ਰਾਖੇ ਪਹਿਰੇਦਾਰ ਤੜਕੇ ਤੋਂ ਕੁਝ ਬੈਠੇ ਕੁਝ ਪਹਿਰਾ ਦੇ ਰਹੇ ਸੇ, ਹੁਣ ਉਨ੍ਹਾਂ ਦੀ ਥਾਵੇਂ ਹੋਰ ਨੌਕਰ ਆ ਗਏ ਅਰ ਉਹ ਪਿੰਡ ਵੱਨੇ ਵਗ ਗਏ। ਇੰਨੇ ਚਿਰ ਤਕ ਮਹਿਤਾ ਕਾਲੂ ਜੀ ਰਾਇ ਪਾਸ ਆ ਪਹੁੰਚਾ। ਬੜੇ ਆਦਰ ਨਾਲ ਰਾਇ ਜੀ ਨੇ ਬਹਾਲਿਆ ਅਰ ਡਾਢੇ ਵਿਰਾਗ ਨਾਲ ਪੁੱਛਿਆ 'ਦੇਹ ਮਹਿਤਾ ਕੋਈ ਖ਼ਬਰ, ਸਾਡੇ ਜਗ ਦੇ ਸੂਰਜ ਅਜੇ ਇਸ ਕਠੋਰ ਧਰਤੀ ਨੂੰ ਦਰਸ਼ਨ ਦੇਂਦੇ ਹਨ ਕਿ ਨਹੀਂ?

ਮਹਿਤਾ-ਰਾਇ ਜੀ! ਕੀ ਦੱਸਾਂ! ਕੋਈ ਸੋਇ ਨਹੀਂ। ਮੈਂ ਤਾਂ ਬੜਾਕੁਲ ਹੋਇਆ ਜਾਂਦਾ ਹਾਂ। ਉਮਰਾ ਢਲ ਚੱਲੀ ਹੈ, ਸਿਕਦਿਆਂ ਦੇ ਘਰ ਇਕੋ ਪੁਤ੍ਰ ਹੋਇਆ, ਸੋ ਟੱਬਰ ਟੋਰ ਛੱਡਕੇ ਉਦਾਸੀਆਂ ਵਿਚ ਫਿਰਦਾ ਹੈ। ਦੋ ਚਾਰ ਵਾਰੀ ਸੋ ਕੰਨੀਂ ਪਈ ਹੈ ਪਰ ਪੱਕੀ ਗੱਲ ਕੋਈ ਨਹੀਂ। ਕੁਛ ਥਹੁ ਹੀ ਨਹੀਂ ਜੋ ਕਿਥੇ ਗਏ। ਆਖ ਗਏ ਸਨ ਏਸੇ ਗਿਰਦ ਨਵਾਹੀ ਫਿਰਨਾ ਹੈ। ਸਾਨੂੰ ਸਮਝ ਕੁਝ ਨਹੀਂ ਪੈਂਦੀ ਜੋ ਐਡੀਆਂ ਵਲਿੱਖਾਂ ਝਾਗਦੇ ਕੀਹ ਕਰਦੇ ਫਿਰਦੇ ਹਨ। ਅਸੀਂ ਹੁਣ ਬੁੱਢੇ ਹੋਣ ਲੱਗੇ ਹਾਂ ਤੇ ਉਨ੍ਹਾਂ ਦਾ ਸਰੀਰ ਬੀ ਹੁਣ ਚੰਗੀ ਅਵਸਥਾ ਦਾ ਹੁੰਦਾ ਪਿਆ ਜੇ, ਪਰ ਅਜੇ ਫਿਰਦੇ ਹੀ ਫਿਰਦੇ ਹਨ। ਮਾਤਾ ਉਨ੍ਹਾਂ ਦੀ ਰੀਝਾਂ ਹੀ ਕਰਦੀ ਰਹਿ ਜਾਂਦੀ ਹੈ ਜੋ ਐਤਕੀਂ ਪੁੱਤਰ ਵਰ੍ਹੇ ਗੰਢ ਨੂੰ ਆਵੇਗਾ ਤਾਂ ਮੈਂ ਮਨ ਦੀਆਂ ਸੱਧਰਾਂ ਲਾਹਵਾਂਗੀ, ਪਰ ਉਡੀਕਾਂ ਵਿਚ ਹੀ ਭਾਗੇ ਭਰਿਆ ਦਿਨ ਲੰਘ ਜਾਂਦਾ ਹੈ।

ਰਾਇ ਬੁਲਾਰ-ਧੰਨ ਭਾਗ ਜਿਨ੍ਹਾਂ ਦੇ ਗ੍ਰਿਹ ਉਨ੍ਹਾਂ ਨੇ ਅਵਤਾਰ ਧਾਰਿਆ, ਜਿਨ੍ਹਾਂ ਦੇ ਦਰਸ਼ਨ ਨਾਲ ਪਾਪਾਂ ਦਾ ਹਨੇਰਾ ਦੂਰ ਹੁੰਦਾ ਹੈ। ਮਹਿਤਾ ਕਾਲੂ! ਦਰਸ਼ਨ ਦੀ ਤਾਂਘ ਤਾਂ ਸਾਨੂੰ ਬੀ ਤੁਹਾਡੇ ਵਾਂਙੂ ਰਹਿੰਦੀ ਹੈ, ਪਰ ਸਾਡਾ ਕੋਈ ਦਾਵਾ ਨਹੀਂ, ਕੋਈ ਸਾਕ ਨਾਤੇ ਦਾ ਮਾਣ ਨਹੀਂ, ਕੋਈ ਜਾਤ ਬਿਰਾਦਰੀ ਦਾ ਤਾਣ ਨਹੀਂ, ਹਾਂ, ਇੱਕੋ ਉਨ੍ਹਾਂ ਦੀ ਦਇਆ ਤੇ ਟੇਕ ਹੈ। ਅਸੀਂ ਹੁਣ ਬ੍ਰਿਧ ਹਾਂ, ਮੌਤ ਦਾ ਕੋਈ ਵੇਲਾ ਨਹੀਂ, ਚਾਹੁੰਦੇ ਹਾਂ ਜੋ ਉਨ੍ਹਾਂ ਦੇ ਦਰਸ਼ਨ ਪਾਈਏ, ਪਰ ਜੇ ਉਨ੍ਹਾਂ ਦੀ ਖੁਸ਼ੀ ਇਸੇ ਵਿਚ ਹੈ ਤਾਂ ਸਾਡਾ ਕੋਈ ਜ਼ੋਰ ਨਹੀਂ, ਸਾਨੂੰ ਸਿੱਦਕੋ ਦਾਨ ਮਿਲੇ।

ਇਹ ਕਹਿੰਦੇ ਦੇ ਥੱਲੇ ਲਹੇ ਜਾਂਦੇ ਨੇਤਰਾਂ ਵਿਚ ਜਲ ਭਰ ਆਇਆ ਤੇ ਐਕਰਾਂ ਦਾ ਵਾਕ ਮੂੰਹੋਂ ਨਿਕਲਿਆ:-

ਸਾਨੂੰ ਮਾਯ ਛਾਯ ਤੋਂ ਦੂਰ ਕਰੀਂ,
ਇਕ ਪ੍ਰੇਮ ਆਪਣਾ ਰਿਦੇ ਭਰੀਂ।
ਇਕ ਪਜਾਰ ਕਰੀਂ, ਇਕ ਪ੍ਰੇਮ ਲਈਂ।
ਬਿਖ ਆਸਾ ਬਾਹਰ ਮਾਰ ਦਈਂ।
ਤੂੰ ਹੋਵੇਂ ਹੋਈਏ ਅਸੀਂ ਨਹੀਂ,
ਤੈਂ ਬਾਝ ਨ ਸਾਡੀ ਮੁਸ਼ਕ ਰਹੀ।

ਹੇ ਮਹਿਤਾ ਜੀ! ਮੈਂ ਉਨ੍ਹਾਂ ਨੂੰ ਕੀਹ ਸਮਝਾਵਾਂ? ਸੂਰਜ ਮੰਡਲ ਤੇ ਕੀਹ ਜੋਤਾਂ ਜਗਾਵਾਂ? ਮੇਰੇ ਅੰਦਰ ਤਾਂ ਹਉਮੈਂ ਦਾ ਭੂਤ ਹੈ, ਜੋ ਉਨ੍ਹਾਂ ਦਾ ਅਸਲ ਸਰੂਪ ਦੇਖਣ ਨਹੀਂ ਦੇਂਦਾ। ਨੇਕ ਰੂਹਾਂ ਜਦ ਲੋਕ ਵਿਚ ਆਉਂਦੀਆਂ ਹਨ ਤਦ ਆਪਣੀ ਹਉਮੈ ਦਾ ਪੜਦਾ, ਖ਼ੁਦਗ਼ਰਜ਼ੀ ਦਾ ਹਨੇਰਾ, ਆਪੇ ਦਾ ਪਿਆਰ ਸਾਨੂੰ ਉਨ੍ਹਾਂ ਦੇ ਸਚੇ ਦਰਸ਼ਨ ਤੋਂ ਪਰੇ ਕਰ ਦੇਂਦਾ ਹੈ। ਅਸੀਂ ਮਰ ਗਏ ਹੋਏ ਮਹਾਤਮਾਂ ਦੇ ਹਾਲ ਸੁਣਕੇ ਰੋਂਦੇ ਹਾਂ, ਪਰ ਜੋ ਭਲੀਆਂ ਰੂਹਾਂ ਸਾਡੇ ਸਾਕ, ਸਾਡੇ ਮਿੱਤ੍ਰ, ਸਾਡੇ ਸੱਜਣ ਬਣਕੇ ਸਾਡੇ ਵਿਚ ਵਸਦੀਆਂ ਤੇ ਸਾਡਾ ਭਲਾ ਕਰਦੀਆਂ ਹਨ ਅਸੀਂ ਉਹਨਾਂ ਦੀ ਕਦਰ ਤੋਂ ਭੁੱਲੇ ਰਹਿਦੇਂ ਹਾਂ। ਹਾਂ, ਅਨਜਾਣੇ ਉਨ੍ਹਾਂ ਦੇ ਗੁਣਾਂ ਦੀ ਅਪਣੇ ਘੜੇ ਔਗੁਣਾਂ ਨੂੰ ਉਨ੍ਹਾਂ ਵਿਚ ਪਾ ਪਾਕੇ ਭਰੇ ਸਰੋਵਰ ਤੇ ਤਿਹਾਏ ਬੈਠੇ ਉਮਰਾ ਬਿਤਾ ਲੈਂਦੇ ਹਾਂ।

ਮਹਿਤਾ ਜੀ! ਏਹ ਪੁਤ ਨਹੀਂ ਜੇ, ਏਹ ਰੱਬ ਦਾ ਨੂਰ ਹੈ। ਇਸਦੇ ਦਰਸ਼ਨ ਲਈ ਸਿੱਕਣਾ ਪਰਮ ਪੁੰਨਯ ਹੈ, ਇਸ ਦੀ ਤਾਂਘ ਵਿਚ ਦਿਲ ਦਾ ਤੜਫਣਾ ਸੌ ਸਵਾਬਾਂ ਦਾ ਸਵਾਬ ਹੈ, ਇਸ ਦੀ ਯਾਦ ਲਾਭਾਂ ਦਾ ਲਾਭ ਹੈ। ਪਿਆਰ ਦੀ ਖਿੱਚ ਤੇ ਯਾਦ ਦੀ ਡੋਰ ਨਾਲ ਸਾਡਾ ਮਨ ਉਨ੍ਹਾਂ ਦੇ ਆਤਮ ਝਲਕੇ ਨਾਲ ਨਿਰਮਲ ਹੁੰਦਾ ਜਾਂਦਾ ਹੈ। ਉਨ੍ਹਾਂ ਨੇ ਸ੍ਰੀ ਨਿਰੰਕਾਰ ਦਾ ਦਰਸ਼ਨ ਪਾਇਆ ਹੈ, ਉਹਨਾਂ ਦੇ ਆਖੇ ਲੱਗਿਆਂ ਤੇ ਉਹਨਾਂ ਨਾਲ ਪਿਆਰ ਕੀਤਿਆਂ ਨਿਰੰਕਾਰ ਦਾ ਦਰਸ਼ਨ ਹੁੰਦਾ ਹੈ।

ਮਹਿਤਾ-ਰਾਇ ਜੀ! ਅਸੀਂ ਤਾਂ ਮਮਤਾ ਮਾਰੇ ਪੁੱਤ ਪੁੱਤ ਪਏ ਕੂਕਦੇ ਹਾਂ। ਇਸੇ ਮਮਤਾ ਨੇ ਮਾਰ ਲਿਆ। ਤੁਹਾਡੇ ਆਖੇ ਕਈ ਵੇਰੀਂ ਹੋਸ਼ ਕਰਦੇ ਹਾਂ

ਪਰ ਫੇਰ ਮਮਤਾ ਆ ਘੇਰਦੀ ਹੈ ਕਿ ਹਾਇ। ਪੁੱਤ ਦਾ ਸੁਖ ਨਾ ਡਿੱਠਾ। ਰੱਜਕੇ ਗੱਲਾਂ ਨਾ ਕੀਤੀਆਂ। ਗਹਿਮਾ ਗਹਿਮ ਵਸਦਾ ਪੁੱਤ ਦਾ ਘਰ ਨਾ ਡਿੱਠਾ, ਅਸੀਂ ਕੀਹ ਜਗਤ ਵਿਚ ਆਏ?

ਰਾਇ-ਮਹਿਤਾ ਜੀ, ਇਸ ਮਮਤਾ ਨੂੰ ਪ੍ਰੇਮ ਬਣਾਓ ਤੇ ਪੁੱਤਰ ਦੀ ਆਤਮ-ਜੋਤਿ ਦੀ ਝਲਕ ਦਾ ਦਰਸ਼ਨ ਕਰੋ, ਜੋ ਸੱਚ ਖੰਡ ਤੋਂ ਮਾਤ ਲੋਕ ਤੱਕ ਬ੍ਰਹਮੰਡ ਨੂੰ ਵਸਾ ਰਿਹਾ ਹੈ। ਹੱਛਾ ਇਹ ਤਾਂ ਦੱਸੋ ਜੇ ਕੋਈ ਵਾਇ ਸੋਇ ਕਿਤੋਂ ਆਈ ਬੀ ਕਿ ਨਾ? ਮੈਂ ਤਾਂ ਅੱਜ ਬਹੁਤ ਹੀ ਬਿਆਕੁਲ ਹੋ ਰਿਹਾ ਹਾਂ, ਰਾਤੀਂ ਸੁਪਨੇ ਵਿਚ ਮੈਨੂੰ ਦਰਸ਼ਨ ਹੋਏ ਹਨ। (ਇਹ ਆਖਦਿਆਂ ਬ੍ਰਿਧ ਪ੍ਰੇਮੀ ਦੇ ਨੇਤ੍ਰਾਂ ਵਿਚ ਫੇਰ ਜਲ ਆ ਗਿਆ)।

ਮਹਿਤਾ (ਨੇਤ੍ਰ ਭਰ ਕੇ)-ਬੀਬੀ ਦੀ ਖ਼ਬਰ ਆਈ ਹੈ ਜੋ ਅੱਜ ਕੱਲ ਜੈਰਾਮ ਸਮੇਤ ਆਈ ਚਾਹੁੰਦੀ ਹੈ। ਇਹ ਇਕ ਨਿਸ਼ਾਨੀ ਹੈ ਜੋ ਭਲਾ ਖਬਰੇ ਆਉਂਦੇ ਹੀ ਹੋਣ। ਰਾਇ ਜੀ ! ਪਰਿਵਾਰ ਵਿਚੋਂ ਬੀਬੀ ਨੇ ਉਨ੍ਹਾਂ ਦਾ ਅਸਲਾ ਪਛਾਣਿਆਂ ਹੈ, ਉਸ ਨਾਲ ਬਚਨ ਭੀ ਹੋਏ ਹਨ ਕਿ ਜਦੋਂ ਯਾਦ ਕਰਕੇ ਅਰਦਾਸਾ ਕਰੋ ਆ ਜਾਇਆ ਕਰਾਂਗੇ।

ਰਾਇ-ਸ਼ੁਕਰ ਹੈ। ਪਿਆਰੇ ਦੇ ਪ੍ਰੇਮੀਆਂ ਦੇ ਦਰਸ਼ਨ ਹੀ ਸਹੀ। ਕਿਉਂ ਨਾ ਬੀਬੀ ਪਿਆਰ ਕਰੇ? ਮਹਿਤਾ ਜੀ! ਜਨਮ ਸਫਲਾ ਕਰ ਲਵੋ, ਬੜਾ ਅਮੋਲਕ ਸਮਾਂ ਹੈ। 'ਨਾਨਕ' ਨੂੰ ਪੁੱਤ ਨਾ ਸਮਝੋ ਉਹ ਤਾਂ ਪ੍ਰੇਮ ਨੇ ਰੂਪ ਧਾਰਿਆ ਹੈ। ਹਰ ਨਾਲ ਉਸ ਦਾ ਪ੍ਰੇਮ ਹੈ ਉਸਦਾ ਮੰਤਰ ਪ੍ਰੇਮ ਹੈ, ਉਸ ਦਾ ਤਪ ਪ੍ਰੇਮ ਹੈ। ਵੈਰ ਨੂੰ ਪ੍ਰੇਮ ਨਾਲ ਸਰ ਕਰਦਾ ਹੈ। ਸਾਰੇ ਜਗਤ ਵਿਚ ਇਸੇ ਲਈ ਫਿਰਦਾ ਹੈ ਜੋ ਵੈਰ ਨੂੰ ਪ੍ਰੇਮ ਨਾਲ ਜਿੱਤ ਲਵੇ। ਉਸ ਦਾ ਰੂਪ ਪ੍ਰੇਮ ਹੈ, ਉਸ ਦਾ ਕੰਮ ਪ੍ਰੇਮ ਹੈ, ਉਸ ਦੀ ਯਾਦ ਪ੍ਰੇਮ ਹੈ, ਉਸ ਦੀ ਸੇਵਾ ਪ੍ਰੇਮ ਹੈ, ਉਸਦੀ ਸਿੱਖੀ ਪ੍ਰੇਮ ਹੈ, ਉਸਦੀ ਸਾਧਨਾ ਪ੍ਰੇਮ ਹੈ, ਉਸਦੀ ਮੁਕਤੀ ਪ੍ਰੇਮ ਹੈ। ਮਹਿਤਾ ਜੀ! ਐਸਾ ਪੁੱਤਰ ਪਾਇਕੇ ਮੋਹ ਮਮਤਾ ਨੂੰ ਕੱਟਕੇ ਉਹਦੇ ਅਸਲੇ ਦੀ ਪਛਾਣ ਕਰ ਲਓ। ਫੇਰ (ਨੇਤ੍ਰ ਭਰਕੇ) ਹੇ ਕਰਤਾਰ ! ਤੇਰੀ ਰਚਨਾ।

ਇੰਨੇ ਨੂੰ ਇਕ ਰੇੜੂ ਤੇ ਟੱਟੂਆਂ ਦੀ ਟਾਪ ਦੀ ਵਾਜ ਪਿਛਲੇ ਪਾਸੇ ਦੇ ਪਹੇ ਵਲੋਂ ਆਈ, ਪ੍ਰੇਮ ਦੇ ਕੁੱਠੇ ਰਾਇ ਨੇ-ਜੋ ਹੁਣ ਸੰਸਾਰ ਤੋਂ ਆਪਣਾ ਵਿਛੋੜਾ ਬਹੁਤ ਨੇੜੇ ਦਾ ਮਾਜਰਾ ਜਾਣਦਾ ਸੀ-ਪਿੱਛੇ ਤੱਕਿਆ। ਦੂਰ ਸਾਰੇ ਤਿੱਖੀ ਭਾਲ ਵਾਲੀਆਂ ਉਂਞ ਭਾਵੇਂ ਬ੍ਰਿਧ ਅੱਖਾਂ ਨੇ ਜੁ ਦੇਖਿਆ ਤਾਂ ਘੋੜੀ ਪਰ ਭਾਈ ਜੈਰਾਮ ਜੀ ਆ ਰਹੇ ਹਨ। ਇਹ ਵੇਖਕੇ ਤੱਪੇ ਦਾ ਰਾਜਾ, ਪਰ ਪ੍ਰੇਮ ਨੇ ਨਿੰਮ੍ਰੀ ਭੂਤ ਕੀਤਾ ਹੋਇਆ ਬ੍ਰਿਧ ਬੁਲਾਰ, ਚੌਂਕੀ ਤੋਂ ਖੜਾ ਕਰ ਦਿਤਾ। ਉਧਰ ਜੈਰਾਮ ਨੇ ਵੇਖਿਆ, ਝਟ ਹੇਠਾਂ ਉਤਰਕੇ ਅੱਗੇ ਵਧਿਆ ਤੇ ਰਾਇ ਜੀ ਅਰ ਮਹਿਤਾ ਜੀ ਦੇ ਵਾਰੋ ਵਾਰੀ ਚਰਨਾਂ ਤੇ ਢਹਿ ਪਿਆ । ਬੇਬੇ ਨਾਨਕੀ ਬੀ ਰੇੜੂ ਤੋਂ ਉਤਰ ਪਈ। ਰਾਇ ਜੀ ਕੂਕਾਂ ਦੇ ਰਿਹਾ-'ਬੇਬੇ ! ਤੂੰ ਸਾਡੀ ਧੀ ਹੈਂ। ਸਾਡੇ ਪੂਜ ਦੀ ਬੇਬੇ ਹੈਂ, ਸਾਡੀ ਬੀ ਪੂਜ ਹੈਂ, ਰੇੜੂ ਤੇ ਬੈਠੀ ਰਹੁ'। ਪਰ ਬੇਬੇ ਰਾਇ ਬੁਲਾਰ ਨੂੰ ਤਾਂ ਵੀਰ ਦਾ ਸੱਚਾ ਸਿੱਖ ਜਾਣਦੀ ਸੀ, ਉਹ ਐਡੇ ਪ੍ਰੇਮੀ ਦਾ ਆਦਰ ਕੀਕੂੰ ਕਰਨੋਂ ਰੁਕ ਸਕਦੀ ਸੀ। ਬਿਹਬਲ ਹੋਈ ਰੇੜੂ ਤੋਂ ਉਤਰੀ ਤੇ ਪਿਤਾ ਤੇ ਪਿਤਾ ਦੇ ਸੁਆਮੀ ਵਲ ਤੁਰੀ ਅਰ ਚਾਂਗਰ ਵਾਂਙੂ ਚਾਂਗਰ ਮਾਰਕੇ ਪ੍ਰੇਮ ਵਿਚ ਮੱਤੀ ਨੇ ਪੁਛਿਆ: 'ਵੀਰ ਜੀ ਆਏ ਹਨ ਕਿ ਨਹੀਂ?' ਇਹ ਆਖਦੀ ਵੀਰ ਦੇ ਪ੍ਰੇਮ ਵਿਚ ਖਿੱਚੀ ਹੋਈ ਪਿਤਾ ਵੱਲ ਢੱਠੀ, ਪਰ ਬੜੀ ਛੇਤੀ ਮਹਿਤੇ ਨੇ ਸੰਭਾਲ ਲਈ ਤੇ ਗਲ ਨਾਲ ਲਾਈ ਤੇ ਆਪਣੀਆਂ ਭੁੱਬਾਂ ਨਾਲ ਨਿਕਲ ਗਈਓਸੁ। 'ਬੱਚੀ ! ਮੈਂ ਮਾਇਆ ਫਸੇ ਨੂੰ ਉਸ ਰੱਬ ਦੇ ਨੂਰ ਦੇ ਦਰਸ਼ਨ ਕਿੱਥੋਂ? ਇਸ ਵੇਲੇ ਰਾਇ ਨੇ ਬੀਬੀ ਦੇ ਚਰਨਾਂ ਵਲ ਸੀਸ ਝੁਕਾਇਆ ਤੇ ਬਿਹਬਲ ਹੋਕੇ ਗਾਉਣ ਲੱਗ ਪਿਆ :-

> ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ
> ਰਾਮ ॥ਘਰਿ ਆਪਨੜੈ ਖੜੀ ਤਕਾ ਮੈ ਮਨ
> ਚਾਉ ਘਨੇਰਾ ਰਾਮ ॥ {ਸੂਹੀ ਮਹਲਾ ੧}

ਬੀਬੀ ਤੋਂ ਉਸ ਪੁਰਖ ਦੀ ਇਹ ਨਿੰਮ੍ਰਤਾ ਨਾਂ ਸਹਾਰੀ ਗਈ, ਜਿਸ ਨੂੰ ਗੁਰੂ ਨਾਨਕ ਜੀ ਆਦਰ ਦੇਂਦੇ ਤੇ ਬ੍ਰਿਧ ਜਾਣਕੇ ਸਨਮਾਨਦੇ ਸੇ ਉਸਦਾ ਸਿਰ ਨਿਉਂਦਾ ਵੇਖਕੇ ਬੀਬੀ ਕਿਕੂੰ ਝੱਲੇ ? ਤ੍ਰਬ੍ਰਕ ਕੇ ਪਰੇ ਹਟੀ ਤੇ ਨੈਣਾਂ ਚੋਂ ਵਹਿੰਦੇ ਜਲ ਨਾਲ ਤੇ ਹੱਥ ਜੋੜਕੇ ਬੋਲੀ : ਰਾਇ ਜੀ! ਮੈ ਤਾਂ ਤੁਸਾਂ ਦੀ ਬੱਚੀ ਹਾਂ, ਤੁਸੀਂ ਸਾਡੇ ਮਾਪੇ ਹੋ।

ਬੀਬੀ ਇਥੇ ਕਿਸ ਤਾਂਘ ਨੂੰ ਆਈ ਹੈ? ਵਰਿਹਾਂ ਤੇ ਵਰਹੇ ਬੀਤ ਗਏ ਬੀਬੀ ਕਦੇ ਵੀਰ ਵਰ੍ਹੇ ਗੰਢ ਪਰ ਸੱਦੀ ਨਹੀਂ ਆਈ, ਕਦੇ ਗੁਰੂ ਜੀ ਓਦੋਂ ਘਰ ਨਹੀਂ ਹੋਏ ਸੇ। ਹੁਣ ਇਕ ਰਾਤ ਸੁਪਨੇ ਵਿਚ ਕੀ ਡਿੱਠਾ ਜੋ ਤਲਵੰਡੀ ਵਿਚ ਪੇਕੇ ਘਰ ਵੀਰ ਦੀ ਵਰ੍ਹੇ ਗੰਢ ਦਾ ਢੰਗ ਪੈ ਰਿਹਾ ਹੈ। ਸੁਪਨਾ ਐਸਾ ਡੂੰਘਾ ਅਸਰ ਵਾਲਾ ਸੀ ਜੋ ਬੀਬੀ ਸੁਲਤਾਨ ਪੁਰੋਂ ਤੁਰ ਹੀ ਪਈ ਅਰ ਰਸਤੇ ਵਿਚ ਸੱਧਰ ਤੇ ਆਸ ਵਧਦੀ ਗਈ ਜੋ ਵੀਰ ਅੱਗੇ ਆਇਆ ਹੋਯਾ ਹੋਵੇ, ਪਰ ਅੱਗੇ ਆਉਣ ਦੀ ਥਾਂ ਵੀਰ ਦੇ ਪ੍ਰੇਮੀਆਂ ਨੂੰ ਆਪਨੇ ਵਾਂਙੂ ਸਿਕਦਿਆਂ ਡਿੱਠਾ। ਜਿਸ ਤਰ੍ਹਾਂ ਓਹ ਵੈਰਾਗ ਕਰ ਰਹੇ ਸੇ ਬੀਬੀ ਬੀ ਵੈਰਾਗ ਵਿਚ ਰਲ ਬੈਠੀ। ਰਾਇ ਜੀ ਦਾ ਸੁਪਨਾ ਬੀ ਸੁਣਿਆਂ ਜੋ ਗੁਰੂ ਜੀ ਤਲਵੰਡੀ ਆਏ ਹਨ। ਆਪਣੀ ਮਾਤਾ ਦੀ ਵਿਆਕੁਲਤਾ ਬੀ ਸੁਣੀ ਤੇ ਅਜ ਪਹਿਲਾ ਦਿਨ ਸੀ ਜੋ ਪਿਤਾ ਦੇ ਆਤਮਾ ਵਿਚ ਬੀ ਪੂਰੇ ਪਿਆਰ ਦੀ ਲਿਸ਼ਕ ਨਜ਼ਰ ਪਈ। ਹੁਣ ਤਾਂ ਬੀਬੀ ਜੀ ਦਾ ਹਿਰਦਾ ਹੋਰ ਉੱਮਲ ਪਿਆ ਜੋ ਵੀਰ ਜੀ ਜੇ ਆ ਜਾਣ ਤਾਂ ਪਿਤਾ ਜੀ ਦੀ ਬ੍ਰਿਧ ਅਵਸਥਾ ਦਾ ਕਲਜਾਣ ਹੋ ਜਾਵੇ ਤਾਂ ਕੈਸਾ ਅਨੰਦ ਹੋਵੇ? ਜੀ ਹੀ ਜੀ ਵਿਚ ਨਿਸਚੇ ਭਰੀ ਬੇਨਤੀਆਂ ਕਰੇ ਜੋ ਹੇ ਦੁਨੀਆਂ ਤਾਰਕ ਵੀਰ ਜੀ! ਜ਼ਰੂਰ ਹੀ ਦਰਸ਼ਨ ਦਿਓ।

ਹੁਣ ਧੁੱਪ ਚੰਗੀ ਚੜ੍ਹ ਆਈ ਸੀ, ਰਾਇ ਜੀ ਨੇ ਕਿਹਾ: ਮਹਿਤਾ ਜੀ ! ਬੀਬੀ ਜੀ ਨੂੰ ਤੇ ਜੈਰਾਮ ਜੀ ਨੂੰ ਘਰ ਲੈ ਚਲੋ, ਰਸਤੇ ਦੇ ਥਕੇ ਹੋਏ ਹਨ। ਮੈਂ ਤਾਂ ਆਪਣੇ ਵਹਿਮਾਂ ਕਰਕੇ ਇਨ੍ਹਾਂ ਨੂੰ ਰਸਤੇ ਵਿਚ ਹੀ ਰੋਕ ਲਿਆ ਹੈ। ਗੱਲ ਕੀ ਵੈਰਾਗ ਕਰਦੇ ਰਾਇ ਜੀ ਤੋਂ ਵਿਦਾ ਹੋਕੇ ਸਾਰੇ ਜਣੇ ਘਰ ਆਏ। ਵਿਹੜੇ ਵਿਚੋਂ ਮਾਂ ਦੌੜੀ ਆਈ, ਧੀ ਨੂੰ ਵੇਖਕੇ ਚੀਕਾਂ ਨਿਕਲ ਗਈਆਂ ਤੇ ਗੱਲ ਲਾਕੇ ਉਹ ਰੁੰਨੀ ਜੋ ਆਂਢ ਗੁਆਂਢ ਵੇਖਣ ਆਏ। ਧੀ ਦੇ ਗਲ ਲੱਗੀ ਮਾਤਾ ਤ੍ਰਿਪਤਾ ਪੁੱਤ੍ਰ ਦਰਸ਼ਨ ਦੀਆਂ ਸਿੱਕਾਂ ਨਾਲ ਮਾਰੂ ਥਲੇ ਵਾਂਗ ਅਤ੍ਰਿਪਤ ਤੇ ਦਰਸ਼ਨ ਦੀ ਪਿਆਸ ਨਾਲ ਪਿਆਸੀ ਐਸਾ ਵੈਰਾਗ ਕਰਨ ਲੱਗੀ ਜੋ ਪੱਥਰ ਹਿਰਦੇ ਦ੍ਰਵ ਗਏ। ਇਸ ਗੀਤ ਤੋਂ ਕੁਛ ਸੋਝੀ ਉਸ ਵੈਰਾਗ ਦੀ ਪੈ ਜਾਂਦੀ ਹੈ:-

ਮੈਂ ਪੁੱਤਰ ਪੁੱਤਰ ਕਰਦੀ ਮੈਂਡੇ ਪੁੱਤਰ ਵੱਡਾ
ਚਿੱਤ ਨੀ। ਮੈਂ ਰਾਹਾਂ ਉਠ ਉਠ ਤੱਕਦੀ,
ਮੈਂ ਪੁੱਛਦੀ ਓਪਰੇ ਮਿੱਤ ਨੀ।

ਨੀ ਵੀਰ, ਪਿਆਰੀਏ! ਵੀਰ
ਸੁਆਰੀਏ ਧੀਏ। ਨੀ ਆਪ ਆਉਂਣੀਏ
ਵੀਰ ਲਿਆਉਣੀਏ ਧੀਏ!

ਭਾਹ ਬਲੇ ਮੈਂ ਅੰਦਰੇ ਮੈਂ ਸਿੱਕ ਸਿੱਕ
ਹੋਈ ਚੂਰ ਨੀ। ਮੈਂ ਤਾਂਘਾਂ ਪੁੱਤਰ ਆਂਵਦਾ
ਓ ਹੁੰਦਾ ਜਾਂਦਾ ਦੂਰ ਨੀ।

ਨੀ ਵੀਰ ਪਿਆਰੀਏ ਵੀਰ ਸੁਆਰੀਏ
ਧੀਏ ! ਮੈਨੂੰ ਆਖ ਵੀਰ ਵੀ ਆਂਵਦਾ ਏ, ਨੀ !

ਕੁਈ ਸੁਪਨੇ ਅੰਦਰ ਆਖਦਾ ਤੈਂ ਪੁੱਤਰ
ਤੁਰਿਆ ਆਇ ਨੀ, ਮੈਂ ਅੱਖਾਂ ਪਟ ਪਟ
ਵੇਖਦੀ ਮੈਨੂੰ ਪੁੱਤ ਨ ਨਜ਼ਰੀਂ ਆਇ ਨੀ।

ਨੀ ਵੀਰ ਪਿਆਰੀਏ ਵੀਰ ਸੁਆਰੀਏ
ਧੀਏ! ਨੀ ਤੇਰੇ ਕਦਮ ਸੁਲੱਖੇ ਤੈਂਡਾ ਵੀਰ
ਵੀ ਆਏ ਨੀ।

ਰੋਂਦੀ ਰੋਂਦੀ ਮਾਂ ਦਾ ਗੱਚ ਬੱਝ ਗਿਆ, ਅਵਾਜ਼ ਰੁਕ ਗਈ। ਧੀ ਦੇ ਗੱਲ ਚੰਬੜੀ ਹੋਈ ਦੀ ਪੁੱਤਰ ਦੇ ਵਿਯੋਗ ਵਿਚ ਤਾਰ ਬੱਝ ਗਈ। ਫੇਰ ਰਤਾ ਗੱਚ ਖੁੱਲ੍ਹਾ, ਫੇਰ ਵੈਰਾਗ ਕਰਨ ਲੱਗ ਪਈ, ਜਿਸ ਦਾ ਕੁਛ ਭਾਵ ਐਉਂ ਸਮਝੇ ਪੈਂਦਾ ਹੈ:-

ਦੁਨੀਆਂ ਅੰਨ ਅਨ੍ਹੇਰ ਪੁੱਤ ਜੁ ਅੱਖੋਂ ਉਹਲੇ।
ਧੌਲਰ ਮਿੱਟੀ ਢੇਰ, ਮਹਲ ਹਨ ਸੁੰਞੇ ਖੋਲੇ।
ਬਲਦੇ ਦਿੱਸਣ ਬਾਗ ਵਿੱਚ ਜੇ ਪੁੱਤ ਨ ਹੋਵੇ।
ਕਾਹਦੇ ਮਿੱਠੇ ਰਾਗ ਮਾਊਂ ਜੇ ਅੰਝੂ ਚੋਵੇ।
ਤੁਰ ਗਏ ਪੁੱਤ ਬਿਦੇਸ਼ ਮਾਂਊਂ ਨੂੰ ਸਾਰ ਨ ਘੱਲੀ।
ਜੀਉਂਦੀ ਮੋਈ ਮਾਊਂ ਹਿਕੇ ਉਹ ਹੋ ਗਈ ਝੱਲੀ।
ਮਾਂ ਜੀਵੇ ਤਦ ਲਾਗ ਪੁੱਤ ਵਿਚ ਵਿਹੜੇ ਦਿੱਸੇ,
ਦਿੱਤੀ ਪੁੱਤਰ ਕੰਡ; ਮਾਊਂ ਜਿਉਂ ਛਾਲਾ ਫਿੱਸੇ।
ਮਰ ਜਾਵੇ ਉਹ ਮਾਊਂ ਪੁੱਤ ਨਾ ਵਰਿਹਾਂ ਵੇਖੇ।
ਤੜਫੇ ਮਛੀ ਵਾਂਗ ਪੁੱਤ ਦੇ ਮਿਲਨ ਭੁਲੇਖੇ।
ਮੈਂ ਨਾ ਸੀਗੀ ਜੋਗ ਪੁੱਤ ਸੀ ਨੂਰ ਇਲਾਹੀ।
ਨੈਣਾਂ ਤਈਂ ਵਿਜੋਗ ਨੂਰ ਦਾ ਰਹੇ ਸਦਾ ਹੀ।
ਵੀਰ ਪਿਆਰੀ ਭੈਣ ਅੱਜ, ਹੈ ਵਿਹੜੇ ਆਈ।
ਕੀ ਅਪਣੇ ਹੈ ਨਾਲ ਸੁੱਖ ਦਾ ਸੁਨਿਹਾ ਲਿਆਈ।
ਕਹੁ ਜਿੱਕੂੰ ਅਵਤਾਰ ਲਿਆ ਸੀ ਵੀਰੋਂ ਪਹਿਲੇ।
ਤਿਉਂ ਦੇਵਣ ਦੀਦਾਰ ਵੀਰ ਤੋਂ ਅਈ ਸਵੇਲੇ।

ਇਹ ਕਹਿੰਦੀ ਧੀ ਨੂੰ ਘੁਟਦੀ ਘੁਟਦੀ ਬੇਹੋਸ਼ ਹੋ ਗਈ। ਬੇਬੇ ਜੀ ਦਾ ਹਿਰਦਾ ਅਤਿ ਦ੍ਰਵ ਕੇ ਪ੍ਰਾਰਥਨਾ ਵਿਚ ਇਕ ਰਸ ਜੁੜ ਗਿਆ, ਧਿਆਨ ਵਿਚ ਗੁਰੂ ਵੀਰ ਦੇ ਦਰਸ਼ਨ ਹੋਏ, ਚਾਨਣੇ ਦਾ ਇਕ ਗੋਲਾਕਾਰ ਲਸ ਲਸ ਕਰ ਰਿਹਾ ਹੈ, ਵਿਚ ਸੁਰਤ ਪੰਘੂੜਾ ਲਟਕ ਰਿਹਾ ਹੈ, ਸ਼ਬਦ ਦੇ ਰੱਸਿਆਂ ਨਾਲ ਲਹਿਰੇ ਲੈ ਰਿਹਾ ਹੈ, ਉਤੇ ਵੀਰ ਜੀ ਬਿਰਾਜ ਰਹੇ ਹਨ। ਗਲ ਪੱਲਾ ਲੈਕੇ ਦੋਵੇਂ ਹੱਥ ਜੋੜਕੇ ਧਿਆਨ ਵਿਚ ਬੇਬੇ ਜੀ ਨੇ ਕੁਛ ਐਉਂ ਪ੍ਰਾਰਥਨਾ ਕੀਤੀ:-

> ਹੇ ਵੀਰ ਜੀ! ਹੁਣ ਦਇਆ ਧਾਰੋ ਦਰਸ ਸਾਨੂੰ ਆ ਦਿਓ ! ਹਾਂ ਵਿਲਪਦੇ ਹੁਣ ਮਿਲਨ ਤਾਂਈ ਆ ਮਿਲੋ ਦੁਖ ਹਰ ਲਓ। ਹੈ ਮਾਤ ਰੋਂਦੀ ਕੂਕਦੀ ਹੁਣ ਰੂਪ ਬਿਰਹੋਂ ਹੋ ਗਈ। ਹੋ ਤੁਸੀਂ ਬਿਰਦ ਪਿਆਰ ਦੇ ਹੈ ਸਿੱਕ ਹਿਰਦੇ ਧੋ ਗਈ। ਹੁਣ ਮਾਤ ਪਿਤ ਹਨ ਬ੍ਰਿਧ ਹੋਏ ਉਮਰ ਦਾ ਕੁਝ ਨਾ ਪਤਾ। ਆ ਤਾਰ ਬੰਨੇ ਲਾ ਦਿਓ, ਸ੍ਵਾਸਾਂ ਦਾ ਤਕੀਆਂ ਨਾ ਰਤਾ। ਕਰ ਦਇਆ ਅਪਣੀ ਆਵਣਾ ਤੇ ਤਾਰਨਾ ਜੇ ਸਾਰਿਆਂ। ਗੁਰਮੁਖ ਉਧਾਰੇ ਕੁਲਾਂ ਛੱਤੀ, ਤੁਸੀਂ ਜਗ ਨਿਸਤਾਰਿਆ:-

ਇਉਂ ਪ੍ਰਾਰਥਨਾ ਕਰਦੀ ਬੇਬੇ ਨੂੰ ਆਪਣੇ ਪਿਆਰੇ ਵੀਰ ਦੇ ਚਿਹਰੇ ਪਰ ਇਕ ਮੁਸਕੁਰਾਹਟ ਨਜ਼ਰ ਪਈ, ਸ਼ੁਕਰ ਸ਼ੁਕਰ ਕਰਦੀ ਨੇ ਨੈਣ ਖੋਲ੍ਹ ਦਿੱਤੇ ਤੇ ਮਾਤਾ ਨੂੰ ਗਲਵੱਕੜੀ ਪਾਕੇ ਐਦਾਂ ਦੇ ਭਾਵ ਵਿਚ ਕੂਕ ਉਠੀ:-

> ਕਰ ਦੂਰ ਬਿਰਹਾ ਮਾਉਂ ਜੀ! ਹਨ ਵੀਰ ਜੀ ਹੁਣ ਆ ਰਹੇ। ਹਨ ਤੁਰੇ ਸਾਡੀ ਵੱਲ ਨੂੰ ਉਹ ਚਰਨ ਈਧਰ ਪਾ ਰਹੇ। ਉਹ ਬਿਰਦ ਪਾਲਣ ਪ੍ਰੇਮ ਦਾ ਉਹ ਪ੍ਰੇਮ ਭੰਨ ਨ ਜਾਣਦੇ। ਉਹ ਪ੍ਰੇਮ ਹੋਕਾ ਦੇ ਰਹੇ ਹਨ ਪ੍ਰੇਮ ਬਾਗ ਲਗਾਂਵਦੇ। ਪਰ ਬਖਸ਼ ਮਾਤਾ! ਛੱਡ ਮਮਤਾ, ਪ੍ਰੇਮ ਕਰ ਮੈਂ ਵੀਰ ਨੂੰ। ਤੂੰ ਜਾਣ ਲੈ ਹੈ ਨੂਰ ਉਹ; ਕਰ ਦੂਰ ਮੋਹ ਦੇ ਤੀਰ ਨੂੰ। ਉਸ ਨੂੰ ਪਛਾਣੀਂ, ਆਪ ਨੂੰ, ਫਿਰ ਸਞਾਣਸੇ ਭਗਵੰਤ ਨੂੰ। ਫਿਰ ਤਰ ਲਵੇਂ ਸੰਸਾਰ ਨੂੰ: ਜਿਣ ਜਾਏ ਆਦੋਂ ਅੰਤ ਨੂੰ।

ਇਸ ਤਰ੍ਹਾਂ ਦੇ ਵੈਰਾਗ ਤੇ ਧੀਰਜ ਮਗਰੋਂ ਮਾਵਾਂ ਧੀਆਂ ਅੰਦਰ ਗਈਆਂ ਤੇ ਦਾਸੀ ਨੇ ਅੰਨ ਤਿਆਰ ਕੀਤਾ। ਬੀਬੀ ਨੇ ਮਾਤਾ ਨੂੰ ਬਹੁਤ ਪਰਚਾਇਆ; ਪਰ ਕੀਹ ਦੇਖੇ ਜੋ ਮਾਤਾ ਦਿਨ ਵਿਚ ਉਠਦੇ ਬਹਿੰਦੇ ਅਨੇਕਾਂ ਵਾਰ ਨੈਣ ਭਰ ਲਿਆਉਂਦੀ ਹੈ ਤੇ 'ਹਾਇ ਲਾਲ' ਕਦੇ 'ਹਾਇ ਗੁਰੂ' ਕਦੇ 'ਹਾਇ ਨਾਨਕ' ਕਹਿਕੇ ਬਿਰਹਾ ਕਰਦੀ ਹੈ। ਕਿਸੇ ਕਿਸੇ ਵੇਲੇ ਬ੍ਰਿਧ ਪਿਤਾ ਜੀ ਨੂੰ ਉਦਾਸ ਤੇ ਠੰਢੇ ਸਾਹ ਭਰਦਿਆਂ ਦੇਖਦੀ ਹੈ: "ਐਸੇ ਪੁਤ ਦੇ ਹੁੰਦਿਆ, ਜਿਸ ਨੂੰ ਸੰਸਾਰ ਗੁਰੂ ਆਖਦਾ ਹੈ, ਅਸੀਂ ਅਭਾਗੇ ਤੁਰੇ ਜਾ ਰਹੇ ਹਾਂ;"

ਬੀਬੀ ਜੀ ਦਾ ਸਨੇਹ ਕੁਛ ਐਸਾ ਸੀ ਕਿ ਜਦ ਕਦੇ ਬੀਬੀ ਦੇ ਮੂਹੋਂ ਨਿਕਲ ਜਾਏ ਕਿ ਵੀਰ ਜੀ ਆਉਂਦੇ ਹਨ, ਤਦ ਪਰਵਾਰ ਨੂੰ ਭਰੋਸਾ ਹੋ ਜਾਂਦਾ ਸੀ ਕਿ ਗੁਰੂ ਜੀ ਆਉਂਦੇ ਹਨ। ਹੁਣ ਵਰ੍ਹੇ ਗੰਢ ਨੇੜੇ ਸੀ, ਇਸ ਕਰਕੇ ਪਰਵਾਰ ਨੂੰ ਖਿਆਲ ਹੋ ਗਿਆ ਕਿ ਗੁਰੂ ਜੀ ਦਾ ਇਹ ਸੁਭਾਗ ਦਿਨ ਐਤਕੀਂ ਘਰ ਹੀ ਹੋਵੇਗਾ। ਮਾਤਾ ਪੁਤ ਦੇ ਪਿਆਰ ਵਿਚ ਤਿਆਰੀਆਂ ਕਰਨ ਲਗੀ, ਧੀ ਭੀ ਪ੍ਰੇਮ ਭਰੀ ਨਾਲ ਲੱਗੀ। ਬੀਬੀ ਜੀ ਨੂੰ ਧਿਆਨ ਸਿੱਧ ਸੀ, ਇਸ ਲਈ ਉਹਨਾਂ ਨੂੰ ਆਪਣੇ ਦਰਸ਼ਨ ਵਿਚ ਉਨ੍ਹਾਂ ਦਾ ਉਹ ਆਉਣ ਦੀ ਯਾਚਨਾ ਪਰ ਮੁਸਕ੍ਰਾਹਟ ਦਾ ਚਿਹਰਾ ਸਦਾ ਦਿੱਸਦਾ ਸੀ ਅਰ ਤਸੱਲੀ ਸੀ ਕਿ ਵੀਰ ਜੀ ਬਿਰਦ ਪਾਲਣਗੇ।

ਇਸ ਦਿਨ ਤੋਂ ਦੋ ਚਾਰ ਦਿਨ ਮਗਰੋਂ, ਰਾਇ ਜੀ ਉਸੇ ਤਰ੍ਹਾਂ ਬਨ ਵਿਚ ਭਜਨ ਵਿਚ ਬੈਠੇ ਸੀ ਪਰ ਅੱਜ ਧਰਤੀ ਤੇ ਬੈਠੇ ਹਨ, ਭਾਈ ਸਜਾਦਾ ਰਬਾਬ ਵਜਾ ਰਿਹਾ ਹੈ ਤੇ ਗੁਰੂ ਜੀ ਦੇ ਸ਼ਬਦ ਗਾਉਂ ਰਿਹਾ ਹੈ। ਭਾਈ ਜੈ ਰਾਮ ਤੇ ਬੇਬੇ ਜੀ ਨੂੰ ਪਤਾ ਸੀ ਜੋ ਅੱਜ ਗੁਰ ਨਾਨਕ ਦੇ ਸ਼ਬਦਾਂ ਦਾ ਕੀਰਤਨ ਹੋਣਾ ਹੈ, ਉਹਨਾਂ ਤਾਂ ਆਉਣਾਂ ਹੀ ਸੀ, ਇਨ੍ਹਾਂ ਦੇ ਪ੍ਰਭਾਵ ਕਰਕੇ ਮਹਿਤਾ ਜੀ ਤੇ ਮਾਤਾ ਤ੍ਰਿਪਤਾ ਜੀ ਬੀ ਆਏ ਹੋਏ ਹਨ। ਏਹ ਸਾਰੇ ਸਰੀਰ ਬੈਠੇ ਕੀਰਤਨ ਸੁਣਦੇ ਰਹੇ। ਭੋਗ ਜਦ ਪਿਆ ਤਦ ਫੇਰ ਗੁਰੂ ਜੀ ਦੇ ਦਰਸ਼ਨ ਦਾ ਵੈਰਾਗ ਤੁਰ ਪਿਆ। ਰਾਏ ਬੁਲਾਰ ਭਾਵੇਂ ਰਾਜਾ ਸੀ ਤੇ

ਮਹਿਤਾ ਉਸਦਾ ਅਹਿਲਕਾਰ ਸੀ, ਪਰ ਗੁਰੂ ਜੀ ਦੇ ਪ੍ਰੇਮ ਦੇ ਕਾਰਨ ਪਿਆਰ ਐਸਾ ਪੈ ਚੁਕਾ ਸੀ ਕਿ ਸਤਿਸੰਗ ਵਿਚ ਕੋਈ ਵਡ ਛੁਟਾ ਦਾ ਵਿਚਾਰ ਯਾ ਕੋਈ ਸਾਹਿਬੀ ਚਾਕਰੀ ਦਾ ਪਰਦਾ ਵਿਚਾਲੇ ਨਹੀਂ ਸੀ ਰਿਹਾ ਹੋਯਾ, ਮਾਨੋ ਇਕੋ ਪਰਿਵਾਰ ਸਿੱਖੀ ਪ੍ਰੇਮ ਵਿਚ ਬੈਠਾ ਸ਼ਬਦ ਦਾ ਵੇਧਿਆ ਉਸ ਸ਼ਬਦ ਦੇ ਰਸ ਦਾਤੇ ਗੁਰੂ ਦੇ ਪ੍ਰੇਮ ਵਿਚ ਇਕ ਹੋ ਰਿਹਾ ਹੈ। ਭੋਗ ਪਏ ਪਰ ਬ੍ਰਿਧ ਰਾਇ ਨੇ ਨੇਤ੍ਰ ਖੋਹਲੇ, ਅਕਾਸ਼ ਵਲ ਤਕਿਆ ਤੇ ਕਿਹਾ :-

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥ ਕੈ ਦੋਖੜੇ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈਂ ਤਨਿ ਭੰਗ ॥ ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗ॥ ਜਿਤ ਡਿਠੇ ਤਨੁ ਪਰਫੁੜੈ ਚੜੇ ਚਵਗਣਿ ਵਨੁ ॥੩੦॥ {ਵਾ:ਤੇਵ: ਮ:੧}

ਬੇਬੇ ਜੀ! ਸਾਡੇ ਨਿਰੰਕਾਰ ਦੇ ਪਿਆਰੇ ਅਜੇ ਨਹੀਂ ਆਏ। ਬੀਬੀ ਧੀ ! ਸੱਚੋ ਸੱਚ ਦੱਸੋ ਕਿ ਮੈਨੂੰ ਅੰਤਕਾਲ ਤੋਂ ਪਹਿਲੇ ਇਕ ਵੇਰ ਦਰਸ਼ਨ ਹੋ ਜਾਣਗੇ ਸਹੀ ?

ਬੇਬੇ ਜੀ (ਨੇਤ੍ਰ ਭਰ ਕੇ) -'ਸਤਿਕਾਰ ਯੋਗ ਪਿਤਾ ਜੀ ! ਉਹਨਾਂ ਦੇ ਦਰੋਂ ਘਰੋਂ ਆਸ ਤਕਵਾ ਨਹੀਂ ਤੋੜਨਾ ਚਾਹੀਦਾ। ਓਹ ਬਿਰਦ ਦੇ ਪਾਲਣਹਾਰ ਹਨ, ਜ਼ਰੂਰ ਕਿਰਤਾਰਥ ਕਰਨਗੇ। ਉਹਨਾਂ ਦੀ ਵਰ੍ਹੇ ਗੰਢ ਨੇੜੇ ਹੈ, ਇਸ ਲਈ ਛੇਤੀ ਹੀ ਆਸਾਂ ਪੂਰਨ ਹੋਣਗੀਆਂ।

ਰਾਇ ਜੀ-ਸੱਚ ਹੈ, ਆਦਰ ਯੋਗ ਪੂਜਨੀਕ ਪੁਤ੍ਰੀ ! ਉਹ ਜ਼ਰੂਰ ਪਹੁੰਚਣਗੇ। ਵਰ੍ਹੇ ਗੰਢ! ਸ੍ਰੀ ਨਿਰੰਕਾਰ ਜੀ! ਮੈਂ ਭੁੱਲ ਗਿਆ, ਵਰ੍ਹੇ ਗੰਢ! ਤਾਂ ਤੁਸੀਂ ਆਖ ਸਕਦੇ ਹੋ ਜਿਨ੍ਹਾਂ ਨੂੰ ਸੰਬੰਧੀ ਹੋਣ ਦਾ ਬੀ ਦਾਵਾ ਹੈ, ਮੈਨੂੰ ਤਾਂ ਸਿੱਖ ਹੋਣ ਦੀ ਲਾਲਸਾ ਹੈ, ਮੈਂ, ਮੈਂ ਕੀਕੂੰ ਇਹ ਆਖਾਂ? ਮੈਂ ਤਾਂ ਇਹ ਆਖਾਂ ਜੋ ਮੇਰੇ ਸੱਚੇ ਗੁਰੂ ਦਾ ਮੀਲਾਦ ਸ਼ਰੀਫ (ਪੁਰਬ ਦਿਨ) ਕਦੋਂ ਹੈ, ਜਾਂ ਇਹ ਕਿ ਨੂਰ ਇਲਾਹੀ ਦੇ ਪਰਗਟ ਹੋਣ ਦਾ ਮੁਬਾਰਕ ਦਿਹਾੜਾ ਕਿਹੜਾ ਆਉਣਾ ਹੈ?

ਬੇਬੇ ਜੀ-ਸਨਮਾਨ ਯੋਗ ਪਿਤਾ ਜੀ! ਸੱਤ ਹੈ। ਅਸੀਂ ਬੀ ਸਿੱਖੀ ਦੇ ਚਾਹਵਾਨ ਹਾਂ, ਭਾਵੇਂ ਉਹ ਸਾਕਾਦਾਰੀ ਦੀ ਮਾਇਆ ਪਵੇ ਹੀ ਪਵੇ, ਪਰ ਉਸ ਨੂੰ ਜਿੱਤਣਾ ਹੈ। ਪਜਾਰੇ ਗੁਰੂ ਜੀ ਦੇ ਪੁਰਬ ਦੇ ਦਿਹਾੜੇ ਵਿਚ-ਪਿਤਾ ਜੀ !--ਕੋਈ ਅੱਠ ਦਿਨੀ ਬਾਕੀ ਹਨ। ਇਹ ਗੱਲ ਮੂੰਹ ਵਿਚ ਹੀ ਸੀ ਕਿ ਦੋ ਮੂਰਤਾਂ ਦੇ ਦੂਰੋਂ ਆਉਣ ਦਾ ਝਾਉਲਾ ਪਿਆ।ਸਭੇ ਨਜ਼ਰਾਂ ਉਧਰ ਉਠ ਗਈਆਂ, ਪਿਆਰ ਦੀ ਖਿੱਚ ਪਈ, ਕੁਛ ਪਲਾਂ ਮਗਰੋਂ ਦੋ ਪਿਆਰੇ ਆ ਪਹੁੰਚੇ। ਹਾਂ, ਭਾਈ ਭਗੀਰਥਾ ਜੀ ਤੇ ਭਾਈ ਮਨਸੁਖ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਸਿੱਖ ਆਏ। ਬੇਬੇ ਜੀ ਨੇ ਪਛਾਣ ਲਏ, ਉਠ ਖੜੋਤੀ, ਹੱਥ ਜੋੜੇ ਤੇ ਸੀਸ ਨਿਵਾਕੇ ਵਾਜ ਦਿੱਤੀ " ਰੱਬ ਵੀਰ ਦੇ ਦੇਉਤੇ ਪਿਆਰਿਓ! ਏਧਰ ਹੀ ਆ ਦਰਸ਼ਨ ਦਿਓ"! ਬੇਬੇ ਜੀ ਪ੍ਰੇਮ ਭਰੀ ਵੈਰਾਗ ਮਈ ਵਾਜ ਸੁਣਕੇ ਤੱਕੇ ਅਰ ਦੂਜੀ ਪਲ ਡੰਡਵਤ ਧਰਤੀ ਪਰ ਢੈ ਪਏ।

ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ॥
ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ
ਸਤਿਗੁਰਿ ਬੂਝ ਬੁਝਾਈ ॥ {ਬਿਲਾ ਮ:੧}

ਬੇਬੇ ਨੇ ਸੀਸ ਧਰਤੀ ਤੋਂ ਚਕੇ ਤੇ ਸੇਜਲ ਨੇਤ੍ਰਾਂ ਨਾਲ ਕਿਹਾ: ਹੇ ਸੱਚੇ ਪ੍ਰੇਮੀਓਂ ! ਹੇ ਨਿਸ਼ਕਾਮ ਅੰਨਿਨ ਭਗਤੋ! ਸਾਡੇ ਮਾਣ ਤਾਣ ਦੇ ਦਾਵੇਦਾਰਾਂ ਤੇ ਕ੍ਰਿਪਾ ਕਰੋ, ਦੱਸੋ ਵੀਰ ਜੀ ਕਿੰਨੀ ਵਾਟ ਤੇ ਹਨ ਤੇ ਕਦੋਂ ਕ੍ਰਿਪਾ ਕਰਦੇ ਹਨ?

ਭਾਈ ਭਗੀਰਥਾ-ਜੀ-ਬੇਬੇ ਜੀ ! ਅਸੀਂ ਤਾਂ ਦਰਸ਼ਨ ਦੀ ਆਸ ਤੱਕ ਕੇ ਏਥੇ ਅਏ ਹਾਂ। ਇਕ ਮਹੀਨੇ ਤੋਂ ਭਾਈ ਮਨਮੁਖ ਜੀ ਤੇ ਮੈਂ ਅੱਗੇ ਕਿਤੇ ਵਾਂਢੇ ਗਏ ਹੋਏ ਸਾਂ, ਓਥੇ ਰਲਕੇ ਸਤਿਸੰਗ ਕਰਕੇ ਵੇਲਾ ਸੋਹਣਾ ਲੰਘਾਉਂਦੇ ਰਹੇ ਹਾਂ। ਅਜ ਸੱਤ ਦਿਨ ਹੋਏ ਤਾਂ ਸਾਨੂੰ ਸੁਤੇ ਹੀ ਤਾਂਘ ਲਗ ਪਈ ਜੋ ਤਲਵੰਡੀ ਚੱਲੀਏ ਤੇ ਐਉਂ ਜਾਪੇ ਜਿਕੂੰ ਕੋਈ ਖਿਚਦਾ ਹੈ। ਬੇਬੇ ਜੀ ! ਅਸੀਂ ਤਾਂ ਇਹ ਜਾਣਕੇ ਜੋ ਸਤਿਗੁਰੂ ਜੀ ਆ ਗਏ ਹਨ, ਸਿੱਧੇ ਇੱਧਰ ਆਏ ਹਾਂ।

ਬੇਬੇ-ਹੱਛਾ! ਤਾਂ ਤੁਸੀਂ ਲਾਹੌਰੋਂ ਨਹੀਂ ਆ ਰਹੇ, ਕਿਤੇ ਅੱਗਿਓਂ ਪਿੱਛੇ ਨੂੰ ਮੁੜੇ ਹੋ?... ਸਤਿ ਹੈ, ਮੀਂਹ ਵੱਸਣ ਤੋਂ ਪਹਿਲੇ ਪਿਆਰੇ ਸਿਲਾਰੇ ਆਯਾ ਕਰਦੇ ਹਨ ਅਰ ਬਸੰਤ ਤੋਂ ਪਹਿਲੇ ਮਿੱਠੀ ਸ਼ਮੀਰ ਵਗਿਆ ਕਰਦੀ ਹੈ। ਤੁਹਾਡੇ ਚਰਨ ਪਾਉਣੇ

ਦੱਸਦੇ ਹਨ ਜੋ ਵੀਰ ਜੀ ਆ ਰਹੇਹਨ। ਇਹ ਗੱਲਾਂ ਹੋ ਰਹੀਆਂ ਸਨ ਜੋ ਦੂਜੇ ਪਹੇ ਵਲੋਂ ਪਿਆਰੇ ਭਾਈ ਲਾਲੋ ਜੀ ਨਿਰਧਨਤਾ ਤੇ ਨਿੰਮ੍ਰਤਾ ਪਰ ਪਵਿੱਤ੍ਰਤਾ ਤੇ ਬਜ਼ੁਰਗੀ ਦੀ ਮੂਰਤ ਆ ਪਹੁੰਚੇ, ਇਥੇ ਜੰਗਲ ਵਿਚ ਮੰਗਲ ਵੇਖਕੇ ਤੇ ਦੈਵੀ ਸੰਬੰਧੀਆਂ ਤੇ ਪਿਆਰਿਆਂ ਦਾ ਦਰਸ਼ਨ ਕਰਕੇ ਆ ਮੱਥਾ ਟੇਕਿਆ ਤੇ ਬੋਲੇ:-

> ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ॥ ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ॥
>
> (ਰਾਮ: ਦ; ਓਅੰਕਾਰ ਮ:੧)

ਭਾਈ ਲਾਲੋ ਦੇ ਦਰਸ਼ਨ ਕਰਕੇ ਹੋਰ ਸਾਰੇ ਪ੍ਰੇਮ ਤੇ ਵੈਰਾਗ ਪੂਰਤ ਹੋ ਗਏ। ਰਾਇ ਜੀ ਨੇ ਪੁਛਿਆ: ਆਦਿ ਸਖੇ ਜੀ! ਕੋਈ ਸਾਡੇ ਸਤਿਗੁਰਾਂ ਦਾ ਸੁਨੇਹਾ ਦੱਸੋ।

ਭਾਈ ਜੀ ਬੋਲੇ:-ਦੀਨ ਦਿਆਲ! ਮੈਂ ਤਾਂ ਪਾਠ ਕਰਦਿਆਂ, ਮਹਾਰਾਜ ਜੀ ਦਾ ਤਲਵੰਡੀ ਦਰਸ਼ਨ ਕੀਤਾ ਸੀ, ਇਸ ਟੋਹ ਪਰ, ਜੋ ਆਪ ਆ ਗਏ ਹੋਣਗੇ, ਪੁਰਬ ਬੀ ਨੇੜੇ ਹੈ, ਮੈਂ ਆਯਾ ਹਾਂ।

ਬੇਬੇ-ਤ੍ਰੇਲ ਭਿਜਵੀਂ ਪਿਆਰੀ ਸਰਦ ਰੁਤ ਤੋਂ ਪਹਿਲੇ ਕੂੰਜਾ ਆਉਂਦੀਆਂ ਹਨ। ਰਸ ਭਰੇ ਅੰਬਾਂ ਦੇ ਆਉਣ ਤੋਂ ਪਹਿਲਾਂ ਕੋਇਲਾਂ ਦੇ ਦਰਸ਼ਨ ਹੁੰਦੇ ਹਨ। ਪਿਆਰੇ ਵੀਰ ਜੀ ਅਗੁਵਾਨੀ ਤੋਂ ਪਹਿਲੇ ਪਰਮੇਸ਼ੁਰ ਜੀ ਦੇ ਸੁਆਰੇ ਗੁਰਮੁਖ ਆ ਰਹੇ ਹਨ। ਵੀਰ ਜ਼ਰੂਰ ਆਉਣਗੇ।

ਇਸ ਪ੍ਰਕਾਰ ਕੀਰਤਨ ਤੇ ਵੈਰਾਗ, ਸਤਿਸੰਗ ਤੇ ਬੇਨਤੀਆਂ ਕਰਦਿਆਂ ਦੇਹੁੰ ਲੰਘ ਗਏ। ਸਿਖਾਂ ਲਈ ਪੁਰਬ ਦਾ ਦਿਨ ਆ ਗਿਆ, ਪਰਿਵਾਰ ਲਈ ਪਿਆਰੇ ਦੀ ਵਰ੍ਹੇ ਗੰਢ ਦਾ ਦਿਨ ਆ ਗਿਆ। ਆਪੋ ਆਪਣੇ ਪਿਆਰ ਦੇ ਅਨੁਸਾਰ ਤਿਆਰਿਆਂ ਹੋਈਆਂ। ਪਹਿਲਾ ਦਿਨ ਲੰਘ ਗਿਆ, ਰਾਤ ਲੰਘ ਗਈ, ਅੰਮ੍ਰਿਤ ਵੇਲਾ ਹੋਇਆ, ਪਰ ਕੋਇ ਸੋਇ ਨਹੀਂ ਆਈ। ਜਿਥੇ ਅਜ ਕਲ ਸਰੋਵਰ ਹੈ[੧] ਇੱਥੇ ਕੁ ਵਾਰ ਰਾਇ ਜੀ ਅੰਮ੍ਰਿਤ ਵੇਲੇ ਧਿਆਨ ਵਿਚ ਆ ਜੁੜੇ। ਸਜਾਦੇ ਨੇ ਮਧਮ ਕੋਮਲ ਸੁਰ ਵਿਚ ਕੀਰਤਨ ਆਰੰਭਿਆ। ਤਿੰਨੇ ਸਿੱਖ ਤੇ ਭਾਈ ਜੈਰਾਮ ਜੀ ਭੀ ਆ ਬੈਠੇ। ਕੋਈ ਪਹੁ ਫੁਟਾਲੇ ਤੋਂ ਪਹਿਲੇ ਬੇਬੇ ਜੀ ਤੇ ਮਾਤਾ ਜੀ ਤੇ ਮਹਿਤਾ ਜੀ ਬੀ ਆ ਗਏ। ਕੀਰਤਨ ਦਾ ਭੋਗ ਪੈ ਗਿਆ। ਪਹੁ ਦਾ ਚਾਨਣਾ ਫੈਲ ਗਿਆ। ਸ੍ਰੀ ਗੁਰੂ ਜੀ ਨਹੀਂ ਪਹੁੰਚੇ। ਸਾਰਿਆਂ ਦੇ ਜੀ ਵਿਚ ਪੱਕਾ ਭਰੋਸਾ ਹੈ ਕਿ ਗੁਰੂ ਜੀ ਆ ਰਹੇ ਹਨ, ਪਰ ਕਰਤਾਰ ਜਾਣੇ। .. ਦਿਹੁੰ ਚੜ੍ਹਿਆ, ਸੂਰਜ ਨਿਕਲ ਪਿਆ, ਤਿੱਖਾ ਹੋ ਗਿਆ। ਸੱਭੇ ਚੁਪ ਹਨ ਤੇ ਸੁਰਤ ਵਿਚ ਸ਼ਬਦ ਪ੍ਰੋਇਆ ਜਾ ਰਿਹਾ ਹੈ। ਚੰਗਾ ਸੂਰਜ ਉੱਚਾ ਹੋ ਗਿਆ ਤਾਂ ਰਾਇ ਜੀ ਨੇ ਨੇਤ੍ਰ ਖੋਲ੍ਹਕੇ ਕਿਹਾ: ਇਸ ਸਤਿਸੰਗ ਦੇ ਬੇੜੇ ਵਿਚ ਮੇਰੀ ਰੂਹ ਬਹੁਤ ਭਾਰੀ ਹੈ। ਮੈਨੂੰ ਸਿੱਟ ਦਿਓ ਜੋ ਸਭ ਦਾ ਬੇੜਾ ਤਰੇ। ਮੈਂ ਰਾਜ ਅੰਸ਼ ਖਾਂਦਾ ਹਾਂ, ਪਰਜਾ ਦਾ ਧਾਨ ਮੇਰੇ ਅੰਦਰ ਜਾਂਦਾ ਹੈ। ਗੁਰੂ ਜੀ ਆ ਰਹੇ ਹਨ, ਪਰ ਮੇਰੇ ਪਾਪ ਰੋਕ ਰਹੇ ਹੰਨ। ਉਠ ਮਿਤ੍ਰੋ ! ਭੈਣੋਂ ! ਮਾਵੋਂ! ਘਰ ਪਹੁੰਚੋ ਇਹ ਕਹਕੇ ਵੈਰਾਗ ਵਿਚ ਦ੍ਰਵ ਗਿਆ। ਫੇਰ ਕੁਝ ਵਾਰਤਾਲਾਪ ਹੋ ਕੇ ਸਭ ਘਰਾਂ ਨੂੰ ਚਲੇ ਗਏ।

ਰਾਇ ਤਾਂ ਉਥੇ ਹੀ ਬੈਠਾ ਰਿਹਾ ਅਰ ਅਪਣਾ ਸਿਮਰਨ ਕਰਦਾ ਰਿਹਾ, ਜੀ ਧਿਆਨ ਵਿਚ ਇਸਥਿਤ ਅਰ ਵੈਰਾਗ ਦਾ ਪ੍ਰਵਾਹ ਜਾਰੀ, ਆਖੇ:- ਅੱਜ ਪਿਆਰੇ ਦਾ ਪੁਰਬ ਹੈ। ਅੱਹ ਸਚੀ ਖੁਸ਼ੀ ਦਾ ਦਿਨ ਹੈ। ਪਿਆਰੇ ਦੀ ਬਾਣੀ ਪੜ੍ਹਨੀ ਇਹ ਪਿਯਾਰੇ ਦਾ ਮੇਲ ਹੈ। ਮਨ ਦਾ ਸੰਸਾਰ ਤੋਂ ਟੁੱਟ ਕੇ ਪਿਆਰੇ ਦੇ ਗੁਣਾਂ ਦੇ ਪੁਤਲੇ ਦੇ ਦਰਸ਼ਨ ਵਿਚ ਸਮਾਉਣਾ ਸਚਾ ਅਨੰਦ ਹੈ। ਅਜ ਇਕ ਛਿਨ ਸੁਰਤ ਹੋਰ-ਧਿਰੇ ਨ ਲਗੇ ਮੇਰਾ ਪੁਰਬ ਮੰਨਿਆਂ ਜਾਵੇ। ਉਧਰ ਤਿੰਨੇ ਸਿੱਖ ਇਕ ਵਣ ਹੇਠ ਜਾ ਬੈਠੇ। ਐਸੀ ਧਯਾਨ ਵਿਚ ਸੁਰਤ ਨਾਮ ਨਾਲ ਜੁੜੀ ਪ੍ਰੋਤੀ ਹੋਈ ਜੋ ਦੇਹ ਐਉਂ ਭਾਸੇ ਕਿ ਰਹੀ ਹੀ ਨਹੀਂ। ਇੰਨੇ ਨੂੰ ਬੇਬੇ ਜੀ ਘਰ ਆ ਕੇ ਪ੍ਰਸ਼ਾਦ ਲੈ ਕੇ ਓਥੇ ਆ ਗਏ ਜਿੱਥੇ ਸਿੱਖ ਬੈਠੇ ਸਨ। ਬੇਬੇ ਦਾ ਪ੍ਰੇਮ ਦੇਖੋ :-ਨਾਮ ਵਿਚ ਸੁਰਤ ਵਿਚ ਵੀਰ, ਮੂੰਹੋਂ ਸ਼ੁਕਰ ਸ਼ੁਕਰ, ਧੰਨ ਤੂੰ, ਧੰਨ ਤੂੰ ਦੀ ਧੁਨਿ ਤੇ ਹੱਥਾਂ ਨਾਲ ਗੁਰਮੁਖਾਂ ਵਾਸਤੇ ਪ੍ਰਸ਼ਾਦ ਤਯਾਰ ਕੀਤਾ, ਆਪ ਚੱਕ ਕੇ ਲਿਆਈ। ਸਿੱਖਾਂ ਨੇ ਕਿਹਾ: ਬੇਬੇ! ਦਾਸਾਂ ਦੇ ਸਿਰ ਐਡਾ ਭਾਰ ! ਪਰ ਪ੍ਰੇਮ ਸੁਆਰੀ ਭੈਣ ਨੇ

[੧] ਇਹ ਸਰੋਵਰ ਗੁਰੂ ਸੁਆਰੇ ਮਹਾਰਾਜਾ ਕੌੜਾ ਮੱਲ ਜੀ ਦਾ ਬਣਵਾਇਆ ਹੋਇਆ ਹੈ।

ਕਿਹਾ ਮੈਂ ਤਾਂ ਵੀਰ ਨੂੰ ਛਕਾ ਰਹੀ ਹਾਂ, ਸਿਖ ਮੇਰੇ ਵੀਰ ਦੇ ਪਿਆਰੇ ਉਸ ਦਾ ਰੂਪ ਹਨ। ਤੁਹਾਡੇ ਪ੍ਰੇਮ ਵਿਚ ਮੈਂ ਵੀਰ ਦਾ ਡੇਰਾ ਵੇਖਦੀ ਹਾਂ।

ਉਹ ਪ੍ਰਸਾਦ ਛਕਦੇ ਹਨ, ਇਹ ਨਿਹਾਲ ਹੋ ਰਹੀ ਹੈ ਕਿ ਅਜ ਗੁਰੂ ਸੱਚੇ ਦਾ ਪੁਰਬ ਹੋ ਗਿਆ ਜੋ ਸੱਚੇ ਸਿੱਖਾਂ ਦੀ ਸੇਵਾ ਮੇਰੇ ਹੱਥਾਂ ਤੋਂ ਸਰ ਆਈ। ਭਾਈ ਜੈਰਾਮ ਜੀ, ਥੋੜਾ ਪ੍ਰਸ਼ਾਦ ਪਾਕੇ ਵਨ ਵਨ ਫਿਰ ਰਹੇ ਹਨ। ਕਦੀ ਐਸ ਵਣ ਹੇਠ ਅੱਖਾਂ ਭਰ ਖਲੋਤੇ, ਸ਼ੁਕਰ ਕੀਤਾ, ਬੇਨਤੀ ਵਿਚ ਲੱਗ ਗਏ-ਹੇ ਗੁਰੋ! ਮੈਂ ਅਵਗੁਣਹਾਰ ਦੇ ਹਿਰਦੇ ਵਿਚ ਵੀ ਨਾਮ ਦੀ ਡੋਰ ਬੰਨ੍ਹ ਦਿਓ। ਬੇਨਤੀ ਵਿਚ ਹੀ ਤ੍ਰਬ੍ਰਕ ਪੈਣਾ-"ਔਹ ਆ ਗਏ। ਨੇਤ੍ਰ ਖੋਲ੍ਹਣੇ ਫੇਰ ਭਰਨੇ ਫੇਰ ਦੂਜੇ ਵਣ ਹੇਠ ਜਾਕੇ "ਹੇ ਵਣ! ਕਦੇ ਗੁਰੂ ਜੀ ਤੇਰੀ ਛਾਂਵੇਂ ਬੈਠੇ ਤੂੰ ਉਨ੍ਹਾਂ ਦੀ ਪਵਿੱਤ੍ਰਤਾ ਲਈ ਸੀ, ਆਹ! ਕਿਵੇਂ ਮੈਂ ਬੀ ਯਾਦ ਵਿਚ ਪਾਵਨ ਹੋਵਾਂ! ਹੇ ਨਿਰੰਕਾਰ! ਤੇਰੇ ਬਿਨਾਂ ਕੁਛ ਨਾ ਭਾਸੇ, ਔਹ ਆ ਗਏ, ਹੈਂ! ਉਹ ਤਾਂ ਮੇਰੇ ਅੰਦਰ ਹਨ।" ਐਉਂ ਵਿਆਕੁਲ ਹੋਕੇ" ਅਜ ਤਾਂ ਦੇ ਦਿਓ ਦਰਸ਼ਨ; ਬਖਸ਼ੋ। " ਇਕੁਰ ਹੀ ਦੂਜੇ ਵਣ ਹੇਠ ਜਾ ਬੈਠਣਾ ਤੇ ਨੇਤਰ ਭਰ ਭਰ ਕੇ ਰੋਣਾ, ਇਹ ਤਾਂ ਸਿਦਕੀਆਂ ਸਿਖਾਂ ਤੇ ਪਿਆਰਿਆਂ ਦਾ ਹਾਲ ਹੈ ਜੋ ਗੁਰਪੁਰਬ ਮਨਾ ਰਹੇ ਹਨ।

ਉਧਰ ਮਾਤਾ ਦਾ ਕੀਹ ਹਾਲ ਹੈ ਜਿਸ ਨੇ ਵਰ੍ਹੇ ਗੰਢ ਮਨਾਉਣੀ ਹੈ? ਕਪੜਿਆਂ ਦਾ ਜੋੜਾ ਖੋਲ੍ਹਦੀ ਹੈ, ਆਖਦੀ ਹੈ;" ਪਿਆਰੇ ਪੁੱਤ੍ਰ! ਇਹ ਤਾਂ ਪਾਓ। ਮੈਂ ਵਰ੍ਹਾ ਦਿਨ ਲਾਕੇ ਬਣਾਯਾ ਹੈ। ਹਾਇ! ਮੇਰੇ ਭਾਗ ਕਿਥੋਂ! ਨਿਕਾਰੀ ਸਿੱਪੀ ਮੋਤੀ ਨੂੰ ਭਾਲਦੀ ਫਿਰਦੀ ਹੈ। ਸਿਪੀ! ਤੂੰ ਚੂਨੇ ਦੀ ਹੈਂ ਪੁੱਤ ਤਾਂ 'ਮੋਤੀ' ਸੀ, ਸੋ ਮਾਣਕਾਂ ਵਿਚ ਜਾ ਬੈਠਾ ਹੈ। ਤੂੰ ਆਪਣਾ ਕਦਰ ਪਛਾਣ। ਹਾਇ! ਖਾਣ ਰੋਂਦੀ ਹੈ ਹੀਰਾ ਆਵੇ, ਹੇ ਖਾਣ! ਉਹ ਰਤਨ ਸੀ, ਸੋ ਰਤਨ ਪਾਰਖੂਆਂ ਵਿਚ ਜਾ ਬੈਠਾ। ਕਦਰਾਂ ਵਾਲਿਆਂ ਦੇ ਪਾਸ ਉਸ ਦਾ ਵਾਸ ਹੈ। ਮੈਂ ਨਿਕਾਰੀ ਹਾਂ"। ਇਹ ਕਹਿਕੇ ਰੋਣ ਲਗ ਪੱਈ, ਅਖਾਂ ਦੇ ਤੌਰ ਪਰਤ ਗਏ ਤੇ ਡੌਰ ਭੌਰ ਹੋਕੇ ਆਖਦੀ ਹੈ:-

"ਆ ਗਏ ਲਾਲ! ਔਹ ਆ ਗਏ! ਆ ਪੁਤ! ਮੇਰੇ ਗਲ ਲੱਗ, ਮੈਂ ਮੱਥਾ ਸੁੰਘ ਲਾਂ, ਲੈ ਪੁੱਤ, ਇਹ ਖ਼ਫ਼ਨੀ ਜੇਹੀ ਲਾਹ ਦੇਹ, ਆ ਚੋਲਾ ਪਾ ਲੇ, ਨਾ ਪੁੱਤ ਤੈਂ ਬੜਾ ਕੰਮ ਕੀਤਾ ਹੈ, ਹੁਣ ਹੋ ਚੁਕੀ ਸੇਵਾ, ਹੁਣ ਆਹ ਕੱਪੜੇ ਪਹਿਨ ਲੈ। " ਇਹ ਕਹਿੰਦੀ ਚੋਲਾ ਖੋਲ੍ਹਦੀ ਤੇ ਗਲਵੀਨ ਤੋਂ ਫੜਕੇ ਐਉਂ ਕਰਦੀ ਹੈ ਜਿਕੂੰ ਪਾ ਰਹੀ ਹੈ। ਇਉਂ ਕਰਦੀ ਬੇਸੁਧ ਹੋ ਜਾਂਦੀ ਹੈ। ਫੇਰ ਹੋਸ਼ ਆਉਂਦੀ ਹੈ। ਕੋਠੇ ਤੇ ਚੜ੍ਹਦੀ ਹੈ; ਚਾਰ ਚੁਫੇਰੇ ਤੱਕਕੇ ਆਖਦੀ ਹੈ:-'ਵੇ ਲਾਲ ਮੇਰੇ ਬਾਲ, ਆਵੀਂ ਵੇ ਨਾਨਕਾ। ਹੇ ਰੱਬ ਦੀ ਜੋਤਿ ਜੀ ਆਓ ! ਮੈਂ ਮਾਂ ਨਹੀਂ, ਮਾਂ ਮਰ ਗਈ। ਮਮਤਾ ਮਾਰੀ ਮਾਂ! ਆਓ ਪਰਮੇਸ਼ੁਰ ਦੇ ਨੂਰ ਜੀ ਆਓ। "ਮੈਂ ਸਦਕੇ ਗਈ।" ਨਿਰਾਸ ਹੋਕੇ ਫੇਰ ਹੇਠ ਉਤਰਦੀ ਹੈ। ਫੇਰ ਆਖਦੀ ਹੈ:" ਬੀਬੀ ! ਤੇਰਾ ਵੀਰ ਨਾ ਆਇਆ, ਵੇਖ ਖਾਂ ਘਰ ਸੁੰਵਾ ਸੁੰਵਾ ਲਗਦਾ ਪਿਆ ਹੈ। ਵੀਰ ਨੂੰ ਸੱਦ ਮਾਰ ਖਾਂ ! ਬੀਬੀ ! ਵਾਜ ਮਾਰ:-ਆਪਣੀ ਭੈਣ ਦੇ ਪਿਆਰੇ ਵੀਰ ਜੀ ਆਓ। " ਇਹ ਆਖਕੇ ਫੇਰ ਰੋ ਪਈ। ਰੋਂਦੀ ਰੋਂਦੀ ਵਿਹੜੇ ਵਿਚ ਗਈ, ਮਹਿਤਾ ਜੀ ਦੁਪੱਟਾ ਤਾਣੀਂ ਲੇਟੇ ਪਏ ਹਨ। ਚਰਨ ਹਿਲਾਕੇ ਬੋਲੀ:" ਮਹਾਰਾਜ ਜੀ! ਮੈਂ ਕਿ ਕਹਾਂ? ਅਜੇ ਨਹੀਂ ਆਏ ? ਉਠੋ ਕਿਤੇ ਵੇਖੋ, ਕਿਸੇ ਵਣ ਹੇਠ ਸੁੱਤੇ ਨਾ ਪਏ ਹੋਣ। ਕਿਤੇ ਲੁਕੇ ਨ ਬੈਠੇ ਹੋਣ। ਮੇਰਾ ਲਾਲ ਲੱਭ ਲਿਆਓ। ਕਿਸੇ ਪ੍ਰੇਮੀ ਦੇ ਮਨ ਮਿਹਰ ਪਵੇ, ਜਿਥੇ ਬੈਠੇ ਹੋਣ ਉਹ ਕੋਲੋਂ ਚਾ ਆਖੇ:- ਹੇ ਗੁਰੂ ਜੀ ਨਿਰੰਕਾਰ ਦੇ ਵਾਸਤੇ ਮਾਤਾ ਨੂੰ ਅੱਜ ਦਰਸ਼ਨ ਦਿਓ। ਹਾਹਾ! ਦੱਸੋ ਜੀ ਕੀ ਕਰਾਂ? ਮੇਰਾ ਜੀ ਉਡ ਚਲਿਆ, ਔਹ ਆ ਗਏ। ਮਾਂ, ਮਾਂ ਮੈਂ ਆ ਗਿਆ" ਇਹ ਆਖਦੀ ਮਾਤਾ ਬੇਹੋਸ਼ ਹੋ ਗਈ। ਮਹਿਤਾ ਜੀ ਤ੍ਰਬ੍ਰਕ ਕੇ ਉਠਦੇ ਹਨ; ਪਿਆਰੀ ਸਤਵੰਤੀ ਨੂੰ ਸੰਭਾਲਦੇ ਹਨ:-ਨੇਤ੍ਰਾਂ ਤੋਂ ਨੀਰ ਵਗਦਾ ਹੈ ਤੇ ਕਹਿੰਦੇ ਹਨ-"ਹੇ ਨਿਰੰਕਾਰ ਜੀ ! ਐਡੀ ਅਮੋਲਕ ਦਾਤ ਦੇਕੇ ਐਡਾ ਤਰਸੇਵਾਂ? ਪਰ ਮੈਂ ਕੀ ਆਖਾਂ? ਮੈਂ ਤਾਂ ਚਪੇੜਾਂ ਮਾਰੀਆਂ ਸਨ। ਮੇਰੇ ਕੀਤੇ ਦੀ ਸਜ਼ਾ ਹੈ, ਪਰ ਤੁਸਾਂ ਤਾਂ ਬੜਾ ਸਤਿਕਾਰ ਕਰਨ ਵਾਲੇ ਪੁੱਤਰ ਹੋ, ਤੁਸਾਂ ਤਾਂ ਦੁਖ ਨਹੀਂ ਮੰਨਿਆ, ਮੇਰਾ ਹੀ ਮਨ ਬੁਰਾ ਹੈ। ਮੈਂ ਤੁਹਾਨੂੰ ਨਹੀਂ ਦੋਸ਼ ਦੇਂਦਾ, ਆਪ ਨੂੰ ਆਖਦਾ ਹਾਂ, ਮੇਰੇ ਘਰ ਨਿਰੰਕਾਰ ਦੀ ਜੋਤਿ ਆਵੇ ਤੇ ਮੈਂ ਧੱਕੇ

ਮਾਰਾਂ? ਮੇਰੇ ਹੱਥ ਨੂੰ ਕੁੜੱਲ ਕਿਉਂ ਨਾ ਪੈ ਗਏ? ਮੁਖਤ ਨਿਆਮਤ ਦਾ ਕਦਰ ਨਾ ਪਾਇਆ, ਧੋਖੇ ਨਾਲ ਗਵਾਇਆ; ਮੇਰੀਆਂ ਅਖਾਂ ਦੇ ਛੌੜ ਕਿਉਂ ਨਾ ਢੱਠੇ, ਮੈਂ ਕਿਉਂ ਪੁੱਤ ਨਾ ਪਛਾਣਿਆ? ਮੈਂ ਬਹੁਤ ਅਨਾਦਰ ਕੀਤਾ ਹੈ, ਮੇਰਾ ਦੰਡ ਏਹੋ ਹੈ ਜੋ ਮੱਛੀ ਵਾਂਗ ਤੜਫਾਂ, ਪਰ ਦਰਸ਼ਨ-ਪਰ ਦਰਸ਼ਨ ਨਾ ਹੋਵੇ, ਪਰ ਹੇ ਲਾਲ! ਹੇ ਜੋਤਿ ਨਿਰੰਜਨੀ! ਹਾਇ?ਕੀ ਆਖਾਂ ਦਰਸ਼ਨ ਦਿਓ? ਹੋਰ ਕੀ ਆਖਾਂ ਮੈਨੂੰ ਖ਼ਬਰੇ ਕੀ ਕਹੀਦਾ ਹੈ? ਮੇਰੀਆਂ ਆਂਦਰਾਂ ਫੁਟਦੀਆਂ ਹਨ, ਆਓ ਜੀ! ਸਾਰੇ ਆਖਦੇ ਹਨ ਆਉਣਗੇ। ਮੇਰੀ ਤਾਂ ਹੁਣ ਮੌਤ ਨੇੜੇ ਹੈ, ਦੇਖਾਂ ਕੌਣ ਪਹਿਲੇ ਪਹੁੰਚਦਾ ਹੈ। ਕਰਮ ਤਾਂ ਮੇਰੀ ਮੌਤ ਨੂੰ ਪਹਿਲੇ ਲਿਆਉਣਗੇ। ਪਰ ਜੇ ਤੁਹਾਨੂੰ ਆਪਣੇ ਬਿਰਦ ਦੀ-ਮੈਨੂੰ ਪਿਤਾ ਕਹਿਣ ਦੀ-ਲਾਜ ਪੈ ਗਈ ਤਦ ਜ਼ਰੂਰ ਤੁਸੀਂ ਹੀ ਪਹਿਲੇ ਆਓਗੇ। ਹਾਂ ਭਗਵੰਤ! ਮੇਰੀਆਂ ਆਂਦਰਾਂ ਖੁੱਸ ਖੁੱਸ ਕੇ ਟੁੱਟ ਚੱਲੀਆਂ ਹਨ। ... ਸਿਦਕ ਹੋਵੇ, ਪ੍ਰੇਮ ਹੋਵੇ, ਕੋਈ ਆਵੇ?... ਇਸ ਉਜੱਡ ਦਿਲ ਲਈ ਕੌਣ ਆਵੇ?... ਪਰ ਤੁਸਾਂ ਜੋ ਇਸ ਉਜੱਡ ਘਰ ਵਿਚ ਅਵਤਾਰ ਲਿਆ, ਆਪੇ ਹੀ ਕ੍ਰਿਪਾ ਕੀਤੀ ਸੀ, ਤਦੋਂ ਸਾਡੇ ਵਿਚ ਕਿਹੜਾ ਗੁਣ ਸੀ ? ਤਿਵੇਂ ਹੀ ਆਪੇ ਦਰਸ਼ਨ ਦਿਓ! ਆਹਾ! ਮੇਰਾ ਬੀ ਦਿਲ ਗਿਆ! ਬੀਬੀ! ਬੀਬੀ! ਆਵੀਂ ਬੱਚੜਾ ! ਮੈਂ ਤੁਰ ਚੱਲਿਆ ਹਾਂ। ਔਹ ਲਾਲ ਜੀ ਅਕਾਸ਼ ਨੂੰ ਜਾ ਰਹੇ ਹਨ, ਮੈਨੂੰ ਸੱਦਦੇ ਹਨ,ਤੇਰੀ ਮਾਂ ਨਾਲੇ ਜਾ ਰਹੀ ਹੈ ਮੈਂ ਚੱਲਿਆ ਹਾਂ। " ਇਹ ਕਹਿੰਦਾ ਬੇਸੁਧ ਜਿਹਾ ਹੋਕੇ ਢਹਿ ਪਿਆ।

ਬੀਬੀ ਕੋਠੇ ਤੇ ਸੀ, ਦਿਨ ਲਹਿਣ ਦੇ ਨੇੜੇ ਹੋ ਚੁਕਾ ਸੀ, ਇਸ ਕਰਕੇ ਬੀਬੀ ਆਪਣੇ ਆਤਮ ਪ੍ਰੇਮ ਨਾਲ ਧਿਆਨ ਵਿਚ ਜੁੜੀ ਬੈਠੀ ਸੀ, ਪਿਤਾ ਦੀ ਵਾਜ ਕੰਨੀਂ ਕਿਕੂੰ ਪੈਂਦੀ? ਉਹ ਤਾਂ ਵੀਰ-ਵਿਯੋਗ ਵਿਚ ਵੀਰ ਦੇ ਧਿਆਨ ਮਗਨ ਉਹਨਾਂ ਦੇ ਬਿਰਹੋਂ-ਵਿਚ ਪ੍ਰੇਮ ਦੇ ਰੌ ਵਿਚ-ਡੁੱਬ ਰਹੀ ਸੀ। ਉਸ ਦੇ ਆਤਮਾਂ ਦੀ ਪ੍ਰੇਮ ਦੀ ਅਰਜ਼ੋਈ ਦਾ ਜੋ ਉਸ ਜੁੜੇ ਧਯਾਨ ਵਿਚ ਹੋ ਰਹੀ ਸੀ, ਕੁਛ ਨਕਸ਼ਾ ਇਸ ਇਸ ਗੀਤ ਵਿਚ ਹੈ:-

ਗੀਆ ਮਾਲਤੀ ਛੰਦ (ਰਾਗ ਸੋਹਣੀ)। ਹੈ ਦੇਰ ਹੋਈ ਵੀਰ ਜੀ ! ਵਾਗਾਂ ਤੁਸਾਂ ਨਾ ਮੋੜੀਆਂ, ਨਾ ਸੁਖ ਸੁਨੇਹਾ ਘੱਲਿਆ, ਕੀ ਮੋਹ ਤਣਾਵਾਂ ਤੋੜੀਆਂ? ਨਾ ਸੁਪਨਿਆਂ ਵਿਚ ਦਰਸ ਹੋਏ, ਧਿਆਨ ਵੀ ਹੈ ਹਾਰਿਆ, ਏ ਭੈਣ ਵਾਰੀ, ਵੀਰ ਦੈਵੀ! ਕਿਉਂ ਅਸਾਂ ਵੀਸਾਰਿਆ? ਹੋ ਰੂਪ ਆਤਮ ਵੀਰ ਜੀ ਹੈ ਅਸਾਂ ਸਾਕ ਪਛਾਣਿਆਂ, ਪਰ ਤੁਸੀਂ ਦਯਾ ਰੂਪ ਹੋ ਅਵਗੁਣ ਕਦੇ ਨਾਂ ਛਾਣਿਆਂ। ਹਾਂ, ਬਨ੍ਹ ਦਾਵੇ ਸਾਕਗੀਰੀ ਮਾਣ ਕਰਦੇ ਆਪ ਤੇ, ਨਾ ਜਾਣਦੇ ਹਾਂ ਰੂਪ ਰੱਬੀ, ਆਪਣਾ ਕਰ ਥਾਪਦੇ। ਹੋ ਵਾਂਙ ਜਗਤ ਸੂਰਜ ਸਾਂਝੇ ਤਾਰਦੇ ਸੰਸਾਰ ਨੂੰ ਮੈਂ ਕਮਲ ਵਾਂਙੂ ਸ੍ਵਾਰਥੀ ਹਾਂ ਜਾਣਦੀ ਨਾ ਸਾਰ ਨੂੰ। ਬਖਸ਼ਿੰਦ ਹੋ, ਹੇ ਸਤਿਗੁਰੂ! ਬਖਸ਼ੋ ਜੋ ਭੁਲਾਂ ਸਾਡੀਆਂ, ਮੋੜੋ ਮੁਹਾੜਾਂ ਸਤਿਗੁਰੂ ਤਾਂਘਾ ਹੁਈਆਂ ਹੁਣ ਡਾਢੀਆਂ। ਮੈਂ ਨੈਣ ਭਰ ਭਰ ਆਂਵਦੇ, ਡੁਲ ਜਾਂਵਦੇ ਫਿਰ ਭਰਦਿਆਂ, ਫਿਰ ਡੁੱਲ੍ਹਦੇ ਫਿਰ ਰੋਕਦੀ, ਜਾਂਦੇ ਜਰੇ ਨਾ ਜਰਦਿਆਂ। ਜਦ ਸੱਦ ਕੋਈ ਹੋਂਵਦੀ, ਮੈਂ ਬਾਹਰ ਭੱਨੀ ਜਾਂਵਦੀ, ਮੈਂ ਵਿਚ ਦਲ੍ਹੀਜੇ ਥਿੜਕਦੀ, ਮੁੜ ਹੋ ਨਿਰਾਸੀ ਆਂਵਦੀ। ਜੇ ਵਾਜ ਮਿੱਠੀ ਆਂਵਦੀ, ਮੈਂ ਵੀਰ ਜਾਣਾ ਆ ਗਿਆ। ਯਾ ਸਾਰ ਕੋਈ ਗੁਰੂ ਪਯਾਰਾ ਲੈ ਦੁਆਰੇ ਆ ਰਿਹਾਂਹੇ ਵੀਰ! ਸੋਚੋ ਹਾਲ ਮੈਂ ਜਦ ਨਾ ਉਮੈਦੀ ਹੋਂਵਦੀ, ਦਿਲ ਧੜਕਦਾ, ਮਨ ਟੁਟਦਾ, ਮੈਂ ਬੈਠ ਛਮ ਛਮ ਰੋਂਵਦੀ। ਜਾਂ ਰੈਣ ਭਿੰਨੀ ਤ੍ਰੇਲ ਦੀ । ਲੈ ਤਾਰਿਆਂ ਛਬਿ ਛਾਉਂਦੀ, ਹੈ ਵਾਉ ਨਿੱਕੀ ਰੁਮਕਦੀ, ਏਕਾਂਤ ਪਯਾਰੀ ਆਉਂਦੀ ਮੈਂ ਦੇਖਦੀ ਹਾਂ ਆਰਤੀ ਕੁਦਰਤ ਕਰੇ ਕਰਤਾਰ ਦੀ, ਪਰ ਕਰਨਹਾਰੇ ਤੁਸੀਂ ਪਯਾਰੇ, ਪਾਸ ਨਾਹਿੰ ਨਿਹਾਰਦੀ, ਤਦ ਹੋ ਨਿਰਾਸੀ ਕੂਕਦੀ: ਹੇ ਵੀਰ ਜੀ ! ਮੈਂ ਵਿਲਪਦੀ, ਅੱਤਿ ਬਯਾਕੁਲ ਲੁੱਛਦੀ ਤੇ ਹੋ ਵਿਰਾਗਨ ਤੜਪਦੀ। ਜੇ ਵੀਰ ਜੀ!

ਏ ਪਤਾ ਹੋਵੇ ਕਿਸ ਵਿਲਾਯਤ ਹੋ ਗਏ? ਤਾਂ ਭੇਜ ਦੇਵਾਂ ਦਾਸ ਕੋਈ ਹਾਲ ਮੇਰਾ ਜਾ ਕਹੇ। ਕਦ ਦੇਹੁੰ ਆਵੇ ਭਾਗ ਭਰਿਆ ਵਾਜ ਕੰਨੀਂ ਏ ਪਏ: 'ਬੇਬੇ' ਕਹੇ ਓ ਚੰਦ੍ਰਮੁਖ, ਬੇਬੇ ਸਦਕੜੀ ਹੋ ਜਏ। ਹੋ ਜਾਉਂ ਵਾਰੀ ਓਸ ਵੇਲੇ ਘੋਲ ਘੱਤਾਂ ਆਪ ਨੂੰ, ਮੈਂ ਵਾਰ ਸੱਟਾਂ ਵੀਰ ਉੱਤੋਂ ਨੇਮ ਹਠ ਤਪ ਜਾਪ ਨੂੰ। ਮੈਂ ਮਾਣ ਛਡਾਂ ਸਾਕ ਦਾ, ਹੇ ਗੁਰੂ ! ਜਾਣੋਂ ਸਿੱਖ ਹਾਂ, ਹਾਂ, ਸਿੱਖ ਭੁਲਣਹਾਰ ਭਾਰੀ ਮੰਗਦੀ ਏ ਭਿੱਖ ਹਾਂ:- ਹੇ ਗੁਰੂ ਪੂਰਨ ! ਖ਼ੈਰ ਪਾਵੋ ਖ਼ੈਰ ਪਾਵੋ ਦਰਸ ਦੀ, ਇਹ ਹੋ ਨਿਮਾਣੀ ਦ੍ਵਾਰ ਢੱਠੀ ਦਰਸ ਤਾਂਈਂ ਤਰਸਦੀ।ਹੋ ਦੂਰ ਬੈਠੇ ਸਤਿਗੁਰੂ ਪਰ ਜੀ ਦੀ ਜਾਨਣਹਾਰ ਹੋ, ਜੀਅ-ਦਾਨ ਦੇਵੋ ਜੀਵ ਤਾਈਂ ਬਿਰਦ ਪਾਲਣ ਹਾਰ ਹੋ।

... ... ... ...

ਅਹੁ ਚਾਨਣਾਂ ਕੀ ਹੋ ਗਿਆ ਅੰਙਣ ਕਿਵੇਂ ਹੈ ਲਿਸ਼ਕਿਆ? ਅਹੁ ਨੂਰ ਸਾਰੇ ਖਿੜ ਪਿਆ ਬਿਰਹੋਂ ਹਨੇਰਾ ਖਿਸਕਿਆ। ਹੈ ਵੀਰ ਦੈਵੀ ਆ ਗਿਆ, ਸੀ "ਯਾਦ" ਬੂਟਾ ਲਾ ਗਿਆ, ਨਿਜ ਬਿਰਦ ਪਾਲਣ ਆ ਗਿਆ,ਇਕ ਯਾਦ ਕੀਤੇ ਆ ਗਿਆ।

ਇਸ ਤਰ੍ਹਾਂ ਦੀ ਬੇਨਤੀ ਇਸ ਪ੍ਰੇਮ ਇਕਾਗ੍ਰਤਾ ਵਿਚ ਹੋਈ ਕਿ ਜਿੱਥੇ ਬੀਬੀ ਜੀ ਦੀ ਹੀ ਕੇਵਲ ਗੰਮਤਾ ਸੀ। ਇਸ ਜੁੜੇ ਧਿਆਨ ਵਿਚ ਸ੍ਰੀ ਗੁਰੂ ਜੀ ਬੀਬੀ ਜੀ ਵਲ ਆਤਮ-ਪ੍ਰੇਮ ਨਾਲ ਤੱਕ ਰਹੇ ਹਨ ਅਰ ਉਸ ਨੂਰ ਦੀ ਬਹੁੱਲਤਾ ਵਿਚ, ਜੋ ਸਦਾ ਉਹਨਾਂ ਦੇ ਚਿਹਰੇ ਉਦਾਲੇ ਹੁੰਦੀ ਸੀ, ਉਹ ਸਦਾ ਪ੍ਰਸੰਨ ਮੁਖੜਾ ਮੁਸਕ੍ਰਾ ਰਿਹਾ ਹੈ ਅਰ ਬੀਬੀ ਦੇ ਜੁੜੇ ਹੋਏ ਹਿਰਦੇ ਨੂੰ ਬ੍ਰਹਮਾਨੰਦ ਦੇ ਰਿਹਾ ਹੈ। ਕੁਛ ਚਿਰ ਇਸ ਅਵਸਥਾ ਵਿਚ ਰਹਿ ਕੇ ਧਿਆਨ ਖੁੱਲ੍ਹਿਆ, ਬੀਬੀ ਨੇ ਨੇਤ੍ਰ ਖੋਲ੍ਹੇ। ਤਦ ਪਹਿਲੀ ਨਜ਼ਰ ਵਿਹੜੇ ਵਿਚ ਪਈ। ਕੀਹ ਦੇਖਦੀ ਹੈ ਕਿ ਉਹ ਨੂਰ-ਨਾਨਕ ਨੂਰੀ ਦੇ ਨੂਰ-ਦਾ ਪ੍ਰਭਾਉ ਖਿੜ ਰਿਹਾ ਹੈ, ਉਸ ਵਿਚ ਮਾਤਾ ਪਿਤਾ ਬੇਸੁਧ ਪਏ ਹਨ ਤੇ ਪਿਆਰੀ ਸੂਰਤ ਨੇ ਚਰਨ ਹਿਲਾ ਕੇ ਕਿਆ ਹੈ : "ਮਾਤਾ ਜੀ ! ਓਠੋ"। ਹੋਰ ਤਕਦੀ ਹੈ ਤਾਂ ਕੀ ਵੇਖਦੀ ਹੈ ਕਿ ਜਗਤ ਦੇ ਤਾਰਣਹਾਰੇ ਵੀਰ ਜੀ-ਬਿਰਦ ਦੇ ਪੂਰੇ-ਆਏ ਹੋਏ ਹਨ ਤੇ ਮਾਤਾ ਪਿਤਾ ਦੇ ਚਰਨ ਹਿਲਾ ਕੇ ਕਹਿ ਰਹੇ ਹਨ:-"ਉਠੋ ਜੀਓ ਨੈਣ ਖੋਹਲੋ "! ਪਹਿਲੇ ਤਾਂ ਧਾਅਕੇ ਉੱਠੀ, ਪਰ ਫੇਰ ਇਕਦਮ ਰੁਕ ਗਈ, ਜੋ ਪਹਿਲੇ ਮਾਂ ਜੀ ਤੇ ਬਾਪੂ ਜੀ ਮਿਲ ਲੈਣ ਤਾਂ ਪਿਛੋਂ ਵੀਰ ਜੀ ਨੂੰ ਮਿਲਾਂ।

ਕੈਸੀ ਕੁਰਬਾਨੀ ਹੈ। ਪ੍ਰੇਮ ਵਿਚ ਪ੍ਰੇਮੀ ਸਭ ਕੁਝ ਵਾਰਦੇ ਵਾਰਦੇ ਪ੍ਰੇਮ ਨੂੰ ਬੀ ਪ੍ਰੇਮ ਤੋਂ ਐਉਂ ਨੁਛਾਵਰ ਕਰ ਦੇਂਦੇ ਹਨ ਜਿਕੂੰ ਐਸ ਵੇਲੇ ਬੀਬੀ ਨੇ ਕੀਤਾ ਹੈ।

ਪਿਤਾ ਜੀ ਦੀ ਇਕਦਮ ਅੱਖ ਖੁੱਲ੍ਹ ਗਈ, ਅੱਖ ਖੁੱਲ੍ਹਦੇ ਹੀ ਪੁੱਤ੍ਰ ਅਖਾਂ ਦੇ ਸਾਹਮਣੇ ਖੜਾ ਹੈ ਤੇ ਝੁਕਕੇ ਵੇਖ ਰਿਹਾ ਹੈ, ਘਬਰਾਕੇ ਉਠੇ, ਸਿਰ ਛਾਤੀ ਨਾਲ ਲਾਇਆ: "ਹੇ ਜੋਤ ਨਿਰੰਕਾਰੀ! ਮੇਲ ਲੈ। " ਅਰ ਇਸ ਤਰ੍ਹਾਂ ਘੁੱਟਕੇ ਮਿਲੇ ਕਿ ਵਿਛੁੜਨਾ ਭੁੱਲ ਗਏ। ਇਸੇ ਸੁਖ ਵਿਚ ਮਹਿਤਾ ਜੀ ਨੂੰ ਖਿਆਲ ਆਯਾ: ਮੈਂ ਸਦਾ ਭੁੱਲਦਾ ਹੀ ਰਿਹਾ, ਮੈਂ ਤਾਂ ਪ੍ਰੇਮ ਤੋਂ ਸੁੰਞਾਂ ਬੇਅਦਬੀਆਂ ਕਰਨੇ ਵਾਲਾ ਹਾਂ, ਆਪ ਮਿਲ ਰਿਹਾ ਹਾਂ ਪਰ ਇਨ੍ਹਾਂ ਦੀ ਮਾਤਾ ਜੀ ਨੂੰ ਮਿਲਨੋਂ ਵਾਂਜ ਰਿਹਾ ਹਾਂ, ਜਿਨ੍ਹਾਂ ਦਾ ਪ੍ਰੇਮ ਅਤਿ ਕੋਮਲ ਤੇ ਸਦਾ ਕੋਮਲ ਰਿਹਾ ਹੈ। ਹਾਂ, ਇਸ ਸਦਾ ਕੂਲੇ ਪ੍ਰੇਮ ਦੇ ਕਾਰਨ ਮੈਥੋਂ ਵਧੇਰਾ ਇਨ੍ਹਾਂ ਦਾ ਹੱਕ ਮਿਲਨੇ ਦਾ ਹੈ"। ਜੀ ਛੱਡਣ ਨੂੰ ਨਹੀਂ ਕਰਦਾ, ਪਰ ਆਪਣੀ ਸਤਵੰਤੀ ਦਾ ਵਿਸ਼ੇਸ਼ ਹੱਕ ਜਾਣਕੇ ਧੀਰਜ ਫੜਿਆ ਅਤੇ ਉਸ ਨੂੰ ਮੋਢਿਉਂ ਹਿਲਾਕੇ ਸੱਦ ਮਾਰੀ।"ਤ੍ਰਿਪਤਾ! ਲਾਲ ਜੀ ਆ ਗਏ।" ਸਤਿਗੁਰਾਂ ਨੇ ਚਰਨ ਫੜਕੇ ਪਿਆਰ ਨਾਲ ਦਬਾਏ, ਤਦ ਮਾਤਾ ਰਤਾ ਕੁ ਹਿੱਲੀ ਅਰ ਬੇਸੁਰਤੀ ਵਿਚ ਆਪ ਹੀ ਬੋਲੀ:- "ਮਾਂ ਜੀ ! ਮੈਂ ਆ ਗਿਆ ਹਾਂ," ਸ੍ਰੀ ਗੁਰੂ ਜੀ ਨੇ ਇਹੋ ਵਾਕ ਡਾਢੇ ਪਿਆਰ ਨਾਲ ਕਹੇ "ਜੀ ਨਾਨਕ ਆ ਗਿਆ ਹੈ।" ਹੁਣ ਮਾਂ ਦੀ ਅੱਖ ਖੁੱਲ੍ਹੀ। ਪੁਤ ਡਿੱਠਾ।ਉਠਦੀ ਨੇ ਗਲ ਨਾਲ ਲਾਯਾ। ਅੱਖਾਂ ਤੋਂ ਅੰਝੂਆਂ ਦਾ ਕੜ ਪਾਟ ਪਿਆ, ਬਲਾਂਵਾਂ ਲੈਂਦੀ ਹੋਈ ਕੁਛ ਕਹਿੰਦੀ ਹੈ ਪਰ ਸਮਝ ਵਿਚ ਕੁਛ ਨਹੀਂ ਪੈਂਦਾ। ਇਕ ਹੱਥ ਨਾਲ ਘੁਟ ਰੱਖਿਆ, ਇਕ ਹੱਥ ਕੰਡ ਤੇ ਫੇਰਦੀ ਤੇ ਆਖਦੀ ਹੈ: ਮਾਂ ਮਰ ਗਈ, ਮੈਂ ਮਾਂ ਨਹੀਂ

ਹੁਣ ਨਾ ਵਿਛੁੜਨਾ"। ਕਿੰਨਾ ਚਿਰ ਇਸ ਬਿਹਬਲਤਾ ਵਿਚ ਲੰਘਿਆ। ਫੇਰ ਨੈਣ ਖੋਹਲਦੀ ਹੈ, ਸਦਕੇ ਹੋਕੇ ਫੇਰ ਨੈਣ ਮਿਟਦੇ ਹਨ, ਐਉਂ ਹੁੰਦਿਆਂ ਮਾਂ ਜੀ ਨੂੰ ਪਹਿਲਾ ਖਿਆਲ ਆਯਾ ਸੋ ਇਹ ਸੀ ਜੋ ਬੀਬੀ ਕਿੱਥੇ ਗਈ? ਲਾਲ ਜੀ! ਬੀਬੀ ਮਿਲੀ ਹੈ ਕਿ ਨਹੀਂ ?

ਸ੍ਰੀ ਗੁਰੂ ਜੀ-ਮਾਤਾ ਜੀ! ਬੇਬੇ ਜੀ ਸਦਾ ਹੀ ਮਿਲਦੇ ਹਨ।

ਮਾਤਾ-ਬੀਬੀ ਜੀ, ਬੀਬੀ ਜੀ! ਆ ਬਚੜੀ, ਆ ਧੀ ਆ! ਆ ਸੁਲੱਖੇ ਪੈਰੇ ਵਾਲੀਏ! ਆ ਭਾਗੇ ਭਰੀਏ! ਆ ਮੈਨੂੰ ਆਪਣੇ ਵੀਰ ਨਾਲ ਮਿਲਦੀ ਵੇਖ ਕੇ ਨਿਹਾਲ ਹੋ। (ਗੁਰੂ ਜੀ ਵਲ ਤੱਕਕੇ) ਲਾਲ ਜੀ! ਬੀਬੀ ਬੜਾ ਵਿਰਾਗ ਕਰਦੀ ਹੈ।

ਇੰਨੇ ਨੂੰ ਬੀਬੀ, ਜੋ ਇਸ ਅਚਰਜ ਮਿਲਾਪ ਨੂੰ ਤੱਕਦੀ ਛਮਾ ਛਮ ਰੋ ਰਹੀ ਸੀ, ਧਾਅ ਕੇ ਵਧੀ। ਵੀਰ ਦੇ ਪੈਰਾਂ ਤੇ ਚੁਫਾਲ ਡਿੱਗੀ; ਪਰ ਉਸ ਮਰਯਾਦਾ ਸ਼ੀਲ ਪੂਰਨ ਪੁਰਖ ਨੇ ਅਧਵਾਟਿਓਂ ਸਿਰ ਬੋਚਕੇ ਭੈਣ ਦੇ ਵੱਲ ਸੀਸ ਝੁਕਾਇਆ ਸੀ ਕਿ ਬੇਬੇ ਬੜੀ ਅਕੁਲਾਈ, ਪਰ ਮਾਂ ਨੇ ਦੋਹਾਂ ਨੂੰ ਗਲਵਕੜੀ ਵਿੱਚ ਲੈ ਕੇ ਘੁੱਟ ਲਿਆ।

ਇਧਰ ਏਹ ਆਪਣੇ ਪ੍ਰੇਮ ਤੇ ਮਿਲਾਪ ਵਿੱਚ ਮਗਨ ਸਨ, ਉਧਰ ਆਂਢ ਗੁਆਂਢ ਤੇ ਵੇਦੀਆਂ ਦੇ ਘਰੀਂ ਖ਼ਬਰਾਂ ਪੁੱਜ ਗਈਆਂ ਸਨ, ਕੋਠਿਆਂ ਤੋਂ ਲੋਕੀ ਇਨ੍ਹਾਂ ਦੇ ਕੋਠੇ ਆ ਗਏ ਸੇ। ਪਿਆਰ ਵਾਲੀਆਂ ਗੁਆਂਢਣਾਂ ਨੇ ਇਨ੍ਹਾਂ ਦੇ ਘਰ ਦੀਪਮਾਲਾ ਕਰ ਦਿੱਤੀ। ਕੋਠੇ ਚਾਰ ਚੁਫੇਰੇ ਪਿੰਡ ਦੇ ਸੱਜਣਾਂ ਨਾਲ ਭਰ ਗਏ ਤੇ ਬਨਫੁੱਲਾਂ ਦੀ ਬਰਖਾ ਹੋ ਰਹੀ ਹੈ। ਉਧਰ ਰਾਇ ਬੁਲਾਰ ਨੂੰ ਸੁਨੇਹਾਂ ਪਹੁੰਚ ਗਿਆ, ਉਹ ਬ੍ਰਿੱਧ ਪੁਰਖ ਨਗਰ ਦਾ ਰਾਜਾ ਤੁਰਕੇ ਅਇਆ ; ਡੇਉਡੀ ਵਿਚ ਹੀ ਸੀ ਕਿ ਗੁਰੂ ਜੀ ਉਠ ਬੈਠੇ ਤੇ ਅੱਗੇ ਵਧੇ ਤੇ ਸੀਸ ਨਿਵਾਉਣ ਹੀ ਲੱਗੇ ਸਨ, ਪਰ ਉਸਨੇ ਅੱਗੇ ਹੋਕੇ ਕਦਮਾਂ ਤੇ ਸਿਰ ਸੁੱਟਕੇ ਕਿਹਾ: "ਇਸ ਵਡਿਆਈ ਨੂੰ ਮੇਰੇ ਮਰਨ ਤੋਂ ਪਹਿਲੇ ਮਰਨ ਦਿਓ" ਪਰ ਸ੍ਰੀ ਗੁਰੂ ਜੀ ਨੇ ਸੰਭਾਲ ਕੇ ਕਿਹਾ: "ਰਾਇ ਜੀ ਤੁਸੀਂ ਧੰਨ ਹੋ ! ਲਿਵ ਲੱਗੀ ਰਹੇ। " ਇਹ ਕਹਿੰਦੇ ਹੀ ਘੁੱਟ ਕੇ ਮਿਲੇ ਅਰ ਉਸ ਪਿਆਰ ਵਿਚ ਸਹਿਜ ਸੁਭਾ ਮੂੰਹੋਂ ਨਿਕਲ ਗਿਆ: "ਰਾਇ ਜੀ ! ਕੱਲਯਾਨ !" ਭਾਈ ਲਾਲੋ, ਭਾਈ ਭਗੀਰਥਾ ਤੇ ਮਨਸੁਖ ਜੀ ਹੁਣ ਆ ਪਹੁੰਚੇ ਸੇ। ਸ੍ਰੀ ਗੁਰੂ ਜੀ ਪਿਯਾਰੇ ਸਿੱਖਾਂ ਨੂੰ ਡਾਢੇ ਹੀ ਪਿਯਾਰ ਨਾਲ ਮਿਲੇ, ਗਲ ਲਾਕੇ ਥਾਪੜੇ ਦਿੱਤੇ ਤੇ ਕਿਹਾ: "ਕਲਯਾਨ"।

ਜਾਂ ਇਹ ਸਾਰੇ ਮੇਲ ਮਿਲਾਪ ਹੋ ਚੁਕੇ ਤੇ ਹੋਸ਼ ਸਭ ਦੀ ਉਸ ਚੜ੍ਹੀ ਹੋਈ ਸੁਰਤ ਦੇ ਖੰਭਾਂ ਤੋਂ ਉਤਰੀ, ਤਦ ਮਾਤਾ ਨੇ, ਜੋ ਨਵੇਂ ਬਸਤਰ ਤਿਆਰ ਕੀਤੇ ਸਨ ਲਿਆਕੇ ਹੱਥੀਂ ਪਹਿਨਾਏ, ਅਰ ਕੁਛ ਛਕਾਇਆ। ਨਗਰ ਦੇ ਲੋਕੀਂ ਤੇ ਸੱਜਣ ਹੁਣ ਵਧਾਈਆਂ ਦੇਣ ਤੇ ਦਰਸ਼ਨ ਕਰਨ ਉਮਡੇ ਚਲੇ ਆ ਰਹੇ ਹਨ। ਜੋ ਆਯਾ ਆਪ ਦਰਸ਼ਨਾਂ ਨਾਲ ਨਿਹਾਲ ਹੋਇਆ। ਸਭ ਨੂੰ ਸਤਿਗੁਰੂ ਨੇ ਪਿਆਰ ਕੀਤਾ, ਅਸੀਸ ਦਿਤੀ।

ਇੰਨੇ ਨੂੰ ਗੁਰੂ ਜੀ ਘਬਰਾਕੇ ਉਠ ਖਲੋਤੇ, ਮਹਿਤਾ ਜੀ ਨੇ ਕਿਹਾ: "ਕਿਉਂ ਲਾਲ ਜੀ?" ਆਪ ਬੋਲੇ : "ਭਾਈਆ ਜੈਰਾਮ ਜੀ ਵਣਾਂ ਵਿਚ ਬੇਸੁਧ ਪਏ ਹਨ, ਉਨ੍ਹਾਂ ਨੂੰ ਜਾਕੇ ਲੈ ਆਵੀਏ। ਮਰਦਾਨਾ ਉਨ੍ਹਾਂ ਵਲ ਗਿਆ ਹੈ ਪਰ ਜਗਾ ਨਹੀਂ ਸਕਿਆ"। ਇਹ ਅੱਧੀ ਕੁ ਹੀ ਗੱਲ ਕਹਿਕੇ ਉਠ ਖੜੋਤੇ, ਨੇਤਰ ਜਲ ਨਾਲ ਭਰ ਗਏ ਅਰ ਵਾਹੋਦਾਹ ਬਨ ਨੂੰ ਉੱਠ ਤੁਰੇ। ਸਿੱਖ, ਸਾਰਾ ਪਰਵਾਰ, ਹੋਰ ਸ਼ਰੀਕੇ ਦੇ ਅੰਗ ਸਾਕ ਤੇ ਹਮਸਾਏ ਬੀ ਮਗਰ ਹੋ ਤੁਰੇ। ਇਕ ਪਾਸੇ ਇਕੇ ਵਣ ਹੇਠ ਜੈਰਾਮ ਜੀ ਲੇਟੇ ਪਏ ਸੇ। ਸੁਰਤ ਨਹੀਂ ਜਾਪਦੀ ਸੀ, ਪਰ ਬੇ-ਹੋਸ਼ੀ ਵਿਚ ਆਵਾਜ਼ ਆ ਰਹੀ ਸੀ : "ਹੇ ਗੁਰੂ ਨਾਨਕ, ਹੇ ਗੁਰੂ ਨਾਨਕ "। ਭਾਈ ਮਰਦਾਨਾ ਜੋ ਪਹਿਲੇ ਜਗਾ ਜਗਾ ਕੇ ਹਾਰ ਚੁਕਾ ਸੀ, ਹੁਣ ਪਾਸ ਬੈਠਾ ਇਹ ਸ਼ਬਦ ਗਾਉਂ ਰਿਹਾ ਸੀ:-

> ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥ ੧ ॥ {ਸੂਹੀ ਮ:੧ ਛੰਤ ਘਰ ੨}

ਪਰ ਭਾਇਆ ਜੀ ਦੀ ਸੁਰਤ ਉਸੇ ਆਪਣੀ ਧੁਨ ਵਿਚ ਮਸਤ ਸੀ। ਸ੍ਰੀ ਗੁਰੂ ਜੀ ਨੇ ਅੱਗੇ ਵੱਧਕੇ ਸੀਸ ਦੇ ਵਿਚਕਾਰ ਹੱਥ ਰੱਖਕੇ ਹਿਲਾਇਆ ਤੇ ਮਸਤਕ ਤੇ ਹੱਥ ਫੇਰ ਕੇ ਕਿਹਾ: "ਭਾਈਆ ਜੀ ਉਠੋ!ਧੰਨ ਨਿਰੰਕਾਰ। " ਡਾਢੇ ਘੂਕ ਸੁੱਤੇ ਹੋਯੇ ਵਾਂਙ ਆਪ ਦੀ ਜਾਗ ਖੁੱਲ੍ਹੀ, ਉਠੇ ਅਰ ਉਠਦੇ ਸਾਰ ਹੀ ਦਰਸ਼ਨ ਪਾਕੇ ਉਧਰੋਂ ਉਠੇ ਤੇ ਉਧਰੋਂ ਗੁਰੂ ਜੀ ਦੇ ਪੈਰਾਂ ਵਲ ਹੱਥ ਵਧਾਏ, ਪਰ ਭਾਈ ਜੈਰਾਮ ਜੀ ਦਾ ਸੀਸ ਸਤਿਗੁਰ ਜੀ ਦੀ ਗੋਦ ਵਿਚ ਰੱਖਿਆ ਗਿਆ, ਜਿਸ ਪਰ ਮਿਹਰਾਂ ਦਾ ਹੱਥ ਟਿਕ ਰਿਹਾ ਹੈ। ਫੇਰ ਸਾਰਾ ਚਿਰ ਇਸੇ ਪ੍ਰੇਮ ਦੀ ਲੈ ਵਿਚ ਲੰਘ ਗਿਆ। ਫੇਰ ਸਾਰੇ ਜਣੇ ਉਠੇ ਤੇ ਸਹਿਜੇ ਸਹਿਜੇ ਘਰਦੇ ਵਿਹੜੇ ਵਿਚ ਆਏ, ਅੱਗੇ ਗਲੀ ਵਿਚ ਤੇ ਉਹਨਾਂ ਦੇ ਘਰ ਵਿਚ ਸਾਕ ਕਬੀਲੇ ਨੇ ਦੀਪਮਾਲਾ ਕਰ ਰੱਖੀ ਸ਼ੀ। ਮਾਤਾ ਨੇ ਘਰ ਆਣ ਵਧਾਈਆਂ ਵੰਡੀਆਂ! ਫੇਰ ਪਰਵਾਰ ਨੇ ਪ੍ਰਸ਼ਾਦ ਛਕਿਆ।

ਅੱਧੀ ਰਾਤ ਹੋ ਗਈ। ਭਾਈ ਮਰਦਾਨੇ ਤੇ ਸ਼ਜ਼ਾਦੇ ਨੇ ਕੀਰਤਨ ਆਰੰਭ ਦਿੱਤਾ, ਸਾਰੀ ਰਾਤ ਅਖੰਡ ਕੀਰਤਨ ਵਿਚ ਬੀਤ ਗਈ। ਸਿਖਾਂ ਦਾ ਗੁਰਪੁਰਬ ਹੋਇਆ ਤੇ ਸੰਬੰਧੀਆਂ ਵਲੋਂ ਪਿਆਰੇ ਦੀ ਵਰ੍ਹੇ ਗੰਢ ਮਨਾਈ ਗਈ।

ਧੰਨ ਗੁਰੂ ਨਾਨਕ !
ਧੰਨ ਗੁਰੂ ਨਾਨਕ !!

-o-

ਸੂਚਨਾ-ਬੇਬੇ ਜੀ ਤੇ ਰਾਇ ਬੁਲਾਰ ਦਾ ਗੁਰੂ ਨਾਨਕ ਆਗਮ ਪਰ ਦਿਲੀ ਵਲਵਲਿਆਂ ਦਾ ਇਕ ਨਕਸ਼ਾ ਤੇ ਮਾਤਾ ਸੁਲੱਖਣੀ ਜੀ ਦੀ ਜਗਤ ਜਲੰਦੇ ਲਈ ਦਿਲੀ ਭੇਟਾ ਦਾ ਇਕ ਨਕਸ਼ਾ ਅਗੇ ਦਿੱਤਾ ਜਾਂਦਾ ਹੈ:-

# ਬੇਬੇ ਨਾਨਕੀ ਜੀ ਦਾ ਵੀਰ ਆਗਮ[1]।

{ਰਾਗ ਸੋਹਣੀ, ਤਾਰ-ਤਲਵਾੜਾ}

**ਆਓ** ਸਹੀਓ! ਰਲ ਦਿਓ ਵਧਾਈ, ਵੀਰ ਮੇਰਾ ਘਰ ਆਇਆ।
ਅੰਮੀ ਜਾਇਆ ਵਿਹੜੇ ਵੜਿਆ, ਅੰਙਣ ਅੱਜ ਸੁਹਾਇਆ॥
ਧੌਲ ਉਡੀਣਾ ਕਰਦਾ ਹਾਵੇ ਪਾਪ ਭਾਰ ਸਿਰ ਚਾਇਆ।
ਕੌਣ ਪਾਪ ਦੀ ਪੰਡ ਉਤਾਰੇ? ਰੋ ਰੋ ਹਾਲ ਗਵਾਇਆ।
ਸਤਿਗੁਰ ਸੁਣੀ ਪੁਕਾਰ ਅਰਸ਼ ਤੋਂ ਭੱਜਾ ਹੇਠਾਂ ਆਇਆ।
ਘਰ ਘਰ ਦਰ ਦਰ ਫਿਰ ਫਿਰ ਪਜਾਰਾ ਡੇਰਾ ਪਾਪ ਚੁਕਾਇਆ।
ਸੱਤਿਨਾਮ ਦਾ ਚੱਕ੍ਰ ਫਿਰਾਇਆ, ਘਰ ਘਰ ਨਾਮ ਵਸਾਇਆ।
ਰੱਬ-ਪਜਾਰ ਦਾ ਚਾਨਣ ਕੀਤਾ, ਸੂਰਜ ਪ੍ਰੇਮ ਚੜ੍ਹਾਇਆ।
ਸੱਚ-ਚੰਦ੍ਰਮਾਂ ਰੋਸ਼ਨ ਕੀਤਾ, ਮਾਯਾ-ਨੀਲ ਮਿਟਾਇਆ।
ਐਸਾ ਵੀਰਨ ਪਜਾਰਾ ਮੇਰਾ ਦੂਨੀ ਜਿਵਾ ਘਰ ਆਇਆ।
ਘੋਲੀ ਸਦਕੇ ਰਾਹਾਂ ਉਤੋਂ, ਵੀਰ ਜਿਨ੍ਹੀਂ ਟੁਰ ਆਇਆ।
ਚੰਨ ਸੂਰ ਛਬਿ ਵਿਹੜੇ ਛਾਈ, ਤਾਰਿਆਂ ਰੰਗ ਜਮਾਇਆ।
ਜਗਤ ਜਲੰਦਾ ਸੀਤਲ ਕਰਕੇ ਗੁਰ ਨਾਨਕ ਘਰ ਆਇਆ।
ਅੱਜ ਵਧਾਈਆਂ ਅੱਜ ਵਧਾਈਆਂ ਸਤਿਗੁਰ ਮੈਂ ਦਰ ਆਇਆ।
ਵੀਰ ਕਹਾਂ ਕਿ ਕਹਾਂ ਗੁਰੂ ਮੈਂ, ਕੌਣ ਅਸਾਂ ਘਰ ਆਇਆ?

ਅਰਸ਼ ਕੁਰਸ਼ ਦਾ ਨੂਰ ਵੇ ਲੋਕੋ
ਸੂਰਜ ਜਿਨ੍ਹੇਂ ਦਿਪਾਇਆ।
ਚਾਨਣ ਨੂੰ ਜਿਨ੍ਹ ਚਾਨਣ ਲਾਯਾ,
ਛਬਿ ਨੂੰ ਰੰਗ ਚੜ੍ਹਾਇਆ।
ਮਾਲਕ ਪਾਲਕ ਤੇ ਜਗ ਤਾਰਕ,
ਧੁਰ ਦਰਗਾਹੋਂ ਆਇਆ।
ਪਜਾਰ ਅਮਿੱਤਾ ਭਰਭਰ ਲਯਾਯਾ,
ਜਗ ਤੇ ਆਣ ਲੁਟਾਇਆ।
ਮੋਏ ਮਾਰੇ ਤੇ ਧਰ ਰੁਲਿਆ
ਛਾਤੀ ਆਨ ਲਗਾਇਆ।
ਜੀਅ-ਦਾਨ ਦੇ ਅਪਣੇ ਕੀਤਾ,
ਗੋਦ ਪ੍ਰਭੂ ਫੜ ਪਾਇਆ।
ਓਹ ਗੁਰ ਨਾਨਕ ਅਜ ਵੇ ਲੋਕੋ!
ਅੱਜ ਅਸਾਂ ਘਰ ਆਇਆ।
ਲੱਖ ਮੁਮਾਰਖਾਂ ਦਿਓ ਵਧਾਈਆਂ,
ਵੀਰ ਅਸਾਂ ਮੁੜ ਆਇਆ।

[1] ਇਹ ਤੇ ਅਗਲਾ ਦੋਵੇਂ ਗੀਤ ਸੰ ਗੁ: ਨਾ: ਸਾ: ੪੫੦ (੧੯੧੯ ਈ:) ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ੇ ਸਨ।

ਅੱਜ ਵਧਾਈਆਂ ਅੱਜ ਸਹੇਲੀਓ! ਅੱਜ ਗੁਰੂ ਘਰ ਆਇਆ।
ਅੰਮੀ ਜਾਇਆ ਵੀਰ ਪਿਆਰਾ, ਸਤਿਗੁਰ ਮੁੜ ਘਰ ਆਇਆ।
ਲੰਮੀ ਕੁਈ ਉਦਾਸੀ ਕਰਕੇ ਗੁਰ ਨਾਨਕ ਘਰ ਆਇਆ।
ਘਰ ਘਰ ਆਯਾ, ਦਰ ਦਰ ਆਯਾ, ਸੁਤਿਆਂ ਆਨ ਜਗਾਇਆ।
ਮੇਰੇ ਤੇਰੇ ਸਭ ਦੇ ਦੁਾਰੇ ਗੁਰ ਨਾਨਕ ਟੁਰ ਆਇਆ।
ਸਤਿਨਾਮ ਦੀ ਦਾਤ ਲਿਆਯਾ,
ਵਾਹਿਗੁਰੂ ਘਰ ਲਿਆਇਆ।
ਅੱਜ ਵਧਾਈਆਂ ਕੁੱਲ ਜਗਤ ਨੂੰ,
ਗੁਰ ਨਾਨਕ ਘਰਿ ਆਇਆ।

# ਰਾਇ ਬੁਲਾਰ ਜੀ ਦਾ ਗੁਰ ਨਾਨਕ-ਆਗਮ

{ਲਲਿਤ ਗਤ ਛੰਦ}

**ਤਾਨਾਂ** ਉਠਣ ਅਜੈਬੀ ਐਵੇਂ ਮੈਨੂੰ ਨਾ ਬਹਿਲਾਵਣ,
ਖੁਸ਼ੀਆਂ ਹਾਸੇ ਰੰਗ ਤਮਾਸ਼ੇ ਅਪਣੇ ਵਿੱਚ ਨ ਲਾਵਨ,
ਕੋਇਲ ਆਣ ਅੰਬ ਤੇ ਕੂਕੀ ਦਿਲ ਨੂੰ ਦੇ ਝੁੰਜਲਾਵਨ,
ਮੋਰ, ਪਪੀਹਾ, ਸਾਵਣ ਆਏ ਮੈਨੂੰ ਨਾ ਪਰਚਾਵਨ॥੧॥
ਮੁੜ ਮੁੜ ਧਯਾਨ ਤੁਧੇ ਵਲ ਪੈਂਦਾ ਖ਼ਯਾਲ ਤੁਧੇ ਵਲ ਜਾਵਨ,
ਵਾਕ ਤੁਧੇ ਦੇ ਕੰਨੀਂ ਗੂੰਜਣ ਧੂਹ ਕਲੇਜੇ ਪਾਵਨ,
ਚੋਜ ਆਂਵਦੇ ਚੇਤੇ ਤੇਰੇ, ਮੋਹ ਮੋਹ ਚਿੱਤ ਲਿਜਾਵਨ,
ਨੈਣ ਤੁਧੇ ਦੇ ਉਠ ਉਠ ਮੋਂਹਦੇ ਤੱਕਣ ਤੇ ਮੁਸਕਾਵਨ॥੨॥
ਪਰਚੇ ਕਿਸੇ ਨਾ ਪਰਚੇ ਜਿਹੜਾ ਸ੍ਵਾਦ ਨਾ ਜਿਨੂੰ ਲੁਭਾਵਨ,
ਧਯਾਨ ਕਰੀਂ ਤੂੰ ਦਸ਼ਾ ਓਸ ਦੀ, ਘਬਰਾਵਨ, ਅਕੁਲਾਵਨ।
ਦੁਨੀਆਂ ਹਈ ਉਜਾੜ ਓਸ ਨੂੰ ਕੱਲਾਂ ਆ ਆ ਖਾਵਨ;
ਰਸਦਾਇਕ ਬੇ-ਰਸੇ ਹੋ ਗਏ ਜਿਤਨੇ ਦਿਲ ਬਹਿਲਾਵਨ॥੩॥
ਨਹੀਂ ਸ਼ਿਕਾਇਤ ਤੇ ਇਹ ਸ਼ਿਕਵਾ: ਕਿਉਂ ਫੇਰਾ ਨਹੀਂ ਪਾਵਨ,
ਰਾਜ਼ੀ ਰਹਿਣ ਰਜ਼ਾ ਜਿਸ ਵਿਚ ਓਹ ਬਣੇ ਨ ਮੈਂ ਕੁਰਲਾਵਨ।
ਹਾਂ, ਪਰ ਦਰਦ ਕਲੇਜੇ ਮੇਰੇ, ਪੀੜਨ ਤੇ ਕਸਕਾਵਨ।
ਕੰਬ ਕਲੇਜਾ ਪੰਘਰ ਟੁਰਦਾ; ਨੈਣ ਭਰੇ ਭਰ ਆਵਨ॥੪॥
ਕੀ ਮੈਂ ਹੱਕ? ਮੈਂ ਗੁਣ ਹੈ ਕਿਹੜਾ? ਕਿਉਂ ਮੈਂ ਯਾਦ ਵਸਾਵਨ?
ਅੱਕ ਜਾਣ ਜੇ ਮੇਰੇ ਕੋਲੋਂ ਗਥਰੇ ਨਹੀਂ ਲਿਆਵਨ;
ਤਾਂ ਬਣਦੀ ਹੈ ਉਹਨਾਂ ਤਾਂਈਂ, ਯਾਦ ਨ ਕਦੇ ਕਰਾਵਨ।
ਗੁਹਨਗਾਰ ਹਾਂ ਭੁੱਲਣ ਵਾਲਾ ਸਖਣਾ ਮੇਰਾ ਧਯਾਵਨ ॥੫॥
ਪਰ ਇਕ ਮਿਹਰ ਉਨ੍ਹਾਂ ਵਿਚ ਵਸਦੀ ਉਸ ਦਾ ਮੀਂਹ ਵਰਸਾਵਨ
ਦਰਦ ਰੰਞਾਣਿਆਂ ਤੇ ਓ ਤੁੱਠਣ ਅਪਣਾ ਬਿਰਦ ਤਕਾਵਨ
ਕੀ ਅਚਰਜ ਦਰਸ਼ਨ ਆ ਦੇਵਨ
ਮਿਟਦੇ ਨੈਣ ਖੁਲ੍ਹਾਵਨ,
ਰੱਬੀ-ਰੂਪ ਦਿਖਾ ਕੇ ਅਪਣਾ
ਝਲਕੇ ਪਾਰ ਲੰਘਾਵਨ ॥੬॥

ਨੈਣ ਖੋਹਲਕੇ-
ਕੌਣ ਨੈਣ ਝੁਕ ਰਹੇ ਦਾਸ ਤੇ
ਦ੍ਰਿਸ਼ਟੀ ਪਯਾਰੀ ਪਾਵਨ ?
ਅੰਮ੍ਰਿਤ ਮਿਹਰ ਵਸਾਇ ਅਮੁੱਲੀ
ਝਰਨ ਝਰਨ ਝਰਨਾਵਨ।
ਏ ਹਨ ਨੈਣ ਗੁਰੂ ਨਾਨਕ ਦੇ
ਜੋ ਨੀਚਾਂ ਲਡਿਆਵਨ,
ਆਣ ਬਣੀ ਤੇ ਬਹੁੜਨ ਜਿਹੜੇ
ਪਤਿਤਾਂ, ਕਰਦੇ ਪਾਵਨ ॥੭॥
ਤੁਠੇ ਨੈਣ ਨੈਣਾਂ ਤੇ ਢਰਦੇ
ਅੰਮ੍ਰਿਤ ਹਨ ਬਰਸਾਵਨ,
'ਮਰਨ-ਹਾਰ ਦੇਸੋਂ ਏ ਚਕ ਕੇ
'ਅਮਰਾ-ਪੁਰਿ' ਪਹੁੰਚਾਵਨ,
ਖੋਹਲਣ ਨੈਣ, ਦੁਵੱਲੀ ਦੇਖਣ,
ਆਰ ਪਾਰ ਦਿਸ ਆਵਨ,
ਏਥੇ ਓਥੇ ਅੰਦਰ ਬਾਹਰ
ਗੁਰ ਨਾਨਕ ਰੰਗ ਲਾਵਨ॥੮॥

# ਜਗਤ-ਜਗਵੇਦੀ ਪਰ ਮਾਤਾ ਚੋਣੀ (ਸੁਲੱਖਣੀ) ਜੀ ਦੀ ਭੇਟਾ[1] ।

ਆਪਣੇ ਆਪ ਨਾਲ-
'ਕੁਛ ਕਰ ਭੇਟ ਜਗਤ ਦੀ ਤੂੰ ਬੀ ਜਾਂਦਾ ਜਗਤ ਜਲੰਦਾ',
ਸੁਹਣਾ ਵਾਕ ਨਣਦ ਦੇ ਮੂੰਹੋਂ ਕੰਨੀ ਮੇਰੀ ਪੈਂਦਾ
ਮੈਂ ਕੀ ਭੇਟ ਨਿਮਾਣੀ ਦੇਵਾਂ? ਹੋਵੇ ਤਾਂ ਕੁਛ ਦੇਵਾਂ?
ਪਿਰ ਪਰਦੇਸ਼, ਸਦਾ ਦੇ ਰਮਤੇ, ਮੈਂ ਲੇਵਾ ਕੇ ਦੇਵਾਂ?
ਬਰਸਾਂ ਬੱਧੀ ਦਰਸ਼ ਨ ਹੋਏ ਘਰ ਨਹੀਂ ਫੇਰੇ ਪਾਏ,
ਖੱਟਣ ਵਾਲੇ ਰਹਿਣ ਬਿਦੇਸ਼ੀਂ ਧਨ ਕਿੱਥੋਂ ਮੈਂ ਆਏ?
ਬਾਲ ਇਵਾਣੇ ਖੱਟ ਨ ਜਾਣਨ, ਮੈਂ ਦਿੱਤਾ ਟੁਕ ਖਾਂਦੇ,
ਤੱਕਣ ਹੱਥ ਮੇਰੇ ਵਲ ਸੁਹਣੇ, ਦੰਮ ਕਿਤੋਂ ਨਹੀਂ ਆਂਦੇ?
ਬਾਬਲ ਮੇਰਾ ਲਖੀਅਰ ਨਹੀਂ, ਲਖਦਾਤਾ ਮੈਂ ਹੋਕੇ,
ਕੀਕੂੰ ਦੁੱਖ ਜਗਤ ਦੇ ਕੱਟਾਂ ਦਾਨ ਅਮਿੱਤੇ ਦੇਕੇ ?
ਪੰਡਤ ਨਹੀਂ, ਪੜ੍ਹੀ ਮੈਂ ਇਲਮਾਂ, ਵਿਦਯਾ ਦਾਨ ਕਰਾਵਾਂ,
ਜਗ ਮੂਰਖ ਨੂੰ ਚਾਨਣ ਦੇਕੇ 'ਸੋਝੀ-ਦੀਪ' ਜਗਾਵਾਂ।
ਜੋਗੀ ਨਹੀਂ, ਸਿੱਧੀਆਂ ਜਾਣਾਂ, ਦੁਖ ਦੁਨੀਆਂ ਦਾ ਕੱਟਾਂ,
ਦੂਰ ਦਲਿੱਦਰ ਕਰਾਂ ਜਗਤ ਦੇ, ਅਹੁਰਾਂ ਲਾਹ ਲਾਹ, ਸੱਟਾਂ।
ਵੈਦ ਨਹੀਂ ਵੈਦੰਗੀ ਜਾਣਾ, ਦਰਦ ਰਵਾਨਿਆਂ ਤਾਈਂ,
ਦਾਰੂ ਦਿਆਂ ਨਿਰੋਏ ਕਰਕੇ ਦੁਨੀਆਂ ਪੀੜ ਹਟਾਈਂ।
ਮੈਂ ਸੰਗੀਤ ਨ ਰੱਬੀ ਜਾਣਾ, ਧੁਰ ਕੀ ਬਾਣੀ ਗਾਵਾਂ,
ਮੁਏ ਜਗਤ ਦੇ ਕੰਨੀ ਫੂਕਾਂ, ਕਰ ਸੁਰਜੀਤ ਜਗਾਵਾਂ ।
ਹੰਦਾ ਕੁਈ ਵੰਡਾਵੇ ਸਹੀਓ! ਅਣਹੁੰਦੇ 'ਚੋਂ ਦੱਸੋ।
ਜਗ ਨੂੰ ਕੀ ਮੈਂ ਵੰਡ ਦਿਵਾਵਾਂ? ਮੁਸ਼ਕਲ ਪਈ ਅਵੱਸੋ।
ਹਾਂ! ਸੰਨਯਾਸ ਨਹੀਂ ਮੈਂ ਅੰਦਰ, ਗ੍ਰਹਣ ਵਸੇ ਮੈਂ ਅੰਦ੍ਰੇ,
ਤਯਾਗ ਵਿਰਾਗ ਨਹੀਂ, ਨਾ ਜਗਦਾ ਗਿਆਨ-ਦੀਪ ਮੈਂ ਮੰਦ੍ਰੇ,
ਜੇ ਮੈਂ ਆਖਾਂ ਵੱਟ ਕਸੀਸਾਂ : ਸੁਣ ਤੂੰ ਜਗਤ ਜਲੰਦੇ।
ਦਾਨ ਕਰਾਂ ਮੈਂ ਤੇਰੀ ਖ਼ਾਤਰ ਸਿਰ ਦੇ ਤਾਜ ਸੁਹੰਦੇਂ,
ਉਹ ਦਾਤਾ, ਉਹ ਧੁਰ ਦਾ ਦਾਤਾ, ਅਰਸ਼ੀ ਤਾਣਾਂ ਵਾਲਾ,
ਗੁਪਤ ਪ੍ਰਗਟ ਤੇ ਹੁਕਮ ਓਸਦਾ; ਮੁਏ ਜੀਵਾਲਣ ਵਾਲਾ,
ਉਹ ਮੈਂ ਦਾਨ ਦਿਆਂ ਜਗ ਤੈਨੂੰ, ਤੈਨੂੰ ਉਹ ਸੁਖ ਦੇਵੇ,
ਤੇਰੇ ਲਈ ਦਿਨੇ ਤੇ ਰਾਤੀਂ ਦੁਖ ਸਾਰੇ ਸਿਰ ਲੇਵੇ।
ਤੇਰਾ ਹੋ! ਮੇਰਾ ਨਾ ਹੋਵੇ, ਸਾਰਾ ਤੇਰਾ ਹੋਵੇ,
ਮੈਂ ਨਿਜ ਮਾਨ ਤੇ ਦਾਵਾ ਛੱਡਾਂ 'ਪਕੜ' ਨ ਮਨ ਮੈਂ ਖੋਵੇ।
ਭਾਵੇਂ ਓਹ ਘਰ ਹਨ ਨਹੀਂ ਵੜਦੇ; ਇਕ ਇਕ ਕਰਨ ਉਦਾਸੀ,
ਵਰਿਹਾਂ ਬੱਧੀ ਘਰੀਂ ਨ ਪਰਤਣ,
ਸੁਨਿਹਾ ਸਾਰ ਨ ਆਸੀ,
ਸਾਧੂ ਬਣੇ, ਗ੍ਰਿਹਸਤ ਤੋਂ ਛੁੱਟੇ
ਫਿਰਦੇ ਪੈਰ ਪਿਆਦੇ,
ਮਮਤਾ ਮੋਹ ਮੁਕਾਏ ਸਾਰੇ,
ਤੋੜੇ ਸਭ ਤਗਾਦੇ
ਪਰ ਕਮਲੀ ਮੈਂ ਸਹੀਓ ਸਾਰੀ,
ਮੇਰੀ 'ਪਕੜ' ਨ ਛੁਟਦੀ,
ਮੋਹ, ਮਮਤਾ ਤੇ ਮਾਯਾ ਮੇਰੀ
'ਓਹ ਮੇਰੇ' ਨਹੀਂ ਟੁਟਦੀ।
'ਓਹ ਮੇਰੇ' ਮੈਂ ਏਸ ਆਸਰੇ
ਜੀਵਾਂ ਆਸ ਬਨ੍ਹਾਈ,
ਓਹ ਦੁਨੀਆਂ ਦੇ ਮੇਰੇ ਨਾਹੀਂ,
ਸਕਾਂ ਨ ਸੋਚ ਫੁਰਾਈ
ਜੋਗੀ ਕਈ ਫਕੀਰ ਸਿਆਣੇ,
ਸਾਧ ਕਈ ਹਨ ਆਏ,
ਅਰਸ਼ੀ ਜੋਤਿ ਓਸ ਵਰੁਸਾਏ
ਫੇਰੇ ਏਥੇ ਪਾਏ।
ਆਖਣ : ਰਬ ਕੰਤ ਹੈ ਤੇਰਾ,
ਉਹ ਦੁਨੀਆਂ ਲਈ ਆਯਾ,
'ਤੂੰ ਦੇ ਤੋੜ ਆਪਣਾ ਦਾਵਾ
ਜਿੱਤ ਲਈਂ ਮੋਹ ਮਾਯਾ'।
ਹਾਇ! ਨਿਖੁੱਟੀ ਦੀ ਮਤ ਮੋਟੀ,
ਮੇਰੀ ਸਮਝ ਨ ਆਵੇ,
ਮੇਰੀ ਪਯਾਰ ਡੋਰ ਨੂੰ ਕੋਈ
ਸਿਖਯਾ ਨਹੀਂ ਤੁੜਾਵੇ।
ਮੈਂ ਦਿਨ ਰਾਤ ਫਸੀ ਮੋਹ ਉਸਦੇ
ਕਿਵੇਂ ਨ ਸਕਾਂ ਭੁਲਾਈ
'ਓਹ ਮੇਰੇ' ਇਕ ਪਕੜ ਕਹਿਰ
ਦੀ, ਕਿਵੇਂ ਨ ਸਕਾਂ ਘਟਾਈ।
ਇਸ ਖਿਚ ਬੱਧੀ ਖਿੱਚੀ ਜਾਵਾਂ,
ਖਿੱਚੀ ਸਦਾ ਰਹਾਵਾਂ,

[1] ਇਹ ਗੀਤ ਗੁਰਪੁਰਬ ਪੁੰਨਮ ਸੰ:ਗੁ: ਨਾ: ਸਾ: ੪੫੦ (੧੯੧੯ ਈ:) ਵਿਚ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

'ਗ੍ਰਹਣ' 'ਪਕੜ' ਕੁਛ ਆਖੋ ਇਸ ਨੂੰ ਚੱਕਰ ਏਸ ਰਹਾਵਾਂ।
ਇਸ 'ਪਿਯ-ਮੋਹ' ਧੜਕਦੀ ਛਾਤੀ, ਕਸਕ ਕਸਕਦੀ ਅੰਦ੍ਰੇ,
ਲਹਿਰੇ ਰਹਿਣ ਕਾਲਜੇ ਉਠਦੇ, ਥਰਰਾਟਾਂ ਹਿਯ ਮੰਦ੍ਰੇ।
ਏਸ ਮਰਮ ਦੀ ਪੀੜ ਕਦੇ ਮੈਂ ਆਪੇ ਤੋਂ ਹੋ ਗੁਜ਼ਰਾਂ,
ਅੰਝੂ ਇੱਕ ਕਿਰੇ ਆ ਅਖੋਂ, ਖਿੱਚ ਜਾਂਦੀਆਂ ਨਜ਼ਰਾਂ,
ਆਪਾ ਸਭ ਮੇਰਾ ਜਿਉਂ ਪੰਘਰ, ਘੁਲਮਿਲ ਘੁਲਮਿਲ ਜਾਂਦਾ,
ਕਿਸ ਵਿਚ? ਮੈਂ ਜਾਣਾ ਕੁਛ ਨਾਹੀਂ ਫਿਰ ਅੱਥਰੂ ਇਕ ਆਂਦਾ,
ਕੁਝ ਹੋਵੇ ਕੁਝ ਰਹੇ ਕਾਲਜੇ, ਕੁਛ ਰਹਿੰਦਾ ਕੇ ਨਾਹੀਂ,
ਸਾਰੀ ਮੈਂ ਇਕ ਕਾਂਬਾ ਹੋਕੇ, ਥਰਰਾਵਾਂ, ਗੁੰਮ ਜਾਹੀਂ।

ਇਸ ਵੇਲੇ ਇਕ 'ਅੱਥਰ' ਪਜਾਰੀ'
ਇਹ ਇਕ ਬੂੰਦ ਸੁ ਪਾਣੀ,
ਇਹ ਤੁਪਕਾ ਇਕ ਖਾਰੇ ਜਲ ਦਾ
ਝਰਦਾ ਅੱਖਾਂ ਥਾਣੀ !
ਹੈ, ਹੇ ਜਗਤ! ਤੁਧੇ ਦੀ ਭੇਟਾ
ਇਹ ਤੁਪਕਾ ਇਕ ਪਾਣੀ,
ਜਗ-ਜਗਵੇਦੀ ਦੇ ਏ ਉੱਤੋਂ
ਮੇਰੀ ਭੇਟ ਨਿਮਾਣੀ।

ਸੂਚਨਾ-ਕੁਛ ਦਿਨ ਪਿਆਰਿਆਂ ਨੂੰ ਦਰਸ਼ਨ ਦਿੰਦੇ ਤਲਵੰਡੀ ਰੌਣਕਾਂ ਲਾਈ ਰਖੀਆਂ। ਰਾਇ ਬੁਲਾਰ ਨੂੰ ਪੂਰਨ ਪਦ ਦੀ ਦਾਤ ਬਖਸ਼ੀ। ਹੋਰ ਅਨੇਕਾਂ ਜੀਵ ਤਾਰੇ। ਤਲਵੰਡੀ ਵਿਚ ਹੀ ਸਤਿਸੰਗ ਦਾ ਦਰਬਾਰ ਲੱਗਾ ਰਹੇ ਤੇ ਨਿਤ ਕੀਰਤਨ ਹੋਵੇ। ਇਸੇ ਹੀ ਤਲਵੰਡੀ ਦੇ ਟਿਕਾਉ ਵਿਚ ਮਾਤਾ ਪਿਤਾ ਤੇ ਮਿਹਰ ਹੋਈ, ਜਿਸ ਲਈ ਪੜ੍ਹੋ ਅਗਲਾ ਪ੍ਰਸੰਗ। ਮਾਤਾ ਪਿਤਾ ਨਿਸਤਾਰਣ ਦਾ ਪ੍ਰਸੰਗ ਪੁਰਤਾਨ ਜਨਮ ਸਾਖੀ ਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੁਹਾਂ ਵਿਚ ਦੁਨੀ ਚੰਦ ਨਿਸਤਾਰੇ ਦੇ ਮਗਰੋਂ ਹੀ ਆਇਆ ਹੈ।

# ੫੨. ਮਾਤਾ ਪਿਤਾ ਨਿਸਤਾਰਣ[੧]।

੧.

**ਸਮਾਂ** ਕਈ ਵਲੇਟ ਖਾ ਗਿਆ, ਜਦੋਂ ਤਲਵੰਡੀ ਵਿਚ ਜਗਤ ਨਾਥ ਸ੍ਰੀ ਗੁਰੂ ਨਾਨਕ ਦੇਵ ਜੀ ਬਾਲਪੁਣੇ ਦੇ ਆਪਣੇ ਕੌਤਕ ਕਰਿਆ ਕਰਦੇ ਸਨ। ਸੁਲਤਾਨ ਪੁਰ ਦੇ ਮੋਦੀਖਾਨੇ ਤੇ ਵੇਈਂ ਤੇ ਦਰਬ ਲੁਟਾਵਨ ਦੇ ਸਾਰੇ ਸਮੇਂ ਬੀਤ ਚੁਕੇ ਹਨ। ਉਦਾਸੀ ਵੈਰਾਗ ਰਸਿਕ ਵੈਰਾਗ ਰੰਗਾਂ ਦੇ ਸੁਆਮੀ ਜੀ ਦੂਰ ਦੇਸ਼ਾਂ ਵਿਚ ਹੋ ਆਏ ਹਨ, ਅਨੇਕਾਂ ਜੀਆਂ ਦੇ ਉਧਾਰ ਕਰ ਆਏ ਹਨ, ਜਨਮਾਂ ਜਨਮਾਂਤ੍ਰਾਂ ਦੇ ਅਟਕੇ ਪਾਰ ਲਾ ਆਏ ਹਨ, ਅਨੇਕਾਂ ਨਵੇਂ ਲਾ ਆਏ ਹਨ, ਨਵੇਂ ਛੱਟੇ ਦੇ ਆਏ ਹਨ। ਪਰਦੇਸਾਂ ਤੋਂ ਆਕੇ ਇਕ ਵੇਰੀ ਤਲਵੰਡੀ ਹੋਕੇ ਹੁਣ ਇਕ ਦੌਰਾ ਅਪਣੇ ਦੇਸ਼ ਦਾ ਬੀ ਕਰ ਆਏ ਹਨ। ਜੀਵਾਂ ਦੇ ਘਟ ਦੀਪ ਜਗਾ ਆਏ ਹਨ ਤੇ ਕਈ ਕੁਫਰ ਗੜ੍ਹ ਤੋੜ ਆਏ ਹਨ। ਹੁਣ ਆਏ ਘਰ ਹਨ, ਪਰ ਹੈਨ ਅਜੇ ਆਪਣੇ ਬਾਹਰਲੇ ਫਕੀਰਾਨ ਭੇਸ ਵਿਚ ਹੀ।

ਘਰ ਬਾਹਰ ਨੂੰ ਏਕੋ ਕਰਕੇ ਦੱਸਣ ਵਾਲੇ-ਜਦੋਂ ਕਿ ਵਾਹਿਗੁਰੂ ਸੰਗ ਹੋਵੇ-'ਵੈਰਾਗ-ਉਦਾਸ' ਮਾਰਗ ਦੇ ਚਲਾਵਣਹਾਰ ਜੀ ਹੁਣ ਉਦਾਸ ਹੋਕੇ ਬੀ ਫੇਰ ਘਰ ਬੈਠੇ ਹਨ। ਮਾਤਾ ਤ੍ਰਿਪਤਾ ਦੇ ਘਰ ਫੇਰ ਜੋਤਿ ਜਗ ਰਹੀ ਹੈ, ਪਰ ਹੁਣ ਪੁੱਤਰ ਉਹ ਨਿੱਕਾ ਜਿਹਾ ਬਾਲਕਾ ਨਹੀਂ, ਹੁਣ ਉਹ ਆਪਣੇ ਰੰਗਾਂ ਵਿਚ ਪੂਰੀ ਤਰ੍ਹਾਂ ਚਮਕਣ ਵਾਲਾ ਮਧਯਾਨ ਦਾ ਸੂਰਜ ਹੈ, ਪਰ ਮਾਪਿਆਂ ਦਾ ਮੋਹ ਅਜੇ ਮੋਹ ਹੈ। "ਅਜੇ ਵੀ ਫਕੀਰੀ ਭੇਖ ਉਤਾਰੇ, ਗ੍ਰਿਹਸਤੀ ਬਾਣਾ ਧਾਰੇ, ਬਾਲ ਬੱਚੇ ਵਹੁਟੀ ਨੂੰ ਪਾਸ ਰੱਖੇ, ਅਸੀਂ ਬਿਰਧ ਹਾਂ ਪਰਦੇਸ ਨਾ ਜਾਵੇ।"

ਗੁਰੂ ਨਾਨਕ ਦੇਵ ਜੀ ਉਹਨਾਂ ਦੇ ਦਿਲ ਦੀਆਂ ਏਹ ਜਾਣਦੇ ਹਨ, ਪਰ ਫੇਰ ਬੀ ਅੱਜ ਕਲ ਉਨ੍ਹਾਂ ਦੇ

[੧] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ ਗੁ: ਨਾ: ਸਾਹਿਬ ੪੫੨ (੨੯ ਨਵੰਬਰ ੧੯੨੧ ਈ:) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

ਹੀ ਘਰ ਬੈਠੇ ਹਨ, ਕੀਰਤਨ ਬੀ ਉਥੇ ਹੀ ਹੁੰਦਾ ਹੈ, ਪ੍ਰੇਮੀ ਬੀ ਆਉਂਦੇ ਹਨ, ਦੂਰ ਨੇੜੇ ਦੇ ਜਗਯਾਸੂ ਬੀ ਪੁੱਛਾਂ ਦੱਸਾਂ ਸ਼ੁਭ ਮਤਾਂ ਤੇ ਕਲਯਾਨ ਲੈਣ ਪੁੱਜਦੇ ਹਨ।

ਪਿਤਾ ਕਾਲੂ ਜੀ ਇਕ ਦਿਨ ਜਚਦੇ ਸੋਚਦੇ ਘਰ ਵਾਲੀ ਨਾਲ ਕੀਤੇ ਕਰਾਰ ਵਿਸਾਰਦੇ ਤੇ ਯਾਦ ਕਰਦੇ ਕਿ ਹੁਣ ਗੱਲ ਸਿਆਣੇ ਪੁਤ੍ਰ ਨੂੰ ਉਸ ਦੀ ਰੁਚੀ ਦੇ ਉਲਟ ਨਹੀਂ ਆਖਣੀ; ਮਤਾਂ ਫੇਰ ਬਿਦੇਸ਼ ਟੁਰ ਜਾਵੇ-ਨਾ ਹੀ ਰਹਿ ਸਕੇ। ਪਾਸ ਆ ਬੈਠੇ ਤੇ ਆਖਣ ਲੱਗੇ:-ਬੱਚਾ ਜੀ! ਹੁਣ ਤੁਸੀਂ ਵਡੇਰੀ ਉਮਰ ਦੇ ਹੋਏ ਹੋ, ਦੇਸ਼ ਪ੍ਰਦੇਸ਼ ਵਿਚ ਘੁੰਮ ਆਏ ਹੋ, ਸਾਡੀ ਉਮਰਾ ਬ੍ਰਿਧਾਪਨ ਦੀ ਹੋ ਗਈ ਹੈ, ਤੁਸੀਂ ਹੁਣ ਪ੍ਰਦੇਸ਼ੀਂ ਜਾਣਾ ਛੋਡ ਦਿਓ ਤੇ ਇਥੇ ਆਪਣੇ ਘਰ ਟਿਕਕੇ ਬੈਠ ਜਾਓ। ਕਰੋ ਉਹ ਜੋ ਤੁਹਾਡਾ ਚਿੱਤ ਕਰੇ, ਪਰ ਦੇਖੋ ਕਿਤਨਾ ਕਾਲ ਬੀਤ ਗਿਆ ਹੈ ਕਿ ਤੁਹਾਡੇ ਬੱਚੇ ਤੇ ਇਸਤ੍ਰੀ ਵਿਛੁੜੇ ਹਨ, ਉਹਨਾਂ ਨੂੰ ਪਾਸ ਰੱਖੋ। ਤੁਸੀਂ ਘਰ ਬਾਰੀ ਹੋਕੇ ਘਰ ਬਾਰ ਸਮ੍ਹਾਲੋ। ਖਾਣ ਪੀਣ ਜੋਗਾ ਭਗਵਾਨ ਦਾ ਦਿੱਤਾ ਬਹੁਤ ਹੈ। ਹੁਣ ਤਾਂ ਕੇਵਲ ਤੁਹਾਡੇ ਟਿਕ ਜਾਣ ਤੇ ਘਰ ਸੰਮ੍ਹਾਲਣੇ ਦੀ ਲੋੜ ਹੈ। ਤੁਹਾਡੀ ਥੋੜੀ ਸੱਤਾ ਦੇਣ ਨਾਲ ਨਿਰਬਾਹ ਜੋਗਾ ਚੰਗਾ ਪਦਾਰਥ ਆਵੇਗਾ ਪਿਆ। ਹੁਣ ਸਾਡੀਆਂ ਅੱਖਾਂ ਤੋਂ ਦੂਰ ਨਾ ਹੋਵੇ, ਤੁਹਾਡੀ ਮਾਤਾ ਬੜਾ ਵਿਰਾਗ ਕਰਦੀ ਹੈ, ਹੁਣ ਉਸ ਨੂੰ ਵਿਛੋੜਾ ਨਾ ਦਿਓ। ਜਿਤਨੇ ਦਿਨ ਸਾਡੇ ਬਾਕੀ ਹਨ, ਅਸੀਂ ਤੁਸਾਂ ਦੇ ਨੂਰ ਚਮਕਦੇ ਮੱਥੇ ਦੇ ਦਰਸ਼ਨਾਂ ਨੂੰ ਤਰਸਦੇ ਨਾ ਰਹੀਏ, ਸਾਡੀਆਂ ਨਜ਼ਰਾਂ ਤੋਂ ਉਹਲੇ ਨਾ ਹੋਵੋ। ਟੱਬਰ ਖਿੰਡਿਆ ਪਿਆ ਹੈ, ਸਾਰਾ ਕੱਠਾ ਕਰੋ ਤੇ ਸੁਖ ਨਾਲ ਵੱਸੋ ਰੱਸੋ।

ਇਹ ਸੁਣਕੇ ਮੁਸਕਰਾਏ ਤੇ ਜਗਤ ਦਾਤਾ ਜੀ ਬੋਲੇ:-ਪਿਤਾ ਜੀ! ਜੋ ਆਖਦੇ ਹੋ ਠੀਕ ਹੈ, ਪਰ ਜਿਸ ਦਾ ਘੱਲਿਆ ਆਇਆ ਹਾਂ, ਉਸ ਦੇ ਹੁਕਮ ਦੀ ਸਾਰੀ ਖੇਡ ਹੈ। ਮੈਂ ਨਾ ਤਾਂ ਸੰਨਯਾਸੀ ਹਾਂ, ਨਾ ਵੈਰਾਗੀ, ਨਾ ਜੋਗੀ, ਨਾ ਮੈਂ ਘਰ-ਬਾਰੀ ਹਾਂ, ਨਾ ਦੇਸ਼ਾਟਨੀ। ਮੈਂ ਤਾਂ ਹੁਕਮੀ ਬੰਦਾ ਹਾਂ, ਮਾਲਕ ਜੋ ਕਹਿੰਦਾ ਹੈ ਕਰਦਾ ਹਾਂ; ਜਿੱਧਰ ਪ੍ਰੇਰਦਾ ਹੈ, ਉੱਧਰ ਜਾਂਦਾ ਹਾਂ।

ਇਸ ਵੇਲੇ ਤ੍ਰਿਪਤਾ ਜੀ ਵੀ ਪਾਸ ਆ ਬੈਠੇ।

ਕਾਲੂ-ਜਗਤ ਵਿਚ ਸਭ ਤੋਂ ਵੱਡਾ ਹੱਕ ਪਿਤਾ ਮਾਤਾ ਦਾ ਹੈ, ਉਹ ਮਾਲਕ ਕਿਹੜਾ ਹੈ, ਜਿਸ ਦੇ ਹੁਕਮ ਵਿਚ ਤੁਸੀਂ ਸਾਡੀ ਸੇਵਾ ਛੋਡਕੇ ਫਿਰਦੇ ਹੋ?

ਇਹ ਵਾਕ ਸੁਣਕੇ ਸ੍ਰੀ ਗੁਰੂ ਜੀ ਦਾ ਚਿਹਰਾ ਬਦਲਿਆ। ਅੱਖਾਂ ਵਿਚੋਂ ਕੋਈ ਅਨੋਖੀ ਲਹਿਰ ਲੰਘੀ, ਤੱਕੇ, ਪਰ ਫੇਰ ਨੈਣ ਬੰਦ ਹੋ ਗਏ। ਹੁਣ ਚਿਹਰੇ ਤੇ ਇਕ ਦੀਪਤ ਜੋਤ ਦੇ ਪਰਵੇਸ਼ ਵਾਂਙੂ ਨਵੀਂ ਆਭਾ ਚੜ੍ਹ ਆਈ। ਮਾਤਾ ਪਿਤਾ ਵੇਖਕੇ ਅਚੰਭਾ ਹੋ ਗਏ। ਪਲ ਮਗਰੋਂ ਸ੍ਰੀ ਦਾਤਾ ਮਾਲਕ ਜੀ ਦੇ ਇਲਾਹੀ ਗਲੇ ਤੋਂ ਧੁਨਿ ਉਠੀ 'ਧੰਨ ਨਿਰੰਕਾਰ! ਧੰਨ ਨਿਰੰਕਾਰ! ਧੰਨ ਨਿਰੰਕਾਰ!' ਕਿਤਨਾ ਸਮਾਂ ਇਹ ਰੰਗ ਛਾਇਆ ਰਿਹਾ, ਐਸਾ ਕਿ ਅੱਜ ਬਾਬਾ ਕਾਲੂ ਜੀ ਦੀ ਹਿਸਾਬੀ ਬ੍ਰਿਤੀ ਵਾਲਾ ਖਿੰਡਿਆ ਮਨ ਬੀ ਜੁੜ ਗਿਆ, ਕੁਛ ਸਹਿਮ ਗਿਆ, ਕੁਛ ਆਪੇ ਉਹ ਬੀ ਧੰਨ ਨਿਰੰਕਾਰ! ਧੰਨ ਨਿਰੰਕਾਰ! ਕਹਿਣ ਲੱਗ ਪਿਆ। ਦੋ ਘੜੀ ਇਹ ਰੰਗ ਲਗਾ ਰਿਹਾ, ਕੁਛ ਹੋਰ ਪ੍ਰੇਮੀ ਬੀ ਆ ਗਏ। ਉਸ ਵੇਲੇ ਜੋ ਆਯਾ ਚੁਪ ਬਹਿ ਗਿਆ ਤੇ ਇਸੇ ਰੰਗ ਵਿਚ ਰੰਗਿਆ ਗਿਆ ਤੇ ਸਭ ਏਸੇ ਧੁਨੀ ਵਿਚ ਰਲ ਗਏ 'ਧੰਨ ਨਿਰੰਕਾਰ!ਧੰਨ ਨਿਰੰਕਾਰ!' ਦੋ ਕੁ ਘੜੀ ਮਗਰੋਂ ਨਿਰੰਕਾਰ ਦੇ ਪ੍ਰੇਮ ਵਿਚ ਰੱਤੇ ਨੈਣ ਖੁਲ੍ਹੇ ਤੇ ਪਿਤਾ ਵੱਲ ਤੱਕਕੇ ਬੋਲੇ:-

> ਅਪੁਨੇ ਠਾਕੁਰ ਕੀ ਹਉ ਚੇਰੀ ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥ ੧ ॥ ਰਹਾਉ ॥ ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥ ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥੧॥ ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥ ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥ ੨ ॥ ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੋਕਾਨੀ ॥੩॥ ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ

ਅਧਾਰਾ ॥ ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ ॥ ੪ ॥ ੧॥[1]

ਅੱਜ ਆਯਾ ਪਹਿਲਾ ਦਿਨ ਕਿ ਬਾਬੇ ਕਾਲੂ ਦਾ ਦਿਲ ਬੀ ਹਿੱਲਿਆ, ਇਕ ਨਿਗਾਹ ਭਰਕੇ ਪੁੱਤਰ ਵੱਲ ਤੱਕਿਆ; ਉਹ ਨਿਗਾਹ ਜਿਹੜੀ ਅੱਗੇ ਕਦੇ ਨਹੀਂ ਸੀ ਤੱਕ ਸੱਕਿਆ। ਇਕ ਝੂਟਾ ਜਿਹਾ ਆਇਆ ਤੇ ਇਕ ਝੁੰਮ ਜੇਹੀ ਲੰਘੀ। ਜਿਉਂ ਜਿਉਂ ਪੁੱਤਰ ਵੱਲ ਤੱਕੇ ਕੁਛ ਡੌਰ ਭੌਰਾ ਹੁੰਦਾ ਜਾਏ। ਉਹ ਥਰ, ਜੋ 'ਪੁੱਤਰ ਦੌਲਤ ਕਮਾਏ, ਸੇਵਾ ਕਰੇ' ਦਾ ਅੰਦਰ ਬੱਝਾ ਹੋਇਆ ਸੀ, ਤ੍ਰੁੱਟਾ। ਇਕ ਛਿਨ ਪੁੱਤਰ-ਭਾਵ ਪਰੇ ਹਟਕੇ ਵਿਹੜੇ ਬੈਠੀ ਜੋਤਿ ਸਾਧੂ ਨਜ਼ਰੀ ਹੋ ਆਈ। ਅਗਲੀ ਛਿਨ ਇਕ ਨੀਂਦ ਜੇਹੀ ਦਾ ਝੂਟਾ ਆਇਆ ਤਾਂ ਮੁੱਦਤਾਂ ਬੀਤ ਗਈਆਂ ਦਾ ਸੁਪਨਾ ਅਖਾਂ ਅਗੋਂ ਫੇਰ ਲੰਘਿਆ, ਫੇਰ ਨੈਣ ਖੁੱਲ੍ਹੇ, ਫੇਰ ਤੱਕਿਆ। ਫੇਰ ਫੁਰਨਾ ਫੁਰਿਆ' 'ਕੀ ਜਾਣੀਏ ਇਹ ਸੱਚੀ ਮੁਚੀ ਕੋਇ ਮਹਾ ਜੋਤਿ ਹੀ ਹੋਵੇ, ਜਗਤ ਬੀ ਪੈਰੀਂ ਪੈਂਦਾ ਹੈ, ਇਹ ਬੀ ਸਾਰੀ ਉਮਰਾ ਆਪਣੀ ਧੁਨੋਂ ਨਹੀਂ ਮੁੜਿਆ ਤੇ ਜੋ ਉਚਾਰਦਾ ਹੈ ਪਿਆਰ ਦੀ ਖਿੱਚ ਪਾਉਂਦਾ ਹੈ।'

ਇਸ ਤਰ੍ਹਾਂ ਦੇ ਵਿਚਾਰ ਤੇ ਉਸ ਤਰ੍ਹਾਂ ਦੇ ਝਾਂਵਲੇ ਵਾਰੋ ਵਾਰੀ ਅਖਾਂ ਅਗੋਂ ਲੰਘ ਰਹੇ ਸਨ ਕਿ ਸ੍ਰੀ ਗੁਰੂ ਜੀ ਨੇ ਇਕ ਤਿਰਛੀ ਨਿਗਾਹ ਨਾਲ ਪਿਤਾ ਜੀ ਵੱਲ ਤੱਕਿਆ, ਉਹ ਪੜਦਾ, ਜੋ ਭਗਤੀ ਭਾਵ ਤੋਂ ਬਿਨਾਂ ਮਨ ਤੋਂ ਨਹੀਂ ਉਤਰਦਾ, ਇਸ ਨਿਗਾਹ ਨਾਲ ਰਤਾ ਲਾਂਭੇ ਹੋ ਗਿਆ। ਬਾਬੇ ਕਾਲੂ ਨੂੰ ਪੁੱਤਰ ਅਵਤਾਰ ਨਜ਼ਰੀਂ ਆਇਆ। ਇਕ ਨਿਗਾਹ ਨਾਲ ਮਾਯਾ ਨੂੰ ਮਾਯਾ ਦੇ ਸੁਆਮੀ ਨੇ ਖਿੱਚਿਆ, ਕਾਲੂ ਦੇ ਹਿਰਦੇ ਤੋਂ ਪਟ[2] ਲੱਥੇ। ਉਸ ਛਿਨ ਸੋਚਾਂ ਵਹਿਮਾਂ ਵਿਚੋਂ ਨਿਕਲਕੇ 'ਗਯਾਤ'(=ਸੋਝੀ) ਦੇ ਘਰ ਮਨ ਆਂ ਗਿਆ। ਉਹ ਜੋ ਇਕ ਨਸ਼ਾ, ਇਕ ਮਦ, ਇਕ ਵਿਸ ਜੇਹੀ ਮਾਯਾ ਦੇ ਮੋਹ ਦੀ ਚੜੀ ਹੋਈ ਸੀ, ਉਹ ਜੋ ਪਿਛਲੇ ਕੀਤੇ ਤਪਾਂ ਦੀ ਤਾਮਸ ਦਾ ਹਨੇਰਾ ਸੀ, ਦੂਰ ਹੋ ਗਿਆ[1] ਇਕ ਹੋਰ ਤਰ੍ਹਾਂ ਦੀ ਸੋਝੀ ਹੋ ਆਈ। ਕੀ ਦੇਖਦਾ ਹੈ ਕਿ ਪਿਤਾ ਪੁੱਤਰ ਕੋਈ ਨਹੀਂ। ਮੈਂ ਇਕ ਜਗਯਾਸੂ ਹਾਂ, ਜਿਸ ਨੂੰ ਭਾਉ ਭਗਤੀ ਤੇ ਕਲਯਾਨ ਦੀ ਲੋੜ ਹੈ ਅਰ ਸਾਹਮਣੇ ਜੋ ਬੈਠਾ ਹੈ ਸੋ ਦਾਤਾ ਹੈ, ਅਰਸ਼ਾਂ ਤੋਂ ਆਇਆ ਹੈ, ਤ੍ਰਿਲੋਕੀ ਦਾ ਨਾਥ ਹੈ। ਗੁਪਤ ਪ੍ਰਗਟ ਸੰਸਾਰ ਸਾਰਾ ਇਸ ਦੇ ਚਰਨਾਂ ਤੇ ਹੈ, ਤਦ ਡਾਢੀ ਸ਼ਰਧਾ ਤੇ ਪਿਆਰ ਦੇ ਘਰ ਵਿਚ ਆਕੇ:-

> ਬੋਲਯੋ ਕਰਿ ਕੈ ਭਾਉ ਘਨੇਰਾ:-'ਮੈਂ ਜਾਨਤ ਰਹਿਓ ਸੁਤ ਮੇਰਾ। ਮਹਾਂ ਪੁਰਖ ਤੁਮ ਦੀਨ ਦਿਆਲਾ। ਮੁਝ ਉਰ ਦੀਜੈ ਗਯਾਨ ਬਿਸਾਲਾ। ਜਿਸ ਤੇ ਜਨਮ ਮਰਨ ਹ੍ਵੈ ਹਾਨਾ। ਉਪਜੈ ਅਬਿਚਲ ਅਨੰਦ ਮਹਾਨਾ। ਮੈਂ ਹੌਂ ਕੌਨ ? ਮੋਹਿ ਸੁਧਿ ਨਾਹੀ। ਰਹਿਹੌਂ ਹਰਖ ਸੋਗ ਕੇ ਮਾਹੀਂ। ਇਕ ਛਿਨ ਮਨ ਥਿਰ ਹੋਵਤਿ ਨਾਂਹੀ। ਬਿਚਰਹਿ ਰਾਗ ਦ੍ਵੈਖ ਕੇ ਮਾਂਹੀ।' {ਗੁ:ਨਾ:ਪ੍ਰ:}

ਇਸ ਤਰ੍ਹਾਂ ਦੀ ਗਯਾਤ ਆਪਣੇ ਮਨ ਦੀ ਦਸ਼ਾ ਦੀ ਹੋ ਆਈ ਤੇ ਇਸ ਤਰ੍ਹਾਂ ਦੀ ਪਯਾਸ ਵਾਹਿਗੁਰੂ ਦੀ ਮਿਹਰ ਦੀ ਲੱਗ ਆਈ ਤਾਂ ਸ੍ਰੀ ਗੁਰੂ ਜੀ ਬੋਲੇ:-

ਇਸ ਸਾਰੇ ਪਸਾਰੇ ਵਿਚ ਇਕ ਜੋਤਿ-ਹਾਂ ਏਕਾ ਜੋਤਿ-ਪਸਰ ਰਹੀ ਹੈ, ਇਹ ਸਾਰਾ ਪਸਾਰਾ ਭੀ ਉਸੇ ਇਕੋ ਜੋਤਿ ਦਾ ਪਸਾਰਾ ਹੈ, ਉਹ ਜੋਤਿ ਨਿਰੰਕਾਰ ਹੈ, ਉਹ ਜੀਵਨ ਆਧਾਰ ਹੈ, ਉਸ ਦੇ ਜੋ ਸਨਮੁਖ ਹੈ ਉਹ ਸੁਖੀ ਹੈ। ਜਿਵੇਂ ਜੋ ਅੱਗ ਦੇ ਸਨਮੁਖ ਹੈ ਉਹ ਨਿੱਘਾ ਹੈ ਤੇ ਜੋ ਉਸ ਤੋਂ ਵਿਮੁਖ ਹੈ, ਦੂਰ ਹੈ, ਸੋ ਦੁਖ ਵਿਚ ਹੈ। ਜਿਵੇਂ ਜੋ ਅਗਨੀ ਤੋਂ ਦੂਰ ਹੈ ਸੋ ਪਾਲੇ ਦੀ ਕਸ਼ਟ ਵਿਚ ਹੈ, ਤਿਵੇਂ ਜੋ ਸਾਂਈਂ ਤੋਂ ਦੂਰ ਹੈ ਦੁਖ ਵਿਚ ਹੈ। ਅੱਠ ਪਹਿਰ ਇਸ ਜੋਤ ਪਰ-ਇਸ ਨਿਰੰਜਨ ਨਿਰੰਕਾਰ ਪਰ-ਮਨ ਦਾ

---

[1] ਇਹ ਸ਼ਬਦ ਸਾਰੰਗ ਮਹਲਾ ੧ ਵਿਚ ਹੈ।

[2] ਆਸਾ ਅੰਦੇਸਾ ਦੁਇ ਪਟ ਜੜੇ॥

[1] ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ॥ ਪਿਤ ਕੇ ਉਰ ਤੇ ਮਾਇਆ ਰੋਕੀ॥ ਤਤਛਿਨ ਗਯਾਤ ਰਿਦੈ ਹੁਇ ਆਈ॥ ਜਨੁ ਮਦ ਉਤਰ ਗਏ, ਸੁਧਿ ਪਾਈ॥ {ਗੁ: ਨਾ: ਪ੍ਰ:}

ਟਿਕਾਉ ਲੋੜੀਏ। ਜਦ ਇਹ ਨਿਰੰਕਾਰ ਸਾਰੇ ਹੈ, ਘਟ ਘਟ ਵਿਚ ਹੈ, ਫੇਰ ਰਾਗ ਦ੍ਵੈਖ, ਹਰਖ ਸ਼ੋਕ ਕਾਹਦਾ? ਇਹ ਜੋਤਿ ਏਥੇ ਓਥੇ ਸਾਰੇ ਹੈ, ਫੇਰ ਮਨ ਦਾ ਭਉ ਕਿਉਂ? ਜਦ ਇਹ ਹਰ ਥਾਂ ਰਾਖਾ ਮਾਲਕ ਪਾਲਕ ਹੈ ਤਦ ਧਨ ਦਾ ਹਨੇਰੇ ਵਾਲਾ ਪਿਆਰ ਕਾਸਨੂੰ? ਜਦ ਘਰ ਬਾਹਰ ਸਾਰੇ ਉਹੋ ਹੈ ਤਾਂ ਘਰ ਦਾ ਮੋਹ ਕਿਉਂ ਤੇ ਬਾਹਰ ਦਾ ਤ੍ਰਾਸ ਕਿਉਂ?

ਕਾਲੂ-ਪਰ ਦੀਹਦਾ ਨਹੀਂ ਨਾਂ ਜੀਓ!

ਗੁਰੂ ਜੀ-ਨਿਰੰਕਾਰ ਸਾਰੇ ਹੈ, ਜਿਵੇਂ ਧਰਤੀ ਵਿਚ ਜਲ ਹੁੰਦਾ ਹੈ, ਪਰ ਲੁਕਿਆ ਹੋਇਆ, ਇਸੇ ਤਰ੍ਹਾਂ ਨਾ ਜਾਣਨਹਾਰਾਂ ਦੇ ਅੰਦਰ ਬੀ ਨਿਰੰਕਾਰ ਹੈ, ਪਰ ਲੁਕਿਆ ਹੋਇਆ। ਜਿਵੇਂ ਖੂਹ ਪੁੱਟੋ ਤਾਂ ਜਲ ਪ੍ਰਗਟ ਹੋ ਜਾਂਦਾ ਜਾਂਦਾ ਹੈ, ਤਿਵੇਂ ਜਗਜਾਸੂਆਂ ਨੂੰ ਭਾਉ ਭਗਤੀ ਦੇ ਜਤਨ ਨਾਲ ਨਿਰੰਕਾਰ ਪ੍ਰਗਟ ਹੋ ਜਾਂਦਾ ਹੈ। ਜਿਵੇਂ ਨਦੀ ਦਾ ਪਾਣੀ ਆਪੇ ਵਹਿ ਰਿਹਾ ਤੇ ਬਿਨਾਂ ਜਤਨ ਦੇ ਪ੍ਰਗਟ ਹੀ ਰਹਿੰਦਾ ਹੈ, ਤਿਵੇਂ ਪ੍ਰੇਮ, ਵਾਲੇ, ਭਗਤੀ ਵਾਲੇ, ਜਾਗ ਪਈ ਦ੍ਰਿਸ਼ਟੀ ਵਾਲੇ ਸੁਰਜੀਤ ਮਨਾਂ ਨੂੰ ਸਦਾ ਹਾਜ਼ਰਾ ਹਜ਼ੂਰ ਦਿੱਸਦਾ ਤੇ ਭਾਸਦਾ ਹੈ। ਸੋ ਸਾਰੇ ਜਗਤ ਵਿਚ, ਸਾਰੇ ਘਟਾਂ ਵਿਚ ਹਰ ਥਾਂ, ਹਰ ਰੰਗ, ਹਰ ਜਾ ਨਿਰੰਕਾਰ ਪੂਰਨ ਹੈ, ਹਾਜ਼ਰਾ ਹਜ਼ੂਰ ਭਾਸਦਾ ਹੈ। ਮਨਾਂ ਦੀ ਗਤੀ ਦਾ ਫਰਕ ਹੈ; ਮਨਾਂ ਨੂੰ ਮੋਹ ਨਿੰਦ੍ਰਾ ਤੋਂ ਜਗਾਉਣਾ ਹੈ।

ਕਾਲੂ-ਕਿਵੇਂ, ਸੁੱਤਾ ਮਨ ਜਾਗੇ ਕੀਕੂੰ ?

ਗੁਰੂ ਜੀ-ਉਸ ਨਿਰੰਕਾਰ ਨੂੰ ਸਿਮਰੇ, ਯਾਦ ਕਰੇ, ਧਯਾਵੇ, ਜਪੇ, ਉਠਦਿਆਂ ਬਹਿੰਦਿਆਂ, ਟੁਰਦਿਆਂ, ਸੁੱਤਿਆਂ, ਕਿ ਕਾਰੇ ਲੱਗਿਆਂ ਉਸ ਨਿਰੰਕਾਰ ਨਿਰਬਾਣ ਨੂੰ ਕਦੇ ਨਾ ਭੁੱਲੇ। ਇਹ ਯਾਦ ਯਾਦ ਨਿਰੰਤਰੀ, ਇਹ ਲਗਾਤਾਰੀ ਯਾਦ ਮਾਯਾ ਦੇ ਪਰਦੇ ਤੋੜਦੀ ਹੈ। ਇਹ ਨਿਰਮਲ ਉੱਜਲ ਲੱਖਤਾ ਹੋਕੇ ਅੰਦਰ ਸਮਾਉਂਦੀ ਹੈ ਤੇ ਨਿਰੰਕਾਰ ਤੇ ਸਾਡੇ ਵਿਚੋਂ ਸਾਰੀਆਂ ਵਿੱਥਾਂ ਮੇਟ ਦੇਂਦੀ ਹੈ।

ਇਹ ਸੁਣਕੇ ਕਾਲੂ ਨੇ ਫੇਰ ਦਾਤਾ ਜੀ ਵੰਨੇ ਡਿੱਠਾ ਇਸ ਵੇਲੇ ਮਨ ਸ਼ਰਧਾ ਵਿਚ ਸੀ, ਪੁੱਤਰ ਭਾਵਨਾ ਨਾਲ ਨਹੀਂ ਸੀ, ਅਚਰਜ ਤੇ ਵਿਸਮਾਦ ਦੇ ਘਰ ਜਾਕੇ ਵੇਖਿਓਸੁ ਤਾਂ ਕੀ ਡਿੱਠੋਸੁ ਕਿ ਗੁਰੂ ਨਾਨਕ ਦੇ ਰੋਮ ਰੋਮ ਤੋਂ 'ਧੰਨ ਨਿਰੰਕਾਰ ! ਧੰਨ ਨਿਰੰਕਾਰ' ਹੋ ਰਿਹਾ ਹੈ, ਦਿੱਸਦਾ ਹੈ ਅੱਖਾਂ ਨਾਲ, ਸੁਣੀਦਾ ਹੈ ਕੰਨਾਂ ਨਾਲ, ਹਾਂ ਗੁਰੂ ਨਾਨਕ ਦੇ ਉਦਾਲੇ 'ਧੰਨ ਨਿਰੰਕਾਰ' ਦੀਆਂ ਸੂਰਜ-ਕਿਰਨਾਂ ਦਾ ਮੀਂਹ ਵੱਸ ਰਿਹਾ ਹੈ, ਵਣ, ਤ੍ਰਿਣ ਸਭ ਤੋਂ ਧੰਨ ਨਿਰੰਕਾਰ ਨਿਕਲ ਰਿਹਾ ਹੈ ਲਗ ਪਿਆ ਹੁਣ ਲੋਦਾ ਕਾਲੂ ਨੂੰ ਧੰਨ ਨਿਰੰਕਾਰ ਦਾ, ਲਗ ਗਈ ਛੋਤ ਇਸ ਮਹਾਂ ਰਸ ਦੀ ਤੇ ਜਪਣ ਲਗ ਪਿਆ ਕਾਲੂ :-

ਧੰਨ ਨਿਰੰਕਾਰ ! ਧੰਨ ਨਿਰੰਕਾਰ
ਨਿਰਮਲ ਮਨ ਹ੍ਵੈ ਸਿਮਰਨ ਲਾਗਾ।
ਉਪਜਯੋ ਗਯਾਨ ਮੋਹ ਤਮ ਭਾਗਾ {ਗੁ:ਨਾ:ਪ੍ਰ: }

ਹਾਂ ਜੀ, ਬਾਬਾ ਕਾਲੂ ਨਾਮ ਜਪ ਰਿਹਾ ਹੈ, ਅੱਜ ਉਸ ਨਾਨਕ-ਉਸ ਬਾਲਕੇ ਨਾਨਕ-ਤੋਂ ਗਯਾਨ ਲੈਕੇ ਰੌਸ਼ਨ ਹੋ ਗਿਆ ਹੈ ਕਿ ਜਿਸ ਨਾਨਕ ਨਿਰਬਾਣ ਨੂੰ ਸਾਰੀ ਉਮਰ ਆਪਣੇ ਹਨੇਰੇ ਵਿਚ ਪਾਉਣ ਦਾ ਜਤਨ ਕਰਦਾ ਰਿਹਾ ਹੈ, ਜਿਸ ਨਾਨਕ ਨੂੰ ਕੁਲ ਦਾ ਨਮੂਜ ਗੁਆਉਣ ਵਾਲਾ, ਘਰ ਦਾ ਦਰਬ ਲੁਟਾ ਦੇਣ ਵਾਲਾ, ਮਖੱਟੂ ਤੇ ਦਿਵਾਨਾ ਜਾਣਦਾ ਸੀ, ਉਹ ਨਾਨਕ ਦਾਤਾ, ਸਾਂਈਂ ਰੂਪ ਹੋ ਦਿੱਸਿਆ ਹੈ। ਜਿਸ ਨਾਨਕ ਦੀਆਂ ਕੋਮਲ ਗੱਲ੍ਹਾਂ ਉੱਤੇ ਵੀਹ ਰੁਪੱਯਾਂ ਬਦਲੇ ਨੀਲੇ ਕਮਲ ਦੀ ਮੂਰਤ ਵਾਹੀ ਸੀ, ਅੱਜ ਉਹ ਨਾਨਕ ਅਰਸ਼ ਕੁਰਸ਼ ਦਾ ਮਾਲਕ ਨਜ਼ਰੀਂ ਆਇਆ ਹੈ ਤੇ ਸਾਰੀ ਮਾਇਆ ਉਸਦੇ ਚਰਨਾਂ ਵਿਚ ਰੁਲਦੀ ਨਜ਼ਰੀਂ ਪਈ ਹੈ। ਹਾਇ ਜਗਤ! ਸ਼ੋਕ ਹੈ ਕਿ ਤੂੰ ਕਦੇ ਵੇਲੇ ਸਿਰ ਪਛਾਣ ਨਹੀਂ ਕੀਤੀ ! ਜਿਨ੍ਹਾ ਦੇ ਤੂੰ ਆਪਣੇ ਅਗਯਾਨ ਵਿਚ ਸਿਰ ਤਨ ਤੋਂ ਜੁਦਾ ਕੀਤੇ ਉਹਨਾਂ ਲਈ ਹੀ ਫੇਰ ਤੂੰ ਯਾਦਗਾਰਾਂ ਦੇ ਮੰਦਰ ਬਣਾਏ। ਅਨੇਕਾਂ ਵਾਰ ਤੂੰ ਭੁੱਲ ਕੀਤੀ, ਅਨੇਕਾਂ ਵਾਰ ਸਿੱਖੀ। ਪਰ ਤੈਨੂੰ 'ਸਿਖਣ ਵਿਢ' ਕਦੇ ਨਾ ਆਈ। ਸਦਾ ਮਹਾਂ ਪੁਰਖਾਂ ਤੇ ਉੱਚੇ ਮਨਾਂ ਨੂੰ ਤੂੰ ਸਤਾਇਆ ਤੇ ਅੱਜ ਤੱਕ ਕਦੇ ਬੀ ਤੂੰ ਪਹਿਲੋਂ ਸੋਝੀ ਨਹੀਂ ਕੀਤੀ, ਕਦੇ ਵੇਲੇ ਸਿਰ ਤੂੰ ਕਦਰ ਕੀਤੇ ਜਾਣ ਯੋਗਾਂ ਦੀ ਕਦਰ ਨਹੀਂ ਪਾਈ।

ਹਾਂ ਜੀ, ਉਹ ਗੁਰੂ ਨਾਨਕ ਨੂੰ ਕੁਲ ਡੋਬੂ ਪੁੱਤਰ ਜਾਨਣ ਵਾਲਾ ਬਾਬਾ ਕਾਲੂ ਅੱਜ ਕਹਿੰਦਾ ਹੈ:-ਇਹ ਤਾਂ ਕਲਿਜੁਗ ਨੂੰ ਤਾਰਣ ਲਈ ਗੁਰੂ ਹੋਕੇ

ਆਇਆ ਹੈ।

ਬਾਬੇ ਕਾਲੂ ਦੇ ਅੱਜ ਦੇ ਮਹਾਂ ਵਾਕ ਨੂੰ ਭਾਈ ਗੁਰਦਾਸ ਆਪਣੇ ਸਮੇਂ ਦੁਹਰਾਉਂਦਾ ਹੈ ਤੇ ਗਾਉਂਦਾ ਹੈ :-

ਕਲਿ ਤਾਰਣਿ ਗੁਰੁ ਨਾਨਕ ਆਇਆ।

ਆਓ ਅੱਜ ਅਸੀਂ ਬੀ ਗਾਵੀਏ :-

ਕਲਿ ਤਾਰਣਿ ਗੁਰੁ ਨਾਨਕ ਆਇਆ।

ਤੇ ਗਾਵੋ:-

ਮੁਹਿ ਤਾਰਣਿ ਗੁਰੂ ਨਾਨਕ ਆਇਆ।
ਕਲਿ ਤਾਰਨ ਗੁਰ ਨਾਨਕ ਆਇਆ ।

ਹੁਣ ਦੇਖੋ ਬਿਰਦ ਗੁਰੂ ਨਾਨਕ ਦੇਵ ਜੀ ਦਾ- ਜਿਸ ਪਿਉ ਨੇ ਸਦਾ ਔਖਿਆਂ ਕੀਤਾ, ਜਿਸ ਨੇ ਚਪੇੜਾਂ ਮਾਰ ਮਾਰ ਗੱਲ੍ਹਾਂ ਤੇ ਨੀਲ ਪਾਏ, ਮੁੜ ਮੁੜ ਉਸੇ ਪਿਉ ਨੂੰ ਮਿਲਣ ਆਉਂਦੇ ਹਨ, ਅਦਬ ਕਰਦੇ ਹਨ, ਬੋਲ ਕੁਬੋਲ ਭਲਦੇ ਹਨ ਤੇ ਫੇਰ ਝੁਕਦੇ ਹਨ। ਜਦੋਂ ਹੀ ਕਿ ਵੇਲਾ ਸਮਾਂ ਅਇਆ, ਮੌਕਾ ਤੀਰ ਸੇਧਣ ਦਾ ਲੱਭਾ, ਉਸ ਪਿਉ ਦੇ ਕਲੇਜੇ ਵਿਚ ਸਚਾਵਾ ਬਾਣ ਸੰਨ੍ਹ ਕੇ ਮਾਰਦੇ ਹਨ ਤੇ ਮਾਇਆ ਦੇ ਪਰਦੇ ਵਿੰਨ੍ਹ ਕੇ ਤੇ ਭਰਮ ਦੇ ਛੌੜ ਕੱਟਕੇ ਸਾਂਈਂ ਦੇ ਪਿਆਰ ਵਿਚ ਪਾ ਦੇਂਦੇ ਹਨ, 'ਜੀਅਦਾਨ' ਦੇ ਦੇਂਦੇ ਹਨ।

ਇਧਰੋਂ ਨਜ਼ਰ ਚਾ ਕੇ ਜਗਤ ਦੇ ਨਾਥ ਨੇ ਆਪਣੀ ਮਾਂ ਵੱਲ ਡਿੱਠਾ। ਉਨ੍ਹਾਂ ਦੇ ਨੈਣ ਬੰਦ ਸਨ ਚਿਹਰੇ ਤੇ ਇਕ ਆਭਾ ਛਾ ਰਹੀ ਸੀ। ਅੰਤਰ ਦੀ ਗਤੀ ਵਾਹਿਗੁਰੂ ਜਾਣੇਂ, ਪਰ ਚਿਹਰਾ ਅਡੋਲ ਟਿਕ ਰਿਹਾ ਸੀ। ਜਗਤ ਆਧਾਰ ਜੀ ਨੇ ਹੁਣ ਮਾਂ ਵਲ ਉਸੇ ਨਿਗਾਹ ਨਾਲ-ਜਿਸ ਨਿਗਾਹ ਦੀ ਯਾਚਨਾਂ ਕਰਦਿਆਂ ਭਾਈ ਨੰਦ ਲਾਲ ਨੇ ਲਿਖਿਆ ਹੈ :-

'ਯਕ ਨਿਗਾਹੇ ਜਾਂ-ਫ਼ਜ਼ਾਇਸ਼
ਬਸ ਬਵੱਦ ਦਰਕਾਰੇ ਮਾਂ[1]।

ਤੱਕਿਆ। ਉਨ੍ਹਾਂ ਨੈਣ ਖੋਹਲੇ ਤੇ ਬਾਵਲੇ ਹੋ ਚਰਨਾਂ ਵੱਲ ਢੱਠੇ, ਪਰ ਗੁਰੂ ਨਾਨਕ ਨੇ ਬਾਹਵਾਂ ਤੇ ਬੋਚਕੇ ਉੱਚੀ ਕਿਹਾ: 'ਧੰਨ ਨਿਰੰਕਾਰ! ਧੰਨ ਨਿਰੰਕਾਰ' ਤੇ ਮਾਤਾ ਦੇ ਲੂੰ ਲੂੰ ਤੋਂ ਛਿੜ ਪਈ ਝੁਨਕਾਰ 'ਧੰਨ ਨਿਰੰਕਾਰ' ਦੀ। ਹਾਂ ਨਿਰੰਕਾਰ ਸਾਰੇ ਵਸਦਾ ਰਸਦਾ ਹੋ ਭਾਸਿਆ, ਖੁੱਲ੍ਹ ਗਈ 'ਮੋਹ ਨੀਂਦ' ਅੰਮਾਂ ਦੀ ਬੀ। ਮੋਹ ਮਮਤਾ ਮਿਟ ਗਈ; ਪ੍ਰੇਮ ਤੇ ਸ਼ਰਧਾ ਨੇ ਥਾਂ ਮੱਲੀ ਤੇ ਸਾਰੇ ਲੂੰਆਂ ਨੇ ਜੀਭ ਬਣਕੇ ਅਖਿਆ: 'ਸ਼ੁਕਰ' 'ਸ਼ੁਕਰ'। ਵੇ ਧਰਤ ਅਕਾਸ਼ ਦੇ ਮਾਲਕਾ! ਇਹ ਝਲਕਾ ਪਹਿਲੇ ਦਿਨ ਹੀ ਕਿਉਂ ਨ ਦਸਿਆ! ਮੈਂ ਭੁੱਲੀ ਰਹੀ ਪੁਤ੍ਰ-ਪ੍ਰੇਮ ਵਿਚ ਤੇ ਤੂੰ ਸੈਂ ਆਪ ਧੁਰੋਂ, ਆਪ ਧੁਰੋਂ।

ਹਾਂ, ਮਾਈ, ਪਰਮ ਪਵਿਤ੍ਰ ਮਾਈ ! ਉਹ ਦਾਤਾ ਤਾਂ ਝਲਕੇ ਮਾਰਦਾ ਰਿਹਾ, ਸ਼ਬਦ ਉਚਾਰਦਾ ਰਿਹਾ, ਪਾਂਧੇ ਮੁੱਲਾਂ ਪੰਡਤ ਵੇਦ ਨੂੰ ਤੁਹਾਡੇ ਸਾਹਮਣੇ ਰਸਤੇ ਪਾਉਂਦਾ ਰਿਹਾ। ਪੈ ਗਈ ਸੀ ਤਦੋਂ ਰਸਤੇ ਭੈਣ ਤੇ ਬੁਲਾਰ, ਪਰ ਨਹੀਂ ਸੀ ਸੋਝੀ ਪੈਂਦੀ ਤੁਸਾਂ ਦੋਹਾਂ ਨੂੰ ਮੋਹ ਮਾਇਆ ਦੇ ਦਾਵੇਦਾਰਾਂ ਨੂੰ। ਇਹ ਦਾਤ ਨਿਰਦਾਵੇ ਰਹਿਣ ਵਾਲੇ ਭਿਖਾਰੀਆਂ ਨੂੰ ਮਿਲਦੀ ਹੈ। ਦਾਤਿਆਂ ਨੂੰ ਦਾਤ ਕੌਣ ਦੇਂਦਾ ਹੈ ਤੇ ਕਿਵੇਂ ਦੇਂਦਾ ਹੈ!

ਪਰ ਹਾਂ, ਇਹ ਬੀ ਗੁਰੂ ਨਾਨਕ ਦਾ ਬਿਰਦ ਹੈ ਕਿ ਜਿਸ ਨੇ ਮਾਇਆ ਮੋਹ ਦੇ ਪਟਲ ਵਿਚ ਉਮਰਾਂ ਬੱਧੇ ਰਹੇ ਮਾਤਾ ਪਿਤਾ ਨੂੰ, ਤੇ ਸਦਾ ਘਰ ਦੇ ਮੋਹ ਵਿਚ ਖਿੱਚਣ ਵਾਲੇ ਮਾਤਾ ਪਿਤਾ ਨੂੰ ਤਾਰਿਆ।

੨.

**ਇਹ** ਸੁਭਾਗ ਘੜੀ ਤੇ ਭਾਗੋ ਭਰਿਆ ਦਿਨ ਬੀਤ ਚੁਕਾ ਹੈ। ਸ੍ਰੀ ਗੁਰੂ ਜੀ ਅਜੇ ਤਿਲਵੰਡੀ ਹੀ ਹਨ; ਮਾਤਾ ਪਿਤਾ ਦੇ ਘਰ ਹੀ ਸਨ ਤੇ ਇਲਾਹੀ ਰੰਗ ਲੱਗ ਰਹੇ ਸਨ ਕਿ ਇਕ ਦਿਨ ਸ੍ਰੀ ਗੁਰੂ ਜੀ ਬਾਹਰੋਂ ਆਏ, ਕੀ ਦੇਖਦੇ ਹਨ ਕਿ ਬੜੇ ਪਕਵਾਨ ਪੱਕ ਰਹੇ ਹਨ। ਇਕ ਪਾਸੇ ਪੰਡਤ ਬੈਠਾ ਕੁਛ ਉਚਰ ਰਿਹਾ ਹੈ ਤੇ ਬਾਹਰ ਭੀੜ ਖਾਣ ਵਾਲਿਆਂ ਦੀ ਕੱਠੀ ਹੋ ਰਹੀ ਹੈ। ਸ੍ਰੀ ਗੁਰੂ ਜੀ ਪਿਤਾ ਜੀ ਪਾਸ ਬੈਠਕ ਕਾਰਣ ਪੁੱਛਣ ਲੱਗੇ, ਕਾਲੂ ਜੀ ਨੇ ਆਖਿਆ: "ਅੱਜ ਵੱਡਿਆਂ ਦਾ ਸ਼੍ਰਾਧ ਹੈ ਤੇ ਪਿਤਰਾਂ ਦੇ ਨਿਸਤਾਰੇ ਵਾਸਤੇ ਬ੍ਰਹਮ ਭੋਜ ਕਰ ਰਹੇ ਹਾਂ"। ਸੁਣਕੇ ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਕਹਿਣ ਲੱਗੇ" ਜਿਹੜੇ ਪਿਤਰ ਅਵਿਗਤ ਹੋਣ, ਉਨ੍ਹਾਂ ਦੀ ਸਦਗਤੀ ਲਈ ਤਾਂ ਕੁਛ ਸੋਚ ਹੋਵੇ ਪਰ ਜਦ ਪਿਤਰ 'ਸਦਗਤੀ' ਨੂੰ ਪਰਾਪਤ ਹੋ ਚੁਕੇ ਹੋਣ, ਤਦ ਫੇਰ ਸੋਚ ਦਾ

[1] ਸਤਿਗੁਰ ਦੀ ਇਕ ਜਿੰਦ ਪਾਉਣ ਵਾਲੀ ਨਿਗਾਹ ਸਾਡੇ ਲਈ ਕਾਫੀ ਹੈ।

ਕਿਹੜਾ ਥਾਉਂ ਹੈ?" ਕਾਲੂ ਨੇ ਹਰਿਆਨ ਹੋ ਕੇ ਪੁੱਛਿਆ "ਸਾਡੇ ਪਿਤਰ ਸਦਗਤੀ ਨੂੰ ਪ੍ਰਾਪਤ ਹੋ ਚੁਕੇ ਹਨ ? ਅਰ ਤੁਹਾਨੂੰ ਠੀਕ ਪਤਾ ਹੈ?"

ਗੁਰੂ ਜੀ-ਹਾਂ, ਠੀਕ ਪਤਾ ਹੈ।

ਕਾਲੂ-ਮੈਨੂੰ ਦਿਖਾ ਸਕਦੇ ਹੋ?

ਗੁਰੂ ਜੀ-ਕਰਤਾਰ ਭਾਵੇ ਤਾਂ !

ਕਾਲੂ-ਫੇਰ ਦਿਖਾਓ ਨਾ ?

ਗੁਰੂ ਜੀ-ਅੱਖਾਂ ਮੀਟ ਕੇ ਸਾਂਈਂ ਨਾਮ ਵਿਚ ਜੁੜ ਬੈਠੋ।

ਕਾਲੂ ਜੀ ਹੁਣ ਨੇਤ੍ਰ ਬੰਦ ਕਰ ਸਿਮਰਨ ਵਿਚ ਲਗੇ ਹੋਏ ਬੈਠ ਗਏ, ਕੀ ਦੇਖਦੇ ਹਨ ਕਿ ਇਕ ਪਤਲਾ ਅੰਧਕਾਰ ਹੈ ਅਰ ਉਸ ਵਿਚ ਘਬਰਾ ਹੈ, ਤੇ ਹੂਲ ਦੀ ਆਵਾਜ਼ ਆ ਰਹੀ ਹੈ, ਹਾਇ ਹਾਇ ਹੋ ਰਹੀ ਹੈ। ਫਿਰ ਇਹ ਅੰਧਕਾਰ ਹਟ ਗਿਆ ਤੇ ਇਕ ਮੱਧਮ ਚਾਨਣਾ ਆ ਗਿਆ। ਫਿਰ ਇਹ ਚਾਨਣਾ ਵਧਣ ਲਗਾ, ਹਲਕਾ ਤੇ ਸੁਖਦਾਈ ਹੋ ਗਿਆ। ਫੇਰ ਚਾਨਣੇ ਦੇ ਰੰਗ ਬਦਲਦੇ ਗਏ, ਪਰ ਇਹ ਚਾਨਣਾ ਐਨਾਂ ਤ੍ਰਿੱਖਾ ਨਾ ਸੀ ਜੋ ਝੱਲਿਆ ਨਾ ਜਾਏ, ਇਸ ਵਿਚ ਇਕ ਨਾ ਚੁਭਣ ਵਾਲੀ ਦੋਧੀਆ ਭਾਅ ਸੀ। ਫੇਰ ਜਿਉਂ ਜਿਉਂ ਚਾਨਣ ਵਧਿਆ, ਤਿਉਂ ਤਿਉਂ ਦੇ ਅੰਤ੍ਰੀਵ ਨੈਣਾਂ ਦੀ ਦੇਖਣ ਸ਼ਕਤੀ ਤੇ ਝੱਲਣ ਦੀ ਤਾਬ ਬੀ ਵਧਦੀ ਗਈ, ਅੰਤ ਉਹ ਇਕ ਮਹਾਨ ਰਸਦਾਇਕ ਚਾਨਣੇ ਵਿਚ ਅੱਪੜੇ, ਜਿਥੇ ਕਿ ਚਾਨਣੇ ਦਰ ਚਾਨਣੇ ਪਿਆਰੇ ਪਿਆਰੇ ਝਾਂਵਲੇ ਮਾਰ ਰਹੇ ਸਨ, ਜਿਵੇਂ ਸਮੁੰਦਰ ਵਿਚ ਛੱਲਾਂ ਹੁੰਦੀਆਂ ਹਨ ਅਰ ਐਸੇ ਸੁਹਣੇ ਸੂਖਮ ਤ੍ਰੰਗ ਵਿਚ ਲਸਾਂ ਦੇਂਦੇ ਸਨ ਕਿ ਕਾਲੂ ਜੀ ਨੇ ਕਦੇ ਸੁਪਨੇ ਵਿਚ ਨਹੀਂ ਤੱਕੇ ਸਨ। ਫੇਰ ਆਪਣੇ ਪਿਤਾ ਜੀ ਨਜ਼ਰ ਆਏ ਜੋ ਅਚਰਜ ਤੋਂ ਅਚਰਜ ਤੇ ਸੂਖਮ ਜਿਹੇ ਰੰਗਾਂ ਦੇ ਲਿਬਾਸ ਵਿਚ ਸਨ। ਏਥੇ ਨਾ ਸਰੀਰ ਸਨ ਨਾ ਸਰੀਰਾਂ ਦੇ ਕੱਜਣ ਦੇ ਸਾਮਾਨ ਪਰ ਫੇਰ ਆਕਾਰ ਦਿੱਸਦੇ ਸਨ ਤੇ ਨਿਰਾਕਾਰੀ ਜਿਹ ਸਾਮਾਨ ਦੇ ਡਾਢੇ ਮਨੋਹਰ ਬਸਤਰਾਂ ਵਿਚ ਓਹ ਨਜ਼ਰੀਂ ਆ ਰਹੇ ਸਨ। ਓਹ ਕਪੜੇ ਸਾਡੇ ਕਪੜਿਆਂ ਵਰਗੇ ਨਹੀਂ ਸੇ, ਪਰ ਕੋਈ ਰੂਹਾਨੀ ਕੱਜਣ ਸੇ ਜੋ ਸਤਿਕਾਰ ਤੇ ਆਦਰ ਦਾ ਚਿੰਨ੍ਹ ਸੇ[1]।

ਸ੍ਰੀ ਕਾਲੂ ਜੀ ਨੇ ਪਿਤਾ ਜੀ ਨੂੰ ਚਾਨਣੇ ਵਿਚ ਤੇ ਸੁੰਦਰ ਕਬਾ (ਲਿਬਾਸ) ਵਿਚ ਡਿੱਠਾ[2], ਫੇਰ ਬਾਬਾ ਜੀ ਉਸੇ ਤਰ੍ਹਾਂ ਤੱਕੇ, ਫੇਰ ਸਾਰੇ ਪਿਤਰ ਵੇਖੇ। ਕਾਲੂ ਜੀ ਨੇ ਪੁੱਛਿਆ : ਇਹ ਕਿਥਾਉਂ ਹੈ? ਉਨ੍ਹਾਂ ਕਿਹਾ: ਮਹਾਂ ਪਵਿੱਤ੍ਰ ਸੁਖ ਦੀ ਅਵਸਥਾ ਹੈ। ਕਾਲੂ ਜੀ ਨੇ ਕਿਹਾ: ਤੁਸੀਂ ਕਿਵੇਂ ਏਥੇ ਆਏ ਹੋ? ਉਨ੍ਹਾਂ ਕਿਹਾ: ਜਦ ਦੇ ਤੇਰੇ ਘਰ ਜਗਤ ਦੇ ਸੁਆਮੀ ਜੀ ਪ੍ਰਗਟੇ ਹਨ, ਅਸੀਂ ਜਗਹ ਜਗਹ ਤੋਂ ਉੱਚੇ ਸੁੱਚੇ ਕਰਕੇ ਏਥੇ ਲਿਆਂਦੇ ਗਏ ਹਾਂ ਤੇ ਪਰਮ ਸੁਖੀ ਹਾਂ। ਪਰੰਤੂ ਸ਼ੋਕ ਹੈ ਤੁਸਾਂ ਤੇ ਕਿ ਮੋਹ ਮਾਯਾ ਹੇਠ ਤੁਸਾਂ ਉਸ ਨਿਰੰਜਨੀ ਜੋਤਿ ਦੀ ਸੋਝੀ ਨਾ ਪਾਈ। ਫਿਰ ਸ਼ੁਕਰ ਹੈ ਉਨ੍ਹਾਂ ਦਾ ਕਿ ਜਿੱਥੇ ਉਹਨਾਂ ਸਾਡਾ ਨਿਸਤਾਰਾ ਕੀਤਾ ਸੀ, ਤੁਹਾਡੇ ਸਾਰੇ ਸਲੂਕ ਭੁਲਾਕੇ ਫੇਰ ਤੁਹਾਨੂੰ ਸਿਮਰਨ ਦੀ ਦਾਤ ਦਿੱਤੀ ਹੈ, ਹੇ ਕਾਲੂ :-

ਸੁਤ ਕੋ ਸੁਤ ਨ ਜਾਨ, ਬਡਭਾਗੀ !
'ਹਰਿ' ਸੋ ਲਖਹੁ, ਹੋਹੁ ਅਨੁਰਾਗੀ!

ਬਾਬਾ ਕਾਲੂ ਜੀ ਨੇ ਸਿਰ ਨਿਵਾਇਆ ਤੇ ਆਖਿਆ : ਸੱਚ ਹੈ। .. ਹਾਂ ਵਡਕਿਓ! ਇਹ ਥਾਂ ਬੜੀ ਸੁਖਦਾਈ ਹੈ, ਮੈਨੂੰ ਬੀ ਏਥੇ ਹੀ ਰਖ ਲਓ, ਮੇਰਾ ਚਿੱਤ ਪਿੱਛੇ ਜਾਣ ਨੂੰ ਨਹੀਂ ਹੈ। ਉਹਨਾਂ ਕਿਹਾ: ਤੂੰ ਏਥੇ ਸੁਆਮੀ ਗੁਰੂ ਜੀ ਦੀ ਮਿਹਰ ਨਾਲ ਆਯਾ ਹੈਂ, ਤੇਰਾ ਸਮਾਂ ਅਜੇ ਓਸ ਜਗਤ ਵਿਚ ਬਾਕੀ ਹੈ ਕਿ ਜਿਥੇ 'ਰਾਤ' ਹੈ, ਇਹ 'ਸਦਾ ਦਿਨ' ਦਾ ਦੇਸ਼ ਹੈ[3] ਏਥੇ ਆਉਣ ਦਾ ਵੇਲਾ ਤੁਸਾਂ ਦਾ ਆਵੇਗਾ ਤੇ ਆਵੇਂਗਾ ਤੂੰ ਜ਼ਰੂਰ ਜੇ ਜਗਤ ਦੇ ਨਾਥ ਨਾਲ ਪਿਆਰ ਕਰੇਂਗਾ।

ਗੁਰੂ ਨਾਨਕ ਦੇਵ ਜੀ ਨੇ ਪਿਤਾ ਨੂੰ ਜਗਾ

---

[1] ਖੜਿ ਦਰਗਹ ਪੈਨ੍ਹਾਈਐ ਮੁਖਿ ਹਰਿ ਨਾਮ ਨਿਵਾਸੁ॥ {ਸ੍ਰੀ:ਰਾਗ:ਮ:੧}

[2] ਤਾਂ ਦਰਗਹ ਪੈਧਾ ਜਾਇਸੀ॥ {ਵਾਰ ਆਸਾ ਮਹਲਾ ੧}

[3] ਓਥੈ ਦਿਹੁ ਐਥੈ ਸਭ ਰਾਤਿ ॥ {ਮਲਾਰ ਮਹਲਾ ੧}

ਗੁਰੂ ਨਾਨਕ ਦੇਵ ਜੀ ਦਾ ਵਾਕ ਹੈ ਕਿ ਪਾਰਲੇ ਲੋਕ ਵਿਚ ਸਦਾ ਦਿਨ ਭਾਵ ਚਾਨਣਾ ਹੈ ਅਰ ਇਸ ਜਗਤ ਵਿਚ ਓਥੋਂ ਦੇ ਹਿਸਾਬ 'ਰਾਤ' ਭਾਵ ਹਨੇਰਾ ਹੈ।

ਲਿਆ। ਜਾਗ ਖੁੱਲ੍ਹਕੇ ਜਿਸ ਨਜ਼ਰ ਨਾਲ ਕਾਲੂ ਨੇ ਪੁੱਤ ਨੂੰ ਡਿੱਠਾ, ਉਹ ਪੂਰਨ ਪ੍ਰੇਮਾ ਭਗਤੀ ਦੀ ਸੀ। ਇਹ ਕੌਤਕ ਵੇਖਕੇ ਜੋ ਸੋਝੀ ਉਸ ਨੂੰ ਆਈ, ਉਹ ਉਸ ਦਿਨ ਬੀ ਨਹੀਂ ਸੀ ਆਈ ਕਿ ਜਿਸ ਦਿਨ ਉਸ ਨੂੰ ਨਾਮ ਪ੍ਰਾਪਤ ਹੋਇਆ ਸੀ। ਅੱਜ ਕੋਈ ਕਸਰ ਬਾਕੀ ਨਹੀਂ ਰਹੀ। ਸ੍ਰੀ ਬਾਬਾ ਕਾਲੂ ਪੂਰਨ ਪ੍ਰੇਮ ਰੂਪ ਹੋ ਗਿਆ ਹੈ। ਹਾਂ, ਬਾਬਾ ਕਾਲੂ ਨਿਰਾ ਪ੍ਰੇਮ ਰੂਪ ਹੋ ਗਿਆ ਹੈ। ਉਸ ਨੂੰ ਗੁਰੂ ਨਾਨਕ ਦਾ ਅਸਲ ਸਰੂਪ ਦਿੱਸ ਪਿਆ ਹੈ। ਘਟ ਘਟ ਵਿਆਪਕ ਨਿਰੰਕਾਰ ਦਾ ਝਲਕਾਰਾ ਉਸਨੂੰ ਵਜ ਗਿਆ ਹੈ। ਹਾਂ;'ਵਾਹਿਗੁਰੂ, ਵਾਹਿਗੁਰੂ' ਦਾ ਸਿਮਰਨ ਤੇ ਉਸ ਦਰਸ਼ਨ ਮਈ ਸਿਮਰਨ ਵਿਚ ਉਹ ਆਪ ਉਜਾਲਾ ਰੂਪ ਹੋ ਗਿਆ ਹੈ। ਪੁੱਤ੍ਰ ਨੂੰ ਆਖਣ ਲੱਗਾ: ਉਹ ਥਾਂ ਡਾਢਾ ਮਿੱਠਾ ਸੀ। ਗੁਰੂ ਜੀ ਬੋਲੇ: ਅਜੇ ਵੇਲਾ ਨਹੀਂ ਆਇਆ', ਅਜੇ ਇਸ ਜਗਤ ਵਿਚ ਕੁਛ ਕਾਲ ਤੁਸਾਡਾ ਹੋਰ ਹੈ[੧]।

ਸੋ ਸ੍ਰੀ ਬਾਬਾ ਕਾਲੂ ਜੀ ਹੁਣ ਰਜ਼ਾ ਦੇ ਜਾਣੂੰ ਸਾਂਈਂ ਦੇ ਸਿਦਕ ਤੇ ਸਿਮਰਨ ਵਾਲੇ, ਪੁੱਤਰ ਦੇ ਅਸਲੇ ਦੇ ਸਿਆਣੇ ਹੋ ਕੇ ਸੁਖੀ ਹੋ ਗਏ ਹਨ। ਗੁਰੂ ਜੀ ਹੁਣ ਫੇਰ ਘਰੋਂ ਉੱਠਕੇ ਤਯਾਰ ਹੋ ਪਏ ਹਨ। ਹਾਂ, ਜਗਤ ਤਾਰਕ ਜੀ ਉੱਠ ਤੁਰੇ ਹਨ। ਬਦਲਾਂ ਨੂੰ ਬਰਫਾਨੀ ਚੋਟੀਆਂ ਆਪਣੇ ਪਾਸ ਰੱਖਣ ਲਈ ਖਿੱਚਦੀਆਂ ਹਨ, ਬਿਜਲੀਆਂ ਉਹਨਾਂ ਨੂੰ ਅਸਮਾਨਾਂ ਵਿਚ ਸਦਾ ਰਖਣਾ ਲਈ ਲੋਚਦੀਆਂ ਹਨ, ਪਰ ਉਹਨਾਂ ਨੇ ਹਰ ਥਾਂ ਠੰਢ ਦੇਣੀ ਤੇ ਸਾਰੇ ਵੱਸਣਾ ਹੈ ਇਸ ਲਈ ਟੁਰ ਪੈਂਦੇ ਹਨ, ਤਿਵੇਂ ਗੁਰੂ ਜੀ ਉਠ ਟੁਰੇ। ਬਾਬਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਵਿਰਾਗੀ ਹੋਏ ਹਨ, ਪਰ ਵਿਜੋਗ ਦਾ ਰੋਣਾ ਨਹੀਂ ਰੋ ਰਹੇ, ਅੱਜ ਤੋਟ ਤੇ ਕਲੇਜੇ ਵੱਢ ਨਹੀਂ ਪੈਂਦੀ, ਅੱਜ ਕਰਮਾਂ ਤੇ ਗੁੱਸਾ ਤੇ ਪੁੱਤਰ ਤੇ ਰੋਸ ਤੇ ਰੱਬ ਨਾਲ ਹਨੇਰਾ ਨਹੀਂ ਆਉਂਦਾ। ਅੱਜ ਸ਼ੁਕਰ ਹੈ, ਸ਼ੁਕਰ ਵਿਚ ਵੈਰਾਗ ਹੈ, ਵੈਰਾਗ ਵਿਚ ਪ੍ਰੇਮ ਹੈ; ਰਜ਼ਾ ਉਤੇ ਸਿਦਕ ਹੈ ਸੁਆਦ ਵਾਲਾ। ਨੈਣ ਛਮਾ ਛਮ ਹੁੰਦੇ ਹਨ, ਪਰ ਰਸਦਾਇਕ ਅਥਰਾਂ ਭਰਦੀਆਂ ਹਨ ਜੋ ਨੈਣਾਂ ਦੇ ਵਿਚ ਹੀ ਸੁਕ ਸੁਕ ਜਾਂਦੀਆਂ ਹਨ। ਅਜ ਉਹਨਾਂ ਨੂੰ ਗੁਰ ਨਾਨਕ ਦਾ ਟੁਰਨਾ ਇਲਾਹੀ ਤੇ ਮਹਾਨ ਉਚਾ 'ਤਰਸ' ਨਜ਼ਰੀਂ ਪੈਂਦਾ ਹੈ। ਜਗਤ ਜਲੰਦਾ, ਰੋਂਦਾ, ਦੁਖੀ, ਹਾਵੇ ਭਰਦਾ ਤੇ ਆਪਣੀ ਪਹਿਲੀ ਅਵਸਥਾ ਤੋਂ ਕ੍ਰੋੜਾਂ ਗੁਣ ਵੱਧ ਤੜਪਦਾ ਦਿੱਸਦਾ ਹੈ ਤੇ ਅਰਸ਼ਾਂ ਵਿਚ ਵਾਹਿਗੁਰੂ ਜੀ ਮਿਹਰ ਦੇ ਘਰ ਖੜੇ ਦਿੱਸਦੇ ਹਨ ਤੇ ਗੁਰੂ ਨਾਨਕ ਜੀ ਉਹਨਾਂ ਦੇ ਹੁਕਮ ਵਿਚ ਠੰਡ ਦਾ ਫੁਹਾਰਾ ਹੱਥ ਲਈ ਸਦਾ ਵਰਸਦੇ ਬੱਦਲ ਵਾਂਙੂ ਠੰਢਾਂ ਪਾਉਣ ਟੁਰੇ ਨਜ਼ਰ ਪੈਂਦੇ ਹਨ।

ਇਹ ਹੈ 'ਉੱਚੇ ਜੀਵਨ' ਦਾ ਲਾਭ ਜਿਸ ਤੋਂ ਜਗਤ ਸੁਤਾ ਪਿਆ ਹੈ। ਇਹ ਉਸ 'ਉੱਚ ਜੀਵਨ' ਦਾ ਪ੍ਰਤਾਪ ਹੈ ਜਿਸ ਨੂੰ ਜਗਤ ਇਕ ਭਰਮ, ਵਹਿਮ, ਕੋਈ ਲੁਕਵੇਂ ਸੰਸੇ ਵਾਲੀ ਗੱਲ ਸਮਝਦਾ ਹੈ। ਹਾਂ, ਜਿਸ ਨੂੰ ਜਗਤ ਮਖੌਲ ਕਰਦਾ ਹੈ ਤੇ ਜਿਸ ਦੇ ਟਾਕਰੇ ਤੇ ਕਠੋਰ, ਸਖਤੀ ਵਾਲੇ, ਬਨੀਆ ਬ੍ਰਿਤੀ ਵਾਲੇ, ਹਨੇਰੇ ਵਾਲੇ; ਤੌਖਲੇ ਵਾਲੇ, ਖ਼ੁਦਗਰਜ਼ੀ ਵਾਲੇ, ਮੋਹ ਮਾਇਆ ਦੇ ਹਨੇਰੇ ਵਾਲੇ ਜੀਵਨ ਨੂੰ ਚੰਗਾ ਤੇ ਸਚੇਰਾ ਸਮਝਦਾ ਹੈ। ਇਹ ਹੈ ਫਰਕ ਉਸ ਜੀਵਨ ਦਾ, ਜੋ ਜਗਤ ਨੂੰ ਪਿਆਰਾ ਹੈ ਤੇ ਇਹ ਹੈ ਉਹੋ ਜੀਵਨ ਜੋ ਬਾਬਾ ਕਾਲੂ ਜੀ ਦਾ ਪਹਿਲਾ ਸੀ-ਤੇ ਉਸ ਜੀਵਨ ਦਾ, ਜੋ ਹੁਣ ਬਾਬੇ ਕਾਲੂ ਨੇ ਪਾਇਆ ਹੈ, ਜਿਸ ਦਾ ਥਹੁ ਜਗਤ ਨੂੰ ਨਹੀਂ ਹੈ ਤੇ ਜਿਸ ਕਰਕੇ ਜਗਤ ਹੁਣ ਤੱਕ ਇਸ 'ਉੱਚੇ ਜੀਵਨ' ਵਾਲਿਆਂ ਨਾਲ ਧੱਕਾ, ਜ਼ੁਲਮ ਤੇ ਬਖੀਲੀ ਕਰਦਾ ਹੈ। ਅੱਜ ਉਹੋ ਬਾਬਾ ਕਾਲੂ ਅਪਣੇ ਉੱਚੇ ਨਵੇਂ ਪ੍ਰਾਪਤ ਕੀਤੇ ਜੀਵਨ ਵਿਚ

---

[੧] ਗੁਰ ਨਾਨਕ ਪ੍ਰਕਾਸ਼ ਤੇ ਬਾਲੇ ਦੀ ਸਾਖੀ ਦੱਸਦੀ ਹੈ ਕਿ ਇਸ ਘਟਨਾ ਦੇ ਕੁਛ ਸਮੇਂ ਬਾਦ ਬਾਬਾ ਕਾਲੂ ਜੀ ਸਮਾ ਗਏ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਜੀ ਕਰਤਾਰ ਪੁਰ ਵਸਾਕੇ ਉਥੇ ਟਿਕ ਗਏ ਹਨ ਤਦੋਂ ਬਾਬਾ ਕਾਲੂ ਉਥੇ ਆਇਆ ਹੈ ਅਰ ਉਹ ਪੂਰਨ ਗੁਰੂ ਤੇ ਅਵਤਾਰ ਮੰਨੇ ਤੇ ਟਿੱਕੇ ਗਏ ਹਨ। ਐਸਾ ਜਾਣ ਪੈਂਦਾ ਹੈ ਕਿ ਅਰਸ਼ੀ ਰਾਜ ਗਦੀ ਦਾ ਤਿਲਕ ਬਾਬੇ ਕਾਲੂ ਜੀ ਨੇ ਇਲਾਹੀ ਮਸਤਕ ਤੇ ਤਦੋਂ ਲਾਇਆ ਹੈ। ਇਸ ਘਟਨਾ ਦੇ ਕੁਛ ਸਮਾਂ ਮਗਰੋਂ ਬਾਬਾ ਕਾਲੂ ਜੀ ਦਾ ਸਮਾਉਣਾ ਹੋਇਆ ਹੋਣਾ ਹੈ।

ਜਾ ਰਿਹਾ ਬਾਬਾ ਕਾਲੂ-ਆਪਣੇ ਪੁੱਤ ਨੂੰ, ਪਰ ਜਗਤ ਦੇ ਪਿਤਾ ਗੁਰ ਨਾਨਕ ਨੂੰ ਟੁਰਦੇ ਵੇਖ ਰਿਹਾ ਹੈ। ਚਾਹੁੰਦਾ ਹੈ ਮੇਰੇ ਪਾਸ ਰਹਿਣ, ਚਾਹੁੰਦਾ ਹੈ ਕਦੇ ਅੱਖੋਂ ਉਹਲੇ ਨਾ ਹੋਣ, ਅੱਗੇ ਤੋਂ ਵਧੀਕ ਲੋਚਦਾ ਹੈ ਕਿ ਸਦਾ ਦਿੱਸਣ, ਸਦਾ ਦਿੱਸਣ, ਸਦਾ ਦਿੱਸਣ, ਪਰ ਅੱਜ ਉਹ ਜਾਣਦਾ ਹੈ ਕਿ ਮੇਰੇ ਹੁਣ ਧਿਆਨ ਵਿੱਚ ਵੱਸ ਗਏ ਹਨ। ਨਾਨਕ ਇਕ ਦੇਸ਼ੀ ਨਹੀਂ, ਨਾਨਕ ਸਰਬ ਦੇਸ਼ੀ ਹੈ, ਨਾਨਕ ਹਰ ਹਿਰਦੇ ਵਿਚ ਵੱਸਦਾ ਹੈ। ਕਿਤੇ ਵਿਚਰਦਾ ਰਹੇ, ਪਰ ਸਾਰੇ ਧਯਾਨ-ਹਿਰਦਿਆਂ ਵਿਚ ਸਮਾਇਆ ਹੁੰਦਾ ਹੈ, ਚਾਂਦਨੀ ਵਿਚ ਰੱਖਿਆ ਹਜ਼ਾਰਾਂ ਘੜਿਆਂ ਵਿਚ ਜਿਵੇਂ ਚੰਦ੍ਰਮਾਂ ਸਮਾਯਾ ਹੁੰਦਾ ਹੈ।[1]

ਸੋ ਬਾਬਾ ਕਾਲੂ ਹੁਣ ਜਾਣਦਾ ਹੈ ਕਿ 'ਜਿਵੇਂ ਮੇਰਾ ਹਿਰਦਾ ਠਰਿਆ ਹੈ ਤਿਵੇਂ ਹੋਰ ਤਪੇ ਹਿਰਦੇ ਬੀ 'ਠਰਨ'। ਹਾਂ, ਅਸੀਂ ਆਪਣੇ ਮੋਹ ਦੀ ਕੁਰਬਾਨੀ ਕਰੀਏ ਜੋ ਜਗਤ ਠਰੇ। ਇਸ ਮਹਾਂ ਯੱਗ, ਮਹਾ ਬਲੀਦਾਨ, ਭਾਰੀ ਕੁਰਬਾਨੀ ਦੇ ਭਾਵ ਵਿਚ ਬਾਬਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਆਪਣੇ ਪਰਮ ਪਿਆਰੇ; ਪ੍ਰਾਣਾਂ ਤੋਂ ਪਿਆਰੇ ਨੂੰ ਅਜ ਟੋਰ ਰਹੇ ਹਨ ਅਰ ਸੰਸਾਰ ਦੇ ਮਹਾਂ ਯੱਗ ਵਿਚ, ਵਾਹਿਗੁਰੂ ਦੇ ਮਹਾਨ ਪਿਆਰ ਵਿਚ ਹਿੱਸਾ ਲੈ ਰਹੇ ਹਨ।

ਏਹ ਹਨ ਅਸਰ ਉਸ 'ਉੱਚ ਜੀਵਨ ਦੇ ਜੋ ਗੁਰ ਨਾਨਕ ਲੈਕੇ ਆਯਾ, ਜਗਤ ਨੂੰ ਦਾਨ ਕਰਦਾ ਤੇ ਸਦਾ ਦਾਨ ਜਾਰੀ ਰਹਿਣ ਲਈ ਆਪਣੇ 'ਗੁਰੂ ਅੰਗਦ ਤੇ 'ਸਿੱਖ-ਬੁੱਢੇ ਭਾਈ' ਵਿਚ ਜਾਗ ਲਗਾਕੇ 'ਸਦਾ ਜਾਗੁ' ਜਾਰੀ ਰਖ ਗਿਆ ਹੈ। ਉਸ ਜੀਵਨ ਵਿਚ ਜੀ ਉਠਨਾ ਸਾਡਾ ਸਾਰੇ ਸਿੱਖਾਂ ਦਾ ਕੰਮ ਹੈ।

ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!

## ਗੁਰੂ ਨਾਨਕ ਦੇਵ ਜੀ ਦੀ ਨਜ਼ਰ ਫੁੱਲ।[2]

"ਅਜ ਗੁਰ ਨਾਨਕ ਆਸਣ' ਕਹਿੰਦੀ ਮਾਲਣ ਗਈ ਬਗੀਚੇ,
ਫੁੱਲਾਂ ਨੂੰ ਸੁਣ ਚਾਉ ਚੜ੍ਹ ਗਿਆ:-'ਆਪਾ ਭੇਟਾ ਦੀਚੇ।
ਇਕ ਇਕ ਤੋਂ ਵਧ ਚੜ੍ਹ ਪਏ ਆਖਣ,-ਤੋੜ ਸਾਰਿਆਂ ਲੈ ਚਲ,
'ਸੁਹਣਿਆਂ ਦੇ ਸਰਦਾਰ ਸਾਮ੍ਹਣੇ ਨਜ਼ਰ ਅਸਾਂ ਨੂੰ ਕੀਚੇ!

## ਸ੍ਰੀ ਗੁਰ ਨਾਨਕ ਦੇਵ ਜੀ ਅਤੇ ਬੁਲਬੁਲਾਂ ਦੀ ਅਭਿਲਾਖ![2]

ਚੜ੍ਹ ਅਸਮਾਨੀਂ ਚੰਦ ਕੂਕਿਆ:' ਗੁਰ ਨਾਨਕ ਕੱਲ ਆਸਣ।'
ਝੁਰਮਟ ਘੱਤ ਬੁਲਬੁਲਾਂ ਧਾਈਆਂ ਕਰਦੀਆਂ ਵਾਕ ਬਿਲਾਸਨ:-
'ਗੁਰ ਨਾਨਕ ਕੀਰਤਨ ਦੇ ਪਜਾਰੇ ਕੀਰਤਨ ਚਲੋ ਸੁਣਾਈਏ
'ਤ੍ਰੁਠ ਪਏ ਤਾਂ ਨਾਲ ਆਪਣੇ ਅਰਸ਼ਾਂ ਨੂੰ ਲੈ ਜਾਸਣ'।

ਸੂਚਨਾ-ਗੁਰੂ ਜੀ ਕੁਛ ਦਿਨ ਤਲਵੰਡੀ ਵਿਚ ਟਿਕੇ ਰਹੇ ਸੇ। ਇਥੇ ਦੇ ਟਿਕਾਉ ਦੇ ਦਿਨਾਂ ਵਿਚ ਏਥੇ ਹੋਏ ਦੋ ਪ੍ਰਸੰਗ ਹੋਰ ਲਿਖੇ ਹੋਏ ਮਿਲਦੇ ਹਨ, ਜੋ ਇਸ ਪ੍ਰਕਾਰ ਹਨ:-

---

[1] ਜਿਉਂ ਜਲ ਘਟਾਊ ਚੰਦ੍ਰਮਾ ॥ {ਵਾ: ਮਾਰੂ ਡਖ:ਮ:੫}

[2] ਏਹ ਦੋਵੇਂ ਗੀਤ ਸੰ:ਗੁ:ਨਾ:ਸਾ: ੪੬੫ (੧੯੩੪) ਈ) ਦੇ ਗੁਰਪੁਰਬ ਪੂਨੰਮ ਪਰ ਖਾ: ਸਮਾਚਾਰ ਵਿਚ ਪ੍ਰਕਾਸ਼ੇ ਸਨ।

# ੫੩. ਬ੍ਰਹਮਚਾਰੀ ਬ੍ਰਹਮਣ[1] ।

**ਇਕ** ਦਿਨ ਇਕੁ ਬ੍ਰਹਮਣੁ ਆਚਾਰੀ ਆਇਆ ਖੁਧਿਆਰਥ, ਤਾਂ ਆਇ ਅਸੀਲੁ ਬਚਨ ਕੀਤੋਸੁ। ਬਾਬਾ ਜੀ ਪਰਸਾਦ ਵਿਚ ਬੈਠਾ ਥਾ ਤਬ ਗੁਰੂ ਆਖਿਆ: 'ਆਵਹੁ ਮਿਸਰ ਜੀ, ਪ੍ਰਸਾਦੁ ਤਈਆਰ ਹੈ।' ਪੰਡਿਤ ਕਹਿਆ: 'ਮੈਂ ਏਹੁ ਪ੍ਰਸਾਦੁ ਨਹੀਂ ਖਾਂਦਾ, ਮੈਂ ਆਪਣੇ ਕਰਿ ਖਾਵਾਂਗਾ, ਜਬ ਹਥੁ ਭਰਿ ਧਰਤੀ ਉਖਣਾਂਗਾ; ਅਤੇ ਚਉਂਕਾ ਦੇਵਾਂਗਾ ਅਤੇ ਜਾਇਕੈ ਗਿਠ ਭਰਿ ਧਰਤੀ ਉਖਣਾਂਗਾ, ਤਾਂ ਚੁੱਲ੍ਹਾ ਕਰਾਂਗਾ। ਲਕੜੀਆਂ ਧੋਇ ਕਰ ਚਾੜ੍ਹਾਂਗਾ, ਏਹ ਰਸੋਈ ਦੀ ਧਰਤੀ ਕੈਸੀ ਹੈ? ਤਾਂ ਮੈਂ ਨਾਹੀਂ ਖਾਂਦਾ। " ਤਬ ਬਾਬੇ ਆਖਿਆ: 'ਇਸ ਪੰਡਤ ਕਉ ਰਸੋਈ ਕੋਰੀ ਦੇਵਹੁ'। ਤਬ ਕੱਚੀ ਰਸੋਈ ਮਿਲੀ। ਪੰਡਿਤੁ ਬਾਹਰਿ ਲੈ ਗਿਆ, ਜਾਇ ਲਗਾ ਚਉਂਕਾ ਬਣਾਵਣਿ, ਧਰਤੀ ਖੋਦਣਿ। ਜਿਥੈ ਧਰਤੀ ਖੋਦੈ, ਓਥੇ ਹਡੀਆਂ ਨਿਕਲਨਿ, ਤਬ ਚਾਰਿ ਪਹਿਰ ਖੋਦਦਾ ਫਿਰਿਆ। ਜਾਂ ਭੁੱਖਾ ਆਜਜੁ ਹੋਆ ਤਾਂ ਆਖਿਓਸੁ; 'ਬਾਬੇ ਤੇ ਜਾਵਾਂ'.ਤਾਂ ਆਇ ਪੈਰੀਂ ਪਇਆ, ਆਖਿਓਸੁ:' ਜੀ ਓਹ ਪ੍ਰਸਾਦ ਮੈਨੂੰ ਮਿਲੇ, ਮੈਂ ਭੁੱਖਾ ਮੋਆ ਹਾਂ।' ਤਦਹੁੰ ਗੁਰੂ ਆਖਿਆ: ਸੁਆਮੀ ਓਹੁ ਵਖਤੁ ਗਇਆ ਪਰਸਾਦਿ ਕਾ, ਪਰੁ ਜਾਇ ਵਾਹਿਗੁਰੂ ਕਰਿਕੇ ਧਰਤੀ ਖੋਦ, ਰਸੋਈ ਕਰੁ ਖਾਹਿ[2]।'

ਜਾਂ ਬ੍ਰਹਮਣ ਰਸੋਈ ਕਰ ਖਾ ਚੁਕਾ ਤਾਂ ਸਤਿਗੁਰ ਜੀ ਨੇ ਉਸ ਨੂੰ ਉਪਦੇਸ਼ ਦਿਤਾ। ਇਸ ਉਪਦੇਸ਼ ਦਾ ਸਾਰ ਸਤਿਗੁਰਾਂ ਬਸੰਤ ਮਹਲਾ ੧ ਵਿਚ ਦੱਸਿਆ ਹੈ:-

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥ ੧ ॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥ ੧ ॥ ਰਹਾਉ ॥ ਦਸ ਆਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥ ੨ ॥ ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥ ੩ ॥ ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥ ੪ ॥ ੩ ॥

ਸਤਿਗੁਰਾਂ ਨੇ ਉਸ ਨੂੰ ਸਮਝਾਇਆ ਕਿ ਸੁੱਚ ਪਵਿਤ੍ਰਤਾ, ਜੋ ਤੁਸਾਂ ਨੇ ਧਾਰਨ ਕੀਤੀ ਹੈ, ਇਹ ਪਵਿਤ੍ਰਤਾ ਤੇ ਸਫਾਈ ਤੋਂ ਲੰਘਕੇ ਵਹਿਮ ਦੇ ਮੰਡਲ ਤਲੇ ਅੱਪੜ ਪਈ ਹੈ। ਜੇ ਤੁਸੀਂ ਇਸੇ ਪਵਿਤ੍ਰਤਾ ਨੂੰ ਐਨਾ ਵਧਾ ਲਓ ਕਿ ਸੋਨੇ ਦਾ ਚੌਂਕਾ ਹੋਵੇ, ਗੰਗਾ ਦਾ ਨੀਰ ਹੋਵੇ, ਦੁੱਧ ਤੇ ਚਾਵਲਾਂ ਦਾ ਸ੍ਰਛ ਭੋਜਨ ਹੋਵੇ ਤਾਂ ਬੀ ਨਿਹਫਲ ਹੈ। ਸੁਚ ਤੋਂ ਅੱਗੇ ਲੰਘਕੇ ਵੇਦ ਪੁਰਾਣਾਂ ਦਾ ਪੰਡਤ ਹੋਵੇ, ਫੇਰ ਸਾਰੇ ਤੀਰਥ ਕਰ ਲਵੇ, ਵਰਤ ਨੇਮ ਸਾਰੇ ਸਿਰੇ ਚੜ੍ਹਾ ਲਵੇ, ਸਭ ਨਿਹਫਲ ਹਨ। ਚਾਹੇ ਮੁਸਲਮਾਨ ਹੋਵੇ ਕਾਜ਼ੀ ਮੁੱਲਾਂ ਕਿ ਸ਼ੇਖ, ਚਾਹੋ ਗ੍ਰਿਹਸਤੀ ਕਰਮ ਕਾਂਡੀ ਹੋਵੇ, ਗ੍ਰਿਹਸਤ ਤੋਂ ਅਤੀਤ ਜੋਗੀ ਜੰਗਮ (ਸੰਨਯਾਸੀ ਸ੍ਰੇਵੜਾ) ਹੋਵੇ, ਸਾਰੇ ਜੀਵ ਹਨ ਤੇ ਸਾਰਿਆਂ ਦੀ ਪਛਾਣ ਕਰਨੀ ਤੋਂ ਹੋਣੀ ਹੈ, ਸੋ ਆਪਣੀ ਕਰਨੀ ਨੂੰ ਪਵਿਤ੍ਰ ਕਰ। ਜੋ ਕਰਮ ਤੁਸੀਂ ਆਤਮ ਕਰਮ ਸਮਝਕੇ ਕਰ ਰਹੇ ਹੋ ਉਹ ਭਰਮ ਹੋਕੇ ਤੁਹਾਨੂੰ ਚੰਬੜ ਗਏ ਹਨ ਤੇ ਤੁਸੀਂ ਉਨ੍ਹਾਂ ਵਿਚ ਫਸ ਗਏ ਹੋ, ਉਹਨਾਂ ਤੋਂ ਉਚੇ ਉਠੋ, ਆਪਣੀ ਕਰਨੀ ਨੂੰ ਸੰਭਾਲੋ। ਸਰੀਰ ਦੀ ਕਰਣੀ ਹੈ:-ਸਰੀਰ ਕਰਕੇ ਭਲਾ ਕਰਨਾ, ਸੁਕ੍ਰਿਤ ਕਰਨੀ। ਮਨ ਦੀ ਕਰਨੀ ਹੈ:-ਨਾਮ ਜਪਣਾ, ਜਿਸ ਨਾਲ ਮਨ ਦਾ ਰੁਖ਼ ਪਸ਼ੂਆਂ ਵਾਂਙੂ ਬਾਹਰ ਨੂੰ ਉਠ ਉਠ ਧਾਉਣੇ ਵਾਲਾ।

[1] ਪੁਰਾਤਨ ਜਨਮ ਸਾਖੀ ਨੇ ਇਹ ਪ੍ਰਸੰਗ ਤਲਵੰਡੀ ਹੋਇਆ ਹੋਇਆ ਲਿਖਿਆ ਹੈ, ਪਰ ਹੋਰਨਾਂ ਨੇ ਕਰਤਾਰ ਪੁਰ ਹੋਇਆ ਦੱਸਿਆ ਹੈ।

[2] ਪੁਰਾਤਨ ਜਨਮ ਸਾਖੀ।

ਮੋੜ ਖਾ ਖਾ ਕੇ ਵਾਹਿਗੁਰੂ ਨਾਲ ਲਿਵ ਧਾਰੀ ਹੋ ਜਾਂਦਾ ਹੈ! ਇਹ ਕਰਨੀ ਲੇਖੇ ਪੈਂਦੀ ਹੈ, ਹੋਰ ਕਰਨੀ ਕੋਈ ਲੇਖੇ ਨਹੀਂ ਪੈਣੀ।

ਰੇ ਮਨ ਲੇਖੈ ਕਬਹੂ ਨ ਪਾਇ॥
ਜਾਮਿ ਨ ਭੀਜੈ ਸਾਚ ਨਾਇ॥

ਜਦ ਤਕ ਸੱਚੇ ਨਾਮ ਵਿਚ ਨਾ ਰਚ ਜਾਵੇਂ ਤੇਰਾ ਕੁਛ ਬੀ ਲੇਖੇ ਨਹੀਂ ਪੈਂਣਾ।

ਸੋ ਬ੍ਰਾਹਮਣ ਇਹ ਉਪਦੇਸ਼ ਸੁਣਕੇ ਸਤਿਗੁਰ ਜੀ ਤੋਂ ਨਾਮ ਲੈਕੇ ਅੰਦਰੋਂ ਤੇ ਬਾਹਰੋਂ ਸਾਧ ਸੰਗਤ ਦੀ ਸੇਵਾ ਵਿਚ ਲਗਕੇ ਸੁੱਚਾ ਹੋ ਗਿਆ ਤੇ ਝੂਠੇ ਭਰਮਾਂ ਤੋਂ ਛੁਟ ਗਿਆ, ਸਫਾਈ ਤੇ ਪਵਿਤ੍ਰ-ਤਾਈ ਤਾਂ ਉਸ ਨੇ ਰੱਖੀ; ਪਰ ਵਹਿਮ ਤੇ ਭ੍ਰਮ ਦੇ ਜਕੜ ਛੁਟ ਗਏ।

-੦-

## ਪਰਦੇਸੀਂ ਗਈ ਕੋਇਲ[੧] ਦੀ ਅਰਜ਼ੋਈ।[੨]

ਮੈਂ ਸਦਕੇ, ਮੈਂ ਸਦਕੇ ਸਾਰੀ ਸੁਹਣਿਆਂ ਦੇ ਸੁਲਤਾਨ!
ਤੁਸਾਂ ਔਣਾ, ਸਾਨੂੰ ਸਮੇਂ ਫਿਰੰਦੇ ਤੋਰਿਆ ਹੋਰ ਜਹਾਨ!
ਕੋਇਲ ਕੂਕ ਵਿਲਕ ਇਕ ਮੇਰੀ ਸਦਾ ਲਵਾਂ ਤੁਧ ਨਾਮ!
ਦਰਸ਼ਨ ਨਹੀਂ ਤਾਂ 'ਲਿਵ ਨਾ ਟੁੱਟੇ' ਕੋਇਲ ਮੰਗਦੀ ਦਾਨ।

# ੫੪. ਭਾਈ ਤਾਰੂ ਪੋਪਟ।[੩]

ਤਾਰੂ ਪੋਪਟ ਤਾਰਿਆ ਗੁਰਮੁਖ
ਬਾਲ ਸੁਭਾਇ ਉਦਾਸੀ[੪]॥

੧.

ਜੇ ਲਗ ਗਈ ਤਾਂ ਲਗ ਗਈ ਸਹੀਓ ! ਲਗਦੀ ਕਦੇ ਨਾ ਪਛਦੀ, ਜੋਰੀਂ ਲਗੇ ਨ ਲੱਗੇ ਦੰਮੀ, ਆਨ ਅਚਾਨਕ ਲੁਛਦੀ। ਜੇ ਬਲ ਪਈ ਤਾਂ ਬਲ ਪਈ ਸਹੀਓ। ਬਲ ਪਈ ਸਦਾ ਮੁਬਾਰਿਕ, ਜੀ ਨਾ ਕਰੇ ਬਲੀ ਏ ਬੁੱਝੇ, ਸੁੱਝੇ ਕੁਈ ਤਦਾਰਿਕ ! ਲਗ ਗਈ ਜਿਸ ਨੂੰ ਆਕੇ ਸਹੀਓ! ਉਸ ਨੂੰ ਦਿਓ ਵਧਾਈ:-ਏਸ ਲਗੀ ਨੇ ਅੱਗ ਜੀਉਂਦੀ, ਤੈਂ ਸੀਨੇ ਆ ਪਾਈ। ਦਿਤੀ ਨਿੱਘ ਤੇ ਗਰਮੀ ਕੋਲੋਂ ਛੁਹ ਅਪਣੀ ਜਦ ਲਾਈ, ਦੂਰ ਅੰਧੇਰਾ ਕੀਤਾ ਤੇਰਾ ਚਾਨਣ ਜੋਤਿ ਜਗਾਈ। ਹੈ ਪੀੜਾ ਲੱਗੀ ਨੂੰ ਜਰਨਾ, ਪਰ ਇਹ ਪੀੜ ਸੁਹਾਵੀ, ਸਭ ਪੀੜਾਂ ਦਾ ਦਾਰੂ ਏ ਹੈ; 'ਸ਼ਾਲਾ! ਹੁਣ ਨਾ ਬੁਝਾਵੀਂ'।

---

ਆਖਣ ਇਕ ਕੁਕਨੂਸ ਨਾਮ ਦਾ, ਪੰਛੀ ਕਿਧਰੇ ਹੁੰਦਾ, ਇਕ ਹਜ਼ਾਰ ਵਰ੍ਹੇ ਦੀ ਉਮਰਾ ਤਾਂਈਂ ਜੀਂਦਾ ਰਹਿੰਦਾ। ਗਾਵੇ ਰਾਗ ਰਹੇ ਅਲਮਸਤਾ,ਸਭ ਸੰਗੀਤ ਸੁ ਜਾਣੇ, ਇਸ ਤੋਂ ਰਾਗ ਸਿੱਖਿਆ ਮਾਨੁਖ

---

[੧] ਸਤਿਗੁਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਗੁਰਪੁਰਬ ਕੱਤਕ ਵਿਚ ਹੁੰਦਾ ਹੈ। ਕੋਇਲ ਤਦੋਂ ਪੰਜਾਬ ਵਿਚ ਨਹੀਂ ਹੁੰਦੀ, ਪੰਜਾਬ ਵਿਚ ਉਹ ਸਾਵਣ ਭਾਦਰੋਂ ਵਿਚ ਕੂਕਦੀ ਹੈ।

[੨] ਇਹ ਗੀਤ ਗੁਰਪੁਰਬ ਪੂੰਨਮ ਸੰ: ਗੁ: ਨਾ: ਸਾ:੪੬੫ (੧੯੩੪ ਈ:) ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

[੩] ਇਹ ਪ੍ਰਸੰਗ ਪੂੰਨਮ ਸੰ: ਗੁ: ਨਾ: ਸਾ:੪੬੭ (੧੦ ਨਵੰਬਰ ੧੯੩੫ ਈ:) ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

[੪] ਇਹ ਤੁਕ ਸਾਰੀ ਭਾਈ ਤਾਰੂ ਪੋਪਟ ਪਰ ਬੀ ਸਮਝਦੇ ਹਨ ਤੇ ਅੱਧੀ ਭਾਈ ਤਾਰੂ ਲਈ ਤੇ ਅੱਧੀ ਭਾਈ ਬਾਲੇ ਲਈ ਬੀ ਖਯਾਲ ਕਰਦੇ ਹਨ, ਬਾਲ ਤੋਂ ਭਾਵ ਬਾਲਾ ਬੀ ਸਮਝਦੇ ਹਨ।

ਕਹਿੰਦੇ ਹਨ ਕਈ ਸਜਾਣੇ। ਜਦੋਂ ਏਸ ਦਾ ਅੰਤ ਸਮਾਂ. ਸੁਣ, ਨੇੜੇ ਹੈ ਆ ਜਾਈ, ਬੈਟਾ ਕਾਠ ਵਿਚ, ਰਾਗ ਗਾਇ ਇਕ , ਲੈਂਦਾ ਚਿਣੰਗ ਮਘਾਈ।ਓਸ ਲਗੀ ਵਿਚ ਬੈਠਾ ਰਹਿੰਦਾ ਰਾਗ ਜਾਂਵਦਾ ਗਾਈ। ਪੀੜ ਸਹਾਰੇ, ਸੀ ਨ ਉਚਾਰੇ, ਖ਼ਾਕ ਬਣੇ ਜਲ ਜਾਈ। ਐਪਰ ਖ਼ਾਕ ਬਰਕਤਾਂ ਵਾਲੀ ਜਦ ਮੀਂਹ ਨਾਲ ਭਿਜੇਂਦੀ, ਉਸ ਖ਼ਾਕੋਂ ਕੁਕਨੂਸ ਉਠੇ ਜੀ, ਨਵੀਂ ਜਿੰਦ ਆ ਪੈਂਦੀ। ਲੱਗੀ ਸਹੀ ਤਾਂ ਕੁਕਨੂਸ ਨੇ ਫਤੇ ਮੌਤ ਤੇ ਪਾਈ, ਓਸ ਪੀੜ ਨੇ ਪੀੜ ਮੌਤ ਦੀ ਕੱਟੀ ਨਵ-ਜਿੰਦ ਲਾਈ ! ਤਾਂਤੇ ਲੱਗੀ ਜਾਣ ਸੁਹਾਵੀ, ਲੱਗੀ ਸਦਾ ਮੁਬਾਰਕ, ਸ਼ਾਲਾ ! ਲੱਗੇ ਕਿਵੇਂ ਆਣ ਏ, ਦੱਸੀਓ-ਕੋਈ ਤਦਾਰਿਕ।

-o-

ਜਗਤ ਜਲੰਦੇ ਨੂੰ ਰੱਖਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਅਜੇ ਤਲਵੰਡੀ ਵਿਚ ਹੀ ਨਾਮ ਦੀਆਂ ਠੰਢਾਂ[1] ਪਾਉਂਦੇ ਟਿਕ ਰਹੇ ਹਨ। ਸਵਾ ਪਹਿਰ ਰਾਤ ਰਹਿੰਦੀ ਤੋਂ ਕੀਰਤਨ ਆਰੰਭ ਹੁੰਦਾ ਹੈ, ਸਵੇਰ ਹੋਈ ਤੇ ਭੋਗ ਪੈਂਦਾ ਹੈ। ਫੇਰ ਸਤਿਗੁਰੂ ਜੀ ਕਿਸੇ ਆਏ ਗਏ ਨਾਲ ਗਲਾਂ ਬਾਤਾਂ ਕਰਦੇ ਤੇ ਸੁਮੱਤਾਂ ਦੇਂਦੇ ਹਨ। ਫੇਰ ਆਰਾਮ ਕਰਦੇ ਹਨ।

ਇਸ ਤਰ੍ਹਾਂ ਕਈ ਜੀਵ ਆਏ ਤੇ ਸੁਧਰੇ। ਵਡੇ ਹੋ ਕੇ ਸੰਸਾਰ ਦੇ ਦੁਖ ਸੁਖ ਵੇਖਕੇ ਤਾਂ ਕਿਸੇ ਨੂੰ ਸਦਾ ਸੁਖ ਦੀ ਚਾਹ ਉਪਜਦੀ ਹੈ, ਪਰਮਾਰਥ ਦੀ ਟੋਲ ਕਰਦਾ ਹੈ ਤੇ ਸਤਿਸੰਗ ਭਾਲਦਾ ਹੈ, ਪਰ ਅਚਰਜ ਦੀ ਗਲ ਹੈ ਕਿ ਇਥੇ ਇਕ ਦਸਾਂ ਕੁ ਬਰਸਾਂ ਦਾ ਬਾਲਕ ਬੀ ਆਉਣ ਲੱਗ ਪਿਆ ਹੈ, ਜਿਸ ਨੂੰ ਲੱਗ ਗਈ ਹੈ ਛੁਹ ਉੱਚ ਜੀਵਨ ਦੀ ਬਚਪਨ ਦੀ ਵਰੇਸ ਵਿਚ ਹੀ। ਇਹ ਬਚੱਾ ਸਵਾ ਪਹਿਰ ਰਾਤ ਰਹਿੰਦੀ ਹੀ ਕੀਰਤਨ ਵਿਚ ਆ ਜਾਇਆ ਕਰੇ ਤੇ ਜਿੱਥੇ ਸ੍ਰੀ ਗੁਰੂ ਜੀ ਬੈਠਦੇ ਸਨ ਉੱਥੇ ਪਿਛਲੇ ਪਾਸੇ ਅਦਬ ਨਾਲ ਬੈਠ ਜਾਇਆ ਕਰੇ। ਇਉਂ ਬੈਠਾ ਪ੍ਰੇਮ ਨਾਲ ਕੀਰਤਨ ਸੁਣਦਾ ਰਹੇ ਤੇ ਜਦ ਭੋਗ ਪਵੇ ਤਾਂ ਅਦਬ ਨਾਲ ਨਮਸਕਾਰ ਕਰਕੇ ਘਰ ਟੁਰ ਜਾਵੇ। ਸੰਗਤ ਬੀ ਦੇਖਦੀ ਸੀ ਤੇ ਸ੍ਰੀ ਗੁਰੂ ਜੀ ਬੀ ਇਸ ਕੌਤਕ ਨੂੰ ਜਾਣਦੇ ਸਨ। ਲਿਖਿਆ ਹੈ ਕਿ:-

> ਇਕ ਦਿਨ ਸ੍ਰੀ ਗੁਰੁ ਬੈਨ ਬਖਾਨੇ। ਬਾਰਿਕ ਕੋ ਘਰ ਦੇਹੁ ਨ ਜਾਨੇ। (ਗੁ: ਨਾ, ਪ੍ਰ:)

ਇਹ ਹੁਕਮ ਪਾਕੇ ਅਗਲੇ ਦਿਨ ਸਿਖਾਂ ਨੇ ਜਾਣ ਵੇਲੇ ਬੱਚੇ ਨੂੰ ਰੋਕ ਲਿਆ ਤੇ ਸ੍ਰੀ ਗੁਰੂ ਜੀ ਦੇ ਹਜ਼ੂਰ ਲੈ ਆਏ। ਤਦ ਸ੍ਰੀ ਗੁਰੂ ਜੀ ਨੇ ਪਿਆਰ ਨਾਲ ਪੁੱਛਿਆ: 'ਹੇ ਬੱਚੇ ! ਤੇਰੀ ਉਮਰ ਛੋਟੀ ਹੈ, ਤੂੰ ਅੰਮ੍ਰਿਤ ਵੇਲੇ ਕੀਕੂੰ ਜਾਗ ਪੈਂਦਾ ਹੈਂ? ਸਵਾ ਪਹਿਰ ਰਾਤ ਰਹਿੰਦੀ ਤਾਂ ਬੱਚਿਆਂ ਦੇ ਘੂਕ ਸੁੱਤੇ ਪਏ ਹੋਣ ਦਾ ਵੇਲਾ ਹੁੰਦਾ ਹੈ। ਫਿਰ ਇਹ ਉਮਰਾ ਹੱਸਣ ਖੇਡਣ ਕੁੱਦਣ ਟੱਪਣ ਦੀ ਹੁੰਦੀ ਹੈ, ਤੈਨੂੰ ਸਤਿਸੰਗ ਦਾ ਪਿਆਰ ਕੀਕੂੰ ਜਾਗ ਪਿਆ ਹੈ? ਤਾਂ ਬਾਲਕ ਨੇ ਹੱਥ ਜੋੜੇ ਤੇ ਕਹਿਣ ਲਗਾ : ਜੀਉ ਜੀ ! ਮੈਨੂੰ ਮੌਤ ਤੋਂ ਡਰ ਆਂਵਦਾ ਹੈ।

ਸ੍ਰੀ ਗੁਰੂ ਜੀ-ਓਹ ਕਿਵੇਂ?

ਬੱਚਾ-ਜੀ ਮੈਂ ਸਮਝਦਾ ਸਾਂ ਕਿ ਬੁੱਢੇ ਹੋਕੇ ਮਰੀਦਾ ਹੈ, ਸੋ ਮੈਂ ਖੁਸ਼ ਰਹਿੰਦਾ ਸਾਂ ਕਿ ਅਜੇ ਬਚਪਨ ਹੈ, ਜੁਆਨੀ ਹੈ, ਬੁੱਢੇ ਹੋਕੇ ਵੇਖੀ ਜਾਊ। ਘਰ ਵਿਚ ਮੈਂ ਆਪਣੇ ਬੁੱਢੇ ਬਾਬੇ ਦੀ ਮੌਤ ਦੇਖੀ ਸੀ।

ਸ੍ਰੀ ਗੁਰੂ ਜੀ-ਫੇਰ ਤੈਨੂੰ ਕਿਵੇਂ ਮੌਤ ਦਾ ਭੈ ਬਾਲਪਨ ਵਿਚ ਪੈ ਗਿਆ?

> ਬਾਲਕ ਤਬ ਹੀ ਦੁਇ ਕਰ ਜੋਰੇ। ਕਹਨ ਲਗਯੋ: 'ਸੁਨੀਏ ਪ੍ਰਭ ਮੋਰੇ। ਇਕ ਦਿਨ ਮਾਤਾ ਮੋਹਿ ਪਠਾਯਾ। ਹਿਤ ਅਹਾਰ ਪਾਵਕ ਮੰਗਵਾਯਾ।' (ਗੁ: ਨਾ: ਪ੍ਰ: )

ਅਰਥਾਤ-ਮਾਂ ਨੇ ਇਕ ਦਿਨ ਮੈਨੂੰ ਘੱਲਿਆ ਕਿ ਕਿਸੇ ਹਮਸਾਏ ਦੇ ਘਰੋਂ ਅੱਗ ਲਿਆ[1]।

---

[1] ਆਤਸ ਦੁਨੀਆਂ ਖੁਨਕ ਨਾਮ ਖੁਦਾਇਆ ॥ (ਵਾਰ ਮਲਾਰ ਮ: ੧)

[1] ਅਗਲੇ ਸਮੇਂ ਫਾਸ ਫੋਰਸ ਵਾਲੀਆਂ ਡਬੀ ਤੀਲੀਆਂ ਨਹੀਂ ਸਨ ਹੁੰਦੀਆਂ, ਲੋਕੀਂ ਅੱਗ ਨੂੰ ਸੁਆਹ ਵਿਚ ਦੱਬ ਰੱਖਦੇ ਸਨ ਤੇ ਉਸ ਤੋਂ ਫਿਰ ਅੱਗ ਬਾਲਿਆ ਕਰਦੇ ਸਨ। ਯਾ ਮੋਟੀਆਂ

(ਬਾਕੀ ਟੂਕ ਦੇਖੋ ਸਫਾ ਪ੨੧ ਦੇ ਪਹਿਲੇ ਅੱਧ ਹੇਠ)

ਜਦੋਂ ਮੈਂ ਅੱਗ ਆਂਦੀ ਤੇ ਚੁਲ੍ਹੇ ਵਿਚ ਰੱਖਕੇ ਲੱਕੜਾਂ ਬੀੜੀਆਂ ਤਾਂ ਲੱਗਾ ਮੈਂ ਫੂਕਾਂ ਮਾਰਨ ਪਰ ਅੱਗ ਨਾ ਬਲੇ ਤੇ ਮੰਗਕੇ ਆਂਦਾ ਅੰਗਾਰਾ ਮੱਧਮ ਪੈਂਦਾ ਜਾਵੇ। ਤਾ ਮਾਂ ਨੇ ਮੈਨੂੰ ਆਵਾਜ਼ ਦਿੱਤੀ ਕਿ ਪਹਿਲਾਂ ਨਿੱਕੀਆਂ ਨਿਕੀਆਂ ਤੂਮਲਾਂ ਤੇ ਬਰੀਕ ਬਰੀਕ ਲਕੜੀਆਂ ਲਾ ਤੇ ਫੂਕਾਂ ਮਾਰ ਤਾਂ ਅੱਗ ਬਲ ਪਵੇਗੀ, ਵਡੀਆਂ ਲਕੜਾਂ ਮਗਰੋਂ ਲਾਂਵੀਂ। ਜਦ ਮੈਂ ਇਸ ਤਰ੍ਹਾਂ ਕੀਤਾ ਤਾਂ ਅੱਗ ਬਲ ਪਈ। ਉਸ ਵੇਲੇ ਮੇਰੇ ਮਨ ਵਿਚ ਆਈ ਕਿ ਹੈਂ ਇਹ ਕੀ ਵਰਤੀ ! ਨਿਕੀਆਂ ਨੂੰ ਤਾਂ ਸਗੋਂ ਅੱਗ ਪਹਿਲੋਂ ਲਗਦੀ ਹੈ। ਇਸੇ ਤਰ੍ਹਾਂ ਮੌਤ ਬੀ ਖ਼ਬਰੇ ਨਿੱਕਿਆਂ ਨੂੰ ਛੇਤੀ ਹੀ ਆ ਲਗਦੀ ਹੋਵੇ[1] ! ਫਿਰ ਮੈਨੂੰ ਬਾਲਕ ਮਰਦੇ ਭੀ ਪਤਾ ਲਗੇ ਤਾਂ ਮੇਰੇ ਮਨ ਤੇ ਆਇਆ ਕਿ ਬਾਲਪਨ ਤੋਂ ਜੁਆਨੀ ਮਤੇ ਨਾ ਹੀ ਆਵੇ ਤੇ ਪਹਿਲੋਂ ਹੀ ਮੈਨੂੰ ਮੌਤ ਆ ਜਾਵੇ, ਇਸ ਕਰਕੇ ਮੈਂ ਹੁਣੇ ਹੀ ਕੁਛ ਕਰਾਂ। ਮੈਂ ਸੁਣਿਆ ਹੋਇਆ ਸੀ ਕਿ ਕੋਈ ਚੰਗੀ ਗੱਲ ਸੰਤਾਂ ਪਾਸ ਹੁੰਦੀ ਹੈ, ਸੋ ਆਪ ਦੀ ਮਹਿਮਾਂ ਸਾਡੇ ਘਰ ਵਿਚ ਤੇ ਸਾਰੇ ਪਿੰਡ ਵਿਚ ਹੁੰਦੀ ਹੈ, ਮੈਂ ਦਰਸ਼ਨਾਂ ਨੂੰ ਆਇਆ ਤਾਂ ਆਪਦੇ ਦਰਸ਼ਨਾਂ ਦੀ ਖਿੱਚ ਪੈ ਗਈ। ਏਥੇ ਫੇਰ ਆਕੇ ਸੁਣਿਆ ਹੈ ਕਿ ਅੰਮ੍ਰਿਤ ਵੇਲੇ ਜਾਗਣਾ ਤੇ ਸਤਿਸੰਗ ਵਿਚ ਆਕੇ ਕੀਰਤਨ ਸੁਣਨਾ[1] ਇਸ ਨਾਲ ਮੌਤ ਤੋਂ ਪਿਛੋਂ ਸੁਖ ਮਿਲਦਾ ਹੈ ਤੇ ਮੌਤ ਦਾ ਡਰ ਲਹਿ ਜਾਂਦਾ ਹੈ, ਇਸ ਕਰਕੇ ਮੈਂ ਜੀਓ ! ਰੋਜ਼ ਆਂਵਦਾ ਹਾਂ ਤੇ ਕੀਰਤਨ ਸੁਣਦਾ ਹਾਂ।

ਸਾਹਿਬ ਬੋਲੇ: ਭਾਈ ! ਤੇਰਾ ਨਾਉਂ ਕੀਹ ਹੈ? ਬੱਚੇ ਨੇ ਆਖਿਆ: ਜੀਓ, ਮੇਰਾ ਨਾਉਂ ਤਾਰੂ ਹੈ ਤਾਂ ਸਾਹਿਬ ਬਚਨ ਕੀਤਾ! ਤੂੰ ਕੁਲ ਤਾਰੂ ਹੋਵੇਂਗਾ[2]।'

ਦੇਖੋ ਕਰਤਾਰ ਦੇ ਰੰਗ, ਕੀਹ ਉਮਰਾ ਤੇ ਕਿਵੇਂ ਲਗ ਗਿਆ ਸ਼ੌਕ ਇਸ ਬਾਲਕ ਨੂੰ। ਬੱਚੇ ਸਾਰੇ ਹੀ ਬੱਚੇ ਹੁੰਦੇ ਹਨ, ਪਰ ਇਸ ਛੋਟੀ ਉਮਰੇ ਜਿਸਨੂੰ ਸ਼ੌਕ ਲਗ ਪਵੇ ਤੇ ਲਕੜਾਂ ਨੂੰ ਅੱਗ ਲੱਗਣ ਤੋਂ ਸੋਝੀ ਆ ਜਾਵੇ ਕਿ ਮੌਤ ਦਾ ਕੋਈ ਵੇਲਾ ਨਹੀਂ, ਇਹ ਤਾਂ ਬਚਪਨ, ਜੁਆਨੀ, ਬੁਢੇਪਾ ਕੁਝ ਨਹੀਂ ਵੇਖਦੀ, ਜ਼ਰਾ ਅਚਰਜ ਹੈ। ਫਿਰ ਇਹ ਵੀਚਾਰ ਆ ਜਾਣੀ ਬੀ ਬੁਹਤ ਕਠਨ ਨਹੀਂ, ਪਰ ਨਾਲ ਉੱਦਮ ਜਾਗ ਪੈਣਾ, ਤਲਾਸ਼ ਸ਼ੁਰੂ ਹੋ ਜਾਣੀ, ਫੇਰ ਇਤਨਾ ਸਾਹਸ ਹੋ ਆਉਣਾ ਕਿ ਸਦਾ ਪਹਿਰ ਰਾਤ ਰਹਿੰਦੀ ਉਠ ਪੈਣਾ ਤੇ ਚੁਪਾਤੇ ਹੀ ਆਪਣੇ ਪਿੰਡੋਂ ਤੁਰਕੇ ਤਲਵੰਡੀ ਆ ਜਾਣਾ, ਬੱਚਿਆਂ ਵਾਲਾ ਡਰ ਬੀ ਨਾ ਖਾਣਾ ਤੇ ਰਾਹ ਖਹਿੜੇ ਹਨੇਰੇ ਵਿਚ ਆਉਣਾ, ਇਹ ਨਿਸ਼ਾਨੀਆਂ ਹਨ ਬੱਚੇ ਦੇ ਅੰਦਰ ਕੋਈ ਤਕੜੇ ਗੁਣਾਂ ਦੇ ਹੋਣ ਦੀਆਂ। ਯਾ ਜਿਵੇਂ ਕਹੀਏ ਕੋਈ ਉੱਤਮ ਸੰਸਕਾਰ ਉਸ ਦੇ ਅੰਦਰ ਹੈ ਸਨ, ਜਿਨ੍ਹਾਂ ਨੇ ਕਿ ਇਤਨੀ ਨਿੱਕੀ ਗੱਲ

---

[1] ਭਗਤ ਰਤਨਾਵਲੀ ਵਿਚ ਲਿਖਿਆ ਹੈ ਕਿ ਨਿੱਕੀਆਂ ਲਕੜੀਆਂ ਤੋਂ ਵੈਰਾਗ ਤਾਰੂ ਪੋਪਟ ਨੂੰ ਹੋਇਆ ਅਤੇ ਹਰੀ ਡਡਰੀ ਤੇ ਪੱਕੀ ਖੇਤੀ ਜਰਵਾਣਿਆਂ ਦੇ ਵੱਢ ਲੈਣ ਤੋਂ ਵੈਰਾਗ ਭਾਈ ਬੁੱਢੇ ਜੀ ਨੂੰ ਹੋਇਆ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਬੀ ਲਕੜੀਆਂ ਤੋਂ ਵੈਰਾਗ ਲਗਣ ਦੀ ਸਾਖੀ ਤਾਰੂ ਪੋਪਟ ਜੀ ਨਾਲ ਹੋਈ ਦਿਤੀ ਹੈ। ਪੁਰਾਤਨ ਜਨਮ ਸਾਖੀ ਵਿਚ ਨਾਉਂ ਨਹੀਂ ਦਿੱਤਾ, ਪਰ ਸਾਖੀ ਇਹੋ ਦਿਤੀ ਹੈ।

☚ (ਪਿਛਲੇ ਪੰਨੇ ਦੀ ਟੂਕ ਦੀ ਬਾਕੀ)

ਮੋਟੀਆਂ ਤੀਲੀਆਂ ਬਣਾਕੇ ਉਹਨਾਂ ਦੇ ਸਿਰੇ ਨੂੰ ਗੰਧਕ ਲਾ ਰਖਦੇ ਸਨ। ਲੋੜ ਵੇਲੇ ਕਿਸੇ ਅੱਗ ਦੀ ਚੰਗਿਆੜੀ ਨਾਲ ਗੰਧਕ ਵਾਲੀ ਤੀਲੀ ਦਾ ਗੰਧਕ ਵਾਲਾ ਸਿਰਾ ਛੁਹਾਕੇ ਬਾਲ ਲੈਣਾਂ ਤੇ ਅਗੋਂ ਓਸ ਨਾਲ ਅਗ ਬਾਲ ਲੈਣੀ। ਯਾ ਇਕ ਪੱਥਰ ਨੂੰ ਲੋਹੇ ਨਾਲ ਸੱਟਾਂ ਮਾਰਦੇ ਸਨ ਤੇ ਹੇਠਾਂ ਲੀਰ ਰਖਦੇ ਸਨ, ਉਸ ਵਿਚੋਂ ਚਿਣੰਗ ਡਿੱਗਕੇ ਲੀਰ ਨੂੰ ਬਾਲ ਦੇਂਦੀ ਸੀ। ਕਿਵੇਂ ਹੋਵੇ, ਜਿਸ ਘਰ ਅੱਗ ਬਲ ਪਏ ਗਲੀ ਗੁਆਂਢ ਦੇ ਲੋਕੀਂ ਉਸ ਘਰੋਂ ਥੋੜੀ ਅੱਗ ਲਿਆਕੇ ਆਪਣੇ ਚੁਲ੍ਹੇ ਬਾਲਿਆ ਕਰਦੇ ਸਨ।

[1] ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥ ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥ ਜਿਨੀ ਤੇਰਾ ਨਾਮੁ ਧਿਆਇਆ ਤਿਉ ਕਉ ਸਦਿ ਮਿਲੈ॥

(ਮਾਰੂ ਮਹਲਾ ੧)

[2] ਭਗਤ ਰਤਨਾਵਲੀ:

ਤੋਂ ਜੋ ਰੋਜ਼ ਸਾਡੇ ਦੇਖਦਿਆਂ ਸਾਡੇ ਸਭ ਦੇ ਗੌਲੇ ਬਿਨਾਂ ਲੰਘ ਜਾਂਦੀ ਹੈ, ਉਸ ਨੇ ਬਾਲਕ ਦੇ ਜੀ ਵਿਚ ਵੀਚਾਰ, ਵੈਰਾਗ ਦੇਕੇ ਫੇਰ ਉੱਦਮ ਦਿੱਤਾ ਅਤੇ ਸ਼ੌਕ ਲਾ ਦਿਤਾ ਕਿ ਰੋਜ਼ ਸਤਿਸੰਗ ਵਿਚ ਆਉਣ ਦਾ ਅਭਿਆਸ ਆਰੰਭ ਹੋ ਗਿਆ; ਜਿਹਾ ਕੁ ਉੱਪਰ ਦੱਸ ਆਏ ਹਾਂ। ਇਸ ਤਰ੍ਹਾਂ ਕੁਛ ਸਮਾਂ ਨਿਭਿਆ ਵੇਖਿਆ ਤਾਂ ਗੁਰੂ ਬਾਬੇ ਨੇ ਉਸ ਨੂੰ ਆਪ ਬੁਲਾਕੇ ਸਾਰੀ ਵਿਥਿਆ ਪੁੱਛੀ। ਬਾਲਕ ਵਰੇਸ ਵਿਚ ਅੰਦਰਲੇ ਵਿਚ 'ਵਲ' ਘੱਟ ਹੁੰਦੇ ਹਨ, ਮਨ ਸੂਧਾ ਹੁੰਦਾ ਹੈ, ਹੁੱਜਤਾਂ ਥੋੜੀਆਂ ਫੁਰਦੀਆਂ ਹਨ, ਜਿੱਧਰ ਮਨ ਦਾ ਝੁਕਾਉ ਹੋ ਜਾਵੇ, ਸਰਲ ਤੇ ਜ਼ੋਰਦਾਰ ਹੁੰਦਾ ਹੈ, ਉਂਵ ਜੋ ਜ਼ੋਰ ਨਾਲ ਬਾਲਾਂ ਨੂੰ ਕਿਸੇ ਪਾਸੇ ਧੱਕ ਦਿਓ, ਕਿ ਜਿੱਧਰ ਉਹਨਾਂ ਦਾ ਮਨ ਨਹੀਂ ਮੰਨਦਾ, ਤਾਂ ਅਕਸਰ ਵਡੇ ਹੋਕੇ ਉਸ ਦੇ ਉਲਟ ਚੱਲਦੇ ਹਨ, ਪਰ ਏਥੇ ਤਾਂ ਕੋਈ ਕੁਦਰਤੀ ਝੁਕਾਉ ਅੰਦਰੋਂ ਐਸਾ ਹੋ ਆਇਆ ਤੇ ਲਗ ਗਈ ਹੈ ਅਨਜਾਣ ਅਵਸਥਾ ਵਿਚ ਹੀ ਸਤਿਸੰਗ ਦੀ ਪਾਹ ਤੇ ਪੈ ਗਿਆ ਹੈ ਪਿਆਰ ਜੋਤਿ ਨਿਰੰਜਨੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ। ਜਦ ਬਾਲਕ ਇਸ ਤਰ੍ਹਾਂ ਕੁਛ ਸਮਾਂ ਆਉਂਦਾ ਰਿਹਾ ਤਾਂ ਸਤਿਗੁਰੂ ਜੀ ਨੇ ਆਖਿਆ: 'ਤਾਰੂ ! ਬਾਣੀ ਦਾ ਕੀਰਤਨ ਤੂੰ ਸੁਣਦਾ ਹੈਂ, ਬਾਣੀ ਤੇਰੇ ਅੰਦਰ ਨੂੰ ਧੋ ਰਹੀ ਹੈ[੧]। ਹੁਣ ਤੂੰ ਕੰਮ ਵਾਲੀ ਉਮਰ ਵਿਚ ਆ ਜਾਣਾ ਹੈ। ਕੰਮ ਭੀ ਕਰਿਆ ਕਰ ਤੇ ਜੋ ਕਮਾਵੇਂ ਸੋ ਵੰਡ ਛਕਿਆ ਕਰ[੨]।' ਤਾਰੂ ਨੇ ਆਖਿਆ : 'ਸਤਿ ਬਚਨ ਜੀਓ !'

ਫਿਰ ਕਿਸੇ ਸੁਲੱਖਣੀ ਘੜੀ ਗੁਰੂ ਬਾਬੇ ਨੇ ਬਚਨ ਕੀਤਾ-ਤਾਰੂ ! ਮਨ ਨੂੰ ਵੈਰ, ਵਿਰੋਧ ਈਰਖਾ ਤੇ ਮੋਹ ਤੋਂ ਸ਼ੁੱਧ[੩] ਰਖਣਾ[੪]। ਇਸ ਤਰ੍ਹਾਂ ਸ਼ੁਧ ਹੋਏ ਮਨ ਵਿਚ ਫਿਰ ਨਾਮ ਵਿਚ ਰਸ ਦਾ ਨਾਮ ਵਿਚ ਨਿਵਾਸ ਹੁੰਦਾ ਹੈ ਤੇ ਸ਼ੁੱਧ ਮਨ ਵਾਲੇ ਸਾਰੇ ਗੁਣ ਭੀ ਆ ਜਾਂਦੇ ਹਨ।

ਇਸ ਪਰ ਇਕ ਕਥਾ ਹੈ। ਇਕ ਰਾਜੇ ਨੇ ਇਕ ਮੰਦਰ ਬਣਾਇਆ ਬਹੁਤ ਸੁਹਣਾ, ਸ਼ੀਸੇ ਆਦਿ ਲੁਵਾਏ। ਫਿਰ ਰਾਜਾ ਨੇ ਉਸ ਮੰਦਰ ਦੀਆਂ ਦੋ ਕੰਧਾਂ ਪੁਰ ਦੋ ਬੜੇ ਕਾਰੀਗਰ ਸੁੰਦਰ ਮੂਰਤਾਂ ਬਨਾਉਣ ਤੇ ਲਾਏ। ਦੋਵੇਂ ਕੰਧਾਂ ਆਹਮੋ ਸਾਹਮਣੀਆਂ ਸਨ, ਦੋਹਾਂ ਦੇ ਵਿਚ ਇਕ ਪਰਦਾ ਕਰ ਦਿਤਾ ਜੋ ਇਕ ਦੂਜੇ ਨੂੰ ਵੇਖ ਨਾ ਸਕਣ। ਜਦੋਂ ਪਹਿਲਾ ਕਾਰੀਗਰ ਮੂਰਤਾਂ ਬਣਾਕੇ ਉਸ ਨੂੰ ਰੰਗਾਂ ਤੇ ਸੋਨੇ ਦੀਆਂ ਧਾਰੀਆਂ ਤੇ ਨਗਾਂ ਦੀ ਜੜਤ ਨਾਲ ਸੰਪੂਰਨ ਕਰ ਚੁਕਾ ਤਾਂ ਰਾਜੇ ਨੇ ਦੂਸਰੇ ਨੂੰ ਪੁੱਛਿਆ: ਭਾਈ, ਦੱਸ ਤੇਰਾ ਕੰਮ ਕਦੋਂ ਸਮਾਪਤ ਹੋਵੇਗਾ ? ਤਾਂ ਉਸ ਨੇ ਆਖਿਆ ਪਾਤਸ਼ਾਹ ਮੇਰੇ ਕੰਮ ਵਿਚ ਅਜੇ ਦੇਰ ਹੈ। ਤਾਂ ਪਾਤਸ਼ਾਹ ਉਸ ਕਾਰੀਗਰ ਨੂੰ ਉਸ ਮੂਰਤਾਂ ਨਾਲ ਤਿਆਰ ਹੋਈ ਕੰਧ ਪਾਸ ਲੈ ਗਿਆ। ਉਸ ਦੀ ਸੁੰਦਰਤਾ ਵੇਖਕੇ ਕਾਰੀਗਰ ਕੀਹ ਰਾਜੇ ਦੇ ਸਾਰੇ ਅਹਿਲਕਾਰ ਵਾਹ ਵਾਹ ਆਖਣ ਲੱਗ ਪਏ। ਜਿਸ ਕਾਰੀਗਰ ਨੇ ਇਹ ਮੂਰਤਾਂ ਬਣਾਈਆਂ ਸਨ ਉਹ ਨਾਲ ਉਸ ਵੇਲੇ ਇਕ ਤੋਤੇ ਦਾ ਪਿੰਜਰਾ ਬੀ ਲੈ ਗਿਆ ਹੋਇਆ ਸੀ। ਉਸ ਕੰਧ ਪਰ ਉਸ ਨੇ ਇਕ ਵੇਲ ਬੀ ਬਣਾਈ ਸੀ ਅੰਗੂਰਾਂ ਦੀ, ਜਿਸ ਦੇ ਨਾਲ ਤਾਜ਼ੇ ਪੱਕੇ ਲਾਲ ਸੂਹੇ ਅੰਗੂਰ ਲਹ ਲਹ ਕਰਦੇ ਲਟਕਦੇ ਪਏ ਦਿੱਸਦੇ ਸਨ। ਜਦ ਸਾਰੇ ਮੂਰਤਾਂ ਦੀ ਮਹਿਮਾਂ ਪਏ ਕਰਦੇ ਸਨ ਤਾਂ ਕਾਰੀਗਰ ਨੇ ਪਿੰਜਰੇ ਵਿਚੋਂ ਤੋਤਾ ਛੱਡ ਦਿਤਾ। ਉਹ ਤੋਤਾ ਉਸ ਮੂਰਤ ਦੀ ਵੇਲ ਨਾਲ ਚਿਤ੍ਰੇ ਅੰਗੂਰਾਂ ਨੂੰ ਸਚੀ ਮੁੱਚੀ ਦੇ ਸਮਝਕੇ ਇਉਂ ਜਾ ਪਿਆ ਕਿ ਜਿਵੇਂ ਇਸ ਨੇ ਸੱਚ ਮੁੱਚ ਦੇ ਜਾਣੇ ਹਨ ਤੇ ਖਾਣੇ ਲਈ ਲਲਚਕੇ ਜਾ ਪਿਆ ਹੈ। ਜਦ ਤੋਤੇ ਨੇ ਇਹ ਧੋਖਾ ਖਾਦਾ ਤਾਂ ਦੇਖਣ ਵਾਲਿਆਂ ਨੇ ਕਿਹਾ: ਸ਼ਾਬਾਸ਼ ! ਉਨਰ ਦਾ ਕਮਾਲ ਹੋਵੇ ਤਾਂ ਐਸਾ ਕਿ ਜਿਸ ਸ਼ਕਲ ਨੂੰ ਜਾਨਵਰ ਅਸਲ ਸਮਝਕੇ ਧੋਖਾ ਖਾ ਜਾਣ। ਰਾਜੇ ਨੇ ਦੂਸਰੇ ਕਾਰੀਗਰ ਨੂੰ ਕਿਹਾ ਕਿ ਦੇਖੋ ਕੈਸਾ ਕਮਾਲ ਹੈ। ਤਾਂ ਉਸ ਨੇ ਕਿਹਾ ਹਜ਼ੂਰ ਬਹੁਤ ਅੱਛਾ

---

[੧] ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥ ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥

{ਸੂਹੀ ਛੰਤ ਮ: ੫}

[੨] ਧਰਮ ਦੀ ਕਿਰਤ ਕਰਕੇ ਵੰਡ ਖਾਵਣਾ।

{ਭਗਤ ਰਤਨਾ:}

[੩] ਛੋਡਿਹੁ ਨਿੰਦਾ ਤਾਤਿ ਪਰਾਈ ॥ {ਮਾਰੂ ਸੋ:ਮ: ੧}

[੪] ਮਨ ਰਾਗ ਦ੍ਵੈਖ ਤੇ ਸ਼ੁਦ ਕਰਨਾ {ਭ: ਰਤਨਾ:}

ਹੈ। ਕੁਛ ਸਮਾਂ ਹੋਰ ਬੀਤ ਗਿਆ ਤਾਂ ਰਾਜੇ ਨੇ ਫੇਰ ਕਾਰੀਗਰ ਨੂੰ ਅਹਿਲਕਾਰਾਂ ਸਣੇ ਆਣਕੇ ਪੁੱਛਿਆ ਕਿ ਸੁਣਾ ਬਈ ਅਸੀਂ ਤੇਰਾ ਕੰਮ ਦੇਖਿਆ ਚਾਹੁੰਦੇ ਹਾਂ। ਉਸ ਨੇ ਆਖਿਆ: ਹਜ਼ੂਰ ਮੇਰਾ ਕੰਮ ਤਾਂ ਅਜੇ ਮੁੱਕਾ ਨਹੀਂ। ਰਾਜੇ ਨੇ ਕਿਹਾ ਕਿ ਨਹੀਂ ਅਸੀਂ ਜਿੰਨਾ ਕੁਛ ਹੈ ਅਜ ਜ਼ਰੂਰ ਵੇਖਣਾ ਹੈ। ਤਦ ਉਸ ਨੇ ਕਿਹਾ: ਹਜ਼ੂਰ ਮਾਲਕ ਹੋ, ਦੇਖਣ ਦੇਣੋਂ ਮੈਂ ਨਾਂਹ ਕਿਵੇਂ ਕਰ ਸਕਦਾ ਹਾਂ ਪਰ ਵਿਚਲੇ ਪਰਦੇ ਦਾ ਹਨੇਰਾ ਪੈ ਰਿਹਾ ਹੈ ਮੇਰੀ ਕੰਧ ਉਤੇ ਤੇ ਇਸ ਵੇਲੇ ਹਨੇਰਾ ਗਾਹੜਾ ਹੈ, ਏਹ ਦੂਰ ਕਰਵਾ ਦਿਓ ਤਾਂ ਰਾਜੇ ਨੇ ਓਹ ਪਰਦਾ ਦੂਰ ਕਰਵਾ ਦਿਤਾ ਜਦ ਚਾਨਣ ਪਿਆ ਤਾਂ ਉਸ ਦੀ ਕੰਧ ਜਗਮਗ ਜਗਮਗ ਤੇ ਝਿਲਮਿਲ ਝਿਲਮਿਲ ਕਰ ਰਹੀ ਸੀ। ਇਸ ਕੰਧ ਪਰ ਬੀ ਅੰਗੂਰਾਂ ਦੀ ਵੇਲ ਤੇ ਅੰਗੂਰ ਦਿੱਸੇ ਪਰ ਇਹ ਐਸੇ ਚਮਕਦੇ ਤੇ ਰਸ ਭਰੇ ਦਮਕਦੇ ਸਨ ਕਿ ਇਕ ਵੇਰ ਤਾਂ ਸਾਰੇ ਭੁੱਲ ਗਏ ਕਿ ਮੂਰਤਾਂ ਵੇਖ ਰਹੇ ਹਾਂ ਕਿ ਸਚੀ ਮੁੱਚੀ ਬਾਗ ਵਿਚ ਖੜੇ ਹਾਂ। ਇਸ ਭੁਲੇਵੇ ਵਿਚ ਰਾਜੇ ਨੇ ਅੰਗੂਰਾਂ ਦਾ ਗੁੱਛਾ ਖੋਹਕੇ ਖਾਣ ਲਈ ਹੱਥ ਪਸਾਰਿਆ, ਜਾਂ ਹੱਥ ਕੰਧ ਨੂੰ ਲੱਗਾ ਤਾਂ ਹੋਸ਼ ਆਈ ਕਿ ਅਸੀਂ ਤਾਂ ਮੂੰਰਤਾਂ ਵੇਖ ਰਹੇ ਹਾਂ। ਇਸ ਪਰ ਰਾਜੇ ਨੇ ਆਪ ਹੀ ਕਿਹਾ 'ਇਸ ਦਾ ਕਮਾਲ ਉਸ ਤੋਂ ਵੱਧ ਹੈ ਕਿ ਓਥੇ ਤਾਂ ਪਸ਼ੂ ਬੁਧੀ ਵਾਲੇ ਤੋਤੇ ਨੇ ਧੋਖਾ ਕਾਧਾ ਸੀ, ਪਰ ਇਥੇ ਅਕਲ ਵਾਲੇ; ਸ਼ਊਰ ਵਾਲੇ ਇਨਸਾਨ ਨੇ ਧੋਖਾ ਖਾਧਾ ਹੈ। 'ਸ਼ਾਬਾਸ਼'! ਬਹੁਤ ਵਧੀਆ ਕਮਾਲ ਹੈ।'

ਜਾਂ ਪਹਿਲੇ ਚਿੱਤ੍ਰਕਾਰ ਨੇ ਡਿੱਠਾ ਕਿ ਇਹ ਤਾਂ ਮਾਲੀ ਲੈ ਗਿਆ ਤੇ ਮੈਂ ਪਿੱਛੇ ਪੈ ਗਿਆ ਤਾਂ ਰਾਜੇ ਨੂੰ ਕਹਿਣ ਲਗਾ: ਪਾਤਸ਼ਾਹ ! ਆਪ ਨੇ ਖਿਮਾ ਕਰਨੀ, ਆਪ ਨੂੰ ਇਸ ਉਨਰ ਵਾਲੇ ਨੇ ਟਪਲਾ ਲਾਇਆ ਹੈ ਹੈ ਇਸ ਦੀ ਕੰਧ ਪਰ ਕੋਈ ਚਿਤ੍ਰ ਨਹੀਂ ਬਣਿਆ, ਕੋਈ ਵੇਲ ਨਹੀਂ ਹੈ, ਕੋਈ ਮੂਰਤ ਨਹੀਂ ਹੈ, ਇਹ ਤਾਂ ਐਵੇਂ ਬਰਸ ਦਿਨਾਂ ਤੋਂ ਕੰਧ ਨੂੰ ਘੋਟ ਹੀ ਰਿਹਾ ਹੈ। ਜਾਂ ਰਾਜੇ ਨੇ ਇਸ ਗਲ ਨੂੰ ਸਹੀ ਕੀਤਾ ਤਾਂ ਪਤਾ ਲਗਾ ਕਿ ਇਸ ਨੇ ਠੀਕ ਆਖਿਆ ਹੈ। ਹੁਣ ਰਾਜਾ ਦੂਸਰੇ ਸ਼ਿਲਪਕਾਰ ਨੂੰ ਗੁੱਸਟ ਹੋਣ ਲਗਾ ਕਿ ਸਾਨੂੰ ਕਿਉਂ ਭੁਲੇਵਾ ਦਿਤਾ ਹੈ ? ਤਾਂ ਉਸ ਬੇਨਤੀ ਕੀਤੀ ਕਿ ਮੈਂ ਟਪਲਾ ਨਹੀਂ ਦਿਤਾ: ਮੇਰਾ ਉਨਰ ਬਹੁਤ ਸਮਾਂ ਮੰਗਦਾ ਹੈ। ਹਾਲੇ ਤਾਂ ਆਪ ਮੇਰੀ ਦੀਵਾਰ ਦੀ ਸਫਾਈ ਦਾ ਕਮਾਲ ਵੇਖੋ ਕਿ ਇਸ ਨੇ ਚਿੱਤ੍ਰਾਂ ਦਾ ਅਕਸ ਆਪਣੇ ਵਿਚ ਲੈਕੇ ਉਹਨਾਂ ਚਿੱਤ੍ਰਾਂ ਨੂੰ ਅਸਲ ਤੋਂ ਦਹਿਗੁਣਾਂ ਕਰ ਦਿਖਲਾਇਆ ਹੈ। ਹੁਣ ਇਹ ਮੇਰੀ ਜ਼ਿਮੀ ਤਯਾਰ ਹੋਈ ਹੈ, ਜਿਸ ਉਤੇ ਮੈਂ ਚਿੱਤ੍ਰ ਅੰਗਾਂਗਾ। ਜੇ ਆਪ ਨੂੰ ਕਾਹਲੀ ਹੋਵੇ ਤਾਂ ਮੈਂ ਕੰਮ ਬੰਦ ਕਰ ਦੇਂਦਾ ਹਾਂ। ਮੇਰੇ ਉਸਤਾਦ ਨੇ ਮੈਨੂੰ ਪਹਿਲਾਂ ਸਫਾਈ ਦਾ ਕਮਾਲ ਤੇ ਫੇਰ ਚਿਤ੍ਰਕਾਰੀ ਦਾ ਕਮਾਲ ਦਿਖਾਉਣ ਦਾ ਹੁਕਮ ਦਿਤਾ ਹੈ। ਸੋ ਮੈਂ ਆਪਣੇ ਉਨਰ ਨੂੰ ਚਿੱਤ੍ਰਿਤ ਕਰਨ ਤੋਂ ਪਹਿਲਾਂ ਉਸ ਲਈ ਜ਼ਿਮੀਂ ਦੀ ਤਿਆਰੀ ਦਾ ਕਮਾਲ ਕਰ ਲਿਆ ਹੈ। ਹੁਣ ਹੁਕਮ ਹੋਵੇ ਤਾਂ ਚਿੱਤ੍ਰਕਾਰੀ ਆਰੰਭ ਕਰਾਂ, ਨਾ ਹੋਵੇ ਤਾਂ ਨਾ ਕਰਾਂ, ਪਰ ਮੈਨੂੰ ਵਕਤ ਵਧੇਰੇ ਲਗਦਾ ਹੈ। ਤਾਂ ਰਾਜਾ ਪ੍ਰਸੰਨ ਹੋ ਗਿਆ ਉਸ ਨੂੰ ਮੂਰਤਾਂ ਬਨਾਉਣ ਲਈ ਸਮਾਂ ਦੇ ਦਿਤਾ।

ਹੇ ਪੋਪਟ ਤਾਰੂ ! ਸਫਾਈ ਮੂਲ ਵਸਤੂ ਹੈ। ਮਨ ਸ਼ੁੱਧ ਵਿਚ ਸਾਰੇ ਗੁਣ ਆਉਂਦੇ ਹਨ। ਗੁਣਾਂ ਬਿਨਾਂ ਭਗਤੀ ਨਹੀਂ ਪ੍ਰਾਪਤ ਹੁੰਦੀ[੧]। ਭਗਤੀ ਨਾਮ ਹੈ, ਪਰਮੇਸ਼ੁਰ ਜੀ ਦੇ ਪਿਆਰ ਵਿਚ ਉਸ ਨੇ ਸਿਮਰਨ ਕਰਨਾ। ਸਿਮਰਨ ਕਰਨਾ ਹੈ ਨਾਮ, ਤਾਂਤੇ ਗੁਣਾਂ ਤੇ ਨਾਮ ਦਾ ਨਿਵਾਸ ਕੱਠਾ ਹੈ, ਪਰ ਜੀਵ ਵਿਚ ਸ਼ੁਭ ਗੁਣਾਂ ਦੀ ਕੰਮੀ ਹੈ, ਗੁਣ ਤਾਂ ਸਾਰੇ ਕਰਤਾਰ ਵਿਚ ਹੈਨ, ਜੀਵ ਵਿਚ ਕੋਈ ਨਹੀਂ[੨]। ਫੇਰ ਕੀ ਬਣੇ ਪੋਪਟ ਬੱਚਾ? ਤਾਂ ਇਹ ਕਰੋ ਕਿ ਉਸ ਮਨ ਨੂੰ ਨਿਰਮਲ ਕਰੋ, ਨਿਰਮਲ ਬੀ ਉਸੇ ਦੇ ਨਾਮ ਨਾਲ ਹੁੰਦਾ ਹੈ[੩]। ਪਰ ਦੋ ਗਲਾਂ ਹੋਰ ਲੋੜੀਦੀਆਂ ਹਨ;-ਧਰਮ ਦਾ ਕੰਮ ਕਰਨਾ- ਕੋਈ ਕੰਮ ਕਰੇ ਉਪਜੀਵਕਾ ਵਾਸਤੇ, ਜੋ ਕਰੇ ਸੋ ਧਰਮ ਨਾਲ ਸ਼ੁੱਧ ਹੋਕੇ ਕਰੇ, ਫੇਰ ਆਪਣੀ ਕਮਾਈ ਵਿਚੋਂ ਵੰਡ ਛਕੇ। ਭਾਵ ਇਹ ਕਿ ਧਰਮ ਕਿਰਤ ਕਰਕੇ ਕਮਾਏ ਧਨ ਦਾ ਬੀ ਲੋਭੀ

---

[੧] ਵਿਣੁ ਗੁਣ ਕੀਤੇ ਭਗਤਿ ਨ ਹੋਇ॥ {ਜਪੁਜੀ}
[੨] ਸਭਿ ਗੁਣ ਤੇਰੇ ਮੈ ਨਾਹੀ ਕੋਇ ॥ {ਜਪੁਜੀ}
[੩] ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ {ਜਪੁਜੀ}

ਨਾ ਹੋਵੇ[੧]। ਦੂਸਰਾ ਗੁਰਬਾਣੀ ਦਾ ਵੀਚਾਰ ਕਰੇ[੨]। ਪਾਠ ਕਰੇ ਮਨ ਜੋੜਕੇ ਫੇਰ ਵੀਚਾਰ ਬੀ ਕਰੇ। ਇਸ ਤਰ੍ਹਾਂ ਮਨ ਸ਼ੁੱਧ ਤੇ ਸਾਫ ਹੁੰਦਾ ਹੈ, ਮਨ ਦੀ ਕਈ ਪ੍ਰਕਾਰ ਦੀ ਮੈਲ ਹੈ ਜੋ ਇਉਂ ਦੂਰ ਹੁੰਦੀ ਹੈ। ਫਿਰ ਨਾਮ ਹੈ, ਇਹ ਬੀ ਮੈਲ ਨੂੰ ਕੱਟਦਾ ਹੈ। ਪਰ ਜੇ ਪਹਿਲੀ ਘਾਲ ਨਾਲ ਹੋਵੇ ਤਾਂ ਮਨ ਦਾ ਦੂਸਰਾ ਕੰਮ ਛੇਤੀ ਹੋ ਜਾਂਦਾ ਹੈ। ਨਾਮ ਦੇ ਦੋ ਕੰਮ ਹਨ-ਪਾਪਾਂ ਦੀ ਮੈਲ ਕੱਟਣੀ ਤੇ ਮੈਲ ਕੱਟੇ ਗਏ ਮਨ ਵਿਚ ਰਸ ਰੂਪ ਹੋਕੇ ਟਿਕ ਜਾਣਾ। ਉਹ ਮਨ ਫੇਰ ਸਾਂਈਂ ਨਾਲ ਇਕ ਹੋਕੇ ਮੇਲ ਦਾ ਰਸ ਕਹੋ, ਚਾਹੇ ਸਫਲ ਤੇ ਅਸਲ ਗਿਆਨ ਕਹੋ, ਉਸ ਨੂੰ ਮਾਣਦਾ ਹੈ, ਸੋ ਭਾਈ ਤਾਰੂ ! ਤੂੰ ਕਿਰਤ ਕਰਕੇ ਖਾਣਾ ਹੈ, ਵੰਡ ਛਕਣਾ ਹੈ। ਸਤਿਸੰਗ ਕੀਰਤਨ ਬਾਣੀ ਦਾ ਪਾਠ ਸ੍ਰਵਣ ਵੀਚਾਰ ਤੂੰ ਅੰਮ੍ਰਿਤ ਵੇਲੇ ਕਰਦਾ ਹੈਂ, ਸੋ ਕਰਨਾ ਹੈ ਤੇ ਇਸ ਵਿਚਾਰ ਨਾਲ ਮਨ ਤੇ ਪਹਿਰਾ ਦੇਣਾ ਹੈ, ਜੋ ਇਹ ਵੈਰ ਈਰਖਾ ਆਦਿਕ ਬੁਰੇ ਭਾਵਾਂ ਵਿਚ ਫਿਰ ਨਾ ਜਾਵੇ। ਨਾਲ ਸਰੀਰ ਤੇ ਪਹਿਰਾ ਦੇਣਾ ਹੈ ਜੋ ਇਹ ਮਾੜੇ ਕੰਮ ਨਾ ਕਰੇ। ਫਿਰ ਤੂੰ ਸੁਆਸ ਸੁਆਸ ਨਾਮ ਜਪਣਾ ਹੈ[੩]।

ਇਸ ਬਾਲਕ ਵਰੇਸ ਵਿਚ ਸਤਿਸੰਗ ਵਿਚ ਲੱਗ ਪਏ ਤਾਰੂ ਜੀ ਦਾ ਫੇਰ ਹੁਣ ਜੀਵਨ ਕੀ ਬਣਿਆ ਸੀ ? ਲਿਖਿਆ ਹੈ ਕਿ ਉਹ ਸਦਾ ਭਜਨ ਵਿਚ ਰਹਿੰਦਾ ਸੀ ਤੇ ਧਰਮ ਦੀ ਕਿਰਤ ਕਰਦਾ ਸੀ ਤੇ ਵੰਡ ਛਕਦਾ ਸੀ, ਇਉਂ ਕਿ ਘਰ ਆਏ ਸਿਖਾਂ ਦੀ ਸੇਵਾ ਕਰੇ ਤੇ ਸਭਨਾਂ ਨਾਲ ਭਾਉ ਭਗਤਿ ਕਰੇ। ਇਹ ਸੱਜਨ ਪੁਰਖ ਇਸ ਤਰ੍ਹਾਂ ਦਾ ਨਾਮ ਤੇ ਸੇਵਾ ਦਾ ਜੀਵਨ ਬਸਰ ਕਰਦਾ ਅੰਤ ਪੂਰਨ ਤੇ ਸਫਲ ਤਤ੍ਵ ਗਿਆਨ ਨੂੰ ਪ੍ਰਾਪਤ ਹੋਇਆ[੪]। ਭਾਈ ਗੁਰਦਾਸ ਜੀ ਲਿਖਦੇ ਹਨ:

ਤਾਰੂ ਪੋਪਟ ਤਾਰਿਆ ਗੁਰਮੁਖ
ਬਾਲ ਸੁਭਾਇ ਉਦਾਸੀ।

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ- 'ਤਬ ਬਾਬੇ ਕੀ ਖੁਸ਼ੀ ਹੋਈ ਲੜਕਾ ਪੈਰੀ ਪਿਆ।'

# -ਸ੍ਰੀ ਗੁਰੂ ਨਾਨਕ ਚਮਤਕਾਰ ਪੂਰਬਾਰਧ ਸਮਾਪਤ-

{ਅਗੋਂ ਦੇਖੋ ਇਸੇ ਗ੍ਰੰਥ ਦਾ ਉਤ੍ਰਾਰਧ ਭਾਗ}

---

[੧] ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ॥

[੨] ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥ {ਰਾ; ਕ; ਦ; ਓ: ਮ: ੧}। ਚੌਥੇ ਸਾਹਿਬਾਂ ਵੀ ਫੁਰਮਾਇਆ ਹੈ:-ਜਿਨਾ ਅੰਦਰਿ ਨਾਮੁ ਨਿਧਾਨ ਹੈ ਗੁਰਬਾਣੀ ਵੀਚਾਰ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥ {ਵਾ: ਤੇ ਵ: ਮ: ੪}

[੩] ਸਵਾਸ ਅੰਦਰ ਆਵੈ ਸੋ ਵਾਹਿਗੁਰੂ ਜਪਣਾ ਤੇ ਜੇ ਬਾਹਰ ਜਾਵੇ ਤਾਂ ਵਾਹਿਗੁਰੂ ਜਪਣਾ। {ਭਗਤ ਰਤਨਾਵਲੀ}

ਇਹ ਮਤਲਬ ਹੈ ਕਿ ਹਰ ਸਵਾਸ ਚਾਹੇ ਅੰਦਰ ਜਾਂਦਾ ਹੈ ਚਾਹੇ ਬਾਹਰ ਨਾਮ ਜਪਣਾ ਹੈ।

[੪] ਬਾਬੇ ਜੀ ਨੇ ਉਸ ਨੂੰ ਆਤਮ ਗਿਆਨ ਦੇਕੇ ਨਿਰਭੈ ਕੀਤਾ। {ਤਵਾਰੀਖ ਖਾਲਸਾ}